ੴ ਸਤਿਗੁਰ ਪ੍ਰਸਾਦਿ॥

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ

ਅਰਥਾਤ

# ਵਾਰਾਂ ਭਾਈ ਗੁਰਦਾਸ

ਮੁਕੰਮਲ

ਭਾਵ ਪ੍ਰਕਾਸ਼ਨੀ ਟੀਕਾ ਸਮੇਤ ਜਿਸ ਦਾ ਟੀਕਾ


**ਗਿਆਨੀ ਹਜ਼ਾਰਾ ਸਿੰਘ ਜੀ ਪੰਡਿਤ**

ਨੇ ਆਪਣੀ ਆਯੂ ਦੇ ਅੰਤਲੇ ਦਿਨਾਂ ਵਿਚ ਕੀਤਾ

ਅਤੇ

**ਭਾਈ ਸਾਹਿਬ ਭਾਈ ਵੀਰ ਸਿੰਘ ਜੀ**

ਨੇ ਸੰਸ਼ੋਧਨ, ਭਾਵਾਂ ਦਾ ਪ੍ਰਕਾਸ਼ਨ ਤੇ ਸੰਪਾਦਨ ਕੀਤਾ।



## ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001




www.sikhbookclub.com

Waran Bhai Gurdas Steek
Bhai Vir Singh

ISBN : 978-81-90495-64-6
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
20ਵੀਂ ਵਾਰ: ਮਾਰਚ, 2010
21ਵੀਂ ਵਾਰ: ਜੂਨ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer***
Printograph
2966/41, Beadon Pura
Karol Bagh, New Delhi-110 005

ਮੁੱਲ : 350/- ਰੁਪਏ


www.sikhbookclub.com

ੴ ਸਤਿਗੁਰ ਪ੍ਰਸਾਦਿ॥

# ਵਾਰਾਂ ਭਾਈ ਗੁਰਦਾਸ ਜੀ

## ਸੂਚੀ ਪੱਤ੍ਰ


| ਵਾਰ | ਪੰਨਾ | ਵਾਰ | ਪੰਨਾ |
|---|---|---|---|
| ਵਾਰ ਪਹਿਲੀ | ੧ | ਵਾਰ ਬਾਈਵੀਂ | ੩੩੯ |
| ਵਾਰ ਦੂਜੀ | ੪੫ | ਵਾਰ ਤੇਈਵੀਂ | ੩੫੫ |
| ਵਾਰ ਤੀਜੀ | ੫੬ | ਵਾਰ ਚਉਵੀਵੀਂ | ੩੭੧ |
| ਵਾਰ ਚਉਥੀ | ੭੦ | ਵਾਰ ਪੰਝੀਵੀਂ | ੩੯੯ |
| ਵਾਰ ਪੰਜਵੀਂ | ੮੪ | ਵਾਰ ਛੱਬੀਵੀਂ | ੪੦੩ |
| ਵਾਰ ਛੇਵੀਂ | ੯੮ | ਵਾਰ ਸਤਾਈਵੀਂ | ੪੨੭ |
| ਵਾਰ ਸੱਤਵੀਂ | ੧੧੧ | ਵਾਰ ਅਠਾਈਵੀਂ | ੪੪੨ |
| ਵਾਰ ਅੱਠਵੀਂ | ੧੨੬ | ਵਾਰ ਉਨੱਤੀਵੀਂ | ੪੫੫ |
| ਵਾਰ ਨਉਂਵੀ | ੧੪੧ | ਵਾਰ ਤੀਹਵੀਂ | ੪੬੯ |
| ਵਾਰ ਦਸਵੀਂ | ੧੫੪ | ਵਾਰ ਇਕੱਤੀਵੀਂ | ੪੮੨ |
| ਵਾਰ ਗਜਾਰਵੀਂ | ੧੭੪ | ਵਾਰ ਬੱਤੀਵੀਂ | ੪੯੫ |
| ਵਾਰ ਬਾਰ੍ਹਵੀਂ | ੧੯੬ | ਵਾਰ ਤੇਤੀਵੀਂ | ੫੦੮ |
| ਵਾਰ ਤੇਰ੍ਹਵੀਂ | ੨੧੨ | ਵਾਰ ਚਉਤੀਵੀਂ | ੫੨੩ |
| ਵਾਰ ਚਉਧਵੀਂ | ੨੩੦ | ਵਾਰ ਪੈਂਤੀਵੀਂ | ੫੩੭ |
| ਵਾਰ ਪੰਦ੍ਰਵੀਂ | ੨੪੨ | ਵਾਰ ਛੱਤੀਵੀਂ | ੫੫੨ |
| ਵਾਰ ਸੋਲ੍ਹਵੀਂ | ੨੫੭ | ਵਾਰ ਸੈਂਤੀਵੀਂ | ੫੬੫ |
| ਵਾਰ ਸਤਾਰ੍ਹਵੀਂ | ੨੭੧ | ਵਾਰ ਅਠੱਤੀਵੀਂ | ੫੮੮ |
| ਵਾਰ ਅਠਾਰ੍ਹਵੀਂ | ੨੮੮ | ਵਾਰ ਉਨਤਾਲੀਵੀਂ | ੬੦੧ |
| ਵਾਰ ਉੱਨੀਵੀਂ | ੩੦੪ | ਵਾਰ ਚਾਲੀਵੀਂ | ੬੨੦ |
| ਵਾਰ ਵੀਹਵੀਂ | ੩੧੬ | ਵਾਰ ਇਕਤਾਲੀਵੀਂ | ੬੩੬ |
| ਵਾਰ ਇਕੀਹਵੀਂ | ੩੨੭ | | |




www.sikhbookclub.com

ੴ ਸਤਿਗੁਰ ਪ੍ਰਸਾਦਿ॥

# ਬੇਨਤੀ!

ਭਾਈ ਗੁਰਦਾਸ ਜੀ ਦੀਆਂ ਵਾਰਾਂ ਸਿੱਖਾਂ ਵਿੱਚ ਪ੍ਰਮਾਣੀਕ ਬਾਣੀ ਦੀ ਪਦਵੀ ਰੱਖਦੀਆਂ ਹਨ, ਅਤੇ ਸਨਾਤਨ ਸਿੱਖਾਂ ਵਿੱਚ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਆਖਿਆ ਕਰਦੇ ਸੇ। ਇਸ ਬਾਣੀ ਦੀ ਬੋਲੀ ਠੇਠ ਪੰਜਾਬੀ ਹੈ, ਪਰ ਸਮੇ ਦੇ ਵਟੀਣ ਕਰਕੇ ਕੁਝ ਪੁਰਾਣੀ ਹੋ ਰਹੀ ਹੈ, ਇਸ ਕਰਕੇ ਅਨੇਕ ਪਦਾਂ ਦੇ ਅਰਥ ਗੁੰਮ ਹੋ ਰਹੇ ਸਨ। ਦੂਸਰੇ ਇਸ ਬਾਣੀ ਵਿਚ ਗੁਰ ਸਿੱਖੀ ਦੇ ਓਹ ਭੇਤ ਹਨ ਕਿ ਆਤਮ ਵਿਦਯਾ ਦਾ ਭਾਰੀ ਖ਼ਜ਼ਾਨਾ ਹਨ, ਤੇ ਉਨ੍ਹਾਂ ਤੋਂ ਗੁਰਬਾਣੀ ਸਮਝਣ ਵਿਚ ਸਹਾਇਤਾ ਮਿਲਦੀ ਹੈ, ਸੋ ਉਨ੍ਹਾਂ ਭੇਤਾਂ ਭਾਵਾਂ ਨੂੰ ਠੇਠ ਬੋਲੀ ਵਿਚ ਖੋਹਲ ਕੇ ਦੱਸਣਾ ਬੀ ਪਦ ਪਦਾਰਥਾਂ ਦੀ ਗਯਾਤ ਕਰਾਉਣ ਦੇ ਨਾਲ ਜ਼ਰੂਰੀ ਸੀ, ਇਸ ਕਰਕੇ ਗਯਾਨੀ ਹਜਾਰਾ ਸਿੰਘ ਪੰਡਤ ਜੀ ਨੇ, ਜੋ ਬੜੇ ਲਾਇਕ ਵਿਦ੍ਵਾਨ ਸੇ ਅਰ ਗੁਰਬਾਣੀ ਦੇ ਪ੍ਰਸਿੱਧ ਮੁੱਖ ਸੰਪ੍ਰਦਾਈ ਗਿਆਨੀ ਸੇ, ਆਪਣੇ ਜੀਵਨ ਦੀ ਆਖ਼ਰੀ ਸੇਵਾ ਦਾ ਕੰਮ ਇਹ ਟੀਕਾ ਤਿਆਰ ਕੀਤਾ, ਜੋ ਸਮਾਪਤ ਕਰਕੇ ਸ੍ਰੀ ਜੀ ਨੇ ਭਾਵਾਂ ਦੀ ਸੇਵਾ ਅਰ ਪ੍ਰਬੰਧ ਦੀ ਕੁਛ ਪੜਤਾਲ ਦਾਸ ਦੇ ਸਪੁਰਦ ਕਰਕੇ ਆਪਣੇ ਜੀਉਂਦੇ ਜੀ ਇਸ ਨੂੰ ਸੰਪੂਰਨ ਕਰਕੇ ਛਪਣੇ ਨਮਿੱਤ ਪ੍ਰੈਸ ਨੂੰ ਦੇ ਦਿੱਤਾ। ਕੁਛ ਫਹਮੇ ਛਪੇ ਆਪ ਨੇ ਵੇਖੇ ਸਨ, ਪਰ ਸ਼ੋਕ! ਕਿ ਸਾਰੀ ਛਪੀ ਦਾ ਦਰਸ਼ਨ ਨਹੀਂ ਕਰ ਸੱਕੇ।

ਅੰਮ੍ਰਿਤਸਰ }
੧ ਅਗਸਤ ੧੯੧੧}

ਸੰਪਾਦਕ

ਆਪਦੀ ਇਹ ਆਖ਼ਰੀ ਯਾਦਗਾਰ ਅਰ ਪੰਥ ਨੂੰ ਲੋੜੀਂਦੀ ਸ਼ੈ ਭਾਗਾਂ ਵਿਚ ਕੁਝ ਵੇਰ ਛਪ ਚੁਕੀ ਹੈ, ਹੁਣ ਫੇਰ ਮੁਕੰਮਲ ੪੧ਵੀਂ ਵਾਰ ਸ਼ਾਮਲ ਕਰਕੇ (ਚੌਥੀ ਐਡੀਸ਼ਨ) ਪ੍ਰਕਾਸ਼ਤ ਕੀਤੀ ਜਾਂਦੀ ਹੈ।

ਅੰਮ੍ਰਿਤਸਰ }
ਮਈ ੧੯੩੩ }

ਇਸ ਛੇਵੀਂ ਐਡੀਸ਼ਨ ਦੇ ਪ੍ਰਕਾਸ਼ਨ ਸਮੇਂ ਵਾਰਾਂ ਦੇ ਮੂਲ ਪਾਠ ਇਕ ਅਤੀ ਪੁਰਾਤਨ ਲਿਖਤੀ ਪੋਥੀ ਨਾਲ ਸੋਧਕੇ ਛਾਪੇ ਗਏ ਹਨ।

ਦਸੰਬਰ ੧੯੫੧ ਈ:}


www.sikhbookclub.com

ੴ ਸਤਿਗੁਰ ਪ੍ਰਸਾਦਿ॥

# ਵਾਰਾਂ ਭਾਈ ਗੁਰਦਾਸ ਜੀ

## ਛਪਾਈ ਦਾ ਵੇਰਵਾ

| ਐਡੀਸ਼ਨ ਨ: | ਤਰੀਖ ਤੇ ਸਾਲ | | |
|---|---|---|---|
| ਪਹਿਲੀ | ਅਗਸਤ, | ੧੯੧੧ | |
| ਦੂਜੀ | ਅਕਤੂਬਰ, | ੧੯੨੫ | |
| ਤੀਜੀ | – | | |
| ਚਉਥੀ | ਮਈ, | ੧੯੩੩ | |
| ਪੰਜਵੀਂ | – | | |
| ਛੇਵੀਂ | ਦਸੰਬਰ, | ੧੯੫੧ | |
| ਸੱਤਵੀਂ | ਅਗਸਤ, | ੧੯੬੨ | |
| ਅਠਵੀਂ | ਸਤੰਬਰ, | ੧੯੭੨ | |
| ਨਉਂਵੀ | ਅਪ੍ਰੈਲ, | ੧੯੭੭ | |
| ਦਸਵੀਂ | ਸਤੰਬਰ, | ੧੯੮੪ | |
| ਗਯਾਰਵੀਂ | – | ੧੯੯੨ | |
| ਬਾਰ੍ਹਵੀਂ | ਜੂਨ, | ੧੯੯੬ | |
| ਤੇਰ੍ਹਵੀਂ | ਅਪ੍ਰੈਲ, | ੧੯੯੭ | |
| ਚਉਧਵੀਂ | ਅਕਤੂਬਰ, | ੧੯੯੮ | |
| ਪੰਦ੍ਰਵੀਂ | ਅਕਤੂਬਰ, | ੧੯੯੯ | |
| ਸੋਲ੍ਹਵੀਂ | ਫਰਵਰੀ, | ੨੦੦੨ | |
| ਸਤਾਰ੍ਹਵੀਂ | ਨਵੰਬਰ, | ੨੦੦੩ | |
| ਅਠਾਰ੍ਹਵੀਂ | ਮਾਰਚ, | ੨੦੦੪ | |
| ਉੱਨੀਵੀਂ | ਫਰਵਰੀ, | ੨੦੦੭ | (Computerised) |

ੴ ਸਤਿਗੁਰ ਪ੍ਰਸਾਦਿ॥

# ਵਾਰਾਂ ਭਾਈ ਗੁਰਦਾਸ ਜੀ

## ਉੱਨੀਵੀਂ ਐਡੀਸ਼ਨ - ਬਿਨਯ

ਸਤਵੀ ਤੋਂ ਲੈਕੇ ਹੁਣ ਉੱਨੀਵੀਂ ਐਡੀਸ਼ਨ ਤਕ ਸਾਰੀਆਂ ਛੇਵੀਂ ਐਡੀਸ਼ਨ ਦੀਆਂ ਹੀ ਨਕਲਾਂ ਹਨ। ਹਾਂ, ਇਹ ਹਥਲੀ ਐਡੀਸ਼ਨ ਕੰਮਪਯੁਟ੍ਰਾਈਜ (Computerize) ਕਰ ਦਿੱਤੀ ਗਈ ਹੈ। ਇਹ ਯਤਨ ਕਰਦਿਆਂ ਕੁਛ ਗ਼ਲਤੀਆਂ ਯਾ ਤ੍ਰੁੱਟੀਆਂ ਰਹਿ ਗਈਆਂ ਹੋਣਗੀਆਂ। ਪਾਠਕਾਂ ਦੇ ਚਰਨਾ ਵਿਚ ਸਨਿਮਰ ਬੇਨਤੀ ਹੈ ਕਿ ਜੇ ਕੋਈ ਗ਼ਲਤੀ ਉਨ੍ਹਾਂ ਦੀ ਨਜ਼ਰ ਹੇਠ ਆਵੇ ਤਾਂ ਭਾਈ ਵੀਰ ਸਿੰਘ ਸਾਹਿਤ ਸਦਨ ਨੂੰ ਜ਼ਰੂਰ ਲਿਖ ਭੇਜਨ ਦੀ ਕਿਰਪਾਲਤਾ ਕਰਨ ਜੀ, ਅਸੀਂ ਦਿਲੋਂ ਧੰਨਵਾਦੀ ਹੋਵਾਂਗੇ।

੧੫-੨-੨੦੦੭ — ਭਾਈ ਵੀਰ ਸਿੰਘ ਸਾਹਿਤ ਸਦਨ


www.sikhbookclub.com

ੴ ਸਤਿਗੁਰ ਪ੍ਰਸਾਦਿ ॥

# ਵਾਰਾਂ ਭਾਈ ਗੁਰਦਾਸ

## ( ਸਟੀਕ )

## ਵਾਰ ੧.

**ਦੋਹਾ**- ਗੁਰ ਨਾਨਕ ਪਦ ਬੰਦਿ ਜੁਗ, ਪੰਥ ਹੇਤ ਨਿਰਧਾਰ।
ਵਾਰਨ ਕੀ ਟੀਕਾ ਕਰੋਂ ਖਗ ਨਭ ਗਤਿ ਅਨੁਹਾਰ ॥੧॥
ਕਹਾਂ ਗਿਰਾ ਗੁਰਦਾਸ ਕੀ ਕਹਿਂ ਸਠ 'ਹਰੀ, ਹਜ਼ੂਰ*'।
ਤ੍ਰਿਮ ਨਾਵ ਪਰ ਚਢਿ ਚਹਤਿ ਤਰਨਿ ਜਲਧਿ ਭਰਪੂਰ ॥੨॥
ਕਰ ਪਸਾਰ ਬਾਮਨ ਲਹਤਿ ਹਾਸ ਊਚ ਫਲ ਹੇਤ।
ਹਸਿ ਹੈਂ ਤਿਮ ਕਵਿ ਜਨ ਸਕਲ ਲਖਿ ਮਮ ਬੁੱਧਿ ਅਚੇਤ ॥੩॥

## ੧. ਪਉੜੀ ( ਮੂਲ ਮੰਗਲਾਚਰਣ )

ਆਰੰਭੇ ਹੋਏ ਗ੍ਰੰਥ ਦੀ ਸਮਾਪਤੀ ਲਈ ਸ੍ਰੇਸ਼ਟ ਪੁਰਖ ਪਹਿਲੇ ਮੰਗਲ ਕਰਦੇ ਆਏ ਹਨ, ਭਾਈ ਗੁਰਦਾਸ ਜੀ ਇਸ ਤਰ੍ਹਾਂ ਮੰਗਲਾਚਰਣ ਕਰਦੇ ਹਨ। ਜਿਹਾਕੁ ਬ੍ਰਿਛ ਦੇ ਮੁੱਢ ਨੂੰ ਪਾਣੀ ਦੇਣ ਤੋਂ ਸਾਰੇ ਬ੍ਰਿਛ ਨੂੰ ਪਹੁੰਚ ਜਾਂਦਾ ਹੈ, ਕਿਉਂ ਜੋ ਮੁੱਢ ਦਾ ਸਬੰਧ ਸਾਰਿਆਂ ਨਾਲ ਵਿਦਮਾਨ ਹੈ, ਤਿਹਾ ਹੀ ਸਤਿਗੁਰੂ ਨੂੰ ਇਕੋ ਜੋਤ ਜਾਣਕੇ ਭਾਈ ਸਾਹਿਬ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਗੁਰਦੇਵ ਕਹਿਕੇ ਨਮਸਕਾਰ ਕਰਕੇ ਪੁਸਤਕ ਦਾ ਆਰੰਭ ਕਰਦੇ ਹਨ:-

੧. ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।
੨. ਭਵਜਲ ਵਿਚੋਂ ਕਢਿਕੇ ਮੁਕਤਿ ਪਦਾਰਥ ਮਾਹਿ ਸਮਾਇਆ।
੩. ਜਨਮ ਮਰਣ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਇਆ।
੪. ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ।
੫. ਜਮਦੰਡ ਸਿਰੋਂ ਨਾ ਉਤਰੈ ਸਾਕਤ ਦੁਰਜਨ ਜਨਮੁ ਗਵਾਇਆ।
੬. ਚਰਨ ਗਹੇ ਗੁਰਦੇਵ ਦੇ ਸਤਿ ਸਬਦ ਦੇ ਮੁਕਤ ਕਰਾਇਆ।
੭. ਭਾਉ ਭਗਤਿ ਗੁਰਪੁਰਬ ਕਰਿ ਨਾਮ ਦਾਨ ਇਸਨਾਨ ਦ੍ਰਿੜਾਇਆ।
੮. ਜੇਹਾ ਬੀਉ ਤੇਹਾ ਫਲੁ ਪਾਇਆ ॥੧॥

**ਪਦਾਰਥ**-(ਮੁਕਤਿ ਪਦਾਰਥ=ਜੀਵਨ ਮੁਕਤੀ। ਸਬਾਇਆ=ਸਾਰੇ।)
(ਭਾਉ ਭਗਤਿ=ਪ੍ਰੇਮਾ ਭਗਤੀ। ਗੁਰਦੇਵ=ਪ੍ਰਕਾਸ਼ ਸਰੂਪ।)

**ਅਰਥ**-੧:.ਗੁਰਦੇਵ-ਗੁਰੂ ਨਾਨਕ ਦੇਵ-ਨੂੰ (ਮੇਰੀ) ਨਮਸਕਾਰ ਹੋਵੇ 'ਸਤਿਨਾਮ' ਦਾ ਜਿਸ ਨੇ ਮੰਤ੍ਰ ਸੁਣਾਇਆ ਹੈ। ੨: (ਇਸ ਦਾ ਫਲ ਇਹ ਕਿ ਮੰਨਣ ਹਾਰਿਆਂ ਨੂੰ) ਸੰਸਾਰ ਸਮੁੰਦਰ (ਵਿਖੇ ਰੁੜ੍ਹੇ ਜਾਣ) ਥੋਂ ਕੱਢਕੇ ਮੁਕਤਿ ਪਦਾਰਥ (ਕਹੀਏ, ਜੀਵਨ ਮੁਕਤੀ) ਵਿਚ ਸਮਾ ਦਿੱਤਾ।

---

*ਹਰੀ ਹਜ਼ੂਰ-ਭਾਈ ਹਜ਼ਾਰਾ ਸਿੰਘ ਜੀ ਗਯਾਨੀ ਦੀ ਕਾਵਯ ਦੀ ਛਾਪ ਸੀ।

 www.sikhbookclub.com

੩. ਜਨਮ ਮਰਣ ਦਾ ਡਰ ਦੂਰ ਹੋ ਗਿਆ, ਰੋਗ ਤੇ ਵਿਯੋਗ ਦਾ ਸੰਸਾ ਬੀ ਪੱਤ੍ਰਾ ਹੋਇਆ । ੪.ਇਹ ਸੰਸਾਰ ਸੰਸੇ ਦਾ ਰੂਪ ਹੈ, ਜਨਮ ਮਰਣ ਆਦਿ ਸਾਰੇ ਦੁੱਖ (ਇਸੇ) ਵਿਚ ਹਨ। ੫.ਜਮ ਦਾ ਡੰਡ ਸਿਰੋਂ ਜਾਂਦਾ ਹੀ ਨਹੀਂ, ਸਾਕਤਾਂ ਤੇ ਦੁਰਜਨਾਂ ਨੇ (ਏਵੇਂ) ਜਨਮ (ਪਦਾਰਥ) ਗਵਾ ਲੀਤਾ ਹੈ। ੬.(ਜਿਨ੍ਹਾਂ ਨੇ) ਗੁਰਦੇਵ ਦੀ ਸਰਣ ਲੀਤੀ ਹੈ, (ਉਨ੍ਹਾਂ ਨੂੰ) ਸੱਚੇ ਸਬਦ (ਦਾ ਉਪਦੇਸ) ਦੇਕੇ ਮੁਕਤ ਕਰ ਦਿੱਤਾ ਹੈ। ੭.(ਓਹ ਲੋਕ) ਪ੍ਰੇਮਾ ਭਗਤੀ, ਗੁਰਪੁਰਬ, ਨਾਮ, ਦਾਨ ਅਤੇ ਇਸਨਾਨ (ਆਪ) ਦ੍ਰਿੜ੍ਹ ਕਰਕੇ (ਹੋਰਨਾਂ ਨੂੰ ਉਪਦੇਸ ਦਿੰਦੇ ਹਨ)। ੮.ਜਿਹਾ ਬੀਜ (ਕੋਈ ਬੀਜੇ) ਤਿਹਾ ਫਲ ਹੁੰਦਾ ਹੈ।

**ਭਾਵਾਰਥ**-ਜੇਹੜੇ ਉਕਤ ਸ਼ੁਭ ਕਰਮ ਨਾਮ, ਦਾਨ ਅਰ ਗੁਰੂ ਸਾਹਿਬਾਂ ਦੇ ਉਪਕਾਰ ਯਾਦ ਕਰਕੇ ਗੁਰਪੁਰਬ ਕਰਦੇ ਹਨ, ਫਲ ਭੀ ਸ਼ੁਭ ਹੀ ਲੈਣਗੇ, ਨਹੀਂ ਤਾਂ ਐਵੇਂ ਮਨਮੁਖਾਂ ਦੀ ਸੁੱਤਿਆਂ ਹੀ ਉਮਰ ਦੀ ਰਾਤ ਗੁਜ਼ਰ ਜਾਊ। ਜਿਹਾ ਕਿ:-

**ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥** (ਸਿਰੀ ਰਾਗੁ ਮ: ੩-੫੮)

ਗੁਰਮੁਖਾਂ ਦੇ ਮੁਖ ਉੱਜਲੇ ਹੋਣਗੇ, ਅਰਥਾਤ ਦੁਹਾਂ ਲੋਕਾਂ ਵਿਖੇ ਸੁਰਖ਼ਰੂ ਰਹਿਣਗੇ। ਜਿਹਾ:-

**ਗੁਰਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ॥** (ਸਿਰੀ ਰਾਗੁ ਮ:੫-੮੧)

ਦੋਹਾ ਨਵੀਨ-**ਲਗਤ ਛੁਹਾਰਾ ਕਹੋ ਕਬ, ਲਕਰੀ ਸੰਗ ਕਨੇਰ।**
**ਰਖ ਮਨ ਆਸ 'ਹਜ਼ੂਰ ਹਰਿ' ਦੇਹੈਂ ਬੀਜ ਖੁ ਕੇਰ॥੧॥**

**ਅਰਥ**-ਕਨੇਰ ਦੀ ਲੱਕੜ ਨਾਲ ਕਦੀ ਛੁਹਾਰਾ ਨਹੀਂ ਲੱਗੂ, ਜੋ ਬੀਜ ਕੇਰੇਂਗਾ (ਬੀਜੇਂਗਾ) ਉਸੇ ਦੀ ਆਸਾ ਰੱਖ।

**ਨੋਟ**-ਚਾਰ ਅਨੁਬੰਧ:-

੧ ਸਤਿਨਾਮ ਮੰਤ੍ਰ ਦੁਆਰਾ ਇਕ ਅਦੁੱਤੀ ਆਤਮਾ ਦਾ ਗਯਾਨ ਇਸ ਗ੍ਰੰਥ ਦਾ ਵਿਸੈ ਹੈ।

੨ ਭਾਉ ਭਗਤੀ ਦੁਆਰਾ ਗੁਰਸਿਖੀ ਦੀ ਪ੍ਰਾਪਤੀ ਰੂਪ ਗ੍ਰੰਥ ਦਾ ਪ੍ਰਯੋਜਨ ਹੈ।

੩ ਗੁਰਸਿਖੀ ਦੀ ਇੱਛਾ ਵਾਲਾ, ਨਾਮ ਦਾਨ ਸੰਪੰਨ, ਸੋ ਸ਼ਰਧਾਲੂ ਹੈ ਤੇ ਗ੍ਰੰਥ ਦਾ ਅਧਿਕਾਰੀ ਹੈ।

੪.ਵਿਖਯ ਅਰ ਬਾਣੀ ਦਾ ਜੋ ਪਰਸਪਰ ਪ੍ਰਤਿਪਾਦਯ ਅਰ ਪ੍ਰਤਿਪਾਦਕ ਭਾਵ ਗ੍ਰੰਥ ਦਾ ਸੰਬੰਧ ਸੂਚਨ ਹੁੰਦਾ ਹੈ। ਏਹ ਚਾਰ ਅਨੁਬੰਧ ਗ੍ਰੰਥ ਵਿਖੇ ਭਾਈ ਸਾਹਿਬ ਜੀ ਨੇ ਸੂਚਨ ਕਰਾਏ ਹਨ, ਕਿਉਂ ਜੋ ਅਨੁਬੰਧਾਂ ਨੂੰ ਜਾਣ ਕਰਕੇ ਵਿਵੇਕੀਆਂ ਨੂੰ ਗ੍ਰੰਥ ਵਿਖੇ ਪਰਵਿਰਤੀ ਹੁੰਦੀ ਹੈ।

ਇਸ ਪ੍ਰਕਾਰ ਉਕਤ ਮੰਗਲਾਚਰਣ ਅਰ ਚਾਰ ਅਨੁਬੰਧ ਸੂਚਨ ਕਰਕੇ ਗ੍ਰੰਥ ਦਾ ਆਰੰਭ ਕਰਦੇ ਹੋਏ 'ਕਰਤਾ ਪੁਰਖ' ਦਾ ਅਰਥ ਦੱਸਣ ਲਈ ਜਗਤ ਦੀ ਉਤਪਤੀ ਵਰਣਨ ਕਰਦੇ ਹਨ:-

## ੨. ਪਉੜੀ ( ਜਗਦੁਤਪਤੀ )।

੧. ਪ੍ਰਿਥਮੈ ਸਾਸ ਨ ਮਾਸ ਸਨ ਅੰਧ ਧੁੰਧ ਕਛੁ ਖਬਰ ਨ ਪਾਈ।
੨. ਰਕਤਬਿੰਦ ਕੀ ਦੇਹ ਰਚਿ, ਪਾਂਚ ਤਤ ਕੀ ਜੜਤ ਜੜਾਈ।

**ਪਦਾਰਥ**-(ਸਾਸ=ਸਾਹ। ਮਾਸ=ਸਰੀਰ। ਜੜਤ=ਜੜਾਉ।)

**ਅਰਥ**-੧.ਪਹਿਲੇ ਪਹਿਲ (ਜਦੋਂ) ਸਾਹ ਤੇ ਮਾਸ (ਕੁਝ ਬੀ) ਨਹੀਂ ਸੀ, (ਤਦੋਂ) ਅੰਧ ਧੁੰਦ (ਹਨੇਰ ਘੁੰਮ ਘੇਰ ਸੀ) ਕੁਝ ਸੋਝੀ ਨਹੀਂ ਪੈਂਦੀ ਸੀ। ੨.(ਮਾਤਾ ਦੇ।) ਲਹੂ ਤੇ (ਪਿਤਾ ਦੇ) ਬੀਰਜ ਦੀ ਦੇਹ ਬਣਾਕੇ (ਉਸ ਨੇ) ਤੱਤਾਂ ਦਾ ਜੜਾਉ ਜੜ ਦਿੱਤਾ। (ਅਗੇ ਤੱਤਾਂ ਦੇ ਨਾਉਂ ਦੱਸਦੇ ਹਨ:-

੩. ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।
੪. ਪੰਚਮਿ ਵਿਚਿ ਆਕਾਸ ਕਰਿ ਕਰਤਾ ਛਟਮੁ ਅਦਿਸਟੁ ਸਮਾਈ।

(ਬੈਸੰਤਰੋ = ਅਗਨੀ)

**ਅਰਥ**-੩.ਵਾਯੂ, ਪਾਣੀ, ਅੱਗ ਤੇ ਚੌਥੀ ਧਰਤੀ ਨਾਲ ਮੇਲ ਦਿੱਤੀ ਤੇ ੪.ਪੰਜਵਾਂ ਵਿਚ ਅਕਾਸ ਕਰਕੇ ਛੀਵਾਂ (ਆਪ) ਕਰਤਾ ਗੁਪਤ (ਰੂਪ ਹੋਕੇ ਰਿਦੇ ਵਿਖੇ) ਬੈਠ ਗਿਆ (ਇਸ ਲਈ ਕਿ ਸਾਰੇ ਸਰੀਰ ਜੜ੍ਹ ਨੂੰ ਸੱਤਾ ਦੇ ਕੇ ਚਲਾਵੇ)।

੫. ਪੰਚ ਤਤ ਪੰਚੀਸਿ ਗੁਣਿ ਸਤ੍ਰੁ ਮਿਤ੍ਰ ਮਿਲਿ ਦੇਹਿ ਬਣਾਈ।
੬. ਖਾਣੀ ਬਾਣੀ ਚਲਿਤੁ ਕਰਿ ਆਵਾਗਉਣੁ ਚਰਿੱਤ੍ਰ ਦਿਖਾਈ* ।
੭. ਚਉਰਸੀਹ ਲਖ ਜੋਨਿ ਉਪਾਈ॥੨॥

**ਅਰਥ**-੫.ਪੰਚ ਤੱਤ ਤੇ ਪੰਜੀ ਪ੍ਰਕ੍ਰਿਤਾਂ (ਜਿਹੜੇ ਆਪੋ ਵਿਚ) ਸਤ੍ਰੂ (ਸਨ), ਮੇਲ ਕੇ ਮਿਤ੍ਰ ਬਣਾਕੇ ਦੇਹ ਬਣਾ ਦਿੱਤੀ। (ਭਾਵ ਅੱਗ, ਪਾਣੀ, ਮਿਟੀ, ਜਿਹੜੇ ਆਪੋ ਵਿਚ ਸੀਂਹ ਬਕਰੀ ਵਾਂਞੂ ਸਨ ਕੱਠੇ ਕਰ ਦਿਤੇ)। ੬.(ਚਾਰ) ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ, ਤੇ ਚਾਰ) ਬਾਣੀਆਂ (ਪਰਾ, ਪਸੰਤੀ, ਮੱਧਮਾ, ਬੈਖਰੀ, ਇਨ੍ਹਾਂ ਦਾ) ਚਲਾਉ ਕਰਕੇ ਆਵਾਗੌਣ ਦਾ ਚਰਿੱਤ੍ਰ ਦਿਖਾਇਆ। ੭.ਐਉਂ ਚੌਰਾਸੀ ਲਖ ਜੂਨਾਂ ਰਚ ਦਿਤੀਆਂ।

**ਭਾਵਾਰਥ**-ਇਹ ਅਨਾਦੀ ਸੰਸਾਰ ਚਲਿਆ ਆਉਂਦਾ ਹੈ। ਬੋੜ੍ਹ ਦੇ ਬੀਉ ਵਾਂਞੂ ਪਹਿਲੇ ਕਰਮ ਕਿ ਸਰੀਰ, ਨਹੀਂ ਕਿਹਾ ਜਾਂਦਾ। ਜਪੁਜੀ ਦਾ ਵਾਕ ਹੈ **"ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥"** ਨੈਯਾਯਕ ਪਰਮਾਣੂਆਂ ਥੋਂ, ਸਾਂਖ ਸ਼ਾਸਤ੍ਰ ਵਾਲੇ ਪ੍ਰਧਾਨ ਅਰਥਾਤ ਤਿੰਨ ਗੁਣਾਂ ਦੀ ਸਮਾਨ ਅਵਸਥਾ ਤੋਂ ਜਗਤ ਦੀ ਉਤਪਤੀ ਮੰਨਦੇ ਹਨ। ਵੇਦਾਂਤੀ ਮਾਯਾ ਥੋਂ ਆਖਦੇ ਹਨ। ਪਹਿਲੇ ਸ੍ਵਯੰਭੂਮਨ ਤੇ ਸਤਰੂਪਾ ਉਸ ਦੀ ਇਸਤ੍ਰੀ ਬਣੀ, ਉਨ੍ਹਾਂ ਦੀ ਰਕਤ ਬਿੰਦ ਥੋਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਚਲਿਆ ਆਉਂਦਾ ਹੈ, ਕਿਉਂ ਜੋ ਘੋੜਾ ਘੋੜੀ ਆਦਿ ਸਾਰੀ ਚੌਰਾਸੀ ਦਾ ਨਰ ਮਾਦਾ ਓਹ ਦੋਵੇਂ ਬਣ ਜਾਂਦੇ ਹਨ; ਪਰੰਤੂ ਸੱਚ ਪੁਛੋ ਤਾਂ ਆਦਿ ਕਾਰਣ ਸਭ ਦਾ ਈਸ਼੍ਵਰ ਹੀ ਹੈ। ਕਰਮ ਚੇਤਨ ਦੀ ਸੱਤਾ ਬਾਝ ਜੜ੍ਹ ਹਨ। ਜੇ ਕੋਈ ਸ਼ੂਨਵਾਦੀ ਸ਼ੰਕਾ ਕਰੇ ਕਿ ਜੇਕਰ ਜਗਤ ਦੇ ਪਹਿਲੇ ਸ਼ੂਨ ਹੀ ਸੀ, ਕਿਉਂ ਜੋ **"ਅਰਬਦ ਨਰਬਦ ਧੁੰਧੂਕਾਰਾ"** ਅਰਥਾਤ ਅਨਗਿਣਤ ਸ਼ੂਨ ਦਾ ਹੀ ਪਸਾਰਾ ਸੀ ਤਾਂਤੇ ਸ਼ੂਨ ਹੀ ਆਤਮਾ ਕਿਉਂ ਨਾ ਬਣੇ? ਅਸੀਂ ਉਸ ਨੂੰ ਪੁੱਛਦੇ ਹਾਂ ਕਿ ਸ਼ੂਨ ਦਾ ਸਿੱਧ ਕਰਨ ਵਾਲਾ ਸਾਖੀ ਰੂਪ ਕੌਣ ਹੋਊ ? ਜੇ ਕਹੋ ਕਿ ਸ਼ੂਨ ਦਾ ਸਾਖੀ ਸਤਿ ਰੂਪ ਆਤਮਾ ਅਨੰਦ ਸਰੂਪ ਹੈ; ਬਸ ਓਹੀ ਸ਼ੂਨ ਦਾ ਸਾਖੀ ਹੀ ਨਿਆਰਾ ਆਤਮਾ ਹੈ। ਉਸ ਨੇ ਪੰਜ ਤੱਤਾਂ ਦੀਆਂ ਦੇਹਾਂ ਰਚਕੇ ਸ੍ਰਿਸ਼ਟੀ ਰਚੀ ਹੈ। ਇਸੇ ਪ੍ਰਕਾਰ ਪ੍ਰਮਾਣੂ ਪ੍ਰਧਾਨ ਕਰਮ ਆਦਿ ਕਾਰਣ ਸਾਰੇ ਜੜ੍ਹ ਹਨ। ਚੇਤਨ ਆਤਮਾ ਦੀ ਸੱਤਾ ਬਾਝ ਕੋਈ ਕੁਝ ਨਹੀਂ ਕਰ ਸਕਦਾ। ਹੁਣ ਸ਼ੂਨ ਆਦਿ ਸਾਰੇ ਮਤ ਖੰਡਨ ਕਰਕੇ ਅੱਗੇ ਸਾਰੀਆਂ ਜੂਨਾਂ ਵਿੱਚੋਂ ਉਤਮ ਜੋਨੀ ਦਾ ਵਰਣਨ ਕਰਦੇ ਹਨ:-

## ੩. ਪਉੜੀ ( ਮਨੁੱਖ ਜਨਮ ਦੀ ਉੱਤਮਤਾ )।

੧. ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮ ਸੁ ਮਾਣਸਿ ਦੇਹੀ।
੨. ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭ ਬੋਲਣੁ ਬਚਨ ਸਨੇਹੀ।

**ਅਰਥ**-੧.ਚੌਰਾਸੀ ਲੱਖ ਜੂਨਾਂ ਵਿਚ ਮਨੁੱਖ ਸਰੀਰ ਉੱਤਮ ਜਨਮ ਹੈ; ੨.(ਕਿਉਂ ਜੋ) ਅੱਖਾਂ (ਸ਼ੁਭ) ਵੇਖਦੀਆਂ, ਕਰਣ(ਸ਼ੁਭ ਬਚਨ) ਸੁਣਦੇ, ਮੁਖ (ਅਰਥਾਤ ਜੀਭਾ) ਸ਼ੁਭ ਤੇ ਪ੍ਰੇਮ ਦੇ ਵਾਕ

*ਇਸ ਤੁਕ ਤੋਂ ਅਗੇ ਇਕ ਪੁਰਾਤਨ ਲਿਖਤੀ ਨੁਸਖੇ ਵਿਚ ਇਕ ਇਹ ਤੁਕ ਹੋਰ ਬੀ ਹੈ:-
'ਜਨਮ ਮਰਨੁ ਦੁਇ ਸਾਹਿਆ ਤਿਸ ਵਿਚਿ ਆਵੈ ਸਭ ਲੁਕਾਈ।'


www.sikhbookclub.com

ਬੋਲਦੀਆਂ ਹਨ। (ਭਾਵ ਇਹ ਕਿ ਪਸ਼ੂ ਪੰਛੀ ਭੀ ਵੇਖਣ ਆਦਿ ਕ੍ਰਿਆ ਕਰਦੇ ਹਨ, ਪਰੰਤੂ ਉਹਨਾਂ ਵਿਖੇ ਸ਼ੁਭ ਅਸ਼ੁਭ ਦਾ ਗਿਆਨ ਨਹੀਂ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ "**ਕਬੀਰ ਮਾਨਸ ਜਨਮੁ ਦੁਲੰਭੁ ਹੈ॥**" ਅੱਗੇ ਕਰਮ ਇੰਦ੍ਰੀਆਂ ਦਾ ਕੰਮ ਦੱਸਦੇ ਹਨ:-)

੩. ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।
੪. ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਭਾਇ ਕਰੇਹੀ।

੩.ਹੱਥਾਂ ਨਾਲ ਕਾਰ ਕਰੇ, ਪੈਰਾਂ ਨਾਲ ਤੁਰਕੇ ਸਤਿਸੰਗਿ ਵਿਚ ਮਿਲੇ। ੪.ਧਰਮ ਦੀ ਬਿਰਤੀ (ਉਪਜੀਵਕਾ) ਦੀ ਕਿਰਤ (ਕਾਰ) ਕਰਕੇ ਖੱਟਕੇ ਖਾਵੇ ਤੇ ਖਵਾਲੇ। (ਭਾਵ ਚੋਰੀ ਯਾਰੀ ਦੀ ਉਪਜੀਵਕਾ ਨਾ ਬਣਾਵੇ)। ਯਥਾ: -"**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥**" (ਸਾਰੰਗ ਕੀ ਵਾਰ ਸਲੋਕ ਮ: ੧-੨੨)

੫. ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ॥
੬. ਗੁਰ ਭਾਈ ਸੰਤੁਸਟਿ ਕਰਿ ਚਰਣਾਮਿਤੁ ਲੈ ਮੁਖ ਪਿਵੇਹੀ॥

੫.(ਉਨ੍ਹਾਂ) ਗੁਰਮੁਖਾਂ ਦਾ ਜਨਮ ਸਫਲ ਹੈ (ਜੋ) ਗੁਰੂ ਜੀ ਦੀ ਬਾਣੀ (ਆਪ) ਪੜ੍ਹਕੇ ਤੇ ਸਮਝਕੇ ਸੁਣਾਉਂਦੇ ਹਨ; (ਭਾਵ ਦੀਵਾ ਬਾਲਕੇ ਪੜੋਪੇ ਹੇਠ ਨਹੀਂ ਲੁਕਾਉਂਦੇ, ਹੋਰਨਾਂ ਨੂੰ ਵੀ ਚਾਨਣ ਕਰਦੇ ਹਨ)। ੬.ਗੁਰ ਭਾਈਆਂ ਨੂੰ ਪ੍ਰਸੰਨ ਕਰਦੇ, (ਤੇ ਉਨ੍ਹਾਂ ਦੇ ਚਰਣ ਧੋਕੇ) ਚਰਨ ਅੰਮ੍ਰਿਤ ਮੂੰਹ ਵਿਚ ਲੈਕੇ ਪੀਂਦੇ ਹਨ। (ਭਾਵ ਅੰਗੂਠਾ ਧੋ ਕੇ ਕਿੰਚਤ ਚਰਣਾਂਮ੍ਰਿਤ ਪਾਨ ਕਰਦੇ ਹਨ। ਯਥਾ:- "**ਚਰਨ ਸਾਧ ਕੇ ਧੋਇ ਧੋਇ ਪੀਉ॥ ਅਰਪਿ ਸਾਧ ਕਉ ਅਪਨਾ ਜੀਉ॥**" ਦਸਮੇਂ ਜਾਮੇ ਵਿਚ ਸਤਿਗੁਰਾਂ ਨੇ ਖੰਡੇ ਦੇ ਅੰਮ੍ਰਿਤ ਦੀ ਮ੍ਰਿਯਾਦਾ ਬੰਨ੍ਹਕੇ ਇਸ ਮ੍ਰਿਯਾਦਾ ਨੂੰ ਉਸ ਵਿਚ ਲੀਨ ਕਰ ਦਿੱਤਾ, ਚਰਣਾਮ੍ਰਿਤੁ ਦਾ ਭਾਵ ਅਤੀ ਨਿੰਮ੍ਰਤਾ ਤੋਂ ਹੈ। ਕਠੋਰ ਚਿਤ ਦਾ ਚਰਨਾਂਮ੍ਰਿਤ ਪੀਣਾ ਮਖ਼ੌਲ ਹੈ)।

੭. ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਰਾਸਿ ਕਰੇਹੀ।
੮. ਆਪਿ ਤਰੇ ਗੁਰ ਸਿਖ ਤਰੇਹੀ॥੩॥

**ਅਰਥ**-੭.(ਇਸ ਉਕਤ ਪੌੜੀ ਦਾ ਸਿੱਟਾ ਇਹ ਹੈ-ਕਿ) ਪੈਰੀ ਪੈਣਾ ਨਾ ਛੱਡੀਏ, ਕਲਜੁਗ ਦੇ ਸਮੇਂ ਵਿਖੇ (ਨਿੰਮ੍ਰਤਾ ਹੀ) ਸੱਚਾ ਰਾਹ ਹੈ। ੮.(ਕਿ ਓਹ) ਗੁਰਸਿਖ (ਜੋ ਇਸ ਰਸਤੇ ਚੱਲਣਗੇ) ਆਪ ਤਰਨਗੇ ( ਤੇ ਹੋਰਨਾਂ ਨੂੰ ਬੀ) ਤਾਰਨਗੇ। (ਯਥਾ:- "**ਮੰਨੈ ਤਰੈ ਤਾਰੈ ਗੁਰ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥**" ਦਸਮੇਂ ਜਾਮੇ ਵਿਚ ਗੁਰੂ ਜੀ ਨੇ 'ਵਾਹਿਗੁਰੂ ਜੀ ਕੀ ਫਤਹ' ਦੀ ਮ੍ਰਿਯਾਦਾ ਬੰਨ੍ਹੀ)।

## ੪. ਪਉੜੀ (ਜਗਤ ਕਾਰਣ)।

੧. ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।
੨. ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।

**ਪਦਾਰਥ**-(ਕਵਾਉ=ਵਾਕ। ਪਰਵਾਣੁ=ਵਜ਼ਨ, ਅੰਦਾਜ਼ਾ।)

**ਅਰਥ**-੧.(ਓਅੰਕਾਰ) ਪਰਮਾਤਮਾਂ ਨੇ ਇਕ ਬਚਨ ਥੋਂ ਆਕਾਰ* ਰਚਕੇ (ਸਾਰਾ) ਪਸਾਰਾ ਪਸਾਰ ਦਿੱਤਾ ਹੈ (ਭਾਵ ਪਹਿਲੇ ਪਹਿਲ ਇਕ ਵਾਹਿਗੁਰੂ ਹੀ ਸੀ, ਉਸ ਨੇ ਬਚਨ ਨਾਲ ਸਾਰਾ ਪਸਾਰਾ ਕੀਤਾ)। ੨.(ਫੇਰ) ਪੰਜ ਤੱਤਾਂ ਥੋਂ ਬ੍ਰਹਿਮਾਂਡ ਰਚਕੇ ਆਪ (ਘਟ ਘਟ ਕਹੀਏ) ਹਰੇਕ ਸਰੀਰ ਵਿਖੇ (ਪਰਵੇਸ਼ ਕਰਕੇ ਆਪ, ਜੋ) ਤਿੰਨਾਂ ਭਵਨਾਂ ਦਾ ਸਾਰ ਰੂਪ (ਹੈ, ਸੱਤਾ ਦੇ ਰਿਹਾ ਹੈ)। (ਪੰਜ ਤੱਤਾਂ ਦਾ ਪਰਵਾਣ=ਤੋਲ, ਯਾ ਅੰਦਾਜ਼ਾ ਇਕੋ ਜਿਹਾ ਰੱਖਣ ਦਾ ਭਾਵ ਇਹ ਹੈ ਕਿ ਕੋਈ ਤੱਤ ਕਿਸੇ ਤੇ ਬਲੀ ਨਾ ਪਵੇ, ਇਕ ਸਾਰਖੇ ਰਹਿਣ। ਪਰਵਾਣ ਦਾ ਅਰਥ 'ਮੰਨਜ਼ੂਰ ਕਰਕੇ' ਬੀ ਕਹਿੰਦੇ ਹਨ)।

*ਰੂਪ ਯਾ ਸੂਰਤ ਵਾਲਾ ਸੰਸਾਰ।

੩. ਕਾਦਰੁ ਕਿਨੈ ਨਾ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।
੪. ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ।

**ਅਰਥ**-੩.(ਕਾਦਰ) ਕੁਦਰਤ ਦਾ ਕਰਤਾ ਕਿਸੇ ਨਹੀਂ ਡਿੱਠਾ, (ਉਸ ਨੇ ਪਹਿਲੇ) ਮਾਯਾ ਬਣਾਕੇ ਅਵਤਾਰ (ਬ੍ਰਹਮਾਦਿਕ) ਕੀਤੇ ਹਨ। ੪.ਇਕ ਮਾਯਾ ਥੋਂ ਲੱਖਾਂ (ਬ੍ਰਹਿਮਾਂਡ) ਰਚਦਾ ਹੈ (ਫੇਰ) ਲੱਖਾਂ ਬਿਅੰਤ ਅਸੰਖ ਅਪਾਰ (ਰਚਨਾਂ ਸਾਜਦਾ) ਹੈ। (ਇਥੇ ਚਾਰ ਵਾਰ ਕਹਿਣ ਦਾ ਭਾਵ ਚਾਰ ਜੁਗਾਂ ਵਿਖੇ ਅਸੰਖ ਤੇ ਅਪਾਰ ਰਚਨਾ ਸਿਰਜਣ ਦਾ ਹੈ)।

੫. ਰੋਮ ਰੋਮ ਵਿਚਿ ਰਖਿਓਨਿ ਕਰਿ ਬ੍ਰਹਮੰਡਿ ਕਰੋੜਿ ਸੁਮਾਰਾ।
੬. ਇਕਸ ਇਕਸ ਬ੍ਰਹਮੰਡਿ ਵਿਚਿ ਦਸ ਦਸ ਕਰਿ ਅਵਤਾਰ ਉਤਾਰਾ।

**ਅਰਥ**-੫.ਆਪਣੇ ਇਕ ਇਕ ਰੋਮ ਵਿਖੇ ਕਰੋੜਾਂ ਦੀ ਗਿਣਤੀ ਵਿਚ ਬ੍ਰਹਿਮੰਡ (ਉਸ ਨੇ) ਰੱਖੇ ਹੋਏ ਹਨ। ੬.ਹਰ ਬ੍ਰਹਮਾਂਡ ਵਿਖੇ ਦਸ ਦਸ ਔਤਾਰ ਕਰਕੇ ਸਾਜੇ ਹੋਏ ਹਨ (ਭਾਵ ਬੇਅੰਤ ਬ੍ਰਹਮੰਡ ਤੇ ਬੇਅੰਤ ਹੀ ਅਵਤਾਰ ਹਨ)।

੭. ਕੇਤੇ ਬੇਦ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾ।
੮. ਕੁਦਰਤਿ ਇਕੁ ਏਤਾ ਪਾਸਾਰਾ ॥੪॥

**ਅਰਥ**-੭.ਕਈ ਬੇਦਾਂ (ਦੇ ਵਕਤਾ) ਬਿਆਸ ਕਰ ਦਿੱਤੇ, ਕਈ ਕਿਤਾਬਾਂ (ਕਈ) ਮੁਹੰਮਦ (ਅਰ ਕਈ ਉਸ ਦੇ)ਯਾਰ ਬਣਾ ਦਿੱਤੇ।੮.(ਪ੍ਰੰਤੂ) ਕੁਦਰਤ ਇਕ ਹੈ, (ਜਿਸ ਦਾ)ਇੰਨਾਂ ਪਸਾਰਾ(ਪਸਰਿਆ)ਹੈ।

## ੫. ਪਉੜੀ (ਜੁੱਗ ਆਦਿਕ)।

੧. ਚਾਰਿ ਜੁਗਿ ਕਰਿ ਥਾਪਨਾ ਸਤਿਜੁਗ ਤ੍ਰੇਤਾ ਦੁਆਪਰੁ ਸਾਜੇ।
੨. ਚਉਥਾ ਕਲਿਜੁਗੁ ਥਾਪਿਆ ਚਾਰਿ ਵਰਨਿ ਚਾਰੋ ਕੇ ਰਾਜੇ।

**ਅਰਥ**-੧.ਚਾਰ ਜੁੱਗਾਂ ਦੀ ਥਾਪਨਾ ਥਾਪ ਕੇ ਸਤਿਜੁਗ, ਤ੍ਰੇਤਾ, ਦ੍ਵਾਪਰ ਰਚੇ। ੨.ਚੌਥਾ ਕਲਿਜੁਗ ਬਣਾਇਆ, ਚਾਰ ਵਰਣ ,ਚਾਰਾਂ ਦੇ ਰਾਜੇ ਬਣਾਏ। (ਅੱਗੇ ਵਰਣਾਂ ਦੇ ਨਾਮ ਦੱਸਦੇ ਹਨ:)

੩. ਬ੍ਰਹਮਣ, ਛਤ੍ਰੀ, ਵੈਸ, ਸੂਦ੍ਰ, ਜੁਗੁ ਜੁਗੁ ਏਕੋ ਵਰਨ ਬਿਰਾਜੇ।
੪. ਸਤਿਜੁਗਿ ਹੰਸ ਅਉਤਾਰੁ ਧਰਿ ਸੋਹੰ ਬ੍ਰਹਮੁ ਨ ਦੂਜਾ ਪਾਜੇ।

**ਅਰਥ**-੩.ਬ੍ਰਾਹਮਣ, ਛੱਤ੍ਰੀ, ਵੈਸ਼, ਸ਼ੂਦ੍ਰ (ਚਾਰ ਵਰਣ ਹਨ, ਪਰੰਤੂ ਆਪ) ਚਾਰੇ ਜੁਗਾਂ ਵਿਖੇ ਇਕੋ ਹੀ ਸਰੂਪ ਸ਼ੋਭ ਰਿਹਾ ਹੈ। ੪.ਸਤਿਜੁਗ ਵਿਖੇ ਹੰਸ ਅਉਤਾਰ ਧਾਰਕੇ ਸੋਹੰ ਬ੍ਰਹਮ (ਦਾ ਪਤਾ ਦੱਸਿਆ) ਦੂਜਾ ਪਖੰਡ ਨਹੀਂ ਕੀਤਾ।

੫. ਏਕੋ ਬ੍ਰਹਮੁ ਵਖਾਣੀਐ ਮੋਹ ਮਾਇਆ ਤੇ ਬੇਮੁਹਤਾਜੇ।
੬. ਕਰਨਿ ਤਪਸਿਆ ਬਨਿ ਵਿਖੈ ਵਖਤ ਗੁਜਾਰਨਿ ਪਿੰਨੀ ਸਾਗੇ।

**ਅਰਥ**-੫.(ਲੋਕ)ਇਕੋ (ਬ੍ਰਹਮ ਹੀ) ਬ੍ਰੰਹਮ ਆਖਦੇ ਸਨ, ਮੋਹ ਤੇ ਮਾਯਾ ਥੋਂ ਬੇਖ਼ਾਹਸ਼ (ਰਹਿੰਦੇ) ਸਨ। ੬.ਬਨ ਵਿਖੇ ਤਪ ਕਰਦੇ ਸਾਗ ਦੀ ਪਿੰਨੀ* (ਭਾਵ ਕੰਦ ਮੂਲ) ਖਾਕੇ ਸਮਾਂ ਟਪਾਉਂਦੇ ਸਨ।

੭. ਲਖ ਵਰ੍ਹਿਆ ਦੀ ਆਰਜਾ ਕੋਠੇ ਕੋਟਿ ਨ ਮੰਦਿਰ ਸਾਜੇ॥
੮. ਇਕ ਬਿਨਸੈ ਇਕ ਅਸਥਿਰੁ ਗਾਜੇ ॥੫॥

**ਅਰਥ**-੭.ਲੱਖ ਵਰ੍ਹੇ (ਅਰਥਾਤ ਸੌ ਹਜ਼ਾਰ ਵਰ੍ਹੇ) ਦੀ (ਆਰਜਾ =) ਉਮਰ ਹੁੰਦੀ ਸੀ (ਫੇਰ ਬੀ)

---

*ਬਣ ਦੇ ਸਾਗ ਪੱਤ੍ਰ ਉਬਾਲ ਕੇ ਪਿੰਨੀ ਕਰਕੇ ਖਾਣੇ। ਪਰ ਭਾਵ ਵਿਚ ਬਣ ਦੇ ਕੰਦ, ਮੂਲ, ਸਾਗ, ਪੱਤ੍ਰ ਸਾਰੇ ਸ਼ਾਮਲ ਸਮਝਣੇ ਚਾਹੀਏ।

 www.sikhbookclub.com

ਕੋਠੇ ਕੋਟ ਤੇ ਮੰਦਰ ਨਹੀਂ ਬਣਾਉਂਦੇ ਸਨ। ੮.ਇਕ ਨਾਸ਼ ਹੁੰਦੇ ਜਾਂਦੇ ਹਨ ਦੂਜੇ ਆਪ ਨੂੰ ਅਚੱਲ (ਮੰਨਕੇ) ਗਜਦੇ ਹਨ।

**ਭਾਵ**-ਤਾਤਪਰਜ ਇਹ:-ਸਤਿਜੁਗ ਦੇ ਲੋਕਾਂ ਦਾ ਵਰਤਾਰਾ ਜੋ ਉਪਰ ਕਥਨ ਕੀਤਾ ਹੈ ਛੱਡਕੇ ਵਰਤਮਾਨ ਵਿਖੇ ਲੋਕ ਵਡਾ ਹੰਕਾਰ ਕਰਦੇ ਤੇ ਆਪ ਨੂੰ ਅਟੱਲ ਮੰਨਦੇ ਹਨ। ਯਥਾ ਗੁਰਵਾਕ:-"**ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥**" ਤਥਾ-"**ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥**" ਅਰਥਾਤ-ਮਾਰਕੰਡੇ ਨੇ, ਜਿਸ ਦੀ ਬ੍ਰਹਮਾ ਨਾਲੋਂ ਵਡੀ ਉਮਰ ਸੀ, ਆਪ ਨੂੰ ਨਾਸ਼ਮਾਨ ਮੰਨਕੇ ਕਿਲ੍ਹੇ ਕੋਟ ਨਹੀਂ ਬਣਾਏ।

**ਇਥੇ ਭਾਈ ਗੁਰਦਾਸ ਜੀ ਪ੍ਰਚਲਿਤ ਮਤਾਂ ਦਾ ਵਰਣਨ ਕਰ ਰਹੇ ਹਨ ਤੇ ਮਤਾਂ ਦੇ ਮੰਨੇ ਹਾਲ ਦੱਸ ਰਹੇ ਹਨ। ਆਪਣਾ ਸਿੱਧਾਂਤ ਕਿਤੇ ਹੋਰਥੇ ਦੱਸਣਗੇ।**

## ੬. (ਤ੍ਰੇਤਾ)

੧. ਤੇਤੇ ਛਤ੍ਰੀ ਰੂਪ ਧਰਿ ਸੂਰਜ ਬੰਸੀ ਵਡਿ ਅਵਤਾਰਾ।
੨. ਨਉ ਹਿੱਸੇ ਗਈ ਆਰਜਾ ਮਾਇਆ ਮੋਹੁ ਅਹੰਕਾਰੁ ਪਸਾਰਾ।

**ਅਰਥ**-੧.ਤ੍ਰੇਤਾ (ਜੁੱਗ ਵਿਖੇ) ਛੱਤ੍ਰੀ (ਵਰਨ ਵਿਚ ਰਾਮਚੰਦ੍ਰ) ਦਾ ਰੂਪ ਧਰਕੇ ਸੂਰਜ ਵੰਸੀ ਵਡਾ ਅਵਤਾਰ (ਰਾਜਾ) ਹੋਇਆ। ੨.ਨੌਂ ਹਿੱਸੇ (ਲੋਕਾਂ ਦੀ) ਉਮਰ (ਘਟ) ਗਈ (ਭਾਵ ਲੱਖ ਵਿਚੋਂ ੯੦ ਹਜ਼ਾਰ ਘਟਕੇ ਦਸ ਹਜ਼ਾਰ ਵਰ੍ਹਾ ਰਹਿ ਗਈ) ਮਾਯਾ ਮੋਹ ਤੇ ਹੰਕਾਰ ਦਾ ਪਸਾਰਾ ਹੋ ਗਿਆ। (ਇਸ ਪ੍ਰਕਾਰ ਹਿੰਦੂ ਲੋਕ ਮੰਨਦੇ ਹਨ)।

੩. ਦੁਆਪਰਿ ਜਾਦਵ ਵੇਸ ਕਰਿ ਜੁਗਿ ਜੁਗਿ ਅਉਧ ਘਟੈ ਆਚਾਰਾ।
੪. ਰਿਗ ਬੇਦ ਮਹਿ ਬ੍ਰਹਮ ਕ੍ਰਿਤਿ ਪੂਰਬ ਮੁਖਿ ਸੁਭ ਕਰਮ ਬਿਚਾਰਾ।

**ਅਰਥ**-੩.ਦ੍ਵਾਪਰ ਵਿਖੇ ਯਦੂ (ਨਾਮ ਰਾਜਾ ਦੇ ਘਰ ਕ੍ਰਿਸ਼ਨ ਨਾਮ ਵਾਲੇ ਨੇ) ਵੇਸ ਧਾਰਿਆ, ਜੁਗਾਂ ਜੁਗਾਂ ਵਿਖੇ ਉਮਰ ਤੇ ਆਚਾਰ (= ਕਰਤੱਬ) ਘਟਦੇ ਗਏ (ਗਲ ਕੀ ਹੁਣ ਹਜ਼ਾਰ ਵਰ੍ਹੇ ਦੀ ਬਾਕੀ ਉਮਰਾ ਰਹੀ, ਨੌਂ ਹਿੱਸੇ ਹੋਰ ਘਟ ਗਈ)। ੪.ਰਿਗ ਵੇਦ ਵਿੱਚੋਂ ਬ੍ਰਾਹਮਣ ਕਰਮ ਕਰਾਉਂਦੇ ਤੇ ਪੂਰਬ ਵਲ ਮੂੰਹ ਕਰਕੇ ਸ਼ੁਭ ਕਰਮ (ਯੱਗ) ਕਰਦੇ ਸਨ (ਓਹ ਪੂਰਬ ਵਲ ਹਰੀ ਦਾ ਵਾਸਾ ਜਾਣਦੇ ਹਨ)। (ਏਹ ਇਤਰ ਮਤਾਂ ਦੇ ਨਿਸ਼ਚੇ ਦੱਸੇ ਹਨ।)

੫. ਖਤ੍ਰੀ ਥਾਪੇ ਜੁਜਰੁ ਵੇਦਿ ਦਖਣ ਮੁਖਿ ਬਹੁ ਦਾਨ ਦਾਤਾਰਾ।
੬. ਵੈਸ਼ੋਂ ਥਾਪਿਆ ਸਿਆਮ ਵੇਦੁ ਪਛਮ ਮੁਖਿ ਕਰਿ ਸੀਸੁ ਨਿਵਾਰਾ।

**ਅਰਥ**-੫.(ਫੇਰ) ਖਤ੍ਰੀਆਂ ਨੇ ਜੁਜਰ ਲੈ ਲੀਤਾ (ਦ੍ਵਾਪਰ ਵਿਖੇ) ਦੱਖਣ ਵਲ ਮੂੰਹ ਕਰਕੇ ਦਾਤੇ ਬਣਕੇ ਬਹੁਤੇ ਦਾਨ (ਆਦਿਕ ਕਰਮ) ਕਰਨ ਲਗੇ, (ਗਲ ਕੀ ਓਹ ਦੱਖਣ ਦੇਸ਼ ਵਿਖੇ ਹਰੀ ਦਾ ਨਿਵਾਸ ਜਾਣਨ ਲੱਗੇ) ੬.ਵੈਸ਼ ਲੋਕ ਸ਼ਾਮ ਵੇਦ ਫੜਕੇ ਪੱਛੋਂ ਵਲ ਮੂੰਹ ਕਰਕੇ ਪ੍ਰਣਾਮਾਂ ਕਰਨ ਲਗੇ। (ਉਹਨਾਂ ਨੇ ਹਰੀ ਪਛੌਂ ਵਲ ਹੀ ਸਮਝ ਲੀਤਾ। ਯਥਾ-ਗੁਰਵਾਕ:- "**ਕੋਊ ਪਛਾਹ ਕੋ ਸੀਸ ਨਿਵਾਇਓ**")। (ਏਹ ਇਤਰ ਮਤਾਂ ਦੀਆਂ ਮਨਉਤਾਂ ਦੱਸਦੇ ਹਨ।)

੭. ਰਿਗਿ ਨੀਲੰਬਰਿ ਜੁਜਰ ਪੀਤ ਸ੍ਵੇਤੰਬਰਿ ਕਰਿ ਸਿਆਮ ਸੁਧਾਰਾ।
੮. ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ ॥੬॥

**ਅਰਥ**-੭.ਰਿਗ ਵੇਦ ਨੀਲੇ ਕਪੜੇ, ਜੁਜਰ ਬੇਦ ਪੀਲੇ, (ਅਰ) ਸਾਮ ਬੇਦ (ਪੜ੍ਹਨ ਸਮੇਂ) ਚਿਟੇ ਕਪੜੇ ਪਹਿਰਕੇ (ਪਾਠ ਕਰਦੇ ਸਨ)। (ਭਾਵ ਰਾਮ ਕ੍ਰਿਸ਼ਨ ਤੇ ਹੰਸਾਵਤਾਰ ਦੇ ਉਪਾਸ਼ਕ ਹੋਕੇ ਆਪਣੇ ਆਪਣੇ ਧਰਮ ਕਰਦੇ ਸਨ)। ੮.ਤਿੰਨਾਂ ਯੁੱਗਾਂ ਦੇ ਤ੍ਰੈ ਧਰਮ (ਵੱਖੋ ਵੱਖ) ਉਚਾਰਦੇ ਸਨ।

**ਭਾਵ**-ਈਸ਼੍ਵਰ ਦੇਸ਼, ਕਾਲ, ਵਸਤੂ ਦੇ ਭੇਦ ਥੋਂ ਰਹਤ ਹੈ ਤੇ ਸਾਰੇ ਇਕ ਸਰੂਪ ਹੋਕੇ ਅਕਾਸ਼ਵਤ ਪੂਰਣ ਹੈ। ਕੋਈ ਪੱਛਮ ਕੋਈ ਦੱਖਣ ਆਦਿ ਦਿਸ਼ਾਂ ਵਲ ਹਰੀ ਨੂੰ ਮੰਨਕੇ ਪ੍ਰਣਾਮਾਂ ਕਰਦੇ ਹਨ, ਜਿਸ ਦਾ ਵਰਣਨ ਪ੍ਰਿਥਮ ਗੁਰੂ ਜੀ ਨੇ ਆਸਾ ਦੀ ਵਾਰ ਵਿਖੇ ਚੰਗਾ ਖੋਹਲਿਆ ਹੈ, ਜਿਹਾ ਕੁ: **"ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥"** ਪੁਨਾ:- **"ਰਿਗ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥"** ਅਰਥਾਤ-ਸਤਿਯੁਗ ਵਿਖੇ ਸਾਮ ਵੇਦ ਪੜ੍ਹਦੇ ਤੇ ਹੰਸਾਵਤਾਰ ਦੇ ਉਪਾਸ਼ਕ ਸਨ, ਤ੍ਰੇਤੇ ਵਿਖੇ ਰਿਗ ਵੇਦ ਸੀ ਤੇ ਰਾਮ ਨੂੰ ਹੀ ਭਰਪੂਰ ਮੰਨਦੇ ਦੇਵਤਿਆਂ ਦਾ ਪ੍ਰਕਾਸ਼ਕ ਮੰਨਦੇ ਸਨ। ਅਰਥਾਤ ਐਸੇ ਐਸੇ ਮਤ ਪਸਰ ਰਹੇ ਹਨ।

## ੭. (ਤਬਾਹੀ)।

੧. ਕਲਿਜੁਗੁ ਚਉਥਾ ਥਾਪਿਆ ਸੂਦ੍ਰ ਬਿਰਤਿ ਜਗ ਮਹਿ ਵਰਤਾਈ।
੨. ਕਰਮ ਸੁ ਰਿਗਿ ਜੁਜਰ ਸਿਆਮ ਕੇ ਕਰੇ ਜਗਤੁ ਰਿਦਿ ਬਹੁ ਸੁਕਚਾਈ।

**ਅਰਥ**-੧.ਕਲਿਜੁਗ ਚੌਥਾ ਜੁਗ ਬਣਾਇਆ, ਸ਼ੂਦ੍ਰਾਂ ਦੀ ਬਿਰਤੀ ਜਗਤ ਵਿਖੇ ਵਰਤ ਗਈ (ਅਰਥਾਤ ਲੋਕਾਂ ਦੇ ਸ਼ੂਦਰਾਂ ਵਰਗੇ ਸੁਭਾ ਹੋ ਗਏ)। ੨.ਰਿਗ ਜੁਜਰ ਅਤੇ ਸ਼ਾਮ ਵੇਦ ਦੇ (ਕਹੇ ਹੋਏ) ਕਰਮ ਜਗਤ (ਦੇ ਲੋਕ) ਮਨ ਵਿਖੇ ਬਹੁਤ ਸੰਕੋਚ ਨਾਲ ਕਰਨ ਲਗੇ, (ਭਾਵ ਉਹਨਾਂ ਤੋਂ ਹਟਣ ਲਗੇ)।

੩. ਮਾਇਆ ਮੋਹੀ ਮੇਦਨੀ ਕਲਿ ਕਲਿ ਵਾਲੀ ਸਭ ਭਰਮਾਈ।
੪. ਉਠੀ ਗਿਲਾਨਿ ਜਗਤ ਵਿਚਿ ਹਉਮੈ ਅੰਦਰਿ ਜਲੈ ਲੁਕਾਈ।

**ਅਰਥ**-੩.ਸ੍ਰਿਸ਼ਟੀ ਮਾਯਾ ਨੇ (ਮੋਹੀ) ਠੱਗ ਲੀਤੀ, ਕਲਜੁਗੀ ਕਲਹ ਵਾਲੀ (ਕ੍ਰਿਯਾ) ਨੇ ਸਾਰੀ ਭਰਮਾ ਦਿਤੀ। ੪.ਜਗਤ ਵਿਚ ਗਿਲਾਨ ਉਠ ਖੜੋਤੀ, ਹਉਮੈ ਵਿਚ ਲੋਕ ਸੜਨ ਲਗੇ।

ਅਗਲੀਆਂ ਚਾਰ ਤੁਕਾਂ ਵਿਖੇ ਇਸ ਚਉਥੇ ਜੁਗ ਦਾ ਰੂਪ ਦੱਸਦੇ ਹਨ :-

੫. ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।
੬. ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ।
੭. ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦੇਇ ਸੁ ਪਾਈ।
੮. ਕਰਮ ਭ੍ਰਿਸਟਿ ਸਭਿ ਭਈ ਲੋਕਾਈ ॥੭॥

**ਅਰਥ**-੫.ਕੋਈ ਕਿਸੇ ਨੂੰ ਮੰਨਦਾ ਨਹੀਂ, ਉੱਚੇ ਤੇ ਨੀਵੇਂ ਦੀ ਤਰ੍ਹਾਂ ਹੀ ਸਭ ਭੁੱਲ ਗਈ (ਜਿਹਾ ਕੁ ਦਸਮ ਗੁਰੂ ਜੀ ਲਿਖਦੇ ਹਨ **"ਘਰ ਘਰ ਹੋਇ ਬਹੈਂਗੇ ਰਾਮਾ॥"**) ੬.ਪਾਤਸ਼ਾਹ ਅੰਨਜਾਈ ਹੋ ਗਏ, ਕਲਜੁਗ ਕੈਂਚੀ ਤੇ ਮੁਸਾਹਬ ਕਸਾਈ ਹੋ ਗਏ (ਭਾਵ ਪਰਜਾ ਬੱਕਰੀ ਨੂੰ ਕੋਹਣ ਲੱਗ ਪਏ) ੭.ਤਿੰਨਾਂ ਜੁਗਾਂ ਦਾ ਧਰਮ ਰਹਿ ਗਿਆ, ਚੌਥੇ ਜੁਗ (ਕਲਜੁਗ ਵਿਖੇ) ਜਿਹੜਾ (ਕਿਸੇ ਨੂੰ) ਦੇਵੇ ਸੋ ਲਵੇ (ਭਾਵ ਉਪਕਾਰ ਦਾ ਮੁਸ਼ਕ ਨਾ ਰਿਹਾ)। ੮.ਕਰਮ ਭ੍ਰਿਸ਼ਟ ਸਾਰੀ ਦੁਨੀਆਂ ਹੋ ਗਈ। (ਤਾਤਪਰਜ ਇਹ ਕਿ ਸ਼ੁਭ ਕਰਮਾਂ ਥੋਂ ਪਤਿਤ ਹੋ ਗਏ)।

ਸਮੇਂ ਦੀ ਵੰਡ ਉਸ ਵੇਲੇ ਦੇ ਮਤ ਐਉਂ ਮਨੰਦੇ ਸੇ:-

## ੮. (ਖਟ ਸ਼ਾਸਤ੍ਰ)।

੧. ਚਹੁ ਬੇਦਾ ਕੇ ਧਰਮ ਮਥਿ ਖਟਿ ਸਾਸਤ੍ਰ ਮਥਿ ਰਿਖਿ ਸੁਣਾਵੈ।
੨. ਬ੍ਰਹਮਾਦਿਕ ਸਨਕਾਦਿਕਾ ਜਿਉ ਤਿਹਿ ਕਹਾ ਤਿਵੈ ਜਗੁ ਗਾਵੈ।
੩. ਗਾਵਨਿ ਪੜਨਿ ਬਿਚਾਰਿ ਬਹੁ ਕੋਟਿ ਮਧੇ ਵਿਰਲਾ ਗਤਿ ਪਾਵੈ।
੪. ਇਹਿ ਅਚਰਜੁ ਮਨ ਆਵਦੀ ਪੜਤਿ ਗੁਣਤਿ ਕਛੁ ਭੇਦੁ ਨ ਪਾਵੈ।

**ਅਰਥ**-੧.ਚਾਰ ਬੇਦਾਂ ਦੇ ਧਰਮਾਂ ਨੂੰ ਵਿਚਾਰਕੇ ਤੇ ਛੀ ਸ਼ਾਸਤ੍ਰਾਂ ਨੂੰ (ਮਥਿ=) ਸੋਧਕੇ (ਬਿਆਸ ਆਦਿ ਛੇ) ਰਿਖੀ ਸੁਣਾਂਵਦੇ ਹਨ। ੨.ਬ੍ਰਹਮਾਦਿਕ ਦੇਵਤੇ, ਸਨਕ, ਸਨੰਦਨ, ਸਨਾਤਨ, ਸਨਤ

ਕੁਮਾਰ (ਬ੍ਰਹਮਾਂ ਦੇ ਪੁੱਤ੍ਰਾਂ ਨੇ) ਜਿੱਕੁਰ ਕਹਿ ਦਿਤਾ ਹੈ ਉਸੇ ਭਾਂਤ ਜਗਤ ਬੀ ਪਿਆ ਗਾਉਂਦਾ ਹੈ। ੩.ਗਾਂਵਦੇ, ਪੜ੍ਹਦੇ ਤੇ ਵਿਚਾਰਦੇ ਬਾਹਲੇ ਹਨ (ਪਰੰਤੂ ਈਸ਼੍ਵਰੀ) ਗਤੀ ਨੂੰ ਕੋਈ ਵਿਰਲਾ ਹੀ ਕੋਟਾਂ ਮੱਧੇ ਪਾਉਂਦਾ ਹੈ। ੪.ਇਹ ਮਨ (ਵਿਖੇ ਬੜੀ) ਅਚਰਜ ਦੀ ਗੱਲ ਆਉਂਦੀ ਹੈ (ਭਈ) ਪੜ੍ਹਦਿਆਂ ਵਿਚਾਰਦਿਆਂ, ਕੁਛ ਭੇਦ ਨਹੀਂ ਲਖਿਆ ਜਾਂਦਾ।

ਇੱਥੇ ਹੁਣ 'ਖਟ ਸ਼ਾਸਤ੍ਰਾਂ ਨੂੰ ਪ੍ਰਚਲਤ ਭਰੋਸੇ ਕਿੱਕੁਰ ਮੰਨਦੇ ਮਨ' ਕਥਨ ਕੀਤੇ ਹਨ। ਅਗਲੀਆਂ ਚਾਰ ਤੁਕਾਂ ਵਿਖੇ ਮਤਾਂ ਦੇ ਭੇਦ ਦੱਸਦੇ ਹਨ :-

੫. ਜੁਗਿ ਜੁਗ ਇਕੋ ਵਰਨ ਹੈ ਕਲਿਜੁਗਿ ਕਿਉ ਬਹੁਤੇ ਦਿਖਲਾਵੈ॥
੬. ਜੰਦ੍ਰੇ ਵਜੇ ਤ੍ਰਿਹੁ ਜੁਗੀ ਕਥਿ ਪੜਿ ਰਹੇ ਭਰਮ ਨਹਿ ਜਾਵੈ॥
੭. ਜਿਉ ਕਰਿ ਕਥਿਆ ਚਾਰਿ ਬੇਦਿ ਖਟਿ ਸਾਸਤ੍ਰਿ ਸੰਗਿ ਸਾਖ ਸੁਣਾਵੈ॥
੮. ਆਪੋ ਆਪਣੇ ਮਤ ਸਭਿ ਗਾਵੈ ॥੮॥

**ਅਰਥ**-੫.ਜੁਗਾਂ, (ਚਹੁੰ) ਜੁਗਾਂ ਵਿਖੇ ਈਸ਼੍ਵਰ ਦਾ ਇਕੋ ਰੂਪ ਹੈ, (ਪਰ) ਕਲਜੁਗ ਵਿਖੇ ਲੋਕ ਕਿਉਂ ਬਾਹਲੇ ਦੱਸਦੇ ਹਨ ? ੬.ਤਿੰਨਾਂ ਜੁੱਗਾਂ ਵਿਖੇ ਜੰਦਰੇ ਹੀ ਵਜੇ ਰਹੇ, (ਕਥਿ=) ਵਖਯਾਨ (ਕਰਕੇ) ਤੇ ਪੜ੍ਹਕੇ (ਲੋਕ) ਥੱਕ ਗਏ ਪਰ ਭਰਮ ਨਾਂ ਹਟਿਆ। ੭.ਜਿਸ ਤਰ੍ਹਾਂ ਚਾਰ ਵੇਦਾਂ ਵਿਚ ਵਰਣਨ ਕੀਤਾ, ਛੀ ਸ਼ਾਸਤ੍ਰਾਂ ਦੇ ਨਾਲ ਸਾਂਖ ਵਾਲੇ ਸੁਨਾਂਵਦੇ ਹਨ, ੮.ਆਪੋ ਆਪਣੇ ਮਤਾਂ ਨੂੰ ਸਾਰੇ ਪਏ ਗਾਉਂਦੇ ਹਨ।

**ਭਾਵ**-ਵੇਦਾਂ ਸ਼ਾਸਤ੍ਰਾਂ ਵਿਖੇ ਮਤ ਮਤਾਂਤਰਾਂ ਦੇ ਵੱਡੇ ਰੌਲੇ ਹਨ, ਇਸੇ ਲਈ ਜੰਦਰੇ ਹੀ ਤਿੰਨਾਂ ਜੁੱਗਾਂ ਵਿਖੇ ਵੱਜੇ ਰਹੇ, ਭੇਦ ਦਾ ਖਜ਼ਾਨਾ ਹੀ ਬੰਦ ਰਿਹਾ।

ਭਾਈ ਸਾਹਿਬ ਜੀ ਅਖ਼ੀਰਲੀ ਸਤਰ ਵਿਚ ਆਪਣੀ ਟੂਕ* ਦਿੰਦੇ ਹਨ ਕਿ ਨਾਨਾ ਤਰ੍ਹਾਂ ਦੇ ਮਤ ਆਪੋ ਆਪਣੇ ਨਿਸ਼ਚੇ ਤੇ ਮਨੌਤਾਂ ਕਥਨ ਕਰਕੇ ਸੱਚੇ ਹੋਣ ਦੇ ਦਾਵੇ ਬੰਨ੍ਹਦੇ ਹਨ,. ਪਰ ਅਸਲ ਵਿਚ ਆਪੋ ਆਪਣੀ ਹਉਮੈ ਦੀ ਖਿੱਚ ਹੈ,ਪੱਖ ਰਹਿਤ ਕੋਈ ਨਹੀਂ। ਇਸ ਟੂਕ ਤੋਂ ਸਾਫ ਸਿੱਧ ਹੈ, ਕਿ ਭਾਈ ਸਾਹਿਬ ਇਥੇ ਪ੍ਰਚਲਤ ਮਤਾਂ ਦੇ ਖਿਆਲ ਦੱਸ ਰਹੇ ਹਨ, ਆਪਣਾ ਮੰਤਵ ਨਹੀਂ ਕਹਿ ਰਹੇ।

## ੯. (ਨਯਾਯ)।

ਹੇਠਲੀ ਨੌਵੀਂ ਪਉੜੀ ਵਿਖੇ ਨਯਾਇ ਸ਼ਾਸਤ੍ਰ ਦਾ ਕਰਤਾ ਤੇ ਉਸ ਦਾ ਮਤ, ਉਸ ਸਮੇਂ ਦਾ ਪ੍ਰਚਲਤ ਮੰਨਿਆਂ ਹੋਇਆ, ਤੇ ਕਿਸੇ ਇਤਰ ਮਤ ਦਾ ਖਿਆਲ ਦੱਸਦੇ ਹਨ :-

੧. ਗੌਤਮ ਤਪੇ ਬਿਚਾਰਿਕੈ ਰਿਗਿ ਵੇਦ ਕੀ ਕਥਾ ਸੁਣਾਈ।
੨. ਨਿਆਇ ਸਾਸਤ੍ਰ ਕੋ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ।
੩. ਸਭ ਕਛੁ ਕਰਤੇ ਵਸਿ ਹੈ ਹੋਰ ਬਾਤ ਵਿਚਿ ਚਲੇ ਨ ਕਾਈ।
੪. ਦੂਹੀ ਸਿਰੀ ਕਰਤਾਰ ਹੈ ਆਪਿ ਨਿਆਰਾ ਕਰਿ ਦਿਖਲਾਈ।
੫. ਕਰਤਾ ਕਿਨੈ ਨ ਦੇਖਿਆ ਕੁਦਰਤਿ ਅੰਦਰਿ ਭਰਮਿ ਭੁਲਾਈ।
੬. ਸੋਹੰ ਬ੍ਰਹਮੁ ਛਪਾਇਕੈ ਪੜਦਾ ਭਰਮੁ ਕਰਤਾਰੁ ਸੁਣਾਈ।
੭. ਰਿਗੁ ਕਹੈ ਸੁਣਿ ਗੁਰਮੁਖਹੁ ਆਪੇ ਆਪਿ ਨ ਦੂਜੀ ਰਾਈ।
੮. ਸਤਿਗੁਰ ਬਿਨਾ ਨ ਸੋਝੀ ਪਾਈ ॥੯॥

**ਅਰਥ**-੧.ਗੌਤਮ (ਨਾਮੇਂ) ਤਪੇ (ਰਿਖੀ) ਨੇ ਰਿਗ ਵੇਦ ਨੂੰ ਵਿਚਾਰਕੇ (ਉਸ) ਦੀ ਕਥਾ (=ਸਾਰ ਭੂਤ ਗੱਲ) ਸੁਣਾ ਦਿੱਤੀ। ੨.ਨਯਾਯ ਸ਼ਾਸਤ੍ਰ ਨੂੰ ਚੰਗੀ ਤਰ੍ਹਾਂ ਘੋਟਕੇ ਸਾਰੀ ਬਿਧੀ ਕਰਤੇ (=ਈਸ਼੍ਵਰ) ਦੇ ਹੱਥ ਦੱਸੀ (ਭਾਵ ਜੀਵ ਈਸ਼੍ਵਰ ਦੇ ਅਧੀਨ ਹੈ)। ੩.ਸਭ ਗਲਾਂ (ਉਤਪਤੀ ਪਾਲਨ

*ਹਾਸ਼ੀਆ, ਨੋਟ।

ਦੀਆਂ) ਉਸੇ ਦੇ ਕਾਬੂ ਹਨ, ਹੋਰ ਗੱਲ ਵਿਚ ਕੋਈ ਨਹੀਂ ਚਲਦੀ ਤੇ ੪.ਪਾਪ ਪੁੰਨ ਥੋਂ ਆਪ ਕਰਤਾਰ ਅਲੱਗ ਰਹਿਕੇ ਦਿਖਾਉਂਦਾ ਹੈ, ੫.(ਧੁਨੀ ਇਹ ਕਿ ਜੋ ਜੀਵ ਨਾਲੋਂ ਭਿੰਨ ਹੈ) ਉਹ ਕਰਤਾ ਅਦ੍ਰਿਸ਼ ਵਸਤੂ ਹੈ (ਸਾਰੀ ਸ੍ਰਿਸ਼ਟੀ) ਮਾਯਾ ਦੇ ਭਰਮ ਵਿਚ ਭੁਲਾ ਛੱਡੀ ਹੈਸੁ। ੬.ਸੋਹੰ ਬ੍ਰਹਮ (ਮਹਾਂਵਾਕ) ਨੂੰ ਲੁਕਾਕੇ ਭਰਮ ਦੇ ਪੜਦੇ ਦੀ ਗੱਲ ਹੀ ਕਰਤਾ (=ਗੌਤਮ) ਨੇ ਸੁਣਾਈ। ੭.(ਰਿਗ ਵੇਦ) ਕਹਿੰਦਾ ਹੈ: ਗੁਰਮੁਖੋ ਸੁਣੋ ! (ਉਹ ਤਾਂ) ਆਪੇ ਹੀ ਆਪ ਹੈ (ਉਸ ਵਿਖੇ) ਦ੍ਵੈਤ ਤਾਂ ਰਾਈ ਜਿੰਨੀ ਵੀ ਨਹੀਂ; (ਇਥੇ ਭਾਈ ਸਾਹਿਬ ਜੀ ਹੁਣ ਆਪਣਾ ਨੋਟ ਚਾੜ੍ਹਦੇ ਹਨ :) ੮.ਸੂਝ ਸਤਿਗੁਰੂ ਬਿਨਾ ਕਿਸੇ ਨੇ ਨਹੀਂ ਪਾਈ।

**ਭਾਵ**-ਰਿਗ ਵੇਦ ਬਾਬਤ ਜੋ ਕੁਝ ਨਯਾਯ ਵਾਲੇ ਆਦਿ ਦੂਜੇ ਲੋਕ ਕਹਿੰਦੇ ਹਨ ਦੱਸ ਚੁਕੇ ਹਨ। ਹੁਣ ਉਨ੍ਹਾਂ ਦਾ ਨਿਸ਼ਚਾ ਦੱਸਦੇ ਹਨ ਜੋ ਵੇਦਾਂਤ ਆਦਿ ਵਾਲੇ ਉਸੇ ਰਿਗ ਵੇਦ ਨੂੰ ਵੇਦਾਂਤ ਦਾ ਸਾਖੀ ਦੱਸਦੇ ਹਨ ਕਿ ਗੌਤਮ ਰਿਖੀ ਨੇ ਉਲਟਾ ਹੀ ਵਿਚਾਰਕੇ ਦੋ ਭੇਦ ਕਰ ਦਿੱਤੇ, ਭਈ ਜੀਵ ਭਿੰਨ ਤੇ ਈਸ਼੍ਵਰ ਭਿੰਨ, 'ਸੋਹੰ' ਬ੍ਰਹਮ ਮੰਤ੍ਰ ਨੂੰ ਛੁਪਾ ਦਿਤਾ ਤੇ ਪਰਮਾਣੂਆਂ ਥੋਂ ਸ੍ਰਿਸ਼ਟੀ ਦੀ ਉਤਪਤੀ ਮੰਨਣ ਲਗ ਪਿਆ। ਇਹ ਰੌਲਾ ਕਹਿੰਦੇ ਹਨ ਕਿ ਸਤਿਗੁਰ ਨਾ ਹੋਣ ਕਰਕੇ ਪੈ ਰਿਹਾ ਹੈ।

## ੧੦. (ਮੀਮਾਂਸਾ)।

੧. ਫਿਰਿ ਜੈਮਨਿ ਰਿਖੁ ਬੋਲਿਆ ਜੁਜਰ ਵੇਦਿ ਮਥਿ ਕਥਾ ਸੁਣਾਵੈ।
੨. ਕਰਮਾ ਉਤੇ ਨਿਬੜੈ ਦੇਹੀ ਮਧਿ ਕਰੇ ਸੋ ਪਾਵੈ।
੩. ਥਾਪਸਿ ਕਰਮ ਸੰਸਾਰ ਵਿਚਿ ਕਰਮ ਵਾਸ ਕਰਿ ਆਵੈ ਜਾਵੈ।
੪. ਸਹਸਾ ਮਨਹੁ ਨ ਚੁਕਈ ਕਰਮਾ ਅੰਦਰਿ ਭਰਮਿ ਭੁਲਾਵੈ।
੫. ਭਰਮਿ ਵਰਤਣਿ ਜਗਤਿ ਕੀ ਇਕੋ ਮਾਇਆ ਬ੍ਰਹਮ ਕਹਾਵੈ।
੬. ਜੁਜਰ ਵੇਦ ਕੋ ਮਥਨਿ ਕਰਿ ਤਤ ਬ੍ਰਹਮ ਵਿਚਿ ਭਰਮਿ ਮਿਲਾਵੈ।
੭. ਕਰਮ ਦ੍ਰਿੜਾਇ ਜਗਤਿ ਵਿਚਿ ਕਰਮ ਬੰਧਿ ਕਰਿ ਆਵੈ ਜਾਵੈ।
੮. ਸਤਿਗੁਰ ਬਿਨਾ ਨ ਸਹਸਾ ਜਾਵੈ ॥੧੦॥

**ਅਰਥ**-੧.ਫਿਰ (ਦੂਜਾ) ਜੈਮਨਿ ਰਿਖੀ (ਮੀਮਾਂਸਾ ਸ਼ਾਸਤ੍ਰ ਰਚਕੇ ਉਸ ਵਿਖੇ) ਜੁਜਰ ਵੇਦ ਦੀ ਸਾਰਭੂਤ ਗੱਲ ਦੱਸਦਾ ਹੈ। ੨.'ਕਰਮਾਂ ਉਤੇ ਨਿਬੜੇਗੀ ਸਰੀਰ ਵਿਖੇ ਜੋ (ਕਰਮ) ਕਰੂ ਸੋ (ਫਲ) ਪਾਊ'। ੩.ਉਸ ਨੇ ਕਰਮ ਕਾਂਡ ਸੰਸਾਰ ਵਿਖੇ ਸਥਾਪਨ ਕੀਤਾ (ਭਈ) ਕਰਮਾਂ ਦੀ ਵਾਸ਼ਨਾ ਦਾ ਬੱਧਾ ਹੋਇਆ (ਪ੍ਰਾਣੀ) ਆਉਂਦਾ ਜਾਂਦਾ ਹੈ। ੪.ਸੰਸਾ ਮਨ ਥੋਂ ਨਾ ਗਿਆ, ਕਰਮਾਂ ਦੇ ਭਰਮ ਅੰਦਰ ਭੁਲਾ ਦਿਤਾ। ੫.ਭਰਮ ਹੀ ਜਗਤ ਦਾ ਵਰਤਣ ਵਿਹਾਰ ਹੈ, ਮਾਯਾ ਤੇ ਬ੍ਰਹਮ ਇਕੋ ਕਹਾਉਂਦੇ ਹਨ (ਨਿਆਰੇ ਨਹੀਂ ਹਨ)। ੬.ਜੁਜਰ ਵੇਦ ਨੂੰ ਘੋਟਕੇ ਸਾਰੇ ਬ੍ਰਹਮ ਵਿਖੇ (ਧਰਮ ਕਰਮ ਦਾ) ਭਰਮ ਪਾ ਦਿੱਤਾ। ੭.ਕਰਮਾਂ ਦਾ ਹੀ ਜਗਤ ਵਿਖੇ ਉਪਦੇਸ਼ ਦਿੱਤਾ, ਕਰਮਾਂ ਦਾ ਬੱਧਾ ਹੋਇਆ ਜੀਵ ਆਉਂਦਾ ਜਾਂਦਾ ਹੈ। ੮.ਸਤਿਗੁਰਾਂ ਤੋਂ ਬਾਝ ਸੰਸਾ ਨਾ ਗਿਆ।

**ਭਾਵ**-ਮੀਮਾਂਸਾ ਸ਼ਾਸਤ੍ਰ ਦਾ ਆਚਾਰਯ ਜੈਮੁਨਿ ਨਾਮੇ ਮੁਨੀ ਹੈ, ਕਰਮਾਂ ਦਾ ਉਪਦੇਸ਼ ਕਰਕੇ ਲੋਕਾਂ ਨੂੰ ਕਰਮਾਂ ਦੀ ਬੇੜੀ ਵਿਖੇ ਉਸ ਨੇ ਬੰਨ੍ਹ ਛਡਿਆ, ਕਿ ਜਿਸ ਨੂੰ ਸ੍ਵਰਗ ਦੀ ਇੱਛਾ ਹੈ ਯੱਗ ਕਰੇ। ਛੇਕੜ ਭਾਈ ਸਾਹਿਬ ਜੀ ਆਪਣੀ ਟੂਕ ਦੇਂਦੇ ਹਨ ਕਿ ਬਿਨਾਂ ਸਤਿਗੁਰ ਦੇ ਸੰਸੇ ਬੁੱਧੀ ਦੂਰ ਨਹੀਂ ਹੋ ਸਕਦੀ।

## ੧੧. (ਵੇਦਾਂਤ)

੧. ਸਿਆਮ ਵੇਦ ਕਉ ਸੋਧਿ ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ।

੨. ਕਥਨੀ ਬਦਨੀ ਬਾਹਰਾ ਆਪੇ ਆਪਣਾ ਬ੍ਰਹਮੁ ਜਣਾਇਆ।
੩. ਨਦਰੀ ਕਿਸੈ ਨ ਲਿਆਵਈ ਹਉਮੈ ਅੰਦਰਿ ਭਰਮਿ ਭੁਲਾਇਆ।
੪. ਆਪੁ ਪੁਜਾਇ ਜਗਤਿ ਵਿਚਿ ਭਾਉ ਭਗਤਿ ਦਾ ਮਰਮੁ ਨ ਪਾਇਆ।
੫. ਤ੍ਰਿਪਤਿ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ।
੬. ਮਾਇਆ ਡੰਡ ਨ ਉਤਰੇ ਜਮਡੰਡੇ ਬਹੁ ਦੁਖਿ ਰੂਆਇਆ।
੭. ਨਾਰਦਿ ਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।
੮. ਬਿਨੁ ਸਰਨੀ ਨਹਿ ਕੋਇ ਤਰਾਇਆ ॥੧੧॥

**ਅਰਥ**-੧.ਸਾਮ ਵੇਦ ਨੂੰ ਪੜ੍ਹਕੇ ਵੇਦਾਂਤ (ਵੇਦ ਦਾ ਸਾਰ) ਕੱਢਿਆ (ਫੇਰ ਉਸ ਨੂੰ) 'ਮਥਿ' (ਰਿੜਕਕੇ) ਬਜਾਸ ਨੇ (ਸੁਖਨ) ਸੁਣਾਇਆ। ੨.ਕਥਨੀ (ਕਥਾ) ਤੇ ਬਦਨੀ (ਕਵੀਸ਼ਰੀਆਂ) ਥੋਂ (ਆਤਮਾ) ਬਾਹਰ ਹੈ ਤੇ ਆਪਣੇ ਆਪ ਨੂੰ ਹੀ ਬ੍ਰਹਮ ਜਣਾ ਦਿਤਾ। ੩.ਨਜ਼ਰ (ਤਾਂ) ਉਹ ਕਿਸੇ ਨੂੰ ਆਂਵਦਾ ਹੀ ਨਹੀਂ 'ਹਉਮੈ' ਦੇ ਭਰਮ ਦੇ ਅੰਦਰ ਜਗਤ ਭੁਲਾ ਦਿੱਤਾ। ੪.ਆਪਣੇ ਆਪ ਨੂੰ ਜਗਤ ਵਿਚ ਪੁਜਾਵਣ ਲਗ ਪਏ, ਭਾਉ ਭਗਤੀ ਦਾ ਭੇਦ ਨ ਪਾਇਆ। ੫.(ਗੱਲ ਕੀ ਬਜਾਸ ਨੂੰ ਬੀ) ਸਾਰਾ ਵੇਦ ਘੋਟ ਘੋਟ ਕੇ ਸ਼ਾਂਤਿ ਨ ਆਈ, (ਭਰਮ ਦੀ) ਅੱਗ ਦੀ ਤਪਤ ਵਿਖੇ ਅੰਦਰੋਂ ਤਪਣ ਲੱਗਾ। ੬.ਮਾਯਾ ਦਾ ਦੰਡ (ਉਸ ਦੇ ਸਿਰੋਂ) ਨਾ ਉਤਰਿਆ, ਜਮ ਦੰਡ ਦੇ ਬਾਹਲੇ ਦੁਖ ਨਾਲ (ਨਾਰਦ ਪਾਸ ਆਪਣਾ ਦੁਖ) ਰੋਇਆ (ਭਾਵ ਮਨ ਦੀ ਹਵਾੜ ਕੱਢੀ)। ੭.ਨਾਰਦ ਮੁਨੀ ਨੇ ਉਪਦੇਸ਼ ਕੀਤਾ, (ਤੇ ਉਸ ਕੋਲੋਂ) ਭਾਗਵਤ (ਸੰਬੰਧੀ ਗੁਣਾਂ ਦਾ ਜਸ) ਮਥਕੇ ਗੁਣਾਂ ਦਾ ਗੀਤ ਕਰਵਾਇਆ। ੮.ਬਿਨਾਂ (ਗੁਰੂ ਦੀ) ਸ਼ਰਣ ਥੋਂ ਕੋਈ ਨਹੀਂ ਤਰਦਾ।

**ਭਾਵਾਰਥ**-ਬਜਾਸਦੇਵ ਨੇ ਭਾਵੇਂ ਅਠਾਰਾਂ ਪੁਰਾਣ ਤੇ ਵੇਦ ਕਈ ਵੇਰਾਂ ਘੋਟੇ, ਪਰੰਤੂ ਮਨ ਨੂੰ ਸ਼ਾਂਤਿ ਨ ਆਈ। ਨਾਰਦ ਨੇ ਉਸ ਦਾ ਭੈੜਾ ਹਾਲ ਦੇਖ ਕੇ ਚਤਰ ਸ਼ਲੋਕੀ ਭਾਗਵਤ ਦਿੱਤੀ ਅਤੇ ਕਿਹਾ ਕਿ ਭਗਤੀ ਨਾਲ ਗੁਣਾਨੁਵਾਦ ਕਰ। ਜਦ ਉਸ ਨੇ ਏਵੇਂ ਕੀਤਾ ਤਦ ਮਨੋਰਥ ਸਿੱਧ ਹੋਇਆ।

ਇਹ ਭਾਈ ਸਾਹਿਬ ਜੀ ਨੇ ਵੇਦਾਂਤ ਮਤ ਦੀ ਬਾਬਤ ਪ੍ਰਚਲਤ ਨਿਸ਼ਚਾ ਵਰਣਨ ਕੀਤਾ ਹੈ। ਆਪਣੀ ਟੂਕ ਇਹ ਚਾੜ੍ਹਦੇ ਹਨ, ਕਿ ਵਾਹਿਗੁਰੂ ਦੀ ਸ਼ਰਣ ਪਏ ਬਿਨਾਂ ਕੋਈ ਤਰਿਆ ਨਹੀਂ।

## ੧੨. (ਸਾਂਖ)।

੧. ਦੁਆਪਰਿ ਜੁਗਿ ਬੀਤਤ ਭਏ ਕਲਜੁਗਿ ਕੇ ਸਿਰਿ ਛਤ੍ਰ ਫਿਰਾਈ।
੨. ਵੇਦ ਅਥਰਬਣਿ ਥਾਪਿਆ ਉਤਰਿ ਮੁਖਿ ਗੁਰਮੁਖਿ ਗੁਨ ਗਾਈ।
੩. ਕਪਲ ਰਿਖੀਸੁਰਿ ਸਾਂਖ ਮਥਿ ਅਥਰਬਨਿ ਵੇਦ ਕੀ ਰਿਚਾ ਸੁਣਾਈ।
੪. ਗਿਆਨ ਮਹਾ ਰਸ ਪੀਅਕੈ ਸਿਮਰੇ ਨਿਤ ਅਨਿਤ ਨਿਆਈ।
੫. ਗਿਆਨ ਬਿਨਾ ਨਹਿ ਪਾਈਐ ਜੇ ਕੋਈ ਕੋਟਿ ਜਤਨ ਕਰਿ ਧਾਈ।
੬. ਕਰਮ ਜੋਗ ਦੇਹੀ ਕਰੇ ਸੋ ਅਨਿਤ ਖਿਨ ਟਿਕੇ ਨ ਰਾਈ।
੭. ਗਿਆਨ ਮਤੇ ਸੁਖੁ ਊਪਜੈ ਜਨਮ ਮਰਨ ਕਾ ਭਰਮੁ ਚੁਕਾਈ।
੮. ਗੁਰਮੁਖਿ ਗਿਆਨੀ ਸਹਜਿ ਸਮਾਈ ॥੧੨॥

**ਅਰਥ**-੧.ਦ੍ਵਾਪੁਰ ਜੁਗ ਬੀਤ ਗਿਆ ਕਲਜੁਗ ਦੇ ਸਿਰ ਪੁਰ ਛੱਤ੍ਰ ਦੀ ਫਿਟਾਈ ਆਈ (ਭਾਵ ਸਮਾਂ ਆਇਆ)। ੨.ਅਥਰਬਨ ਬੇਦ ਦਾ ਤੋਰਾ ਤੁਰਿਆ, ਉੱਤਰ ਵਲ ਮੂੰਹ ਕਰਕੇ ਗੁਰਮੁਖ (ਲੋਕ) ਭਜਨ ਕਰਨ ਲੱਗੇ। ੩.ਕਪਲ (ਨਾਮ ਦਾ) ਵੱਡਾ ਰਿਖੀ ਹੋਇਆ,ਅਥਰਬਨ ਬੇਦ ਨੂੰ ਘੋਟਕੇ (ਉਸ ਦੀ) ਰਿਚਾ (ਸ਼੍ਰੁਤੀ ਦਾ ਨਾਮ) ਸਾਂਖ (ਸ਼ਾਸਤ੍ਰ) ਸੁਣਾਇਆ (ਜਿਸ ਦਾ ਮਤ ਹੇਠਲੀ ਤੁਕ ਵਿਖੇ ਵਿਦਮਾਨ

ਹੈ)। ੪.ਗਿਆਨ (ਰੂਪੀ) ਮਹਾਂ ਰਸ (ਅੰਮ੍ਰਿਤ) ਨੂੰ ਪਾਨ ਕਰੇ ਤੇ ਨਿਤ ਅਨਿੱਤ ਦਾ (ਨਿਆਈ) ਨਿਰਣਯ ਕਰੇ (ਭਾਵ ਸੱਚ ਝੂਠ ਦਾ ਨਿਤਾਰਾ ਕਰੇ)। ੫.ਗਿਆਨ ਬਾਝ (ਮੁਕਤੀ) ਨਹੀਂ ਮਿਲਦੀ ਭਾਵੇਂ ਕੋਈ ਕ੍ਰੋੜਾਂ ਜਤਨ ਕਰਕੇ ਦੌੜੇ। ੬.(ਜਿਹੜਾ) ਜੀਵ ਕਰਮ ਯੋਗ ਕਰੇਗਾ ਉਹ ਝੂਠ ਹੋਊ, ਇਕ ਰਾਈ (ਮਾਰਖਾ) ਛਿਨ (ਭਰ) ਭੀ ਨਾ ਟਿਕੇਗਾ। ੭.ਗਿਆਨ ਦੇ ਮਤ ਕਰਕੇ ਹੀ ਸੁਖ ਉਤਪਤ ਹੋਊ ਤੇ ਆਵਾਗੌਣ ਦਾ ਭਰਮ ਮਿਟ ਜਾਊ। ੮.ਗੁਰੂ ਦੁਆਰੇ ਗਿਆਨੀ 'ਸਹਜ' ਪਦ (ਸ੍ਵੈਸਰੂਪ) ਵਿਖੇ ਲੀਨ ਹੋਊ।

**ਭਾਵ**-ਭਾਈ ਸਾਹਿਬ ਜੀ ਨੇ ਸਾਂਖ ਬਾਬਤ ਇਤਰ ਮਤਾਂ ਦੀ ਰਾਇ ਦੱਸੀ ਹੈ। ਅਰਥਾਤ ਜਿਸ ਭਾਵ ਵਿਚ ਸਾਂਖ ਮਤ ਵਾਲਿਆਂ ਦਾ ਕੋਈ ਫ਼ਿਰਕਾ ਮੰਨੀ ਬੈਠਾ ਹੈ ਕਿ ਕੇਵਲ ਸਤਿ ਅਸੱਤਿ ਦਾ ਨਿਰਣਾ ਚਾਹੀਏ, ਜੋਗ ਦੀ ਲੋੜ ਨਹੀਂ ਰੱਖੀ, ਕਿਉਂਕਿ ਸਾਂਖ ਕਰਤਾਰ ਨੂੰ ਨਹੀਂ ਮੰਨਦਾ*; ਉਸ ਦਾ ਹਾਲ ਦੱਸਕੇ ਆਪਣੀ ਟੂਕ ਇਹ ਲਾਈ ਹੈ ਕਿ ਸਹਜ ਪਦ ਵਿਚ ਪਹੁੰਚਣਾ ਠੀਕ ਕੰਮ ਹੈ; ਗੁਰੂ ਦੁਆਰਾ ਮਿਲ। ਸਹਜ ਪਦ ਨਾਲ ਆਤਮਾ ਅਕਾਲ ਪੁਰਖ ਨਾਲ ਜਾ ਮਿਲਦੀ ਹੈ।

## ੧੩. (ਵੈਸ਼ੇਖਕ)॥

੧. ਬੇਦ ਅਥਰਬਨ ਮਥਨ ਕਰਿ ਗੁਰਮੁਖਿ ਬਾਸੇਖਕ ਗੁਨ ਗਾਵੈ।
੨. ਜੇਹਾ ਬੀਜੈ ਸੋ ਲੁਣੈ ਸਮੇ ਬਿਨਾ ਫਲੁ ਹਥਿ ਨ ਆਵੈ।
੩. ਹੁਕਮੈ ਅੰਦਰਿ ਸਭੁ ਕੋ ਮੰਨੈ ਹੁਕਮੁ ਸੋ ਸਹਿਜ ਸਮਾਵੈ।
੪. ਆਪੋ ਕਛੂ ਨ ਹੋਵਈ ਬੁਰਾ ਭਲਾ ਨਹਿ ਮੰਨਿ ਵਸਾਵੈ;
੫. ਜੈਸਾ ਕਰਿ ਤੈਸਾ ਲਹੈ ਰਿਖਿ ਕਨਾਦਿਕ ਭਾਖਿ ਸੁਣਾਵੈ।
੬. ਸਤਿਜੁਗਿ ਕਾ ਅਨਿਆਇ ਸੁਣਿ ਇਕ ਫੇੜੇ ਸਭੁ ਜਗਤ ਮਰਾਵੈ।
੭. ਤ੍ਰੇਤੇ ਨਗਰੀ ਪੀੜੀਐ, ਦੁਆਪਰਿ ਵੰਸੁ ਕੁਵੰਸ ਕੁਹਾਵੈ।
੮. ਕਲਿਜੁਗ ਜੋ ਫੇੜੇ ਸੋ ਪਾਵੈ ॥੧੩॥

**ਅਰਥ**-੧.ਅਥਰਬਣ ਬੇਦ ਨੂੰ ਵਿਚਾਰਕੇ 'ਗੁਰਮੁਖ' (ਕਣਾਦ ਨਾਮੇ ਆਚਾਰਯ) ਨੇ ਬਾਸੇਖਕ (ਨਾਮੇ ਸ਼ਾਸਤ੍ਰ) ਦੇ ਗੁਣ ਗਾਏ। ੨.'ਜੇਹਾ ਕੋਈ ਬੀਜੇਗਾ ਤੇਹਾ ਕੱਟੇਗਾ, ਸਮੇਂ ਬਿਨਾਂ ਫਲ ਹੱਥ ਨਾ ਆਊ।' ੩.ਹੁਕਮ ਦੇ ਅੰਦਰ ਸਾਰੀ (ਸ੍ਰਿਸ਼ਟੀ) ਹੈ, (ਜੋ) ਹੁਕਮ ਮੰਨੇ ਸਹਿਜ ਪਦ ਵਿਖੇ ਲੀਨ ਹੋਊ। ੪.ਆਪਣੇ ਵੱਸ ਕੁਝ ਨਹੀਂ ਹੈ, ਬੁਰਾ ਭਲਾ ਮਨ ਵਿਖੇ ਨਾ ਵਸਾਵੇ (ਭਈ ਮੈਂ ਕੀਤਾ ਹੈ, ਇਹ ਤਾਂ ਸਮਾਂ ਹੀ ਕਰਦਾ ਹੈ)। ੫.ਜੇਹਾ ਕਰੇਗਾ ਤੇਹਾ (ਫਲ ਉਹੋ ਪ੍ਰਾਣੀ) ਲਵੇਗਾ ਇਹ ਕਣਾਦ ਰਿਖੀ ਕਹਿਕੇ (ਲੋਕਾਂ ਨੂੰ) ਸੁਣਾਉਂਦਾ ਹੈ। ੬.ਸਤਿਜੁਗ ਦੇ ਹਨੇਰ ਦੀ ਗੱਲ ਸੁਣੋ ਇਕ ਕੁਕਰਮ ਕਰਦਾ ਸੀ ਤੇ ਸਾਰਾ ਦੇਸ਼ ਹੀ ਮਰਦਾ ਹੀ! ੭.ਤ੍ਰੇਤੇ ਵਿਚ ਨਗਰੀ ਪੀੜੀਦੀ ਸੀ, ਦੁਆਪੁਰ ਵਿਖੇ ਵੰਸ (ਕੁਵੰਸ=) ਖੋਟੀ ਵੰਸ ਕੋਹੀ ਜਾਂਦੀ ਸੀ। ੮.ਕਲਿਜੁਗ ਵਿਖੇ ਜੋ ਕਰਮ ਕਰੂ ਸੋਈ ਪਾਊ।

**ਭਾਵ**- ਇਸ ਵਿਚ ਵੈਸੇਖਕ ਮਤ ਦਾ ਵਰਣਨ ਕੀਤਾ ਹੈ, ਜਿਸ ਨੇ ਕਰਮਾਂ ਉਪਰ ਨਿਬੇੜੀ ਹੈ। ਪਿਛਲੇ ਜੁਗਾਂ ਬਾਬਤ ਲੋਕੀ ਮੰਨਦੇ ਸਨ ਕਿ ਇਕ ਦੀ ਥਾਂਵੇਂ ਬਹੁਤੇ ਸਜ਼ਾ ਪਾਉਂਦੇ ਸਨ। ਪਰ ਕਣਾਦ ਨੇ ਕਰਮਾਂ ਸਿਰ ਰੱਖਕੇ ਛੁਟੀ ਕਰਾ ਦਿਤੀ ਕਿ ਜੋ ਕਰੇ ਸੋ ਪਾਵੇਗਾ। ਭਾਈ ਸਾਹਿਬ ਜੀ ਕਣਾਦ ਦੇ ਇਸ ਖਿਆਲ ਨੂੰ ਨਜਾਇ ਯੁਕਤ ਦੇਖ ਕੇ ਪਸੰਦ ਕਰਦੇ ਹਨ ਕਿ ਜੋ ਫੇੜੇ ਸੋ ਪਾਵੇ। ਪਰ ਕਣਾਦ ਦੇ ਮਤ ਨਾਲ ਸਾਰੀ ਸੰਮਤੀ ਨਹੀਂ ਕਹਿ ਰਹੇ।

---

*ਓਹ ਕੇਵਲ ਸਾਂਖ-ਗ੍ਯਾਨ ਨੂੰ ਮੰਨਦੇ ਹਨ ਕਿ ਆਹ ਪ੍ਰਕ੍ਰਿਤੀ ਹੈ ਤੇ ਆਹ ਪੁਰਖ ਹੈ। ਇਹ ਜਾਣਨਾ ਗ੍ਯਾਨ ਹੈ। ਓਹ ਯੋਗ ਵਾਂਙੂ ਪੁਰਖ ਵਿਸ਼ੇਸ਼ ਕਿ ਈਸ਼੍ਵਰ ਨੂੰ ਨਹੀਂ ਮੰਨਦੇ।

## ੧੪. (ਨਾਗ-ਸ਼ੇਸ਼ਨਾਗ, ਪਾਤੰਜਲ)।

੧. ਸੇਖਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।
੨. ਵੇਦ ਅਥਰਬਣ ਬੋਲਿਆ ਜੋਗ ਬਿਨਾ ਨਹਿ ਭਰਮੁ ਚੁਕਾਈ।
੩. ਜਿਉ ਕਰਿ ਮੈਲੀ ਆਰਸੀ ਸਿਕਲ ਬਿਨਾ ਨਹਿ ਮੁਖਿ ਦਿਖਾਈ।
੪. ਜੋਗੁ ਪਦਾਰਥ ਨਿਰਮਲਾ ਅਨਹਦ ਧੁਨਿ ਅੰਦਰਿ ਲਿਵਲਾਈ।
੫. ਅਸਟਦਸਾ ਸਿਧਿ ਨਉ ਨਿਧੀ ਗੁਰਮੁਖ ਜੋਗੀ ਚਰਨ ਲਗਾਈ।
੬. ਤ੍ਰਿਹੁ ਜੁਗਾ ਕੀ ਬਾਸਨਾ ਕਲਿਜੁਗ ਵਿਚਿ ਪਾਤੰਜਲਿ ਪਾਈ।
੭. ਹਥੋ ਹਥੀ ਪਾਈਐ ਭਗਤਿ ਜੋਗ ਕੀ ਪੂਰ ਕਮਾਈ।
੮. ਨਾਮ ਦਾਨ ਇਸਨਾਨੁ ਸੁਭਾਈ॥੧੪॥

**ਅਰਥ**-੧.(ਨਾਗਾਂ ਵਿਚੋਂ) ਗੁਰਮੁਖ (=ਸ਼ਿਰੋਮਣੀ) ਸ਼ੇਸ਼ਨਾਗ ਹੈ। (ਉਸ) ਨਾਗ ਨੇ ਮਥਕੇ (ਵੇਦਾਂ ਨੂੰ) ਪਾਤੰਜਲ (ਰਿਖੀ ਦਾ ਔਤਾਰ ਹੋਕੇ ਆਪਣੇ ਰਾਮ ਵਾਲਾ ਪਾਤੰਜਲ ਸ਼ਾਸਤ੍ਰ) ਸੁਣਾਇਆ, ਇੱਤ੍ਯਨ੍ਵਯ:। ੨.(ਉਸ ਵਿਖੇ)ਵੇਦ ਅਥਰਬਣ ਦੇ ਵਾਕ ਬੋਲੇ, (ਭਈ) ਜੋਗ ਥੋਂ ਬਾਝ ਭਰਮ ਨਹੀਂ ਹਟਦਾ; (ਧੁਨੀ ਇਹ ਕਿ ਜੋਗ ਪ੍ਰਾਣਾਯਾਮ ਸ੍ਰੇਸ਼ਟ ਹੈ)। ੩.ਜਿੱਕੁਰ ਮੈਲੀ ਆਰਸੀ ਵਿਖੇ ਸਿਕਲ* ਕੀਤੇ ਬਾਝ ਮੂੰਹ ਨਹੀਂ ਦਿੱਸਦਾ। ੪.ਜੋਗ ਪਦਾਰਥ ਵਡੀ ਸ਼ੁੱਧ ਵਸਤੂ ਹੈ, ਅਨਹਦ ਧੁਨੀ (ਦਸਮ ਦ੍ਵਾਰ) ਵਿਖੇ ਬ੍ਰਿਤੀ ਲਗ ਜਾਂਦੀ ਹੈ। ੫.(ਫਲ ਇਹ ਕਿ) †ਅਠਾਰਾਂ ਸਿੱਧੀਆਂ ਤੇ ਨੌ ਨਿੱਧਾਂ ਜੋਗੀ ਗੁਰਮੁਖ ਦੇ ਪੈਰੀਂ ਲਗਦੀਆਂ ਹਨ। ੬.ਤਿੰਨਾਂ ਜੁਗਾਂ ਦੀਆਂ ਵਾਸ਼ਨਾਂ ਕਲਿਜੁਗ ਵਿਖੇ ਪਾਤੰਜਲੀ ਨੇ ਪਾ ਲਈਆਂ ਹਨ; (ਸਿੱਟਾ ਇਹ ਕਿ ਜੋ ਪਾਤੰਜਲ ਸ਼ਾਸਤ੍ਰ ਅਨੁਸਾਰ ਜੋਗ ਕਰਦਾ ਹੈ ਸੋ ਪਾ ਲੈਂਦਾ ਹੈ)। ੭.(ਪਰੰਤੂ ਭਾਈ ਸਾਹਿਬ ਜੀ ਆਪਣਾ ਮਤ ਸੱਤਵੀਂ ਤੇ ਅੱਠਵੀਂ ਤੁਕ ਵਿਖੇ ਛੀ ਸ਼ਾਸਤ੍ਰਾਂ ਦੀ ਸਮਾਪਤੀ ਪਰ ਦੱਸਦੇ ਹਨ:-) ਪਰ ਭਗਤੀ ਜੋਗ ਦੀ ਪੂਰੀ ਕਮਾਈ ਹੈ, (ਇਸ ਦਾ ਫਲ) ਹਥੋ ਹਥੀ ਪਾ ਲਈਦਾ ਹੈ। ੮.(ਇਸ ਭਗਤਿ ਯੋਗ ਦਾ ਰੂਪ) ਨਾਮ ਦਾਨ ਤੇ ਇਸ਼ਨਾਨ ਹੈ (ਪਰੰਤੂ) ਨਿਸ਼ਕਾਮ ਹੋਕੇ ††(ਕਰੇ)।

ਹੁਣ ੧੫ਵੀਂ ਪਉੜੀ ਵਿਖੇ ਦੱਸਦੇ ਸਨ ਕਿ ਸਮਾਂ ਗਿਆ ਹੋਯਾ ਫੇਰ ਹਥ ਨਹੀਂ ਆਉਂਦਾ। ਹਰ ਜੁਗ ਦਾ ਜੀਵ ਕਰਮ ਕਰਦਾ 'ਵਾਸ਼ਨਾ' ਨੂੰ ਦੂਰ ਨਹੀਂ ਕਰਦਾ, ਓਹ ਵਾਸ਼ਨਾ ਹਰ ਜੁਗ ਵਿਚ ਜਨਮ ਮਰਨ ਦੇਂਦੀਆਂ ਹਨ। ਕਲਜੁਗ ਵਿਚ ਬੀ ਓਹ ਵਾਸ਼ਨਾ ਬੱਧੇ ਤੇ ਕਰਮ ਬੱਧੇ ਜਨਮਦੇ ਹਨ, ਤੇ ਫੇਰ ਕਰਮ ਵਿਚ ਫਸ ਜਾਂਦੇ ਹਨ। ਐਉਂ ਹਰ ਸਮੇਂ ਜੀਵ ਉਕਦਾ ਢੁਕਦਾ ਹੈ ਤੇ ਆਵਾਗਵਨ ਨਹੀਂ ਮਿਟਦਾ।

## ੧੫. (ਜੁਗਾਂ ਬਾਬਤ ਪ੍ਰਚਲਿਤ ਖ਼ਿਆਲ)।

੧. ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।
੨. ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ।

*ਪਹਿਲੇ ਪੁਰਾਤਨ ਸਮੇਂ ਲੋਹੇ ਨੂੰ ਸਿਕਲ ਕਰ ਕਰਕੇ ਇਤਨਾ ਚਮਕਾ ਲੈਂਦੇ ਸਨ ਕਿ ਉਸ ਵਿਚ ਮੂੰਹ ਦਿੱਸਣ ਲੱਗ ਪੈਂਦਾ ਸੀ। ਅਜ ਕਲ ਵਾਂਙੂ ਤਦੋਂ ਸ਼ੀਸ਼ੇ ਦੀ ਆਰਸੀ ਨਹੀਂ ਸੀ ਹੁੰਦੀ। ਇਸ ਕਰਕੇ ਪਦ ਸਿਕਲ ਵਰਤਿਆ ਹੈ।

†ਯੋਗ ਦੇ ਤੀਸਰੇ ਧਿਆ ਵਿਚ ਯੋਗ ਦੁਆਰਾ ਰਿਧੀਆਂ ਸਿਧੀਆਂ ਦਾ ਪ੍ਰਕਾਰ ਦੱਸਿਆ ਹੈ।

††ਸੁਭਾਈ= ਸੁ+ਭਾਵ+ਈ=ਚੰਗੇ ਪ੍ਰੇਮ ਨਾਲ ਭਾਵ ਕਾਮਨਾ ਰਹਤ ਹੋਕੇ, ਕੇਵਲ ਪ੍ਰੇਮ ਦੀ ਖਾਤਰ ਭਗਤੀ ਕਰੇ।

 www.sikhbookclub.com

੩. ਸਤਿਜੁਗਿ ਦੂਜਾ ਭਰਮੁ ਕਰਿ ਤ੍ਰੇਤੇ ਵਿਚਿ ਜੋਨੀ ਫਿਰਿ ਆਵੈ।
੪. ਤ੍ਰੇਤੇ ਕਰਮਾ ਬਾਧਤੇ ਦੁਆਪਰਿ ਫਿਰਿ ਅਵਤਾਰ ਕਰਾਵੈ।
੫. ਦੁਆਪਰਿ ਮਮਤਾ ਅਹੰਕਾਰ ਹਉਮੈ ਅੰਦਰਿ ਗਰਬਿ ਗਲਾਵੈ।
੬. ਤ੍ਰਿਹੁ ਜੁਗਾ ਕੇ ਕਰਮ ਕਰਿ ਜਨਮ ਮਰਨ ਸੰਸਾ ਨ ਚੁਕਾਵੈ।
੭. ਫਿਰਿ ਕਲਿਜੁਗ ਅੰਦਰਿ ਦੇਹਿ ਧਰਿ ਕਰਮਾਂ ਅੰਦਰਿ ਫੇਰ ਫਸਾਵੈ।
੮. ਅਉਸਰੁ ਚੁਕਾ ਹਥ ਨ ਆਵੈ ॥੧੫॥

**ਪਦਾਰਥ**-(ਮੇਰੁ ਸਰੀਰ ਕਾ=ਸਰੀਰ ਦਾ ਸ਼ਰੋਮਣੀ, ਅਰਥਾਤ ਜੀਵਾਤਮਾ। ਮਰਮੁ = ਭੇਦ।)

**ਅਰਥ**-੧.ਹਰ ਇਕ ਜੁਗ ਵਿਖੇ ਸਰੀਰ ਦਾ ਮੇਰੁ (ਅਰਥਾਤ ਜੀਵਆਤਮਾ) ਵਾਸ਼ਨਾ ਦਾ ਬੱਧਾ ਹੋਇਆ (ਚੌਰਾਸੀ ਵਿਚ) ਭਟਕਦਾ ਹੈ। ੨.ਵਾਰ ਵਾਰ (ਦੇਹ) ਵਟਦੀ ਜਾਂਦੀ ਹੈ (ਇਸ ਗੱਲ ਦਾ) ਭੇਦ (ਕੋਈ)ਗਿਆਨੀ ਪਾਉਂਦਾ ਹੈ। ੩.ਸਤਿਜੁਗ ਵਿਚ ਦੂਜੇ ਭਾਵ ਦਾ ਭਰਮ ਕਰਕੇ ਤ੍ਰੇਤੇ ਵਿਖੇ ਫੇਰ ਜੂਨਾਂ ਵਿਖੇ ਆਉਂਦਾ ਹੈ। ੪.ਤ੍ਰੇਤੇ ਵਿਖੇ ਕਰਮਾਂ ਦੇ ਬੰਧਨਾਂ ਨਾਲ ਫਸਿਆ ਹੋਇਆ ਫਿਰ ਦੁਆਪਰ ਵਿਖੇ ਅਵਤਾਰ ਧਾਰਦਾ ਹੈ। ੫.ਦੁਆਪਰ ਵਿਖੇ ਮਮਤਾ ਤੇ ਹੰਕਾਰ ਦਾ ਮਾਰਿਆ, ਮੈਂ ਮੈਂ ਕਰਦਾ ਹੀ ਗਰਬ ਵਿਖੇ ਗਲ ਜਾਂਦਾ ਹੈ (ਭਾਵ ਮਰ ਜਾਂਦਾ ਹੈ)। ੬.ਤਿੰਨਾਂ ਜੁਗਾਂ ਦੇ ਕਰਮ ਕਰਦਾ ਜੰਮਣ ਮਰਨ ਦਾ ਫਿਕਰ ਨਹੀਂ ਚੁਕਾਉਂਦਾ। ੭.(ਦੁਆਪਰ ਦਾ ਬੱਧਾ) ਕਲਜੁਗ ਅੰਦਰ ਦੇਹ ਧਾਰਕੇ ਫੇਰ (ਆਪ ਨੂੰ) ਕਰਮਾਂ ਵਿਚ ਹੀ ਫਸਾਈ ਜਾਂਦਾ ਹੈ। ੮.ਸਮਾਂ ਗਿਆ ਹੋਇਆ ਫੇਰ ਹੱਥ ਨਹੀਂ ਆਉਂਦਾ।

**ਭਾਵ**-ਜੀਵ ਦਾ ਕਰਮ ਵੱਸ ਹੋ ਕੇ ਭਟਕਣਾ ਅਰ ਜੁਗ ਦੇ ਪਲਟਿਆਂ ਭੀ ਦੂਜੇ ਜੁਗਾਂ ਵਿਚ ਜੰਮਦੇ ਮਰਦੇ ਰਹਿਣਾ, ਕਰਮਾਂ ਦੇ ਗੇੜ ਨੇ ਆਵਾਗੌਣ ਦਾ ਚੱਕ੍ਰ ਨਾ ਟੁੱਟਣ ਦੇਣਾ ਇਹ ਕਰਮ ਪ੍ਰਧਾਨੀ ਲੋਕਾਂ ਦਾ ਮਤ ਹੈ,ਜਿਸ ਦਾ ਭਾਈ ਸਾਹਿਬ ਜੀ ਨੇ ਕਥਨ ਕੀਤਾ ਹੈ। ਕਿਉਂਕਿ ਵਾਸ਼ਨਾ ਨਹੀਂ ਮਿਟਦੀਆਂ।

## ੧੬. (ਕਲਜੁਗ ਤੇ ਨਾਮ)।

੧. ਕਲਿਜੁਗਿ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ।
੨. ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨ ਠੌਰ ਨ ਥਾਈ।
੩. ਲਹੇ ਕਮਾਣਾ ਏਤ ਜੁਗਿ ਪਿਛਲੀ ਜੁੱਗੀਂ ਕਰੀ ਕਮਾਈ।
੪. ਪਾਇਆ ਮਾਨਮ ਦੇਹਿ ਕਉ ਐਥੋਂ ਚੁਕਿਆ ਠੌਰ ਨ ਠਾਈ।
੫. ਕਲਿਜੁਗ ਕੇ ਉਪਕਾਰ ਸੁਣਿ ਜੈਸੇ ਬੇਦ ਅਥਰਬਣ ਗਾਈ।
੬. ਭਾਉ ਭਗਤਿ ਪਰਵਾਣ ਹੈ ਜਗ ਹੋਮ ਤੇ ਪੁਰਬ ਕਮਾਈ।
੭. ਕਰਿਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।
੮. ਕਲਿਜੁਗਿ ਨਾਵੈ ਕੀ ਵਡਿਆਈ ॥੧੬॥

**ਅਰਥ**-੧.ਕਲਿਜੁਗ ਦੀ 'ਸਾਧਨਾ' ਸੁਣੋ, ਕਰਮ ਕਿਰਤ ਦੀ (ਰਾਈ ਜਿੰਨੀ) ਕੋਈ (ਗੱਲ) ਨਹੀਂ ਚੱਲ ਸਕਦੀ। ੨.ਭਗਵਾਨ ਦੇ ਭਜਨ ਬਾਝ ਤੇ ਪ੍ਰੇਮਾ ਭਗਤੀ ਬਾਝ ਨਾਂ (ਏਥੇ) ਠੌਰ ਨਾ (ਅਗੇ) ਥਾਂ (ਮਿਲੇਗੀ)। ੩.ਪਿਛਲੇ ਜੁਗਾਂ ਵਿਚ ਜੋ ਕਮਾਈ ਕੀਤੀ ਹੈ, ਉਸ ਦਾ ਕਮਾਣਾ (=ਫਲ) ਇਥੇ ਲਹਿ ਜਾਂਦਾ ਹੈ, (ਅਰਥਾਤ ਕਲਜੁਗ ਵਿਚ ਛੁਟਕਾਰੇ ਦਾ ਅਵਸਰ ਹੈ)। ੪.(ਤੂੰ) ਮਨੁਖ ਜਨਮ ਨੂੰ ਪਾਇਆ ਹੈ, ਜੇ ਏਥੋਂ ਚੁੱਕ ਗਿਆ (ਤਾਂ ਦੁਹਾਂ ਲੋਕਾਂ ਵਿਖੇ) ਥਾਉਂ ਨਹੀਂ ਮਿਲਣੀ। ੫.ਕਲਿਜੁਗ ਦੇ ਉਪਕਾਰ ਸੁਣ, ਜਿਵੇਂ ਕਿ ਅਥਰਬਣ ਬੇਦ ਗਵਾਹੀ ਦਿੰਦਾ ਹੈ। (ਹੁਣ ਆਪਣਾ ਨੋਟ ਦਿੰਦੇ ਹਨ:-) ੬.ਪ੍ਰੇਮਾ ਭਗਤੀ ਹੀ ਪਰਵਾਣ ਹੈ,'(ਇਹੋ ਹੀ) ਜੱਗ ਹੋਮ ਤੇ ਪੁਰਬਾਂ ਦੀ ਕਮਾਈ ਹੈ। ੭.(ਕਰਮਾਂ) ਕਰਕੇ

ਫੇਰ ਆਪ ਨੂੰ ਨੀਵਾਂ ਸਦਾਵੇ ਤਦ ਸਦਾ ਪ੍ਰਭੂ ਲੇਖੇ ਪਾਉਂਦਾ ਹੈ। ੮.ਕਲਜੁਗ (ਵਿਖੇ ਇਕ) ਨਾਮ ਦੀ ਹੀ ਵਡਿਆਈ ਹੈ।

**ਭਾਵਾਰਥ-** "**ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰ ਪਾਏ॥**" ਅਨੁਸਾਰ ਕਲਿਜੁਗ ਵਿਖੇ ਕਰਮ ਕਾਂਡ ਦੀ* ਰਾਈ ਸਾਰਖੀ ਗੱਲ ਨਹੀਂ ਚਲਦੀ। ਇਹ ਪਿਛਲੇ ਜੁਗਾਂ ਦਾ ਕਰਮ ਸੀ, ਹੁਣ ਤਾਂ ਕਰਮ ਹੀ ਅਧੂਰੇ ਰਹਿ ਜਾਂਦੇ ਹਨ, "**ਬੀਉ ਬੀਜ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥**" ਕੇਵਲ ਭਾਈ ਸਾਹਿਬ ਜੀ ਦਾ ਸਿੱਧਾਂਤ ਇਹੋ ਹੈ ਕਿ ਪ੍ਰੇਮਾ ਭਗਤੀ ਤੇ ਨਾਮ ਦਾ ਆਸ਼੍ਰਯ ਨਾ ਛੱਡੋ, ਕਿਉਂ ਜੋ ਜੰਞ ਲਾੜੇ ਨਾਲ ਹੀ ਸੋਂਹਦੀ ਹੈ, ਤਥਾ ਸਾਰੇ ਸਾਧਨ ਨਾਮ ਨਾਲ ਸੁਭਾਇਮਾਨ ਹੁੰਦੇ ਹਨ, "**ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥**" ਅਗਲੀਆਂ ੬ ਪਉੜੀਆਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਾ ਵਰਣਨ ਕਰਦੇ ਹਨ:-

## ੧੭. (ਜੁੱਗ ਗਰਦੀ)

੧. ਜੁਗ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।
੨. ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।
੩. ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।
੪. ਨਿੰਦਿਆ ਚਲੇ ਵੇਦ ਦੀ ਸਮਝਨਿ ਨਹਿ ਅਗਿਆਨਿ ਗੁਬਾਰਾ।
੫. ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।
੬. ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।
੭. ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਵਣਜਾਰਾ।
੮. ਚੜੇ ਸੂਰ ਮਿਟਿ ਜਾਇ ਅੰਧਾਰਾ ॥੧੭॥

**ਪਦਾਰਥ-** (ਗਰਦੀ = ਬਦਲੀ)

**ਅਰਥ-**੧.ਜੁਗਾਂ ਦੀ ਬਦਲੀ ਜਦ ਹੋਣ ਲਗਦੀ ਹੈ, (ਤਦ) ਜੁਗ ਪਲਟ ਜਾਂਦਾ ਹੈ (ਫੇਰ) ਵਰਤਾਰਾ ਕੀ ਹੁੰਦਾ ਹੈ? (ਉੱਤਰ ਅੱਗੇ ਦਿੰਦੇ ਹਨ:-) ੨.ਜਗਤ ਵਿਖੇ (ਗਿਲਾਨੀ=) ਵੈਰ ਭਾਵ ਹੋ ਜਾਂਦਾ ਹੈ, ਪਾਪ ਵਰਤ ਜਾਂਦਾ ਹੈ ਤੇ ਸੰਸਾਰ ਭ੍ਰਿਸ਼ਟਾਚਾਰੀ ਹੋ ਜਾਂਦਾ ਹੈ। ੩.ਇਕ ਵਰਣ ਨੂੰ ਦੂਜਾ ਵਰਣ ਚੰਗਾ ਨਹੀਂ ਲਗਦਾ, ਬਾਂਸਾਂ ਦੀ ਅੱਗ ਵਾਂਗੂ (ਲੋਕ) ਖਹਿ ਖਹਿ ਸੜ ਮਰਦੇ ਹਨ। ੪.ਪਰਮੇਸ਼ੁਰ ਦੇ ਗਯਾਨ ਦੀ ਲੋਕ ਨਿੰਦਾ ਕਰਦੇ ਹਨ, ਅਗਯਾਨ ਦੇ 'ਗੁਬਾਰ' (ਹਨੇਰੇ) ਵਿਖੇ (ਕਿਸੇ ਨੂੰ ਕੋਈ) ਨਹੀਂ ਸਮਝਦਾ। ੫.ਬੇਦ (ਕੀ ਹੈ?) ਗੁਰੂ ਹੱਟੀ ਦਾ ਗ੍ਰੰਥ ਹੈ (ਗੁਰੂ ਕੇ ਉਪਦੇਸ਼ ਜਿਸ ਵਿਚ ਲਿਖੇ ਹੋਣ ਉਹੀ ਵੇਦ† ਹੈ), ਜਿਸ ਦੇ ਆਸਰੇ ਭਵਜਲ ਪਾਰ ਹੋ ਸਕੀਦਾ ਹੈ। ੬.ਸੱਚੇ ਗੁਰੂ ਦੇ ਬਾਝ ਸਮਝ ਹੀ ਨਹੀਂ ਪੈਂਦੀ (ਤੇ ਗੁਰੂ ਨਹੀਂ ਲੱਭਦਾ) ਜਦ ਤਕ (ਕਿ ਆਪ) ਗੁਰੂ ਅਵਤਾਰ ਨਾ ਧਾਰੇ। ੭.ਗੁਰੂ ਪਰਮੇਸ਼ੁਰ ਇਕ ਹੀ ਰੂਪ ਹੈ, (ਗੁਰੂ ਹੀ) ਸੱਚਾ ਸ਼ਾਹ ਹੈ ਤੇ ਜਗਤ ਵਣਜਾਰਾ ਹੈ। ੮.(ਜਿੱਕੁਰ) ਸੂਰਜ ਉਦਯ ਹੋਵੇ ਤਾਂ ਹਨੇਰਾ ਮਿਟ ਜਾਂਦਾ ਹੈ, (ਤਿਵੇਂ ਗੁਰੂ ਦੇ ਪ੍ਰਗਟਿਆਂ ਅਗਯਾਨ ਦਾ ਹਨੇਰਾ ਮਿਟ ਜਾਂਦਾ ਹੈ))।

---

*ਕਰਮ ਕਾਂਡ ਵਿਚ ਦੱਸੇ ਯੱਗ ਆਦੀ ਕਰਮ।

†ਸ਼ਿਵ ਸੰਹਿਤਾ ਵਿਚ ਲਿਖਿਆ ਹੈ ਕਿ ਪੰਡਤ ਜਨ ਵੇਦ ਨੂੰ ਵੇਦ ਨਹੀਂ ਕਹਿੰਦੇ ਪਰ ਵੇਦ ਹੈ ਬੀ ਨਹੀਂ, ਪ੍ਰੰਤੂ ਪਰਮਾਤਮਾ ਜਿਸ ਵਿਚ ਜਾਣਿਆ ਜਾਏ ਉਹੋ ਗਿਆਨੀਆਂ ਨੇ ਵੇਦ ਕਿਹਾ ਹੈ।

## ੧੮. (ਬੌਧ ਮਤ)।

੧. ਕਲਿਜੁਗਿ ਬੌਧੁ ਅਉਤਾਰੁ ਹੈ ਬੋਧ ਅਬੋਧੁ ਨ ਦ੍ਰਿਸ਼ਟੀ ਆਵੈ।
੨. ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
੩. ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜੀ ਪੁਜਾਵੈ।
੪. ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
੫. ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ।
੬. ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
੭. ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।
੮. ਫੋਕਟਿ ਧਰਮੀ ਭਰਮਿ ਭੁਲਾਵੈ ॥੧੮॥

**ਅਰਥ:**-੧. ਕਲਿਜੁਗ (ਵਿਖੇ) ਬੌਧ ਅਵਤਾਰ ਹੋਇਆ ਪਰ ਗਿਆਨ ਅਗਯਾਨ (ਤੋਂ ਨਿਰਨੇ ਹੋਇਆ ਕਿਤੇ) ਨਹੀ ਦਿੱਸਦਾ। ੨. ਕੋਈ ਕਿਸੇ ਨੂੰ ਮਨ੍ਹੇਂ ਨਹੀਂ ਕਰਦਾ (ਤੇ ਹਰ ਕੋਈ) ਉਹੋ ਕਰਦਾ ਹੈ ਜੋ ਮਨ ਨੂੰ ਚੰਗਾ ਲੱਗੇ, (ਭਾਵ ਗਿਆਨਵਾਨ ਤਾਂ ਰਜ਼ਾ ਤੇ ਚਲਦੇ ਹਨ, ਤੇ ਇਹ ਲੋਕ ਮਨ ਦੀ ਮਤ ਦੇ ਮਗਰ ਤੁਰਦੇ ਹਨ)। ੩. ਕਿਸੇ ਨੇ ਜੜ੍ਹ ਸ਼ਿਲਾ ਪੁਜਾਈ, ਕਿਸੀ ਕਬਰ ਤੇ ਮੜ੍ਹੀ (ਆਪਣੀ) ਪੁਜਾਈ। (ਬੁੱਧ ਜੀ ਦੀਆਂ ਮੂਰਤਾਂ, ਦੰਦ, ਮਠ ਆਦਿ ਪੂਜੇ ਜਾਂਦੇ ਹਨ) ੪. (ਕਈ) ਮੰਤ੍ਰ ਤਵੀਤ ਤੇ ਪਖੰਡ ਕਰਨ ਲੱਗੇ; ਝਗੜਾ, ਗੁੱਸਾ, ਤੇ ਵਿਤੰਡਾਵਾਦ ਵਧ ਗਿਆ (ਬੋਧੀ ਲੋਗ ਐਸੇ ਵਹਿਮਾਂ ਵਿਚ ਹੁਣ ਵੀ ਪ੍ਰਵਿਰਤ ਹਨ)। ੫. ਆਪੋ ਧਾਪੀ ਹੋਕੇ ਅੱਡੋ ਅੱਡ ਧਰਮ ਤੋਰੇ ਜਾ ਰਹੇ ਹਨ (ਬੋਧ ਤੋਂ ਛੁੱਟ ਅਨੇਕਾਂ ਮਤ ਜਾਰੀ ਹਨ)। ੬. ਕੋਈ ਚੰਦਰਮਾਂ ਕੋਈ ਸੂਰਜ ਹੀ ਪੂਜਣ ਲੱਗ ਪਿਆ, ਕੋਈ ਧਰਤੀ ਤੇ ਅਕਾਸ਼ (ਸੰਬੰਧੀ ਦੇਵਤੇ) ਮਨਾਉਣ ਲਗੇ (ਦਿੱਤ ਨਾਥ, ਅਦਿੱਤ ਨਾਥ, ਸੰਭਵ ਨਾਥ, ਪਾਰਸ ਤੇ ਅਰਹੰਤ ਆਦਿ ਚੌਵੀ ਅਵਤਾਰ ਹੋਰ ਮੰਨੇ ਗਏ)। ੭. ਪਉਣ, ਪਾਣੀ, ਅੱਗ ਨੂੰ ਤੇ ਕੋਈ ਧਰਮ ਰਾਜਾ ਨੂੰ ਹੀ ਪ੍ਰਸੰਨ ਕਰਨ ਲੱਗਾ। ੮. ਫੋਕੇ ਧਰਮੀ ਭਰਮ ਵਿਚ ਹੀ ਭੁੱਲ ਗਏ।

**ਭਾਵ:**-ਬੌਧ ਤੇ ਬੁਧਪ੍ਰਸਤ ਮਨਮਤੀ ਮਤਾਂ ਬਾਬਤ ਕਹਿੰਦੇ ਹਨ ਕਿ ਵਾਹਿਗੁਰੂ ਨੂੰ ਨਹੀਂ ਮੰਨਦੇ, ਇਸ ਕਰਕੇ ਬੋਧ ਕਾਹਦਾ, ਉਹ ਤਾਂ ਅਬੋਧ ਹੋਯਾ। ਫੇਰ ਜੋ ਪੱਥਰ ਪੂਜਾ ਦੇ ਐਬ ਹਨ ਮਾਰੇ ਬੋਧੀ ਕਰਦੇ ਹਨ। ਇਤਰ ਮਤ ਜੋ ਸੂਰਜ ਆਦਿ ਪੂਜਣ ਵਾਲੇ ਹਨ ਏਹ ਸਭ ਫੋਕਟ ਧਰਮੀ ਹਨ। ਭਾਈ ਸਾਹਿਬ ਜੀ ਗਿਲਾਨਿ ਦਾ ਰੂਪ ਦਿਖਾ ਰਹੇ ਹਨ। ਪਹਿਲੇ ਓਹ ਮਤ ਦੱਸੇ ਹਨ ਜੋ ਵਾਹਿਗੁਰੂ ਤੋਂ ਨਾਸਤਕ ਯਾ ਜੜ੍ਹ ਪੂਜਕ ਹਨ, ਹੁਣ ਅਗੇ ਹੋਰਨਾਂ ਦਾ ਕਥਨ ਕਰਦੇ ਹਨ:-

## ੧੯. (ਭਿੱਖੂ ਨਿਰਣਯ)।

੧. ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ੍ਰਮ ਉਪਾਏ।
੨. ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।
੩. ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
੪. ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
੫. ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
੬. ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।
੭. ਇਕਸਿ ਤੇ ਬਹੁ ਰੂਪਿ ਕਰਿ ਰੂਪ ਕੁਰੂਪੀ ਘਣੇ ਦਿਖਾਏ।
੮. ਕਲਿਜੁਗਿ ਅੰਦਰਿ ਭਰਮਿ ਭੁਲਾਏ ॥੧੯॥

**ਅਰਥ**-੧.ਜਗਤ ਵਿਖੇ (ਵਡੀ) ਗਿਲਾਨੀ ਉੱਠੀ, (ਇਕ ਦੂਜੇ ਥੋਂ ਨੱਕ ਵੱਟਣ ਲੱਗੇ) ਚਾਰ ਵਰਣ (ਖੱਤਰੀ, ਬ੍ਰਾਹਮਣ, ਵੈਸ਼, ਸ਼ੂਦਰ, ਤੇ ਚਾਰ) ਆਸ਼੍ਰਮ (ਬ੍ਰਹਮਚਾਰੀ, ਗ੍ਰਿਹਸਤੀ, ਬਾਨਪ੍ਰਸਤੀ, ਸੰਨਯਾਸੀ) ਉਤਪਤ ਹੋ ਗਏ। ੨.ਸੰਨਯਾਸੀਆਂ ਨੇ ਦਸ ਨਾਮ (ਗਿਰੀ, ਪੁਰੀ, ਭਾਰਤੀ, ਸੁਰੱਸ੍ਵਤੀ, ਦੰਡੀ, ਆਰਣਯ, ਆਦਿ) ਤੇ ਜੋਗੀਆਂ ਨੇ ਬਾਰਾਂ ਪੰਥ ਚਲਾ ਦਿੱਤੇ। ੩.ਜੰਗਮਾਂ ਸਰੇਵੜੇ, ਤੇ ਦਿਗੰਬਰਾਂ (ਜੈਨੀਆਂ) ਨੇ (ਦਗੇ=) ਦੰਗੇ ਤੇ ਵਾਦ ਰਚਾ ਦਿਤੇ। ੪.ਬ੍ਰਾਹਮਣਾਂ ਨੇ ਬਹੁਤ ਪ੍ਰਕਾਰ ਕਰਕੇ ਸ਼ਾਸਤ੍ਰ ਵੇਦ ਪੁਰਾਣ (ਆਪੋ ਵਿੱਚ) ਲੜਾਏ (ਭਾਵ ਚਰਚਾਵਾਦ ਕਰਕੇ ਦੱਸਣ ਲੱਗੇ, ਸਾਰਗ੍ਰਾਹੀ ਨਾ ਰਹੇ)। ੫.ਛੀ ਸ਼ਾਸਤ੍ਰ (ਨਯਾਇ, ਵੇਦਾਂਤ ਆਦਿ) ਦਾ (ਆਪੋ ਵਿਚ) ਵਿਵਾਦ ਛਿੜਿਆ ਤੇ ਨਾਲ (ਛਤੀ=), ਨਾਨਾ ਪ੍ਰਕਾਰ ਦੇ ਪਖੰਡ ਰਲਾ ਦਿੱਤੇ। ੬.ਤਵੀਤ, ਧਾਗੇ, ਮੰਤ੍ਰ ਰਸੈਣਾਂ ਤੇ ਕਰਾਮਾਤਾਂ ਦੀ 'ਕਾਲਖ' ਨਾਲ ਲਿਬੜ ਗਏ। ੭.ਇਕ (ਰੂਪ ਥੋਂ) ਬਾਹਲੇ ਰੂਪ ਬਣਾਕੇ ਭਲੇ ਬੁਰੇ ਰੂਪ ਦੱਸੇ (ਭਾਵ ਰਾਸਾਂ ਆਦਿ ਪਾਉਣ ਲੱਗੇ)। ੮.(ਗੱਲ ਕੀ) ਕਲਜੁਗ ਵਿਖੇ (ਲੋਕ) ਭਰਮਾਂ ਵਿਚ ਭੁੱਲ ਗਏ।

**ਭਾਵਾਰਥ**-ਇਸ ਵਿਚ ਹਿੰਦੂਆਂ ਤੇ ਜੈਨੀਆਂ ਦੇ ਮਤਿ ਮਤਾਂਤਰਾਂ ਦੇ ਝਗੜੇ ਬਖੇੜਿਆਂ ਦਾ ਵਰਣਨ ਕਰਕੇ ਭਾਈ ਸਾਹਿਬ ਜੀ ਨੇ ਗਿਲਾਨ ਦਾ ਇਕ ਹੋਰ ਸਰੂਪ ਦੱਸਿਆ ਹੈ ਕਿ ਵਾਹਿਗੁਰੂ ਸਿਮਰਨ, ਸਦਾਚਾਰ ਤੇ ਪ੍ਰੇਮਾਭਗਤੀ ਦੀ ਥਾਂ ਮਤ ਭੇਦ ਤੇ ਕਲ੍ਹਾਵਾਦਾਂ ਨੇ ਮੱਲ ਲਈ। ਅੱਗੇ ਹੋਰ ਗਿਲਾਨੀ ਦਾ ਰੂਪ ਦੱਸਦੇ ਹਨ:-

## ੨੦. (ਮੁਸਲਮਾਨੀ ਮਤ)।

੧. ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।
੨. ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
੩. ਰੋਜੇ, ਈਦ, ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।
੪. ਪੀਰ ਪੈਕੰਬਰ ਅਉਲੀਏ ਗਉਸ ਕੁਤਬ ਬਹੁ ਭੇਖ ਸਵਾਰਾ।
੫. ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਾਸੀਤ ਉਸਾਰਾ।
੬. ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
੭. ਕਾਫਰ ਮੁਲਹਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
੮. ਪਾਪੇ ਦਾ ਵਰਤਿਆ ਵਰਤਾਰਾ ॥੨੦॥

**ਅਰਥ**-੧.(ਜਦ) ਮੁਹੰਮਦ (ਤੇ ਉਸ ਦੇ ਚਾਰ) ਯਾਰ (ਅਬੂਬਕਰ ਸਦੀਕ, ਉਮਰਫਾਰੂਕ, ਉਸਮਾਨ ਗਨੀ, ਤੇ ਹਜਰਤ ਅਲੀ) ਹੋਏ ਤਦੋਂ (ਏਹਨਾਂ ਦੇ ਮਜ਼ਹਬ ਦੀਆਂ) ਜਗਤ ਵਿਚ ਕਈ (ਵਾਟਾਂ) ਮੜਕਾਂ ਚਲੀਆਂ*। ੨.ਬਹੱਤਰ ਕੌਮਾਂ ਦੀ ਵੰਡ ਕਰਕੇ ਕਈ ਤਰ੍ਹਾਂ ਦਾ ਵੈਰ ਵਿਰੋਧ ਵਧਾ ਦਿੱਤਾ। ੩.(ਤੀਹ) ਰੋਜ਼ੇ (ਦੋ) ਈਦਾਂ, (ਪੰਜ) ਨਿਮਾਜ਼ਾਂ ਬਨਾਕੇ ਕਰਮਾਂ ਵਿਚ ਸੰਸਾਰ ਨੂੰ ਕੈਦ ਕਰ ਦਿੱਤਾ (ਭਾਵ ਭਾਉ ਭਗਤੀ ਦੀ ਥਾਂ ਕੇਵਲ ਫੋਕੇ ਕਰਮ ਹੀ ਰਹਿ ਗਏ)। ੪.ਪੀਰ, ਪਿਕੰਬਰ, ਔਲੀਏ, ਗਉਂਸ ਤੇ ਕੁਤਬ ਆਦਿਕ ਬਹੁਤੇ ਭੇਖ (ਅਥਵਾ ਦਰਜੇ) ਬਨਾ ਦਿੱਤੇ (ਅਰਥਾਤ ਅਭਿਮਾਨ ਵਧ ਗਿਆ)। ੫.ਠਾਕੁਰ ਦੁਆਰੇ ਗਿਰਾ ਕੇ ਓਨ੍ਹੀ ਥਾਂਈਂ ਮਸਜਿਦਾਂ ਬਣਾ ਦਿਤੀਆਂ (ਅਰਥਾਤ ਜ਼ਾਲਮ ਹੋ ਗਏ। ੬.ਗਊ ਗਰੀਬ ਨੂੰ ਕੋਹਣ ਲੱਗ ਪਏ, ਧਰਤੀ ਪੁਰ ਪਾਪ ਫੈਲ ਗਿਆ (ਅਰਥਾਤ ਅਕ੍ਰਿਤਘਣ ਹੋ ਗਏ, ਉਪਕਾਰੀ ਤੇ ਗ਼ਰੀਬ ਜੰਤੂ ਦੇ ਘਾਤਕ ਹੋ ਗਏ)। ੭.ਕਾਫ਼ਰ ਤੇ ਬੇਈਮਾਨ (ਦੇ ਵੈਰ ਭਾਵ ਦੇ ਭੇਦ ਦੀ) ਤੇ ਰੂਮੀ ਆਰਮੀਨੀ (ਆਦਿ ਦੇਸ਼ ਭੇਦ ਕਰਕੇ) ਜੰਗ ਤੇ ਇਸਤ੍ਰੀ ਕਰਕੇ ਵੈਰ ਕਰਨਾ (ਏਹ ਕੁਕਰਮ ਪਸਰ ਗਏ)। ੮.(ਇਸ ਪ੍ਰਕਾਰ) ਪਾਪ ਦਾ ਵਰਤਾਰਾ ਵਰਤ ਗਿਆ।

*ਸ਼ਾਖ਼ਾਂ ਟੁਰ ਪਈਆਂ।

**ਭਾਵ**-ਇਹ ਮੁਸਲਮਾਨਾਂ ਦੇ ਗਿਰਾਉ ਦਾ ਨਕਸ਼ਾ ਦਿਖਲਾਕੇ ਸਾਬਤ ਕਰਦੇ ਹਨ ਕਿ ਇਨ੍ਹਾਂ ਵਲੋਂ ਬੀ ਸੰਸਾਰ ਤੇ ਗਿਲਾਨੀ ਹੀ ਫੈਲ ਗਈ। ਅੱਗੇ ਦੋਹਾਂ ਦਾ ਆਪੋ ਵਿਚ ਟਾਕਰਾ ਦੱਸਦੇ ਹਨ :-

## ੨੧. (ਹਿੰਦੂ ਮੁਸਲਮਾਨ ਦਾ ਟਾਕਰਾ)।

੧. ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ।
੨. ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰਨਿ ਧਿਙਾਣੇ।
੩. ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸੇਲਮਾਣੇ।
੪. ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
੫. ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
੬. ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
੭. ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।
੮. ਸਿਰੋ ਨ ਮਿਟੇ ਆਵਣ ਜਾਣੇ ॥੨੧॥

**ਪਦਾਰਥ**-(ਖਿੰਚੋਤਾਣ=ਆਪਣੀ ਵਲ ਖੈਂਚਾ ਖੈਂਚੀ)

**ਅਰਥ**-੧. ਜਗਤ ਵਿਚ ਹਿੰਦੂਆਂ ਦੇ ਚਾਰ ਵਰਣ ਤੇ ਮੁਸਲਮਾਨਾਂ ਦੇ ਚਾਰ ਮਜ਼ਹਬ। ੨. (ਏਹ ਸਭੇ) ਖੁਦੀ, ਬਖੀਲੀ, ਹੰਕਾਰ ਤੇ ਖਿੱਚਾ ਖਿੱਚੀ ਅਰ ਧੱਕੇ ਕਰਨ ਲਗ ਪਏ। ੩. ਹਿੰਦੂਆਂ ਗੰਗਾ ਤੇ ਕਾਂਸ਼ੀ (ਮਿਥ ਲਈ) ਤੇ ਮੱਕਾ ਕਾਬਾ ਮੁਸਲਮਾਨਾਂ (ਪੂਜਾ ਦਾ ਥਾਂ ਮੰਨ ਲੀਤਾ)। ੪. ਮੁਸਲਮਾਨਾਂ ਦੀ ਸੁੰਨਤ (ਨਿਸ਼ਾਨੀ ਠਹਿਰੀ) ਤੇ ਤਿਲਕ ਜੰਞੂ ਵਿਖੇ ਹਿੰਦੂ ਪ੍ਰੀਤ ਕਰਨ ਲਗੇ। ੫. (ਹਿੰਦੂਆਂ ਦਾ) ਰਾਮ (ਤੇ ਮੁਸਲਮਾਨਾਂ ਦਾ) ਰਹੀਮ (ਏਹ) ਨਾਮ, (ਜੋ) ਇਕੋ ਦਾ ਹੈ, (ਦੋ ਹੋਕੇ ਵੱਖਰੇ) ਸਦੀਣ ਲਗੇ (ਤੇ) ਭੁੱਲ ਨਾਲ ਦੋ (ਅੱਡ ਅੱਡ) ਰਸਤੇ ਬਣਾ ਲਏ। ੬. (ਦੋਵੇਂ ਜਣੇ) ਬੇਦਾਂ ਤੇ ਕਤੇਬਾਂ ਨੂੰ ਭੁਲਾ ਕੇ ਸ਼ੈਤਾਨ ਹੋਕੇ ਦੁਨੀਆਂ ਦੇ ਲਾਲਚ ਵਿਖੇ ਫਸ ਗਏ। ੭. ਸੱਚ ਕਿਨਾਰੇ ਹੀ ਰਹਿ ਗਿਆ, ਬ੍ਰਾਹਮਣ ਤੇ ਮੌਲਵੀ ਆਪੋ ਵਿਚੀ (ਕੁੱਕੜਾਂ ਵਾਂਙੂ) ਖਹਿ ਖਹਿ ਮਰਣ ਲਗ ਪਏ।੮. ਇਕੁਰ (ਚਉਰਾਸੀ ਦਾ) ਆਵਾਗਉਣ ਕਿਸੇ ਦੇ ਸਿਰੋਂ ਨਾ ਮਿਟਿਆ।

**ਭਾਵ**-"**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥**" ਇਸ ਵਿਚ ਹਿੰਦੂ ਮੁਸਲਮਾਨਾਂ ਦਾ ਫਰੂਆਤ ਵਿਚ ਫਸ ਜਾਣਾ ਤੇ ਸੱਚ ਦਾ ਹਥੋਂ ਗੁਆ ਬੈਠਣਾ ਦਰਸਾਇਆ ਹੈ। ਭਾਵ ਇਹ ਹੈ ਕਿ ਪ੍ਰੇਮਾ ਭਗਤੀ ਨਹੀਂ ਰਹੀ, ਕੇਵਲ ਵਾਦ ਤੇ ਪਖੰਡ ਹੀ ਰਹਿ ਗਏ ਹਨ। ਇਹ ਹਿੰਦੂ ਮੁਸਲਮਾਨ ਦੇ ਪਰਸਪਰ ਸਲੂਕ ਦਾ ਰੂਪ ਦੱਸਕੇ ਸੰਸਾਰ ਦੀ ਗਿਲਾਨੀ ਪ੍ਰਗਟ ਕੀਤੀ ਹੈ ਕਿ ਇਸ ਤਰ੍ਹਾਂ ਦੋਵੇਂ ਧਿਰਾਂ ਵਿਤੰਡਾਵਾਦੀ ਤੇ ਵਿਖਾਵੇ ਦੇ ਕੰਮਾਂ ਵਿਚ ਫਸ ਗਈਆਂ ਹਨ।

## ੨੨. (ਵਾਹਿਗੁਰੂ ਜੀ ਦਾ ਨਿਆਉਂ)।

੧. ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ।
੨. ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।
੩. ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।
੪. ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਿਦਿਨਿ ਰੋਆ।
੫. ਬਾਝੁ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲਿ ਟੋਆ।
੬. ਖੜਾ ਇਕਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ।
੭. ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ।

੮. ਧਰਮ ਧਉਲ ਪੁਕਾਰੇ ਤਲੈ ਖੜੋਆ ॥੨੨॥

**ਅਰਥ**-੧. ਚਹੁੰ ਜੁੱਗਾਂ ਵਿਖੇ ਚਾਰੇ ਜਾਗੇ, ਪਰਮੇਸ਼ੁਰ ਆਪ ਨਿਆਉਂ ਕਰਨ ਵਾਲਾ ਹੋਇਆ। ੨. ਪੱਟੀ ਲਿਖਣ ਤੇ ਲਿਖਾਰੀ ਰੂਪ ਬੀ ਆਪ ਹੀ ਬਣਿਆ। ੩. (ਕਿਉਂਕਿ) ਗੁਰੂ ਬਾਝ ਹਨੇਰਾ ਹੈ, ਲੋਕ ਬਹੁਤ ਭਾਂਤ ਦੀਆਂ ਜ਼ਿੱਦਾਂ ਵਿਚ ਹੀ ਲੜ ਲੜਕੇ ਮਰ ਜਾਂਦੇ ਹਨ। ੪. (ਅਤੇ) ਜਗਤ ਪੁਰ ਪਾਪ ਵਰਤ ਰਿਹਾ ਹੈ ਤੇ (ਧਰਮ ਰੂਪੀ) ਧਵਲ ਉਦਾਸ ਹੋਕੇ ਰਾਤ ਦਿਨ ਕੁਰਲਾਉਂਦਾ ਹੈ। ੫. (ਅਤੇ) ਦਇਆ ਥੋਂ ਬਿਨਾ ਕਮਜ਼ੋਰ ਹੋਕੇ ਪਤਾਲ ਦੇ ਟੋਇਆਂ ਵਿਖੇ ਨਿੱਘਰਣ ਲੱਗਾ ਹੈ। ੬. ਇਕ ਪੈਰ ਤੇ ਖੜੋਤਾ ਪਾਪਾਂ ਨਾਲ ਭਾਰਾ ਹੋ ਗਿਆ। ੭. ਸਾਧੂ ਥੋਂ ਬਾਝ (ਉਸ ਨੂੰ) ਕੋਈ ਸਹਾਰਾ ਨਹੀਂ ਦੇ ਸਕਦਾ ਤੇ ਸਾਧ ਜਗਤ ਵਿਚ ਕੋਈ ਨਜ਼ਰ ਨਹੀਂ ਆਉਂਦਾ। ੮. (ਇਸ ਲਈ) ਧਰਮ (ਰੂਪੀ) ਬੈਲ (ਧਰਤੀ) ਹੇਠ (ਤਲੇ) ਖੜੋ ਕੇ ਹਾਲ ਬਾਹੁੜੀ ਕਰ ਰਿਹਾ ਹੈ।

**ਭਾਵ**-ਗਿਲਾਨੀ ਤੋਂ ਰੋਕਣ ਵਾਲਾ ਧਰਮ ਹੈ, ਉਸ ਦੀ ਦਸ਼ਾ ਬੁਰੀ ਦੱਸਕੇ ਪ੍ਰਗਟ ਕਰਦੇ ਹਨ ਕਿ ਇਨ੍ਹਾਂ ਝਗੜੇ ਈਰਖਾ ਦੇ ਹਾਲਾਂ ਵਿਚ ਪਰਮੇਸ਼ੁਰ ਨੇ ਆਪ ਪੰਚਾਯਣ (ਪੰਜਵਾਂ ਯਾ ਪੈਂਚ ਭਾਵ) ਨਬੇੜਾ ਕਰਨ ਵਾਲਾ ਹੋਕੇ ਆਪੇ ਪੱਟੀ, ਕਲਮ, ਲਿਖਾਰੀ ਹੋਕੇ ਸੰਸਾਰ ਦੀ ਰਖਯਾ ਕੀਤੀ; ਕਿਉਂਕਿ ਪਾਪ ਪ੍ਰਬਲ ਸੀ ਤੇ ਧਰਮ ਨਿਰਬਲ ਹੋ ਗਿਆ ਸੀ। ਪਾਪ ਨੂੰ ਖੈ ਤੇ ਧਰਮ ਨੂੰ ਬਲਵਾਨ ਕਰਨ ਵਾਲਾ ਸਾਧੂ ਨਜ਼ਰ ਨਹੀਂ ਆਉਂਦਾ ਸੀ। ਸਾਧ ਪੈਦਾ ਕਰਨ ਵਾਸਤੇ ਗੁਰੂ ਦੀ ਲੋੜ ਸੀ ਜੋ ਪ੍ਰਕਾਸ਼ ਦੇਵੇ ਤੇ ਸਾਧ ਬਣਾਵੇ। ਇਸ ਲਈ ਅਕਾਲ ਪੁਰਖ ਨੇ ਆਪ ਨਿਆਂ ਕੀਤਾ। ਉਹ ਕੀ ਸੀ, ਕਿ ਸੰਸਾਰ ਪਰ ਗੁਰੂ ਅਵਤਾਰ ਪ੍ਰਗਟ ਕਰੇ। ਅਗਲੀ ਪਉੜੀ ਵਿਚ ਉਸ ਗੁਰ ਅਵਤਾਰ ਦੇ ਪ੍ਰਗਟ ਹੋਣ ਦਾ ਵਰਣਨ ਕਰਦੇ ਹਨ :-

## ੨੩. (ਗੁਰ ਅਵਤਾਰ)।

੧. ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
੨. ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
੩. ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।
੪. ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।
੫. ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
੬. ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵਾਇਆ।
੭. ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ।
੮. ਕਲਿ ਤਾਰਣਿ ਗੁਰੂ ਨਾਨਕ ਆਇਆ ॥੨੩॥

**ਪਦਾਰਥ**-(ਪੁਕਾਰ=ਬੇਨਤੀ। ਚਰਣਾਮ੍ਰਿਤੁ=ਚਰਣ ਪਾਹੁਲ।)
(ਰੰਕ=ਕੰਗਾਲ। ਪਿਰੰਮ=ਅਕਾਲ ਪੁਰਖ।)

**ਅਰਥ**-੧. ਦਾਤਾਰ ਈਸ਼ੁਰ ਨੇ (ਧਰਮ ਦੀ) ਪੁਕਾਰ ਸੁਣੀ, ਗੁਰੂ ਨਾਨਕ ਨੂੰ ਜਗਤ ਵਿਖੇ ਭੇਜਿਆ। ੨. (ਗੁਰੂ ਜੀ ਨੇ) ਚਰਨ ਧੋਣ ਦੀ ਰਹੁਰੀਤ ਕਰਕੇ ਚਰਣੋਦਕ* ਸਿੱਖਾਂ ਨੂੰ ਪਿਲਾਯਾ (ਭਾਵ ਨਿੰਮ੍ਰਤਾ ਤੇ ਭਗਤੀ ਸਿਖਲਾਈ)। ੩. ਪਾਰਬ੍ਰਹਮ ਪੂਰਣ ਪਰਮਾਤਮਾ ਕਲਜੁਗ ਵਿਖੇ 'ਇੱਕ' ਦਿਖਲਾਯਾ (ਭਾਵ ਅਨੇਕ ਪੂਜਾ ਤੋਂ ਕੱਢਕੇ ਏਕਤਾ ਪਰ ਸੰਸਾਰ ਨੂੰ ਦ੍ਰਿੜ੍ਹ ਕੀਤਾ)। ੪. ਧਰਮ ਦੇ ਚਾਰੇ ਪੈਰ (ਕਾਇਮ ਕੀਤੇ) ਤੇ ਚਾਰ ਵਰਨਾਂ ਨੂੰ ਇਕ ਕੀਤਾ (ਭਾਵ ਧਰਮ ਦੇ ਸਾਰੇ ਅੰਗ ਸਿਖਾਏ ਤੇ ਨਾਲ ਹੀ

*ਚਰਣਾਮ੍ਰਿਤ।

ਸਹੋਦਰਤਾ ਸਿਖਾਈ)। ੫.ਰਾਣਾ ਤੇ ਕੰਗਾਲ ਨੂੰ ਸਮਾਨ ਜਾਣਨਾ ਤੇ ਪੈਰੀਂ ਪੈਣਾ (ਨਿੰਮ੍ਰਤਾ ਦਾ ਗੁਣ) ਜੱਗ ਵਿਖੇ ਚਲਾਇਆ (ਭਾਵ ਧਰਮ-ਭਾਵ ਵਿਚ ਗ਼ਰੀਬੀ ਅਮੀਰੀ ਦੀ ਵਿੱਥ ਮੇਟਕੇ ਸਹੋਦਰਤਾ ਭਾਵ ਸਿਖਾਯਾ ਤੇ ਨਿੰਮ੍ਰਤਾ ਸਿਖਾਈ)। ੬.ਪਰਮੇਸ਼ੁਰ ਦਾ ਉਲਟਾ ਕੌਤਕ ਦੇਖੋ: ਪੈਰਾਂ ਉਤੇ ਸਿਰ ਨੂੰ ਝੁਕਾ ਦਿੱਤਾ (ਭਾਵ ਲੋਕਾਂ ਨੂੰ ਨੀਉਂਣ ਦੀ ਮੱਤ ਸਿਖਾਈ, ਜਿਕੁਰ ਉੱਚਾ ਸਿਰ ਹੈ ਪਰ ਉਸ ਨੂੰ ਪੈਰਾਂ ਤੇ ਨਿਵਾ ਦਿੱਤਾ) ੭.ਕਲਿਜੁਗ ਬਾਬੇ ਨੇ ਤਾਰ ਦਿਤਾ, ਸਤਿਨਾਮ ਦਾ ਮੰਤ੍ਰ (ਪੜ੍ਹਕੇ) ਸੁਣਾ ਦਿੱਤਾ ੮.ਸੋ ਕਲਿਜੁਗ ਦਾ ਉਧਾਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਜੀ ਆਏ।

**ਭਾਵ**-ਗਿਲਾਨੀ ਦੇ ਸਭ ਸਾਮਾਨ ਉਡਾਕੇ ਪ੍ਰੇਮਾ ਭਗਤੀ, ਵਾਹਿਗੁਰੂ ਦੀ ਏਕਤਾ, ਮਨੁੱਖਾਂ ਦੀ ਸਹੋਦਰਤਾ, ਪਰਸਪਰ ਪਯਾਰ ਤੇ ਨਿੰਮ੍ਰਤਾ ਤੇ ਧਰਮ ਨੂੰ ਧਾਰਨਾ ਸਿਖਾ ਦਿੱਤਾ, ਇਉਂ ਗੁਰ ਨਾਨਕ ਦੇਵ ਜੀ ਨੇ ਸੰਸਾਰ ਦੁਖੀ ਦਾ ਦਾਰੂ ਕੀਤਾ।

ਹੁਣ ਅਗਲੀ ਪਉੜੀ ਵਿਚ ਤਪੱਸਯਾ ਦੀ ਘਾਲ ਥਾਂ ਪਈ ਲਿਖੀ ਹੈ, ਸੋ ਭਾਵ ਤਪਸੱਯਾ ਦਾ ਜੋ ਕਿਹਾ ਹੈ ਸੋ ਆਪ ਹੀ ਦੱਸਦੇ ਹਨ ਕਿ ਕੀਕੂੰ ਘਾਲ ਲੇਖੇ ਪੈਂਦੀ ਹੈ, ਉਥੇ ਸਾਰਾ ਮਤਲਬ ਸਫੁੱਟ ਹੋ ਜਾਂਦਾ ਹੈ:-

## ੨੪. (ਗੁਰ ਨਾਨਕ ਦੇਵ ਜੀ ਦਾ ਪਹਿਲਾ ਪ੍ਰਸੰਗ)।

੧. ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋਂ ਦੇ ਫਿਰਿ ਘਾਲ ਕਮਾਈ।
੨. ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।
੩. ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ।
੪. ਬਾਬਾ ਪੈਧਾ ਸਚ-ਖੰਡਿ, ਨਉ ਨਿਧਿ ਨਾਮੁ ਗਰੀਬੀ ਪਾਈ।
੫. ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ।
੬. ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।
੭. ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
੮. ਚੜਿਆ ਸੋਧਣਿ ਧਰਤਿ ਲੁਕਾਈ ॥੨੪॥

**ਪਦਾਰਥ**-(ਬਖਸੁ ਦਰਿ=ਦਰਗਾਹੋਂ ਬਖਸ਼ਿਸ਼ ਦਾ ਦਰਵਾਜ਼ਾ। )
(ਘਾਲ=ਮਿਹਨਤ। ਪੈਧਾ=ਪਹਿਨਾਇਆ ਗਿਆ, ਪਤ ਦੀ ਪੁਸ਼ਾਕ ਮਿਲੀ।)

**ਅਰਥ**-੧.ਗੁਰੂ ਨਾਨਕ ਦੇਵ ਜੀ ਨੇ ਪਹਿਲਾਂ (ਅਕਾਲ ਪੁਰਖ ਦੀ) ਦਰਗਾਹੋਂ ਬਖਸ਼ਿਸ਼ ਪਾਈ, ਪਿਛੋਂ ਫੇਰ ਘਾਲ ਘਾਲੀ(ਭਾਵ ਵਾਹਿਗੁਰੂ ਨੇ ਪਹਿਲੇ ਨਿਵਾਜਕੇ ਥਾਪਿਆ, ਤੇ ਆਪ ਨੇ ਫੇਰ ਪ੍ਰੇਮਾ ਭਗਤੀ ਕੀਤੀ)। ੨.ਰੇਤ ਤੇ ਅੱਕ ਦਾ ਭੋਜਨ ਕਰਕੇ, ਰੋੜਾਂ ਦਾ ਬਿਸਤਰਾ ਕੀਤਾ (ਭਾਵ ਦੁਖ ਕਲੇਸ਼ਾਂ ਨੂੰ ਸਹਾਰਿਆ)। ੩.ਵਡੀ ਤਪੱਸਿਆ ਕੀਤੀ, ਵਡੇ ਭਾਗਾਂ ਨਾਲ ਵਾਹਿਗੁਰੂ ਨਾਲ ਬਣ ਆਈ (ਭਾਵ ਉਸ ਘਾਲ ਪਰ ਵਾਹਿਗੁਰੂ ਜੀ ਪ੍ਰਸੰਨ ਹੋ ਗਏ)। ੪.ਗੁਰੂ ਬਾਬੇ ਜੀ ਨੂੰ ਸਚਖੰਡ ਵਿਚੋਂ (ਪਤਿ ਦੀ) ਪੁਸ਼ਾਕ ਮਿਲੀ, ਨਵੇਂ ਨਿਧੀਆਂ, ਨਾਮ ਤੇ ਗ਼ਰੀਬੀ (ਨਿੰਮ੍ਰਤਾ) ਪਾਈ (ਭਾਵ ਨਾਮ, ਗ਼ਰਬੀ, ਪਤਿ ਤੇ ਨਉਧਾ ਭਗਤੀ ਦੀ ਦਾਤ ਤੇ ਨਿਧੀਆਂ ਮਿਲੀਆਂ)। ੫.(ਹੁਣ ਆਪ) ਬਾਬੇ ਨੇ ਦਿਬ ਦ੍ਰਿਸ਼ਟੀ ਨਾਲ ਦੇਖਿਆ ਤਾਂ ਸਾਰੀ ਪ੍ਰਿਥਵੀ ਸੜਦੀ ਨਜ਼ਰ ਆਈ (ਭਾਵ ਪਾਪਾਂ ਨਾਲ ਪੀੜਤ ਦੇਖੀ ਕਿ) ੬.ਗੁਰ ਥੋਂ ਬਾਝ ਵੱਡਾ ਹਨੇਰਾ ਹੋ ਰਿਹਾ ਹੈ(ਤੇ ਨਾਲ ਹੀ) ਲੁਕਾਈ ਹਾਇ ਹਾਇ ਕਰਦੀ ਸੁਣੀ ਗਈ। ੭.ਬਾਬੇ ਨੇ ਸਰੀਰ ਧਾਰਿਆ ਤੇ (ਮਾਯਾ ਤੋਂ) ਉਦਾਸ ਰਹਿਣ ਦੀ ਰੀਤਿ ਤੋਰੀ*। ੮.(ਹੁਣ) ਧਰਤੀ

*ਅਥਵਾ ਬਾਬੇ ਨੇ ਭੇਖ ਧਾਰਣ ਕੀਤਾ ਤੇ ਉਦਾਸੀ ਦੀ ਰੀਤਿ ਟੋਰੀ। ਭਾਵ ਫਕੀਰੀ ਤਰੀਕਾ ਧਾਰਨ ਕੀਤਾ।

ਦੇ ਲੋਕਾਂ ਨੂੰ ਸੋਧਣ ਲਈ ਚੜ੍ਹਾਈ ਕਰ ਦਿੱਤੀ।

**ਭਾਵ**-ਪਹਿਲਾਂ ਬਖਸ਼ਿਸ਼ ਦਾ ਭਾਵ ਹੈ ਕਿ ਗੁਰੂ ਜੀ ਸ੍ਰੀ ਵਾਹਿਗੁਰੂ ਜੀ ਦੇ ਆਪਣੇ ਪਯਾਰੇ ਸੇ। ਸਾਧਨਾ ਸਾਧ ਕੇ ਜੀਵ ਵਾਂਙੂ ਮਿਹਰ ਪ੍ਰਾਪਤ ਨਹੀਂ ਹੋਏ; ਪਰ ਰਾਜਾ ਦੇ ਯੁਵਰਾਜ ਵਾਂਙੂ ਪਹਿਲੇ ਬਖਸ਼ਿਸ਼ ਦੇ ਪਦ ਉੱਤੇ ਸੇ; ਪਿਛੋਂ ਘਾਲ ਕਮਾਈ ਦਾ ਭਾਵ ਇਹ ਹੈ ਕਿ ਸੰਸਾਰ ਨੂੰ ਭਗਤੀ ਦਾ ਨਮੂਨਾ ਦੱਸਣਾ ਸੀ, ਸੋ ਵਾਹਿਗੁਰੂ ਦੀ ਬਖਸ਼ਿਸ਼ ਨੂੰ ਸਫ਼ਲ ਕੀਤਾ। ਜਿਕੂੰ ਯੁਵਰਾਜ਼ ਪਯਾਰਾ ਤਾਂ ਪਹਿਲੋਂ ਹੀ ਹੁੰਦਾ ਹੈ, ਅਧਿਕਾਰ ਭੀ ਸਭ ਤੋਂ ਉੱਚਾ ਰਖਦਾ ਹੈ, ਪਰ ਜਦ ਪਿਤਾ ਦੀ ਪ੍ਰਸੰਨਤਾ ਦੇ ਕਾਰਜ ਕਰਦਾ ਹੈ ਤਦ ਪਿਤਾ ਪਯਾਰ ਨੂੰ ਸਫ਼ਲ ਕਰਦਾ ਹੈ। ਰੇਤ ਤੇ ਅੱਕ ਦੇ ਅਹਾਰ ਤੋਂ ਭਾਵ ਇਹ ਹੈ ਕਿ ਰਸ ਕਸ ਦੇ ਤਯਾਗ ਰਖੇ ਤੇ ਦੁਖ ਸੁਖ ਸਮ ਕਰ ਜਾਤੇ। ਰੋੜਾਂ ਦੀ ਵਿਛਾਈ ਤੋਂ ਮਤਲਬ ਖੀ ਸੁਖਾਂ ਦਾ ਤਯਾਗ ਹੈ। ਤਪੱਸਯਾ ਤੋਂ ਮਤਲਬ ਪ੍ਰੇਮਾ-ਭਗਤੀ ਤੇ ਕਠਨ ਸਾਧਨਾਂ ਤੋਂ ਹੈ। ਗੁਰੂ ਜੀ ਨੇ ਬੜੇ ਬੜੇ ਉੱਗਰ ਰੁਕਾਵਟਾਂ, ਕਲੇਸ਼ਾਂ ਤੇ ਅਜ਼ਮਾਇਸ਼ਾਂ ਵਿਚ ਉਹੋ ਗੱਲ ਸਿਰੇ ਚੜ੍ਹਾਈ ਕਿ ਜਿਸ ਕਰਕੇ ਵਾਹਿਗੁਰੂ ਨਾਲ ਬਣ ਆਵੇ, ਸੋ ਐਸਾ ਹੀ ਹੋਇਆ। ਇਉਂ ਪਹਿਲਾਂ ਬਖਸ਼ਿਸ਼ ਕਰਕੇ ਆਪ ਪਯਾਰੇ ਸੇ, ਫੇਰ ਪ੍ਰੇਮ ਦੀ ਕਮਾਈ ਕਰਕੇ ਪਯਾਰੇ ਬਣੇ। ਨਾਮ ਤੇ ਨਿੰਮ੍ਰਤਾ ਦੇ ਮਾਲਕ ਸੇ, ਗੁਰੂ ਜੀ ਨੂੰ ਦੁਖੀਆਂ ਦੇ ਉਧਾਰ ਦਾ ਬਹੁਤ ਪਯਾਰ ਸੀ; ਇਸ ਕਰਕੇ ਸਚਖੰਡ ਦੇ ਸੁਖ ਨੂੰ ਸੰਸਾਰ ਦੇ ਉਪਕਾਰ ਪਰ ਵਾਰ ਦਿੱਤਾ; ਗੁਰ ਅਵਤਾਰ ਲੈਕੇ ਪ੍ਰਗਟ ਹੋਏ ਤੇ ਲੋਕਾਂ ਨੂੰ ਸੋਧਣ (ਪਵਿੱਤ੍ਰ) ਕਰਨ ਲੱਗੇ।

## ੨੫. (ਤੀਰਥਾਂ ਪਰ ਪ੍ਰੇਮ ਦੀ ਸੂੰਘ)।

੧. ਬਾਬਾ ਆਇਆ ਤੀਰਥੈ ਤੀਰਥ ਪੁਰਬ ਸਭੇ ਫਿਰਿ ਦੇਖੈ।
੨. ਪੂਰਬ ਧਰਮ ਬਹੁ ਕਰਮ ਕਰਿ ਭਾਉ ਭਗਤਿ ਬਿਨੁ ਕਿਤੇ ਨ ਲੇਖੈ।
੩. ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦਿ ਸਿੰਮ੍ਰਿਤਿ ਪੜ੍ਹਿ ਪੇਖੈ।
੪. ਢੂੰਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੇਤੈ।
੫. ਕਲਿਜੁਗਿ ਧੁੰਧੂਕਾਰ ਹੈ ਭਰਮਿ ਭੁਲਾਈ ਬਹੁ ਬਿਧਿ ਭੇਖੈ।
੬. ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ।
੭. ਗੁਰਮੁਖਿ ਵਰਨੁ ਅਵਰਨ ਹੋਇ ਨਿਵ ਚਲਣਾ ਗੁਰ ਸਿਖਿ ਵਿਸੇਖੈ।
੮. ਤਾ ਕਛੁ ਘਾਲਿ ਪਵੈ ਦਰਿ ਲੇਖੈ ॥੨੫॥

**ਪਦਾਰਥ**-(ਭਾਉ=ਪ੍ਰੇਮ। ਸਿੰਮ੍ਰਿਤਿ=ਸਿੰਮ੍ਰਤੀਆਂ, ਹਿੰਦੂ ਧਰਮ ਦੇ ਗ੍ਰੰਥ।)
(ਭੇਖੇ=ਚਿਨ੍ਹੰ, ਬਨਾਉਟ। ਵਿਸੇਖੈ=ਵਿਸ਼ੇਸ਼ਤਾ, ਵਡਿਆਈ।)

**ਅਰਥ**-੧.ਬਾਬਾ ਤੀਰਥਾਂ ਨੂੰ (ਜਦ) ਆਯਾ, (ਓਥੇ) 'ਤੀਰਥ ਪੁਰਬ' (=ਤੀਰਥਾਂ ਦੇ ਦਿਨ ਦਿਹਾਰਾਂ ਦੇ ਕੁੰਭ ਗ੍ਰਹਣ ਆਦਿ ਮੇਲੇ) ਫਿਰ ਫਿਰਕੇ ਸਾਰੇ ਦੇਖੇ। ੨.'ਪੂਰਬ ਧਰਮ' (=ਪਿਛਲੇ ਧਰਮ) ਤੇ ਕਰਮ ਬਹੁਤ (ਲੋਕ) ਕਰਦੇ ਸਨ, (ਪ੍ਰੰਤੂ) ਪ੍ਰੇਮਾ ਭਗਤੀ ਬਾਝ ਕਿਸੇ ਲੇਖੇ ਨਹੀਂ ਸਨ। ੩.ਭਾਉ ਤਾਂ ਬ੍ਰਹਮਾ ਨੇ (ਮਾਨੋ) ਲਿਖਿਆ ਹੀ ਨਹੀਂ, ਚਾਰ ਵੇਦ ਤੇ ਸਿੰਮ੍ਰਤੀਆਂ ਪੜ੍ਹ ਪੜ੍ਹਕੇ (ਬਥੇਰੇ) ਦੇਖੇ (ਧੁਨੀ ਇਹ ਕਿ ਪੰਡਤ ਲੋਕ ਵੇਦ ਤਾਂ ਬਾਹਲਾ ਫਰੋਲਦੇ ਹਨ, ਪਰ ਭਾਉ-ਪ੍ਰੇਮਾ ਭਗਤੀ-ਥੋਂ ਸੁੱਕੇ ਹਨ) ੪.ਸਾਰੀ ਪ੍ਰਿਥਵੀ ਢੂੰਡੀ ਅਤੇ ਸਤਿਜੁਗ, ਦੁਆਪਰ, ਤ੍ਰੇਤੇ (ਤਿੰਨਾਂ ਹੀ ਜੁਗਾਂ) ਵਿਖੇ (ਲਿਖੇ ਹਾਲਾਤ ਪੜਤਾਲੇ)। ੫.(ਤੇ) ਕਲਜੁਗ ਵਿਖੇ (ਬੀ ਸਹੀ ਕੀਤਾ ਕਿ) ਧੁੰਦੂਕਾਰ ਹੈ, (ਸਗੋਂ) ਭੇਖਾਂ ਨੇ (ਹੋਰ) ਭਰਮ ਵਿਚ (ਦੁਨੀਆਂ) ਬਹੁਤ ਤਰ੍ਹਾਂ ਭੁਲਾ ਛੱਡੀ ਹੈ। ੬.ਭੇਖਾਂ ਨਾਲ ਈਸ਼੍ਵਰ ਦੀ ਪ੍ਰਾਪਤੀ ਨਹੀਂ ਹੁੰਦੀ, ਆਪ ਗਵਾਏ*(ਤਾਂ ਫੇਰ ਕੋਈ) ਰੂਪ ਰੇਖ (ਚਿਹਨ ਚੱਕ੍ਰ) ਨਹੀਂ ਹੈ, (ਭਾਵ ਆਪਾ ਭਾਵ ਵਿਚ ਹੀ ਭੇਖ

*ਹਉਮੈਂ ਦੂਰ ਕਰੇ ਤਾਂ ਫਿਰ ਭੇਖ ਚਿਹਨ ਚਕ੍ਰ ਰੂਪ ਰੇਖ ਦੀ ਲੋੜ ਨਹੀਂ ਹੈ।


www.sikhbookclub.com

ਹਨ। ਭੇਖਾਂ ਦਾ ਕਾਰਨ ਭੀ ਹਉਮੈ ਹੀ ਹੈ)। ੭.ਗੁਰਮੁਖ ਵਰਣ ਹੋਵੇ ਭਾਵੇਂ ਅਵਰਣ (ਨੀਚ ਜਾਤ ਦਾ ਹੋਵੇ ਭਾਵੇਂ ਉਚ ਜਾਤੀ ਹੋਵੇ) ਨਿਵਕੇ ਚੱਲੇ (ਕਿਉਂਕਿ ਨਿਉਂਕੇ ਚਲਣਾ) ਗੁਰ ਸਿੱਖੀ ਦੀ ਵਡਿਆਈ ਹੈ। ੮.ਤਦ ਹੀ ਕਮਾਈ ਕੁਛ (ਵਾਹਿਗੁਰੂ ਦੇ) ਦਰ ਪੁਰ ਲੇਖੇ ਪਵੇਗੀ।

**ਭਾਵਾਰਥ**-ਤੀਰਥਾਂ ਪਰ ਜਾਕੇ ਗੁਰਾਂ ਨੇ ਲੋਕਾਂ ਨੂੰ ਫੋਕੇ ਕਰਮ ਕਾਂਡ ਵਿਚ ਡਿੱਠਾ, ਪ੍ਰੇਮ ਤੇ ਭਗਤੀ ਤੋਂ ਸੁੰਞ ਪਾਈ ਬ੍ਰਹਮਾ ਦੇ ਜਿਸ ਲੇਖ ਅਨੁਸਾਰ ਲੋਕਾਂ ਨੂੰ ਇਨ੍ਹਾਂ ਕਰਮਾਂ ਵਿਚ ਡਿੱਠਾ ਉਸ ਬ੍ਰਹਮਾ ਦੇ ਲੇਖਾਂ ਵਿਚ ਭਾਉ ਭਗਤੀ ਨਹੀਂ ਸੀ, ਤੇ ਲੋਕ ਕੀ ਕਰਦੇ, ਉਤੋਂ ਕਲਜੁਗ ਦੇ ਭੇਖ ਰਲ ਗਏ। ਭਾਈ ਸਾਹਿਬ ਜੀ ਕਹਿੰਦੇ ਹਨ ਕਿ ਹਉਮੈ ਤਜਾਗੇ ਬਿਨਾਂ ਘਾਲ ਥਾਂ ਨਹੀਂ ਪੈਂਦੀ। ਅਗਲੀ ਪਉੜੀ ਵਿਚ ਬੀ ਲੋਕਾਂ ਦਾ ਪ੍ਰਵਿਰਤ ਹਾਲ ਉਸ ਸਮੇਂ ਦਾ ਦੱਸਦੇ ਹਨ :-

## ੨੬. (ਉਸ ਸਮੇਂ ਦੇ ਹਾਲਾਤ)।

੧. ਜਤੀ ਸਤੀ ਚਿਰੁਜੀਵਣੇ ਸਾਹਿਬ ਸਿਧ ਨਾਥ ਗੁਰੁ ਚੇਲੇ।
੨. ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।
੩. ਗਣ ਗੰਧਰਬ ਅਪਸਰਾ ਕਿੰਨਰ ਜਖ ਚਲਿਤਿ ਬਹੁ ਖੇਲੇ।
੪. ਰਾਕਸਿ ਦਾਨੋ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ।
੫. ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।
੬. ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।
੭. ਡਿਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ।
੮. ਅੰਧੀ ਅੰਧੇ ਖੂਹੇ ਠੇਲੇ ॥੨੬॥

**ਪਦਾਰਥ**-(ਜਤੀ=ਜਤ ਰੱਖਣ ਵਾਲੇ, ਇੰਦਰੈ ਜਿੱਤ। ਸਤੀ=ਸਤ ਰੱਖਣ ਵਾਲੇ) (ਸਤਿਵਾਦੀ ਗਣ=ਸੇਵਕਾਂ ਦਾ ਦਲ। (ਅ) ਸਮੂਹ)

**ਅਰਥ**-੧.ਜਤੀ ਸਤੀ, ਚਿਰੰਜੀਵੀ, ਸਾਧਨਾ ਕਰਨਹਾਰੇ, ਸਿੱਧ* (=ਸਿੱਧੀਆਂ ਦਸਣ ਵਾਲੇ) ਨਾਥ(= ਕੰਨ ਪਾਟੇ ਜੋਗੀ) ਗੁਰੂ ਤੇ ਚੇਲੇ। ੨.ਦੇਵੀ, ਦੇਵਤੇ, ਰਿਖੀਸ਼ੁਰ, ਖੇਤਰਪਾਲ (ਨਾਮਾ, ਭੈਰਵ ਆਦਿ) ਬਾਹਲੇ (ਲੋਕਾਂ ਨੇ ਪੂਜਜ ਜਾਣਕੇ) ਕੱਠੇ ਕਰ (ਰੱਖੇ ਹਨ)। ੩.ਗਣ (ਨੰਦੀ ਗਣ, ਆਦਿ ਸ਼ਿਵਜੀ ਦੇ ਗਣ), ਗੰਧਰਬ, ਅਪੱਸਰਾਂ (= ਪਰੀਆਂ), ਕਿੰਨਰ, ਯੱਖ ਬਾਹਲੇ ਚਲਿੱਤ੍ਰਾਂ ਦੇ ਖੇਲਣ ਹਾਰੇ (ਭਾਵ ਜਾਦੂਗਰ ਆਦਿ)। ੪.ਰਾਖਸ਼, ਦਾਨਵ (=ਦਨੂ ਦੇ ਪੁੱਤ੍ਰ), ਦੈਂਤ (=ਦਿਤੀ ਦੇ ਪੁੱਤ੍ਰ), ਲੱਖਾਂ ਦੂਜੇ ਭਾਉ ਵਿਚ ਦੁਖੀ ਹੁੰਦੇ ਹਨ। (ਭਾਵ ਇਕ ਨੂੰ ਛੱਡ ਕੇ ਦੂਜੇ ਭਾਵ ਵਾਲੇ ਹਨ ਯਾ ਇਹਨਾਂ ਦੇ ਪੁਜਾਰੀ ਵਾਹਿਗੁਰੂ ਤੋਂ ਭੁੱਲ ਇਨ੍ਹਾਂ ਦੂਜਿਆਂ ਵਿਚ ਭਾਉ ਰੱਖ ਰੱਖ ਕੇ ਦੁਖੀ ਹਨ)। ੫.ਸਾਰੇ ਹਉਮੈ ਵਿਚ ਪਏ ਹਨ, ਗੁਰੂ ਬਹੁਤੇ ਚੇਲਿਆਂ ਸਣੇ (ਆਪ ਵੀ) ਡੁਬ ਗਏ ਹਨ। ੬.ਗੁਰਮੁਖ ਕੋਈ ਦਿੱਸਦਾ ਨਹੀਂ, (ਗੁਰੂ ਜੀ ਨੇ)ਤੀਰਥਾਂ ਦੇ ਮੇਲਿਆਂ ਪਰ ਜਾਤ੍ਰੀ ਖੋਜ ਦੇਖੇ। ੭.ਹਿੰਦੂ ਢੂੰਡੇ, ਤੁਰਕ (ਦੇਖੇ), ਸਾਰੇ ਪੀਰ, ਪੈਕੰਬਰ (ਆਦਿਕਾਂ ਦੀਆਂ ਰਚੀਆਂ ਹੋਈਆਂ) ਕੌਮ ਕਤੇਲ (=ਕਈ ਕੌਮਾਂ ਡਿੱਠੀਆਂ)†, ੮.(ਪਰ ਕੀ ਡਿੱਠਾ? ਕਿ) ਅੰਨ੍ਹਿਆਂ ਨੇ ਅੰਨ੍ਹਿਆਂ ਨੂੰ ਖੂਹ ਵਿਚ ਠੇਲ ਦਿੱਤਾ ਹੋਇਆ ਹੈ।

**ਭਾਵ**-ਗੁਰੂ ਜੀ ਨੇ ਸਾਰੇ ਫਿਰ ਫਿਰਕੇ ਕੀ ਡਿੱਠਾ ਕਿ ਆਗੂ ਭੀ ਹਉਮੈ ਵਿਚ ਫਸੇ ਪਏ ਹਨ

---

*ਜੈਨੀਆਂ ਦੇ ਵਡੇ ਬੀ ਸਿੱਧ ਅਖਵਾਉਂਦੇ ਹਨ।

†ਕੌਮ ਕਤੇਲ ਦਾ ਭਾਵ ਕਾਤਲ ਕੌਮਾਂ ਤੋਂ ਭੀ ਹੋ ਸਕਦਾ ਹੈ, ਜੋ ਤਲਵਾਰ ਦੀ ਧਾਰ ਨਾਲ ਆਪਣਾ ਮਤ ਤੋਰਦੀਆਂ ਹਨ।

ਤੇ ਚੇਲੇ ਭੀ ਹਉਮੈ ਵਿਚ ਦੁਖੀ ਹਨ, ਪਰਮਾਰਥ ਕਿਤੇ ਨਹੀਂ ਹੋ ਰਿਹਾ, ਸਭ ਥਾਂ ਧੋਖਾ ਤੇ ਵਿਹਾਰ ਯਾ ਹੰਕਾਰ ਦਾ ਤੋਰਾ ਤੁਰ ਰਿਹਾ ਹੈ।

**"ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ"** ॥੯੮॥ ਤੀਰਥਾਂ ਦੇ ਹਾਲਾਤ ਆਪ ਵੀ ਗੁਰੂ ਜੀ ਨੇ ਕਹੇ ਹਨ:-

**"ਤੀਰਥਿ ਜਾਉ ਤ ਹਉ ਹਉ ਕਰਤੇ ॥ ਪੰਡਿਤ ਪੂਛਉ ਤਾ ਮਾਇਆ ਰਾਤੇ॥੧॥**
**ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ॥"** (ਆਸਾ ਮ:੫- ੫੮)

ਅਗੇ ਹੁਣ ਸ੍ਰੀ ਗੁਰੂ ਜੀ ਦੇ ਤੀਰਥਾਂ ਦੇ ਤਜਰਬੇ ਦਾ ਜ਼ਿਕਰ ਕਰਦੇ ਕਰਦੇ ਭਾਈ ਸਾਹਿਬ ਜੀ ਆਖਦੇ ਹਨ ਕਿ ਐਸੀ ਦਸ਼ਾ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨੇ ਕਿਸ ਤਰ੍ਹਾਂ ਅਸਰ ਪਾਇਆ। ਅੰਧਕਾਰ ਵਿਚ ਸੂਰਜ ਦੀ ਤਰ੍ਹਾਂ ਗੁਰੂ ਦਾ ਪ੍ਰਕਾਸ਼ ਹੋਇਆ, ਸੱਤਿ ਮਾਰਗ ਪਸਰ ਗਿਆ ਤੇ ਅੰਧਕਾਰ ਉਡ ਗਿਆ। ਯਥਾ :-

## ੨੭. (ਗੁਰੂ ਸੂਰਯੋਦਯ)।

੧. ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
੨. ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ*।
੩. ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
੪. ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ।
੫. ਸਿਧਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।
੬. ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
੭. ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ।
੮. ਗੁਰਮੁਖਿ ਕਲਿ ਵਿਚਿ ਪਰਗਟ ਹੋਆ ॥੨੭॥

**ਪਦਾਰਥ**-(ਧੁੰਧ=ਗੁਬਾਰ। ਪਲੋਆ=ਨੱਸਿਆ। ਬੁਕੇ=ਭਬਕੇ)
(ਮਿਰਗਾਵਲੀ=ਹਰਨਾਂ ਦੀ ਡਾਰ। ਥਾਪਣਿ=ਗੱਦੀ। ਵਿਸੋਆ=ਵਿਸਾਖੀ।)
(ਢੋਆ=ਮੇਲ। ਗੁਰਮੁੱਖ=ਮੁੱਖ ਗੁਰੂ, ਸ਼ਰੋਮਣੀ ਗੁਰੂ।)

**ਅਰਥ**-੧.ਸਤਿਗੁਰੂ ਨਾਨਕ (ਜਦ) ਪ੍ਰਗਟ ਹੋਏ ਗੁਬਾਰ (ਅਗਯਾਨ ਦਾ) ਦੂਰ ਹੋ ਗਿਆ ਤੇ (ਗਿਆਨ ਦਾ) ਚਾਨਣ ਹੋ ਗਿਆ। ੨.ਜਿੱਕੁਰ ਸੂਰਜ ਦੇ ਚੜ੍ਹਿਆਂ ਤਾਰੇ ਛਪਦੇ ਤੇ ਹਨੇਰਾ ਨੱਸਦਾ ਹੈ। ੩.ਸ਼ੇਰ ਦੇ ਭਬਕਿਆਂ ਹਰਨਾਂ ਦੀ ਡਾਰ ਭੱਜਦੀ ਜਾਂਦੀ ਹੈ ਤੇ ਧੀਰਜ ਨਹੀਂ ਧਰਦੀ (ਇਉਂ ਪਾਪਾਂ ਨੂੰ ਭਾਜੜ ਪੈ ਗਈ)। ੪.ਜਿਥੇ ਬਾਬਾ ਚਰਨ ਰਖਦਾ ਸੀ ਓਥੇ ਪੂਜਾ ਦੇ ਆਸਣ ਦੀ (ਥਾਪਨਾ=) ਗੱਦੀ ਹੋ ਜਾਂਦੀ ਸੀ। ੫.ਜਗਤ ਦੇ ਸਾਰੇ ਪ੍ਰਸਿੱਧ ਆਸਣ (=ਅਸਥਾਨ) ਜੇਹੜੇ ਕੋਈ ਸਨ, ਸਭ ਨਾਨਕ ਮਤੇ (=ਗੁਰੂ ਆਸਣ ਪ੍ਰਸਿੱਧ ਹੋ ਗਏ। ਭਾਵ ਜਿੱਕੁਰ ਸਿੱਧਾਂ ਦੇ ਥਾਵਾਂ ਵਿਖੇ ਨਾਨਕ ਮਤਾ ਗੁਰੂ ਕਾ ਥਾਂ ਬਣ ਗਿਆ, ਇੱਕੁਰ ਥਾਂ ਥਾਂ ਗੁਰਦੁਆਰਾ ਹੋ ਗਿਆ)। ੬.ਘਰ ਘਰ ਵਿਖੇ ਧਰਮਸਾਲਾਂ ਹੋਈਆਂ ਅਰ ਕੀਰਤਨ ਹੋਣ ਲੱਗਾ (ਮਾਨੋ) ਸਦਾ ਵਿਸਾਖੀ ਰਹਿੰਦੀ ਹੈ। ੭.ਬਾਬੇ ਨੇ ਚਾਰੇ ਦਿਸ਼ਾ ਤਾਰ ਦਿੱਤੀਆਂ, ਨੌਖੰਡਾਂ ਪ੍ਰਿਥਵੀ ਵਿਖੇ ਸੱਚ ਦਾ ਮੇਲ ਹੋ ਗਿਆ। ੮.ਕਲਿਜੁਗ ਵਿਖੇ ਸਰੋਮਣੀ ਗੁਰੂ ਪ੍ਰਗਟ ਹੋ ਪਿਆ।

**ਭਾਵ**-ਕਲਜੁਗ ਦੀ ਅਤਿ ਭਯਾਨਕ ਦੁਰਦਸ਼ਾ ਦੱਸਕੇ ਬਿਆਨ ਕਰਦੇ ਹਨ ਕਿ ਉਸਦੇ ਉਧਾਰ ਨਮਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਲਿਆ, ਅਰ ਪਾਪਾਂ ਦਾ ਅੰਧਕਾਰ ਦੂਰ ਕੀਤਾ

*ਪਾ :- ਪਰੋਆ।

ਤੇ ਸਾਰੇ ਫਿਰ ਫਿਰਕੇ ਉਪਦੇਸ਼ ਨਾਲ ਨਿਹਾਲ ਕੀਤਾ।

## ੨੮. (ਸੁਮੇਰ ਜਾਣਾ)।

੧. ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੇ ਤਕਿ ਆਹੀ।
੨. ਫਿਰਿ ਜਾਇ ਚੜ੍ਹਿਆ ਸੁਮੇਰ ਪਰ, ਸਿਧ ਮੰਡਲੀ ਦ੍ਰਿਸਟੀ ਆਈ।
੩. ਚਉਰਾਸੀਹ ਸਿਧ ਗੋਰਖਾਦਿ, ਮਨਿ ਅੰਦਰਿ ਗਣਤੀ ਵਰਤਾਈ।
੪. ਸਿਧ ਪੁਛਣਿ ਸੁਣਿ ਬਾਲਿਆ ! ਕਉਣੁ ਸਕਤਿ ਤੁਹਿ ਏਥੇ ਲਿਆਈ।
੫. ਹਉ ਜਪਿਆ ਪਰਮੇਸਰੋ, ਭਾਉ ਭਗਤਿ ਸੰਗਿ ਤਾੜੀ ਲਾਈ।
੬. ਆਖਣਿ ਸਿਧ ਸੁਣਿ ਬਾਲਿਆ!ਅਪਣਾ ਨਾਉ ਤੁਮ ਦੇਹੁ ਬਤਾਈ?
੭. ਬਾਬਾ ਆਖੇ ਨਾਥ ਜੀ ! ਨਾਨਕ ਨਾਮ ਜਪੇ ਗਤਿ ਪਾਈ।
੮. ਨੀਚੁ ਕਹਾਇ ਊਚ ਘਰਿ ਆਈ ॥੨੮॥

**ਪਦਾਰਥ**-(ਗਣਤੀ=ਸੋਚ, ਫਿਕਰ। ਬਾਲਿਆ=ਹੇ ਬਾਲਕੇ, ਚੇਲੇ।)

**ਅਰਥ**-੧.ਬਾਬੇ (ਗੁਰੂ ਨਾਨਕ ਜੀ) ਨੇ ਨੌਂ ਖੰਡਾਂ ਵਾਲੀ ਧਰਤੀ ਜਿਥੋਂ ਤੀਕ ਸੀ ਦੇਖੀ। ੨. ਫਿਰ ਸੁਮੇਰ (ਨਾਮੇ ਪਹਾੜ) ਪਰ ਜਾ ਚੜ੍ਹੇ, (ਉਥੇ) ਸਿੱਧਾਂ ਦੀ (ਮੰਡਲੀ =) ਸਭਾ ਨਜ਼ਰੀਂ ਪਈ। ੩.(ਉਥੇ) ਗੋਰਖ ਆਦਿ ਚੌਰਾਸੀ ਸਿੱਧ (ਸਨ, ਉਨ੍ਹਾਂ ਦੇ) ਮਨ ਵਿਖੇ ਸੋਚ ਵਰਤ ਗਈ। ੪. ਸਿੱਧ ਪੁੱਛਣ ਲੱਗੇ, "ਸੁਣ ਹੇ ਬਾਲੇ! ਤੈਨੂੰ ਇਥੇ ਕਿਹੜੀ ਤਾਕਤ ਲਿਆਈ ਹੈ ?" ੫.(ਗੁਰੂ ਜੀ ਬੋਲੇ) "ਮੈਂ ਨਿਰੰਕਾਰ(ਦਾ ਨਾਮ) ਜਪਿਆ ਹੈ, ਪ੍ਰੇਮਾ ਭਗਤੀ ਨਾਲ ਸਮਾਧਿ ਲਾਈ ਹੈ।" ੬. ਸਿੱਧ ਬੋਲੇ, "ਸੁਣ ਬਾਲੇ ! ਤੂੰ ਆਪਣਾ ਨਾਮ (ਤਾਂ ਸਾਨੂੰ) ਦੱਸ ਦੇਹ"। ੭. ਬਾਬੇ ਨੇ ਕਿਹਾ, "(ਸੁਣੋ ਹੇ) ਨਾਥ ਜੀ ! ਨਾਨਕ (ਮੇਰਾ ਨਾਮ ਹੈ ਤੇ ਵਾਹਿਗੁਰੂ ਦਾ) ਨਾਮ ਜਪ ਕੇ ਗਤੀ ਪ੍ਰਾਪਤ ਕੀਤੀ ਹੈ।" ੮. ਨੀਚ ਕਹਾ ਕੇ ਉੱਚੇ ਦਰਜੇ ਵਿਚ ਆਈਦਾ ਹੈ।

**ਭਾਵ**-ਗੁਰੂ ਨਾਨਕ ਦੇਵ ਜੀ ਦਾ ਦੇਸ਼ ਦੇਸ਼ਾਂਤ੍ਰਾਂ ਵਿਚ ਫਿਰਨ ਬਹੁਤ ਹੈ, ਜਗਤ ਨੂੰ ਤਾਰਦੇ ਆਪ ਸੁਮੇਰੁ ਪਰ ਪਹੁੰਚੇ; ਏਥੇ ਸੁਮੇਰੁ ਤੋਂ ਭਾਵ ਹੈ ਕੈਲਾਸ਼ ਦਾ ਇਲਾਕਾ ਜਿੱਥੇ ਮਾਨ ਸਰੋਵਰ ਦੀ ਝੀਲ ਹੈ; ਇਨ੍ਹਾਂ ਸਿੱਧਾਂ ਨੇ ਆਪਣੇ ਤਕ ਗੁਰੂ ਜੀ ਦੀ ਪਹੁੰਚ ਵੇਖਕੇ ਸਿੱਧੀ ਦੀ ਸ਼ਕਤੀ ਪੁੱਛੀ। ਪਰ ਗੁਰੂ ਜੀ ਨੇ ਉੱਤਰ ਵਿਚ ਵੀ ਉਪਦੇਸ਼ ਦਿੱਤਾ ਕਿ ਅਸਾਂ ਨਾਮ ਜਪਿਆ ਤੇ ਪ੍ਰੇਮ ਕੀਤਾ ਹੈ, ਭਾਵ ਸਿੱਧੀਆਂ ਸਿੱਧ ਕਰਨ ਵਿਚ ਵਕਤ ਨਹੀਂ ਖੋਇਆ। ਜਦ ਉਨ੍ਹਾਂ ਨੇ ਨਾਮ ਪੁਛਿਆ ਤਾਂ ਬੀ ਉਪਦੇਸ਼ ਹੀ ਦਿੱਤਾ ਕਿ ਮੁਕਤੀ ਨਾਮ ਜਪੇ ਤੇ ਹੁੰਦੀ ਹੈ ਅਰ ਹੰਕਾਰ ਨੂੰ ਛੱਡਕੇ ਨਿੰਮ੍ਰਤਾ ਧਾਰਿਆਂ ਉੱਚ ਪਦ ਮਿਲਦਾ ਹੈ, **"ਆਪਸ ਕਉ ਜੋ ਜਾਣੈ ਨੀਚਾ॥ਸੋਊ ਗਨੀਐ ਸਭ ਤੇ ਊਚਾ॥" (ਗਉ: ਸੁਖ: ੩-੬)**

## ੨੯. (ਸਿੱਧਾਂ ਨਾਲ ਪ੍ਰਸ਼ਨੋਤ੍ਰ)।

੧. ਫਿਰਿ ਪੁਛਣਿ ਸਿਧ ਨਾਨਕਾ ! ਮਾਤ ਲੋਕ ਵਿਚਿ ਕਿਆ ਵਰਤਾਰਾ?
੨. ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।
੩. ਬਾਬੇ ਆਖਿਆ: ਨਾਥ ਜੀ ! ਸਚੁ ਚੰਦ੍ਰਮਾਂ ਕੂੜੁ ਅੰਧਾਰਾ।
੪. ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।
੫. ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।
੬. ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।


www.sikhbookclub.com

੭. ਜੋਗੀ ਗਿਆਨ ਵਿਹੂਣਿਆ ਨਿਸਿਦਿਨਿ ਅੰਗਿ ਲਗਾਇਨਿ ਛਾਰਾ।
੮. ਬਾਝੁ ਗੁਰੂ ਡੁਬਾ ਜਗੁ ਸਾਰਾ ॥੨੯॥

**ਪਦਾਰਥ**- (ਨਿਸਿਦਿਨਿ=ਰਾਤ ਦਿਨ।)

**ਅਰਥ**-੧.(ਤਦ) ਫੇਰ ਸਿੱਧਾਂ ਨੇ ਪੁੱਛਿਆ, "ਹੇ ਨਾਨਕਾ ! ਭਾਰਥ ਖੰਡ ਵਿਖੇ ਕੀ ਵਰਤਾਰਾ ਹੈ?" ੨.ਸਾਰੇ ਸਿਧਾਂ ਨੇ (ਗੁਰੂ ਜੀ ਦੇ ਕਥਨ ਅਰ ਤੇਜ ਤੋਂ) ਇਹ ਬੁੱਝ ਲਿਆ ਸੀ ਕਿ ਕਲਜੁਗ ਦੇ ਤਾਰਣ ਨੂੰ (ਆਇਆ ਇਹ) ਨਾਨਕ (ਗੁਰੂ) ਅਵਤਾਰ ਹੋਣਾ ਹੈ। ੩.ਬਾਬੇ ਨੇ ਕਿਹਾ: "ਹੇ ਨਾਥ ਜੀ ! ਸੱਚ ਚੰਦ੍ਰਮਾ ਹੈ ਤੇ ਝੂਠ ਅਨ੍ਹੇਰਾ ਹੈ. ੪.ਕੂੜ ਅਮਾਵਸ (ਦੀ ਰਾਤ ਵਾਙ) ਵਰਤ ਰਿਹਾ ਹੈ। ਮੈਂ ਸੰਸਾਰ ਵਿਖੇ (ਸੱਚ ਨੂੰ) ਲੱਭਣ ਲਈ ਚੜ੍ਹਿਆ ਹਾਂ। ੫.ਪਾਪ ਨੇ ਧਰਤੀ ਗ੍ਰਸ ਲੀਤੀ ਹੈ (ਧਰਮ) ਧਵਲ ਧਰਤੀ ਦੇ ਹੇਠ ਖੜੋਤਾ ਰੋ ਰਿਹਾ ਹੈ। ੬.ਸਿੱਧ ਤਾਂ ਪਹਾੜਾਂ ਵਿਖੇ ਲੁਕ ਬੈਠੇ ਹਨ, ਜਗਤ ਦੀ ਮੁਕਤ ਕੌਣ ਕਰੇ? ੭.ਜੋਗੀ* ਲੋਕ ਗਿਆਨ ਥੋਂ ਖਾਲੀ ਰਾਤ ਦਿਨ ਸਰੀਰ ਪੁਰ ਸਵਾਹ ਮਲ ਛੱਡਦੇ ਹਨ। ੮.ਗੁਰੂ ਥੋਂ ਬਿਨਾਂ ਸਾਰਾ ਜਗਤ ਡੁੱਬ ਰਿਹਾ ਹੈ।"

**ਭਾਵ**- ਗੁਰੂ ਜੀ ਨੇ ਸਿੱਧਾਂ ਨੂੰ ਦੱਸਿਆ ਹੈ ਕਿ ਤੁਸੀਂ ਜੋ ਵਡੇ ਸਿਧ ਹੋ ਪਰਬਤਾਂ ਵਿਚ ਲੁਕਕੇ ਸਿੱਧੀਆਂ ਵਿਚ ਮਸਤ ਹੋ ਰਹੇ ਹੋ ਤੇ ਜੋਗੀ ਲੋਕ, ਜੋ ਦੇਸ ਵਿਚ ਹਨ, ਉਹ ਸੁਆਹਾਂ ਮਲ ਕੇ ਮਸਤ ਹਨ, ਪਾਪ ਸਾਰੇ ਪਸਰ ਰਿਹਾ ਹੈ, ਸੱਚ ਕਿਤੇ ਨਜ਼ਰੀਂ ਨਹੀਂ ਪੈਂਦਾ। ਗੁਰੂ ਤੋਂ ਬਿਨਾਂ ਸੰਸਾਰ ਡੁੱਬ ਰਿਹਾ ਹੈ। ਇਸ ਕਥਨ ਵਿਚ ਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਤੁਸੀਂ ਆਪਣਾ ਫਰਜ਼, ਜਗਤ ਨੂੰ ਸ਼ੁਭ ਮਾਰਗ ਲਾਉਣ ਦਾ, ਭੁਲਾ ਬੈਠੇ ਹੋ ਤਾਂ ਤੇ ਇਸ ਕਲੇਸ਼ ਦੇ ਜ਼ਿੰਮੇਵਾਰ ਹੋ।

ਇਸ ਪਉੜੀ ਵਿਚ ਸੁਮੇਰ ਤੋਂ ਉਹ ਪਰਬਤ ਮੁਰਾਦ ਹੈ ਜਿੱਥੇ ਸਿਧ ਸਨਗੇ, ਅਰ ਮਾਤ ਲੋਕ ਉਹ ਮੈਦਾਨੀ ਥਾਂ ਸੀ, ਜਿਥੇ ਲੋਕ ਦੁਖੀ ਸਨ, ਤੇ ਜਿਸ ਦੇ ਮੁਕਾਬਲੇ ਪਰ ਪਰਬਤ ਹਨ ਕਿ ਜਿੱਥੇ ਸਿੱਧ ਲੁਕੇ ਬੈਠੇ ਸਨ। ਸੁਮੇਰ ਤੋਂ ਸੁਰਗ ਤੇ ਮਾਤ ਲੋਕ ਤੋਂ ਹੇਠਲੀ ਇਹ ਧਰਤੀ ਮੁਰਾਦ ਨਹੀਂ ਹੈ। ਸੁਮੇਰ ਨੂੰ ਕਈ ਲੋਕ ਛੋਟੇ ਏਸ਼ੀਆ ਦਾ ਉੱਚ ਸਥਲ, ਤੇ ਕਈ ਹਿਮਾਲੇ ਦਾ ਜੋਗੀ ਨਿਵਾਸ ਸਥਾਨ ਸਮਝਦੇ ਹਨ†।

ਅਗਲੀ ਪਉੜੀ ਵਿਚ ਬੀ ਗੁਰੂ ਜੀ ਸਿੱਧਾਂ ਨੂੰ ਮਾਤ ਲੋਕ ਦਾ ਹਾਲ ਦੱਸ ਰਹੇ ਹਨ :-

## ੩੦. (ਭਾਰਤ ਦੀ ਦੁਰਦਸ਼ਾ)।

੧. ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
੨. ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
੩. ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
੪. ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
੫. ਸੇਵਕ ਬੈਠਨਿ ਘਰਾ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।
੬. ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕ ਗਵਾਈ।

---

*ਭਾਵ- ਉਹ ਜੋਗੀ ਜੋ ਦੇਸ਼ ਵਿਚ ਫਿਰ ਰਹੇ ਹਨ।

†ਹਿਮਾਲੇ ਦਾ ਮਾਨ ਸਰੋਵਰ ਦਾ ਇਲਾਕਾ, ਇਸ ਥਾਂਵੇਂ ਸੁਮੇਰ ਦੀ ਮੁਰਾਦ ਸਹੀ ਹੁੰਦਾ ਹੈ; ਕਿਉਂਕਿ ਜਨਮ ਸਾਖੀ ਵਿਚ ਸੁਮੇਰ ਜਾਣ ਤੋਂ ਪਹਿਲਾਂ 'ਸਵਾ ਲਾਖ ਪਰਬਤ ਲੰਘਿਆ' ਲਿਖਿਆ ਹੈ ਅਰਥਾਤ 'ਸ਼ਿਵਾਲਕ ਪਹਾੜ' ਲੰਘਕੇ ਗਏ ਸਨ। ਸ਼ਿਵਾਲਕ ਲੰਘਕੇ ਹਿਮਾਲਾ ਉਤੇ ਹੀ ਚੜ੍ਹੀਦਾ ਹੈ।

੭. ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ॥
੮. ਵਰਤਿਆ ਪਾਪ ਸਭਸ ਜਗ ਮਾਂਹੀ ॥੩੦॥

**ਪਦਾਰਥ**-(ਕਲਿ ਆਈ=ਕਲਜੁਗ ਵਰਤ ਗਿਆ। ਕੂੜੁ=ਝੂਠ, ਅਸੱਤਿ।) (ਕਾਜ਼ੀ=ਉਸ ਸਮੇਂ ਦੇ ਨਯਾਇ ਕਰਤਾ। ਦਾਮਹਿਤੁ=ਪੈਸੇ ਦਾ ਪਯਾਰ।)

**ਅਰਥ**-੧.ਹੇ ਗੁਸਾਈਂ ! ਕਲਜੁਗ (ਦੀ ਸ੍ਰਿਸ਼ਟੀ) ਕੁੱਤੇ ਮੂੰਹੀਂ ਹੋ ਗਈ ਹੈ (ਹੱਕ ਬੇਹੱਕ ਨਹੀਂ ਦੇਖਦੀ) ਤੇ ਖਾਣਾ (ਇਸਦਾ) ਮੁਰਦਿਆਂ ਦਾ ਮਾਸ (= ਅਣਹੱਕ) ਹੋ ਗਿਆ ਹੈ। ੨.ਰਾਜੇ ਪਾਪ ਕਰਦੇ ਹਨ, ਵਾੜ, (ਜਿਹੜੀ ਖੇਤ ਦੀ ਰਾਖੀ ਸੀ), ਉਲਟਾ ਖੇਤ ਨੂੰ ਖਾਂਦੀ ਹੈ। ੩.ਪਰਜਾ ਗਿਆਨ ਬਾਝ ਅੰਨ੍ਹੀ ਹੋ ਰਹੀ ਹੈ ਤੇ ਕੂੜ ਕੁਧਰਮ ਮੂੰਹੋਂ ਬੋਲਦੀ ਹੈ। ੪.ਚੇਲੇ (ਛੈਣੇ ਆਦਿ) ਸਾਜ਼ ਵਜਾਉਂਦੇ ਹਨ ਤੇ ਗੁਰੂ ਬਹੁਤ ਤਰ੍ਹਾਂ ਨਾਲ ਨੱਚਦੇ ਹਨ, ਹੇ ਭਾਈ ! ੫.ਸੇਵਕ ਘਰਾਂ ਵਿਖੇ ਬੈਠੇ ਰਹਿੰਦੇ ਹਨ, ਗੁਰੂ ਉੱਠਕੇ ਉਨ੍ਹਾਂ ਦੇ ਘਰੀਂ ਜਾਂਦੇ ਹਨ। ੬.ਕਾਜ਼ੀ ਵੱਢੀ ਖੋਰੇ ਹੋ ਗਏ ਹਨ, ਵੱਢੀ ਲੈ ਕੇ (ਪਰਾਇਆ) ਹੱਕ ਗਵਾ ਦਿੰਦੇ ਹਨ। ੭.ਇਸਤ੍ਰੀ ਦਾ ਭਰਤੇ ਨਾਲ ਦਾਮ ਹਿਤ (=ਪੈਸੇ ਦਾ ਪਯਾਰ) ਹੋ ਗਿਆ ਹੈ; (ਖਾਂ ਕੁਖਾਂ) ਭਾਵੇਂ ਕਿਤੇ ਜਾਵੇ ਆਵੇ। ੮.ਸਾਰੇ ਜੱਗ ਵਿਖੇ ਪਾਪ ਦਾ ਵਰਤਾਰਾ ਹੋ ਰਿਹਾ ਹੈ।

**ਭਾਵ**-ਮਾਤ ਲੋਕ ਦੀ ਦਸ਼ਾ ਦੱਸਦੇ ਹਨ :- ੧.ਹੱਕ ਨਾਹੱਕ ਦੀ ਵਿਚਾਰ ਨਹੀਂ ਰਹੀ, ੨.ਰਾਜੇ ਜ਼ਾਲਮ ਹਨ। ੩.ਪਰਜਾ ਵਿਚ ਅਗਯਾਨ ਹੈ, ਤੇ ਝੂਠੀ ਹੋ ਗਈ ਹੈ। ੪.ਧਰਮ ਦੇ ਉਪਦੇਸ਼ਕ ਰਾਸ ਮੰਡਲਾਂ ਤੇ ਲੀਲਾ ਵਿਚ ਰੁੱਝ ਰਹੇ ਹਨ। ੫.ਗੁਰੂ ਚੇਲੇ ਦਾ ਤਅੱਲਕ ਉਲਟ ਗਿਆ ਹੈ, ਗੁਰੂ ਚੇਲਿਆਂ ਨੂੰ ਲੱਭਦੇ ਫਿਰਦੇ ਹਨ ਤੇ ਉਨ੍ਹਾਂ ਦੇ ਘਰੀਂ ਜਾਕੇ ਜਾਲ ਵਿਛਾਕੇ ਚਿੜੀਆਂ ਫਾਹੁੰਦੇ ਹਨ; ੬.ਨਿਆਉਂ ਕਰਨਾ ਜਿਨ੍ਹਾਂ ਦੇ ਹੱਥ ਹੈ, ਉਹ ਰਿਸ਼ਵਤ ਖੋਰੇ ਹੋ ਗਏ ਹਨ, ੭.ਗ੍ਰਿਹਸਤ ਧਰਮ ਨਸ਼ਟ ਹੋ ਗਿਆ ਹੈ, ਇਸਤ੍ਰੀ ਭਰਤੇ ਦਾ ਪਿਆਰ ਪੈਸੇ ਦਾ ਪਿਆਰ ਰਹਿ ਗਿਆ ਹੈ, ਪਤਿਬ੍ਰਤ ਧਰਮ ਸਤਿਬ੍ਰਤ ਧਰਮ, ਦੋਵੇਂ ਉਡ ਗਏ ਹਨ। ੮.ਗੱਲ ਕੀ ਪਾਪ ਸਾਰੇ ਪਸਰ ਰਿਹਾ ਹੈ।

## ੩੧. (ਗੁਰੂ ਪ੍ਰੀਖਿਆ)।

੧. ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।
੨. ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।
੩. ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।
੪. ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।
੫. ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।
੬. ਫਿਰਿ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀਂ ਉਸਿ ਤਾਲਾ।
੭. ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।
੮. ਕਲਿਜੁਗਿ ਨਾਨਕ ਨਾਮੁ ਸੁਖਾਲਾ ॥੩੧॥

**ਪਦਾਰਥ**-(ਦਰਸਨ=ਭੇਖ। ਉਜਿਆਲਾ=ਰੋਸ਼ਨ। ਖੱਪਰ=ਚਿੱਪੀ)

**ਅਰਥ**-੧.ਸਿੱਧਾਂ ਨੇ ਮਨ ਵਿਖੇ ਸੋਚ ਕੀਤੀ ਕਿ ਕਿਸੇ ਤਰ੍ਹਾਂ ਇਹ ਬਾਲਕਾ (ਜੋਗੀ) ਭੇਖ ਲਵੇ। ੨.(ਕਿਉਂ ਜੋ) ਅਜਿਹਾ ਜੋਗੀ ਕਲੀ ਵਿਖੇ ਸਾਡੇ ਪੰਥ ਨੂੰ ਰੌਸ਼ਨ ਕਰ ਦੇਵੇਗਾ। ੩.(ਤਦ) ਨਾਥ ਨੇ ਚਿੱਪੀ ਦਿੱਤੀ, ਪਾਣੀ ਭਰਨ ਲਈ (ਬਾਬਾ) ਉੱਠ ਤੁਰਿਆ। ੪.(ਜਦ) ਬਾਬਾ ਪਾਣੀ ਕੋਲ ਆਇਆ (ਅੱਗੋਂ) ਰਤਨ ਜਵਾਹਰ ਤੇ ਮਾਣਕ ਡਿੱਠੇ। ੫.ਸਤਿਗੁਰੂ ਵੱਡੇ ਅਗਮ ਤੇ ਪੂਰਣ ਪੁਰਖ (ਸਨ, ਉਸ) ਗੁਰੂ ਦੀ ਝਾਲ ਕੌਣ ਝੱਲੇ ? ੬.ਗੁਰੂ (ਬਾਬਾ) ਮੁੜ ਆਇਆ (ਤੇ ਗੋਰਖ ਨੂੰ ਕਿਹਾ:-) ਨਾਥ ਜੀ! ਉਸ ਥਾਵੇਂ ਤਾਲ ਵਿਚ ਪਾਣੀ ਨਹੀਂ ਹੈ। (ਭਾਵੇਹ ਕਿ ਨਾਥ ਦਾ ਛਲ ਨਾਥ ਪਰ ਵਿਦਤ ਕਰ

ਦਿੱਤਾ* )। ੭.(ਗੁਰੂ ਜੀ ਨੇ) ਸ਼ਬਦ ਨਾਲ ਸਾਰੀ ਸਿੱਧ ਮੰਡਲੀ ਜਿੱਤ ਲੀਤੀ, ਆਪਣਾ ਪੰਥ ਵੱਖਰਾ ਕੀਤਾ। ੮.ਕਲਜੁਗ ਵਿਖੇ (ਗੁਰੂ) ਨਾਨਕ (ਦਾ ਦੱਸਿਆ ਹੋਇਆ) ਨਾਮ ਹੀ ਸੁੱਖਾਂ ਦਾ ਘਰ ਹੈ।

**ਭਾਵ**:-ਗੋਰਖ ਨਾਥ ਨੇ ਗੁਰੂ ਜੀ ਨੂੰ ਲਾਲਚ ਨਾਲ ਆਪਣੇ ਮਤ ਵਿਖੇ ਲਿਆਉਣ ਲਈ ਤਲਾਉ ਵਿਖੇ ਰਤਨ ਤੇ ਮਾਣਿਕ ਭਰ ਦਿੱਤੇ ਕਿ ਗੁਰੂ ਜੀ ਦੇਖਕੇ ਭਰਮ ਜਾਣਗੇ। ਗੁਰੂ ਜੀ ਦੀ ਝਾਲ ਕੌਣ ਝੱਲੇ, ਉਨ੍ਹਾਂ ਨੂੰ ਹੀਰੇ ਜਵਾਹਰਾਂ ਦੀ ਜ਼ਰਾ ਭੀ ਚਾਹ ਨ ਫੁਰੀ। ਜਦ ਹੈਰਾਨ ਹੋ, ਗੋਰਖ ਨਾਥ ਨੇ ਆਪਣੀ ਵਰਤਾਈ ਮਾਯਾ ਵਲ ਤੱਕਿਆ ਤਾਂ ਉਸ ਦੀ ਰਚਨਾਂ ਗੁੰਮ ਸੀ। ਫੇਰ ਸ਼ਬਦ ਦੀ ਚਰਚਾ ਹੋਈ, ਜਿਸ ਵਿਚ ਜੋਗੀ ਸਿੱਧ ਸਾਰੇ ਹਾਰ ਗਏ, ਗੁਰੂ ਜੀ ਨੇ ਆਪਣਾ ਪੰਥ ਨਿਰਾਲਾ ਕਰਕੇ ਉਨ੍ਹਾ ਨੂੰ ਦਿਖਾ ਦਿੱਤਾ। ਇਹ ਚਰਚਾ ''ਸਿਧ ਗੋਸ਼ਟ'' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਜਿਸ ਦਾ ਭਾਵ ਇਹ ਹੈ ਕਿ ਕਲਜੁਗ ਵਿਚ 'ਨਾਮ' ਹੀ ਸਾਧਨ ਹੈ, ਅਰ ਬਹੁਤ ਸਿੱਧਾ ਤੇ ਮੁਕੰਮਲ ਯਤਨ ਹੈ, ਜੁ ਗੁਰੂ ਜੀ ਦਾ ਮਤ ਹੈ।

## ੩੨. (ਮੱਕੇ ਦੀ ਯਾਤ੍ਰਾ)।

੧. ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
੨. ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।
੩. ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
੪. ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।
੫. ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫ਼ਰ ਕੁਫ਼ਾਰੀ ?
੬. ਲਤਾ ਵਲਿ ਖੁਦਾਇਦੇ ਕਿਉ ਕਰਿ ਪਇਆ ਹੋਇ ਬਜਿਗਾਰੀ।
੭. ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।
੮. ਹੋਇ ਹੈਰਾਨੁ ਕਰੇਨਿ ਜੁਹਾਰੀ ॥੩੨॥

**ਪਦਾਰਥ**-(ਬਨਵਾਰੀ=ਹਰੀ ਕੂਜਾ=ਅਸਤਾਵਾ, ਲੋਟਾ। ਮਹਿਰਾਬ=ਡਾਟ,)
(ਖਾਸ ਥਾਉਂ ਮੱਕੇ ਦੀ। ਜੀਵਣ=ਨਾਮ। (ਅ) ਜੀ ਵੱਟਕੇ, ਜ਼ੋਰ ਨਾਲ।)
(ਕੁਫ਼ਰ=ਵਾਹਿਗੁਰੂ ਦੀ ਏਕਤਾ ਨੂੰ ਨਾ ਮੰਨਣਾ। ਕੁਫ਼ਾਰੀ=ਨਾਸ਼ੁਕਰਾ।)
(ਬਜਿਗਾਰੀ-(ਫ਼ਾ:ਬਜ਼ਹਕਾਰ) ਪਾਪੀ। ਜੁਹਾਰੀ=ਨਮਸਕਾਰ।)

**ਅਰਥ**-੧.ਬਾਬਾ ਫੇਰ ਮੱਕੇ ਨੂੰ ਗਿਆ, ਨੀਲੇ ਕਪੜੇ ਪਹਿਨਕੇ (ਮਾਨੋ) 'ਬਨਵਾਰੀ' ਰੂਪ ਧਾਰਕੇ। ੨.ਆਸਾ ਹੱਥ ਵਿਖੇ, ਕਿਤਾਬ ਕੱਛ ਵਿਚ, ਅਸਤਾਵਾ ਤੇ ਬਾਂਗ (ਦੇਣ ਵਾਲਾ ਮੁਸੱਲਾ=) ਆਸਣ ਬੀ ਹੈਸੀ। ੩.ਮਸੀਤ ਵਿਚ ਜਾ ਕੇ ਬੈਠ ਗਿਆ, ਜਿੱਥੇ ਹਾਜੀਆਂ (=ਮੱਕੇ ਦੇ ਜਾਤ੍ਰੀਆਂ) ਨੇ ਹੱਜ ਕੀਤਾ। ੪.ਜਦ ਰਾਤ ਪਈ ਤਾਂ ਬਾਬਾ ਮੱਕੇ ਦੀ ਵਲ ਲੱਤਾਂ ਪਸਾਰ ਕੇ ਸੌਂ ਗਿਆ। ੫.ਜੀਵਣ†(ਨਾਮੇ ਮੁੱਲਾਂ

*ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰ: ਧਿਆ ੬੩ ਅੰਕ ੩੯, ੪੦, ੪੧ ਵਿਚ ਐਉਂ ਲਿਖਿਆ ਹੈ :-ਖੱਪਰ ਦਿਤਾ ਨਾਥ ਨੇ, ਬਾਲੇ ਤਾਲ ਬਿਲੋਕ। ਪਾਨੀ ਆਨਹੁ ਤਹਾਂ ਤੇ ਹੂਜੇ ਸਦਾ ਅਸ਼ੋਕ। ਲੇਕਰ ਗਮਨੇ ਤਾਲ ਢਿਗ ਮਾਣਿਕ ਲਾਲ ਬਿਸਾਲ। ਪੂਰਨ ਸਰ ਅਵਲੋਕ ਕੈ ਠਾਂਢੇ ਰਹੇ ਕ੍ਰਿਪਾਲ। ਜਗਮਗ ਜਗਮਗ ਕਰਤ ਹੈਂ ਤਹਾਂ ਜਵਾਹਰ ਭੂਰ। ਗੋਰਖ ਕੋ ਛਲ ਜਾਨਕੈ ਹਟਿਆਏ ਜਗ ਮੂਰ। ਕਹਯੋ ਆਨ :- ਤਹਿ ਨੀਰ ਨਹਿੰ, ਖੱਪਰ ਲੇਹੁ ਸੰਭਾਲ। ਬੈਠੇ ਬਹੁਰ ਸਮੀਪ ਹ੍ਵੈ ਸ੍ਰੀ ਗੁਰ ਦੀਨ ਦਯਾਲ।

†ਹਿੰਦੁਸਤਾਨ ਤੋਂ ਕਈ ਲੋਕ ਮੱਕੇ ਜਾ ਰਹਿੰਦੇ ਸਨ, ਜਿਵੇਂ ਤੀਰਥਾਂ ਤੇ ਘਰ ਬਾਰ ਛੱਡ ਕੇ ਵੈਰਾਗੀ ਜਾ ਰਹਿੰਦੇ ਹਨ। ਜੇ 'ਜੀਵਣ' ਨਾਮ ਸਮਝੀਏ ਤਾਂ'ਜੀਵਣ'ਨਾਮ ਕਿਸੇ ਐਸੇ ਹਿੰਦ ਤੋਂ ਗਏ ਸੇਵਕ ਦਾ ਜਾਪਦਾ ਹੈ।

ਨੇ ਵੱਟਕੇ) ਲੱਤ ਦੀ (ਚੋਟ) ਮਾਰੀ (ਤੇ ਕਿਹਾ) 'ਕਿਹੜਾ ਨਾਸ਼ੁਕਰਾ ਕਾਫ਼ਰ ਇਥੇ ਸੁੱਤਾ ਹੈ? ੬.ਲੱਤਾਂ ਖ਼ੁਦਾ ਦੀ ਵੱਲ ਕੀਤੀਆਂ ਹਨ; ਕਿਉਂ ਪਾਪੀ ਹੋ ਕੇ ਲੰਮਾ ਪੈ ਰਿਹਾ ਹੈ'? ੭.(ਜਦ ਉਸ ਨੇ) ਟੰਗੋਂ ਫੜਕੇ ਘਸੀਟਿਆ (ਅਜਿਹੀ ਗੁਰੂ ਜੀ ਨੇ) ਸ਼ਕਤੀ ਦਿਖਾਈ ਕਿ ਮੱਕਾ ਬੀ ਫਿਰ ਗਿਆ*। ੮.ਸਾਰੇ ਅਸਚਰਜ ਹੋਕੇ (ਫਿਰ) ਲੱਗੇ ਨਮਸਕਾਰਾਂ ਕਰਨ।

**ਭਾਵ**-ਗੁਰੂ ਜੀ ਮੱਕੇ ਦੇ ਮੌਲਵੀਆਂ ਦਾ ਹੰਕਾਰ ਤੋੜਨ ਲਈ ਉਨ੍ਹਾਂ ਦਾ ਹੀ ਭੇਖ ਧਾਰਕੇ ਮੱਕੇ ਜਾ ਪੁੱਜੇ। ਬਨਵਾਰੀ ਵਿਸ਼ੇਸ਼ਣ ਦਾ ਭਾਵ ਇਹ ਹੈ ਕਿ ਫਤੇ ਦਾ ਚਿੰਨ੍ਹ ਵੈਜਯੰਤੀ ਮਾਲਾ ਪਹਿਲੇ ਹੀ ਮਾਨੋ ਗਲ ਵਿਖੇ ਪਹਿਰੀ ਹੋਈ ਸੀ।

ਜਿਧਰ ਗੁਰੂ ਜੀ ਦੀਆਂ ਲੱਤਾਂ ਕਰਨ, ਉਧਰ ਹੀ ਮੱਕੇ ਹੁਰੀਂ ਪਏ ਫਿਰਨ। ਧੁਨੀ ਇਹ ਕਿ ਈਸ਼੍ਵਰ ਭਗਤਾਂ ਦੇ ਅਧੀਨ ਹੈ "**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੇ ਭਗਤੁ ਨ ਛੂਟੈ ਮੋਹਿ ॥ ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋਪੈ ਜਬਾਬੁ ਨ ਹੋਇ॥**" ਮੁਕਦੀ ਗੱਲ ਸਾਰੇ ਮੁਲਾਣੇ ਸ਼ਰਣੀ ਡਿੱਗ ਪਏ ਤੇ ਸਤਿਗੁਰੂ ਜੀ ਦੀ ਅਲੂਹੀਅਤ ਦੇ ਕਾਇਲ ਹੋ ਗਏ।

## ੩੩. (ਕਾਜ਼ੀਆਂ ਮੁੱਲਾਂ ਨਾਲ ਪ੍ਰਸ਼ਨੋਤਰ)।

੧. ਪੁਛਨਿ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ।
੨. ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
੩. ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
੪. ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋ ਰੋਈ।
੫. ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
੬. ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
੭. ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ।
੮. ਰਾਹਿ ਸੈਤਾਨੀ ਦੁਨੀਆਂ ਗੋਈ ॥੩੩॥

**ਪਦਾਰਥ**-(ਈਮਾਨ=ਮਜ਼ਹਬ। ਅਮਲਾਂ=ਕਰਣੀ। ਢੋਈ=ਆਸਰਾ।)

**ਅਰਥ**-੧.ਕਾਜ਼ੀ ਤੇ ਮੁੱਲਾਂ ਇਕੱਠੇ ਹੋ ਕੇ ਮਜ਼ਹਬ ਦੀ ਗੱਲ ਪੁੱਛਣ ਲੱਗੇ। ੨.(ਈਸ਼੍ਵਰ ਨੇ) ਵੱਡਾ (ਸਾਂਗ=) ਪਸਾਰਾ ਵਰਤਾਇਆ ਹੈ, ਉਸ ਦੀ ਮਾਯਾ ਦਾ ਅੰਤ ਨਹੀਂ ਪਾ ਸਕੀਦਾ। ੩.ਕਿਤਾਬਾਂ ਨੂੰ ਫੋਲਕੇ ਪੁੱਛਣ ਲੱਗੇ: "ਹਿੰਦੂ (ਮਜ਼੍ਹਬ) ਵੱਡਾ ਹੈ ਕਿ ਮੁਸਲਮਾਨੀ"? ੪.ਬਾਬੇ ਨੇ ਹਾਜੀਆਂ ਨੂੰ ਕਿਹਾ: "ਨੇਕ ਅਮਲਾਂ (=ਕਰਣੀ) ਥੋਂ ਬਾਝ ਦੋਵੇਂ ਪਏ ਰੋਂਦੇ ਹਨ। ੫.ਹਿੰਦੂ ਅਤੇ ਮੁਸਲਮਾਨ ਦੋਵੇਂ (ਕੇਵਲ ਹਿੰਦੂ ਯਾ ਮੁਸਲਮਾਨ ਹੋਣ ਕਰਕੇ ਰੱਬ ਦੀ) ਦਰਗਾਹ (=ਕਚਹਿਰੀ) ਵਿਚ ਪਨਾਹ ਨਹੀਂ ਲੈਣਗੇ। ੬.ਕੁਸੁੰਭੇ ਦਾ ਕੱਚਾ ਰੰਗ ਹੈ ਪਾਣੀ ਨਾਲ ਧੋਤਿਆਂ ਥਿਰਤਾ ਨਹੀਂ ਲੈਂਦਾ (ਭਾਵ ਉਤਰ ਜਾਂਦਾ ਹੈ)। ੭.ਆਪੋ ਵਿਖੇ (ਲੋਕ) ਈਰਖਾ ਕਰਦੇ ਹਨ, ਰਾਮ ਤੇ ਰਹੀਮ ਇਕੋ ਥਾਂ ਖਲੋਤੇ ਹਨ, (ਭਾਵ ਦਰਜਾ ਬਰਾਬਰ ਹੈ)। ੮.ਸ਼ੈਤਾਨੀ ਰਾਹ (=ਬਦੀ ਦੇ ਰਸਤਿਆਂ) ਵਿਖੇ ਦੁਨੀਆਂ ਭੁੱਲੀ ਪਈ ਫਿਰਦੀ ਹੈ॥"

**ਭਾਵ**-ਕਾਜ਼ੀਆਂ ਦਾ ਪ੍ਰਸ਼ਨ ਹਿੰਦੂ ਮੁਸਲਮਾਨ ਦੀ ਬਹਿਸ ਦਾ ਸੀ, ਗੁਰੂ ਜੀ ਦਾ ਯਥਾਰਥ ਵਾਕ ਸੀ ਕਿ ਸ਼ੁਭ ਅਮਲ ਚਾਹੀਏ। ਫਿਰ ਆਪ ਨੇ ਵਕਤ ਦਾ ਵਰਤਾਰਾ ਦੱਸਿਆ ਕਿ ਦੋਵੇਂ ਕਸੁੰਭੇ ਦੇ ਰੰਗ ਵਾਂਗ ਹਨ। ਪਾਪ ਕਰਦੇ ਹੋਏ ਜ਼ਾਹਰੀ ਮੂਰਤਾਂ ਵਿਚ ਛੁਪਾ ਕੇ ਧਰਮੀ ਬਣਦੇ ਹਨ; ਪਰ ਇਹ

*ਮੱਕੇ ਦਾ ਜਗਾ ਛੱਡਕੇ ਫੇਰ ਆ ਟਿਕਣਾ ਅਰਥਾਤ 'ਨਕਲ ਮਕਾਨੀ' ਮੁਸਲਮਾਨ ਲੇਖਕ ਕਈ ਆਪ ਮੰਨਦੇ ਹਨ। ਦੇਖੋ ਸੰਪਾਦਿਤ ਗੁਰ ਨਾਨਕ ਪ੍ਰਕਾਸ਼ ਸਫ਼ਾ ੬੨੮।

ਰੰਗ ਨਹੀਂ ਰਹਿ ਸਕਦਾ। ਫੇਰ ਰਾਮ ਤੇ ਰਹੀਮ ਤਾਂ ਇੱਕੋ ਗੱਲ ਕਹਿੰਦੇ ਹਨ 'ਕਰਨੀ ਕਰੋ' ਤੇ ਹਿੰਦੂ ਮੁਸਲਮਾਨ ਆਪੋ ਵਿਚ ਲੜਦੇ ਹਨ। ਇਹ ਮੂਰਖਤਾ ਹੈ। ਇਹ ਬਖੀਲੀ, ਕਪਟ, ਤੇ ਸ਼ੁਭ ਕਰਮਾਂ ਦੀ ਕਮੀ ਸ਼ੈਤਾਨੀ ਰਮਤਾ ਹੈ, ਖ਼ੁਦਾ ਦਾ ਨਹੀਂ, ਸੋ ਹਿੰਦੂ ਮੁਸਲਮਾਨ ਦੋਵੇਂ ਇਸ ਪਰ ਚਲ ਰਹੇ ਹਨ।

## ੩੪.(ਮੱਕੇ ਦੀ ਦਿਗ ਵਿਜਯ)।

੧. ਧਰੀ ਨੀਸਾਣੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ।
੨. ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝੁ ਨ ਖਾਲੀ ਜਾਈ।
੩. ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
੪. ਛਪੇ ਨਾਹਿ ਛਪਾਇਆ ਚੜਿਆ ਸੂਰਜੁ ਜਗੁ ਰੁਸਨਾਈ।
੫. ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ।
੬. ਚੜਿਆ ਚੰਦੁ ਨ ਲੁਕਈ ਕਢਿ ਕੁਨਾਲੀ ਜੋਤਿ ਛਪਾਈ।
੭. ਉਗਵਣਿ ਤੇ ਆਥਵਣੋ ਨਉਖੰਡ ਪ੍ਰਿਥਮੀ ਸਭਾ ਝੁਕਾਈ।
੮. ਜਗ ਅੰਦਰਿ ਕੁਦਰਤਿ ਵਰਤਾਈ ॥੩੪॥

**ਪਦਾਰਥ**-(ਕੌਸ=ਖਉਂਸ, ਖੂਟੀ ਬਿਨਾ ਖੜਾਂਵ॥ ਗੁਆਈ=ਗੁਆ ਕੇ।)
(ਕੁਨਾਲੀ = ਸਾਣ੍ਹਕ। ਉਗਵਣਿ ਤੇ ਆਥਵਣੋ - ਉਦਯ ਅਸਤ ਤੀਕ। ਪੂਰਬ ਪਛਮ।)

**ਅਰਥ**-੧.ਮੱਕੇ ਵਿਚ (ਆਪਣੀ) ਪੂਜਾ ਕਰਵਾਈ ਤੇ ਕੌਂਸ* ਦੀ ਨਿਸ਼ਾਨੀ ਧਰੀ (ਅਥਵਾ ਦਿੱਤੀ)। ੨.ਜਿੱਥੇ ਜਾਏ ਬਾਬਾ ਜਗਤ ਵਿਖੇ (ਲੋਕਾਂ ਨੂੰ ਤਾਰਦਾ) ਫਿਰੇ, ਕੋਈ ਖਾਲੀ ਥਾਉਂ ਨਾ ਰਹੀ (ਜਿੱਥੇ ਉਪਦੇਸ਼ ਦੀ ਵਰਖਾ ਨਾ ਕੀਤੀ ਹੋਵੇ)। ੩.ਘਰ ਘਰ ਵਿਚ (ਲੋਕ) ਬਾਬੇ ਨੂੰ ਪੂਜਣ ਲੱਗ ਪਏ, ਹਿੰਦੂ ਮੁਸਲਮਾਨ (ਦਾ ਫਿਰਕੂਪੁਣਾ) ਗੁਆਕੇ†। ੪.ਜਦ ਸੂਰਜ ਚੜ੍ਹਿਆ, ਜਗਤ ਵਿਖੇ ਰੌਸ਼ਨੀ ਹੋ ਗਈ, ਹੁਣ (ਕਿਸੇ ਦਾ) ਛਪਾਇਆ ਕਿਵੇਂ ਬੀ ਨਹੀਂ ਛਪਦਾ। ੫.ਉਜਾੜ ਵਿਖੇ ਜਦ ਸ਼ੇਰ ਨੇ ਭਬਕ ਮਾਰੀ, ਸਾਰੀ ਹਰਨਾਂ ਦੀ ਡਾਰ ਨੂੰ ਭਾਜੜ ਪੈ ਗਈ। ੬.ਚੜ੍ਹਿਆ ਚੰਦ ਲੁਕਾਇਆ ਨਹੀਂ ਜਾ ਸਕਦਾ (ਭਲਾ ਜੇ ਕੋਈ) ਕੁਨਾਲੀ ਕੱਢਕੇ (ਉਸਦੀ) ਜੋਤ ਨੂੰ ਛੁਪਾਉਣਾ ਚਾਹੇ ਤਾਂ। ੭.ਉਦਯ ਅਸਤ ਤੀਕ ਨੌਖੰਡ ਪ੍ਰਿਥਵੀ ਸਾਰੀ (ਆਪਣੇ ਵੱਲ) ਝੁਕਾ ਲਈ। ੮.ਜਗਤ ਵਿਖੇ (ਅਜੇਹੀ) ਸ਼ਕਤੀ ਵਰਤਾ ਦਿੱਤੀ।

---

*ਇਸ ਕੌਂਸ ਬਾਬਤ ਗੁਰ ਨਾਨਕ ਪ੍ਰਕਾਸ਼ ਪ੍ਰਯਾਵਾਂ ਵਾਲੇ ਦੇ ਸਫੇ ੬੩੬ ਤੇ ਇਕ ਟੂਕ ਲਿਖੀ ਹੋਈ ਹੈ, ਜਿਸਤੋਂ ਪਤਾ ਲਗਦਾ ਹੈ ਕਿ ਉਹ ਕੌਂਸ (=ਖੜਾਵਾਂ) ਅਜੇ ਤਕ ਮੌਜੂਦ ਹਨ। ਅਲੀਨਕੀ ਦੇ ਖਾਨਦਾਨ ਦੇ ਸੱਯਦ ਰੁਕਨੁਦੀਨ ਸਾਹਿਬ ਮੱਕੇ ਸਨ, ਜਦ ਕਿ ਗੁਰੂ ਜੀ ਮੱਕੇ ਪੁੱਜੇ ਸਨ, ਇਹਨਾਂ ਨਾਲ ਹੋਰ ਹਿੰਦੀ ਪੀਰ ਭੀ ਸਨ। ਜਦੋਂ ਬਾਬੇ ਦੇ ਚਰਨ ਕਵਲਾਂ ਨਾਲ ਕਾਬਾ ਫਿਰਿਆ ਤਾਂ ਸਾਰਿਆਂ ਨੇ ਧਰਮ ਵਿਸ਼ੇ ਦੀ ਚਰਚਾ ਲਈ ਰੁਕਨੁਦੀਨ ਜੀ ਨੂੰ ਅੱਗੇ ਕੀਤਾ। ਹਰ ਤਰ੍ਹਾਂ ਤਸੱਲੀ ਮਿਲੀ, ਅੱਖੀਂ ਬਰਕਤ ਵੇਖੀ ਤੇ ਆਪ ਗੁਰੂ ਜੀ ਦੇ ਸਾਦਕ ਬਨ ਗਏ। ਨਿਸ਼ਾਨੀ ਮੰਗੀ ਤਾਂ ਸਾਹਿਬਾਂ ਨੇ ਕੌਂਸ (=ਖੂਟੀ ਬਿਨਾ ਖੜਾਵ) ਦਿੱਤੀ। ਆਪ ਮੱਕੇ ਵਿਚ ਪਾਸ ਰਖ ਕੇ ਸਤਿਕਾਰ ਨਾਲ ਦਰਸ਼ਨ ਕਰਦੇ ਤੇ ਹੋਰ ਸਾਦਿਕਾਂ ਨੂੰ ਕਰਾਉਂਦੇ ਰਹੇ। ਜਦੋਂ ਹਿੰਦ ਨੂੰ ਆਏ ਤਾਂ ਨਾਲ ਹੀ ਲੈ ਆਏ। ਇਹ ਖੜਾਵਾਂ ਉਚ ਸ਼ਰੀਫ ਜੀ ਦੇ ਤੋਸ਼ੇਖਾਨੇ ਵਿਚ ਮੌਜੂਦ ਹਨ।

†ਪਾਠ 'ਗੁਆਈ' ਦੀ ਥਾਂ ਕਈ ਥਾਂ 'ਜੁਆਈ' ਬੀ ਹੈ, ਉਸ ਦਾ ਅਰਥ 'ਸਾਧ' ਕੀਤਾ ਜਾਂਦਾ ਹੈ। ਹੁਣ ਪੁਰਾਤਨ ਪਾਠ 'ਗੁਆਈ' ਤੇ 'ਗੁਆਹੀ' ਮਿਲਿਆ ਹੈ, ਜਿਨ੍ਹਾਂ ਵਿਚੋਂ 'ਗੁਆਈ' ਵਧੀਕ ਸ਼ੁੱਧ ਤੇ ਅਰਥ ਭਾਵ ਨਾਲ ਮੇਲ ਖਾਂਦਾ ਹੈ। ਜੇ 'ਗੁਆਹੀ' ਪਾਠ ਸਹੀ ਮੰਨੀਏ ਤਾਂ ਅਰਥ ਬਣੇਗਾ :- ਹਿੰਦੂ ਮੁਸਲਮਾਨ ਦੋਵੇਂ ਉਗਾਹੀ ਭਰਦੇ ਹਨ।


www.sikhbookclub.com

## ੩੫. (ਬਗਦਾਦ ਗਮਨ)।

੧. ਫਿਰਿ ਬਾਬਾ ਗਇਆ ਬਗ਼ਦਾਦ ਨੋ ਬਾਹਰ ਜਾਇ ਕੀਆ ਅਸਥਾਨਾ।
੨. ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
੩. ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
੪. ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
੫. ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।
੬. ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਿਹਾਨਾ?
੭. ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।
੮. ਧਰਤਿ ਆਕਾਸ ਚਹੂਦਿਸ ਜਾਨਾ ॥੩੫॥

**ਪਦਾਰਥ**-(ਅਸਥਾਨ=ਡੇਰਾ। ਘਰਿਹਾਨਾ-ਘਰਾਣਾ, ਭੇਖ)

**ਅਰਥ**-੧. ਫੇਰ ਬਾਬਾ ਜੀ ਬਗ਼ਦਾਦ ਨੂੰ ਚਲੇ ਗਏ, ਬਾਹਰ ਜਾ ਕੇ ਡੇਰਾ ਲਾਯਾ। ੨. ਇਕ ਬਾਬਾ ਅਕਾਲ ਦਾ ਰੂਪ, ਦੂਜਾ ਰਬਾਬੀ ਮਰਦਾਨਾ (ਨਾਲ ਹੈਸੀ)। ੩. (ਜਦ ਬਾਬੇ ਨੇ) ਭਜਨ ਬੰਦਗੀ ਕਰਕੇ (ਸਤਿਨਾਮ ਦੀ) ਬਾਂਗ ਦਿੱਤੀ ਤਦੋਂ ਜਹਾਨ (ਸੁੰਨ ਸਮਾਨ=) ਚੁੱਪ ਚਾਪ ਹੋ ਗਿਆ (ਸਭ ਦੀ ਅਕਾਲ ਵਲ ਤਾੜੀ ਲੱਗ ਗਈ)। ੪. (ਬਗ਼ਦਾਦ) ਨਗਰੀ ਬੀ ਚੁੱਪ ਚਾਪ ਹੋ ਗਈ, ਪੀਰ ਵੇਖਕੇ ਹੱਕਾ ਬੱਕਾ ਰਹਿ ਗਿਆ। ੫. (ਜਦ) ਧਿਆਨ ਲਾਕੇ ਡਿੱਠਾ (ਤਾਂ ਕੀ ਡਿੱਠਾ) ਕਿ ਇਕ ਫਕੀਰ ਵਡਾ ਬੇ-ਪਰਵਾਹ ਹੈ (ਖ਼ੁਦਾ ਬਾਝ ਕਿਸੇ ਦੀ ਖ਼ਾਹਸ਼ ਨਹੀਂ ਰੱਖਦਾ)। ੬. ਫੇਰ ਦਸਤਗੀਰ (ਪੀਰ) ਨੇ ਪੁੱਛਿਆ: "ਤੂੰ ਕੌਣ ਫਕੀਰ ਹੈਂ ਤੇ ਕਿਹੜੇ ਘਰਾਣੇ ਵਿਚੋਂ ਹੈਂ?"(ਭਾਵ ਗੁਰੂ ਕੇਹੜਾ ਹੈ ਜਿਸ ਨੇ ਭੇਖ ਦਿੱਤਾ ਹੈ?)।" ੭. (ਮਰਦਾਨੇ ਨੇ ਕਿਹਾ) "(ਇਹੀ) ਨਾਨਕ ਕਲਿਜੁਗ ਵਿਖੇ ਆਇਆ ਹੈ, (ਇਹੀ) ਰੱਬ (ਦੇ ਭੇਖ ਦਾ) ਫਕੀਰ ਹੈ* (ਇਸਨੇ) ਇਕ (ਅਕਾਲ ਪੁਰਖ) ਨੂੰ ਪਛਾਣਿਆ ਹੈ। ੮. ਧਰਤੀ, ਅਕਾਸ਼, ਚਾਰੋਂ ਦਿਸ਼ਾ (ਪੂਰਬ, ਪੱਛਮ, ਉੱਤਰ, ਦੱਖਣ ਸਾਰੇ) ਪ੍ਰਸਿੱਧ ਹੈ।"

**ਭਾਵ**-ਗੁਰੂ ਜੀ ਦੀ ਬਾਣੀ ਵਿਖੇ ਅਜਿਹੀ ਸ਼ਕਤੀ ਸੀ ਕਿ 'ਸਤਿਨਾਮ ਕਰਤਾ ਪੁਰਖ' ਉੱਚੀ ਪੜ੍ਹਕੇ ਬਾਂਗ ਦਿੱਤੀ, ਹਜ਼ਾਰਾਂ ਸ੍ਰੋਤੇ ਸੁਣਦੇ ਹੀ ਵਿਦੇਹ ਮੁਕਤ ਹੋ ਗਏ, ਇਕ ਅਕਾਲ ਪੁਰਖ ਵਿਖੇ ਅਫੁਰ ਸਮਾਧੀ ਲਗ ਗਈ, ਗਯਾਤਾ ਗਯਾਨ ਗਯੇਯ ਭੁੱਲ ਗਿਆ, ਨਿਵਾਤਦੀਪ ਵਤ ਚਿਤ ਹੋ ਗਿਆ। ਪੀਰ ਸਾਰੀ ਨਗਰੀ ਦਾ ਅਜਿਹਾ ਹਾਲ ਦੇਖ ਬੋਲਿਆ: "ਅਹੋ! ਇਹ ਬਾਂਗ ਕਿਧਰੋਂ ਆਈ ਹੈ? ਮੇਰੀ ਬਾਣੀ ਵਿਖੇ ਤਾਂ ਕੁਝ ਅਸਰ ਨਹੀਂ, ਇਸਦੀ ਬਾਂਗ ਸੁਣਦੇ ਸਾਰ ਸਾਰੇ ਮਸਤਾਨੇ ਹੋ ਗਏ ਹਨ"। ਅਸਲ ਵਿਚ ਉਸ ਨੇ ਇਹ ਸੱਚ ਕਿਹਾ ਹੈ ਕਿਉਂ ਜੋ ਉਸ ਦੀ ਬਾਣੀ ਹੀ ਬੇ-ਅਮਲ ਸੀ, ਜਿਸ ਨੇ ਆਪ ਨਹੀਂ ਕਮਾਇਆ ਉਹ ਦੂਜੇ ਦਾ ਕੀ ਉਧਾਰ ਕਰੇਗਾ! ਜਪ ਤੇ ਜਲਪ, ਦੋ ਧਾਤੂ ਉੱਚੀ ਬੋਲਣ ਦਾ ਅਰਥ ਰੱਖਦੇ ਹਨ, ਇਸ ਲਈ ਗੁਰੂ ਜੀ ਨੇ ਸਤਿਨਾਮ ਆਦ ਥੋਂ ਜਪ ਤੋੜੀ ਮੰਤ੍ਰ ਪੜ੍ਹਕੇ ਤਦੋਂ ਬਾਂਗ ਦਿੱਤੀ ਸੀ। ਬਾਜੇ 'ਸਤਿ ਸ੍ਰੀ ਅਕਾਲ' ਦੀ ਬਾਂਗ ਗਜਾਈ ਦਾ ਅਰਥ ਕਰਦੇ ਹਨ।

## ੩੬. (ਜ਼ਾਹਰੀ ਕਲਾ)।

੧. ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।

*ਪਾਠ ਹੈ 'ਰਬੁ ਫਕੀਰੁ' ਇਸ ਦਾ ਇਹ ਅਰਥ ਲਗਾ ਹੈ, ਹੁਣ ਇਕ ਪਾਠ ਲਭਾ ਹੈ 'ਰਦੁ ਫਕੀਰ'। ਇਸ ਦਾ ਭਾਵ ਬਣੇਗਾ ਕਿ ਕਿਸ ਘਰਾਣੇ ਦਾ ਫਕੀਰ ਹੈ, ਕੇਹੜੀ ਟੋਪੀ ਹੈ, ਕੇਹੜਾ ਭੇਖ ਹੈ, ਐਸੇ ਫਕੀਰੀ ਦੇ ਕਲਪੇ ਹੋਏ ਨਿਸ਼ਾਨ ਉਸ ਨੇ ਰੱਦ ਕਰ ਦਿੱਤੇ ਹਨ ਤੇ ਵਯਾਪਕ ਪ੍ਰਭੂ ਨੂੰ, ਜੋ ਇਕ ਹੈ, ਇਹ ਪਛਾਣ ਫਕੀਰੀ ਦੀ ਰੱਖੀ ਹੈ।


www.sikhbookclub.com

੨. ਏਥੇ ਵਿਚਿ ਬਗ਼ਦਾਦ ਦੇ ਵਡੀ ਕਰਾਮਾਤਿ ਦਿਖਲਾਈ।
੩. ਪਾਤਾਲਾ ਆਕਾਸ ਲਖ ਓੜਕਿ ਭਾਲੀ ਖ਼ਬਰੁ ਸੁਣਾਈ।
੪. ਫੇਰਿ ਦੁਰਾਇਣ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।
੫. ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਾਵਾਈ।
੬. ਲਖ ਆਕਾਸ ਪਤਾਲ ਲਖ ਅਖਿ ਫੁਰੰਕ ਵਿਚਿ ਸਭਿ ਦਿਖਲਾਈ।
੭. ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।
੮. ਜ਼ਾਹਰ ਕਲਾ ਨ ਛਪੈ ਛਪਾਈ ॥੩੬॥

**ਪਦਾਰਥ**-(ਅਤਾਈ=ਸ਼ਕਤੀਵਾਨ। ਓੜਕਿ ਭਾਲੀ=ਬੜੀ ਅਸਚਰਜ।)
(ਹਾਵਾਈ=ਅਸਮਾਨ। ਕਚਕੌਲ=ਚਿੱਪੀ। )

**ਅਰਥ**-੧. ਤਕਰਾਰ (= ਝਗੜਾ) ਕਰਕੇ (ਦਸਤਗੀਰ) ਪੀਰ ਨੇ (ਕਈ ਸੁਆਲ) ਪੁੱਛੇ, (ਜਦ ਨਿਸ਼ਾ ਹੋਈ ਤਾਂ ਜਾਤਾ ਕਿ) ਇਹ ਫਕੀਰ ਵੱਡਾ ਸ਼ਕਤੀਵਾਨ ਹੈ। ੨. ਇਥੇ ਬਗ਼ਦਾਦ ਦੇ ਵਿਚ ਇਸ ਨੇ ਵਡੀ ਸ਼ਕਤੀ ਦੱਸੀ ਹੈ। ੩. (ਇਹ ਆਖਦਾ ਹੈ ਕਿ) ਲੱਖਾਂ ਹੀ ਪਤਾਲ ਤੇ ਅਕਾਸ਼ ਹਨ, (ਇਹ ਤਾਂ ਇਸਨੇ ) ਵੱਡੀ ਅਸਚਰਜ ਦੀ ਖ਼ਬਰ ਸੁਣਾਈ ਹੈ। ੪. ਫੇਰ ਦਸਤਗੀਰ ਦੁਹਰਾਕੇ (ਬੋਲਿਆ) ''ਜੇਹੜੀ (ਸ਼ਕਤੀ) ਤੂੰ ਪਾਈ ਹੈ (ਸਾਨੂੰ) ਭੀ (ਦਸੇਂ ਤਾਂ) ਅਸੀਂ ਦੇਖੀਏ'' ੫. ਤਦ ਪੀਰ ਦਾ ਪੁਤ੍ਰ ਨਾਲ ਲੈ ਲੀਤਾ ਤੇ ਅੱਖਾਂ ਮੀਟ ਕੇ (ਗੁਰੂ ਜੀ ਹਵਾਈ=) ਅਕਾਸ਼ ਨੂੰ ਚਲੇ ਗਏ। ੬. ਇਕ ਅੱਖ ਦੇ ਫੁਰਕਣ ਵਿਚ ਲੱਖਾਂ ਆਕਾਸ਼ ਤੇ ਲੱਖਾਂ ਪਾਤਾਲ ਸਾਰੇ ਦਿਖਾ ਦਿਤੇ। ੭. ਇਕ ਕਚਕੌਲ ਭਰਕੇ ਕੜਾਹ ਪ੍ਰਸ਼ਾਦ ਦਾ ਧੁਰੋਂ ਪਾਤਾਲੋਂ ਲੀਤਾ। ੮. ਜ਼ਾਹਰੀ ਕਲਾ ਛਪਾਈ ਹੋਈ ਨਹੀਂ ਛਪਦੀ।

**ਭਾਵ**-ਪੀਰ ਨੇ ਸੁਆਲ ਕੀਤਾ ਕਿ ਕੋਈ ਤਿੰਨ ਲੋਕ : ਅਕਾਸ਼, ਧਰਤੀ ਤੇ ਪਤਾਲ ਮੰਨਦੇ ਹਨ ਅਰ ਕਈ ਸੱਤ ਅਕਾਸ਼ ਤੇ ਸੱਤ ਪਤਾਲ ਦੱਸਦੇ ਹਨ, ਪਰ ਆਪ ਲੱਖਾਂ ਪਾਤਾਲ ਤੇ ਲੱਖਾਂ ਅਕਾਸ਼ ਕਿਵੇਂ ਕਹਿੰਦੇ ਹੋ? ਤਾਂ ਆਪ ਬੋਲੇ ਜਿਸ ਨੇ ਤਿੰਨ ਯਾ ਸੱਤ ਦੇਖੇ ਉਸ ਤਿੰਨ ਯਾ ਸੱਤ ਹੀ ਕਹਿਣੇ ਹੋਏ, ਜਿਨ੍ਹਾਂ ਲੱਖਾਂ ਵੇਖੇ ਉਨ੍ਹਾਂ ਲੱਖਾਂ ਹੀ ਦੱਸਣੇ ਹੋਏ। ਈਸ਼੍ਵਰ ਦੇ ਇਕ ਇਕ ਰੋਮ ਵਿਖੇ ਕ੍ਰੋੜਾਂ ਬ੍ਰਹਮੰਡ ਹਨ। ਫੇਰ ਪੀਰ ਪੁਛਿਆ ਕਿ ਸਾਨੂੰ ਕਿੱਕੁਰ ਜਾਪੇ? ਗੁਰੂ ਜੀ ਪੀਰ ਦੇ ਪੁਤ੍ਰ ਨੂੰ ਨਾਲ ਲੈ ਕੇ ਧੁਰ ਅਕਾਸ਼ ਪਤਾਲ ਚਲੇ ਗਏ ਤੇ ਉਥੋਂ ਸਾਧ ਸੰਗਤ ਦੇ ਜੋੜ ਮੇਲ ਵਿਚੋਂ ਕੜਾਹ ਪ੍ਰਸ਼ਾਦ ਦੀ ਚਿੱਪੀ ਲਿਆਕੇ ਪੀਰ ਨੂੰ ਇਕ ਤਾਂ ਇਹ ਦੱਸਿਆ ਕਿ ਜਿਹੜੇ ਬਾਲਕ ਵਾਂਙੂ ਨਿਮ੍ਰੀਭੂਤ ਤੇ ਨਿਰ ਅਭਿਮਾਨ ਹੁੰਦੇ ਹਨ ਉਹ ਇਹ ਨਜ਼ਰ ਪਾਉਂਦੇ ਹਨ, ਦੂਜੇ ਇਹ ਕਿ ਗੁਰੂ ਦੇ ਸ਼ਬਦ ਦਾ ਪ੍ਰਤਾਪ ਕਈ ਅਕਾਸ਼ਾਂ ਤੇ ਪਤਾਲਾਂ ਵਿਖੇ ਹੈ ਤੇ ਫੈਲ ਜਾਵੇਗਾ।

## ੩੭. (ਸੱਤਿਨਾਮ ਚੱਕਰ)।

੧. ਗੜ ਬਗ਼ਦਾਦੁ ਨਿਵਾਇਕੇ ਮਕਾ ਮਦੀਨਾ ਸਭੇ ਨਿਵਾਇਆ।
੨. ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।
੩. ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।
੪. ਜੀਤੀ ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।
੫. ਦੇਵਦਾਨੋ ਰਾਕਸਿ ਦੈਤ ਸਭ ਚਿਤਿਗੁਪਤਿ ਸਭ ਚਰਨੀ ਲਾਇਆ।
੬. ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।
੭. ਭਇਆ ਅਨੰਦ ਜਗਤੁ ਵਿਚਿ ਕਲਿਤਾਰਨ ਗੁਰ ਨਾਨਕ ਆਇਆ।

੮. ਹਿੰਦੂ ਮੁਸਲਮਾਣਿ ਨਿਵਾਇਆ ॥੩੭॥*

**ਪਦਾਰਥ**-(ਜਿਣਾਇਆ=ਜਿਣ+ਆਇਆ=ਜਿੱਤ ਆਇਆ। ਚੱਕ੍ਰ=ਡੰਕੇ।) (ਆਸਣ=ਤਖਤ।)

**ਅਰਥ**-੧. ਗੁਰੂ ਬਗ਼ਦਾਦ ਨੂੰ ਜਿੱਤਕੇ ਮੱਕਾ ਮਦੀਨਾ ਸਾਰਾ (ਪਹਿਲੋਂ) ਨਿੰਮਰੀ ਭੂਤ ਕਰ ਲਿਆ ਸੀ। (ਭਾਵ ਉਥੋਂ ਦੇ ਆਦਮੀਆਂ ਨੂੰ ਨਿਵਾਇਆ ਸੀ)। ੨. ਸਿੱਧਾਂ ਦੀਆਂ ਚੌਰਾਸੀ ਮੰਡਲੀਆਂ, ਖਟ ਦਰਸ਼ਨਾਂ ਦੇ ਪਾਖੰਡਾਂ ਨੂੰ ਬੀ ਜਿੱਤ ਆਇਆ, ੩. ਲੱਖਾਂ ਪਾਤਾਲ ਤੇ ਅਕਾਸ਼ ਜਿੱਤ ਲੀਤੇ, ਧਰਤੀ ਪੁਰ ਸਾਰਾ ਜਗਤ ਜਿੱਤ ਲੀਤਾ। (ਸ਼ਬਦ ਦਾ ਚੇਲਾ ਕੀਤਾ)। ੪. ਨੌਂ ਖੰਡ ਧਰਤੀ ਜਿੱਤ ਲਈ (ਭਾਵ ਨੌਂ ਖੰਡ ਵਿਖੇ) ਸਤਿਨਾਮ ਦਾ ਡੰਕਾ ਵਜਾ ਦਿੱਤਾ। ੫. ਦੇਵ, ਦਾਨਵ, ਰਾਖਸ਼, ਸਾਰੇ ਦੈਂਤ, ਚਿੱਤ੍ਰ ਗੁਪਤ ਆਦਿ ਸਾਰੇ ਹੀ ਚਰਨੀਂ ਲਾਏ। ੬. ਇੰਦ੍ਰ ਦੇ (ਆਸਣ=) ਤਖਤ (ਦੇ ਅੱਗੇ) ਅਪੱਸਰਾਂ ਰੂਪ ਰਾਗਾਂ ਤੇ ਰਾਗਣੀਆਂ ਨੇ (ਗੁਰੂ ਨਾਨਕ ਦੇਵ ਜੀ ਦੇ) ਮੰਗਲਾਂ ਦੀ ਧੁਨੀ ਕੀਤੀ। ੭. ਸਾਰੇ ਜਗਤ ਵਿਚ ਆਨੰਦ ਮੰਗਲਾਚਾਰ ਹੋ ਗਿਆ (ਤੇ ਇਹ ਧੁਨਿ ਸਾਰੇ ਪੂਰਤ ਹੋ ਗਈ ਕਿ ਹੁਣ) 'ਕਲਜੁਗ ਦੇ ਤਾਰਣ ਲਈ ਗੁਰੂ ਨਾਨਕ ਆ ਗਿਆ ਹੈ।' ੮. ਹਿੰਦੂ ਮੁਸਲਮਾਨਾਂ (ਗੁਰੂ ਜੀ ਦੇ ਅੱਗੇ) ਮਸਤਕ ਨਿਵਾ ਦਿੱਤਾ।

**ਭਾਵ**-ਗੁਰੂ ਜੀ ਨੇ ਸ਼ਬਦ ਦੀ ਚਰਚਾ ਕਰਕੇ ਸਾਰੇ ਬਗ਼ਦਾਦ ਆਦਿ ਮੱਕੇ ਮਦੀਨੇ ਦੇ ਮੁਲਾਣਿਆਂ ਨੂੰ ਜਿੱਤ ਕੇ ਸਿੱਧ ਮੰਡਲੀਆਂ ਦੇ ਪਾਖੰਡਾਂ ਨੂੰ ਖੰਡ ਖੰਡ ਕੀਤਾ। ਸਾਰੇ ਨੌਖੰਡਾਂ ਵਿਖੇ ਅਜਿਹਾ ਸਤਿਨਾਮ ਦਾ ਚੱਕ੍ਰ ਚਲਾਇਆ ਕਿ ਦੇਵ ਦਾਨਵ ਸਾਰੇ ਹਾਰ ਕੇ ਸ਼ਰਣੀ ਆ ਪਏ, ਧੂਨੀ ਇਹ ਕਿ 'ਸਤਿਨਾਮ ਕਰਤਾ ਪੁਰਖ' ਮੰਤ੍ਰ ਦੇ ਅੱਗੇ ਕੋਈ ਆਪਣਾ ਬਲ ਨਹੀਂ ਪਾ ਸਕੇਗਾ। ਇੰਦ੍ਰ ਦੇ ਅੱਗੇ ਅਪੱਸਰਾਂ ਨੇ ਖੁਸ਼ਖਬਰੀ ਦਿਤੀ ਕਿ ਹੁਣ ਗੁਰੂ ਜੀ ਦਾ ਅਵਤਾਰ ਹੋ ਗਿਆ ਹੈ, ਭਾਵ ਹੈ ਕਿ ਇੰਦ੍ਰਾਦਿ ਦੇਵਤਿਆਂ ਦੇ ਦਰਬਾਰ ਖੁਸ਼ੀ ਹੋਈ ਹੈ ਤੇ ਓਥੇ ਦਿਵਯ ਸਰੂਪ ਰਾਗ ਤੇ ਰਾਗਣੀਆਂ ਖੁਸ਼ੀ ਦੇ ਗੀਤ ਗਾ ਰਹੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸਤਿਨਾਮ ਚੱਕ੍ਰ ਸਾਰੇ ਝੁਲਾ ਦਿਤਾ ਹੈ। ਤੁਕ ਛੇ ਤੇ ਸਤ ਵਿਚ ਦੱਸਿਆ ਹੈ ਕਿ ਦ੍ਰਿਸ਼ਯ ਤੇ ਅਦ੍ਰਿਸ਼ਯ ਜਗਤ ਵਿਚ ਸਾਰੇ ਖੁਸ਼ੀ ਹੋਈ।

## ੩੮. (ਕਰਤਾਰ ਪੁਰ ਆਗਮਨ)।

੧. ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ।
੨. ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
੩. ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
੪. ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।
੫. ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਿਆਰਾ।
੬. ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।

*ਇਸ ਪਉੜੀ ਤੋਂ ਮਾਲੂਮ ਹੁੰਦਾ ਹੈ ਕਿ ੩੫, ੩੬ਵੀਂ ਪਉੜੀ ਪਹਿਲੋਂ ਆਉਣੀ ਚਾਹੀਦੀ ਸੀ। ਤੇ ੩੨, ੩੩, ੩੪ਵੀਂ ਪਿਛੋਂ, ਕਿਉਂਕਿ ਇਥੇ ਜਾਪਦਾ ਹੈ ਕਿ ਪਹਿਲੋਂ ਬਗ਼ਦਾਦ ਦੀ ਦਿਗਬਿਜੈ ਕੀਤੀ ਹੈ, ਫੇਰ ਮੱਕੇ ਮਦੀਨੇ ਗਏ ਹਨ ਅਰ ਸਫਰ ਦੇ ਹਿਸਾਬ ਮੂਜਬ ਜੇ ਖੁਸ਼ਕੀ ਦੇ ਰਸਤੇ ਗਏ ਹਨ ਤਦ ਪਹਿਲੇ ਬਗ਼ਦਾਦ ਤੇ ਫੇਰ ਮੱਕਾ ਚਾਹੀਦਾ ਹੈ। ਪਰ ਜਨਮ ਸਾਖੀਆਂ ਤੋਂ ਪਤਾ ਚਲਦਾ ਹੈ ਕਿ ਸਮੁੰਦਰਾਂ ਦੇ ਰਸਤੇ ਗਏ ਹਨ ਤਾਂ ਪਹਿਲੇ ਮੱਕਾ, ਫੇਰ ਮਦੀਨਾ ਤੇ ਬਗਦਾਦ ਠੀਕ ਜਾਪਦਾ ਹੈ। ਏਥੇ ਭਾਵ ਇਹ ਬਣੇਗਾ ਕਿ ਮੱਕਾ ਮਦੀਨਾ ਪਹਿਲਾਂ ਨਿਵਾ ਚੁਕੇ ਸਨ। 'ਨਿਵਾਇਆ' ਦਾ ਅਰਥ ਬਣੇਗਾ-ਪਹਿਲੇ ਨਿਵਾ ਲਿਆ ਸੀ।

੭. ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
੮. ਗੁਰਮੁਖ ਭਾਰ ਅਥਰਬਣਿ ਤਾਰਾ ॥੩੮॥

**ਪਦਾਰਥ**-(ਉਤਾਰਾ=ਲਾਹਿਆ। ਕਉਲ=ਬਚਨ। ਨਿਸਿਆਰਾ=ਨੱਸਣ ਵਾਲੇ।)
(ਧੁੰਨਕਾਰਾ=ਧੁਨੀ। ਅਥਰਬਣਿ=ਚੌਥਾ ਵੇਦ। (ਅ) ਵਡਾ।)

**ਅਰਥ**-੧. ਫੇਰ ਬਾਬਾ ਜੀ ਨੇ ਕਰਤਾਰ ਪੁਰ ਵਿਖੇ ਚਰਣ ਪਾਏ ਤੇ ਸਾਰਾ ਉਦਾਸੀ ਭੇਖ (ਸਰੀਰੋਂ) ਲਾਹ ਦਿਤਾ। ੨. ਸੰਸਾਰੀ ਕਪੜੇ ਪਹਿਰ ਲੀਤੇ, ਮੰਜੀ (=ਗੱਦੀ) ਉਪਰ ਬੈਠਕੇ ਅਵਤਾਰ (ਭਾਵ ਬਿਰਾਜਨਾ) ਕੀਤਾ। (ਅ) ਇਉਂ ਬੀ ਅਰਥ ਲਗਦਾ ਹੈ:-(ਲੋਕਾਂ ਦਾ) ਪਾਰ ਉਤਾਰਾ ਕੀਤਾ। ੩. ਗੰਗਾ ਉਲਟੀ ਚਲਾ ਦਿੱਤੀ, ਅੰਗਦ ਨੂੰ ਸਿਰ ਪੁਰ (ਗੁਰੂ ਕਰਕੇ) ਧਾਰਿਆ (ਭਾਵ ਥਾਪਿਆ* )। ੪. (ਕਿਉਂ ਜੋ) ਪੁੱਤ੍ਰਾਂ ਨੇ ਬਚਨ ਨੂੰ ਨਾ ਮੰਨਿਆਂ, ਖੋਟੇ ਮਨ ਆਕੀ ਤੇ ਨੱਸਣ ਵਾਲੇ ਹੋ ਗਏ। (ਕਰਤਾਰ ਪੁਰ ਵਿਖੇ ਆਪ ਨੇ) ਮੁਖੋਂ ਬਾਣੀ ਦਾ ਉਚਾਰ ਕੀਤਾ (ਕਿ ਇਸ ਦਾ) ਚਾਨਣ ਹੋਵੇ (ਤੇ ਅਵਿੱਦਯਾ ਦਾ) ਅੰਧੇਰਾ ਮਿਟ ਜਾਵੇ। ੬. ਗਿਆਨ ਗੋਸ਼ਟ ਤੇ (ਸੰਤਾਂ ਦੀਆਂ) ਚਰਚਾਂ ਸਦਾ ਹੋਣ ਲੱਗੀਆਂ, ਇਕ ਰਸ ਸ਼ਬਦ ਦੀ ਧੁਨੀ ਹੋਣ ਲੱਗੀ। ੭. (ਸੰਧ੍ਯਾ ਨੂੰ) ਸੋਦਰ ਤੇ ਆਰਤੀ ਗਾਂਵੀ ਜਾਏ ਤੇ ਸਵੇਰੇ ਜਪੁਜੀ (ਦੇ ਪਾਠ) ਦਾ ਉਚਾਰ (ਸਿਖ) ਕਰਨ। ੮. ਗੁਰਮੁਖਾਂ ਨੇ ਅਥਰਬਣ ਵੇਦ ਦਾ ਭਾਰ ਸਿੱਟ ਦਿਤਾ (ਭਾਵ ਗੁਰੂ ਬਾਣੀ ਪੁਰ ਭਰੋਸਾ ਕੀਤਾ)।

**ਭਾਵ**-ਬਾਬਾ ਜੀ ਨੇ ਪਹਿਲੇ ਫਿਰਕੇ ਸੰਸਾਰ ਨੂੰ ਤਾਰਿਆ, ਫੇਰ ਕਰਤਾਰ ਪੁਰ ਵਿਚ ਬੈਠ ਕੇ ਸਤਿਸੰਗ ਟੋਰਿਆ, ਤਾਕਿ ਲੋਕਾਂ ਦਾ ਅੰਧੇਰਾ ਬਾਣੀ ਦੀ ਰੌਸ਼ਨੀ ਨਾਲ ਹਟ ਜਾਵੇ, ਇਸ ਲਈ ਪੰਜਾਬੀ ਵਿਖੇ ਵਾਹਿਗੁਰੂ ਦਾ ਗਯਾਨ ਪ੍ਰਕਾਸ਼ ਕੀਤਾ। ਜਦ ਪੁੱਤ੍ਰ ਸ੍ਰੀ ਚੰਦ ਆਦਿ ਪਰੀਖ੍ਯਾ ਵਿਚੋਂ ਪੂਰੇ ਨਾ ਉਤਰੇ ਤਾਂ ਗੁਰੂ ਅੰਗਦ ਜੀ ਨੂੰ ਗੁਰਿਆਈ ਦਿੱਤੀ।

## ੩੯. (ਸ਼ਿਵਰਾਤ੍ਰੀ)।

੧. ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
੨. ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
੩. ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
੪. ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।
੫. ਭਗਤੀਆ ਪਾਈ ਭਗਤਿ ਆਣਿ ਲੋਟਾ ਜੋਗੀ ਲਇਆ ਛਪਾਈ।
੬. ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
੭. ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
੮. ਵੇਖਿ ਚਲਿਤ੍ਰ ਜੋਗੀ ਖੁਣਿਸਾਈ ॥੩੯॥

**ਪਦਾਰਥ**-(ਆਈ=ਆਇਆ। ਰਿਸਕਿ=ਈਰਖਾ।)
(ਭਗਤੀਆ=ਰਾਸਧਾਰੀਆਂ। ਖੁਣਿਸਾਈ=ਵੈਰੀ ਹੋ ਗਏ।)

**ਅਰਥ**-੧. ਸ਼ਿਵਰਾਤ ਦਾ ਮੇਲਾ ਸੁਣਕੇ ਬਾਬਾ ਅਚਲ ਵਟਾਲੇ ਆਇਆ। ੨. ਦਰਸ਼ਨ ਕਰਨ ਵਾਸਤੇ ਸਾਰੀ ਲੋਕਾਈ ਉਲਟ ਪਈ। ੩. ਮਾਯਾ ਦੀ ਵਰਖਾ ਹੋਣ ਲਗੀ, ਰਿਧਾਂ ਸਿੱਧਾਂ ਨਵੇਂ ਨਿਧਾਂ (ਦਿਨੋਂ ਦਿਨ) ਵਧੀਕ ਹੋਣ ਲਗੀਆਂ। ੪. ਜੋਗੀਆਂ ਨੇ (ਇਸ) ਕੌਤਕ ਨੂੰ ਦੇਖਕੇ ਮਨ ਵਿਖੇ ਘਣੀ ਈਰਖਾ ਖਾਧੀ। ੫. ਰਾਸਧਾਰੀਆਂ ਨੇ ਆਕੇ ਰਾਸ ਪਾਈ, (ਉਨ੍ਹਾਂ ਦਾ) ਲੋਟਾ ਜੋਗੀਆਂ ਨੇ ਛਿਪਾ ਲੀਤਾ

*ਮੁਰਾਦ ਹੈ ਕਿ ਗੁਰੂ ਅੰਗਦ ਜੀ ਸਿਖ ਸਨ ਉਨ੍ਹਾਂ ਨੂੰ ਗੁਰੂ ਕਰਕੇ ਥਾਪਿਆ। ਆਪ ਵੀ ਉਨ੍ਹਾਂ ਅਗੇ ਝੁਕੇ ਤੇ ਸੰਗਤ ਬੀ ਝੁਕਾਈ।

(ਕਿ ਸਾਡੇ ਅੱਗੇ ਕਿਉਂ ਨਹੀਂ ਕੀਰਤਨ ਕੀਤਾ ?) ੬.ਭਗਤੀਆਂ ਨੂੰ (ਰੜੀ) ਰਾਸ ਭੁੱਲ ਗਈ, ਲੋਟੇ ਵਿਚ ਹੀ ਸੁਰਤ ਜਾ ਲੱਗੀ (ਕਿਉਂ ਜੋ ਓਸੇ ਵਿਚ ਉਗਰਾਹੀ ਦਾ ਰੁਪੱਯਾ ਕੱਠਾ ਕੀਤਾ ਹੋਇਆ ਸੀ)। ੭.ਬਾਬਾ ਅੰਤਰਯਾਮੀ ਪੁਰਖ ਸੀ ਜਿੱਥੇ (ਉਨ੍ਹਾਂ) ਲੋਟਾ ਲੁਕਾਇਆ ਸੀ (ਆਪ ਨੇ) ਕੱਢ ਦਿੱਤਾ। ੮.ਜੋਗੀ ਕੌਤਕ ਦੇਖ ਕੇ (ਹੋਰ ਵਧੇਰੇ) ਖੁਣਸਨ ਲਗ ਪਏ।

**ਭਾਵ**-ਜਦੋਂ ਮਹਾਰਾਜ ਨੇ ਭਗਤੀਆਂ ਦਾ ਲੋਟਾ ਮਾਯਾ ਦਾ, ਜੋ ਜੋਗੀਆਂ ਨੇ ਲੁਕਾਇਆ ਸੀ, ਅੰਤਰਯਾਮਤਾ ਨਾਲ ਦੱਸ ਦਿੱਤਾ, ਤਦੋਂ ਜੋਗੀ ਲੋਕ ਵੱਡੇ ਵੈਰੀ ਹੋ ਗਏ, ਅਤੇ ਕ੍ਰੋਧ ਨਾਲ ਦੁਰਬਚਨ ਬੋਲਣ ਲਗੇ। 'ਭਗਤ ਪੈਣੀ' ਰਾਸ ਪਾਉਣੇ ਦਾ ਨਾਮ ਹੈ। ਹੁਣ 'ਭਗਤ ਪੈਣੀ' ਸਾਰੀ ਰਾਤ ਕੀਰਤਨ ਦਾ ਨਾਮ ਭੀ ਹੈ। ਸਿੰਧ ਵਿਚ ਇਹ ਲਫਜ਼ ਇਸ ਅਰਥ ਪਰ ਬੀ ਵਰਤੀਂਦਾ ਹੈ।

## ੪੦. (ਸਿੱਧਾਂ ਨਾਲ ਗੋਸ਼ਟ)।

੧. ਖਾਧੀ ਖੁਣਸਿ ਜੁਗੀਸਰਾ ਗੋਸਟਿ ਕਰਨਿ ਸਭੇ ਉਠਿ ਆਈ।
੨. ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚਿ ਕਿਉਂ ਕਾਂਜੀ ਪਾਈ।
੩. ਫਿਟਿਆ ਚਾਟਾ ਦੁਧ ਦਾ ਰਿੜਕਿਆਂ ਮਖਣੁ ਹਥਿ ਨ ਆਈ।
੪. ਭੇਖੁ ਉਤਾਰਿ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤਿ ਚਲਾਈ।
੫. ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚਜੀ ਆਹੀ।
੬. ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
੭. ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਕੇ ਘਰਿ ਮੰਗਣਿ ਜਾਈ।
੮. ਬਿਨੁ ਦਿਤੇ ਕਛੁ ਹਥਿ ਨ ਆਈ॥੪੦॥

**ਪਦਾਰਥ**-(ਖੁਣਸ-ਈਰਖਾ। ਗੋਸਟਿ-ਚਰਚਾ। ਵਤ=ਫਿਰ।)

**ਅਰਥ**-੧.ਜੋਗੀ ਈਰਖਾ ਕਰਕੇ ਸਾਰੇ ਚਰਚਾ ਕਰਨ ਨੂੰ ਉਠ ਆਏ। ੨.ਭੰਗਰ ਨਾਥ ਜੋਗੀ ਪੁਛਣ ਲੱਗਾ "ਤੂੰ ਦੁੱਧ ਵਿਚ ਕਾਂਜੀ ਕਿਉਂ ਪਾ ਦਿੱਤੀ ਹੈ। ੩.(ਹੁਣ ਤਾਂ) ਦੁੱਧ ਦਾ ਮਟਕਾ ਫਿੱਟ ਗਿਆ ਹੈ, ਰਿੜਕਣ ਨਾਲ ਮੱਖਣ ਕੀ ਨਿਕਲਣਾ ਹੈ? (ਭਾਵ ਸੰਨਿਆਸ ਦੇ ਚਾਟੇ ਵਿਚ ਸੰਸਾਰੀ ਰੀਤ ਦੀ ਕਾਂਜੀ ਪਾ ਦਿੱਤੀ ਹੈ, ਹੁਣ ਗਿਆਨ ਮੱਖਣ ਨਹੀਂ ਨਿਕਲੂ ਤੇ ਨਾ ਹੀ ਮੁਕਤਿ ਹੋਵੇਗੀ)। ੪.ਉਦਾਸੀ ਭੇਖ ਲਾਹਕੇ (ਤੂੰ) ਫਿਰ ਕਿਉਂ ਸੰਸਾਰ ਦੀ ਰੀਤਿ ਚਲਾ ਦਿੱਤੀ ਹੈ?" ੫.(ਸ੍ਰੀ ਗੁਰੂ) ਨਾਨਕ ਜੀ ਨੇ ਬਚਨ ਕੀਤਾ: "ਹੇ ਭੰਗਰ ! ਤੇਰੀ ਮਾਂ ਕੁਚੱਜੀ ਸੀ (ਅਥਵਾ ਤੇਰੀ ਬੁੱਧਿ ਖਰਾਬ ਹੈ)। ੬.(ਉਸਨੇ ਰਿਦੇ ਦਾ ਭਾਂਡਾ ਧੋ) ਨਹੀਂ ਜਾਤਾ (ਭੇਖ ਰੂਪੀ) ਕੁਚੱਜੇ ਭਾਉ ਨਾਲ ਦੁੱਧ ਨੂੰ ਸਾੜ ਬੈਠੀ ਹੈ*। ੭.ਵਿਰਕਤ ਹੋ ਕੇ ਗ੍ਰਿਹਸਤ ਨੂੰ ਛੱਡ ਕੇ ਫੇਰ ਉਨ੍ਹਾਂ (ਸੰਸਾਰੀਆਂ) ਦੇ ਘਰ ਮੰਗਣ ਚੜ੍ਹ ਪੈਂਦੇ ਹੋ (ਤੇ ਮੂੰਹ ਨਾਲ ਗ੍ਰਿਹਸਤੀਆਂ ਦੀ ਨਿੰਦਾ ਕਰਦੇ ਹੋ) ੮.(ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ) ਦਿਤੇ ਬਿਨਾਂ (ਕਿਸੇ ਨੂੰ) ਕੁਛ ਨਹੀਂ ਮਿਲਦਾ।"

**ਭਾਵ**-ਦਿਤੇ ਬਾਝ ਕੁਝ ਨਹੀਂ ਮਿਲਦਾ। "**ਇਸੁ ਭੇਖੈ ਥਾਵਹੁ ਗਿਰਹੁ ਭਲਾ ਜਿਥਹੁ ਕੋ ਵਰਸਾਇ॥**" (ਵਡ:ਵਾਰ:ਮ:੩) ਤੁਸਾਂ ਪਿਛੇ ਕੁਛ ਦਾਨ ਨਹੀਂ ਕੀਤਾ, ਘਰ ਘਰ ਹੱਥ ਟਡਦੇ ਫਿਰਦੇ ਹੋ "**ਦਿਤਾ ਲਈਐ ਆਪਣਾ ਅਣਦਿਤਾ ਕੁਝ ਹਥਿ ਨ ਆਵੈ ॥**"

*ਸਤਰ ੭ ਵਿਚ ਦੱਸਿਆ ਹੈ ਕਿ ਉਹ ਕੁਚੱਜਾ ਭਾਵ ਕੀ ਹੈ- ਗ੍ਰਿਹਸਤ ਤੋਂ ਅਤੀਤ ਹੋ ਕੇ ਫੇਰ ਗ੍ਰਿਹਸਤੀਆਂ ਤੋਂ ਮੰਗ ਖਾਣਾ।


www.sikhbookclub.com

## ੪੧. (ਸਿੱਧ ਕਰਾਮਾਤ)।

੧. ਇਹਿ ਸੁਣਿ ਬਚਨ ਜੋਗੀਸੁਰਾ ਮਾਰਿ ਕਿਲਕ ਬਹੁ ਰੂਇ ਉਠਾਈ।
੨. ਖਟ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।
੩. ਸਿਧਿ ਬੋਲਨਿ ਸਭਿ ਅਵਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
੪. ਰੂਪ ਵਟਾਏ ਜੋਗੀਆ ਸਿੰਘ ਬਾਘਿ ਬਹੁ ਚਲਿਤਿ ਦਿਖਾਈ।
੫. ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੈ ਲੀਲਾਈ।
੬. ਇਕਨਾ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।
੭. ਤਾਰੇ ਤੋੜੇ ਭੰਗਰਿ ਨਾਥ, ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
੮. ਸਿਧਾ ਅਗਨਿ ਨ ਬੁਝੈ ਬੁਝਾਈ॥੪੧॥

**ਪਦਾਰਥ**-(ਕਿਲਕ=ਭਬਕ ਮਾਰਨੀ। ਰੂਇ=ਰੂਹ। (ਅ)ਲੂੰਇ, ਵਾਲ। (ੲ)ਰੋਹ।) (ਖੇਦਿਆ=ਨਿਖੇਧਿਆ। ਧੁਨੋਂ=ਆਵਾਜ਼ਾਂ। ਲੀਲਾਈ=ਤਾਰੀ ਲਾਉਣੀ।)

**ਅਰਥ**-੧.(ਬਾਬੇ ਦਾ) ਇਹ ਬਚਨ ਸੁਣਕੇ ਜੋਗੀਆਂ ਨੇ ਭਬਕ ਮਾਰਕੇ ਬਹੁਤ ਰੂਹਾਂ ਉਠਾਈਆਂ (ਭਾਵ ਕਈ ਰੂਪ ਭੂਤ ਪ੍ਰੇਤਾਦਿਕ ਧਾਰ ਲੀਤੇ ਅਤੇ ਕਹਿਣ ਲੱਗੇ) ੨.ਖਟ ਦਰਸ਼ਨਾਂ ਨੂੰ ਨਾਨਕ ਵੇਦੀ ਨੇ ਕਲਜੁਗ ਵਿਖੇ ਆਕੇ ਨਿਖੇਧ ਦਿਤਾ ਹੈ। ੩.ਸਿਧ ਲੋਕ ਮੰਤ੍ਰਾਂ ਤੰਤ੍ਰਾਂ ਦੀਆਂ(ਧੁਨੀਆਂ=) ਵਾਜਾਂ ਲਾਕੇ ਸਭ ਔਖਧੀਆਂ ਦੱਸਣ। ੪.ਸ਼ੇਰ ਬਘਿਆੜ (ਆਦਿ ਬਣਕੇ) ਜੋਗੀਆਂ ਨੇ ਆਪਣਾ ਰੂਪ ਵਟਾ ਕਈ ਕੌਤਕ ਦੱਸੇ। ੫.ਇਕ (ਜੋਗੀ) ਖੰਭ ਲਾ ਕੇ ਉੱਡਨ ਲਗ ਪਏ, ਜਿਵੇਂ ਪੰਛੀ (ਆਕਾਸ਼ ਵਿਚ) ਤਾਰੀਆਂ ਲਾਉਂਦੇ ਹਨ। ੬.ਇਕ ਸਪ ਹੋਕੇ ਫੁੰਕਾਰੇ ਮਾਰਨ ਲਗੇ, ਇਕਨਾ ਨੇ ਅੱਗ ਦੀ ਵਰਖਾ ਹੀ ਕਰਨੀ (ਆਰੰਭ ਦਿਤੀ)। ੭.ਭੰਗਰ ਨਾਥ ਤਾਰੇ ਤੋੜਨ ਲੱਗਾ, ਇਕ ਮਿਰਗਾਣੀਆਂ ਪੁਰ ਚੜ੍ਹਕੇ ਪਾਣੀ (ਉਪਰ) ਤਰਨ ਲੱਗੇ। ੮.ਸਿਧਾਂ ਦੀ ਅੱਗ ਬੁਝਾਈ ਹੋਈ ਬੁਝਦੀ ਨਹੀਂ (ਸੀ)।

**ਭਾਵ**-'ਧਨੋ ਚੜ੍ਹਾਈ' ਦਾ ਦੂਜਾ ਅਰਥ ਇਹ ਬੀ ਕਰਦੇ ਹਨ ਕਿ ਮੰਤ੍ਰਾਂ ਤੰਤ੍ਰਾਂ ਦੇ ਧਨੁਖ ਪੁਰ ਚੜ੍ਹਾਕੇ ਕਈ ਔਖਧੀਆਂ ਅਰਥਾਤ ਬੂਟੀਆਂ ਦੇ ਤੀਰ ਵਸਾਉਣ ਲਗੇ ਕਿ ਅਸੀਂ ਮੰਤ੍ਰ ਦੇ ਬਲ ਨਾਲ ਅਜਿਹੀ ਬੂਟੀ ਜਾਣਦੇ ਹਾਂ ਕਿ ਲੋਹੇ ਦਾ ਸੋਨਾ ਬਣ ਜਾਵੇ। ਪਹਿਲੀ ਤੁਕ ਵਿਚ ਰੂਇ ਦਾ ਲੂੰਇ ਅਰਥ ਬੀ ਹੈ ਕਿ ਬਹੁਤਿਆਂ ਦੇ ਰੋਮਾਂਚ ਖੜੇ ਕਰ ਦਿਤੇ। ਕਿਵੇਂ ਵੀ ਸਿੱਧਾਂ ਦੀ ਕ੍ਰੋਧ ਦੀ ਅੱਗ ਬੁਝਣ ਵਿਚ ਨਾ ਆਈ। ਅਥਵਾ ਸਿੱਧਾਂ ਦੀ ਰਚੀ ਹੋਈ ਕਰਾਮਾਤ ਦੀ ਅੱਗ ਹਟਣ ਵਿਚ ਨਾ ਆਵੇ। ਕਈ ਈਰਖਾ ਦਾ ਭਾਵ ਭੀ ਲੈਂਦੇ ਹਨ। ਮਤਲਬ ਇਹ ਹੈ ਕਿ ਅਨੇਕ ਪ੍ਰਕਾਰ ਦੇ ਨਾਟਕ ਚੇਟਕ ਕਰਕੇ ਸਿੱਧਾਂ ਨੇ ਸ੍ਰੀ ਗੁਰੂ ਜੀ ਨੂੰ ਭਰਮਾਉਣਾ ਜਾਂ ਡਰਾਉਣਾ ਚਾਹਿਆ, ਪਰ ਗੁਰੂ ਜੀ ਸੱਚੇ ਗੁਰੂ ਸੇ, ਸਿਧਾਂ ਦੀ ਕੁਛ ਪੇਸ਼ ਨਾ ਗਈ। ਆਪਣੀਆਂ ਕਰਾਮਾਤਾਂ ਦਿਖਾਕੇ ਗੁਰੂ ਜੀ ਤੋਂ ਕਰਾਮਾਤ ਮੰਗਣ ਲੱਗੇ, ਕਿਉਂਕਿ ਉਹ ਲੋਕ ਕਰਾਮਾਤ ਨੂੰ ਵੱਡੀ ਗੱਲ ਸਮਝਦੇ ਸਨ। ਯਥਾ :-

## ੪੨. (ਸਿੱਧ ਪ੍ਰਸ਼ਨੋਤਰ)।

੧. ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ।
੨. ਕੁਝ ਵਿਖਾਲੇਂ ਅਸਾਂਨੋ, ਤੁਹਿ ਕਿਉ ਢਿਲ ਅਵੇਹੀ ਲਾਈ।
੩. ਬਾਬਾ ਬੋਲੇ ਨਾਥ ਜੀ ! ਅਸਾਂ ਤੇ ਵੇਖਣਿ* ਜੋਗੀ ਵਸਤੁ ਨ ਕਾਈ।

*ਪਾ:-ਅਸਾਂ ਵੇਖੇ।

੪. ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ।
੫. ਸਿਵ ਰੂਪੀ ਕਰਤਾ ਪੁਰਖੁ, ਚਲੇ ਨਾਹੀ ਧਰਤਿ ਚਲਾਈ।
੬. ਸਿਧ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ।
੭. ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੇ ਨ ਪਾਈ।
੮. ਸੋ ਦੀਨ ਨਾਨਕ ਸਤਿਗੁਰ ਸਰਣਾਈ ॥੪੨॥

ਅਰਥ-੧.(ਹੁਣ ਸਿਧ) ਕਹਿਣ ਲੱਗੇ "ਹੇ ਨਾਨਕ ਸੁਣ ! ਤੂੰ ਜਗਤ ਨੂੰ (ਕੀ) ਕਰਾਮਾਤ ਦੱਸੀ ਹੈ। ੨.ਕੁਝ ਤਾਂ ਸਾਨੂੰ ਬੀ ਦੱਸ, ਤੂੰ ਇਡੀ ਢਿੱਲ ਕਾਸ ਨੂੰ ਲਾ ਛੱਡੀ ਹਈ"। ੩.ਬਾਬਾ ਜੀ ਬੋਲੇ, "ਹੇ ਨਾਥ ਜੀ ! ਸਾਡੇ ਤਾਂ ਵੇਖਣ ਵਿਚ ਜੋਗੀ ਕੋਈ ਵਸਤ ਨਹੀਂ ਹਨ। ੪.ਗੁਰ ਸੰਗਤ ਬਾਣੀ (ਅਰ ਵਾਹਿਗੁਰੂ) ਬਿਨਾਂ ਦੂਸਰੀ ਓਟ ਹੋਰ ਰਾਈ ਜਿੰਨੀ ਬੀ ਨਹੀਂ ਹੈ। ੫.ਕਲਯਾਣ ਰੂਪ ਕਰਤਾ ਪੁਰਖ ਹੈ"। (ਗੁਰੂ ਨਾਨਕ ਜੀ) ਚਲਾਇਮਾਨ ਨਾ ਹੋਏ(ਜਿੱਕੁਰ) ਧਰਤੀ ਹਿਲਾਈ ਹੋਈ ਨਹੀਂ ਹਿਲਦੀ। ੬.ਸਿਧ ਤੰਤਰ ਮੰਤਰ ਕਰਕੇ ਹਾਰ ਗਏ, ਗੁਰੂ ਦੇ ਸ਼ਬਦ ਨੇ (ਉਨ੍ਹਾਂ ਦੀ) ਕਲਾ ਛਿਪਾ ਦਿੱਤੀ। ੭.ਦੱਦੇ (ਅੱਖਰ ਦਾ ਅਰਥ) ਦਾਤਾ (ਰੂਪ ਆਪ ਹੀ) ਗੁਰੂ ਹੈ, ਕੱਕੇ (ਦਾ ਅਰਥ) ਕੀਮਤ (ਉਸ ਦੀ) ਕਿਸ ਨੇ ਨਹੀਂ ਪਾਈ। ੮.(ਫੇਰ) ਓਹ ਦੀਨ ਹੋਕੇ ਸਤਿਗੁਰ ਨਾਨਕ ਦੀ ਸ਼ਰਣੀ ਪੈ ਗਏ (ਅਥਵਾ ਦੱਦੇ ਕੱਕੇ ਵਲੋਂ ਢਿੱਕ ਹੋ ਕੇ ਸ਼ਰਣੀ ਪੈ ਗਏ, ਇਹ ਭੀ ਗਜਾਨੀ ਅਰਥ ਕਰਦੇ ਹਨ)।

ਭਾਵ- ਸਿੱਧਾਂ ਨੇ ਕਰਾਮਾਤਾਂ ਦੱਸੀਆਂ ਜੋ ਨਾਟਕ ਚੇਟਕ ਤਮਾਸ਼ੇ ਸਨ। ਗੁਰੂ ਜੀ ਨੇ ਸ਼ਬਦ ਦੇ ਪ੍ਰਤਾਪ ਸਭ ਨੂੰ ਮਾਤ ਕੀਤਾ, ਅਰ ਖੇਡਾਂ ਤੋਂ ਕੱਢਕੇ ਨਾਮ ਵਿੱਚ ਲਾਯਾ। ਦ,ਕ, ਦੋ ਅੱਖਰਾਂ ਦਾ ਭੇਤ ਇਹ ਹੈ ਕਿ ਸਿੱਧਾਂ ਪਾਸ ਦੋ ਚੀਜ਼ਾਂ ਸਨ : ਇਕ ਦੀਨ ਅਰਥਾਤ ਮਤ ਜੋਗ ਦਾ ਤੇ ਇਕ ਕਰਾਮਾਤ। ਸੋ ਦੀਨ ਗੁਰੂ ਜੀ ਨੇ ਇਹ ਦਸਿਆ ਕਿ ਇਕ ਵਾਹਿਗੁਰੂ ਹੈ ਅਰ ਉਹ ਸਾਡਾ ਦਾਤਾ ਹੈ, ਭਿਖਾਰੀ ਦਾਤਾ ਦੇ ਭਗਤ ਹੁੰਦੇ ਹਨ, ਸੋ ਭਗਤੀ ਕਰੋ, ਇਹ ਤਾਂ ਦੀਨ ਹੈ, ਕਰਾਮਾਤ ਇਹ ਹੈ ਕਿ ਵਾਹਿਗੁਰੂ ਨੂੰ ਬੇਅੰਤ ਜਾਣੋ, ਉਸ ਦੀ ਹੱਦ ਨਹੀਂ ਹੈ, ਉਸ ਨੂੰ ਅਜਨਮ, ਅਯੋਨੀ, ਬੇਹੱਦ, ਅਜਰ, ਅਮਰ, ਸਮਝੋ। ਅਪਾਰ ਵਹਿਗੁਰੂ ਦੀ ਭਗਤੀ ਅਸਲ ਕਰਾਮਾਤ ਹੈ।

## ੪੩. (ਸੱਤਿਨਾਮ ਦਾ ਪ੍ਰਤਾਪ)।

੧. ਬਾਬਾ ਬੋਲੇ ਨਾਥ ਜੀ ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
੨. ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।
੩. ਬਸਤਰਿ ਪਹਿਰੋ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ।
੪. ਕਰੇ ਰਸੋਈ ਸਾਰ ਦੀ ਸਗਲੀ ਧਰਤੀ ਨਥਿ ਚਲਾਈ।
੫. ਏਵਡੁ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ।
੬. ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ।
੭. ਇਹ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ।
੮. ਸਤਿਨਾਮ ਬਿਨੁ ਬਾਦਰਿ ਛਾਈ ॥੪੩॥

ਅਰਥ-੧.(ਆਪ ਗੁਰੂ) ਬਾਬਾ ਜੀ ਬੋਲੇ :"ਹੇ ਨਾਥ ਜੀ ! (ਮੈਂ) ਮੂੰਹੋਂ ਸਚ ਬਚਨ ਕਹਿੰਦਾ ਹਾਂ (ਆਪ) ਸ਼ਬਦ ਸੁਣੋ। ੨.(ਇਕ ਭਗਵੰਤ ਦੇ) ਸੱਚੇ ਨਾਮ (ਦੀ ਕਰਾਮਾਤ) ਤੋਂ ਬਿਨਾਂ ਹੋਰ (ਨਾਸੀ) ਕਰਾਮਾਤਾਂ ਸਾਡੇ ਪਾਸ ਨਹੀਂ ਹਨ। ੩.ਕਪੜੇ ਅੱਗ ਦੇ ਪਹਿਨਾਂ, ਹਿਮਾਲੇ ਵਿਚ ਬਰਫ ਦੇ ਮੰਦਰ ਛਾਕੇ (ਜਾ ਰਹਾਂ)। ੪.ਰਸੋਈ (ਸਾਰ=) ਲੋਹੇ ਦੀ ਕਰਾਂ ਤੇ ਸਾਰੀ ਧਰਤੀ ਨੂੰ ਨੱਥ ਕੇ ਚਲਾਵਾਂ।

 www.sikhbookclub.com

੫.ਐਨਾ ਵਿਸਥਾਰ (=ਪਸਾਰਾ) ਕਰਾਂ ਕਿ ਸਾਰੀ ਧਰਤੀ ਹਿੱਕੀ ਹੋਈ ਤੁਰੀ ਚਲੇ। ੬.(ਤੱਕੜ ਵਿਚ) ਧਰਤ ਅਕਾਸ਼ ਦੋਵੇਂ (ਧਰਕੇ) ਪਿਛਲੇ ਛਾਬੇ ਵਿਚ (ਟੰਕ=) ਵੱਟਾ ਪਾ ਕੇ ਤੋਲ ਲਵਾਂ। ੭.ਇੰਨਾ ਬਲ ਆਪਣੇ ਵਿਚ ਰੱਖਾਂ, ਜਿਸ ਨੂੰ ਆਖਾਂ ਉਸ ਕੋਲੋਂ ਬੀ (ਜੋ ਚਾਹਾਂ) ਕਰਵਾ ਲਵਾਂ। ੮.(ਫੇਰ ਬੀ) ਸਤਿਨਾਮ ਤੋਂ ਬਿਨਾਂ (ਇਹ ਸਭ ਕੁਛ) ਬੱਦਲ ਦੀ ਛਾਂ ਹੈ।''

**ਭਾਵ-** **''ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿੰਦ ਭਜਨ ਬਿਨੁ ਹੜ ਕਾ ਜਲੁ*॥''** ਪੁਨਾ : **''ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾਂ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥''** ਗੱਲ ਕੀ- **''ਸੁਲਤਾਨੁ ਹੋਵਾ ਮੇਲਿ ਲਸਕਰ''**† ਵਾਲਾ ਸ਼ਬਦ ਸਮੱਗ੍ਰ ਇਸੇ ਪਰਥਾਇ ਸਿੱਧਾਂ ਨਾਲ ਗੁਰੂ ਜੀ ਨੇ ਉਚਾਰਨ ਕੀਤਾ ਹੈ। ਗੁਰੂ ਜੀ ਕਹਿੰਦੇ ਹਨ ਕਿ ਸਿੱਧੀਆਂ ਦੇ ਬਲ ਕੁਛ ਨਹੀਂ, ਏਹ ਵਾਹਿਗੁਰੂ ਤੋਂ ਮੋੜਕੇ ਹਉਮੈ ਵਿਚ ਫਸਾਉਂਦੇ ਹਨ, ਸਤਿਨਾਮ ਦੀ ਵਡੀ ਕਰਾਮਾਤ ਹੈ, ਜੋ ਹਉਮੈਂ ਤੋਂ ਛੁਟਕਾਰਾ ਦੇਂਦੀ ਹੈ।

## ੪੪. (ਸਿੱਧ ਗੋਸ਼ਟ। ਮੁਲਤਾਨ)।

੧. ਬਾਬੇ ਕੀਤੀ ਸਿਧਿ ਗੋਸਟਿ ਸਬਦ ਸਾਂਤਿ ਸਿਧੀ ਵਿਚਿ ਆਈ।
੨. ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ।
੩. ਸਿਧਿ ਬੋਲਨਿ ਸੁਭ ਬਚਨ: ਧਨੁ ਨਾਨਕ ਤੇਰੀ ਵਡੀ ਕਮਾਈ।
੪. ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।
੫. ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।
੬. ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰ ਲੈ ਆਈ।
੭. ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚਿ ਮਿਲਾਈ।
੮. ਜਿਉ ਸਾਗਰ ਵਿਚ ਗੰਗ ਸਮਾਈ ॥੪੪॥

**ਪਦਾਰਥ-**(ਜਿਣਿ=ਜਿੱਤਕੇ। ਆਦੇਸਿ=ਨਮਸਕਾਰ। ਜਾਰਤਿ=ਜ਼ਿਆਰਤ, ਯਾਤ੍ਰਾ।)

**ਅਰਥ-**੧.(ਜਦ) ਬਾਬੇ ਨੇ ਸਿਧਾਂ ਨਾਲ ਚਰਚਾ ਕੀਤੀ, (ਬਾਬੇ ਦੇ) ਸ਼ਬਦ ਨਾਲ ਸਿਧਾਂ ਵਿਖੇ ਸ਼ਾਂਤਿ ਵਰਤ ਗਈ। ੨.ਸ਼ਿਵਰਾਤ ਦਾ (ਸਾਰਾ) ਮੇਲਾ (ਗੁਰੂ ਜੀ ਨੇ) ਜਿੱਤ ਲੀਤਾ, ਖਟ ਦਰਸ਼ਨਾਂ ਨੇ ਨਮਸਕਾਰ ਕੀਤੀ। ੩.(ਅਤੇ ਸਾਰੇ) ਸਿੱਧ (ਏਹ) ਸ਼ੁਭ ਬਚਨ ਆਖਣ ਲਗੇ ''ਧੰਨ ਹੋ ਨਾਨਕ ਜੀ! ਆਪ ਦੀ (ਕਮਾਈ=) ਮਿਹਨਤ ਵਡੀ ਹੈ। ੪.(ਤੂੰ) ਵਡਾ ਪੁਰਖ ਕਲਜੁਗ ਵਿਚ ਜ਼ਾਹਰ ਹੋਇਆ ਹੈਂ,(ਸਾਰੇ ਸੱਤਿਨਾਮ ਦੀ) ਜੋਤਿ ਜਗਾ ਦਿਤੀ ਹੈ।'' ੫.(ਅਚਲ ਦੇ) ਮੇਲੇ (ਦੀ ਦਿਗ ਬਿਜਯ ਕਰਕੇ ਹੁਣ) ਗੁਰੂ ਬਾਬਾ ਜੀ ਉਠ ਕੇ ਮੁਲਤਾਨ ਦੀ ਯਾਤਰਾ ਨੂੰ ਚਲੇ। ੬.ਅਗੋਂ ਮੁਲਤਾਨ ਦੇ ਪੀਰ ਇਕ ਦੁੱਧ ਦਾ ਛੰਨਾ (ਨਕਾ ਨਕ) ਭਰਕੇ ਲੈ ਆਏ। ੭.ਬਾਬੇ ਨੇ ਬਗਲੋਂ ਕੱਢਕੇ ਇਕ ਚੰਬੇਲੀ (ਦਾ ਫੁੱਲ) ਦੁੱਧ ਪੁਰ ਰੱਖ ਦਿਤਾ। ੮.ਜਿਕੁਰ ਸਮੁੰਦਰ ਵਿਚ ਗੰਗਾ ਸਮਾਉਂਦੀ ਹੈ।

**ਭਾਵ-**ਜਦ ਆਪ ਨੇ ਸੁਣਿਆ ਕਿ ਮੁਲਤਾਨ ਵਿਖੇ ਪੀਰਾਂ ਨੂੰ ਲੋਕ ਵੱਡਾ ਮੰਨਦੇ ਹਨ ਅਤੇ ਸਤਿਨਾਮ ਥੋਂ ਭੁੱਲੇ ਹੋਏ ਹਨ ਉਨ੍ਹਾਂ ਨੂੰ ਸੱਚਾ ਰਸਤਾ ਦੱਸਣ ਲਈ ਮੁਲਤਾਨ ਵਿਖੇ ਰੌਣਕ ਬਖ਼ਸ਼ੀ। ਹੁਣ ਪੀਰਾਂ ਨੂੰ ਹਫਲਾ ਤਫਲੀ ਪਈ; ਉਹ ਦੁੱਧ ਦਾ ਭਰਕੇ ਛੰਨਾ ਲੈ ਆਏ ਕਿ ਮੁਲਤਾਨ ਤਾਂ ਪੀਰਾਂ ਨਾਲ ਅਗੇ ਹੀ ਲਬਾਲਬ ਹੈ ਤੂੰ ਇਥੇ ਕਿੱਕੁਰ ਰਹੇਂਗਾ? ਆਪ ਨੇ ਫੁੱਲ ਰੱਖਣ ਥੋਂ ਇਹ ਧੁਨੀ ਦੱਸੀ ਕਿ ਫੁੱਲ ਵਾਂਙੂ ਟਿਕਾਂਗੇ, ਕਿਸੇ ਨੂੰ ਦੁਖ ਦੇਣ ਨਹੀਂ ਆਏ। ਨਾਮ ਦੀ ਖ਼ੁਸ਼ਬੋਈ ਲਾਉਣ ਆਏ ਹਾਂ; ਯਾ ਜਿਵੇਂ ਗੰਗਾ ਸਮੁੰਦਰ ਵਿਚ ਪੈਂਦੀ ਅਗਲੇ ਪਾਨੀ ਨਾਲ ਵਿਰੋਧ ਨਹੀਂ ਕਰਦੀ।

* ਟੋਡੀ ਮ: ੫-੨੬ †ਸਿਰੀ: ਮ: ੧-੧

## ੪੫. (ਗੁਰੂ ਅੰਗਦ)।

੧. ਜ਼ਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰ ਪੁਰੇ ਨੋ ਆਇਆ।
੨. ਚੜ੍ਹੇ ਸਵਾਈ ਦਿਹਿ ਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ।
੩. ਵਿਣੁ ਨਾਵੈ ਹੋਰੁ ਮੰਗਣਾ ਸਿਰਿ ਦੁਖਾ ਦੇ ਦੁਖ ਸਬਾਇਆ।
੪. ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।
੫. ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰੀ ਛਤ੍ਰ ਫਿਰਾਇਆ।
੬. ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
੭. ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।
੮. ਕਾਇਆ ਪਲਟਿ ਸਰੂਪ ਬਣਾਇਆ ॥੪੫॥

**ਪਦਾਰਥ**-(ਦਿਹ ਦਿਹੀ=ਦਿਨੋ ਦਿਨ ਮਾਰਿਆ ਸਿਕਾ=ਸਿਕਾ ਤੋਰਿਆ,ਭਾਵ ਹੁਕਮ ਤੋਰਿਆ।)

**ਅਰਥ**-੧.ਮੁਲਤਾਨ ਦੀ ਯਾਤਰਾ (ਵਿਚ ਦਿਗ ਬਿਜਯ) ਕਰਕੇ ਫਿਰ ਕਰਤਾਰ ਪੁਰ ਨੂੰ (ਬਾਬਾ) ਆਇਆ। ੨.ਦਿਨੋਂ ਦਿਨ ਕਲਾ ਸਵਾਈ ਹੋਣ ਲੱਗੀ, ਕਲਿਜੁਗ (ਵਿਚ ਗੁਰੂ) ਨਾਨਕ ਨੇ ਲੋਕਾਂ ਥੋਂ ਨਾਮ ਦਾ ਜਾਪ ਕਰਾਯਾ। ੩.(ਇਸ ਲਈ ਕਿ) ਨਾਮ ਤੋਂ ਬਾਝ ਹੋਰ ਸਭਨਾਂ (ਪਦਾਰਥਾਂ) ਦੇ ਮੰਗਣ ਵਿਖੇ ਭਾਰੀ ਕਸ਼ਟ ਤੇ ਵਿਪਦਾ ਹਨ। ੪.(ਸਾਰੇ) ਜਗਤ ਵਿਖੇ (ਹੁਕਮ ਦਾ) ਸਿੱਕਾ ਮਾਰਿਆ ਅਤੇ (ਬਾਬੇ) ਨਾਨਕ ਨੇ (ਹਉਮੈ ਰੂਪੀ) ਮੈਲ ਤੋਂ ਰਹਿਤ ਪੰਥ ਤੋਰਿਆ। ੫.ਆਪਣੇ ਜੀਉਂਦੇ ਜੀ ਲਹਿਣੇ ਨੂੰ ਗੱਦੀ ਪੁਰ ਬੈਠਾਕੇ ਗੁਰਿਆਈ ਦਾ ਛੱਤ੍ਰ ਸਿਰ ਪੁਰ ਫਿਰਾਇਆ। ੬.(ਆਪਣੀ) ਜੋਤਿ (ਉਸਦੀ) ਜੋਤਿ ਵਿਖੇ ਮਿਲਾਕੇ ਸਤਿਗੁਰੂ ਨਾਨਕ ਨੇ (ਮਾਨੋਂ ਦੂਜਾ) ਰੂਪ ਬਦਲ ਦਿਤਾ। ੭.(ਇਸ ਭੇਤ ਨੂੰ)ਕੋਈ ਜਾਣ ਨਹੀਂ ਸਕਿਆ, ਕਿਉਂ ਜੋ ਅਚਰਜ ਵਿਚ ਅਚਰਜ ਦਿਖਾ ਦਿਤਾ। ੮.ਕਿ ਸਰੀਰ ਨੂੰ ਪਲਟ ਕੇ (ਗੁਰੂ ਅੰਗਦ ਦਾ) ਸਰੂਪ (ਆਪਣੇ ਵਰਗਾ) ਬਣਾ ਦਿੱਤਾ।

**ਭਾਵ**-ਗੁਰੂ ਜੀ ਨੇ ਆਪਣੇ ਹੁੰਦੇ ਹੀ ਲਹਿਣੇ ਜੀ ਨੂੰ ਗੱਦੀ ਦੇ ਦਿੱਤੀ ਤੇ ਅੰਗਦ ਨਾਮ ਦੀ ਪਦਵੀ ਬਖਸ਼ੀ, ਇਸ ਲਈ ਕਿ ਇਹ ਸਾਡੇ ਅੰਗ ਥੋਂ ਦਿਤਾ ਗਿਆ ਹੈ! ਇਸ ਥੋਂ ਇਹ ਉਪਦੇਸ਼ ਦਿਤਾ ਕਿ ਲੋਕ ਸਾਡੇ ਵਿਚ ਤੇ ਗੁਰੂ ਅੰਗਦ ਵਿਚ ਫ਼ਰਕ ਨਾ ਜਾਨਣ। ਇਕ ਸਰੂਪ ਕਰ ਦਿੱਤਾ। ਮਾਨੋ ਕਾਇਆ ਹੀ ਉਹੋ ਢਾਲ ਦਿੱਤੀ ਹੈ-"**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**" (ਰਾਮ:ਵਾ:ਰਾ:ਬਲ)

## ੪੬. (ਗੁਰੂ ਅਮਰਦਾਸ ਜੀ)।

੧. ਸੋ ਟਿਕਾ ਸੋ ਛਤ੍ਰੁ ਸਿਰਿ ਸੋਈ ਸਚਾ ਤਖਤੁ ਟਿਕਾਈ।
੨. ਗੁਰ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
੩. ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ।
੪. ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।
੫. ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
੬. ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।
੭. ਫੇਰ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ* ਨ ਲਖਿਆ ਜਾਈ।
੮. ਦਾਤਿ ਜੋਤਿ ਖਸਮੈ ਵਡਿਆਈ ॥੪੬॥

*ਪਾ :-ਲੇਖੁ।

**ਪਦਾਰਥ**-(ਟਿਕਾ=ਤਿਲਕ। ਟਿਕਾਈ=ਬਿਰਾਜਮਾਨੀ। ਹੰਦੀ=ਦੀ।)
(ਮੁਹਰਿ=ਛਾਪ। ਇਲਾਹੀ=ਈਸ਼੍ਵਰੀ।)

**ਅਰਥ**-੧.ਉਹੋ ਤਿਲਕ, ਉਹੋ ਛਤ੍ਰ ਸਿਰਿ ਪੁਰ, ਉਹੋ ਸੱਚੇ ਸਿੰਘਾਸਨ ਪੁਰ ਬਿਰਾਜਮਾਨੀ, ੨.(ਉਹੋ) ਗੁਰੂ ਨਾਨਕ ਦੇ ਹੱਥ ਦੀ ਛਾਪ (ਅਰਥਾਤ ਸ਼ਕਤੀ ਮਿਲੀ ਅਰ) ਗੁਰੂ ਅੰਗਦ ਜੀ ਦੀ ਦੋਹੀ ਫਿਰ ਗਈ (ਕਿ ਅੱਗੇ ਨੂੰ ਇਹ ਗੁਰੂ ਹੋਏ)। ੩.(ਹੁਣ ਸ੍ਰੀ ਗੁਰੂ ਅੰਗਦ ਜੀ ਨੇ) ਕਰਤਾਰ ਪੁਰ ਨੂੰ ਛੱਡ ਦਿੱਤਾ ਤੇ ਖਡੂਰ (ਨਾਮੇ ਗ੍ਰਾਮ ਵਿਖੇ) ਆਪਣੀ ਰੌਸ਼ਨੀ ਕੀਤੀ। ੪.ਪੂਰਬ ਦਾ (ਜੋ ਬੀਜ) ਬੀਜਿਆ ਹੈ, (ਉਹੋ) ਮਿਲਦਾ ਹੈ, ਹੋਰ ਵਿਚ ਵਿਚ ਦੀਆਂ ਚਤੁਰਾਈਆਂ ਝੂਠੀਆਂ ਹਨ (ਭਾਵ ਦਾਸੂ ਤੇ ਦਾਤੂ ਪੁੱਤ੍ਰ ਬੈਠੇ ਰਹੇ ਤੇ ਸ੍ਰੀ ਅਮਰਦਾਸ ਜੀ ਨੇ ਟਹਿਲੋਂ ਮਹਿਲ ਪਾ ਲੀਤਾ)। ੫.ਲਹਿਣੇ ਨੇ ਤਾਂ ਗੁਰੂ ਨਾਨਕ ਜੀ ਤੋਂ (ਗੱਦੀ ) ਪਾਈ, (ਹੁਣ ਇਨ੍ਹਾਂ ਨੂੰ ਗੁਰੂ) ਅਮਰਦਾਸ ਜੀ ਦੇ ਘਰ ਦੇਣੀ ਆਈ (ਭਾਵ ਸ੍ਰੀ ਗੁਰੂ ਅੰਗਦ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਓਹੀ ਗੁਰਿਆਈ ਦੀ ਗੱਦੀ ਬਖਸ਼ ਦਿੱਤੀ)। ੬.ਅਮਰ ਸਰੂਪ ਹੋ ਕੇ ਗੁਰੂ (ਅਮਰਦਾਸ ਜੀ ਗੱਦੀ ਪਰ) ਬੈਠੇ ਗੁਰੂ (ਅੰਗਦ ਜੀ ਦੇ) ਦਵਾਰਾ ਈਸ਼੍ਵਰੀਯ ਦਾਤ ਮਿਲੀ। ੭.(ਇਨ੍ਹਾਂ ਨੇ) ਗੋਂਦਵਾਲ ਫੇਰ (ਆ ਕਰ) ਵਸਾਇਆ, ਵਡਾ ਅਚਰਜ ਖੇਲ ਕੀਤਾ ਜੋ ਸਮਝਿਆ ਨਹੀਂ ਜਾਂਦਾ। ੮.ਦਾਤ ਤੇ ਜੋਤਿ ਸਭ ਵਾਹਿਗੁਰੂ ਦੀ ਵਡਿਆਈ ਹੈ (ਜਿਸ ਨੂੰ ਦੇਵੇ ਉਸ ਨੂੰ ਮਿਲਦੀ ਹੈ।)

**ਭਾਵ**-ਗੁਰੂ ਅੰਗਦ ਜੀ ਉਹੋ ਸਰੂਪ ਗੁਰ ਨਾਨਕ ਦਾ। ਉਸੇ ਸ਼ਕਤੀ ਵਾਲੇ ਗੱਦੀ ਪੁਰ ਬੈਠੇ। ਉਨ੍ਹਾਂ ਨੂੰ ਤਾਂ ਇਹ ਦਾਤ ਮਿਲਨੀ ਹੀ ਸੀ, ਪੂਰਬ ਬੀਜਿਆ ਜੰਮਣਾ ਹੀ ਸੀ। ਦਾਸੂ ਦਾਤੂ ਜੀ ਵਿਚ ਕੂੜੀ ਚਤੁਰਾਈ ਸੀ ਕਿ ਹੱਕ ਤੋਂ ਬਿਨਾਂ ਲੈ ਜਾਈਏ। ਲਿਜਾਣੀ ਗੁਰੂ ਅਮਰ ਦਾਸ ਜੀ ਨੇ ਸੀ, ਜਿਨ੍ਹਾਂ ਦਾ ਹੱਕ ਸੀ, ਸੋ ਲੈ ਗਏ ਅਰ ਗੁਰੂ ਸਰੂਪ ਹੋਕੇ ਗੋਇੰਦਵਾਲ ਜਾ ਬਿਰਾਜੇ। ਦਾਤ ਜੋਤ ਦਾ ਭਾਵ ਇਹ ਹੈ:- ਦਾਤ ਵਾਹਿਗੁਰੂ ਦੀ ਬਖਸ਼ਿਸ਼ ਜੋ ਗੁਰੂ ਜੀ ਨੂੰ ਪ੍ਰਾਪਤ ਹੋਈ, ਜੋਤਿ ਉਹ ਦਾਤ ਹੈ ਜੋ ਗੁਰੂ ਜੀ ਨੇ ਅਗੋਂ ਸੰਸਾਰ ਨੂੰ ਬਖਸ਼ੀ। ਉਸ ਦਾਤ ਦਾ ਜੋ ਚਾਨਣ ਗੁਰੂ ਜੀ ਨੇ ਦੁਨੀਆਂ ਨੂੰ ਕਰ ਦਿੱਤਾ ਉਹ ਜੋਤ ਹੈ, ਸੋ ਦੋਵੇਂ ਵਾਹਿਗੁਰੂ ਦੀ ਵਡਿਆਈ ਪ੍ਰਗਟ ਕਰਦੀਆਂ ਹਨ।

## ੪੭. (ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ)।

੧. ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ।
੨. ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
੩. ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ*।
੪. ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।
੫. ਦਿਤਾ ਲਈਐ ਆਪਣਾ ਅਣਿਦਿਤਾ ਕੁਛ ਹਥਿ ਨ ਆਵੈ।
੬. ਫਿਰਿ ਆਈ ਘਰਿ ਅਰਜਣੇ ਪੁਤ ਸੰਸਾਰੀ ਗੁਰੂ ਕਹਾਵੈ।
੭. ਜਾਣਿ ਨ ਦੇਸਾਂ ਸੋਢੀਓ ਹੋਰਸਿ ਅਜਰੁ ਨ ਜਰਿਆ ਜਾਵੈ।
੮. ਘਰ ਹੀ ਕੀ ਵਥੁ ਘਰੇ ਰਹਾਵੈ ॥੪੭॥

*ਇਸ ਤੁਕ ਤੋਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਹੀ ਅੰਮ੍ਰਿਤ ਸਰੋਵਰ ਖੁਣਿਆ ਜਾ ਚੁਕਾ ਸੀ, ਤੇ ਗੁਰੂ ਰਾਮਦਾਸ ਜੀ ਉਸ ਦੇ ਵਿਚਾਲੇ ਬੈਠੇ ਜੋਤਾਂ ਜਗਾ ਰਹੇ ਸਨ, ਭਾਵ ਉਪਦੇਸ਼, ਨਾਮ ਦਾਨ, ਕਥਾ ਕੀਰਤਨ, ਆਪ ਦੇ ਦਰਸ਼ਨ ਸਭੋ ਕੁਛ ਹੋ ਰਿਹਾ ਸੀ। ਚਾਹੇ ਤਾਲ ਅਜੇ ਕੱਚਾ ਸੀ ਪਰ ਜਲ ਭਰਪੂਰ ਸੀ ਤੇ ਵਿਚਾਲੇ ਕੋਈ ਮਕਾਨ ਯਾ ਮੰਡਪ ਸੀ, ਜਿਥੇ ਆਪ ਬਿਰਾਜਮਾਨ ਹੋ ਕੇ ਸਤਿਸੰਗ ਦੇ ਦਰਬਾਰ ਲਾਉਂਦੇ ਸੇ।

 www.sikhbookclub.com

**ਪਦਾਰਥ**-(ਜੋਤਿ=ਪ੍ਰਕਾਸ਼। ਭਾਵ ਹੈ ਆਪਣੇ ਨੂਰਾਨੀ ਅਸਰ ਤੇ ਉਪਦੇਸ਼ ਦਾ ਪ੍ਰਚਾਰ ਕੀਤਾ।)
(ਖੇਲ=ਕੌਤਕ ਪੁਤੁ ਸੰਸਾਰੀ = ਬਿੰਦੀ ਬੇਟਾ। )

**ਅਰਥ**-੧.(ਜਿਸ ਦਾ) ਦੇਣਾ ਪਹਿਲੋਂ ਦਾ ਹੀ ਹੋਵੇ ਤੇ ਜਿਸ ਦੇ ਘਰ ਦੀ ਚੀਜ਼ ਹੋਵੇ ਉਸ ਦੇ ਘਰ ਹੀ ਆਉਂਦੀ ਹੈ। ੨.(ਹੁਣ) ਸੋਢੀ ਪਾਤਸ਼ਾਹ ਹੋਕੇ (ਗੱਦੀ ਪਰ) ਬੈਠੇ ਤੇ ਰਾਮਦਾਸ ਸਤਿਗੁਰੂ (ਪ੍ਰਸਿੱਧ) ਕਹਾਏ। ੩.ਅੰਮ੍ਰਿਤਸਰ ਵਿਖੇ (ਸੁਧਾ ਸਰੋਵਰ ਨਾਮੇ) ਤਲਾਉ ਖਟਾ ਕੇ ਪੂਰਨ ਕੀਤਾ ਅਰ ਜੋਤ ਦਾ ਪ੍ਰਕਾਸ਼ ਕੀਤਾ। ੪.ਖਸਮ ਦਾ ਕੌਤਕ ਉਲਟਾ ਹੈ (ਹੋਰ ਨਦੀਆਂ ਪੱਛਮ ਨੂੰ ਜਾ ਕੇ ਅਰਬ ਸਾਗਰ ਵਿਖੇ ਜਾਂਦੀਆਂ ਹਨ) ਪਰ ਗੰਗਾ (ਨਦੀ ਉਤਰੋਂ ਹੋਕੇ ਪੂਰਬ ਵਲ ਇਨ੍ਹਾਂ ਤੋਂ) ਉਲਟੀ ਜਾਕੇ (ਬੰਗਾਲੇ) ਸਮੁੰਦਰ ਵਿਖੇ ਮਿਲਦੀ ਹੈ, ੫.ਆਪਣਾ ਦਿੱਤਾ ਲਈਦਾ ਹੈ, ਬਿਨਾਂ ਦਿੱਤੇ ਕੁਝ ਹੱਥ ਨਹੀਂ ਆਉਂਦਾ ੬.ਫੇਰ ਗੁਰੂ ਅਰਜਨ ਦੇਵ ਦੇ ਘਰ (ਗੁਰਿਆਈ) ਆਈ, ਸੰਸਾਰੀ ਪੁੱਤਰ (= ਬਿੰਦੀ ਬੇਟਾ) ਗੁਰੂ ਕਹਾਇਆ। ੭.(ਮਾਤਾ ਭਾਨੀ ਜੀ ਨੇ ਪੁੱਤ੍ਰ ਨੂੰ ਬਚਨ ਕੀਤਾ: "ਹੇ ਪੁਤ੍ਰ ! ਹੁਣ) ਸੋਢੀਓਂ ਗੱਦੀ ਮੈਂ ਨਹੀਂ ਜਾਣ ਦੇਵਾਂਗੀ। ਇਹ ਵੱਡੀ ਅਜਰ, (ਚੀਜ਼ ਹੈ ਇਸ ਦਾ) ਜਰਨਾ, ਹੋਰਦੇ ਨਹੀਂ ਹੋਊ। ੮.ਘਰ ਦੀ ਚੀਜ਼ ਘਰ ਹੀ ਰਹੂ।"

**ਭਾਵ**-ਇਥੇ ਦ੍ਰਿਸ਼ਟਾਂਤ ਇਹ ਹੈ ਕਿ ਪੁੱਤ੍ਰ ਮੋਹਨ ਤੇ ਮੋਹਰੀ ਬੈਠੇ ਰਹੇ, ਗੁਰਿਆਈ ਰੂਪ ਗੰਗਾ ਉਲਟ ਕੇ ਗੁਰੂ ਰਾਮਦਾਸ ਜਵਾਈ ਨੂੰ ਪ੍ਰਾਪਤ ਹੋ ਗਈ। "**ਜਿਸ ਦੀ ਵਸਤੁ ਤਿਸੈ ਘਰਿ ਆਵੈ**" ਦਾ ਭਾਵ ਇਹ ਹੈ ਕਿ ਅਗੇ ਗੱਦੀ ਘਰੋਂ ਬਾਹਰ ਗਈ, ਪਰ ਜੇ ਘਰ ਦਾ ਹੀ ਕੋਈ ਹੱਕਦਾਰ ਹੋ ਜਾਵੇ ਤਦ ਜਿਸ ਦੇ ਘਰ ਵਿਚ ਚੀਜ਼ ਹੋਵੇ, ਉਸ ਦੇ ਘਰਾਣੇ ਵਿਚ ਹੀ ਰਹਿ ਸਕਦੀ ਹੈ, ਜਿਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਆਪ ਨੂੰ ਹੱਕਦਾਰ ਬਣਾਇਆ ਤਾਂ ਜਵਾਈ ਨੂੰ ਹੀ ਗੱਦੀ ਮਿਲ ਗਈ। ਜੋ ਫੇਰ ਸੋਢੀਆਂ ਵਿਚ ਘਰੇ ਹੀ ਰਹਿ ਗਈ। ਸੋ ਇਸ ਕਰਕੇ ਘਰ ਵਿਚ ਹੀ ਲਾਇਕਾਂ ਦੇ ਆਉਣ ਦੀ ਦਰਗਾਹ ਵਲੋਂ ਆਗਿਆ ਹੋ ਗਈ, ਹਕਦਾਰ ਪੁੱਤ੍ਰ ਹੀ ਹੋਕੇ ਆਉਣ ਲਗ ਪਏ, ਫੇਰ ਉਹੀ ਘਾਲਾਂ ਕਰਕੇ ਹੱਕ ਸਾਬਤ ਕਰਕੇ ਗੁਰੂ ਹੋ ਗਏ।

## ੪੮. (ਗੁਰੂ ਹਰਿ ਗੋਬਿੰਦ)।

੧. ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
੨. ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ।
੩. ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
੪. ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
੫. ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਿਲਾਂ ਤਕਿ ਦਰਸੁ ਨਿਹਾਰੀ।
੬. ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
੭. ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ।
੮. ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ ॥੪੮॥

**ਪਦਾਰਥ**-(ਪੀੜੀ=ਸੰਪ੍ਰਦਾ। ਦਲਭੰਜਨ=(ਮਲੇਛਾਂ ਦੇ) ਦਲਾਂ ਨੂੰ ਭੰਨਣ ਵਾਲਾ।)
(ਅਗਮ ਅਗੋਚਰ=ਮਨ ਬਾਣੀ ਤੋਂ ਪਰੇ। ਨਿਹਚਲ=ਅਟੱਲ, ਨਾ ਹਿੱਲਣ ਵਾਲਾ)

**ਅਰਥ**-੧.ਪੰਜ ਪੀਰ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਜੀ ਨੇ ਤਾਂ) ਪੰਜ ਪਿਆਲੇ (ਸਤ, ਸੰਤੋਖ, ਦਯਾ, ਧਰਮ, ਧੀਰਜ ਦੇ ਪੀਤੇ,ਭਾਵ ਸਤੋਗੁਣ ਦਾ ਬੜਾ ਅਭਯਾਸ ਕੀਤਾ) ਛੇਵਾਂ ਪੀਰ (ਗੁਰੂ ਹਰਿਗੋਬਿੰਦ) ਭਾਰੀ ਗੁਰੂ ਹੋਕੇ (ਗੱਦੀ ਤੇ) ਬੈਠਾ (ਭਾਵ ਇਨ੍ਹਾਂ

ਨੇ ਦੇਗ ਤੇਗ ਦੀਆਂ ਦੋ ਤਲਵਾਰਾਂ ਨਾਲ ਪਹਿਰੀਆਂ। ਸ਼ਾਂਤਿ ਰਸ ਦੇ ਨਾਲ ਬੀਰ ਰਸ ਦੇ ਪਯਾਲੇ ਪੀਤੇ)। ੨.ਗੁਰੂ ਅਰਜਨ ਜੀ ਨੇ ਹੀ ਆਪਣੀ ਕਾਯਾਂ ਪਲਟਕੇ ਹਰਿਗੋਬਿੰਦ ਦੀ ਮੂਰਤੀ ਬਣਾਈ। ੩.(ਹੁਣ) ਸੋਢੀਆਂ ਦੀ ਪੀਹੜੀ (ਅਗੋਂ) ਤੁਰ ਪਈ, ਵਾਰੋ ਵਾਰੀ (ਗੁਰੂ) ਰੂਪ ਦੱਸਣਗੇ। ੪.ਇਹ ਬੀਰ ਗੁਰੂ (ਮਲੇਛਾਂ ਦੇ) ਦਲਾਂ ਦਾ ਤੋੜਨਹਾਰ ਵੱਡਾ ਜੋਧਾ ਤੇ ਵੱਡਾ ਪਰਉਪਕਾਰੀ ਉਠਿਆ। ੫.(ਹੁਣ) ਸਿਖ ਅਰਦਾਸ ਕਰਕੇ ਪੁੱਛਣ ਲਗੇ (ਹੇ ਦੀਨ ਦਿਆਲ !) ਛੀ ਮਹਿਲਾਂ ਤੀਕ ਤਾਂ ਦਰਸ਼ਨ ਹੋਏ ਹਨ (ਅੱਗੋਂ ਕਿੰਨੇ ਕੁ ਹੋਣਗੇ ?) ੬.ਅਗਮ ਅਗੋਚਰ (ਅਰਥਾਤ ਮਨ ਬਾਣੀ ਤੋਂ ਪਰੇ) ਸਤਿਗੁਰ ਜੀ ਨੇ (ਅਗੰਮ ਵਾਕ) ਮੁਖ ਤੋਂ ਬੋਲੇ "ਸੁਣੋ ਹੇ ਸੰਸਾਰੀ ਲੋਕੋ ! ੭.ਕਲਜੁਗ ਵਿਖੇ ਸੋਢੀਆਂ ਦੀ ਪੀੜ੍ਹੀ ਦੀ ਨੀਵ ਅਟੱਲ ਉਸਾਰ ਕੇ ਖੜੀ ਕੀਤੀ ਗਈ ਹੈ। ੮.ਪਰੰਤੂ ਹੋਰ ਅਵਤਾਰ 'ਜੁਗ ਜੁਗ' (ਦੋ ਦੂਣੀ ਚਾਰ ਯਾ ੨+੨=੪) ਸਤਿਗੁਰ ਧਾਰਨ ਕਰਨਗੇ।"

**ਭਾਵ**-ਗੁਰੂ ਜੀ ਨੇ ਭਵਿੱਖਤ ਵਾਕ ਕੀਤਾ:-"ਹੇ ਸੰਸਾਰੀਓ! ਸੁਣੋ, ਅਗੇ ਚਾਰ ਅਵਤਾਰ: ਗੁਰੂ ਹਰੀਰਾਇ,ਹਰੀ ਕ੍ਰਿਸ਼ਨ, ਤੇਗ ਬਹਾਦਰ, ਤੇ ਗੁਰੂ ਗੋਬਿੰਦ ਸਿੰਘ ਤੀਕ ਸਤਿਗੁਰੂ ਗੁਰ ਨਾਨਕ ਜੀ ਧਾਰਨ ਕਰਨਗੇ, ਪਰੰਤੂ ਸੋਢੀਆਂ ਦੀ ਨੀਵ ਅਟੱਲ ਰਹੇਗੀ। ਅੰਮ੍ਰਿਤ ਛਕਾ ਕੇ ਪੰਥ ਸੋਢੀਬੰਸ ਹੋਕੇ ਗੁਰਤਾ ਪ੍ਰਾਪਤ ਕਰੇਗਾ।"ਜੇ ਕੋਈ ਪ੍ਰਸ਼ਨ ਕਰੇ ਕਿ ਇਹ ਕਿੱਕਰ ਜਾਤਾ ਹੈ? ਉਤਰ-ਅਗਮ ਅਗੋਚਰ ਈਸ਼੍ਵਰ ਰੂਪ ਆਪ ਗੁਰੂ ਹਰਿਗੋਬਿੰਦ ਜੀ ਅਤੰਰਯਾਮੀ ਹਨ **"ਨਾਨਕ ਸਾਧ ਪ੍ਰਭ ਭੇਦੁ ਨ ਭਾਈ।"** *ਪੁਨਾ:-**"ਪ੍ਰਭ ਜੀ ਬਸੈ ਸਾਧ ਕੀ ਰਸਨਾ।"***ਚੌਥੀ ਤੁਕ ਵਿਚ ਦੱਸਿਆ ਹੈ ਕਿ ਛੇਵਾਂ ਗੁਰੂ ਜੋਧਾ ਦਲ-ਭੰਜਨ ਹੈ, ਪਰ ਨਾਲ ਪਰਉਪਕਾਰੀ ਕਹਿਕੇ ਜਤਾ ਦਿੱਤਾ ਹੈ ਕਿ ਸ਼ਸਤ੍ਰ ਪਰਉਪਕਾਰ ਵਾਸਤੇ ਧਾਰਨ ਕੀਤੇ ਹਨ, ਨਾ ਕਿ ਰਾਜ ਦੇ ਲਾਲਚ ਪਿੱਛੇ।

## ੪੯. (ਵਾਹਿਗੁਰੂ ਮੰਤ੍ਰ) ।

੧. ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ।
੨. ਦੁਆਪੁਰਿ ਸਤਿਗੁਰੁ ਹਰੀ ਕ੍ਰਿਸਨ ਹਾਹਾ ਹਰਿ ਹਰਿ ਨਾਮੁ ਜਪਾਵੈ।
੩. ਤੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ।
੪. ਕਲਿਜੁਗਿ ਨਾਨਕ ਗੁਰ ਗੋਵਿੰਦ ਗਗਾ ਗੋਵਿੰਦ ਨਾਮੁ ਅਲਾਵੈ†।
੫. ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।
੬. ਚਾਰੋ ਅਛਰ ਇਕ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ‡।
੭. ਜਹਾਂ ਤੇ ਉਪਜਿਆ ਫਿਰਿ ਤਹਾਂ ਸਮਾਵੈ ॥੪੯॥੧॥

**ਪਦਾਰਥ**-(ਪੰਚਾਇਣ=ਵਾਹਿਗੁਰੂ ਮੰਤ੍ਰ, ਸ੍ਰੀ ਗੁਰੂ ਗ੍ਰੰਥ ਸਾਹਿਬ।)

**ਅਰਥ**-੧.(ਵਾਹਿਗੁਰੂ ਸ਼ਬਦ ਦਾ ਅੰਨ੍ਵਯ ਚਾਰੇ ਜੁਗਾਂ ਨਾਲ ਕੀਤਾ ਜਾਂਦਾ ਹੈ:-)ਸਤਿਜੁਗ ਵਿਖੇ ਸਤਿਗੁਰ (ਨਾਨਕ ਜੀ) ਵਾਸਦੇਵ (ਦਾ ਅਵਤਾਰ) ਹੋਏ,(ਉਥੋਂ) ਵਵਾ (ਲੀਤਾ), ਵਿਸ਼ਨੂੰ ਦਾ ਨਾਮ (ਲੋਕ) ਜਪਣ ਲੱਗੇ। ੨.(ਫੇਰ) ਦੁਆਪਰ (ਵਿਖੇ)ਸਤਿਗੁਰੂ (ਨਾਨਕ ਜੀ) ਹਰੀ (ਅਰਥਾਤ) ਕ੍ਰਿਸ਼ਨ (ਦਾ ਰੂਪ) ਹੋਏ, ਹਾਹਾ (ਅੱਖਰ ਲੀਤਾ) ਹਰਿ ਹਰਿ ਦਾ ਨਾਮ ਜਪਣ ਲੱਗੇ। ੩.ਤ੍ਰੇਤੇ (ਯੁਗ ਵਿਖੇ) ਸਤਿਗੁਰੂ (ਨਾਨਕ ਜੀ) ਰਾਮ ਜੀ (ਦਾ ਰੂਪ ਧਾਰਿਆ ਉਥੋਂ) ਰਾਰਾ (ਲੀਤਾ) ਰਾਮ ਰਾਮ

---

*ਗਉੜੀ ਮ:੫, †ਪਾ:-ਜਪਾਵੈ। ‡ਇਕ ਲਿਖਤੀ ਨੁਸਖੇ ਵਿਚ ਇਸ ਪਉੜੀ ਵਿਚ ਇਕ ਹੋਰ ਵਾਧੂ ਸਤਰ ਬੀ ਦਿਤੀ ਹੈ, ਜੋ ਓਥੇ ਅੰਤਲੀ ਤੋਂ ਪਹਿਲੇ ਰਖੀ ਹੋਈ ਹੈ, ਉਹ ਇਉਂ ਹੈ :--

'ਵਾਹਿਗੁਰੂ ਜਪਿ ਪ੍ਰੇਮ ਸਿਉ ਸੋ ਨਰੁ ਬਹੁੜ ਜੂਨਿ ਨਹੀ ਆਵੈ।'

(ਲੋਕੀਂ) ਉਚਾਰਕੇ ਸੁਖ ਪਾਉਣ ਲੱਗੇ। ੪.ਕਲਿਯੁਗ (ਵਿਖੇ) ਗੁਰੂ ਨਾਨਕ ਗੋਬਿੰਦ (ਰੂਪ ਹੋਏ,ਲੋਕ) ਗੋਬਿੰਦ (ਗੋਖਿੰਦ) ਜਪਣ ਲੱਗੇ, (ਉਥੋਂ) ਗਗਾ (ਲੀਤਾ) ਹੈ। ੫.ਚਹੁੰ ਜੁੱਗਾਂ ਦੇ ਚਾਰੇ (ਉਪਰ ਕਥੇ ਜਾਗੇ=) ਅਵਤਾਰ ਵਾਹਿਗੁਰੂ ਵਿਚ ਜਾ ਸਮਾਉਂਦੇ ਹਨ। ੬.(ਗਲ ਕੀ) ਚਾਰੇ ਅੱਖਰ ਕੱਠੇ ਕਰਕੇ, ਵਾਹਿਗੁਰੂ (ਪੰਜਵਾਂ) ਜਪ ਮੰਤ੍ਰ (ਸੰਗਤ ਨੂੰ ਗੁਰੂ ਜੀ ਨੇ) ਜਪਾਇਆ। ੭.(ਮੰਤ੍ਰ ਈਸ਼੍ਵਰ ਦੇ ਨਾਮ ਥੋਂ) ਜਿਥੋਂ ਉਪਜਿਆ ਹੈ ਫਿਰ ਉਸੇ ਵਿਖੇ ਲੀਨ ਹੋ ਜਾਂਦਾ ਹੈ। (ਧੁਨੀ ਇਹ ਕਿ ਫੇਰ ਸੰਸਾਰ ਦੀ ਪ੍ਰਾਪਤੀ ਨਹੀਂ ਰਹੇਗੀ ਪਰਮਪਦ ਦੀ ਪ੍ਰਾਪਤੀ ਹੋ ਜਾਵੇਗੀ*। ਅਰਥਾਤ ਨਾਮ ਨਾਮੀ ਤੋਂ ਹੋਇਆ ਹੈ ਤੇ ਨਾਮੀ ਵਿਚ ਹੀ ਲੈ ਜਾਂਦਾ ਹੈ†।

**ਭਾਵ**-ਇਹ ਪਉੜੀ ਭਾਈ ਗੁਰਦਾਸ ਜੀ ਦੀ ਨਹੀਂ ਜਾਪਦੀ, ਕਿਉਂਕਿ ਇਸ ਪਰ ਗੁਣੀ ਜਨਾਂ ਨੂੰ ਏਹ ਸ਼ੰਕਾਂ ਹਨ:-

੧.ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ, ਵਿਚੋਂ ਜਦ ਵਾਸਦੇਵ, ਰਾਮ, ਹਰਿਕ੍ਰਿਸ਼ਨ ਗੋਬਿੰਦ ਤੋਂ 'ਵਾ, ਰਾ, ਹ, ਗੋਂ, ਚਾਰ ਅੱਖਰ ਲੀਤੇ ਤਾਂ 'ਵਾਰਾਹਗੋ' ਬਣਿਆ, 'ਵਾਹਿਗੁਰੂ' ਨਾ ਬਣਿਆ, ਜੇ ਦੁਆਪਰ ਤ੍ਰੇਤੇ ਤੇ ਕਲਜੁਗ ਦਾ ਕ੍ਰਮ ਬਦਲੋ ਤਾਂ 'ਵਾਹਗੋਰਾ' ਬਣਦਾ ਹੈ।

੨.ਜੇ ਇਕ ਅਖਰ ਮਾਤ੍ਰ ਹੀ ਲਓ ਤਾਂ 'ਵਹਗਰ' ਬਣੇਗਾ। ਵਾਸਦੇਵ ਵਿਚੋਂ 'ਵਾ' ਕੰਨੇ ਵਾਲਾ ਤੇ ਹਰੀ ਕ੍ਰਿਸ਼ਨ ਵਿੱਚੋਂ 'ਹ' ਮੁਕਤਾ ਤੇ 'ਰਾਮ' ਵਿਚੋਂ 'ਰ' ਤੇ ਗੋਬਿੰਦ' ਵਿਚੋਂ 'ਗੁ' ਲੀਤੇ। 'ਵਾ' ਤਾਂ ਕੰਨੇ ਸਮੇਤ ਲਿਆ, 'ਰਾ' ਦਾ ਕੰਨਾ ਉਡਾ ਦਿਤਾ,ਤੇ 'ਗੁ' ਦਾ ਹੋੜਾ ਔਂਕੜ ਵਿਚ ਬਦਲ ਦਿੱਤਾ, ਏਹ ਭਿੰਨਤਾ ਕਿਉਂ?

੩.ਭਾਈ ਗੁਰਦਾਸ ਦੇ ਵੇਲੇ ਸਤਿਗੁਰੂ 'ਹਰਿ ਗੋਬਿੰਦ' ਜੀ ਸਨਗੇ, ਤਾਂ ਅੱਖਰ 'ਹ' ਲੈਣਾ ਚਾਹੀਦਾ ਸੀ, 'ਹਰਿਗੋਖਿੰਦ' ਵਿਚੋਂ ਗਗਾ ਕਿਕੂੰ ਲੀਤਾ ਤੇ ਉਂਵ ਵਡਿਆਈ ਨਮਿੱਤ ਗੁਰ ਨਾਨਕ ਨਾਮ ਵਿਚੋਂ 'ਨਾ' ਅਖਰ ਲੈਣਾ ਚਾਹੀਦਾ ਸੀ। 'ਗੋਬਿੰਦ' ਗੁਰੂ ਜਿਸ ਤੋਂ ਲੇਖਕ ਦਾ ਇਸ਼ਾਰਾ 'ਗੁਰੂ ਗੋਬਿੰਦ ਸਿੰਘ ਜੀ' ਵਲ ਹੈ, ਅਜੇ ਪ੍ਰਗਟੇ ਨਹੀਂ ਸੇ ਹੋਏ। ਭਾਈ ਗੁਰਦਾਸ ਜੀ ਨੇ ਛਟਵਾਂ ਗੁਰੂ ਪੀਰ ਭਾਰੀ ਜੋ ਪ੍ਰਤੱਖ ਸੇ, ਛੱਡਕੇ ਤੇ ਆਦਿ ਗੁਰੂ ਨਾਨਕ ਛੱਡਕੇ ਦਸਮੇਂ ਗੁਰੂ ਦਾ ਅੱਖਰ 'ਗ' ਕਿਸ ਤਰ੍ਹਾਂ ਲੈ ਲਿਆ?

੪.ਕ੍ਰਿਸ਼ਨ ਤੇ ਰਾਮ ਕੇਵਲ ਅਵਤਾਰ ਮੰਨੇ ਜਾਂਦੇ ਹਨ। ਅਰ ਕ੍ਰਿਸ਼ਨ ਤੋਂ ਛੁੱਟ ਬਾਕੀ ਦੇ ਅਵਤਾਰ ਬੀ ੧੬ ਕਲਾਂ ਸੰਪੂਰਨ ਨਹੀਂ ਮਨੀਂਦੇ। ਇਨ੍ਹਾਂ ਨੂੰ ਸਤਿਗੁਰੂ ਦੀ ਪਦਵੀ ਕਦੀ ਨਹੀਂ ਮਿਲੀ। ਏਹ ਆਪ 'ਘੋਰ ਅੰਘਰਾ' ਤੇ 'ਵਸ਼ਿਸ਼ਟ' ਆਦਿ ਗੁਰਾਂ ਦੇ ਚੇਲੇ ਸੇ। ਭਾਈ ਸਾਹਿਬ ਜੀ ਨੇ ਇਨ੍ਹਾਂ ਨੂੰ ਗੁਰੂ ਕਿੱਕੂੰ ਆਖਿਆ? ਏਹ ਤਾਂ ਕੇਵਲ ਅਵਤਾਰ ਸੇ। (ਦੇਖੋ ਸ੍ਰੀ ਸ਼ੰਕਰ ਦਯਾਲ ਜੀ ਦੇ

*ਭਾਵ ਜਿਵੇਂ ਚਾਰ ਅਖਰ ਇਕ ਵਾਹਿਗੁਰੂ ਪਦ ਵਿਚ ਸਮਾ ਗਏ ਹਨ, ਤਿਵੇਂ ਇਨ੍ਹਾਂ ਦੇ ਸਿਮਰਨ ਵਾਲਾ ਪਰਮੇਸ਼ਰ ਵਿਚ ਜਾ ਮਿਲਦਾ ਹੈ, ਅਥਵਾ ਚਾਰੇ ਨਾਮ ਜੋ ਚਉਹਾਂ ਜੁਗਾਂ ਵਿਚ ਪਰਚਲਤਿ ਸੇ, ਪੰਜਵੇਂ ਵਾਹਿਗੁਰੂ ਨਾਮ ਵਿਚ ਜਾ ਸਮਾਏ।

†ਐਉਂ ਬੀ ਅਰਥ ਲਾਉਣ ਦਾ ਜਤਨ ਹੁੰਦਾ ਹੈ : ਸਤਿਜੁਗ ਵਿਚ ਵਾਸਦੇਵ ਸਤਿਗੁਰੂ ਸੇ ਤੇ ਵਿਸ਼ਨੂੰ ਦਾ ਨਾਮ ਜਪਾਉਂਦੇ ਸੇ (ਸੋ) 'ਵਵਾ' ਲਿਆ। ਦੁਆਪਰ ਵਿਚ ਹਰੀ ਕ੍ਰਿਸ਼ਨ ਸਤਿਗੁਰ ਸੇ ਤੇ ਹਰਿ ਹਰਿ ਨਾਮ ਜਪਾਉਂਦੇ ਸੇ, ਸੋ 'ਹਾਹਾ' ਲਿਆ। ਤ੍ਰੇਤੇ ਵਿਚ ਰਾਮ ਜੀ (ਸਤਿਗੁਰੂ ਸੇ ਤੇ) ਰਾਮ ਜਪ ਕੇ ਸੁਖ ਪਾਉਂਦੇ ਸੇ, ਸੋ 'ਰਾਰਾ' ਲਿਆ। ਕਲਜੁਗ ਵਿਚ ਨਾਨਕ ਗੁਰ ਗੋਬਿੰਦ (ਸਤਿਗੁਰ ਸੇ ਤੇ ) ਗੋਬਿੰਦ ਨਾਮ ਉਚਾਰਦੇ ਸੇ। ਸੋ 'ਗੋ' ਲਿਆ। (ਅ) ਸਤਿਜੁਗ ਵਿਚ ਵਾਸਦੇਵ ਅਵਤਾਰ ਹੋਇਆ ਉਹ ਵਿਸ਼ਨੂੰ ਦਾ ਨਾਮ ਜਪਾਉਂਦਾ ਸੀ, ਸੋ 'ਵਵਾ' ਅਖਰ ਉਥੋਂ ਸਤਿਗੁਰਾਂ ਨੇ ਲੈ ਲਿਆ ਆਦਿ।

ਜਪੁਜੀ ਦੇ ਟੀਕੇ ਦਾ ਦੀਬਾਚਾ)।

**ਮਗਰਲੀ ਵਿਚਾਰ**-ਇਹ ਨਿਰਣਾ ਕਿ ਇਹ ਪਉੜੀ ਭਾਈ ਸਾਹਿਬ ਦੀ ਹੈ ਕਿ ਨਹੀਂ, ਇਤਿਹਾਸਕ ਪੱਖ ਵਿਚ ਹੋ ਸਕਦਾ ਹੈ, ਪਰ ਤਾਂ ਜੇ ਅਸਲੀ ਪੋਥੀ ਯਾ ਕੋਈ ਅਤਿ ਪੁਰਾਤਨ ਪੰਜਵੇਂ ਛੇਵੇਂ ਸਤਿਗੁਰਾਂ ਦੇ ਜ਼ਮਾਨੇ ਦੀ ਲਿਖਤੀ ਮਿਲ ਪਵੇ, ਜੋ ਅਜੇ ਤਕ ਨਹੀਂ ਮਿਲ ਸਕੀ। ਜੋ ਕੁਛ ਸ਼ੰਕੇ ਕਈ ਵਿਦਵਾਨਾਂ ਨੂੰ ਇਸਦੇ ਆਖੇਪ ਹੋਣ ਦੇ ਫੁਰਦੇ ਹਨ ਓਹ ਉਪਰ ਆ ਚੁਕੇ ਹਨ, ਸੋ ਇਨ੍ਹਾਂ ਤੋਂ ਛੁਟ ਅਰਥ ਕਰਨ ਵਿਚ ਏਹ ਮੁਸ਼ਕਲਾਂ ਬੀ ਹੈਨ :- ਹਿੰਦੂ ਮਤ ਅਨੁਸਾਰ ਸਤਿਜੁਗ ਵਿਚ ਵਾਸੁਦੇਵ ਯਾ ਵਿਸ਼ਨੂੰ ਏਸ ਨਾਮ ਦੇ ਅਵਤਾਰ ਨਹੀਂ ਹੋਏ। ਵਾਸੁਦੇਵ ਨਾਮ ਹੈ ਕ੍ਰਿਸ਼ਨ ਦਾ ਜੋ ਉਨ੍ਹਾਂ ਦੇ ਪਿਤਾ ਵਸੁਦੇਵ ਤੋਂ ਬਣਿਆ ਹੈ; ਵਾਸੁਦੇਵ ਦਾ ਦੂਸਰਾ ਅਰਥ ਹੈ ਵਜਾਪਕ ਪਰਮੇਸ਼ੁਰ (ਦੇਖੋ ਵਿਸ਼ਨੂੰ ਪੁਰਾਣ)। ਫਿਰ ਵਿਸ਼ਨੂੰ ਕਿ ਜਿਸਦਾ ਭਗਤੀ ਮਾਰਗ ਵਾਲੇ ਹਿੰਦੂ ਧਯਾਨ ਧਰਦੇ ਹਨ, ਉਹ ਦੇਹਧਾਰੀ ਨਹੀਂ ਪਰ ਇਕ ਦੇਵਤਾ ਦਾ ਨਾਮ ਭੀ ਹੈ ਜੋ ਸਭਨਾਂ ਦੇਵਤਿਆਂ ਦਾ ਸ਼ਿਰੋਮਣੀ ਹੈ। ਹਾਂ, ਵਿਸ਼ਨੂੰ ਨਾਮ ਕਿਸੇ ਵਜਕਤੀ ਵਾਲੇ ਅਵਤਾਰ ਦਾ ਨਹੀਂ ਪਰੰਤੂ ਉਹ ਸ਼ਿਰੋਮਣੀ ਦੇਵਤਾ, ਜਿਸ ਨੇ ਸਾਰੇ ਅਵਤਾਰ ਧਾਰੇ। ਵੇਦ ਵਿਚ ਹੋਰ ਅੱਠ ਦੇਵਤੇ ਹਨ ਜੋ ਵਸੂ ਕਹੀਦੇ ਹਨ, ਉਹਨਾਂ ਦੀਆਂ ਗੇਣਤੀਆਂ ਵਿਚੋਂ ਇਕ ਗੇਣਤੀ ਵਿਚ 'ਵਿਸ਼ਨੂੰ' ਦਾ ਨਾਮ ਆਉਂਦਾ ਹੈ। ਪਰ ਏਹ ਅੱਠੋ ਭੀ ਦੇਵਤੇ ਹੀ ਮੰਨੇ ਗਏ ਹਨ। ਵਿਸ਼ਨੂੰ ਦਾ ਦੂਸਰਾ ਅਰਥ 'ਵਯਾਪਕ' ਬੀ ਹੈ। ਸੋ ਇਹ ਅਰਥ ਕਰਨਾ ਕਿ 'ਵਾਸਦੇਵ' ਜੀ ਸਤਿਜੁਗ ਦੇ ਅਵਤਾਰ ਸਨ, ਠੀਕ ਨਹੀਂ ਤੇ ਇਹ ਅਰਥ ਕਰਨਾ ਕਿ ਸਤਿਜੁਗ ਵਿਚ ਵਾਸੁਦੇਵ ਜੀ ਸਤਿਗੁਰ ਸਨ, ਇਹ ਬੀ ਨਹੀਂ ਢੁੱਕਦਾ, ਕਿਉਂਕਿ ਵਾਸਦੇਵ ਦੇ ਸਤਿਜੁਗ ਵਿਚ ਸਤਿਗੁਰ ਹੋਣ ਦਾ ਲੇਖ ਵੇਦ ਵਿਚ ਨਹੀਂ ਮਿਲਦਾ। 'ਸਤਿਗੁਰ' ਪਦ ਕਲਿਜੁਗ ਦੇ ਅਵਤਾਰ ਦਸਾਂ ਗੁਰੂ ਸਾਹਿਬਾਂ ਨਾਲ ਵਰਤਿਆ ਗਿਆ ਹੈ, ਪਹਿਲੇ ਤ੍ਰੇਤੇ ਤੇ ਦ੍ਵਾਪੁਰ ਦੇ ਅਵਤਾਰਾਂ 'ਰਾਮ' 'ਕ੍ਰਿਸ਼ਨ' ਨਾਲ ਵੀ ਨਹੀਂ ਲਾਯਾ ਗਿਆ, ਓਹ ਅਵਤਾਰ ਕਹਿਲਾਏ ਤੇ ਦੇਹਧਾਰੀ ਗੁਰੂ ਉਨ੍ਹਾਂ ਨੇ ਧਾਰਨ ਕੀਤੇ।.ਸੋ ਇਹ ਅਰਥ ਕਰਨਾ ਬੀ ਨਹੀਂ ਢੁੱਕਦਾ ਕਿ ਸਤਿਜੁਗ ਵਿਚ 'ਵਾਸੁਦੇਵ' ਸਤਿਗੁਰ ਸੀ। ਨਾ ਇਹ ਢੁੱਕਦਾ ਹੈ ਕਿ ਸਤਿਗੁਰ ਨੇ ਵਾਸੁਦੇਵ ਵਿਚੋਂ 'ਵਵਾ' ਲੀਤਾ, ਕਿਉਂਕਿ ਤੁਕ ਵਿਚ ਕੋਈ ਕ੍ਰਿਆ ਪਦ ਨਹੀਂ ਪਿਆ, ਜੋ 'ਲੀਤਾ' ਦਾ ਅਰਥ ਦੇਵੇ ਯਾ ਕਿਸੇ ਮਾਤ੍ਰਾ ਵਿਚੋਂ ਸੰਭਾਵਨ ਹੋ ਸਕੇ। ਲਿਖਤੀ ਪੋਥੀਆਂ ਵਿਚ ਸਤਿਗੁਰ ਦਾ 'ਰ' ਮੁਕਤਾ ਹੈ।

ਫਿਰ ਪਹਿਲੀਆਂ ਦੋ ਤੁਕਾਂ ਦੀ ਕ੍ਰਿਆ 'ਜਪਾਵੈ' ਪ੍ਰੇਰਣਾਰਥਿਕ ਹੈ ਤੇ ਜਪਾਉਣ ਵਾਲਾ ਯਾ ਸਤਿਗੁਰ ਹੈ ਯਾ ਵਾਸੁਦੇਵ ਹੈ ਯਾ ਵਿਸ਼ਨੂੰ ਯਾ ਵਵਾ ਹੈ; ਭਾਵ ਜਿਸ ਦਾ ਕਿ ਇਹ ਨਾਮ ਸੀ, ਪਰ ਤੀਸਰੀ ਚੌਥੀ ਤੁਕ ਵਿਚ ਕ੍ਰਿਆ ਪਦ ਜਪਣ ਵਾਲੇ ਦੀ ਕ੍ਰਿਆ ਹੈ- ਸੁਖ ਪਾਵੇ। ਇਹ ਕ੍ਰਿਆ ਪਦ ਜਪਣ ਵਾਲੇ ਵਲ ਜਾਂਦਾ ਹੈ। ਇਨ੍ਹਾਂ ਗੱਲਾਂ ਕਰਕੇ ਅਰਥ ਕਰਨ ਵਾਲੇ ਕਈ ਮੁਸ਼ਕਲਾਂ ਵਿਚ ਪੈ ਜਾਂਦੇ ਹਨ। ਸੋ ਜੇ ਪਉੜੀ ਨੂੰ ਭਾਈ ਸਾਹਿਬ ਜੀ ਦੀ ਸਮਝਿਆ ਜਾਵੇ ਤਾਂ ਅਰਥ ਕਿਵੇਂ ਢੁੱਕੇ ? ਗਯਾਨੀ ਸਾਹਿਬ ਸਿੰਘ ਜੀ ਧਮਧਾਣ ਸਾਹਿਬ ਵਾਲੇ ਇਸ ਦਾ ਹੱਲ ਕਰਦਿਆਂ ਇਹ ਚਾਰੇ ਨਾਮ ਅਵਤਾਰਾਂ ਦੇ ਨਹੀਂ ਮੰਨਦੇ ਪਰ ਬ੍ਰਹਮ ਬੋਧਕ ਦੱਸਦੇ ਹਨ ਤੇ ਪ੍ਰਮਾਣ ਇਹ ਦੇਂਦੇ ਹਨ :-

ਵਾਸਦੇਵ- **'ਵਾਸੁਦੇਵ ਜਲ ਥਲ ਮਹਿ ਰਵਿਆ॥'** (ਗਉ: ਬਾ: ਆ: ਮ: ੫-੪੬)
ਹਰਿ- **'ਹਰਿ ਆਪੇ ਰਵਿ ਰਹਿਆ ਬੰਨਵਾਰੀ॥'** (ਗਉ: ਗੁਆ: ਮ:੪-੬)
ਗੋਬਿੰਦ-**'ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ॥'** (ਥਿਤੀ: ਗਉ: ਮ: ੫-੧੫)
ਰਾਮ- **'ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥'** (ਥਿਤੀ: ਗਉ: ਮ: ੫-੧੪)

ਕਵਿ ਸੰਤੋਖ ਸਿੰਘ ਜੀ ਨੇ ਵਾਹਿਗੁਰੂ ਪਦ ਦੇ ਅਰਥ ਨਿਰਗੁਣ ਤੇ ਸਰਗੁਣ ਦੋਹਾਂ ਪਖਾਂ ਵਿਚ ਕੀਤੇ ਹਨ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਉਨ੍ਹਾਂ ਦੇ ਕੀਤੇ ਅਰਥਾਂ ਤੋਂ ਸਾਰ ਸਿੱਧਾਂਤ ਇਹ

ਦਿੱਸਦਾ ਹੈ ਕਿ ਇਸ ਪਦ ਦਾ ਅਰਥ ਹੈ 'ਅਸਚਰਜ ਸਰੂਪ ਤੇ ਪ੍ਰਕਾਸ਼ ਸਰੂਪ'। ਉਨ੍ਹਾਂ ਦਾ ਆਸ਼ਾ ਹੈ ਕਿ ਨਿਰਾਕਾਰ ਨਿਰਗੁਣ ਸਰੂਪ ਦੇ ਲਖਾਯਕ ਨਾਮ ਤੋਂ ਛੁਟ ਉਸ ਦੇ ਕ੍ਰਿਤਮ ਨਾਮ ਬੀ ਹਨ, ਜੋ ਉਸ ਦੇ ਗੁਣਾਂ ਕਰਕੇ ਬਣੇ ਹਨ, ਸਿਫਾਤੀ ਨਾਮ। ਇਹ ਹੀ ਸਰਗੁਣ ਨਾਮ ਕਹੀਦੇ ਹੈਨ। ਐਉਂ: ਕਿ ਵਾਸਦੇਵ-ਉਹ ਵਜਾਪਕ ਹੈ; ਹਰਿ-ਉਹ ਪਾਪਾਂ ਦਾ ਹਰਨੇ ਵਾਲਾ ਹੈ। ਗੋਬਿੰਦ-ਉਹ ਮੁਕਤੀ ਦਾਤਾ ਹੈ। ਰਾਮ-ਉਹ ਜਗਤ ਦੇ ਵਿਚ ਕ੍ਰੀੜਾ ਕਰ ਰਿਹਾ ਹੈ, ਵਿਗਸ ਰਿਹਾ ਹੈ ਤੇ ਵਿਗਾਸ ਦੇ ਰਿਹਾ ਹੈ। ਸੋ ਵਾਹਿਗੁਰੂ ਵਿਚ ਉਸ ਦੀਆਂ ਸਿਫਤਾਂ ਵਾਲੇ ਨਾਵਾਂ ਦੇ ਇਕ ਇਕ ਅੱਖਰ ਲੈ ਕੇ ਗੁਣ ਸਮੂਹ ਦੇ ਭਾਵ ਭਰ ਦਿਤੇ ਹਨ, ਇਸ ਕਰਕੇ ਇਹ ਨਾਮ ਸਰਗੁਣ ਨਾਵਾਂ ਵਿਚੋਂ ਬੀ ਸਰੇਸ਼ਟ ਹੈ।

(ਦੇਖੋ ਸੰਪਾਦਿਤ ਸੂਰਜ ਪ੍ਰਕਾਸ਼ ਜਿਲਦ ੨ ਸਫਾ ੯੨)

ਗਯਾਨ ਰਤਨਾਵਲੀ ਵਿਚ ਇਕ ਥਾਵੇਂ ਤਾਂ ਚਾਰ ਅੱਖਰ ਅਵਤਾਰੀ ਨਾਵਾਂ ਤੋਂ ਦੱਸੇ ਹਨ, ਪਰ ਦੂਸਰੀ ਥਾਵੇਂ ਦੱਸਿਆ ਹੈ ਕਿ ਜੀਵਾਂ ਦੇ ਉਧਾਰ ਵਾਸਤੇ ਗੁਰ ਨਾਨਕ ਦੇਵ ਜੀ ਨੇ ਨੌਂ ਨੌਂ ਜੁਗ ਵਾਸੁਦੇਵ, ਹਰੇ, ਗੁਬਿੰਦ ਤੇ ਰਾਮ ਦੇ ਚਾਰ ਨਾਮ ਜਪਕੇ ਚੌਹਾਂ ਦੇ ਪਹਿਲੇ ਪਹਿਲੇ ਅੱਖਰ ਦਾ ਸਮੁਦਾਇ ਕਰਕੇ ਅੰਤ ਵਿਚ ਇਹ 'ਵਾਹਿਗੁਰੂ' ਨਾਮ ਕੀਤਾ ਹੈ ਤੇ ਛੱਤੀ ਜੁਗਾਂ ਦੇ ਤਪ ਦਾ ਫਲ ਇਸ ਇਕ 'ਵਾਹਿਗੁਰੂ' ਪਦ ਵਿਚ ਰਖਿਆ ਹੈ। ਸੋ ਇਹ ਚਾਰ ਨਾਮ ਪ੍ਰਮਾਤਮਾ ਦੇ ਮੰਨੇ ਹਨ।

ਪੰਡਤ ਤਾਰਾ ਸਿੰਘ ਜੀ ਨਰੋਤਮ ਨੇ ਬੀ ਇਸ ਕਿਸਮ ਦੀ ਰੀਤੀ ਲਈ ਹੈ ਤੇ ਲਿਖਿਆ ਹੈ: "ਭਾਈ ਗੁਰਦਾਸ ਜੀ ਨੇ ਲਿਖਿਆ ਹੈ-ਵਾਸਦੇਵ, ਹਰਿ, ਗੁਬਿੰਦ, ਰਾਮ, ਇਨ੍ਹਾਂ ਚਾਰੋਂ ਨਾਮੋਂ ਕੇ ਆਦਿ ਕੇ ਅੱਖਰ ਲੇ ਕਰ ਗੁਰੂ ਜੀ ਨੇ ਵਾਹਿਗੁਰੂ ਨਾਮ ਕਹਿਆ ਹੈ, ਇਸ ਵਾਸਤੇ ਯਹ ਨਾਮ ਚਾਰੋਂ ਜੁਗੋਂ ਮੇਂ ਚਾਰੋਂ ਨਾਮੋਂ ਕੋ ਜਪਨੇ ਕਾ ਜੋ ਮਹਾਤਮ ਹੈ ਉਸ ਤੇ ਬੜੇ ਮਹਾਤਮ ਵਾਲਾ ਹੈ ਅਰ ਪਰਮ ਸ਼੍ਰੇਸ਼ਟ ਹੈ।" ਸ੍ਰੀ ਨਰੋਤਮ ਜੀ ਨੇ ਚੌਹਾਂ ਨਾਵਾਂ ਦੇ ਅਰਥ 'ਵਾਸੁਦੇਵ = ਵਯਾਪਕ, ਹਰਿ = ਪਾਪ ਹਰਤਾ, ਗੋਬਿੰਦ = ਪ੍ਰਿਥਵੀ ਆਦਿ ਵਿਖੇ ਸੱਤ, ਰਾਮ-ਜਿਸ ਵਿਚ ਜੋਗੀ ਜਨ ਰਮਣ ਕਰਨ' ਕੀਤੇ ਹਨ ਤੇ 'ਵਾਹਿਗੁਰੂ' ਸ਼ਬਦ ਨੂੰ ਨਿਰਗੁਣ ਤੇ ਸਰਗੁਣ ਯਾ ਕ੍ਰਿਤਮ ਤੇ ਅਕ੍ਰਿਤਮ ਦੋਹਾਂ ਅਰਥਾਂ ਵਾਲਾ ਨਾਮ ਦੱਸਿਆ ਹੈ।

ਇਕ ਹੋਰ ਵਿਦਵਾਨ ਸੰਤ ਜੀ ਬੀ ਐਉਂ ਅਰਥ ਕਰਦੇ ਹਨ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਵਾਸਦੇਵ, ਹਰਿ, ਗੋਬਿੰਦ, ਰਾਮ, ਪਦਾਂ ਦੇ ਅਰਥ ਪਰਮਾਤਮਾਂ ਦੇ ਆਪਣੇ ਨਾਮ ਹੈਨ ਤੇ ਇਨਾਂ ਦੇ ਆਦਿ ਅਖੱਰਾਂ ਤੋਂ ਇਹ ਪਦ ਬਣਿਆ ਹੈ।

ਪੰਡਤ ਕਰਤਾਰ ਸਿੰਘ ਜੀ ਦਾਖਾ ਇਸ ਪਉੜੀ ਨੂੰ ਭਾਈ ਸਾਹਿਬ ਕ੍ਰਿਤ ਨਹੀਂ ਮੰਨਦੇ ਪਰ ਲਿਖਦੇ ਹਨ ਕਿ ਜੇ ਉਨ੍ਹਾਂ ਦੀ ਮੰਨਕੇ ਅਰਥ ਕਰਨੇ ਬੀ ਹੋਣ ਤਾਂ ਤੁੱਲ ਯੋਗਤਾ ਅਲੰਕਾਰ ਦੁਆਰਾ ਇਉਂ ਲਾ ਲਓ ਕਿ ਚੌਹਾਂ ਜੁਗਾਂ ਦੇ ਜਾਪਾਂ ਵਾਲੇ ਨਾਮਾਂ ਦੇ ਪਹਿਲੇ ਅਖਰਾਂ ਦੇ ਸਮੁਦਾਇ ਤੋਂ ਇਹ ਪਦ ਬਣਿਆ ਹੈ।

ਭਾਈ ਗੁਰਦਾਸ ਜੀ ਨੇ ਵਾਹਿਗੁਰੂ' ਸ਼ਬਦ ਬਾਬਤ ਆਪਣੀਆਂ ਰਚਨਾਂ ਵਿਚ ਹੇਠ ਲਿਖੇ ਵਾਕ ਬੀ ਕਹੇ ਹਨ ਜੋ ਵੀਚਾਰ ਯੋਗ ਹਨ :

(੧) **ਵੇਦ ਕਤੇਬ ਅਗੋਚਰਾ ਗੁਰਮੁਖਿ ਸਬਦੁ ਸਾਧ ਸੰਗਿ ਸਭਾ ॥** (ਵਾਰ ੨੪-੨੦)
(੨) **ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ ॥** (ਵਾਰ ੧੨-੧੭)
(੩) **ਵੇਦ ਕਤੇਬਹੁੰ ਬਾਹਰਾ ਅਕਥ ਕਥਾ ਗੁਰ ਸਬਦੁ ਸੁਣਾਇਆ ॥** (ਵਾਰ ੧੯-੧੪)
(੪) **ਵੇਦ ਕਤੇਬਹੁੰ ਬਾਹਰਾ ਗੁਰ ਸਬਦੁ ਹਜੂਰਾ ॥** (ਵਾਰ ੧੩-੨੧)
(੫) **ਵੇਦ ਨ ਜਾਣੈ ਭੇਦੁ ਕਿਹੁ ਸ਼ੇਸ਼ਨਾਗੁ ਨ ਪਾਏ ॥**
**ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ ॥** (ਵਾਰ ੯-੧੩)
(੬) **ਵੇਦ ਕਤੇਬਹੁੰ ਬਾਹਰਾ ਅਕਥ ਕਹਾਣੀ ਕਥੀ ਨ ਜਾਈ ॥** (ਵਾਰ ੧੯-੨)

(੭) ਵਾਹਿਗੁਰੂ ਗੁਰ ਸਬਦ ਸੁਣਾਇਆ ॥ (ਵਾਰ ੨੪-੧)
(੮) ਵਾਹਿਗੁਰੂ ਗੁਰ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ ॥ (ਵਾਰ ੪-੧੭)
(੯) ਵਾਹਿਗੁਰੂ ਵਡੀ ਵਡਿਆਈ ॥ (ਵਾਰ ੧੧-੮)
(੧੦) ਵਾਹਿਗੁਰੂ ਗੁਰ ਮੰਤ੍ਰੁ ਹੈ ਜਪਿ ਹਉਮੈ ਖੋਈ ॥ (ਵਾਰ ੧੩-੨)

# ਵਿਦਿਤ ਰਹੇ ਕਿ

ਇਸ ਪਉੜੀ ਦੇ ਭਾਵ ਵਿਚ ਦਿਤੇ ਵਾਕਾਂ ਤੋਂ ਤੇ ਅਗੇ ਟੂਕਾਂ ਆਦਿ ਵਿਚ ਦਿਤੇ ਵਾਕਾਂ ਤੋਂ ਇਹ ਸਿੱਟਾ ਕੱਢਣਾ ਕਿ ਗਿਆਨੀ ਹਜ਼ਾਰਾ ਸਿੰਘ ਜੀ 'ਵਾਹਿਗੁਰੂ' ਸ਼ਬਦ ਨੂੰ ਗੁਰ ਮੰਤ੍ਰ ਨਹੀਂ ਮੰਨਦੇ, ਯਾ ਇਹ ਕਿ ਭਾਈ ਗੁਰਦਾਸ ਜੀ ਵਾਹਿਗੁਰੂ ਸ਼ਬਦ ਨੂੰ ਗੁਰਮੰਤ੍ਰ ਨਹੀਂ ਆਖ ਰਹੇ, ਦੋਹਾਂ ਸਨਮਾਨ ਯੋਗ ਵਜਕਤੀਆਂ ਨਾਲ ਅਨਯਾਯ ਕਰਨਾ ਹੋਵੇਗਾ। ਦੋਹਾਂ ਦਾ ਨਿਸਚੇ ਸਿੱਧਾਂਤ ਉਨ੍ਹਾਂ ਦੇ ਲੇਖਾਂ ਤੋਂ ਸਫੁਟ ਹੈ ਕਿ ਓਹ ਵਾਹਿਗੁਰੂ ਨੂੰ 'ਗੁਰਮੰਤ੍ਰ' ਮੰਨ ਰਹੇ ਹਨ। ਭਾਈ ਗੁਰਦਾਸ ਜੀ ਦੀਆਂ ਦਸ ਯਾਰਾਂ ਤੁਕਾਂ ਜੋ ਉਪਰਲੀ ਟੂਕ ਦੇ ਅਖੀਰ ਤੇ ਆਈਆਂ ਹਨ, ਸਪਸ਼ਟ ਹੈ ਕਿ ਉਸ ਵਾਹਿਗੁਰੂ ਪਦ ਨੂੰ ਗੁਰਮੰਤ੍ਰ ਤੇ ਵੇਦ ਕਤੇਬ ਤੋਂ ਉੱਚਾ ਮੰਨ ਰਹੇ ਹਨ। ਭਾਈ ਹਜ਼ਾਰਾ ਸਿੰਘ ਜੀ ਬ੍ਰਿਜ ਭਾਸ਼ਾ ਤੋਂ ਛੁਟ ਫ਼ਾਰਸੀ ਦੇ ਤਕੜੇ ਵਿਦਵਾਨ ਸਨ, ਜਿਨ੍ਹਾਂ ਨੇ ਬੋਸਤਾਂ ਦਾ ਦੇਸੀ ਬੋਲੀ ਵਿਚ ਛੰਦਾਂ ਬੰਦੀ ਤਰਜੁਮਾ ਕੀਤਾ ਸੀ। ਅੰਗ੍ਰੇਜ਼ੀ ਵਿਚ ਵੀ ਚੰਗੇ ਵਿਦਵਾਨ ਸਨ ਤੇ ਸੰਸਕ੍ਰਿਤ ਵਿਚ ਭਾਰੀ ਪੰਡਤ ਸਨ, ਚੰਦ੍ਰਿਕਾ ਤੇ ਕੌਮਦੀ ਸੰਥਾ ਦੇਂਦੇ ਹੁੰਦੇ ਸਨ। ਪੰਚਦਸ਼ੀ, ਗੀਤਾ ਆਦਿ ਗ੍ਰੰਥਾਂ ਦੇ ਪੰਡਤ ਸਨ ਤੇ ਅੰਤ ਵੇਦ ਮੁਤਾਲਯਾ ਕਰ ਰਹੇ ਸਨ। ਇਤਨੀ ਵਿਦਯਾ ਵਿਚ ਨਿਪੁੰਨ ਹੋਕੇ ਆਪ ਵਾਹਿਗੁਰੂ ਮੰਤ੍ਰ ਦੇ ਉਪਾਸ਼ਕ ਸੇ। ਅੰਮ੍ਰਿਤਧਾਰੀ ਤੇ ਰਹਤ ਬਹਤ ਦੇ ਪੱਕੇ ਸਿੰਘ ਹੋਣ ਕਰਕੇ ਅੰਮ੍ਰਿਤ ਛਕਣ ਸਮੇਂ ਮਿਲੇ ਵਾਹਿਗੁਰੂ ਨੂੰ ਗੁਰਮੰਤ੍ਰ ਸਮਝਦੇ ਤੇ ਦੱਸਦੇ ਸੇ।

ਫੇਰ ਦੇਖੋ ਭਾਈ ਹਜ਼ਾਰਾ ਸਿੰਘ ਜੀ ਨੇ ਨਹੀਂ ਲਿਖਿਆ ਕਿ ਮੇਰਾ ਕਮਾ ਹੱਕਾ ਨਿਰਣਾ ਹੈ ਕਿ ਇਹ ਪੌੜੀ ਭਾਈ ਗੁਰਦਾਸ ਦੀ ਨਹੀਂ; ਆਪ ਲਿਖਦੇ ਹਨ ਕਿ "ਇਹ ਪਉੜੀ ਭਾਈ ਗੁਰਦਾਸ ਜੀ ਦੀ ਨਹੀਂ ਜਾਪਦੀ"। ਜਾਪਦੀ ਪਦ ਨਿਸਚੈ ਬੋਧਕ ਨਹੀਂ ਹੁੰਦਾ। ਫੇਰ ਆਪ ਲਿਖਦੇ ਹਨ ਕਿ ਇਸ ਪਰ "ਗੁਣੀ ਜਨਾਂ ਨੂੰ ਏਹ ਸ਼ੰਕਾ ਹੈਨ"। ਬਹੈਸੀਅਤ ਖੋਜੀ ਟੀਕਾਦਾਰ ਦੇ ਉਹਨਾਂ ਨੇ ਗੁਣੀ ਜਨਾਂ ਦੀ ਸ਼ੰਸ਼ਯਾਤਮਿਕ ਵਾਕਫੀ ਉਪਰ ਬਹਮ ਪਹੁੰਚਾਈ ਹੈ, ਨਾ ਕਿ ਆਪਣਾ ਨਿਸ਼ਚੈ-ਆਤਮਿਕ ਨਿਰਣਾ ਦਿੱਤਾ ਹੈ। ਫੇਰ ਟੂਕ ਵਿਚ ਗੁਣੀ ਜਨਾਂ ਦੇ ਨਾਮ, ਸ਼ੰਕੇ ਤੇ ਉਨ੍ਹਾਂ ਦੇ ਸਮਾਧਾਨ ਦੂਏ ਤ੍ਰੀਏ ਆ ਗਏ ਹਨ! ਅੰਤਲੇ ਪੈਰਾਗ੍ਰਾਫ ਵਿਚ ਭਾਈ ਗੁਰਦਾਸ ਜੀ ਦਾ ਸਿੱਧਾਂਤ ਨਿਸਚਾ ਤੇ ਸ਼੍ਰਧਾ ਜੋ ਵਾਹਿਗੁਰੂ ਨਾਮ ਵਿਚ ਸੀ, ਉਨ੍ਹਾਂ ਦੇ ਵਾਕਾਂ ਵਿਚ ਹੀ ਆ ਗਿਆ ਹੈ; ਜਿਨ੍ਹਾਂ ਤੋਂ ਸਪਸ਼ਟ ਹੈ ਕਿ ਭਾਈ ਗੁਰਦਾਸ ਜੀ ਆਪ ਤੇ ਸ੍ਰੀਮਾਨ ਪੰਡਤ ਹਜ਼ਾਰਾ ਸਿੰਘ ਜੀ ਦੋਵੇਂ, ਉਪਰ ਦਿਤੀ ਨਿਜੀ ਵਾਕਫੀ ਦੇ ਆਧਾਰ ਤੇ ਅਤੇ ਉਨ੍ਹਾਂ ਦੇ ਲਿਖੇ ਆਪਣੇ ਵਾਕਾਂ ਤੋਂ ਕਿਸੇ ਸ਼ੱਕ ਸ਼ੁਭੇ ਤੋਂ ਬਿਨਾਂ ਸਪਸ਼ਟ ਤੌਰ ਤੇ 'ਵਾਹਿਗੁਰੂ' ਨਾਮ ਦੇ ਉਪਾਸ਼ਕ ਸੇ। (ਐਡੀਟਰ ਖਾਲਸਾ ਸਮਾਚਾਰ)

 www.sikhbookclub.com

# ਵਾਰ ੨.

ੴ ਸਤਿਗੁਰ ਪ੍ਰਸਾਦਿ ॥

## ੧. (ਵਸਤੂ ਨਿਰਦੇਸ਼ ਮੰਗਲਾਚਰਣ)

੧. ਆਪਨੜੈ ਹਥਿ ਆਰਸੀ ਆਪੇ ਹੀ ਦੇਖੈ।
੨. ਆਪੇ ਦੇਖਿ ਦਿਖਾਇਦਾ ਛਿਅ ਦਰਸਨਿ ਭੇਖੈ।
੩. ਜੇਹਾ ਮੂੰਹ ਕਰਿ ਭਾਲਿਦਾ ਤੇਵੇਹੈ ਲੇਖੈ।
੪. ਹਸਦੇ ਹਸਦਾ ਦੇਖੀਐ ਸੋ ਰੂਪ ਸਰੇਖੈ।
੫. ਰੋਦੇ ਦਿਸੇ ਰੋਵਦਾ ਹੋਇ ਨਿਮਖ ਨਿਮੇਖੈ।
੬. ਆਪੇ ਆਪਿ ਵਰਤਦਾ ਸਤਿਸੰਗਿ ਵਿਸੇਖੈ ॥੧॥

**ਪਦਾਰਥ**-(ਆਰਸੀ=ਮੂੰਹ ਦੇਖਣ ਦਾ ਸੰਦ, ਸ਼ੀਸ਼ਾ।ਸਰੇਖੈ=ਸਾਰਖਾ, ਵਰਗਾ। ਨਿਮਖ=ਪਲਕਾਂ।)

**ਅਰਥ**-੧.(ਈਸ਼੍ਵਰ ਦੇ) ਆਪਣੇ ਹੱਥ ਹੀ (ਸੰਸਾਰ ਦਾ) ਸ਼ੀਸ਼ਾ ਹੈ, ਆਪ ਹੀ (ਉਸ ਨੂੰ) ਦੇਖਦਾ ਹੈ। ੨.ਆਪ ਦੇਖਕੇ (ਭਾਵ ਰਚ ਕੇ ਫੇਰ) ਛੀ ਦਰਸ਼ਨ ਦੇ ਸਾਰੇ ਭੇਖਾਂ ਨੂੰ(ਸਾਰੇ ਲੋਕਾਂ ਨੂੰ) ਦਿਖਾਉਂਦਾ ਹੈ। ੩.(ਅਗੋਂ) ਜੇਹਾ (ਕੋਈ ਸੰਸਾਰ ਵਿਖੇ) ਮੂੰਹ ਕਰਕੇ ਦੇਖਦਾ ਹੈ, ਤੇਹਾ ਹੀ ਲੇਖੇ ਪੈਂਦਾ ਹੈ। ੪.ਹਸਦੇ ਨੂੰ ਹੱਸਦਾ ਹੀ ਨਜ਼ਰ ਆਉਂਦਾ ਹੈ, ਉਸੇ ਰੂਪ ਸਾਰਖਾ (ਪ੍ਰਤਿਬਿੰਬ ਹੋ ਜਾਂਦਾ ਹੈ)। ੫.ਰੋਂਦੇ ਨੂੰ ਰੋਂਦਾ ਦਿਸਦਾ ਹੈ, ਜੇ ਪਲਕਾਂ ਮਾਰਕੇ ਦੇਖੈ (ਤਾਂ ਅੱਗੋਂ ਬੀ ਉਸੇ ਤਰ੍ਹਾਂ) ਮਟੱਕੇ ਵੱਜਦੇ ਦਿਸਦੇ ਹਨ। ੬.ਆਪ ਹੀ ਆਪ (ਸਾਰੇ) ਵਰਤਦਾ ਹੈ, (ਪ੍ਰੰਤੂ) ਸਤਿਸੰਗ (ਵਿਚ) ਵਿਸ਼ੇਖ (ਹੋ ਕੇ ਵਰਤਦਾ ਹੈ*)।

## ੨. (ਵਜੰਤ੍ਰੀ ਦਾ ਦ੍ਰਿਸ਼ਟਾਂਤ)

੧. ਜਿਉ ਜੰਤ੍ਰੀ ਹਥਿ ਜੰਤ੍ਰ ਲੈ ਸਭਿ ਰਾਗ ਵਜਾਏ।
੨. ਆਪੇ ਸੁਣਿ ਸੁਣਿ ਮਗਨੁ ਹੋਇ ਆਪੇ ਗੁਣ ਗਾਏ।
੩. ਸਬਦੁ ਸੁਰਤਿ ਲਿਵਲੀਣੁ ਹੋਇ ਆਪਿ ਰੀਝਿ ਰੀਝਾਏ।
੪. ਕਥਤਾ ਬਕਤਾ ਆਪਿ ਹੈ ਸੁਰਤਾ ਲਿਵ ਲਾਏ।
੫. ਆਪੇ ਆਪਿ ਵਿਸਮਾਦੁ ਹੋਇ ਸਰਬੰਗਿ ਸਮਾਏ।
੬. ਆਪੇ ਆਪਿ ਵਰਤਦਾ ਗੁਰਮੁਖਿ ਪਤੀਆਏ ॥੨॥

**ਪਦਾਰਥ**-(ਜੰਤ੍ਰੀ=ਵਾਜੇ ਵਾਲਾ। ਜੰਤ੍ਰ=ਵਾਜਾ। ਮਗਨ=ਪ੍ਰਸੰਨ।)
(ਲਿਵ=ਤਾਰ, ਨ੍ਰਿਵਿਕਲਪ ਸਮਾਧੀ। ਸੁਰਤਾ=ਗਯਾਨੀ।)

**ਅਰਥ**-੧.ਜਿੱਕੁਰ ਵਾਜੇ ਵਾਲਾ ਹੱਥ ਵਿਚ ਵਾਜਾ ਲੈ ਕੇ ਸਾਰੇ ਰਾਗ ਵਜਾਉਂਦਾ ਹੈ। ੨.ਆਪ ਹੀ ਸੁਣ ਸੁਣਕੇ ਪ੍ਰਸੰਨ ਹੁੰਦਾ ਤੇ ਆਪ ਹੀ ਉਸ ਦੇ ਗੁਣ ਗਾਉਂਦਾ ਹੈ। ੩.(ਫੇਰ) ਸ਼ਬਦ ਸੁਰਤ

*ਸਮਾਨ ਸਤਾ ਕਰਕੇ ਈਸ਼੍ਵਰ ਸਾਰੇ ਪਰੀਪੂਰਣ ਹੈ ਤੇ ਸਭ ਵਿਚ ਆਪ ਵਰਤ ਰਿਹਾ ਹੈ। ਪਰ ਸਤਿਸੰਗ ਵਿਚ ਜੋ ਉਸ ਦੀ ਵਯਾਪਕਤਾ ਯਾ ਮੌਜੂਦਗੀ ਹੈ, ਉਹ ਵਿਸ਼ੇਸ਼ ਹੈ, ਕਿਉਂਕਿ ਉਥੋਂ ਉਹ ਪ੍ਰਾਪਤ ਹੁੰਦਾ ਹੈ ਤੇ ਮੁਕਤੀ ਦਾ ਦਾਨ ਦੇਂਦਾ ਹੈ। ਜਿਵੇਂ ਪ੍ਰਿਥਵੀ ਵਿਚ ਪਾਣੀ ਸਾਰੇ ਹੈ, ਪਰ ਖੂਹ ਵਿਚ ਵਿਸ਼ੇਸ਼ ਹੈ। ਕਿਉਂਕਿ ਉਥੋਂ ਪ੍ਰਾਪਤ ਹੁੰਦਾ ਤੇ ਸੁਖ ਦੇਂਦਾ ਹੈ।

ਦੀ ਤਾਰ ਵਿਚ ਮਗਨ ਹੋਕੇ ਆਪ ਹੀ ਰੀਝਕੇ (ਹੋਰਨਾਂ ਨੂੰ ਰੀਝਾਉਂਦਾ ਅਰਥਾਤ) ਖੁਸ਼ ਕਰਦਾ ਹੈ।੪.ਆਪ ਹੀ ਕਥਤਾ (ਹੋਕੇ ਕਥਾ ਕਰਦਾ ਹੈ) ਤੇ ਬਕਤਾ* ਹੋਕੇ (ਗਯਾਨ ਗੋਦੜੀ ਲਾਉਂਦਾ ਤੇ ਸੁਰਤਾ†=)ਗਯਾਨੀ ਹੋਕੇ ਨਿਰਵਿਕਲਪ ਸਮਾਧੀ ਲਾਉਂਦਾ ਹੈ। ੫.(ਗੱਲ ਕੀ) ਆਪ ਹੀ ਆਪ‡ ਅਚਰਜ ਰੂਪ ਬਣਕੇ ਸਰਬ (ਅੰਗਾਂ =) ਸਰੀਰਾਂ ਵਿਖੇ ਸਮਾ ਰਿਹਾ ਹੈ। ੬.ਹਾਂ, ਆਪੇ ਆਪ ਵਰਤਦਾ ਹੈ (ਪ੍ਰੰਤੂ) ਗੁਰਮੁਖ (ਲੋਕ ਇਸ ਗੱਲ ਪੁਰ) ਪ੍ਰਤੀਤ ਕਰਦੇ ਹਨ**।

## ੩. (ਆਪੇ ਰਸੀਆ ਆਪੇ ਰਸ)।

੧. ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।
੨. ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ।
੩. ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ।
੪. ਆਪੇ ਰਸੀਆ, ਆਪਿ ਰਸ, ਰਸੁ ਰਸਨਾ ਭੋਈ।
੫. ਦਾਤਾ ਭੁਗਤਾ ਆਪ ਹੈ, ਸਰਬੰਗ ਸਮੋਈ।
੬. ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ॥੩॥

**ਪਦਾਰਥ**-(ਸਮੋਈ=ਅਨੰਦਿਤ। ਰਸਨਾ=ਜੀਭ। ਭੋਈ=ਮਿਲਦਾ ਹੈ।)
(ਭੁਗਤਾ=ਭੋਗਣ ਵਾਲਾ। ਸਮੋਈ = ਸਮਾਉਂਦਾ ਹੈ)

**ਅਰਥ**-੧.ਆਪ ਹੀ ਚਾਹਵਾਨ ਹੋਕੇ ਆਪੂੰ ਰਸੋਈ (ਵਿਚ) ਜਾਂਦਾ ਹੈ। ੨.ਪ੍ਰਸ਼ਾਦ ਆਪ ਬਣਾਉਂਦਾ ਹੈ ਤੇ ਸ੍ਵਾਦਾਂ ਵਿਚ ਸ੍ਵਾਦ ਮਿਲਾਉਂਦਾ ਹੈ। ੩.(ਫੇਰ) ਆਪ ਹੀ ਖਾ ਕੇ ਸਲਾਹੁੰਦਾ ਹੈ ਤੇ ਰੱਜਕੇ ਆਨੰਦਿਤ ਹੁੰਦਾ ਹੈ। ੪.ਆਪ ਹੀ ਰਸੀਆ ਹੈ, ਆਪ ਹੀ 'ਰਸ' ਰੂਪ ਹੈ, ਰਸਾਂ (ਵਿਖੇ) ਜੀਭ (ਰੂਪ ਹੋਕੇ ਬੀ ਆਪ ਹੀ) ਮਿਲਦਾ (ਪ੍ਰਵਿਰਤ ਹੁੰਦਾ) ਹੈ। ੫.ਦਾਤਾ ਭੁਗਤਾ ਆਪ ਹੀ ਹੈ, ਸਰਬ ਅੰਗਾਂ ਵਿਖੇ (ਸਤਿ ਚਿਤ ਆਨੰਦ ਹੋਕੇ) ਸਮਾਇ ਰਿਹਾ ਹੈ। ੬.ਆਪੇ ਆਪ ਹੀ ਵਰਤ ਰਿਹਾ ਹੈ (ਪ੍ਰੰਤੂ) ਗੁਰਮੁਖਾਂ ਨੂੰ (ਇਸ ਦਾ) ਸੁਖ ਪ੍ਰਾਪਤ ਹੁੰਦਾ ਹੈ। (ਸੋ ਗੁਰਮੁਖ ਵਿਚ ਵਿਸ਼ੇਖ ਹੈ)।

**ਭਾਵ**-ਦ੍ਰਿਸ਼ਟਾਂਤ ਰਸੋਈ ਪਕਾ ਕੇ ਖਾਉਣ ਵਾਲੇ ਦਾ ਦੇਕੇ ਵਾਹਿਗੁਰੂ ਦੀ ਵ੍ਯਾਪਕਤਾ ਦੱਸੀ ਹੈ। ਉਸ ਵਾਂਙੂ ਨਿਰਇੱਛਤ ਵਾਹਿਗੁਰੂ ਇੱਛਾ ਕਰਕੇ ਸੰਸਾਰ ਰਚਦਾ ਤੇ ਰਚਿਆ ਵੇਖ ਕੇ ਪ੍ਰਸੰਨ ਹੁੰਦਾ ਹੈ। "**ਕਰਿ ਆਸਣੁ ਡਿਠੋ ਚਾਉ॥**" (ਆਸਾ ਮ:੧)

## ੪. (ਉਹੋ ਹੀ)।

੧. ਆਪੇ ਪਲੰਘੁ ਵਿਛਾਇਕੈ ਆਪਿ ਅੰਦਰਿ ਸਉਂਦਾ।
੨. ਸੁਹਣੇ ਅੰਦਰਿ ਜਾਇਕੈ ਦੇਸੰਤਰ ਭਉਂਦਾ।
੩. ਰੰਕੁ ਰਾਉ ਰਾਉ ਰੰਕੁ ਹੋਇ ਦੁਖ ਸੁਖ ਵਿਚਿ ਪਉਂਦਾ।

---

*ਬੋਲਣ ਵਾਲਾ। †ਅਥਵਾ, ਸ਼੍ਰੋਤਾ = ਸੁਣਨੇ ਵਾਲਾ ਹੋਕੇ।

‡'ਆਪੇ ਆਪ' ਦੀ ਥਾਂ ਪਾਠਾਂਤ੍ਰ ਹੈ 'ਆਪੇ ਹੀ'।

**ਭਾਵ ਹੈ ਕਿ ਚਾਹੇ ਸਾਰੇ ਵਰਤ ਰਿਹਾ ਹੈ ਪਰ ਤਸੱਲੀ ਜੋ ਆਉਂਦੀ ਤੇ ਪ੍ਰਤੀਤ ਜੋ ਬੱਝਦੀ ਹੈ ਸੋ ਗੁਰਮੁਖ ਨੂੰ ਦੇਖਕੇ ਯਾ ਗੁਰਮੁਖ ਦੁਆਰਾ ਬੱਝਦੀ ਹੈ। ਗੁਰਮੁਖ ਵਿਚ ਜੋ ਉਸਦੀ ਵਯਾਪਕਤਾ ਹੈ ਉਹ ਵਿਸ਼ੇਖ ਹੈ।

੪. ਤਤਾ ਸੀਅਰਾ ਹੋਇ ਜਲੁ ਆਵਟਣੁ ਖਉਂਦਾ।
੫. ਹਰਖ ਸੋਗ ਵਿਚਿ ਧਾਵਦਾ ਚਾਵਾਏ ਚਉਂਦਾ।
੬. ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਰਉਂਦਾ ॥੪॥

**ਪਦਾਰਥ**-(ਪਲੰਘੁ=ਮੰਜਾ, ਭਾਵ ਦੇਹ। ਸੁਹਣੇ ਅੰਦਿਰ=ਸੁਪਨੇ ਵਿਖੇ।)
(ਰੰਕ=ਕੰਗਾਲ। ਸੀਅਰਾ=ਠੰਢਾ। ਆਵਟਣੁ=ਕੜ੍ਹਨੀ।)
(ਖਉਂਦਾ = ਸਹਾਰਦਾ ਹੈ। ਉੱਬਲਦਾ ਹੈ। ਚਉਂਦਾ = ਬੋਲਦਾ ਹੈ)

**ਅਰਥ**-੧.(ਜਿੱਕੁਰ ਕੋਈ) ਆਪ ਹੀ ਮੰਜਾ ਵਿਛਾਕੇ ਆਪ ਹੀ (ਉਸ)ਵਿਚ ਸਉਂਦਾ ਹੈ। ੨.(ਫੇਰ) ਸੁਪਨੇ ਵਿਖੇ ਜਾ ਕੇ (ਕਈ) ਦੇਸ਼ਾਂ ਵਿਖੇ ਫਿਰਦਾ ਹੈ। ੩.ਰੰਕੋਂ ਰਾਜਾ ਤੇ ਰਾਜਾ ਥੋਂ ਕੰਗਾਲ ਹੋਕੇ, ਦੁਖ ਸੁਖ ਵਿਖੇ ਪੈਂਦਾ ਹੈ। ੪.ਕਦੀ ਤੱਤਾ ਤੇ ਕਦੀ ਠੰਢਾ ਹੋਕੇ, ਜਲ (ਵਾਂਗ) ਕੜ੍ਹਨੀ ਸਹਾਰਦਾ ਹੈ। ੫.ਹਰਖ ਸੋਗ ਵਿਚ ਦੌੜਦਾ ਹੈ (ਚਾਵਾਏ ਚਉਂਦਾ=ਜਦ ਕੋਈ ਪੁੱਛੇ ਭਈ ਰਾਤ ਤੂੰ ਕਿਹੀ ਕੱਟੀ ਤਾਂ) ਬੁਲਾਯਾ ਬੋਲਦਾ ਹੈ (ਕਿ 'ਸੁਪਨੇ' ਵਿਖੇ ਮੈਂ ਦੁਖੀ ਰਿਹਾ, ਜਦ ਮੈਂ ਸੁਖੋਪਤੀ ਵਿਚ ਗਿਆ ਵਡੇ 'ਹਰਖ' ਆਨੰਦ ਨਾਲ ਸੁੱਤਾ ਪਰ ਮੈਨੂੰ ਕੁਝ ਖਬਰ ਨ ਰਹੀ)। ੬.ਆਪੇ ਆਪ (ਵਾਹਿਗੁਰੂ) ਵਰਤਦਾ ਹੈ (ਅਤੇ ਰਚਨਾਂ ਵਿਚ ਬੀ ਸਾਖੀ ਰੂਪ ਰਹਿੰਦਾ ਹੈ, ਪਰੰਤੂ ਇਸ ਭੇਤ ਨੂੰ) ਗੁਰਮੁਖ (ਸਮਝਕੇ) ਸੁਖ ਮਾਣਦਾ ਹੈ।

**ਭਾਵ**-ਸੌਣ ਵਾਲੇ ਦਾ ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ ਕਿ ਆਪੇ ਮੰਜਾ ਡਾਹੁੰਦਾ, ਆਪ ਸੌਂਦਾ ਅਤੇ ਆਪ ਸੁਪਨੇ ਦੇਖ ਕੇ ਦੱਸਦਾ ਹੈ। ਤਿਵੇਂ ਹੀ ਆਪੇ ਵਾਹਿਗੁਰੂ ਵਰਤਦਾ ਹੈ ਪਰ ਰਚਨਾਂ ਵਿਚ ਬੀ ਸਾਖੀ ਰੂਪ ਰਹਿੰਦਾ ਹੈ, ਇਸ ਭੇਤ ਨੂੰ ਗੁਰਮੁਖ ਸਮਝਕੇ ਸੁਖ ਮਾਣਦੇ ਹਨ*।

## ੫. (ਸਭ ਵਿਚ ਵਰਤਦਾ ਨਿਰਲੇਪ ਹੈ)।

੧. ਸਮਸਰਿ ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈ।
੨. ਜਲ ਅੰਦਰਿ ਜਲ ਹੋਇ ਮਿਲੈ ਧਰਤੀ ਬਹੁ ਭਾਈ।
੩. ਕਿਰਖ ਬਿਰਖ ਰਸ ਕਸ ਘਣੇ, ਫਲੁ ਫੁਲੁ ਸੁਹਾਈ।
੪. ਕੇਲੇ ਵਿਚਿ ਕਪੂਰੁ ਹੋਇ, ਸੀਤਲੁ ਸੁਖਦਾਈ।
੫. ਮੋਤੀ ਹੋਵੈ ਸਿਪ ਮੁਹਿ, ਬਹੁ ਮੋਲ ਮੁਲਾਈ।
੬. ਖਿਸੀਅਰ ਦੇ ਮੁਹਿ ਕਾਲਕੂਟ, ਚਿਤਵੈ ਬੁਰਿਆਈ।
੭. ਆਪੇ ਆਪਿ ਵਰਤਦਾ, ਸਤਿਸੰਗ ਸੁਭਾਈ ॥੫॥

**ਪਦਾਰਥ**-(ਸਮਸਰਿ=ਇਕੋ ਜਿਹਾ। ਕਿਰਖ=ਖੇਤੀ। ਬਿਸੀਅਰ=ਸਰਪ। ਕਾਲਕੂਟ=ਵਿਖ।)
(ਸੁਭਾਈ = ਪ੍ਰਕਾਸ਼ ਸ਼੍ਰੇਸ਼ਟ। )

**ਅਰਥ**-੧.ਜਿਕੂੰ ਸ੍ਵਾਂਤਿ (ਨਛੱਤ੍ਰ ਦੀ) ਬੂੰਦ ਸਾਰੇ ਥਾਈਂ ਇਕੋ ਜੇਹੀ ਵਰ੍ਹਦੀ ਹੈ। ੨.ਪਾਣੀ ਵਿਚ ਪਾਣੀ ਹੋ ਕੇ ਤੇ ਧਰਤੀ ਵਿਚ ਕਈ ਭਾਂਤਾਂ ਨਾਲ ਮਿਲ ਜਾਂਦੀ ਹੈ। ੩.(ਕਿਧਰੇ) ਖੇਤੀ ਬ੍ਰਿਛ, ਕਈ ਰਸ ਕਸੈਲੇ (ਆਦਿ) ਫਲਾਂ ਫੁਲਾਂ (ਵਿਖੇ ਮਿਲਕੇ) ਸੋਭਦੀ ਹੈ। ੪.ਕੇਲੇ ਵਿਖੇ (ਪਵੇ ਤਾਂ) ਕਪੂਰ ਹੋਕੇ ਸੀਤਲ ਤੇ ਸੁਖਦਾਇਕ ਹੁੰਦੀ ਹੈ। ੫.ਸਿੱਪ ਵਿਚ ਮੋਤੀ ਬਣਕੇ ਵਡਾ ਮੁੱਲ ਪੁਆਉਂਦੀ ਹੈ। ੬.ਸੱਪ ਦੇ

*ਪਾਣੀ ਦਾ ਦ੍ਰਿਸ਼ਟਾਂਤ ਦੇਕੇ ਦੁਖ ਸੁਖ ਸਹਿੰਦਾ ਦੱਸਕੇ ਕਹਿੰਦੇ ਹਨ ਕਿ ਇਸ ਭੇਤ ਨੂੰ ਗੁਰਮੁਖ ਜੋ ਹੈ ਉਹੀ ਸਮਝਕੇ ਸੁਖ ਮਾਣਦਾ ਹੈ, ਗੁਰਮੁਖ ਦੀ ਇਹ ਸਮਝ ਵਿਸ਼ੇਖ ਹੈ ਕਿ ਓਹ ਫੇਰ ਨਿਰਲੇਪ ਹੈ।


www.sikhbookclub.com

ਮੂੰਹ ਵਿਖੇ (ਪਵੇ ਤਾਂ) ਵਿਖ ਹੁੰਦੀ ਹੈ (ਤੇ ਸਦਾ) ਬੁਰਾ ਚਿਤਵਦੀ ਹੈ। ੭.ਆਪੋ ਆਪ ਹੀ (ਸਾਰੇ) ਵਰਤਦਾ ਹੈ (ਪ੍ਰੰਤੂ) ਸਤਿਸੰਗ ਵਿਖੇ (ਸੁਭਾਈ) ਵਿਸ਼ੇਖ ਪ੍ਰਕਾਸ਼ਮਾਨ ਹੁੰਦਾ ਹੈ।

**ਭਾਵ**-ਸੂਰਜ ਘਟ, ਮਟ ਆਦਿ ਸਾਰੇ ਪਦਾਰਥਾਂ ਪਰ ਚਮਕਦਾ ਹੈ (ਪ੍ਰੰਤੂ) ਸ਼ੀਸ਼ੇ ਅਤੇ ਜਲ ਵਿਖੇ ਵਿਸ਼ੇਖ ਪ੍ਰਕਾਸ਼ਦਾ ਹੈ। ਅਜਿਹਾ ਹੀ ਸੰਤਾਂ ਦੇ ਸ਼ੁੱਧ ਅੰਤਹਕਰਣ ਪਰ ਸਾਫ ਪ੍ਰਗਟ ਹੁੰਦਾ ਹੈ। ਜਿਸ ਤਰ੍ਹਾਂ ਚਾਨਣਾ ਹੈ ਉਸੇ ਤਰ੍ਹਾਂ ਹੀ ਵਾਹਿਗੁਰੂ ਦੀ ਸੱਤਾ ਸਾਰੇ ਪ੍ਰਕਾਸ਼ਮਾਨ ਹੈ, ਪਰ ਇਹ ਬਹਾਨਾ ਬਣਾਕੇ ਪਾਪਾਂ ਵਿਚ ਪ੍ਰਵਿਰਤ ਨਹੀਂ ਹੋਣਾ ਚਾਹੀਦਾ। ਇਸੇ ਕਰਕੇ ਉਨ੍ਹਾਂ ਸ੍ਵਾਂਤੀ ਬੂੰਦ ਦਾ ਦ੍ਰਿਸ਼ਟਾਂਤ ਦਿਤਾ ਹੈ। ਹੁਣ ਵੇਖੋ ਚੋਰ ਚਾਨਣੇ ਦੇ ਆਸਰੇ ਗਹਿਣੇ ਭਾਲਦਾ ਹੈ, ਖ਼ੂਨੀ ਚਾਨਣੇ ਦੇ ਆਸਰੇ ਖ਼ੂਨ ਕਰਦਾ ਹੈ, ਵਿਦਵਾਨ ਚਾਨਣੇ ਦੇ ਆਸਰੇ ਪੜ੍ਹਦਾ ਹੈ, ਮਹਾਤਮਾ ਉਪਕਾਰ ਕਰਦਾ ਹੈ; ਪਰ ਚਾਨਣੇ ਨੂੰ ਕੋਈ ਦੋਸ਼ੀ ਨਹੀਂ ਕਰਦਾ; ਤਿਵੇਂ ਵਾਹਿਗੁਰੂ ਬੀ ਸਦਾ ਨਿਰਲੇਪ ਹੈ*।

## ੬. (ਸੰਗਤ ਦਾ ਅਸਰ-ਨਾਨੱਤ੍ਵ)।

੧. ਸੋਈ ਤਾਂਬਾ ਰੰਗ ਸੰਗਿ ਜਿਉ ਕੈਹਾ ਹੋਈ।
੨. ਸੋਈ ਤਾਂਬਾ ਜਸਤ ਮਿਲਿ ਪਿਤਲ ਅਵਲੋਈ।
੩. ਸੋਈ ਸੀਸੇ ਸੰਗਤੀ ਭੰਗਾਰ ਭਲੋਈ।
੪. ਤਾਂਬਾ ਪਾਰਸਿ ਪਰਸਿਆ ਹੋਇ ਕੰਚਨ ਸੋਈ।
੫. ਸੋਈ ਤਾਂਬਾ ਭਸਮ ਹੋਇ ਅਉਖਧ ਕਰ ਭੋਈ।
੬. ਆਪੇ ਆਪਿ ਵਰਤਦਾ ਸੰਗਤਿ ਗੁਣ ਗੋਈ ॥੬॥

**ਪਦਾਰਥ**-(ਰੰਗ=ਕਲੀ। ਅਵਲੋਈ=ਦੇਖੀਦਾ। ਸੀਸਾ=ਸਿੱਕਾ। ਭੰਗਾਰ=ਭਰਤ।)

**ਅਰਥ**-੧.ਉਹੋ ਤਾਂਬਾ ਕਲੀ ਨਾਲ (ਮਿਲਕੇ) ਜਿਵੇਂ ਕੈਹਾਂ (ਧਾਤੂ) ਹੋ ਜਾਂਦਾ ਹੈ। ੨.ਉਹੋ ਤਾਂਬਾ ਜਿਸਤ ਨਾਲ ਮਿਲਕੇ ਪਿੱਤਲ ਦਿਖਾਈ ਦਿੰਦਾ ਹੈ। ੩.ਓਹੀ (ਤਾਂਬਾ) ਸਿੱਕੇ ਨਾਲ ਮਿਲਕੇ ਭਰਤ ਹੁੰਦਾ ਹੈ†। ੪.(ਓਹੀ) ਤਾਂਬਾ ਪਾਰਸ ਨੂੰ ਛੁਹਕੇ ਸੋਨਾ ਹੋ ਜਾਂਦਾ ਹੈ। ੫ ਉਹੋ ਤਾਂਬਾ (ਜੇ ਮਾਰਿਆ ਜਾਵੇ) ਭਸਮ ਹੋ ਜਾਵੇ ਤਾਂ ਔਖਧੀ ਕਹੀ ਜਾਂਦੀ ਹੈ‡ (ਅਰਥਾਤ ਤਮੇਸਰ)। ੬.(ਤਿਵੇਂ ਸਭ ਘਟਾਂ ਵਿਖੇ) ਆਪ ਹੀ ਆਪ ਵਰਤਦਾ ਹੈ, (ਪ੍ਰੰਤੂ) ਸੰਗਤ ਦਾ ਗੁਣ (ਭਿੰਨ ਭਿੰਨ) ਕਿਹਾ ਜਾਂਦਾ ਹੈ।

**ਭਾਵ**-ਇਕ ਤਾਂਬੇ ਵਿਚ ਸੰਗਤ ਦੇ ਭੇਦ ਕਰਕੇ ਕਈ ਪ੍ਰਕਾਰ ਹੋ ਜਾਂਦੇ ਹਨ, ਇਕੋ ਚਾਨਣੇ ਦੇ ਰੰਗਾ ਰੰਗੀ ਸ਼ੀਸ਼ਿਆਂ ਵਿਚੋਂ ਲੰਘਿਆਂ ਅਨੇਕ ਰੰਗ ਹੋ ਜਾਂਦੇ ਹਨ, ਤਿਵੇਂ ਹੀ ਈਸ਼੍ਵਰ ਦੀ ਸੱਤਾ ਕਰਕੇ ਨਾਨਾ ਰੂਪ ਨਜ਼ਰ ਪੈਦਿਆਂ ਬੀ ਈਸ਼੍ਵਰ ਨਿਰਲੇਪ ਹੈ। ਸੰਗਤ ਦਾ ਅਰਥ ਇਥੇ ਸਤਿਸੰਗ ਹੈ, ਕਿ ਸਤਿਸੰਗ ਇਹ ਜਾਣਕੇ ਉਸ ਦੇ ਗੁਣ ਗਾਉਂਦਾ ਹੈ**।

---

*ਮੁਰਾਦ ਇਹ ਹੈ ਕਿ ਵਾਹਿਗੁਰੂ ਸਾਰੇ ਵ੍ਯਾਪਕ ਹੈ, ਫਿਰ ਨਿਰਲੇਪ ਹੈ, ਪਰ ਸਤਿਸੰਗ ਵਿਚ ਉਸ ਦੀ ਵਿਆਪਕਤਾ ਪ੍ਰਗਟ ਹੋਕੇ ਸਫਲਤਾ ਬਖਸ਼ਦੀ ਹੈ।

†ਭਰਤ ਇਕ ਮਿਲਵੀਂ ਧਾਤੂ ਦਾ ਨਾਮ ਹੈ।

‡ਭੋਈ = ਕਿਹਾ ਜਾਂਦਾ ਹੈ, ਹੋ ਜਾਂਦਾ ਹੈ, ਵਰਤੀਂਦਾ ਹੈ।

**ਉਹੋ ਤਾਂਬਾ, ਕੈਹਾਂ, ਪਿੱਤਲ, ਭਰਤ, ਸੋਨਾ, ਤਮੇਸਰ ਕਹਾਉਂਦਾ ਹੈ, ਤਾਂਬਾ ਤਾਂਬਾ ਹੀ ਹੈ, ਪਰ ਸੰਗ ਭੇਦ ਕਰਕੇ ਨਾਨਾ ਰੂਪ ਵਿਚ ਦਿੱਸਦਾ ਤੇ ਨਾਨਾ ਨਾਮਾਂ ਨਾਲ ਕਿਹਾ ਜਾਂਦਾ ਹੈ। ਇਉਂ ਬੀ ਭਾਵ ਲੈਂਦੇ ਹਨ ਕਿ ਸੰਗਤਿ ਉਸ ਨੂੰ ਨਾਨਾ ਰੂਪਾਂ ਵਿਚ ਦੇਖ ਕੇ ਬੀ ਉਸੇ ਦੇ ਗੁਣ ਗਾਉਂਦੀ ਹੈ।

## ੭. (ਜਲ ਦਾ ਦ੍ਰਿਸ਼ਟਾਂਤ)।

੧. ਪਾਣੀ ਕਾਲੇ ਰੰਗ ਵਿਚ ਜਿਉ ਕਾਲਾ ਦਿਸੈ।
੨. ਰਤਾ ਰਤੇ ਰੰਗ ਵਿਚਿ ਮਿਲਿ ਮੇਲਿ ਸਲਿਸੈ।
੩. ਪੀਲੈ ਪੀਲਾ ਹੋਇ ਮਿਲੈ ਹਿਤੁ ਜੇਹੀ ਵਿਸੈ।
੪. ਸਾਵਾ ਸਾਵੇ ਰੰਗ ਮਿਲਿ ਸਭਿ ਰੰਗ ਸਰਿਸੈ।
੫. ਤਤਾ ਠੰਢਾ ਹੋਇਕੈ ਹਿਤ ਜਿਸੈ ਤਿਸੈ।
੬. ਆਪੇ ਆਪਿ ਵਰਤਦਾ ਗੁਰਮੁਖਿ ਸੁਖ ਜਿਸੈ ॥੭॥

**ਪਦਾਰਥ**-(ਸਲਿਸੈ=ਸਮਾਨ। ਵਿਸੈ=ਵੈਸਾ। ਸਰਿਸੈ=ਸਾਰਖਾ, ਵਰਗਾ।)
(ਹਿਤ ਜਿਸੈ ਤਿਸੈ=ਜਿਹਾ ਕਾਰਣ ਹੋਵੇ ਤਿਹਾ ਮਿਲਕੇ ਉਸੇ ਮੇਲ ਦਾ ਹੋ ਜਾਂਦਾ ਹੈ।)

**ਅਰਥ**-੧.ਜਿਕੂੰ ਪਾਣੀ ਕਾਲੇ ਰੰਗ ਵਿਚ ਕਾਲਾ ਦਿਸਦਾ ਹੈ। ੨.(ਤੇ) ਲਾਲ ਰੰਗ ਵਿਚ ਮਿਲਕੇ (ਆਪਣੇ) ਮਿਲਣ ਵਾਲੇ (ਦੇ ਰੰਗ) ਸਮਾਨ ਲਾਲ। ੩.ਪੀਲੇ ਵਿਚ ਮਿਲਿਆਂ ਪੀਲਾ ਹੋ ਜਾਂਦਾ ਹੈ, ਜਿਹਾ ਹਿਤ (= ਕਾਰਣ ਦੇਖਦਾ ਹੈ) ਵੈਸਾ (ਹੋ ਜਾਂਦਾ ਹੈ)। ੪.ਸਾਵੇ ਰੰਗ ਵਿਚ ਮਿਲਕੇ ਸਾਵਾ (ਹੋਰ) ਸਾਰੇ ਰੰਗਾਂ ਵਿਚ (ਹੋਰਨਾਂ) ਸਾਰਖਾ (ਹੋ ਜਾਂਦਾ ਹੈ)। ੫.(ਨਿੱਘ, ਠੰਢ ਵਿਚ) ਤੱਤਾ, ਠੰਢਾ, ਜੈਸਾ ਕਾਰਣ (ਹੁੰਦਾ ਹੈ) ਓਹੀ (ਰੂਪ ਹੋ ਜਾਂਦਾ) ਹੈ। ੬.(ਤਿਹਾ ਹੀ ਉਹ) ਆਪੇ ਆਪ ਵਰਤ ਰਿਹਾ ਹੈ, (ਪਰ) ਜੋ ਗੁਰਮੁਖ ਹੈ ਓਹੀ ਸੁਖੀ ਹੈ।

## ੮. (ਹੋਰ ਦ੍ਰਿਸ਼ਟਾਂਤ)।

੧. ਦੀਵਾ ਬਲੈ ਬੈਸੰਤਰਹੁ ਚਾਨਣ ਆਨ੍ਹੇਰੇ।
੨. ਦੀਪਕ ਵਿਚਹੁੰ ਮਸੁ ਹੋਇ ਕੰਮਿ ਆਇ ਲਿਖੇਰੇ।
੩. ਕਜਲੁ ਹੋਵੈ ਕਾਮਣੀ ਸੰਗਿ ਭਲੇ ਭਲੇਰੇ।
੪. ਮਸਵਾਣੀ ਹਰਿ ਜਸੁ ਲਿਖੈ ਦਫਤਰ ਅਗਲੇਰੇ।
੫. ਆਪੇ ਆਪਿ ਵਰਤਦਾ ਗੁਰਮੁਖਿ ਚਉਫੇਰੇ ॥੮॥

**ਪਦਾਰਥ**-(ਮਸੁ=ਸ਼ਾਹੀ। ਲਿਖੇਰੇ=ਲਿਖਾਰੀ। ਕਾਮਨੀ=ਇਸਤ੍ਰੀ। ਅਗਲੇਰੇ=ਬਾਹਲੇ)
(ਗੁਰਮੁਖਿ=ਗੁਰਮੁਖ, (ਅ) ਈਸ਼੍ਵਰ। )

**ਅਰਥ**-੧.ਅੱਗ ਥੋਂ ਦੀਵਾ ਬਲਕੇ ਹਨੇਰੇ ਵਿਚ ਚਾਨਣ (ਕਰਦਾ) ਹੈ। ੨.(ਉਸ) ਦੀਵੇ ਥੋਂ ਸ਼ਾਹੀ ਹੋਕੇ ਲਿਖਾਰੀਆਂ ਦੇ ਕੰਮ ਆਉਂਦੀ ਹੈ। ੩.(ਓਸੇ ਤੋਂ) ਤੀਵੀਂ ਕੱਜਲ ਬਣਾਉਂਦੀ ਹੈ; ਭਲਿਆਂ ਦੇ ਸੰਗ ਵਿੱਚ ਭਲਾ ਹੋਈਦਾ ਹੈ (ਬੁਰੇ ਵਿਚ ਬੁਰਾ)। ੪.(ਉਸੇ ਸ਼ਾਹੀ ਦੀ) ਦਵਾਤ ਥੋਂ ਹਰੀ ਦਾ ਜਸ ਲਿਖੀਦਾ ਹੈ, (ਤੇ ਮੁਨਸ਼ੀ ਲੋਕ) ਦਫਤਰ ਬਾਹਲੇ (ਲਿਖਦੇ) ਹਨ। ੫.ਆਪ ਹੀ ਗੁਰਮੁਖ (ਹੈ ਪਰ) ਸਾਰੇ ਪਾਸੇ (ਊਚ ਨੀਚ ਦੇ ਭੇਦ ਕਰ) ਵਰਤ ਰਿਹਾ ਹੈ।

**ਭਾਵ**-ਉਹੋ ਪਿਛਲਾ ਜਿੱਕੁਰ ਚਾਨਣੇ ਤੋਂ ਕੋਈ ਲਾਭ ਉਠਾਵੇ ਚਾਨਣਾ ਨਿਰਲੇਪ ਹੈ, ਤਿਵੇਂ ਇਥੇ ਦੱਸਿਆ ਹੈ ਕਿ ਬੈਸੰਤਰ ਤੋਂ ਦੀਵਾ, ਕੱਜਲ ਸ਼ਾਹੀ ਬਣ ਗਏ, ਪਰ ਬੈਸੰਤਰ ਨਿਰਲੇਪ ਹੈ।

## ੯. (ਅਨੇਕਤਾ ਵਿਚ ਏਕਤਾ)।

੧. ਬਿਰਖੁ ਹੋਵੈ ਬੀਉ ਬੀਜੀਐ ਕਰਦਾ ਪਸਾਰਾ।

੨. ਜੜ ਅੰਦਰਿ ਪੇਡ ਬਾਹਰਾ ਬਹੁ ਡਾਲ ਬਿਸਥਾਰਾ।
੩. ਪਤ ਫੁਲ ਫਲ ਫਲੀ ਦਾ ਰਸ ਰੰਗ ਸਵਾਰਾ।
੪. ਵਾਸੁ ਨਿਵਾਸੁ ਉਲਾਸੁ ਕਰਿ ਹੋਇ ਵਡ ਪਰਵਾਰਾ।
੫. ਫਲ ਵਿਚਿ ਬੀਉ ਸੰਜੀਉ ਹੋਇ ਫਲ ਫਲੋਂ ਹਜਾਰਾ।
੬. ਆਪੇ ਆਪਿ ਵਰਤਦਾ ਗੁਰਮੁਖਿ ਨਿਸਤਾਰਾ ॥੯॥

**ਪਦਾਰਥ**-(ਪਾਸਾਰਾ=ਫੈਲਾਉ। ਪੇਡ=ਬ੍ਰਿਛ ਦਾ ਤਨਾਂ। ਡਾਲ=ਟਾਹਣੀ।)
(ਉਲਾਸ=ਪ੍ਰਕਾਸ਼। ਸੰਜੀਉ=ਪੱਕਣਾ।)

**ਅਰਥ**-੧.(ਇਕ) ਬੀਉ ਬੀਜਣ ਨਾਲ ਬ੍ਰਿਛ ਹੁੰਦਾ ਹੈ, (ਉਹ) ਫੈਲਾਉ ਕਰਦਾ ਹੈ। ੨.ਜੜ੍ਹ (ਜ਼ਮੀਨ ਦੇ) ਅੰਦਰ, ਪੇੜ ਬਾਹਰ, ਤੇ ਬਹੁਤੇ ਟਾਹਣਾਂ ਦਾ ਵਿਸਥਾਰ ਹੁੰਦਾ ਹੈ, ੩.(ਫੇਰ ਉਨ੍ਹਾਂ ਨਾਲ) ਪੱਤ੍ਰ, ਫਲ, ਫੁਲ, ਲਗਦੇ (ਤੇ ਉਨ੍ਹਾਂ ਵਿਚ) ਰਸ ਤੇ ਰੰਗ ਸਵਾਰੀਦੇ ਹਨ। ੪.(ਫੁੱਲ ਤੇ ਫਲਾਂ ਵਿਖੇ ਕਈ) ਵਾਸ਼ਨਾ ਪੈਦਾ ਹੋਕੇ ਪ੍ਰਕਾਸ਼ਦੀਆਂ ਹਨ ਤੇ ਵੱਡਾ ਪਰਵਾਰ ਹੋ ਜਾਂਦਾ ਹੈ। ੫.ਫਲ ਵਿਚ ਬੀਉ ਪੱਕਦੇ ਹਨ, (ਫਿਰ) ਇਕ ਫਲ ਤੋਂ ਹਜ਼ਾਰਾਂ ਹੀ ਫਲ ਜੰਮਦੇ ਹਨ। ੬.(ਤਿਵੇਂ-ਇਕ ਈਸ਼੍ਵਰ ਹੀ) ਆਪੇ ਆਪ ਸਾਰੇ ਵਰਤ ਰਿਹਾ ਹੈ (ਜਿਸ ਨੂੰ ਜਾਣਨਹਾਰੇ) ਗੁਰਮੁਖਾਂ ਦਾ ਨਿਸਤਾਰਾ ਹੋ ਜਾਂਦਾ ਹੈ*।

## ੧੦. (ਸੂਤ ਦਾ ਦ੍ਰਿਸ਼ਟਾਂਤ)।

੧. ਹੋਵੈ ਸੂਤ ਕਪਾਹ ਦਾ ਕਰਿ ਤਾਣਾ ਵਾਣਾ।
੨. ਸੂਤਹੁ ਕਪੜੁ ਜਾਣੀਐ ਆਖਾਣ ਵਖਾਣਾ।
੩. ਚਉਸੀ ਤੇ ਚਉਤਾਰ ਹੋਇ ਗੰਗਾ ਜਲੁ ਜਾਣਾ।
੪. ਖਾਸਾ ਮਲਮਲ ਸਿਰੀਸਾਫੁ ਤਨਸੁਖ ਮਨਿ ਭਾਣਾ।
੫. ਪਗ ਦੁਪਟਾ ਚੋਲਣਾ ਪਟਕਾ ਪਰਵਾਣਾ।
੬. ਆਪੇ ਆਪਿ ਵਰਤਦਾ ਗੁਰਮੁਖਿ ਰੰਗ ਮਾਣਾ ॥੧੦॥

**ਪਦਾਰਥ**-(ਵਾਣਾ=ਪੇਟਾ। ਆਖਾਣ=ਨਾਉਂ। ਗੰਗਾ ਜਲੁ=ਕੱਪੜਾ ਇਕ ਤਰ੍ਹਾਂ ਦਾ।)
(ਸਿਰੀ ਸਾਫ=ਕੱਪੜੇ ਦੀ ਕਿਸਮ, ਜਿਸ ਦੀ ਪੱਗ ਬਣਦੀ ਹੁੰਦੀ ਸੀ।)

**ਅਰਥ**-੧.ਕਪਾਹ ਦਾ ਸੂਤਰ ਹੁੰਦਾ ਹੈ (ਉਸ ਥੋਂ) ਤਾਣਾ ਤੇ ਪੇਟਾ ਕਰੀਦਾ ਹੈ। ੨.ਸੂਤੋਂ ਹੀ ਕੱਪੜਾ ਉਣੀਂਦਾ ਹੈ, (ਉਸ ਦੇ ਕਈ) ਨਾਉਂ ਰਖੀਦੇ ਹਨ। ੩.ਚਾਰ ਤਾਰਾਂ ਤੋਂ ਚਉਸੀ (ਕਹਾਉਂਦੀ) ਹੈ, (ਤੇ ਹੋਰ) ਗੰਗਾ ਜਲੀ ਬੀ ਜਾਣੀਦੀ ਹੈ। ੪.ਖਾਸਾ, ਮਲਮਲ, ਸਿਰੀਸਾਫ, ਤਨਸੁਖ, ਮਨ ਨੂੰ ਭਾਉਣ ਵਾਲੇ। ੫.ਪੱਗ, ਦੁਪੱਟਾ, ਕੁੜਤਾ, ਕਮਰ ਬੰਦ (ਆਦ ਕਈ ਨਾਉਂ) ਪ੍ਰਮਾਣ (ਕਰੀਦੇ ਹਨ)। ੬.(ਤਿੱਕੁਰ) ਆਪ ਹੀ ਆਪ ਵਰਤਦਾ ਹੈ(ਉਸ ਦੇ) ਰੰਗ (=ਪ੍ਰੇਮ) ਨੂੰ ਗੁਰਮੁਖ ਮਾਣਦੇ ਹਨ।

**ਭਾਵ**- ਜਿਹਾ ਕੁ ਚਿੱਤ੍ਰੇ ਹੋਏ ਪੱਟ ਵਿਖੇ, ਧੌਤ, ਘਟਿਤ, ਲਾਂਛਤ ਅਤੇ ਰੰਜਿਤ, ਇਹ ਚਾਰ ਅਵਸਥਾਂ ਦੇਖੀ ਦੀਆਂ ਹਨ, ਤੈਸੇ ਹੀ ਪਰਮਾਤਮਾ ਵਿਖੇ ਚਾਰ ਅਵਸਥਾਂ ਹਨ। ਓਹ ਕਿਹੜੀਆਂ ਹਨ? ਉੱਤਰ:- ਚਿਤ, ਅੰਤਰਯਾਮੀ, ਸੂਤ੍ਰਾਤਮਾ ਤੇ ਵਿਰਾਟ ਏਹ ਚਾਰ ਹਨ। ਜੋ ਕਪੜਾ ਕਿਸੇ ਹੋਰ ਦ੍ਰਬਜ ਦੇ ਨਾਲ ਨਹੀਂ ਮਿਲਿਆ ਹੋਇਆ ਉਹ ਧੌਤ ਹੈ। ਜੋ ਕਿਸੇ ਨਾਲ ਲਿਬੜਿਆ ਹੋਵੇ ਉਹ ਘਟਿਤ ਹੈ। ਜਿਸ ਵਿਖੇ ਮੱਖੀਆਂ ਜਿਹੇ ਆਕਾਰ ਪਏ ਹੋਣ ਉਹ ਲਾਂਛਤ ਹੈ; ਜੋ ਕਈ ਰੰਗਾਂ ਕਰ

*'ਆਪੇ ਆਪਿ ਵਰਤਦਾ' ਤਾਂ ਐਉਂ ਸਮਝ ਲਈਦਾ ਹੈ ਪਰ ਮੁਕਤੀ ਲਈ ਜਾਣਨਾ ਮਾਤ੍ਰ ਕਾਫੀ ਨਹੀਂ, ਉਹ ਗੁਰੂ ਦੁਆਰਾ ਹੀ ਮਿਲਦੀ ਹੈ।

ਪੂਰਣ ਹੋਵੇ ਉਹ ਰੰਜਿਤ ਹੈ। ਦ੍ਰਿਸ਼ਟਾਂਤ ਇਹ ਹੈ ਜੋ ਪਰਮਾਤਮਾ ਮਾਯਾ ਤੋਂ ਰਹਿਤ ਹੈ ਉਹ ਚਿੱਤ ਕਹੀਦਾ ਹੈ, ਜਦ ਮਾਯਾ ਦਾ ਜੋਗ ਹੋਵੇ ਤਾਂ ਅੰਤਰਯਾਮੀ ਹੈ। ਅਪੰਚੀ ਕ੍ਰਿਤ ਸਮਸ਼ਟੀ ਸੂਖਮ ਸਰੀਰ ਦੇ ਜੋਗ ਨਾਲ ਸੂਤ੍ਰਾਤਮਾ ਕਹੀਦਾ ਹੈ। ਪੰਚੀਕ੍ਰਿਤ ਭੂਤ ਕਾਰਜ ਸਮਸ਼ਟੀ ਸਥੂਲ ਸਰੀਰਾਂ ਦੀ ਉਪਾਧੀ ਛੋਂਦ ਕਰ ਵਿਰਾਟ ਹੈ। ਸਿੱਟਾ ਇਹ ਕਿ ਪਰਮਾਤਮਾ ਕੇਵਲ ਸ਼ੁੱਧ ਏਕ ਹੈ ਅਰ ਨਿਰਲੇਪ ਹੈ*।

## ੧੧. (ਸੋਨੇ ਦਾ ਦ੍ਰਿਸ਼ਟਾਂਤ)।

੧. ਸੁਨਿਆਰਾ ਸੁਇਨਾ ਘੜੈ ਗਹਣੇ ਸਾਵਾਰੇ।
੨. ਪਿਪਲ ਵਤਰੇ ਵਾਲੀਆਂ ਤਾਨਉੜੇ ਤਾਰੇ।
੩. ਵੇਸਰਿ ਨਥਿ ਵਖਾਣੀਐ ਕੰਠ ਮਾਲਾ ਧਾਰੇ।
੪. ਟੀਕਤਿ ਮਣੀਆਂ ਮੋਤਿਸਰ ਗਜਰੇ ਪਾਸਾਰੇ।
੫. ਦੁਰਾ ਬੁਹਟਾ ਗੋਲ ਛਾਪ ਕਰਿ ਬਹੁ ਪਰਕਾਰੇ।
੬. ਆਪੈ ਆਪਿ ਵਰਤਦਾ ਗੁਰਮੁਖਿ ਵੀਚਾਰੇ ॥੧੧॥

**ਪਦਾਰਥ**-(ਤਾਰੇ=ਸਤਾਰੇ। ਵੇਸਰਿ=ਨੱਥ। ਕੰਠਮਾਲਾ=ਕੈਂਠਾ। ਮੋਤਿਸਰ=ਲੰਬੀ ਮਾਲਾ।) (ਦੁਰਾ=ਮੋਤੀ,ਕੰਨਾਂ ਦੀਆਂ ਬੀਰਬਲੀਆਂ। ਗਜਰੇ=ਗਜਰਾ ਦਾ ਬਹੁਬਵਚਨ, ਗੋਖਰੂ।)

**ਅਰਥ**-੧. ਸੁਨਿਆਰਾ (ਕਈ ਪ੍ਰਕਾਰ ਦੇ) ਗਹਿਣੇ ਸੋਨੇ ਤੋਂ ਘੜਕੇ ਸੁਆਰਦਾ ਹੈ। ੨. ਪਿੱਪਲ ਵਤਰੇ; ਵਾਲੀਆਂ; ਤਨੌੜੇ, (ਕੰਨਾਂ ਦੇ) ਸਤਾਰੇ। ੩. ਬੇਸਰ ਨੱਥ ਬੀ (ਇਸ ਸੋਨੇ ਦੀ) ਕਹੀਦੀ ਹੈ (ਤੇ) ਕੰਠਾ (ਗਲ ਵਿਚ) ਪਹਿਰਨ ਵਾਲਾ। ੪. ਟਿੱਕਾ ਮਣੀਆਂ ਦਾ ਜੜਾਊ, ਲੰਮੀ ਮਾਲਾ ਗੋਖਰੂ ਦਾ ਫੈਲਾਉ ਕਰਦਾ ਹੈ। ੫. ਬੀਰਬਲੀਆਂ (ਜਾਂ ਬੁੰਦੇ), ਬਾਹਾਂ ਦੇ ਬੁਹੱਟੇ, ਗੋਲ ਮੁੰਦ੍ਰੀ (ਛੱਲਾ) ਕਈ ਪ੍ਰਕਾਰ ਦੇ ਕਰਦਾ ਹੈ। ੬. ਤਿਵੇਂ ਆਪੇ ਆਪ ਵਰਤਦਾ ਹੈ(ਪਰ) ਗੁਰਮੁਖ ਵੀਚਾਰ ਕਰਦਾ ਹੈ†।

## ੧੨. (ਗੰਨੇ ਦਾ ਦ੍ਰਿਸ਼ਟਾਂਤ)।

੧. ਗੰਨਾ ਕੋਲੂ ਪੀੜੀਐ ਰਸੁ ਦੇ ਦਰਹਾਲਾ।
੨. ਕੋਈ ਕਰੇ ਗੁੜੁ ਭੇਲੀਆਂ ਕੋ ਸਕਰ ਵਾਲਾ।
੩. ਕੋਈ ਖੰਡ ਸਵਾਰਦਾ ਮਖਣੁ ਮਸਾਲਾ।
੪. ਹੋਵੈ ਮਿਸਰੀ ਕਲੀਕੰਦ ਮਿਠਿਆਈ ਢਾਲਾ।
੫. ਖਾਵੈ ਰਾਜਾ ਰੰਕੁ ਕਰਿ ਰਸ ਭੋਗ ਸੁਖਾਲਾ।
੬. ਆਪੇ ਆਪਿ ਵਰਤਦਾ ਗੁਰਮੁਖਿ ਸੁਖਾਲਾ ॥੧੨॥

**ਪਦਾਰਥ**-(ਰਸ=ਰਹੁ। ਦਰਹਾਲਾ=ਛੇਤੀ। ਗੁੜ ਭੇਲੀਆਂ=ਗੁੜ ਦੀਆਂ ਰੋੜੀਆਂ।) (ਸਕਰ ਵਾਲਾ=ਮਹੀਨ ਸ਼ੱਕਰ। ਮੱਖਣ ਮਸਾਲਾ=ਮਖਾਣੇ ਲਾਚੀਆਂ ਵਾਲੇ ਕਲੀਕੰਦ=ਬਰਫੀ।)

**ਅਰਥ**-੧.ਗੰਨਾ ਜਦ ਕੋਹਲੂ (ਵਿਖੇ) ਪੀੜੀਦੀ ਹੈ ਤਾਂ ਸ਼ੀਘਰ ਰਹੁ ਦਿੰਦਾ ਹੈ। ੨.(ਉਸ ਥੋਂ) ਕੋਈ ਰੋੜੀਆਂ ਤੇ ਕੋਈ ਮਹੀਨ ਸ਼ੱਕਰ ਬਣਾਉਂਦਾ ਹੈ। ੩.ਕੋਈ ਖੰਡ ਬਣਾਉਂਦਾ, ਕੋਈ ਮਸਾਲੇਦਾਰ ਮਖਾਣੇ। ੪.ਮਿਸਰੀ, ਕਲਾਕੰਦ ਤੇ ਢਾਲਵੀਂ ਮਠਿਆਈ (ਪੇਠਾ ਆਦਿ) ਬਣਦੀ ਹੈ। ੫.ਰਾਜੇ

*ਉਸਨੂੰ ਵਯਾਪਕ ਪਰ ਨਿਰਲੇਪ ਜਾਣਕੇ ਗੁਰਮੁਖ ਉਸਦੇ ਮਿਲਾਪ ਦਾ ਰਸ ਮਾਣਦਾ ਹੈ।

†ਇਹ ਵੀਚਾਰ ਤੇ ਦ੍ਰਿਸ਼ਟੀ ਕਿ ਸਭਨਾਂ ਵਿਚ ਸੋਨਾ ਹੀ ਹੈ ਮੂਲ ਵਸਤੂ ਗੁਰਮੁਖ ਨੂੰ ਹੀ ਪ੍ਰਾਪਤ ਹੁੰਦੀ ਹੈ।

(ਮਠਿਆਈ ਤੇ) ਰੰਕ ਲੋਕ (ਗੁੜ ਸ਼ੱਕਰ) ਖਾਕੇ ਰਸਾਂ ਨੂੰ ਸੁਖ ਨਾਲ ਭੋਗਦੇ ਹਨ। ੬.(ਤਿਵੇਂ) ਆਪੇ ਆਪ ਵਰਤ ਰਿਹਾ ਹੈ (ਪਰ ਇਹ ਸਮਝ ਕੇ ਕੇਵਲ) ਗੁਰਮੁਖ ਸੌਖਾ ਹੈ (ਭਾਵ ਸੁਖ ਮਾਣਦਾ ਹੈ)।

## ੧੩. (ਗਾਂ ਤੇ ਦੁੱਧ ਦਾ ਦ੍ਰਿਸ਼ਟਾਂਤ)।

੧. ਗਾਈਂ ਰੰਗ ਬਿਰੰਗ ਬਹੁ ਦੁਧੁ ਉਜਲੁ ਵਰਣਾ।
੨. ਦੁਧਹੁ ਦਹੀ ਜਮਾਈਐ ਕਰਿ ਨਿਹਚਲੁ ਧਰਣਾ।
੩. ਦਹੀ ਵਿਲੋਇ ਅਲੋਈਐ ਛਾਹਿ ਮਖਣੁ ਤਰਣਾ।
੪. ਮਖਣੁ ਤਾਇ ਅਉਟਾਇਕੈ ਘਿਉ ਨਿਰਮਲ ਕਰਣਾ।
੫. ਹੋਮ ਜਗ ਨਈਵੇਦ ਕਰਿ ਸਭ ਕਾਰਜ ਸਰਣਾ।
੬. ਆਪੇ ਆਪਿ ਵਰਤਦਾ ਗੁਰਮੁਖਿ ਹੋਇ ਜਰਣਾ॥੧੩॥

**ਪਦਾਰਥ**-(ਵਿਲੋਇ=ਰਿੜਕਣਾ। ਅਲੋਈਐ=ਦੇਖਣਾ।)
(ਅਉਟਾਇ=ਕਾਹੜਨਾ। ਨਈਵੇਦ=ਪੂਜਾ ਭੇਟ।)

**ਅਰਥ**-੧.ਗਊਆਂ (ਭਾਵੇਂ) ਬਹੁਤੀਆਂ ਰੰਗੋਂ ਬਿਰੰਗ (ਕਾਲੀ ਆਦਿ) ਹੋਵਨ, ਦੁੱਧ ਦਾ ਰੰਗ ਚਿੱਟਾ ਹੀ ਹੁੰਦਾ ਹੈ, ੨.ਦੁੱਧ ਤੋਂ (ਜਦ) ਦਹੀਂ ਜਮਾਈਦਾ ਹੈ ਤਾਂ ਅਡੋਲ ਰੱਖ ਦੇਈਦਾ ਹੈ। ੩.ਦਹੀਂ (ਜਦ) ਰਿੜਕਕੇ ਦੇਖੀਦਾ ਹੈ ਤਾਂ ਲੱਸੀ ਤੋਂ ਮੱਖਣ ਨਿਤਾਰ ਲਈਦਾ ਹੈ! ੪.(ਫੇਰ) ਮੱਖਣ ਨੂੰ ਤਪਾਕੇ, ਕਾਹੜਕੇ ਘਿਉ ਨਿਰਮਲ ਕੀਤਾ ਜਾਂਦਾ ਹੈ। ੫.ਹੋਮ, ਯੱਗ; ਪੂਜਾ ਭੇਟ (ਦੇ ਕੰਮ ਆਦਿ) ਕਰਕੇ ਸਾਰੇ ਕਾਰਜ ਉਸ ਥੋਂ ਸਾਰਦੇ ਹਨ। ੬.(ਤਿਵੇਂ ਸਾਰੇ) ਆਪੇ ਆਪ ਹੀ ਵਰਤ ਰਿਹਾ ਹੈ, ਗੁਰਮੁਖ (ਇਸ ਗੱਲ ਨੂੰ ਜਾਣਦੇ ਤੇ) ਜਰਦੇ ਹਨ।

**ਭਾਵ**-ਇਸ ਵਿਚ ਇਸ਼ਾਰਾ ਸਾਧਨ ਵੱਲ ਹੈ ਕਿ ਕਿਸ ਤਰ੍ਹਾਂ ਜੱਗਯਾਸੂ ਨਾਮ ਅਭਿਆਸ ਦੁਆਰੇ ਸਹਿਜ ਪਦ ਨੂੰ ਪਹੁੰਚੇ ਹਨ। ਜਿੱਕੁਰ ਗਾਂ ਤੋਂ ਦੁੱਧ, ਦਹੀਂ, ਲੱਸੀ, ਮੱਖਣ ਅੰਤ ਨਿਰੋਲ ਘਿਉ ਆਪਣੀ ਅਵਸਥਾ ਵਿਚ ਆਯਾ, ਉਂਞ ਸਭਨਾਂ ਵਿਚ ਘਿਉ ਦਾ ਹੀ ਪਸਾਰਾ ਸੀ। ਇਹ ਅਨੁਭਵ ਕਰਕੇ ਗੁਰਮੁਖ ਬੋਲਦਾ ਨਹੀਂ ਜੇਰੇ ਵਿਚ ਰਹਿੰਦਾ ਹੈ।

## ੧੪. (ਸੂਰਜ ਦਾ ਦ੍ਰਿਸ਼ਟਾਂਤ)।

੧. ਪਲ ਘੜੀਆ ਮੂਰਤਿ ਪਹਰ ਥਿਤ ਵਾਰ ਗਣਾਏ।
੨. ਦੁਇ ਪਖ ਬਾਰਹ ਮਾਹ ਕਰਿ ਸੰਜੋਗ ਬਣਾਏ।
੩. ਛਿਅ ਰੁਤੀ ਵਰਤਾਈਆ, ਬਹੁ ਚਲਿਤ ਬਣਾਏ।
੪. ਸੂਰਜੁ ਇਕੁ ਵਰਤਦਾ ਲੋਕੁ ਵੇਦ ਅਲਾਏ।
੫. ਚਾਰਿ ਵਰਨ ਛਿਅ ਦਰਸਨਾ ਬਹੁ ਪੰਥ ਚਲਾਏ।
੬. ਆਪੇ ਆਪਿ ਵਰਤਦਾ ਗੁਰਮੁਖਿ ਸਮਝਾਏ ॥੧੪॥

**ਪਦਾਰਥ**-(ਮੂਰਤਿ=ਮਹੂਰਤ, ਦੁਘਟਕਾ। ਅਲਾਏ=ਕਹਿਣਾ।)

**ਅਰਥ**-੧.ਪਲਾਂ, ਘੜੀਆਂ, ਮਹੂਰਤ, ਪਹਿਰ, ਥਿੱਤਾਂ ਤੇ ਵਾਰ ਗਿਣੀਂਦੇ ਹਨ। ੨.ਦੋ ਪਖ, ੧੨ ਮਹੀਨੇ ਸੰਜੋਗ ਕਰਕੇ ਬਨਾਏ ਹਨ। ੩.ਛੀ ਰੁੱਤਾਂ ਵਰਤਾਈਆਂ ਹਨ, ਬਹੁਤ ਕੌਤਕ ਵਰਤਾਏ ਹਨ। ੪.ਸੂਰਜ ਇਕ ਵਰਤਦਾ ਹੈ (ਆਮ) ਲੋਕੀਂ ਤੇ ਗਯਾਨੀ ਆਖਦੇ ਹਨ। ੫.ਛੀ ਦਰਸ਼ਨ ਤੇ ਚਾਰ ਵਰਨ (ਆਦਿ) ਬਹੁਤੇ ਰਸਤੇ (ਲੋਕਾਂ ਨੇ) ਤੋਰੇ ਹਨ। ਗੁਰਮੁਖ (ਇਸ ਸਿਧਾਂਤ ਨੂੰ) ਸਮਝਾਉਂਦੇ ਹਨ

(ਕਿ ਵਾਹਿਗੁਰੂ) ਆਪੇ ਆਪ (ਸਭ ਵਿਚ) ਵਜਾਪਕ ਹੈ( ਆਪੋ ਵਿਚ ਲੜੋ ਨਾ, ਇਸ ਭੇਤ ਨੂੰ ਸਮਝੋ।)

**ਭਾਵ**-ਤਥਾ ਪ੍ਰਮਾਣ ਸ੍ਰੀ ਗੁਰੂ ਵਾਕ ਮ: ੧॥ **"ਵਿਸੁਏ ਚਸਿਆ ਘੜੀਆ ਪਹਰਾ ਥਿਤੀਵਾਰੀ ਮਾਹੁ ਹੋਆ॥ ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ"** ॥ (ਆਸਾ: ਮ:੧)

## ੧੫. (ਉਹੋ ਭਾਵ। ਬੈਸੰਤਰ ਦਾ ਦ੍ਰਿਸ਼ਟਾਂਤ)।

੧. ਇਕੁ ਪਾਣੀ ਇਕ ਧਰਤਿ ਹੈ ਬਹੁ ਬਿਰਖ ਉਪਾਏ*।
੨. ਅਫਲ ਸਫਲ ਪਰਕਾਰ ਬਹੁ ਫਲ ਫੁਲ ਸੁਹਾਏ।
੩. ਬਹੁ ਰਸ ਰੰਗ ਸੁਵਾਸਨਾ ਪਰਕਿਰਤਿ ਸੁਭਾਏ।
੪. ਬੈਸੰਤਰੁ ਇਕੁ ਵਰਨ ਹੋਇ ਸਭ ਤਰਵਰ ਛਾਏ।
੫. ਗੁਪਤਹੁ ਪਰਗਟ ਹੋਇਕੈ ਭਸਮੰਤ ਕਰਾਏ।
੬. ਆਪੇ ਆਪਿ ਵਰਤਦਾ ਗੁਮੁਖਿ ਸੁਖ ਪਾਏ ॥੧੫॥

**ਪਦਾਰਥ**-(ਅਫਲ=ਫਲਾਂ ਬਾਝ। ਸਫਲ=ਫਲਾਂ ਵਾਲੇ।)
(ਪਰਕਿਰਤ=ਅਸਲੀਯਤ। ਭਸਮੰਤ=ਸੁਆਹ।)

**ਅਰਥ**-੧. ਇਕੋ ਪਾਣੀ ਤੇ ਇਕੋ ਧਰਤੀ ਹੈ, ਬ੍ਰਿਛ ਬਹੁਤ (ਪ੍ਰਕਾਰ ਦੇ) ਪੈਦਾ ਕੀਤੇ ਹਨ। ੨. ਫ਼ਲ ਹੀਨ, ਫਲਦਾਰ, ਫਲ ਫੁਲ (ਕਰਕੇ) ਬਹੁਤ ਪ੍ਰਕਾਰ ਦੇ ਫਬਾਏ ਹਨ। ੩. ਬਹੁਤੇ ਰਸ, ਰੰਗ, ਸੁਹਣੀਆ ਵਾਸ਼ਨਾਂ ਵਾਲੀ ਸ਼੍ਰੇਸ਼ਟ ਪ੍ਰਕਿਰਤੀ ਵਾਲੇ। ੪. (ਨਾਨਾ ਪ੍ਰਕਾਰ ਦੇ) ਸਾਰੇ ਬ੍ਰਿਛਾਂ ਵਿਚੋਂ ਅੱਗ ਇਕੋ ਰੰਗ ਦੀ ਪ੍ਰਗਟਦੀ ਹੈ। ੫. ਨਾ ਦਿੱਸਣ ਵਾਲੀ ਦਸ਼ਾ ਤੋਂ ਪ੍ਰਗਟ ਹੋਕੇ ਉਨ੍ਹਾਂ ਨੂੰ ਸੁਆਹ ਕਰ ਦੇਂਦੀ ਹੈ। ੬. (ਤਿਵੇਂ) ਆਪੇ ਆਪ ਵਰਤ ਰਿਹਾ ਹੈ
(ਪਰ ਇਸ ਬਾਤ ਦਾ) ਸੁਖ ਗੁਰਮੁਖ ਪਾ ਰਹੇ ਹਨ।

**ਭਾਵ**-ਇਸ ਵਿਚ ਵਾਹਿਗੁਰੂ ਦੀ ਵਜਾਪਕਤਾ ਅਰ ਨਿਰਲੇਪਤਾ ਦੱਸਦੇ ਹੋਏ ਸੰਸਾਰ ਦੇ ਪ੍ਰਲੈ ਕਰਨ ਦਾ ਇਸ਼ਾਰਾ ਹੈ ਕਿ ਉਤਪਤ, ਪਾਲਨ, ਪ੍ਰਲੈ ਸਭ ਓਹੋ ਕਰਦਾ ਹੈ।

## ੧੬. (ਬਿਰਦ ਪਾਲਨ)।

੧. ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ।
੨. ਅਸਟ ਧਾਤੁ ਇਕੁ ਧਾਤੁ ਹੋਇ ਸਗਿ ਪਾਰਸਿ ਢੋਵੈ।
੩. ਨਦੀਆ ਨਾਲੇ ਵਾਹੜੇ ਮਿਲਿ ਗੰਗ ਗੰਗੋਵੈ।
੪. ਪਤਿਤ ਉਧਾਰਣੁ ਸਾਧੁ ਸੰਗ ਪਾਪਾ ਮਲੁ ਧੋਵੈ।
੫. ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ।
੬. ਆਪੇ ਆਪਿ ਵਰਤਦਾ ਗੁਰਮੁਖਿ ਅਲੋਵੈ ॥੧੬॥

**ਪਦਾਰਥ**-(ਢੋਵੈ=ਮਿਲ ਕੇ। ਵਾਹੜੇ=ਨਿੱਕੇ ਨਾਲੇ।)
(ਗੰਗੋਵੈ=ਵੈ(=ਉਹ) ਭੀ ਗੰਗਾ ਹੋ ਜਾਂਦੇ ਹਨ। ਸੰਗੋਵੈ=ਸੰਗ ਅਲੋਵੈ=ਦੇਖਣਾ।)

**ਅਰਥ**-੧. ਚੰਦਨ ਦੀ ਵਾਸ਼ਨਾ (ਨਾਲ) ਸਾਰੀ ਬਨਾਸਪਤੀ ਚੰਦਨ ਹੋ ਜਾਂਦੀ ਹੈ। ੨. ਪਾਰਸ ਦੇ ਨਾਲ ਮਿਲਕੇ ਅੱਠਾਂ ਧਾਤਾਂ ਦੀ ਇਕ ਧਾਤ (ਸੋਨਾ) ਹੋ ਜਾਂਦੀ ਹੈ। ੩. ਨਦੀਆਂ, ਨਾਲੇ ਤੇ ਨਿੱਕੇ ਨਾਲੇ ਗੰਗਾ ਨਾਲ ਮਿਲਕੇ ਗੰਗਾ ਹੋ ਜਾਂਦੇ ਹਨ। ੪. ਸਾਧ ਸੰਗਤ ਪਾਪੀਆਂ ਦੇ ਉਧਾਰ ਕਰਨ ਵਾਲੀ

੧ ਪਾ :- ਉਪਜਾਏ।

ਹੈ, (ਕਿਉਂ ਜੋ) ਪਾਪਾਂ ਦੀ ਮੈਲ ਧੋ ਦਿੰਦੀ ਹੈ। ੫.(ਇਸੇ ਕਾਰਨ ਉਨ੍ਹਾਂ ਦੇ ਲਖ=) ਦੇਖਣ ਨਾਲ (ਅਥਵਾ ਸੰਗੋਵੇਂ=) ਸੰਗਤ ਨਾਲ ਅਸੰਖ ਪਤਿਤਾਂ ਦੇ ਨਰਕ ਹਟ ਜਾਂਦੇ ਹਨ। ੬.(ਸੋ) ਆਪ ਹੀ ਆਪ ਵਰਤਦਾ ਹੈ, ਗੁਰਮੁਖ ਦੇਖਦੇ ਹਨ।

**ਭਾਵ**-ਇਸ ਵਿਖੇ ਵਾਹਿਗੁਰੂ ਦੀ ਵਿਆਪਕ ਮਹਿਮਾਂ ਦੇ ਨਾਲ ਪਤਿਤ ਉਧਾਰਨ ਸ਼ਕਤੀ ਦਾ ਪ੍ਰਕਾਸ਼ ਕਰਦੇ ਹਨ, ਕਿ ਉਹ ਜੀਵਾਂ ਨੂੰ, ਜੋ ਉਸ ਪਰ ਟੇਕ ਧਰਦੇ ਹਨ, ਜੋ ਆਪਣਾ ਦਿਲ ਉਸਦੇ ਰਹਿਣ ਦਾ ਮੰਦਰ ਬਣਾਉਂਦੇ ਹਨ, ਤਾਰ ਦਿੰਦੇ ਹਨ। ਉਸਦੀ ਇਸ ਸ਼ਕਤੀ ਨੂੰ ਬੀ ਗੁਰਮੁਖ ਵੇਖਕੇ (ਪ੍ਰਸੰਨ ਹੁੰਦੇ) ਹਨ।

## ੧੭. (ਪ੍ਰੇਮ)

੧. ਦੀਪਕ ਹੇਤੁ ਪਤੰਗ ਦਾ, ਜਲ ਮੀਨ ਤਰੰਦਾ।
੨. ਮਿਰਗੁ ਨਾਦ ਵਿਸਮਾਦੁ ਹੈ, ਭਵਰ ਕਵਲਿ ਵਸੰਦਾ।
੩. ਚੰਦ ਚਕੋਰ ਪਰੀਤਿ ਹੈ, ਦੇਖਿ ਧਿਆਨੁ ਧਰੰਦਾ।
੪. ਚਕਵੀ ਸੂਰਜ ਹੇਤੁ ਹੈ, ਸੰਜੋਗੁ ਬਣੰਦਾ।
੫. ਨਾਰਿ ਭਤਾਰ ਪਿਆਰੁ ਹੈ, ਮਾਂ ਪੁਤੁ ਮਿਲੰਦਾ।
੬. ਆਪੇ ਆਪਿ ਵਰਤਦਾ ਗੁਰਮੁਖਿ ਪਰਚੰਦਾ ॥੧੭॥

**ਪਦਾਰਥ**-(ਮੀਨ=ਮੱਛੀ। ਵਿਸਮਾਦੁ=ਅਚਰਜ। ਨਾਰਿ=ਇਸਤ੍ਰੀ। ਭਤਾਰ=ਭਰਤਾ।)

**ਅਰਥ**-੧.ਦੀਵੇ ਦਾ ਹਿਤ ਭੰਬਟ ਨੂੰ ਹੈ, ਮੱਛੀ (ਹਿਤ ਨਾਲ) ਜਲ ਤਰਦੀ ਹੈ। ੨.ਹਰਨ ਸ਼ਬਦ ਤੇ ਹੈਰਾਨ ਹੈ (ਭਾਵ ਮਸਤ ਹੈ), ਭੌਰਾ ਕੌਲ (ਫੁਲ) ਤੇ ਵਸਦਾ ਹੈ। ੩.ਚੰਦ ਦੀ ਚਕੋਰ ਨੂੰ ਪ੍ਰੀਤ ਹੈ, ਦੇਖ ਕੇ (ਉਸੇ ਦਾ) ਧਿਆਨ ਧਰਦਾ ਹੈ। ੪.ਚਕਵੀ ਨੂੰ ਸੂਰਜ ਦਾ ਪਿਆਰ ਹੈ, (ਕਿਉਂਕਿ ਇਸ ਨਾਲ ਉਸਦਾ) ਸੰਜੋਗ ਬਣਦਾ ਹੈ। ੫.ਨਾਰ ਨੂੰ ਪਤੀ ਦਾ ਪਿਆਰ ਹੈ ਤੇ ਮਾਂ ਨੂੰ ਪੁਤ੍ਰ ਮਿਲਨ ਦਾ (ਹਿਤ ਹੈ) ੬.(ਏਸ ਤਰ੍ਹਾਂ) ਆਪ ਹੀ ਆਪ (ਪ੍ਰੇਮ ਵਿਚ) ਵਰਤ ਰਿਹਾ ਹੈ, (ਪਰ) ਗੁਰਮੁਖ (ਉਸ ਦੇ ਪ੍ਰੇਮ ਵਿਚ) ਪਰਚਦਾ ਹੈ।

**ਭਾਵ**- ਜਿੱਕੁਰ ਏਹ ਦ੍ਰਿਸ਼ਟਾਂਤ ਹਨ, ਉਕੱਰ ਗੁਰਮੁਖ ਵਾਹਿਗੁਰੂ ਨਾਲ ਪ੍ਰੇਮ ਕਰਦੇ ਹਨ, ਅਰ ਪ੍ਰੇਮ ਵਿਚ ਸੁਖ ਪਾਉਂਦੇ ਹਨ। ਉਪਦੇਸ਼ ਇਹ ਹੈ ਕਿ ਵਾਹਿਗੁਰੂ ਨਾਲ ਪ੍ਰੇਮ ਕਰੋ।

## ੧੮. (ਅੰਗਾਂ ਦਾ ਦ੍ਰਿਸ਼ਟਾਂਤ)

੧. ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ।
੨. ਕੰਨੀ ਸੁਣਦਾ ਸੁਰਤਿ ਕਰਿ ਆਖਾਣਿ ਵਖਾਣਾ।
੩. ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ।
੪. ਹਥੀ ਕਿਰਤ ਕਮਾਂਵਦਾ ਪਗਿ ਚਲੈ ਸੁਜਾਣਾ।
੫. ਦੇਹੀ ਅੰਦਰਿ ਇਕੁ ਮਨੁ ਇੰਦ੍ਰੀ ਪਰਵਾਣਾ।
੬. ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਮਾਣਾ॥੧੮॥

**ਪਦਾਰਥ**-(ਚੋਜ ਵਿਡਾਣਾ=ਅਚਰਜ ਕੌਤਕ। ਆਖਾਣ=ਬਚਨ, ਪ੍ਰਸੰਗ।)
(ਲੁਭਾਣਾ=ਲੋਭਾਣਾ, ਮੋਹਿਤ ਹੋਣਾ। ਸੁਜਾਣਾ=ਚਤੁਰ।)

**ਅਰਥ**-੧.ਅੱਖਾਂ ਦੇ ਅੰਦਰ ਸਾਰੇ ਅਚਰਜ ਕੌਤਕ ਦੇਖਦਾ ਹੈ। ੨.ਸੁਰਤ (ਧਯਾਨ) ਕਰਕੇ ਕੰਨਾਂ ਨਾਲ ਕਹੇ ਹੋਏ ਬਚਨ ਸੁਣਦਾ ਹੈ। ੩.ਜੀਭ ਅੰਦਰ (ਹੋਕੇ) ਬੋਲਦਾ ਤੇ ਬਹੁਤੇ ਸੁਆਦਾਂ ਵਿਚ ਲੁਭਿਤ ਹੁੰਦਾ

ਹੈ। ੪.ਹੱਥਾਂ (ਅੰਦਰ ਹੋਕੇ) ਕਿਰਤ ਕਰਦਾ ਤੇ ਸਿਆਣਾ ਪੈਰਾਂ ਨਾਲ ਤੁਰਦਾ ਹੈ, ੫.(ਏਹ) ਇਕ 'ਮਨ' ਦੇਹ ਦੇ ਵਿਚ ਹੈ, (ਜਿਸ ਦੀ ਆਗਿਆ ਨੂੰ) ਇੰਦ੍ਰੀਆਂ ਪਰਵਾਨ ਕਰਦੀਆਂ ਹਨ। ੬.(ਤਿਵੇਂ) ਆਪੇ ਆਪ ਵਰਤਦਾ ਹੈ, ਗੁਰਮੁਖ ਸੁਖ ਮਾਣਦੇ ਹਨ।

**ਭਾਵ**-ਜਿੱਕੁਰ ਦੇਹੀ ਅੰਦਰ ਮਨ ਸਭ ਇੰਦ੍ਰੀਆਂ ਤੋਂ ਜੁਦਾ ਜੁਦਾ ਕੰਮ ਲੈਂਦਾ ਹੈ, ਤਿਵੇਂ ਈਸ਼੍ਵਰ ਆਪਣੇ ਰਚੇ ਨਿਯਮਾਂ ਤੋਂ ਸ੍ਰਿਸ਼ਟੀ ਦੇ ਨਾਨਾ ਕਾਰਜ ਕਰ ਰਿਹਾ ਹੈ। ਤਿਵੇਂ ਹੇ ਜਗਯਾਸੂਓ ! ਜਾਣਨਹਾਰੇ ਗੁਰਮੁਖਾਂ ਦੀ ਨਿਆਈਂ ਸੁਖ ਪਾਓ। ਜਿਕੂੰ ਮਨ ਦੇ ਪਿੱਛੇ ਸਾਖੀ ਦੇ ਦਰਸ਼ਨ ਕਰਕੇ ਪਹਿਲੇ ਪ੍ਰੇਮ ਕੀਤਾ, ਹੁਣ ਗਿਆਨ ਵਿਚ ਆਓ ਤੇ ਆਤਮ ਸੁਖ ਪਾਓ।

## ੧੯. (ਸ੍ਰਿਸ਼ਟੀ ਤੇ ਸ੍ਰਿਸ਼ਟੇ ਦਾ ਪ੍ਰਬੰਧ )।

੧. ਪਵਣ ਗੁਰੂ ਗੁਰੂ ਸਬਦੁ ਹੈ ਰਾਗ ਨਾਦ ਵੀਚਾਰਾ।
੨. ਮਾਤ ਪਿਤਾ ਜਲੁ ਧਰਤਿ ਹੈ, ਉਤਪਤਿ ਸੰਸਾਰਾ।
੩. ਦਾਈ ਦਾਇਆ ਰਾਤਿ ਦਿਹੁ ਵਰਤੈ ਵਰਤਾਰਾ।
੪. ਸਿਵ ਸਕਤੀ ਦਾ ਖੇਲੁ ਮੇਲੁ ਪਰਕਿਰਤਿ ਪਸਾਰਾ।
੫. ਪਾਰਬ੍ਰਹਮ ਪੂਰਨ ਬ੍ਰਹਮ ਘਟਿ ਚੰਦੁ ਅਕਾਰਾ।
੬. ਆਪੇ ਆਪਿ ਵਰਤਦਾ ਗੁਰਮੁਖਿ ਨਿਰਧਾਰਾ ॥੧੯॥

**ਪਦਾਰਥ**-(ਗੁਰ ਸਬਦ=ਗੁਰੂ ਦਾ ਵਾਕ। ਸਿਵ=ਉਹ ਤਾਕਤ ਜੋ ਸੋਚ ਸਕਦੀ ਹੈ। ਯਥਾ ਚੇਤਨਤਾ।)
(ਸਕਤੀ=ਉਹ ਤਾਕਤ ਜੋ ਕੇਵਲ ਬਲ ਰਖਦੀ ਹੈ, ਜੈਸੇ ਬਿਜਲੀ, ਵੇਗ ਆਦਿ। )

**ਅਰਥ**-੧.ਪੌਣ ਗੁਰੂ ਹੈ (ਤੇ) ਗੁਰੂ ਸ਼ਬਦ ਹੈ (ਇਸ ਥੋਂ) ਰਾਗ ਨਾਦ ਦੇ ਵਿਚਾਰ ਹੁੰਦੇ ਹਨ। ੨.ਧਰਤੀ ਮਾਤਾ ਹੈ, ਜਲ ਪਿਤਾ ਹੈ, ਇਨ੍ਹਾਂ (ਤੱਤਾਂ ਥੋਂ) ਸੰਸਾਰ ਦੀ ਉਤਪਤੀ ਹੈ। ੩.ਰਾਤ (ਸੁਵਾਉਣ ਵਾਲੀ) ਦਾਈ ਤੇ ਦਿਨ (ਖੇਡਾਉਣ ਵਾਲਾ) ਦਾਇਆ ਹੈ, (ਇਨ੍ਹਾਂ ਦੇ) ਵਰਤਾਰੇ (ਵਿਖੇ ਜਗਤ) ਵਰਤਦਾ ਹੈ। ੪.ਸ਼ਿਵ (ਚੇਤਨ ਸ਼ਕਤੀ), ਸ਼ਕਤੀ (ਜੜ੍ਹ ਸ਼ਕਤੀ) ਦਾ ਮੇਲ ਮੇਲਕੇ (ਸੰਸਾਰ) ਪ੍ਰਕ੍ਰਿਤੀ ਦਾ ਰਚਿਆ ਹੈ। ੫.(ਇਸ ਸ੍ਰਿਸ਼ਟੀ ਵਿਚ ਆਪ) ਪਾਰਬ੍ਰਹਮ (ਐਉਂ) ਪੂਰਨ ਬ੍ਰਹਮ (ਹੋ ਰਿਹਾ ਹੈ ਜਿਕੂੰ ਜਲ ਭਰੇ) ਭਾਂਡਿਆਂ ਵਿਚ ਚੰਦ੍ਰਮਾਂ ਦਾ ਬਿੰਬ ਪੂਰਨ ਹੁੰਦਾ ਹੈ। ੬.ਆਪੇ ਆਪ ਵਰਤਦਾ ਹੈ, ਪਰ ਗੁਰਮੁਖਾਂ ਵਿਚ ਆਧਾਰ ਰੂਪ ਹੋ ਕੇ ਵਰਤਦਾ ਹੈ*।

## ੨੦. ( ਆਪ ਹੀ ਆਪ )।

੧. ਫੁਲਾਂ ਅੰਦਰਿ ਵਾਸੁ ਹੈ, ਹੋਇ ਭਵਰੁ ਲੁਭਾਣਾ।
੨. ਅੰਬਾਂ ਅੰਦਰਿ ਰਸ ਧਰੇ†, ਕੋਇਲ ਰਸ ਮਾਣਾ।
੩. ਮੋਰ ਬਬੀਹਾ ਹੋਇਕੈ ਘਣ ਵਰਸ ਸਿਞਾਣਾ।
੪. ਖੀਰ ਨੀਰ ਸੰਜੋਗ ਹੋਇ ਕਲੀਕੰਦ ਵਖਾਣਾ।
੫. ਓਅੰਕਾਰੁ ਅਕਾਰੁ ਕਰਿ, ਹੋਇ ਪਿੰਡ ਪਰਾਣਾ।
੬. ਆਪੇ ਆਪਿ ਵਰਤਦਾ ਗੁਰਮੁਖਿ ਪਰਵਾਣਾ ॥੨੦॥੨॥

---

*ਭਾਵ ਗੁਰਮੁਖ ਇਸ ਗਯਾਨ ਵਿਚ ਪਾਰਬ੍ਰਹਮ ਦੇ ਆਸ਼੍ਰਿਤ ਹੋ ਜਾਂਦੇ ਹਨ। ਅਨੁਭਵ ਵਿਚ ਹੋ ਜਾਂਦੇ ਹਨ। †ਪਾ:-ਵਾਸੁ ਧਰਿ ।

**ਪਦਾਰਥ**-(ਰਸ ਧਰੇ=ਮਿਠਾਸ ਪਾ ਕੇ। ਖੀਰ=ਦੁੱਧ।)
(ਕਲੀਕੰਦ=ਮਿਠਾਈ, ਬਰਫੀ, ਅਥਵਾ ਕਲੀ ਤੇ ਫਲ।)

**ਅਰਥ**-੧.ਫੁੱਲਾਂ ਵਿਚ ਵਾਸ਼ਨਾ (ਆ ਪਈ) ਹੈ (ਜਿਸ ਪਰ) ਭੌਰਾ ਲੋਭ ਰਿਹਾ ਹੈ। ੨.ਅੰਬਾਂ ਵਿਖੇ ਮਿਠਾਸ ਧਰੀ ਹੈ, ਕੋਇਲ (ਜਿਸ ਦੇ) ਰਸ ਨੂੰ ਮਾਣਦੀ ਹੈ। ੩.ਮੋਰ ਤੇ ਚਾਤ੍ਰਿਕ (ਪ੍ਰਸੰਨ) ਹੁੰਦੇ ਹਨ ਜਦ ਬੱਦਲ ਵਰ੍ਹਦਾ ਵੇਖਦੇ ਹਨ। ੪.ਦੁੱਧ ਤੇ ਪਾਣੀ ਦਾ (ਜਿਕੂੰ) ਸੰਜੋਗ (ਮੇਲ ਯਾ ਪਿਆਰ) ਹੈ, (ਯਾ ਖੰਡ ਤੇ ਖੋਏ ਦਾ ਜਿਕੂੰ ਸੰਜੋਗ) ਕਲਾਕੰਦ* ਵਿਚ ਕਹੀਦਾ ਹੈ। ੫.(ਤਿਕੂੰ) ਉਅੰਕਾਰ ਸਰੂਪ ਰਚਕੇ ਦੇਹ ਤੇ ਜਿੰਦ ਹੋ ਜਾਂਦਾ ਹੈ। ੬.ਆਪੇ ਆਪ ਵਰਤ ਰਿਹਾ ਹੈ(ਪਰ) ਪ੍ਰਮਾਣ ਗੁਰਮੁਖਾਂ ਨੇ ਕੀਤਾ ਹੈ।

**ਭਾਵ**-ਪਰਮੇਸ਼ੁਰ ਪ੍ਰੇਮ ਹੈ, ਅਰ ਪ੍ਰੇਮ ਸਰੂਪ ਹੋ ਕੇ ਫੁੱਲ, ਫਲ, ਪਤ, ਬਨਸਪਤ ਵਿਚ ਪਸਰ ਰਿਹਾ ਹੈ ਤੇ ਪ੍ਰੇਮ ਚਮਤਕਾਰੇ ਮਾਰਕੇ ਆਨੰਦ ਲੱਭਣ ਦੁਆਰਾ ਆਪਣਾ ਪਤਾ ਦੇ ਰਿਹਾ ਹੈ।

# ਵਾਰ ੩.

ੴ ਸਤਿਗੁਰ ਪ੍ਰਸਾਦਿ ॥

## ੧. (ਨਮਸਕਾਰਾਤਮਕ ਮੰਗਲਾਚਰਣ)।

੧. ਆਦਿ ਪੁਰਖ ਆਦੇਸ, ਆਦਿ ਵਖਾਣਿਆ।
੨. ਸੋ ਸਤਿਗੁਰੁ ਸਚਾ ਵੇਸੁ, ਸਬਦਿ ਸਿਞਾਣਿਆ।
੩. ਸਬਦਿ ਸੁਰਤਿ ਉਪਦੇਸੁ, ਸਚਿ ਸਮਾਣਿਆ।
੪. ਸਾਧ ਸੰਗਤਿ ਸਚੁ ਦੇਸੁ, ਘਰੁ ਪਰਵਾਣਿਆ।
੫. ਪ੍ਰੇਮ ਭਗਤਿ ਆਵੇਸੁ, ਸਹਿਜ ਸੁਖਾਣਿਆ।
੬. ਭਗਤਿ ਵਛਲੁ ਪਰਵੇਸੁ, ਮਾਣੁ ਨਿਮਾਣਿਆ।
੭. ਬ੍ਰਹਮਾ ਬਿਸਨੁ ਮਹੇਸੁ, ਅੰਤੁ ਨ ਜਾਣਿਆ।
੮. ਸਿਮਰਿ ਸਹਸਿ ਫਣ ਸੇਸੁ, ਤਿਲੁ ਨ ਪਛਾਣਿਆ।
੯. ਗੁਰਮੁਖਿ ਦਰ ਦਰਵੇਸੁ ਸਚੁ ਸੁਹਾਣਿਆ ॥੧॥

**ਪਦਾਰਥ**-(ਆਦੇਸੁ=ਨਮਸਕਾਰ। ਸੁਖਾਣਿਆ=ਸੁਖ+ਅਣਿਆ=ਪ੍ਰਾਪਤ ਸੁਖ।)
(ਦਰ=ਸਤਿਸੰਗ ਦਾ ਬੂਹਾ।)

**ਅਰਥ**-੧.'ਆਦਿ ਪੁਰਖ' (ਗੁਰੂ ਨਾਨਕ ਯਾ ਪਰਮੇਸ਼ੁਰ) ਨੂੰ ਨਮਸਕਾਰ ਹੋਵੇ ਜੋ (ਸਰਬ ਦਾ) ਆਦਿ ਕਾਰਣ ਵਖਾਣ ਕੀਤਾ ਗਿਆ ਹੈ। ੨.ਓਹੀ ਸਤਿਗੁਰੂ ਸੱਚੇ ਰੂਪ ਵਾਲਾ ਹੈ (ਜਿਸ ਨੇ) ਸਬਦ (ਦੁਆਰਾ) ਪਛਾਣਿਆ ਹੈ। ੩.(ਜਿਨ੍ਹਾਂ ਨੇ) ਸਬਦ ਸੁਰਤ ਦੇ ਉਪਦੇਸ਼ ਨਾਲ (ਜਗਜਾਸੂਆਂ ਨੂੰ) ਸਚ ਸਮਾਇਆ ਹੈ। ੪.ਸਾਧ ਸੰਗਤ ਦਾ ਸਚਾ ਉਪਦੇਸ਼ ਹੈ, (ਓਹੀ) ਘਰ ਪ੍ਰਮਾਣੀਕ ਹੈ।

*ਕਲੀਕੰਦ ਦਾ ਅਰਥ :- 'ਕਲੀ = ਫੁਲ+ਕੰਦ=ਫਲ' ਬੀ ਕਰਦ ਹਨ। ਫੁਲ ਆਪੇ ਨੂੰ ਫਲ ਤੋਂ ਵਾਰ ਦੇਂਦਾ ਹੈ। ਸੋ ਜੋ ਪਯਾਰ ਉਨ੍ਹਾਂ ਵਿਚ ਹੈ ਉਹ ਅਉਧੀ ਹੈ ਪ੍ਰੇਮ ਦੀ। ਕਟਾਖਯ ਇਹ ਹੈ ਕਿ ਨਿਰਾ ਜਾਣਨਾਂ ਮਾਤ੍ਰ ਕਾਫੀ ਨਹੀਂ, ਪ੍ਰੇਮਾ ਭਗਤੀ ਨਾਲ ਪਰਮਾਤਮਾ ਵਿਚ ਲੀਨ ਹੋਈਦਾ ਹੈ।

 www.sikhbookclub.com

ਪ੍ਰੇਮਾ ਭਗਤੀ ਵਿਖੇ ਪ੍ਰਵੇਸ਼ ਹੈ, ਅਰ ਸਹਿਜ ਸੁਖ ਪ੍ਰਾਪਤ ਹੈ। ੬.ਭਗਤ ਵਛਲ (ਅਕਾਲ ਪੁਰਖ ਵਿਖੇ ਜਿਨ੍ਹਾਂ ਦਾ) ਪਰਵੇਸ਼ (=ਸਮਾਵਣਾ) ਹੈ (ਓਹ) ਨਿਮਾਣਿਆਂ ਦੇ ਮਾਣ ਹੁੰਦੇ ਹਨ (ਜਿਹਾ ਕਿ ਸ੍ਰੀ ਗੁਰੂ ਨਾਨਕ ਜੀ)। ੭.ਬ੍ਰਹਮਾ, ਬਿਸਨੁ, ਸ਼ਿਵ ਨੇ ਅੰਤ ਨਹੀਂ ਪਾਇਆ। ੮.ਸ਼ੇਸ਼ਨਾਗ ਹਜ਼ਾਰ ਫਨਾਂ ਵਾਲਾ (ਰੋਜ਼) ਸਿਮਰਦਾ ਹੈ ਪਰ ਤਿਲ ਮਾਤ੍ਰ (ਅੰਤ) ਨਹੀਂ ਜਾਣਦਾ। ੯.(ਜੋ) ਗੁਰਮੁਖ 'ਦਰ' (ਸਤਿਸੰਗ) ਦੇ ਦਰਵੇਸ਼ ਹੋਏ (ਉਨਾਂ ਨੂੰ ਹੀ ਸੱਚ) ਸੁਹਣਾ ਲੱਗਾ ਹੈ।

**ਭਾਵ**-ਗੁਰੂ ਨਾਨਕ ਜੀ ਹੀ ਆਦਿ ਪੁਰਖ ਹਨ, ਉਸ ਦੇ ਅੰਤ ਨੂੰ ਤਿੰਨ ਦੇਵਤੇ ਸ਼ੇਸ਼ਨਾਗ ਆਦਿਕ ਤਿਲ ਮਾਤ੍ਰ ਬੀ ਨਹੀਂ ਜਾਣਦੇ। ਗਜਾਨੀ ਲੋਕ ਆਦਿ ਪੁਰਖ ਦਾ ਅਰਥ ਗੁਰੂ ਨਾਨਕ ਦੇਵ ਜੀ ਬੀ ਕਰਦੇ ਹਨ, ਕਿਉਂਕਿ ਓਹ ਆਦਿ ਗੁਰੂ ਸੇ ਇਸ ਕਰਕੇ ਇਹ ਮੰਗਲਾਚਰਣ ਦੀ ਪਉੜੀ ਉਨ੍ਹਾਂ ਦੀ ਸੇਵਾ ਵਿਚ ਹੀ ਹੈ। ਪਰ ਕਈ ਸੱਜਣ, ਪਹਿਲੀ ਤੁਕ ਵਾਹਿਗੁਰੂ ਅਰਥਾਂ ਵਿਚ ਰੱਖਦੇ ਹਨ ਤੇ ਬਾਕੀ ਦੀਆਂ ਗੁਰੂ ਸਾਹਿਬਾਂ ਵਲ। ਅੱਗੇ ਗੁਰੂ ਨਾਨਕ ਅਤੇ ਗੁਰੂ ਅੰਗਦ ਜੀ ਦਾ ਅਭੇਦ ਪੱਖ ਵਿਖੇ ਵਰਣਨ ਕਰਦੇ ਹਨ। :-

## ੨. (ਗੁਰ ਚੇਲਾ)।

੧. ਗੁਰ ਚੇਲੇ ਰਹਰਾਸਿ ਅਲਖੁ ਅਭੇਉ ਹੈ।
੨. ਗੁਰੁ ਚੇਲੇ ਸਾਬਾਸਿ ਨਾਨਕ ਦੇਉ ਹੈ।
੩. ਗੁਰਮਤਿ ਸਹਜਿ ਨਿਵਾਸੁ ਸਿਫਤਿ ਸਮੇਉ ਹੈ।
੪. ਸਬਦਿ ਸੁਰਤਿ ਪਰਗਾਸ ਅਛਲ ਅਛੇਉ ਹੈ।
੫. ਗੁਰਮੁਖਿ ਆਸ ਨਿਰਾਸ ਮਤਿ ਅਰਖੇਉ ਹੈ।
੬. ਕਾਮ ਕਰੋਧ ਵਿਣਾਸੁ ਸਿਫਤਿ ਸਮੇਉ ਹੈ।
੭. ਸਤਿ ਸੰਤੋਖ ਉਲਾਸ ਸਕਤਿ ਨ ਸੇਉ ਹੈ।
੮. ਘਰ ਹੀ ਵਿਚਿ ਉਦਾਸੁ ਸਚੁ ਸੁਚੇਉ ਹੈ।
੯. ਵੀਹ ਇਕੀਹ ਅਭਿਆਸ ਗੁਰ ਸਿਖ ਦੇਉ ਹੈ ॥੨॥

**ਪਦਾਰਥ**-(ਰਹਰਾਸਿ=ਰਹੁਰੀਤ, ਏਕਤਾ। ਅਲਖੁ=ਜੋ ਨਾ ਲਖੀ ਜਾਵੇ।)
(ਅਭੇਉ=ਜਿਸ ਦਾ ਭੇਵ ਨਾ ਲੱਭੇ, ਜਾਣਿਆ ਨਾ ਜਾਏ। ਸਮੇਉ=ਸਮਾਉ।)
(ਅਰਖੇਉ=ਉੱਚੀ, ਸੂਖਮ; ਉਲਾਸ=ਆਨੰਦ। ਸੇਉ=ਸਿਵ।)

**ਅਰਥ**-੧.ਗੁਰੂ ਤੇ ਚੇਲੇ ਦੀ (ਏਕਤਾ ਅਥਵਾ) ਰਹੁਰੀਤੀ ਅਲਖ ਤੇ ਅਭੇਵ ਹੈ। ੨.ਗੁਰੂ ਤੇ ਚੇਲਾ ਧੰਨ ਹਨ (ਜੋ ਇਕੋ) ਗੁਰੂ ਨਾਨਕ ਦੇਉ ਦਾ ਹੀ (ਰੂਪ) ਹਨ। (ਭਾਵ ਨਾਮ ਦੋ ਹਨ ਪਰ ਰੂਪ ਇਕ ਹੈ)। ੩.(ਗੁਰੂ ਅੰਗਦ ਜੀ ਦਾ) ਗੁਰੂ ਦੀ ਮਤ ਦੁਆਰਾ ਨਿਵਾਸ ਸਹਿਜ ਪਦ ਵਿਖੇ ਹੈ, (ਅਤੇ ਉਸੇ ਦੀ) ਸਿਫਤ ਵਿਖੇ ਸਮਾਏ ਹੋਏ ਹਨ। ੪.ਸ਼ਬਦ ਦੇ ਸੁਰਤ ਵਿਚ ਪਰਗਾਸ ਹੋਣ ਕਰਕੇ ਅਛਲ। ਅਛੇਦ (ਹੋ ਗਏ) ਹਨ। ੫.ਆਸਾ ਥੋਂ ਨਿਰਾਸ ਉਚੀ ਮਤ (ਵਾਲੇ) ਗੁਰਮੁਖ ਹਨ (ਭਾਵ ਚੜ੍ਹਦੀ ਕਲਾ ਵਿਚ ਰਹਿੰਦੇ ਹਨ) ੬.ਕਾਮ੍ ਕ੍ਰੋਧ ਆਦਿ ਦਾ ਅਭਾਵ ਹੈ (ਤੇ ਵਾਹਿਗੁਰੂ ਦੀ) ਸਿਫਤ ਵਿਚ ਸਮਾਏ ਰਹਿੰਦੇ ਹਨ। ੭.ਸਤਿ ਸੰਤੋਖ ਦਾ ਅਨੰਦ ਹੈ (ਓਥੇ) ਨਾਂ ਸ਼ਕਤੀ ਹੈ ਨਾ ਸ਼ਿਵ ਹੈ। ੮.ਘਰ ਹੀ ਵਿਖੇ (ਭਾਵ ਗ੍ਰਿਹਸਥ ਵਿਖੇ) ਉਦਾਸ ਤੇ (ਤਨੋਂ ਮਨੋਂ) ਸੱਚੇ ਤੇ ਸੁੱਚੇ ਹਨ। ੯.ਗੁਰਦੇਉ ਤੇ ਸਿੱਖ ਦਾ ਵੀਹ ਵਿਸਵੇ (ਸੰਸਾਰ ਤੋਂ ਉਪਰਾਮ ਹੋਕੇ) ਇਕ ਈਸ਼੍ਵਰ ਵਿਖੇ ਅਭਿਆਸ ਹੈ। (ਅਥਵਾ ਗੁਰ ਸਿਖ ਲੇਖੇ ਤੋਂ ਪਾਰ ਹਨ, ਕਿਉਂਕਿ ਬੀਸ ਤਕ ਹਿਸਾਬ ਤੇ ਅੱਗੇ ਇਕੀਹ ਹਿਸਾਬੋਂ ਪਾਰ। ਅਗਲੀ ਪਉੜੀ ਵਿਖੇ ਇਸੇ ਪੱਖ ਨੂੰ ਪੁਸ਼ਟ ਕਰਦੇ ਹਨ। ਇਸ ਵਿਚ ਭਾਵੇਂ ਦੱਸਿਆ ਹੈ ਕਿ ਸਿੱਖ ਸ਼ਬਦ ਸੁਰਤ ਦਾ

ਅੱਭਯਾਸ ਕਰਕੇ ਆਸਾ ਵਿਚ ਨਿਰਾਸ-ਚੜ੍ਹਦੀ ਕਲਾ ਵਿਚ- ਰਹਿਕੇ ਅਲੇਖ ਅਵਸਥਾ ਵਿੱਚ ਖੇਡਦਾ ਹੋਯਾ ਸਹਿਜ ਪਦ ਤੇ ਪਹੁੰਚਦਾ ਹੈ)।

## ੩. (ਗੁਰੂ ਚੇਲਾ)।

੧. ਗੁਰ ਚੇਲਾ ਪਰਵਾਣੁ ਗੁਰਮੁਖਿ ਜਾਣੀਐ।
੨. ਗੁਰਮੁਖਿ ਚੋਜਿ ਵਿਡਾਣੁ ਅਕਥ ਕਥਾਣੀਐ।
੩. ਕੁਦਰਤਿ ਨੋ ਕੁਰਬਾਣੁ ਕਾਦਰ ਜਾਣੀਐ।
੪. ਗੁਰਮੁਖਿ ਜਗਿ ਮਿਹਮਾਣੁ ਜਗੁ ਮਿਹਮਾਣੀਐ।
੫. ਸਤਿਗੁਰ ਸਤਿ ਸੁਹਾਣੁ ਆਖਿ ਵਖਾਣੀਐ।
੬. ਦਰ ਢਾਢੀ ਦਰਵਾਣੁ ਚਵੈ ਗੁਰਬਾਣੀਐ।
੭. ਅੰਤਰਜਾਮੀ ਜਾਣੁ ਹੇਤੁ ਪਛਾਣੀਐ।
੮. ਸਚੁ ਸਬਦੁ ਨੀਸਾਣੁ ਸੁਰਤਿ ਸਮਾਣੀਐ।
੯. ਇਕੋ ਦਰਿ ਦੀਬਾਣੁ ਸਬਦਿ ਸਿਞਾਣੀਐ ॥੩॥

**ਪਦਾਰਥ**-(ਚੋਜਿ=ਕੰਮ। ਵਿਡਾਣੁ=ਅਚਰਜ ਰੂਪ। ਕਾਦਰ=ਕਰਤਾ।)
(ਮਿਹਮਾਣੁ=ਪ੍ਰਾਹੁਣਾ। ਮਿਹਮਾਣੀਐ=ਪ੍ਰਾਹੁਣੇ ਵਾਂਙੂ (ਸਤਿਕਾਰੇ) ਜਾਂਦੇ ਹਨ।)
(ਚਵੈ=ਬੋਲਨਾ। ਦੀਬਾਣੁ=ਆਸਰਾ। ਸਬਦੁ=ਸ਼ਬਦ ਦੁਆਰਾ।)

**ਅਰਥ**-੧.ਗੁਰੂ ਦਾ ਚੇਲਾ ਪ੍ਰਮਾਣੀਕ ਗੁਰਮੁਖ ਜਾਣੀਦਾ ਹੈ। ੨.(ਉਸ) ਗੁਰਮੁਖ ਦੇ 'ਚੋਜ' (=ਕੰਮ) ਅਚਰਜ ਰੂਪ ਹਨ, (ਉਸ ਦੀ) ਅਕੱਥ ਕਹਾਣੀ ਹੈ। ੩.'ਕੁਦਰਤ' (ਈਸ਼੍ਵਰ ਦੀ ਰਚਨਾ) ਥੋਂ ਕੁਰਬਾਣ ਜਾਈਏ, (ਉਸੇ ਥੋਂ ਕਾਦਰ) ਕਰਤਾ (ਅਨੁਮਾਨ ਪ੍ਰਮਾਣ ਦ੍ਵਾਰੇ) ਜਾਣੀਦਾ ਹੈ। ੪.ਗਰਮੁਖ (ਆਪ ਨੂੰ) ਜਗਤ ਵਿਖੇ ਪ੍ਰਾਹੁਣਾ (ਸਮਝਦੇ) ਹਨ, (ਓਹ) ਜਗਤ ਵਿਚ ਪੂਜਨੀਕ ਹੁੰਦੇ ਹਨ। ੫.ਸਤਿਗੁਰ ਨੂੰ ਸੱਚ ਸੁਹਾਉਂਦਾ ਹੈ (ਇਹ ਗੁਰਮੁਖ) ਕਹਿੰਦੇ ਤੇ ਕਹਾਉਂਦੇ ਹਨ ! ੬.(ਗੁਰਮੁਖ) ਉਨ੍ਹਾਂ ਦੇ ਦਰ ਦਾ ਢਾਡੀ ਹੋ ਕੇ, ਗੁਰੂ ਦੀ ਬਾਣੀ ਬੋਲਦਾ ਹੈ। ੭.(ਗੁਰਮੁਖ) ਅੰਤਰਜਾਮੀ (ਅਕਾਲ ਪੁਰਖ) ਨੂੰ ਦੇਖਕੇ (ਉਸਦੇ) ਹਿਤ ਨੂੰ ਪਛਾਣਦਾ ਹੈ। ੮.ਸੱਚੇ ਸ਼ਬਦ ਦਾ ਨੀਸ਼ਾਨ (ਮਿਲਦਾ ਹੈ) ਸੁਰਤ (ਭਗਵੰਤ ਪ੍ਰੀਤ) ਵਿਚ ਸਮਾ ਜਾਂਦੀ ਹੈ। ੯.ਇੱਕੋ (ਸਾਧ ਸੰਗਤ ਰੂਪ) ਦਰਵਾਜੇ (ਦੀ ਬਾਣੀ) ਦਾ ਆਸਰਾ (ਰੱਖਕੇ) ਸ਼ਬਦ ਦੁਆਰਾ (ਬ੍ਰਹਮ ਨੂੰ) ਸਿਆਣਦਾ ਹੈ।

**ਭਾਵਾਰਥ**-'ਗੁਰ ਚੇਲਾ' ਪ੍ਰਮਾਣੀਕ ਚੇਲੇ ਗੁਰੂ ਅੰਗਦ ਜੀ ਦੇ ਕੰਮ ਅਚਰਜ ਤੇ ਅਕੱਥ ਰੂਪ ਹਨ, ਅੱਗੇ ਬੀ ਹੋਰ ਇਨ੍ਹਾਂ ਦਾ ਵਰਣਨ ਕਰਦੇ ਹਨ :-

## ੪. (ਗੁਰ ਚੇਲਾ)।

੧. ਸਬਦੁ ਗੁਰੂ ਗੁਰੁ ਵਾਹੁ ਗੁਰਮੁਖਿ ਪਾਇਆ।
੨. ਚੇਲਾ ਸੁਰਤਿ ਸਮਾਹੁ ਅਲਖੁ ਲਖਾਇਆ।
੩. ਗੁਰ ਚੇਲੇ ਵੀਵਾਹੁ ਤੁਰੀ ਚੜ੍ਹਾਇਆ।
੪. ਗਹਿਰ ਗੰਭੀਰ ਅਥਾਹੁ ਅਜਰੁ ਜਰਾਇਆ।
੫. ਸਚਾ ਬੇਪਰਵਾਹੁ ਸਚਿ ਸਮਾਇਆ।
੬. ਪਾਤਿਸਾਹਾ ਪਾਤਿਸਾਹੁ ਹੁਕਮੁ ਚਲਾਇਆ।
੭. ਲਾਉਬਾਲੀ ਦਰਗਾਹ ਭਾਣਾ ਭਾਇਆ।

੮. ਸਚੀ ਸਿਫਤਿ ਸਲਾਹਿ ਅਪਿਉ ਪੀਆਇਆ।
੯. ਸਬਦੁ ਸੁਰਤਿ ਅਸਗਾਹ ਅਘੜ ਘੜਾਇਆ ॥੪॥

**ਪਦਾਰਥ**-(ਵੀਵਾਹ=ਮੇਲ। ਤੁਰੀ=ਘੋੜੀ; ਤੁਰੀਆ=ਚੌਥੀ ਭੂਮਕਾ। ਲਉਬਾਲੀ=ਬੇਪਰਵਾਹ।) (ਅਪਿਉ=ਅੰਮ੍ਰਿਤੁ। ਅਸਗਾਹ=ਬਾਹਲਾ, ਬੇਹੱਦ, ਅਥਾਹ।)

**ਅਰਥ**-੧.ਗੁਰੂ ਦਾ ਸਬਦ ਗੁਰੂ ਹੈ, (ਅਤੇ) ਧੰਨ ਹੈ ਉਹ ਗੁਰਮੁਖ (ਜਿਸਨੇ ਉਹ ਗੁਰੂ) ਪਾਇਆ ਹੈ। ੨.ਚੇਲੇ (ਗੁਰੂ ਅੰਗਦ ਨੇ ਸਬਦ ਦੀ) ਸੁਰਤ ਵਿਖੇ (ਆਪ) ਸਮਾਇਕੇ ਹੋਰਨਾਂ ਨੂੰ ਅਲਖ (ਪਰਮੇਸੁਰ) ਲਖਾ ਦਿੱਤਾ। ੩.(ਜਦ) ਗੁਰੂ (ਨਾਨਕ) ਨਾਲ ਚੇਲੇ ਦਾ 'ਵੀਵਾਹ' (=ਮੇਲ) ਹੋਇਆ (ਗੁਰੂ ਨੇ)ਤੁਰੀਆ ਪਦ (ਦੀ ਘੋੜੀ ਪੁਰ) ਚੜ੍ਹਾ ਦਿੱਤਾ। ੪.(ਫਲ=) ਗਹਿਰ ਗੰਭੀਰ ਅਥਾਹ ਹੋਕੇ ਅਜਰ (ਨਾ ਜਰੇ ਜਾਣ ਵਾਲੇ ਪਦਾਰਥ) ਜਰ ਲੀਤੇ। ੫.ਸੱਚਾ ਬੇਪਰਵਾਹ (ਹੋਕੇ) ਸੱਚ ਵਿਖੇ ਸਮਾ ਗਏ। ੬.ਪਾਤਸ਼ਾਹਾਂ ਦੇ ਪਾਤਸ਼ਾਹ (ਬ੍ਰਹਮਾਦਿਕਾਂ ਪਰ) ਹੁਕਮ ਚੱਲਣ ਲਗ ਪਿਆ। ੭.'ਬੇਪਰਵਾਹ' (ਵਾਹਿਗੁਰੂ ਦੀ) ਦਰਗਾਹ ਦਾ ਭਾਣਾ ਚੰਗਾ ਲੱਗਾ। ੮.ਸੱਚੀ ਸਿਫਤ ਦੀ ਸਲਾਹ ਦਾ ਅੰਮ੍ਰਿਤ (ਆਪ ਪੀਤਾ ਤੇ ਹੋਰਣਾਂ ਨੂੰ) ਪਿਆਇਆ। ੯.ਸ਼ਬਦ ਦੀ ਸੁਰਤ (ਅਸਗਾਹ=) ਬਾਹਲੀ ਦੇਕੇ, (ਕਈ ਅਘੜਾਂ) ਮੂਰਖਾਂ ਨੂੰ (ਘੜਾਇਆ=) ਸ਼ੁੱਧ ਕਰ ਦਿੱਤਾ।

## ੫. (ਗੁਰਮੁਖ ਪੰਥੀ)।

੧. ਮੁਲਿ ਨਾ ਮਿਲੈ ਅਮੋਲੁ ਨ ਕੀਮਤਿ ਪਾਈਐ।
੨. ਪਾਇ ਤਰਾਜੂ ਤੋਲੁ ਨ ਅਤੁਲੁ ਤੁਲਾਈਐ।
੩. ਨਿਜ ਘਰਿ ਤਖਤੁ ਅਡੋਲੁ ਨ ਡੋਲੁ ਡੋਲਾਈਐ।
੪. ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ।
੫. ਕਥਾ ਅਕਥ ਅਬੋਲ ਨ ਬੋਲ ਬੁਲਾਈਐ।
੬. ਸਦਾ ਅਭੁਲੁ ਅਭੋਲੁ ਨ ਭੋਲਿ ਭੁਲਾਈਐ।
੭. ਗੁਰਮੁਖਿ ਪੰਥੁ ਅਲੋਲੁ ਸਹਜਿ ਸਮਾਈਐ।
੮. ਅਮਿਉ ਸਰੋਵਰ ਝੋਲੁ ਗੁਰਮੁਖਿ ਪਾਈਐ।
੯. ਲਖ ਟੋਲੀ ਇਕੁ ਟੋਲੁ ਨ ਆਪੁ ਗਣਾਈਐ॥੫॥

**ਪਦਾਰਥ**-(ਤਰਾਜੂ=ਤੱਕੜੀ। ਤੋਲੁ=ਵੱਟਾ। ਨਿਰੋਲੁ=ਸੁੱਧ। ਅਭੋਲੁ=ਗ਼ਲਤੀ ਰਹਿਤ, ਦਾਨਾ।) (ਅਲੋਲੁ=ਸਥਿਰ। ਝੋਲੁ=ਨਿਤਾਰਨਾ। ਟੋਲ=ਪਦਾਰਥ, ਗੱਲ।)

**ਅਰਥ**-੧.(ਗੁਰਮੁਖ ਪੰਥ) ਅਮੋਲਕ ਹੈ, ਮੁੱਲ ਨਹੀਂ ਮਿਲਦਾ, ਨਾ (ਇਸ ਦੀ) ਕੀਮਤ ਪੈਂਦੀ ਹੈ। ੨.ਤੱਕੜੀ ਵਿਚ ਵੱਟੇ ਪਾਕੇ ਨਾ ਤੋਲੀ ਜਾਣ ਵਾਲੀ ਵਸਤੂ ਤੁਲ ਨਹੀਂ ਸਕਦੀ। ੩.ਆਪਣੇ ਘਰ ਦੇ ਤਖਤ ਪਰ ਅਡੋਲ ਰਹਿਕੇ ਡੋਲਣੇ ਨਾਲ ਨਹੀਂ ਡੋਲਦਾ। ੪.ਗੁਰਮੁਖ ਪੰਥ ਨਿਰਮਲ ਹੈ (ਕਿਸੇ ਨਾਲ) ਰਲਾਓ ਤਾਂ ਰਲਦਾ ਨਹੀਂ ਹੈ। ੫.ਇਸ ਦੀ ਕਥਾ ਕਥੀ ਨਹੀਂ ਜਾਂਦੀ, ਨਾ ਬੋਲੀ ਜਾਂਦੀ ਹੈ ਨਾ ਇਸਦਾ ਬੋਲ ਬੋਲਿਆ ਜਾਣਾ ਚਾਹੀਏ। ੬.(ਇਹ) ਸਦਾ ਭੁਲ ਤੋਂ ਰਹਿਤ ਹੈ, ਦਾਨਾ ਹੈ, ਕਿਸੇ ਗ਼ਲਤੀ ਵਿਚ ਨਹੀਂ ਭੁਲਦਾ। ੭.(ਇਹ) ਗੁਰਮੁਖ ਪੰਥ ਸਥਿਰ ਹੈ, (ਇਸਦੀ ਸੱਤਾ) ਸਹਿਜ ਪਦ ਵਿਚ ਹੈ। ੮.ਅੰਮ੍ਰਿਤ ਦੇ ਸਰੋਵਰ ਝੋਲਕੇ ਗੁਰਮੁਖ (ਇਹ ਸਹਿਜ ਦੀ ਦਾਤ) ਪਾਉਂਦੇ ਹਨ। ੯.(ਇਨ੍ਹਾਂ ਪਾਸ) ਲੱਖਾਂ ਪਦਾਰਥਾਂ ਦਾ ਇਕ ਪਦਾਰਥ (ਇਹ ਹੈ ਕਿ) ਆਪਾ ਨਹੀਂ ਗਣਾਉਂਦੇ।

## ੬. (ਗੁਰ ਸਿਖੀ ਦਾ ਸੌਦਾ ਤੇ ਖੇਤੀ)।

੧. ਸਉਦਾ ਇਕਤੁ ਹਟਿ ਸਬਦਿ ਵਿਸਾਹੀਐ।

੨. ਪੂਰਾ ਪੂਰੇ ਵਟਿ ਕਿ ਆਖਿ ਸਲਾਹੀਐ।
੩. ਕਦੇ ਨ ਹੋਵੈ ਘਟਿ ਸਚੀ ਪਤਿਸਾਹੀਐ।
੪. ਪੂਰੇ ਸਤਿਗੁਰ ਖਟਿ ਅਖੁਟੁ ਸਮਾਹੀਐ।
੫. ਸਾਧ ਸੰਗਤਿ ਪਰਗਟਿ ਸਦਾ ਨਿਬਾਹੀਐ।
੬. ਚਾਵਲ ਇਕਤੇ ਸਟਿ ਨ ਦੂਜੀ ਵਾਹੀਐ।
੭. ਜਮ ਦੀ ਫਾਹੀ ਕਟਿ ਦਾਦਿ ਇਲਾਹੀਐ।
੮. ਪੰਜੇ ਦੂਤ ਸੰਘਟਿ ਢੇਰੀ ਢਾਹੀਐ।
੯. ਪਾਣੀ ਜਿਉ ਹਰਿਹਟਿ ਸੁ ਖੇਤ ਉਮਾਹੀਐ॥੬॥

**ਪਦਾਰਥ**-(ਹਟਿ=ਦੁਕਾਨ,ਭਾਵ ਸਤਿਸੰਗ। ਅਖੁਟੁ=ਇਕ ਰਸ। ਸਟ=ਵੱਜਣਾਂ, ਭਾਵ ਵਾਰੀ।)
(ਦਾਦਿ ਇਲਾਹੀ=ਰੱਬ ਦੀ ਦਾਤ। ਹਰਿਹਟਿ=ਹਰਟ ਟਿੰਡਾਂ ਵਾਲਾ।)

**ਅਰਥ**-੧.ਸ਼ਬਦ ਦੁਆਰਾ (ਨਾਮ ਦਾ) ਸਉਦਾ ਇਕ (ਸਤਸੰਗ ਦੀ) ਹੱਟੀ ਤੋਂ ਮਿਲਦਾ ਹੈ। ੨.ਪੂਰੇ (ਸੰਤਾਂ) ਦਾ (ਵਿਚਾਰ ਰੂਪ)ਵੱਟ ਪੂਰਾ ਹੈ, ਕੀ ਕਹਿਕੇ ਸਲਾਹੀਏ। ੩.ਕਦੇ ਬੀ ਘੱਟ ਨਹੀਂ ਹੋਊ (ਕਿਉਂਕਿ) ਸੱਚੇ ਦੀ ਪਾਤਸ਼ਾਹੀ ਦਾ ਹੈ। ੪.ਪੂਰੇ ਸਤਿਗੁਰ (ਨਾਲ ਜੋ ਮਿਲਕੇ) ਖੱਟਦੇ ਹਨ, ਓਹ ਨਾ ਮੁੱਕਣ ਵਾਲੇ (ਆਨੰਦ ਵਿਖੇ) ਸਮਾ ਜਾਂਦੇ ਹਨ। ੫.ਸਾਧ ਸੰਗਤ ਪ੍ਰਗਟ ਹੈ (ਇਸ ਨਾਲ) ਸਦਾ ਨਿਰਬਾਹ ਕਰੀਏ। ੬.ਇੱਕੋ ਸੱਟ ਨਾਲ ਹੀ (ਕੋਰੇ) ਚਾਵਲ (ਚਿੱਟੇ ਕਰੋ) ਦੂਜੀ ਸੱਟ ਨਾ ਵੱਜੇ। (ਭਾਵ ਇਹ ਕਿ ਇਸੇ ਵਿਚ ਜਿੱਤ ਲਓ ਦੂਜਾ ਜਨਮ ਨਾ ਹੋਵੇ)। ੭.ਰੱਬ ਦੀ ਦਾਤ ਪਾਕੇ ਜਮ ਦੀ ਫਾਹੀ ਨੂੰ ਕੱਟ ਸਿੱਟੀਏ। ੮.ਪੰਜਾਂ ਹੀ ਦੂਤਾਂ ਨੂੰ ਘੇਰਕੇ (ਉਨ੍ਹਾਂ ਦੀ) ਢੇਰੀ ਢਾਹ ਦੇਈਏ। ੯.ਹਰਟ ਦੇ ਪਾਣੀ ਵਾਂਙ (ਸੁਰਤ ਦੇ) ਖੇਤ ਨੂੰ ਹਰਾ ਰਖੀਏ (ਭਾਵ ਸੁਖ ਵਿਚ ਚਾਉ ਭਰੇ ਰਹੀਏ।)

**ਭਾਵ**--ਸਾਧ ਸੰਗਤ ਹਰਟ ਹੈ ਨਾਮ ਰੂਪੀ ਜਲ ਨਾਲ ਜਗਯਾਸੂ ਦੇ ਮਨ ਰੂਪ ਖੇਤ ਵਿਖੇ ਬ੍ਰਹਮਾਨੰਦ ਦੀ ਪੈਲੀ ਹਰੀ ਭਰੀ ਰੱਖੋ।

## ੭.(ਸਤਿਗੁਰੂ)।

੧. ਪੂਰਾ ਸਤਿਗੁਰੁ ਆਪਿ ਨ ਅਲਖੁ ਲਖਾਵਈ।
੨. ਦੇਖੈ ਥਾਪਿ ਉਥਾਪਿ ਜਿਉ ਤਿਸੁ ਭਾਵਈ।
੩. ਲੇਪੁ ਨ ਪੁੰਨਿ ਨ ਪਾਪਿ ਉਪਾਇ ਸਮਾਵਈ।
੪. ਲਾਗੂ ਵਰ ਨ ਸਰਾਪ ਨ ਆਪ ਜਣਾਵਈ।
੫. ਗਾਵੈ ਸਬਦੁ ਅਲਾਪਿ ਅਕਥੁ ਸੁਣਾਵਈ।
੬. ਅਕਥ ਕਥਾ ਜਪੁ ਜਾਪੁ ਨ ਜਗਤੁ ਕਮਾਵਈ।
੭. ਪੂਰੈ ਗੁਰ ਪਰਤਾਪਿ ਆਪੁ ਗਵਾਵਈ।
੮. ਲਾਹੇ ਤਿੰਨੇ ਤਾਪ ਸੰਤਾਪ ਘਟਾਵਈ।
੯. ਗੁਰਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ॥੭॥

**ਪਦਾਰਥ**-(ਉਥਾਪਿ=ਨਾਸ਼ ਕਰਨਾ। ਲਾਗੂ=ਅਭਿਮਾਨੀ, ਜ਼ਿੰਮੇਵਾਰ। ਧ੍ਰਾਪ=ਤ੍ਰਿਪਤ।)

**ਅਰਥ**-੧.ਪੂਰਾ ਸਤਿਗੁਰੂ (ਪਰਮੇਸ਼ੁਰ) ਆਪ ਹੈ, (ਪਰ ਓਹ) ਅਲਖ ਹੈ (ਅਪਣੇ ਆਪ ਨੂੰ) ਲਖਾਉਂਦਾ ਨਹੀਂ। ੨.(ਜਗਤ ਨੂੰ) ਉਤਪਤ ਕਰਦਾ ਤੇ ਲੈ ਕਰਕੇ ਦੇਖਦਾ ਹੈ, ਜਿਸ ਤਰ੍ਹਾਂ ਉਸ ਨੂੰ ਭਾਉਂਦਾ ਹੈ। ੩.ਉਪਾਉਣ ਤੇ ਸਮਾਉਣ ਕਰਕੇ (ਉਸ ਨੂੰ) ਪਾਪ ਪੁੰਨ ਦਾ ਲੇਪ ਨਹੀਂ ਹੈ। ੪.ਨਾ ਆਪ ਨੂੰ ਜਣਾਉਂਦਾ ਹੈ ਨਾ ਵਰ ਨਾ ਸਰਾਪ ਦਾ ਲਾਗੂ ਬਣਦਾ ਹੈ। ੫.ਸ਼ਬਦ ਦਾ ਅਲਾਪ ਗਾਉਂਦਾ ਹੈ,

ਅਕੱਥ ਕਥਨੀਆਂ (ਵਾਹਿਗੁਰੂ ਦੀਆਂ ਗੁਹਝ ਗੱਲਾਂ) ਸੁਣਾਉਂਦਾ ਹੈ। ੬.ਅਕਥ ਕਥਾ ਕਰਦਾ (ਆਤਮ ਉਪਦੇਸ਼ ਦੇਂਦਾ), ਜਾਪ ਜਪਦੇ ਹੋਏ ਜਗਤ (ਦੀ ਕਾਰ ਰਾਗ ਦ੍ਵੈਖ ਦੀ) ਨਹੀਂ ਕਰਦਾ। ੭.(ਐਸੇ) ਪੂਰੇ ਗੁਰੂ ਦੇ ਪ੍ਰਤਾਪ ਨਾਲ (ਜਗਜਾਸੂਆਂ ਦਾ) ਆਪਾ ਭਾਵ ਗੁਆਚਦਾ ਹੈ। ੮.(ਇਹ ਪ੍ਰਤਾਪ) ਤਿੰਨੇ ਤਾਪ ਉਤਾਰਦਾ ਤੇ ਸੰਤਾਪ ਦੂਰ ਕਰਦਾ ਹੈ। ੯.(ਐਸੇ) ਗੁਰੂ ਦੀ ਬਾਣੀ ਨਾਲ ਮਨ ਟਿਕਦਾ ਤੇ (ਜਗਜਾਸੂ) ਆਪਣੇ ਸਰੂਪ ਵਿਚ ਆ ਜਾਂਦਾ ਹੈ।

## ੮. (ਗੁਰਸਿੱਖਾਂ ਲਈ ਸਾਧਨ, ਦਸ਼ਾਂ ਤੇ ਵਰਤਨ)।

੧. ਪੂਰਾ ਸਤਿਗੁਰ ਸਤਿ ਗੁਰਮੁਖਿ ਭਾਲੀਐ।
੨. ਪੂਰੀ ਸਤਿਗੁਰ ਮਤਿ ਸਬਦ ਸਮ੍ਹਾਲੀਐ।
੩. ਦਰਗਹ ਧੋਈਐ ਪਤਿ ਹਉਮੈ ਜਾਲੀਐ।
੪. ਘਰ ਹੀ ਜੋਗ ਜੁਗਤਿ ਬੈਸਣਿ ਧ੍ਰਮਸਾਲੀਐ।
੫. ਪਾਵਨ ਮੋਖ ਮੁਕਤਿ ਗੁਰ ਸਿਖਿ ਪਾਲੀਐ।
੬. ਅੰਤਰਿ ਪ੍ਰੇਮ ਭਗਤਿ ਨਦਰਿ ਨਿਹਾਲੀਐ।
੭. ਪਾਤਿਸਾਹੀ ਇਕ ਛਤ ਖਰੀ ਸੁਖਾਲੀਐ।
੮. ਪਾਣੀ ਪੀਹਣ ਘਤਿ ਸੇਵਾ ਘਾਲੀਐ।
੯. ਮਸਕੀਨੀ ਵਿਚ ਵਤਿ ਚਾਲ ਨਿਰਾਲੀਐ ॥੮॥

**ਪਦਾਰਥ**-(ਬੈਸਣਿ=ਬੈਠਣਾ। ਮੋਖ ਮੁਕਤਿ=ਕੈਵਲ ਮੋਖ। ਪੂਰੀ ਮੁਕਤੀ। ਇਕ ਛੱਤ=ਉਹ) (ਪਾਤਿਸਾਹੀ ਜਿਸਦਾ ਇਕੋ (ਛਤਰ) ਰਾਜਾ ਹੈ। ਭਾਵ ਅਕਾਲ ਪੁਰਖ ਕੱਲਾ ਸ੍ਰਿਸ਼ਟੀ ਦਾ ਪਾਤਸ਼ਾਹ ਹੈ। ਐਸਾ ਰਾਜ ਸੁਖਦਾਈ ਤੇ ਸੁਤੰਤ੍ਰਤਾ ਵਾਲਾ ਹੁੰਦਾ ਹੈ।)

**ਅਰਥ**-੧.ਪੂਰਾ ਸਤਿਗੁਰੂ ਸਤਿ (ਸਰੂਪ) ਹੈ, ਗੁਰਮੁਖ (ਹੋਕੇ ਉਸ ਦੀ) ਭਾਲ ਕਰੀਏ। ੨.(ਉਸ) ਸਤਿਗੁਰ ਦੀ ਪੂਰੀ ਮਤਿ (ਇਹ ਹੈ ਕਿ ਸਦਾ) ਸ਼ਬਦ ਦੀ ਸੰਭਾਲ ਕਰੀਏ। ੩.(ਅਤੇ) ਹਉਮੈ ਨੂੰ ਸਾੜਕੇ ਦਰਗਾਹ ਲਈ ਆਪਣੀ ਮਤ ਧੋ ਲਵੀਏ (ਕਿਸ ਤਰ੍ਹਾਂ ?) ੪.ਘਰ ਵਿਚ ਹੀ (ਵਾਹਿਗੁਰੂ ਨਾਲ) ਜੁੜ ਜਾਣ ਦੀ ਜੁਗਤ ਧਰਮਸਾਲ (ਸਤਿਸੰਗ) ਵਿਚ ਬੈਠ ਕੇ ਸਿੱਖ ਲਵੀਏ। ੫.ਜੋ ਗੁਰੂ ਦੀ ਸਿੱਖੀ ਨੂੰ ਐਉਂ ਲੈ ਕੇ ਪਾਲਦੇ ਹਨ, ਕੈਵਲ ਮੁਕਤੀ ਪਾਉਂਦੇ ਹਨ। ੬.(ਉਨ੍ਹਾਂ ਦੇ) ਅੰਦਰ ਪ੍ਰੇਮਾ ਭਗਤੀ ਹੁੰਦੀ ਹੈ, (ਉਨ੍ਹਾਂ ਪਰ ਵਾਹਿਗੁਰੂ ਦੀ) ਮੇਹਰ ਦੀ ਨਜ਼ਰ ਹੁੰਦੀ। ੭.ਇਕ ਛਤ (=ਇਕ ਛੱਤ੍ਰ ਵਾਲੀ ਸੁਤੰਤ੍ਰ) ਪਾਤਸ਼ਾਹੀ (ਇਨ੍ਹਾਂ ਨੂੰ) ਖਰੀ ਸੁਖੱਲੀ ਪ੍ਰਾਪਤ ਹੋ ਜਾਂਦੀ ਹੈ (ਯਥਾ-''**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ**'')। ੮.(ਪਾਤਸਾਹ ਹੋ ਕੇ ਫੇਰ) ਪਾਣੀ (ਢੋਣ, ਚੱਕੀਦਾ) ਪੀਹਣਾ ਪਾਉਂਦੇ ਤੇ (ਹੋਰ) ਸੇਵਾ ਘਾਲਦੇ ਹਨ। ੯.ਨਿਰਾਲੀ ਚਾਲ (ਇਹ ਹੈ) ਕਿ ਗ਼ਰੀਬੀ ਵਿਚ ਫਿਰਦੇ ਹਨ।

**ਭਾਵ**-ਅਕਾਲ ਪੁਰਖ, ਜੋ ਗੁਰੂ ਸਰੂਪ ਵਿਚ ਉਪਦੇਸ਼ ਦੇਂਦਾ; ਗੁਰਮੁਖਾਂ ਦੁਆਰਾ ਸਤਿਸੰਗ ਵਿਚ ਲੱਭਦਾ ਹੈ। ਉਸ ਨੂੰ ਪ੍ਰਾਪਤ ਕਰਨ ਦੀ ਜੁਗਤ ਪ੍ਰੇਮਾ ਭਗਤੀ ਅੰਦਰ ਖੋਜਣੀ ਹੈ। ਪ੍ਰਾਪਤ ਕਰਕੇ ਸੁਖੀ ਮਨ ਤੇ ਖ਼ੁਸ਼ੀ ਰਹੀਦਾ ਹੈ ਤੇ ਆਦਿ ਅੰਤ ਹਥੋਂ ਸੇਵਾ ਕਰੀਦੀ ਹੈ; ਚਾਹੇ ਗ਼ਰੀਬ ਹੋਵੇ ਚਾਹੇ ਅਮੀਰ।

## ੯. (ਗੁਰਮੁਖਾਂ ਦੇ ਲੱਛਣ)।

੧. ਗੁਰਮੁਖਿ ਸਚਾ ਖੇਲੁ ਗੁਰ ਉਪਦੇਸਿਆ।
੨. ਸਾਧ ਸੰਗਤਿ ਦਾ ਮੇਲ ਸਬਦ ਅਵੇਸਿਆ।
੩. ਫੁਲੀਂ ਤਿਲੀਂ ਫੁਲੇਲ ਸੰਗਿ ਸਲੇਸਿਆ।
੪. ਗੁਰ ਸਿਖ ਨਕ ਨਕੇਲ ਮਿਟੈ ਅੰਦੇਸਿਆ।

੫. ਨ੍ਹਾਵਣ ਅੰਮ੍ਰਿਤ ਵੇਲ ਵਸਨ ਸੁਦੇਸਿਆ।
੬. ਗੁਰ ਜਪ ਰਿਦੈ ਸੁਹੇਲ ਗੁਰ ਪਰਵੇਸਿਆ।
੭. ਭਾਉ ਭਗਤਿ ਭਉ ਭੇਲ ਸਾਧ ਸਰੇਸਿਆ।
੮. ਨਿਤ ਨਿਤ ਨਵਲ ਨਵੇਲ ਗੁਰਮੁਖਿ ਭੇਸਿਆ।
੯. ਖੈਰ ਦਲਾਲ ਦਲੇਲ ਸੇਵ ਸਹੇਸਿਆ॥੯॥

**ਪਦਾਰਥ**-(ਅਵੇਸਿਆ=ਘਰ ਕੀਤਾ। ਸਲੇਸਿਆ=ਸ੍ਰੇਸ਼ਟ।)
(ਸੁਦੇਸਿਆ = ਸ੍ਰੇਸ਼ਟ ਦੇਸ਼। ਖੈਰ = ਭਿਖਯਾ। ਦਲੇਲ = ਦਲੇਰ।)

**ਅਰਥ**-੧. ਗੁਰਮੁਖਾਂ ਦਾ, (ਜਿਨ੍ਹਾਂ ਨੂੰ) ਗੁਰੂ ਦਾ ਉਪਦੇਸ਼ ਮਿਲਿਆ ਹੈ, ਸਚਾ ਖੇਲ (ਇਹ ਹੈ)। ੨. ਸਤਿਸੰਗ ਨਾਲ (ਉਨ੍ਹਾਂ ਨੇ) ਮੇਲ (ਕੀਤਾ ਤੇ) ਸਬਦ ਵਿਖੇ ਘਰ ਕੀਤਾ ਹੈ। ੩. ਫੁਲਾਂ ਨਾਲ ਮਿਲਕੇ ਤਿਲ ਸ੍ਰੇਸ਼ਟ ਫੁਲੇਲ (ਹੋ ਜਾਂਦੇ ਹਨ ਤਿਵੇਂ ਗੁਰਮੁਖਾਂ ਦਾ) ਸਤਿਸੰਗ ਹੈ। ੪. ਗੁਰਸਿੱਖਾਂ ਦੇ ਨੱਕ ਵਿਖੇ (ਭਾਣੇ ਦੀ) ਨਕੇਲ (ਪਈ ਹੋਈ ਹੈ ਇਸ ਲਈ ਉਹਨਾਂ ਦੇ) ਅੰਦੇਸੇ ਮਿਟੇ ਹੋਏ ਹਨ। ੫. ਅੰਮ੍ਰਿਤ ਵੇਲੇ ਸ਼ਨਾਨ ਕਰਦੇ, (ਸਤਿਸੰਗ ਰੂਪੀ ਅਥਵਾ ਸ੍ਵੈ ਸਰੂਪ ਰੂਪੀ) ਸ੍ਰੇਸ਼ਟ ਦੇਸ਼ ਵਿਖੇ ਵੱਸਦੇ ਹਨ, ੬. ਗੁਰੂ ਦਾ ਜਾਪ ਰਿਦੇ ਵਿਚ ਜਪਕੇ ਤੇ ਗੁਰੂ ਦਾ (ਰਿਦੇ ਵਿਚ) ਪ੍ਰਵੇਸ਼ ਕਰਕੇ ਸੁਖੀ ਰਹਿੰਦੇ ਹਨ। ੭. ਭੈ, ਭਾਉ, ਪ੍ਰੇਮਾ ਭਗਤੀ ਨਾਲ ਮੇਲ ਹੈ (ਇਸ ਕਰਕੇ) ਸ੍ਰੇਸ਼ਟ ਸਾਧੂ ਹਨ। ੮. ਗੁਰਮੁਖਾਂ ਦਾ ਨਿਤ ਨਿਤ ਨਵੇਂ ਤੋਂ ਨਵਾਂ ਭੇਸ (ਪ੍ਰੇਮ ਦਾ ਰੰਗ) ਹੁੰਦਾ ਹੈ। ੯. (ਗੁਰਮੁਖ) ਖ਼ੈਰ (ਨਾਮ ਰੂਪੀ ਭਿੱਖਯਾ ਦੇ, ਜੋ ਖ਼ੈਰ ਦਾਤੀ ਹੈ, ਸੌਦਾ ਕਰਾਉਣ ਵਾਲੇ) ਦਲੇਰ ਦਲਾਲ ਹਨ, (ਸੇਵ =) ਪੂਜਨੀਕ ਤੇ (ਸਹੇਸਿਆ= ਸਹਈਸ਼) ਈਸ਼੍ਵਰ ਦੇ ਸਾਥ ਮਿਲੇ ਹੋਏ ਹਨ।

## ੧੦. (ਚਰਨ ਧੂੜ)।

੧. ਗੁਰ ਮੂਰਤਿ ਕਰਿ ਧਿਆਨ ਸਦਾ ਹਜੂਰ ਹੈ।
੨. ਗੁਰਮੁਖਿ ਸਬਦ ਗਿਆਨ ਨੇੜ ਨ ਦੂਰ ਹੈ।
੩. ਪੂਰਬ ਲਿਖਤ ਨੀਸਾਨ ਕਰਮ ਅੰਕੂਰ ਹੈ।
੪. ਗੁਰ ਸੇਵਾ ਪਰਧਾਨ ਸੇਵਕ ਸੂਰ ਹੈ।
੫. ਪੂਰਨ ਪਰਮ ਨਿਧਾਨ ਸਦ ਭਰਪੂਰ ਹੈ।
੬. ਸਾਧ ਸੰਗਤਿ ਅਸਥਾਨ ਜਗਮਗ ਨੂਰ ਹੈ।
੭. ਲਖ ਲਖ ਸਸੀਅਰ ਭਾਨੁ ਕਿਰਨ ਠਰੂਰ ਹੈ।
੮. ਲਖ ਲਖ ਬੇਦ ਪੁਰਾਣਿ ਕੀਰਤਨ ਚੂਰ ਹੈ।
੯. ਭਗਤਿ ਵਛਲ ਪਰਵਾਣੁ ਚਰਣਾ ਧੂਰ ਹੈ॥੧੦॥

**ਪਦਾਰਥ**-(ਨਿਸ਼ਾਨ=ਪ੍ਰਗਟ। ਅੰਕੂਰ=ਅੰਗੂਰ। ਸੂਰ=ਸੂਰਮੇ।)
(ਨੂਰ=ਪ੍ਰਕਾਸ਼ਮਾਨ। ਠਰੂਰ=ਸੀਤਲ। ਚੂਰ=ਮਾਤ।)

**ਅਰਥ**-੧. ਗੁਰ ਮੂਰਤੀ ਦਾ ਧਿਆਨ ਕਰ (ਗੁਰੂ) ਸਦਾ ਹਜੂਰ ਹੈ। ੨. ਗੁਰੂ ਦੁਆਰੇ ਸ਼ਬਦ ਦਾ (ਜਿਨ੍ਹਾਂ ਨੂੰ) ਗਯਾਨ (ਹੋਯਾ ਹੈ, ਉਹਨਾਂ ਨੂੰ ਈਸ਼੍ਵਰ) ਨੇੜੇ (ਭਾਸਦਾ) ਹੈ, ਦੂਰ ਨਹੀਂ ਹੈ। ੩. (ਪ੍ਰੰਤੂ) ਕਰਮਾਂ ਦਾ ਅੰਗੂਰ ਪੂਰਬ ਲਿਖੇ ਅਨੁਸਾਰ (ਪ੍ਰਗਟ ਹੁੰਦਾ) ਹੈ। ੪. ਸੂਰਮਾ ਸੇਵਕ ਗੁਰੂ ਸੇਵਾ ਵਿਚ ਪਰਧਾਨ (ਹੋ ਜਾਂਦਾ) ਹੈ। ੫. ਪੂਰਨ ਵਡਾ ਭੰਡਾਰ (ਵਾਹਿਗੁਰੂ) ਸਦਾ ਭਰਪੂਰ ਹੈ (ਕਦੇ ਖਾਲੀ ਨਹੀਂ)। ੬. ਸਾਧ ਸੰਗਤ ਦੇ ਅਸਥਾਨ ਵਿਖੇ (ਉਸਦਾ) ਨੂਰ ਜਗਮਗ ਕਰ ਰਿਹਾ ਹੈ। ੭. (ਸਤਿਸੰਗ ਦੇ ਨੂਰ-ਪ੍ਰਕਾਸ਼ ਦੇ ਅੱਗੇ) ਲੱਖਾਂ ਚੰਦ੍ਰਮਾਂ ਲੱਖਾਂ ਸੂਰਜਾਂ ਦੀਆਂ ਕਿਰਨਾਂ ਠੰਢੀਆਂ (ਮਾਤ) ਹਨ। ੮. ਲੱਖਾਂ ਬੇਦ ਤੇ ਲੱਖਾਂ ਪੁਰਾਨ (ਸਤਿਸੰਗ ਦੇ) ਕੀਰਤਨ ਅੱਗੇ ਮਾਤ ਹਨ ੯. (ਐਸੇ ਦੀ) ਚਰਨ ਧੂੜ ਭਗਤਾਂ

ਦੇ ਪਜਾਰੇ (ਪਰਮੇਸ਼ੁਰ) ਵਲੋਂ ਪਰਵਾਨ ਹੈ।

**ਭਾਵ-** ਐਸੇ ਸਤਿਗੁਰ ਦੀ ਚਰਨ ਧੂੜ ਪ੍ਰਾਪਤ ਕੀਤਿਆਂ ਸੁਖ ਹੁੰਦਾ ਹੈ, ਵਾਹਿਗੁਰੂ ਨੂੰ ਇਹ ਗੱਲ ਚੰਗੀ ਲਗਦੀ ਹੈ- "**ਧੂੜੀ ਮਜਨੁ ਸਾਧਖੇ ਸਾਈ ਥੀਏ ਕ੍ਰਿਪਾਲ॥**" (ਸਿਰੀ:ਮ:੫:ਡਖ:੩)

## ੧੧. (ਗੁਰ ਸਿੱਖ ਅਭੇਦ)॥

੧. ਗੁਰ ਸਿਖੁ ਸਿਖੁ ਗੁਰ ਦੋਇ ਅਲਖੁ ਲਖਾਇਆ।
੨. ਗੁਰ ਦੀਖਿਆ ਲੈ ਸੋਇ ਸਿਖੁ ਸਦਾਇਆ।
੩. ਗੁਰ ਸਿਖ ਇੱਕੋ ਹੋਇ ਜੋ ਗੁਰ ਭਾਇਆ।
੪. ਹੀਰਾ ਕਣੀ ਪਰੋਇ ਹੀਰੁ ਬਿਧਾਇਆ।
੫. ਜਲ ਤਰੰਗੁ ਅਵਲੋਇ ਸਲਿਲ ਸਮਾਇਆ।
੬. ਜੋਤੀ ਜੋਤਿ ਸਮੋਇ ਦੀਪੁ ਦੀਪਾਇਆ।
੭. ਅਚਰਜ ਅਚਰਜੁ ਢੋਇ ਚਲਿਤੁ ਬਣਾਇਆ।
੮. ਦੁਧਹੁੰ ਦਈ ਵਿਲੋਇ ਘਿਉ ਕਢਾਇਆ।
੯. ਇਕ ਚਾਨਣ ਤ੍ਰਿਹੁ ਲੋਇ ਪ੍ਰਗਟੀ ਆਇਆ ॥੧੧॥

**ਪਦਾਰਥ-**(ਅਵਲੋਇ=ਦੇਖੋ। ਸਲਿਲ=ਜਲ। ਢੋਇ=ਕਾਰਨ।)

**ਅਰਥ-**੧.ਗੁਰੂ ਨੇ ਸਿੱਖ ਹੋਕੇ ਤੇ ਸਿੱਖ ਨੇ ਗੁਰੂ ਹੋਕੇ ਦੋਹਾਂ ਨੇ ਅਲਖ (ਪਰਮੇਸਰ) ਨੂੰ ਲਖਾ ਦਿੱਤਾ ਹੈ; ੨.(ਕਿੱਕੁਰ? ਉੱਤਰ) ਗੁਰੂ (ਨਾਨਕ) ਦੀ ਸਿੱਖਯਾ ਲੈ ਕੇ (ਅੰਗਦ ਪਹਿਲੇ) ਸਿੱਖ ਸਦਾਇਆ। ੩.(ਜਦ ਦੀਖਯਾ ਦੀ ਕਮਾਈ ਹੋ ਗਈ ਅਰ) ਸਿੱਖ ਗੁਰੂ ਨੂੰ ਭਾ ਗਿਆ (ਤਦ) ਗੁਰੂ ਨਾਲ ਇਕ (ਰੂਪ) ਹੋ ਗਿਆ। ੪.(ਮਾਨੋ) ਹੀਰੇ ਦੀ ਕਣੀ ਨੇ ਹੀਰੇ ਨੂੰ ਵਿੰਨ੍ਹਕੇ ਪ੍ਰੋ ਦਿੱਤਾ। ੫.(ਜਿਵੇਂ) ਜਲ ਦੇ ਤਰੰਗਾਂ (=ਲਹਿਰਾਂ) ਨੂੰ ਦੇਖੋ, ਜਲ ਵਿਚ ਹੀ ਸਮਾ ਜਾਂਦੀਆਂ ਹਨ। ੬.(ਜਿੱਕੁਰ) ਦੀਵੇ ਤੋਂ ਦੀਵਾ ਜਗਕੇ ਜੋਤ ਵਿਚ ਜੋਤ ਸਮਾ ਜਾਂਦੀ ਹੈ। ੭.ਅਸਚਰਜ (ਤੋਂ) ਅਸਚਰਜ ਕਾਰਨਾਂ (ਨਾਲ) ਚਰਿੱਤ੍ਰ ਰਚ ਦਿੱਤਾ। ੮.ਜਿੱਕਰ ਦੁੱਧ ਤੋਂ ਦਹੀਂ (ਤੇ ਦਹੀਂ ਰਿੜਕ ਕੇ) ਘਿਉ ਕੱਢ ਲਿਆ। ੯.ਇਕੋ ਚਾਨਣਾ (ਵਾਹਿਗੁਰੂ ਦੇ ਗਯਾਨ ਦਾ) ਤਿੰਨਾਂ ਲੋਕਾਂ ਵਿਚ (ਐਉਂ) ਪ੍ਰਗਟ ਹੋ ਗਿਆ।

**ਭਾਵ-**ਇਹ (ਅਮੂਲ) ਨਿਯਮ ਜੋ ਏਥੇ ਵਰਨਨ ਕੀਤਾ ਹੈ, ਦਸਾਂ ਪਾਤਸ਼ਾਹੀਆਂ ਦੇ ਪਰਸਪਰ ਸਬੰਧ ਪਰ ਘਟਦਾ ਹੈ, ਭਾਈ ਸਾਹਿਬ ਜੀ ਅਗਲੀ ਪੌੜੀ ਵਿਚ ਇਸੇ ਬਾਤ ਦਾ ਵਰਨਨ ਖੋਲ੍ਹਕੇ ਕਰਦੇ ਹਨ:

## ੧੨. (ਉਪਰਲੇ ਭਾਵ ਪਰ ਹੈ)।

੧. ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ।
੨. ਅੰਗਦੁ ਅਲਖੁ ਅਭੇਉ ਸਹਜਿ ਸਮੋਇਆ।
੩. ਅਮਰਹੁ ਅਮਰ ਸਮੇਉ ਅਲਖੁ ਅਲੋਇਆ।
੪. ਰਾਮ ਨਾਮ ਅਰਿਖੇਉ ਅੰਮ੍ਰਿਤੁ ਚੋਇਆ।
੫. ਗੁਰ ਅਰਜਨ ਕਰਿ ਸੇਉ ਢੋਐ ਢੋਇਆ।
੬. ਗੁਰ ਹਰਿ ਗੋਬਿੰਦੁ ਅਮੇਉ ਅਮਿਉ ਵਿਲੋਇਆ।
੭. ਸਚਾ ਸਚਿ ਸੁਚੇਉ ਸਚਿ ਖਲੋਇਆ।
੮. ਆਤਮ ਅਗਹ ਅਗਹੇਉ ਸਬਦੁ ਪਰੋਇਆ।
੯. ਗੁਰਮੁਖ ਅਭਰ ਭਰੇਉ ਭਰਮ ਭਉ ਖੋਇਆ ॥੧੨॥

**ਪਦਾਰਥ**-(ਸਮੇਉ=ਸਮਾਉਣਾ। ਰਾਮ ਨਾਮ=ਗੁਰੂ ਰਾਮਦਾਸ। ਅਰਖੇਉ=ਪ੍ਰੇਮ।)
(ਢੋਐ ਢੋਇਆ=ਦਾਤ ਨਾਲ ਵਡਿਆਏ ਗਏ। ਅਗਹੇਉ=ਅਗਹ। ਅਭਰ=ਖਾਲੀ।)

**ਅਰਥ**-੧.ਸਤਿਗੁਰ ਨਾਨਕ ਦੇਵ ਜੀ ਗੁਰਾਂ ਦੇ ਗੁਰੂ ਹੋਏ। ੨.(ਜਿਨ੍ਹਾਂ ਨੇ) ਅੰਗਦ ਜੀ ਨੂੰ ਅਲਖ ਤੇ ਅਭੇਦ (ਵਾਹਿਗੁਰੂ ਵਿਚ) ਸਹਿਜ (ਪਦ ਦੇਕੇ) ਸਮਾ ਦਿੱਤਾ। ੩.(ਗੁਰੂ ਅੰਗਦ ਨੇ) ਅਮਰਦਾਸ ਜੀ ਨੂੰ 'ਅਮਰ' (ਈਸ਼੍ਵਰ) ਵਿਖੇ ਸਮਾਕੇ ਅਲੱਖ ਨੂੰ ਲਖਾ ਦਿੱਤਾ। ੪.(ਗੁਰੂ) ਰਾਮਦਾਸ ਜੀ ਨੂੰ (ਗੁਰੂ ਅਮਰਦਾਸ ਨੇ) ਪ੍ਰੇਮ (ਦੇ ਪਯਾਲੇ) ਦਾ ਅੰਮ੍ਰਿਤ ਚੋਇਆ। ੫.ਗੁਰੂ ਅਰਜਨ ਜੀ ਨੇ ਸੇਵਾ ਕੀਤੀ (ਗੁਰੂ ਰਾਮਦਾਸ ਵਲੋਂ) ਦਾਤ ਨਾਲ ਨਿਵਾਜੇ ਗਏ, ੬.ਹਰਿ ਗੋਬਿੰਦ ਜੀ ਨੇ (ਸ਼ਬਦ) ਅੰਮ੍ਰਿਤ ਨੂੰ ਰਿੜਕਿਆ ਤੇ ਗੁਰੂ (ਅਰਜਨ ਜੀ ਦੀ ਕ੍ਰਿਪਾ ਨਾਲ) ਅਮੇਉ (=ਅਗਾਧ) ਹੋ ਗਏ (ਅਥਵਾ) ੭.ਸਚੇ (ਅਕਾਲ ਪੁਰਖ ਦਾ) ਸੱਚ (ਏਨ੍ਹਾਂ ਸੁਚਿਆਂ) (ਦੀ ਕ੍ਰਿਪਾ ਕਰਕੇ) ਸੁਚਮੁੱਚ (ਸਿੱਖਾਂ ਦੇ ਰਿਦੇ ਵਿਚ) ਖਲੋ ਗਿਆ। ੮.(ਜਿਨ੍ਹਾਂ ਦੇ) ਆਤਮ (=ਮਨ) ਨੂੰ ਅਗਾਧ ਸ਼ਬਦ ਨਾਲ (ਗੁਰਾਂ ਨੇ) ਪੁਰੋ ਦਿੱਤਾ। ੯.(ਏਨ੍ਹਾਂ) ਗੁਰਮੁਖਾਂ ਨੇ ਨਾ ਭਰੇ ਜਾਣ ਵਾਲੇ (ਹਿਰਦਿਆਂ) ਨੂੰ (ਗੁਰ ਸ਼ਬਦ ਨਾਲ) ਭਰਪੂਰ ਕਰਕੇ (ਸੰਸਾਰ ਦਾ) ਭਰਮ ਤੇ ਡਰ ਦੂਰ ਕਰ ਦਿੱਤਾ।

## ੧੩. (ਗੁਰਮੁਖ)

੧. ਸਾਧ ਸੰਗਤਿ ਭਉ ਭਾਉ ਸਹਜੁ ਬੈਰਾਗ ਹੈ।
੨. ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ।
੩. ਮਧੁਰ ਬਚਨ ਆਲਾਉ ਹਉਮੈ ਤਿਆਗੁ ਹੈ।
੪. ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗੁ ਹੈ।
੫. ਪਿਰਮ ਪਿਆਲੇ ਸਾਉ ਮਸਤਕਿ ਭਾਗੁ ਹੈ।
੬. ਬ੍ਰਹਮ ਜੋਤਿ ਬ੍ਰਹਮਾਉ ਗਿਆਨੁ ਚਰਾਗੁ ਹੈ।
੭. ਅੰਤਰਿ ਗੁਰਮਤਿ ਚਾਉ ਅਲਿਪਤੁ ਅਦਾਗੁ ਹੈ।
੮. ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ॥੧੩॥

**ਪਦਾਰਥ**-(ਅਲਾਉ=ਬੋਲਣਾ। ਪਰਥਾਉ=ਅਨੁਸਾਰ, ਆਸਰੇ। ਸਾਉ=ਸੁਆਦ।)

**ਅਰਥ**-੧.ਸਾਧਸੰਗਤ (ਵਿਖੇ ਗੁਰਮੁਖ ਲੋਕ) ਭਉ (ਡਰ) ਤੇ ਭਾਉ (ਪ੍ਰੇਮ) ਰਖਦੇ ਤੇ ਸਹਿਜੇ ਹੀ ਵੈਰਾਗੀ ਰਹਿੰਦੇ ਹਨ। ੨.ਗੁਰਮੁਖ ਸਹਿਜ ਸੁਭਾ ਹੀ ਸੁਰਤ ਵਿਖੇ ਜਾਗਦੇ ਰਹਿੰਦੇ ਹਨ (ਭਾਵ ਸੁਰਤ ਸ਼ਬਦ ਵਿਖੇ ਜੁੜੀ ਰਹਿੰਦੀ ਹੈ)। ੩.ਮਿੱਠੇ ਬਚਨ ਬੋਲਦੇ ਹਨ, ਹਉਮੈ ਦਾ (ਸਦਾ) ਤਿਆਗ (ਰਖਦੇ ਹਨ)। ੪.ਸਤਿਗੁਰਾਂ ਦੀ ਮਤ ਦੇ ਅਨੁਸਾਰ ਸਦਾ ਅਨੁਰਾਗ (ਪ੍ਰੇਮ) ਰਖਦੇ ਹਨ। ੫.ਪਿਰੀ ਦੇ ਪਿਆਲੇ ਦਾ ਸਾਉ (=ਸੁਆਦ) ਆਇਆ ਹੈ, ਮੱਥੇ ਪੂਰ ਭਾਗ ਹੈ। ੬.ਬ੍ਰਹਮ ਜੋਤ ਕਰਕੇ ਬ੍ਰਹਮਾਂ ਆਦਿਕਾਂ ਨੂੰ ਬੀ ਗਯਾਨ ਦੇ ਚਰਾਗ (ਦੀਵੇ) ਦੇਣ ਹਾਰੇ (ਹੋ ਗਏ) ਹਨ। ੭.ਅੰਦਰ ਗੁਰੂ ਦੀ ਮਤ ਕਰਕੇ (ਵੱਡਾ) ਚਾਉ (ਆਨੰਦ) ਹੈ, (ਇਸੇ ਕਰਕੇ ਮਾਯਾ ਤੇ) ਅਲੇਪ (ਤੇ ਵਿਸ਼ਯਾਂ ਥੋਂ) ਬੇਦਾਗ ਹਨ। ੮.ਸੰਸਾਰ (ਵੀਹ ਵਿਸ਼ਯਾਂ ਵਿਖੇ ਫਸਿਆ ਹੋਇਆਹੈ) ਗੁਰਮੁਖ (ਇਕੀਸ = ਇਕ ਈਸ਼੍ਵਰ ਵਿਖੇ) ਚੜ੍ਹਾਉ (=ਉਨੱਤੀ) ਕਰਦੇ ਹਨ, (ਇਸ ਕਰਕੇ) ਸਦਾ ਸੁਹਾਗ (ਸਦਾ ਜੀਵਨ ਮੁਕਤਿ ਦਾ ਆਨੰਦ ਲੈ ਰਹੇ) ਹਨ।

## ੧੪. (ਉਪਰਲੇ ਭਾਵ)।

੧. ਗੁਰਮੁਖਿ ਸਬਦ ਸਮਾਲ ਸੁਰਤਿ ਸਮਾਲੀਐ।
੨. ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ।

੩. ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ।
੪. ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ।
੫. ਗੁਰਮੁਖਿ ਨਿਬਹੈ ਨਾਲਿ ਗੁਰ ਸਿਖ ਪਾਲੀਐ।
੬. ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।
੭. ਗੁਰਮੁਖਿ ਅਕਲ ਅਕਾਲ ਭਗਤਿ ਸੁਖਾਲੀਐ।
੮. ਗੁਰਮੁਖਿ ਹੰਸਾ ਢਾਲਿ ਰਸਿਕ ਰਸਾਲੀਐ ॥੧੪॥

**ਪਦਾਰਥ**-(ਨਿਹਾਲੀਐ=ਦੇਖਦੇ। (ਅ) ਪ੍ਰਸੰਨ ਹੁੰਦੇ। ਹੇਤੁ ਹਿਆਲੀਐ=ਰਿਦੇ ਦਾ ਪ੍ਰੇਮ।) (ਹੰਸਾ ਢਾਲਿ=ਹੰਸਾਂ ਵਾਙੂ। ਰਸਿਕ ਰਸਾਲੀਐ=ਪ੍ਰੇਮੀਆਂ ਦਾ ਪ੍ਰੇਮੀ। ਰਸਾਂ ਦਾ ਘਰ।)

**ਅਰਥ**-੧. ਜੋ ਗੁਰਮੁਖਾਂ ਦੇ ਸ਼ਬਦ ਨੂੰ (ਸੰਮ੍ਹਾਲ=) ਯਾਦ ਰਖਦੇ ਹਨ, (ਓਹ ਸੁਰਤ=) ਭਗਵੰਤ ਦੀ ਪ੍ਰੀਤ ਨੂੰ ਯਾਦ ਰਖਦੇ ਹਨ। (ਅਥਵਾ ਗੁਰਮੁਖ ਤੋਂ ਸ਼ਬਦ ਦੀ ਸੰਮ੍ਹਾਲ ਸਿੱਖ ਕੇ ਉਸ ਨੂੰ ਸੁਰਤ ਵਿਚ ਸੰਮ੍ਹਾਲਕੇ ਰੱਖੀਏ; ਭਾਵ ਸੁਰਤ ਸ਼ਬਦ ਦਾ ਅਭਿਆਸ ਕਰਨਾ ਚਾਹੀਏ) ੨. ਗੁਰਮੁਖਾਂ ਦੀ ਨਦਰ ਕਰਕੇ ਨਿਹਾਲ ਹੋਈਦਾ ਹੈ (ਇਸੇ ਕਰਕੇ ਉਨ੍ਹਾਂ ਦੇ ਨੇਹ=) ਪਿਆਰ ਨਾਲ ਦਰਸ਼ਨ ਕਰੀਏ। ੩. ਗੁਰਮੁਖਾਂ ਦੀ ਸੇਵਾ ਦੀ ਘਾਲ ਕਮਾਈ (ਕਿਸੇ) ਵਿਰਲੇ ਨੇ ਕੀਤੀ ਹੈ। ੪. ਗੁਰਮੁਖ ਦੀਨ ਦਿਆਲੂ ਹਨ (ਹੇਤ ਹਿਆਲੀਐ=) ਦਿਲੀ ਮੁਹੱਬਤ ਰਖਦੇ ਹਨ। ੫. ਗੁਰਮੁਖ ਨਾਲ ਨਿਬਾਹੁੰਦੇ ਹਨ (ਭਾਵ ਅੰਤ ਤਕ ਸਹਾਈ ਹੁੰਦੇ ਹਨ ਤਾਂਤੇ) ਗੁਰ ਸਿੱਖਯਾ ਨੂੰ ਪਾਲੀਏ। ੬. (ਰਤਨ) ਵੈਰਾਗ (ਲਾਲ=) ਪ੍ਰੇਮ (ਆਦਿ) ਪਦਾਰਥ ਗੁਰਮੁਖਾਂ ਪਾਸੋਂ ਟੋਲੀਏ। ੭. (ਕਿਉਂ ਕਿ) ਗੁਰਮੁਖ (ਅਕਲ=) ਕਲਪਨਾ ਤੋਂ ਰਹਿਤ ਹਨ, (ਅਕਾਲ=) ਅਮਰ ਹਨ, ਉਨ੍ਹਾਂ ਦੀ (ਭਗਤੀ) ਸੇਵਾ ਸੁੱਖਾਂ ਦਾ ਘਰ* ਹੈ। ੮. ਗੁਰਮੁਖ (ਲੋਕ) ਹੰਸਾਂ ਵਾਂਙ (ਤੱਤ ਮਿੱਥਯਾ ਦਾ ਵਿਵੇਚਨ ਕਰਦੇ ਹਨ, ਮਨੋਂ ਤਨੋਂ )ਪ੍ਰੇਮੀ ਹੋਕੇ ਪ੍ਰੇਮ ਕਰਦੇ ਹਨ।

## ੧੫. (ਮੂਲ ਮੰਤ੍ਰ ਦਾ ਗੁਹਜ ਭੇਦ)।

੧. ਏਕਾ ਏਕੰਕਾਰੁ ਲਿਖਿ ਦੇਖਾਲਿਆ।
੨. ਊੜਾ ਓਅੰਕਾਰੁ ਪਾਸਿ ਬਹਾਲਿਆ।
੩. ਸਤਿਨਾਮੁ ਕਰਤਾਰ ਨਿਰਭਉ ਭਾਲਿਆ।
੪. ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
੫. ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
੬. ਪੰਜ ਅਖਰ ਉਪਕਾਰ ਨਾਮੁ ਸਮਾਲਿਆ।
੭. ਪਰਮੇਸੁਰੁ ਸੁਖੁ ਸਾਰੁ ਨਦਰਿ ਨਿਹਾਲਿਆ।
੮. ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
੯. ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ ॥੧੫॥

**ਪਦਾਰਥ**-(ਏਕੰਕਾਰ=ਇਕ ਦਾ ਸਰੂਪ। ਭਾਲਿਆ=ਟੋਲਿਆ, ਜਾਣਿਆ।) (ਉਪਕਾਰ=ਕਿਰਪਾ। ਅੰਗ=ਅੰਕ।)

**ਅਰਥ**-੧.ਏਕੇ ਦੁਆਰਾ 'ਇਕ' ਦਾ ਸਰੂਪ ਲਿਖਕੇ ਦਿਖਾਇਆ ਹੈ। ੨.ਊੜੇ ਥੋਂ 'ਓਅੰਕਾਰ' ੧ਓ ਪਾਸ ਬਹਾਇਆ ਹੈ। ੩.ਸਤਿਨਾਮ (=ਸੱਚਾ ਨਾਮ) ਤੇ ਕਰਤਾਰ (=ਕਰਤਾ ਪੁਰਖ=ਸ੍ਰਿਸ਼ਟੀ ਦਾ ਕਰਤਾ), ਭਉ ਥੋਂ ਬਿਨਾ (=ਨਿਭਰਉ) ਜਾਣਕੇ (ਓਅੰਕਾਰ ਦੇ ਪਾਸ ਬਹਾਲੇ ਹਨ)। ੪.'ਨਿਰਵੈਰ'

*ਅਥਵਾ ਸੁਖਾਲੀ ਹੈ।

ਹੈ, (ਜੈਕਾਰ=) ਜਯ ਮੂਰਤਿ (ਮੂਰਤ) ਹੈ, ਅਜੋਨੀ (ਸੈਭੰ) ਅਤੇ ਅਕਾਲ ਹੈ। ੫.(ਉਸ ਦਾ) ਨੀਸਾਣ (ਪਰਵਾਨ) ਅਪਾਰ ਤੇ ਸੱਚਾ ਹੈ, (ਸਾਰੇ ਉਸੇ ਦੀ) ਜੋਤੀ ਦਾ ਪ੍ਰਕਾਸ਼ ਹੈ। ੬.ਪੰਜ ਅੱਖਰ (੧ਓਅੰਕਾਰ ਅਰਥਾਤ ਪਰਮੇਸ਼ਰ ਜਿਸ ਪਰ) ਉਪਕਾਰ (=ਕਿਰਪਾ) ਕਰਦਾ ਹੈ (ਉਹ ਉਸਦੇ) ਨਾਮ ਨੂੰ ਸੰਮ੍ਹਾਲ ਲੈਂਦਾ ਹੈ। ੭.(ਫੇਰ ਉਹ ਪੁਰਸ਼) ਪਰਮੇਸ਼ਰ ਸੁਖ ਸਾਰ ਦੀ ਨਦਰ ਨਾਲ (ਨਿਹਾਲ=) ਮੁਕਤ ਹੋ ਜਾਂਦਾ ਹੈ। ੮.(ਨਉਂ ਅੰਗ ਸੁੰਨ ਸੁਮਾਰ ਅਰਥਾਤ=) ੧ ਥੋਂ ਲੈਕੇ ੯ਅੰਗ ਸੁੰਨ (=ਬਿੰਦੀ) ਦੇ ਸ਼ੁਮਾਰ (=ਗਿਣਤੀ) ਨਾਲ ਨਿਰਾਲੇ ਹੋ ਜਾਂਦੇ ਹਨ। ੯.ਅਤੇ (ਨੀਲ ਅਨੀਲ=) ਨੀਲ ਦਸ ਨੀਲ (ਤੋੜੀ ਗਿਣਤੀ ਨੂੰ ਪਹੁੰਚਦੇ ਹਨ) ਦੀ ਵਿਚਾਰ ਅਨੁਸਾਰ ਪ੍ਰੇਮ ਦੇ ਪਯਾਲੇ (ਵਿਚ ਵਧਦੇ ਜਾਂਦੇ) ਹਨ। ('ਨੀਲ' ਦਾ ਭਾਵ ਵਡੀ ਗਿਣਤੀ ਤੋਂ ਹੈ ਜੋ ਸੰਖ ਤੋਂ ਪਹਿਲੇ ਹੈ ਤੇ ਅਨੀਲ ਤੋਂ ਭਾਵ ਬੇਗਿਣਤ ਹੈ)।

**ਭਾਵ**-ਗਣਿਤ ਵਿਦਯਾ ਵਿਚ ਪਹਿਲੇ ਨੌਂ ਅੰਗ ਹਨ, ੧.੨.੩.੪.੫.੬.੭.੮.੯., ਏਹ ਆਪਣੀ ਅਸਲੀ ਕੀਮਤ ਰੱਖਦੇ ਹਨ। ਜਦ ਇਨ੍ਹਾਂ ਦੇ ਅੱਗੇ ਬਿੰਦੀ ਲਗਦੀ ਹੈ ਤਦ ਕੀਮਤ ਦਸ ਗੁਣਾ ਵਧ ਜਾਂਦੀ ਹੈ। ਜਿਉਂ ਜਿਉਂ ਬਿੰਦੀ ਲਾਓ ਦਸ ਗੁਣਾ ਕੀਮਤ ਵਧਦੀ ਜਾਂਦੀ ਹੈ। ਉਂਞ ਬਿੰਦੀ (ਸੁੰਨ) ਇਕੱਲੀ ਗਣਿਤ ਵਿਦਯਾ ਵਿਚ ਕੁਝ ਮੁੱਲ ਨਹੀਂ ਰਖਦੀ। ਜਦ ਨਵਾਂ ਅੰਗਾਂ ਵਿਚੋਂ ਕਿਸੇ ਨਾਲ ਮਿਲੇ ਤਾਂ ਉਸ ਦੀ ਕੀਮਤ ਦਸ ਗੁਣੀ ਕਰ ਦੇਂਦੀ ਹੈ। ਏਥੇ ਭਾਵ ਇਹ ਹੈ ਕਿ ਪੰਜ ਅਖਰਾਂ (ੴ) ਨੇ ਉਪਕਾਰ ਕੀਤਾ ਕਿ ਵਾਹਿਗੁਰੂ ਦਾ ਅਸਲ ਨਾਮ ਸਾਨੂੰ ਬਖਸ਼ਿਆ, ਜਿਸ ਦੀ ਅਸਾਂ ਸੰਮ੍ਹਾਲ ਕੀਤੀ। ਹੁਣ ਨਾਮ ਤਾਂ ਨੌਂ ਅੰਗ ਦੀ ਨਯਾਈਂ ਹੈ ਤੇ ਸਾਡੀ ਸੰਮ੍ਹਾਲ ਸੁੰਨ ਹੈ, ਓਹ ਨੌਂ ਅੰਗ ਨਾਮ ਦੇ ਕੇਹੜੇ ਹਨ? ਜੋ ਏਥੇ ਕਹੇ ਹਨ:-੧, ੳ(੧), ਸਤਿਨਾਮ(੨), ਕਰਤਾਪੁਰਖੁ(੩), ਨਿਰਭਉ(੪), ਨਿਰਵੈਰੁ(੫), ਅਕਾਲਮੂਰਤਿ(੬), ਅਜੂਨੀ(੭), ਸੈਭੰ(੮),(੯)। ਏਹ ਨੌਂ ਅੰਗ, ਯਾ ਕਹੋ ਕਿ ਮੂਲ ਮੰਤ੍ਰ ਜੋ ਗੁਰੂ ਜੀ ਨੇ ਬਖਸ਼ਿਆ, ਇਹ ਤਾਂ ਅਸਲ ਕੀਮਤ ਵਾਲੀ ਸ਼ੈ ਹੈ ਤੇ ਜੋ ਇਸ ਦੀ ਸੰਮ੍ਹਾਲ ਯਾਦ ਸਿਮਰਨ ਹੈ ਸੋ ਸੁੰਨ (ਬਿੰਦੀ) ਹੈ, ਜਦ ਨਾਲ ਨਾਮ ਸਿਮਰਨ ਮਿਲੇਗਾ ਕੀਮਤ ਦਸ ਗੁਣੀ ਹੋ ਜਾਏਗੀ। ਜਿਉਂ ਜਿਉਂ ਵਧੀਕ ਸਿਮਰੋ ਨਾਮ ਦੀ ਕੀਮਤ ਵਧਦੀ ਜਾਏਗੀ। ਜੇ ਨਾਮ ਛੱਡਕੇ ਐਵੇਂ ਸਿਮਰੋ ਤਾਂ ਕੁਝ ਮੁੱਲ ਨਹੀਂ, ਉਹ ਤਾਂ ਸੁੰਨ ਹੈ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਤ ਹੈ। "**ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥**" ਏਹ ਮੂਲ ਮੰਤ੍ਰ ਜੋ ਅਸਲੀ ਕੀਮਤ ਵਾਲੀ ਸ਼ੈ ਹੈ, ਜੋ ਗੁਰੂ ਜੀ ਦੀ ਕ੍ਰਿਪਾ ਕਰਕੇ ਸਾਨੂੰ ਮਿਲੀ ਹੈ, ਨੌਂ ਅੰਗਾਂ ਵਾਂਙੂ ਆਪਣੇ ਮੁੱਲ ਦੀ ਸ਼ੈ ਹੈ। "ਜਪੁ" ਜੋ ਇਸ ਦੇ ਨਾਲ ਹੈ ਸੋ ਬਿੰਦੀ ਹੈ; ਜਿੰਨੀਆਂ ਬਿੰਦੀਆਂ ਲਾਓ, ਉੱਨਾ ਇਸ ਮੂਲ ਮੰਤ੍ਰ ਤੋਂ ਅਧਿਕ ਸੁਖ ਪਾਓਗੇ। ਇਹੋ ਜਪ ਦੀ ਬਿੰਦੀ, ਜਿਹਵਾ, ਅਜਪਾ; ਰੋਮ ਰੋਮ, ਵਣਤ੍ਰਿਣ, ਆਦਿ ਗਿਣਤੀਆਂ ਤੇ ਪੁਚਾਂਵਦੀ, ਅੰਤ ਸਰੂਪ ਵਿਚ, ਜੋ ਗਿਣਤੀਆਂ ਤੋਂ ਬਾਹਰ ਅਵਸਥਾ ਤੋਂ ਪਰੇ ਯਥਾਰਥ ਹੈ, ਉੱਥੇ ਲੈ ਜਾਂਦੀ ਹੈ।

## ੧੬. (ਚਾਰ ਵਰਨ ਦੇ ਏਕੇ ਭਾਈ*)।

੧. ਚਾਰ ਵਰਨ ਸਤਿਸੰਗੁ ਗੁਰਮੁਖਿ ਮੇਲਿਆ।
੨. ਜਾਣ ਤੰਬੋਲਹੁ ਰੰਗੁ ਗੁਰਮੁਖਿ ਚੇਲਿਆ।
੩. ਪੰਜੇ ਸਬਦ ਅਭੰਗ ਅਨਹਦ ਕੇਲਿਆ।
੪. ਸਤਿਗੁਰ ਸਬਦਿ ਤਰੰਗ ਸਦਾ ਸੁਹੇਲਿਆ।
੫. ਸਬਦ ਸੁਰਤਿ ਪਰਸੰਗ ਗਿਆਨ ਸੰਗਿ ਮੇਲਿਆ।

*ਭਾਵ ਇਸ ਗੁਰਮੁਖ ਪੰਥ ਵਿਚ ਜਾਤ ਭੇਤ ਮਿਟ ਜਾਂਦਾ ਹੈ।

੬. ਰਾਗ ਨਾਦ ਸਰਬੰਗ ਅਹਿਨਿਸਿ ਭੇਲਿਆ।
੭. ਸਬਦ ਅਨਾਹਦੁ ਰੰਗ ਸੁਝ ਇਕੇਲਿਆ।
੮. ਗੁਰਮੁਖਿ ਪੰਥੁ ਨਿਪੰਗੁ ਬਾਰਹ ਖੇਲਿਆ ॥੧੬॥

**ਪਦਾਰਥ**-(ਤੰਬੋਲ=ਪਾਨਾਂ ਦਾ ਬੀੜਾ। ਚੇਲਿਆ=ਚਾਲਾ। ਭੇਲਿਆ=ਮਿਲੇ ਹੋਏ।) (ਪੰਥੁ=ਰਸਤਾ, ਭਾਵ ਟੋਲਾ, ਜੱਥਾ। ਨਿਪੰਗੁ=ਸ਼ੁੱਧ।)

**ਅਰਥ**-੧.ਚਾਰੇ ਵਰਨਾਂ ਦੇ (ਲੋਕ) ਸਤਿਸੰਗ ਵਿਖੇ ਮਿਲਕੇ ਗੁਰਮੁਖ (ਹੋਕੇ ਖੇਡਦੇ ਵਰਤਦੇ ਹਨ)। ੨.(ਦ੍ਰਿਸ਼ਟਾਂਤ) ਪਾਨਾਂ ਦੇ ਬੀੜੇ ਦੇ ਰੰਗ ਵਾਂਙੂ ਗੁਰਮੁਖ ਦਾ ਚਾਲਾ ਹੈ(ਭਾਵ ਕੱਥਾ, ਸੁਪਾਰੀ, ਚੂਨਾਂ, ਪਾਨ ਮਿਲਕੇ ਇਨ੍ਹਾਂ ਦਾ ਲਾਲ ਰੰਗ ਇਕੋ ਹੋ ਜਾਂਦਾ ਹੈ। ਤਥਾ ਖੱਤਰੀ, ਬ੍ਰਾਹਮਣ, ਸੂਦ, ਵੈਸ਼ ਚਾਰੇ ਰੰਗ ਸਤਿਸੰਗ ਵਿਚ ਮਿਲਕੇ ਇਕ ਗੁਰਮੁਖ ਹੀ ਕਹਾਉਂਦੇ ਹਨ*)। ੩.(ਗੁਰਮੁਖ ਨੂੰ) ਪੰਜ ਅਨਾਹਦ ਸ਼ਬਦ ਇਕ ਰਸ ਖਿਡਾਉਂਦੇ (=ਆਨੰਦਿਤ ਰਖਦੇ) ਹਨ। ੪.ਸਤਿਗੁਰਾਂ ਦੇ ਸ਼ਬਦ ਦੀ (ਤਰੰਗ=) ਲਹਿਰ ਨਾਲ (ਸਦਾ ਸੁਹੇਲਿਆ=) ਸਦਾ ਸੁਖੀ (ਗੁਰਮੁਖ) ਰਹਿੰਦੇ ਹਨ। ੫.ਸਬਦ ਗਜਾਤ ਦੇ ਪ੍ਰਸੰਗ ਕਰਕੇ ਗਜਾਨ ਨਾਲ ਮਿਲੇ ਰਹਿੰਦੇ ਹਨ। ੬.(ਗੁਰੂ ਦੀ ਬਾਣੀ ਦੇ) ਰਾਗ ਨਾਦ ਨਾਲ (ਸਰਬੰਗ=) ਹਰ ਤਰ੍ਹਾਂ ਦਿਨ ਰਾਤ ਮਿਲੇ ਹੋਏ ਹਨ। ੭.ਸ਼ਬਦ ਦੇ (ਅਨਾਹਦ=) ਬੇਹੱਦ ਪ੍ਰੇਮ ਨਾਲ ਇਕ (ਆਤਮਾ) ਹੀ (ਸਾਰੇ) ਸੁੱਝਦਾ ਹੈ। ੮.ਗੁਰਮੁਖਾਂ ਦਾ ਪੰਥ (ਨਿਪੰਗ=)ਚਿੱਕੜ ਤੋਂ ਰਹਿਤ (ਭਾਵ ਨਿਰਮਲ) ਹੈ, ਬਾਰਾਂ (ਪੰਜ ਕਰਮ ਇੰਦ੍ਰੇ, ਪੰਜ ਗਜਾਨ ਇੰਦ੍ਰੇ, ਮਨ ਤੇ ਬੁਧ) ਥੋਂ ਖੇਲ ਜਾਂਦੇ ਹਨ। (ਅਥਵਾ ਬਾਰਹ = ਪੰਜ ਤੱਤਾਂ ਦੇ ਪੰਜ ਗੁਣ, ਧੀਰਜ ਛੇਵਾਂ, ਸੰਤੋਖ ਸੱਤਵਾਂ, ਦਯਾ ਅੱਠਵਾਂ, ਧਰਮ ਨੌਵਾਂ, ਸਤ ਦਸਵਾਂ, ਗਿਆਨ ਯਾਰਵਾਂ ਤੇ ਵੈਰਾਗ ਬਾਰ੍ਹਵਾਂ, ਇਨ੍ਹਾਂ ਬਾਰਾਂ ਵਿਖੇ ਖੇਲਦੇ ਹਨ)।

**ਭਾਵ**-ਗੁਰਮੁਖਾਂ ਦੀ ਸੰਗਤ ਕਰਕੇ ਚਾਰੇ ਵਰਣ ਗੁਰਮੁਖ ਹੋ ਕੇ ਪਾਨਾਂ ਦੇ ਰੰਗ ਵਾਂਙ ਇਕ ਰੰਗ ਹੋ ਜਾਂਦੇ ਹਨ, ਅਰ ਉਨ੍ਹਾਂ ਦਾ ਪੰਥ, ਟੋਲਾ, ਵਿਖਜਾਂ ਦੇ ਚਿਕੜ ਤੋਂ ਰਹਿਤ 'ਨਿਪੰਗ' ਨਿਰਮਲ ਹੋਕੇ ਦੈਵੀ ਗੁਣਾਂ ਵਿਖੇ ਖੇਡਦਾ, ਸਦਾ ਜੀਵਨ ਮੁਕਤ ਹੋਕੇ ਵਿਚਰਦਾ ਹੈ।

## ੧੭. (ਗੁਰਮੁਖ ਅੰਜਨ)।

੧. ਹੋਈ ਆਗਿਆ ਆਦਿ ਆਦਿ ਨਿਰੰਜਨੋ।
੨. ਨਾਦੈ ਮਿਲਿਆ ਨਾਦੁ ਹਉਮੈ ਭੰਜਨੋ।
੩. ਬਿਸਮਾਦੇ ਬਿਸਮਾਦੁ ਗੁਰਮੁਖਿ ਅੰਜਨੋ।
੪. ਗੁਰਮਤਿ ਗੁਰਪਰਸਾਦਿ ਭਰਮੁ ਨਿਖੰਜਨੋ।
੫. ਆਦਿ ਪੁਰਖ ਪਰਮਾਦਿ ਅਕਾਲ ਅਗੰਜਨੋ।
੬. ਸੇਵਕ ਸਿਵ ਸਨਕਾਦਿ ਕ੍ਰਿਪਾ ਕਰੰਜਨੋ।
੭. ਜਪੀਐ ਜੁਗਹੁ ਜੁਗਾਦਿ ਗੁਰ ਸਿਖ ਮੰਜਨੋ।
੮. ਪਿਰਮ ਪਿਆਲੇ ਸਾਦੁ ਪਰਮ ਪੁਰੰਜਨੋ।
੯. ਆਦਿ ਜੁਗਾਦਿ ਅਨਾਦਿ ਸਰਬ ਸੁਰੰਜਨੋ ॥੧੭॥

**ਪਦਾਰਥ**-(ਨਿਰੰਜਨੋ=ਮਾਯਾ ਤੋਂ ਰਹਤ। ਨਾਦੁ=ਸਬਦੁ। ਨਿਖੰਜਨੋ=ਕੱਟੇ ਜਾਂਦੇ ਹਨ। (ਕਰੰਜਨੋ=ਕਰਣਹਾਰ। ਮੰਜਨੋ=ਸ਼ਨਾਨ, (ਅ)ਉੱਜਲ। ਪੁਰੰਜਨੋ=ਜੋ (ਪੁਰਾ) (ਲੋਕਾਂ ਦੇ ਪ੍ਰਕਾਸ਼ ਜਿਹਾ ਹੈ, ਭਾਵ ਈਸ਼੍ਵਰ। ਸੁਰੰਜਨੋ=ਪ੍ਰਕਾਸ਼ਕ।)

**ਅਰਥ**-੧.ਪਹਿਲੇ (ਜਦ) ਨਿਰੰਜਨ ਦੀ, (ਜੋ ਸਰਬ ਦੀ) ਆਦਿ ਹੈ, ਆਗਿਆ ਹੋਈ। ੨.(ਤਦ ਗੁਰੂ ਦਾ ਬਖਸ਼ਿਆ) ਹਉਮੈ ਨੂੰ ਕੱਟਣ ਵਾਲਾ ਸ਼ਬਦ (ਜਿਸ ਦੇ, ਸੁਰਤ ਵਿਚ ਅਭਿਆਸ ਕਰਨ ਨਾਲ

*ਭਾਵ ਇਸ ਗੁਰਮੁਖ ਪੰਥ ਵਿਚ ਜਾਤ ਭੇਦ ਮਿਟ ਜਾਂਦਾ ਹੈ।

ਹਉਮੈਂ ਟੁੱਟ ਗਈ, ਉਸ) ਸ਼ਬਦ ਨੂੰ ਜਾ ਮਿਲਿਆ (ਜਿਸ ਨੂੰ ਸ਼ਬਦ ਬ੍ਰਹਮ ਕਹੀਦਾ ਹੈ, ਜਿੱਥੇ ਵਾਹਿਗੁਰੂ ਦੇ ਸਰੂਪ ਵਿਚ ਜੀਵ ਸ਼ਰਨ ਪ੍ਰਾਪਤ ਕਰਦਾ ਹੈ)। ੩.(ਇਸ ਲਈ) ਗੁਰਮੁਖਾਂ ਦਾ ਅੰਜਨ (ਗਯਾਨ ਸੁਰਮਾਂ) ਅਚਰਜ ਥੋਂ ਅਚਰਜ ਰੂਪ ਹੈ। ੪.ਗੁਰੂ ਦੀ ਕ੍ਰਿਪਾ ਤੇ ਗੁਰੂ ਮੱਤ (ਧਾਰਨ ਕਰਨੇ ਤੇ ਸਭ) ਭਰਮ (ਦੇ ਪੜਦੇ) ਕੱਟੇ ਜਾਂਦੇ ਹਨ। ੫.ਆਦਿ ਪੁਰਖ ਸਭ ਦਾ ਮੁੱਢ, ਅਕਾਲ ਤੇ (ਅਗੰਜ) ਨਾ ਟੁੱਟਣ ਵਾਲਾ ਹੈ। ੬.(ਇਹ) ਸੇਵਕਾਂ ਪਰ ਕਲਯਾਨ ਸਰੂਪ ਤੇ ਸਨਕਾਦਾਂ ਪਰ ਕਿਰਪਾ ਕਰਨ ਵਾਲਾ ਹੈ। ੭.ਜੁਗਾਂ ਜੁਗਾਂ ਪ੍ਰਯੰਤ ਹੇ ਉੱਜਲ ਗੁਰ ਸਿੱਖੋ ! ਜਪੀ ਚਲੋ। (ਅ) ਗੁਰ ਸਿਖਾਂ ਦਾ ਸ਼ਨਾਨ ਇਹੀ ਹੈ ਕਿ ਸਦਾ ਸਦਾ ਈਸ਼੍ਵਰ ਦਾ ਨਾਮ ਜਪਦੇ ਹਨ। ੮.ਪਿਰੀ ਦੇ ਪਿਆਲੇ ਦਾ ਸ੍ਵਾਦ (ਜਦ ਆਇਆ ਤਦ) ਸਾਰੇ (ਪਰਮ ਪੁਰੰਜਨ) ਈਸ਼੍ਵਰ ਨੂੰ (ਦੇਖਦੇ ਹਨ)। ੯.(ਉਹ ਜਾਣਦੇ ਹਨ ਕਿ) ਆਦਿ ਜੁਗਾਦਿ ਅਨਾਦਿ ਸਰਬ ਦਾ ਪ੍ਰਕਾਸ਼ਕ (ਇਕ ਅਕਾਲ ਪੁਰਖ) ਹੈ।

ਇਹ ਜੋ ਪਰਮ ਉੱਚੀਆਂ ਸੁਖਦਾਇਕ ਅਵਸਥਾਂ ਕਹੀਆਂ ਹਨ, ਇਨ੍ਹਾਂ ਦੀ ਪ੍ਰਾਪਤੀ ਵਾਸਤੇ ਹੁਣ ਜੱਗਯਾਸੂ ਦੀ ਕਮਾਈ ਦੱਸਣਗੇ :-

## ੧੮. (ਮੁਰੀਦ)।

੧. ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।
੨. ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
੩. ਗੋਲਾ ਮੁਲਿ ਖਰੀਦੁ ਕਾਰੇ ਜੋਵਣਾ।
੪. ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।
੫. ਪੀਹਣਿ ਹੋਇ ਜਦੀਦ* ਪਾਣੀ ਢੋਵਣਾ।
੬. ਪਖੇ ਦੀ ਤਾਗੀਦ ਪਗ ਮਲਿ ਧੋਵਣਾ।
੭. ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।
੮. ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।
੯. ਚੰਦ ਮੁਮਾਰਖ ਈਦ ਪੁਗ ਖਲੋਵਣਾ ॥੧੮॥

**ਪਦਾਰਥ**-(ਮੁਰੀਦ=ਚੇਲਾ। ਸਾਬਰੁ=ਸੰਤੋਖੀ, ਸਹਾਰੇ ਵਾਲਾ। ਸ਼ਹੀਦੁ=ਜੋ ਸਾਹਮਣੇ ਹੋਕੇ ਮਰੇ।
(ਕਾਰੇ ਜੋਵਣਾ=ਹਰ ਸਮੇਂ ਟਹਿਲ ਕਰੇ। ਜਦੀਦ=ਨਵਾਂ, ਤਾਜ਼ਾ।
(ਸੰਜੀਦ=ਵਜ਼ਨਦਾਰ, ਭਾਵ ਗਹਿਰ ਗੰਭੀਰ। ਰਸੀਦ=ਪਹੁੰਚਣਾ।
(ਮੁਮਾਰਖ=ਵਧਾਈਆਂ। ਮੁਬਾਰਕਾਂ। ਪੁੱਗ=ਪੂਰਨ (ਚੰਦ੍ਰਮਾਂ) ਹੋ ਜਾਣਾ।

**ਅਰਥ**-੧.ਚੇਲਾ (ਸੰਸਾਰ ਥੋਂ) ਮਰਕੇ ਹੁੰਦਾ ਹੈ, ਗੱਲਾਂ ਨਾਲ ਨਹੀਂ ਹੁੰਦਾ। ੨.ਸੰਤੋਖੀ, ਸੱਚ ਪੁਰ ਸ਼ਹੀਦ, ਭਰਮ ਤੇ ਡਰ ਨੂੰ ਦੂਰ ਕਰਕੇ (ਹੁੰਦਾ ਹੈ)। ੩.ਮੁੱਲ ਖਰੀਦੀ ਗੁਲਾਮ ਹੋਵੇ (ਹਰ ਵੇਲੇ) ਟਹਿਲ ਵਿਖੇ ਜੁੜਿਆ ਰਹੇ। ੪.(ਆਪਣੇ ਸਰੀਰ ਦੀ) ਉਹ ਨਾਂ ਭੁੱਖ ਤੇ ਨਾਂ ਨੀਂਦ ਦੀ (ਪਰਵਾਹ ਕਰੇ) ਤੇ ਨਾਂ ਸੌਣ ਤੇ ਖਾਣ ਦੀ। ੫.ਤਾਜ਼ਾ ਆਟਾ ਪੀਹੇ, ਪਾਣੀ ਢੋਵੇ। ੬.(ਗੁਰੂ ਦੇ) ਤਾਕੀਦ ਨਾਲ ਚਰਨ ਮਲਕੇ ਧੋਵੇ ਤੇ ਪੱਖਾ ਝੱਲੇ। ੭.ਸੇਵਕ ਗੰਭੀਰ ਹੋਵੇ, ਨਾ ਹੱਸੇ ਨਾ ਰੋਵੇ (ਭਾਵ ਗੁਰੂ ਦਾ ਭਾਣਾ ਮੰਨੇ- **'ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ'**)। ੮.(ਇਸ ਪ੍ਰਕਾਰ) ਜੋ ਦਰ ਦਾ ਦਰਵੇਸ਼ ਹੋਕੇ ਪਹੁੰਚੇ (ਉਹ) ਪਿਰੀ ਦੇ (ਰਸ=) ਪ੍ਰੇਮ ਵਿਖੇ ਭਿੱਜੇਗਾ। ੯.ਈਦ ਦੇ ਚੰਦ ਵਾਂਙੂ ਵਧਾਈਆਂ ਮਿਲਨਗੀਆਂ ਕੇ (ਪੁੱਨਯਾਂ ਦੇ ਚੰਦ ਵਾਂਙੂ) ਪੁੱਗ ਖਲੋਊ (ਭਾਵ ਪੂਰਨ ਹੋ ਜਾਊ)।

---

*ਪਾ:--ਜ਼ਹੀਦੁ।

**ਭਾਵ**-ਮੁਰੀਦ ਉਹ ਹੈ ਜੋ ਮੁਰਦਾ ਹੋ ਰਹੇ, ਆਪਾ ਭਾਵ ਨ ਜਣਾਵੇ। "**ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ॥**"* ਪੁਨਾ:- "**ਸਿਰੁ ਧਰਿ ਤਲੀ ਗਲੀ ਮੇਰੀ ਆਉ॥**"†. ਤਥਾ:-"**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥**"‡.

ਜਦ ਚੰਦ ਈਦ ਦਾ ਚੜ੍ਹਦਾ ਹੈ ਮੁਸਲਮਾਨਾਂ ਵਿਖੇ ਵਡੀਆਂ ਵਧਾਈਆਂ ਹੁੰਦੀਆਂ ਹਨ ਤੇ ਹਿੰਦੂ ਲੋਕ ਚੜ੍ਹਦੇ ਚੰਦ ਨੂੰ ਮੱਥਾ ਟੇਕਦੇ ਹਨ, ਓਹੀ ਫੇਰ ਪੂਰਨ ਚੰਦ ਬਣ ਜਾਂਦਾ ਹੈ, ਭਾਵ ਪੁੱਗ ਜਾਂਦਾ ਹੈ। ਗੱਲ ਕੀ ਆਪ ਨੂੰ ਛੋਟਾ ਹੀ ਕਹਾਉਣਾ ਚਾਹੀਦਾ ਹੈ ਤੇ ਮੁਰਦਾ ਹੋ ਕੇ ਸਤਿਸੰਗ ਵਿਚ ਵਜਾਪਕ ਜਾਣਕੇ ਗੁਰੂ ਦੀ ਸੇਵਾ ਕਮਾਉਣੀ ਚਾਹੀਦੀ ਹੈ, ਤਦ ਕਮਾਲ ਨੂੰ ਪਹੁੰਚੀਦਾ ਹੈ।

## ੧੯. (ਮੁਰੀਦ ਕੀ ਕਰੇ ?)।

੧. ਪੈਰੀ ਪੈ ਪਾਖਾਕੁ ਮੁਰੀਦੈ ਥੀਵਣਾ।
੨. ਗੁਰ ਮੂਰਤਿ ਮੁਸਤਾਕੁ ਮਰਿ ਮਰਿ ਜੀਵਣਾ।
੩. ਪਰਹਰਿ ਸਭੇ ਸਾਕ ਸੁਰੰਗ ਰੰਗੀਵਣਾ।
੪. ਹੋਰ ਨ ਝਖਣੁ ਝਾਕ ਸਰਣਿ ਮਨੁ ਸੀਵਣਾ।
੫. ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ।
੬. ਮਸਕੀਨੀ ਅਉਤਾਕੁ ਅਸਥਿਰੁ ਥੀਵਣਾ।
੭. ਦਸ ਅਓਰਾਤਿ ਤਲਾਕ ਸਹਿਜ ਅਲੀਵਣਾ।
੮. ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ।
੯. ਸਬਦ ਸੁਰਤਿ ਹੁਸਨਾਕ ਪਾਰਿ ਪਰੀਵਣਾ ॥੧੯॥

**ਪਦਾਰਥ**-(ਪਾਖਾਕੁ=ਚਰਨ ਧੂੜ। ਮੁਸਤਾਕੁ=ਪ੍ਰੇਮੀ। ਝਾਕ=ਪਰਾਈ ਆਸ।
(ਅਉਤਾਕੁ=ਰਿਹਾਇਸ਼। ਦਸ ਅਉਰਾਤ=ਦਸ ਔਰਤਾਂ, ਭਾਵ ਇੰਦ੍ਰੀਆਂ।
(ਅਲੀਵਣਾ=ਸਮਾਉਣਾ। ਹੁਸਨਾਕ=ਫ਼ਾ: ਹੌਸ਼ਨਾਕ।ਪੰਜਾਬੀ ਹੁਸ਼ਨਾਕ=ਹੁਸ਼ਿਆਰ।

**ਅਰਥ**-੧.ਮੁਰੀਦ (ਨੂੰ ਚਾਹੀਏ ਗੁਰੂ ਦੀ) ਪੈਰੀਂ ਪੈ ਕੇ, ਚਰਨ ਧੂੜ ਬਣੇ। ੨.ਗੁਰੂ ਮੂਰਤ ਦਾ ਮੁਸ਼ਤਾਕ (=ਆਸ਼ਿਕ ਜਾਂ ਪ੍ਰੇਮੀ) ਰਹੇ, (ਰੱਬ ਦੇ ਪਾਸਿਓਂ) ਮੋਇਆ (ਹੋਇਆ) ਜੀਵੇ (ਤੇ ਸੰਸਾਰ ਵਲੋਂ) ਮਰੇ। ੩.ਸਾਰੇ ਸਾਕਾਂ ਨੂੰ ਛੱਡਕੇ (ਇਕ ਭਗਤੀ ਦੇ) ਸੁਹਣੇ ਰੰਗ ਵਿਖੇ ਰੰਗਿਆ ਰਹੇ। ੪.ਹੋਰ ਝਾਕਾਂ ਵੱਲ ਨਾ ਝਖਾਂ ਮਾਰੇ, (ਇਕ ਹਰੀ ਦੀ) ਸ਼ਰਣ (ਵਿਖੇ) ਮਨ ਨੂੰ ਸੀਉਂ ਛੱਡੇ। ੫.ਪਿਰੀ ਦੇ ਪਿਆਲੇ ਦੇ ਪਵਿਤ੍ਰ ਅੰਮ੍ਰਿਤ ਰਸ ਨੂੰ ਪਾਨ ਕਰੇ। ੬.ਗਰੀਬੀ ਵਿਖੇ ਰਿਹਾਇਸ਼ ਰਖੇ, (ਤਾਂ) ਚਿਰੰਜੀਵ ਹੋ ਜਾਊ। ੭.ਦਸ ਇੰਦ੍ਰੀਆਂ ਨੂੰ ਤਲਾਕ ਦੇਵੇ (ਤਾਂ) ਸਹਿਜ ਵਿਚ ਸਮਾਵੇਗਾ। ੮.ਗੁਰੂ ਵਾਕਾਂ ਵਿਖੇ ਸਾਵਧਾਨ ਰਹੇ, ਮਨ ਵਿਚ ਭਰਮ ਨਾ ਜਾਵੇ। ੯.ਸਬਦ ਦੀ ਗਜਾਤ ਦੀ ਹੁਸ਼ਿਆਰੀ (ਮੁਰੀਦ ਨੂੰ ਸੰਸਾਰ ਸਮੁੰਦਰੋਂ) ਪਾਰ ਕਰ ਦਿੰਦੀ ਹੈ।

**ਭਾਵ**- ਮੁਰੀਦ ਗੁਰੂ ਪਰਾਇਣ ਰਹੇ ਅਤੇ ਆਪ ਨੂੰ ਗ਼ਰੀਬ ਸਮਝੇ ਅਤੇ ਹੋਰ ਪਾਸੇ ਵਲ ਮਨ ਨਾ ਭਰਮਾਵੇ, ਅਨਿੰਨ ਭਗਤ ਰਹੇ। ਹੁਸ਼ਨਾਕ ਦੇ ਪਵਿਤ੍ਰ ਅਰਥ ਕਰਨੇ ਕੋਸ਼ ਦੇ ਵਿਰੁਧ ਹਨ। ਸ਼ਬਦ ਸੁਰਤ ਦਾ ਪ੍ਰੇਮੀ ਜੋ ਹੁਸ਼ਿਆਰ ਨਹੀਂ ਉਸ ਨੂੰ ਆਲਸ, ਨੀਂਦ ਤੇ ਸੰਕਲਪ ਵਿਕਲਪ ਦਬਾ ਲੈਂਦੇ ਹਨ।

*ਮਾਰੂ:ਮ:੧-੬ †ਸ:ਵਾ:ਤੇ ਵ-ਮ:੧-੨੦ ‡ਵਡ:ਮ:੧-੩

## ੨੦. (ਸਫਲ ਸਿੱਖ ਕੌਣ ਹੈ ?)

੧. ਸਤਿਗੁਰੂ ਸਰਣੀ ਜਾਇ ਸੀਸੁ ਨਿਵਾਇਆ।
੨. ਗੁਰ ਚਰਣੀ ਚਿਤੁ ਲਾਇ ਮਥਾ ਲਾਇਆ।
੩. ਗੁਰਮਤਿ ਰਿਦੈ ਵਸਾਇ ਆਪੁ ਗਵਾਇਆ।
੪. ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ।
੫. ਸਬਦ ਸੁਰਤਿ ਲਿਵਲਾਇ ਹੁਕਮੁ ਕਮਾਇਆ।
੬. ਸਾਧ ਸੰਗਤਿ ਭੈ ਭਾਇ ਨਿਜ ਘਰਿ ਪਾਇਆ।
੭. ਚਰਣ ਕਵਲ ਪਤੀਆਇ ਭਵਰੁ ਲੁਭਾਇਆ।
੮. ਸੁਖ ਸੰਪਟ ਪਰਚਾਇ ਅਪਿਓ ਪੀਆਇਆ।
੯. ਧੰਨ ਜਣੇਦੀ ਮਾਇ ਸਹਿਲਾ ਆਇਆ ॥੨੦॥੩॥

**ਪਦਾਰਥ**-(ਨਿਜ ਘਰ=ਸ੍ਵੈ ਸਰੂਪ। ਪਰਚਾਇ=ਪ੍ਰੇਮ ਕਰਕੇ। ਸਹਿਲਾ=ਸਫਲਾ।

**ਅਰਥ**-੧.(ਜਿਸ ਨੇ) ਸਤਿਗੁਰੂ ਦੀ ਸ਼ਰਨੀ ਜਾਕੇ ਸਿਰ ਨਿਵਾਇਆ। ੨.ਗੁਰੂ ਜੀ ਦੇ ਚਰਨਾਂ ਵਿਚ ਮਨ ਲਾਕੇ ਮੱਥਾ ਲਾਇਆ ਹੈ। (ਪ੍ਰੇਮ ਦਾ ਮੱਥਾ, ਦੇਖਾ ਦੇਖੀਦਾ ਨਹੀਂ)। ੩.ਗੁਰੂ ਦੀ ਮਤ ਨੂੰ ਰਿਦੇ ਵਿਚ ਵਸਾਕੇ ਆਪਾ (ਮਨਮਤਿ ਨੂੰ) ਗੁਆ ਦਿੱਤਾ। ੪.ਗੁਰੂ ਵਲ ਮੁਖ ਰਖਿਆ (ਸਨਮੁਖ ਰਿਹਾ) ਸਹਿਜ ਦਾ ਸੁਭਾਵ (ਕੀਤਾ), ਭਾਣੇ ਨੂੰ ਮਿੱਠਾ ਜਾਤਾ। ੫.ਸ਼ਬਦ ਵਿਖੇ ਸੁਰਤ ਲਾ ਕੇ (ਵਾਹਿਗੁਰੂ ਦੇ) ਹੁਕਮ ਨੂੰ ਕਮਾਇਆ, ੬.ਸਾਧ ਸੰਗਤ ਵਿਚ ਭੈ ਤੇ ਪ੍ਰੇਮ ਰੱਖਕੇ ਆਪਣਾ ਘਰ (ਸਰੂਪ) ਲੱਭ ਲੀਤਾ। ੭.(ਵਾਹਿਗੁਰੂ ਦੇ) ਚਰਣਾਂ ਕਵਲਾਂ ਤੇ ਪਤੀਜਕੇ ਭਵਰੇ ਵਾਂਙ ਲੁਭਤ ਹੋ ਗਿਆ। ੮.ਸੁਖ ਦੇ (ਸੰਪਟ) ਡੱਬੇ ਵਿਚੋਂ (ਸ਼ਬਦ ਦੇ ਰਤਨਾਂ ਨਾਲ) ਪਰਚਕੇ ਅੰਮ੍ਰਿਤ ਪੀਤਾ। ੯.(ਉਸ ਸਿਖ ਦੀ) ਜਣਨ ਵਾਲੀ ਮਾਤਾ ਧੰਨ ਹੈ (ਉਸਦਾ) ਆਉਣਾ ਸਫਲ ਹੈ।

# ਵਾਰ ੪.

ੴ ਸਤਿਗੁਰ ਪ੍ਰਸਾਦਿ ॥

## ੧.(ਵਸਤੂ ਨਿਰਦੇਸ਼ ਮੰਗਲ। ਮਨੁੱਖਾ ਦੇਹ ਸਫਲ ਕਿਵੇਂ ਹੈ?)

੧. ਓਅੰਕਾਰਿ ਅਕਾਰੁ ਕਰਿ ਪਉਣੁ ਪਾਣੀ ਬੈਸੰਤਰੁ ਧਾਰੇ।
੨. ਧਰਤਿ ਅਕਾਸ ਵਿਛੋੜਿਅਨੁ ਚੰਦੁ ਸੂਰੁ ਦੁਇ ਜੋਤਿ ਸਵਾਰੇ।
੩. ਖਾਣੀ ਚਾਰਿ ਬੰਧਾਨ ਕਰਿ ਲਖ ਚਉਰਾਸੀਹ ਜੂਨਿ ਦੁਆਰੇ।
੪. ਇਕਸ ਇਕਸ ਜੂਨਿ ਵਿਚਿ ਜੀਅ ਜੰਤੁ ਅਣਗਣਤ ਅਪਾਰੇ।
੫. ਮਾਣਸ ਜਨਮੁ ਦੁਲੰਭੁ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ।

੬. ਸਾਧਸੰਗਤਿ ਗੁਰਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ।
੭. ਪਰਉਪਕਾਰੀ ਗੁਰੂ ਪਿਆਰੇ ॥੧॥

**ਪਦਾਰਥ**-(ਵਿਛੋੜਿਅਨੁ = ਵਿਚ ਛੱਡਿਓ ਨੇ। ਦੁਆਰੇ = ਸਰੀਰ। ਦੁਲੰਭੁ = ਦੁਰਲਭ।

**ਅਰਥ**-੧.(ਵਾਹਗੁਰੂ ਨੇ) ਓਅੰਕਾਰ ਤੋਂ ਆਕਾਰ ਬਣਾਕੇ ਪੌਣ, ਪਾਣੀ; ਬੈਸੰਤਰ, (ਧਰਤੀ ਤੇ ਆਕਾਸ਼ ਪੰਜ ਮੂਲ ਪਦਾਰਥ) ਬਨਾਏ। ੨.(ਫੇਰ) ਧਰਤੀ ਨੂੰ ਆਕਾਸ਼ ਵਿਚ ਛੋੜਿਆ, ਚੰਦ ਤੇ ਸੂਰਜ (ਇਸ ਲਈ) ਦੋ ਜੋਤਾਂ ਸਵਾਰ (ਕੇ ਧਰੀਆਂ)। ੩.(ਫੇਰ) ਚਾਰ ਖਾਣੀਆਂ ਦਾ ਬੰਧਾਨ ਕਰਕੇ ਚੁਰਾਸੀ ਲੱਖ ਜੂਨ ਦੇ ਸਰੀਰ ਬਨਾਏ। ੪.ਇਕ ਇਕ ਜੂਨ ਵਿਚ ਅਨਗਿਣਤ ਤੇ ਅਪਾਰ ਜੀਵ ਜੰਤ ਹੀ ਬਨਾ ਦਿੱਤੇ। ੫.(ਸਭਨਾਂ ਵਿਚੋਂ) ਮਨੁੱਖਾ ਜਨਮ ਦੁਰਲੱਭ ਹੈ, ਇਹ ਜਨਮ ਸਫਲ ਹੈ (ਜੇ) ਗੁਰੂ ਦੀ ਸ਼ਰਨ ਲੈ ਕੇ (ਇਸ ਦਾ) ਉਧਾਰ ਕਰੇ। ੬.ਸਤਿਸੰਗ (ਕਰੇ), ਗੁਰ ਸ਼ਬਦ ਵਿਚ ਲਿਵ (ਜੋੜੇ), ਪ੍ਰੇਮਾ ਭਗਤੀ (ਕਮਾਵੇ ਤੇ) ਗੁਰੂ ਦਾ ਦਸਿਆ ਗਜਾਨ ਵੀਚਾਰੇ। ੭.ਪਰ ਉਪਕਾਰੀ ਹੋਵੇ ਤੇ ਗੁਰੂ ਨੂੰ ਪਜਾਰ ਕਰੇ।

## ੨. (ਨਿੰਮ੍ਰਤਾ)।

੧. ਸਭਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਈ ਓਡੀਣੀ।
੨. ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾ ਹੇਠਿ ਰਹੈ ਲਿਵਲੀਣੀ।
੩. ਸਾਧ ਜਨਾ ਦੇ ਚਰਣ ਛੁਹਿ ਆਢੀਣੀ ਹੋਈ ਲਾਖੀਣੀ।
੪. ਅੰਮ੍ਰਿਤ ਬੂੰਦ ਸੁਹਾਵਣੀ ਛਹਬਰ ਛਲਕ ਰੇਣ ਹੋਇ ਰੀਣੀ।
੫. ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ।
੬. ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।
੭. ਗੁਰਮੁਖਿ ਸੁਖ ਫਲੁ ਹੈ ਮਸਕੀਣੀ ॥੨॥

**ਪਦਾਰਥ**-(ਓਡੀਣੀ=ਨਿਮਾਣੀ। ਲਿਵਲੀਣੀ=ਪ੍ਰੀਤ ਰੱਖਦੀ ਹੈ।
(ਆਢੀਣੀ=ਅੱਧੇ ਦਾਮ ਦੀ, ਭਾਵ ਧੇਲੇ ਦੀ। ਲਾਖੀਣੀ=ਲੱਖਾਂ ਦੀ।
(ਛਹਬਰ ਛਲਕ=ਇਕ ਰਸ ਝੜੀ, ਪ੍ਰਵਾਹ। ਰੇਣ=ਧਰਤੀ।
(ਰੀਣੀ=ਰਜਦੀ ਹੈ। ਪਤੀਣੀ=ਪਤੀਜਨਾ। ਮਸਕੀਣੀ=ਗ਼ਰੀਬੀ।

**ਅਰਥ**-੧.ਸਭ ਤੋਂ ਨੀਵੀ ਧਰਤੀ ਹੈ; ਆਪਾ ਭਾਵ ਗਵਾਕੇ ਨਿਮਾਣੀ ਰਹਿੰਦੀ ਹੈ। ੨.ਧੀਰਜ ਤੇ ਸੰਤੋਖ ਦਾ ਧਰਮ ਪੱਕਾ ਰਖਦੀ ਹੈ, ਪੈਰਾਂ ਦੇ ਹੇਠ ਰਹਿਣ ਦੀ ਪ੍ਰੀਤੀ ਰਖਦੀ ਹੈ। ੩.ਸੰਤਾਂ ਦੇ ਚਰਨਾਂ ਨੂੰ ਸਪਰਸ਼ ਕਰਕੇ ਇਕ ਧੇਲੇ ਦੀ ਹੋਕੇ ਲੱਖਾਂ ਦੀ ਹੋ ਜਾਂਦੀ ਹੈ। ੪.ਨਿਰਮਲ ਬੂੰਦਾਂ ਦੀ ਸੁੰਦਰ ਇਕ ਰਸ (ਛਲਕ=) ਝੜੀ ਨਾਲ ਧਰਤੀ ਰਜਦੀ ਹੈ। ੫.ਨਿਮਾਣੀ ਨੂੰ ਮਾਣ ਮਿਲ ਜਾਂਦਾ ਹੈ, (ਪਿਰਮ=)ਈਸ਼੍ਵਰ ਦਾ (ਭੇਜਿਆ) ਪਿਆਲਾ ਪੀਕੇ ਪਤੀਜਦੀ ਹੈ (ਭਾਵ ਤ੍ਰਿਪਤ ਹੋ ਜਾਂਦੀ ਹੈ)। ੬.ਜੋ (ਕੋਈ ਉਸ ਵਿਖੇ ) ਬੀਜਦਾ ਹੈ ਓਹੋ ਵੱਢਦਾ ਹੈ, ਵਡੇ ਰਸਾਂ ਕਸਾਂ ਤੇ ਰੰਗਾਂ ਨਾਲ ਰੰਗੀ ਹੋਈ (ਜੋ ਇਹ ਧਰਤੀ ਹੈ)। ੭.ਗੁਰਮੁਖ ਲੋਕ ਸੁਖ ਫਲ ਗ਼ਰੀਬੀ ਵਿਖੇ (ਹੀ ਜਾਣਦੇ ਹਨ)।

**ਭਾਵ**-ਧਰਤੀ ਦਾ ਦ੍ਰਿਸ਼ਟਾਂਤ ਦੇਕੇ ਉਪਦੇਸ਼ ਕੀਤਾ ਹੈ, ਧਰਤੀ ਨਿਮਾਣੀ ਹੈ, ਨਿੰਮ੍ਰਤਾ ਰਖਦੀ ਹੈ। ਉਸ ਪਰ ਸੰਤ ਰਹਿੰਦੇ ਹਨ। ਸੰਤਾਂ ਦੇ ਸਪਰਸ਼ ਕਰਕੇ ਪਵਿੱਤ੍ਰ ਹੋ ਜਾਂਦੀ ਹੈ। ਫੇਰ ਆਕਾਸ਼ ਤੋਂ ਮੀਂਹ ਵਰ੍ਹਦੇ ਹਨ, ਧਰਤੀ ਤ੍ਰਿਪਤ ਹੋ ਜਾਂਦੀ ਹੈ। ਅਸਲ ਵਿਚ ਇਹ ਦ੍ਰਿਸ਼ਟਾਂਤ ਅੰਨਯੋਕਤੀ ਅਲੰਕਾਰ ਦੁਆਰਾ ਹੈ।

ਅੱਗੇ ਨਿੰਮ੍ਰਤਾ ਦੇ ਹੋਰ ਦ੍ਰਿਸ਼ਟਾਂਤ ਇਸੇ ਤਰ੍ਹਾਂ ਦੇ ਦੇਣਗੇ :-

## ੩. (ਚਰਨਾਂ ਦਾ ਦ੍ਰਿਸ਼ਟਾਂਤ)।

੧. ਮਾਣਸ ਦੇਹ ਸੁ ਖੇਹ ਹੈ ਤਿਸੁ ਵਿਚਿ ਜੀਭੈ ਲਈ ਨਕੀਬੀ।
੨. ਅਖੀ ਦੇਖਨਿ ਰੂਪ ਰੰਗ ਰਾਗ ਨਾਦ ਕੰਨ ਕਰਨਿ ਰਕੀਬੀ।
੩. ਨਕਿ ਸੁਵਾਸੁ ਨਿਵਾਸੁ ਹੈ ਪੰਜੇ ਦੂਤ ਬੁਰੀ ਤਰਤੀਬੀ।
੪. ਸਭਦੂੰ ਨੀਵੇ ਚਰਨ ਹੋਇ ਆਪ ਗਵਾਇ ਨਸੀਬੁ ਨਸੀਬੀ।
੫. ਹਉਮੈ ਰੋਗ ਮਿਟਾਇਦਾ ਸਤਿਗੁਰ ਪੂਰਾ ਕਰੇ ਤਬੀਬੀ।
੬. ਪੈਰੀ ਪੈ ਰਹਰਾਸਿ ਕਰਿ ਗੁਰ ਸਿਖ ਸੁਣਿ ਗੁਰ ਸਿਖਿ ਮਨੀਬੀ।
੭. ਮੁਰਦਾ ਹੋਇ ਮੁਰੀਦੁ ਗਰੀਬੀ ॥੩॥

**ਪਦਾਰਥ**-(ਨਕੀਬੀ=ਉਹ ਨੌਕਰ ਜੋ ਅੰਦਰ ਦੀ ਗੱਲ ਬਾਹਰ ਦੱਸੇ।(ਅ)ਆਵਾਜ਼ ਦੇਣਵਾਲਾ (ਵਾਲਾ ਨੌਕਰ। (ੲ)ਸਰਦਾਰੀ। ਰਕੀਬੀ=ਨਿਗਰਖਾਨੀ, ਰਾਖੀ। ਤਰਤੀਬੀ=ਕ੍ਰਮ ((ਅ) ਸਲਾਹ ਵਾਲੇ। ਨਸੀਬੁ ਨਸੀਬੀ=ਉਚੇ ਲੇਖਾਂ ਵਾਲੇ। ਤਬੀਬੀ=ਹਕੀਮੀ। (ਮਨੀਬੀ=ਮਨਨ ਕਰਨਾ।)

**ਅਰਥ**-੧.ਮਨੁੱਖ ਦੇਹ ਮਿੱਟੀ ਹੈ, ਉਸ ਵਿਖੇ ਜੀਭ ਨੇ ਨਕੀਬੀ ਦਾ ਕੰਮ ਲਿਆ ਹੈ। ੨.ਅੱਖਾਂ ਰੂਪ ਰੰਗ ਦੇਖਦੀਆਂ ਹਨ, ਰਾਗ ਨਾਦ ਦੀ ਕੰਨ ਰਾਖੀ ਕਰਦੇ ਹਨ (ਗੁਆਚਣ ਨਹੀਂ ਦੇਂਦੇ ਅੰਦਰ ਪਹੁੰਚਾਉਂਦੇ ਹਨ)। ੩.ਨੱਕ ਦਾ ਚੰਗੀਆਂ ਵਾਸ਼ਨਾ ਵਿਚ ਧਿਆਨ ਹੈ, ਪੰਜੇ ਦੂਤ (ਅਰਥਾਤ ਸ਼ਬਦ, ਸਪਰਸ਼, ਰੂਪ, ਰਸ, ਗੰਧ) ਭੈੜੀ ਤਰਤੀਬ (ਸਲਾਹ ਯਾ ਕ੍ਰਮ) ਵਾਲੇ ਹਨ। (ਭਾਵ ਕੰਨ ਸ਼ਬਦ ਨੂੰ, ਤੁਚਾ ਸਪਰਸ਼ ਨੂੰ, ਰੂਪ ਨੇਤ੍ਰ ਨੂੰ, ਜੀਭ ਰਸ ਨੂੰ, ਨਕ ਗੰਧ ਨੂੰ ਚਾਹੁੰਦੇ ਹਨ)। ੪.ਸਾਰੀਆਂ (ਗਿਆਨ ਇੰਦ੍ਰੀਆਂ) ਨਾਲੋਂ ਚਰਨ ਨੀਵੇਂ ਹੋਏ, (ਇਹ) ਆਪਾ ਭਾਵ ਗਵਾਕੇ (ਉਚੇ) ਨਸੀਬਾਂ ਨਾਲ ਭਾਗਾਂ ਵਾਲੇ ਹਨ। ੫.ਸਤਿਗੁਰੂ ਜੀ ਪੂਰਨ ਹਕੀਮੀ ਕਰਕੇ ਹਉਮੈ ਦੇ ਰੋਗ ਨੂੰ ਮਿਟਾ ਦਿੰਦੇ ਹਨ। ੬.ਪੈਰੀਂ ਪੈਣ ਦੀ ਰਾਹ ਰੀਤ ਕਰਕੇ ਗੁਰ ਸਿੱਖਯਾ ਨੂੰ ਸੁਣ ਕੇ ਗੁਰੂ ਦੇ ਸਿਖ ਮਨਨ ਕਰਦੇ ਹਨ (ਭਾਵ ਧਾਰਨ ਕਰਦੇ ਹਨ)। ੭.ਜੋ ਗ਼ਰੀਬ ਮੁਰਦਾ ਹੋ ਜਾਵੇ ਉਹ ਮੁਰੀਦੀ (ਸਿੱਖੀ ਦੇ ਜੋਗ ਹੁੰਦਾ ਹੈ)।

**ਭਾਵ**-ਜੀਭ, ਨੱਕ, ਕੰਨ, ਅੱਖਾਂ ਆਦਿ ਉਚੇ ਥਾਉਂ ਤੇ ਹਨ, ਪਰ ਏਹ ਪੰਜਾਂ ਵਿਸ਼ਿਆਂ ਦੇ ਅਧੀਨ ਹੋ ਜਾਂਦੇ ਤੇ ਉਨ੍ਹਾਂ ਦੀ ਪੂਰਨਤਾ ਕਰਦੇ ਹਨ; ਪਰ ਪੈਰ ਸਭ ਤੋਂ ਨੀਵੇਂ, ਸਾਰੇ ਸਰੀਰ ਦਾ ਕੰਮ ਸੁਆਰਦੇ ਹਨ, ਸਤਿਸੰਗ ਪਾਸ ਤੁਰਕੇ ਜਾਂਦੇ ਹਨ ਅਰ ਗੁਰੂ ਹਉਮੈ ਰੋਗ ਕਟ ਦੇਂਦਾ ਹੈ। ਇਨ੍ਹਾਂ ਹੀ ਪੈਰਾਂ ਤੇ ਫੇਰ ਮੱਥਾ ਟੇਕੀਦਾ ਹੈ; ਐਉਂ ਮੁਰਦਾ ਹੋਕੇ ਮੁਰੀਦ ਗ਼ਰੀਬ ਬਣੋ।

## ੪. (ਚੀਚੀ ਅੰਗੁਲੀ ਆਦਿ ਦਾ ਦ੍ਰਿਸ਼ਟਾਂਤ)।

੧. ਲਹੁੜੀ ਹੋਇ ਚੀਚੁੰਗਲੀ ਪੈਧੀ ਛਾਪਿ ਮਿਲੀ ਵਡਿਆਈ।
੨. ਲਹੁੜੀ ਘਨਹਰ ਬੂੰਦ ਹੁਇ ਪਰਗਟੁ ਮੋਤੀ ਸਿਪ ਸਮਾਈ।
੩. ਲਹੁੜੀ ਬੂਟੀ ਕੇਸਰੈ ਮਥੈ ਟਿਕਾ ਸੋਭਾ ਪਾਈ।
੪. ਲਹੁੜੀ ਪਾਰਸ ਪਥਰੀ ਅਸਟ ਧਾਤੁ ਕੰਚਨ ਕਰਵਾਈ।
੫. ਜਿਉ ਮਣਿ ਲਹੁੜੇ ਸਪ ਸਿਰਿ ਦੇਖੈ ਲੁਕਿ ਲੁਕਿ ਲੋਕ ਲੁਕਾਈ।
੬. ਜਾਣਿ ਰਸਾਇਣ ਪਾਰਿਅਹੁ ਰਤੀ ਮੁਲਿ ਨ ਜਾਇ ਮੁਲਾਈ।
੭. ਆਪੁ ਗਵਾਇ ਨ ਆਪੁ ਗਣਾਈ ॥੪॥

**ਪਦਾਰਥ**-(ਲਹੁੜੀ=ਨਿੱਕੀ। ਸੋਭਾ=ਵਡਯਾਈ। ਪੱਥਰੀ=ਗੀਟ੍ਟੀ। ਲੁਕਾਈ=ਸ੍ਰਿਸ਼ਟੀ।)

**ਅਰਥ**-੧.(ਜਿਵੇਂ) ਨਿੱਕੀ ਚੀਚੀ ਅੰਗੁਲੀ ਨੂੰ ਛਾਪਾਂ ਪਾਉਣ ਦੀ ਵਡਿਆਈ ਮਿਲਦੀ ਹੈ। ੨.ਨਿੱਕੀ

ਬੱਦਲ ਦੀ ਬੂੰਦ ਹੋਕੇ ਸਿੱਪ ਵਿਚ (ਜਦ) ਸਮਾਉਂਦੀ ਹੈ, ਪ੍ਰਗਟ ਮੋਤੀ ਹੋਕੇ (ਨਿਕਲਦੀ ਹੈ)। ੩.ਕੇਸਰ ਦੀ ਬੂਟੀ ਨਿੱਕੀ ਹੋਈ (ਤਾਂ) ਮੱਥੇ ਵਿਚ ਟਿੱਕਾ ਹੋਕੇ ਵਡਯਾਈ ਪਾਈ। ੪.ਨਿੱਕੀ ਪਾਰਸ ਦੀ ਗੀਟੀ ਅੱਠਾਂ ਧਾਤਾਂ ਨੂੰ ਸੋਨਾ ਕਰਦੀ ਹੈ। ੫.ਜਿੱਕੂੰ ਮਣੀ ਸੱਪ ਦੇ ਸਿਰ ਵਿਖੇ ਨਿੱਕੀ ਹੁੰਦੀ ਹੈ, ਉਸ ਨੂੰ ਲੁਕ ਲੁਕ ਕੇ ਸ੍ਰਿਸ਼ਟੀ ਦੇ ਲੋਕ ਦੇਖਦੇ ਹਨ। ੬.ਪਾਰੇ ਦੀ ਰਸਾਇਣ ਥੋਂ ਜੋ ਰਤੀ ਬਣਦੀ ਹੈ (ਕਿਸੇ)ਮੁੱਲ ਨਾਲ ਨਹੀਂ ਬਰਾਬਰੀ ਕਰਦੀ (ਭਾਵ ਅਮੋਲਕ ਚੀਜ਼ ਹੋ ਜਾਂਦੀ ਹੈ)। ੭.ਜੋ ਆਪਾ ਭਾਵ ਗਵਾਉਂਦੇ ਹਨ (ਉਹ) ਆਪਣਾ ਆਪ ਨਹੀਂ ਗਿਣਾਉਂਦੇ।

**ਭਾਵ**-ਚੀਚੀ, ਸ੍ਵਾਂਤਿ ਬੂੰਦ, ਕੇਸਰ, ਪਾਰਸ, ਮਣੀ, ਰਸਾਇਣ ਦੇ ਦ੍ਰਿਸ਼ਟਾਂਤ ਤੋਂ ਨਿੰਮ੍ਰਤਾ ਦਾ ਉਪਦੇਸ਼ ਹੈ ਕਿ ਸਿਖ ਐਉਂ ਨੀਵਾਂ ਹੋਵੇ, ਦਿਲੋਂ ਨਿਮਾਣਾ ਬਣੇ।

## ੫. (ਅੱਗ ਅਤੇ ਜਲ ਤੋਂ ਨਿੰਮ੍ਰਤਾ)।

੧. ਅਗ ਤਤੀ ਜਲੁ ਸੀਅਲਾ ਕਿਤੁ ਅਵਗੁਣਿ ਕਿਤੁ ਗੁਣ ਵੀਚਾਰਾ।
੨. ਅਗੀ ਧੂਆਂ ਧਉਲਹਰ ਜਲੁ ਨਿਰਮਲ ਗੁਰ ਗਿਆਨ ਸੁਚਾਰਾ।
੩. ਕੁਲ ਦੀਪਕੁ ਬੈਸੰਤਰਹੁ, ਜਲ ਕੁਲ ਕਵਲ ਵਡੇ ਪਰਵਾਰਾ।
੪. ਦੀਪਕ ਹੇਤ ਪਤੰਗ ਦਾ ਕਵਲ ਭਵਰ ਪਰਗਟੁ ਪਾਹਾਰਾ।
੫. ਅਗੀ ਲਾਟ ਉਚਾਟ ਹੈ ਸਿਰੁ ਉਚਾ ਕਰਿ ਕਰੈ ਕੁਚਾਰਾ।
੬. ਸਿਰੁ ਨੀਵਾ ਨੀਵਾਣ ਵਾਸੁ ਪਾਣੀ ਅੰਦਰਿ ਪਰਉਪਕਾਰਾ।
੭. ਨਿਵ ਚਲੈ ਸੋ ਗੁਰੂ ਪਿਆਰਾ ॥੫॥

**ਪਦਾਰਥ**-(ਤੱਤੀ=ਗਰਮ। ਸੀਅਲਾ=ਠੰਢਾ। ਧਉਲਹਰ=ਮੰਦਰ।)
(ਕੁਲ=ਸਮੂਹ। ਪਹਾਰਾ=ਸੰਸਾਰ। ਉਚਾਟ=ਘਬਰਾਹਟ।)

**ਅਰਥ**-੧.ਅੱਗ ਕਿਸ ਅਵਗੁਣ ਕਰਕੇ ਤੱਤੀ (ਭਾਵ ਤਮੋਗੁਣੀ ਹੈ ਅਤੇ) ਜਲ ਕਿਸ ਗੁਣ (ਕਰਕੇ) ਸੀਤਲ (ਭਾਵ ਸਤੋਗੁਣੀ) ਹੈ? ੨.ਅੱਗ ਮੰਦਰ ਨੂੰ (ਕਿਉਂ) ਧੂੰਆਂ ਕਰਦੀ (ਭਾਵ ਮੈਲਾ ਕਰਦੀ ਹੈ) ਤੇ ਪਾਣੀ (ਕਿਉਂ) ਨਿਰਮਲ ਕਰਦਾ ਹੈ ? ਗੁਰੂ ਦੇ ਗਿਆਨ ਨਾਲ (ਏਸਦਾ) ਵੀਚਾਰ ਕਰੋ। ੩.ਅੱਗ ਦੀ ਕੁਲ ਦਾ (ਬਲਿਆ ਹੋਇਆ) ਦੀਵਾ (ਛੋਟਾ ਤੇ ਬੁਝਿਆ ਹੋਇਆ ਵਡਾ ਕਹਿੰਦੇ ਹਨ) ਤੇ ਜਲ ਦੀ ਕੁਲ ਕਵਲ ਫੁਲ (ਦੋਹਾਂ ਦੇ) ਵੱਡੇ ਪਰਿਵਾਰ ਹਨ। ੪.ਦੀਵੇ ਵਿਚ ਪਤੰਗ ਦਾ ਪਿਆਰ ਹੈ ਤੇ ਕਵਲਾਂ ਵਿਖੇ ਭੌਰਿਆਂ ਦਾ ਪਿਆਰ ਹੈ; (ਪਰ) ਸੰਸਾਰ ਵਿਖੇ ਪ੍ਰਗਟ ਹੈ (ਕਿ ਪਤੰਗ ਦੀਵੇ ਤੇ ਸੜ ਮਰਦਾ ਹੈ, ਤੇ ਭੌਰਾ ਮਸਤ ਹੋਕੇ ਗੁੰਜਾਰ ਕਰਦਾ ਹੈ)। ੫.ਅੱਗ ਦੀ ਲਾਟ ਵਿਖੇ ਘਬਰਾਹਟ ਹੈ (ਕਿਉਂ ਜੋ) ਸਿਰ ਉੱਚਾ ਕਰਕੇ ਕੁਕਰਮ ਕਰਦੀ ਹੈ (ਭਾਵ ਜਿਸ ਨੂੰ ਲੱਗੇ, ਸਾੜ ਦੇਂਦੀ ਹੈ)। ੬.ਪਾਣੀ ਦਾ ਸਿਰ ਨੀਵਾਂ ਹੈ ਤੇ ਨੀਵੇਂ ਥਾਉਂ ਪਰ ਵਾਸ ਕਰਦਾ ਹੈ (ਇਉਂ) ਪਾਣੀ ਵਿਚ ਪਰਉਪਕਾਰ ਹੈ। ੭.ਜੋ ਨਿਵਕੇ ਚਲਦਾ ਹੈ ਉਹ (ਸਿਖ) ਗੁਰੂ ਨੂੰ ਪਿਆਰਾ ਹੈ।

**ਭਾਵ**-ਜਲ ਤੇ ਅੱਗ ਤੋਂ ਉਪਦੇਸ਼ ਕੱਢਿਆ ਹੈ। ਇਸੇ ਤਰ੍ਹਾਂ ਦੇ ਉਪਦੇਸ਼ 'ਨਯਾਯ ਦੀ ਯੁਕਤੀ' ਨਹੀਂ ਹੁੰਦੇ ਪਰ ਇਹ ਉਦਾਹਰਨਾਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਜਗਿਆਸੂ ਨੂੰ ਸਮਝਾਉਣ ਵਾਸਤੇ ਉਪਦੇਸ਼ ਕੱਢੇ ਜਾਂਦੇ ਹਨ। ਏਹ ਕਈ ਵੇਰ ਅੰਨਯੋਕਤੀ ਅਲੰਕਾਰ ਦੀ ਸ਼ਕਲ ਵਿਚ, ਕਈ ਵੇਰ ਦ੍ਰਿਸ਼ਟਾਂਤ ਦੀ ਸ਼ਕਲ ਵਿਚ, ਕਈ ਵੇਰ ਕਿਸੇ ਹੋਰ ਅਲੰਕਾਰ ਦੁਆਰਾ ਕਵੀ ਜਨ ਵਰਣਨ ਕਰਦੇ ਹਨ। ਹੁੰਦੇ ਏਹ ਸੱਚ ਹਨ, ਪਰ 'ਕਾਵਯ ਦੀ ਯੁਕਤੀ' ਅਰ 'ਅਲੰਕਾਰ' ਜੁਦਾ ਜੁਦਾ ਚੀਜ਼ਾਂ ਹਨ। ਦੋਵੇਂ ਉਪਮਾ ਯੋਗ ਹਨ, ਪਰ ਕਈ ਘੱਟ ਪੜ੍ਹੇ ਲੋਕ ਦੋਹਾਂ ਦਾ ਫਰਕ ਨਾ ਜਾਣਕੇ, ਸਭਾ ਵਿਚ ਮਾਨ ਭੰਗ ਪ੍ਰਾਪਤ ਕਰਦੇ ਹਨ।

ਭਾਈ ਗੁਰਦਾਸ ਜੀ ਦੀ ਵਾਕਫੀਯਤ ਤੇ ਬਾਰੀਕਬੀਨੀ ਬੜੀ ਅਜੀਬ ਹੈ। ਹੰਕਾਰੀ ਆਦਮੀ ਲੋਕਾਂ ਦੇ ਦਿਲ ਸਾੜਦੇ ਹਨ ਤੇ ਨਿੰਮ੍ਰਤਾ ਵਾਲੇ ਠੰਢਾ ਕਰਦੇ ਹਨ। ਇਸ ਸੁਭਾਵ ਦੇ ਦ੍ਰਿਸ਼ਟਾਂਤ ਲਈ ਅੱਗ ਤੇ ਪਾਣੀ ਲੱਭਾ ਹੈ। ਅੱਗ ਦੀ ਲਾਟ ਦਾ ਉਚਿਆਂ ਜਾਣਾ ਉਸ ਦੀ ਹੰਕਾਰ ਨਾਲ ਉਪਮਾ ਤੇ ਜਲ ਦਾ ਨਿਵਾਣ ਵੱਲ ਰੁਖ ਕਰਨਾ ਉਸ ਦੀ ਨਿਮ੍ਰਤਾ ਦੀ ਉਪਮਾ ਲੈ ਕੇ ਦ੍ਰਿਸ਼ਟਾਂਤ ਬੰਨ੍ਹ ਦਿੱਤਾ ਹੈ।

## ੬. (ਮਜੀਠ-ਕਸੁੰਭੇ ਤੋਂ ਉਪਦੇਸ਼)।

੧. ਰੰਗ ਮਜੀਠ ਕਸੁੰਭ ਦਾ ਕਚਾ ਪਕਾ ਕਿਤੁ ਵੀਚਾਰੇ।
੨. ਧਰਤੀ ਉਖਣਿ ਕਢੀਐ ਮੂਲ ਮਜੀਠ ਜੜੀ ਜੜਤਾਰੇ।
੩. ਉਖਲ ਮੁਹਲੇ ਕੁਟੀਐ ਪੀਹਣਿ ਪੀਸੈ ਚਕੀ ਭਾਰੇ।
੪. ਸਹੈ ਅਵਟਣੁ ਅਗ ਦਾ ਹੋਇ ਪਿਆਰੀ ਮਿਲੈ ਪਿਆਰੇ।
੫. ਪੋਹਲੀਅਹੁ ਸਿਰੁ ਕਢਿਕੈ ਫੁਲੁ ਕਸੁੰਭ ਚਲੁੰਭ ਖਿਲਾਰੇ।
੬. ਖਟ ਤੁਰਸੀ ਦੇ ਰੰਗੀਐ ਕਪਟ ਸਨੇਹੁ ਰਹੈ ਦਿਹ ਚਾਰੇ।
੭. ਨੀਵਾ ਜਿਣੈ ਉਚੇਰਾ ਹਾਰੇ ॥੬॥

**ਪਦਾਰਥ**-(ਉਖਣਿ=ਪੁੱਟਣਾ। ਜੜਤਾਰੇ=ਜੜਤੀ। ਉਖਲ=ਚੱਟੂ। ਪੀਹਣਿ=ਚੱਕੀ ਵਾਲਾ। (ਅਵਟਣੁ=ਉਬਾਲੇ। ਪੋਹਲੀਅਹੁ=ਡੋਡੀਆਂ ਥੋਂ। ਚਲੁੰਭ=ਗਾੜ੍ਹਾ ਰੰਗ।

**ਅਰਥ**-੧. ਮਜੀਠ ਤੇ ਕਸੁੰਭੇ ਦਾ ਰੰਗ ਕਿਸ ਵੀਚਾਰ ਕਰਕੇ ਪੱਕਾ ਤੇ ਕੱਚਾ ਹੈ। ? ੨. (ਮਜੀਠ) ਧਰਤੀ ਨੂੰ ਪੁੱਟ ਕੇ ਕੱਢੀਦੀ ਹੈ, ਮਜੀਠ ਦਾ ਮੁੱਢ ਜੜਤੀ ਨਾਲ ਜੜਿਆ ਹੁੰਦਾ ਹੈ। ੩. ਚੱਟੂ ਵਿਚ ਪਾ ਕੇ ਮੋਹਲੇ ਨਾਲ ਕੁੱਟੀਦੀ ਹੈ (ਫੇਰ) ਪੀਹਣ ਵਾਲਾ ਚੱਕੀ ਦੇ ਭਾਰ ਨਾਲ ਪੀਸਦਾ ਹੈ। ੪.ਅੱਗ ਦੇ ਉਬਾਲੇ ਸਹਾਰਦੀ ਹੈ (ਫੇਰ) ਪਿਆਰੀ ਹੋ ਕੇ ਪਿਆਰੇ ਨਾਲ ਮਿਲਦੀ ਹੈ ਪੋਡੰਡੀਆਂ ਥੋਂ ਸਿਰ ਕੱਢਕੇ ਕੁਸੰਭੇ ਦਾ ਫੁੱਲ ਗਾੜ੍ਹਾ ਰੰਗ ਦੱਸਦਾ ਹੈ। ੬.ਖੱਟਿਆਂ ਦੀ ਖਟਿਆਈ ਪਾਕੇ ਰੰਗੀਦਾ ਹੈ, ਝੂਠਾ ਪ੍ਰੇਮ ਚਾਰ ਦਿਨ ਹੀ ਰਹਿੰਦਾ ਹੈ (ਭਾਵ ਰੰਗ ਕੱਚਾ ਹੋਣ ਕਰਕੇ ਰਹਿੰਦਾ ਨਹੀਂ)। ੭.ਨਿਮ੍ਰਤਾ ਵਾਲਾ ਜਿੱਤ ਜਾਂਦਾ ਹੈ ਤੇ ਉੱਚਾ (ਹੋਣ ਵਾਲਾ) ਹਾਰ ਜਾਂਦਾ ਹੈ।

**ਭਾਵ**-ਇਥੇ ਬੀ ਉਹੋ ਨਿੰਮ੍ਰਤਾ ਦਾ ਉਪਦੇਸ਼ ਮਜੀਠ ਤੇ ਕਸੁੰਭੇ ਤੋਂ ਲਿਆ ਹੈ। ਮਜੀਠ ਜੜ੍ਹ ਹੁੰਦੀ ਹੈ, ਧਰਤੀ ਵਿਚੋਂ ਨਿਕਲਦੀ ਹੈ, ਨਿੰਮ੍ਰਤਾ ਦਾ ਰੂਪਕ ਹੈ, ਤੇ ਕਸੁੰਭੇ ਦੀਆਂ ਤੁਰੀਆਂ ਸਿਰੇ ਤੋਂ ਨਿਕਲਦੀਆਂ ਆਕੜ ਦਾ ਰੂਪਕ ਹਨ। ਇਕ ਦਾ ਰੰਗ ਪੱਕਾ ਤੇ ਇਕ ਦਾ ਕੱਚਾ ਹੈ।

## ੭. (ਕੀੜੀ-ਮਕੜੀ ਆਦਿ)।

੧. ਕੀੜੀ ਨਿਕੜੀ ਚਲਤ ਕਰ ਭ੍ਰਿੰਗੀ ਨੋ ਮਿਲਿ ਭ੍ਰਿੰਗੀ ਹੋਵੈ।
੨. ਨਿਕੜੀ ਦਿਸੈ ਮਕੜੀ ਸੂਤੁ ਮੁਹਹੁ ਕਢਿ ਫਿਰਿ ਸੰਗੋਵੈ।
੩. ਨਿਕੜੀ ਮਖਿ ਵਖਾਣੀਐ ਮਾਖਿਓ ਮਿਠਾ ਭਾਗਠੁ ਹੋਵੈ।
੪. ਨਿਕੜਾ ਕੀੜਾ ਆਖੀਐ ਪਟ ਪਟੋਲੇ ਕਰਿ ਢੰਗ ਢੋਵੇ।
੫. ਗੁਟਕਾ ਮੁਹ ਵਿਚਿ ਪਾਇਕੈ ਦੇਸ ਦਿਸੰਤਰਿ ਜਾਇ ਖੜੋਵੈ।
੬. ਮੋਤੀ ਮਾਣਕ ਹੀਰਿਆ ਪਾਤਿਸਾਹੁ ਲੈ ਹਾਰੁ ਪਰੋਵੈ।
੭. ਪਾਇ ਸਮਾਇਣੁ ਦਹੀ ਬਿਲੋਵੈ ॥੭॥

**ਪਦਾਰਥ**-(ਮਕੜੀ=ਕਹਿਣਾ। ਸੰਗੋਵੈ=ਨਿਗਲਨਾ। ਭਾਗਠ=ਧਨ ਪਾਤ੍ਰ। (ਢੰਗ ਢੋਵੈ=ਵਿਆਹ ਵਿਖੇ ਢੋਵਣਾ। ਸਮਾਇਣ=ਜਾਗ। ਬਿਲੋਵੈ=ਰਿੜਕੇ॥


www.sikhbookclub.com

**ਅਰਥ**-੧.ਨਿੱਕੀ ਕੀੜੀ ਭ੍ਰਿੰਗੀ ਕੀੜੇ ਨਾਲ ਮਿਲਕੇ ਇਕ ਕੌਤਕ ਨਾਲ (ਉਸੇ ਦਾ ਰੂਪ) ਹੋ ਜਾਂਦੀ ਹੈ। ੨.ਕਹਿਣਾ ਨਿੱਕਾ ਕੀੜਾ ਦਿਸਦਾ ਹੈ (ਸੈਂਕੜੇ ਗਜ) ਸੂਤ ਮੂੰਹੋਂ ਕੱਢਕੇ ਫੇਰ ਨਿਗਲਦਾ ਹੈ। ੩.ਸ਼ਹਤ ਦੀ ਮੱਖੀ ਨਿੱਕੀ ਕਹੀਦੀ ਹੈ (ਉਸ ਦਾ) ਮਿੱਠਾ ਸ਼ਹਤ ਧਨ ਪਾਤ੍ਰਾਂ ਦੇ (ਘਰੀਂ) ਹੁੰਦਾ ਹੈ। ੪.ਰੇਸ਼ਮੀ ਕੀੜਾ ਨਿੱਕਾ ਕਹੀਦਾ ਹੈ (ਉਸ ਦੇ) ਪੱਟ ਦੇ ਬਸਤਰ (ਲੋਕ) ਵਿਆਹਾਂ ਵਿਖੇ ਵਰੀਆਂ (ਵਿਚ) ਢੋਂਦੇ ਹਨ। ੫.(ਸਪੇਰਾ) ਗੁਟਕਾ (=ਨਿੱਕਾ ਮਣਕਾ) ਮੂੰਹ ਵਿਚ ਰਖਕੇ ਦੇਸ਼ ਦੇਸ਼ਾਂਤਰਾਂ ਵਿਚ ਜਾ ਖੜੋਂਦਾ ਹੈ। ੬.ਮੋਤੀ ਮਾਣਕ ਤੇ ਹੀਰਿਆਂ ਦੇ ਹਾਰ ਪਾਤਸ਼ਾਹ ਪੁਰਵਾਕੇ ਗਲਾਂ ਵਿਚ ਪਹਿਰਦੇ ਹਨ। ੭.(ਨਿੱਕੀ) ਜਾਗ ਲਾਕੇ ਲੋਕ ਦਹੀਂ ਰਿੜਕਦੇ ਹਨ।

**ਭਾਵ**-ਨਿੱਕੀਆਂ ਚੀਜ਼ਾਂ ਦੇ ਵੱਡੇ ਫਲ ਦੱਸਕੇ ਨਿੰਮ੍ਰਤਾ ਧਾਰਨ ਦਾ ਉਪਦੇਸ਼ ਦੇਂਦੇ ਹਨ। ਪੰਜਵੀਂ ਤੁਕ ਦਾ ਅਰਥ ਕਈ ਗਿਆਨੀ ਜੋਗੀ ਦਾ ਕਰਦੇ ਹਨ, ਜੋ ਕਿਸੀ ਸਿੱਧੀ ਨਾਲ ਗੁਟਕਾ ਮੂੰਹ ਵਿਚ ਧਰਕੇ ਉਡ ਜਾਂਦੇ ਕਹੀਦੇ ਹਨ।

ਭ੍ਰਿੰਗੀ ਆਦਿ ਦਾ ਦ੍ਰਿਸ਼ਟਾਂਤ "ਕਵਿ ਸੰਕੇਤਕ ਸੱਚ" ਹੈ। ਕਾਵ੍ਯ ਸੰਪ੍ਰਦਾ ਵਿਚ ਬਹੁਤ ਸਾਰੀਆਂ ਬਾਤਾਂ ਨੂੰ ਉਪਮਾ ਤੇ ਦ੍ਰਿਸ਼ਟਾਂਤਾਂ ਵਾਸਤੇ ਸੰਕੇਤ ਕਰ ਦਿੱਤਾ ਹੈ। ਨਾਵਾਕਫ ਨੁਕਤਾਚੀਨ ਪਹਿਲੇ ਆਪਣੀ ਵਿਦਿਆ ਦੇ ਵਾਕਫ ਹੋਣ, ਕਿਉਂਕਿ ਸਾਡੀ ਕਾਵ੍ਯ ਵਿਦਿਆ ਪੂਰਨ ਹੈ, ਅਰ ਸਾਹਿਤ ਨੇ ਸਭ ਸ਼ੰਕਾ ਨਵਿਰਤ ਕੀਤੀਆਂ ਹੋਈਆਂ ਹਨ। ਐਸਾ ਨ ਹੋਵੇ ਕਿ ਕੋਈ ਨੁਕਤਾਚੀਨ ਆਪਣੀ ਨਾਵਾਕਫ਼ੀ ਦਾ ਸਬੂਤ ਦੇ ਕੇ ਹਾਸੋ ਹੀਣਾ ਹੋਵੇ।

## ੮. (ਘਾਹ)।

੧. ਲਤਾਂ ਹੇਠਿ ਲਤਾੜੀਐ ਘਾਹੁ ਨ ਕਢੈ ਸਾਹੁ ਵਿਚਾਰਾ।
੨. ਗੋਰਸੁ ਦੇ ਖੜੁ ਖਾਇਕੈ ਗਾਇ ਗਰੀਬੀ ਪਰਉਪਕਾਰਾ।
੩. ਦੁਧਹੁ ਦਹੀ ਜਮਾਈਐ ਦਹੀਅਹੁ ਮਖਣੁ ਛਾਹਿ ਪਿਆਰਾ।
੪. ਘਿਅ ਤੇ ਹੋਵਨਿ ਹੋਮ ਜਗ ਢੰਗ ਸੁਆਰਥ ਚਜ ਅਚਾਰਾ।
੫. ਧਰਮ ਧਉਲੁ ਪਰਗਟ ਹੋਇ ਧੀਰਜਿ ਵਹੈ ਸਹੈ ਸਿਰਿ ਭਾਰਾ।
੬. ਇਕ ਇਕੁ ਜਾਉ ਜਣੇਦਿਆਂ ਚਹੁਚਕਾਂ ਵਿਚਿ ਵਗ ਹਜਾਰਾ।
੭. ਤ੍ਰਿਣ ਅੰਦਰਿ ਵਡਾ ਪਾਸਾਰਾ ॥੮॥

**ਪਦਾਰਥ**-(ਗੋਰਸੁ=ਦੁੱਧ-ਮੱਖਣ। ਖੜੁ=ਘਾਹ। ਢੰਗ ਸੁਆਰਥ=ਵਿਆਹ (ਆਦਿ ਖੁਸ਼ੀ ਦੇ ਕੰਮ। ਚਜ ਅਚਾਰਾ=ਭਲੇ ਕਰਤੱਬ। ਧਰਮੁ=ਜੋ ਧਾਰਨ (ਕੀਤਾ ਜਾਏ। ਜਾਉ=ਬੱਚਾ, ਵੱਛਾ। ਪਸਾਰਾ=ਫੈਲਾਉ।

**ਅਰਥ**-੧.ਘਾਹ ਲੱਤਾਂ ਦੇ ਹੇਠ ਲਤਾੜੀਦਾ ਹੈ ਵਿਚਾਰੇ ਨੂੰ ਸਾਹ ਨਹੀਂ ਲੈਣਾ ਮਿਲਦਾ। ੨.ਗਊ ਵਿਚਾਰੀ ਗਰੀਬ (ਓਸ) ਘਾਹ ਨੂੰ ਖਾਕੇ ਦੁੱਧ ਦਿੰਦੀ ਹੈ ਪਰਉਪਕਾਰ ਲਈ। ੩.ਦੁੱਧ ਥੋਂ ਦਹੀਂ ਜਮਾਈਦਾ ਹੈ, ਦਹੀਂ ਥੋਂ ਮੱਖਣ ਤੇ ਲੱਸੀ ਪਿਆਰੇ ਲਗਦੇ ਹਨ। ੪.ਘਿਉ ਤੋਂ ਹੋਮ ਤੇ ਜੱਗ, ਵਿਆਹਾਂ ਦੇ ਕੰਮ ਤੇ ਹੋਰ ਕਈ ਭਲੇ ਕਰਤੱਬ ਹੁੰਦੇ ਹਨ। ੫.(ਗਾਂ ਤੋਂ) ਬਲਦ ਪ੍ਰਗਟ ਹੁੰਦਾ ਹੈ (ਜੰਮਦਾ ਹੈ ਜੋ) ਧੀਰਜ (ਧਾਰਕੇ ਹਲਾਂ ਗਡਾਂ ਹੇਠ) ਵਗਦਾ ਹੈ ਤੇ ਸਿਰ ਤੇ ਭਾਰ ਚੁੱਕਦਾ ਹੈ, (ਉਸ ਵਿਚਾਰੇ ਦਾ) ਧਰਮ (ਯਾ ਫ਼ਰਜ਼ ਹੀ ਇਹੋ ਹੋ ਚੁੱਕਾ ਹੈ)। ੬.ਇਕ ਇਕ ਵੱਛੇ ਦੇ ਜਣਨ ਥੋਂ ਹਜ਼ਾਰਾਂ ਵਗ ਚਾਰ ਚਕਾਂ ਵਿਖੇ (ਹੋ ਜਾਂਦੇ ਹਨ)। ੭.ਘਾਹ ਦੇ ਅੰਦਰ ਵਡਾ ਫੈਲਾਉ ਹੈ।

**ਭਾਵ**- ਘਾਸ ਦੇ ਦ੍ਰਿਸ਼ਟਾਂਤ ਤੋਂ ਉਪਦੇਸ਼ ਕੱਢਿਆ ਹੈ ਨਿੰਮ੍ਰਤਾ ਦਾ ਕਿ ਨਿਮਾਣਾ ਘਾਸ ਕਿੱਡੇ ਭਾਰੇ ਕੰਮ ਅਰ ਪਰਉਪਕਾਰ ਦਾ ਆਸਰਾ ਬਣਦਾ ਹੈ।

 www.sikhbookclub.com

## ੯. (ਤਿਲ)।

੧. ਲਹੁੜਾ ਤਿਲੁ ਹੋਇ ਜੰਮਿਆ ਨੀਚਹੁ ਨੀਚੁ ਨ ਆਪੁ ਗਣਾਇਆ।
੨. ਫੁਲਾਂ ਸੰਗਤਿ ਵਸਿਆ ਹੋਇ ਨਿਰਗੰਧੁ ਸੁਗੰਧੁ ਸੁਹਾਇਆ।
੩. ਕੋਲੂ ਪਾਇ ਪੀੜਾਇਆ ਹੋਇ ਫੁਲੇਲੁ ਖੇਲੁ ਵਰਤਾਇਆ।
੪. ਪਤਿਤੁ ਪਵਿਤ੍ਰ ਚਲਿਤ੍ਰ ਕਰਿ ਪਾਤਿਸਾਹ ਸਿਰਿ ਧਰਿ ਸੁਖੁ ਪਾਇਆ।
੫. ਦੀਵੈ ਪਾਇ ਜਲਾਇਆ ਕੁਲ ਦੀਪਕੁ ਜਗਿ ਬਿਰਦੁ ਸਦਾਇਆ।
੬. ਕਜਲੁ ਹੋਆ ਦੀਵਿਅਹੁ ਅਖੀ ਅੰਦਰਿ ਜਾਇ ਸਮਾਇਆ।
੭. ਬਾਲਾ ਹੋਇ ਨ ਵਡਾ ਕਹਾਇਆ ॥੯॥

**ਪਦਾਰਥ**-(ਲਹੁੜਾ=ਨਿੱਕਾ। ਨਿਰਗੰਧੁ=ਵਾਸ਼ਨਾ ਰਹਤ=ਜਿਸ ਵਿਚ ਖ਼ੁਸ਼ਬੋ ਨਾ ਹੋਵੇ। (ਸੁਗੰਧ=ਚੰਗੀ ਵਾਸ਼ਨਾ ਵਾਲਾ। ਖੇਲ=ਕੌਤਕ। (ਬਾਲਾ=ਵਡਾ। (ਫਾਰਸੀ, ਬਾਲਾ=ਉੱਚਾ। ਹਿੰਦੀ, ਬਾਲਾ =ਛੋਟਾ।

**ਅਰਥ**-੧.ਨਿੱਕਾ ਤਿਲ ਹੋ ਕੇ ਉਤਪਤ ਹੋਇਆ, ਨੀਵੇਂ ਥੋਂ ਨੀਵੇਂ ਹੋ ਕੇ ਆਪ ਨੂੰ ਕੁਝ ਨਾ ਗਣਾਇਆ। ੨.ਫੁੱਲਾਂ ਦੀ ਸੰਗਤ ਵਿਚ (ਜਦ, ਇਸ) ਨਿਰਵਾਸ਼ ਨੇ ਵਾਸ ਕੀਤਾ, ਚੰਗੀ ਵਾਸ਼ਨਾਂ ਨਾਲ ਸੋਭਿਆ। ੩.ਜਦ (ਇਹ) ਕੋਹਲੂ ਵਿਖੇ ਪੀੜਿਆ ਗਿਆ ਤਾਂ ਫੁਲੇਲ (ਬਣਕੇ) ਚੰਗਾ ਕੌਤਕ ਦੱਸਿਆ। ੪.ਪਾਪੀਆਂ ਨੂੰ ਪਵਿੱਤ੍ਰ ਕਰਣਹਾਰ (ਈਸ਼੍ਵਰ ਨੇ ਅਜਿਹਾ) ਚਲਿੱਤ੍ਰ ਕੀਤਾ ਕਿ ਪਾਤਸ਼ਾਹ ਨੇ (ਉਸ ਫੁਲੇਲ ਨੂੰ) ਸਿਰ ਪਰ ਮਲਕੇ ਸੁਖ ਪਾਇਆ, (ਭਾਵ ਨਿੰਮ੍ਰਤਾ ਨੇ ਪਾਪੀ ਕਾਲੇ ਤਿਲ ਨੂੰ ਫੁਲੇਲ ਦੀ ਪਦਵੀ ਦੇਕੇ ਪਾਤਸ਼ਾਹ ਦੇ ਸਿਰਾਂ ਤੇ ਪੁਚਾਇਆ)। ੫.ਦੀਵੇ ਪਾਕੇ ਜਦ ਸਾੜਿਆ (ਤਦ) ਜਗਤ ਵਿਖੇ ਕੁਲ ਦੀਪਕ (ਭਾਵ ਕੁਲ ਦਾ ਪ੍ਰਕਾਸ਼ਕ) ਨਾਮ ਰਖਿਆ। ੬.ਦੀਵੇ ਥੋਂ ਕੱਜਲ ਬਣਕੇ ਅੱਖਾਂ ਦੇ ਵਿਚ ਜਾ ਮਿਲਿਆ। ੭.ਵੱਡਾ ਹੋਕੇ (ਬੀ) ਆਪ ਨੂੰ ਵੱਡਾ ਨ ਕਹਾਇਆ।

**ਭਾਵ**-ਗਾਂਧੀ ਲੋਕ ਤਿਲ ਨੂੰ ਸੁੱਧ ਕਰਕੇ ਫੁੱਲਾਂ ਵਿਚ ਕਈ ਦਿਨ ਰੱਖਕੇ ਫੇਰ ਪੀੜਕੇ ਫੁਲੇਲ ਬਣਾਉਂਦੇ ਹਨ ਅਰ ਬਾਹਲੇ ਲੋਕ ਦੀਵੇ ਦੀ ਸ਼ਾਹੀ ਤੋਂ ਕੱਜਲ ਬਣਾ ਕੇ ਵੇਚਦੇ ਹਨ, ਉਹਨਾਂ ਥੋਂ ਸਿਰਾਂ ਅਰ ਅੱਖੀਆਂ ਦੇ ਰੋਗ ਦੂਰ ਹੁੰਦੇ ਹਨ। ਮੁਕਦੀ ਗੱਲ : ਇੰਨੀ ਵੱਡੀ ਪਦਵੀ ਪਾ ਕੇ ਬੀ ਓੜਕ ਆਪਣਾ ਨਾਮ ਤਿਲ ਹੀ ਕਹਾਇਆ। ਤਿਲ ਪੰਜਾਬੀ ਦੇ ਮਹਾਵਰੇ ਵਿਚ ਨਿੱਕੇ ਨੂੰ ਬੀ ਕਹਿੰਦੇ ਹਨ।

## ੧੦. (ਵੜੇਵਾਂ)

੧. ਹੋਇ ਵੜੇਵਾਂ ਜਗ ਵਿਚਿ ਬੀਜੇ ਤਨੁ ਖੇਹ ਨਾਲਿ ਰਲਾਇਆ।
੨. ਬੂਟੀ ਹੋਇ ਕਪਾਹ ਦੀ ਟੀਂਡੇ ਹਸਿ ਹਸਿ ਆਪ ਖਿੜਾਇਆ।
੩. ਦੁਹੁ ਮਿਲਿ ਵੇਲਣੁ ਵੇਲਿਆ ਲੂੰ ਲੂੰ ਕਰਿ ਕਰਿ ਤੁੰਬੁ ਤੁੰਬਾਇਆ।
੪. ਪਿੰਵਣਿ ਪਿੰਞ ਉਡਾਇਆ ਕਰਿ ਕਰਿ ਗੋੜ੍ਹੀਂ ਸੂਤ ਕਤਾਇਆ।
੫. ਤਣਿ ਵੁਣਿ ਖੁੰਬਿ ਚੜਾਇਕੈ ਦੇ ਦੇ ਦੁਖੁ ਧੁਆਇ ਰੰਗਾਇਆ।
੬. ਕੈਚੀ ਕਟਣਿ ਕਟਿਆ ਸੂਈ ਧਾਗੇ ਜੋੜਿ ਸੀਵਾਇਆ।
੭. ਲਜਣੁ ਕਜਣੁ ਹੋਇ ਕਜਾਇਆ ॥੧੦॥

**ਪਦਾਰਥ**-ਵੜੇਵਾਂ=ਵਪਾਹ ਦਾ ਬੀਜ। ਲੂੰ ਲੂੰ=ਵਾਲ ਵਾਲ। ਗੋੜ੍ਹੀਂ=ਗੋਹੜੇ। (ਪਿੰਵਣ=ਪੇਂਜਾ। ਕੱਟਣ=ਕਾਤ੍ਰਾਂ। ਲਜਣੁ=ਵਸਤ੍ਰ। ਕਜਣੁ=ਪੜਦੇ ਕੱਜ।

**ਅਰਥ**-੧.ਜੱਗ ਵਿਚ ਵੜੇਵੇਂ ਨੇ ਹੋਕੇ, (ਬੀਜਿਆ) ਜਾ ਕੇ ਖੇਹ ਨਾਲ (ਆਪਣੇ) ਸਰੀਰ ਨੂੰ ਰਲਾ ਦਿੱਤਾ। ੨.(ਇਸ ਨਿੰਮ੍ਰਤਾ ਕਰਕੇ) ਕਪਾਹ ਦੀ ਬੂਟੀ ਹੋਈ ਜਿਸ ਨਾਲ ਟੀਂਡੇ ਨੇ ਲਗਕੇ ਹੱਸ ਹੱਸ ਕੇ ਆਪ ਨੂੰ ਪ੍ਰਫੁਲਤ ਕੀਤਾ। ੩.(ਇਸ ਕਰਕੇ) ਦੋਹੁੰ ਵੇਲਣਿਆਂ ਵਿਚ ਮਿਲਕੇ ਵੇਲਿਆ, ਵਾਲ ਵਾਲ ਕਰਕੇ ਫੇਰ ਤੁੰਬਿਆ। ੪.ਫੇਰ ਪੇਂਜੇ ਨੇ ਪਿੰਜ ਪਿੰਜ ਕੇ ਉਡਾਇਆ, (ਤ੍ਰੀਮਤਾਂ ਨੇ ਫੇਰ) ਗੋਹੜੇ ਕਰ ਕਰਕੇ ਸੂਤ ਕੱਤਿਆ। ੫.ਤਣਕੇ ਫੇਰ ਉਣਕੇ ਖੁੰਬ ਚੜ੍ਹਾਇਕੇ ਵੱਡੇ ਦੁੱਖ ਦੇ ਦੇ ਧੁਆਕੇ ਰੰਗਾਇਆ। ੬.ਕੈਂਚੀ ਨੇ ਕਾਟ ਕੱਟੀ ਅਤੇ ਫੇਰ ਸੂਈ ਧਾਗੇ ਨੇ ਉਹ ਕਾਤਰਾਂ ਜੋੜ ਕੇ ਸੀਤੀਆਂ। ੭.(ਇਸ ਨਿੰਮ੍ਰਤਾ ਦੇ ਸਾਧਨ ਕਰਕੇ) ਕਪੜੇ ਨੇ ਕੱਜਣ ਵਾਲਾ ਹੋ ਕੇ (ਲੋਕਾਂ ਨੂੰ ਪਾਲੇ ਤੋਂ) ਕੱਜ ਦਿੱਤਾ।

**ਭਾਵ**-ਸੰਤ ਲੋਕ ਵੜੇਵੇਂ ਵਾਂਕੂ ਨਿੰਮ੍ਰਤਾ ਧਾਰ ਕੇ ਨਾਨਾ ਪ੍ਰਕਾਰ ਦੀ ਵਿਪਦਾ ਸਹਾਰਕੇ ਲੋਕਾਂ ਦੇ ਪੜਦੇ ਕੱਜਦੇ ਹਨ; ਭਾਵੇਂ ਆਪ ਦੁਖੀ ਹੀ ਰਹਿਣ।

## ੧੧. (ਅਨਾਰਦਾਣਾ)।

੧. ਦਾਣਾ ਹੋਇ ਅਨਾਰ ਦਾ ਧੂੜਿ ਧੂੜੀ ਵਿਚਿ ਧਸੈ।
੨. ਹੋਇ ਬਿਰਖੁ ਹਰੀਆਵਲਾ ਲਾਲ ਗੁਲਾਲਾ ਫੁਲ ਵਿਗਸੈ।
੩. ਇਕਤੁ ਬਿਰਖ ਸਹਸ ਫੁਲ, ਫੁਲ ਫਲ ਇਕਦੂ ਇਕ ਸਰਸੈ।
੪. ਇਕਦੂ ਦਾਣੇ ਲਖ ਹੋਇ ਫਲ ਫਲ ਦੇ ਮਨ ਅੰਦਰ ਵਸੈ।
੫. ਤਿਸ ਫਲ ਤੋਟਿ ਨ ਆਵਈ ਗੁਰਮੁਖਿ ਸੁਖੁ ਫਲੁ ਅੰਮ੍ਰਿਤ ਰਸੈ।
੬. ਜਿਉ ਜਿਉ ਲਯਨਿ ਤੋੜਿ ਫਲਿ ਤਿਉ ਤਿਉ ਫਿਰਿ ਫਿਰਿ ਫਲੀਐ ਹਸੈ।
੭. ਨਿਵ ਚਲਣੁ ਗੁਰ ਮਾਰਗੁ ਦਸੈ ॥੧੧॥

**ਪਦਾਰਥ**-(ਧਸੈ=ਖੁਭਦਾ ਹੈ। ਗੁਲਾਲ=ਪੋਸਤ ਦਾ ਲਾਲ ਫੁਲ, ਲਾਲ। (ਵਿਗਸੈ=ਖਿੜਦਾ। ਫਲ=ਫਲਣਾ। ਸਰਸੈ=ਵਧੀਕ। ਹਸੈ=ਖਿੜਦਾ ਹੈ।

**ਅਰਥ**-੧.ਅਨਾਰ ਦਾ ਦਾਣਾ ਹੋ ਕੇ ਮਿੱਟੀ ( ਦਾ ਰੂਪ) ਹੋ ਕੇ ਮਿੱਟੀ ਵਿਚ ਖੁਭਦਾ ਹੈ। ੨.(ਪਹਿਲੇ) ਹਰੀਆਵਲਾ ਬ੍ਰਿਛ ਹੁੰਦਾ ਹੈ, ਫੁੱਲ ਪੋਸਤ ਦੇ ਫੁੱਲ ਵਾਂਙੂ (ਲਾਲ) ਹੋਕੇ ਖਿੜਦਾ ਹੈ। ੩.ਇਕ ਬ੍ਰਿਛ ਤੋਂ ਹਜਾਰਾਂ ਫੁਲ ਤੇ ਫਲ ਇਕ ਥੋਂ ਇਕ ਵਧੀਕ ਹੋ ਕੇ ਫਲਦੇ ਹਨ। ੪.ਇਕ ਦਾਣੇ ਥੋਂ ਲਖ(=ਬਾਹਲੇ ਦਾਣੇ) ਹੋ ਕੇ ਇਕ ਇਕ ਫਲ ਦੇ ਢਿਡ ਵਿਚ ਵਸਦੇ ਹਨ। ੫.ਉਸ (ਬ੍ਰਿਛ ਦੇ) ਫਲਾਂ ਦੀ ਟੋਟ ਨਹੀਂ ਆਂਵਦੀ (ਜਿਕੁਰ) ਗੁਰਮੁਖਾਂ ਦੇ ਅੰਮ੍ਰਿਤ ਰੂਪ ਸੁਖ ਫਲ ਦੇ ਰਸ (ਆਨੰਦ ਦੀ ਟੋਟ ਨਹੀਂ ਹੁੰਦੀ)। ੬.ਜਿਉਂ ਜਿਉਂ ਫਲ ਤੋੜੀਦੇ ਹਨ ਤਿਉਂ ਤਿਉਂ ਫੇਰ ਫਲਦੇ ਤੇ (ਖਿੜ ਖਿੜ) ਹਸਦੇ ਹਨ। ੭.ਨਿਵਕੇ ਚਲਣ ਦਾ ਰਸਤਾ ਗੁਰੂ ਜੀ ਦੱਸਦੇ ਹਨ।

**ਭਾਵ**-ਉੱਚੀ ਜ਼ਾਤ ਦਾ ਅਨਾਰ ਦਾ ਦਾਣਾ ਹੋ ਕੇ ਜਦ ਉਸ ਨੇ ਗ਼ਰੀਬੀ ਤੇ ਨਿੰਮ੍ਰਤਾ ਪਕੜੀ ਤਾਂ ਦੇਖੋ ਇਕ ਦਾਣਿਓਂ ਲੱਖਾਂ ਦਾਣੇ ਹੋਏ, ਵੱਡਾ ਭਾਗ ਲੱਗਾ। ਬਾਹਲੀ ਬਿਪਤਾ ਝੱਲ ਕੇ ਬੀ ਫੇਰ ਹੱਸਦਾ ਹੈ, ਇਸ ਲਈ ਪਰਉਪਕਾਰ ਲਈ ਦੁਖ ਨਹੀਂ ਮੰਨਿਆ। ਤਾਂਤੇ ਨਿੰਮ੍ਰਤਾ ਧਾਰਕੇ ਪਰਉਪਕਾਰੀ ਬਣਨਾ ਚਾਹੀਏ।

## ੧੨. (ਸ਼ੁੱਧ ਮੋਹਰ)।

੧. ਰੇਣਿ ਰਸਾਇਣ ਸਿਝੀਐ ਰੇਤੁ ਹੇਤੁ ਕਰਿ ਕੰਚਨੁ ਵਸੈ।
੨. ਧੋਇ ਧੋਇ ਕਣੁ ਕਢੀਐ ਰਤੀ, ਮਾਸਾ, ਤੋਲਾ ਹਸੈ।
੩. ਪਾਇ ਕੁਠਾਲੀ ਗਾਲੀਐ ਰੈਣੀ ਕਰਿ ਸੁਨਿਆਰਿ ਵਿਗਸੈ।

 www.sikhbookclub.com

੪. ਘੜਿ ਘੜਿ ਪਤ੍ਰ ਪਖਾਲੀਅਨਿ ਲੂਣੀ ਲਾਇ ਜਲਾਇ ਰਹਸੈ।
੫. ਬਾਰਹ ਵੰਨੀ ਹੋਇਕੈ ਲਗੈ ਲਵੈ ਕਸਉਟੀ ਕਸੈ।
੬. ਟਕਸਾਲੈ ਸਿਕਾ ਪਵੈ ਘਣ ਅਹਰਣਿ ਵਿਚਿ ਅਚਲੁ ਸਰਸੈ।
੭. ਸਾਲੁ ਸੁਨਈਆ ਪੋਤੈ ਪਸੈ ॥੧੨॥

**ਪਦਾਰਥ**-(ਰੇਣਿ=ਕਿਣਕਾ। ਸਿਝੀਐ=ਪ੍ਰਾਪਤ ਹੁੰਦੀ ਹੈ। ਹੱਸੈ=ਚਮਕਣਾ। ਰੈਣੀ=ਭੇਲੀ।
(ਡਲੀ। ਪਖਾਲੀਅਨਿ=ਧੋਂਦੇ ਹਨ। ਲੂਣੀ=ਮਸਾਲੇ। ਰਹੱਸੈ=ਖੁਸ਼ ਹੋਣਾ।
(ਕੱਸੈ=ਚਸ ਲਾਉਣੀ। ਲਗੈ ਲਵੈ=ਲਾਗਾਂ ਲਾ ਕੇ, ਜਾਂ ਨਰਮ ਲਗਣੀ।
(ਸਾਲੁ ਸੁਨਈਆ=ਸ਼ੁਧ ਮੋਹਰ। ਪੋਤੈ=ਖ਼ਜ਼ਾਨਾ। ਪਸੈ=ਪੈਂਦੀ ਹੈ।

**ਅਰਥ**-੧.ਰੇਣਿ (= ਕਿਣਕੇ) ਥੋਂ ਰਸਾਇਣ ਪ੍ਰਾਪਤ ਹੁੰਦੀ ਹੈ। ਕਿਕੂੰ ? ਐਦਾਂ ਕਿ) ਸੋਨਾ ਰੇਤ ਵਿਚ ਪ੍ਰੇਮ ਨਾਲ (ਪਹਿਲੇ) ਵਸਦਾ ਹੈ। ੨.ਧੋ ਧੋ ਕੇ ਕਿਣਕੇ ਕੱਢੀਦੇ ਹਨ ਰਤੀ, ਮਾਸਾ ਜਾਂ ਤੋਲੇ ਦਾ (ਵਜ਼ਨ) ਹੋ ਕੇ ਚਮਕਦਾ ਹੈ। ੩.ਕੁਠਾਲੀ ਵਿਚ ਪਾ ਕੇ ਗਾਲੀਦਾ ਹੈ, ਉਸਦੀ (ਰੇਣੀ=) ਭੇਲੀ ਕਰਕੇ ਸੁਨਿਆਰਾ ਰਾਜ਼ੀ ਹੁੰਦਾ ਹੈ। ੪.ਪਤਰੇ ਘੜ ਘੜਕੇ ਧੋਂਦਾ ਹੈ (ਫੇਰ) ਮਸਾਲੇ ਲਾ ਕੇ ਅੱਗ ਦੇਕੇ ਖ਼ੁਸ਼ ਹੁੰਦਾ ਹੈ। ੫.ਬਾਰਾਂ ਵੰਨੀਆਂ ਦਾ ਹੋ ਕੇ (ਲਗੈ ਲਵੈ=) ਨਰਮ ਮਾਲੂਮ ਹੁੰਦਾ ਹੈ (ਫੇਰ) ਕਸੌਟੀ ਪਰ (ਉਸਦੀ), ਚਸ ਲਾਕੇ ਵੇਖਦਾ ਹੈ (ਅਥਵਾ ਲਾਗਾਂ ਲਾਕੇ ਕਸੌਟੀ ਪਰ ਕੱਸਦਾ ਹੈ)। ੬.ਟਕਸਾਲ ਵਿਚ 'ਸਿੱਕਾ' (ਪਾਤਸ਼ਾਹੀ ਸਿੱਕਾ) ਪੈਂਦਾ ਹੈ, 'ਘਣ' ਵਦਾਣ ਤੇ ਅਹਿਰਣ ਵਿਚ ਅਟਲ ਤੇ ਖ਼ੁਸ਼ (ਚਮਕਦਾਰ) ਰਹਿੰਦਾ ਹੈ। ੭.ਸ਼ੁਧ ਮੁਹਰ (ਪਾਤਿਸ਼ਾਹੀ) ਖਜ਼ਾਨੇ ਵਿਚ ਪੈਂਦੀ ਹੈ।

**ਭਾਵ**- **"ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ।"*** ਸੋਨਾ ਜੋ ਰੇਤ ਵਿਚ ਨਿੰਮ੍ਰਤ ਹੋਯਾ ਸੀ, ਜਿਸਨੇ ਆਪਣੇ ਪਰ ਸਾਧਨਾਂ ਦੇ ਕਸ਼ਟ ਸਹਾਰੇ, ਸੋ ਅੰਤ ਨੂੰ ਖਜ਼ਾਨੇ ਦਾਖਲ ਹੋਇਆ।

## ੧੩. (ਖ਼ਸ਼ਖ਼ਾਸ਼ ਦਾਣਾ)।

੧. ਖਸਖਸ ਦਾਣਾ ਹੋਇਕੇ ਖਾਕ ਅੰਦਰਿ ਹੋਇ ਖਾਕ ਸਮਾਵੈ।
੨. ਦੋਸਤੁ ਪੋਸਤ ਬੂਟ ਹੋਇ ਰੰਗ ਬਿਰੰਗੀ ਫੁਲ ਖਿੜਾਵੈ।
੩. ਹੋਡਾ ਹੋਡੀ ਡੋਡੀਆ ਇਕਦੂੰ ਇਕ ਚੜਾਉ ਚੜਾਵੈ।
੪. ਸੂਲੀ ਉਪਰਿ ਖੇਲਣਾ ਪਿਛੋਂ ਦੇ ਸਿਰਿ ਛਤ੍ਰ ਧਰਾਵੈ।
੫. ਚੁਖੁ ਚੁਖੁ ਹੋਇ ਮਲਾਇਕੈ ਲੋਹੂ ਪਾਣੀ ਰੰਗਿ ਰੰਗਾਵੈ।
੬. ਪਿਰਮ ਪਿਆਲਾ ਮਜਲਸੀ ਜੋਗ ਭੋਗ ਸੰਜੋਗ ਬਣਾਵੈ।
੭. ਅਮਲੀ ਹੋਇ ਸੁ ਮਜਲਸਿ ਆਵੈ ॥੧੩॥

**ਪਦਾਰਥ**-(ਦਾਣਾ=ਬੀਜ। ਦੋਸਤ=ਪਿਆਰਾ, ਅਥਵਾ ਦੋ ਸੌ।
(ਹੋਡਾ ਹੋਡੀ=ਜਿਦੋ ਜਿਦੀ। ਸੂਲੀ=ਡੰਡੀ।)

**ਅਰਥ**-੧.ਖ਼ਸ਼ਖ਼ਾਸ਼ ਦਾ ਦਾਣਾ ਬੀਜ ਹੋਇਕੇ ਮਿਟੀ ਵਿਖੇ ਮਿਟੀ ਹੋ ਕੇ ਸਮਾਂਵਦਾ ਹੈ। ੨.ਪਿਆਰੇ ਪੋਸਤ ਦਾ ਬੂਟਾ ਬਣਕੇ ਨਾਨਾਂ ਰੰਗਾਂ ਦੇ ਫੁਲ ਖਿੜਾਉਂਦਾ ਹੈ। ੩.ਜਿਦੋ ਜਿਦੀ ਡੋਡੀਆਂ ਇਕ ਥੋਂ ਇਕ ਵਧੀਕ ਹੋਕੇ ਚੜ੍ਹਾਵਾ ਦੱਸਦੀਆਂ ਹਨ। ੪.'ਸੂਲੀ' ਡੰਡੀ ਉਪਰ ਪੋਸਤ ਖੇਲਦਾ ਹੈ, ਪਿਛੋਂ ਸਿਰ ਪੁਰ ਛਤਰ ਧਾਰਦਾ ਹੈ (ਭਾਵ ਛਤ੍ਰਾਕਾਰ ਹੋ ਜਾਂਦਾ ਹੈ) ੫.ਮਲਨ ਨਾਲ ਟੁਕੜੇ ਟੁਕੜੇ ਹੁੰਦਾ ਹੈ, ਫੇਰ ਪਾਣੀ ਨੂੰ ਲਹੂ ਦੇ ਰੰਗ ਦਾ ਕਰਦਾ ਹੈ। ੬.ਮਜਲਸਾਂ ਦਾ ਪ੍ਰੇਮ ਦਾ ਪਿਆਲਾ ਹੋਕੇ ਜੋਗ ਅਤੇ ਭੋਗ ਦਾ ਸੰਜੋਗ ਬਣਾਉਂਦਾ ਹੈ (ਭਾਵ ਜੋਗੀ ਲੋਕ ਛੱਕ ਕੇ ਸਮਾਧਿ ਵਿਚ ਤੇ ਵਿਖਈ ਭੋਗ ਵਿਚ ਮਸਤ ਹੁੰਦੇ ਹਨ)। ੭.(ਜਿਸ ਅਮਲ ਦਾ) ਅਮਲੀ ਹੋਵੇ ਉਸੇ ਹੀ ਮਜਲਸ ਵਿਚ ਜਾ ਰਲਦਾ ਹੈ।

*ਮਾਝ: ਵਾਰ:-੧੨

ਭਾਵ-ਇੱਥੇ ਖ਼ਸਖ਼ਾਸ਼ ਦੀ ਨਿੰਮ੍ਰਤਾ ਤੋਂ ਸੁੰਦਰ ਫੁਲ ਫਲ ਤੇ ਫਲ ਦੀ ਪੱਠਿਆਂ ਨੂੰ ਸੁਸਤ ਕਰਨ ਦੀ ਤਾਕਤ ਦਾ ਵਰਣਨ ਹੈ, ਜੋ ਅਨੇਕਾਂ ਰੋਗਾਂ ਲਈ ਬੀ ਵਰਤਦੇ ਹਨ, ਇਥੇ ਪੋਸਤ ਪੀਣ ਯਾ ਨਾ ਪੀਣ ਦਾ ਉਪਦੇਸ਼ ਨਹੀਂ ਹੈ।

## ੧੪. (ਕਮਾਦ)॥

੧. ਰਸ ਭਰਿਆ ਰਸੁ ਰਖਦਾ ਬੋਲਣ ਅਣਬੋਲਣ ਅਭਰਿਠਾ।
੨. ਸੁਣਿਆ ਅਣਸੁਣਿਆ ਕਰੈ ਕਰੇ ਵੀਚਾਰਿ ਡਿਠਾ ਅਣਡਿਠਾ।
੩. ਅਖੀ ਧੁੜਿ ਅਟਾਈਆ ਅਖੀ ਵਿਚਿ ਅੰਗੂਰ੧. ਬਹਿਠਾ।
੪. ਇਕਦੂ ਬਾਹਲੇ ਬੂਟ ਹੋਇ ਸਿਰ ਤਲਵਾਇਆ ਇਠਹੁ ਇਠਾ।
੫. ਦੁਹੁ ਖੁੰਢਾ ਵਿਚਿ ਪੀੜੀਐ ਟੋਟੇ ਲਾਹੇ ਇਤੁ ਗੁਣਿ ਮਿਠਾ।
੬. ਵੀਹ ਇਕੀਹ ਵਰਤਦਾ ਅਵਗੁਣਿਆਰੇ ਪਾਪ ਪਣਿਠਾ।
੭. ਮੰਨੈ ਗੰਨੈ ਵਾਂਗੁ ਸੁਧਿਠਾ ॥੧੪॥

ਪਦਾਰਥ-(ਅਭਰਿੱਠਾ=ਪਜਾਰਾ, ਨਿਮਾਣਾ। ਅਖੀਂ=ਗੰਢਾਂ। ਅਟਾਈਆਂ=ਗੱਡੀਆਂ।
(ਇੱਠਹੁ ਇੱਠਾ=ਪਜਾਰੇ ਥੋਂ ਪ੍ਰੇਯ! ਖੁੰਢਾਂ=ਵੇਲਣੇ। ਵੀਹ=ਜਗਤ।
(ਇਕੀਹ=ਸਤਿਸੰਗ। ਪਣਿੱਠਾ=ਨਾਸ਼। ਸੁਧਿੱਠਾ=ਦ੍ਰਿੜ।

ਅਰਥ-੧.(ਕਮਾਦ) ਰਸ ਦਾ ਭਰਿਆ ਹੋਇਆ ਸਵਾਦ ਰਖਦਾ ਹੈ, ਬੋਲਣ ਤੇ ਨਾ ਬੋਲਣ (ਦੁਹਾਂ ਦਸ਼ਾਂ ਵਿਚ) ਮਿਠਾ ਹੈ। (ਭਾਵ ਐਵੇਂ ਚੂਪੋ, ਚਾਹੇ ਅੱਗ ਵਿਚ ਤਾਕੇ ਧਰਤੀ ਤੇ ਪਟਾਕਾ ਚਲਾਕੇ ਚੂਪੋ ਮਿੱਠਾ ਹੈ। ਕਈ ਗਿਆਨੀ ਕਹਿੰਦੇ ਹਨ ਕਮਾਦ ਨੂੰ ਬੋਲਣ ਨਾਲੋਂ ਅਣਬੋਲਣਾ ਮਿੱਠਾ ਹੈ, ਭਾਵ ਵਾ ਵਗੇ ਤਦ ਕਮਾਦ ਬੋਲਦਾ ਨਹੀਂ)। ੨.ਸੁਣੀ ਗਲ ਅਣਸੁਣੀ ਕਰਦਾ ਹੈ, ਜੋ ਡਿੱਠੇ ਨੂੰ ਅਣਡਿੱਠ ਕਰਨ ਦੀ ਵਿਚਾਰ ਕਰਦਾ ਹੈ (ਭਾਵ ਕਮਾਦ ਦੇ ਖੇਤ ਵਿਚ ਗੱਲ ਕੀਤੀ ਸੁਣੀ ਨਹੀਂ ਜਾਂਦੀ ਨਾ ਲੁਕਿਆ ਆਦਮੀ ਲੱਭਦਾ ਹੈ)। ੩.ਜਦ ਅਖਾਂ 'ਧੂੜ' ਮਿਟੀ ਵਿਚ ਗੱਡੀਆਂ (ਭਾਵ ਜਦ ਮਿਟੀ ਵਿਚ ਇਸ ਦੀਆਂ ਗੰਢਾਂ ਬੀਜਦੇ ਹਨ ਤਦ) ਅੱਖਾਂ ਵਿਚੋਂ ਅੰਗੂਰ ਫੁਟਦੇ ਹਨ। ੪.ਇਕ ਬੂਟੇ ਥੋਂ ਕਈ ਬੂਟੇ ਸਿਰ ਹੇਠ ਪੈਰ ਉਤੇ ਹੋਕੇ (ਉਗਦੇ ਹਨ, ਸਭ ਨੂੰ) ਵਡਾ ਪ੍ਰੇਯ ਥੋਂ ਪ੍ਰੇਯ ਲਗਦਾ ਹੈ (ਸੋਹਣਾ ਲਗਦਾ ਹੈ)। ੫.ਜਦੋਂ ਵੇਲਣਿਆਂ ਵਿਚ ਪੀੜੀਦਾ ਹੈ, ਟੋਟੇ ਟੋਟੇ ਹੁੰਦਾ ਹੈ (ਫੇਰ ਰਹੁ ਦਿੰਦਾ ਹੈ), ਇਸ ਗੁਣ ਕਰਕੇ ਪਿਆਰਾ ਲਗਦਾ ਹੈ। ੬.'ਵੀਹ' ਜਗਤ 'ਇਕੀਹ' ਸਤਿਸੰਗਤਾਂ ਵਿਚ ਵਰਤਿਆ ਜਾਂਦਾ ਹੈ, (ਭਾਵ ਸੰਸਾਰੀ ਲੋਕ ਸ਼ਾਦੀਆਂ ਵਿਖੇ ਗੁੜ ਵਰਤਦੇ ਹਨ ਅਤੇ ਸਤਿਸੰਗਤ ਜੋੜ ਮੇਲ ਆਦਿਕਾਂ ਵਿਖੇ, ਪਰ) ਪਾਪੀ (ਜੇ ਵਰਤਦੇ ਹਨ ਤਾਂ ਆਪਣੇ) ਪਾਪ ਕਰਕੇ ਨਾਸ਼ ਹੋ ਜਾਂਦੇ ਹਨ (ਭਾਵ ਜੇ ਇਸ ਦੀ ਸ਼ਰਾਬ ਵਰਤਣ ਤਾਂ ਆਪਣੇ ਪਾਪ ਦਾ ਆਪ ਫਲ ਭੋਗਕੇ ਮਰਦੇ ਹਨ)। ੭.(ਜੋ ਲੋਕ) ਗੰਨੇ ਵਾਂਗੂੰ ਮੰਨਣ ਕਰਦੇ ਹਨ (ਭਾਵ ਜਿੱਕੁਰ ਉਹ ਕਈ ਵਿਪਦਾ ਵਿਚ ਬੀ ਆਪਣਾ ਮਿਠਾਸ ਨਹੀਂ ਛਡਦੇ ਓਹ ਸਦਾ) ਦ੍ਰਿੜ ਰਹਿੰਦੇ ਹਨ (ਭਾਵ ਮੁਕਤ ਹੋ ਜਾਂਦੇ ਹਨ)।

## ੧੫. (ਸ੍ਵਾਂਤੀ ਬੂੰਦ ਤੇ ਸਿੱਪ)।

੧. ਘਣਹਰ ਬੂੰਦ ਸੁਹਾਵਣੀ ਨੀਵੀ ਹੋਇ ਅਗਾਸਹੁ ਆਵੈ।
੨. ਆਪੁ ਗਵਾਇ ਸਮੁੰਦੁ ਵੇਖਿ ਸਿਪੈ ਦੇ ਮੁਹ ਵਿਚਿ ਸਮਾਵੈ।
੩. ਲੈਦੋ ਹੀ ਮੁਹਿ ਬੂੰਦ ਸਿਪੁ ਚੁੰਭੀ ਮਾਰਿ ਪਤਾਲਿ ਲੁਕਾਵੈ।
੪. ਫੜਿ ਕਢੈ ਮਰੁਜੀਵੜਾ ਪਰ ਕਾਰਜ ਨੋ ਆਪੁ ਫੜਾਵੈ।
੫. ਪਰਵਸਿ ਪਰਉਪਕਾਰ ਨੋ ਪਰ ਹਥਿ ਪਥਰਿ ਦੰਦ ਭਨਾਵੈ।

੧ ਧਾ : ਅੰਗੂਰ।

੬. ਭੁਲਿ ਅਭੁਲਿ ਅਮੁਲੁ ਦੇ ਮੋਤੀ ਦਾਨ ਨ ਪਛੋਤਾਵੈ।
੭. ਸਫਲ ਜਨਮੁ ਕੋਈ ਵਰੁਸਾਵੈ ॥੧੫॥

**ਪਦਾਰਥ**-(ਚੁੰਭੀ=ਟੁੱਭੀ। ਮਰਜੀਵੜਾ=ਜੋ ਸਮੁੰਦਰਾਂ ਵਿਚ ਟੁੱਭੀਆਂ ਮਾਰਦਾ ਹੈ। (ਅਮੁੱਲ ਦੇ=ਐਵੇਂ ਦੇਕੇ, ਦਾਨ ਕਰਕੇ। ਵਰੁਸਾਵੇ=ਲਾਭ ਪ੍ਰਾਪਤ ਕਰੇ।

**ਅਰਥ**-੧.ਬੱਦਲ ਦੀ ਸੁਹਣੀ ਬੂੰਦ ਅਕਾਸ਼ੋਂ ਨੀਵੀਂ ਹੋਕੇ ਆਉਂਦੀ ਹੈ। ੨.(ਅੱਗੋਂ) ਸਮੁੰਦਰ ਨੂੰ (ਅਥਾਹ) ਵੇਖਕੇ ਆਪਾ ਭਾਵ ਗੁਆ ਕੇ ਸਿੱਪ ਦੇ ਮੂੰਹ ਵਿਖੇ ਵੜ ਜਾਂਦੀ ਹੈ। ੩.ਸਿੱਪ ਬੂੰਦ ਨੂੰ ਮੂੰਹ ਵਿਖੇ ਲੈਂਦਾ ਹੀ ਪਤਾਲ ਵਿਖੇ ਟੁੱਭੀ ਮਾਰਕੇ (ਕਿਸੇ ਚਿਟਾਨ ਆਦਿ ਦੇ ਆਸਰੇ ਨਾਲ) ਜਾ ਲੁਕਾਉਂਦਾ ਹੈ। ੪.ਮਰਜੀਉੜਾ ਫੜ ਕੱਢਦਾ ਹੈ, (ਮਾਨੋਂ) ਸਿੱਪ ਪਰਮੁਆਰਥ ਨੂੰ ਆਪ ਫੜਾਉਂਦਾ ਹੈ। ੫.ਪਰੋਪਕਾਰ ਦੇ ਲਈ ਪਰਾਏ ਵੱਸ ਪੈਕੇ, ਪਰਾਏ ਹੱਥੀਂ ਪੱਥਰ ਨਾਲ ਦੰਦ ਭਨਾਂਵਦਾ ਹੈ। ੬.ਭੁਲਕੇ ਜਾਂ ਨਾਂ ਭੁਲ ਕੇ ਮੋਤੀ ਦਾ ਦਾਨ ਕਰਕੇ (ਸਿੱਪੀ) ਕਦੇ ਬੀ ਨਹੀਂ ਪੱਛੋਤਾਉਂਦੀ। ੭.(ਉਸ ਦਾ) ਸਫਲ ਜਨਮ ਹੈ ਜਿਥੋਂ ਕੋਈ ਵਰੋਸਾਵੇ।

**ਭਾਵ**-ਬੂੰਦ ਵੱਡੇ ਹੰਕਾਰ ਨਾਲ ਉਤਰੀ, ਪਰ ਸਮੁੰਦਰ ਦੇ ਫੈਲਾਉ ਨੂੰ ਵੇਖਕੇ ਕਹਿਣ ਲੱਗੀ ਕਿ "ਮੈਂ ਤਾਂ ਇਸ ਦੇ ਅੱਗੇ ਕੁਝ ਚੀਜ ਨਹੀਂ ਹਾਂ" ਉਸੇ ਵੇਲੇ ਸਿੱਪ ਨੇ ਬੂੰਦ ਨੂੰ ਗੋਦ ਵਿਚ ਲੈਕੇ ਪਾਲਿਆ। ਜਦ ਮਰਜੀਵੜੇ ਨੇ ਇਸ ਨੂੰ ਪੱਥਰ ਨਾਲ ਭੰਨ ਕੇ ਮੋਤੀ ਕੱਢੇ ਤਦ ਪਾਤਸ਼ਾਹਾਂ ਦੇ ਸਿਰ ਦੇ ਮੁਕਟ ਦਾ ਗਹਿਨਾ ਬਣੀ, ਭਾਵ ਇਹ ਕਿ ਨਿੰਮ੍ਰਤਾ ਫੜੀ ਤਾਂ ਇਸ ਪਦਵੀ ਨੂੰ ਪੁਜੀ ਹੈ।

ਇਹ ਮੋਤੀ ਦੀ ਕਥਾ ਸ੍ਵਾਂਤਿ ਬੂੰਦ ਵਾਲਾ ਹਿੱਸਾ 'ਕਵਿ ਸੰਕੇਤ ਸੱਤਜ' ਹੈ।

## ੧੬. (ਹੀਰਾ ਕਣੀ ਤੋਂ ਸਿੱਖ ਗੁਰੂ ਦਾ ਮੇਲ)।

੧. ਹੀਰੇ ਹੀਰਾ ਬੇਧੀਐ ਖਰਮੇ ਕਣੀ ਅਣੀ ਹੋਇ ਧੀਰੈ।
੨. ਧਾਗਾ ਹੋਇ ਪਰੋਈਐ ਹੀਰੈ ਮਾਲ ਰਸਾਲ ਗਹੀਰੈ।
੩. ਸਾਧ ਸੰਗਤਿ ਗੁਰੁ ਸਬਦ ਲਿਵ ਹਉਮੈ ਮਾਰਿ ਮਰੈ ਮਨੁ ਧੀਰੈ।
੪. ਮਨ ਜਿਣਿ ਮਨੁ ਦੇ ਲਏ ਮਨੁ ਗੁਣਿ ਵਿਚਿ ਗੁਣ ਗੁਰਮੁਖਿ ਸਰੀਰੈ।
੫. ਪੈਰੀ ਪੈ ਪਾਖਾਕੁ ਹੋਇ ਕਾਮਧੇਨੁ ਸੰਤਰੇਣੁ ਨ ਨੀਰੈ।
੬. ਸਿਲਾ ਅਲੂਣੀ ਚਟਣੀ ਲਖ ਅੰਮ੍ਰਿਤ ਰਸ ਤਰਸਨ ਸੀਰੈ।
੭. ਵਿਰਲਾ, ਸਿਖ ਸੁਣੇ ਗੁਰ ਪੀਰੈ ॥੧੬॥

**ਪਦਾਰਥ**-(ਅਣੀ=ਨੋਕ। ਰਸਾਲ ਗਹੀਰੈ=ਵਡੀ ਸੁੰਦਰ। ਮਨ=ਆਤਮਾ, ਅੰਤਰ। (ਨ ਨੀਰੈ=ਨਹੀਂ ਪੁਜਦੀ। ਸੀਰੈ=ਮਿਠਾਸ।

**ਅਰਥ**-੧.ਵਰਮੇ ਦੀ ਅਣੀ ਨਾਲ ਹੀਰੇ ਦੀ ਕਣੀ ਲਗਾ ਕਰਕੇ ਹੀਰਾ ਧੀਰੇ ਧੀਰੇ ਵੇਧਿਆ ਜਾਂਦਾ ਹੈ। (ਭਾਵ ਗੁਰੂ ਜੀ, ਸ਼ਬਦ ਰੂਪ ਹੀਰੇ ਦੀ ਕਣੀ ਨਾਲ ਮਨ ਹੀਰਾ ਵਿੰਨ੍ਹਦੇ ਹਨ)। ੨.ਧਾਗਾ ਹੋਵੇ (ਭਾਵ ਪ੍ਰੇਮ ਦੀ ਡੋਰੀ ਹੋਵੇ) ਤਾਂ ਹੀਰਿਆਂ ਦੀ ਮਾਲਾ ਵਡੀ ਸੁੰਦਰ ਪਰੋਈਦੀ ਹੈ। ੩.ਸਾਧ ਸੰਗਤ ਵਿਖੇ ਗੁਰ ਸਬਦ ਦੀ ਪ੍ਰੀਤਿ ਕਰਕੇ ਮਮਤਾ ਨੂੰ ਮਾਰਕੇ ਮਨ ਅਚੱਲ ਕਰੇ। ੪.ਮਨ (ਗੁਰਾਂ ਨੂੰ) ਦੇਕੇ, ਮਨ ਅਰਥਾਤ ਮੰਤ੍ਰ (ਯਾ ਗੁਰਮਤ) ਲਵੇ ਤਾਂ ਮਨ ਜਿੱਤੀਦਾ ਹੈ, (ਇਹ) ਗੁਣਾਂ ਵਿਚੋਂ ਗੁਣ ਗੁਰਮੁਖਾਂ ਦੇ ਸਰੀਰ (ਵਿਖੇ) ਹੈ। (ਉਹ ਗੁਣ ਕੀ ਹੈ, ਅੱਗੇ ਦੱਸਦੇ ਹਨ)। ੫.ਪੈਰਾਂ ਦੀ ਖਾਕ ਹੋਕੇ (ਸੰਤਾਂ ਦੀ) ਚਰਣੀਂ ਪਏ, (ਉਨ੍ਹਾਂ) ਸੰਤਾਂ ਦੀ (ਰੇਣ) ਧੂੜੀ ਦੀ (ਨੀਰੈ=) ਬਰਾਬਾਰੀ ਕਾਮਧੇਨ ਨਹੀਂ ਕਰ ਸਕਦੀ। ੬.(ਗੁਰਮੁਖਾਂ ਦੀ ਸੇਵਾ ਰੂਪ) ਅਲੂਣੀ ਸ਼ਿਲਾ ਦੇ ਚੱਟਣ ਦੀ (ਸੀਰੇ=) ਮਿਠਾਸ ਨੂੰ ਲੱਖਾਂ ਅੰਮ੍ਰਿਤ ਰਸ ਤਰਸਦੇ ਹਨ। ੭.(ਪਰ) ਗੁਰਾਂ ਪੀਰਾਂ ਦੀ ਸਿੱਖਯਾ ਨੂੰ (ਕੋਈ) ਵਿਰਲਾ ਹੀ ਸੁਣਦਾ ਹੈ।

**ਭਾਵ**- "**ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥**"* ਪਹਿਲੇ ਸੇਵਾ ਦੀ ਅਲੂਣੀ ਸਿਲਾ ਚੱਟਣੀ, ਪਿਛੋਂ ਆਤਮ ਸੁਖ ਦਾ ਪਰਮ ਲਾਭ ਦਿੰਦੀ ਹੈ।

## ੧੭. (ਜੀਵਨ ਮੁਕਤਿ ਦੀ ਕਰਨੀ)।

੧. ਗੁਰ ਸਿਖੀ ਗੁਰ ਸਿਖ ਸੁਣ ਅੰਦਰਿ ਸਿਆਣਾ ਬਾਹਰਿ ਭੋਲਾ।
੨. ਸਬਦ ਸੁਰਤਿ ਸਾਵਧਾਨ ਹੋਇ ਵਿਣੁ ਗੁਰ ਸਬਦ ਨ ਸੁਣਈ ਬੋਲਾ।
੩. ਸਤਿਗੁਰੁ ਦਰਸਨੁ ਦੇਖਣਾ ਸਾਧ ਸੰਗਤਿ ਵਿਣੁ ਅੰਨ੍ਹਾਂ ਖੋਲਾ।
੪. ਵਾਹਿਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ।
੫. ਪੈਰੀ ਪੈ ਪਾਖਾਕ ਹੋਇ ਚਰਣ ਧੋਇ ਚਰਣੋਦਕ ਝੋਲਾ।
੬. ਚਰਣ ਕਵਲ ਚਿਤੁ ਭਵਰੁ ਕਰਿ ਭਵਜਲ ਅੰਦਰਿ ਰਹੈ ਨਿਰੋਲਾ।
੭. ਜੀਵਣਿ ਮੁਕਤਿ ਸਚਾਵਾ ਚੋਲਾ ॥੧੭॥

**ਪਦਾਰਥ**-(ਭੋਲਾ=ਸਿੱਧਾ ਸਾਦਾ। ਅੰਨ੍ਹਾ ਖੋਲਾ=ਅੰਨ੍ਹਾਂ ਕਾਣਾ। ਚਬੋਲਾ=ਪੀਂਦਾ ਹੈ। (ਝੋਲਾ=ਲੀਤਾ। ਚੋਲਾ=ਜਾਮਾ।

**ਅਰਥ**-੧.ਗੁਰੂ ਦਾ ਸਿੱਖ ਗੁਰੂ ਦੀ ਸਿਖਿਆ ਨੂੰ ਸੁਣ ਕੇ, ਅੰਦਰੋਂ ਸਿਆਣਾ ਤੇ ਬਾਹਰੋਂ ਸਿੱਧ ਪੱਧਰਾ (ਲਗਦਾ ਹੈ)। ੨.ਸ਼ਬਦ ਸੁਰਤ ਵਿਖੇ ਸਾਵਧਾਨ ਹੋਕੇ ਗੁਰ ਸਬਦ ਬਾਝ ਕੁਝ ਨਹੀਂ ਸੁਣਦਾ (ਮਾਨੋਂ ਬੋਲਾ ਹੈ)। ੩.ਸਤਿਗੁਰ ਦੇ ਦਰਸ਼ਨ ਨੂੰ ਦੇਖਦਾ ਹੈ, ਸਾਧ ਸੰਗਤ ਤੋਂ ਬਾਝ (ਮਾਨੋ) ਅੰਨ੍ਹਾਂ ਕਾਣਾ ਹੈ। ੪.ਵਾਹਿਗੁਰੂ ਮੰਤ੍ਰ ਗੁਰਾਂ ਥੋਂ ਲੈ ਕੇ ਪ੍ਰੇਮ ਦਾ ਪਿਆਲਾ ਚੁਪ ਚਾਪ ਹੋਕੇ ਪੀਂਦਾ ਹੈ। ੫.ਪੈਰਾਂ ਦੀ ਧੂੜ ਹੋਕੇ ਚਰਨ ਬੰਦਨਾ (ਕਰਦਾ ਹੈ), ਚਰਨ ਧੋਕੇ ਚਰਨਾਮ੍ਰਿਤ ਲੈਂਦਾ ਹੈ। ੬.ਭੌਰੇ ਸਮਾਨ ਚਿਤ ਚਰਨ ਕਮਲਾਂ ਵਿਖੇ ਕਰਕੇ ਆਪ ਸੰਸਾਰ ਵਿਖੇ ਨਿਰਲੇਪ ਰਹਿੰਦਾ ਹੈ। ੭.ਜੀਵਨ ਮੁਕਤਿ ਸੱਚਾ ਜਾਮਾ ਹੈ (ਭਾਵ ਇਹ ਕਿ ਸਫਲ ਜਨਮ ਹੈ)।

## ੧੮. (ਵਾਲ ਦਾ ਦ੍ਰਿਸ਼ਟਾਂਤ)।

੧. ਸਿਰਿ ਵਿਚਿ ਨਿਕੇ ਵਾਲ ਹੋਇ ਸਾਧ ਚਰਣ ਚਵਰ ਕਰਿ ਢਾਲੈ।
੨. ਗੁਰਸਰ ਤੀਰਥ ਨਾਇਕੈ ਅੰਝੂ ਭਰਿ ਭਰਿ ਪੈਰ ਪਖਾਲੈ।
੩. ਕਾਲੀ ਹੂੰ ਧਉਲੇ ਕਰੇ ਚਲਣਾ ਜਾਣਿ ਨੀਸਾਣੁ ਸਮ੍ਹਾਲੈ।
੪. ਪੈਰੀ ਪੈ ਪਾਖਾਕ ਹੋਇ ਪੂਰਾ ਸਤਿਗੁਰੁ ਨਦਰਿ ਨਿਹਾਲੈ।
੫. ਕਾਗ ਕੁਮੰਤਹੁੰ ਪਰਮ ਹੰਸੁ ਉਜਲ ਮੋਤੀ ਖਾਇ ਖਵਾਲੈ।
੬. ਵਾਲਹੁ ਨਿਕੀ ਆਖੀਐ ਗੁਰ ਸਿਖੀ ਸੁਣਿ ਗੁਰ ਸਿਖ ਪਾਲੈ।
੭. ਗੁਰ ਸਿਖੁ ਲੰਘੈ ਪਿਰਮ ਪਿਆਲੈ ॥੧੮॥

**ਪਦਾਰਥ**-(ਨਿਕੇ=ਪਤਲੇ, ਬਰੀਕ। ਪਖਾਲੇ=ਧੋਵੇ।

**ਅਰਥ**-੧.ਕੇਸ ਸਿਰ ਵਿਖੇ ਪਤਲੀ (ਸ਼ੈ ਹਨ ਸੋ) ਸੰਤਾਂ ਦੇ ਚਰਨਾਂ ਪੁਰ ਚਵਰ ਕਰਾਕੇ (ਚਰਨਾਂ ਦੀ ਧੂੜ) ਝਾੜੇ, (ਕਈ ਕਹਿੰਦੇ ਹਨ ਕਿ ਬਾਲ ਅਵਸਥਾ ਵਿਖੇ ਹੀ ਪ੍ਰੀਤ ਦਾ ਵੱਲ ਸਿੱਖੇ)। ੨.(ਜਦ ਜੁਬਾ ਹੋਵੇ ਆਪ) ਗੁਰਸਰ ਤੀਰਥ ਵਿਖੇ ਇਸ਼ਨਾਨ ਕਰਕੇ (ਜਾਂ ਦਰਸ਼ਨ ਕਰਕੇ) ਗੁਰਾਂ ਦੇ ਚਰਨਾਂ ਨੂੰ ਆਪਣੇ ਨੇਤ੍ਰਾਂ ਦੇ ਹੰਝੂਆਂ ਨਾਲ ਧੋਵੇ। (ਭਾਵ ਗਦ ਗਦ ਹੋ ਕੇ ਅਤਯੰਤ ਪ੍ਰੀਤ ਕਰੇ)। ੩.ਜਦ ਕਾਲੇ ਵਾਲਾਂ ਨੂੰ (ਕੁਦਰਤ) ਚਿੱਟੇ ਕਰੇ (ਤਦ) ਚਲੇ ਜਾਣ ਦੀ ਨਿਸ਼ਾਨੀ ਸਮਝੇ। ੪.ਪੈਰੀਂ ਪੈਕੇ ਪੈਰਾਂ ਦੀ ਧੂੜ ਬਣੇ (ਤਦੋਂ) ਪੂਰਾ ਸਤਿਗੁਰੂ ਨਦਰ ਨਾਲ ਨਿਹਾਲ ਕਰੇਗਾ। ੫.ਕੁਮੰਤ੍ਰੀ ਕਾਂ ਨੂੰ ਪਰਮਹੰਸ ਕਰੇ

*ਸ:ਵਾ:ਤੇ:ਵ:ਮ:੪-੧੬


www.sikhbookclub.com

(ਭਾਵ ਮੈਲੇ ਮਨ ਨੂੰ ਉੱਜਲ ਕਰੇ, ਗੁਣਾਂ ਦੇ) ਉੱਜਲ ਮੋਤੀ (ਆਪ) ਖਾਵੇ (ਹੋਰਾਂ ਨੂੰ) ਖੁਆਏ। ੬.ਵਾਲ ਥੋਂ ਸੂਖਮ ਗੁਰੂ ਦੀ ਸਿੱਖੀ (ਕਹੀਦੀ ਹੈ, ਇਸ ਨੂੰ) ਸੁਣਕੇ ਗੁਰੂ ਦਾ ਸਿੱਖ ਹੀ ਪਾਲੇ। ੭.ਗੁਰੂ ਦਾ ਸਿੱਖ ਪ੍ਰੇਮ ਦੇ ਪਿਆਲੇ ਨਾਲ ਪਾਰ ਹੁੰਦਾ ਹੈ।

**ਭਾਵ**-ਸਾਧ ਸੰਗਤ ਦੀ ਸੇਵਾ ਤੇ ਮਨ ਦਾ ਉੱਜਲ, ਸਿੱਖੀ ਦਾ ਪਾਲਨ ਕਰਨਾ, ਪ੍ਰੇਮ, ਏਹ ਪਾਰ ਹੋਣ ਦੇ ਰਸਤੇ ਹਨ

## ੧੯. (ਗੁੱਲਰ ਦਾ ਦ੍ਰਿਸ਼ਟਾਂਤ)।

੧. ਗੁਲਰ ਅੰਦਰਿ ਭੁਣਹਣਾ ਗੁਲਰ ਨੋਂ ਬ੍ਰਹਮੰਡ ਵਖਾਣੈ।
੨. ਗੁਲਰ ਲਗਨਿ ਲਖ ਫਲ ਇਕਦੂ ਲਖ ਅਲਖ ਨ ਜਾਣੈ।
੩. ਲਖ ਲਖ ਬਿਰਖ ਬਗੀਚਿਅਹੁ ਲਖ ਬਗੀਚੇ ਬਾਗ ਵਖਾਣੈ।
੪. ਲਖ ਬਾਗ ਬ੍ਰਹਮੰਡ ਵਿਚਿ ਲਖ ਬ੍ਰਹਮੰਡ ਲੂੰਅ ਵਿਚਿ ਆਣੈ।
੫. ਮਿਹਰਿ ਕਰੇ ਜੇ ਮਿਹਰਵਾਨੁ ਗੁਰਮੁਖਿ ਸਾਧਸੰਗਤਿ ਰੰਗੁ ਮਾਣੈ।
੬. ਪੈਰੀ ਪੈ ਪਾਖਕੁ ਹੋਇ ਸਾਹਿਬੁ ਦੇ ਚਲੈ ਓਹੁ ਭਾਣੈ।
੭. ਹਉਮੈ ਜਾਇ ਤਾ ਜਾਇ ਸਿਞਾਣੈ॥੧੯॥

**ਪਦਾਰਥ**-(ਭੁਣਹਣਾ=ਮੱਛਰ, ਕੀੜਾ। ਲੂੰਅ=ਰੋਮ । ਜਾਇ=ਸ੍ਵੈ ਸਰੂਪ ਦੀ ਜਗਾ।)

**ਅਰਥ**-੧.ਗੁੱਲਰ (ਨਾਮੇ ਬ੍ਰਿੱਛ) ਵਿਖੇ (ਜੋ) ਮੱਛਰ ਜਾਂ ਕੀੜਾ ਹੁੰਦਾ ਹੈ, (ਉਹ) ਗੁੱਲਰ ਨੂੰ ਬ੍ਰਹਮੰਡ ਦਾ ਰੂਪ ਸਮਝਦਾ ਹੈ। ੨.(ਪਰੰਤੂ ਉਸ) ਗੁੱਲਰ ਨੂੰ ਲੱਖਾਂ ਫਲ ਲਗਦੇ (ਫੇਰ) ਇਕ ਫਲ ਤੋਂ ਕਈ ਲੱਖ ਹੋਕੇ ਅਲੱਗ ਹੀ (ਰਹਿੰਦਾ ਹੈ), ਗਿਣਿਆ ਨਹੀਂ ਜਾਂਦਾ। ੩.(ਇਕ) ਬਗੀਚੇ ਥੋਂ ਕਈ ਲੱਖ ਬ੍ਰਿਛ ਹੁੰਦੇ ਹਨ, ਲੱਖਾਂ ਬਗੀਚਿਆਂ ਦੇ ਬਾਗ ਕਹੀਦੇ ਹਨ। ੪.(ਇਕ) ਬ੍ਰਹਿਮੰਡ ਵਿਖੇ ਲੱਖਾਂ ਬਾਗ ਹਨ, (ਅਕਾਲ ਪੁਰਖ ਦੇ ਇਕ) ਰੋਮ ਵਿਖੇ ਲੱਖਾਂ ਹੀ ਬ੍ਰਹਿਮੰਡ ਵਿਦਮਾਨ ਹਨ (ਯਥਾ :-"**ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ॥**"*) ੫.ਜਿਸ ਪੁਰ ਈਸ਼੍ਵਰ ਕ੍ਰਿਪਾ ਕਰੇ (ਉਹ) ਗੁਰਮੁਖ ਸੰਤਾਂ ਵਿਖੇ (ਮਿਲਕੇ) ਆਨੰਦ ਮਾਣਦਾ ਹੈ। ੬.ਅਤੇ ਪੈਰੀਂ ਪੈ ਕੇ ਪੈਰਾਂ ਦੀ ਧੂੜ ਹੋ ਕੇ ਵਾਹਿਗੁਰੂ ਦੇ ਭਾਣੇ ਵਿਖੇ ਉਹ ਚਲਦਾ ਹੈ। ੭.(ਜਦ) ਹਉਮੈ ਜਾਵੇ ਤਦ (ਸ੍ਵੈ ਸਰੂਪ ਦੀ) ਜਗਾ ਨੂੰ ਪਛਾਣਦਾ ਹੈ।

**ਭਾਵ**-ਇਹ ਅਨਯੋਕਤੀ ਹੈ। ਦੇਹ ਵਿਚ ਜੀਅ ਆਪਣੇ ਆਪ ਨੂੰ ਬ੍ਰਹਮੰਡ ਵਿਚ ਬੈਠਾ ਸਮਝਦਾ ਹੈ, ਪਰ ਜੀਵ ਨੂੰ ਪਤਾ ਨਹੀਂ ਕਿ ਇਸ ਧਰਤੀ ਰੂਪੀ ਬ੍ਰਿਛ ਨੂੰ ਮੇਰੇ ਵਰਗੇ ਲੱਖਾਂ ਫਲ ਲੱਗੇ ਹੋਏ ਹਨ, ਫੇਰ ਇਕ ਇਕ ਸੂਰਜ ਦੇ ਬਗੀਚੇ ਵਿਚ ਕਈ ਏਹੋ ਜਿਹੀਆਂ ਧਰਤੀਆਂ ਹਨ। ਫੇਰ ਵਡੇਰੇ ਸੂਰਜਾਂ ਦੇ ਚੱਕ੍ਰ ਵਿਚ ਏਹੋ ਜਿਹੇ ਅਣਗਿਣਤ ਸੂਰਜ ਇਸ ਤਰ੍ਹਾਂ ਉਨ੍ਹਾਂ ਤੋਂ ਵਡੇਰਿਆਂ ਦੇ ਚੱਕ੍ਰ ਵਿਚ ਉਹੋ ਜਿਹੇ ਬਤੇਰੇ। ਗੱਲ ਕੀ ਅਥਾਹ ਸ੍ਰਿਸ਼ਟੀ ਅਥਾਹ ਰਚਨਾਂ ਹੈ, ਅਰ ਮੇਰੇ ਵਰਗੇ ਗੁੱਲਰ ਦੇ ਮੱਛਰ ਗਿਣਤੀ ਅਰ ਤੋਲ ਵਿਚ ਹੱਦ ਤੋਂ ਰਹਿਤ ਹਨ। ਏਹ ਸਮਝਕੇ ਨਿਜ ਨੂੰ ਤੁੱਛ ਜਾਣੇ, ਤੁੱਛ ਜਾਣਕੇ ਵਾਹਿਗੁਰੂ ਦੇ ਭਾਣੇ ਵਿਚ ਤੁਰੇ, ਤਦ ਹਉਮੈ ਦੂਰ ਹੋਊ। ਜਦ ਇਹ ਦੂਰ ਹੋ ਗਈ ਤਦ ਵਾਹਿਗੁਰੂ ਨੂੰ ਪਛਾਣਕੇ ਤੱਤ ਗਯਾਨ ਵਿਚ ਸੁਖੀ ਹੋ ਜਾਏਗਾ।

## ੨੦. (ਦੂਜ ਦੇ ਚੰਦ ਥੋਂ ਉਪਦੇਸ਼)।

੧. ਦੁਇ ਦਿਹਿ ਚੰਦੁ ਅਲੋਪੁ ਹੋਇ ਤੀਐ ਦਿਹ ਚੜਦਾ ਹੋਇ ਨਿਕਾ।
੨. ਉਠਿ ਉਠਿ ਜਗਤੁ ਜੁਹਾਰਦਾ ਗਗਨ ਮਹੇਸੁਰ ਮਸਤਕ ਟਿਕਾ।
੩. ਸੋਲਹ ਕਲਾ ਸੰਘਾਰੀਐ ਸਫਲ ਜਨਮੁ ਸੋਹੈ ਕਲ ਇਕਾ।

*ਸੂਹੀ: ਮ:੫: ਅਸਟ-੧

੪. ਅੰਮ੍ਰਿਤ ਕਿਰਣਿ ਸੁਹਾਵਣੀ ਨਿਝਰੁ ਝਰੈ ਸਿੰਜੇ ਸਹ ਸਿਕਾ।
੫. ਸੀਤਲ ਸਾਂਤਿ ਸੰਤੋਖੁ ਦੇ ਸਹਜ ਸੰਜੋਗੀ ਰਤਨ ਅਮਿਕਾ।
੬. ਕਰੇ ਅਨੇਰਹੁ ਚਾਨਣਾ ਡੋਰ ਚਕੋਰ ਧਿਆਨੁ ਧਰਿ ਛਿਕਾ।
੭. ਆਪੁ ਗਵਾਇ ਅਮੋਲ ਮਣਿਕਾ॥੨੦॥

**ਪਦਾਰਥ**-(ਜੁਹਾਰਦਾ=ਮੱਥੇ ਟੇਕਦਾ । ਗਗਨ=ਅਕਾਸ਼ । ਮਹੇਸੁਰ=ਸ਼ਿਵ।
(ਸੰਘਾਰੀਐ=ਗ੍ਰਹਨੇ, ਘਟੇ । ਕਲਇਕਾ=ਏਕਮ ਦਾ।
(ਸਹਸਿਕਾ=ਸਿਕਦੀ ਸ਼ਹੁ ਨੂੰ ਦੇਖਕੇ । ਛਿਕਾ=ਖਿਚਿਆ ਰਹਿੰਦਾ ਹੈ।

**ਅਰਥ**-੧.ਦੋ ਦਿਨ (ਅਮਾਵਸ ਤੇ ਏਕਮ ਨੂੰ) ਚੰਦ ਲੋਪ ਰਹਿਕੇ, ਤੀਜੀ ਰਾਤ ਨੂੰ ਨਿੱਕਾ ਹੋਕੇ ਚੜ੍ਹਦਾ ਹੈ। ੨.(ਸਾਰਾ) ਜਹਾਨ ਉਠ ਕੇ ਮੱਥੇ ਟੇਕਦਾ ਹੈ (ਮਾਨੋਂ) ਅਕਾਸ਼ ਰੂਪ ਸ਼ਿਵਜੀ ਦੇ ਮੱਥੇ ਦਾ ਤਿਲਕ ਹੈ। ੩.ਜਦ ਸੋਲਾਂ ਕਲਾਂ ਹੁੰਦੀਆਂ ਹਨ (ਫੇਰ ਸੰਘਾਰੀਐ=) ਘਟਣ ਲਗਦਾ ਹੈ, ਇਕ ਕਲਾ (ਏਕਮ ਨੂੰ ਹੋਣ ਕਰਕੇ) ਸਫਲ ਜਨਮ (ਹੋਕੇ) ਸ਼ੋਭਦਾ ਹੈ। ੪.(ਚੰਦਰਮਣੀ) ਸਿਕਦੀ ਸ਼ਹੁ ਨੂੰ ਦੇਖਕੇ ਅੰਮ੍ਰਤ ਸ੍ਰਵਦੀ (ਬ੍ਰਿਛਾਂ ਪਰ ਮਾਨੋਂ) ਸੋਭਦੀ ਹੈ, (ਅਥਵਾ ਸੈਂਕੜਿਆਂ ਨੂੰ ਅੰਮ੍ਰਤ ਸਿੰਜਦੀ ਹੈ)। ੫.ਸੀਤਲਤਾ, ਸ਼ਾਂਤਿ ਤੇ ਸੰਤੋਖ ਦਿੰਦਾ ਹੈ, ਸਹਿਜ ਦਾ ਸੰਜੋਗੀ ਅਮੋਲ ਰਤਨ ਹੈ। ੬.ਹਨੇਰੇ ਵਿਚ ਚਾਨਣਾ ਕਰਦਾ ਹੈ, ਚਕੋਰ ਧਿਆਨ ਦੀ ਡੋਰ ਨਾਲ (ਉੱਚਾ ਚੰਦ ਵਲ) ਖਿੱਚਿਆ ਰਹਿੰਦਾ ਹੈ। ੭.ਆਪਾ ਗਵਾਉਣ ਕਰਕੇ ਹੀ ਅਮੋਲਕ ਮਾਣਕ ਹੁੰਦਾ ਹੈ।

## ੨੧. (ਧ੍ਰੂ ਭਗਤ ਦਾ ਦ੍ਰਿਸ਼ਟਾਂਤ)।

੧. ਹੋਇ ਨਿਮਾਣਾ ਭਗਤਿ ਕਰਿ ਗੁਰਮੁਖਿ ਧ੍ਰੂਹਰਿ ਦਰਸਨੁ ਪਾਇਆ।
੨. ਭਗਤਿ ਵਛਲੁ ਹੋਇ ਭੇਟਿਆ ਮਾਣੁ ਨਿਮਾਣੇ ਆਪੁ ਦਿਵਾਇਆ।
੩. ਮਾਤ ਲੋਕ ਵਿਚਿ ਮੁਕਤਿ ਕਰਿ ਨਿਹਚਲੁ ਵਾਸੁ ਅਗਾਸਿ ਚੜਾਇਆ।
੪. ਚੰਦ ਸੂਰਜ ਤੇਤਿਸ ਕਰੋੜਿ ਪਰਦਖਣਾ ਚਉਫੇਰਿ ਫਿਰਾਇਆ।
੫. ਵੇਦ ਪੁਰਾਣ ਵਖਾਣਦੇ ਪਰਗਟੁ ਕਰਿ ਪਰਤਾਪੁ ਜਣਾਇਆ।
੬. ਅਬਿਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਵੀਚਾਰੁ ਨ ਆਇਆ।
੭. ਗੁਰਮੁਖਿ ਸੁਖ ਫਲੁ ਅਲਖ ਲਖਾਇਆ ॥੨੧॥੪॥

**ਅਰਥ**-੧.ਧ੍ਰੂ ਨੇ ਨਿਮਾਣਾ ਹੋਕੇ ਭਗਤੀ ਕੀਤੀ, ਗੁਰਮੁਖ ਹੋਕੇ ਹਰੀ ਦਾ ਦਰਸ਼ਣ ਪਾਇਆ। ੨.(ਵਾਹਿਗੁਰੂ) ਭਗਤ ਵਛਲ ਨੇ ਨਿਮਾਣੇ ਨੂੰ ਆਪ ਮਾਣ ਦਿੱਤਾ ਤੇ ਉਸ ਨੂੰ ਮੇਲ ਲਿਆ। ੩.ਮਾਤ ਲੋਕ ਵਿਚ ਹੀ ਮੁਕਤ ਕੀਤਾ, ਨਿਹਚਲ ਵਾਸ ਦਿੱਤਾ ਤੇ ਅਕਾਸ਼ ਚੜ੍ਹਾ ਦਿੱਤਾ। ੪.ਚੰਦ ਸੂਰਜ ਤੇ ਤੇਤੀ ਕਰੋੜ (ਤਾਰੇ) ਸਭ ਤੋਂ (ਉਸ ਦੀ) ਪ੍ਰਦਖਣਾ ਕਰਾਈ। ੫.ਵੇਦ ਪੁਰਾਣ (ਇਹ ਕਥਾ) ਕਹਿੰਦੇ ਹਨ (ਕਿ ਏਹ) ਪ੍ਰਗਟ ਕਰਕੇ ਪ੍ਰਤਾਪ ਦਿਖਾਇਆ ਹੈ। ੬.(ਪਰ ਪਰਮੇਸਰ ਤੇ ਉਸ ਦਾ ਕਰਤੱਵ) ਗਤੀ ਤੋਂ ਪਰੇ ਹੈ, ਗਮਤਾਂ ਤੋਂ ਬਹੁਤ ਪਰੇ ਹੈ, ਕਥਨ ਤੋਂ ਅਕੱਥ ਹੈ, ਵੀਚਾਰ ਤੋਂ ਪਾਰ ਹੈ। ੭.(ਪਰ ਉਸ ਨੇ) ਗੁਰਮੁਖਾਂ ਨੂੰ ਨਾ ਲਖਿਆ ਜਾਣ ਵਾਲਾ ਸੁਖ ਫਲ ਲਖਾ ਦਿਤਾ ਹੈ।

**ਭਾਵ**-ਧ੍ਰੂ ਨਿਮਾਣੇ ਨੂੰ ਨਿਰਮਾਣਤਾ ਔਰ ਭਗਤੀ ਕਰਕੇ ਮੁਕਤੀ ਮਿਲੀ। ਪੌਰਾਣਕ ਕਥਾ ਅਨੁਸਾਰ ਉਸ ਦੀ ਵਡਿਆਈ ਇਹ ਵਧੀ ਹੈ ਕਿ ਅਕਾਸ਼ ਵਿਚ ਉਤਰੀ ਦਿਸ਼ਾ ਦੇ ਸਿਰ ਤੇ ਐਸਾ ਅਚੱਲ ਹੋਇਆ ਕਿ ਸਾਰੇ ਤਾਰੇ ਉਸ ਦੇ ਗਿਰਦ ਫਿਰਦੇ ਹਨ ਪਰ ਓਹ ਅਟੱਲ ਹੈ। ਭਾਈ ਸਾਹਿਬ

ਕਿ ਸਾਰੇ ਤਾਰੇ ਉਸ ਦੇ ਗਿਰਦ ਫਿਰਦੇ ਹਨ, ਪਰ ਓਹ ਅਟਲ ਹੈ। ਭਾਈ ਸਾਹਿਬ ਜੀ ਕਹਿੰਦੇ ਹਨ, ਕਿਵੇਂ ਹੋਵੇ, ਵਾਹਿਗੁਰੂ ਦੀ ਗਤੀ ਅਲਖ ਹੈ, ਗੁਰਮੁਖ ਬਣੋ ਗੁਰਮੁਖਾਂ ਨੂੰ ਸੁਖ ਫਲ ਮਿਲਦਾ ਹੈ, ਚਾਹੇ ਕਿਸੇ ਤਰ੍ਹਾਂ ਮਿਲੇ।

# ਵਾਰ ੫.

ੴ ਸਤਿਗੁਰ ਪ੍ਰਸਾਦਿ ॥

## ੧. (ਗੁਰਮੁਖਾਂ ਦੇ ਲੱਛਣ)।

੧. ਗੁਰਮੁਖਿ ਹੋਵੈ ਸਾਧ ਸੰਗੁ ਹੋਰਤੁ ਸੰਗਿ ਕੁਸੰਗਿ ਨ ਰਚੈ।
੨. ਗੁਰਮੁਖਿ ਪੰਥੁ ਸੁਹੇਲੜਾ ਬਾਰਹ ਪੰਥ ਨ ਖੇਚਲ ਖਚੈ।
੩. ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗੁ ਤੰਬੋਲ ਪਰਚੈ।
੪. ਗੁਰਮੁਖਿ ਦਰਸਨੁ ਦੇਖਣਾ ਛਿਅ ਦਰਸਨ ਪਰਸਣ ਨ ਸਰਚੈ।
੫. ਗੁਰਮੁਖਿ ਨਿਹਚਲ ਮਤਿ ਹੈ ਦੂਜੇ ਭਾਇ ਲੁਭਾਇ ਨ ਪਚੈ।
੬. ਗੁਰਮੁਖਿ ਸਬਦੁ ਕਮਾਵਣਾ ਪੈਰੀ ਪੈ ਰਹਿਰਾਸ ਨ ਹਚੈ।
੭. ਗੁਰਮੁਖਿ ਭਾਇ ਭਗਤਿ ਚਹਮਚੈ ॥੧॥

**ਪਦਾਰਥ**-(ਰਚੈ=ਲਗਦਾ। ਸੁਹੇਲੜਾ=ਸ਼ੋਭਨੀਕ। ਖਚੈ=ਖੱਚਿਤ ਹੁੰਦਾ।) (ਪਰਚੈ=ਅਭੇਦ ਹੋਣਾ। ਸਰਚੈ=ਫਸਣਾਂ। ਚਹਮਚੈ=ਖੁਸ਼ੀ ਵਿਚ ਮਸਤ।)

**ਅਰਥ**-੧.(ਜੋ) ਸਾਧ ਸੰਗਤ ਵਿਖੇ ਗੁਰਮੁਖ ਹੁੰਦਾ ਹੈ (ਉਹ) ਹੋਰ ਕੁਸੰਗੀਆਂ ਦੇ ਸੰਗ ਵਿਚ ਨਹੀਂ ਲਗਦਾ। ੨.ਗੁਰਮੁਖਾਂ ਦਾ ਪੰਥ ਸ਼ੋਭਨੀਕ ਹੈ (ਜੋਗੀਆਂ ਦੇ) ਬਾਰਾਂ ਪੰਥਾਂ ਦੀਆਂ ਖੇਚਲਾਂ ਵਿਚ ਨਹੀਂ ਖਚਿਤ ਹੁੰਦਾ। ੩.ਗੁਰਮੁਖ ਵਰਣ (ਖੱਤ੍ਰੀ, ਬ੍ਰਾਹਮਣ) ਹੋਵੇ ਭਾਵੇਂ (ਅੰਵਰਣ=) ਨੀਚ ਜਾਤ ਹੋਵੇ, (ਉਹ ਤੰਬੋਲ=) ਪਾਨ ਦੇ ਬੀੜੇ ਦੇ ਲਾਲ ਰੰਗ ਵਿਚ (ਸਤਿਸੰਗ ਵਿਚ=) ਪਰੁੱਚ ਜਾਂਦਾ ਹੈ (ਭਾਵ ਅਭੇਦ ਹੋ ਜਾਂਦਾ ਹੈ)। ੪.ਗੁਰਮੁਖਾਂ ਦਾ ਦਰਸ਼ਨ (ਜਿਨ੍ਹਾਂ) ਦੇਖਣਾ ਕੀਤਾ ਹੈ ਉਹ ਛੀ ਦਰਸ਼ਨਾਂ ਦੇ ਪਰਸਣ ਵਿਚ ਨਹੀਂ ਫਸਦੇ। ੫.ਗੁਰਮੁਖਾਂ ਦੀ ਅਟੱਲ ਬੁੱਧੀ ਹੈ, ਦੂਜੇ ਭਾਵ ਦੇ ਲੋਭ ਵਿਚ ਨਹੀਂ ਸੜਦੇ। ੬.ਗੁਰਮੁਖਾਂ ਦਾ ਸ਼ਬਦ (ਜਿਨ੍ਹਾਂ) ਕਮਾਇਆ ਹੈ (ਓਹ) ਪੈਰੀਂ ਪੈਣਾ ਅਰ ਗੁਰਮੁਖਾਂ ਦੀਆਂ ਰਾਹ ਰਸਮਾਂ ਥੋਂ ਨਹੀਂ ਹਿਚਕਦੇ (ਤਿਲਕਦੇ)। ੭.ਪ੍ਰੇਮਾ ਭਗਤੀ ਦੀ ਖੁਸ਼ੀ ਵਿਖੇ ਮਸਤ ਰਹਿੰਦੇ ਹਨ।

**ਭਾਵ**-ਅਨਿੰਨਤਾ, ਸਤਿਸੰਗ, ਅਭੇਦ ਕਰਨਾ, ਦਰਸ਼ਨਾਂ ਤੋਂ ਮਤਿ ਉੱਚੀ, ਸ਼ਬਦ ਦੀ ਕਾਰ, ਨਿੰਮ੍ਰਤਾ, ਪ੍ਰੇਮ ਏਹ ਗੁਰਮੁਖਾਂ ਵਿਚ ਵਰਤਦੇ ਹਨ।

## ੨. (ਗੁਰਮੁਖਾਂ ਦੇ ਲੱਛਣ)।

੧. ਗੁਰਮੁਖਿ ਇਕੁ ਅਰਾਧਣਾ ਇਕੁ ਮਨ ਹੋਇ ਨ ਹੋਇ ਦੁਚਿਤਾ।
੨. ਗੁਰਮੁਖਿ ਆਪੁ ਗਵਾਇਆ ਜੀਵਨੁ ਮੁਕਤਿ ਨ ਤਾਮਸ ਪਿਤਾ।
੩. ਗੁਰ ਉਪਦੇਸ ਅਵੇਸ ਕਰਿ ਸਣੁ ਦੂਤਾ ਵਿਖੜਾ ਗੜੁ ਜਿਤਾ।

੪. ਪੈਰੀ ਪੈ ਪਾਖਾਕੁ ਹੋਇ ਪਾਹੁਨੜਾ ਜਗਿ ਹੋਇ ਅਥਿਤਾ।
੫. ਗੁਰਮੁਖਿ ਸੇਵਾ ਗੁਰ ਸਿਖਾ ਗੁਰ ਸਿਖ ਮਾ ਪਿਉ ਭਾਈ ਮਿਤਾ।
੬. ਦੁਰਮਤਿ ਦੁਬਿਧਾ ਦੂਰਿ ਕਰਿ ਗੁਰਮਤਿ ਸਬਦ ਸੁਰਤਿ ਮਨ ਸਿਤਾ।
੭. ਛਡਿ ਕੁਫਕੜੁ ਕੂੜੁ ਕੁਧਿਤਾ ॥੨॥

**ਪਦਾਰਥ**-(ਪਿੱਤਾ=ਦਿਲ। ਆਵੇਸ=ਪ੍ਰਵੇਸ਼। ਅਥਿਤਾ=ਪੂਜਨੀਕ।
(ਕੁਫਕੜੁ=ਖੋਟਾ। ਕੁਧਿਤਾ=ਕੁਬੁੱਧੀ।

**ਅਰਥ**-੧.ਗੁਰਮੁਖ ਇਕ ਮਨ ਹੋਕੇ ਇਕ ਈਸ਼੍ਵਰ ਅਰਾਧਦੇ ਹਨ, ਦੋ ਦਿਲੇ ਨਹੀਂ ਹੁੰਦੇ। ੨.ਆਪਾ ਭਾਵ ਗੁਵਾ ਦਿੰਦੇ ਹਨ, ਜੀਵਨ ਮੁਕਤ ਹੋ ਰਹੇ ਹਨ, ਗੁਰਮੁਖਾਂ ਦਾ ਪਿੱਤਾ (ਦਿਲ) ਤਮੋਂ ਗੁਣੀ ਨਹੀਂ। ੩.ਗੁਰੂ ਦੇ ਉਪਦੇਸ਼ ਵਿਖੇ ਪ੍ਰਵੇਸ਼ ਕਰਕੇ ਸਣੇ (ਪੰਜ) ਦੂਤਾਂ ਦੇ ਕਠਨ ਗੜ੍ਹ (ਦੇਹਾਭਿਮਾਨ) ਜਿੱਤ ਲੀਤਾ ਹੈ। ੪.ਪੈਰੀ ਪੈਕੇ ਚਰਨਾਂ ਦੀ ਖ਼ਾਕੁ ਹੋਕੇ ਆਪ ਨੂੰ ਪ੍ਰਾਹੁਣਾ ਮੰਨਦੇ ਹਨ (ਇਸੇ ਕਾਰਣ) ਜਗ ਦੇ (ਅਥਿੱਤਾ=) ਪੂਜਨੀਕ ਹਨ। ੫.ਗੁਰਮੁਖ (ਲੋਕ) ਗੁਰੂ ਦੇ ਸਿੱਖਾਂ ਦੀ ਸੇਵਾ ਕਰਦੇ, ਅਰ ਗੁਰਮੁਖਾਂ ਨੂੰ ਹੀ ਮਾਤਾ ਪਿਤਾ ਭਾਈ ਤੇ ਮਿੱਤ੍ਰ (ਮੰਨਦੇ) ਹਨ। ੬.ਦੁਰਮਤ ਤੇ ਦੁਬਿਧਾ ਦੂਰ ਕਰ ਦਿਤੀ ਹੈ; ਗੁਰ ਸਿਖਿਆ ਲੈਕੇ ਸ਼ਬਦ ਦੀ ਗਯਾਤ ਵਿਖੇ ਮਨ ਸੀਉਂ ਛਡਿਆ ਹੈ। ੭.ਖੋਟਾ ਕੰਮ ਅਰ ਕੂੜੀਆਂ ਹੁੱਜਤਾਂ ਜਾਂ ਕੁਬੁਧੀਆਂ ਨੂੰ ਛੱਡ ਦਿੱਤਾ ਹੈ।

**ਭਾਵ**-ਆਪਣੇ ਹਠ ਨੂੰ ਛੱਡਕੇ ਗੁਰਮੁਖ ਈਸ਼੍ਵਰ ਦੇ ਭਾਣੇ ਪੁਰ ਪ੍ਰਸੰਨ ਰਹਿੰਦੇ ਹਨ "**ਦੂਜੀ ਛੋਡਿ ਕਵਾਟੜੀ ਇਕਸ ਸਉ ਚਿਤੁ ਲਾਇ॥**"* ਅਨਿੰਨ ਭਗਤ ਹੁੰਦੇ ਹਨ। ਇੰਦ੍ਰੇ ਜਿਤ, ਨਿੰਮ੍ਰੀ ਭੂਤ, ਸ਼ਬਦ ਅਭਯਾਸੀ, ਸਤਿਸੰਗੀਆਂ ਨਾਲ ਪ੍ਰੇਮ ਤੇ ਉੱਜਲ ਮਤ ਵਾਲੇ ਹੁੰਦੇ ਹਨ।

## ੩. (ਗੁਰ ਸਿਖ ਸਹਿਚਾਰੀਆਂ ਦਾ ਦ੍ਰਿਸ਼ਟਾਂਤ)।

੧. ਅਪਣੇ ਅਪਣੇ ਵਰਨ ਵਿਚਿ ਚਾਰਿ ਵਰਨ ਕੁਲ ਧਰਮ ਧਰੰਦੇ।
੨. ਛਿਅ ਦਰਸਨ ਛਿਅ ਸਾਸਤ੍ਰਾ ਗੁਰ ਗੁਰਮਤਿ ਖਟੁ ਕਰਮ ਕਰੰਦੇ।
੩. ਅਪਣੇ ਅਪਣੇ ਸਾਹਿਬੈ ਚਾਕਰ ਜਾਇ ਜੁਹਾਰ ਜੁੜੰਦੇ।
੪. ਅਪਣੇ ਅਪਣੇ ਵਣਜ ਵਿਚਿ ਵਾਪਾਰੀ ਵਾਪਾਰ ਮਚੰਦੇ।
੫. ਅਪਣੇ ਅਪਣੇ ਖੇਤ ਵਿਚਿ ਬੀਉ ਸਭੈ ਕਿਰਸਾਣਿ ਬੀਜੰਦੇ।
੬. ਕਾਰੀਗਰ ਕਾਰੀਗਰਾਂ ਕਾਰਿਖਾਨੇ ਵਿਚਿ ਜਾਇ ਮਿਲੰਦੇ।
੭. ਸਾਧ ਸੰਗਤਿ ਗੁਰ ਸਿਖ ਪੂਜੰਦੇ ॥੩॥

**ਪਦਾਰਥ**-(ਸਾਹਿਬ=ਮਾਲਕ, ਰਾਜੇ । ਜੁਹਾਰ=ਬੰਦਗੀ, ਸੇਵਾ ।
(ਕਿਰਸਾਣ=ਜ਼ਿਮੀਦਾਰ । ਪੁਜੰਦੇ=ਪਹੁੰਚੇ ।

**ਅਰਥ**-੧.ਚਾਰ ਵਰਣ ਦੇ ਲੋਕ ਅਪਣੇ ਅਪਣੇ ਵਰਨ (ਖਤ੍ਰੀ, ਬ੍ਰਾਹਮਣ, ਸੂਦ੍ਰ, ਵੈਸ,) ਵਿਚ ਕੁਲਾਚਾਰੀ ਧਰਮ ਨੂੰ ਧਾਰਦੇ ਹਨ। ੨.ਛੀ ਦਰਸ਼ਣਾਂ; ਛੀ ਸ਼ਾਸਤ੍ਰਾਂ ਦੇ ਵੱਖੋ ਵੱਖ ਗੁਰੂਆਂ ਦੀ ਮਤ ਲੈਕੇ ਖਟ ਕਰਮ (ਜਪ ੧, ਹੋਮ ੨, ਸੰਧ੍ਯਾ ੩, ਸ਼ਨਾਨ ੪, ਅਤਿਥਿ ਪੂਜਾ ੫, ਦੇਵ ਅਰਚਾ ੬ ਨੂੰ) ਕਰਦੇ ਹਨ। ੩.ਆਪਣੇ ਆਪਣੇ ਮਾਲਿਕ ਅੱਗੇ ਚਾਕਰ ਜਾਕੇ ਸੇਵਾ ਵਿਚ ਜੁੜਦੇ ਹਨ। ੪.ਵਪਾਰੀ ਆਪਣੇ ਆਪਣੇ ਵਪਾਰ ਵਿਚ ਰਚ ਰਹੇ ਹਨ, ੫.ਆਪਣੇ ਆਪਣੇ ਖੇਤ ਵਿਚ ਸਾਰੇ ਕਿਸਾਨ ਬੀ ਬੀਜਦੇ ਹਨ। ੬.ਕਾਰੀਗਰ ਕਾਰੀਗਰਾਂ ਨੂੰ ਕਾਰਖਾਨਿਆਂ ਵਿਚ ਮਿਲਦੇ ਹਨ। ੭.ਤਿਵੇਂ ਗੁਰੂ ਕੇ ਸਿੱਖ ਸਾਧ

੧ ਸ:ਵਾ:ਤੇ:ਵ:ਮ:੫-੧੬

ਸੰਗਤਿ ਵਿਚ ਪਹੁੰਚਦੇ ਹਨ।

ਭਾਵ-ਸਹਿਚਾਰੀ ਸਹਿਚਾਰੀਆਂ ਨਾਲ ਮਿਲਦੇ ਹਨ, ਤਿਵੇਂ ਸਤਿਸੰਗੀ ਆਪਣੇ ਸਹਿਚਾਰੀਆਂ ਨਾਲ ਮਿਲਦੇ ਹਨ।

## ੪. (ਸਹਿਚਾਰੀਆਂ ਦਾ ਦ੍ਰਿਸ਼ਟਾਂਤ)।

੧. ਅਮਲੀ ਰਚਨਿ ਅਮਲੀਆ ਸੋਫੀ ਸੋਫੀ ਮੇਲੁ ਕਰੰਦੇ।
੨. ਜੂਆਰੀ ਜੂਆਰੀਆ ਵੇਕਰਮੀ ਵੇਕਰਮ ਰਚੰਦੇ।
੩. ਚੋਰਾ ਚੋਰਾ ਪਿਰਹੜੀ ਠਗ ਠਗ ਮਿਲਿ ਦੇਸ ਠਗੰਦੇ।
੪. ਮਸਕਰਿਆ ਮਿਲਿ ਮਸਕਰੇ ਚੁਗਲਾ ਚੁਗਲ ਉਮਾਹਿ ਮਿਲੰਦੇ।
੫. ਮਨਤਾਰੂ ਮਨਤਾਰੂਆ ਤਾਰੂ ਤਾਰੂ ਤਾਰ ਤਰੰਦੇ।
੬. ਦੁਖਿਆਰੇ ਦੁਖਿਆਰਿਆਂ ਮਿਲਿ ਮਿਲ ਅਪਣੇ ਦੁਖ ਰੁਵੰਦੇ।
੭. ਸਾਧ ਸੰਗਤਿ ਗੁਰ ਸਿਖ ਵਸੰਦੇ॥੪॥

ਪਦਾਰਥ-(ਸੋਫੀ=ਬੇਅਮਲੀ ਜੋ ਨਸ਼ਾ ਨਹੀਂ ਪੀਂਦੇ (ਅਸਲ ਵਿਚ ਬੁੱਧੀਮਾਨ। (ਵੇਕਰਮੀ=ਦੁਰਾਚਾਰੀ। ਮਸਕਰੇ=ਟੋਕ ਬਾਜ। ਉਮਾਹ=ਖੁਸ਼ੀ ਨਾਲ। (ਮਨਤਾਰੂ=ਅਨਤਾਰੂ। ਪਿਰਹੜੀ=ਪ੍ਰੀਤਿ।

ਅਰਥ-੧. ਨਸ਼ਈ ਨਸ਼ਈਆਂ ਨਾਲ ਰਚਦੇ ਹਨ, ਸੂਫੀ ਸੂਫੀਆਂ ਨਾਲ ਮੇਲ ਕਰਦੇ ਹਨ। ੨. ਜੁਆਰੀਏ ਜੁਆਰੀਆਂ ਨਾਲ (ਹੋਰ) ਖੋਟੇ ਕੰਮ ਕਰਨ ਵਾਲੇ ਖੋਟੇ ਕੰਮ ਕਰਨ ਵਾਲਿਆਂ ਨਾਲ ਰਹਿੰਦੇ ਹਨ। ੩. ਚੋਰਾਂ ਦੀ ਚੋਰਾਂ ਨਾਲ ਪ੍ਰੀਤ ਹੈ, ਠੱਗ ਠੱਗਾਂ ਨੂੰ ਮਿਲਕੇ ਦੇਸ਼ ਠੱਗਦੇ ਹਨ। ੪. ਮਸਖਰਿਆਂ ਨੂੰ ਮਸਖਰੇ ਮਿਲਦੇ (ਤੇ) ਚੁਗਲਾਂ ਨੂੰ ਚੁਗਲ ਖੁਸ਼ੀ ਨਾਲ ਮਿਲਦੇ ਹਨ। ੫. ਅਨਤਾਰੂ ਅਨਤਾਰੂਆਂ ਨੂੰ ਤੇ ਤਾਰੂ ਤਾਰੂ (ਨਾਲ ਮਿਲਕੇ) ਤਰਦੇ ਤਾਰਦੇ ਹਨ। ੬. ਦੁਖੀਏ ਦੁਖੀਆਂ ਨੂੰ ਮਿਲ ਮਿਲਕੇ ਆਪੋ ਆਪਣੇ ਦੁਖ ਰੋਂਵਦੇ ਹਨ। ੭. (ਤਿਵੇਂ) ਸਾਧ ਸੰਗਤ ਵਿਚ ਗੁਰੂ ਦੇ ਸਿਖ ਵਸਦੇ ਹਨ।

ਭਾਵ-ਸਹਿਚਾਰੀਆਂ ਨੂੰ ਪਰਸਪਰ ਭੈ ਤੇ ਲਾਲਚ ਇਕ ਹੋਣ ਕਰਕੇ ਆਪੋ ਵਿਚ ਸਹਿਚਾਰ ਹੁੰਦਾ ਹੈ; ਪਰ ਗੁਰਮੁਖਾਂ ਨੂੰ ਪ੍ਰੇਮ ਕਰਕੇ ਸਹਿਚਾਰ ਹੁੰਦਾ ਹੈ। ਇਹ ਫ਼ਰਕ ਅੱਗੇ ਚੱਲਕੇ ਦੱਸਣਗੇ।

## ੫. (ਹੋਰ ਸ੍ਰਿਸ਼ਟੀ ਤੇ ਗੁਰਮੁਖਾਂ ਦਾ ਫਰਕ)।

੧. ਕੋਈ ਪੰਡਿਤੁ ਜੋਤਿਕੀ ਕੋ ਪਾਧਾ ਕੋ ਵੈਦੁ ਸਦਾਏ।
੨. ਕੋਈ ਰਾਜਾ ਰਾਉ ਕੋ ਕੋ ਮਹਤਾ ਚਉਧਰੀ ਅਖਾਏ।
੩. ਕੋਈ ਬਜਾਜੁ ਸਰਾਫੁ ਕੋ ਕੋ ਜਉਹਰੀ ਜੜਾਉ ਜੜਾਏ।
੪. ਪਾਸਾਰੀ ਪਰਚੂਨੀਆ ਕੋਈ ਦਲਾਲੀ ਕਿਰਸਿ ਕਮਾਏ।
੫. ਜਾਤਿ ਸਨਾਤਿ ਸਹੰਸ ਲਖ ਕਿਰਤ ਵਿਰਤਿ ਕਰਿ ਨਾਉ ਗਣਾਏ।
੬. ਸਾਧ ਸੰਗਤਿ ਗੁਰ ਸਿਖਿ ਮਿਲਿ ਆਸਾ ਵਿਚ ਨਿਰਾਸੁ ਵਲਾਏ।
੭. ਸਬਦੁ ਸੁਰਤਿ ਲਿਵ ਅਲਖੁ ਲਖਾਏ॥੫॥

ਪਦਾਰਥ-(ਮਹਿਤਾ=ਪਟਵਾਰੀ ਯਾ ਵੱਡਾ ਆਦਮੀ। ਜੜਾਉ ਜੜਾਏ=ਜੜੀਆ, ਜੋ ਜੜਤ (ਦਾ ਕੰਮ ਕਰੇ। ਪਰਚੂਨੀਆਂ=ਛੋਟੇ ਸੌਦੇ ਵੇਚਣ ਵਾਲਾ। (ਵਿਰਤ=ਉਪਜੀਵਕਾ। ਵਲਾਏ=ਦਿਨ ਕਟੀ ਕਰਨਾ।

ਅਰਥ-੧. ਕੋਈ ਪੰਡਤ ਹੈ, ਕੋਈ ਜੋਤਸ਼ੀ ਹੈ, ਕੋਈ ਪਾਧਾ ਹੈ, ਕੋਈ ਵੈਦ ਸੁਦਾਉਂਦਾ ਹੈ। ੨. ਕੋਈ

ਰਾਜਾ ਹੈ, ਕੋਈ ਰਾਉ (ਛੋਟਾ ਰਾਜਾ) ਹੈ, ਕੋਈ ਮਹਿਤਾ ਹੈ ਕੋਈ ਚੌਧਰੀ ਅਖਵਾਂਦਾ ਹੈ। ੩.ਕੋਈ ਬਜਾਜ, ਕੋਈ ਸਰਾਫ਼, ਕੋਈ ਜੌਹਰੀ, ਕੋਈ ਜੜਤ ਜੜਨ ਦਾ ਕੰਮ ਕਰਦਾ ਹੈ। ੪.ਕੋਈ ਪੰਸਾਰੀ, ਕੋਈ ਪਰਚੂਨੀਏ, ਕੋਈ ਦਲਾਲ ਆਪਣੀ ਕਿਰਸ ਦੀ ਕਮਾਈ ਕਰਦੇ ਹਨ। ੫.ਜਾਤ ਤੋਂ ਕੁਜਾਤ, ਹਜ਼ਾਰਾਂ ਲੱਖਾਂ ਕਿਰਤਾਂ ਤੇ ਕੰਮ (ਜਿਨ੍ਹਾਂ ਕਰਕੇ ਅਡੋ ਅਡ) ਨਾਮ ਗਿਣਾਉਂਦੇ ਹਨ। ੬.ਗੁਰੂ ਦੇ ਸਿਖ ਸਾਧ ਸੰਗਤ ਵਿਖੇ ਮਿਲਕੇ ਆਸਾ ਵਿਖੇ ਨਿਰਾਸ ਰਹਿਕੇ (ਆਪਣੀ ਅਵਸਥਾ ਦੇ) ਦਿਨ ਪੂਰੇ ਕਰਦੇ ਹਨ। ੭.ਅਰ ਸ਼ਬਦ ਦੀ ਸੁਰਤ ਵਿਖੇ ਲਿਵ ਲਾਕੇ ਅਲਖ (ਪਰਮਾਤਮਾ ਨੂੰ) ਲਖਦੇ ਹਨ।

**ਭਾਵ**-ਹੋਰ ਲੋਕ ਜੋ ਪੌੜੀ ਵਿਚ ਗਿਣੇ ਹਨ ਸਭ ਸਾਂਝੀ ਆਸ, ਕਿਰਤ ਯਾ ਵਿਰਤ ਕਰਕੇ ਸਹਿਚਾਰੀ ਹਨ, ਇਨ੍ਹਾਂ ਦਾ ਮੇਲ ਦਾ ਕਾਰਨ ਸਾਂਝੀ ਆਸ ਹੈ, ਪਰ ਗੁਰਮੁਖ ਨਿਰਾਸ ਘਰ ਵਿਚ ਇਕੱਠੇ ਹੁੰਦੇ ਹਨ।

## ੬. (ਹੋਰ ਸ੍ਰਿਸ਼ਟੀ ਤੇ ਗੁਰਮੁਖਾਂ ਦਾ ਫਰਕ)।

੧. ਜਤੀ ਸਤੀ ਚਿਰੁ ਜੀਵਣੇ ਸਾਧਿਕ, ਸਿਧ ਨਾਥ ਗੁਰ ਚੇਲੇ।
੨. ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲ ਬਹੁ ਮੇਲੇ।
੩. ਗਣ ਗੰਧਰਬ ਅਪਛਰਾ ਕਿੰਨਰ ਜਛ ਚਲਿਤ ਬਹੁ ਖੇਲੇ।
੪. ਰਾਖਸ ਦਾਨੋਂ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ।
੫. ਹਉਮੈ ਅੰਦਰਿ ਸਭ ਕੋ ਗੁਰਮੁਖਿ ਸਾਧ ਸੰਗਤਿ ਰਸ ਕੇਲੇ।
੬. ਇਕ ਮਨ ਇਕੁ ਅਰਾਧਣਾ ਗੁਰਮਤਿ ਆਪੁ ਗਵਾਇ ਸੁਹੇਲੇ।
੭. ਚਲਣੁ ਜਾਣ ਪਏ ਸਿਰਿ ਤੇਲੇ॥੬॥

**ਪਦਾਰਥ**-(ਸਾਧਿਕ=ਸਾਧਨਾ ਕਰਨੇ ਹਾਰੇ। ਚਿਰੁਜੀਵਣੇ=ਵੱਡੀ ਉਮਰ ਵਾਲੇ। (ਖੇਤ੍ਰਪਾਲ=ਭੂਤ ਜਾਤੀ। ਦੁਹੇਲੇ=ਦੁਖੀ। ਸਿਰਿਤੇਲੇ=ਮਾਈਏਂ ਪੈਣਾ।

**ਅਰਥ**-੧.ਜਤੀ, ਸਤੀ, ਚਿਰਜੀਵਣੇ, ਸਾਧਨ ਕਰਨ ਵਾਲੇ ਸਿੱਧ ਨਾਥ, ਗੁਰੂ ਤੇ ਚੇਲੇ। ੨.ਦੇਵੀ, ਦੇਵ, ਰਿਖੀ, ਭੈਰਉਂ, ਖੇਤ੍ਰਪਾਲ ਬਹੁਤ ਤਰ੍ਹਾਂ ਦੇ ਮੇਲੇ (ਸਮੂਹ)। ੩.ਗੰਧਰਬ (ਸਵਰਗੀ ਰਾਗੀਆਂ) ਦੇ ਸਮੂਹ, ਅਪੱਛਰਾਂ, ਕਿੰਨਰ, ਜੱਛ (ਦੇਵਤੇ) ਬਹੁਤ ਚਲਿੱਤ੍ਰਾਂ ਨੂੰ ਖੇਲਣ ਵਾਲੇ। ੪.ਰਾਖਸ, ਦਾਨਵ, ਲੱਖਾਂ ਦੈਂਤ, ਦੂਜੇ ਭਾਵ ਵਿਖੇ (ਸਭ) ਦੁਖੀ ਰਹਿੰਦੇ ਹਨ ਅੰਦਰੋਂ। ੫.ਸਭ ਕੋਈ ਹਉਮੈ ਵਿਚ ਹੈ, ਗੁਰਮੁਖ ਸਾਧ ਸੰਗਤ ਦੇ ਰਸ ਵਿਚ ਖੇਡਦੇ ਹਨ। ੬.(ਕਿਉਂ ਜੋ) ਇਕ ਮਨ ਹੋਕੇ ਇਕ (ਈਸ਼੍ਵਰ) ਦੀ ਅਰਾਧਨਾ ਕਰਦੇ ਹਨ, ਗੁਰਮਤ ਨਾਲ ਆਪਾ ਭਾਵ ਗੁਵਾਕੇ ਸੁਖੀ ਰਹਿੰਦੇ ਹਨ। ੭.ਉਹਨਾਂ ਨੇ (ਚਲਣਾ=) ਮਰਨਾ ਜਾਣ ਛੱਡਿਆ ਹੈ, ਇਹੋ ਤੇਲ ਉਨ੍ਹਾਂ ਦੇ ਸਿਰ ਤੇ ਪਿਆ ਹੋਇਆ ਹੈ (ਜਿੱਕੁਰ ਮਾਈਏਂ ਪਈ ਤੇਲ ਚੜ੍ਹੀ ਹੋਈ ਕੁੜੀ ਇਹੋ ਜਾਣਦੀ ਹੈ ਕਿ ਹੁਣੇ ਪੇਕੇ ਘਰੋਂ ਚਲਿਆਂ ਜਾਣਾ ਹੈ।

## ੭. (ਜਗਤ ਦੇ ਰੁਝੇਵੇਂ ਤੇ ਗੁਰ ਸ਼ਬਦ)।

੧. ਜਤ ਸਤ ਸੰਜਮ ਹੋਮ ਜਗ ਜਪੁ ਤਪੁ ਦਾਨ ਪੁੰਨ ਬਹੁਤੇਰੇ।
੨. ਰਿਧਿ ਸਿਧਿ ਨਿਧਿ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ।
੩. ਵੀਰਾਰਾਧਣ ਜੋਗਣੀ ਮੜ੍ਹੀ ਮਸਾਣ ਵਿਡਾਣ ਘਨੇਰੇ।
੪. ਪੂਰਕ ਕੁੰਭਕ ਰੇਚਕਾ ਨਿਵਲੀ ਕਰਮ ਭੁਇਅੰਗਮ ਘੇਰੇ।
੫. ਸਿਧਾਸਣ ਪਰਚੇ ਘਣੇ ਹਠ ਨਿਗ੍ਰਹ ਕਉਤਕ ਲਖ ਹੇਰੇ।
੬. ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ।

੭. ਪੂਜਾ ਵਰਤ ਉਪਾਰਣੇ ਵਰ ਸਰਾਪ ਸਿਵ ਸਕਤਿ ਲਵੇਰੇ।
੮. ਸਾਧ ਸੰਗਤਿ ਗੁਰ ਸਬਦ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ।
੯. ਕੂੜ ਇਕ ਗੰਢੀ ਸਉ ਫੇਰੇ॥੭॥

**ਪਦਾਰਥ**-(ਅਗਲੇਰੇ=ਬਹੁਤੇ। ਵਿਡਾਣ=ਭਿੰਨ ਭਿੰਨ; ਅਸਚਰਜ। (ਭੁਇਅੰਗਮ=ਘੁੰਮਣ ਘੇਰ, ਅਥਵਾ ਕੰਗਰੋੜ ਨਾੜੀ ਦ੍ਵਾਰੇ ਸ੍ਵਾਸ ਨੂੰ ਉਤਾਹਾਂ ਲੈ (ਜਾਂਦੇ ਹਨ। ਪਰਚੇ=ਪ੍ਰੇਮੀ ਹੋਏ। ਲਵੇਰੇ=ਲਗੇ ਹੋਏ।

**ਅਰਥ**-੧. ਜਤ, ਸਤ, ਸੰਜਮ, ਹੋਮ, ਜੱਗ, ਜਪ, ਤਪ, ਪੁੰਨ, ਦਾਨ (ਆਦਿ ਸਾਧਨ) ਬਹੁਤੇ ਲੋਕ ਕਰਦੇ ਹਨ। ੨. ਕਈ ਰਿਧੀਆਂ, ਸਿਧੀਆਂ, ਨੌਂ ਨਿਧਾਂ ਦੇ ਪਖੰਡ (ਤੰਤ੍=) ਤਵੀਤ ਮੰਤ੍ਰ ਆਦਿ (ਮਦਾਰੀਆਂ ਦੇ) ਤਮਾਸ਼ੇ ਬਾਹਲੇ (ਦੱਸਦੇ ਹਨ)। ੩. ਕਈ (ਬਵੰਜਾਂ) ਬੀਰਾਂ ਨੂੰ ਆਰਾਧਦੇ, ਕਈ ਜੋਗਣੀਆਂ ਨੂੰ ਵੱਸ ਕਰਦੇ ਹਨ, ਮੜ੍ਹੀ, ਪੂਜਾ, ਮਸਾਣ ਜਗਾਉਣ ਦੇ ਭਿੰਨ ਭਿੰਨ ਬਹੁਤੇ (ਕੰਮ ਕਰਦੇ ਹਨ।) ੪. (ਜੋਗੀ) ਪੂਰਕ, ਕੁੰਭਕ, ਰੇਚਕ (ਸ੍ਵਾਸ ਚਾੜ੍ਹਨਾ, ਰੋਕਣਾ, ਉਤਾਰਨਾ ਦੱਸਦੇ ਹਨ), ਨਿਉਲੀ ਕਰਮ (ਨਾਤੀ, ਧੋਤੀ ਆਦ ਕਰਮ ਤੇ) (ਭੁਯੰਗਮ) 'ਘੁੰਮਣ ਘੇਰ' ਵਿਚ ਘੇਰੇ ਹੋਏ ਹਨ(ਯਾ ਸਰੀਰ ਨੂੰ ਮਿੱਟੀ ਲਾਉਣ ਦੇ ਕੁਫੇਰ ਵਿਚ ਹਨ)। ੫. ਸਿਧ (ਲੋਕ ਚੁਰਾਸੀ) ਆਸਣਾਂ ਵਿਚ ਬਾਹਲੇ ਪਰਚੇ ਹੋਏ ਹਨ; ਹਠ ਨਿਗ੍ਰਹ (ਇੰਦ੍ਰੀਆਂ ਦਾ ਰੋਕਣ ਆਦਿ) ਕੌਤਕ ਲੱਖਾਂ ਦੇਖੀਦੇ ਹਨ। ੬. (ਕੋਈ) ਪਾਰਸ ਮਣੀ (ਕੋਈ) ਰਸਾਇਣਾਂ ਦੀ ਕਰਾਮਾਤ ਦੀ ਸ਼ਾਹੀ ਨਾਲ ਅੰਨ੍ਹੇ ਹੋ ਰਹੇ ਹਨ। ੭. ਕੋਈ (ਠਾਕਰ) ਪੂਜਾ, ਕੋਈ (ਇਕਾਦਸ਼ੀ ਆਦਿ) ਵਰਤ ਉਪਾਰਣ ਵਿਖੇ, (ਕੋਈ) ਵਰ ਸਰਾਪ ਦੇ ਸਤੋ ਤਮੋ ਗੁਣਾਂ ਵਿਖੇ ਲਗੇ ਹੋਏ ਹਨ। ੮. (ਪਰੰਤੂ ਕਲਿਜੁਗ ਵਿਖੇ) ਸਾਧ ਸੰਗਤ ਤੇ ਗੁਰੂ ਦੇ ਸ਼ਬਦ ਬਾਝ ਕੋਈ ਥਾਉਂ ਨਹੀਂ ਪਾਉਣਗੇ (ਭਾਵੇਂ ਕਿੱਡੇ) ਭਲਿਆਂ ਥੋਂ ਭਲੇ (ਦਿਖਾਈ ਪਏ ਦੇਣ)। ੯. ਇਕ ਝੂਠ ਨੂੰ (ਸਿਰੇ ਚਾੜ੍ਹਨ ਲਈ) ਸੌ ਗੰਢ ਦਾ ਫੇਰ ਦੇਈਦਾ ਹੈ (ਭਾਵ ਝੂਠ ਕਾਇਮ ਨਹੀਂ ਰਹਿੰਦਾ ਨਿਤਰ ਪੈਂਦਾ ਹੈ)।

**ਭਾਵ**-ਜਿਤਨੇ ਉਪਰ ਕਰਮ ਗਿਣੇ ਹਨ ਓਹ ਸਾਰੇ ਹਉਮੈਂ ਦੇ ਹਨ, ਇਸ ਕਰਕੇ ਦੁਖੀ ਹਨ। ਸਤਿਸੰਗ ਤੇ ਸ਼ਬਦ ਅਭਿਆਸ ਬਿਨਾਂ ਕੁਛ ਪਰਵਾਨ ਨਹੀਂ ਕਿਉਂਕਿ ਇਸ ਬਿਨਾ ਸਭ ਕੂੜ ਹੈ ਤੇ ਕੂੜ ਨੂੰ ਸੌ ਗੰਢ ਦਾ ਫ਼ੇਰ ਦਿਓ, ਅਰਥਾਤ ਇਕ ਝੂਠ ਲਈ ਸੌ ਹੋਰ ਝੂਠਾਂ ਦੀ ਲੋੜ ਪੈਂਦੀ ਹੈ।

## ੮. (ਸਉਣ ਸ਼ਗਨ ਤੇ ਗੁਰਮੁਖਤਾ)।

੧. ਸਉਣ ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵੀਚਾਰਾ।
੨. ਕਾਮਣ ਟੂਣੇ ਅਉਸੀਆ ਕਣਸੋਈ ਪਾਸਾਰ ਪਸਾਰਾ।
੩. ਗਦਹੁ ਕੁਤੇ ਬਿਲੀਆ ਇਲ ਮਲਾਲੀ ਗਿਦੜ ਛਾਰਾ।
੪. ਨਾਰਿ ਪੁਰਖੁ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ।
੫. ਥਿਤਿ ਵਾਰ ਭਦ੍ਰਾ ਭਰਮ ਦਿਸਾਸੂਲ ਸਹਸਾ ਸੈਸਾਰਾ।
੬. ਵਲ ਛਲ ਕਰਿ ਵਿਸਵਾਸ ਲਖ ਬਹੁ ਚੁਖੀ ਕਿਉ ਰਵੈ ਭਤਾਰਾ।
੭. ਗੁਰਮੁਖਿ ਸੁਖ ਫਲ ਪਾਰਿ ਉਤਾਰਾ॥੮॥

**ਪਦਾਰਥ**-(ਸਉਣ=ਜੋਤਸ਼। ਇੱਲ=ਇੱਲਾਂ, ਚੀਲਾਂ। ਕਈ ਇਲਮਲਾਲੀ ਕਰਕੇ (ਇਲ ਤੇ ਗੁਟਾਰ ਅਰਥ ਕਰਦੇ ਹਨ। ਇਲ ਮਾੜੀ ਹੈ, ਗੁਟਾਰ ਵੀ (ਮਾੜੀ ਮੰਨਦੇ ਹਨ। ਮਲਾਲੀ=ਮੈਨਾਂ; ਛਾਰਾ=ਵਾ ਵਰੋਲੇ।

**ਅਰਥ**-੧. (ਕੋਈ ਸਉਣ) ਜੋਤਿਸ਼ ਸ਼ਾਸਤ੍ਰ ਥੋਂ ਸ਼ਗਨ, ਨੌਂ ਗ੍ਰਿਹ, (ਚੰਦ,ਸੂਰਜ,ਛਨਿਛਰ,ਸ਼ੁਕਰ,

ਬ੍ਰਹਸਪਤ, ਮੰਗਲ, ਬੁਧ, ਰਾਹੂ, ਕੇਤੂ,) ਅਰ ਬਾਰਾਂ ਰਾਸਾਂ (੧-ਮੇਖ, ੨-ਬ੍ਰਿਖ, ੩-ਮਿਥਨ, ੪-ਕਰਕ, ੫-ਸਿੰਘ, ੬-ਕੰਨਿਆ, ੭-ਤੁੱਲਾ, ੮-ਬ੍ਰਿਸਚਕ, ੯-ਧਨ, ੧੦-ਮਕਰ, ੧੧-ਕੁੰਭ, ੧੨-ਮੀਨ,) ਦ੍ਵਾਰਾ ਵੀਚਾਰ ਕਰਦੇ ਹਨ। ੨.(ਕਾਮਣਾ=) ਤ੍ਰੀਮਤਾਂ ਟੂਣੇ ਔਸੀਆਂ (ਖਾਹਲੀਆਂ ਲੀਕਾਂ ਖਿੱਚਕੇ ਗਿਣਨ ਥੋਂ ਪਿੱਛੇ ਜੇ ਟਾਂਕ ਵਧੇ ਤਾਂ ਚੰਗੀ ਔਸੀ ਜੇ ਜਿਸਤ ਵਧੇ ਤਾਂ ਮੰਦੀ) ਕਣਸੋਈ (=ਸੁੰਧਕਾਂ ਰਖਦੀਆਂ ਹਨ, ਅਜਿਹੇ ਕਈ) ਪਸਾਰੇ ਪਸਾਰਦੀਆਂ ਹਨ। ੩.ਕਈ ਖੋਤਿਆਂ, ਕੁੱਤੇ, ਬਿੱਲੀਆਂ, ਇੱਲ, (ਮਲਾਲੀ=) ਮੈਨਾਂ, ਗਿੱਦੜਾਂ, (ਛਾਰਾ=) ਵਾ ਵਰੋਲਿਆਂ (ਦੇ ਸ਼ਗਨ ਮਨਾਉਂਦੇ ਅਰ ਸਮਝਦੇ ਹਨ ਕਿ ਤੁਰਨ ਵੇਲੇ ਖਬੇ ਪਾਸੇ ਖੋਤਾ ਬੋਲੇ ਤਾਂ ਚੰਗਾ ਅਰ ਗਿਦੜ ਦਿਨੇ ਬੋਲੇ ਤਾਂ ਭੈੜਾ ਸ਼ਗਨ ਹੈ ਆਦਿ)। ੪.ਨਾਰਿ, ਪੁਰਖ, ਪਾਣੀ, ਅਗਨਿ (ਅਰਥਾਤ ਤੁਰਨ ਵੇਲੇ ਜੇ ਤ੍ਰੀਮਤ ਪਾਣੀ ਦਾ ਘੜਾ ਲੈਕੇ ਅੱਗੋਂ ਮਿਲੇ ਤਾਂ ਕੰਮ ਫਤੇ, ਜੇ ਪੁਰਖ ਅੱਗੋਂ ਲੈਕੇ ਮਿਲੇ ਤਾਂ ਅਮੰਗਲ ਹੁੰਦਾ ਹੈ, ਅੱਗ ਮਿਲੇ ਤਾਂ ਮਾੜੀ), ਕੋਈ ਨਿੱਛ, ਵਾਯੂ ਜਾ ਹਿਡਕੀ ਦਾ ਵਰਤਾਉ ਕਰਦੇ ਹਨ (ਅਰਥਾਤ ਇਕ ਨਿੱਛ ਪਵੇ ਤਾਂ ਬੁਰੀ ਦੋ ਆਉਣ ਤਾਂ ਸ਼ਗਨ ਸਮਝਦੇ ਹਨ )। ੫.ਥਿਤ ਤੇ ਵਾਰ, ਭੱਦ੍ਰਾਂ ਦਾ ਭਰਮ, (ਕਿ ਸਾਹਮਣੇ ਭੱਦ੍ਰਾਂ ਹੋਣ ਤਾਂ ਮੌਤ ਹੁੰਦੀ ਹੈ) ਅਤੇ ਦਿਸ਼ਾ ਸੂਲ ਦਾ ਸੰਸਾ ਸੰਸਾਰ ਨੂੰ ਪਿਆ ਹੋਇਆ ਹੈ। ੬.ਵਲ ਛਲ ਕਰਕੇ ਲੱਖਾਂ ਪੁਰ ਭਰੋਸਾ ਰੱਖਣ ਨਾਲ (ਬਹੁਚੁਖੀ) ਵਡੇ ਸਵਾਦਾਂ-ਵਾਲੀ (ਵੇਸਵਾ) ਕਿਕੁਰ ਭਰਤਾ ਨੂੰ ਰਵੇਗੀ। ੭.ਗੁਰਮੁਖ ਨੂੰ ਸੁਖ ਫਲ (ਪ੍ਰਾਪਤ ਹੁੰਦਾ ਹੈ) ਇਸ ਕਰਕੇ ਪਾਰ ਉਤਾਰਾ (ਪਾਉਂਦੇ ਯਾ ਕਰਦੇ ਹਨ)।

**ਭਾਵ**-ਇਹ ਕਿ ਜੋ ਲੋਕ ਗੁਰੂ ਭਰੋਸਾ ਛਡਕੇ ਬਾਹਲੇ ਸ਼ਗਨਾਂ ਤੇ ਜੋਤਿਸ਼ ਵਿਖੇ ਫਸੇ ਹੋਏ ਹਨ ਓਹ ਲੋਕ, ਬਹੁਚੁੱਖੀ, ਜਿਹੜੀ ਲਖਾਂ ਪੁਰ ਵਿਸ਼ਵਾਸ ਰਖਦੀ ਹੈ, ਵੇਸਵਾ ਦੇ ਤੁਲ ਹਨ, ਆਪਣੇ ਸੱਚੇ ਭਰਤਾ ਅਕਾਲ ਪੁਰਖ ਦੇ ਅਨੰਦ ਥੋਂ ਖਾਲੀ ਰਹਿੰਦੇ ਹਨ। "**ਛੋਗੀਂ ਭਰਮੈ ਮੁਕਤਿ ਨ ਹੋਇ**"* ਜਿੰਨਾ ਚਿਰ ਪੰਛੀ ਛੋਕਾਂ ਵਿਖੇ ਭਟਕੇਗਾ ਖਲਾਸੀ ਨਹੀਂ ਹੋਊ।ਜੋ ਗੁਰਮੁਖ ਗੁਰੂ ਦੇ ਪਿਆਰੇ ਹਨ, ਮੁਕਤੀ ਪਾਉਂਦੇ ਹਨ। ਪ੍ਰਮਾਣ ਗੁਰੂ ਜੀ "**ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ**॥"(ਸਿਰੀ ਰਾਗੁ ਮ: ੫) ਪੁਨਾ:-"**ਸ਼ਗੁਨ ਅਪਸਗੁਨ ਤਿਸ ਕਉ ਲਗੈ ਜਿਸ ਚੀਤਿ ਨ ਆਵੈ**॥"(ਆਸਾ ਮ: ੫) ਇਥੇ ਗੁਰਮੁਖਾਂ ਦੇ ਲੱਛਣਾਂ ਵਿਚ ਇਕ ਲੱਛਣ ਅਨਿੰਨਤਾਈ ਦਾ ਮਹਾਤਮ ਦੱਸਿਆ ਹੈ।

## ੯. (ਗੁਰਮੁਖ ਮਾਰਗ ਦੀ ਪਾਵਨਤਾ)।

੧. ਨਦੀਆ ਨਾਲੇ ਵਾਹੜੇ ਸੰਗਿ ਸੰਗਿ ਗੰਗੋਦਕ ਹੋਈ।
੨. ਅਸਟ ਧਾਤੁ ਇਕ ਧਾਤ ਹੋਇ ਪਾਰਸ ਪਰਸੈ ਕੰਚਨੁ ਸੋਈ।
੩. ਚੰਦਨ ਵਾਸੁ ਵਣਾਸਪਤਿ ਅਫਲ ਸਫਲ ਕਰ ਚੰਦਨੁ ਗੋਈ।
੪. ਛਿਅ ਰੁਤਿ ਬਾਰਹ ਮਾਹ ਕਰਿ ਸੁਝੈ ਸੁਝ ਨ ਦੂਜਾ ਕੋਈ।
੫. ਚਾਰਿ ਵਰਨਿ ਛਿਅ ਦਰਸਨਾ ਬਾਰਹ ਵਾਟ ਭਵੈ ਸਭੁ ਲੋਈ।
੬. ਗੁਰਮੁਖਿ ਦਰਸਨੁ ਸਾਧ ਸੰਗੁ ਗੁਰਮੁਖਿ ਮਾਰਗਿ ਦੁਬਿਧਾ ਖੋਈ।
੭. ਇਕ ਮਨਿ ਇਕ ਅਰਾਧਨਿ ਓਈ ॥੯॥

**ਪਦਾਰਥ**-(ਵਾਹੜੇ=ਬਰਸਾਤੀ ਨਾਲੇ। ਗੰਗੋਦਕ=ਗੰਗਾ ਜਲ। ਸੁੱਝ=ਸੂਰਜ। (ਸਭ ਲੋਈ=ਸਾਰੇ ਲੋਕ। ਦਰਸ਼ਨ=ਮਤ, ਮਾਰਗ।

**ਅਰਥ**-੧.ਨਦੀਆਂ, ਨਾਲੇ ਤੇ ਵਾਹੜੇ ਗੰਗਾ ਨਾਲ ਮਿਲਕੇ ਗੰਗੋਦਕ ਹੋ ਜਾਂਦੇ ਹਨ। ੨.ਪਾਰਸ ਦੇ ਪਰਸਿਆਂ ਅੱਠੇ ਧਾਤਾਂ(ਉਹੋ ਸੋਨਾ=) ਇਕ ਧਾਤ ਬਣ ਜਾਂਦੀਆਂ ਹਨ। ੩.ਚੰਦਨ ਦੀ ਖੁਸ਼ਬੋਈ ਬਨਸਪਤੀ ਨੂੰ (ਭਾਵੇਂ) ਅਫਲ ਹੋਵੇ ਭਾਵੇਂ ਫਲਦਾਰ ਹੋਵੇ, ਚੰਦਨ ਬਣਾ ਦੇਂਦੀ ਹੈ ੪.ਛੀ ਰੁਤਾਂ

[1] ਬਿਲ:ਮ:੧-ਥਿਤੀ-੭

ਬਾਰਾਂ ਮਹੀਨਿਆਂ (ਵਿਖੇ ਸੁਝ=) ਸੂਰਜ ਇਕੋ ਹੈ ਦੂਜਾ ਸੂਰਜ ਕੋਈ ਨਹੀਂ। ੫.ਚਾਰ ਵਰਨ ਤੇ ਛੀ ਦਰਸ਼ਨ, ਬਾਰਾਂ ਰਸਤਿਆਂ ਵਿਚ ਸਾਰੀ ਸ੍ਰਿਸ਼ਟੀ ਭੌਂਦੀ ਹੈ। ੬.ਗੁਰਮੁਖਾਂ ਦਾ ਦਰਸ਼ਨ (ਮਾਰਗ) ਸਾਧ ਸੰਗ ਹੈ, (ਇਸ) ਗੁਰਮੁਖ ਮਾਰਗ (ਨੇ) ਦੁਬਿਧਾ ਗੁਆ ਦਿਤੀ ਹੈ। ੭.ਇਕ (ਪਰਮਾਤਮਾ ਦਾ ਹੀ) ਇਕ ਮਨ ਹੋਕੇ ਓਹ ਅਰਾਧਨ ਕਰਦੇ ਹਨ (ਹੋਰ ਸ਼ਗਨਾਂ ਆਦਿ ਝੂਠੇ ਕੰਮਾਂ ਵਿਖੇ ਨਹੀਂ ਫਸਦੇ)।

**ਭਾਵ**-ਲੋਕਾਂ ਨੂੰ ਸਾਧ ਸੰਗ ਕਰਨ ਨਾਲ ਅਨਿੰਨਤਾ ਪ੍ਰਾਪਤ ਹੋ ਜਾਂਦੀ ਹੈ। ਗੁਰਮੁਖ ਮਾਰਗ ਦੁਬਿਧਾ ਛੁਡਾਕੇ ਇਕ ਓਰ ਲਾ ਲੈਂਦਾ ਹੈ, ਫੇਰ ਇਕ ਮਨ ਨਾਲ ਇਕ ਦੀ ਅਰਾਧਨਾ ਦਾ ਰਸ ਪੈ ਜਾਂਦਾ ਹੈ।

## ੧੦. (ਕੁਲਾਧਰਮ ਤੇ ਗੁਰਮੁਖ ਮਾਰਗ)।

੧. ਨਾਨਕ ਦਾਦਕ ਸਾਹੁਰੈ ਵਿਰਤੀਸੁਰ ਲਾਗਾਇਤ ਹੋਏ।
੨. ਜੰਮਣਿ ਭਦਣਿ ਮੰਗਣੈ ਮਰਣੈ ਪਰਣੇ ਕਰਦੇ ਢੋਏ।
੩. ਰੀਤੀ ਰੂੜੀ ਕੁਲ ਧਰਮ ਚਜ ਅਚਾਰ ਵੀਚਾਰ ਵਿਖੋਏ।
੪. ਕਰਿ ਕਰਤੂਤਿ ਕਸੂਤ ਵਿਚਿ ਪਾਇ ਦੁਲੀਚੇ ਗੈਣ ਚੰਦੋਏ।
੫. ਜੋਧ ਜਠੇਰੇ ਮੰਨੀਅਨਿ ਸਤੀਆ ਸਉਤ ਟੋਭੜੀ ਟੋਏ।
੬. ਸਾਧ ਸੰਗਤਿ ਗੁਰ ਸਬਦ ਵਿਣੁ ਮਰਿ ਮਰਿ ਜੰਮਨਿ ਦਈ ਵਿਗੋਏ।
੭. ਗੁਰਮੁਖਿ ਹੀਰੇ ਹਾਰਿ ਪਰੋਏ॥੧੦॥

**ਪਦਾਰਥ**-(ਵਿਰਤੀਸੁਰ=ਪ੍ਰੋਹਤ। ਲਾਗਾਇਤ=ਲਾਗੀ, ਕਮੀਨ ਲੋਕ। ਭਦਣਿ=ਸਿਰ ਮੁੰਡਨ।
(ਵਿਖੋਏ=ਭੁੱਲੇ ਹੋਏ। ਕਸੂਤ=ਜਨੇਊ। ਗੈਣ ਚੰਦੋਏ=ਅਕਾਸ਼ੀ ਚੰਦੋਏ
(ਭਾਵ ਵੱਡੇ ਚੰਦੋਏ। ਟੋਭੜੀ=ਛੋਟਾ ਟੋਭਾ, ਛੱਪੜ।

**ਅਰਥ**-੧.ਨਾਨਕੇ, ਦਾਦਕੇ, ਸਾਹੁਰੇ (ਘਰਾਂ ਵਿਖੇ) ਪ੍ਰੋਹਤ (ਤੇ) ਲਾਗੀ ਹੁੰਦੇ ਹਨ। ੨.ਜੰਮਣ, ਸਿਰ ਮੁੰਡਨ, ਸਗਾਈ, ਮਰਣੇ, ਪਰਣਿਆਂ ਵਿਖੇ (ਸਮੱਗਰੀਆਂ) ਕਠੀਆਂ ਕਰਦੇ ਹਨ। ੩.ਰੀਤਾਂ ਦੀਆਂ ਚੰਗਿਆਈਆਂ ਤੇ ਕੁਲ ਧਰਮ ਦੇ ਚੱਜ ਅਚਾਰਾਂ ਦੇ ਵਿਚਾਰ ਵਿਖੇ ਹੀ ਭੁੱਲੇ ਰਹਿੰਦੇ ਹਨ। ੪.(ਕੁਸੂਤ) ਜਨੇਊ ਪਾਵਣ ਵਿਚ ਭੈੜੇ ਉਪਾਉ ਕਰਦੇ ਦੁਲੀਚੇ (ਹੇਠ) ਪਾਕੇ ਅਕਾਸ਼ੀ ਚੰਦੋਏ (ਉਪਰ ਤਾਣਦੇ ਹਨ)। ੫.'ਜੋਧਿਆਂ' ਤੇ ਕੁਲ ਦੇ 'ਜਠੇਰਿਆਂ' (ਵਡਕਿਆਂ) ਦੀ ਪੂਜਾ ਕਰਾਉਂਦੇ ਸਤੀਆਂ ਤੇ ਸਉਕਣਾ ਨੂੰ ਮੰਨਦੇ ਹਨ (ਸਉਕਣ ਦੀ ਮੂਰਤ ਨਵੀਂ ਵਹੁਟੀ ਦੇ ਗਲ ਪਾਉਂਦੇ ਹਨ ਅਰ ਪਹਿਲਾ ਫਲ ਸੌਕਣਾਂ ਦੇ ਨਾਉਂ ਦਿੱਤਾ ਜਾਂਦਾ ਹੈ ਕਿ ਉਹ ਬੁਰਾ ਨਾ ਕਰੇ), ਕਈ ਟੋਭੜੀਆਂ ਤੇ ਟੋਇਆਂ (ਨੂੰ ਮੰਨਦੇ ਹਨ, ਤਾਤਪਰਜ ਉਹਨਾਂ ਵਿਖੇ ਬਾਲਾਂ ਨੂੰ ਨੁਹਾਉਂਦੇ ਹਨ ਕਿ ਬਾਲ ਰਾਜੀ ਰਹਿਣ ਅਥਵਾ ਸਾਰੇ ਟੋਲੇ ਨਰਕਾਂ ਵਿਚ ਪੈਂਦੇ ਹਨ)। ੬.ਗੁਰ ਸ਼ਬਦ ਤੇ ਸਾਧ ਸੰਗਤ ਤੋਂ ਬਾਝ ਮਰ ਮਰ ਕੇ ਜੰਮਦੇ ਹਨ ਪਰਮੇਸ਼ੁਰ ਤੋਂ (ਵਿਗੋਏ) ਭੁੱਲੇ ਹੋਏ (ਐਸੇ ਲੋਕ)। ੭.ਪਰ ਗੁਰਮੁਖ ਹੀਰੇ ਹਾਰ ਵਿਖੇ ਪਰੋਏ ਹਨ।

**ਭਾਵ**-ਗੁਰਮੁਖ ਇਕ ਅਕਾਲ ਪੁਰਖ ਦੇ ਹੁਕਮ ਵਿਖੇ ਪਰੋਤੇ ਹੋਏ ਹਨ, ਓਹ ਬਾਹਲੇ ਭੈੜੇ ਅਚਾਰਾਂ ਵਿਖੇ ਵਿਸ਼ਵਾਸ ਨਹੀਂ ਰਖਦੇ। ਅਰਥਾਤ ਗੁਰਮੁਖ ਲੋਕ ਕੁਲਾ ਧਰਮ ਦੀ ਪਰਵਾਹ ਨਹੀਂ ਕਰਦੇ। ਓਹ ਗੁਰਮੁਖ ਧਰਮ ਪਾਲਣ ਕਰਦੇ ਹਨ।

## ੧੧. (ਸ਼ਾਹਜ਼ਾਦੇ ਰਾਜ ਕੰਵਰ)।

੧. ਲਸਕਰ ਅੰਦਰਿ ਲਾਡੁਲੇ ਪਾਤਿਸਾਹਾ ਜਾਏ ਸਾਹਜਾਦੇ।
੨. ਪਾਤਸਾਹ ਅਗੈ ਚੜਨਿ ਪਿਛੈ ਸਭ ਉਮਰਾਉ ਪਿਆਦੇ।
੩. ਬਣਿ ਬਣਿ ਆਵਨਿ ਤਾਇਫੇ ਓਇ ਸਾਹਜਾਦੇ ਸਾਦ ਮੁਰਾਦੇ।
੪. ਖਿਜਮਤਿਗਾਰ ਵਡੀਰੀਅਨਿ ਦਰਗਹ ਹੋਨਿ ਖੁਆਰ ਕੁਵਾਦੇ।
੫. ਅੱਗੈ ਢੋਈ ਸੇ ਲਹਨਿ ਸੇਵਾ ਅੰਦਰਿ ਕਾਰ ਕੁਸਾਦੇ।
੬. ਪਾਤਿਸਾਹਾਂ ਪਾਤਿਸਾਹੁ ਸੇ ਗੁਰਮੁਖਿ ਵਰਤੈ ਗੁਰ ਪਰਸਾਦੇ।
੭. ਸਾਹ ਸੁਹੇਲੇ ਆਦਿ ਜੁਗਾਦੇ॥੧੧॥

**ਪਦਾਰਥ**-(ਲਾਡਲੇ=ਪਜਾਰੇ। ਤਾਇਫੇ=ਵੇਸ਼ਵਾ ਦੇ ਟੋਲੇ। ਸਾਦ ਮੁਰਾਦੇ=ਸਿਧੇ ਸਾਦੇ। (ਦਰਗਹਿ=ਕਚਹਿਰੀ। ਕੁਵਾਦੇ=ਉੱਤਰ ਦੇਣਹਾਰੇ। ਢੋਈ=ਆਸਰਾ।

**ਅਰਥ**-੧.ਫੌਜ ਵਿਖੇ ਪਾਤਸਾਹਾਂ ਦੇ ਜਾਏ ਲਾਡਲੇ ਸ਼ਾਹਜ਼ਾਦੇ (ਬੀ) ਹੁੰਦੇ ਹਨ। ੨.ਪਾਤਸ਼ਾਹ ਅੱਗੇ ਤੇ ਸਾਰੇ ਉਮਰਾਉ ਅਤੇ ਪਿਆਦੇ ਪਿੱਛੇ ਲੱਗ ਕੇ ਚੜ੍ਹਦੇ ਹਨ। ੩.ਵੇਸ਼ਵਾ ਦੇ ਟੋਲੇ ਕਈ ਬਣ ਫਬ ਕੇ ਆਉਂਦੇ ਹਨ, (ਪਰ) ਉਹ ਰਾਜ ਕੰਵਰ ਸਾਦ ਮੁਰਾਦੇ ਰਹਿੰਦੇ ਹਨ। ੪.ਪਾਤਸ਼ਾਹ ਦੇ ਖਿਦਮਤਗਾਰ ਵਡਿਅਈਦੋਂ ਹਨ (ਤੇ ਸਾਹਮਣੇ ਉੱਤਰ ਦੇਣਹਾਰੇ) ਕਚਹਿਰੀ ਵਿਖੇ ਖੁਆਰ ਕੀਤੇ ਜਾਂਦੇ ਹਨ (ਯਾ-ਇਥੇ ਵਡਿਆਈ ਪਾਉਂਦੇ ਪਰ ਪਰਲੋਕ ਵਿਚ ਖੁਆਰ ਹੁੰਦੇ ਹਨ)। ੫.ਅਗੇ ਆਸ਼੍ਯ ਉਹੋ ਲੈਣਗੇ ਜੋ ਨੌਕਰੀ ਵਿਚ (ਕੁਸ਼ਾਦੀ=) ਖੁੱਲ੍ਹੀ (ਚੰਗੀ) ਕਾਰ ਕਰਨਗੇ। ੬.ਜੋ ਗੁਰਮੁਖ ਲੋਕ ਗੁਰੂ ਦੀ ਕਿਰਪਾ ਵਿਖੇ ਵਰਤਦੇ ਹਨ, ਓਹ ਪਾਤਸ਼ਾਹਾਂ ਦੇ ਬੀ ਪਾਤਸ਼ਾਹ ਹਨ। ੭.(ਓਹ) 'ਸ਼ਾਹ' ਸਦਾ ਸਦਾ ਸੁਖੀ ਰਹਿਣਗੇ।

**ਭਾਵ**-"**ਅਬੇ ਤਬੇ ਦੀ ਚਾਕਰੀ ਕਿਉ ਦਰਗਹ ਪਾਵੈ।**" "**ਸਲਾਮੁ ਜਬਾਬੁ ਦੋਵੈ ਕਰੇ ਮੁਢਹੁ ਘੁਥਾ ਜਾਇ।**"* ਗੁਰੂ ਪਾਤਸ਼ਾਹ ਹਨ ਅਤੇ ਗੁਰਮੁਖ ਸ਼ਾਹਜ਼ਾਦੇ, ਰਾਜ ਕੰਵਰ ਹਨ। "**ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ।**" ਕਾਰਨ ਗੁਰਮੁਖ ਲੋਕ ਗੁੰਡਿਆਂ ਵਾਲੇ ਆਸਣਾਦਿ ਭੇਖ ਰਖੇ ਬਾਝ ਸਿੱਧ ਪੱਧਰੇ ਹੀ ਈਸ਼ਵਰ ਨੂੰ ਪ੍ਰੇਯ ਹਨ। ਸੇਵਾ ਕਰਨ ਵਾਲੇ ਜੱਗਜਾਸੂ ਸਿਰੇ ਚੜ੍ਹਨਗੇ, ਗੁਸਤਾਖ ਖੁਆਰ ਹੋਣਗੇ।

## ੧੨. (ਹੋਰ ਦ੍ਰਿਸ਼ਟਾਂਤ)।

੧. ਤਾਰੇ ਲਖ ਅਨ੍ਹੇਰ ਵਿਚਿ ਚੜ੍ਹਿਐ ਸੁਝਿ ਨ ਸੁਝੈ ਕੋਈ।
੨. ਸੀਹਿ ਬੁਕੇ ਮਿਰਗਾਵਲੀ ਭੰਨੀ ਜਾਇ ਨ ਆਇ ਖੜੋਈ।
੩. ਬਿਸੀਅਰ ਗਰੜੈ ਡਿਠਿਆ ਖੁਡੀ ਵੜਿਦੇ ਲਖ ਪਲੋਈ।
੪. ਪੰਖੇਰੂ ਸਾਹਬਾਜ ਦੇਖਿ ਢੁਕਿ ਨ ਹੰਘਣਿ ਮਿਲੈ ਨ ਢੋਈ।
੫. ਚਾਰ ਵੀਚਾਰ ਸੰਸਾਰ ਵਿਚਿ ਸਾਧਸੰਗਤਿ ਮਿਲਿ ਦੁਰਮਤਿ ਖੋਈ।
੬. ਸਤਿਗੁਰ ਸਚਾ ਪਾਤਿਸਾਹੁ ਦੁਬਿਧਾ ਮਾਰਿ ਮਵਾਸਾ ਗੋਈ।
੭. ਗੁਰਮੁਖਿ ਜਾਤਾ ਜਾਣੁ ਜਣੋਈ॥੧੨॥

**ਪਦਾਰਥ**-(ਸੁਝਿ=ਸੂਰਜ ਦੇ। ਸੁਝੈ=ਦਿਸਦਾ। ਬਿਸੀਅਰ=ਸੱਪ। ਪਲੋਈ=ਨੱਸਕੇ।) (ਮਵਾਸਾ=ਆਕੀ, ਭਾਵ ਕਾਮ ਕ੍ਰੋਧ ਆਦਿ। ਗੋਈ=ਲੁਕਦੇ ਹਨ।

**ਅਰਥ**-੧.ਲੱਖਾਂ ਤਾਰੇ ਹਨੇਰੇ ਵਿਚ (ਚਮਕਦੇ ਹਨ) ਸੂਰਜ ਦੇ ਚੜ੍ਹਿਆਂ ਕੋਈ ਨਹੀਂ ਦਿਸਦਾ। ੨.ਸ਼ੇਰ ਦੇ ਗਰਜਨ ਨਾਲ ਮਿਰਗਾਂ ਦੀ ਕਤਾਰ ਭੱਜ ਜਾਂਦੀ ਹੈ, ਨਹੀਂ ਖੜੋਂਦੀ। ੩.ਗਰੜ ਨੂੰ ਦੇਖ ਕੇ ਲੱਖਾਂ

*ਆਸਾ ਵਾਰ ਮ:੧

ਸੱਪ ਖੁਡਾਂ ਵਿਖੇ ਨੱਸ ਕੇ ਵੜ ਜਾਂਦੇ ਹਨ। ੪.ਪੰਛੀ ਬਾਜ ਨੂੰ ਵੇਖਕੇ ਨੇੜੇ ਨਹੀਂ ਢੁੱਕਦੇ (ਐਨਾ ਨੱਸਦੇ ਹਨ ਕਿ ਲੁਕਣ ਨੂੰ ਕਿਧਰੇ) ਢੋਈ ਨਹੀਂ ਮਿਲਦੀ। ੫.ਸੰਸਾਰ ਵਿਖੇ ਉੱਤਮ ਵਿਚਾਰ (ਇਹ ਹੁੰਦਾ ਹੈ ਕਿ) ਸਾਧਸੰਗ ਨੂੰ ਮਿਲੇ (ਉਥੇ) ਦੁਰਮਤ ਦਾ ਨਾਸ਼ ਹੋ ਜਾਂਦਾ ਹੈ। ੬.ਸਤਿਗੁਰੂ ਜੀ ਸੱਚੇ ਪਾਤਸ਼ਾਹ ਹਨ, ਦੁਬਿਧਾ ਦਾ ਨਾਸ਼ ਕਰ ਦਿੰਦੇ ਹਨ (ਤਦ) ਆਕੀ (ਕਾਮ ਕ੍ਰੋਧ ਆਦਿ ਆਪੇ) ਨੱਸ ਜਾਂਦੇ ਹਨ। ੭.ਜੋ ਗੁਰਮੁਖ ਜਾਣਦੇ ਹਨ (ਓਹ ਆਪ) ਜਾਣਕੇ (ਹੋਰਨਾਂ ਨੂੰ) ਜਣਾ ਦਿੰਦੇ ਹਨ।

**ਭਾਵ**-ਤਾਤਪਰਜ :- ਸੰਤਾਂ ਦੀ ਸੰਗਤ ਵਿਖੇ ਗਿਆਨ ਰੂਪ ਸੂਰਜ ਦੇ ਉਦਯ ਹੋਣ ਨਾਲ ਅਗਿਆਨ ਅੰਧੇਰਾ ਦੂਰ ਹੋ ਜਾਂਦਾ ਹੈ। ਜਿਸ ਤਰ੍ਹਾਂ ਸੂਰਜ ਚੜ੍ਹਿਆਂ ਤਾਰੇ, ਸ਼ੇਰ ਆਇਆਂ ਮਿਰਗ, ਗਰੁੜ ਅੱਗੇ ਸੱਪ, ਬਾਜ ਅੱਗੇ ਪੰਛੀ ਖੜੋ ਨਹੀਂ ਸਕਦੇ, ਤਿਵੇਂ ਗੁਰਮੁਖ ਅੱਗੇ ਭੇਖੀ ਪਖੰਡੀ ਆਦਿ ਨਹੀਂ ਠਹਿਰ ਸਕਦੇ।

## ੧੩. (ਗਾਡੀ ਰਾਹ ਗੁਰਮੁਖ ਮਾਰਗ)।

੧. ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ।
੨. ਪੰਜਿ ਦੂਤ ਕਰਿ ਭੂਤ ਵਸਿ ਦੁਰਮਤਿ ਦੂਜਾ ਭਾਉ ਮਿਟਾਇਆ।
੩. ਸਬਦ ਸੁਰਤਿ ਲਿਵ ਚਲਣਾ ਜਮੁ ਜਾਗਾਤੀ ਨੇੜਿ ਨ ਆਇਆ।
੪. ਬੇਮੁਖ ਬਾਰਹ ਵਾਟ ਕਰਿ ਸਾਧ ਸੰਗਤਿ ਸਚੁ ਖੰਡੁ ਵਸਾਇਆ।
੫. ਭਾਉ ਭਗਤਿ ਭਉ ਮੰਤ੍ਰ ਦੇ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
੬. ਜਿਉ ਜਲ ਅੰਦਰਿ ਕਮਲ ਹੈ ਮਾਇਆ ਵਿਚਿ ਉਦਾਸੁ ਰਹਾਇਆ।
੭. ਆਪੁ ਗਵਾਇ ਨ ਆਪੁ ਗਣਾਇਆ॥੧੩॥

**ਪਦਾਰਥ**-(ਗਾਡੀ ਰਾਹ=ਗੱਡੀ ਦਾ ਰਾਹ, ਭਾਵ ਸੌਖਾ ਰਸਤਾ। ਜਾਗਾਤੀ=ਮਸੂਲੀਆ। (ਬਾਰਹ ਵਾਟ=ਜੋਗੀਆਂ ਦੇ ਬਾਰਾਂ ਰਸਤੇ। (ਅ) ਬਿਰਥਾ ਭਟਕਣ।

**ਅਰਥ**-੧.ਸਤਿਗੁਰੂ ਸਚੇ ਪਾਤਸ਼ਾਹ ਨੇ ਗੁਰਮੁਖਾਂ ਦਾ ਸੌਖਾ ਰਸਤਾ ਚਲਾਇਆ ਹੈ। ੨.(ਕਿ ਉਨ੍ਹਾਂ ਨੇ) ਪੰਜ ਦੂਤ (ਕਾਮਾਦਿਕ) ਭੂਤ ਵਾਂਙੂ ਕਾਬੂ ਕਰਕੇ ਖੋਟੀ ਬੁੱਧੀ ਵਾਲਾ ਦੂਜਾ ਭਾਉ ਮਿਟਾ ਦਿਤਾ ਹੈ। ੩.(ਅਰ ਗੁਰੂ ਦੇ) ਸਬਦ ਦੀ ਸੁਰਤ ਵਿਖੇ ਪ੍ਰੀਤਿ ਨਾਲ ਚੱਲਦੇ ਹਨ, ਜਮ ਮਹਸੂਲੀਆ (ਉਨ੍ਹਾਂ ਦੇ) ਨੇੜੇ ਨਹੀਂ ਆਉਂਦਾ। ੪.ਬੇਮੁਖ ਲੋਗ ਜੋਗੀਆਂ ਦੇ ਬਾਰਾਂ ਪੰਥਾਂ ਵਿਖੇ (ਕੰਨ ਪੜਾਈ ਫਿਰਦੇ ਤੇ ਦੁਖ ਸਹਾਰਦੇ ਹਨ ਪਰ ਜੋ) ਸਾਧ ਸੰਗ ਵਿਚ ਆਇਆ ਹੈ, (ਉਹ ਪਰਮੇਸਰ ਨੇ) ਸਚਖੰਡ ਵਿਚ ਵਸਾ ਦਿੱਤਾ ਹੈ। ੫.(ਪਰਮੇਸੁਰ ਦਾ) ਭਉ, ਪ੍ਰੇਮ ਤੇ ਭਗਤੀ ਦਾ ਮੰਤਰ ਦੇਕੇ (ਉਸਨੂੰ ਗੁਰਮੁਖਾਂ ਨੇ) ਨਾਮ ਦਾਨ ਤੇ ਇਸ਼ਨਾਨ ਦ੍ਰਿੜ ਕਰਇਆ ਹੈ। ੬.(ਓਹ) ਮਾਇਆ ਵਿਖੇ ਐਉਂ ਅਲਿਪਤ ਰਹਿੰਦੇ ਹਨ ਜਿੱਕੂੰ ਜਲ ਵਿਚ ਕਵਲ ਹੈ। ੭.(ਅਤੇ) ਨਿਰਹੰਕਾਰ ਹੋਕੇ (ਗੁਰਮੁਖਾਂ ਨੇ) ਆਪਾ ਭਾਵ ਨਹੀਂ ਗਿਣਾਇਆ (ਤਿਲਾਂਜਲੀ ਦੇ ਛੱਡੀ ਹੈ)।

**ਭਾਵ**-ਗੁਰਮੁਖ ਮਾਰਗ ਦਾ ਵੇਰਵਾ ਖੋਲ੍ਹਕੇ ਦੱਸਿਆ ਹੈ, ਕਿ ਉਨ੍ਹਾਂ ਦਾ ਕੀਹ ਕਰਤੱਵ ਹੈ। 'ਸਬਦ ਵਿਚ ਸੁਰਤ, ਪੰਜ ਦੂਤ ਵੱਸ, ਪ੍ਰੇਮ, ਭਗਤੀ, ਨਾਮ, ਦਾਨ, ਇਸ਼ਨਾਨ, ਹਉਂ ਤਯਾਗ', ਏਹ ਗੁਰਮੁਖਾਂ ਦੀ ਕਰਨੀ ਹੈ।

## ੧੪. (ਸਚਾ ਸੋਹਿਲਾ)।

੧. ਰਾਜਾ ਪਰਜਾ ਹੋਇਕੈ ਚਾਕਰ ਕੂਕਰ ਦੇਸਿ ਦੁਹਾਈ।
੨. ਜੰਮਦਿਆ ਰਣਿਝੁੰਝਣਾ ਨਾਨਕ ਦਾਦਕ ਹੋਇ ਵਧਾਈ।

੩. ਵੀਵਾਹਾਂ ਨੋ ਸਿਠਣੀਆਂ ਦੁਹੀ ਵਲੀ ਦੁਇ ਤੂਰ ਵਜਾਈ।
੪. ਰੋਵਣੁ ਪਿਟਣੁ ਮੁਇਆ ਨੋ ਵੈਣੁ ਅਲਾਹਣਿ ਧੁਮ ਧੁਮਾਈ।
੫. ਸਾਧ ਸੰਗਤਿ ਸਚੁ ਸੋਹਿਲਾ ਗੁਰਮੁਖਿ ਸਾਧ ਸੰਗਤਿ ਲਿਵ ਲਾਈ।
੬. ਬੇਦ ਕਤੇਬਹ ਬਾਹਰਾ ਜੰਮਣਿ ਮਰਣਿ ਅਲਿਪਤੁ ਰਹਾਈ।
੭. ਆਸਾ ਵਿਚਿ ਨਿਰਾਸ ਵਲਾਈ॥੧੪॥

**ਪਦਾਰਥ**-(ਕੂਕਰ=ਕੁੱਤਾ, ਭਾਵ ਕੁਟਵਾਲ। ਰਣਿਝੁੰਝਣਾ=ਅਨੰਦ ਮੰਗਲਾਚਾਰ। (ਤੂਰ=ਵਾਜੇ। ਅਲਾਹਣਿ=ਮੌਤ ਦੇ ਗੀਤ।

**ਅਰਥ**-੧.(ਸ੍ਰਿਸ਼ਟੀ) ਰਾਜਾ ਪਰਜਾ ਹੋਕੇ (ਵਰਤਦੀ ਹੈ; ਰਾਜਾ ਦੇ) ਨੌਕਰ ਕੁਟਵਾਲ (ਉਸ ਦੇ ਹੁਕਮ ਦੀ) ਦੇਸ਼ ਵਿਚ ਦੁਹਾਈ ਫੇਰਦੇ ਹਨ। ੨.(ਸ੍ਰਿਸ਼ਟੀ ਵਿਚ) ਜੰਮਣੇ ਪੁਰ ਆਨੰਦ ਤੇ ਨਾਨਕੇ ਦਾਦਕੇ ਵਧਾਈ ਹੁੰਦੀ ਹੈ! ੩.ਵਿਵਾਹਾਂ ਪਰ ਸਿੱਠਣੀਆਂ ਮਿਲਦੀਆਂ ਤੇ ਦੁਵੱਲੀ ਵਾਜੇ ਵੱਜਦੇ ਹਨ। ੪.ਮੋਇਆਂ ਨੂੰ ਰੋਣਾ ਪਿੱਟਣਾ ਹੁੰਦਾ ਹੈ, ਵੈਣਾਂ ਤੇ ਅਲਾਹਣੀਆਂ ਦੀ ਧੁੰਮ ਪੈਂਦੀ ਹੈ। ੫.(ਪਰ) ਸਾਧ ਸੰਗਤ ਵਿਚ (ਸਦਾ ਹੀ) ਸੱਚਾ ਆਨੰਦ (ਰਹਿੰਦਾ) ਹੈ, ਗੁਰਮੁਖ (ਇਸ ਕਰਕੇ) ਸਾਧਸੰਗ ਵਿਚ ਲਿਵ ਲਾਈ ਰਖਦੇ ਹਨ। ੬.(ਕਿਉਂਕਿ ਆਤਮਾ) ਬੇਦ ਕਤੇਬ ਤੋਂ ਬਾਹਰ ਹੈ; ਅਰ ਜਨਮ ਮਰਨ ਤੋਂ ਅਲੇਪ ਰਹਿੰਦਾ ਹੈ। (ਅ) (ਗੁਰਮੁਖ ਮਾਰਗ) ਵੇਦ ਕਤੇਬ ਤੋਂ ਵੱਖਰਾ ਹੈ, ਜੰਮਣ ਮਰਨ ਵੇਲੇ (ਹਰਖ ਸੋਗ ਤੋਂ) ਅਲੇਪ ਰਹਿੰਦਾ ਹੈ। ੭.(ਗੁਰਮੁਖ ਮਾਰਗ) ਆਸਾ ਵਿਚ ਨਿਰਾਸ ਰਹਿੰਦਾ ਹੈ।

**ਭਾਵ**-ਇਹ ਕਿ ਰਾਜਾ ਪਰਜਾ ਦੇ ਜਨਮ ਮਰਨ ਵਿਖੇ ਹਰਖ ਸੋਗ ਬਣਿਆ ਰਹਿੰਦਾ ਹੈ, ਪਰ ਸਾਧ ਸੰਗਤ ਵਿਖੇ 'ਸਚਾ ਸੋਹਿਲਾ' ਸਦਾ ਆਨੰਦ ਰਹਿੰਦਾ ਹੈ। ਜਿਹਾ ਕੁ "**ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ॥**"* ਆਦਿ। ਕਾਰਣ ਇਹ ਕਿ ਬੇਦ ਕਤੇਬਾਂ ਤੋਂ ਬਾਹਰ ਜਨਮ ਮਰਨ ਤੋਂ ਅਲੇਪ ਆਤਮਾ ਉਥੇ ਟਿਕਿਆ ਰਹਿੰਦਾ ਹੈ, ਇਸੇ ਕਾਰਣ ਗੁਰਮੁਖ 'ਆਸਾ' ਵਿਖੇ ਰਹਿਕੇ ਬੀ 'ਨਿਰਾਸ' ਨਿਰਮਾਇਕ ਰਹਿੰਦੇ ਹਨ, ਤਦੇ ਸਚੇ ਸੋਹਲੇ ਵਿਚ ਰਹਿੰਦੇ ਹਨ।

## ੧੫. (ਗੁਰਮੁਖ ਮਨਮੁਖ)।

੧. ਗੁਰਮੁਖਿ ਪੰਥੁ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ।
੨. ਗੁਰਮੁਖਿ ਪਾਰਿ ਲੰਘਾਇਦਾ ਮਨਮੁਖ ਭਵਜਲ ਵਿਚਿ ਡੁਬੰਦੇ।
੩. ਗੁਰਮੁਖਿ ਜੀਵਨ ਮੁਕਤਿ ਕਰਿ ਮਨਮੁਖ ਫਿਰਿ ਫਿਰਿ ਜਨਮ ਮਰੰਦੇ।
੪. ਗੁਰਮੁਖਿ ਸੁਖ ਫਲੁ ਪਾਇਦੇ ਮਨਮੁਖਿ ਦੁਖ ਫਲੁ ਦੁਖ ਲਹੰਦੇ।
੫. ਗੁਰਮੁਖਿ ਦਰਗਹ ਸੁਰਖਰੂ ਮਨਮੁਖਿ ਜਮਪੁਰਿ ਡੰਡੁ ਸਹੰਦੇ।
੬. ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨਿ ਜਲੰਦੇ।
੭. ਬੰਦੀ ਅੰਦਰਿ ਵਿਰਲੇ ਬੰਦੇ॥੧੫॥

**ਪਦਾਰਥ**-(ਸੁਹੇਲੜਾ=ਸੌਖਾ। ਬਾਰਹਵਾਟ=ਜੋਗੀਆਂ ਦੇ ਬਾਰਾਂ ਰਸਤੇ ਯਾ ਬਹੁਤ ਮਤ ਮਤਾਂਤਰ। ਸੁਰਖਰੂ=ਲਾਲ ਚਿਹਰਾ। ਭਾਵ ਖ਼ੁਸ਼ੀ, ਜ਼ਿੰਮੇ ਤੋਂ ਬਰੀ।

**ਅਰਥ**-੧.ਗੁਰਮੁਖਾਂ (ਦਾ ਵਾਸ ਅਪਣੇ) ਸੁਹੇਲੜੇ ਪੰਥ (ਵਿਚ ਹੁੰਦਾ ਹੈ ਜੋ ਉਪਰ ਕਿਹਾ ਹੈ ਪਰ) ਮਨਮੁਖ ਬਹੁਤ ਰਸਤਿਆਂ ਵਿਚ ਭਟਕਦੇ ਹਨ। ੨.ਗੁਰਮੁਖ (ਜੱਗਜਾਸੂ ਨੂੰ) ਪਾਰ ਲੰਘਾਉਂਦਾ ਹੈ, ਮਨਮੁਖ ਭਉਜਲ (ਸੰਸਾਰ) ਵਿਚ ਡੁਬ ਜਾਂਦੇ ਹਨ। ੩.ਗੁਰਮੁਖ ਜੀਵਨ ਮੁਕਤ ਕਰਦਾ ਹੈ, ਮਨਮੁਖ ਫੇਰ ਫੇਰ ਜੰਮਦੇ ਮਰਦੇ ਹਨ। ੪.ਗੁਰਮੁਖ ਸੁਖ (ਰੂਪ) ਫਲ ਪਾਉਂਦੇ ਹਨ, ਮਨਮੁਖ (ਆਪਣੀ) ਦੁਖ

*ਗਉ-ਰਵਿ-੧

(ਰੂਪ ਕਰਨੀ ਦਾ) ਫਲ ਦੁਖ ਪਾਉਂਦੇ ਹਨ। ੫.ਗੁਰਮੁਖ ਦਰਗਾਹ ਵਿਚ ਸੁਰਖਰੂ ਹੁੰਦੇ ਹਨ, ਮਨਮੁਖ ਜਮਪੁਰ ਵਿਚ ਸਜ਼ਾ ਪਾਉਂਦੇ ਹਨ।੬.(ਕਯੋਂਕਿ) ਗੁਰਮੁਖ ਨੇ ਆਪਾ ਗੁਆ ਲਿਆ ਹੈ (ਇਸ ਕਰਕੇ ਸੁਖੀ ਹੈ), ਮਨਮੁਖ ਹਉਮੈ ਦੀ ਅੱਗ ਵਿਚ ਸੜਦੇ ਹਨ (ਕਿਉਂਕਿ ਆਪਾ ਨਹੀਂ ਗੁਆਇਆ)। ੭.ਬੰਦੀ (ਮਾਯਾ) ਵਿਚ ਵਿਰਲੇ ਹੀ ਭਗਤ ਹੁੰਦੇ ਹਨ।

**ਭਾਵ**-ਗੁਰਮੁਖਾਂ ਦੀ ਇਹ ਧਾਰਨਾ ਹੈ : "**ਹੋਂਦਾ ਫੜੀਅਗੁ ਨਾਨਕ ਜਾਣੁ ॥ ਨਾ ਹਉ ਨਾ ਮੈ ਜੂਨੀ ਪਾਣੁ ॥**"* ਮਨਮੁਖਾਂ ਦੀ ਇਹ ਧਾਰਨਾ ਹੈ : "**ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰਾ ॥**"† ਇਸੇ ਕਰਕੇ ਪਹਿਲੇ ਦੁਹੀਂ ਜਹਾਨੀਂ ਸੁਰਖਰੂ ਹਨ, ਤੇ ਦੂਜੇ ਦੁਹੀਂ ਜਹਾਨੀਂ ਜ਼ਰਦਰੂ ਹਨ। ਪਹਿਲੇ ਮਾਯਾ ਵਿੱਚ ਬੰਦ ਹੋਏ ਦਿਸਦੇ ਬੀ ਅਲੇਪ ਹਨ ਪਰ ਐਸੇ ਬੰਦੇ ਵਿਰਲੇ ਹਨ।

## ੧੬. (ਸੁਹਾਗਣ ਦੇ ਰੂਪਕ ਵਿਚ ਗੁਰਸਿਖ)।

੧. ਪੇਵਕੜੈ ਘਰਿ ਲਾਡੁਲੀ ਮਾਊ ਪੀਊ ਖਰੀ ਪਿਆਰੀ।
੨. ਵਿਚਿ ਭਿਰਾਵਾਂ ਭੈਣੜੀ ਨਾਨਕ ਦਾਦਕ ਸਪਰਵਾਰੀ।
੩. ਲਖ ਖਰਚ ਵੀਵਾਹੀਐ ਗਹਣੇ ਦਾਜੁ ਸਾਜੁ ਅਤਿ ਭਾਰੀ।
੪. ਸਾਹੁਰੜੈ ਘਰਿ ਮੰਨੀਐ ਸਣਖਤੀ ਪਰਵਾਰ ਸਧਾਰੀ।
੫. ਸੁਖ ਮਾਣੈ ਪਿਰੁ ਸੇਜੜੀ ਛਤੀਹ ਭੋਜਨ ਸਦਾ ਸੀਗਾਰੀ।
੬. ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ।
੭. ਗੁਰਮੁਖਿ ਸੁਖ ਫਲ ਨਿਹਚਉ ਨਾਰੀ ॥੧੬॥

**ਪਦਾਰਥ**-(ਲਾਡੁਲੀ ਮਾਊ=ਮਾਂ ਦੀ ਪਿਆਰੀ। ਭੈਣੜੀ=ਭੈਣ। (ਸਣਖੱਤੀ=ਸੁਹਾਗਣ,ਨਸੀਬਾਂ ਵਾਲੀ। ਨਿਹਚਉ ਨਾਰੀ=ਪਤਿਬ੍ਰਤਾ ਇਸਤ੍ਰੀ।

**ਅਰਥ**-੧.ਪੇਕੇ ਘਰ ਵਿਖੇ ਮਾਂ ਦੀ (ਲਾਡਲੀ=) ਪਿਆਰੀ (ਅਰ) ਪਿਤਾ ਦੀ ਬੀ ਖਰੀ ਪਿਆਰੀ ਹੁੰਦੀ ਹੈ (ਭਾਵ ਗੁਰਮੁਖ ਰੂਪ ਸੁਹਾਗਣ ਇਸਤ੍ਰੀ ਸੰਸਾਰ ਵਿਖੇ ਭੀ ਸੁਖ ਪਾਉਂਦੀ ਹੈ)। ੨.(ਗਯਾਨ ਵੈਰਾਗ ਰੂਪੁ) ਭਰਾਵਾਂ ਵਿਖੇ ਭੈਣ, ਨਾਨਕੇ (ਸ਼ਰਧਾ) ਦਾਦਕੇ (ਅੱਭਯਾਸ) ਪਰਵਾਰ ਦੇ ਸਾਥ। ੩.ਲੱਖਾਂ ਰੁਪਏ ਖਰਚਕੇ ਗਹਿਣੇ ਅਰ ਦਾਜ ਦੇ ਭਾਰੀ ਸਾਮਾਨ ਨਾਲ ਵਿਆਹੀ ਜਾਂਦੀ ਹੈ। ੪.ਸਾਹੁਰੜੇ ਘਰ (ਸਤਿਸੰਗ ਤੇ ਪ੍ਰਲੋਕ) ਵਿਖੇ ਮੰਨੀਦੀ ਹੈ (ਭਾਵ ਸੱਸ ਸੌਹਰਾ ਵੱਡਾ ਆਦਰ ਕਰਦੇ ਹਨ, ਸਾਰੇ) ਪਰਵਾਰ ਨੂੰ ਸੁਧਾਰਦੀ ਹੈ (ਭਾਵ ਪੇਕਿਆਂ ਦੀ ਸ਼ੋਭਾ ਕਰਾਉਂਦੀ ਹੈ, ਕਿ ਵਡੇ ਕੁਲ ਘਰ ਦੀ ਵਹੁਟੀ ਹੈ)। ੫.(ਪਿਰ=) ਭਰਤਾ ਦੀ ਸੇਜਾ ਦਾ ਸੁਖ ਮਾਣਦੀ ਹੈ, ਛੱਤੀ ਪ੍ਰਕਾਰ ਦੇ ਭੋਜਨ (ਅਰ ਗਹਿਣੇ ਕਪੜਿਆਂ ਨਾਲ) ਸਦਾ ਸੋਭਾਇਮਾਨ ਰਹਿੰਦੀ ਹੈ। ੬.ਲੋਕਾਂ ਦੇ (ਗੁਣ) ਵੀਚਾਰ ਵਿਚ ਅਰ ਵੇਦਾਂ ਦੇ ਗਿਆਨ ਵਿਚ, ਅਰਧ ਸਰੀਰੀ (=ਇਸਤ੍ਰੀ) ਮੁਕਤ ਦਾ ਦੁਆਰਾ ਹੈ। (ਅ) ਲੋਕ, ਵੇਦ ਤੇ ਗੁਣਾਂ ਦੇ ਵਿਚਾਰ ਵਿਚ (ਇਸਤ੍ਰੀ) ਅਰਧ ਸਰੀਰੀ ਹੈ, ਅਰ ਮੁਕਤ ਦਾ ਰਸਤਾ ਹੈ। ੭.ਗੁਰਮੁਖ (ਹੀ) ਨਿਹਚਉ ਨਾਰੀ (ਅਰਥਾਤ ਪਤਿਬ੍ਰਤਾ ਇਸਤ੍ਰੀ) ਹੈ, (ਓਹੀ) (ਸੁਖ ਫਲ) ਆਤਮ ਫਲ (ਦਾ ਆਨੰਦ ਅੰਤਹਕਰਣ ਦੀ ਸੇਜਾ ਪੁਰ ਮਾਣਦੀ ਹੈ)।

## ੧੭. (ਵੇਸ਼ਵਾ ਦੇ ਰੂਪਕ ਵਿਚ ਮਨਮੁਖ)।

੧. ਜਿਉ ਬਹੁ ਮਿਤੀ ਵੇਸਿਆ ਸਭਿ ਕੁਲਖਣ ਪਾਪ ਕਮਾਵੈ।
੨. ਲੋਕਹੁ ਦੇਸਹੁ ਬਾਹਰੀ ਤਿਹੁ ਪਖਾਂ ਕਾਲੰਕ ਲਗਾਵੈ।
੩. ਡੁਬੀ ਡੋਬੈ ਹੋਰਨਾ ਮਹੁਰਾ ਮਿਠਾ ਹੋਇ ਪਚਾਵੈ।

*ਮਲਾ: ਵਾਰ:੨੪ †ਸਿਰੀ: ਮ:੩

੪. ਘੰਡਾ ਹੇੜਾ ਮਿਰਗ ਜਿਉ ਦੀਪਕ ਹੋਇ ਪਤੰਗ ਜਲਾਵੈ।
੫. ਦੁਹੀ ਸਰਾਈ ਜਰਦਰੂ ਪਥਰ ਬੇੜੀ ਪੂਰ ਡੁਬਾਵੈ।
੬. ਮਨਮੁਖ ਮਨੁ ਅਠ ਖੰਡ ਹੋਇ ਦੁਸਟਾ ਸੰਗਤਿ ਭਰਮਿ ਭੁਲਾਵੈ।
੭. ਵੇਸੁਆ ਪੁਤੁ ਨਿਨਾਉ ਸਦਾਵੈ॥੧੭॥

**ਪਦਾਰਥ**-(ਬਹੁ ਮਿਤੀ=ਬਾਹਲੇ ਮਿੱਤ੍ਰਾਂ (=ਵਰਾਂ) ਵਾਲੀ ਵੇਸਵਾ। ਕਾਲੰਕ=ਕਾਲਖ।
(ਪੂਰ=ਸਾਥ। ਅੱਠ ਖੰਡ=ਅੱਠ ਅੰਗ ਸਿੰਗਾਰ ਦੇ ਵੱਖੋ ਵੱਖ :- ਨੱਕ, ਅੱਖ, ਮੁਖ।
(ਠੋਡੀ, ਕੁਚ, ਦੰਦ, ਗੁਤ, ਭੌਹਾਂ। (ਅ) ਅੱਠ ਟੋਟੇ। )

**ਅਰਥ**-੧. ਜਿਕੂੰ ਬਾਹਲੇ ਯਾਰਾਂ ਵਾਲੀ ਵੇਸਵਾ ਸਾਰੇ ਖੋਟੇ ਲੱਛਣਾਂ ਵਾਲੀ ਹੈ ਤੇ ਪਾਪ ਕਮਾਉਂਦੀ ਹੈ। ੨. ਲੋਕ ਅਤੇ ਦੇਸ਼ ਦੀ ਰੀਤੀ ਤੋਂ ਬਾਹਰ ਹੈ, ਤਿੰਨਾਂ ਪੱਖਾਂ (ਨਾਨਕੇ, ਦਾਦਕੇ ਅਤੇ ਸਾਹੁਰਿਆਂ) ਨੂੰ ਕਲੰਕ ਲਾਉਂਦੀ ਹੈ। ੩. (ਆਪ ਤਾਂ) ਡੁੱਬੀ ਹੈ (ਪਰੰਤੂ) ਹੋਰਨਾਂ ਦਾ ਬੀ ਨਾਸ਼ ਕਰਦੀ ਹੈ, ਮਹੁਰੇ (ਭਾਵ, ਵਿਸ਼ੇ ਰੂਪ ਵਿਹੁ) ਨੂੰ ਮਿੱਠਾ ਕਰਕੇ ਪਚਾਉਂਦੀ ਹੈ। ੪. ਘੰਡੇ ਹੇੜੇ ਦੇ ਮ੍ਰਿਗ ਵਾਂਙ (ਅਰ) ਦੀਵੇ ਦੇ ਭੰਬਟ ਵਾਂਙੂ (ਲੋਕਾਂ ਨੂੰ ਆਪਣੇ ਰੂਪ ਤੇ ਫਾਹੁੰਦੀ ਤੇ) ਸਾੜਦੀ ਹੈ। ੫. (ਫਲ) ਦੁਹਾਂ ਸਰਾਵਾਂ (=ਲੋਕ ਪ੍ਲੋਕ) ਵਿਖੇ ਮੂੰਹ ਕਾਲਾ ਹੁੰਦਾ ਹੈ (ਅਰ ਆਪ) ਪੱਥਰ ਦੀ ਬੇੜੀ (ਬਣਕੇ) ਸਾਰੇ ਸਾਥ ਨੂੰ ਡੋਬਦੀ ਹੈ। ੬. ਮਨਮੁੱਖਾਂ ਦਾ ਮਨ ਅੱਠ ਟੁਕੜੇ ਹੋਕੇ ਦੁਸ਼ਟਾਂ ਦੀ ਸੰਗਤ ਵਿਖੇ ਭਰਮ ਵਿਚ ਭੁੱਲ ਜਾਂਦਾ ਹੈ (ਅਰ ਕਹਿੰਦਾ ਹੈ ਕਿ ਤੋਤੇ ਵਾਂਙੂ ਨੱਕ, ਅੱਖਾਂ ਕਮਲ ਵਾਂਙੂ, ਮੁਖ ਚੰਦ੍ਰਮਾ ਵਾਂਙੂ, ਠੋਡੀ ਬਿੰਬ ਫਲ ਵਾਂਙੂ, ਕੁਚ ਸ੍ਰੀ ਫਲ ਵਾਂਙੂ, ਦੰਦ ਅਨਾਰ ਵਾਂਙੂ, ਗੁਤ ਸ਼ੇਸ਼ਨਾਗ ਵਾਂਙੂ, ਭੌਹਾਂ ਭੌਰੇ ਵਾਂਙੂ ਹਨ। ਅੱਠ ਸ਼ਿੰਗਾਰ ਅੰਗਾਂ ਵਿਖੇ ਮਨ ਅੱਠ ਉਪਮਾਂ ਵਿਚਾਰਦਾ ਅੱਠ ਟੋਟੇ ਹੋ ਗਿਆ; ਫਲ ਅੱਗੇ ਦੱਸਦੇ ਹਨ) ੭. ਵੇਸ਼ਵਾ ਦਾ ਪੁੱਤ੍ਰ ਨਿਨਾਵਾਂ ਸਦਾਉਂਦਾ ਹੈ।

**ਭਾਵ**-ਅਜਿਹੇ ਮਨਮੁਖ ਲੋਕ, ਜੋ ਇਕ ਆਪਣੇ ਪਤੀ ਅਕਾਲ ਪੁਰਖ ਨੂੰ ਛੱਡਕੇ ਵਿਕਾਰਾਂ ਵਿਚ ਫਸਦੇ ਇਤਰ ਪੂਜਾ ਹੋਰ ਦੇਵਤਿਆਂ ਦੀ ਸ਼ਰਣ ਤੱਕਦੇ ਹਨ, ਵੇਸਵਾ ਦੇ ਤੁਲ ਹਨ"**ਭੈਰਉ ਭੂਤ ਸੀਤਲਾ ਧਾਵੈ॥ਖਰ ਬਾਹਨੁ ਉਹੁ ਛਾਰੁ ਉਡਾਵੈ॥**"* ਓਹ ਆਪ ਡੁਬਦੇ ਹਨ, ਹੋਰਨਾਂ ਨੂੰ ਡੋਬਦੇ ਹਨ।

## ੧੮. (ਬਾਲਕ, ਜੁਬਾ, ਬਿਰਧ ਅਵਸਥਾ)।

੧. ਸੁਧਿ ਨ ਹੋਵੈ ਬਾਲ ਬੁਧਿ ਬਾਲਕ ਲੀਲਾ ਵਿਚਿ ਵਿਹਾਵੈ।
੨. ਭਰ ਜੋਬਨਿ ਭਰਮਾਈਐ ਪਰ ਤਨ ਧਨ ਪਰ ਨਿੰਦ ਲੁਭਾਵੈ।
੩. ਬਿਰਧਿ ਹੋਆ ਜੰਜਾਲ ਵਿਚਿ ਮਹਾ ਜਾਲੁ ਪਰਵਾਰੁ ਫਹਾਵੈ।
੪. ਬਲ ਹੀਣਾ ਮਤਿ ਹੀਣੁ ਹੋਇ ਨਾਉ ਬਹਤਰਿਆ ਬਰੜਾਵੈ।
੫. ਅੰਨ੍ਹਾਂ ਬੋਲਾ ਪਿੰਗਲਾ ਤਨੁ ਥਕਾ ਮਨ ਦਹਦਿਸ ਧਾਵੈ।
੬. ਸਾਧ ਸੰਗਤਿ ਗੁਰ ਸਬਦ ਵਿਣੁ ਲਖ ਚਉਰਾਸੀਹ ਜੂਨਿ ਭਵਾਵੈ।
੭. ਅਉਸਰੁ ਚੁਕਾ ਹਥਿ ਨ ਆਵੈ॥੧੮॥

**ਪਦਾਰਥ**-(ਸੁਧਿ=ਗਿਆਨ। ਬਰੜਾਵੈ=ਨੀਂਦ ਵਿਚ ਬਕਣਾ। ਅਉਸਰ=ਸਮਯ, ਮਨੁਖ ਦੇਹ।

**ਅਰਥ**-੧. ਬਾਲਕ ਬੁਧੀ (ਬਾਲਪਨੇ ਦੇ ਦਿਨਾਂ) ਵਿਚ ਸਮਝ ਨਹੀਂ ਹੁੰਦੀ, ਬਾਲਕਾਂ ਦੀ ਖੇਡ ਵਿਚ (ਉਮਰ) ਬੀਤਦੀ ਹੈ। ੨. ਜਦ ਜੋਬਨ ਭਰਦਾ ਹੈ ਤਦ ਭਰਮ ਜਾਂਦਾ ਹੈ, ਤੇ ਪਰਾਏ ਸਰੀਰ, ਪਰਾਏ ਧਨ ਤੇ ਪਰਾਈ ਨਿੰਦਾ ਵਿਚ ਲੋਭ ਜਾਂਦਾ ਹੈ। ੩. ਬਿਰਧ ਹੋ ਕੇ ਜੰਜਾਲਾਂ ਵਿਚ ਪੈ ਜਾਂਦਾ ਹੈ, ਪਰਵਾਰ ਦੇ ਮਹਾਂ ਜਾਲ ਵਿਚ ਫਸ ਜਾਂਦਾ ਹੈ। ੪. ਬਲ ਤੋਂ ਹੀਣਾ ਬੁਧ ਤੋਂ ਹੀਣਾ ਹੋ ਜਾਂਦਾ ਹੈ, ਬਰੜਾ ਬਰੜਾ

*ਗੋਂਡ: ਨਾਮ-੫

(ਉਠਦਾ ਹੈ, ਲੋਕ ਸੱਤਰਿਆ) ਬਹੱਤ੍ਰਿਆ ਨਾਉਂ (ਧਰ ਦੇਂਦੇ ਹਨ)। ੫.(ਅੱਖੋਂ) ਅੰਨ੍ਹਾਂ, (ਕੰਨੋਂ) ਬੋਲਾ, (ਪੈਰੋਂ) ਪਿੰਗਲਾ, ਸਰੀਰ ਚੱਲ ਨਹੀਂ ਸਕਦਾ (ਪਰੰਤੂ) ਮਨ ਦਸੋ ਦਿਸ਼ਾ ਨੂੰ ਦੌੜਦਾ ਹੈ। ੬.ਸਾਧ ਸੰਗਤ ਤੇ ਗੁਰ ਸ਼ਬਦ ਬਾਝ ਚੌਰਾਸੀ ਲੱਖ ਜੂਨਾਂ ਵਿਚ ਪਿਆ ਭਟਕਦਾ ਹੈ। ੭.(ਮਾਨੁਖ ਦੇਹ ਦਾ) ਸਮਾਂ ਚੁਕ ਗਿਆ ਫੇਰ ਹੱਥ ਨਹੀਂ ਆਊ।

**ਭਾਵ**-''**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥ ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥**''[੧] ਇਹ ਸਮਝਕੇ ਗੁਰ ਸਬਦ ਦੁਆਰਾ ਭੈਜਲ ਤਰ ਜਾਣਾ ਚਾਹੀਦਾ ਹੈ। 'ਕੱਲ ਕਰਾਂਗੇ ਕੱਲ ਕਰਾਂਗੇ' ਇਸ ਤਰ੍ਹਾਂ ਦੀ ਆਸ ਰੱਖਣ ਵਾਲੇ ਸਾਰੀ ਉਮਰ ਅਕਾਰਥ ਗੁਆ ਲੈਂਦੇ ਹਨ।

## ੧੯. (ਹੰਸ, ਬਗੁਲਾ, ਗੁਰਮੁਖ, ਮਨਮੁਖ)।

੧. ਹੰਸੁ ਨ ਛਡੈ ਮਾਨਸਰ ਬਗੁਲਾ ਬਹੁ ਛਪੜ ਫਿਰਿ ਆਵੈ।
੨. ਕੋਇਲ ਬੋਲੈ ਅੰਬ ਵਣਿ ਵਣ ਵਣਿ ਕਾਂਉ ਕੁਥਾਉ ਸੁਖਾਵੈ।
੩. ਵਗ ਨ ਹੋਵਨਿ ਕੁਤੀਆਂ ਗਾਈ ਗੋਰਸੁ ਵੰਸੁ ਵਧਾਵੈ।
੪. ਸਫਲ ਬਿਰਖ ਨਿਹਚਲ ਮਤੀ ਨਿਹਫਲ ਮਾਣਸ ਦਹਦਿਸ ਧਾਵੈ।
੫. ਅਗ ਤਤੀ ਜਲੁ ਸੀਅਲਾ ਸਿਰੁ ਉਚਾ ਨੀਵਾਂ ਦਿਖਲਾਵੈ।
੬. ਗੁਰਮੁਖਿ ਆਪੁ ਗਵਾਇਆ ਮਨਮੁਖੁ ਮੂਰਖਿ ਆਪੁ ਗਣਾਵੈ।
੭. ਦੂਜਾ ਭਾਉ ਕੁਦਾਉ ਹਰਾਵੈ ॥੧੯॥

**ਪਦਾਰਥ**-(ਵਣਿ=ਬ੍ਰਿਛ। ਵਗ=ਗਊਆਂ ਦਾ ਟੋਲਾ। ਗੋਰਸ=ਦੁੱਧ, ਮੱਖਣ, ਘਿਉ। (ਸਫਲ ਬਿਰਖ ਨਿਹਚਲ ਮਤੀ=ਭਟਕਣੋਂ ਬਾਝ ਧਰਤੀ ਵਿਚ ਲੱਗੇ ਹੋਏ ਬ੍ਰਿਛ।

**ਅਰਥ**-੧.ਹੰਸ ਮਾਨ ਸਰੋਵਰ ਨੂੰ ਛੱਡਦਾ ਨਹੀਂ, ਬਗਲਾ ਬਾਹਲੇ ਛੱਪੜਾਂ ਵਿਚ ਫਿਰ ਆਉਂਦਾ ਹੈ (ਭਾਵ ਗੁਰਮੁਖ ਸਤਿਸੰਗ ਨੂੰ ਨਹੀਂ ਛਡਦੇ, ਦੰਭੀ ਲੋਕ ਕਈ ਕੁਸੰਗਤਾਂ ਵਿਚ ਭਟਕਦੇ ਹਨ)। ੨.ਕੋਇਲ (ਨਿਰੇ) ਅੰਬਾਂ (ਦੇ ਬ੍ਰਿਛਾਂ) ਵਿਖੇ ਬੋਲਦੀ ਹੈ, ਕਾਂ ਨੂੰ ਵਣ ਵਣ ਦੀਆਂ ਭੈੜੀਆਂ ਥਾਵਾਂ ਭਾਉਂਦੀਆਂ ਹਨ। ੩.ਕੁਤੀਆਂ ਦੇ ਵੱਗ ਨਹੀਂ ਹੁੰਦੇ, ਗਊਆਂ ਹੀ ਘਿਉ ਅਤੇ ਵੰਸ ਨੂੰ ਵਧਾਉਂਦੀਆਂ ਹਨ। (ਭਾਵ ਉਪਕਾਰ ਕਰਦੀਆਂ ਹਨ ਤੇ ਆਪਣਾ ਵਾਧਾ ਕਰਦੀਆਂ ਹਨ)। ੪.(ਉਹਨਾਂ) ਬ੍ਰਿਛਾਂ ਨੂੰ ਹੀ ਫਲ ਲਗਦੇ ਹਨ ਜੋ (ਇਧਰ ਉਧਰ) ਭਟਕਦੇ ਨਹੀਂ, ਜੋ ਮਨੁੱਖ ਦਸੋਂ ਦਿਸ਼ਾਂ ਨੂੰ ਧਾਂਵਦਾ ਹੈ ਉਹ ਨਿਹਫਲ ਰਹਿੰਦਾ ਹੈ। ੫.ਅਗਨੀ ਗਰਮ ਹੈ ਤੇ ਪਾਣੀ ਠੰਢਾ ਹੈ, (ਕਾਰਣ) ਅੱਗ ਦੀ ਲਾਟ ਉੱਚੀ ਤੇ (ਪਾਣੀ ਦਾ ਪਰਵਾਹ) ਨਿਵਾਣ ਨੂੰ ਜਾਂਦਾ ਹੈ। ੬.ਗੁਰਮੁਖ (ਸ਼ੁਭ ਇਸ ਕਰਕੇ ਹੈ ਕਿ ਉਸ ਨੇ) ਆਪਾ ਭਾਵ ਗੁਆ ਦਿਤਾ ਹੈ ਅਤੇ ਮਨਮੁਖ ਮੂਰਖ (ਇਸ ਕਰਕੇ ਹੈ ਕਿ)ਆਪਣੇ ਆਪ ਨੂੰ ਗਣਾਉਂਦਾ (ਜਤਾਉਂਦਾ) ਹੈ। ੭.ਦੂਜਾ ਭਾਉ ਖੋਟਾ ਭਾਉ ਹੈ (ਇਸ ਨਾਲ) ਹਾਰ ਹੀ ਆਉਂਦੀ ਹੈ।

**ਭਾਵ**-ਬਾਹਲੀ ਥਾਂਵੀਂ ਭਟਕਣ ਨਾਲ ਹਾਰ ਹੁੰਦੀ ਹੈ, ਸੱਚੇ ਗੁਰੂ ਗੁਰ ਨਾਨਕ ਦੇਵ ਪੁਰ ਭਰੋਸਾ ਰੱਖਕੇ ਨਿਰਹੰਕਾਰ ਹੋ ਕੇ ਚੱਲਣਾ ਸ੍ਰੇਸ਼ਟ ਹੈ।

## ੨੦. (ਪੰਜ ਜੰਤੂਆਂ ਦੁਆਰਾ ਮਨਮੁਖ)।

੧. ਗਜ ਮ੍ਰਿਗ ਮੀਨ ਪਤੰਗ ਅਲਿ ਇਕਤੁ ਇਕਤੁ ਰੋਗਿ ਪਚੰਦੇ।
੨. ਮਾਣਸ ਦੇਹੀ ਪੰਜਿ ਰੋਗ ਪੰਜੇ ਦੂਤ ਕੁਸੂਤੁ ਕਰੰਦੇ।
੩. ਆਸਾ ਮਨਸਾ ਡਾਇਣੀ ਹਰਖ ਸੋਗ ਬਹੁ ਰੋਗ ਵਧੰਦੇ।
੪. ਮਨਮੁਖ ਦੂਜੈ ਭਾਇ ਲਗਿ ਭੰਭਲਭੂਸੇ ਖਾਇ ਭਵੰਦੇ।

੧ ਸਲੋਕ ਕਬੀਰ ਜੀ-੩੦

੫. ਸਤਿਗੁਰ ਸਚਾ ਪਾਤਸਾਹ ਗੁਰਮੁਖਿ ਗਾਡੀ ਰਾਹੁ ਚਲੰਦੇ।
੬. ਸਾਧ ਸੰਗਤਿ ਮਿਲਿ ਚਲਣਾ ਭਜਿ ਗਏ ਠਗ ਚੋਰ ਡਰੰਦੇ।
੭. ਲੈ ਲਾਹਾ ਨਿਜਿ ਘਰਿ ਨਿਬਹੰਦੇ॥੨੦॥

**ਪਦਾਰਥ**-(ਅਲਿ=ਭੌਰਾ। ਪਚੰਦੇ=ਮਰਦੇ। ਕੁਸੂਤ=ਉਪੱਦ੍ਰਵ। (ਭੰਭਲਭੂਸੇ=ਭਟਕਣਾ, ਅਵਾਰਾ ਫਿਰਨਾ।

**ਅਰਥ**-੧.ਹਾਥੀ, ਮ੍ਰਿਗ, ਮੱਛੀ, ਭੰਭਟ, ਭੌਰਾ ਇਕ ਇਕ ਰੋਗ ਨਾਲ ਮਰਦੇ ਹਨ। (ਹਾਥੀ ਨੂੰ ਸਪਰਸ਼ ਦਾ, ਮ੍ਰਿਗ ਨੂੰ ਸ਼ਬਦ ਦਾ, ਮੱਛੀ ਨੂੰ ਰਸ ਦਾ, ਭੰਭਟ ਨੂੰ ਰੂਪ ਦਾ, ਭੌਰੇ ਨੂੰ ਗੰਧ ਦਾ ਰੋਗ ਚੰਬੜਿਆ ਹੋਇਆ ਹੈ)। ੨.ਮਨੁੱਖ ਦੇਹੀ ਵਿਚ ਪੰਜੇ ਰੋਗ ਹਨ, ਪੰਜੇ ਦੂਤ ਉਪੱਦਰ ਕਰਦੇ ਹਨ। ੩.(ਇਨ੍ਹਾਂ ਤੋਂ ਵਧੀਕ) ਆਸਾ, ਮਨਸਾ, ਡੈਣਾਂ, ਹਰਖ ਤੇ ਸੋਗ (ਕੁਪੱਥ) ਰੋਗਾ ਨੂੰ ਬਹੁਤ ਵਧਾਉਣ ਵਾਲੇ ਹਨ। ੪.ਮਨਮੁਖ ਦੂਜੇ ਭਾਵ ਨੂੰ ਲੱਗਕੇ ਭਟਕਾਂ ਖਾਂਦੇ ਭੌਂਦੇ ਹਨ। ੫.ਸਤਿਗੁਰ ਸੱਚਾ ਪਾਤਸ਼ਾਹ ਹੈ, ਗੁਰਮੁਖ (ਜਨ ਉਨ੍ਹਾਂ ਦੇ) ਗਾਡੀ ਰਾਹ ਪਰ ਤੁਰਦੇ ਹਨ। ੬.(ਓਹ) ਸਾਧ ਸੰਗਤ ਵਿਖੇ ਮਿਲਕੇ ਚਲਦੇ ਹਨ (ਇਸੇ ਕਾਰਣ ਪੰਜ ਵਿਸ਼ੇ ਅਤੇ ਹਰਖ ਸੋਗ ਆਦਿ) ਚੋਰ ਠੱਗਣ ਹਾਰੇ ਡਰਕੇ ਭੱਜ ਜਾਂਦੇ ਹਨ। ੭.(ਗੁਰਮੁਖ ਜਨਮ ਦਾ) ਲਾਭ ਲੈਕੇ ਸ੍ਵੈਸਰੂਪ ਵਿਖੇ ਨਿਵਾਸ ਕਰਦੇ ਹਨ।

**ਭਾਵ**-ਗੁਰ ਪ੍ਰਮਾਣ-"**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥**"* ਗੁਰੂ ਜੀ ਦਾ ਵਾਕ ਭੀ ਇਹੀ ਹੈ-**ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲਭੂਸੇ ਖਾਹੀ॥**†

## ੨੧. (ਸਤਿਗੁਰ ਸੱਚਾ ਪਾਤਸ਼ਾਹ)।

੧. ਬੇੜੀ ਚਾੜਿ ਲੰਘਾਇਦਾ ਬਾਹਲੇ ਪੂਰ ਮਾਣਸ ਮੋਹਾਣਾ।
੨. ਆਗੂ ਇਕੁ ਨਿਬਾਹਿਦਾ ਲਸਕਰ ਸੰਗ ਸਾਹ ਸੁਲਤਾਣਾ।
੩. ਫਿਰੈ ਮਹਲੈ ਪਾਹਰੂ ਹੋਇ ਨਿਚਿੰਦ ਸਵਨਿ ਪਰਧਾਨਾ।
੪. ਲਾੜਾ ਇਕੁ ਵੀਵਾਹੀਐ ਬਾਹਲੇ ਜਾਂਞੀ ਕਰਿ ਮਿਹਮਾਣਾ।
੫. ਪਾਤਿਸਾਹੁ ਇਕੁ ਮੁਲਕ ਵਿਚਿ ਹੋਰ ਪ੍ਰਜਾ ਹਿੰਦੂ ਮੁਸਲਮਾਣਾਂ।
੬. ਸਤਿਗੁਰ ਸਚਾ ਪਾਤਿਸਾਹੁ ਸਾਧ ਸੰਗਤਿ ਗੁਰੁ ਸਬਦੁ ਨੀਸਾਣਾ।
੭. ਸਤਿਗੁਰ ਪਰਣੈ ਤਿਨ ਕੁਰਬਾਣਾ॥੨੧॥੫॥

**ਪਦਾਰਥ**-(ਪੂਰ=ਸਾਥ। ਮੋਹਾਣਾ=ਮਲਾਹ। ਨਿਬਾਹਿੰਦਾ=ਪੁਜਾਂਵਦਾ ਹੈ। (ਪਰਧਾਣਾ=ਸਰਪੰਚ, ਅਮੀਰ।

**ਅਰਥ**-੧.ਬੇੜੀ ਪੁਰ ਚੜ੍ਹਾਕੇ ਇਕ (ਮੁਹਾਣਾ) ਮਲਾਹ ਬਾਹਲੇ ਮਨੁੱਖਾਂ ਦੇ ਪੂਰ ਨੂੰ (ਨਦੀ ਥੋਂ) ਪਾਰ ਕਰਦਾ ਹੈ (ਭਾਵ ਸਤਿਗੁਰੂ ਇਕ ਹੀ ਲੱਖਾਂ ਸੰਗਤਾਂ ਨੂੰ ਭਗਤੀ ਦੀ ਬੇੜੀ ਪੁਰ ਚੜ੍ਹਾਕੇ ਸੰਸਾਰ ਨਦੀ ਥੋਂ ਪਾਰ ਕਰ ਦਿੰਦੇ ਹਨ)। ੨.ਇਕੋ ਆਗੂ ਸੁਲਤਾਨਾਂ ਤੇ ਪਾਤਸ਼ਾਹਾਂ ਦੇ ਲਸ਼ਕਰਾਂ ਦੇ ਸੰਗ ਨੂੰ ਨਿਬਾਹ ਲੈਂਦਾ ਹੈ। ੩.ਇਕ ਪਹਿਰਾ ਦੇਣ ਵਾਲਾ (ਸਾਰੇ ) ਮੁਹੱਲੇ ਵਿਚ (ਰਾਤ) ਚੌਂਕੀ ਦਿੰਦਾ ਹੈ, ਅਮੀਰ ਲੋਕ (ਚੋਰਾਂ ਥੋਂ) ਨਿਸਚਿੰਤ ਹੋਕੇ ਸੌਂ ਜਾਂਦੇ ਹਨ। ੪.ਲਾੜਾ ਇਕ ਵਿਆਹੀਦਾ ਹੈ (ਪਰ ਉਸ ਇਕ ਦੀ ਖ਼ਾਤਰ) ਬਹੁਤੇ ਜਾਂਞੀ ਪਰਾਹੁਣੇ ਕਹੀਦੇ ਹਨ (ਭਾਵ ਆਦਰ ਪਾਉਂਦੇ ਹਨ)। ੫.ਪਾਤਸ਼ਾਹ ਤਾਂ ਦੇਸ਼ ਵਿਚ ਇਕੋ ਹੁੰਦਾ ਹੈ (ਉਸ ਦੀ) ਪਰਜਾ ਹਿੰਦੂ ਮੁਸਲਮਾਨ (ਅਨੇਕ) ਹੁੰਦੀ ਹੈ। ੬.ਸਤਿਗੁਰ ਸੱਚਾ ਪਾਤਸ਼ਾਹ ਹੈ, ਸਾਧ ਸੰਗਤ (ਸਭਾ ਹੈ) ਗੁਰੂ ਗੁਰ ਸ਼ਬਦ (ਦਾ) ਪਰਵਾਨਾ (ਦੇਕੇ ਸੰਸਾਰ ਥੋਂ

*ਆਸਾ: ਗੰਵ ੧ †ਗਉ: ਵਾਰ-੧੫

ਪਾਰ ਕਰ ਦਿੰਦੇ ਹਨ) ੭.(ਜੋ) ਸਤਿਗੁਰੂ ਦਾ ਆਸਰਾ (ਲੈਂਦੇ ਹਨ) ਉਨ੍ਹਾਂ ਥੋਂ ਕੁਰਬਾਣ ਹਾਂ।

**ਭਾਵ**-ਇਕ ਆਗੂ ਹਜ਼ਾਰਾਂ ਲੱਖਾਂ ਨੂੰ ਸੰਭ੍ਾਲਦਾ ਹੈ, ਤਿਵੇਂ ਸਤਿਗੁਰੂ ਸ੍ਰਿਸ਼ਟੀ ਦਾ ਉਧਾਰ ਕਰਦਾ ਹੈ, ਪਰ ਆਗੂ ਤਾਂ ਕੱਚੇ ਹਨ, ਸਤਿਗੁਰੂ ਸੱਚਾ ਹੈ, ਉਸ ਦਾ ਆਸਰਾ ਬੀ ਸੱਚਾ ਹੈ, ਜੋ ਲੈਂਦੇ ਹਨ ਸੋ ਸੱਚ ਨੂੰ ਪ੍ਰਾਪਤ ਹੁੰਦੇ ਹਨ।

# ਵਾਰ ੬.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾਚਰਣ ਵਸਤੂ ਨਿਰਦੇਸ਼):

੧. ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਥਾਟੁ ਬਣਾਇਆ।
੨. ਪੂਰੇ ਪੂਰਾ ਸਾਧਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ।
੩. ਪੂਰੇ ਪੂਰਾ ਪਿਰਮ ਰਸੁ ਪੂਰਾ ਗੁਰਮੁਖਿ ਪੰਥ ਚਲਾਇਆ।
੪. ਪੂਰੇ ਪੂਰਾ ਦਰਸਣੋ ਪੂਰੇ ਪੂਰਾ ਸਬਦੁ ਸੁਣਾਇਆ।
੫. ਪੂਰੇ ਪੂਰਾ ਬੈਹਿਣਾ ਪੂਰੇ ਪੂਰਾ ਤਖਤੁ ਰਚਾਇਆ।
੬. ਸਾਧ ਸੰਗਤਿ ਸਚੁ ਖੰਡੁ ਹੈ ਭਗਤਿ ਵਛਲ ਹੁਇ ਵਸਗਤਿ ਆਇਆ।
੭. ਸਾਧ ਸੰਗਤਿ ਸਚੁ ਨਾਉ ਗੁਰ ਗਿਆਨੁ ਧਿਆਨੁ ਸਿਖਾ ਸਮਝਾਇਆ।
੮. ਗੁਰ ਚੇਲੇ ਪਰਚਾ ਪਰਚਾਇਆ॥੧॥

**ਪਦਾਰਥ**-(ਥਾਟੁ=ਬਣਾਉ। ਪਿਰਮ ਰਸੁ=ਪ੍ਰੇਮ ਰਸ। ਬੈਹਿਣਾ=ਸਿੰਘਾਸਣ। (ਵਸਗਾਤ=ਵਸੀਕਾਰ। ਪਰਚਾ=ਪ੍ਰੇਮ। ਪਰਚਾਇਆ=ਲਗਾਇਆ।

**ਅਰਥ**-੧.ਪੂਰੇ ਸਤਿਗੁਰੂ (ਗੁਰੂ ਨਾਨਕ ਜੀ ਨੂੰ) ਜਾਣੀਏ, (ਉਸ) ਪੂਰੇ (ਗੁਰੂ ਨੇ) ਪੂਰਾ ਬਣਾਉ ਬਣਾਇਆ ਹੈ। ੨.ਪੂਰੇ (ਗੁਰੂ ਨੇ) ਪੂਰਾ ਸਾਧ ਸੰਗ (ਬਨਾਯਾ), (ਉਸੇ) ਪੂਰੇ ਨੇ ਪੂਰਾ ਮੰਤ੍ਰ (ਵਾਹਿਗੁਰੂ) ਦ੍ਰਿੜ ਕਰਾਇਆ ਹੈ। ੩.ਪੂਰੇ ਨੇ ਪੂਰਾ ਪ੍ਰੇਮ ਦਾ ਰਸ, ਅਤੇ ਪੂਰਾ ਗੁਰਮੁਖ ਪੰਥ ਚਲਾਇਆ । ੪.ਪੂਰੇ ਦਾ ਪੂਰਾ ਦਰਸ਼ਨ (=ਮਤ ਹੈ, ਤੇ) ਪੂਰੇ ਨੇ ਪੂਰਾ ਸਬਦ ਸੁਣਾਇਆ ਹੈ। ੫.ਪੂਰੇ ਨੇ ਪੂਰਾ ਸਿੰਘਾਸਣ ਰਚਿਆ ਤੇ ਪੂਰੇ ਨੇ ਪੂਰਾ ਤਖਤ ਰਚਾਇਆ ਹੈ। ੬.(ਉਸ ਪੂਰੇ ਦਾ) ਸਾਧ ਸੰਗਤ ਸੱਚਖੰਡ ਹੈ, (ਉਹ ਪੂਰਾ) ਭਗਤ ਵਛਲ ਹੋਣ ਕਰਕੇ (ਭਗਤਾਂ ਦੇ) ਵੱਸ ਆਇਆ ਹੈ! ੭.(ਇਸੇ ਪ੍ਰੇਮ ਕਰਕੇ) ਗੁਰੂ ਨੇ ਸਾਧ ਸੰਗਤ ਵਿਚ ਸੱਚਾ ਨਾਮ, ਸੱਚਾ ਗਿਆਨ, (ਸੱਚਾ) ਧਿਆਨ ਸਿੱਖਾਂ ਨੂੰ ਸਮਝਾਇਆ ਹੈ! ੮.ਗੁਰੂ ਨੇ ਚੇਲੇ ਨੂੰ ਪ੍ਰੇਮ ਵਿਚ ਲਗਾਇਆ।

**ਭਾਵ**-ਗੁਰੂ ਦੀ ਪੂਰਨਤਾ, ਦਾਤ, ਮਹਿਮਾ ਦਾ ਕਥਨ ਹੈ ਜਿਸ ਵਿਚ ਵਾਰ ਦਾ ਮੰਗਲਾਚਰਣ ਕੀਤਾ ਹੈ।

## ੨. (ਉਹੋ ਹੀ)।

੧. ਕਰਣ ਕਾਰਣ ਸਮਰਥੁ ਹੈ ਸਾਧ ਸੰਗਤਿ ਦਾ ਕਰੈ ਕਰਾਇਆ।
੨. ਭਰੈ ਭੰਡਾਰ ਦਾਤਾਰੁ ਹੈ ਸਾਧ ਸੰਗਤਿ ਦਾ ਦੇਇ ਦਿਵਾਇਆ।
੩. ਪਾਰਬ੍ਰਹਮ ਗੁਰ ਰੂਪੁ ਹੋਇ ਸਾਧ ਸੰਗਤਿ ਗੁਰ ਸਬਦਿ ਸਮਾਇਆ।
੪. ਜਗ ਭੋਗ ਜੋਗ ਧਿਆਨੁ ਕਰਿ ਪੂਜਾ ਪਰੈ ਨ ਦਰਸਨੁ ਪਾਇਆ।
੫. ਸਾਧ ਸੰਗਤਿ ਪਿਉ ਪੁਤੁ ਹੋਇ ਦਿਤਾ ਖਾਇ ਪੈਨ੍ਹੈ ਪੈਨ੍ਹਾਇਆ।
੬. ਘਰਬਾਰੀ ਹੋਇ ਵਰਤਿਆ ਘਰਬਾਰੀ ਸਿਖ ਪੈਰੀ ਪਾਇਆ।
੭. ਮਾਇਆ ਵਿਚਿ ਉਦਾਸੁ ਰਖਾਇਆ॥੨॥

**ਅਰਥ**-੧.(ਗੁਰੂ ਨਾਨਕ ਜੀ) ਕਰਣ ਕਾਰਣ ਸਮਰੱਥ ਹਨ (ਪਰੰਤੂ ਜੋ) ਸਾਧਸੰਗਤ ਕਰਾਇਆ (ਚਾਹੇ ਸੋ) ਕਰਦੇ ਹਨ। ੨.(ਆਪ ਦੇ ਘਰ ਤਾਂ) ਭੰਡਾਰੇ ਭਰੇ ਹੋਏ ਹਨ (ਤੇ ਆਪ ਬੜੇ) ਦਾਤਾਰ ਹਨ ਪਰ ਸਾਧ ਸੰਗਤ ਜਿਸ ਨੂੰ ਦਿਵਾਇਆ ਚਾਹੇ ਦਿੰਦੇ ਹਨ (ਭਾਵ ਭਗਤਾਂ ਦੇ ਅਧੀਨ ਹਨ)। ੩.ਪਾਰਬ੍ਰਹਮ ਗੁਰੂ ਰੂਪ ਧਾਰਕੇ ਸਾਧ ਸੰਗਤ ਵਿਖੇ ਗੁਰਾਂ ਦੇ ਸਬਦ ਵਿਚ ਸਮਾਇਆ ਹੋਇਆ ਹੈ। (ਭਾਵ ਸ਼ਬਦ ਦ੍ਵਾਰੇ ਪ੍ਰਾਪਤ ਹੋ ਜਾਂਦਾ ਹੈ। ਅੱਗੇ ਹੋਰ ਸਾਧਨਾਂ ਦਾ ਨਿਖੇਧ ਦੱਸਦੇ ਹਨ)। ੪.ਯੱਗ ਭੋਗ (ਯੋਗ=) ਪ੍ਰਾਣਾਯਾਮ ਧਿਆਨ ਪੂਜਾ (ਆਦਿ ਸਾਧਨਾਂ) ਕਰਕੇ ਦਰਸ਼ਨ ਨਹੀਂ ਪਾਇਆ ਜਾਂਦਾ। ੫.ਸਾਧ ਸੰਗਤ (ਦੇ ਸਤਿਸੰਗੀ ਲੋਕ) ਪਿਤਾ (ਗੁਰੂ ਨਾਨਕ ਜੀ ਦੇ) ਪੁੱਤ੍ਰ ਹੋਕੇ ਦਿੱਤਾ ਖਾਂਦੇ ਤੇ (ਕੱਪੜੇ) ਪਹਿਨਾਏ ਹੋਏ ਪਹਿਨਦੇ ਹਨ। (ਅੱਗੇ ਗੁਰੂ ਅੰਗਦ ਜੀ ਦਾ ਵਰਣਨ ਦਸਦੇ ਹਨ):- ੬.(ਜਦ ਗੁਰੂ ਨਾਨਕ ਜੀ ਦੇਸ਼ ਯਾਤ੍ਰਾ ਦੇ ਪਿਛੋਂ ਘਰਬਾਰੀ) ਘਰ ਵਿਖੇ ਗ੍ਰਿਹਸਤ ਮਾਰਗ ਵਿਚ ਉਪਦੇਸ਼ ਕਰਨ ਲੱਗੇ ਤਦੋਂ ਘਰਬਾਰੀ ਸਿੱਖ ਨੂੰ (ਆਪਣੇ) ਪੈਰੀਂ ਲਾਇਆ (ਭਾਵ ਗੁਰੂ ਅੰਗਦ ਨੂੰ ਆਪਣਾ ਸਰੂਪ ਥਾਪਿਆ) । ੭.ਮਾਇਆ ਵਿਚ ਬੀ ਉਦਾਸੀਨ ਅਵਸਥਾ ਰਖੀ।

## ੩. (ਗੁਰਮੁਖਾਂ ਦੀ ਨਿੱਤ ਕ੍ਰਿਯਾ)।

੧. ਅੰਮ੍ਰਿਤ ਵੇਲੇ ਉਠਿਕੇ ਜਾਇ ਅੰਦਰਿ ਦਰੀਆਇ ਨ੍ਹਵੰਦੇ।
੨. ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।
੩. ਮਥੈ ਟਿਕੇ ਲਾਲ ਲਾਇ ਸਾਧ ਸੰਗਤਿ ਚਲਿ ਜਾਇ ਬਹੰਦੇ।
੪. ਸਬਦੁ ਸੁਰਤਿ ਲਿਵਲੀਣੁ ਹੋਇ ਸਤਿਗੁਰ ਬਾਣੀ ਗਾਵਿ ਸੁਣੰਦੇ।
੫. ਭਾਇ ਭਗਤਿ ਭੈ ਵਰਤਮਾਨ ਗੁਰ ਸੇਵਾ ਗੁਰਪੁਰਬ ਕਰੰਦੇ।
੬. ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ।
੭. ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵੰਡੰਦੇ।
੮. ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥੩॥

**ਪਦਾਰਥ**-(ਸਹਜਿ ਸਮਾਧਿ=ਸ਼ਾਂਤਿ ਰੂਪ ਸਮਾਧੀ। ਲਾਲ=ਰੱਤਾ, ਸੁਰਖਰੋਈ, (ਨਿਰਵਿਕਾਰਤਾ। ਸੰਝੈ=ਸੰਧਯਾ ਕਾਲ।

**ਅਰਥ**-੧.ਝਾਲਾਂਘੇ ਉਠਕੇ ਨਦੀ (ਜਾਂ ਸਰੋਵਰ ਜਾਂ ਖੂਹ ਆਦਿਕ ਦੇ ਜਲ) ਵਿਚ ਸ਼ਨਾਨ ਕਰਦੇ ਹਨ। ੨.ਡੂੰਘੀ ਸ਼ਾਂਤ ਰੂਪ ਸਮਾਧੀ ਵਿਖੇ ਇਕ ਮਨ ਹੋਕੇ ਗੁਰੂ ਦਾ ਮੰਤ੍ਰ ਜਪਦੇ ਹਨ। ੩.ਸੁਰਖ਼ਰੋਈ ਦਾ ਟਿੱਕਾ ਮੱਥੇ ਲਾਕੇ ਸਤਿਸੰਗ ਵਿਖੇ ਜਾਕੇ ਬੈਠਦੇ ਹਨ। ੪.ਸ਼ਬਦ ਦੀ ਗਜਾਤ ਦੀ ਲਿਵ ਵਿਖੇ ਮਗਨ ਹੋਕੇ ਸਤਿਗੁਰ ਦੀ ਬਾਣੀ ਗਾਉਂਦੇ ਅਰ ਸੁਣਦੇ ਹਨ। ੫.ਪ੍ਰੇਮਾ ਭਗਤੀ ਅਰ ਈਸ਼ਵਰ ਦੇ ਭੈ

ਵਿਖੇ ਵਰਤਦੇ ਹਨ, ਗੁਰੂ ਕੀ ਸੇਵਾ ਤੇ ਗੁਰਪੁਰਬ ਕਰਦੇ ਹਨ। ੬.ਸੰਧਯਾ ਵੇਲੇ ਸੋਦਰ (ਦਾ ਪਾਠ) ਗਾਉਂਦੇ, ਮਨਮੇਲੀਆਂ ਨਾਲ ਮੇਲ ਰਖਦੇ ਹਨ (ਭਾਵ ਕੁਸੰਗੀਆਂ ਮਨਮਤੀਆਂ ਨਾਲ ਨਹੀਂ ਮਿਲਦੇ)। ੭.ਸੌਣ ਵੇਲੇ ਕੀਰਤਨ ਸੋਹਿਲਾ ਪੜ੍ਹਦੇ ਹਨ ਅਰ ਆਰਤੀ ਕਰਕੇ ਪ੍ਰਸ਼ਾਦ ਵੰਡਦੇ ਹਨ। ੮.ਗੁਰਮੁਖ ਲੋਕ (ਇਮ ਸੁਭ ਕ੍ਰਿਯਾ ਤੋਂ) ਸੁਖ ਰੂਪੀ ਪ੍ਰੇਮ ਦਾ ਫਲ ਚੱਖਦੇ ਹਨ।

**ਭਾਵ**-ਦਰੀਆਇ ਸ਼ਲੇਖ ਪਦ ਹੈ, ਭਾਵ ਗੁਰੂ ਦਾ ਦਰਸ਼ਨ ਕਰਦੇ ਹਨ ਜਿਹਾ- "**ਗੁਰ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ**॥"* ਤਥਾ-"**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰ ਨਾਵੈ**॥"† ਇਸ਼ਨਾਨ ਤੇ ਸਤਿਸੰਗ ਵਿਚ ਪ੍ਰਵੇਸ਼ ਦੋਵੇਂ ਭਾਵ ਹਨ। ਸਮਾਧੀ ਵਿਚ ਲਿਵ ਜੋੜਨੀ ਨਿਰਾਸਾ ਨਿਰਵਾਸ ਹੋ ਕੇ ਸਬਦ ਦੀ ਕਮਾਈ, ਬਾਣੀ ਦਾ ਅਭਯਾਸ, ਪ੍ਰੇਮਾ ਭਗਤੀ, ਨਿੱਤਨੇਮ ਆਦਿ ਸਾਧਨ ਕਰਕੇ ਸੁਖ ਫਲ ਪਾਉਂਦੇ ਹਨ।

## ੪. (ਸਾਧ ਸੰਗਤ-ਸਚਖੰਡ)।

੧. ਇਕ ਕਵਾਉ ਪਸਾਉ ਕਰਿ ਓਅੰਕਾਰਿ ਅਕਾਰੁ ਪਸਾਰਾ।
੨. ਪਉਣ ਪਾਣੀ ਬੈਸੰਤਰੋ ਧਰਤਿ ਅਗਾਸੁ ਧਰੇ ਨਿਰਧਾਰਾ।
੩. ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਅਕਾਰਾ।
੪. ਪਾਰਬ੍ਰਹਮੁ ਪੂਰਨ ਬ੍ਰਹਮ ਅਗਮ ਅਗੋਚਰੁ ਅਲਖ ਅਪਾਰਾ।
੫. ਪਿਰਮ ਪਿਆਲੈ ਵਸਿ ਹੋਇ ਭਗਤਿਵਛਲ ਹੋਇ ਸਿਰਜਣਹਾਰਾ।
੬. ਬੀਉ ਬੀਜਿ ਅਤਿ ਸੂਖਮੋ ਤਿਦੂ ਹੋਇ ਵਡ ਬਿਰਖ ਵਿਥਾਰਾ।
੭. ਫਲ ਵਿਚਿ ਬੀਉ ਸਮਾਇਕੈ ਇਕਦੂ ਬੀਅਹੁ ਲਖ ਹਜਾਰਾ।
੮. ਗੁਰਮੁਖਿ ਸੁਖ ਫਲ ਪਿਰਮ ਰਸੁ ਗੁਰਸਿਖਾਂ ਸਤਿਗੁਰੂ ਪਿਆਰਾ।
੯. ਸਾਧ ਸੰਗਤਿ ਸਚੁਖੰਡ ਵਿਚਿ ਸਤਿਗੁਰ ਪੁਰਖੁ ਵਸੈ ਨਿਰੰਕਾਰਾ।
੧੦.ਭਾਇ ਭਗਤਿ ਗੁਰਮੁਖਿ ਨਿਸਤਾਰਾ॥੪॥

**ਪਦਾਰਥ**-(ਓਅੰਕਾਰਿ=ਅਕਾਲ ਪੁਰਖ। ਵਰਭੰਡ=ਬ੍ਰਹਮੰਡ। ਵਡ=ਬੜ=ਬੋਹੜ।

**ਅਰਥ**-੧.ਅਕਾਲ ਪੁਰਖ ਨੇ ਇਕ ਵਾਕ ਥੋਂ ਸਰੂਪ ਬਣਾਕੇ ਪਸਾਰਾ ਪਸਾਰਿਆ ਹੈ। ੨.ਪੌਣ, ਪਾਣੀ, ਅਗਨੀ, ਧਰਤੀ, ਤੇ ਅਕਾਸ਼ ਨੂੰ ਨਿਰਾਧਾਰ (ਕੇਵਲ ਆਪਣੇ ਹੁਕਮ ਦੇ ਆਸਰੇ ਵਿਚ) ਰੱਖਿਆ। ੩.ਇਕ ਇਕ ਰੋਮ ਵਿਚ ਕ੍ਰੋੜਾਂ ਹੀ ਬ੍ਰਹਮੰਡ ਸਰੂਪ ਰੱਖੇ ਹਨ। ੪.ਆਪ ਪਾਰਬ੍ਰਹਮ ਪੂਰਨ ਬ੍ਰਹਮ ਹੈ, ਅਗਮ (ਮਨ ਬਾਣੀ ਆਦਿ) ਇੰਦ੍ਰੀਆਂ ਦਾ ਵਿਖਯ ਨਹੀਂ ਹੈ, ਅਲੱਖ ਹੈ ਤੇ ਪਾਰ ਤੋਂ ਰਹਿਤ ਹੈ। ੫.(ਜਿਨ੍ਹਾਂ ਨੇ) ਪ੍ਰੇਮ ਦਾ ਪਿਆਲਾ (ਪੀਤਾ ਹੈ) ਭਗਤ ਵਛਲ (ਉਨ੍ਹਾਂ ਦੇ) ਵੱਸ ਹੋ ਜਾਂਦਾ ਹੈ (ਤੇ ਸ੍ਰਿਸ਼ਟੀ ਨੂੰ) ਰਚਣਹਾਰ ਬਣਦਾ ਹੈ। ੬.(ਜਦ) ਅਤਿ ਸੂਖਮ ਬੀਉ ਨੂੰ (ਲੋਕ) ਬੀਜਦੇ ਹਨ, ਉਸ ਥੋਂ ਕਈ ਬੋਹੜ ਦੇ ਬ੍ਰਿਛਾਂ ਦਾ ਵਿਸਥਾਰ ਹੋ ਜਾਂਦਾ ਹੈ। ੭.ਫਲ ਵਿਖੇ ਬੀਉ ਸਮਾਕੇ ਇਕ ਬੀਓਂ ਲੱਖਾਂ ਹਜ਼ਾਰਾਂ (ਬ੍ਰਿਛ ਬਣ ਜਾਂਦੇ ਹਨ)। (ਭਾਵ, ਜਗਤ ਦਾ ਆਦਿ ਇਕ ਵਾਹਿਗੁਰੂ ਹੀ ਜਾਣਦਾ ਹੈ। ਯਥਾ:- "**ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ**॥"‡ ਇਸ ਗੱਲ ਨੂੰ ਗੁਰਮੁਖ ਜਾਣਦੇ ਹਨ ਸੋ ਅੱਗੇ ਦੱਸਦੇ ਹਨ)। ੮.ਜਿਨ੍ਹਾਂ ਗਰਮੁਖ ਗੁਰ ਸਿੱਖਾਂ ਨੇ ਸਤਿਗੁਰੂ ਪਿਆਰਾ (ਜਾਤਾ ਉਨ੍ਹਾ ਨੇ ਪਿਆਰੇ ਦੇ) ਪ੍ਰੇਮ ਰਸ ਦਾ ਸੁਖ ਫਲ ਪਾਇਆ ਹੈ। ੯.(ਉਨ੍ਹਾਂ ਗੁਰਮੁਖਾਂ ਦੇ) ਸਤਿਸੰਗ ਰੂਪੀ ਸਚਖੰਡ ਵਿਚ ਨਿਰੰਕਾਰ ਤੇ ਸਤਿਗੁਰ ਪੁਰਖ ਵਸਦੇ ਹਨ। ੧੦.ਪ੍ਰੇਮਾ ਭਗਤੀ ਕਰਕੇ ਗੁਰਮੁਖਾਂ ਦਾ ਨਿਸਤਾਰਾ ਹੋ ਜਾਂਦਾ ਹੈ।

**ਭਾਵ**-ਸੰਸਾਰ ਦੀ ਉਤਪਤੀ ਇਕ ਸ਼ਬਦ ਤੋਂ ਦੱਸਕੇ ਵਾਹਿਗੁਰੂ ਦੀ ਪ੍ਰੇਮਾ ਭਗਤੀ ਦਾ

*ਪ੍ਰਭਾ:ਮ: ੧-੬, †ਗਉ:ਵਾਰ ਮ ੪-੧੧, ‡ਜਪੁ-੨੧


www.sikhbookclub.com

ਹਾਲ ਕਿਹਾ ਹੈ ਤੇ ਉਪਦੇਸ਼ ਇਹ ਹੈ ਕਿ ਸਾਧ ਸੰਗਤ ਵਿਚ ਨਿਵਾਸ ਕਰੋ ਤਾਂ ਜੋ ਨਿਸਤਾਰਾ ਹੋ ਜਾਵੇ।

## ੫. (ਜਪੁਜੀ ਅੰਤਲੇ ਸਲੋਕ 'ਪਵਣੁ ਗੁਰੂ' ਦਾ ਅਰਥ)।

੧. ਪਉਣੁ ਗੁਰੂ ਗੁਰ ਸਬਦੁ ਹੈ ਵਾਹਿਗੁਰੂ ਗੁਰ ਸਬਦੁ ਸੁਣਾਇਆ।
੨. ਪਾਣੀ ਪਿਤਾ ਪਵਿਤ੍ਰ ਕਰਿ ਗੁਰਮੁਖਿ ਪੰਥ ਨਿਵਾਣ ਚਲਾਇਆ।
੩. ਧਰਤੀ ਮਾਤ ਮਹਤ ਕਰਿ ਓਤਿਪੋਤਿ ਸੰਜੋਗੁ ਬਣਾਇਆ।
੪. ਦਾਈ ਦਾਇਆ ਰਾਤਿ ਦਿਹੁ ਬਾਲ ਸੁਭਾਇ ਜਗਤੁ ਖਿਲਾਇਆ।
੫. ਗੁਰਮੁਖਿ ਜਨਮੁ ਸਕਾਰਥਾ ਸਾਧ ਸੰਗਤਿ ਵਸਿ ਆਪੁ ਗਵਾਇਆ।
੬. ਜੰਮਣ ਮਰਣਹੁ ਬਾਹਰੇ ਜੀਵਨ ਮੁਕਤਿ ਜੁਗਤਿ ਵਰਤਾਇਆ।
੭. ਗੁਰਮਤਿ ਮਾਤਾ ਮਤਿ ਹੈ ਪਿਤਾ ਸੰਤੋਖ ਮੋਖ ਪਦੁ ਪਾਇਆ।
੮. ਧੀਰਜੁ ਧਰਮੁ ਭਿਰਾਵ ਦੁਇ ਜਪੁ ਤਪੁ ਜਤੁ ਸਤੁ ਪੁਤ ਜਣਾਇਆ।
੯. ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਤੁ ਵਰਤਾਇਆ।
੧੦. ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥੫॥

**ਪਦਾਰਥ**-(ਮਹਤ ਕਰ=ਵੱਡਾ ਕਰਕੇ। ਓਤਿਪੋਤਿ=ਤਾਣਾ ਪੇਟਾ।

**ਅਰਥ**-੧.(ਜੇਹੜਾ) 'ਵਾਹਿਗੁਰੂ' ਦਾ ਗੁਰਾਂ ਨੇ ਸ਼ਬਦ ਸੁਣਾਇਆ ਹੈ ਉਹ ਗੁਰ ਸ਼ਬਦ ਦਾ ਪੌਣ ਹੀ ਗੁਰੂ ਹੈ (ਇਸੇ ਕਰਕੇ ਗੁਰੂ ਨਾਨਕ ਜੀ ਨੇ ਪੌਣ ਨੂੰ ਗੁਰੂ ਪਦਵੀ ਦਿੱਤੀ ਹੈ) ੨.(ਜਿਕੁਰ) ਪਾਣੀ (ਲੋਕਾਂ ਨੂੰ) ਪਵਿਤ੍ਰ ਕਰਦਾ ਹੈ (ਅਤੇ ਆਪ) ਨਿਵਾਣ ਨੂੰ ਜਾਂਦਾ ਹੈ (ਤਿਹਾ ਹੀ) ਗੁਰਮੁਖਾਂ ਨੇ ਆਪਣਾ ਪੰਥ (ਤੋਰਿਆ ਹੈ, ਇਸੇ ਕਰਕੇ ਕਿ) ਪਾਣੀ (ਸਭ ਦਾ) ਪਿਤਾ ਹੈ। ੩.ਧਰਤੀ ਅਤੇ ਮਾਤਾ ਦਾ ਵੱਡਾ ਕਰਕੇ ਤਾਣੇ ਪੇਟੇ ਦਾ ਸੰਜੋਗ ਬਣਾਇਆ ਹੈ (ਭਾਵ ਜਿੱਕੁਰ ਧਰਤੀ ਵਿਖੇ ਸਹਿਨਸ਼ੀਲਤਾ ਹੈ ਤਿੱਕੁਰ ਹੀ ਮਾਤਾ ਵਿਖੇ ਹੈ, ਇਸੇ ਕਰਕੇ ਗੁਰੂ ਜੀ ਨੇ ਧਰਤੀ ਮਾਤਾ ਲਿਖੀ ਹੈ)। ੪.ਰਾਤ ਦਾਈ ਹੈ ਤੇ ਦਿਨ ਦਾਇਆ ਹੈ, ਜਗਤ ਨੂੰ (ਜਿਸ ਦਾ) ਸੁਭਾਉ ਬਾਲਕਾਂ ਵਾਲਾ ਹੈ, ਖਿਲਾਉਂਦੇ ਹਨ। (ਰਾਤ ਸੁਆਂਦੀ ਤੇ ਦਿਨ ਸੰਸਾਰਕ ਖੇਡਾਂ ਵਿਚ ਪਰਚਾਉਂਦਾ ਹੈ, ਇਸੇ ਕਰਕੇ ਰਾਤ ਦਿਨ ਦਾਈ ਦਾਇਆ ਹਨ)। ੫.ਗੁਰਮੁਖਾਂ ਦਾ ਜਨਮ ਸਫਲ ਹੈ (ਕਿਉਂ ਜੋ) ਸਾਧ ਸੰਗਤ ਵਿਚ ਨਿਵਾਸ ਕਰਕੇ (ਉਨ੍ਹਾਂ ਨੇ) ਦੇਹਾਭਿਮਾਨ ਨੂੰ ਛੱਡ ਦਿੱਤਾ ਹੈ। ੬.ਤਦੇ ਹੀ ਜਨਮ ਮਰਨ ਤੋਂ ਰਹਿਤ ਹੋ ਕੇ ਜੀਵਨ ਮੁਕਤਿ ਦੀ ਜੁਗਤ ਵਿਚ ਵਰਤਦੇ ਹਨ।੭.(ਗੁਰਮੁਖਾਂ ਦੀ) ਮਾਤਾ ਗੁਰੂ ਸਿੱਖਯਾ ਹੈ ਤੇ ਪਿਤਾ (ਉਨ੍ਹਾਂ ਦਾ) ਸੰਤੋਖ ਹੈ (ਜਿਸ ਤੋਂ) ਮੋਖ ਪਦਵੀ ਪਾਉਂਦੇ ਹਨ।੮.ਧੀਰਜ ਅਤੇ ਧਰਮ ਦੋਵੇਂ ਭ੍ਰਾਤਾ ਹਨ। ਜਪ, ਤਪ, ਜਤ, ਸਤ (ਆਦੀ ਗੁਣ) ਪੁਤ੍ਰ ਦੱਸੇ ਹਨ।੯.ਗੁਰੂ ਚੇਲਾ ਤੇ ਚੇਲਾ ਗੁਰੂ ਪੂਰਣ ਥੋਂ ਪੂਰਣ ਪੁਰਖ ਦਾ ਚਲਿਤ੍ਰ ਵਰਤਾਇਆ। ੧੦.ਗੁਰਮੁਖਾਂ ਨੇ ਅਲਖ ਸੁਖ ਫਲ ਲਖਕੇ ਹੋਰਨਾਂ ਨੂੰ ਲਖਾਇਆ ਹੈ।

**ਭਾਵ**-ਸਪਸ਼ਟ ਹੈ, ਨਾਵੀਂ ਸਤਰ ਵਿਚ ਸਿੱਧਾਂਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਨੂੰ ਗੁਰੂ ਕਰਕੇ ਚਰਿਤ੍ਰ ਵਰਤਾਇਆ ਹੈ।

## ੬. (ਨਿਰਲੇਪਤਾ ਪੁਰ ਦ੍ਰਿਸ਼ਟਿ)।

੧. ਪਰ ਘਰ ਜਾਇ ਪਰਾਹੁਣਾ ਆਸਾ ਵਿਚਿ ਨਿਰਾਸੁ ਵਲਾਏ।
੨. ਪਾਣੀ ਅੰਦਰਿ ਕਵਲ ਜਿਉ ਸੂਰਜ ਧਿਆਨ ਅਲਿਪਤੁ ਰਹਾਏ।
੩. ਸਬਦ ਸੁਰਤਿ ਸਤਿਸੰਗਿ ਮਿਲਿ ਗੁਰ ਚੇਲੇ ਦੀ ਸੰਧਿ ਮਿਲਾਏ।

੪. ਚਾਰ ਵਰਨ ਗੁਰ ਸਿਖ ਹੋਇ ਸਾਧ ਸੰਗਤਿ ਸਚਖੰਡ ਵਸਾਏ।
੫. ਆਪੁ ਗਵਾਇ ਤੰਬੋਲ ਰਸੁ ਖਾਇ ਚਬਾਇ ਸੁ ਰੰਗ ਚੜ੍ਹਾਏ।
੬. ਛਿਅ ਦਰਸਨ ਤਰਸਨ ਖੜੇ ਬਾਰਹ ਪੰਥਿ ਗਿਰੰਥ ਸੁਨਾਏ।
੭. ਛਿਅ ਰੁਤਿ ਬਾਰਹ ਮਾਸ ਕਰਿ ਇਕੁ ਇਕੁ ਸੂਰਜੁ ਚੰਦ ਦਿਖਾਏ।
੮. ਬਾਰਹ ਸੋਲਹ ਮੇਲਿਕੇ ਸਸੀਅਰ ਅੰਦਰਿ ਸੂਰ ਸਮਾਏ।
੯. ਸਿਵ ਸ਼ਕਤੀ ਨੂੰ ਲੰਘਿ ਕੈ ਗੁਰਮੁਖਿ ਇਕ ਮਨਿ ਇਕੁ ਧਿਆਏ।
੧੦. ਪੈਰੀ ਪੈ ਜਗ ਪੈਰੀ ਪਾਏ॥੬॥

**ਪਦਾਰਥ**-(ਵਲਾਏ=ਬਿਤੀਤ ਕਰਦਾ ਹੈ। ਸੰਧਿ=ਮਿਲੌਨੀ।

**ਅਰਥ**-੧. ਓਪਰੇ ਘਰ ਵਿਚ ਜਾਕੇ ਪਰਾਹੁਣਾ (ਜਿੱਕੁਰ) ਆਸਾ ਵਿਚ ਨਿਰਾਸ ਹੋ ਕੇ (ਸਮਾਂ) ਬਿਤੀਤ ਕਰਦਾ ਹੈ। ੨. ਜਿਵੇਂ ਪਾਣੀ ਵਿਚ ਕਵਲ ਰਹਿਕੇ ਸੂਰਜ ਵੱਲ ਧਿਆਨ ਰਖਦਾ ਹੈ (ਤੇ ਜਲ ਥੋਂ) ਅਲੇਪ ਰਹਿੰਦਾ ਹੈ। ੩. (ਤਿੱਕਰ) ਸਾਧ ਸੰਗਤ ਵਿਚ 'ਗੁਰੂ' ਚੇਲੇ ਦੀ (ਸੰਧ=) ਮਿਲੌਨੀ ਸਬਦ ਸੁਰਤ ਨਾਲ ਹੁੰਦੀ ਹੈ। (ਅਰਥਾਤ ਕਵਲ ਸੂਰਜ ਵਾਂਙ)। ੪. ਚਾਰ ਵਰਣ ਗੁਰੂ ਦੇ ਸਿੱਖ ਹੋਕੇ ਸਾਧ ਸੰਗਤ ਸਚਖੰਡ ਵਿਖੇ ਵਸਦੇ ਹਨ। ੫. (ਕੱਥ, ਸੁਪਾਰੀ, ਚੂਨਾ, ਪਾਨ ਦੇ ਤੰਬੋਲ=) ਬੀੜੇ ਨੂੰ (ਜਿਵੇਂ) ਜਦ (ਲੋਕ) ਚੱਬਕੇ ਖਾਂਦੇ ਹਨ (ਤਾਂ ਲਾਲ) ਰੰਗ ਚੜ੍ਹਦਾ ਹੈ (ਤਦੋਂ ਚਾਰੇ) ਆਪਾ ਭਾਵ ਨੂੰ ਗਵਾ ਦਿੰਦੇ ਹਨ (ਕੇਵਲ ਲਾਲ ਰੰਗ ਹੀ ਦਿੱਸਦਾ ਹੈ)। ੬. ਛੀ ਦਰਸ਼ਨ (ਅਤੇ ਜੋਗੀਆਂ ਦੇ) ਬਾਰਾਂ ਪੰਥ (ਆਪੋ ਆਪਣੇ ਮਤਾਂ ਦੇ) ਗ੍ਰੰਥਾਂ ਨੂੰ ਸੁਣਾ ਕੇ ਤਰਸਦੇ ਖੜੇ ਹਨ (ਪਰੰਤੂ ਇਸ ਪਦਵੀ ਨੂੰ ਅਹੰਕਾਰ ਦੇ ਕਾਰਣ ਪ੍ਰਾਪਤ ਨਹੀਂ ਹੁੰਦੇ)। ੭. ਛੀ ਰੁੱਤਾਂ (ਅਰਥਾਤ ਬਸੰਤ, ਗ੍ਰੀਖਮ, ਪਾਵਸ, ਸਰਦ, ਹੇਮੰਤ,ਸਿਸਰ) ਦੇ ਬਾਰਾਂ ਮਹੀਨਿਆਂ ਦੇ ਇਕ ਸੂਰਜ ਤੇ ਇਕ ਚੰਦ ਦੱਸਦੇ ਹਨ (ਭਾਵ, ਇਹ ਨਹੀਂ ਜਾਣਦੇ ਕਿ ਸੂਰਜ ਇਕ ਹੈ ਤੇ ਰੁਤਾਂ ਵਿਖੇ ਭੇਦ ਹੈ)। ੮. (ਪਰੰਤੂ ਗੁਰਮੁਖਾਂ ਨੇ) ਬਾਰਾਂ ਸੂਰਜ ਦੀਆਂ ਅਤੇ ਸੋਲਾਂ (ਕਲਾਂ) ਚੰਦ੍ਰਮਾ ਦੀਆਂ ਮੇਲਕੇ ਚੰਦ੍ਰਮਾਂ ਵਿਚ ਸੂਰਜ ਮਲਾਇਆ ਹੈ (ਭਾਵ ਸਤੋ ਵਿਚ ਤਮੋ ਦਾ ਅਭਾਵ ਕੀਤਾ ਹੈ। ਅੱਗੇ ਤ੍ਰਿਗੁਣਾਤੀਤ ਦੱਸਦੇ ਹਨ:-) ੯. (ਪਰ) ਗੁਰਮੁਖ ਸਤੋਗੁਣ ਤੇ ਤਮੋਗੁਣ ਥੋਂ ਲੰਘਕੇ ਇਕ ਮਨ ਹੋ ਕੇ ਇਕ (ਪਰਮਾਤਮਾ ਦਾ ਹੀ) ਧਿਆਨ ਕਰਦੇ ਹਨ। ੧੦. (ਆਪ ਸਭ ਦੀ) ਪੈਰੀਂ ਪਏ (ਕਰਦੇ) ਹਨ, ਜਗਤ (ਉਹਨਾਂ ਦੀ) ਪੈਰੀਂ ਡਿਗਦਾ ਹੈ।

**ਭਾਵ**-ਸੰਸਾਰ ਤੋਂ ਅਲੇਪ ਰਹਿਕੇ ਵਾਹਿਗੁਰੂ ਨਾਲ ਸਬਦ ਸੁਰਤ ਦੁਆਰਾ ਡੋਰ ਲਗਾ ਕੇ ਗੁਰਮੁਖ ਉਮਰ ਬਿਤਾਉਂਦੇ ਹਨ। ਸੂਰਜ ਚੰਦ੍ਰਮਾਂ ਨੂੰ ਇਕ ਇਉਂ ਕਿਹਾ ਹੈ ਕਿ ਸੂਰਜ ਦਾ ਹੀ ਚਾਨਣਾ ਚੰਦ੍ਰਮਾ ਵਿਚ ਆ ਕੇ ਚਮਕਦਾ ਹੈ। ਦ੍ਰਿਸ਼ਟਾਂਤ ਵਿਚ ਸਤੋ ਤਮੋ ਵੱਲ ਅਰਥ ਕਰਦੇ ਹਨ।

## ੭. (ਗੁਰਮੁਖ ਰਹਿਣੀ)।

੧. ਗੁਰ ਉਪਦੇਸ ਅਵੇਸ* ਕਰਿ ਪੈਰੀ ਪੈ ਰਹਿਰਾਸ ਕਰੰਦੇ।
੨. ਚਰਨ ਸਰਣਿ ਮਸਤਕੁ ਧਰਨਿ ਚਰਨ† ਰੇਣ ਮੁਖਿ ਤਿਲਕ ਸੁਹੰਦੇ।
੩. ਭਰਮ ਕਰਮ ਦਾ ਲੇਖੁ ਮੇਟਿ ਲੇਖੁ ਅਲੇਖ ਵਿਸੇਖ ਬਣੰਦੇ।
੪. ਜਗਮਗ ਜੋਤਿ ਉਦੋਤ ਕਰਿ ਸੂਰਜ ਚੰਦ ਨ ਲਖ ਪੁਜੰਦੇ।
੫. ਹਉਮੈ ਗਰਬੁ ਨਿਵਾਰਿਕੈ ਸਾਧ ਸੰਗਤਿ ਸਚ ਮੇਲਿ ਮਿਲੰਦੇ।
੬. ਸਾਧ ਸੰਗਤਿ ਪੂਰਨ ਬ੍ਰਹਮੁ ਚਰਣ ਕਵਲ ਪੂਜਾ ਪਰਚੰਦੇ।
੭. ਸੁਖ ਸੰਪਟ ਹੋਇ ਭਵਰ ਵਸੰਦੇ॥੭॥

*ਪਾ:-ਅਦੇਸ। †ਪਾ:-ਸਰਨ

**ਪਦਾਰਥ**-(ਅਵੇਸ਼=ਘਰ। ਲੇਖ ਅਲੇਖ=ਅਕਾਲ ਪੁਰਖ ਪਰਚੰਦੇ=ਪਰਚਦੇ ਹਨ।

**ਅਰਥ**-੧.(ਗੁਰ ਸਿਖ) ਗੁਰੂ ਦੇ ਉਪਦੇਸ਼ ਵਿਚ ਘਰ ਕਰਕੇ ਪੈਰੀਂ ਪੈਣ ਦੀ ਰਹੁਰੀਤ ਕਰਦੇ ਹਨ। ੨.ਚਰਨਾਂ ਦੀ ਸ਼ਰਨ ਮੱਥੇ ਪੁਰ ਰਖਦੇ ਤੇ ਚਰਨ ਧੂੜ ਦਾ ਮੁਖ ਪੁਰ ਤਿਲਕ ਸੁਭਾਇਮਾਨ ਕਰਦੇ ਹਨ। ੩.ਕਰਮਾਂ ਤੇ ਭਰਮਾਂ ਦਾ ਲੇਖ ਮੇਟ ਦਿੱਤਾ ਹੈ, ਲੇਖ ਤੋਂ ਅਲੇਖ (ਅਕਾਲ ਪੁਰਖ) ਨਾਲ ਵਿਸ਼ੇਸ਼ (ਪ੍ਰੀਤਿ) ਕਰਦੇ ਹਨ। ੪.ਆਪਣੀ ਜੋਤ ਨੂੰ ਜਗਮਗ ਕਰਕੇ ਉਦੇ ਕਰਦੇ ਹਨ, ਲੱਖ ਸੂਰਜ ਚੰਦ ਭੀ (ਉਸ ਨੂੰ) ਨਹੀਂ ਪਹੁੰਚ ਸਕਦੇ। ੫.ਹਉਮੈਂ ਹੰਕਾਰ ਦੂਰ ਕਰਾਕੇ ਸਾਧ ਸੰਗਤ ਦੇ ਸਚੇ ਮੇਲ ਵਿਚ ਮਿਲਦੇ ਹਨ। ੬.ਸਾਧ ਸੰਗਤ ਵਿਚ ਪੂਰਨ ਬ੍ਰਹਮ ਵੱਸਦਾ ਹੈ (ਉਨ੍ਹਾ ਦੇ) ਚਰਨ ਕਮਲਾਂ ਦੀ ਪੂਜਾ ਵਿਚ ਪਰਚਦੇ ਹਨ। ੭.ਸੁਖਾਂ ਦਾ ਸੰਪਟ (ਡੱਬਾ) ਬਣਾਕੇ (ਆਪ) ਭਵਰ ਰੂਪ ਹੋ ਕੇ (ਪਰਚਦੇ ਹਨ ਤੇ ਦਿਨ ਰਾਤ ਗੁਰੂ ਚਰਨਾਂ ਦੇ ਧਿਆਨ ਵਿਖੇ) ਵੱਸਦੇ ਹਨ।

**ਭਾਵ**-ਗੁਰ ਸਿੱਖਾਂ ਦੀ ਰਹੁਰੀਤ ਇਹ ਹੈ, ਜਿਸ ਨਾਲ ਓਹ ਭਵਸਾਗਰ ਤਰਦੇ ਤੇ ਆਸਾ ਵਿਚ ਨਿਰਾਸ ਰਹਿੰਦੇ ਹਨ ਤੇ ਵਾਹਿਗੁਰੂ ਦੇ ਚਰਨਾਂ ਦੀ ਓਟ ਲੈ ਕੇ, ਨਿਰਾਸਾ ਵਿਚ ਟਿਕਕੇ, ਆਤਮ ਜੋਤ ਵਿਚ ਨਿਮਗਨ ਹੋ ਲਿਵ ਵਿਚ ਮਗਨ ਵਕਤ ਕੱਟ ਲੈਂਦੇ ਹਨ।

## ੮. (ਗਿਆਨੀ ਲੱਛਣ)।

੧. ਗੁਰ ਦਰਸਨੁ ਪਰਸਣ ਸਫਲ ਛਿਅ ਦਰਸਨੁ ਇਕ ਦਰਸਨੁ ਜਾਣੈ।
੨. ਦਿਬ ਦਿਸਟਿ ਪਰਗਾਸੁ ਕਰਿ ਲੋਕ ਵੇਦ ਗੁਰ ਗਿਆਨੁ ਪਛਾਣੈ।
੩. ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ।
੪. ਪਰ ਧਨੁ ਸੂਅਰ ਗਾਇ ਜਿਉਂ ਮਕਰੂਹ ਹਿੰਦੂ ਮੁਸਲਮਾਣੈ।
੫. ਘਰ ਬਾਰੀ ਗੁਰ ਸਿਖੁ ਹੋਇ ਸਿਖਾ ਸੂਤ੍ਰ ਮਲ ਮੂਤ੍ਰ ਵਿਡਾਣੈ।
੬. ਪਾਰਬ੍ਰਹਮੁ ਪੂਰਨ ਬ੍ਰਹਮ ਗਿਆਨੁ ਧਿਆਨੁ ਗੁਰ ਸਿਖ ਸਿਞਾਣੈ।
੭. ਸਾਧ ਸੰਗਤਿ ਮਿਲਿ ਪਤਿ ਪਰਵਾਣੈ ॥੮॥

**ਪਦਾਰਥ**-(ਪਰਸਣ=ਸਪਰਸ਼ ਕਰਨਾ,ਛੁਹਣਾ(ਚਰਨ ਫੜਕੇ)। ਦਿਬ ਦ੍ਰਿਸ਼ਟਿ=ਗਯਾਨ ਦੀ (ਦ੍ਰਿਸ਼ਟਿ। ਮਕਰੂਹ=ਨਿੰਦਤ, ਅਖਾਜ। ਵਿਡਾਣੈ=ਅਸੰਗ। ਦੂਰ ਕਰਦੇ=ਤਿਆਗਦੇ।

**ਅਰਥ**-੧.ਗੁਰੂ ਦਾ ਦਰਸ਼ਨ ਅਤੇ ਪਰਸਨ ਸਫਲ ਹੈ ਜੋ ਛੀ ਮਤਾਂ ਦੀ (ਥਾਂ ਮੁੱਢ ਦਰਸ਼ਨ=ਮੱਤ) ਇਕ ਜਾਣਦਾ ਹੈ। ੨.ਗਿਆਨ ਦੀ ਦ੍ਰਿਸ਼ਟੀ ਨਾਲ ਪ੍ਰਕਾਸ਼ ਕਰਕੇ ਲੋਕਾਂ ਵਿਖੇ ਭੀ ਅਰ ਪੁਸਤਕਾਂ (ਵਿਖੇ ਭੀ ਇਕੋ) ਗੁਰੂ ਦਾ ਗਯਾਨ ਪਛਾਣਦਾ ਹੈ (ਬਾਕੀ ਦਾ ਸਭ ਤ੍ਰਿਸਕਾਰ ਕਰਦਾ ਹੈ।) (ਅ) ਲੋਕ ਵੇਦ (ਲੋਕੋਕਤੀ ਨੂੰ ਮਿਟਾਕੇ) ਦਿੱਬ ਦ੍ਰਿਸ਼ਟਿ ਦਾ ਪ੍ਰਕਾਸ਼ ਕਰਦਾ ਹੈ ਅਰ ਗੁਰੂ (ਮਤ ਦੇ ਦੱਸੇ ਹੋਏ) ਗਿਆਨ ਦੀ ਪਛਾਣ ਕਰਦਾ ਹੈ। ੩.ਇਕੋ ਨਾਰੀ ਦਾ ਜਤੀ ਹੁੰਦਾ ਹੈ, ਪਰਾਈ ਇਸਤ੍ਰੀ ਨੂੰ ਧੀ ਭੈਣ ਆਖਦਾ ਹੈ। ੪.ਪਰਾਇਆ ਧਨ ਹਿੰਦੂ ਨੂੰ ਗਊ ਤੇ ਮੁਸਲਮਾਨ ਨੂੰ ਸੂਰ ਵਾਂਗੂੰ ਅਖਾਜ ਸਮਝਦਾ ਹੈ। (ਯਥਾ ਗੁਰਵਾਕ-''**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**''(ਵਾਰ ਮਾਝ ਮ:੧-੭।) ''**ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੈ॥**''(ਵਾਰ ਮਾਝ ਮ:੧-੪) ''**ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੈ ਤੇਰੈ ਨਾਲਿ ਖੁਦਾਈ॥**'' (ਮਾਰੂ ਮ:੫:ਅੰਜੁ-੨)। ੫.ਜੋ (ਘਰਬਾਰੀ=) ਗ੍ਰਿਹਸਥੀ ਗੁਰੂ ਦੇ ਸਿੱਖ ਹੁੰਦੇ ਹਨ ਓਹ (ਸਿਖਾ=) ਬੋਦੀ, (ਸੂਤ=) ਜਨੇਊ ਨੂੰ ਮਲ ਮੂਤ੍ਰ ਦੀ ਤਰ੍ਹਾਂ ਸਮਝਕੇ ਤਿਆਗਦੇ ਹਨ। (ਭਾਵ ਮਨ ਕਰਕੇ ਵਿਡਾਣੇ=ਅਸੰਗ ਰਹਿੰਦੇ ਹਨ, ਗਯਾਨ ਥੋਂ ਮੁਕਤੀ ਜਾਣਦੇ ਹਨ)। ੬.ਸਿੱਖ ਗੁਰੂ ਦੇ ਗਿਆਨ ਧਿਆਨ ਕਰਕੇ ਸਾਰੇ ਪਾਰਬ੍ਰਹਮ ਨੂੰ ਹੀ ਪੂਰਣ ਦੇਖਦੇ ਹਨ। ੭.(ਅਜਿਹੇ ਗਯਾਨੀਆਂ ਦੀ) ਸਾਧ ਸੰਗਤ ਵਿਖੇ (ਕੋਈ ਪਾਪੀ ਭੀ ਆ ਜਾਵੇ ਤਾਂ ਉਹ

ਭੀ) ਮਿਲਕੇ ਪ੍ਰਮਾਣੀਕ ਪਤ ਵਾਲਾ ਹੋ ਜਾਂਦਾ ਹੈ।

## ੯. (ਈਸ਼੍ਵਰੀਯ ਸ਼ਕਤੀ)।

੧. ਗਾਈ ਬਾਹਲੇ ਰੰਗ ਜਿਉ ਖੜੁ ਚਰਿ ਦੁਧੁ ਦੇਨਿ ਇਕ ਰੰਗੀ।
੨. ਬਾਹਲੇ ਬਿਰਖ ਵਣਾਸਪਤਿ ਅਗਨੀ ਅੰਦਰਿ ਹੈ ਬਹੁ ਰੰਗੀ?
੩. ਰਤਨਾ ਵੇਖੈ ਸਭੁ ਕੋ ਰਤਨ ਪਾਰਖੂ ਵਿਰਲਾ ਸੰਗੀ।
੪. ਹੀਰੇ ਹੀਰਾ ਬੇਧਿਆ ਰਤਨ ਮਾਲ ਸਤਿਸੰਗਤਿ ਚੰਗੀ।
੫. ਅੰਮ੍ਰਿਤੁ ਨਦਰਿ ਨਿਹਾਲਿਓਨੁ ਹੋਇ ਨਿਹਾਲੁ ਨ ਹੋਰ ਸੁਮੰਗੀ।
੬. ਦਿਬ ਦੇਹ ਦਿਬ ਦਿਸਟਿ ਹੋਇ ਪੂਰਨ ਬ੍ਰਹਮ ਜੋਤਿ ਅੰਗ ਅੰਗੀ।
੭. ਸਾਧ ਸੰਗਤਿ ਸਤਿਗੁਰ ਸਹਲੰਗੀ॥੯॥

**ਪਦਾਰਥ**-(ਖੜ=ਦੱਭ, ਘਾਹ, ਚਾਰਾ। ਪਾਰਖੂ=ਪ੍ਰੀਖਜਕ, ਪਰਖਣ ਵਾਲਾ। ਸਹਲੰਗੀ=ਸਨਬੰਧੀ।

**ਅਰਥ**-੧. ਜਿਵੇਂ ਕਈ ਰੰਗਾਂ ਦੀਆਂ (ਕਾਲੀਆਂ, ਪੀਲੀਆਂ, ਧੌਲੀਆਂ ਆਦਿ) ਗਊਆਂ ਹੁੰਦੀਆਂ ਹਨ, ਦੱਭ ਜਾਂ ਘਾਹ ਖਾਕੇ ਦੁੱਧ ਇਕੋ ਰੰਗ ਦਾ (ਚਿੱਟਾ) ਹੀ ਦਿੰਦੀਆਂ ਹਨ। ੨. ਬਨਾਸਪਤੀ ਵਿਖੇ ਬਾਹਲੇ (ਭਾਤਾਂ ਦੇ) ਬਿਰਖ ਹਨ, (ਪਰ ਕਿਆ ਉਨ੍ਹਾਂ ਦੇ ਅੰਦਰਲੀ) ਅੱਗ ਵਿਚ ਭੀ ਬਹੁਤੇ ਰੰਗ ਹੁੰਦੇ ਹਨ? (ਭਾਵ ਨਹੀਂ)। ੩. ਰਤਨਾਂ ਦੇ ਦੇਖਣ ਵਾਲੇ ਤਾਂ ਸਾਰੇ ਹੀ ਹਨ, ਪਰੰਤੂ ਪ੍ਰੀਖਜਕ ਕੋਈ ਇਕ ਵਿਰਲਾ ਹੈ। ੪. (ਜਿਨ੍ਹਾਂ ਦਾ ਮਨ) ਹੀਰਾ (ਗੁਰ ਸ਼ਬਦ ਦੇ) ਹੀਰੇ ਨਾਲ ਵੇਧਿਆ ਹੈ ਉਹ ਸਾਧ ਸੰਗਤ ਰੂਪੀ ਚੰਗੀ ਰਤਨਾਂ ਦੀ ਮਾਲਾ ਵਿਖੇ (ਪ੍ਰੋਤੇ ਗਏ ਹਨ)। ੫. (ਉਹ ਗਯਾਨਵਾਨ ਲੋਕ ਗੁਰੂ ਦੀ) ਅੰਮ੍ਰਿਤ ਨਦਰ ਨਾਲ ਨਿਹਾਲ ਹੋ ਗਏ ਹਨ, ਨਿਹਾਲ ਹੋਕੇ ਓਹ ਹੋਰ (ਕੁਝ ਪਦਾਰਥ) ਨਹੀਂ ਚਾਹੁੰਦੇ। ੬. (ਉਨ੍ਹਾਂ ਦੀ) ਦੇਹ ਅਰ ਦ੍ਰਿਸ਼ਟੀ ਦਿੱਬ ਹੋ ਗਈ ਹੈ, (ਭਾਵ ਉਹਨਾਂ ਦੇ ਦਰਸ਼ਨ ਥੋਂ ਹੀ ਲੋਕ ਨਿਹਾਲ ਹੋ ਜਾਂਦੇ ਹਨ) ਸਾਰੇ ਅੰਗ ਅੰਗ ਵਿਖੇ ਇਕ ਬ੍ਰਹਮ ਦੀ ਜੋਤਿ ਹੀ ਪੂਰਣ ਦੇਖਦੇ ਹਨ। ੭. ਸਤਿਗੁਰਾਂ ਦੀ ਸਾਧ ਸੰਗਤ ਹੀ (ਸੱਚਾ) ਸਨਬੰਧੀ ਹੈ।

**ਭਾਵ**-ਹੋਰ ਸੰਸਾਰਕ ਸਾਕ ਝੂਠੇ ਹਨ, ਸਤਿਗੁਰੂ ਹੀ ਅੰਤ ਕਾਲ ਦੇ ਸਹਾਈ ਹਨ।

## ੧੦. (ਗੁਰਮੁਖ ਧਾਰਨਾ)।

੧. ਸਬਦ ਸੁਰਤਿ ਲਿਵ ਸਾਧ ਸੰਗਿ ਪੰਚ ਸਬਦ ਇਕ ਸਬਦ ਮਿਲਾਏ।
੨. ਰਾਗ ਨਾਦ ਸੰਬਾਦ* ਲਖਿ ਭਾਖਿਆ ਭਾਉ ਸੁਭਾਉ ਅਲਾਏ।
੩. ਗੁਰਮੁਖ ਬ੍ਰਹਮ ਧਿਆਨੁ ਧੁਨਿ ਜਾਣੈ ਜੰਤ੍ਰੀ ਜੰਤ੍ਰ† ਵਜਾਏ।
੪. ਅਕਥ ਕਥਾ ਵੀਚਾਰਿਕੈ ਉਸਤਤਿ ਨਿੰਦਾ ਵਰਜਿ ਰਹਾਏ।
੫. ਗੁਰ ਉਪਦੇਸੁ ਅਵੇਸੁ ਕਰਿ ਮਿਠਾ ਬੋਲਣੁ ਮਨ ਪਰਚਾਏ।
੬. ਜਾਇ ਮਿਲਨਿ ਗੁੜ ਕੀੜਿਆਂ ਰਖੈ ਰਖਣਹਾਰੁ ਲੁਕਾਏ।
੭. ਗੰਨਾ ਹੋਇ ਕੋਲੂ ਪੀੜਾਏ॥੧੦॥

**ਪਦਾਰਥ**-(ਅਲਾਏ=ਅਲਾਪ। ਧੁਨਿ=ਤਾਰ।

**ਅਰਥ**-੧. ਸਬਦ ਦੀ ਸੁਰਤ ਵਿਖੇ ਸਾਧ ਸੰਗਤ ਦੀ ਲਿਵ (ਲੱਗੀ ਹੋਈ ਹੈ) ਪੰਜ ਸ਼ਬਦਾਂ (ਅਰਥਾਤ ਤੱਤ, ਬਿੱਤ, ਘਨ, ਨਾਦ, ਸੁਖਰ ਦੀ ਥਾਂ) ਇਕੋ ਸ਼ਬਦ (ਵਾਹਿਗੁਰੂ ਦਾ ਅਜਪਾ ਜਾਪ ਹੀ) ਮੇਲਦੇ

*ਪਾ:-ਰਾਗ ਨਾਦ ਲਖ ਸ਼ਬਦ। †ਪਾ:-ਤੰਤ੍ਰ।

ਹਨ। ੨.(ਹੋਰ) ਰਾਗਾਂ ਅਤੇ ਨਾਦਾਂ ਦੇ (ਸੰਬਾਦ=) ਝਗੜੇ ਸਮਝਕੇ ਪ੍ਰੇਮ ਨਾਲ ਹੀ ਭਾਖਿਆ (ਗਜਾਨ ਚਰਚਾ) ਕਰਦੇ ਅਰ ਅਲਾਪ (ਰਾਗ ਦਾ ਬੀ) ਪ੍ਰੇਮ ਨਾਲ ਹੀ ਕਰਦੇ ਹਨ (ਭਾਵ ਪ੍ਰੇਮਾ ਭਗਤੀ ਮੁਖ ਸਮਝਦੇ ਹਨ)। ੩.ਗੁਰਮੁਖ ਲੋਕ ਹੀ ਬ੍ਰਹਮ ਦੇ ਧਜਾਨ ਦੀ ਧੁਨਿ ਤਾਰ ਨੂੰ ਜਾਣਦੇ ਹਨ, ਜਿਕੁਰ ਵਜੰਤ੍ਰੀ ਵਾਜੇ ਦੀ ਧੁਨਿ ਜਾਣਦਾ ਹੈ। ੪.ਉਹੋ ਹੀ ਉਸਤਤ ਨਿੰਦਾ ਨੂੰ ਦੂਰ ਕਰਕੇ ਅਕਥ ਕਥਾ ਦੇ ਵਿਚਾਰ ਵਿਚ ਰਹਿੰਦੇ ਹਨ। ੫.ਗੁਰ ਉਪਦੇਸ਼ ਨੂੰ ਧਾਰਨ ਕਰਕੇ ਓਹ ਮਿੱਠਾ ਬੋਲਕੇ (ਹਰੇਕ ਦਾ) ਮਨ ਪਰਚਾਉਂਦੇ ਹਨ। ੬.(ਇਸੇ ਕਾਰਣ) ਗੁੜ ਦੀਆਂ ਕੀੜੀਆਂ ਵਾਂਙੂ ਕੋਈ ਉਨ੍ਹਾਂ ਨੂੰ ਭਾਵੇਂ ਕਿਧਰੇ ਲੁਕਾਵੇ ਲੋਕ ਲੱਭ ਲੈਂਦੇ ਹਨ। ੭.(ਉਹ ਪਰੋਪਕਾਰ ਵਿਚ) ਗੰਨੇ ਵਾਂਙ (ਨਿਜ ਨੂੰ) ਕੋਹਲੂ ਵਿਚ ਪੀੜ ਲੈਂਦੇ ਹਨ।

**ਭਾਵ**-ਸਾਧ ਸੰਗਤ ਦੇ ਪ੍ਰਤਾਪ ਨਾਲ ਸੁਰਤ ਵਿਚ ਸ਼ਬਦ ਦੀ ਲਿਵ ਪੱਕ ਕੇ ਜੋ- "**ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ**" (ਸੁਖਮਨੀ) ਨਾਮ ਦੇ ਅਜਪਾ ਜਾਪ ਵਿਚੋਂ ਰੋਮ ਰੋਮ ਦੀ ਅਵਸਥਾ ਲੰਘ ਕੇ ਸ਼ਬਦ ਦੀ ਨਾ ਟੁੱਟਣ ਵਾਲੀ ਤਾਰ ਪੈਦਾ ਹੁੰਦੀ ਹੈ। ਉਸ ਇਕ ਤਾਰ ਵਿਚ ਸਭ ਕੁਛ ਆ ਗਿਆ, ਜੋ ਪੰਜ ਸ਼ਬਦ ਕਹੀਦੇ ਹਨ ਉਸੇ ਇਕ ਵਿਚ ਜਾਣੋ। ਕੰਨਾਂ ਦੀ ਘੂੰ ਘੂੰ ਅਨਹਦ ਸ਼ਬਦ ਨਹੀਂ ਹੈ। ਸੰਸਾਰ ਦਾ ਰਾਗ ਨਾਦ ਪ੍ਰੇਮ ਦੇ ਵਾਕ ਹਨ। ਇਸੇ ਤਰ੍ਹਾਂ ਜੰਤ੍ਰ ਦੀ ਥਾਂ ਬ੍ਰਹਮ ਗਿਆਨ ਹੈ। ਕਥਾ ਨਿੰਦਾ ਉਸਤਤ ਦਾ ਵਰਜਣਾ ਹੈ, ਮਿੱਠਾ ਬੋਲਣਾ ਗੰਨੇ ਵਾਂਙ ਕਲੇਸ਼ ਸਹਿ ਕੇ ਬੀ ਨਹੀਂ ਛੱਡਦੇ।

## ੧੧. (ਗੁਰਮੁਖ ਧਾਰਨਾ)।

੧. ਚਰਣ ਕਮਲ ਮਕਰੰਦੁ ਰਸਿ ਹੋਇ ਭਵਰ ਲੈ ਵਾਸੁ ਲੁਭਾਵੈ।
੨. ਇੜਾ ਪਿੰਗੁਲਾ ਸੁਖਮਨਾ ਲੰਘਿ ਤ੍ਰਿਬੇਣੀ ਨਿਜ ਘਰਿ ਆਵੈ।
੩. ਸਾਹਿ ਸਾਹਿ ਮਨ ਪਵਣ ਲਿਵ ਸੋਹੰ ਹੰਸਾ ਜਪੈ ਜਪਾਵੈ।
੪. ਅਚਰਜ ਰੂਪ ਅਨੂਪ ਲਿਵ ਗੰਧ ਸੁਗੰਧਿ ਅਵੇਸ ਮਚਾਵੈ।
੫. ਸੁਖ ਸਾਗਰ ਚਰਣਾਰਬਿੰਦ ਸੁਖ ਸੰਪਟ ਵਿਚਿ ਸਹਜਿ ਸਮਾਵੈ।
੬. ਗੁਰਮੁਖਿ ਸੁਖ ਫਲ ਪਿਰਮ ਰਸੁ ਦੇਹ ਬਿਦੇਹ ਪਰਮ ਪਦੁ ਪਾਵੈ।
੭. ਸਾਧ ਸੰਗਤਿ ਮਿਲਿ ਅਲਖੁ ਲਖਾਵੈ ॥੧੧॥

**ਪਦਾਰਥ**-(ਸੋਹੰ=ਉਹ ਮੈਂ। ਹੰਸਾ=ਮੈਂ ਉਹ।

**ਅਰਥ**-੧.(ਗੁਰੂ ਦੇ) ਚਰਣਾਰਬਿੰਦ ਦੇ ਮਕਰੰਦ ਦੇ ਰਸ ਪੁਰ ਭਵਰ ਹੋਕੇ ਵਾਸ਼ਨਾਂ ਵਿਖੇ ਲੁਭਾਇਮਾਨ ਹੁੰਦੇ ਹਨ। ੨.ਇੜਾ ਆਦਿ ਤਿੰਨ ਨਾੜੀਆਂ ਦੀ ਤ੍ਰਿਬੇਣੀ ਨੂੰ ਲੰਘਕੇ (ਤਿਆਗ ਕੇ) ਆਪਣੇ ਸਰੂਪ ਵਿਖੇ ਆਉਂਦੇ ਹਨ। ੩.ਸ੍ਵਾਸ ਸ੍ਵਾਸ ਮਨ ਤੇ ਪ੍ਰਾਣਾਂ ਦੀ ਤਾਰ ਲਾਕੇ ਸੋਹੰ ਅਤੇ ਹੰਸਾ ਦਾ ਜਾਪੁ ਜਪਦੇ ਹਨ। (ਜਨਮ ਸਾਖੀ ਵਿਚ ਦੱਸਿਆ ਹੈ ਕਿ ਮਰਦਾਨਾ ਇਸ ਜਾਪ ਨਾਲ ਡੁੱਬ ਚੱਲਿਆ ਸੀ, ਕੇਵਲ ਗੁਰੂ ਨਾਨਕ ਜੀ ਨੂੰ ਏਹ ਮੰਤ੍ਰ ਸੌਜਿਆ। ਇਸ ਲਈ ਜਾਪ ਵੇਲੇ ਆਪੋ ਆਪਣੇ ਅਧਿਕਾਰ ਦੀ ਪਰਖ ਜ਼ਰੂਰੀ ਹੈ, ਸੋਹੰ ਗੁਰਮਤ ਵਿਚ ਵਾਹਿਗੁਰੂ ਪਦ ਵਾਂਙ 'ਗੁਰ ਮੰਤ੍ਰ' ਨਹੀਂ, ਹੋਰ ਪਦਾਂ ਵਾਂਙ ਨਾਮ ਹੈ)। ੪.ਲਿਵ ਦਾ ਅਨੂਪਮ ਰੂਪ ਅਚਰਜ ਹੈ ਖੁਸ਼ਬੋ ਦੇ ਸਮਾਉਣ ਵਾਂਙੂ ਸੁਗੰਧ ਮਚਾ ਦੇਂਦਾ ਹੈ। ੫.ਸੁਖਾਂ ਦੇ ਸਮੁੰਦਰ ਚਰਣ ਕਮਲ ਰੂਪੀ ਸੁਖ ਸੰਪਟ ਵਿਖੇ ਸਹਜ ਨਾਲ ਸਮਾਉਂਦੇ ਹਨ। ੬.ਗੁਰਮੁਖ (ਜਦ) ਪਿਰਮ ਰਸ ਦੇ ਸੁਖ ਫਲ ਨੂੰ ਪਾਕੇ ਦੇਹ ਥੋਂ ਬਿਦੇਹ ਮੁਕਤ ਹੁੰਦੇ ਹਨ ਤਦ ਪਰਮ ਪਦ ਪਾਉਂਦੇ ਹਨ।੭.(ਅਜਿਹੇ) ਸਾਧ ਸੰਗਤ ਦੇ ਮਿਲਨ ਵਿਖੇ ਅਲਖ ਦੀ ਲੱਖਤਾ ਹੁੰਦੀ ਹੈ।

**ਭਾਵ**-ਵਾਰ ੧੩ ਦੀ ਪੌੜੀ ੫ ਦੀ ਚੌਥੀ ਤੁਕ ਦਾ ਭਾਵ ਵਿਚਾਰੀਏ ਤਾਂ ਇਸ ਪੌੜੀ ਦੇ ਅਰਥ ਹੋਰ ਬਣਨਗੇ, ੧, ੪, ੫, ੬, ੭, ਤੁਕਾਂ ਤਾਂ ਵਿਧਿ ਰੂਪ ਹੋਣਗੀਆਂ ਕਿ ਇਹ ਕਾਰ ਕਰੇ, ਤੇ

ਦੂਜੀ ਤੀਜੀ ਇਹ ਹੋਣਗੀਆਂ ਕਿ ਇਹ ਯੋਗ ਸਾਧਨ ਲੰਘਿ-ਤਜਾਗਕੇ ਸ੍ਵੈ ਸਰੂਪ; ਅਰਥਾਤ-ਸਹਿਜ ਯੋਗ ਵਿਚ ਆਵੇ, ਯਾ ਇਹ ਯੋਗ ਸਾਧਨਾ ਪਿਰਮ ਰਸ ਦੇ ਅੱਗੇ ਛੋਟੀਆਂ ਹਨ, ਕਿਉਂਕਿ ਇਹ ਸਭ ਅਵਸਥਾਂ ਹਨ। ਪਿਰਮ ਰਸ ਯਥਾਰਥ ਹੈ।

## ੧੨. (ਹੱਥਾਂ ਦੀ ਸਫਲਤਾ)।

੧. ਗੁਰਮੁਖਿ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ।
੨. ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮਤੁ ਪਾਵੈ।
੩. ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ।
੪. ਨਮਸਕਾਰ ਡੰਡਉਤ ਕਰਿ ਗੁਰ ਭਾਈ ਗਲਿ ਮਿਲਿ ਗਲਿ ਲਾਵੈ।
੫. ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।
੬. ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ।
੭. ਗੁਰ ਸਿਖ ਗੁਰ ਸਿਖ ਪੂਜਕੈ ਭਾਇ ਭਗਤਿ ਭੈ ਭਾਣਾ ਭਾਵੈ।
੮. ਆਪੁ ਗਵਾਇ ਨ ਆਪ ਗਣਾਵੈ* ॥੧੨॥

**ਪਦਾਰਥ**-(ਸਕਥ=ਸਫਲਾ। ਪੀਹਣਾ=ਚੱਕੀ ਪੀਹਣੀ। ਤਾਲ=ਕੈਂਸੀਆਂ। (ਵਿਰਤ=ਉਪਜੀਵਕਾ।

**ਅਰਥ**-੧.(ਜਿਹੜੇ) ਸਾਧ ਸੰਗਤ ਅਤੇ ਗੁਰਾਂ ਦੀ (ਕਾਰ=) ਸੇਵਾ ਕਰਦੇ ਹਨ। ੨.ਪੱਖਾ ਝਲਦੇ, (ਲੰਗਰ ਵਾਸਤੇ ਚੱਕੀ) ਪੀਂਹਦੇ, ਪਾਣੀ ਢੋਂਦੇ, ਪੈਰ ਧੋ ਕੇ ਚਰਣਾਮ੍ਰਿਤ (ਮੁਖ ਵਿਚ) ਪਾਉਂਦੇ ਹਨ। ੩.ਗੁਰਬਾਣੀ ਦੀਆਂ ਪੋਥੀਆਂ ਲਿਖਕੇ (ਵੰਡਦੇ,) ਕੈਂਸੀਆਂ ਮ੍ਰਿਦੰਗ ਆਦਿ ਵਾਜੇ ਵਜਾਉਂਦੇ ਹਨ; ੪.ਮੱਥਾ ਟੇਕਕੇ ਗੁਰ ਭਾਈਆਂ ਨੂੰ ਗਲਵੱਕੜੀ ਪਾਉਂਦੇ; ੫.ਧਰਮ ਦੀ ਕਿਰਤ ਕਰਕੇ ਉਪਜੀਵਕਾ ਤੋਰਦੇ, ਹੱਥੋਂ (ਦਾਨ) ਦੇਕੇ ਭਲਾ ਸਮਝਦੇ ਹਨ। ੬.(ਚਰਣ ਰੂਪ) ਪਾਰਸ ਨੂੰ ਪਰਸਕੇ ਆਪ ਅਪਰਸ ਹੋ ਕੇ ਪਰਾਈ ਇਸਤ੍ਰੀ ਜਾਂ ਪਰਾਏ ਧਨ ਨੂੰ ਹੱਥ ਨਹੀਂ ਲਾਉਂਦੇ। ੭.ਗੁਰਮੁਖਾਂ ਅਤੇ ਗੁਰਸਿੱਖਾਂ ਦੇ ਚਰਣ ਪੂਜ ਕੇ ਪ੍ਰੇਮਾ ਭਗਤੀ, ਭੈ ਅਤੇ ਭਾਣੇ ਨੂੰ ਮਿੱਠਾ ਮੰਨਦੇ ਹਨ। ੮.ਆਪਾ ਭਾਉ ਨੂੰ ਦੂਰ ਕਰਕੇ ਆਪਣਾ ਆਪ ਨਹੀਂ ਜਣਾਉਂਦੇ, ਉਹਨਾਂ ਗੁਰਮੁਖਾਂ ਦੇ ਹੱਥ ਸਫਲ ਹਨ।

**ਭਾਵ**-ਐਉਂ ਬੀ ਕਹਿੰਦੇ ਹਨ :- ਹੱਥ ਤਾਂ ਸਫਲ ਹਨ ਜਾਂ ਐਹ ਐਹ ਕੁਝ ਕਰਨ; ਹੋਰ ਅੱਗੇ ਕਾਰਾਂ ਗਿਣੀਆਂ ਹਨ। ਪ੍ਰਮਾਣ=''**ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥**''†

## ੧੩. (ਚਰਣ ਸਫਲਤਾ)।

੧. ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ।
੨. ਗੁਰੂ ਦੁਆਰੈ ਜਾਨਿ ਚਲਿ ਸਾਧ ਸੰਗਤਿ ਚਲਿ ਜਾਇ ਬਹੰਦੇ।
੩. ਧਾਵਨ ਪਰਉਪਕਾਰ ਨੋ ਗੁਰ ਸਿਖਾ ਨੋ ਖੋਜਿ ਲਹੰਦੇ।
੪. ਦੁਬਿਧਾ ਪੰਥਿ ਨ ਧਾਵਨੀ ਮਾਹਿਆ ਵਿਚਿ ਉਦਾਸੁ ਰਹੰਦੇ।
੫. ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ।
੬. ਗੁਰ ਸਿਖਾ ਪਰਦਖਣਾਂ ਪੈਰੀ ਪੈ ਰਹਰਾਸਿ ਕਰੰਦੇ।
੭. ਗੁਰ ਚੇਲੇ ਪਰਚੈ ਪਰਚੰਦੇ॥੧੩॥

**ਪਦਾਰਥ**-(ਸਕਾਰਥੇ=ਸਫਲ। ਦੁਬਿਧਾ=ਦੁਚਿਤੀ। ਖੋਜਿ=ਢੂੰਡਕੇ।

*ਪਾ:-ਲਖਾਵੈ। †ਸਵ:ਮ:ਤੀਜੇ ਕੇ-੧੦

**ਅਰਥ**-੧.(ਉਨ੍ਹਾਂ) ਗੁਰਮੁਖਾਂ ਦੇ ਪੈਰ ਸਫਲ ਹਨ (ਜਿਹੜੇ) ਗੁਰਮੁਖਾਂ ਦੇ ਮਾਰਗ (ਆਪ) ਚਲਦੇ (ਅਰ ਹੋਰਨਾਂ ਨੂੰ) ਚਲਾਉਂਦੇ ਹਨ। ੨.ਗੁਰੂ ਜੀ ਦੇ ਦਰਬਾਰ ਵਿਖੇ ਜਾ ਕੇ (ਸਬਦ ਸੁਨਣ ਲਈ) ਸਾਧ ਸੰਗਤ ਵਿਖੇ ਬੈਠਦੇ,ਹਨ। ੩.ਪਰੋਪਕਾਰ ਦੇ ਕੰਮਾਂ ਲਈ (ਭਾਵੇਂ ਕਿੰਨਾ ਹੀ ਪੈਂਡਾ ਕਿਉ ਨਾ ਹੋਵੇ) ਦੌੜਕੇ ਜਾਂਦੇ ਹਨ, ਗੁਰ ਸਿੱਖਾਂ ਨੂੰ ਢੂੰਡਕੇ ਲੱਭਦੇ ਹਨ। ੪.ਦੁਬਿਧਾ ਦੇ ਪੰਥ (ਅਨਮਤਾਂ) ਵਿਚ ਨਹੀਂ ਜਾਂਦੇ, ਮਾਇਆ ਵਿਚ ਉਦਾਸ ਰਹਿੰਦੇ ਹਨ। (ਜਿਹਾ:"**ਦੁਬਿਧਾ ਨ ਪੜਉ ਹਰਿ ਬਿਨੁ ਹੋਰ ਨ ਪੂਜਉ ਮੜੈ ਮਸਾਣਿ ਨ ਜਾਈ॥**"*)। ੫.ਬੰਦਗੀ ਵਾਲਿਆਂ ਦੀ 'ਬੰਦ' ਥੋਂ ਖਲਾਸੀ ਹੁੰਦੀ ਹੈ (ਪ੍ਰੰਤੂ) ਹੁਕਮ ਦੇ ਬੰਦੇ (=ਦਾਸ) ਕੋਈ ਵਿਰਲੇ ਹੀ ਬੰਦੇ ਹਨ ("**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥**"†)। ੬.ਗੁਰ ਸਿਖਾਂ ਦੀ ਪਰਕਰਮਾਂ ਕਰਕੇ ਪੈਰੀਂ ਪੈ ਕੇ (ਨਿੰਮ੍ਰਤਾ ਦੀ) ਰਹੁਰੀਤਿ (ਯਾ ਪ੍ਰੀਤ) ਕਰਦੇ ਹਨ। ੭.ਗੁਰ ਚੇਲੇ ਦੇ ਪਰਚੇ (ਪ੍ਰੇਮ) ਵਿਖੇ ਪਰਚ ਰਹੇ ਹਨ।

**ਪ੍ਰਮਾਣ**-"**ਚਰਣ ਤ ਪਰ ਸਕਯਥ ਚਰਨ ਗੁਰ ਅਮਰ ਪਵਲਿਰਯ।**"‡ ਅਰਥਾਤ ਜੋ ਪੈਰ ਗੁਰੂ ਅਮਰਦਾਸ ਜੀ ਦੇ ਰਸਤੇ ਚਲਦੇ ਹਨ ਸਫਲ ਹਨ।

## ੧੪. (ਗੁਰਮੁਖ ਪਰੋਪਕਾਰੀ)।

੧. ਗੁਰਸਿਖ ਮਨਿ ਪਰਗਾਸੁ ਹੈ ਪਿਰਮ ਪਿਆਲਾ ਅਜਰੁ ਜਰੰਦੇ।
੨. ਪਾਰਬ੍ਰਹਮੁ ਪੂਰਨ ਬ੍ਰਹਮੁ ਬ੍ਰਹਮੁ ਬਿਬੇਕੀ ਧਿਆਨੁ ਧਰੰਦੇ।
੩. ਸਬਦ ਸੁਰਤਿ ਲਿਵਲੀਣ ਹੋਇ ਅਕਥ ਕਥਾ ਗੁਰ ਸਬਦ ਸੁਣੰਦੇ।
੪. ਭੂਤ ਭਵਿਖਹੁੰ ਵਰਤਮਾਨ ਅਬਿਗਤਿ ਗਤਿ ਅਤਿ ਅਲਖ ਲਖੰਦੇ।
੫. ਗੁਰਮੁਖਿ ਸੁਖਫਲੁ ਅਛਲੁ ਛਲੁ ਭਗਤਿ ਵਛਲੁ ਕਰਿ ਅਛਲੁ ਛਲੰਦੇ।
੬. ਭਵਜਲ ਅੰਦਰਿ ਬੋਹਿਥੈ ਇਕਸ ਪਿਛੇ ਲਖ ਤਰੰਦੇ।
੭. ਪਰਉਪਕਾਰੀ ਮਿਲਨਿ ਹਸੰਦੇ॥੧੪॥

**ਪਦਾਰਥ**-(ਪਿਰਮ ਪਿਆਲਾ=ਪ੍ਰੇਮ ਦਾ ਪਿਆਲਾ।
(ਅਬਿਗਤਿ ਗਤਿ=ਜਿਸ ਗਤੀ ਨੂੰ ਕੋਈ ਨ ਲਖੇ। ਬੋਹਿਥੈ=ਜਹਾਜ ।

**ਅਰਥ**-੧.(ਜਿਨ੍ਹਾਂ) ਗੁਰਸਿਖਾਂ ਦੇ ਮਨ (ਗਿਆਨ ਦਾ) ਪ੍ਰਕਾਸ਼ ਹੈ (ਉਹ) ਪ੍ਰੇਮ ਦਾ ਪਿਆਲਾ (ਜੋ) ਅਜਰ ਵਸਤੂ ਹੈ; ਜਰ ਜਾਂਦੇ ਹਨ। (ਅੱਗੇ ਜਰਣ ਦਾ ਰੂਪ ਦੱਸਦੇ ਹਨ)। ੨.ਉਹ ਬ੍ਰਹਮ ਬਿਬੇਕੀ ਪੁਰਖ ਪੂਰਨ ਬ੍ਰਹਮ ਪਾਰਬ੍ਰਹਮ ਦਾ (ਮਨ ਕਰਕੇ) ਧਿਆਨ ਧਰਦੇ ਹਨ।੩.ਸਬਦ ਦੀ ਗਿਆਤ ਦੀ ਸਮਾਧਿ ਵਿਖੇ ਮਗਨ ਹੋ ਕੇ (ਕੰਨਾਂ ਨਾਲ) ਗੁਰੂ ਦੀ ਬਾਣੀ ਦੀ ਅਕਥ ਕਥਾ ਸੁਣਦੇ ਹਨ।੪.(ਫਲ ਇਹ ਕਿ) ਭੂਤ ਭਵਿੱਖਤ ਅਤੇ ਵਰਤਮਾਨ ਵਿਖੇ ਜੋ ਅਤਿ ਅਬਿਗਤ ਗਤੀ ਹੈ ਕਿ ਜਿਸ ਨੂੰ ਕੋਈ ਬੀ ਨਾ ਲਖ ਸਕੇ (ਬ੍ਰਹਮ ਬਿਬੇਕੀ) ਲਖ ਲੈਂਦੇ ਹਨ। (ਯਥਾ:-"**ਮੰਨੈ ਸਗਲ ਭਵਣ ਕੀ ਸੁਧਿ॥**"†† ਅਰਥਾਤ ਮੰਨਣ ਕਰਨ ਵਾਲਿਆਂ ਨੂੰ ਸਾਰਿਆਂ ਬ੍ਰਹਮੰਡਾਂ ਦੀ ਖ਼ਬਰ ਹੋ ਜਾਂਦੀ ਹੈ)। ੫.ਗੁਰਮੁਖਾਂ ਨੂੰ ਆਤਮ ਸੁਖ-ਫਲ (ਦੀ ਪ੍ਰਾਪਤੀ ਹੁੰਦੀ ਹੈ, ਆਪ) ਛਲੇ ਜਾਣ ਤੋਂ ਅਛਲ ਰਹਿੰਦੇ ਹਨ ਤੇ ਭਗਤ ਵਛਲ (ਭਗਵਾਨ ਦੀ ਦਯਾ) ਨਾਲ ਅਛਲ (ਜੋ, ਕਾਮਾਦਿ ਵਿਖਯ ਹਨ ਉਹਨਾਂ ਨੂੰ) ਛਲ ਲੈਂਦੇ ਹਨ। ੬.ਜਿਕੁਰ ਜਲ (ਸਾਗਰ) ਵਿਖੇ ਜਹਾਜ਼ ਤਿਵੇਂ (ਭਵ=)ਸੰਸਾਰ ਵਿਖੇ (ਐਸੇ) ਇਕ ਪਿਛੇ ਲੱਖਾਂ ਤਰ ਜਾਂਦੇ ਹਨ। ੭.ਪਰਉਪਕਾਰੀ ਲੋਕ ਸਦਾ ਖਿੜੇ ਮੱਥੇ ਮਿਲਦੇ ਹਨ,

## ੧੫. (ਘਰਬਾਰੀ ਸਿੱਖ ਦੀ ਰਹਿਣੀ)।

੧. ਬਾਵਨ ਚੰਦਨ ਆਖੀਐ ਬਹਲੇ ਬਿਸੀਅਰੁ ਤਿਸੁ ਲਪਟਾਹੀ॥

*ਸੋਰਠ:ਮ:੧,ਅਸਟ-੧, †ਗੂਜ: ਮ:੫-ਚਉ-੨, ‡ਸਵ: ਮ:ਤੀਜੇ ਕੇ-੧੦, ††ਜਪੁਜੀ

੨. ਪਾਰਸੁ ਅੰਦਰਿ ਪਥਰਾ ਪਥਰ ਪਾਰਸ ਹੋਇ ਨ ਜਾਹੀ।
੩. ਮਣੀ ਜਿਨ੍ਹਾਂ ਸਪਾ ਸਿਰੀਂ ਓਇ ਭਿ ਸਪਾ ਵਿਚਿ ਫਿਰਾਹੀ।
੪. ਲਹਰੀ ਅੰਦਰਿ ਹੰਸੁਲੇ ਮਾਣਕ ਮੋਤੀ ਚੁਗਿ ਚੁਗਿ ਖਾਹੀ।
੫. ਜਿਉਂ ਜਲ ਕਵਲ ਅਲਿਪਤੁ ਹੈ ਘਰਿਬਾਰੀ ਗੁਰ ਸਿਖ ਤਿਵਾਹੀ।
੬. ਆਸਾ ਵਿਚਿ ਨਿਰਾਸ ਹੋਇ ਜੀਵਨੁ ਮੁਕਤਿ ਜੁਗਤਿ ਜੀਵਾਹੀ।
੭. ਸਾਧ ਸੰਗਤਿ ਕਿਤੁ ਮੁਖਿ ਸਾਲਾਹੀ॥੧੫॥

**ਪਦਾਰਥ**-(ਬਿਸੀਅਰ=ਜ਼ਹਿਰੀਲੇ ਸੱਪ। ਲਪਟਾਹੀ=ਚੰਬੜੇ ਹੋਏ।

**ਅਰਥ**-੧. ਬਾਵਨ ਚੰਦਨ (ਜੋ) ਕਹੀਦਾ ਹੈ, ਉਸ ਨਾਲ ਬਾਹਲੇ ਸੱਪ ਚੰਬੜੇ ਹੋਏ ਹੁੰਦੇ ਹਨ, (ਭਾਵ ਇਹ ਕਿ ਉਹ ਸੱਪਾਂ ਦਾ ਤਮੋਗੁਣ ਨਹੀਂ ਗ੍ਰਹਿਣ ਕਰਦਾ)। ੨. ਪਾਰਸ ਪੱਥਰਾਂ ਦੇ ਵਿਚ ਰਹਿੰਦਾ ਹੈ, ਪਰੰਤੂ ਪਾਰਸ ਆਪ ਪੱਥਰ ਦਾ ਗੁਣ ਨਹੀਂ ਧਾਰਦਾ। ੩. ਜਿਨ੍ਹਾਂ ਸੱਪਾਂ ਦੇ ਸਿਰਾਂ ਵਿਖੇ ਮਣੀਆਂ ਹਨ, ਓਹ ਬੀ ਸੱਪਾਂ ਵਿਚ ਹੀ ਫਿਰਦੇ ਹਨ (ਪਰੰਤੂ ਆਪਣਾ ਗੁਣ ਹੀ ਰਖਦੇ ਹਨ। ਭਾਵ ਸਤਿਸੰਗੀ ਲੋਕ ਕੁਸੰਗੀਆਂ ਦਾ ਗੁਣ ਨਹੀਂ ਧਾਰਦੇ)। ੪. ਮਾਨ ਸਰੋਵਰ ਲਹਿਰਾਂ ਦੇ ਅੰਦਰ ਹੰਸ ਮਾਣਕ ਮੋਤੀ ਹੀ ਚੁਗ ਚੁਗ ਕੇ ਖਾਂਦੇ ਹਨ (ਭਾਵ ਗੁਣ ਗ੍ਰਹਿਣ ਕਰਦੇ ਹਨ)। ੫. ਜਿਕੁਰ ਪਾਣੀ ਵਿਚ ਕਮਲ ਅਲੇਪ ਰਹਿੰਦਾ ਹੈ, ਘਰਬਾਰੀ ਸਿੱਖ ਉਸ ਪ੍ਰਕਾਰ ਰਹਿੰਦਾ ਹੈ। ੬. ਆਸਾ ਦੇ ਵਿਚ ਹੀ ਨਿਰਾਸ ਹੋ ਕੇ ਜੀਵਨ ਮੁਕਤਾਂ ਦੀ ਤਰ੍ਹਾਂ ਜੀਵਨ ਬਿਤੀਤ ਕਰਦਾ ਹੈ। ੭. ਸਾਧ ਸੰਗਤ (ਦੀ ਮਹਿਮਾਂ) ਕਿਸ ਮੁਖ ਨਾਲ ਸਲਾਹੀਏ।

**ਭਾਵ**-ਇਹ ਕਿ ਅੰਤ ਨਹੀਂ ਆ ਸਕਦਾ ਜੈਸੇ ਕਿ-"**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥**"* ਗੁਰੂ ਘਰ ਦਾ ਵਸਨੀਕ ਸਿੱਖ ਜਦਪਿ ਪਦਾਰਥਾਂ ਵਿਖੇ ਰਹਿੰਦਾ ਹੈ ਪਰੰਤੂ ਸਦਾ ਅਲੇਪ ਰਹਿੰਦਾ ਹੈ ਕੁਸੰਗ ਤੋਂ, ਅਰ ਸਦਾ ਲਾਭ ਉਠਾਉਂਦਾ ਹੈ ਸਤਿਸੰਗ ਤੋਂ।

## ੧੬. (ਸਤਿਗੁਰ ਅਤੇ ਸਿੱਖ ਉਸਤੁਤਿ)।

੧. ਧੰਨੁ ਧੰਨੁ ਸਤਿਗੁਰ ਪੁਰਖੁ ਨਿਰੰਕਾਰਿ ਆਕਾਰੁ ਬਣਾਇਆ।
੨. ਧੰਨੁ ਧੰਨੁ ਸਤਿਗੁਰ ਸਿਖ ਸੁਣਿ ਚਰਣਿ ਸਰਣਿ ਗੁਰਸਿਖ ਜੁ ਆਇਆ।
੩. ਗੁਰਮੁਖਿ ਮਾਰਗੁ ਧੰਨੁ ਹੈ ਸਾਧ ਸੰਗਤਿ ਮਿਲਿ ਸੰਗੁ ਚਲਾਇਆ।
੪. ਧੰਨੁ ਧੰਨੁ ਸਤਿਗੁਰੁ ਚਰਣ ਧੰਨੁ ਮਸਤਕੁ ਗੁਰਿ ਚਰਣੀ ਲਾਇਆ।
੫. ਸਤਿਗੁਰ ਦਰਸਨੁ ਧੰਨੁ ਹੈ ਧੰਨੁ ਧੰਨੁ ਗੁਰਸਿਖ ਪਰਸਣਿ ਆਇਆ।
੬. ਭਾਉ ਭਗਤਿ ਗੁਰਸਿਖ ਵਿਚਿ ਹੋਇ ਦਇਆਲੁ ਗੁਰੂ ਮੁਹਿ ਲਾਇਆ।
੭. ਦੁਰਮਤਿ ਦੂਜਾ ਭਾਉ ਮਿਟਾਇਆ॥੧੬॥

**ਪਦਾਰਥ**-(ਆਕਾਰ=ਸਰੂਪ। ਪਰਸਣਿ=ਛੂਹਣਾਂ, ਭਾਵ ਦੇਖਣਾਂ। ਮਾਰਗ=ਰਸਤਾ।

**ਅਰਥ**-੧. ਧੰਨ ਧੰਨ ਹਨ ਸਤਿਗੁਰ ਪੁਰਖ (ਜਿਨ੍ਹਾਂ ਦਾ) ਸਰੂਪ ਅਕਾਲ ਪੁਰਖ ਨੇ ਬਣਾਇਆ ਹੈ। ੨. ਧੰਨ ਧੰਨ ਗੁਰੂ ਦਾ ਸਿੱਖ ਹੈ ਜੋ ਗੁਰੂ ਦੀ ਸਿੱਖਯਾ ਸੁਣਕੇ ਚਰਨਾਂ ਦੀ ਸ਼ਰਨ ਆ ਗਿਆ ਹੈ। ੩. ਗੁਰਮੁਖਾਂ ਦਾ ਰਸਤਾ ਧੰਨ ਹੈ, (ਜਿਨ੍ਹਾਂ ਨੇ) ਸਾਧ ਸੰਗਤ ਨਾਲ ਮਿਲਕੇ ਇਹ ਸੰਗ ਤੋਰਿਆ ਹੈ। ੪. ਧੰਨ ਧੰਨ ਸਤਿਗੁਰਾਂ ਦੇ ਚਰਨ ਹਨ, ਧੰਨ ਉਹ ਮੱਥਾ ਹੈ ਜੋ ਗੁਰਾਂ ਦੀ ਚਰਨੀ ਲਾਇਆ ਗਿਆ ਹੈ। ੫. ਸਤਿਗੁਰਾਂ ਦਾ ਦਰਸ਼ਨ ਧੰਨ ਹੈ, ਧੰਨ ਧੰਨ ਗੁਰ ਸਿੱਖ ਹੈ ਜੋ ਦੇਖਣ ਆਇਆ। ੬. (ਜਿਸ) ਸਿੱਖ ਵਿਚ ਪ੍ਰੇਮਾ ਭਗਤੀ ਹੈ ਉਸ ਨੂੰ ਦਿਆਲੂ ਹੋ ਕੇ ਗੁਰੂ ਮੂੰਹ ਲਾਉਂਦੇ (ਭਾਵ ਮੰਤ੍ਰ ਦਿੰਦੇ ਹਨ)। ੭. ਉਸ ਦੀ

*ਸਲੋਕ ਕਬੀਰ ਜੀ ੧੭੪।

ਦੁਰਬੁਧੀ ਤੇ ਦਵੈਤ ਭਾਵ ਮਿਟਾ ਦਿੰਦੇ ਹਨ।

**ਪ੍ਰਮਾਣ**-''**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿਨਾਮਾ ਮੁਖਿ ਰਾਮੁ ਕਹਿਆ॥**'' (ਵਾਰ ਵਡਹੰਸ ਮ:੪-੧੮)

## ੧੭. (ਸਫਲ ਸਮੇਂ)।

੧. ਧੰਨੁ ਪਲੁ ਚਸਾ ਘੜੀ ਪਹਰ ਧੰਨੁ ਧੰਨੁ ਥਿਤਿ ਸੁ ਵਾਰ ਸਭਾਗੇ।
੨. ਧੰਨੁ ਧੰਨੁ ਦਿਹੁ ਰਾਤਿ ਹੈ ਪਖੁ ਮਾਹ ਰੁਤਿ ਸੰਮਤਿ ਜਾਗੇ।
੩. ਧੰਨੁ ਅਭੀਚੁ ਨਿਛਤ੍ਰ ਹੈ ਕਾਮੁ ਕ੍ਰੋਧ ਅਹੰਕਾਰੁ ਤਿਆਗੇ।
੪. ਧੰਨੁ ਧੰਨੁ ਸੰਜੋਗੁ ਹੈ ਅਠਸਠਿ ਤੀਰਥ ਰਾਜ ਪਿਰਾਗੇ।
੫. ਗੁਰੁ ਦੁਆਰੈ ਆਇਕੈ ਚਰਣ ਕਵਲ ਰਸ ਅੰਮ੍ਰਿਤੁ ਪਾਗੇ।
੬. ਗੁਰ ਉਪਦੇਸੁ ਅਵੇਸੁ ਕਰਿ ਅਨਭੈ ਪਿਰਮ ਪਿਰੀ ਅਨੁਰਾਗੇ।
੭. ਸਬਦ ਸੁਰਤਿ ਲਿਵ ਸਾਧਸੰਗਿ ਅੰਗਿ ਅੰਗਿ ਇਕ ਰੰਗਿ ਸਮਾਗੇ।
੮. ਰਤਨ ਮਾਲ ਕਰਿ ਕਚੇ ਧਾਗੇ॥੧੭॥

**ਪਦਾਰਥ**-(ਪਲੁ=੬ਸ੍ਵਾਸ ਦਾ ੧ ਪਲ। ਚਸਾ=ਛਿਨ ੬ ਸ੍ਵਾਸ ਦੀ। ੬੦ ਪਲ ਦੀ ੧ ਘੜੀ। (੮ ਘੜੀ ਦਾ ਇਕ ਪਹਿਰ। ੧੫ ਦਿਨ ਰਾਤ ਦਾ ੧ ਪੱਖ। ਅਭੀਚ=ਅਭਿਜਿਤੁ ਨਿਛੱਤ੍ਰ।

**ਅਰਥ**-੧. ਧੰਨ ਉਹ ਪਲ, ਚਸਾ, ਘੜੀ, ਪਹਿਰ, ਤੇ ਧੰਨ ਧੰਨ ਓਹ ਭਾਗਾਂ ਵਾਲੇ ਥਿਤ, ਵਾਰ ਹਨ। ੨. ਧੰਨ ਧੰਨ ਦਿਹੁ,ਰਾਤ,ਪੱਖ,ਮਾਂਹ ਰੁਤਿ, ਸੰਮਤ (ਜਾਗੇ=)ਸ੍ਰੇਸ਼ਟ ਹਨ। ੩. ਧੰਨ ਉਹ ਅਭਿਜਿਤ ਨਿਛੱਤ੍ਰ ਹਨ ਜਦ ਕਾਮਾਦਿਕ ਵਿਖਯ ਤਿਆਗ ਦਿੱਤੇ ਗਏ। ੪. ਧੰਨ ਧੰਨ ਉਹ ਸੰਜੋਗ ਹੈ ਜਦ ੬੮ ਤੀਰਥਾਂ ਦਾ ਰਾਜਾ ਪ੍ਰਯਾਗ ਰੂਪ (ਗੁਰੂ ਤੀਰਥ ਦਾ) ਸੰਜੋਗ ਹੁੰਦਾ ਹੈ। ੫. ਗੁਰੂ ਜੀ ਦੇ ਦੁਆਰੇ ਆ ਕੇ ਚਰਨ ਕਵਲਾਂ ਦੇ ਅੰਮ੍ਰਿਤ ਰਸ ਵਿਚ ਤਦਾਕਾਰ ਹੋ ਗਏ।੬. ਗੁਰ ਉਪਦੇਸ਼ ਨੂੰ ਧਾਰਨ ਕਰਕੇ ਅਨੁਭਵ (ਖੁਲ੍ਹ ਜਾਂਦਾ ਹੈ ਤੇ) ਪਿਆਰੇ ਦੇ ਪ੍ਰੇਮ ਵਿਚ ਅਨੁਰਾਗ (ਮਗਨਤਾ) ਹੋ ਜਾਂਦੀ ਹੈ। ੭. ਸਬਦ ਦੀ ਸੁਰਤ ਵਿਖੇ ਸਮਾਧਿ ਲਾਕੇ, ਅੰਗ ਅੰਗ ਵਿਖੇ ਇਕ ਈਸ਼੍ਵਰ ਦੇ ਪ੍ਰੇਮ ਵਿਖੇ (ਸਮਾਗੇ=) ਸਮਾ ਗਏ ਜੋ। ੮. (ਓਹ ਕੱਚੇ ਧਾਗੇ=)ਸਰੀਰ ਵਿਖੇ (ਸ੍ਵਾਸਾਂ ਨੂੰ) ਰਤਨਾਂ ਦੀ ਮਾਲਾ ਕਰਦੇ ਹਨ (ਭਾਵ ਸਫਲ ਕਰਦੇ ਹਨ)।

**ਪ੍ਰਮਾਣ**-''**ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ॥**''*ਸਫਲ ਸਮਾਂ ਉਹ ਹੈ ਜਦੋਂ ਵਿਕਾਰ ਛੁਟੇ, ਪ੍ਰੇਮਾ ਭਗਤੀ ਲੱਭੇ ਤੇ ਨਾਮ ਚਿਤ ਆਵੇ।

## ੧੮. (ਘਰਬਾਰੀ ਜੀਵਨ ਮੁਕਤ)।

੧. ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ।
੨. ਗੁਰਮੁਖਿ ਅਖੀ ਦੇਖਣਾ ਬ੍ਰਹਮ ਧਿਆਨੁ ਧਰੈ ਆਪੁ ਆਪੈ।
੩. ਗੁਰਮੁਖਿ ਸੁਨਣਾ ਸੁਰਤਿ ਕਰਿ ਪੰਚ ਸਬਦੁ ਗੁਰ ਸਬਿਦ ਅਲਾਪੈ।
੪. ਗੁਰਮੁਖਿ ਕਿਰਤਿ ਕਮਾਵਣੀ ਨਮਸਕਾਰੁ ਡੰਡਉਤਿ ਸਿਵਾਪੈ।
੫. ਗੁਰਮੁਖਿ ਮਾਰਗਿ ਚਲਣਾ ਪਰਦਖਣਾ ਪੂਰਨ ਪਰਤਾਪੈ।
੬. ਗੁਰਮੁਖਿ ਖਾਣਾ ਪੈਨਣਾ ਜੋਗ ਭੋਗ ਸੰਜੋਗ ਪਛਾਪੈ।
੭. ਗੁਰਮੁਖਿ ਸਵਣੁ ਸਮਾਧਿ ਹੈ ਆਪੇ ਆਪਿ ਨ ਥਾਪਿ ਉਥਾਪੈ।
੮. ਘਰਬਾਰੀ ਜੀਵਨ ਮੁਕਤਿ ਲਹਿਰ ਨਹੀਂ ਭਵ ਲੋਭ ਬਿਆਪੈ।

---

*ਬਿਹਾ: ਮ:੪ ਛੰ:੫

੯. ਪਾਰਿ ਪਏ ਲੰਘਿ ਵਰੈ ਸਰਾਪੈ ॥੧੮॥

**ਪਦਾਰਥ**-(ਸੁਰਤਿ ਕਰਿ=ਪ੍ਰੀਤ ਕਰਕੇ। ਪੂਰਨ ਪਰਤਾਪੈ=ਪੂਰੇ ਪ੍ਰਤਾਪ ਵਾਲਾ, ਸਤਿਗੁਰੂ।

**ਅਰਥ**-੧. ਗੁਰਮੁਖਿ ਮਿੱਠਾ ਬਚਨ ਬੋਲਦੇ ਹਨ, ਜੋ ਬੋਲਦੇ ਹਨ ਸੋ (ਈਸ਼ੁਰ ਦਾ) ਜਾਪ ਜਪਦੇ ਹਨ (ਭਾਵ ਬਿਰਥਾ ਲਾਪ ਨਹੀਂ ਕਰਦੇ)। ੨. ਗੁਰਮੁਖ ਬ੍ਰਹਮ ਦਾ ਧਿਆਨੁ ਧਾਰਕੇ ਅੱਖਾਂ ਨਾਲ ਆਪਣੇ ਆਪਦਾ ਹੀ ਧਿਆਨ ਧਰਦੇ ਹਨ। ੩. ਗੁਰਮੁਖ ਗੁਰ ਸ਼ਬਦ ਦਾ ਅਲਾਪ ਕਰਦੇ ਹਨ ਤੇ ਪੰਜਾਂ ਸ਼ਬਦਾਂ ਨੂੰ (ਗੁਰ ਸ਼ਬਦ ਵਿਚ ਹੀ) ਸੁਰਤ ਨਾਲ ਸੁਣਦੇ ਹਨ। ੪. ਗੁਰਮੁਖ (ਹੱਥਾਂ ਨਾਲ) ਕਿਰਤ ਕਰਦੇ ਅਰ ਸਿਰ ਕਰਕੇ ਨਮਸਕਾਰ ਤੇ ਡੰਡੌਤਾਂ ਕਰਦੇ ਹਨ। ੫. ਗੁਰਮੁਖ (ਪੈਰਾਂ ਨਾਲ) ਰਸਤਾ ਤੁਰਕੇ (ਪੂਰਨ ਪ੍ਰਤਾਪ ਵਾਲੇ) ਸਤਿਗੁਰਾਂ ਦੀ ਪ੍ਰਦੱਖਣਾ ਕਰਦੇ ਹਨ। ੬. ਗੁਰਮੁਖ ਖਾਣ, ਪਹਿਨਣ, ਜੋਗ, ਭੋਗ ਅਰ (ਸੰਜੋਗ=) ਮੇਲ ਦੀ ਵਿਧਿ (ਪਛਾਪੈ=) ਪਛਾਣਦੇ ਹਨ, (ਭਾਵ ਸਭ ਮਰਯਾਦਾਂ ਪਛਾਣਦੇ ਹਨ)। ੭. ਗੁਰਮੁਖਾਂ ਦਾ ਸੌਣਾ ਹੀ ਸਮਾਧੀ ਦਾ ਰੂਪ ਹੈ, ਆਪਣੇ ਆਪ ਵਿਚ (ਮਗਨ ਰਹਿੰਦੇ ਹਨ) ਕੋਈ ਥਾਪ ਉਥਾਪ (ਭੰਨ, ਘੜ, ਸੰਕਲਪ) ਨਹੀਂ ਫੁਰਦਾ ਹੈ। ੮. ਘਰਬਾਰੀ (ਗ੍ਰਿਹਸਤ ਵਿਖੇ ਹੀ) ਜੀਵਨ ਮੁਕਤੀ ਹੈ, ਸੰਸਾਰ ਦੇ ਲੋਭ ਦੀ ਲਹਿਰ (ਉਨ੍ਹਾਂ ਨੂੰ) ਨਹੀਂ ਵਿਆਪਦੀ। ੯. ਵਰ ਅਰ ਸਰਾਪ ਤੋਂ ਪਾਰ ਹੋ ਗਏ ਹਨ, (ਭਾਵ ਸਭ ਨਾਲ ਸਮਦ੍ਰਿਸ਼ਟੀ ਰੱਖਦੇ ਹਨ। ਯਥਾ :-"**ਅੰਜਲ ਗਤ ਕਰ ਸੁਮਨ ਜਿਮ ਸਮ ਸੁਗੰਧ ਕਰ ਦੋਇ॥**" ਜਿਕੁਰ ਫੁੱਲ ਦੋਹਾਂ ਹੱਥਾਂ ਨੂੰ ਸੁਗੰਧੀ ਬਰਾਬਰ ਦਿੰਦਾ ਹੈ, ਇਹ ਨਹੀਂ ਸਮਝਦਾ ਕਿ ਇਹ ਮੈਨੂੰ ਤੋੜਦਾ ਅਰ ਔਹ ਰੱਖਦਾ ਹੈ)।

## ੧੯. (ਗੁਰਮੁਖ ਦੀ ਧਾਰਨਾ)।

੧. ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।
੨. ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ।
੩. ਚਰਣ ਕਵਲ ਮਕਰੰਦ ਰਸੁ ਪੂਜਾ ਮੂਲ ਪਿਰਮ ਰਸ ਮਾਣੈ।
੪. ਸਬਦ ਸੁਰਤਿ ਲਿਵ ਸਾਧ ਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ।
੫. ਗੁਰਮੁਖਿ ਪੰਥੁ ਅਗੰਮੁ ਹੈ ਗੁਰਮਤਿ ਨਿਹਚਲੁ ਚਲਣੁ ਭਾਣੈ।
੬. ਵੇਦ ਕਤੇਬਹੁ ਬਾਹਰੀ ਅਕਥ ਕਥਾ ਕਉਣ ਆਖਿ ਵਖਾਣੈ।
੭. ਵੀਹ ਇਕੀਹ ਉਲੰਘਿ ਸਿਞਾਣੈ ॥੧੯॥

**ਪਦਾਰਥ**-(ਵੀਹ ਇਕੀਹ=ਗਿਣਤੀਆਂ। ਜੀਵ ਈਸ਼ਵਰ ਦੇ ਵਾਚਯ ਵਾਚਕ ਭਾਵ।

**ਅਰਥ**-੧. ਸਤਿਗੁਰੂ ਸਤਿ ਸਰੂਪ ਹੈ, ਧਿਆਨ ਦਾ ਮੁੱਢ ਗੁਰੂ ਦੀ (ਇਸ) ਮੂਰਤ ਨੂੰ (ਗੁਰਮੁਖ) ਜਾਣਦਾ ਹੈ। ੨. (ਅਰ) ਸਤਿਨਾਮ ਕਰਤਾ ਪੁਰਖ, (ਇਹ) ਮੂਲ ਮੰਤ੍ਰ (ਮਨ ਕਰਕੇ) ਸਿਮਰਕੇ ਪ੍ਰਵਾਣ ਹੁੰਦਾ ਹੈ। ੩. ਚਰਨਾਂ ਕਮਲਾਂ ਦੀ ਮਕਰੰਦ ਰਸ (ਵਿਚ) ਮਗਨ ਹੋਕੇ (ਇਹਨਾਂ ਨੂੰ) ਪੂਜਾ ਦਾ ਮੂਲ ਜਾਣਕੇ ਪ੍ਰੇਮ ਦਾ ਰਸ ਮਾਣਦਾ ਹੈ। ੪. ਗੁਰੂ ਦੀ ਅਤੇ ਸਾਧ ਸੰਗਤ ਦੀ ਕਿਰਪਾ ਨਾਲ ਸ਼ਬਦ ਦੀ (ਸੁਰਤ=) ਪ੍ਰੀਤ ਦੀ ਲਿਵ ਨੂੰ (ਮਨ) ਅੰਦਰ ਲਿਆਉਂਦਾ ਹੈ। ੫. ਗੁਰਮੁਖ ਦਾ ਮਾਰਗ (ਮਨ ਬਾਣੀ ਥੋਂ) ਅਗੰਮ ਹੈ, ਗੁਰਮਤਿ ਕਰਕੇ ਅਚਲ ਹੋਕੇ ਭਾਣੇ ਵਿਚ ਚਲਦਾ ਹੈ। ੬. ਵੇਦਾਂ ਤੇ ਕਤੇਬਾਂ ਥੋਂ ਬਾਹਰ ਹੈ, (ਇਸ) ਅਕੱਥ ਕਥਾ ਨੂੰ ਕੌਣ ਆਖ ਸਕੇ। ੭. ਗਿਣਤੀਆਂ ਤੋਂ ਲੰਘਕੇ ਪਛਾਣਦਾ ਹੈ (ਅਰਥਾਤ-ਜੋ ਬ੍ਰਹਮ ਗਿਆਨੀ ਹੈ ਉਹ ਗੁਰਮੁਖ ਦੇ ਅਗੰਮ ਪੰਥ ਨੂੰ ਜਾਣਦਾ ਹੈ, ਯਥਾ ਸੁਖਮਨੀ:-"**ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥**" ਗੁਰਮੁਖ ਦੀ ਗਤੀ ਗੁਰਮੁਖ ਹੀ ਜਾਣਦਾ ਹੈ)।

## ੨੦. (ਮਨਮੁਖ ਗਤੀ)।

੧. ਸੀਸੁ ਨਿਵਾਏ ਢੀਂਗੁਲੀ ਗੱਲ ਬੰਧੇ ਜਲੁ ਉਚਾ ਆਵੈ॥

੨. ਘੁਘੂ ਸੁਝ ਨ ਸੁਝਈ ਚਕਈ ਚੰਦੁ ਨ ਡਿਠਾ ਭਾਵੈ।
੩. ਸਿੰਮਲ ਬਿਰਖੁ ਨ ਸਫਲੁ ਹੋਇ ਚੰਦਨ ਵਾਸੁ ਨ ਵਾਂਸਿ ਸਮਾਵੈ।
੪. ਸਪੈ ਦੁਧੁ ਪੀਆਲੀਐ ਤੁੰਮੇ ਦਾ ਕਉੜਤੁ ਨ ਜਾਵੈ।
੫. ਜਿਉ ਥਣਿ ਚੰਬੜਿ ਚਿਚੜੀ ਲੋਹੂ ਪੀਐ ਦੁਧੁ ਨ ਖਾਵੈ।
੬. ਸਭ ਅਵਗੁਣ ਮੈ ਤਨਿ ਵਸਨਿ ਗੁਣ ਕੀਤੇ ਅਵਗੁਣ ਨੋ ਧਾਵੈ।
੭. ਥੋਮ ਨ ਵਾਸੁ ਕਥੂਰੀ ਆਵੈ॥੨੦॥੬॥

**ਪਦਾਰਥ**-(ਢੀਂਗੁਲੀ=ਪਾਨੀ ਦਾ ਜੰਤ੍ਰ। ਘੁਘੂ=ਉੱਲੂ। ਸੁਝ=ਸੂਰਜ। ਕਥੂਰੀ=ਕਸਤੂਰੀ।)

**ਅਰਥ**-੧.(ਲੋਕ ਢੀਂਗੁਲੀ=) ਪਾਨੀ ਦੇ ਜੰਤ੍ਰ ਦਾ ਗਲਾ ਬੰਨ੍ਹਕੇ ਸਿਰ ਨਿਵਾਉਂਦੇ ਹਨ ਕਿ ਪਾਨੀ ਉੱਚਾ ਆਵੇ, (ਭਾਵ ਆਪੇ ਨਹੀਂ ਨਿਉਂਦੀ, ਧੱਕੋ ਧੱਕੀ ਨਿਵਾਈਦੀ ਹੈ, ਤਿਵੇਂ ਮਨਮੁਖ ਆਪ ਨਹੀਂ ਨੀਉਂਦਾ)। ੨.ਉਲੂ ਨੂੰ ਸੂਰਜ ਨਹੀਂ ਸੁਝਦਾ, ਚਕਵੀ ਨੂੰ ਚੰਦ੍ਰਮਾ ਦੇਖਿਆ ਨਹੀਂ ਭਾਉਂਦਾ। ੩.ਸਿੰਬਲ ਦੇ ਬ੍ਰਿਛ ਨੂੰ ਫਲ ਨਹੀਂ ਲੱਗਦੇ, ਵਾਂਸ ਵਿਖੇ ਚੰਦਨ ਦੀ ਵਾਸ਼ਨਾ ਨਹੀਂ ਸਮਾਉਂਦੀ। (ਯਥਾ:- **"ਕਬੀਰ ਬਾਂਸੁ ਬਡਾਈ ਬੂਡਿਆ ਇਉਂ ਮਤ ਡੂਬਹੁ ਕੋਇ ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥"***)। ੪.ਸੱਪ ਅਤੇ ਤੁੰਮੇ ਨੂੰ ਭਾਵੇਂ ਦੁਧ ਨਾਲ ਪਾਲੀਏ (ਪਰੰਤੂ ਸੱਪ ਦੀ ਵਿਖ ਤੇ) ਤੁੰਮੇ ਦੀ ਕਉੜੱਤਣ ਨਹੀਂ ਜਾਂਦੀ। ੫.(ਗਊ ਦੇ) ਥਣ ਕੋਲ ਚਮਚਿਚੱੜ ਚੰਬੜਦਾ ਹੈ, ਲਹੂ ਪੀਂਦਾ ਹੈ ਤੇ ਦੁੱਧ ਨਹੀਂ ਪੀਂਦਾ। ੬.(ਭਾਈ ਸਾਹਿਬ ਜੀ ਆਪਣੇ ਵਲੋਂ ਉੱਤਮ ਉਪਦੇਸ਼ ਦੇ ਕੇ ਸਮਝਾਉਂਦੇ ਹਨ) ਕਿ ਸਾਰੇ ਅਵਗੁਣ ਮੇਰੇ ਸਰੀਰ ਵਿਖੇ ਹਨ (ਈਸ਼੍ਵਰ ਦੇ) ਕੀਤੇ ਉਪਕਾਰਾਂ ਨੂੰ ਛੱਡਕੇ ਅਸੀਂ ਅਵਗੁਣਾਂ ਵਲ ਦੌੜਦੇ ਹਾਂ। ੭.ਜਿਕੁਰ ਥੋਮ ਵਿਖੇ ਕਸਤੂਰੀ ਦੀ ਸੁਗੰਧੀ ਨਹੀਂ ਆਉਂਦੀ (ਤਿਹਾ ਸਾਡਾ ਦਿਲ ਮੋਮ ਨਹੀਂ ਹੈ)।

**ਭਾਵ**-**"ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥ ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥"**† ਮਨਮੁਖ ਦੀ ਨਾ ਸੌਰਨ ਵਾਲੀ ਦਸ਼ਾ ਦਾ ਕਥਨ ਹੈ।

# ਵਾਰ ੭.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾਚਰਣ)।

੧. ਸਤਿਗੁਰੁ ਸਚਾ ਪਾਤਿਸਾਹੁ ਸਾਧ ਸੰਗਤਿ ਸਚੁ ਖੰਡੁ ਵਸਾਇਆ।
੨. ਗੁਰਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ।
੩. ਗੁਰ ਸਿਖ ਸਭੋ ਸਾਧਨਾ ਸਾਧਿ ਸਧਾਇ ਸਾਧੁ ਸਦਵਾਇਆ।
੪. ਚਹੁ ਵਰਣਾ ਉਪਦੇਸ ਦੇ ਮਾਇਆ ਵਿਚਿ ਉਦਾਸੁ ਰਹਾਇਆ।
੫. ਸਚਹੁ ਓਰੈ ਸਭ ਕਿਹੁ ਸਚੁ ਨਾਉ ਗੁਰਮੰਤੁ ਦਿੜਾਇਆ।
੬. ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੁ ਸਚਿ ਸੁਮਾਇਆ।
੭. ਸਬਦ ਸੁਰਤਿ ਲਿਵ ਅਲਖੁ ਲਖਾਇਆ॥੧॥

*ਸ:ਕਬੀਰ-੧੨, †ਸ: ਕਬੀਰ-੬੮

**ਪਦਾਰਥ**-(ਸਾਧਿ=ਸਿੱਧੀ। ਸਧਾਇ=ਸਾਧਕੇ।
(ਸਾਧੁ=ਸ੍ਰੇਸ਼ਟ ਵਾ ਪਰੋਪਕਾਰੀ ਓਰੈ=ਉਰੇ,। ਆਸਰੇ ਵਿਚ, ਅੰਦਰ।

**ਅਰਥ**-੧.ਸਤਿਗੁਰੂ (ਗੁਰੂ ਅਰਜਨ ਦੇਵ ਜੀ) ਸੱਚੇ ਪਾਤਸ਼ਾਹ ਹਨ, (ਉਨ੍ਹਾਂ ਨੇ) ਸਾਧ ਸੰਗਤਿ ਦਾ ਸੱਚਾ ਖੰਡ ਵਸਾਇਆ (**"ਅਠਸਠਿ ਤੀਰਥ ਜਹ ਸਾਧ ਪਗ ਧਰਹਿ"**)*। ੨.(ਉਸ ਵਿਖੇ) ਗੁਰੂ ਦੀ ਸਿੱਖਯਾ ਲੈਕੇ ਆਪ ਗੁਰੂ ਦੇ ਸਿਖ ਹੋਕੇ ਆਪਾ ਭਾਵ ਨੂੰ ਗਵਾ ਆਪਣਾ ਆਪ ਨਹੀਂ ਜਤਾਉਂਦੇ। ੩.ਗੁਰੂ ਦੇ ਸਿੱਖਾਂ ਨੇ ਸਾਰੀਆਂ ਸਾਧਨਾਂ ਦੀ ਸਿੱਧੀ ਨੂੰ ਸਾਧਕੇ (ਸਾਧੂ=) ਸ੍ਰੇਸ਼ਟ ਸਦਵਾਇਆ। ੪.ਚਹੁੰ ਵਰਣਾਂ (ਸਾਰੇ ਸੰਸਾਰ) ਨੂੰ ਉਪਦੇਸ਼ ਦੇਕੇ ਮਾਇਆ ਵਿਚ ਉਦਾਸ ਰਹਿੰਦੇ ਹੈਨ। ੫.ਸੱਚ ਤੋਂ ਸਭ ਕਿਛ ਉਰੇ ਹੈ (ਸੱਚ ਦੇ ਅੰਦਰ ਸਭ ਕਿਛ ਹੈ) ਇਸ ਲਈ ਸੱਚੇ ਨਾਮ ਦਾ ਮੰਤ੍ਰ ਗੁਰੂ ਨੇ ਦ੍ਰਿੜ੍ਹ ਕਰਾਇਆ। ੬.(ਵਾਹਿਗੁਰੂ ਦੇ) ਹੁਕਮ ਵਿਚ ਸਭ ਕੋਈ ਹੈ, ਜੋ ਉਸ ਦਾ ਹੁਕਮ ਮੰਨੇ ਸੋਈ ਸੱਚ ਵਿਚ ਸਮਾਉਂਦਾ ਹੈ। ੭.(ਗੁਰੂ ਦੇ) ਸਬਦ ਦੀ ਗਜਾਤ ਦੀ (ਲਿਵ=) ਸਮਾਧੀ ਅਲਖ ਨੂੰ ਲਖਾ ਦਿੰਦੀ ਹੈ (ਭਾਵ ਸ੍ਵੈ ਸਰੂਪ ਦੀ ਲੱਖਤਾ ਹੋ ਜਾਂਦੀ ਹੈ।)

**ਭਾਵ**-ਗੁਰ ਸਿਖ ਆਪ ਤਰਦਾ ਤੇ ਹੋਰਨਾਂ ਨੂੰ ਤਾਰਦਾ ਹੈ, ਹੁਕਮ ਮੰਨਦਾ ਸੱਚ ਤੇ ਖਲੋਂਦਾ ਹੈ, ਸਭ ਨੂੰ ਸਾਂਝਾ ਉਪਦੇਸ਼ ਦੇਂਦਾ ਹੈ। ਅੱਗੋਂ ਗਿਣਤੀ ਦੋ ਦੀ ਚੱਲਣੀ ਹੈ, ਇਥੇ ੧ ਦਾ ਇਸ਼ਾਰਾ ਹੈ ਕਿ ਸੱਚ ਜੋ ਇਕ ਵਸਤੂ ਹੈ ਉਸ ਤੋਂ ਹੋਰ ਸਭ ਕਿਛ ਨੀਵਾਂ ਹੈ।

## ੨. (ਦੋ ਦੀ ਗਿਣਤੀ-ਗੁਰਮੁਖ ਮਹਿਮਾਂ)।

੧. ਸਿਵ ਸਕਤੀ ਨੋ ਸਾਧਿਕੈ ਚੰਦੁ ਸੂਰਜੁ ਦਿਹੁੰ ਰਾਤਿ ਸਧਾਏ।
੨. ਸੁਖ ਦੁਖ ਸਾਧੇ ਹਰਖ ਸੋਗ ਨਰਕ ਸੁਰਗ ਪੁੰਨ ਪਾਪ ਲੰਘਾਏ।
੩. ਜਨਮ ਮਰਣ ਜੀਵਨੁ ਮੁਕਤਿ ਭਲਾ ਬੁਰਾ ਮਿਤ੍ਰ ਸਭ ਨਿਵਾਏ।
੪. ਰਾਜ ਜੋਗ ਜਿਣਿ ਵਸਿ ਕਰਿ ਸਾਧ ਸੰਜੋਗ ਵਿਜੋਗ ਰਹਾਏ।
੫. ਵਸਗਤਿ ਕੀਤੀ ਨੀਂਦ ਭੂਖ ਆਸਾ ਮਨਸਾ ਜਿਣਿ ਘਰਿ ਆਏ।
੬. ਉਸਤੁਤਿ ਨਿੰਦਾ ਸਾਧਿਕੈ ਹਿੰਦੂ ਮੁਸਲਮਾਣ ਸਬਾਏ।
੭. ਪੈਰੀ ਪੈ ਪਾਖਾਕ ਸਦਾਏ ॥੨॥

**ਪਦਾਰਥ**-(ਸਧਾਏ=ਸਾਧ ਲੀਤੇ। ਸਾਧਿ ਸੰਜੋਗ=ਭਲੇ ਸੰਜੋਗ।
(ਵਸਗਤਿ=ਵਸ ਕੀਤੀ। ਪਾਖਾਕ=ਪੈਰਾਂ ਦੀ ਮਿੱਟੀ

**ਅਰਥ**-੧.(ਗੁਰਮੁਖਾਂ ਨੇ) ਸਤੋ ਤਮੋਂ ਨੂੰ ਸਾਧ ਕਰਕੇ ਚੰਦ ਸੂਰਜ, ਦਿਨ ਰਾਤ ਸਾਧ ਲੀਤੇ ਹਨ (ਭਾਵ ਓਹ ਸਭ ਪਰ ਬਲੀ ਹਨ)। ੨.ਦੁਖ ਸੁਖ ਜਿੱਤ ਲੀਤੇ, ਹਰਖ ਸੋਗ, ਨਰਕ ਸੁਰਗ, ਪੁੰਨ ਪਾਪ (ਸਭ ਤੋਂ) ਲੰਘ ਗਏ ਹਨ। ੩.ਜਨਮ ਮਰਣ ਥੋਂ ਜੀਵਣ ਮੁਕਤ ਹੋ ਗਏ ਹਨ (ਭਾਵ ਕੁਝ ਚਿੰਤਾ ਨਹੀਂ ਕਰਦੇ) ਸ਼ਤ੍ਰ ਮਿਤ੍ਰ, ਭਲੇ ਬੁਰੇ (ਸਭ) ਨਿਵਾ ਲੀਤੇ ਹਨ। ੪.ਰਾਜ ਅਤੇ ਜੋਗ ਨੂੰ ਜਿੱਤ ਕੇ ਵੱਸ ਕਰ ਲੀਤਾ ਹੈ, (ਸਾਧ ਸੰਜੋਗ ਅਰਥਾਤ) ਭਲੇ ਸੰਜੋਗ ਤੇ ਵਿਜੋਗ ਥੋਂ ਰਹਿ ਗਏ ਹਨ। ੫.ਨੀਂਦ ਭੁਖ ਸਾਰੀ ਵੱਸ ਕਰ ਲੀਤੀ ਹੈ, ਆਸਾ ਮਨਸਾ ਜਿੱਤਕੇ ਸ੍ਵੈ ਸਰੂਪ ਵਿਖੇ ਪ੍ਰਾਪਤ ਹੋਏ ਹਨ। ੬.ਉਸਤੁਤ ਨਿੰਦਾ ਨੂੰ ਸਾਧਕੇ ਹਿੰਦੂ ਮੁਸਲਮਾਨ ਸਭ ਦੇ ਸਾਂਝੇ ਹੋ ਗਏ ਹਨ, (ਭਾਵ ਕਿਸੇ ਨਾਲ ਦ੍ਵੈਖ ਨਹੀਂ ਕਰਦੇ)। ੭.(ਸਭ ਦੀ) ਪੈਰੀਂ ਪੈ ਕੇ (ਆਪ) ਪੈਰਾਂ ਦੀ ਖ਼ਾਕ ਸਦਾਉਂਦੇ ਹਨ।

**ਭਾਵ**-ਯਥਾ:-"**ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥ ਜੀਵਦਿਆ ਪੈਰਾ ਤਲੈ ਮੋਇਆ ਉਪਰਿ ਹੋਇ॥**"†ਸਾਰੀ ਪੌੜੀ ਦਾ ਭਾਵ ਇਹ ਹੈ ਕਿ ਗੁਰਮੁਖ ਦ੍ਵੰਦਾਤੀਤ ਹਨ। ਦੁਖ, ਸੁਖ, ਹਰਖ ਸੋਗ, ਆਦਿ ਸਾਰੇ ਦ੍ਵੰਦ (ਜੋੜੇ) ਉਹਨਾਂ ਨੇ ਜਿੱਤ ਲੀਤੇ ਹਨ।

---

*ਰਾਮ: ਮ:੫:-੨੫, †ਸ:ਫਰੀਦ-੧੯

## ੩. (ਤਿੰਨ ਦੀ ਗਿਣਤੀ-ਗੁਰਮੁਖ)।

੧. ਬ੍ਰਹਮਾ ਬਿਸਨੁ ਮਹੇਸੁ ਤ੍ਰੈ ਲੋਕ ਵੇਦ ਗੁਣ ਗਿਆਨ ਲੰਘਾਏ।
੨. ਭੂਤ ਭਵਿਖਹੁ ਵਰਤਮਾਨੁ ਆਦਿ ਮਧਿ ਜਿਣਿ ਅੰਤਿ ਸਿਧਾਏ।
੩. ਮਨ ਬਚ ਕਰਮ ਇਕੱਤ੍ਰ ਕਰਿ ਜੰਮਣ ਮਰਣ ਜੀਵਣ ਜਿਣਿਆਏ।
੪. ਆਧਿ ਬਿਆਧਿ ਉਪਾਧਿ ਸਾਧਿ ਸੁਰਗ ਮਿਰਤ ਪਾਤਾਲ ਨਿਵਾਏ।
੫. ਉਤਮੁ ਮਧਮ ਨੀਚ ਸਾਧਿ ਬਾਲਕ ਜੋਬਨ ਬਿਰਧਿ ਜਿਣਾਏ।
੬. ਇੜਾ ਪਿੰਗੁਲਾ ਸੁਖਮਨਾ ਤ੍ਰਿਕੁਟੀ ਲੰਘਿ ਤ੍ਰਿਬੇਣੀ ਨਾਏ।
੭. ਗੁਰਮੁਖਿ ਇਕੁ ਮਨਿ ਇਕ ਧਿਆਏ॥੩॥

**ਪਦਾਰਥ**-(ਲੋਕ ਵੇਦ=ਸ਼ਾਸਤ੍ਰ ਤੇ ਵੇਦ ਯਾ ਲੋਕਾਂ ਦਾ ਵੇਦ, ਲੋਕੋਕਤੀ।ਧਰਮ ਪੁਸਤਕਾਂ।
(ਸਿਧਾਏ=ਸਿੱਧ ਕੀਤਾ। ਤ੍ਰਿਬੇਣੀ=ਪ੍ਰਯਾਗ, ਭਾਵ ਸਹਜ। ਸਰਬ
(ਸ਼੍ਰੋਮਣੀ ਅਵਸਥਾ ਤੇ ਸਰਬ ਸਾਧਨਾ ਤੋਂ ਪਾਰ ਯਥਾਰਥ।

**ਅਰਥ**-੧.(ਗੁਰਮੁਖ ਲੋਕ) ਬ੍ਰਹਮਾ ਬਿਸ਼ਨ ਸ਼ਿਵ ਤਿੰਨ (ਦੇਵਤੇ) ਧਰਮ ਪੁਸਤਕਾਂ, ਗੁਣ, ਅਤੇ ਗਿਅਨ ਦੀ (ਤ੍ਰਿਕੁਟੀ) ਥੋਂ ਲੰਘ ਗਏ ਹਨ। ੨.ਬੀਤ ਗਿਆ ਸਮਾਂ, ਆਉਣ ਵਾਲਾ ਸਮਾਂ, ਹੁਣ ਦਾ ਸਮਾਂ (ਤਿੰਨੇ ਅਤੇ) ਆਦਿ, ਮੱਧ, ਅੰਤ (ਤਿੰਨਾਂ ਅਵਸਥਾਂ ਨੂੰ ਉਨ੍ਹਾਂ ਨੇ) ਜਿੱਤਕੇ ਸਿੱਧ ਕੀਤਾ ਹੈ (ਤੇ ਕਾਲ ਰਹਤ ਤੇ ਅਵਸਥਾ ਰਹਤ ਹੋ ਕੇ ਯਥਾਰਥ ਵਿਚ ਆ ਗਏ ਹਨ)। ੩.ਮਨ, ਬਚਨ, ਸਰੀਰ ਇਕੱਤ੍ਰ ਕਰਕੇ (ਤਿੰਨੇ ਇਕ ਹੋ ਗਏ ਹਨ)। ਜੰਮਣ, ਮਰਨ, ਜੀਉਣ, ਜਿੱਤਕੇ (ਤਿੰਨੇ ਦਸ਼ਾ ਲੰਘਕੇ ਯਥਾਰਥ) ਹੋ ਗਏ ਹਨ। ੪.ਆਧਿ, ਬਿਆਧਿ, ਉਪਾਧਿ ਨੂੰ ਸਾਧਕੇ ਸੁਰਗ ਲੋਕ, ਮਾਤ ਲੋਕ, ਪਾਤਾਲ (ਤਿੰਨੇ) ਨਿਵਾ ਦਿਤੇ (ਪਾਰ ਹੋ ਗਏ) ਹਨ। ੫.ਉਤਮ, ਮੱਧਮ, ਨੀਚ (ਤਿੰਨਾਂ ਦਰਜਿਆਂ ਨੂੰ) ਸਾਧਕੇ (ਭਾਵ ਇਨ੍ਹਾਂ ਦੀ ਪਕੜ ਵਿਚੋਂ ਨਿਕਲਕੇ) ਬਾਲਕ, ਜੋਬਨ, ਬਿਰਧ (ਤਿੰਨਾਂ ਉਮਰਾਂ) ਨੂੰ ਜਿੱਤ ਆਏ ਹਨ (ਤਿਨਾਂ ਨੂੰ ਅਫਲ ਨਹੀਂ ਕੀਤਾ, ਇਕ ਨਾਮ ਜਪਦੇ ਰਹੇ ਹਨ)। ੬.ਇੜਾ, ਪਿੰਗਲਾ, ਸੁਖਮਨਾ (ਪ੍ਰਣਾਯਾਮ ਦੀਆਂ ਨਾੜੀਆਂ) ਦੀ ਤ੍ਰਿਕੁਟੀ ਲੰਘਕੇ (ਤ੍ਰਿਬੇਣੀ) ਸਹਿਜ ਵਿਚ ਇਸ਼ਨਾਨ ਕਰਦੇ ਹਨ! ੭.ਗੁਰਮੁਖ ਇਕ (ਅਕਾਲ ਪੁਰਖ ਦਾ) ਇਕਾਗ੍ਰ ਮਨ ਧਿਆਨ ਕਰਦੇ ਹਨ।

**ਭਾਵ**-ਤ੍ਰਿਕੁਟੀਆਂ ਜਿੱਤਕੇ ਯਥਾਰਥ ਨੂੰ ਪ੍ਰਾਪਤ ਹੋਣ ਦੀ ਗੁਰਮੁਖ ਅਵਸਥਾ ਕਥਨ ਕੀਤੀ ਹੈ: ਪਿਛੇ ਦ੍ਵੰਦਾਂ ਨੂੰ ਜਿੱਤਣ ਦਾ ਕਥਨ ਸੀ ਇਥੇ ਤ੍ਰਿਕੁਟੀ ਜਿੱਤਣ ਦਾ ਕਥਨ ਹੈ।

## ੪. (ਚੌਕੜੀ ਦਾ ਵਰਣਨ-ਗੁਰਮੁਖ)।

੧. ਅੰਡਜ ਜੇਰਜ ਸਾਧਿਕੈ ਸੇਤਜ ਉਤਭੁਜ ਖਾਣੀ ਬਾਣੀ।
੨. ਚਾਰੇ ਕੁੰਡਾ ਚਾਰਿ ਜੁਗ ਚਾਰਿ ਵਰਨ ਚਾਰਿ ਵੇਦ ਵਖਾਣੀ।
੩. ਧਰਮ ਅਰਥੁ ਕਾਮੁ ਮੋਖੁ ਜਿਣਿ ਰਜ ਤਮ ਸਤ ਗੁਣ ਤੁਰੀਆ ਰਾਣੀ।
੪. ਸਨਕਾਦਿਕ ਆਸ੍ਰਮ ਉਲੰਘਿ ਚਾਰਿ ਵੀਰ ਵਸਗਤਿ ਕਰਿ ਆਣੀ।
੫. ਚਉਪੜਿ ਜਿਉ ਚਉਸਾਰ ਮਾਰਿ ਜੋੜਾ ਹੋਇ ਨ ਕੋਇ ਰਞਾਣੀ।
੬. ਰੰਗ ਬਿਰੰਗ ਤੰਬੋਲ ਰਸ ਬਹੁ ਰੰਗੀ ਇਕ ਰੰਗੁ ਨੀਸਾਣੀ।
੭. ਗੁਰਮੁਖਿ ਸਾਧਿ ਸੰਗਤ ਨਿਰਬਾਣੀ॥੪॥

**ਪਦਾਰਥ**-(ਬਾਣੀ=ਚਾਰ ਬਾਣੀਆਂ। ਚਉਸਾਰ=ਬਾਜੀ, ਚਾਰੇ ਪਾਸੇ। ਰਞਾਣੀ=ਮਾਰਨਾ।

**ਅਰਥ**-੧.ਅੰਡਜ; ਜੇਰਜ, ਸੇਤਜ, ਉਤਭੁਜ (ਚਾਰੇ) ਖਾਣੀਆਂ, (ਪਰਾ, ਪਸੰਤੀ, ਮੱਧਮਾਂ, ਬੈਖਰੀ

ਚਾਰੇ) ਬਾਣੀਆਂ ਸਾਧ ਲੀਤੀਆਂ ਹਨ। (ਭਾਵ ਚਹੁੰ ਖਾਣੀਆਂ ਦੇ ਆਵਾਗਵਣ ਤੋਂ ਲੰਘਕੇ ਤੇ ਚਹੁੰ ਬਾਣੀਆਂ ਦੇ ਅੰਤ ਸਹਿਜ ਵਿਚ ਆਏ)। ੨.ਚਾਰੇ ਕੁੰਟਾਂ (ਦਿਸ਼ਾ), ਚਾਰੇ ਜੁਗ, ਚਾਰੇ ਵਰਣ, ਚਾਰੇ ਵੇਦ ਜੋ ਕਹੀਦੇ ਹਨ (ਇਨ੍ਹਾਂ ਤੋਂ ਪਾਰ ਹੋਏ)। ੩.ਧਰਮ, ਅਰਥ, ਕਾਮ, ਮੁਕਤੀ (ਚਾਰ ਪਦਾਰਥ) ਜਿੱਤ ਲੀਤੇ। ਰਜ, ਤਮ, ਸਤ (ਤਿੰਨੇ) ਗੁਣ (ਅਤੇ) ਤੁਰੀਆ ਰਾਣੀ (ਭੀ ਜਿੱਤੀ ਹੈ)। ੪.ਸਨਕ ਸਨੰਦਨ, ਸਨਾਤਨ, ਸਨਤ ਕੁਮਾਰ ਤੇ ਚਾਰ ਆਸ਼੍ਰਮ ਨੂੰ ਲੰਘ ਗਏ ਹਨ, ਅਤੇ ਚਾਰ ਵੀਰ (ਹਨਵੰਤ, ਨਰਸਿੰਘ, ਭੈਰੋਂ ਬੀਰ, ਲੰਕੁੜਾ ਬੀਰ ਅਥਵਾ ਚਾਰ ਭਿਰਾਉ ਰਾਮ, ਲਛਮਨ, ਭਰਤ, ਸ਼ਤ੍ਰੁਘਨ ਨੂੰ)ਵੱਸ ਕੀਤਾ ਹੈ। ੫.ਚੌਪੜ ਦੀ ਬਾਜ਼ੀ ਵਾਂਗ ਚਾਰੇ ਪਾਸੇ ਜਿੱਤਕੇ ਜੋੜਾ ਹੋਣ ਕਰਕੇ ਕੋਈ ਨਹੀਂ ਰਞਾਣਦਾ (ਭਾਵ ਜੋੜਾ ਹੋ ਜਾਵੇ ਤਾਂ ਫੇਰ ਮਰਦਾ ਨਹੀਂ ਹੈ, ਤਿਵੇਂ ਗੁਰਮੁਖ ਯੋਗੀ ਹੋ ਜਾਣ ਕਰਕੇ ਆਪ ਅਜਿੱਤ ਹਨ)। ੬.ਤੰਬੋਲ ਦੇ ਬਾਹਲੇ ਰੰਗ ਹਨ, ਜਦ ਉਹ ਰਸ (ਅਰਥਾਤ ਪ੍ਰੇਮ) ਰੂਪ ਹੋਏ ਤਦ ਬਹੁਰੰਗੀ ਥੋਂ ਇਕ ਰੰਗ ਦੀ ਨਿਸ਼ਾਨੀ ਹੋ ਗਈ; (ਗੱਲ ਕੀ ਕੱਥ, ਚੂਨਾ, ਸੁਪਾਰੀ ਤੇ ਪਾਨ ਦਾ ਇਕ ਲਾਲ ਰੰਗ ਹੋ ਗਿਆ, ਚਾਰ ਜਾਤ ਮਿਲਕੇ ਇਕ ਬ੍ਰਹਮ ਰੂਪ ਹੀ ਹੋ ਗਏ)। ੭.ਗੁਰਮੁਖ ਸਾਧ ਸੰਗਤ ਕਰਕੇ (ਸਦਾ) ਨਿਰਬਾਣ (ਪਦ ਵਿਚ ਹਨ)।

**ਭਾਵ**-ਇਥੇ ਚੌਹਾਂ ਦੀ ਗਿਣਤੀ ਹੈ, ਜਿਨ੍ਹਾਂ ਨੂੰ ਟੱਪ ਕੇ ਗੁਰਮੁਖ ਸਹਿਜ ਨੂੰ ਪਹੁੰਚੇ ਹਨ। ਇਨ੍ਹਾਂ ਗਿਣਤੀਆਂ ਵਿਚ ਭਾਵ ਇਹੋ ਹੈ ਕਿ ਗੁਰਮੁਖ ਅਵਸਥਾ ਤੋਂ ਪਾਰ ਯਥਾਰਥ ਨੂੰ ਅੱਪੜੇ ਹਨ, ਗਿਣਤੀਓਂ ਪਾਰ ਹੋਏ ਹਨ। ਵੀਹ ਇਕੀਹੇ ਲੰਘਣਾ, ਨੀਲ ਅਨੀਲ ਹੋਣਾ, ਇਨ੍ਹਾਂ ਗੱਲਾਂ ਦੀ ਇਹ ਵਾਰ ਮਾਨੋਂ ਟੀਕਾ ਹੈ।

## ੫. (ਪੰਚ ਹਰ ਸੰਖਯਾ-ਗੁਰਮੁਖ)।

੧. ਪਉਣੁ ਪਾਣੀ ਬੈਸੰਤਰੋ ਧਰਤਿ ਅਕਾਸੁ ਉਲੰਘਿ ਪਇਆਣਾ।
੨. ਕਾਮ ਕਰੋਧੁ ਵਿਰੋਧੁ ਲੰਘਿ ਲੋਭੁ ਮੋਹੁ ਅਹੰਕਾਰ ਵਿਹਾਣਾ।
੩. ਸਤਿ ਸੰਤੋਖ ਦਇਆ ਧਰਮੁ ਅਰਥੁ ਸੁ ਗੰਥ* ਪੰਚ ਪਰਵਾਣਾ।
੪. ਖੇਚਰ ਭੂਚਰ ਚਾਚਰੀ ਉਨਮਨ ਲੰਘਿ ਅਗੋਚਰ ਬਾਣਾ।
੫. ਪੰਚਾਇਣ ਪਰਮੇਸਰੋ ਪੰਥ ਸਬਦ ਘਨਘੋਰ ਨਿਸਾਣਾ।
੬. ਗੁਰਮੁਖਿ ਪੰਚ ਭੂਆਤਮਾ ਸਾਧ ਸੰਗਤਿ ਮਿਲਿ ਸਾਧ ਸੁਹਾਣਾ।
੭. ਸਹਜ ਸਮਾਧਿ ਨ ਆਵਣ ਜਾਣਾ॥੫॥

**ਪਦਾਰਥ**-(ਪਇਆਣਾ-ਗਿਆ ਹੈ, ਜਾਂਦੇ ਹਨ। ਵਿਰੋਧੁ=ਵੈਰ। ਵਿਹਾਣਾ-ਨਾਸ਼ ਹੋ ਗਿਆ। (ਅਰਥ ਸੁਗ੍ਰੰਥ=ਸੁੰਦਰ ਅਰਥ, ਭਾਵ ਵਿਚ ਧੀਰਜ। ਘਨਘੋਰ-ਧੁਨਿ।

**ਅਰਥ**-੧.ਜਲ, ਵਾਯੂ, ਅਗਨੀ, ਪ੍ਰਿਥਵੀ, ਅਕਾਸ਼ ਨੂੰ ਲੰਘਕੇ (ਗੁਰਮੁਖ ਅੱਗੇ) ਜਾਂਦੇ ਹਨ (ਤੱਤਾਂ ਨੂੰ ਅਰ ਉਨ੍ਹਾਂ ਦੇ ਕਾਰਜ ਪੰਜਾਂ ਵਿਸ਼ਿਆਂ ਨੂੰ ਜਿੱਤ ਲੈਂਦੇ ਹਨ)। ੨.ਕਾਮ ਕ੍ਰੋਧ ਤੇ ਵੈਰ ਵਿਰੋਧ ਤੋਂ ਲੰਘ ਗਏ ਹਨ, ਲੋਭ, ਮੋਹ ਹੰਕਾਰ ਭੀ ਨਾਸ਼ ਹੋ ਗਿਆ ਹੈ। ੩.ਸਤਿ, ਸੰਤੋਖ, ਦਯਾ, ਧਰਮ ਅਰ ਧੀਰਜ ਇਨ੍ਹਾਂ ਪੰਜਾਂ ਦੇ ਸੁੰਦਰ ਅਰਥ ਸਮਝ ਕੇ ਪ੍ਰਮਾਣੀਕ ਹੋਏ ਹਨ। ੪.(ਜੋਗ ਦੀਆਂ ਪੰਜ ਮੁੱਦ੍ਰਾਂ ਹਨ, ਇਕ ਖੇਚਰ=) ਸ੍ਵਾਸਾਂ ਦਾ ਚੜ੍ਹਾਉ, (ਦੂਜੀ ਭੂਚਰ=) ਸ੍ਵਾਸਾਂ ਦਾ ਠਹਿਰਾਉ, (ਤੀਜੀ ਚਾਚਰੀ=) ਸ੍ਵਾਸਾਂ ਦਾ ਉਤਾਰ, (ਚੌਥੀ ਉਨਮਨ=) ਅਰਥਾਤ ਤੁਰੀਆ ਪਦ, (ਪੰਜਵੀਂ ਅਗੋਚਰ=) ਮਨ ਬਾਣੀ ਥੋਂ ਪਰੇ ਬ੍ਰਹਮ ਵਿਖੇ (ਬਾਣਾ=) ਇਸਥਿਤੀ ਕੀਤੀ ਹੈ। ੫.(ਪੰਚ=) ਸੰਤਾਂ ਵਿਖੇ ਜਿਸ

*ਪਾ:-ਗਰਬ।

ਪਰਮੇਸੁਰ ਦਾ (ਆਯਨ=) ਘਰ ਹੈ, ਪੰਜ ਸ਼ਬਦ (ਅਨਾਹਤ ਸ਼ਬਦ) ਦੀ ਘਨਘੋਰ ਵਿਚ ਉਸਦਾ ਨੀਸਾਣ ਹੈ (ਭਾਵ ਵਾਹਿਗੁਰੂ ਜਾਪ ਦੀ ਪਰਾ ਪਸੰਤੀ ਮਧਮਾਂ ਬੈਖਰੀ ਅਵਸਥਾ ਤੋਂ ਅੱਗੇ ਪੰਜਵੀ ਸ਼ਬਦ ਬ੍ਰਹਮ ਦੀ ਘਨਘੋਰਤਾ ਵਿਚ ਸਮਾ ਰਹੇ ਹਨ)। ੬.ਗੁਰਮੁਖਾਂ ਨੇ ਪੰਚ ਭੂਤਾਂ (ਦੀ ਸਤੋ ਅੰਸ਼ ਦਾ) (ਆਤਮ=) ਨਾਮ ਅੰਤਹਕਰਣ (ਸਾਧ ਸੰਗਤ ਨਾਲ ਮਿਲਕੇ) ਸਾਧ ਲੀਤਾ (ਭਾਵ ਜਿੱਤ ਲੀਤਾ ਹੈ, ਇਸੇ ਕਰਕੇ) ਸ਼ੋਭਨੀਕ ਹੋਏ ਹਨ। ੭.ਸਹਿਜ ਵਿਖੇ ਸਮਾਧੀ ( ਦਾ ਫਲ ਇਹ ਕਿ) ਜਨਮ ਮਰਣ ਥੋਂ ਰਹਿਤ ਹੋ ਗਏ ਹਨ।

**ਭਾਵ**-ਇਥੇ ਪੰਜਾਂ ਦੀ ਗੇਣਤੀ ਕਰਕੇ ਯਥਾਰਥ ਵਿਚ ਇਸਥਿਤੀ ਦਾ ਕਥਨ ਕੀਤਾ ਹੈ।

## ੬. (ਛੇ ਦੀ ਗਿਣਤੀ-ਗੁਰਮੁਖ)।

੧. ਛਿਅ ਰੁਤੀ ਕਰਿ ਸਾਧਨਾਂ ਛਿਅ ਦਰਸਨ ਸਾਧੈ ਗੁਰਮਤੀ।
੨. ਛਿਅ ਰਸ ਰਸਨਾ ਸਾਧਿਕੈ ਰਾਗ ਰਾਗਣੀ ਭਾਇ ਭਗਤੀ।
੩. ਛਿਅ ਚਿਰਜੀਵੀ ਛਿਅ ਜਤੀ ਚੱਕ੍ਰਵਰਤਿ ਛਿਅ ਸਾਥਿ ਜੁਗਤੀ।
੪. ਛਿਅ ਸਾਸਤ੍ਰ ਛਿਅ ਕਰਮ ਜਿਣਿ ਛਿਆ ਗੁਰਾਂ ਗੁਰ ਸੁਰਤਿ ਨਿਰਤੀ।
੫. ਛਿਅ ਵਰਤਾਰੇ ਸਾਧਿਕੈ ਛਿਆ ਛਕ ਛਤੀ ਪਵਣ ਪਰਤੀ।
੬. ਸਾਧ ਸੰਗਤਿ ਗੁਰ ਸਬਦ ਸੁਰਤੀ॥੬॥

**ਪਦਾਰਥ**-(ਭਾਇ ਭਗਤੀ=ਪ੍ਰੇਮਾ ਭਗਤੀ ਸੁਰਤਿ ਨਿਰਤੀ=ਪ੍ਰੀਤ ਇਕ ਰਸ। ਵਰਤਾਰੇ=ਉਰਮੀਆਂ। (ਪਵਣ ਪਰਤੀ=ਮਨ ਦਾ ਉਲਟਣਾ, ਅਥਵਾ ਸ੍ਵਾਸਾਂ ਦਾ ਉਲਟਾਉਣਾ।

**ਅਰਥ**-੧.ਛੀ ਰੁੱਤਾਂ (ਬਸੰਤ, ਗ੍ਰੀਖਮ, ਪਾਵਸ, ਸਿਸਰ, ਸਰਦ, ਹੇਮੰਤ) ਵਿਖੇ ਸਾਧਨਾਂ ਕਰਕੇ ਗੁਰਾਂ ਦੀ ਸਿੱਖਿਆ ਦੇ (ਪ੍ਰਤਾਪ) ਨਾਲ ਛੀ ਦਰਸ਼ਨ (ਸ਼ਾਂਖ, ਨਯਾਯ, ਯੋਗ, ਉਤਰ ਮੀਮਾਂਸਾ, ਪੂਰਵ ਮੀਮਾਂਸਾ, ਵੇਦਾਂਤ) ਜਿੱਤ ਲੀਤੇ ਹਨ। ੨.ਜੀਭ ਦੇ ਛੇ ਰਸ (ਖੱਟਾ, ਮਿੱਠਾ, ਕਸੈਲਾ, ਕੌੜਾ, ਤਿੱਖਾ, ਸਲੂਣਾ) ਸਾਧ ਲੀਤੇ ਹਨ, ਛੇ ਰਾਗ (ਭੈਰੋਂ, ਮਾਲਕੌਂਸ, ਹਿੰਡੋਲ, ਦੀਪਕ, ਸ੍ਰੀ ਰਾਗ, ਮੇਘ ਰਾਗ ਅਤੇ ਏਨ੍ਹਾਂ ਛਿਆਂ ਦੀਆਂ ਪਟਰਾਣੀਆਂ) ਰਾਗਣੀਆਂ (ਉਸ ਦੀ) ਪ੍ਰੇਮਾ ਭਗਤੀ ਕਰਦੀਆਂ ਹਨ (ਅਥਵਾ ਗੁਰਮੁਖ ਰਾਗ ਪਾਕੇ ਭਾਇ ਭਗਤੀ, ਪ੍ਰੇਮਾ ਭਗਤੀ ਕਰਦਾ ਹੈ)। ੩.ਛੀ ਚਿਰਜੀਵੀ (ਜਾਂ ਕਾਕਭਸੁੰਡ ਤੇ ਲੋਮਸ ਆਦਿ ਰਿਖੀ), ਛੀ ਜਤੀ (ਹਨੂਮਾਨ, ਲਛਮਨ, ਗੋਰਖ, ਆਦਿ ਭੀ ਸਾਧ ਲੀਤੇ ਹਨ ਅਤੇ) ਛੇ ਚੱਕ੍ਰਵਰਤ ਭੀ ਜੁਗਤੀ ਨਾਲ (ਪ੍ਰਣਾਯਾਮ ਵਿਖੇ ਸਾਧ ਲੀਤੇ ਹਨ)। ੪.ਛੀ ਸ਼ਾਸਤ੍ਰ, ਛੀ ਕਰਮ (ਜਪ, ਹੋਮ, ਸੰਧਯਾ, ਸ਼ਨਾਨ, ਅਤਿਥਿ ਪੂਜਾ, ਦੇਵ ਅਰਚਾ) ਜਿੱਤਕੇ (ਛੀਆਂ ਗੁਰਾਂ ਗੁਰ=) ਅਰਥਾਤ ਛੀ ਸ਼ਾਸਤ੍ਰਾਂ ਦੇ ਕਾਰਕਾਂ ਦਾ ਗੁਰੂ ਅਕਾਲ ਪੁਰਖ ਜੋ ਹੈ (ਉਸ ਵਿਖੇ) ਪ੍ਰੀਤ ਇਕ ਰਸ ਲਗਾਈ ਹੈ। ੫.ਛੀ ਵਰਤਾਰੇ ਯੱਗ ਦੇ ਸਿੱਧ ਕਰਕੇ ਛੀ ਛਕੇ ਛੱਤੀ (ਪਖੰਡਾਂ) ਵਲੋਂ ਪਵਨ ਪਰਤਾ ਲਈ ਹੈ (ਭਾਵ ਛੀ ਦਰਸ਼ਨਾਂ ਵਿਖੇ ਜੋ ਛੀ ਛੀ ਪਖੰਡ ਹਨ ਉਧਰੋਂ ਮਨ ਪੌਣਾ ਨੂੰ ਰੋਕ ਲੀਤਾ ਹੈ, ਅਥਵਾ ਉਰਮੀਆਂ:- ਜਾਯਤੇ, ਸਥੀਯਤੇ, ਵਰਧਤੇ, ਪ੍ਰਣਮਤੇ, ਖੀਯਤੇ, ਵਿਨਸਤੇ ਸਾਧ ਲੈਂਦੇ ਹਨ, ਅਥਵਾ ਛੇ ਚੱਕ੍ਰ ਸਾਧ ਲੀਤੇ ਹਨ। ਦੇਖੋ ਗੁਰੂ ਗ੍ਰੰਥ ਕੋਸ਼ 'ਚਕ੍ਰ' ਸਬਦ-ਮੂਲ, ਨਾਭੀ, ਰਿਦਾ, ਕੰਠ, ਤਾਲੂ, ਦਸਮ ਦ੍ਵਾਰ)। ੬.ਸਾਧ ਸੰਗਤ ਵਿਖੇ ਗੁਰਾਂ ਦੇ ਸ਼ਬਦ ਵਿਖੇ ਪ੍ਰੀਤ ਕੀਤੀ ਹੈ।

**ਭਾਵ**-ਇਹ ਕਿ ਗੁਰ ਸ਼ਬਦ ਦੇ ਮਹਾਤਮ ਨਾਲ ਗੁਰਮੁਖ ਇਸ ਉੱਚ ਪਦਵੀ ਨੂੰ ਪ੍ਰਾਪਤ ਹੁੰਦੇ ਹਨ ਕਿ ਛੀ ਗਿਣਤੀ ਵਾਲੇ ਪ੍ਰਸਿੱਧ ਗੁਣੀਆਂ ਤੋਂ ਭੀ ਸ਼੍ਰੇਸ਼ਟ ਹੋ ਜਾਂਦੇ ਹਨ।

## ੭. (ਸਪਤ ਸੰਖਯਾ-ਗੁਰਮੁਖ)।

੧. ਸਤ ਸਮੁੰਦ ਉਲੰਘਿਆ ਦੀਪ ਸਤ ਇਕ ਦੀਪਕ ਬਲਿਆ॥

੨. ਸਤ ਸੂਤ ਇਕ ਸੂਤਿ ਕਰਿ ਸਤੇ ਪੁਰੀਆ ਲੰਘਿ ਉਛਲਿਆ।
੩. ਸਤ ਸਤੀ ਜਿਣਿ ਸਪਤ ਰਿਖਿ ਸਤਿ ਸੁਰਾ ਜਿਣਿ ਅਟੁਲ ਨ ਟਲਿਆ।
੪. ਸਤੇ ਸੀਵਾ ਸਾਧਿਕੈ ਸਤੀ ਸੀਵੀ ਸੁਫਲਿਓ ਫਲਿਆ।
੫. ਸਤ ਅਕਾਸ ਪਤਾਲ ਸਤ ਵਸਿਗਤਿ ਕਰ ਉਪਰੇਰੈ ਚਲਿਆ।
੬. ਸਤੇ ਧਾਰੀ ਲੰਘਿਕੈ ਭੈਰਉ ਖੇਤ੍ਰਪਾਲ ਦਲਮਲਿਆ।
੭. ਸਤੇ ਰੋਹਣਿ ਸਤਿ ਵਾਰ ਸਤਿ ਸੁਹਾਗਣਿ ਸਾਧ ਨ ਛਲਿਆ।
੮. ਗੁਰਮੁਖਿ ਸਾਧ ਸੰਗਤਿ ਵਿਚ ਖਲਿਆ ॥੭॥

**ਪਦਾਰਥ**-(ਉਲੰਘਿਆ=ਟੱਪ ਗਿਆ। ਉਛਲਿਆ=ਉੱਚਾ ਹੋਇਆ।

**ਅਰਥ**-੧.(ਗੁਰਮੁਖ)ਸੱਤਾਂ ਸਮੁੰਦ੍ਰਾਂ (ਖਾਰੀ ੧, ਖੀਰ ੨, ਦੁਧਿ ੩, ਮਧੁ ੪, ਇਖ ੫, ਰਸ ਜਲ ੬, ਘ੍ਰਿਤ ੭,) ਨੂੰ ਟੱਪ ਗਿਆ ਹੈ (ਭਾਵ ਇਨ੍ਹਾਂ ਬਨਾਵਟੀ ਢਕੌਂਸਲਿਆਂ ਦੇ ਭਰਮ ਤੋਂ ਪਰੇ ਹੋ ਗਿਆ ਹੈ), ਸੱਤਾਂ ਦੀਪਾਂ (ਭਾਵ ਸੰਸਾਰ) ਵਿਖੇ (ਉਸ ਦੀ ਗੁਰਮੁਖ ਕਰਨੀ ਦਾ) ਇਕ (ਗਿਆਨ ਉਜਾਰੇ ਦਾ) ਦੀਵਾ ਬਲ ਪਿਆ ਹੈ। ੨.(ਘਰ ਦੇ) ਸੱਤਾਂ ਸੂਤ੍ਰਾਂ ਦਾ ਇਕ ਸੂਤ੍ਰ ਕਰਕੇ (ਭਾਵ ਈਸ਼੍ਵਰ ਪਰ ਭਰੋਸਾ ਕਰਕੇ) ਸੱਤੇ ਪੁਰੀਆਂ (ਧ੍ਰੂ, ਸ਼ਿਵ, ਇੰਦ੍ਰਪੁਰੀ ਆਦਿ) ਥੋਂ ਲੰਘ ਉੱਚ ਪਦਵੀ ਨੂੰ ਪਹੁੰਚਦਾ ਹੈ (ਭਾਵ ਇਨ੍ਹਾਂ ਪੁਰੀਆਂ ਦੀ ਚਾਹ ਨਹੀਂ ਕਰਦਾ)। ੩.ਸਤ ਸਤੀ, (ਹਰੀ ਚੰਦ ੧, ਦਸ਼ਰਥ ੨, ਧਰਮ ਪੁਤ੍ਰ ੩, ਰਾਮ ੪, ਪਾਰਸਰਾਮ ੫, ਬਲਰਾਮ ੬, ਸ਼ੈਵੀ ੭,) ਜਿੱਤਕੇ ਸੱਤ ਸੁਰਾਂ (ਸਾ ੧, ਰੇ ੨, ਗਾ ੩, ਮਾ ੪, ਪਾ ੫, ਧਾ ੬, ਨੀ ੭) ਅਤੇ ਸਪਤ ਰਿਖੀ (ਅਤ੍ਰੀ, ਪੁਲਹ, ਪੁਲਸਤ, ਆਦਿ) ਜਿੱਤਕੇ ਅਟੱਲ ਹੋ ਗਿਆ ਹੈ, (ਉਰੇ) ਨਹੀਂ ਟਲਿਆ (ਹਾਰਿਆ)। (ਭਾਵ ਸਤੀਆਂ ਦੀ ਗਤੀ, ਸੱਤ ਰਿਖੀਆਂ ਦੀ ਗਤੀ ਸਭ ਤੋਂ ਅਚਾਹ ਹੈ, ਇਕ ਅਕਾਲ ਦੇ ਗਿਆਨ ਦਾ ਪ੍ਰੇਮੀ ਹੈ))। ੪.ਸੱਤ ਭੂਮਕਾ (ਸ਼ੁਭ ਇੱਛਾ, ਸੁਵਿਚਰਨਾ ਆਦਿ) ਹੱਦਾਂ ਨੂੰ ਸਾਧ ਕੇ ਸੱਤਾਂ ਹੱਦਾਂ ਵਿਚ (ਗਯਾਨ, ਵੈਰਾਗ) ਫਲਾਂ ਕਰਕੇ ਫਲੀ ਭੂਤ ਹੁੰਦਾ ਹੈ। ਸੱਤ ਅਕਾਸ਼) ਭੂਰ ੧, ਭਵਰ ੨, ਸ੍ਵਰ ੩, ਅੰਤਰਿਖ ੪, ਜਨ ੫, ਤਪ ੬, ਸਤ ੭) ਨੂੰ ਅਤੇ ਸੱਤ ਪਤਾਲ (ਅਤਲ, ਵਿਤਲ, ਸੁਤਲ, ਰਸਾਤਲ ਆਦਿਕ) ਵਸੀਕਾਰ ਕਰਕੇ ਹੋਰ ਭੀ ਉਤਕ੍ਰਿਸ਼ਟ (ਪਦਵੀ) ਪ੍ਰਾਪਤ ਕਰਦਾ ਹੈ। (ਇਨਾਂ ਦੀ ਕਾਮਨਾ ਤੋਂ ਨਿਰਵਾਸ਼ ਹੋਕੇ ਇਕ ਦੀ ਲਿਵ ਵਿਚ ਰਹਿੰਦਾ ਹੈ) ੬.ਸੱਤ ਧਾਰਾਂ (ਪਹਾੜ ਦੀਆਂ) ਲੰਘਕੇ ਭੈਰਵ ਆਦ ਭੂਤ ਪ੍ਰੇਤ ਸਭ ਦਲ ਮਲ ਸਿੱਟਦਾ ਹੈ, (ਭਾਵ ਬ੍ਰਹਮ ਗਿਆਨੀ ਕਿਸੇ ਭਰਮ ਦੇ ਅਧੀਨ ਨਹੀਂ ਹੁੰਦਾ))। ੭.ਸੱਤ ਰੋਹਣੀਆਂ, ਸੱਤ ਵਾਰ (ਸੱਤ ਦਿਨ ਯਾ ਸੱਤ ਗ੍ਰੈਹ ਸੂਰਜ, ਚੰਦ, ਮੰਗਲ, ਬੁਧਿ, ਸ਼ਨੀ, ਆਦਿ) (ਚੰਦ੍ਰਮਾਂ ਦੀਆਂ ਵਹੁਟੀਆਂ) ਸੱਤ ਸੁਹਾਗਣਾਂ (ਸੱਤ ਰਿਖੀਆਂ ਦੀਆਂ ਪਤਨੀਆਂ ਆਦਿ ਕਿਸੇ ਭੈ ਭਰਮ ਵਿਚ) ਸਾਧੂ (ਗੁਰਮੁਖ) ਨਹੀਂ ਹਾਰਦਾ। ੮.ਸਤਿਸੰਗ ਦੇ ਆਸ਼੍ਰਯ ਹੋਕੇ ਗੁਰਮੁਖ (ਸਭ ਪਰ ਫਤੇ ਪਾਉਂਦਾ ਹੈ)।

**ਭਾਵ**-ਸੱਤਾਂ ਦੀ ਗਿਣਤੀ ਵਾਲੇ ਪ੍ਰਸਿਧ ਸਾਮਾਨਾਂ ਵਿਚ ਨਾ ਫਸਦਾ, ਨਾ ਡਰਦਾ; ਨਾ ਉਨ੍ਹਾਂ ਦੀ ਚਾਹ ਕਰਦਾ ਹੈ, ਸਤਿਸੰਗ ਵਿਚ ਅਡੋਲ ਖੜਾ ਅਚਾਹ ਹੋਇਆ ਇਕ ਪਰਮੇਸਰ ਦੇ ਪ੍ਰੇਮ ਵਿਚ ਟੁਰਦਾ ਹੈ।

## ੮. (ਅਸ਼ਟ ਸੰਖਯਾ-ਗੁਰਮੁਖ)।

੧. ਅਠੈ ਸਿਧੀ ਸਾਧਿਕੈ ਸਾਧਿਕ ਸਿਧ ਸਮਾਧਿ ਫਲਾਈ।
੨. ਅਸਟ ਕੁਲੀ ਬਿਖੁ ਸਾਧਨਾ ਸਿਮਰਣਿ ਸੇਖ ਨ ਕੀਮਤਿ ਪਾਈ।
੩. ਮਣ ਹੁਇ ਅਠ ਪੈਸੇਰੀਆ ਪੰਜੂ ਅਠੇ ਚਾਲੀਹ ਭਾਈ।

੪. ਜਿਉ ਚਰਖਾ ਅਠ ਖੰਭੀਆ ਇਕਤੁ ਸੂਤ ਰਹੈ ਲਿਵਲਾਈ।
੫. ਅੱਠ ਪਹਿਰ ਅਸਟਾਂਗੁ ਜੋਗੁ ਚਾਵਲ ਰਤੀ ਮਾਸਾ ਰਾਈ।
੬. ਅਠ ਕਾਠਾ ਮਨੁ ਵਸ ਕਰਿ ਅਸਟ ਧਾਤੁ ਇਕ ਧਾਤੁ ਕਰਾਈ।
੭. ਸਾਧ ਸੰਗਤਿ ਵਡੀ ਵਡਿਆਈ॥੮॥

**ਪਦਾਰਥ**-(ਸਾਧਕ=ਸਾਧਨਾ ਕਰਣ ਹਾਰੇ, ਜਗਜਾਸੂ। ਬਿਖ=ਜ਼ਹਿਰੀਲਾ, ਭਾਵ ਸਰਾਪ। (ਸ਼ੇਖ=ਸ਼ੇਸ਼ ਨਾਗ। ਅਠਕਾਠਾ=ਕਠੋਰ, ਚਰਖਾ।

**ਅਰਥ**-੧.ਅੱਠ ਸਿੱਧੀਆਂ (ਅਣਮਾ ੧, ਮਹਿਮਾਂ ੨, ਗਰਿਮਾ ੩, ਲਘਿਮਾ ੪, ਪ੍ਰਾਪਤਿ ੫, ਪ੍ਰਾਕਾਮ ੬, ਵਸ਼ਿਤਾ ੭, ਈਸ਼ਤਾ ੮) ਨੂੰ ਸਿੱਧ ਕਰਕੇ ਸਾਧਕਾਂ ਤੇ ਸਿੱਧਾਂ ਨੇ ਸਮਾਧਿ ਫੈਲਾਈ (ਭਾਵ ਉਨ੍ਹਾਂ ਭੀ ਅੰਤ ਨਾ ਪਾਇਆ)। ੨.ਅੱਠ ਕੁਲਾਂ ਸੱਪਾਂ ਦੀਆਂ ਸ਼ੇਸ਼ਨਾਗ ਨੇ ਸਾਧ ਲੀਤੀਆਂ ਸਿਮਰਨ ਦੀ ਕੀਮਤ (ਉਸ ਭੀ) ਨਾ ਪਾਈ। ੩.ਮਣ ਅੱਠਾਂ ਪੰਸੇਰੀਆਂ ਦਾ ਹੁੰਦਾ ਹੈ ਤੇ ਅੱਠ ਪਾਂਜੇ ਚਾਲੀ ਹੁੰਦੇ ਹਨ, (ਭਾਵ ਮਣ ਤੋਂ ਇਸ਼ਾਰਾ ਮਨ=ਹਿਰਦੇ ਵਲ ਹੈ, ਪੰਜ ਤੋਂ ਭਾਵ ਪੰਜ ਇੰਦ੍ਰੀਆਂ ਤੋਂ ਹੈ, ਤੇ ਉਪਰ ਮਨ ਅੱਠ ਧਾਤਾਂ ਤੋਂ ਬਣਦਾ ਮੰਨਿਆ ਹੈ, ਪਰ ਸੂਤ ਇਕ ਹੁੰਦਾ ਹੈ, ਤਿਵੇਂ ਪੰਜਾਂ ਤੱਤਾਂ ਦੀ ਪੰਜ ਸਤੋ ਅੰਸ਼ਾਂ ਤੇ ਰਜ ਤਮ ਸਤ ਮਿਲਕੇ ਅੱਠਾਂ ਦਾ ਮਨ ਇੰਦ੍ਰੀਆਂ ਦਾ ਰਾਜਾ ਹੈ, ਸੋ ਪੰਜ ਦੇਹ ਤੇ ਅੱਠ ਧਾਤਾਂ ਦਾ ਮਨ ਹੈ, ਉਧਰ ੮x੫=੪੦ ਸੇਰਾਂ ਦਾ ਮਣ ਹੈ)। ੪.ਜਿੱਕੁਰ ਚਰਖੇ ਵਿਚ ਅੱਠ ਫੱਟੀਆਂ ਹੁੰਦੀਆ ਹਨ (ਚਾਰ ਇਕ ਪਾਸੇ ਚਾਰ ਦੂਜੇ ਪਾਸੇ) ਉਹ ਇਕ ਸੂਤ ਦੇ ਆਸਰੇ ਲਿਵ (ਅਰਥਾਤ ਕੰਮ ਵਿਚ ਤਾਰ) ਲਾਉਂਦਾ ਹੈ। (ਭਾਵ ਜਿੱਕੁਰ ਓਹ ਮਾਹਲ ਦੇ ਜ਼ੋਰ ਭੌਂਦਾ ਹੈ, ਉੱਕਰ ਹੀ ਦੇਹ ਰੂਪ ਚਰਖਾ ਅੱਠਾਂ ਧਾਤਾਂ ਦਾ ਚਾਰ ਮਾਤਾ ਤੇ ਚਾਰ ਪਿਤਾ ਦੀਆਂ ਦਾ ਬਣਦਾ ਹੈ, ਪਰੰਤੂ ਉਹ ਬ੍ਰਹਮ ਸੱਤਾ ਬਾਝ ਕੰਮ ਨਹੀਂ ਦਿੰਦਾ)। ੫.ਤਿਵੇਂ ਹੀ ਅੱਠਾਂ ਪਹਿਰਾਂ ਦਾ (ਦਿਨ ਰਾਤ,) ਅੱਠਾਂ ਅੰਗਾਂ (ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤ੍ਯਾਹਾਰ, ਧਾਰਨਾ, ਧ੍ਯਾਨ, ਸਮਾਧੀ) ਦਾ ਯੋਗ, (ਅੱਠ) ਰਾਈ (ਦਾ ੧ ਚਾਉਲ, ਅੱਠ) ਚਾਉਲ ਦੀ (੧ ਰੱਤੀ, ਅਠ) ਰਤੀ (ਦਾ ੧) ਮਾਸ਼ਾ (ਤਥਾ ਅੱਠਾਂ ਧਾਤਾਂ ਦਾ ਸਰੀਰ ਬਣਦਾ ਹੈ)। ੬.ਕਠੋਰ ਮਨ (ਯਾ ਚਰਖੇ ਸਰੀਖੀ ਦੇਹ ਵਿਚ ਵਸਦੇ ਮਨ) ਨੂੰ ਵੱਸ ਕਰਕੇ ਗੁਰਮੁਖਾਂ ਨੇ ਅੱਠਾਂ ਧਾਤਾਂ ਦੀ ਇਕ ਧਾਤ ਕਰ ਦਿੱਤੀ ਹੈ। (ਮਨ ਭੀ ਅੱਠਾਂ ਦਾ ਹੈ, ਜਿਹਾ ਕਿ ੫ ਭੂਤਾਂ ਦੀ ਸਤੋ ਅੰਸ਼ ਤੇ ੩ ਰਜੋ ਤਮੋ ਸਤੋ ਮਿਲਕੇ ਅੱਠਾਂ ਧਾਤਾਂ ਦਾ ਮਨ ਹੈ, ਐਸੇ ਮਨ ਨੂੰ ਇਕ ਧਾਤ ਕੀਤਾ, ਭਾਵ ਇਕ ਲਿਵ ਵਿਚ ਲਗਾ ਦਿੱਤਾ)। ੭.ਸਾਧ ਸੰਗਤ ਦੀ ਮਹਿਮਾਂ ਅਕੱਥ ਹੈ।

**ਭਾਵ**-ਸਾਧ ਸੰਗਤ ਦੀ ਕੈਸੀ ਵਡਿਆਈ ਹੈ ਕਿ ਐਸੇ ਮਨ ਨੂੰ ਇਕ ਸਰਲ ਪਾਸੇ ਜੋੜ ਲਿਆ ਹੈ।

## ੯. (ਨਵ ਸੰਖ੍ਯਾ-ਗੁਰਮੁਖ)।

੧. ਨਥਿ ਚਲਾਏ ਨਵੈ ਨਾਥਿ ਨਾਥਾ ਨਾਥ ਅਨਾਥ ਸਹਾਈ।
੨. ਨਉ ਨਿਧਾਨ ਫੁਰਮਾਨ ਵਿਚਿ ਪਰਸ ਨਿਧਾਨ ਗਿਆਨ ਗੁਰ ਭਾਈ।
੩. ਨਉ ਭਗਤੀ ਨਉ ਭਗਤਿ ਕਰਿ ਗੁਰਮੁਖਿ ਪ੍ਰੇਮ ਭਗਤਿ ਲਿਵਲਾਈ।
੪. ਨਉ ਗ੍ਰਿਹ ਸਾਧ ਗ੍ਰਿਹਸਤ ਵਿਚਿ ਪੂਰੇ ਸਤਿਗੁਰ ਦੀ ਵਡਿਆਈ।
੫. ਨਉਖੰਡ ਸਾਧ ਅਖੰਡ ਹੋਇ ਨਉ ਦੁਆਰਿ ਲੰਘਿ ਨਿਜ ਘਰਿ ਜਾਈ।
੬. ਨਉ ਅੰਗ ਨੀਲ ਅਨੀਲ ਹੋਇ ਨਉਕੁਲ ਨਿਗ੍ਰਹ ਸਹਜਿ ਸਮਾਈ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਈ॥੯॥

**ਪਦਾਰਥ**-(ਅਨਾਥ=ਜਿਸਦੇ ਸਿਰ ਤੇ ਕੋਈ ਨਾਥ (ਮਾਲਕ) ਨਹੀਂ, ਨਿਮਾਣੇ।
(ਗੁਰਭਾਈ=ਸੰਗੀ। ਨੀਲ ਅਨੀਲ=ਗਿਣਤੀ ਥੋਂ ਅਨਗਿਣਤ।

**ਅਰਥ**-੧.(ਗੁਰਮੁਖਾਂ ਨੇ) ਨੌਂ ਨਾਥ (ਗੋਰਖ, ਝੰਗਰ, ਭੰਗਰ ਆਦਿਕ) ਨੱਥਕੇ (ਹੁਕਮ ਵਿਚ) ਤੋਰੇ ਹਨ (ਕਿਉਂਕਿ ਗੁਰਮੁਖ ਆਪ ਨੂੰ ਅਨਾਥ ਨਿਮਾਣੇ ਜਾਣਦੇ ਹਨ) ਤੇ ਅਨਾਥਾਂ ਦਾ ਸਹਾਈ ਨਾਥਾਂ ਦਾ ਨਾਥ (ਆਪ ਵਾਹਿਗੁਰੂ) ਹੁੰਦਾ ਹੈ। ੨.ਨੌਂ ਨਿਧਾਂ ਉਨ੍ਹਾਂ ਦੇ ਤਾਬੇ ਹਨ, ਪਰਮ ਨਿਧਾਂ ਦਾ ਸਮੁੰਦਰ (ਅਪਰੋਖ) ਗਿਆਨ ਉਨ੍ਹਾਂ ਦੇ ਅੰਗ ਸੰਗ ਹੈ। ੩.ਨੌਧਾਂ ਭਗਤੀ (ਸ੍ਰਵਣ, ਕੀਰਤਨ ਆਦਿਕ ਤਾਂ) ਨੌਂ ਭਗਤ ਵੱਖੋ ਵੱਖ ਕਰਦੇ ਹਨ (ਪਰੰਤੂ) ਗੁਰਮੁਖ ਲੋਕਾਂ (ਦਸਵੀਂ) ਪ੍ਰੇਮਾ ਭਗਤੀ ਵਿਖੇ ਸਮਾਧੀ ਲਾ ਛੱਡੀ ਹੈ। ੪.ਨੌਂ ਗ੍ਰੈਹ (ਅਥਵਾ ੯ ਗੋਲਕਾਂ ਅੱਖਾਂ, ਕੰਨ, ਨੱਕ, ਮੂੰਹ ਆਦਿ) ਗ੍ਰਿਹਸਤ ਵਿਚ ਹੀ ਵੱਸ ਕਰ ਲੀਤੀਆਂ ਹਨ (ਇਹ) ਪੂਰੇ ਸਤਿਗੁਰ (ਗੁਰ ਅਰਜਨ ਦੇਵ ਦੀ) ਮਹਿਮਾਂ ਦਾ ਪ੍ਰਤਾਪ ਹੈ। ੫.ਨਉ ਖੰਡਾਂ (ਧਰਤੀ) ਨੂੰ* ਜਿੱਤਕੇ ਆਪ ਅਖੰਡ ਰਹਿੰਦੇ ਹਨ, ਨੌਂ ਗੋਲਕਾਂ ਨੂੰ ਲੰਘਕੇ ਦਸਮ ਦ੍ਵਾਰ ਵਿਖੇ ਸ੍ਵੈ ਸਰੂਪ ਦਾ ਧਿਆਨ ਕਰਦੇ ਹਨ। ੬.ਨੌਂ ਅੰਗਾਂ ਦੀ ਗਿਣਤੀ ਅਗਿਣਤ ਹੈ, (ਨਉ ਕੁਲ ਨਿਗ੍ਰਹ=) ਨੌਂ ਗੋਲਕਾਂ ਦੀ ਕਲਪਣਾ ਨੂੰ ਰੋਕਕੇ ਸਹਜ ਪਦ ਵਿਖੇ ਲੀਨ ਹੁੰਦੇ ਹਨ। ੭.ਗੁਰਮੁਖਾਂ ਨੂੰ ਸੁਖੈਨ ਹੀ ਅਲਖ ਫਲ ਦੀ ਲੱਖਤਾ ਹੋ ਜਾਂਦੀ ਹੈ।

**ਭਾਵ**-ਗੁਰਮੁਖ ਨਵਾਂ ਦੀ ਗਿਣਤੀ ਤੋਂ ਉੱਚੇ ਭਾਵ ਵਾਲਾ ਹੈ। ਨੌਂ ਅੰਗਾਂ ਦੀ ਜੋ ਗਿਣਤੀ ਤੁਕ ਛੇਵੀਂ ਵਿਚ ਕਹੀ ਹੈ, ਉਥੇ ਭਾਵ ਇਹ ਹੈ ਕਿ ਸਾਰੀ ਗਿਣਤੀ ਨਵਾਂ ਅੰਗਾਂ ਦੇ ਅੱਡ ਅੱਡ ਮੇਲ ਤੋਂ ਬਣਦੀ ਹੈ। ਦੂਜਾ ਭਾਵ ਇਹ ਹੈ ਕਿ ਨੌਂ ਅੰਗ ਨੂੰ ਜਦ ਗੁਣੋਂ ਤਦ ਘਟਦਾ ਹੈ ਜਿਸ ਤਰ੍ਹਾਂ ਨੌਂ ਦੂਣੀ ਅਠਾਰਾਂ, ਆਠਾ ਅਖੀਰ ਵਿਚ ਆਇਆ, ਨੌਂ ਤੇਆਂ ਸਤਾਈ, ਸਾਤਾ ਆਇਆ ਅਖੀਰ, ਨੌਂ ਦਾਹੇ ਨੱਬੇ ਅਖੀਰ ਸ਼ੂਨ ਆਯਾ, ਇਸੀ ਤਰਾਂ ਸੰਸਾਰ ਦੀ ਚਾਲ ਨਾਏਂ ਅੰਗ ਵਾਂਗੂੰ ਹੈ ਜਿਸ ਵਿਚ ਵਾਧਾ ਦਿੱਸਦਾ ਹੈ, ਪਰ ਮੁੜਕੇ ਆਪਣਾ ਸਰੂਪ ਨਾਂਯਾਂ ਅਖੀਰ ਪਰ ਨਹੀਂ ਆਉਂਦਾ ਤੇ ਅੰਤ ਸ਼ੂਨ ਹੋ ਜਾਂਦਾ ਹੈ, ਤਿਵੇਂ ਮਾਇਆ ਵਿਚ ਉੱਨਤੀ ਕਰਨ ਵਾਲਾ ਅਖੀਰ ਫੋਕਾ ਹੋ ਜਾਂਦਾ ਹੈ ਅਰ ਆਪਣਾ ਸਰੂਪ ਉਸ ਵਾਧੇ ਵਿਚ ਮੁੜਕੇ ਨਹੀਂ ਆਉਂਦਾ। ਗੁਰਮੁਖ ਇਸ ਕਰਕੇ ਮਾਇਆ ਦੇ ਗੇੜ ਵਿਚ ਕਰਤਾਰ ਨੂੰ ਭੁਲਕੇ ਨਹੀਂ ਪੈਂਦੇ।

## ੧੦. (ਦਸ ਸੰਖ੍ਯਾ-ਗੁਰਮੁਖ)।

੧. ਸੰਨਿਆਸੀ ਦਸ ਨਾਵ ਧਰਿ ਸਚ ਨਾਵ ਵਿਣੁ ਨਾਵ ਗਣਾਇਆ।
੨. ਦਸ ਅਵਤਾਰ ਆਕਾਰੁ ਕਰਿ ਏਕੰਕਾਰੁ ਨ ਅਲਖੁ ਲਖਾਇਆ।
੩. ਤੀਰਥ ਪੂਰਬ ਸੰਜੋਗ ਵਿਚਿ ਦਸ ਪੁਰਬੀਂ ਗੁਰਪੁਰਬਿ ਨ ਪਾਇਆ।
੪. ਇਕ ਮਨ ਇਕ ਨ ਚੇਤਿਓ ਸਾਧ ਸੰਗਤਿ ਵਿਣੁ ਦਹਦਿਸਿ ਧਾਇਆ।
੫. ਦਸ ਦਹਿਆਂ ਦਸ ਅਸ੍ਵਮੇਧ ਖਾਇ ਅਮੇਧ ਨਿਖੇਧਿ ਕਰਾਇਆ।
੬. ਇੰਦਰੀਆਂ ਦਸ ਵਸਿ ਕਰਿ ਬਾਹਰਿ ਜਾਂਦਾ ਵਰਜਿ ਰਹਾਇਆ।
੭. ਪੈਰੀ ਪੈ ਜਗੁ ਪੈਰੀ ਪਾਇਆ॥੧੦॥

**ਪਦਾਰਥ**-(ਪੁਰਬ=ਮਹਾਤਮ। ਅਸ੍ਵਮੇਧ=ਯੱਗ ਦਾ ਨਾਮ ਹੈ।
(ਅਮੇਧ=ਅਪਵਿੱਤ੍ਰ, ਭਾਵ ਗੋ ਮਾਂਸ

*ਮਨਿ ਜੀਤੇ ਜਗੁ ਜੀਤ।

**ਅਰਥ**-੧.ਸੰਨਯਾਸੀਆਂ ਨੇ (ਗਿਰੀ, ਪੁਰੀ, ਭਾਰਤੀ, ਸੁਰੱਸ੍ਵਤੀ ਆਦਿ) ਦਸ ਨਾਉਂ ਰਖਾਕੇ ਸਚੇ ਨਾਮ ਥੋਂ ਬਾਝ (ਬਿਰਥਾ ਹੀ ਆਪਣਾ) ਨਾਮ ਗਿਣਾਇਆ (ਹੰਕਾਰ ਕੀਤਾ)। ੨.ਦਸ ਅਵਤਾਰ (ਮੱਛ, ਕੱਛ, ਵੈਰਾਹ ਆਦ ਦੇ)ਸਰੂਪ (ਬੀ ਬਣੇ ਪਰ) ਏਕੰਕਾਰ (ਵਾਹਿਗੁਰੂ) ਅਲਖ ਨੇ (ਆਪਣਾ ਆਪ ਉਨ੍ਹਾਂ ਨੂੰ ਬੀ) ਨਹੀਂ ਲਖਾਇਆ। ੩.ਤੀਰਥਾਂ ਦੇ ਪੁਰਬ (ਅਰਥਾਤ ਮਹਾਤਮ) ਦੇ ਸੰਜੋਗ ਵਿਚ ਦਸ ਪੁਰਬਾਂ (ਵਿਸਾਖੀ ੧, ਮਾਘੀ ੨,ਦਿਵਾਲੀ ੩,ਦੁਸਹਿਰਾ ੪, ਟੁਕੜੀ ੫, ਨਿਮਾਣੀ ੬, ਦੁਆਦਸੀ ੭, ਵਿਤੀਪਾਤ ੮, ਵੈਧ੍ਰਿਤ ੯, ਜਨਮ ਅਸ਼ਟਮੀ ੧੦) ਨੇ ਗੁਰਪੁਰਬ ਦੀ ਬਰਾਬਰੀ ਨਹੀਂ ਕੀਤੀ, (ਭਾਵ ਕਿਉਂ ਜੋ ਏਹ ਸੰਸਾਰਕ ਖ਼ੁਸ਼ੀ ਦੇਂਦੇ ਹਨ, ਗੁਰਪੁਰਬ ਮਨ ਨੂੰ ਵਾਹਿਗੁਰੂ ਵਲ ਲੈ ਜਾਂਦਾ ਹੈ) ੪.ਜਿਨ੍ਹਾਂ ਨੇ ਸਾਧ ਸੰਗਤ ਤੋਂ ਬਿਨਾਂ ਇਕ ਮਨ ਕਰਕੇ ਇਕ (ਵਾਹਿਗੁਰੂ) ਨੂੰ ਨਹੀਂ ਧਿਆਇਆ ਉਹ ਦਸੋਂ ਦਿਸ਼ਾ ਵਿਚ ਭਟਕਦੇ ਹਨ। ੫.ਦਸ ਦਹੇ* (ਮਸਲਮਾਨਾਂ ਦੇ) ਅਰ ਹਿੰਦੂਆਂ ਦੇ ਦਸ ਯੱਗ (ਅਸੂਮੇਧ ੧, ਗਜਮੇਧ ੨, ਗੋਮੇਧ ੩, ਅਜ ੪, ਨਰ ੫, ਰਾਜਸ ੬, ਬ੍ਰਹਮ ਯੱਗ ੭, ਅਨਜਗ ੮, ਹੇਤ੍ਰ ੯, ਚਾਤ੍ਰ ੧੦) (ਅਮੇਧ=) ਅਪਵਿੱਤ੍ਰਤਾ ਕਰਨਹਾਰੇ ਨਿਖੇਧ ਕਰ ਦਿਤੇ, (ਕਿਉਂ ਜੋ ਅਹਿੰਸਾ ਹਿੰਦੂਆਂ ਵਿਚ ਪਰਮ ਧਰਮ ਹੈ ਤੇ ਅਹਿੰਸਾ ਹੀ ਯੱਗ ਵਿਚ ਹੁੰਦੀ ਹੈ, ਇਸੇ ਕਰਕੇ ਯੱਗ ਅਪਵਿੱਤ੍ਰ ਹੋ ਕੇ ਆਪੇ ਨਖਿੱਧ ਹੋ ਗਏ)। ੬.(ਪਰ ਗੁਰਮੁਖਾਂ ਨੇ) ਦਸ ਇੰਦ੍ਰੀਆਂ (੫ ਗਿਆਨ ਤੇ ੫ ਕਰਮ ਇੰਦ੍ਰੀਆਂ) ਵੱਸ ਕਰਕੇ (ਯਾਰਵਾਂ ਮਨ) ਬਾਹਰ ਮੁਖੀ ਹਟਾਕੇ ਅੰਤਰ ਮੁਖੀ ਕੀਤਾ ਹੈ। ੭.ਪੈਰੀ ਪੈਕੇ ਜਗਤ ਨੂੰ ਨਿਵਾ ਲੈਂਦੇ ਹਨ। (ਨਿੰਮ੍ਰਤਾ ਨਾਲ ਕਾਰਜ ਰਾਸ ਕਰਦੇ ਹਨ)।

## ੧੧. (ਏਕਾਦਸ਼ ਸੰਖਯਾ - ਗੁਰਮੁਖ)।

੧. ਇਕ ਮਨਿ ਹੋਇ ਇਕਾਦਸੀ ਗੁਰਮੁਖਿ ਵਰਤੁ ਪਤਿਬ੍ਰਤਿ ਭਾਇਆ।
੨. ਗਿਆਰਹ ਰੁਦ੍ਰ ਸਮੁਦ੍ਰ ਵਿਚਿ ਪਲ ਦਾ ਪਾਰਾਵਾਰੁ ਨ ਪਾਇਆ।
੩. ਗਿਆਰਹ ਕਸ ਗਿਆਰਹ ਕਸੇ ਕਸਿ ਕਸਵੱਟੀ ਕਸ ਕਸਾਇਆ।
੪. ਗਿਆਰਹ ਗੁਣ ਫੈਲਾਉ ਕਰਿ ਕਚ ਪਕਾਈ ਅਘੜ ਘੜਾਇਆ।
੫. ਗਿਆਰਹ ਦਾਉ ਚੜ੍ਹਾਉ ਕਰਿ ਦੂਜਾ ਭਾਉ ਕੁਦਾਉ ਰਹਾਇਆ।
੬. ਗਿਆਰਹ ਗੇੜਾ ਸਿਖੁ ਸੁਣਿ ਗੁਰ ਸਿਖੁ ਲੈ ਗੁਰ ਸਿਖੁ ਸਦਾਇਆ।
੭. ਸਾਧ ਸੰਗਤਿ ਗੁਰੁ ਸਬਦੁ ਵਸਾਇਆ॥੧੧॥

**ਪਦਾਰਥ**-(ਪਤਿਬ੍ਰਤ ਧਰਮ=ਪਤੀ ਵਿਚ ਅਨਿੰਨ ਭਗਤੀ ਭਾਵਨਾ, ਅਡੋਲ ਨਿਸ਼ਚਯ।
(ਰੁਦ੍ਰ=ਸ਼ਿਵ। ਸਮੁਦ੍ਰ=ਸੰਸਾਰ। ਕਸੇ=ਕਾਬੂ ਕੀਤੇ। ਕਸਾਇਆ=ਸ਼ੁੱਧ ਕੀਤਾ।
(ਗੇੜਾ=ਗੇੜਕੇ, ਭਾਵ ਰੱਬ ਵੱਲ ਪ੍ਰੇਰ ਕੇ।

**ਅਰਥ**-੧.ਮਨ ਇਕਾਗਰ ਕਰਕੇ ਗੁਰਮੁਖਾਂ ਨੂੰ ਪਤਿਬ੍ਰਤ ਧਰਮ ਨਿਸ਼ਚਯ ਜੋ ਭਾਇਆ ਹੈ ਈਹੋ ਉਹਨਾਂ ਦਾ ਇਕਾਦਸ਼ੀ ਬ੍ਰਤ ਹੈ। (ਭਾਵ ਯਥਾ ਕਬਿੱਤ ਭਾਈ ਗੁਰਦਾਸ-'ਗੁਰ ਸਿੱਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ'))। ੨.ਯਾਰਾਂ ਸ਼ਿਵਾਂ ਨੇ ਸੰਸਾਰ ਸਮੁੰਦ੍ਰ ਵਿਖੇ (ਈਸ਼ੂਰ ਦੀ) ਇਕ ਪਲ ਦਾ ਪਾਰਾਵਾਰ ਨਹੀਂ ਆਇਆ। ੩.(ਦਸ ਇੰਦ੍ਰੀਆਂ ਤੇ ਯਾਰ੍ਹਵਾਂ ਮਨ)

---

*ਇਸੇ ਤਰ੍ਹਾਂ ਦਹਿਆਂ ਦੇ ਦਿਨਾਂ ਵਿਚ ਮੁਸਲਮਾਨ ਜੋਸ਼ ਭਰੇ ਕਈ ਹਿੰਸਾ ਕਰ ਬੈਠਦੇ ਹਨ ਅਰ ਵਾਹਿਗੁਰੂ ਨੂੰ ਭੁਲਾਕੇ ਰੋਂਦੇ ਪਿੱਟਦੇ ਹਨ।

ਗਜਾਰਾਂ ਹੀ ਕਸ ਲੀਤੇ ਅਰ ੧੧ਹੀ (ਉਨ੍ਹਾਂ ਦੇ ਵਿਸ਼ੇ) ਕਾਬੂ ਕੀਤੇ, (ਭਗਤੀ ਦੀ) ਕਸਵੱਟੀ ਪੁਰ ਕਸ ਲਾਕੇ (ਮਨ ਕੰਚਨ ਨੂੰ) ਸ਼ੁੱਧ ਕੀਤਾ ਹੈ। ੪. ਯਾਰਾਂ ਗੁਣੇ ਫੈਲਾਕੇ ਕੱਚੇ ਅਘੜ ਮਨ ਨੂੰ ਘੜ ਘੜਕੇ ਪੱਕਾ ਕੀਤਾ ਹੈ। (ਭਾਵ ਯਾਰਾਂ ਨੂੰ ਜਦ ਗਿਣੀਏ ਇਕ ਇਕ ਕਰਕੇ ਅੰਗ ਵਧਦੇ ਜਾਂਦੇ ਹਨ, ਜਿਸ ਤਰ੍ਹਾਂ ਯਾਰਾਂ ਦੇ ਦੋ ਏਕੇ ਤੇ ਯਾਰਾਂ ਦੂਣੇ ਬਾਈ ਦੇ (੨੨) ਦੋ ਦੂਏ, ਇੱਕਰ ਯਾਰਾਂ ਤੀਆ ਤੇਤੀ (੩੩) ਦੇ ਦੋ ਤੀਏ, ਯਾਰਾਂ ਚੌਕਾ ਚੁਤਾਲੀ (੪੪) ਦੇ ਦੋ ਚੌਕੇ, ਯਾਰਾਂ ਨਾਉਂ ਨੜਿਨਵੇਂ (੯੯) ਦੇ ਦੋ ਨਾਏਂ, ਫੇਰ ਅਖ਼ੀਰ ਸ਼ੂਨ ਆ ਜਾਂਦਾ ਹੈ। ਇਸੇ ਤਰ੍ਹਾਂ ਇਸੇ ਕੱਚੇ ਮਨ ਦੀ ਜੋ ਇਕ ਤੋਂ ਬਣਕੇ ਦੂਈ ਵਿਚ ਜਾ ਪਿਆ ਹੈ, ਅਰਥਾਤ ਦੋ ਏਕੇ ਹੋਕੇ ਦੂਈ ਵਿਚ ਮਸਤ ਹੈ, ਪਰ ਆਪਣੇ ਇਕ ਵਲ ਨਹੀਂ ਪੈਂਦਾ, ਅਸਾਂ ਸਾਧਨਾਂ ਰੂਪੀ, ਨਾਮ ਅਭਿਆਸ ਰੂਪੀ ਗੁਣਾਂ ਦਾ ਫੈਲਾਉ ਦਿਤਾ, ਤਦ ਇਸ ਦਾ ਸਹਿਜੇ ਸਹਿਜੇ ਵਾਧਾ ਹੋਕੇ ਘਾਟਾ ਕਿਤੇ ਨ ਪਿਆ। ਇਸ ਤਰਾਂ ਸਾਧ ਸਾਧ ਕੇ ਅਸਾਂ ਏਸ ਨੂੰ ਪਕਾ ਲਿਆ, ਅਰਥਾਤ ਟਿਕਾਣੇ ਲੈ ਆਂਦਾ। ਯਾਰਾਂ ਨੂੰ ਗੁਣਿਆਂ ਅੰਤਲਾ ਅੰਗ ਵਧਦਾ ਹੈ ਏਹ ਪ੍ਰੀਤ ਦੀ ਰੀਤਿ ਹੈ। ਦੁਰਜਨ ਦੀ ਰੀਤ ੯ ਅੰਗ ਵਰਗੀ ਹੈ, ਜਿਉਂ ਜਿਉਂ ਗੁਣੋਂ ਪ੍ਰੀਤ ਦਾ ਅੰਗ ਘਟਦਾ ਜਾਂਦਾ ਹੈ)। ੫. ਯਾਰਾਂ ਦਾ (ਅਰਥਾਤ ਸਤਿ ੧, ਸੰਤੋਖ ੨, ਦਯਾ ੩, ਧਰਮ ੪, ਧੀਰਜ ੫, ਸਮ ੬, ਦਮ ੭, ਉਪਰਤਿ ੮, ਤਤਿੱਖਯਾ ੯, ਸ਼ਰਧਾ ੧੦, ਸਮਾਧਾਨਤਾ ੧੧) ਨਾਲ ਮਨ ਨੂੰ ਪੱਕਾ ਕਰਕੇ ਦੂਜਾ ਭਾਉ ਜੋ ਖੋਟਾ ਦਾਉ ਸੀ, ਤਿਆਗ ਦਿੱਤਾ ਹੈ। ੬. ਗਜਾਰਾਂ ਵੇਰ ਗੁਰੂ ਤੋਂ ਗੁਰਮੰਤ੍ਰ ਸੁਣਕੇ ਗੁਰ ਸਿੱਖਯਾ ਲੈ ਕੇ ਗੁਰੂ ਕਾ ਸਿੱਖ ਸਦਵਾਇਆ। (ਅ) ਯਾਰਾਂ (ਅਰਥਾਤ ੧੦ ਇੰਦ੍ਰੇ ਤੇ ੧ ਮਨ) ਨੂੰ ਗੇੜ ਕੇ ਗੁਰੂ ਦੀ ਸਿੱਖਯਾ ਸ਼੍ਰਵਣ ਕਰਕੇ ਫੇਰ ਮੰਨਣ ਕਰਕੇ ਗੁਰ ਸਿੱਖ ਸਦਵਾਇਆ ਹੈ, (ਭਾਵ ਗੁਰਮੁਖ ਮਨੋਂ ਤਨੋਂ ਹੋਕੇ ਪ੍ਰੀਤ ਕਰਦੇ ਹਨ। ਭਾਵ ਗਜਾਰਾਂ ਗੁਣੇ ਦਾ ਵਾਧੇ ਵਾਲਾ ਗੇੜ ਸੁਣਕੇ ਗੁਰੂ ਦਾ ਸਿੱਖ ਸਦਾ ਵਾਧੇ ਵਾਲੀ ਸਿਖਯਾ ਲੈ ਕੇ ਗੁਰੂ ਦਾ ਸਿਖ ਹੋ ਗਿਆ ))। ੭. ਸਾਧ ਸੰਗਤ ਵਿਖੇ ਗੁਰੂ ਨੇ ਸ਼ਬਦ ਨੂੰ ਵਸਾਇਆ ਹੈ, (ਭਾਵ ਸਾਧ ਸੰਗਤ ਵਿਚੋਂ ਨਾਮ ਪ੍ਰਾਪਤ ਹੁੰਦਾ ਹੈ))।

## ੧੨. (ਦ੍ਵਾਦਸ਼ ਸੰਖਯਾ-ਗੁਰਮੁਖ)।

੧. ਬਾਰਹ ਪੰਥ ਸਧਾਇਕੈ ਗੁਰਮੁਖਿ ਗਾਡੀ ਰਾਹ ਚਲਾਇਆ।
੨. ਸੂਰਜ ਬਾਰਹ ਮਾਹ ਵਿਚਿ ਸਸੀਅਰੁ ਇਕਤੁ ਮਾਹਿ ਫਿਰਾਇਆ।
੩. ਬਾਰਹ ਸੋਲਹ ਮੇਲਿ ਕਰਿ ਸਸੀਅਰ ਅੰਦਰ ਸੂਰ ਸਮਾਇਆ।
੪. ਬਾਰਹ ਤਿਲਕ ਮਿਟਾਇਕੈ ਗੁਰਮੁਖਿ ਤਿਲਕੁ ਨੀਸਾਣੁ ਚੜਾਇਆ।
੫. ਬਾਰਹ ਰਾਸੀ ਸਾਧਿਕੈ ਸਚਿ ਰਾਸਿ ਰਹਰਾਸਿ ਲੁਭਾਇਆ।
੬. ਬਾਰਹ ਵੰਨੀ ਹੋਇਕੈ ਖਾਰਹ ਮਾਸੇ ਤੋਲਿ ਤੁਲਾਇਆ।
੭. ਪਾਰਸ ਪਾਰਸਿ ਪਰਸਿ ਕਰਾਇਆ* ॥੧੨॥

**ਪਦਾਰਥ**-(ਸਧਾਇਕੇ=ਜਿੱਤਕੇ। ਗਾਡੀ ਰਾਹ=ਸੌਖਾ ਰਾਹ। ਸਸੀਅਰ=ਚੰਦ੍ਰਮਾ। (ਬਾਰਹ=੧੦ ਇੰਦ੍ਰੇ ਮਨ ਤੇ ਬੁੱਧਿ। ਸੋਲਹ=੧੦ ਪ੍ਰਾਣ, ੫ ਤੱਤ, ੧ ਮਨ।

**ਅਰਥ**-੧.(ਜੋਗੀਆਂ ਦੇ) ਬਾਰਾਂ ਪੰਥ ਜਿੱਤਕੇ ਗੁਰਮੁਖਾ ਨੇ ਸੌਖਾ ਰਾਹ ਤੋਰਿਆ ਹੈ। ੨.ਸੂਰਜ ਬਾਰਾਂ ਮਹੀਨਿਆਂ ਵਿਚ (ਧਰਤੀ ਦੇ ਗਿਰਦ ਫਿਰਦਾ ਹੈ), ਚੰਦ੍ਰਮਾਂ (ਇਕ ਮਹੀਨੇ ਵਿਚ) ਪ੍ਰਕ੍ਰਮਾਂ ਕਰਦਾ ਹੈ, (ਸੂਰਜ ਤੋਂ ਭਾਵ ਤਮੋ ਗੁਣ ਹੈ, ਤਮੋ ਰਜੋ ਗੁਣੀ ਸਾਧਨਾਂ ੧੨ ਮਹੀਨੇ ਵਿਚ ਜੋ ਕਾਰਜ ਕਰੇ ਸਤੋ ੧ ਵਿਚ ਕਰਦੀ ਹੈ। ਚੰਦ੍ਰਮਾਂ ਤੋਂ ਭਾਵ ਸਤੋ ਗੁਣ ਹੈ)। ੩.ਬਾਰਾਂ (੧੦ ਇੰਦ੍ਰੇ ਮਨ, ਬੁਧਿ) ਸੋਲਾਂ (ਪ੍ਰਾਣ ੧੦,

*ਪਾ:-ਬਾਰਹ ਪਾਰਸਿ ਪਰਸਿ ਕਰਾਇਆ॥

ਤਤ ੫, ਤੇ ੧ ਮਨ-) ਸੋਲਾ ਮਿਲਕੇ ਚੰਦ੍ਰਮਾਂ ਸੂਰਜ ਦੇ ਘਰ ਵਿਖੇ ਸਮਾਇਆ। (ਭਾਵ ਦਿਨ ਚੜ੍ਹ ਗਿਆ ਯਥਾ-"**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ**"*)। ੪.(ਜੋਗੀਆਂ ਦੇ ਬਾਰਾਂ ਪੰਥਾਂ ਦੇ) ਬਾਰਾਂ ਹੀ ਤਿਲਕ ਮਿਟਾਕੇ ਗੁਰਮੁਖਾਂ ਨੇ ਨੀਸਾਣ (=ਚਿੰਨ੍ਹ ਅਥਵਾ ਉੱਜਲਤਾ) ਦਾ ਤਿਲਕ ਚੜ੍ਹਾਇਆ ਹੈ! ੫.ਬਾਰਾਂ ਰਾਸਾਂ (ਮੇਖ, ਬ੍ਰਿਖ, ਮਿਥਨ ਆਦਿ) ਜਿੱਤਕੇ ਸੱਚੀ ਰਾਸ (ਹਰ ਧਨ) ਦੀ ਰਾਹ ਰਸਮ ਕੀਤੀ (ਅਥਵਾ ਰਹਿਰਾਸ ਦੀ ਸੱਚੀ ਰਾਸਿ ਵਿਚ ਪ੍ਰਸੰਨ ਹੋਏ) ੬.ਬਾਰਾਂ ਵੰਨੀਆਂ ਦਾ ਸੋਨਾ ਹੋ ਕੇ (ਪੂਰੇ) ੧੨ ਮਾਸੇ ਦਾ ਤੋਲਾ ਤੁਲਦੇ ਹਨ (ਭਾਵ ੧੦ ਇੰਦ੍ਰੇ ਤੇ ਮਨ, ਬੁਧਿ) ਪੂਰੇ ਉਤਰਦੇ ਹਨ। ੭.(ਸੱਚੇ ਗੁਰੂ ਰੂਪ) ਪਾਰਸ ਨਾਲ ਪਰਸ ਕੇ ਆਪ ਭੀ ਪਾਰਸ ਹੋ ਜਾਂਦੇ ਹਨ।

## ੧੩. (ਤ੍ਰੋਦਸ਼ ਸੰਖਯਾ-ਗੁਰਮੁਖ)।

੧. ਤੇਰਹ ਤਾਲ ਅਊਰਿਆ ਗੁਰਮੁਖਿ ਸੁਖ ਤਪ ਤਾਲ ਪੁਰਾਇਆ।
੨. ਤੇਰਹ† ਰਤਨ ਅਕਾਰਥੇ ਗੁਰ ਉਪਦੇਸੁ ਰਤਨੁ ਧਨੁ ਪਾਇਆ।
੩. ਤੇਰਹ ਪਦ ਕਰਿ ਜਗ ਵਿਚਿ ਪਿਤਰ ਕਰਮ ਕਰਿ ਭਰਮਿ ਭੁਲਾਇਆ।
੪. ਲਖ ਲਖ ਜਗ ਨ ਪੁਜਨੀ ਗੁਰ ਸਿਖ ਚਰਣੋਦਕ ਪੀਅਇਆ।
੫. ਜਗ ਭੋਗ ਨਈਵੇਦ ਲਖ ਗੁਰਮੁਖਿ ਮੁਖਿ ਇਕੁ ਦਾਣਾ ਪਾਇਆ।
੬. ਗੁਰ ਭਾਈ ਸੰਤੁਸਟੁ ਕਰਿ ਗੁਰਮੁਖਿ ਸੁਖ ਫਲੁ ਪਿਰਮ ਚਖਾਇਆ।
੭. ਭਗਤਿ ਵਛਲੁ ਹੋਇ ਅਛਲ ਛਲਾਇਆ॥੧੩॥

**ਪਦਾਰਥ**-(ਅਊਰਿਆ=ਘੱਟ।

**ਅਰਥ**-੧.(ਰਾਗ ਦੇ) ੧੩ ਤਾਲ ਘੱਟ ਹਨ, ਗੁਰਮੁਖਾਂ ਨੇ ਸੁਖ ਰੂਪ ਤਪ ਦਾ ਤਾਲ ਪੂਰਿਆ ਹੈ(ਭਾਵ ਪ੍ਰੇਮਾ ਭਗਤੀ ਕਰਦੇ ਹਨ ਤੇ ਗ੍ਰਿਹਸਥ ਵਿਖੇ ਹੀ ਯੋਗੀ ਹਨ)। ੨.ਤੇਰਾਂ ਰਤਨਾਂ ਬਿਅਰਥ ਹਨ, ਗੁਰ ਉਪਦੇਸ਼ ਰਤਨ(ਇਕ ਹੀ ਜਿਨ੍ਹਾਂ ਕੋਲ ਹੈ ਉਨ੍ਹਾਂ ਨਾਮ) ਧਨ ਪਾਇਆ ਹੈ। ੩.ਜੱਗ ਵਿਚ ਪਿਤਰ ਕਰਮ (ਆਦਿ) ਤੇਰਾਂ ਪਦ (ਕਰਮਾਂ ਦੇ) ਕਰਕੇ (ਸੰਸਾਰ ਨੂੰ ਕਰਮ ਕਾਂਡੀਆਂ ਨੇ) ਭਰਮਾਂ ਵਿਚ ਭੁਲਾ ਦਿੱਤਾ ਹੈ। ੪.ਗੁਰੂ ਦੇ ਸਿੱਖਾਂ ਦੇ ਚਰਨਾਂ ਦਾ ਜਲ ਪਾਨ ਕਰਨ ਨਾਲ ਲੱਖਾਂ ਜੱਗਜ ਬਰਾਬਰੀ ਨਹੀਂ ਕਰਦੇ। (ਪ੍ਰਮਾਣ-ਗੁਰੂ ਜੀ, ਸੁਖਮਨੀ-"**ਚਰਨ ਸਾਧਕੇ ਧੋਇ ਧੋਇ ਪੀਉ॥**") ੫.ਗੁਰੂ ਦੇ ਸਿੱਖ ਦੇ ਮੁਖ ਵਿਖੇ ਇਕ ਦਾਣਾ ਪਾਉਣ ਦਾ ਲੱਖਾਂ ਜੱਗਾਂ, ਭੰਡਾਰਿਆਂ ਦੇ ਭੋਗਾਂ ਠਾਕਰਾਂ ਦੇ ਨੈਵੇਦਾਂ (ਨਾਲੋਂ ਵਧੀਕ ਫਲ ਹੈ)। ੬.ਗੁਰ ਭਾਈ ਨੂੰ ਪ੍ਰਸੰਨ ਕਰਕੇ ਗੁਰਮੁਖ ਲੋਕ ਪ੍ਰੇਮ ਦਾ ਸੁਖ ਫਲ ਚੱਖਦੇ ਹਨ। ੭.ਭਗਤਾਂ ਦੇ ਪਿਆਰੇ (ਵਾਹਿਗੁਰੂ ਨੇ) ਨਾ ਛਲਿਆ ਜਾਣ ਵਾਲਾ ਹੋਕੇ ਆਪਣੇ ਆਪ ਨੂੰ ਛਲਾਇਆ ਹੈ। (ਭਾਵ ਉਹ ਜੋ ਕਿਵੇਂ ਭੀ ਮੋਹਿਆ ਨਹੀਂ ਜਾ ਸਕਦਾ, ਭਗਤਾਂ ਦੇ ਪ੍ਰੇਮ ਕਰ ਉਨ੍ਹਾਂ ਦਾ ਪ੍ਰੇਮੀ ਹੋ ਗਿਆ ਹੈ)।

## ੧੪. (੧੪-੧੫-੧੬ ਦੀ ਗਿਣਤੀ-ਗੁਰਮੁਖ)।

੧. ਚਉਦਹ ਵਿਦਿਆ ਸਾਧਿਕੈ ਗੁਰਮਤਿ ਅਬਿਗਤਿ ਅਕਥ ਕਹਾਣੀ।
੨. ਚਉਦਹ ਭਵਣ ਉਲੰਘਿਕੈ ਨਿਜ ਘਰਿ ਵਾਸੁ ਨੇਹੁ ਨਿਰਬਾਣੀ।
੩. ਪੰਦ੍ਰਹ ਥਿਤੀ ਪਖੁ ਇਕੁ ਕ੍ਰਿਸਨ ਸੁਕਲ ਦੁਇ ਪੱਖ ਨੀਸਾਣੀ।
੪. ਸੋਲਹ ਸਾਰ ਸੰਘਾਰੁ ਕਰਿ ਜੋੜਾ ਜੁੜਿਆ ਨਿਰਭਉ ਜਾਣੀ।

---

*ਗਉੜੀ-ਸੁਖਮਨੀ-੨੩।

†ਲੱਛਮੀ ੧, ਰੰਭਾ ੨, ਵੇਦ ੩, ਵਿਖ ੪, ਸੁਰਾ ੫, ਸੁਧਾ ੬, ਦ੍ਰਮ ੭, ਬਾਜ ੮, ਸੰਖ ੯, ਧਨੁਖ ੧੦, ਗੋ ੧੧, ਗਜ ੧੨, ਮਣਿ ੧੩, ਦ੍ਵਿਜਰਾਜ ੧੪। ਇਨ੍ਹ ੧੪ ਰਤਨਾਂ ਵਿਚੋਂ 'ਵਿਖ' ਰਤਨ ਨਹੀਂ ਹੈ, ਇਸ ਲਈ ੧੩ ਰਤਨ ਕਹੇ ਹਨ।

੫. ਸੋਲਹ ਕਲਾ ਸੰਪੂਰਣੋ ਸਸਿ ਘਰਿ ਸੂਰਜੁ ਵਿਰਤੀ ਹਾਣੀ।
੬. ਨਾਰਿ ਸੋਲਹ ਸੀਂਗਾਰ ਕਰਿ ਸੇਜ ਭਤਾਰ ਪਿਰਮ ਰਸੁ ਮਾਣੀ।
੭. ਸਿਵ ਤੈ ਸਕਤਿ ਸਤਿਰਹ ਵਾਣੀ॥੧੪॥

**ਪਦਾਰਥ**-(ਨਿਰਬਾਣੀ=ਨਿਰਬੰਧਨ ਹੋਏ। ਕ੍ਰਿਸ਼ਨ=ਕਾਲਾ। ਸੁਕਲ=ਚਿੱਟਾ। ਸਾਰ=ਨਰਦਾਂ।

**ਅਰਥ**-੧.ਚੌਦਾਂ ਵਿਦਯਾ ਜਿੱਤਕੇ (ਗੁਰਮੁਖ ਲੋਕ) ਗੁਰਮਤ ਦੀ ਅਕਥ ਕਹਾਣੀ ਵਿਚ ਪਹੁੰਚ ਪਏ ਹਨ। ੨.ਚੌਦਾਂ ਭਵਨਾ ਨੂੰ ਤਿਆਗਕੇ (ਗੁਰਮੁਖ) ਆਪਣੇ ਸਰੂਪ ਵਿਚ ਪ੍ਰੇਮ ਅਰ ਨਿਰਬਾਣ ਪਦ ਵਿਚ ਖੇਡਦੇ ਹਨ। ੩.ਇਕ ਪੱਖ ਵਿਚ ਪੰਦਰਾਂ ਥਿਤਾਂ ਹਨ (ਤੇ ਮਹੀਨੇ ਵਿਚ) ਦੋ ਪੱਖ ਹਨ, (ਇਕ) ਸ਼ੁਕਲ (ਦੂਜਾ) ਕ੍ਰਿਸ਼ਨ। ੪.ਸੋਲਾਂ ਨਰਦਾਂ ਨੂੰ ਮਾਰਕੇ ਜਦ ਜੋੜਾ ਹੋਇਆ (ਤਦ ਜਨਮ ਮਰਣ ਦੇ) ਭਉ ਥੋਂ ਰਹੇ। (ਭਾਵ ਈਸ਼੍ਵਰ ਦੇ ਨਾਲ ਮਿਲੇ ਤਦ ਚੌਰਾਸੀ ਦੇ ਫੇਰੇ ਥੋਂ ਨਿਰਭਉ ਹੋ ਗਏ) ੫.ਸੋਲਾਂ ਕਲਾਂ ਸੰਪੂਰਣ ਜਦ ਚੰਦ੍ਰਮਾਂ ਹੁੰਦਾ ਹੈ ਸੂਰਜ ਦੇ ਘਰ ਵਿਖੇ ਜਾਣ ਕਰਕੇ (ਅਰਥਾਤ ਦਿਨੇ ਚੜ੍ਹਨ ਕਰਕੇ) (ਵਿਰਤੀ ਹਾਣੀ=) ਹਾਣਤਾ ਵਰਤ ਜਾਂਦੀ ਹੈ (ਭਾਵ ਫਿੱਕਾ ਪੈ ਜਾਂਦਾ ਹੈ, ਭਾਵ ਇਹ ਦੂਜੇ ਘਰ ਵਿਖੇ ਜਾ ਕੇ ਆਪਣਾ ਤੇਜ ਦੱਸਣ ਨਾਲ ਘਾਟਾ ਹੀ ਘਾਟਾ ਹੈ)। ੬.(ਜਗਯਾਸੂ ਰੂਪ) ਇਸਤ੍ਰੀ (ਗੁਣਾਂ ਦੇ) ਸੋਲਾਂ ਸ਼ਿੰਗਾਰ ਕਰਕੇ (ਅੰਤਹਕਰਣ ਦੀ) ਸੇਜਾ ਪਰ ਪਿਆਰੇ ਦਾ ਅਨੰਦ ਮਾਣਦੀ ਹੈ, (ਭਾਵ ਸ੍ਵੈ-ਸਰੂਪ ਨੂੰ ਪ੍ਰਾਪਤ ਹੁੰਦੀ ਹੈ)। ੭.ਸ਼ਿਵ ਤੇ ਸ਼ਕਤਿ ਦੀਆਂ ਸਤਾਰਾਂ ਵਾਣੀਆਂ ਹਨ (ਭਾਵ ਸ਼ਕਤੀ ਅਰਥਾਤ ਮਾਯਾ ਦੀਆਂ ੧੬ ਕਲਾਂ ਹਨ, ੧੦ ਪ੍ਰਾਣ, ੫ ਤੱਤ, ੧ ਮਨ=੧੬। ਤੇ ਸ਼ਿਵ ਅਰਥਾਤ ਵਾਹਿਗੁਰੂ ਦੀ ਇਕ ਕਲਾ ਜਿਥੇ ਏਕਤਾ ਵਿਚ ਸਭ ਕੁਝ ਹੈ, ੧੭ ਇਉਂ ਬਾਣੀਆਂ ਸ਼ਿਵ ਸ਼ਕਤੀ ਦੀਆਂ ਹਨ)

## ੧੫. (੧੮ਤੋਂ ੩੪ ਤੱਕ ਸੰਖ੍ਯਾ)।

੧. ਗੋਤ ਅਠਾਰਹ ਸੋਧਿਕੈ ਪੜੈ ਪੁਰਾਣ ਅਠਾਰਹ ਭਾਈ।
੨. ਉਨੀ ਵੀਹ ਇਕੀਹ ਲੰਘਿ ਬਾਈ ਉਮਰੇ ਸਾਧਿ ਨਿਵਾਈ।
੩. ਸੰਖ ਅਸੰਖ ਲੁਟਾਇਕੈ ਤੇਈ ਚੌਵੀ ਪੰਜੀਹ ਪਾਈ।
੪. ਛਬੀ ਜੋੜਿ ਸਤਾਈਹਾਂ ਆਇ ਅਠਾਈਹ ਮੇਲਿ ਮਿਲਾਈ।
੫. ਉਲੰਘਿ ਉਣਤੀਹ ਤੀਹ ਸਾਧਿ ਲੰਘਿ ਇਕਤੀਹ ਵਜੀ ਵਧਾਈ।
੬. ਸਾਧ ਸੁਲਖਣ ਬਤੀਹੇ ਤੇਤੀਹ ਧ੍ਰੂ ਚਉਫੇਰਿ ਫਿਰਾਹੀ।
੭. ਚਉਤੀਹ ਲੇਖ ਅਲੇਖ ਲਖਾਈ॥੧੫॥

**ਪਦਾਰਥ**-(ਗੋਤ=ਵਰਣ। ਉੱਨੀ-੧੮ ਵਰਨ ਉਨੀਵਾਂ ਮਨਮੁਖ। (ਵੀਹ=ਤਿਨਬੀਸੀਆਂ, ਅਥਵਾ ਵੀਹਵਿਸਵੇ ਪੂਰਾ। ਉਮਰੇ=ਸੂਬੇ।

**ਅਰਥ**-੧.ਅਠਾਰਾਂ ਵਰਣ (ਬ੍ਰਾਹਮਣ, ਖੱਤ੍ਰੀ, ਸੂਦ੍ਰ, ਵੈਸ਼ ਤੇ ੬ ਅਨਲੋਮ, ਅਰਥਾਤ ਬ੍ਰਾਹਮਣ ਖੱਤ੍ਰੀਯ ੧, ਬ੍ਰਾਹਮਣ ਵੈਸ਼ੀਯ ੨, ਬ੍ਰਾਹਮਣ, ਸ਼ੂਦ੍ਰੀਯ ੩, ਖੱਤ੍ਰੀ ਵੈਸ਼ੀਯ, ੪, ਖੱਤ੍ਰੀ ਸ਼ੂਦ੍ਰੀਯ ੫, ਵੈਸ਼ ਸ਼ੂਦ੍ਰੀਯ ੬, ਤੇ ੩.ਪ੍ਰਤਿਲੋਮ ਅਰਥਾਤ ਉਲਟਾ ਵਰਣ ਜਿਹਾ ਸ਼ੂਦ੍ਰ ਬ੍ਰਾਹਮਣੀਯ੧, ਸ਼ੂਦ੍ਰ ਖੱਤ੍ਰੀਯ ੨, ਸ਼ੂਦ੍ਰ ਵੈਸ਼ੀਯ ੩, ਵੈਸ਼ ਬ੍ਰਾਹਮਣੀਯ ੪, ਵੈਸ਼ ਖੱਤ੍ਰੀਯ ੫, ਖੱਤ੍ਰੀ ਬ੍ਰਾਹਮਣੀਯ ੬, 'ਗੋਲ' ਕੁਆਰੀ ਦਾ ਪੁੱਤ੍ਰ 'ਕੁੰਡ' (ਵਿਧਵਾ ਦਾ ਪੁੱਤ੍ਰ) ਸੋਧਕੇ ਅਠਾਰਾਂ ਪੁਰਾਣ ਪੜ੍ਹੇ ਜਾਂਦੇ ਹਨ। ੨.(ਪੁਨਃ)ਸਾਧ ਲੋਕ 'ਉਨੀ' (ਦਸ ਦਿਸ਼ਾ ਤੇ ਨੌਂ ਖੰਡ, ਅਥਵਾ ੧੮ ਵਰਣ ਤੇ ਉਨੀਵਾਂ ਮਨਮੁਖ, ਅਥਵਾ ਏਕਮ ਦਰਮ ਆਦ ੧੯ ਸੰਖਯਾ ਥੋਂ ਲੰਘ ਗਏ ਹਨ), 'ਵੀਹ' (ਤਿੰਨ ਬੀਸੀਆਂ)'ਇਕੀਹ'(ਇੱਕੀ ਪੁਰੀਆਂ) ਲੰਘਕੇ ਬਾਈ (ਧਾਰ ਪਹਾੜ ਦੇ) ਉਮਰਾਵਾਂ ਨੂੰ ਸਾਧ ਕੇ ਨਿਵਾਂ ਲੈਂਦੇ ਹਨ। (ਭਾਵ ਸਭ.ਸੰਤਾਂ ਦੇ

ਅਧੀਨ ਹੋ ਜਾਂਦੇ ਹਨ)। ੩.ਗਿਣਤੀ ਥੋਂ ਅਨਗਿਣਤ ਲੁਟਾਕੇ (ਭਾਵ ਸਭ ਦੀ ਮਮਤਾ ਨੂੰ ਤਿਆਗ ਕੇ) ਤੇਈ ਚੌਵੀ ਅਤੇ ਪੰਝੀ (ਤੀਕ ਜਿਤਨੀਆਂ ਜਗਤ ਵਿਚ ਗਿਣਤੀਆਂ ਹਨ ਸਾਰੀਆਂ) ਪਾ ਲੀਤੀਆਂ ਹਨ। (ਭਾਵ ਤ੍ਰਿਕਾਲ ਗਜਾਤਾ ਹੋ ਗਏ ਹੈਨ।) ੪.ਛੱਬੀ (ਅਠਾਰਾਂ ਪਰਬ ਮਹਾਂ ਭਾਰਤ ਤੇ ੮ ਵਯਾਕਰਣ) ਜੋੜਕੇ 'ਸਤਾਈ' (ਸਿੰਮ੍ਰਤੀ ਜਾਂ ਨਿਛੱਤ੍ਰ ਨੂੰ ਲੰਘਕੇ) ਅਠਾਈਵਾਂ (ਅਨੁਰਾਧਾ ਨਿਛੱਤ੍ਰ ਦਾ) ਮੇਲ ਮੇਲਕੇ (ਅਠਾਈ ਨਛੱਤ੍ਰ ਜਿੱਤਦੇ ਹਨ, ਭਾਵ ਜੋਤਸ਼ ਦੇ ਭਰਮ ਤੋਂ ਪਾਰ ਹੋ ਜਾਂਦੇ ਹਨ)। ੫.ਉਨੱਤੀਆਂ (ਦੀ ਗਿਣਤੀ) ਨੂੰ ਲੰਘਕੇ ਤੀਹਾਂ (ਦਿਨਾਂ ਜਾਂ ਰੋਜ਼ਿਆਂ) ਨੂੰ ਸਾਧਦੇ ਹਨ (ਫੇਰ) ਇਕੱਤੀਹ ਨੂੰ ਲੰਘਕੇ ਵਧਾਈਆਂ ਵਜਾਉਂਦੇ ਹਨ। ੬.ਬੱਤੀਹ ਲੱਖਣਾਂ ਵਾਲੇ ਸੰਤ ਹਨ (ਕਿਉਂ ਜੋ) ਤੇਤੀ (ਕਰੋੜ ਦੇਵਤੇ) ਧ੍ਰੂ (ਸੰਤ ਦੀ) ਪਰਕ੍ਰਮਾਂ ਕਰਦੇ ਹਨ। ੭.(ਇਸੇ ਕਰਕੇ) ਚੌਤੀ (ਸੰਖਯਾ ਵਿਖੇ ਗੁਰਮੁਖ ਹੋਕੇ ਬੀ) ਲੇਖੇ ਥੋਂ ਅਲੇਖ ਹਨ, (ਧ੍ਰੂਵ ਦੇ ਸਮਾਨ ਅਟੱਲ ਹਨ। ਭਾਵ ਦੋਵੇਂ ਲੋਕ ਸੰਤਾਂ ਦੇ ਅਧੀਨ ਹਨ, ਹੋਰ ਸੰਖਯਾ ਦੇ ਤਾਂ ਇਕਾਈ ਦਹਾਈ ਤੋਂ ਸੰਖ ਤੱਕ ੧੯ ਦਰਜੇ ਹਨ, ਸੰਤ ਚੌਤੀ ਦਰਜਿਆਂ ਥੋਂ ਬੀ ਅਲੇਖ ਹਨ)।

**ਭਾਵ**-ਏਸ ਸਾਰੀ ਗੇਣਤੀ ਦਾ ਮਤਲਬ ਇਹ ਹੈ ਕਿ ਜਗਤ ਦੇ ਸੰਸਾਰਕ ਅਰ ਪ੍ਰਮਾਰਥਕ ਲੋਕ ਵੱਡੇ ਤੇ ਪ੍ਰਸਿੱਧ ਜਿਨ੍ਹਾਂ ਗੇਣਤੀਆਂ ਵਿਚ ਹਨ ਗੁਰਮੁਖ ਉਨ੍ਹਾਂ ਵਿਚ ਨਹੀਂ ਹਨ, ਗੁਰਮੁਖ ਤਾਂ ਇਕ ਨਿਰਗੁਣ ਦੇ ਸਰੂਪ ਵਿਚ ਪ੍ਰੇਮ ਨਾਲ ਪਹੁੰਚਕੇ ਅਲੇਖ ਵਰਤਦੇ ਹਨ।

## ੧੬. (ਈਸ਼੍ਵਰੋਪਮਾ)।

੧. ਵੇਦ ਕਤੇਬਹੁ ਬਾਹਰਾ ਲੇਖ ਅਲੇਖ ਨ ਲਖਿਆ ਜਾਈ।
੨. ਰੂਪ ਅਨੂਪੁ ਅਚਰਜੁ ਹੈ ਦਰਸਨ ਦ੍ਰਿਸਟਿ ਅਗੋਚਰ ਭਾਈ।
੩. ਇਕੁ ਕਵਾਉ ਪਸਾਉ ਕਰਿ ਤੋਲਨ ਤੁਲਾਧਾਰ ਨ ਸਮਾਈ।
੪. ਕਥਨੀ ਬਦਨੀ ਬਾਹਰਾ ਥਕੈ ਸਬਦੁ ਸੁਰਤਿ ਲਿਵਲਾਈ।
੫. ਮਨ ਬਚ ਕਰਮ ਅਗੋਚਰਾ ਮਤਿ ਬੁਧਿ ਸਾਧਿ ਸੋਝੀ ਥਕਿ ਪਾਈ।
੬. ਅਛਲ ਅਛੇਦ ਅਭੇਦ ਹੈ ਭਗਤਿ ਵਛਲੁ ਸਾਧਿ ਸੰਗਤਿ ਛਾਈ।
੭. ਵਡਾ ਆਪਿ ਵਡੀ ਵਡਿਆਈ॥੧੬॥

**ਪਦਾਰਥ**-(ਕਵਾਉ=ਵਾਕ। ਤੋਲਨ=ਤੋਲਨਾ, ਪਸਾਰਾ। ਤੁਲਾਧਾਰ=ਤੱਕੜੀ।
(ਕਥਨੀ=ਕਥਾ। ਬਦਨੀ=ਕਵੀਸ਼ਰੀ। ਛਾਈ=ਸਥਿਤੀ।

**ਅਰਥ**-੧.(ਵਾਹਿਗੁਰੂ) ਵੇਦ ਕਤੇਬ ਤੋਂ ਬਾਹਰ ਹੈ, ਲੇਖਾ (ਉਸ ਦਾ) ਅਲੇਖ ਹੈ, ਲਖਿਆ ਨਹੀਂ ਜਾਂਦਾ। ੨.ਉਸ ਦਾ ਰੂਪ ਅਨੂਪਮ (ਉਪਮਾਂ ਤੋਂ ਰਹਤ) ਅਸਚਰਜ ਹੈ, ਉਸ ਦਾ ਦਰਸ਼ਨ (ਜਗਯਾਸੂ ਨੂੰ ਅਰ ਜਗਯਾਸੂ ਪਰ ਉਸ ਦੀ ਕ੍ਰਿਪਾ) ਦ੍ਰਿਸ਼ਟੀ ਇੰਦ੍ਰਿਆਂ ਗੋਚਰੀ ਬਾਤ ਨਹੀਂ ਹੈ। ੩.(ਉਸਨੇ) ਇਕ ਵਾਕ ਥੋਂ (ਇੱਡਾ ਜਗਤ ਦਾ) ਪਸਾਰਾ ਕੀਤਾ, ਜਿਸ ਦਾ ਤੋਲਣਾ (ਬੁੱਧੀ ਦੀ) ਤੱਕੜੀ ਪੁਰ ਨਹੀਂ ਸਮਾਉਂਦਾ (''**ਕੀਤਾ ਪਸਾਉ ਏਕੋ ਕਵਾਉ**''-**ਜਪੁਜੀ**)। ੪.ਕਥਨੀ (ਕਥਾ ਤੇ) ਬਦਨੀ (ਕਵੀਸ਼ਰੀਆਂ) ਥੋਂ ਬਾਹਰ ਹੈ, (ਲੋਕ ਕਥਨੀ ਬਦਨੀ ਕਰ ਕਰਕੇ) ਥੱਕ ਗਏ ਹਨ; (ਇਸੇ ਕਰਕੇ ਗੁਰਮੁਖਾਂ ਨੇ) ਸਬਦ ਸੁਰਤ ਵਿਚ ਲਿਵ ਲਾ ਰੱਖੀ ਹੈ, (ਕਿਉਂਕਿ-) ੫.ਮਨ ਬਾਣੀ ਕਰਮ ਦੇ ਗੋਚਰਾ ਨਹੀਂ ਹੈ, ਮਤ, ਬੁੱਧੀ, ਸਾਧਨਾਂ ਨੇ ਉਸ ਦੀ ਸੋਝੀ (ਥਕ ਪਾਈ=) ਨਹੀਂ ਪਾਈ। ੬.(ਨਾਲੇ ਉਹ) ਅਛਲ ਅਛੇਦ ਅਭੇਦ ਹੈ ਪਰ ਭਗਤ ਵਛਲ ਹੈ, ਸਾਧ ਸੰਗਤ (ਵਿਚ ਉਸ ਦੀ) ਇਸਥਿਤੀ ਹੈ (ਇਸੇ ਕਰਕੇ ਚੌਥੀ ਤੁਕ ਵਿਚ ਕਿਹਾ ਸੀ ਕਿ ਸਾਧ ਸੰਗਤ ਨੇ ਸਭ ਚਤੁਰਾਈਆਂ ਛੱਡਕੇ ਕੇਵਲ) ਸਬਦ ਸੁਰਤ ਵਿਚ ਲਿਵ ਲਾਈ ਹੈ। ੭.ਆਪ ਭੀ ਵੱਡਾ ਹੈ (ਤੇ ਉਸ ਦੀ) ਸੋਭਾ ਦਾ ਭੀ ਅੰਤ ਨਹੀਂ ਹੈ।

 www.sikhbookclub.com

## ੧੭. (ਗੁਰਮੁਖ ਸੁਖ ਫਲ)।

੧. ਵਣ ਵਣ ਵਿਚਿ ਵਣਾਸਪਤਿ ਰਹੈ ਉਜਾੜਿ ਅੰਦਰਿ ਅਵਸਾਰੀ।
੨. ਚੁਣਿ ਚੁਣਿ ਆਂਜਨਿ ਬੂਟੀਆ ਪਤਿਸਾਹੀ ਬਾਗ ਲਾਇ ਸਵਾਰੀ।
੩. ਸਿੰਜਿ ਸਿੰਜਿ ਬਿਰਖ ਵਡੀਰੀਅਨਿ ਸਾਰਿ ਸਮ੍ਹਾਲਿ ਕਰਨ ਵੀਚਾਰੀ।
੪. ਹੋਇ ਸਫਲ ਰੁਤਿ ਆਈਐ ਅੰਮ੍ਰਿਤ ਫਲ ਅੰਮ੍ਰਿਤ ਰਸੁ ਭਾਰੀ।
੫. ਬਿਰਖਹੁ ਸਾਉ ਨ ਆਵਈ ਫਲ ਵਿਚਿ ਸਾਉ ਸੁਗੰਧਿ ਸੰਜਾਰੀ।
੬. ਪੂਰਨ ਬ੍ਰਹਮ ਜਗਤ੍ਰ ਵਿਚਿ ਗੁਰਮੁਖਿ ਸਾਧ ਸੰਗਤਿ ਨਿਰੰਕਾਰੀ।
੭. ਗੁਰਮੁਖਿ ਸੁਖ ਫਲੁ ਅਪਰ ਅਪਾਰੀ॥੧੭॥

**ਪਦਾਰਥ**-(ਅਵਸਾਰੀ=ਬੇ ਮਲੂਮ। ਆਂਜਨ=ਲਿਆਉਂਦੇ।
(ਸਾਉ=ਸ੍ਵਾਦ। ਸੰਜਾਰੀ=ਮਿਲੀ ਹੋਈ।

**ਅਰਥ**-੧.ਉਜਾੜ ਦੇ ਅੰਦਰ ਵਣਾਂ ਵਣਾਂ (ਅਰਥਾਤ ਬਹੁਤੇ ਦਰਖਤਾਂ) ਵਿਚ ਕਈ ਬੇਮਲੂਮ ਬਨਾਸਪਤੀ ਹੁੰਦੀ ਹੈ। ੨.(ਮਾਲੀ ਲੋਕ) ਚੁਣ ਚੁਣਕੇ ਬੂਟੀਆਂ ਲਿਆਉਂਦੇ ਤੇ ਪਾਤਸ਼ਾਹੀ ਬਗੀਚਿਆਂ ਵਿਚ ਲਾਕੇ ਸਵਾਰਦੇ ਹਨ। ੩.ਪਾਣੀ ਦੇ ਦੇਕੇ ਬਿਰਛ ਵੱਡੇ ਕੀਤੇ ਜਾਂਦੇ ਹਨ ਤੇ ਵੀਚਾਰਵਾਨ (ਉਹਨਾਂ ਦੀ) ਸਾਰ ਸਮ੍ਹਾਲ ਕਰਦੇ ਹਨ। ੪.ਜਦ ਰੁਤ ਆਉਂਦੀ ਹੈ ਤਦੋਂ ਫਲਾਂ ਵਾਲੇ ਹੋਕੇ ਅੰਮ੍ਰਿਤ ਰਸਾਂ ਵਾਲੇ ਭਾਰੀ ਫਲ ਦਿੰਦੇ ਹਨ। ੫.ਬਿਰਖ ਤੋਂ ਸ੍ਵਾਦ (ਕੁਝ) ਨਹੀਂ ਪ੍ਰਤੀਤ ਹੁੰਦਾ (ਪਰੰਤੂ) ਫਲਾਂ ਵਿਚ ਸ੍ਵਾਦ ਤੇ ਸੁਗੰਧੀ ਮਿਲੀ ਹੋਈ ਹੁੰਦੀ ਹੈ। ੬.(ਤਿਵੇਂ) ਸਾਰੇ ਜਗਤ ਵਿਖੇ ਬ੍ਰਹਮ ਪੂਰਣ ਹੈ (ਪਰੰਤੂ) ਗੁਰਮੁਖਾਂ ਦੀ ਸਾਧ ਸੰਗਤ ਨਿਰੰਕਾਰੀ ਹੈ( ਭਾਵ ਨਿਰਾਕਾਰ ਦੀ ਪ੍ਰਾਪਤੀ ਇਥੇ ਹੀ ਹੋ ਸਕਦੀ ਹੈ। ਜਿੱਕੁਰ ਫਲਾਂ ਫੁਲਾਂ ਵਿਚੋਂ ਰਸ ਅਤੇ ਸੁਗੰਧੀ ਮਿਲ ਸਕਦੀ ਹੈ ਤਿਵੇਂ ਗੁਰਮੁਖ ਵਾਹਿਗੁਰੂ ਰੂਪ ਬ੍ਰਿਛ ਦੇ ਫਲ ਹਨ, ਜੋ ਸਾਨੂੰ ਆਤਮ ਸ੍ਵਾਦ ਦੇ ਸਕਦੇ ਹਨ) । ੭.ਗੁਰਮੁਖ ਹੀ ਸੁਖ ਰੂਪ ਫਲ ਅਪਰ ਅਪਾਰ ਹਨ (ਆਤਮ ਸੁਖ ਦੀ ਪ੍ਰਾਪਤੀ ਦਾ ਕਾਰਣ ਗੁਰਮੁਖ ਹੀ ਹਨ)।

**ਭਾਵ**-ਨਿਰਗੁਣ ਵਾਹਿਗੁਰੂ ਦੇ ਸੁਖ ਫਲ ਰੂਪ ਗੁਰਮੁਖ ਹਨ, ਜਿਨ੍ਹਾਂ ਤੋਂ ਜੀਵਾਂ ਨੂੰ ਉਸ ਦਾ ਗਯਾਨ ਪ੍ਰਾਪਤ ਹੁੰਦਾ ਹੈ।

## ੧੮. (ਅੰਬਰ ਵਰਣਨ)।

੧. ਅੰਬਰੁ ਨਦਰੀ ਆਂਵਦਾ ਕੇਵਡੁ ਵਡਾ ਕੋਇ ਨ ਜਾਣੈ।
੨. ਉਚਾ ਕੇਵਡੁ ਆਖੀਐ ਸੁੰਨ ਸਰੂਪ ਨ ਆਖਿ ਵਖਾਣੈ।
੩. ਲੈਨਿ ਉਡਾਰੀ ਪੰਖਣੂ ਅਨਲ ਮਨਲ ਉਡਿ ਖਬਰਿ ਨ ਆਣੈ।
੪. ਓੜਕੁ ਮੂਲਿ ਨ ਲਭਈ ਸਭੇ ਹੋਇ ਫਿਰਨਿ ਹੈਰਾਣੈ।
੫. ਲਖ ਅਗਾਸ ਨ ਅਪੜਨਿ ਕੁਦਰਤਿ ਕਾਦਰ ਨੋ ਕੁਰਬਾਣੈ।
੬. ਪਾਰਬ੍ਰਹਮ ਸਤਿਗੁਰ ਪੁਰਖੁ ਸਾਧ ਸੰਗਤਿ ਵਾਸਾ ਨਿਰਬਾਣੈ।
੭. ਮੁਰਦਾ ਹੁਇ ਮੁਰੀਦ ਸਿਵਾਣੈ॥੧੮॥

**ਪਦਾਰਥ**-(ਅੰਬਰ=ਆਕਾਸ। ਅਨਲ ਮਨਲ=ਕਲਪਿਤ ਪੰਛੀ।
(ਕੁਦਰਤਿ ਕਾਦਰ=ਕਰਤਾਰ ਦੀ ਰਚਨਾ। ਨਿਰਬਾਣੈ=ਇਕ ਰਸ।

**ਅਰਥ**-੧.ਅਕਾਸ਼ ਨਦਰੀ ਤਾਂ ਆਉਂਦਾ ਹੈ(ਪਰੰਤੂ)ਕਿੱਡਾਕੁ ਵੱਡਾ ਹੈ(ਇਹ)ਕੋਈ ਨਹੀਂ ਜਾਣਦਾ

੨.ਉੱਚਾ ਕਿੱਡਾਕੁ ਕਹੀਏ (ਉਹ ਤਾਂ) ਸੁੰਨ ਸਰੂਪ ਹੈ (ਨਿਰਾਵੈਰ ਦ੍ਰਬ੍ਯ ਹੈ) ਕੌਣ ਕਹਿ* ਸਕੇ। ੩.ਪੰਛੀ ਉਡਾਰੀਆਂ ਲੈਂਦੇ ਹਨ, ਅਨਲ ਮਨਲ (ਪੰਛੀ ਜਿਹੜਾ ਸਦਾ ਆਕਾਸ਼ ਪੁਰ ਹੀ ਰਹਿੰਦਾ ਮੰਨਿਆ ਹੈ)ਉਹ ਬੀ ਉਡਕੇ ਅੰਤ ਨਹੀਂ ਲਖਦਾ। ੪.ਉਸ ਦਾ ਓੜਕ ਮੂਲੋਂ ਨਹੀਂ ਲੱਭਦਾ, ਸਾਰੇ ਹੱਕੇ ਬੱਕੇ ਹੋਏ ਫਿਰ ਆਉਂਦੇ ਹਨ। ੫.ਕਰਤਾਰ ਦੀ ਰਚਨਾ ਥੋਂ ਕੁਰਬਾਨ ਜਾਈਏ, (ਉਸ ਨੂੰ) ਲੱਖਾਂ ਆਕਾਸ਼ ਨਹੀਂ ਪਹੁੰਚ ਸਕਦੇ। ੬.ਉਸ ਪਾਰੁਬ੍ਰਹਮ ਸਤਿਗੁਰੂ ਪੁਰਖ ਦਾ ਇਕ ਰਸ ਨਿਵਾਸ ਸਤਿਸੰਗ ਵਿਖੇ ਹੈ। ੭.ਪਰੰਤੂ ਜੋ ਮੁਰੀਦ ਮੁਰਦਾ ਹੋ ਰਹੇ (ਭਾਵ ਨਿਰਹੰਕਾਰ ਹੋਵੇਗਾ ਉਹ ਉਸ ਅਲਖ ਪਰਮਾਤਮਾ ਨੂੰ) ਲਖੇਗਾ।

**ਭਾਵ**-ਆਕਾਸ਼ ਜੋ ਸਾਰੇ ਵ੍ਯਾਪਕ ਹੈ, ਪੁਲਾੜ ਦੀ ਸ਼ਕਲ ਵਿਚ ਦਿਸਦਾ ਬੀ ਹੈ ਕਿੰਨਾ ਕੁ ਹੈ, ਕਿੱਥੇ ਜਾਕੇ ਆਕਾਸ਼ ਦਾ ਅਭਾਵ ਹੁੰਦਾ ਹੈ, ਕੋਈ ਨਹੀਂ ਜਾਣਦਾ। ਜਦ ਇਕ ਦ੍ਰਬ੍ਯ ਦਾ ਇਹ ਹਾਲ ਹੈ ਤਦ ਉਸ ਵਾਹਿਗੁਰੂ ਦੀ ਲੱਖਤਾ ਨੂੰ, ਜੋ ਦਿਸਦਾ ਬੀ ਨਹੀਂ ਹੈ ਆਕਾਸ਼ਾਂ ਤੋਂ ਵਧੀਕ ਵ੍ਯਾਪਕ ਤੇ ਸੂਖਮ ਹੈ, ਲੱਖਾਂ ਆਕਾਸ਼ ਜਿਸ ਅੱਗੇ ਤੁੱਛ ਹਨ-ਕਿੱਕੁਰ ਜਾਣਿਆਂ ਜਾਵੇ? ਬੁਧਿ ਉਸਦੀ ਕੁਦਰਤ ਤੋਂ ਉਸ ਨੂੰ ਲਖਕੇ ਕੁਰਬਾਨ ਜਾਂਦੀ ਹੈ, ਸਾਧ ਸੰਗ ਵਿਚ ਉਸ ਨੂੰ ਟੋਲੋ ਜਿਥੇ ਸ਼ਰਨ ਪ੍ਰਾਪਤ ਹੰਦੀ ਹੈ, ਅੱਗੇ ਹੋਰ ਪ੍ਰਕਾਰ ਪ੍ਰੀਤ ਨਾਲ ਮੇਲ ਹੋਣ ਦਾ ਦੱਸਦੇ ਹਨ।

## ੧੯. (ਗੁਰ ਮਹਿਮਾ)।

੧. ਗੁਰ ਮੂਰਤਿ ਪੂਰਨ ਬ੍ਰਹਮ ਘਟਿ ਘਟਿ ਅੰਦਰਿ ਸੂਰਜ ਸੁਝੈ।
੨. ਸੂਰਜ ਕਵਲੁ ਪਰੀਤ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।
੩. ਪਾਰਬ੍ਰਹਮ ਗੁਰ ਸਬਦੁ ਹੈ ਨਿਝਰ ਧਾਰ ਵਰ੍ਹੈ ਗੁਣ ਗੁਝੈ।
੪. ਕਿਰਖਿ ਬਿਰਖੁ ਹੋਇ ਸਫਲੁ ਫਲ ਚੰਦਨ ਵਾਸ ਨਿਵਾਸ ਨ ਖੁਝੈ।
੫. ਅਫਲ ਸਫਲ ਸਮਦਰਸ ਹੋਇ ਮੋਹੁ ਨ ਧੋਹ ਨ ਦੁਬਿਧਾ ਲੁਝੈ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਜੀਵਨ ਮੁਕਤਿ ਭੁਗਤਿ ਕਰਿ ਦੁਝੈ।
੭. ਸਾਧ ਸੰਗਤਿ ਮਿਲਿ ਸਹਜਿ ਸਮੁਝੈ॥੧੯॥

**ਪਦਾਰਥ**-(ਸੁਝੈ=ਪ੍ਰਕਾਸ਼ਦੇ ਹਨ। ਬੁਝੈ=ਸਮਝਦੇ ਹਨ। ਗੁਝੈ=ਗੂੜੇ!

**ਅਰਥ**-੧.ਗੁਰੂ ਪੂਰਣ ਬ੍ਰਹਮ ਸਰੂਪ ਹਨ, ਘਟਾਂ ਘਟਾਂ ਦੇ ਅੰਦਰ (ਇਕ) ਸੂਰਜ (ਰੂਪ ਹੋਕੇ) ਪ੍ਰਕਾਸ਼ ਰਹੇ ਹਨ। ੨.(ਜਿੱਕੁਰ) ਸੂਰਜ ਨਾਲ ਕਮਲ ਦੀ ਪ੍ਰੀਤਿ ਹੈ (ਤਿਵੇਂ) ਗੁਰਮਖ ਪ੍ਰੇਮਾ ਭਗਤੀ ਕਰਕੇ ਸਮਝਦੇ ਹਨ। ੩.ਗੁਰੂ ਦਾ ਸ਼ਬਦ ਭੀ ਪਾਰਬ੍ਰਹਮ ਦਾ ਰੂਪ ਹੈ (ਯਥਾ:-"**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥**"†) ਗੂੜ੍ਹੇ ਗੁਣਾਂ ਦੀ ਇਕ ਰਸ ਧਾਰ (ਸਬਦ ਵਿਚ ਅੰਮ੍ਰਿਤ ਦੀ) ਵਰਸਦੀ ਹੈ। ੪.(ਕ੍ਰਿਖੀ) ਖੇਤੀਆਂ ਸਫਲ ਤੇ ਬਿਰਖ ਭੀ ਫਲਦੇ ਹਨ, ਚੰਦਨ ਵਤ ਵਾਸ਼ਨਾ ਨਿਵਾਸ ਕਰਦੀ ਹੈ, (ਦ੍ਵੈਤ ਦਾ) ਖੋਜ ਉਡ ਜਾਂਦਾ ਹੈ। ੫.ਕੀ ਅਫਲ ਕੀ ਸਫਲ (ਸਾਰੇ) ਸਮਦਰਸੀ ਹੋ ਜਾਂਦੇ ਹਨ, ਮੋਹ ਦੀ ਧੂਹ ਨਹੀਂ (ਪੈਂਦੀ) ਤੇ ਦੁਬਿਧਾ ਲੂੰਹਦੀ ਨਹੀਂ ਹੈ(ਭਾਵ ਰਾਣਾ ਰੰਕ ਬਰਾਬਰੀ ਹੈ ਕੋਈ ਸ਼ਰਣ ਆਵੇ ਸਮਦਰਸੀ ਗਿਆਨੀ ਹੋ ਜਾਂਦਾ ਹੈ)। ੬.ਗੁਰਮੁਖ ਦੇ ਸੁਖ ਦਾ ਫਲ ਤੇ ਪ੍ਰੇਮ ਦਾ ਰਸ (ਭਗਤੀ ਦੁਆਰਾ) ਜੀਵਨ ਮੁਕਤ ਹੋ ਕੇ ਚੋ ਲੈਂਦਾ ਤੇ ਭੁਗਤਦਾ ਹੈ। ੭.ਸਾਧ ਸੰਗਤ ਨਾਲ ਮਿਲਕੇ ਸਹਜ ਪਦ ਵਿਖੇ (ਸਮੁੱਝੈ=) ਸਮਾਇ ਜਾਂਦਾ ਹੈ।

---

*ਕਾਲੱਤਣ ਜੋ ਨਜ਼ਰ ਆਉਂਦੀ ਹੈ ਇਹ ਕੋਈ ਸ਼ੈ ਨਹੀਂ ਹੈ, ਇਸ ਕਰਕੇ ਸੁੰਨ ਕਿਹਾ ਹੈ।ਅਕਾਸ਼ ਪੁਰਾਣਾਂ ਨੇ ਇੱਕ ਤੱਤ ਮੰਨਿਆ ਹੈ, ਅੱਜ ਕੱਲ ਦੀ ਵਿੱਗ੍ਯਾਨ (ਸਾਇੰਸ) ਨੇ ਬੀ (Ether) ਆਕਾਸ਼ ਸਾਰੇ ਵ੍ਯਾਪਕ ਪਰਮ ਸੂਖਮ ਵਸਤੂ ਮੰਨਿਆ ਹੈ।

†ਨਟ: ਅਸ਼ਟ: ਮ ੪-੩।

## ੨੦. (ਗੁਰ ਸ਼ਬਦ )।

੧. ਸਬਦੁ ਗੁਰੂ ਗੁਰ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨ ਚੇਲਾ।
੨. ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੇ ਹੋਇ ਮੇਲਾ।
੩. ਗਿਆਨੁ ਧਿਆਨੁ ਸਿਮਰਣ ਜੁਗਤਿ ਕੂੰਜ ਕੂਰਮ ਹੰਸ ਵੰਸੁ ਨਵੇਲਾ।
੪. ਬਿਰਖਹੁੰ ਫਲ ਫਲਤੇ ਬਿਰਖੁ ਗੁਰ ਸਿਖ ਸਿਖ ਗੁਰ ਮੰਤ ਸੁਹੇਲਾ।
੫. ਵੀਹਾ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।
੬. ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸ ਵਹੇਲਾ।
੭. ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ॥੨੦॥੭॥

**ਪਦਾਰਥ**-(ਧੁਨ=ਤਾਰ। ਕੂਰਮ=ਕੱਛੂ। ਨਵੇਲਾ=ਨਵੀਨ ਸੁਹੇਲਾ=ਸੁਗਮ। (ਇਕੀਹ=ਈਸ਼੍ਵਰ ਆਦੇਸ=ਨਮਸਕਾਰ। (ਅ) ਦੇਸ਼ ਕਾਲ ਦੇ ਭੇਤ ਤੋਂ ਰਹਤ।

**ਅਰਥ**-੧. ਗੁਰੂ ਦਾ ਸ਼ਬਦ ਗੁਰੂ (ਰੂਪ) ਜਾਣੋ, (ਜਿਹੜਾ) ਗੁਰਮੁਖ ਹੋ ਕੇ (ਉਸ ਦੀ) ਸੁਰਤ (ਵਿਖੇ) ਧੁਨ (ਲਾਉਂਦਾ ਹੈ ਉਹ) ਚੇਲਾ ਹੈ। ੨.(ਜਦ ਉਹ) ਸਾਧ ਸੰਗਤ ਰੂਪੀ ਸੱਚੇ ਖੰਡ ਦੀ ਪ੍ਰੇਮਾ ਭਗਤੀ ਵਿਚ ਪਰਚਦਾ ਹੈ (ਉਸ ਦਾ ਭਗਵੰਤ ਨਾਲ) ਮੇਲ ਹੋ ਜਾਂਦਾ ਹੈ। ੩. ਗਿਆਨ, ਧਿਆਨ ਅਤੇ ਸਿਮਰਣ ਦੀ ਜੁਗਤੀ ਵਿਖੇ ਕੂੰਜ, ਕੱਛੂ ਅਤੇ ਹੰਸਾਂ ਦੀ ਵੰਸ਼ ਨਵੀਨ ਹੈ। (ਭਾਵ ਦੁੱਧ ਤੇ ਪਾਣੀ ਰੂਪ ਤੱਤ ਮਿੱਥਯਾ ਦੇ ਵਿਵੇਚਨ ਕਰਨ ਵਿਖੇ ਹੰਸਾਂ ਦੀ ਵੰਸ ਪ੍ਰਬੀਨ ਹੈ ਅਰ ਧਿਆਨ ਦੀ ਜੁਗਤੀ ਵਿਖੇ ਕੱਛੂ ਦੀ ਵੰਸ਼ ਪ੍ਰਬੀਨ ਹੈ। ਪੁਨਾ-ਸਿਮਰਣ ਦੀ ਜੁਗਤੀ ਵਿਖੇ ਕੂੰਜ ਦੀ ਵੰਸ਼ ਪ੍ਰਬੀਨ ਹੈ, ਕਿਉਂ ਜੋ ਉਸ ਦੇ ਸਿਮਰਣ ਨਾਲ ਬੱਚੇ ਪਲਦੇ ਹਨ, ਗੱਲ ਕੀ ਗੁਰਮੁਖ ਵਿਖੇ ਤਿੰਨੇ ਗੁਣ ਹਨ। ਨਾਮ ਵਿਖੇ ਕੂੰਜ ਤੇ ਕੂਰਮ ਵਾਂਗੂੰ ਧਿਆਨ ਤੇ ਗਿਆਨ ਰੱਖਦੇ ਹਨ, ਹੰਸਾਂ ਵਾਂਗੂੰ ਝੂਠ ਤੇ ਸਚ ਨੂੰ ਨਿਤਾਰਦੇ ਹਨ)। ੪.(ਜਿੱਕੁਰ) ਬਿਰਛ ਤੋਂ ਫਲ ਤੇ ਫਲ ਤੋਂ ਬਿਰਛ ਹੁੰਦਾ ਹੈ (ਤਥਾ) ਗੁਰੂ ਤੋਂ ਸਿੱਖ ਤੇ ਸਿੱਖ ਤੋਂ ਗੁਰੂ ਸੁਹੇਲੇ ਮੰਤ੍ਰ (ਦੁਆਰਾ) ਹੋਇਆ। ੫. ਵੀਹ ਵਿਸਵੇ (ਸੰਸਾਰ) ਵਿਖੇ ਵਰਤਮਾਨ ਸੀ, ਉਸ ਤੋਂ ਨਿਕਲ ਕੇ ਇਕ ਈਸ਼੍ਵਰ ਵਿਖੇ ਮਿਲਕੇ ਮਨ ਬਾਣੀ ਤੋਂ ਪਰੇ ਹੋਕੇ ਖੇਲਦਾ ਹੈ। ੬. ਆਦਿ ਪੁਰਖ ਨੂੰ ਅਦੇਸ (ਨਮਸਕਾਰ) ਕਰਕੇ, ਆਦਿ ਪੁਰਖ ਜੋ (ਅਦੇਸ਼ ਅਰਥਾਤ) ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ, (ਤਿਸ ਵਿਖੇ ਵਹੇਲਾ=) ਮਿਲਦਾ ਹੈ। ੭. ਅੰਮ੍ਰਿਤ ਵੇਲੇ ਜੋ (ਵਾਹਿਗੁਰੂ ਦੀ) ਕੀਰਤੀ ਕਰਨੀ ਹੈ (ਏਹ ਉਸ ਦੀ) ਸਿਫਤ (ਗੁਣ) ਹੈ।

ਯਥਾ :-"**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥**" (ਜਪੁਜੀ-੪)

## ਵਾਰ ੯.

ੴ ਸਤਿਗੁਰ ਪ੍ਰਸਾਦਿ॥

## ੧. (ਵਸਤੂ ਨਿਰਦੇਸ਼ ਮੰਗਲਾਚਰਣ)।

੧. ਇਕ ਕਵਾਉ ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਸਾਰਾ।


www.sikhbookclub.com

੨. ਪੰਜਿ ਤਤ ਪਰਵਾਣੁ ਕਰਿ ਚਹੁੰ ਖਾਣੀ ਵਿਚ ਸਭ ਵਰਤਾਰਾ।
੩. ਕੇਵਡੁ ਧਰਤੀ ਆਖੀਐ ਕੇਵਡੁ ਤੋਲੁ ਅਗਾਸ ਅਕਾਰਾ।
੪. ਕੇਵਡੁ ਪਵਣੁ ਵਖਾਣੀਐ ਕੇਵਡੁ ਪਾਣੀ ਤੋਲੁ ਵਿਥਾਰਾ।
੫. ਕੇਵਡੁ ਅਗਨੀ ਭਾਰੁ ਹੈ ਤੁਲਿ ਨ ਤੋਲਿ ਅਤੋਲੁ ਭੰਡਾਰਾ।
੬. ਕੇਵਡੁ ਆਖਾ ਸਿਰਜਣਹਾਰਾ॥੧॥

**ਪਦਾਰਥ**-(ਕਵਾਉ=ਵਾਕਜ। ਪਰਵਾਣੁ=ਪ੍ਰਮਾਣੀਕ। ਵਿਥਾਰਾ=ਵਿਸਥਾਰ।

**ਅਰਥ**-੧.(ਵਾਹਿਗੁਰੂ ਨੇ) ਇਕ ਵਾਕ ਨਾਲ ਪਸਾਰਾ ਕਰਕੇ (ਕੁਦਰਤ ਸਾਜੀ ਫੇਰ ਉਸ) ਕੁਦਰਤ ਵਿਚ (ਸਾਰਾ) ਪਸਾਰਾ (ਜੋ ਨਜ਼ਰ ਆ ਰਿਹਾ ਹੈ) ਕਰ ਦਿਤਾ। (ਭਾਵ ਪਹਿਲੇ ਵਾਕ ਨਾਲ ਸੂਖਮ ਅਕਾਰਤਾ ਰਚੀ ਗਈ, ਜਿਸ ਵਿਚੋਂ ਏਹ ਸਾਰਾ ਸਥੂਲ ਪਸਾਰਾ ਪਸਰਿਆ)। ੨.(ਅਪ, ਤੇਜ, ਵਾਯੂ, ਅਕਾਸ਼, ਪ੍ਰਿਥਵੀ ਇਨ੍ਹਾਂ) ਪੰਜਾਂ ਤੱਤਾਂ ਨੂੰ ਪ੍ਰਮਾਣੀਕ ਬਣਾ ਕੇ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਵਿਖੇ ਸਾਰੇ ਵਰਤਾਰੇ (ਪ੍ਰਚਲਿਤ) ਕੀਤੇ। ੩.ਧਰਤੀ ਕਿੱਡੀ ਕੁ ਆਖੀਏ, ਤੇ ਅਕਾਸ਼ ਦਾ ਤੋਲ ਅਰ (ਅਕਾਰ=) ਸਰੂਪ ਕਿੱਡਾ ਕੁ ਦੱਸੀਏ? ੪.'ਪਵਣ' ਕਿੱਡੀ ਕੁ ਦੱਸੀਏ, ਪਾਣੀ ਦੇ ਵਿਸਤਾਰ ਨੂੰ ਤੋਲਕੇ (ਕਿੰਨਾ ਕੁ ਵਜ਼ਨ) ਆਖੀਏ? ੫.(ਇਸੇ ਤਰ੍ਹਾਂ) ਅਗਨੀ ਦੀ ਮਿਣਤੀ ਕੀ ਦੱਸੀਏ ? (ਦਾਤੇ ਦੇ) ਭੰਡਾਰ ਅਤੋਲ ਹਨ ਤੋਲੇ ਨਹੀਂ ਜਾਂਦੇ ਹਨ। ੬.(ਜਦ ਦਾਤਾਂ ਅਤੋਲ ਹਨ ਮੈਂ) ਕਿੱਕੁਰ ਆਖ ਸਕਾਂ (ਕਿ) ਸਿਰਜਣਹਾਰ (ਦਾਤਾ ਆਪ) ਕਿੱਡਾ ਵੱਡਾ ਹੈ।

**ਭਾਵ**-ਆਪਣੇ ਮਿਤ ਨੂੰ ਅਪ ਹੀ ਜਾਣਦਾ ਹੈ। "**ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾ**॥"* "**ਕੇਵਡੁ ਵਡਾ ਡੀਠਾ ਹੋਇ**॥"† ਕੇਡਾ ਕੁ ਵੱਡਾ ਹੈ ਕਿਸੇ ਡਿੱਠਾ ਹੋਵੇ ਤਾ ਆਖੇ, ਉਹ ਤਾਂ ਮਨ ਬਾਣੀ ਥੋਂ ਅਗੋਚਰ ਹੈ।

## ੨. (ਦੈਵੀ ਅਤੇ ਆਸੁਰੀ ਸੰਪਦਾ)।

੧. ਕੇਵਡੁ ਸਤੁ ਸੰਤੋਖੁ ਹੈ ਦਯਾ ਧਰਮ ਤੇ ਅਰਥੁ ਵੀਚਾਰਾ।
੨. ਕੇਵਡੁ ਕਾਮੁ ਕਰੋਧੁ ਹੈ ਕੇਵਡੁ ਲੋਭ ਮੋਹੁ ਅਹੰਕਾਰਾ।
੩. ਕੇਵਡੁ ਦਿਸਟਿ ਵਖਾਣੀਐ ਕੇਵਡੁ ਰੂਪ ਰੰਗੁ ਪਰਕਾਰਾ।
੪. ਕੇਵਡੁ ਸੁਰਤਿ ਸਲਾਹੀਐ ਕੇਵਡੁ ਸਬਦੁ ਵਿਥਾਰੁ ਪਸਾਰਾ।
੫. ਕੇਵਡੁ ਵਾਸ ਨਿਵਾਸੁ ਹੈ ਕੇਵਡੁ ਗੰਧ ਸੁਗੰਧਿ ਅਚਾਰਾ।
੬. ਕੇਵਡੁ ਰਸ ਕਸ ਆਖੀਅਨਿ ਕੇਵਡੁ ਸਾਦ ਨਾਦ ਓਅੰਕਾਰਾ।
੭. ਅੰਤੁ ਬਿਅੰਤੁ ਨ ਪਾਰਾਵਾਰਾ‡॥੨॥

**ਪਦਾਰਥ**-(ਦਿਸਟਿ=ਦ੍ਰਿਸ਼ਟੀ। ਸੁਰਤਿ=ਗਜਾਤ।
(ਸਬਦੁ ਵਿਥਾਰੁ=ਸ਼ਬਦ ਦਾ ਵਿਸਤਾਰ। ਗੰਧ ਸੁਗੰਧਿ=ਗੰਧਾਂ ਵਿਚ ਸੁਗੰਧੀ।

**ਅਰਥ**-੧.(ਈਸ਼੍ਵਰ ਦੀ ਦੈਵੀ ਸੰਪਦਾ ਦੇ ਗੁਣ) ਸਤ, ਸੰਤੋਖ, ਦਯਾ, ਧਰਮ ਤੇ ਅਰਥ ਦਾ ਵਿਚਾਰ ਕਿੱਡਾਕੁ (ਕਹੀਏ, ਅਰਥਾਤ ਬਿਅੰਤ ਹੈ)। ੨.ਕਾਮ, ਕ੍ਰੋਧ ਕੇਡਾ ਵੱਡਾ ਹੈ, ਤੇ ਲੋਭ, ਮੋਹ, ਹੰਕਾਰ ਕੇਡਾਕੁ ਹੈ? ੩.(ਉਸਦੀ) ਦ੍ਰਿਸ਼ਟੀ ਕਿੱਡੀਕੁ ਕਹੀਏ, ਰੂਪ ਰੰਗ ਦੇ ਪਰਕਾਰ ਕਿਡੇ ਕੁ ਹਨ?

*ਆਸਾ:ਵਾਰ ਮ ੧-੮, †ਆਸਾ: ਮ ੧: ਚਓ:੧।

‡ਇਸ ਪਉੜੀ ਦਾ ਤੀਜੀ ਪਉੜੀ ਦੀ ਥਾਵੇਂ ਤੇ ਤੀਜੀ ਦਾ ਇਸ ਦੂਜੀ ਦੀ ਥਾਵੇਂ ਬੀ ਪਾਠ ਕਈ ਪੋਥੀਆਂ ਵਿਚ ਦੇਖਿਆ ਗਿਆ ਹੈ। ਸਭ ਤੋਂ ਪੁਰਾਤਨ ਲਿਖਤੀ ਪੋਥੀ ਬੀ ਏਥੋਂ ਦੀ ਦੂਜੀ ਪਉੜੀ ਤੀਜੀ ਦੀ ਥਾਵੇਂ ਹੈ ਤੇ ਤੀਜੀ ਦੂਜੀ ਦੀ ਥਾਵੇਂ।


www.sikhbookclub.com

੪.'ਸੁਰਤ' ਦੀ ਸ਼ਲਾਘਾ ਕਿੱਡੀਕੁ, ਸ਼ਬਦ ਦਾ ਵਿਸਤਾਰ ਪਸਾਰਾ ਕੇਡਾਕੁ ਕਹੀਏ ? ੫.ਵਾਸ਼ਨਾ (ਗੰਧੀਆਂ) ਦਾ ਨਿਵਾਸ ਕਿੱਡਾਕੁ ਹੈ, (ਫੇਰ) ਗੰਧੀਆਂ ਅਰ ਸੁਗੰਧੀਆਂ ਦਾ ਕੰਮ ਕੇਡਾਕੁ ਹੈ ? (ਭਾਵ ਖੁਸ਼ਬੋਆਂ ਦੇ ਨਿਵਾਸ ਦਾ ਪਤਾ ਨਹੀਂ, ਕਿੰਨੀ ਅੱਡ ਅੱਡ ਫੁਲਾਂ ਜੜ੍ਹਾਂ ਆਦਿ ਵਿਚ ਵੱਸਦੀ ਹੈ, ਫੇਰ ਪਤਾ ਨਹੀਂ ਕਿ ਉਹ ਅੱਡ ਅੱਡ ਕੀ ਕੀ ਤੇ ਕਿੰਨਾ ਕਿੰਨਾ ਅੱਡੋ ਅੱਡ ਕੰਮ ਕਰ ਰਹੀਆਂ ਹਨ) ? ੬.ਰਸ ਕਸ ਕਿੰਨੇਕੁ ਕਹੀਏ, ਓਅੰਕਾਰ ਦੇ ਨਾਦ ਵ (ਸ਼ਬਦ) ਦਾ ਸੁਾਦ ਕੇਡਾ ਕੁ (ਆਖੀਏ)। ੭.ਅੰਤ ਥੋਂ ਬਿਅੰਤ ਹਨ, ਪਾਰਾਵਾਰ ਨਹੀਂ ਆਉਂਦਾ।

**ਭਾਵ**-ਰਚੀ ਹੋਈ ਰਚਨਾਂ ਦੀ ਬੇਅੰਤਤਾ ਗੁਣਾਂ ਸੁਭਾਵਾਂ ਪਦਾਰਥਾਂ ਦੀ ਬੇਅੰਤਤਾ ਕਥਨ ਕਰਕੇ ਦੱਸ ਰਹੇ ਹਨ ਕਿ ਮਾਯਾ ਦਾ ਪਾਰਾਵਾਰ ਨਹੀਂ ਹੈ, ਜੋ ਰਚੀ ਹੋਈ ਹੈ; ਤਦ ਰਚਣਹਾਰ ਕੇਡਾਕੁ ਬੇਅੰਤ ਹੋਵੇਗਾ?

## ੩. (ਉਹੋ ਹੀ)।

੧. ਚਉਰਾਸੀਹ ਲਖ ਜੋਨਿ ਵਿਚਿ ਜਲ ਥਲ ਮਹੀਅਲੁ ਤ੍ਰਿਭਵਣ ਸਾਰਾ।
੨. ਇਕਸਿ ਇਕਸਿ ਜੋਨਿ ਵਿਚਿ ਜੀਅ ਜੰਤ ਅਗਣਤ ਅਪਾਰਾ।
੩. ਸਾਸਿ ਗਿਰਾਸਿ ਸਮਾਲਦਾ ਕਰਿ ਬ੍ਰਹਮੰਡ ਕਰੋੜਿ ਸੁਮਾਰਾ।
੪. ਰੋਮ ਰੋਮ ਵਿਚਿ ਰਖਿਓਨੁ ਓਅੰਕਾਰ ਅਕਾਰੁ ਵਿਥਾਰਾ।
੫. ਸਿਰਿ ਸਿਰਿ ਲੇਖ ਅਲੇਖੁ ਦਾ ਲੇਖ ਅਲੇਖ ਉਪਾਵਣ ਹਾਰਾ।
੬. ਕੁਦਰਤਿ ਕਵਣੁ ਕਰੈ ਵੀਚਾਰਾ ॥੩॥

**ਅਰਥ**-੧. ਜਲਾਂ ਥਲਾਂ ਅਕਾਸ਼ਾਂ ਤਿੰਨੇ ਭਵਨਾਂ ਵਿਚ ਚੌਰਾਸੀ ਲੱਖ ਜੂਨੀਆਂ ਬਣਾਈਆਂ। ੨. ਇਕ ਇਕ ਜੂਨ ਵਿਚ ਬੇਸ਼ੁਮਾਰ ਜੀਵ ਜੰਤੂ ਬਣਾਏ। ੩. (ਇਕ ਇਕ ਰੋਮ ਵਿਚ) ਕਰੋੜਾਂ ਬ੍ਰਹਮੰਡ ਰਚੇ ਹਨ (ਫੇਰ ਉਨ੍ਹਾਂ ਦੀ) ਸਮ੍ਹਾਲ ਸੁਾਸ ਸੁਾਸ ਕਰਦਾ ਹੈ। ੪. ਰੋਮ ਰੋਮ ਵਿਚ ਓਅੰਕਾਰ ਦੇ ਅਕਾਰ ਦਾ ਵਿਸਥਾਰ ਰੱਖਿਆ ਹੈ। ੫. ਸਿਰ ਸਿਰ (ਉਪਰ ਉਸ) ਅਲਖ ਦਾ ਲੇਖ (=ਹੁਕਮ) ਹੈ(ਅਤੇ ਆਪ) ਸਿਰਜਣਹਾਰ ਲੇਖੇ ਤੋਂ ਅਲੇਖ ਹੈ। ੬. (ਉਸਦੀ) ਕੁਦਰਤ ਦਾ ਵੀਚਾਰ ਕੌਣ ਕਰੇ ?

**ਭਾਵ**-"**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥**"* ਉਸ ਅਕਾਲ ਪੁਰਖ ਦੀ ਕੁਦਰਤ ਦਾ ਕੌਣ ਹੈ ਜੋ ਵੀਚਾਰ ਕਰ ਸਕੇ। "**ਕੁਦਰਤਿ ਕਵਣ ਕਹਾ ਵੀਚਾਰ ॥ ਵਾਰਿਆ ਨ ਜਾਵਾ ਏਕ ਵਾਰ ॥**"† ਐਤਨੀ ਬੇਅੰਤ ਰਚਨਾਂ ਦੇ ਇਕ ਇਕ ਜੀਅ ਦੇ ਰੋਮ ਰੋਮ ਵਿਚ ਓਅੰਕਾਰ ਦਾ ਆਕਾਰ ਰੱਖਿਆ ਹੈ, ਭਾਵ ਆਪ ਨੂੰ ਵਜਾਪਕ ਰਖਿਆ ਹੈ। ਫੇਰ ਰਚਨਾ ਪਰਬਾਹਰੀ ਨਹੀਂ ਹੋ ਗਈ, ਉਸਦੇ ਹੁਕਮ ਵਿਚ ਹੈ।

## ੪. (ਤਥਾ)।

੧. ਕੇਵਡੁ ਦੁਖ ਸੁਖੁ ਆਖੀਐ ਕੇਵਡੁ ਹਰਖ ਸੋਗ ਵਿਸਥਾਰਾ।
੨. ਕੇਵਡੁ ਸਚੁ ਵਖਾਣੀਐ ਕੇਵਡੁ ਕੂੜੁ ਕਮਾਵਣ ਹਾਰਾ।
੩. ਕੇਵਡੁ ਰੁਤੀ ਮਾਹ ਕਰਿ ਦਿਹ ਰਾਤੀ ਵਿਸਮਾਦੁ ਵੀਚਾਰਾ।
੪. ਆਸਾ ਮਨਸਾ ਕੇਵਡੀ ਕੇਵਡੁ ਨੀਦ ਭੁਖ ਆਹਾਰਾ।
੫. ਕੇਵਡੁ ਆਖਾਂ ਭਾਉ ਭਉ ਸਾਂਤਿ ਸਹਜਿ ਉਪਕਾਰ ਵਿਕਾਰਾ।
੬. ਤੋਲ ਅਤੋਲ ਨ ਤੋਲਣ ਹਾਰਾ ॥੪॥

**ਪਦਾਰਥ**-(ਵਿਸਮਾਦੁ=ਅਚਰਜ।

*ਜਪੁਜੀ †ਜਪੁਜੀ

**ਅਰਥ**-੧.ਕੇਡਾਕੁ ਦੁਖ, ਸੁਖ ਆਖੀਏ ਤੇ ਹਰਖ (ਅਰ) ਸੋਗ ਦਾ ਵਿਸਤਾਰ ਕਿੱਡਾ ਕੁ (ਕਹੀਏ)। ੨.ਸੱਚ ਨੂੰ ਕੇਡਾਕੁ ਕਹੀਏ, ਕੂੜ (ਝੂਠ) ਬੋਲਣ ਵਾਲੇ ਕਿੰਨੇਕੁ ਹਨ? ੩.ਕਿੰਨੀਆਂਕੁ ਰੁੱਤਾਂ ਦਾ, ਮਹੀਨਿਆਂ ਦਾ, ਅਤੇ ਦਿਨ ਰਾਤ ਦੇ ਵਿਚਾਰ ਦਾ (ਸਾਜ ਰਚਕੇ) ਅਚਰਜ (ਰੂਪ ਰਚਿਆ) ਹੈ? ੪.ਆਸਾ ਮਨਸਾ ਕਿੱਡੀ ਵੱਡੀ ਹੈ, ਨੀਂਦ ਭੁਖ ਅਹਾਰ (ਭੋਜਨ ਦਾ) ਕਿੰਨਾ ਕੁ (ਵੀਚਾਰ) ਹੈ। ੫.(ਕਈ) ਭਾਉ ਭਉ (ਰੱਖਕੇ) ਸ਼ਾਂਤਿ ਦੇ ਸੁਭਾਵਕ ਉਪਕਾਰ (ਹੀ ਕਰਦੇ ਹਨ, ਕਈ) ਵਿਕਾਰਾਂ (ਵਿਚ ਮਸਤ ਹਨ, ਐਸੇ) ਕਿੰਨੇਕੁ (ਆਖਾਂ) , ੬.(ਉਸ ਦੀ ਸ੍ਰਿਸ਼ਟੀ) ਤੋਲਣ ਥੋਂ ਅਤੋਲ ਹੈ, ਕੋਈ (ਜੀਵ) ਤੋਲਣਹਾਰਾ ਨਹੀਂ ਹੈ।

**ਭਾਵ**-ਇਥੇ ਭੀ ਉਹੀ ਕ੍ਰਿਤ ਦੀ ਬੇਅੰਤਤਾ ਕਹੀ ਹੈ।

## ੫. (ਤਥਾਚ)।

੧. ਕੇਵਡੁ ਤੋਲੁ ਸੰਜੋਗ ਦਾ ਕੇਵਡੁ ਤੋਲੁ ਵਿਜੋਗੁ ਵੀਚਾਰਾ।
੨. ਕੇਵਡੁ ਹਸਣੁ ਆਖੀਐ ਕੇਵਡੁ ਰੋਵਣ ਦਾ ਬਿਸਥਾਰਾ।
੩. ਕੇਵਡੁ ਹੈ ਨਿਰਵਿਰਤਿ ਪਖੁ ਕੇਵਡੁ ਹੈ ਪਰਵਿਰਤਿ ਪਸਾਰਾ।
੪. ਕੇਵਡੁ ਆਖਾ ਪੁੰਨ ਪਾਪੁ ਕੇਵਡੁ ਆਖਾ ਮੋਖੁ ਦੁਆਰਾ।
੫. ਕੇਵਡੁ ਕੁਦਰਤਿ ਆਖੀਐ ਇਕਦੂੰ ਕੁਦਰਤਿ ਲਖ ਅਪਾਰਾ।
੬. ਦਾਨੈ ਕ਼ੀਮਤਿ ਨਾ ਪਵੈ ਕੇਵਡੁ ਦਾਤਾ ਦੇਵਣਹਾਰਾ।
੭. ਅਕਥ ਕਥਾ ਅਬਿਗਤਿ ਨਿਰਧਾਰਾ।।੫।।

**ਪਦਾਰਥ**-(ਸੰਜੋਗ=ਮਿਲਾਪ। ਵਿਜੋਗ=ਵਿਛੋੜਾ।ਨਿਰਵਿਰਤ=ਵੈਰਾਗੀ ਪੱਖ। ਪਰਵਿਰਤ=ਗ੍ਰਿਹਸਤ।
(ਦਾਨੈ=ਖਜਾਨਾ। ਅਬਿਗਤਿ=ਜਿਸ ਦੀ ਗਤੀ ਨਾ ਲਖੀ ਜਾਵੇ।
(ਨਿਰਧਾਰਾ=ਜਿਸ ਦਾ ਆਸਰਾ ਕੋਈ ਨਾ ਹੋਵੇ; ਜੋ ਆਪਣੇ ਆਸਰੇ ਆਪ ਹੋਵੇ।

**ਅਰਥ**-੧.ਸੰਜੋਗ ਅਤੇ ਵਿਜੋਗ ਦੇ ਤੋਲ ਦਾ ਕਿੰਨਾ ਕੁ ਵੀਚਾਰ ਕਰੀਏ (ਭਾਵ ਖਿਨ ਖਿਨ ਵਿਚ ਜੀਵ ਮਿਲਦੇ ਤੇ ਵਿੱਛੜ ਜਾਂਦੇ ਹਨ)। ੨.ਕਿੰਨਾ ਹੱਸਣ (ਸੰਜੋਗ ਵਿਚ) ਕਿੰਨਾ ਕੁ ਰੋਣ (ਵਿਜੋਗ ਵਿਚ) ਦਾ ਵਿਸਥਾਰ ਆਖੀਏ। ੩.ਨਿਰਵਿਰਤ ਪੱਖ (ਸੰਸਾਰ ਛੱਡ ਜਾਣਾ) ਕਿੰਨਾ ਹੈ ਤੇ ਪਰਵਿਰਤ ਪੱਖ (ਗ੍ਰਿਹਸਤ) ਕਿੱਡਾ ਕੁ ਪਸਾਰੇ ਵਾਲਾ ਹੈ। ੪.ਪਾਪ ਪੁੰਨ ਕੇਡਾ ਕੁ ਆਖਾਂ ਮੁਕਤੀ ਦਾ ਦੁਆਰਾ ਕੇਡਾ ਕੁ ਆਖਾਂ। ੫.ਕੁਦਰਤ ਕਿੱਡੀ ਕੁ ਆਖੀਏ, ਇਕ ਤੋਂ ਲਖਾਂ ਹਜ਼ਾਰਾਂ ਦੇ (ਅੱਗੇ ਅੱਗੇ ਪਸਾਰਾ ਚਲਦਾ) ਹੈ ਕੁਦਰਤ ਦਾ। ੬.(ਪਾਲਣ ਪੋਖਣ ਦਾ ਜੋ) ਖਜਾਨਾ (ਖੋਹਲ ਦਿਤਾ ਹੈ) ਉਸ ਦਾ ਅੰਤ ਨਹੀਂ ਹੈ, (ਵਾਹਿਗੁਰੂ ਜੋ) ਦਾਤ ਦੇ ਰਿਹਾ ਹੈ, (ਕੌਣ ਕਹਿ ਸਕੇ ਕਿ) ਕਿੱਡਾਕੁ ਹੈ ? ੭.(ਉਸ ਦੀ) ਕਥਾ ਅਕੱਥ ਹੈ ਅਬਿਗਤ ਤੇ ਨਿਰਾਧਾਰ ਹੈ।

**ਭਾਵ**-"**ਕਥਨਾ ਕਥੀ ਨ ਆਵੈ ਤੋਟਿ॥**"* ਤਥਾ:-"**ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥**" (ਗਉ ਮ: ੧)

## ੬. (ਸੰਗਤ ਦਾ ਫਲ)।

੧. ਲਖ ਚਉਰਾਸੀਹ ਜੋਨਿ ਵਿਚਿ ਮਾਣਸ ਜਨਮੁ ਦੁਲੰਭੁ ਉਪਾਇਆ।
੨. ਚਾਰਿ ਵਰਨ ਚਾਰਿ ਮਜਹਬਾ ਹਿੰਦੂ ਮੁਸਲਮਾਨ ਸਦਾਇਆ।
੩. ਕਿਤੜੇ ਪੁਰਖ ਵਖਾਣੀਅਨਿ ਨਾਰਿ ਸੁਮਾਰਿ ਅਗਣਤ ਗਣਾਇਆ।
੪. ਤ੍ਰੈ ਗੁਣ ਮਾਇਆ ਚਲਤ ਹੈ ਬ੍ਰਹਮਾ ਬਿਸਨੁ ਮਹੇਸ ਰਚਾਇਆ।

*ਜਪੁਜੀ

੫. ਵੇਦ ਕਤੇਬਾ ਵਾਚਦੇ ਇਕੁ ਸਾਹਿਬੁ ਦੁਇ ਰਾਹ ਚਲਾਇਆ।
੬. ਸਿਵ ਸਕਤੀ ਵਿਚਿ ਖੇਲੁ ਕਰਿ ਜੋਗ ਭੋਗ ਬਹੁ ਚਲਤ ਬਣਾਇਆ।
੭. ਸਾਧ ਅਸਾਧ ਸੰਗਤਿ ਫਲੁ ਪਾਇਆ॥੬॥

**ਪਦਾਰਥ**-(ਦੁਲੰਭ=ਦੁਰਲਭ। ਸਿਵ ਸਕਤੀ=ਸਤੋ ਤਮੋ ਗੁਣ। ਸਾਧ ਅਸਾਧ=ਭਲਾ ਬੁਰਾ।

**ਅਰਥ**-੧.ਚੌਰਾਸੀ ਲੱਖ ਜੋਨੀਆਂ ਵਿਚ ਮਨੁਖ ਜਨਮ (ਵੱਡਾ) ਦੁਰਲਭ ਪੈਦਾ ਕੀਤਾ ਹੈ। ੨.(ਹਿੰਦੂਆਂ ਵਿਚ ਖੱਤ੍ਰੀ, ਬ੍ਰਾਹਮਣ, ਵੈਸ਼, ਸ਼ੂਦ੍ਰ) ਚਾਰ ਵਰਣ ਕਰਕੇ (ਅਰ ਮੁਸਲਮਾਨਾਂ ਵਿਚ) ਚਾਰ ਮਜ਼ਹਬ ਕਰਕੇ ਹਿੰਦੂ ਮੁਸਲਮਾਨ ਸਦਾਏ। ੩.ਕਈ ਪੁਰਖ ਕਹੀਦੇ ਹਨ, ਕਈ ਇਸਤ੍ਰੀਆਂ ਰਚੀਆਂ, ਗਿਣਤੀ ਅਗਿਣਤ ਰੱਖੀ। ੪.(ਇਹ ਭੀ) ਤ੍ਰੈ ਗੁਣੀ ਮਾਇਆ ਦਾ ਚਲਿੱਤ੍ਰ ਹੈ (ਕਿ ਜੋ ਕਹਿੰਦੇ ਹਨ ਕਿ) ਬ੍ਰਹਮਾ ਵਿਸ਼ਨੂੰ ਸਿਵ ਰਚ ਦਿੱਤੇ । ੫.(ਹਿੰਦੂ) ਵੇਦ (ਤੇ ਮੁਸਲਮਾਨ) ਕਿਤਾਬਾਂ ਵਾਚਦੇ ਹਨ, ਸਹਿਬ ਇਕੋ ਹੈ, ਰਾਹ ਦੋ ਚਲਾ ਧਰੇ ਹਨ। ੬.ਸਤੋ ਤਮੋ ਵਿਚ ਖੇਲ ਕਰਕੇ ਜੋਗ ਭੋਗ ਦਾ ਬੜਾ ਚਲਿਤ੍ਰ ਰਚਿਆ ਹੈ। (ਜੋ ਸਤੋਗੁਣੀ ਹਨ ਯੋਗਾਭ੍ਯਾਸ ਕਰਕੇ ਅਰ ਜੋ ਤਮੋ ਗੁਣੀ ਹਨ ਭੋਗਾਂ ਵਿਚ ਆਸ਼ਕਤ ਹਨ)। ੭.ਸੰਗਤ ਦਾ ਫਲ ਭਲਾ ਬੁਰਾ ਬਣਾ ਛੱਡਿਆ ਹੈ।

**ਭਾਵ**-**"ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ॥"*** **"ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ॥ ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥"**† ਦੋਹਾ ਨਵੀਨ-ਦੋ ਸ਼ੁਕ ਇਕ ਸ਼ੁਕ ਸ਼ੁਕੀ ਸੁਤ ਸੰਤ ਅਸੰਤੇ ਕੋਲ । 'ਆਈਏ ਜੀ ਬੈਠੋ' 'ਫੜੋ ਮਾਰੋ' ਬੋਲਤਿ ਬੋਲ॥੧॥ ਏਕ ਤਾਤ ਇਕ ਮਾਤ ਸੁਤ, ਨਿਜ ਸੰਗਤ ਅਨੁਸਾਰ। ਸੀਖਤ ਸਾਧ ਅਸਾਧ ਗੁਨ 'ਹਰਿ ਹਜੂਰ' ਨਿਰਧਾਰ॥੨॥

## ੭. (ਹਿੰਦੂ ਮਤ)।

੧. ਚਾਰ ਵਰਨ ਛਿਅ ਦਰਸਨਾ ਸਾਸਤ੍ਰ ਬੇਦ ਪੁਰਾਣੁ ਸੁਣਾਇਆ।
੨. ਦੇਵੀ ਦੇਵ ਸਰੇਵੜੇ ਦੇਵ ਸਥਲ ਤੀਰਥ ਭਰਮਾਇਆ।
੩. ਗਣ ਗੰਧਰਬ ਅਪਛਰਾ ਸੁਰਪਤਿ ਇੰਦ੍ਰ ਇੰਦ੍ਰਾਸਣ ਛਾਇਆ।
੪. ਜਤੀ ਸਤੀ ਸੰਤੋਖੀਆ ਸਿਧ ਨਾਥ ਅਵਤਾਰ ਗਣਾਇਆ।
੫. ਜਪ ਤਪ ਸੰਜਮ ਹੋਮ ਜਗ ਵਰਤ ਨੇਮ ਨਈਵੇਦ ਪੁਜਾਇਆ।
੬. ਸਿਖਾ ਸੂਤ੍ਰ ਮਾਲਾ ਤਿਲਕ ਪਿਤਰ ਕਰਮ ਦੇਵ ਕਰਮ ਕਮਾਇਆ।
੭. ਪੁੰਨ ਦਾਨ ਉਪਦੇਸੁ ਦਿੜਾਇਆ॥੭॥

**ਪਦਾਰਥ**-(ਸਰੇਵੜੇ=ਸੇਵਣੇ ਵਾਲੇ। ਦੇਵਸਥਲ=ਠਾਕਰ ਦੁਆਰੇ। (ਨਈਵੇਦ=ਠਾਕਰਾਂ ਦਾ ਭੋਗ। ਸਿਖਾ=ਬੋਦੀ।

**ਅਰਥ**-੧.ਚਾਰੇ ਵਰਣ, ਛੀ ਸਾਸਤ੍ਰਾਂ, (ਚਾਰ) ਵੇਦਾਂ, (ਅਠਾਰਾਂ) ਪੁਰਾਣਾਂ ਨੂੰ ਸੁਣਾਉਣ ਲੱਗੇ। ੨.ਦੇਵੀਆਂ ਦੇਵਤਿਆਂ ਨੂੰ ਸੇਵਣ, ਠਾਕਰ ਦੁਆਰਿਆਂ ਤੇ ਤੀਰਥਾਂ ਵਲ ਭਰਮਾਉਣ ਲੱਗ ਪਏ। ੩.(ਕਈ) ਗਣ ਗੰਧਰਬੁ ਤੇ ਅਪੱਛਰਾ ਤੇ ਸੁਰਾਂ ਦੇ ਪਤੀ ਇੰਦ੍ਰ ਹੋਕੇ ਇੰਦ੍ਰਾਸਣ ਪਰ ਬੈਠਣ ਲੱਗੇ, (ਭਾਵ ਇਨ੍ਹਾਂ ਦੀ ਅਰਾਧਣਾ ਵਿਚ ਲੱਗ ਗਏ)। ੪.ਕਈ ਜਤੀ ਸਤੀ ਸੰਤੋਖੀ ਹੀ ਰਹੇ, ਕਈ ਸਿੱਧ ਅਤੇ (ਨੌਂ) ਨਾਥ ਤੇ (ਚੌਵੀ) ਅਵਤਾਰਾਂ ਨੂੰ ਗਿਣਨ ਲੱਗੇ, (ਭਾਵ ਮੰਨਣ ਲੱਗੇ)। ੫.ਕਈ ਜਪ, ਤਪ, ਸੰਜਮ, ਹੋਮ, ਜੱਗ, ਬ੍ਰਤ, ਨੇਮ, ਨਈਵੇਦ ਰੱਖਕੇ (ਠਾਕੁਰ) ਪੂਜਾ ਵਿਚ ਰਹੇ। ੬.ਕਈ ਬੋਦੀ ਜਨੇਊ, ਮਾਲਾ, ਤਿਲਕ, ਪਿਤ੍ਰੀ ਤੇ ਵੇਦਕ ਕਰਮ ਕਮਾਉਣ ਲੱਗ ਪਏ। ੭.ਪੁੰਨ ਦਾਨ ਦਾ ਉਪਦੇਸ਼

*ਨਟ: ਅਸਟ: ਮ ੪-੩ †ਸਲੋਕ ਕਬੀਰ-੮੬.

ਕਰਨ ਲੱਗੇ।

**ਭਾਵ**-ਅਨੇਕ ਤਰ੍ਹਾਂ ਦੇ ਮਤਾਂ ਤੇ ਕਰਮ ਕਾਂਡਾਂ ਵਿਚ ਆਚਾਰਯਾਂ ਦੇ ਤੋਰੇ ਲੋਕ ਤੁਰਨ ਲੱਗ ਪਏ। ਸਾਹਿਬ ਇਕ ਸੀ, ਰਸਤੇ ਦੋ ਬਣਾਏ, ਉਹਨਾਂ ਵਿਚੋਂ ਇਕ ਇਕ ਵਿਚ ਅਨੇਕਾਂ ਹੋਰ ਫਿਰਕੇ ਬਣ ਗਏ।

## ੮. (ਮੁਹੰਮਦੀ ਮਤ)।

੧. ਪੀਰ ਪੈਕੰਬਰ ਅਉਲੀਏ ਗਉਸ ਕੁਤਬ ਵਲੀਉਲਹ ਜਾਣੇ।
੨. ਸੇਖ ਮਸਾਇਕ ਆਖੀਅਨਿ ਲਖ ਲਖ ਦਰਿ ਦਰਿਵੇਸ ਵਖਾਣੇ।
੩. ਸੁਹਦੇ ਲਖ ਸਹੀਦ ਹੋਇ ਲਖ ਅਬਦਾਲ ਮਲੰਗ ਮਿਲਾਣੇ।
੪. ਸਿੰਧੀ ਰੁਕਨ ਕਲੰਦਰਾ ਲਖ ਉਲਮਾਉ ਮੁਲਾ ਮਉਲਾਣੇ।
੫. ਸਰੈ ਸਰੀਅਤਿ ਆਖੀਐ ਤਰਕ ਤਰੀਕਤ ਰਾਹ ਸਿਵਾਣੇ।
੬. ਮਾਰਫਤੀ ਮਾਰੂਫ ਲਖ ਹਕ ਹਕੀਕਤਿ ਹੁਕਮਿ ਸਮਾਣੇ।
੭. ਬੁਜਰਕਵਾਰ ਹਜਾਰ ਮੁਹਾਣੇ ॥੮॥

**ਪਦਾਰਥ**-(ਪੈਕੰਬਰ=ਸੁਨੇਹਾ ਲੈਜਾਣ ਵਾਲਾ, ਭਗਤ। ਵਲੀਉਲਹ=ਖ਼ੁਦਾ ਦਾ ਦੋਸਤ। (ਮਸਾਇਕ=ਸ਼ੇਖ ਦਾ ਬਹੁ ਬਚਨ। ਸੁਹਦੇ=ਗ੍ਰੀਬ। ਸਹੀਦ=ਸੂਰਮੇ। (ਰੁਕਨ=ਸ਼੍ਰੋਮਣੀ ਮਹੰਤ। ਉਲਮਾਉ=ਪੰਡਤ। ਮਾਰੂਫ=ਮਸ਼ਹੂਰ ਗਜਾਨੀ।

**ਅਰਥ**-੧.ਪੀਰ, ਪੈਕੰਬਰ, ਔਲੀਆ, ਗਉਸ ਕੁਤਬ, ਵਲੀਉੱਲਾ (ਆਦਿ ਮੁਸਲਮਾਨਾਂ ਵਿਚ ਸਾਈਂ ਲੋਕਾਂ ਦੇ ਦਰਜੇ) ਜਾਣੇ ਜਾਂਦੇ ਹਨ। ੨.ਲੱਖਾਂ ਸ਼ੇਖ, (ਲੱਖਾਂ) ਮਸ਼ਾਇਕ ਆਖੀਦੇ ਹਨ, ਲੱਖਾਂ (ਖੁਦਾ ਦੇ) ਦਰਵਾਜ਼ੇ ਦੇ ਦਰਵੇਸ਼ ਕਹੀਦੇ ਹਨ। ੩.ਲੱਖਾਂ ਸ਼ੁਹਦੇ, ਲੱਖਾਂ ਸ਼ਹੀਦ, ਲੱਖਾਂ ਅਬਦਾਲ (ਫਕੀਰੀ ਦਾ ਦਰਜਾ) ਲੱਖਾਂ ਮਲੰਗ (ਫਕੀਰੀ ਦੇ ਦਰਜੇ) ਮਿਲਦੇ ਹਨ। ੪.(ਲੱਖਾਂ) ਸਿੰਧੀ (ਜ਼ਾਤ ਵਾਲੇ ਫਕੀਰ ਹਨ), (ਲੱਖਾਂ) ਕਲੰਦਰਾਂ ਦੇ ਸ਼੍ਰੋਮਣੀ ਮਹੰਤ ਹਨ, ਲੱਖਾਂ ਪੜ੍ਹੇ ਹੋਏ ਮੁੱਲਾਂ ਤੇ ਮੌਲਵੀ ਹਨ। ੫.(ਕਈ) ਸ਼ਰੀਅਤ (ਕਰਮ ਕਾਂਡ) ਆਖਦੇ ਹਨ, ਕੋਈ ਤ੍ਰੀਕਤ (ਦੀ ਕਿਤਾਬ ਥੋਂ) ਤਰਕ ਦਾ (=ਵੈਰਾਗ ਦਾ) ਰਾਹ ਸਿਵਾਣਦੇ ਹਨ। ੬.ਲਖਾਂ ਮਾਰਫਤ (ਦੀ ਕਿਤਾਬ ਥੋਂ) ਗਜਾਨੀ, ਹਕੀਕਤ ਤੋਂ ਸੱਚੇ ਹੁਕਮ ਵਿਚ ਲੱਗੇ ਹਨ। ੭.ਹਜ਼ਾਰਾਂ ਹੀ ਬਜ਼ੁਰਗਵਾਰ ਆਗੂ ਬਣ ਰਹੇ ਹਨ।

**ਭਾਵ**-ਭਾਵੇਂ ਸ਼ਰ੍ਹਾ ਆਦਿ ਦੇ ਬੱਜ੍ਰ ਵਾਂਗੂ ਕਰੜੇ ਤਖਤੇ ਅਰਥਾਤ ਸਖਤ ਕਾਇਦੇ ਹੈਨ ਪਰੰਤੂ ਸੁਤ, ਵਿਤ, ਲੋਕ, ਤਿੰਨਾ ਇੱਛਾਂ ਨੇ ਕਿਸਦੀ ਬੁੱਧੀ ਮੈਲੀ ਨਹੀਂ ਕੀਤੀ ? 'ਬਜਰ ਕਿਵਾਰ ਹਜਾਰ ਮੁਹਾਣੇ' ਪਾਠ ਕਰਕੇ ਇਹ ਭਾਵ ਬੀ ਲੈਂਦੇ ਹਨ। ਪੁਨਾ: (ਬਜਰ=) ਬਜਰਾ, ਛੋਟੀ ਬੇੜੀ ਨੂੰ ਕਹਿੰਦੇ ਹਨ, (ਬਜਰੇ ਕੀ ਵਾਰ=) ਛੋਟੀ ਬੇੜੀ ਤਰ੍ਹਾਂ ਆਪੋ ਆਪਣੇ ਰਸਤੇ ਹਨ ਤੇ ਹਜ਼ਾਰਾਂ ਮਲਾਹ ਹਨ। ਭਾਵ ਇਹ ਕਿ ਇਕ ਸਾਹਿਬ ਦੇ ਜੋ ਦੋ ਰਸਤੇ ਸਨ ਅੱਗੋਂ ਹਜ਼ਾਰਾਂ ਵਿਚ ਵੰਡੇ ਗਏ, ਇਕ ਭੀ ਸਾਬਤ ਨਾ ਰਿਹਾ।

## ੯. (ਬ੍ਰਹਮਣ ਜਾਤਾਂ)।

੧. ਕਿਤੜੇ ਬ੍ਰਾਹਮਣ ਸਾਰਸੁਤ ਵਿਰਤੀਸਰ ਲਾਗਾਇਤ ਲੋਏ।
੨. ਕਿਤੜੇ ਗਉੜ ਕਨਉਜੀਏ ਤੀਰਥ ਵਾਸੀ ਕਰਦੇ ਢੋਏ।
੩. ਕਿਤੜੇ ਲਖ ਸਨਉਢੀਏ ਪਾਂਧੇ ਪੰਡਿਤ ਵੈਦ ਖਲੋਏ।
੪. ਕੇਤੜਿਆਂ ਲਖ ਜੋਤਕੀ ਵੇਦ ਵੇਦੁਏ ਲੱਖ ਪਲੋਏ।

੫. ਕਿਤੜੇ ਲਖ ਕਵੀਸਰਾ ਬ੍ਰਹਮ ਭਾਟ ਬ੍ਰਹਮਾਉ ਬਖੋਏ।
੬. ਕੇਤੜਿਆਂ ਅਭਿਆਗਤਾ ਘਰਿ ਘਰਿ ਮੰਗਦੇ ਲੈ ਕਨਸੋਏ।
੭. ਕਿਤੜੇ ਸਉਣ ਸਵਾਣੀ ਹੋਏ॥੯॥

**ਪਦਾਰਥ**-(ਵਿਰਤੀਸਰ=ਪ੍ਰੋਹਤ। ਲਾਗਾਇਤ=ਵਿਆਹ ਦਾ ਲਾਗ ਲੈਣ ਵਾਲੇ।
(ਕਨਉਜੀਏ=ਕਨੌਂਜ ਦੇ ਵਾਸੀ। (ਅ)ਇਕ੍ ਗੋਤ। ਢੋਏ=ਮੇਲ।
(ਮਨੌਢੀਏ=ਸਨੌਢ ਦੇ ਵਾਸੀ। (ਅ) ਇਕ ਗੋਤ। ਵੇਦ=ਜੋ ਵੇਦ ਪੜ੍ਹਨ।
(ਭਾਵ ਬ੍ਰਾਹਮਣ। ਵੇਦੁਏ=ਵੇਦੀਏ=ਡਕੌਂਤ। ਪਲੋਏ=ਨਾਸ਼ੀ। ਬਖੋਏ=ਅਖਾਉਂਦੇ ਹਨ

**ਅਰਥ**-੧. ਕਈ ਸਾਰਸੁਤ (ਜਾਤ ਦੇ) ਬ੍ਰਹਮਣ, ਕਈ 'ਵਿਤੀਸੁਰ' ਪ੍ਰੋਹਤ, (ਕਈ) ਲੋਕਾਂ ਦੇ ਲਾਗੀ ਹਨ। ੨. ਕਈ ਗਉੜ (ਕਈ) ਕਨੌਂਜੀਏ ਹਨ, (ਕਈ) ਤੀਰਥ ਵਾਸੀ ਹਨ, (ਜਾਤ੍ਰੀਆਂ ਨਾਲ) ਮੇਲ ਕਰਦੇ ਹਨ (ਭਾਵ ਤੀਰਥਾਂ ਪੁਰ ਹੀ ਰਹਿੰਦੇ ਤੇ ਉਥੇ ਹੀ ਜਜਮਾਨਾਂ ਨੂੰ ਅੱਗੋਂ ਆ ਮਿਲਦੇ ਹਨ)। ੩. ਕਈ ਲੱਖਾਂ (ਆਪ ਨੂੰ) ਸੁਨੌਢੀਏ (ਬ੍ਰਾਹਮਣ ਅਖਾਉਂਦੇ ਹਨ) (ਕਈ) ਪਾਂਧੇ (ਮੁੰਡੇ ਪੜ੍ਹਾਉਂਦੇ) (ਕਈ) ਪੰਡਤ (ਵਿਦਵਾਨ), (ਕਈ ਇਕ) ਵੈਦ ਖੜੇ ਹਨ। ੪. (ਕਈ) ਬ੍ਰਹਮਣ ਡਕੌਂਤ (ਹਨ, ਓਹ ਨੌ ਗ੍ਰੈਹਾਂ, ਛਨਿਛਰ ਜਾਂ ਤੂਲਾ ਦਾ ਧਾਨ ਲੈਂਦੇ ਹਨ)। ਕਈ ਲੱਖਾਂ ਜੋਤਸ਼ੀ (ਉਹ ਹੱਥ ਦੀਆਂ ਰੇਖਾ ਹੀ ਦੇਖ ਕੇ ਭਵਿੱਖਤ ਦੱਸਦੇ ਹਨ)। ੫. ਕਈ ਲਖ ਕਵੀਸ਼ਰ, ਕਈ ਭੱਟ (ਕਲਯਾਨ ਕਰਨ ਵਾਲੇ) ਬ੍ਰਾਹਮਣ ਹਨ, ਕਈ ਬ੍ਰਹਮਾਂ ਦੀ ਅਉਲਾਦ ਅਖਵਾਉਂਦੇ ਹਨ। ੬. ਕਈ ਅਭਯਾਗਤ ਹਨ (ਭਾਵ ਉਨ੍ਹਾਂ ਦੀ ਜਜਮਾਨੀ ਪ੍ਰੋਹਤੀ ਨਹੀਂ, ਓਹ) ਘਰ ਘਰ ਕਨਸੋਈਆਂ ਲੈਂਦੇ ਮੰਗਦੇ ਫਿਰਦੇ ਹਨ (ਭਾਵ ਅਜ ਫਲਾਣੀ ਗਲੀ ਵਿਆਹ ਜਾਂ ਸ਼ਰਾਧ ਹੈ ਉਥੇ ਹੀ ਹਰੀ ਚੁਗ ਹੋ ਕੇ ਜਾ ਪਹੁੰਚੀਏ) ੭. ਕਿਤਨੇ (ਸਉਣ ਸਵਾਣੀ=) ਸ਼ਗਨ ਹੀ ਮਨਾਉਂਦੇ ਹਨ। (ਭਾਵ ਜੋ ਕੰਮ ਕਰਦੇ ਹਨ ਸ਼ਗਨ ਮਨਾਉਂਦੇ ਹਨ ਯਾ ਸ਼ਗਨ ਦੱਸਕੇ ਉਪਜੀਵਕਾ ਤੋਰਦੇ ਹਨ।

## ੧੦. (ਖਤ੍ਰੀ ਜਾਤਾਂ)।

੧. ਕਿਤੜੇ ਖਤ੍ਰੀ ਬਾਰਹੀ ਕੇਤੜਿਆਂ ਹੀ ਬਾਵੰਜਾਹੀ।
੨. ਪਾਵਾਧੇ ਪਾਚਾਧਿਆ ਫਲੀਆਂ ਖੋਖਰਾਇਣੁ ਅਵਗਾਹੀ।
੩. ਕੇਤੜਿਆ ਚਉੜੋਤਰੀ ਕੇਤੜਿਆ ਸੇਰੀਨ ਵਿਲਾਹੀ।
੪. ਕੇਤੜਿਆ ਅਵਤਾਰ ਹੋਇ ਚਕ੍ਵਰਤਿ ਰਾਜੇ ਦਰਗਾਹੀ।
੫. ਸੂਰਜਵੰਸੀ ਆਖੀਅਨਿ ਸੋਮਵੰਸ ਸੂਰਵੀਰ ਸਿਪਾਹੀ।
੬. ਧਰਮਰਾਇ ਧਰਮਾਤਮਾ ਧਰਮੁ ਵੀਚਾਰੁ ਨ ਬੇਪਰਵਾਹੀ।
੭. ਦਾਨੁ ਖੜਗ ਮੰਤੁ ਭਗਤਿ ਸਲਾਹੀ॥੧੦॥

**ਪਦਾਰਥ**-(ਬਾਰਹੀ=ਜੋ ਬਾਰਾਂ ਘਰਾਂ ਵਿਚ ਸਾਕ ਕਰਨ।
(ਬਾਵੰਜਾਹੀ=ਜੋ ਖੱਤ੍ਰੀ ਬਵੰਜਾਂ ਘਰਾਂ ਵਿਚ ਵਰਤਣ। ਪਵਾਧੇ=ਜਾਤ (ਖੱਤ੍ਰੀ।

**ਅਰਥ**-੧. ਖੱਤ੍ਰੀਆਂ (ਦੀਆਂ ਜਾਤਾਂ ਵਿਚ) ਕਿਤਨੇ ਬਾਰਹੀ, ਕਿਤਨੇ ਹੀ ਬਵੰਜਾਹੀ ਹਨ। ੨. (ਕਈ) ਪਾਵਾਧੇ, (ਕਈ) ਪਚਾਧੇ, (ਕਈ) ਫਲੀਆਂ, ਖੋਖਰਾਇਣ, (ਗਲ ਕੀ) ਬੇਅੰਤ ਹੀ ਹਨ। ੩. ਕਿਤਨੇ ਚੌੜੋਤਰੀ, ਕਿਤਨੇ ਸਰੀਣ, (ਕਿਤਨੇ) ਵਿਲਾਹੀ। ੪. ਕਈ (ਇਨ੍ਹਾਂ ਵਿਚੋਂ ਰਾਮ ਕ੍ਰਿਸ਼ਨ ਆਦਿ) ਅਵਤਾਰ ਹੋਏ ਹਨ, (ਕਈ ਮਾਨਧਾਤਾ ਆਦਿ) ਚੱਕ੍ਰਵਰਤੀ ਰਾਜੇ ਦਰਗਾਹੀ (ਦਰਬਾਰਾਂ ਵਾਲੇ) ਹੋਏ (ਕਹੀਦੇ) ਹਨ। ੫. ਸੂਰਜ ਬੰਸੀ, ਚੰਦ੍ਰਬੰਸੀ, (ਰਾਮ ਕ੍ਰਿਸ਼ਨ) ਕਈ ਸੂਰਬੀਰ ਅਤੇ ਸਿਪਾਹੀ (ਲੜਵੱਯੇ ਹੋਏ) ਕਹੀਦੇ ਹਨ। ੬. (ਪਰੰਤੂ) ਧਰਮਰਾਇ ਵੱਡਾ ਧਰਮਾਤਮਾਂ ਹੈ, ਉਹ


www.sikhbookclub.com

(ਧਰਮ) ਅਦਾਲਤ ਕਰਦਾ ਹੈ ਬੇਪਰਵਾਹੀ ਨਹੀਂ ਕਰਦਾ (ਭਾਵ ਨਿਆਉਂ ਕਰਦਾ ਹੈ, ਕਿਸੇ ਅਵਤਾਰ ਜਾਂ ਚੱਕ੍ਰਵਰਤੀ ਰਾਜੇ ਦਾ ਮੁਲਾਹਜ਼ਾ ਨਹੀਂ ਕਰਦਾ, ਜਿਹਾ ਕੁ ਗੁਰੂ ਜੀ ਫੁਰਮਾਉਂਦੇ ਹਨੇ : "**ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥**"* ਕਈ ਧਰਮਰਾਜ ਨੂੰ ਖੱਤ੍ਰੀ ਕਹਿੰਦੇ ਹਨ)। ੭.(ਹੁਣ ਦੱਸਦੇ ਹਨ ਪ੍ਰਵਾਣ ਖੱਤ੍ਰੀ ਕੌਣ ਹੈ) ਦਾਨ (ਦੇਣਾ), ਸ਼ਸਤ੍ਰ (ਪਹਨਿਕੇ ਧਰਮ ਜੁੱਧ ਕਰਨਾ), ਮੰਤ੍ਰ (ਜਪਣਾ, ਪਰਮੇਸ਼ਰ ਦੀ) ਭਗਤੀ (ਕਰਨੀ ਇਹ) ਸ਼ਲਾਘਾ ਯੋਗ (ਖੱਤ੍ਰਜਤ੍ਰ ਹੈ, ਜੋ ਉਸ ਵੇਲੇ ਸ੍ਰੀ ਛਠਮ ਗੁਰੂ ਜੀ ਦੱਸ ਰਹੇ ਹਨ ਕਿ ਦਾਨ ਕਰੋ, ਸ਼ਸਤ੍ਰ ਧਾਰੋ ਤੇ ਨਾਮ ਜਪੋ)।

## ੧੧. (ਵੈਸ਼ ਜਾਤੀ)।

੧. ਕਿਤੜੇ ਵੈਸ ਵਖਾਣੀਅਨਿ ਰਾਜਪੂਤ ਰਾਵਤ ਵੀਚਾਰੀ।
੨. ਤੂਅਰ ਗਉੜ ਪਵਾਰ ਲਖ ਮਲਣ ਹਾਸ ਚਉਹਾਣ ਚਿਤਾਰੀ।
੩. ਕਛਵਾਹੇ ਰਾਠਉੜ ਲਖ ਰਾਣੇ ਰਾਇ ਭੂਮੀਏ ਭਾਰੀ।
੪. ਬਾਘ ਬਘੇਲੇ ਕੇਤੜੇ ਬਲਵੰਡ ਲਖ ਬੁੰਦੇਲੇ ਕਾਰੀ।
੫. ਕੇਤੜਿਆ ਹੀ ਭੂਰਟੀਏ ਦਰਬਾਰਾਂ ਅੰਦਰਿ ਦਰਬਾਰੀ।
੬. ਕਿਤੜੇ ਗੁਣੀ ਭਦਉੜੀਏ ਦੇਸਿ ਦੇਸਿ ਵਡੇ ਇਤਬਾਰੀ।
੭. ਹਉਮੈ ਮੁਏ ਨ ਹਉਮੈ ਮਾਰੀ॥੧੧॥

**ਅਰਥ**-੧. ਕਿਤਨੇ ਹੀ ਵੈਸ਼ (ਜਾਤੀ) ਕਹੀਦੇ ਹਨ, (ਕਈ) ਰਾਜਪੂਤ, ਰੇਵਤ (ਕੌਮ ਦੇ ਰਾਜੇ ਹੋ ਜਾਂਦੇ ਹਨ, ਉਨ੍ਹਾਂ ਦਾ) ਵੀਚਾਰ (ਕਰੀਏ)। ੨.(ਕਈ) ਤੂਅਰ (ਕੌਮ ਦੇ ਕਈ) ਗਉੜ, ਲੱਖਾਂ ਪਵਾਰ (ਜਾਤਾਂ ਵਿਚ ਹੋਏ), ਮੱਲਣ, ਹਾਸ, ਚਉਹਾਣ (ਜਾਤ ਦੇ ਕਿੰਨੇ ਕੁ) ਕਹੀਏ। ੩.ਲੱਖਾਂ ਕਛਵਾਹੇ, ਲੱਖਾਂ ਰਾਠੌੜ, ਲੱਖਾਂ ਰਾਣੇ, ਲੱਖਾਂ(ਭੂਮੀਏ=) ਜ਼ਿਮੀਦਾਰਾਂ ਵਿਚੋਂ (ਰਾਇ ਸ਼ਿਰੋਮਣੀ) ਹੋ ਗੁਜ਼ਰੇ ਹਨ। ੪.ਲੱਖਾਂ ਬਾਘ, ਲੱਖਾਂ ਬਘੇਲੇ, ਲੱਖਾਂ ਬੁੰਦੇਲ (ਖੰਡ ਦੇ) ਬਲਵੰਡ (ਕਾਰੀ) ਸੂਰਮੇ ਹਨ। ੫.ਕਿਤੜੇ ਭੁਟੀਏ (ਕੌਮ ਦੇ) ਦਰਬਾਰਾਂ ਵਿਚ 'ਦਰਬਾਰੀ' ਹਨ। ੬.ਕਿਤੜੇ ਭਦੌੜ ਦੇ ਗੁਣੀ ਹਨ, ਦੇਸ਼ਾਂ ਦੇਸ਼ਾਂ ਵਿਖੇ ਵੱਡੇ ਇਤਬਾਰੀ ( ਭਰੋਸੇ ਵਾਲੇ ਹੋਏ) ੭.(ਪ੍ਰੰਤੂ ਸਿੱਟਾ ਇਹ ਕਿ) ਮੈਂ ਮੈਂ ਕਰਦੇ ਹੀ ਮਰ ਗਏ, ਹਉਮੈ ਨੂੰ (ਕਿਸੇ) ਨਾ ਮਾਰਿਆ।

**ਭਾਵ**-"**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥**"† "**ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥**"(ਸਿਰੀ ਰਾਗੁ ਮ :੩)। "**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥**"(ਵਡਹੰਸ ਮ :੩)॥"**ਬ੍ਰਹਮੈ ਗਰਬੁ ਕੀਆ ਨਹੀਂ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ॥**" (ਗਉੜੀ ਮ :੧)

## ੧੨. (ਗੋਤਾਂ ਤੇ ਕਿਰਤ ਦੀਆਂ ਜਾਤਾਂ)।

੧. ਕਿਤੜੇ ਸੂਦ ਸਦਾਇਦੇ ਕਿਤੜੇ ਕਾਇਥ ਲਿਖਣ ਹਾਰੇ।
੨. ਕੇਤੜਿਆਂ ਹੀ ਬਾਣੀਏ ਕਿਤੜੇ ਭਾਭੜਿਆ ਸੁਨਿਆਰੇ।
੩. ਕੇਤੜਿਆ ਲਾਖ ਜਾਟ ਹੋਇ ਕੇਤੜਿਆਂ ਛੀਂਬੇ ਸੈਸਾਰੇ।
੪. ਕੇਤੜਿਆਂ ਠਾਠੇਰਿਆ ਕੇਤੜਿਆ ਲੋਹਾਰ ਵਿਚਾਰੇ।
੫. ਕਿਤੜੇ ਤੇਲੀ ਆਖੀਅਨਿ ਕਿਤੜੇ ਹਲਵਾਈ ਬਾਜਾਰੇ।
੬. ਕੇਤੜਿਆ ਲਖ ਪੰਖੀਏ ਕਿਤੜੇ ਨਾਈ ਤੈ ਵਣਜਾਰੇ।
੭. ਚਹੁੰ ਵਰਨਾ ਦੇ ਗੋਤ ਅਪਾਰੇ॥੧੨॥

*ਬਿਲਾ: ਕਬੀਰ-੧ †ਆਸਾ ਵਾ: ਮ ੨

ਪਦਾਰਥ-(ਸੂਦ=ਬਾਣੀਏਂ। ਕਾਇਥ=ਮੁਨਸ਼ੀ। ਪੰਖੀ=ਭਾਵ ਹਲਕਾਰਾ, ਕਾਸਦ।)

ਅਰਥ-੧.ਕਈ ਸੂਦ ਸਦਾਉਂਦੇ ਹਨ, ਕਈ ਕਾਇਥ ਮੁਨਸ਼ੀ ਲੋਕ (ਜੋ ਫ਼ਾਰਸੀ ਪੜ੍ਹੇ ਹੋਏ ਹਨ)। ੨.ਕਈ ਬਾਣੀਏਂ (ਓਹ ਲੂਣ ਤੇਲ ਆਦਿ ਦੇ ਵੇਚਣ ਦਾ ਹੀ ਵਿਹਾਰ ਕਰਦੇ ਹਨ), ਕਈ ਭਾਬੜੇ (ਜੋ ਜੈਨ ਮਤ ਨੂੰ ਮੰਨਦੇ ਹਨ), ਕਈ ਸੁਨਿਆਰੇ। ੩.ਕਈ ਲੱਖਾਂ ਜੱਟ ਹੋਏ, ਕਈ ਛੀਂਬੇ ਸੰਸਾਰ (ਵਿਖੇ ਪ੍ਰਸਿੱਧ ਹਨ)। ੪.ਕਈ ਠਠੇਰੇ, ਕਈ ਵਿਚਾਰੇ ਲੋਹਾਰ (ਲੋਹੇ ਦੇ ਕਾਰੀਗਰ)। ੫.ਕਈ ਤੇਲੀ ਕਹੀਦੇ ਹਨ, ਕਈ ਹਲਵਾਈ (ਹੋਕੇ) ਬਜ਼ਾਰਾਂ ਵਿਚ (ਮਿਠਾਈਆਂ ਦੀ ਕਾਰ ਕਰਦੇ ਹਨ)। ੬.ਕਈ ਹਲਕਾਰੇ ਹਨ, ਕਈ ਨਾਈ(ਨੌਂਹ ਕੰਡਾ ਲਾਹ ਕੇ ਉਦਰ ਪੂਰਣਾ ਕਰਦੇ), ਕਈ ਵਣਜਾਰੇ (ਸੂਈ ਸਲਾਈ ਵੇਚਦੇ ਫਿਰਦੇ ਹਨ)। ੭.ਚਾਰ ਵਰਣਾ ਵਿਖੇ ਬੇਅੰਤ ਗੋਤ ਫਿਰਦੇ ਹਨ।

## ੧੩. (ਵਰਣ, ਮਤ)।

੧. ਕਿਤੜੇ ਗਿਰਹੀ ਆਖੀਅਨਿ ਕੇਤੜਿਆ ਲਖ ਫਿਰਨਿ ਉਦਾਸੀ।
੨. ਕੇਤੜਿਆ ਜੋਗੀਸੁਰਾ ਕੇਤੜਿਆ ਹੋਏ ਸੰਨਿਆਸੀ।
੩. ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਸੀ।
੪. ਕੇਤੜਿਆ ਲਖ ਪਰਮ ਹੰਸ ਕਿਤੜੇ ਬਾਨਪ੍ਰਸਤ ਬਨਵਾਸੀ।
੫. ਕੇਤੜਿਆ ਹੀ ਡੰਡ ਧਾਰ ਕਿਤੜੇ ਜੈਨੀ ਜੀਅ ਦੈਆਸੀ।
੬. ਛਿਅ ਘਰਿ ਛਿਅ ਗੁਰ ਆਖੀਅਨਿ ਛਿਅ ਉਪਦੇਸ ਭੇਸ ਅਭਿਆਸੀ।
੭. ਛਿਅ ਰੁਤਿ ਬਾਰਹ ਮਾਹ ਕਰਿ ਸੂਰਜ ਇਕੋ ਬਾਰਹ ਰਾਸੀ।
੮. ਗੁਰਾ ਗੁਰੂ ਸਤਿਗੁਰੁ ਅਬਿਨਾਸੀ॥੧੩॥

ਅਰਥ-੧.ਕਿਤਨੇ ਗ੍ਰਿਹਸਥੀ ਕਹੀਦੇ ਹਨ, ਕਿਤਨੇ ਲੱਖ ਉਦਾਸੀ ਫਿਰਦੇ ਹਨ। ੨.ਕਈ ਯੋਗੀਸ਼੍ਵਰ, ਕਈ ਸੰਨਿਯਾਸੀ ਹਨ, ੩.ਸੰਨਯਾਸੀਆਂ ਦੇ (ਭਾਰਥੀ, ਗਿਰੀ, ਪੁਰੀ ਆਦਿ) ਦਸ ਨਾਮ ਕਈਆਂ ਨੇ ਧਰੇ ਹਨ, ਜੋਗੀਆਂ ਦੇ ਬਾਰਹ ਪੰਥ ਹਨ। ੪.ਕਿਤਨੇ ਲੱਖ ਪਰਮਹੰਸ ਹੋਏ (ਤੱਤ ਮਿਥੱਯਾ ਦਾ ਵਿਵੇਚਨ ਕਰਨੇ ਵਾਲੇ,) ਕਿਤਨੇ ਬਾਨ-ਪ੍ਰਸਤ ਹੋ ਕੇ ਬਨਾਂ ਵਿਖੇ ਰਹਿੰਦੇ ਹਨ। ੫.ਕਈ ਡੰਡਾ (ਹੱਥ ਵਿਖੇ) ਰੱਖਕੇ (ਯੋਗੀਆਂ ਦੇ ਮਤ ਵਿਖੇ ਰਲਦੇ ਹਨ, ਕਈ ਤ੍ਰਿਦੰਡੀ ਸੰਨਯਾਸੀ ਕਹਾਉਂਦੇ ਹਨ), ਕਈ ਜੈਨੀ ਹੋਕੇ ਜੀਵਾਂ ਪਰ ਦਇਆ ਰਖਦੇ ਹਨ, (ਮੂੰਹ ਤੇ ਪੱਟੀਆਂ ਬੰਨ੍ਹੀ ਰੱਖਦੇ ਹਨ ਕਿ ਹਵਾੜ ਨਾਲ ਜੀਵ ਘਾਤ ਨਾਂ ਹੋਣ)। ੬.ਛੀ ਸ਼ਾਸਤ੍ਰਾਂ ਦੇ ਛੇ ਅਚਾਰਜਾਂ ਨੇ ਛੀ ਉਪਦੇਸ਼ ਭੇਸ਼ ਤੇ ਅਭਯਾਸ (ਭਿੰਨ ਭਿੰਨ) ਕੀਤੇ ਆਖੀਦੇ ਹਨ। ੭.ਸੂਰਜ ਇਕੋ ਹੈ, ਪਰੰਤੂ ਬਾਰਾਂ ਰਾਸਾਂ, ਬਾਰਾਂ ਮਹੀਨੇ ਤੇ ਛੀ ਰੁਤਾਂ ਹਨ। ੮.ਗੁਰੂਆਂ ਦਾ ਗੁਰੂ (ਅਕਾਲ ਪੁਰਖ) ਸਤਿਗੁਰ ਸਦਾ ਅਬਿਨਾਸੀ ਹੈ, (ਜਿਸਦੀ ਓਟ ਨਾਲ ਸਾਰੇ ਆਪਣੇ ਆਪਣੇ ਮਤ ਦਾ ਪ੍ਰਕਾਸ਼ ਕਰਦੇ ਹਨ, ਪਰ ਇਹ ਨਹੀਂ ਕਹਿੰਦੇ ਕਿ ਉਹ ਇਕੋ ਹੈ)।

## ੧੪. (ਸਾਧ)।

੧. ਕਿਤੜੇ ਸਾਧ ਵਖਾਣੀਅਨਿ, ਸਾਧ ਸੰਗਤਿ ਵਿਚਿ ਪਰਉਪਕਾਰੀ।
੨. ਕੇਤੜਿਆ ਲਖ ਸੰਤ ਜਨ, ਕੇਤੜਿਆ ਨਿਜ ਭਗਤਿ ਭੰਡਾਰੀ।
੩. ਕੇਤੜਿਆ ਜੀਵਨ ਮੁਕਤਿ, ਬ੍ਰਹਮ ਗਿਆਨੀ ਬ੍ਰਹਮ ਵੀਚਾਰੀ।
੪. ਕੇਤੜਿਆ ਸਮਦਰਸੀਆ, ਕੇਤੜਿਆ ਨਿਰਮਲ ਨਿਰੰਕਾਰੀ।
੫. ਕਿਤੜੇ ਲਖ ਬਿਬੇਕੀਆ, ਕਿਤੜੇ ਦੇਹ ਬਿਦੇਹ ਅਕਾਰੀ।

੬. ਭਾਇ ਭਗਤਿ ਭੈ ਵਰਤਣਾ ਸਹਜਿ ਸਮਾਧਿ ਬੈਰਾਗ ਸਵਾਰੀ।
੭. ਗੁਰਮੁਖਿ ਸੁਖ ਫਲ ਗਰਬੁ ਨਿਵਾਰੀ॥੧੪॥

**ਪਦਾਰਥ**-ਨਿਜ ਭਗਤਿ=ਪ੍ਰੇਮਾ ਭਗਤੀ।

**ਅਰਥ**-੧. ਕਿਤਨੇ ਸਾਧ ਕਹੀਦੇ ਹਨ ਜੋ ਸਾਧ ਸੰਗਤ ਵਿਚ ਪਰੋਪਕਾਰੀ ਹਨ। (ਭਾਵ ਪਰਾਏ ਭਲੇ ਵਾਸਤੇ ਆਪਣਾ ਤਨ ਮਨ ਧਨ ਅਰਪਨ ਕਰ ਦਿੰਦੇ ਹਨ)। ੨. ਕਿਤਨੇ ਲੱਖ ਸੰਤ ਜਨ (ਸ਼ਾਂਤ ਆਤਮਾਂ) ਹਨ, ਕਿਤਨੇ ਪ੍ਰੇਮਾ ਭਗਤੀ ਦੇ ਭੰਡਾਰੀ ਹਨ (ਭਾਵ ਭਗਤੀ ਦਾ ਹੀ ਉਪਦੇਸ਼ ਕਰਦੇ ਹਨ)। ੩. ਕਿਤਨੇ ਜੀਵਨ ਮੁਕਤ, ਬ੍ਰਹਮ ਗਿਆਨੀ, ਬ੍ਰਹਮ ਦਾ ਹੀ ਵਿਚਾਰ ਕਰਦੇ ਹਨ। ੪. ਕਿਤਨੇ ਸਮਦਰਸੀ ਹਨ (ਭਾਵ ਊਚ ਨੀਚ ਨੂੰ ਇਕ ਰੂਪ ਜਾਣਦੇ ਹਨ), ਕਿਤਨੇ ਨਿਰਮਲ ਨਿਰੰਕਾਰ (ਦੀ ਉਪਾਸ਼ਨਾ ਕਰਦੇ) ਹਨ। ੫. ਕਿਤਨੇ ਲੱਖ ਬਿਬੇਕੀ (ਗਜਾਨੀ) ਹਨ, ਕਈ ਦੇਹ ਥੋਂ ਬਿਦੇਹ ਸਰੂਪ ਹੋ ਰਹੇ ਹਨ (ਉਹਨਾਂ ਦੀ ਕ੍ਰਿਯਾ ਪਰਾਏ ਹੱਥੀਂ ਹੁੰਦੀ ਹੈ)। ੬. (ਪਰ ਅਸਲ ਗੱਲ ਇਹ ਹੈ ਕਿ) ਪ੍ਰੇਮਾ ਭਗਤੀ, ਭਯ ਤੇ ਵੈਰਾਗ ਵਿਚ ਵਰਤਣਾ ਚਾਹੀਦਾ ਹੈ ਤੇ ਸਹਿਜ ਸਮਾਧਿ ਸਵਾਰਨੀ ਚਾਹੀਦੀ ਹੈ। ੭. (ਇਉਂ) ਗੁਰਮੁਖਾਂ ਨੇ ਗਰਬ ਨਿਵਾਰਕੇ ਸੁਖ ਫਲ ਪਾਇਆ ਹੈ।

## ੧੫. (ਅਸਾਧ ਜਨ)।

੧. ਕਿਤੜੇ ਲਖ ਅਸਾਧ ਜਗ ਵਿਚਿ, ਕਿਤੜੇ ਚੋਰ ਜਾਰ ਜੁਆਰੀ।
੨. ਵਟਵਾੜੇ ਠਗਿ ਕੇਤੜੇ, ਕੇਤੜਿਆ ਨਿੰਦਕ ਅਵੀਚਾਰੀ।
੩. ਕੇਤੜਿਆ ਅਕਿਰਤਘਣ ਕਿਤੜੇ ਬੇਮੁਖ ਤੇ ਅਣਚਾਰੀ।
੪. ਸ੍ਵਾਮਿ ਧ੍ਰੋਹੀ ਵਿਸਵਾਸ ਘਾਤ, ਲੂਣ ਹਰਾਮੀ ਮੂਰਖ ਭਾਰੀ।
੫. ਬਿਖਲੀਪਤਿ ਵੇਸੁਆ ਰਵਤ ਮਦ ਮਤਵਾਲੇ ਵਡੇ ਵਿਕਾਰੀ।
੬. ਵਿਸਟ ਵਿਰੋਧੀ ਕੇਤੜੇ, ਕੇਤੜਿਆ ਕੂੜੇ ਕੂੜਿਆਰੀ।
੭. ਗੁਰ ਪੂਰੇ ਬਿਨੁ ਅੰਤਿ ਖੁਆਰੀ॥੧੫॥

**ਪਦਾਰਥ**-(ਅਸਾਧ=ਸ੍ਵੈ ਉਦਰ ਪੋਖੀ। ਵਟਵਾੜੇ=ਰਾਹ ਮਾਰ। ਅਵਿਚਾਰੀ=ਮੂਰਖ। (ਅਣਚਾਰੀ=ਖੋਟੇ ਆਚਾਰੀ। ਬਿਖਲੀਪਤਿ=ਵਿਖਯਾਂ ਕਰ ਲਿਪੇ ਹੋਏ, (ਅਥਵਾ ਡੂੰਮਣੀ ਦੇ ਪਤੀ।

**ਅਰਥ**-੧. ਕਿਤਨੇ ਲੱਖ ਜਗਤ ਵਿਚ ਅਸਾਧੂ (ਅਪਕਾਰੀ ਹਨ, ਉਹਨਾਂ) ਵਿਚ ਕਈ ਚੋਰ ਤੇ ਯਾਰ ਜੂਆ ਹੀ ਖੇਡਦੇ ਹਨ। ੨. ਕਿਤਨੇ ਹੀ ਠੱਗ ਰਾਹ ਮਾਰ, ਕਿਤਨੇ ਨਿੰਦਕ ਅਤੇ ਮੂਰਖ ਹਨ। ੩. ਕਿਤਨੇ ਕ੍ਰਿਤਘਨ, (ਹਰੀ ਤੋਂ) ਬੇਮੁਖ ਤੇ ਦੁਰਾਚਾਰੀ (ਖੋਟੇ ਕਰਤੱਬਾਂ ਵਾਲੇ) ਹਨ। ੪. ਕਈ ਸ੍ਵਾਮਿ ਧ੍ਰੋਹੀ (ਆਪਣੇ ਹੀ ਮਾਲਕ ਦਾ ਬੁਰਾ ਤੱਕਣ ਵਾਲੇ) ਹਨ, (ਕਈ) ਵਿਸ਼ਵਾਸ਼ ਘਾਤਕ ਲੂਣ ਹਰਾਮੀ ਤੇ ਮਨਮਤੀਏ ਹਨ। (ਯਥਾ:-"**ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮ ਖੋਰ॥**"* ੫. (ਕਿਤਨੇ) ਬਿਖਲੀਪਤ ਹਨ, (ਕਈ) ਵੇਸਵਾ ਵਿਚ ਹੀ ਪ੍ਰੀਤ ਰੱਖਦੇ, (ਕਈ) ਸ਼ਰਾਬ ਨਾਲ ਹੀ ਮਸਤ ਅਤੇ ਵਿਕਾਰਾਂ ਵਿਖੇ ਬੜੇ ਗਲਤਾਨ ਹਨ। ੬. ਕਈ ਵਿਸ਼ਟ ਵਿਰੋਧੀ ਹਨ, (ਭਾਵ ਵਿਚਲੇ ਹੋਕੇ ਇਕ ਦੂਜੇ ਦੀ ਕਾਨਾ ਫੂਸੀ ਕਰ ਵਿਰੋਧ ਪਾ ਦਿੰਦੇ ਹਨ) ਕਈ ਝੂਠ ਦਾ ਹੀ ਵਿਹਾਰ ਕਰਦੇ ਹਨ। ੭. ਗੁਰੂ ਪੂਰੇ ਮਿਲੇ ਬਾਝ ਅੰਤ ਨੂੰ ਖੁਆਰੀ ਹੀ ਹੁੰਦੀ ਹੈ।

**ਭਾਵ**-ਜੋ ਪੂਰਨ ਗੁਰੂ ਨਾਲ ਮਿਲਕੇ ਦੈਵੀ ਗੁਣ ਧਾਰਦੇ ਹਨ, ਇਸ ਖੁਆਰੀਓਂ ਬਚਦੇ ਹਨ, ਬਾਕੀ ਸਭ ਖੁਆਰ ਹੁੰਦੇ ਹਨ, ਕਿਉਂਕਿ ਮਨਮਤ ਨਾਲ ਮਾਯਾ ਦੇ ਹਨੇਰੇ ਹੇਠ ਰਹਿੰਦੇ ਹਨ, ਛੁੱਟ ਨਹੀਂ ਸਕਦੇ।

*ਜਪੁਜੀ

 www.sikhbookclub.com

## ੧੬. (ਯਵਨ ਮਤਾਂ ਦੇ ਭੇਦ)।

੧. ਕਿਤੜੇ ਸੁੰਨੀ ਆਖੀਅਨਿ, ਕਿਤੜੇ ਈਸਾਈ ਮੂਸਾਈ।
੨. ਕੇਤੜਿਆ ਹੀ ਰਾਫਜੀ, ਕਿਤੜੇ ਮੁਲਹਿਦ ਗਣਤ ਨ ਆਈ।
੩. ਲਖ ਫਿਰੰਗੀ ਅਰਮਨੀ ਰੂਮੀ ਜੰਗੀ ਦੁਸਮਣ ਦਾਈ।
੪. ਕਿਤੜੇ ਸਈਯਦ ਆਖੀਅਨਿ ਕਿਤੜੇ ਤੁਰਕਮਾਨ ਦੁਨਿਆਈ।
੫. ਕਿਤੜੇ ਮੁਗਲ ਪਠਾਣ ਹਨਿ ਹਬਸੀ ਤੇ ਕਿਲਮਾਕ ਅਵਾਈ।
੬. ਕੇਤੜਿਆ ਈਮਾਨ ਵਿਚਿ ਕਿਤੜੇ ਬੇਈਮਾਣ ਬਲਾਈ।
੭. ਨੇਕੀ ਬਦੀ ਨ ਲੁਕੈ ਲੁਕਾਈ॥੧੬॥

**ਪਦਾਰਥ**-(ਸੁੰਨੀ=ਮੁਹੰਮਦ ਤੇ ਚਹੁੰ ਚੇਲਿਆਂ ਦੇ ਮੰਨਣ ਵਾਲੇ। ਈਸਾਈ=ਈਸਾ ਦੇ ਭਗਤ
(ਮੁਸਾਈ=ਮੂਸਾ ਦੀ ਸ਼ਰੀਅਤ ਪੁਰ ਅਮਲ ਕਰਨ ਵਾਲੇ। ਰਾਫਜੀ=ਸ਼ਈਆ।
(ਅਰਮਨੀ=ਆਰਮੀਨੀਆਂ ਦੇਸ ਦੇ ਵਾਸੀ। ਰੂਮੀ=ਰੂਮਵਾਸੀ।ਜੰਗੀ=ਹਬਸ਼ੀ ਲੋਕ,
(ਜੰਜਬਾਰ ਦੇ ਵਾਸੀ। ਕਿਲਮਾਕ=ਮੰਗੋਲ ਜਾਤੀ ਦੀ ਇਕ ਸ਼ਾਖ।

**ਅਰਥ**-੧. ਕਿਤਨੇ ਸੁੰਨੀ (ਮੁਸਲਮਾਨ) ਕਹੀਦੇ ਹਨ, ਕਿਤਨੇ ਈਸਾ (ਅਤੇ ਕਿਤਨੇ) ਮੂਸਾ ਦੇ ਉਪਾਸ਼ਕ ਹਨ। ੨. ਕਿਤਨੇ ਸ਼ਈਆ ਹਨ, ਕਿਤਨੇ ਮੁਲਹਿਦ, (ਕਾਫਰ ਜੋ ਕਜਾਮਤ ਨਹੀਂ ਮੰਨਦੇ) ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ੩. ਲੱਖਾਂ ਫਿਰੰਗੀ (ਯੂਰਪ ਵਾਸੀ) ਹਨ, ਅਰਮਨੀ, ਰੂਮੀ, ਜੰਗੀ ਦੁਸ਼ਮਨਾਂ ਦੇ ਦਾਉ ਵਾਲੇ (ਭਾਵ ਜੋਧੇ ਲੱਖਾਂ) ਹਨ। ੪. ਕਿਤਨੇ ਸੱਯਦ (ਮਹੰਮਦ ਦੀ ਵੰਸ਼) ਕਹੀਦੇ ਹਨ, ਕਿਤਨੇ ਤੁਰਕਮਾਨ (ਤੁਰਕਸਿਤਾਨ ਦੇ ਵਾਸੀ) ਦੁਨੀਆਂ ਵਿਚ ਹਨ। ੫. ਕਿਤਨੇ ਮੁਗਲ (ਚੁਗੱਤੇ, ਕਿਤਨੇ) ਪਠਾਣ ਹਨ, ਕਈ ਹਬਸ਼ ਦੇ ਵਾਸੀ, ਕਈ ਕਿਲਮਾਕੀ ਅਖਾਉਂਦੇ ਹਨ। ੬. ਕਿਤਨੇ ਈਮਾਨਦਾਰ ਤੇ ਕਿਤਨੇ ਬੇਈਮਾਨ ਬਲਾਵਾਂ ਹਨ (ਭਾਵ ਦੁਖਦਾਈ ਹਨ)। ੭. ਨੇਕੀ ਤੇ ਬਦੀ ਛਪਾਈ ਹੋਈ ਨਹੀਂ ਛਿਪਦੀ।

**ਭਾਵ**-ਜਾਤ, ਦ੍ਵੇਸ, ਮਤ ਭੇਦ ਕਰਕੇ ਜੋ ਫਰਕ ਪੈਂਦੇ ਹਨ ਓਹ ਨੇਕੀ ਨੂੰ ਨਹੀਂ ਲੁਕਾ ਸਕਦੇ ਤਾਂ ਤੇ ਏਹ ਭੇਦ ਭਰਮ ਮਾਤ੍ਰ ਹਨ।

## ੧੭. (ਅੱਡ ਅੱਡ ਹਾਲਤਾਂ)।

੧. ਕਿਤੜੇ ਦਾਤੇ ਮੰਗਤੇ ਕਿਤੜੇ ਵੈਦ ਕੇਤੜੈ ਰੋਗੀ।
੨. ਕਿਤੜੇ ਸਹਿਜ ਸੰਜੋਗ ਵਿਚਿ ਕਿਤੜੇ ਵਿਛੁੜਿ ਹੋਇ ਵਿਜੋਗੀ।
੩. ਕੇਤੜਿਆ ਭੁਖੇ ਮਰਨਿ ਕੇਤੜਿਆ ਰਾਜੇ ਰਸ ਭੋਗੀ।
੪. ਕੇਤੜਿਆ ਦੇ ਸੋਹਲੇ ਕੇਤੜਿਆ ਦੁਖੁ ਰੋਵਨਿ ਸੋਗੀ।
੫. ਦੁਨੀਆ ਆਵਣ ਜਾਵਣੀ ਕਿਤੜੀ ਹੋਈ ਕਿਤੜੀ ਹੋਗੀ।
੬. ਕੇਤੜਿਆ ਹੀ ਸਚਿਆਰ ਕੇਤੜਿਆ ਦਗਬਾਜ ਦਰੋਗੀ।
੭. ਗੁਰਮੁਖਿ ਕੋ ਜੋਗੀਸਰੁ ਜੋਗੀ॥੧੭॥

**ਪਦਾਰਥ**-(ਸੋਹਲੇ=ਅਨੰਦ ਮੰਗਲ। ਦਗਬਾਜ=ਕਪਟੀ।
(ਦਰੋਗੀ=ਝੂਠੇ। ਜੋਗੀਸਰੁ=ਜੋਗੀਆਂ ਦਾ ਰਾਜਾ।

**ਅਰਥ**-੧. ਕਿਤਨੇ ਦਾਤੇ, (ਕਈ) ਮੰਗਤੇ ਕਈ ਹਕੀਮ, ਕਈ ਰੋਗੀ ਹਨ। ੨. ਕਿਤਨੇ ਸਹਿਜੇ ਹੀ ਸੰਜੋਗ ਵਿਖੇ ਰਹਿੰਦੇ ਹਨ, ਕਈ ਵਿਛੁੜਕੇ ਵਿਜੋਗੀ ਹੀ ਰਹਿੰਦੇ ਹਨ (ਭਾਵ ਉਮਰ ਭਰ ਸਨਬੰਧੀਆਂ

ਥੋਂ ਵਿਛੜਕੇ ਪਰਦੇਸਾਂ ਵਿਚ ਮਰ ਜਾਂਦੇ ਹਨ)। ੩.ਕਈ ਭੁੱਖੇ ਹੀ ਮਰਦੇ ਹਨ, ਕਈ ਰਾਜੇ (ਰਸਾਂ=) ਵਿਖਿਆਂ ਨੂੰ ਭੋਗਦੇ ਹਨ। ੪.ਕਈਆਂ ਦੇ (ਘਰੀਂ) ਆਨੰਦ ਹੁੰਦੇ ਹਨ ਤੇ ਕਈਆਂ ਦੇ (ਘਰੀਂ) ਸਿਆਪੇ ਅਤੇ ਦੁੱਖ ਹਨ। ੫.ਇਹ ਦੁਨੀਆਂ ਆਵਾਗਵਨ ਹੈ, ਕਿਤਨੀ (ਭੂਤਕਾਲ ਵਿਖੇ) ਗੁਜਰ ਗਈ ਅਤੇ ਕਿਤਨੀ (ਭਵਿੱਖਤ ਵਿਖੇ) ਹੋਵੇਗੀ। ੬.ਕਈ (ਇਸ ਦੁਨੀਆਂ ਵਿਚ ਆਕੇ ਈਸ਼ਵਰ ਨਾਲ) ਸੱਚੇ ਰਹਿੰਦੇ ਹਨ, ਕਿਤਨੇ ਕਪਟ ਅਤੇ ਝੂਠ ਵਿਖੇ (ਉਮਰ ਕਟੀ ਕਰ ਜਾਂਦੇ ਹਨ)। ੭.ਕੋਈ ਗੁਰਮੁਖ ਵਿਰਲਾ ਯੋਗੀਸ਼ਰ (ਅਰਥਾਤ ਜੋਗੀਆਂ ਦਾ ਰਾਜਾ) ਹੁੰਦਾ ਹੈ।

**ਭਾਵ**-"**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ। ਤੇਰਾ ਜਨੁ ਏਕੁ ਆਧੁ ਕੋਈ।**" (ਕੇਦਾਰਾ-ਕਬੀਰ) ਇਨ੍ਹਾਂ ਵਾਕਾਂ ਅਨੁਸਾਰ ਵਾਹਿਗੁਰੂ ਦੇ ਪ੍ਰੇਮ ਵਿਚ ਮਤਾ ਹੋਇਆ ਕੋਈ ਵਿਰਲਾ ਹੁੰਦਾ ਹੈ।

## ੧੮. (ਸਰੀਰ ਦੀਆਂ ਅੱਡ ਅੱਡ ਹਾਲਤਾਂ)

੧. ਕਿਤੜੇ ਅੰਨ੍ਹੇ ਆਖੀਅਨਿ ਕੇਤੜਿਆ ਹੀ ਦਿਸਨਿ ਕਾਣੇ।
੨. ਕੇਤੜਿਆਂ ਚੁੱਗੇ ਫਿਰਨਿ ਕਿਤੜੇ ਰਤੀਆਨ੍ਹੇ ਉਕਤਾਣੇ।
੩. ਕਿਤੜੇ ਨਕਟੇ ਗੁਣਗੁਣੇ ਕਿਤੜੇ ਬੋਲੇ ਬੁਚੇ ਲਾਣੇ।
੪. ਕੇਤੜਿਆ ਗਿਲ੍ਹੜ ਗਲੀਰ ਅੰਗਿ ਰਸਉਲੀ ਵੇਣਿ ਵਿਹਾਣੇ।
੫. ਟੁੰਡੇ ਬਾਂਡੇ ਕੇਤੜੇ ਗੰਜੇ ਲੁੰਜੇ ਕੋੜ੍ਹੀ ਜਾਣੇ।
੬. ਕਿਤੜੇ ਲੂਲੇ ਪਿੰਗੁਲੇ ਕਿਤੜੇ ਕੁੱਬੇ ਹੋਇ ਕੁੜਾਣੇ।
੭. ਕਿਤੜੇ ਖੁਸਰੇ ਹੀਜੜੇ ਕੇਤੜਿਆ ਗੁੰਗੇ ਤੁਤਲਾਣੇ।
੮. ਗੁਰ ਪੂਰੇ ਵਿਣ ਆਵਣ ਜਾਣੇ॥੧੮॥

**ਪਦਾਰਥ**-(ਚੁੱਗੇ=ਟੀਰੇ, ਭੈਂਗੇ। ਰਤੀਆਨ੍ਹੇ=ਅੰਧਰਾਤੇ ਵਾਲੇ ਉਕਤਾਣੇ=ਅੱਖਾਂ ਦੇ ਨਾਲ ਲਾਕੇ (ਜੋ ਵੇਖ ਸਕਣ, ਦੂਰੋਂ ਨਾ ਵੇਖ ਸਕਣ। ਗੁਣਗੁਣੇ=ਨੱਕ ਦੇ ਅੰਦਰ ਦੇ ਪਰਦੇ ਵਿੱਚ (ਨੁਕਸ ਵਾਲੇ ਜੋ ਣੂਣ ਣੂਣ ਕਰਕੇ ਬੋਲਦੇ ਹਨ। ਬੁੱਚੇ=ਕੰਨ ਕੱਟੇ । ਲਾਣੇ=ਬੁਲ੍ਹ (ਕੱਟੇ, ਬੂੜੇ। ਰਸਾਉਲੀ=ਕਿਸੇ ਥਾਂ ਗਿਲਟੀ ਪੈਦਾ ਹੋ ਕੇ ਨਿੱਗਰ ਵਧਾ ਵਧ ਜਾਣਾ। (ਵੇਣਿ ਵਿਹਾਣੇ=ਸਰੀਰ ਵਿੱਚ ਕਿਤੇ ਕੁਦਰਤੀ ਟੋਆ ਪੈ ਜਾਣਾ, ਕਿਸੇ ਹਿੱਸੇ ਦਾ (ਬੈਠ ਜਾਣਾ। ਟੁੰਡੇ=ਹੱਥ ਹੀਨ। ਬਾਂਡੇ=ਜਿਸ ਦੇ ਜੋੜ ਅਰਕ ਜਾਂ ਮੋਢੇ ਤਣ (ਜਾਣ। ਗੰਜੇ =ਸਿਰੋਂ ਵਾਲ ਹੀਨ। ਲੁੰਜੇ=ਜਿਸਦੀ ਬਾਂਹ ਸੁੱਕ ਜਾਏ। (ਲੂਲੇ=ਜਿਸ ਦੀਆਂ ਲੱਤਾਂ ਪੈਰ ਕੰਮ ਨਾ ਕਰਨ। ਪਿੰਗੁਲੇ=ਜਿਸ ਦੇ ਹੱਥ ਪੈਰ ਦੋਏ (ਮਾਰੇ ਹੋਣ। ਕੁੱਬਾ=ਜਿਸਦੀ ਪਿੱਠ ਰੋਗ ਨਾਲ ਬਾਹਰ ਨਿਕਲ ਪਏ। ਕੁੜਾਣੇ=ਜੋ (ਉਮਰ ਵਡੇਰੀ ਹੋਣ ਕਰਕੇ ਲੱਕੋਂ ਦੂਹਰੇ ਹੋ ਜਾਣ। ਖੁਸਰੇ=ਜੋ ਜਮਾਂਦਰੂ ਨਮਰਦ (ਹੋਣ। ਹੀਜੜਾ=ਖ੍ਵਾਜਾ ਸਰਾ, ਜੋ ਜਾਣਕੇ ਖ਼ੁਸਰਾ ਬਣਾਇਆ ਜਾਵੇ। ਗੁੰਗਾ=ਜੋ (ਬੋਲ ਨਾ ਸਕੇ। ਤੁਤਲਾਣੇ=ਜੋ ਥਥਲਾਕੇ ਬੋਲਣ।

**ਅਰਥ**-੧. ਕਿੰਨੇ ਅੰਨ੍ਹੇ ਕਹੀਦੇ ਤੇ ਕਿੰਨੇ ਕਾਣੇ ਦਿਸਦੇ ਹਨ। ੨.ਕਿੰਨੇ ਟੀਰੇ ਫਿਰਦੇ ਤੇ ਕਿਤਨੇ ਅੰਧਰਾਤੇ ਵਾਲੇ ਅਰ ਘੱਟ ਵੇਖਣ ਵਾਲੇ ਹਨ। ੩. ਕਿੰਨੇ ਨੱਕ ਕਟੇ, ਗੁਣਗੁਣੇ, ਬੋਲੇ (ਡੋਰੇ), ਕੰਨ ਕੱਟੇ ਤੇ ਬੁੱਲ੍ਹ ਕੱਟੇ ਹਨ। ੪. ਕਈ ਗਲਾਂ ਵਿਚ ਗਿਲ੍ਹੜਾਂ ਵਾਲੇ, ਅੰਗਾਂ ਵਿਚ ਰਸੌਲੀਆਂ ਵਾਲੇ ਤੋ ਦਬੇ ਅੰਗਾਂ ਵਾਲੇ ਹਨ। ੫.ਕਿਨ੍ਹੇ ਟੁੰਡੇ, ਬਾਂਡੇ, ਗੰਜੇ, ਕੋੜ੍ਹੀ ਜਾਣੀਦੇ ਹਨ। ੬. ਕਿੰਨੇ ਲੂਲ੍ਹੇ, ਪਿੰਗੁਲੇ, ਕੁੱਬੇ ਤੇ ਲੱਕ ਦੂਹਰੇ ਵਾਲੇ ਹਨ, ੭. ਕਿੰਨੇ ਖੁਸਰੇ, ਹੀਜੜੇ, ਗੂੰਗੇ ਥਥਲੇ ਹਨ। ੮. ਪੂਰੇ ਗੁਰੂ ਤੋਂ ਬਿਨਾਂ (ਐਸੇ) ਆਵਣ ਜਾਣੇ (ਬਣੇ ਹੀ ਰਹਿੰਦੇ ਹਨ)।

**ਭਾਵਃ**-ਏਹ ਸਰੀਰਕ ਬੱਜਾਂ ਖੋਟੇ ਕਰਮਾਂ ਦੇ ਫਲਾਂ ਕਰਕੇ ਲਗੀਆਂ ਹਨ। ਇਕ ਤਾਂ ਆਵਾਗੌਣ ਨਹੀਂ ਮਿਟਦਾ, ਇਕ ਐਸ ਤਰ੍ਹਾਂ ਦੇ ਕਲੇਸ਼ ਪਾਉਣੇ ਪੈਂਦੇ ਹਨ ਜੇ ਗੁਰ ਪੂਰੇ ਦੇ ਸ਼ਬਦ ਦਾ ਅੱਭਿਆਸ ਹੋ ਜਾਵੇ ਤਦ ਇਸ ਤਰ੍ਹਾਂ ਦੇ ਬੱਜ ਅਰ ਆਵਾਜਾਈ ਸਾਰੀ ਮਿਟ ਜਾਵੇ ਹੁਣ ਅੱਗੇ ਦੋ ਪੌੜੀਆਂ ਵਿਚ ਪਾਤਸ਼ਾਹੀ ਮਨਸਬਦਾਰਾਂ ਤੇ ਸੇਵਕਾਂ ਦੀ ਗਿਣਤੀ ਕਰਦੇ ਹਨ ਤੇ ਫੇਰ ਤਿੰਨਾਂ ਪੌੜੀਆਂ ਵਿਚ ਵਪਾਰੀਆਂ ਤੇ ਕਮਾਮਦਾਰ ਕਾਰੀਗਰਾਂ ਦੀ ਗਿਣਤੀ ਕਰੀ ਜਾਂਦੇ ਹਨ।ਅਖੀਰ ੨੪ ਪੌੜੀ ਵਿਚ ਸਿਧਾਂਤ ਖ਼ੋਲ੍ਹਦੇ ਹਨ।ਇਨ੍ਹਾਂ ਪੰਜਾਂ ਵਿਚ ਸਿਧਾਂਤ ਦਾ ਕਥਨ ਨਹੀਂ ਕੇਵਲ ਗਿਣਤੀ ਹੈ।

## ੧੯. ੨੦. ੨੧. ੨੨. ੨੩. (ਗਿਣਤੀ)।

੧. ਕੇਤੜਿਆ ਪਾਤਿਸਾਹ ਜਗਿ ਕਿਤੜੇ ਮਸਲਤਿ ਕਰਨਿ ਵਜੀਰਾ।
੨. ਕੇਤੜਿਆ ਉਮਰਾਉ ਲਖ ਮਨਸਬਦਾਰ ਹਜਾਰ ਵਡੀਰਾ।
੩. ਹਿਕਮਤਿ ਵਿਚਿ ਹਕੀਮ ਲਖ ਕਿਤੜੇ ਤਰਕਸ ਬੰਦ ਅਮੀਰਾ।
੪. ਕਿਤੜੇ ਚਾਕਰ ਚਾਕਰੀ ਭੋਈ ਮੇਠ ਮਹਾਵਤ ਮੀਰਾ।
੫. ਲਖ ਫਰਾਸ਼ ਲਖ ਸਾਰਵਾਨ ਮੀਰਾਂ ਖੋਰ ਸਈਸ ਵਹੀਰਾ।
੬. ਕਿਤੜੇ ਲਖ ਜਲੇਬਦਾਰ ਗਾਡੀਵਾਨ ਚਲਾਇ ਗਡੀਰਾ।
੭. ਛੜੀਦਾਰ ਦਰਵਾਨ ਖਲੀਰਾ॥੧੯॥
੮. ਕਿਤੜੇ ਲਖ ਨਗਾਰਚੀ ਕੇਤੜਿਆ ਢੋਲੀ ਸਹਨਾਈ।
੯. ਕੇਤੜਿਆਂ ਹੀ ਤਾਇਫੇ ਢਾਢੀ ਬਚੇ ਕਲਾਵਤ ਗਾਈ।
੧੦. ਕੇਤੜਿਆ ਬਹੁਰੂਪੀਏ ਬਾਜੀਗਰ ਲਖ ਭੰਡ ਅਤਾਈ।
੧੧. ਕਿਤੜੇ ਲਖ ਮਸਾਲਚੀ ਸ਼ਮਾ ਚਰਾਗ ਕਰਨਿ ਰੁਸਨਾਈ।
੧੨. ਕੇਤੜਿਆ ਹੀ ਕੋਰਚੀ ਆਮਲ ਪੋਸ਼* ਸਿਲਹ ਸੁਖਦਾਈ।
੧੩. ਕੇਤੜਿਆ ਹੀ ਆਬਦਾਰ ਕਿਤੜੇ ਬਾਵਰਚੀ ਨਾਨਵਾਈ।
੧੪. ਤੰਬੋਲੀ ਤੋਸਕਚੀ ਸੁਹਾਈ॥੨੦॥
੧੫. ਕੇਤੜਿਆ ਖੁਸ਼ਬੋਇਦਾਰ ਕੇਤੜਿਆ ਰੰਗਰੇਜ ਰੰਗੋਲੀ†।
੧੬. ਕਿਤੜੇ ਮੇਵੇਦਾਰ ਹਨਿ ਹੁਡਕ ਹੁਡਕੀਏ ਲੋਲਣਿ ਲੋਲੀ।
੧੭. ਖਿਜਮਤਿਗਾਰ ਖਵਾਸ ਲਖ ਗੋਲੰਦਾਜ ਤੋਪਕੀ ਤੋਲੀ।
੧੮. ਕੇਤੜਿਆ ਤਹਵੀਲਦਾਰ ਮੁਸਰਫਦਾਰ ਦਰੋਗੇ ਓਲੀ।
੧੯. ਕੇਤੜਿਆ ਕਿਰਮਾਣ ਹੋਇ ਕਰਿ ਕਿਰਸਾਣੀ ਅਤੁਲੁ ਅਤੋਲੀ।
੨੦. ਮੁਸਤੌਫੀ‡ ਬੂਤਾਤ ਲਖ ਮੀਰਸਾਮੇ ਬਖਸੀ ਕੌਲ ਕੋਲੀ।
੨੧. ਕੇਤੜਿਆ ਦੀਵਾਨ ਹੋਇ ਕਰਨਿ ਕਰੋੜੀ ਮੁਲਕ ਢੰਢੋਲੀ।
੨੨. ਰਤਨ ਪਦਾਰਥ ਮੋਲ ਅਮੋਲੀ॥੨੧॥
੨੩. ਕੇਤੜਿਆ ਹੀ ਜਉਹਰੀ ਲਖ ਸਰਾਫ ਖਜਾਜ ਵਪਾਰੀ।
੨੪. ਸਉਦਾਗਰ ਸਉਦਾਗਰੀ ਗਾਂਧੀ ਕਾਮੇਰੇ ਪਾਸਾਰੀ।
੨੫. ਕੇਤੜਿਆ ਪਰਚੂਨੀਏ ਕੇਤੜਿਆ ਦਲਾਲ ਬਜਾਰੀ।

*ਪਾ :-ਆਲਮ ਤੋਗ। †ਪਾ :-ਤੰਬੋਲੀ ‡ਪਾ :- ਮੁਸਤੋਸ਼ੀ।

੨੬. ਕੇਤੜਿਆ ਸਿਕਲੀਗਰਾਂ ਕਿਤੜੇ ਲਖ ਕਮਗਰ ਕਾਰੀ।
੨੭. ਕੇਤੜਿਆ ਕੁਮ੍ਹਿਆਰ ਲਖ ਕਾਗਦ ਕੁਟ ਘਣੇ ਲੂਣਾਰੀ।
੨੮. ਕਿਤੜੇ ਦਰਜੀ ਧੋਬੀਆਂ ਕਿਤੜੇ ਜ਼ਰ ਲੋਹੇ* ਸਿਰ ਹਾਰੀ।
੨੯. ਕਿਤੜੇ ਭੜਭੂੰਜੇ ਭਠਿਆਰੀ॥੨੨॥
੩੦. ਕੇਤੜਿਆ ਕਾਰੂੰਜੜੇ ਕੇਤੜਿਆ ਦਬਗਰ ਕਾਸਾਈ।
੩੧. ਕੇਤੜਿਆ ਮੁਨਿਆਰ ਲਖ ਕੇਤੜਿਆ ਚਮਿਆਰ ਅਰਾਈ।
੩੨. ਭੰਗ ਹੇਰੇ ਹੋਇ ਕੇਤੜੇ ਬਗਨੀਗਰਾ ਕਲਾਲ ਹਵਾਈ।
੩੩. ਕਿਤੜੇ ਭੰਗੀ ਪੋਸਤੀ ਅਮਲੀ ਸੋਫੀ ਘਣੀ ਲੁਕਾਈ।
੩੪. ਕੇਤੜਿਆ ਕਹਾਰ ਲਖ ਗੁਜਰ ਲਖ ਅਹੀਰ ਗਣਾਈ।
੩੫. ਕਿਤੜੇ ਹੀ ਲਖ ਚੂਹੜੇ ਜਾਤਿ ਅਜਾਤਿ ਸਨਾਤ ਅਲਾਈ।
੩੬. ਨਾਵ ਥਾਵ ਲਖ ਕੀਮ ਨ ਪਾਈ॥੨੩॥

**ਪਦਾਰਥ**-(ਮਸਲਤਿ=ਮਸਲਿਹਤ ਅਰਥਾਤ ਸਲਾਹ। ਉਮਰਾਉ=ਅਮੀਰ। ਤਰਕਸ਼ਬੰਦ=ਧਨੁਸ਼ ਧਾਰੀ। ਭੋਈ=ਘਾਹੀ। ਮੇਠ=ਤਵੇਲੇ ਦਾ ਨੌਕਰ। ਮਹਾਵਤ-ਹਾਥੀਵਾਨ। ਮੀਰਾ=ਸਰਦਾਰ, ਅਫਸਰ ਜਿਕੂੰ ਸ਼ਿਕਾਰ ਦਾ ਅਫਸਰ 'ਮੀਰ ਸ਼ਿਕਾਰ' ਕਹੀਦਾ ਹੈ, ਇਮਾਰਤਾਂ ਦਾ ਅਫਸਰ 'ਮੀਰ ਇਮਾਰਤ'। (ਮੀਰ 'ਸੱਯਦ' ਨੂੰ ਭੀ ਕਹਿੰਦੇ ਹਨ)। ਸਾਰਵਾਨ=ਊਠ ਚਲਾਉਣ ਵਾਲੇ। ਮੀਰਾਂ ਖੋਰ=ਘੋੜਿਆਂ ਦਾ ਅਫਸਰ। ਵਹੀਰ=ਬਹੁਤੇ। ਜਲੇਬਦਾਰ=ਪਾਤਸ਼ਾਹੀ ਸਵਾਰੀ ਦਾ ਅਫਸਰ। ਖਲੀਰਾ=ਹਸਾਉਣ ਖਿਡਾਉਣ ਵਾਲੇ। ਖ਼ਲੀਰਾ=ਮਾਸੀ ਸਾਕ ਸੰਬੰਧੀ)। ਸਹਨਾਈ=ਤੂਤੀ। ਤਾਇਫੇ=ਗਾਉਣ ਨੱਚਣ ਵਾਲੀਆਂ ਦੇ ਟੋਲੇ। ਕਲਾਵਤ=ਗਾਉਣ ਨੱਚਣ ਤੇ ਬਤਾਵਾ ਕਰਨ ਵਾਲੇ ਮਨੁੱਖ। ਅਤਾਈ=ਓਹ ਆਦਮੀ ਜੋ ਕਿਸੇ ਕਸਬ ਨੂੰ ਰੁਜਗਾਰ ਵਾਸਤੇ ਨਾ ਕਰਨ ਪਰ ਸ਼ੌਕ ਵਾਸਤੇ ਕਰਨ। ਕੋਰਚੀ=ਬਸਤਨੀਆ, ਕੱਪੜਿਆਂ ਸਾਂਭਣ ਵਾਲਾ ਸਰਦਾਰ। ਆਮਿਲ=ਹਾਕਮ, ਤਸੀਲਦਾਰ। ਪੋਸ਼ਸਿਲਹ=ਸਿਲਹਪੋਸ਼, ਸੰਜੋਅਪੋਸ਼, ਸੰਜੋਅ ਪਹਿਨਣ ਵਾਲਾ। ਆਬਦਾਰ=ਲੱਸੀ ਵਾਲਾ ਸਰਦਾਰ। ਤੋਸ਼ਕਚੀ=ਬਿਸ਼ਤਰਾ ਸੰਭਾਲਣ ਯਾ ਅਸਬਾਬ ਸਾਂਭਣ ਵਾਲੇ, ਖਜ਼ਜਨਚੀ। ਹੁਡਕ ਹੁਡਕੀਏ=ਸ਼ਰਤਾਂ ਬੰਨ੍ਣ ਵਾਲੇ। ਲੋਲਨਿ=ਚੰਚਲ, ਸੁੰਦਰ। ਲੋਲੀ=ਪਾਤਸਾਹੀ ਦਰਬਾਰੀ ਵੇਸਵਾ। ਖਵਾਸ=ਦਰਬਾਰੀ ਅਮੀਰ, ਕਿਸੇ ਵਡੇ ਆਦਮੀ ਦੀ ਟਹਿਲਣ, ਰਾਖਵੀਂ ਗੋਲੀ। ਗੋਲੰਦਾਜ਼ ਤੋਪਚੀ=ਤੋਪਾਂ ਦੇ ਗੋਲੇ ਮਾਰਨ ਵਾਲੇ। ਤੋਲੀ=ਤੋਲਣ ਵਾਲੇ, ਮੋਦੀ। ਤਹਵੀਲਦਾਰ=ਰੋਕੜ ਰੱਖਣ ਵਾਲਾ। ਮੁਸਰਫਦਾਰ=ਇਨਸਪੈਕਟਰ, ਕਿਸੇ ਕੰਮ ਦੀ ਨਿਗਰਾਨੀ ਦਾ ਅਫਸਰ। ਓਲੀ=ਅਲੂਫਾ ਅਰਥਾਤ ਰਸਦ ਦੇਣ ਵਾਲਾ। ਮਸਤੌਫੀ=ਵਡਾ ਕਾਗਤੀ, ਲੇਖੇ ਦੀ ਪੜਤਾਲ ਕਰਨ ਵਾਲਾ। ਬੂਤਾਤ=ਘਰੋਗੀ ਖਰਚਾਂ ਦਾ ਲੇਖੇਦਾਰ। ਮੀਰ ਸਾਮੇ=ਖੁਸ਼ਬੂਦਾਰ ਚੀਜ਼ਾਂ (ਅਤਰ ਆਦਿਕਾਂ) ਦਾ ਪਾਤਸ਼ਾਹੀ ਅਫਸਰ। ਬਖਸ਼ੀ=ਸੈਨਾਪਤ। ਕੋਲ=ਪਹਾੜੀ ਕੌਮ। ਕੋਲੀ=ਜੁਲਾਹੇ। ਦੀਵਾਨ=ਪਾਤਸ਼ਾਹੀ ਆਮਦਨ ਦਾ ਪ੍ਰਬੰਧਕ ਵਜ਼ੀਰ। ਪਰਚੂਨੀਏ=ਥੋਕ ਵਾਲਿਆਂ ਤੋਂ ਮਾਲ ਕੱਠਾ ਲੈਕੇ ਥੋੜਾ ਥੋੜਾ ਵੇਚਣ ਵਾਲੇ। ਸਿਕਲੀਗਰ=ਹਥਿਆਰ ਘੜਨ, ਮੁਰੰਮਤ ਤੇ ਸਾਫ ਕਰਨ ਵਾਲੇ। ਲੋਹੇ ਪਰ ਜਿਲਾ ਕਰਨ ਵਾਲੇ। ਕਮੱਗਰ=ਕਮਾਨਾਂ ਘੜਨ ਵਾਲੇ। ਲੂਣਹਾਰੀ=ਲੂਣ ਮਸਾਲਾ ਵੇਚਣ ਵਾਲੇ। ਜ਼ਰ ਲੋਹੇ ਸਿਰ ਹਾਰੀ=ਮੁਲੱਮਾ ਕਰਨ ਵਾਲੇ।

*ਪਾ :-ਜੋਲਾਹੇ।

ਸੋਨਾ ਲੋਹੇ ਤੇ ਚੜ੍ਹਾਉਨ ਵਾਲੇ। ਕਰੂੰਜੜੇ=ਸਬਜੀ ਵੇਚੂ। ਦਬਗਰ=ਕੁੱਪੇ ਬਨਾਉਣ ਵਾਲੇ। ਗੁੱਜਰ ਤੇ ਅਹੀਰ=ਦੋਵੇਂ ਦੁੱਧ ਵੇਚਣ ਵਾਲੇ ਹਨ, ਪਹਿਲੇ ਅਕਸਰ ਮੁਸਲਮਾਨ ਦੂਸਰੇ ਹਿੰਦੂ ਹੁੰਦੇ ਹਨ।

**ਅਰਥ**-੧.ਕਿਤਨੇ ਹੀ ਸੰਸਾਰ ਵਿਚ ਪਾਤਸ਼ਾਹ ਹਨ ਅਰ ਕਿਤਨੇ ਹੀ (ਉਹਨਾਂ ਦੇ) ਸਲਾਹ ਦੇਣ ਵਾਲੇ ਵਜ਼ੀਰ ਹਨ। ੨.ਕਿੰਨੇ ਉਮਰਾਉ, ਲੱਖਾਂ ਉਹਦੇਦਾਰ, ਹਜ਼ਾਰਾਂ ਵਡਿਆਈਆਂ ਵਾਲੇ ਹਨ। ੩.ਦਾਨਾਈ ਵਿਚ ਲਖਾਂ ਸਿਆਣੇ, ਕਿਨੇ ਧਨੁਖਧਾਰੀ ਅਮੀਰ ਹਨ। ੪.ਕਿਤਨੇ ਨੌਕਰੀ ਕਰਨ ਵਾਲੇ ਨੌਕਰ, ਘਾਹੀ, ਤਵੇਲੇਦਾਰ ਮਹਾਵਤ ਤੇ ਮੀਰ ਹਨ। ੫.ਲੱਖਾਂ (ਪਾਤਸ਼ਾਹੀ) ਵਿਛਾਈ ਕਰਨ ਵਾਲੇ, ਲੱਖਾਂ ਊਠਾਂ ਦੇ ਚਰਾਵਨ ਵਾਲੇ, ਘੋੜਿਆਂ ਦੇ ਅਫਸਰ ਤੇ ਸਾਈਸ ਭੀ ਬਹੁਤ ਹਨ। ੬.ਕਿਤਨੇ ਲੱਖ ਜਲੇਬਦਾਰ ਤੇ ਗੱਡੀਵਾਨ ਗੱਡੀਆਂ ਚਲਾਉਣ ਵਾਲੇ ਹਨ। ੭.ਰਾਜੇ ਨੂੰ ਹਸਾਵਨ ਖਿਡਾਵਣ ਵਾਲੇ ਚੋਬਦਾਰ ਤੇ ਦਰਬਾਨ (ਕਈ ਹਨ)।।੧੯।।

੮.ਲੱਖਾਂ ਹੀ ਨਗਾਰੇ ਵਾਲੇ ਤੇ ਕਿਤਨੇ ਹੀ ਢੋਲਾਂ ਤੂਤੀਆਂ ਵਾਲੇ ਹਨ। ੯.ਕਈ ਤੈਫੇ, ਢਾਡੀ ਬਚੇ ਗਾਉਣ ਵਾਲੇ ਕਲੌਂਤ। ੧੦.ਕਿਤਨੇ ਸ੍ਵਾਂਗ ਉਤਾਰਨ ਵਾਲੇ, ਮਦਾਰੀ ਭੰਡ ਤੇ ਅਤਾਈ ਹਨ। ੧੧.ਕਿਤਨੇ ਲੱਖ ਮਸ਼ਾਲਚੀ ਹਨ ਜੋ (ਸ਼ਮਾ=) ਮੋਮ ਬੱਤੀਆਂ ਤੇ (ਚਰਾਗ=) ਦੀਵੇ ਬਾਲਕੇ ਚਾਨਣਾ ਕਰਦੇ ਹਨ। ੧੨.ਕਿਤਨੇ ਹੀ ਬਸਤਨੀਏਂ ਹਾਕਮ ਤੇ ਮੰਜੋਅ ਪਹਿਨਣ ਵਾਲੇ (ਪਰਜਾ ਨੂੰ) ਸੁਖ ਦੇਣ ਵਾਲੇ ਹਨ। ੧੩.ਕਿਤਨੇ ਹੀ (ਰਾਜਿਆਂ ਦੇ) ਲੱਸੀ ਵਾਲੇ, ਰਸੋਈਏ ਤੇ ਰੋਟੀ ਪਕਾਉਣ ਵਾਲੇ ਹੁੰਦੇ ਹਨ। ੧੪.ਪਾਨਾਂ ਵਾਲੇ ਤੇ ਤੋਸ਼ਕਚੀ (ਕਈ) ਸੁਹਾਉਂਦੇ ਹਨ।।੨੦।।

੧੫.ਕਿਤਨੇ ਅੱਤਾਰ (=ਗਾਂਧੀ), (ਰੇਸ਼ਮ) ਰੰਗਣ ਵਾਲੇ ਤੇ ਲਿਲਾਰੀ ਹਨ। ੧੬.ਕਿੰਨੇ ਮੇਵਾ ਵੇਚਣ ਵਾਲੇ, ਜ਼ਿੱਦੀ (ਸ਼ਰਤਾਂ ਬੰਨ੍ਹਕੇ ਸੌਦੇ ਕਰਨ ਵਾਲੇ) ਤੇ ਚੰਚਲ ਵੇਸਵਾ ਹਨ। ੧੭.ਨੀਵੇਂ ਚਾਕਰ, ਦਰਬਾਰੀ ਅਹਿਲਕਾਰ, ਗੋਲਾ ਸੁੱਟਣ ਵਾਲੇ, ਤੋਪ ਚਲਾਉਣ ਵਾਲੇ ਤੇ ਮੋਦੀ ਹਨ। ੧੮.ਕਿੰਨੇ ਹੀ ਰੋਕੜੀਏ, ਨਿਗਰਾਨੀ ਰੱਖਣ ਵਾਲੇ ਦਰੋਗੇ ਤੇ ਰਸਦ ਦੇਣ ਵਾਲੇ ਹਨ। ੧੯.ਕਿੰਨੇ ਰਾਹਕ ਹੋਕੇ ਤੋਲ ਤੋਂ ਅਤੋਲ (ਧਰਤੀ ਪਰ) ਖੇਤੀ ਕਰਦੇ ਹਨ। ੨੦.ਪੜਤਾਲੀਏ, ਨਿਜ ਦੇ ਖਰਚ ਦੇ ਲੇਖੇਦਾਰ ਅਫਸਰ, ਅਫਸਰ ਖੁਸ਼ਬੋ, ਸੈਨਾਪਤ, ਕੋਲ ਤੇ ਜੁਲਾਹੇ। ੨੧.ਕਿੰਨੇ ਹੀ ਦੀਵਾਨ ਹੋਕੇ ਮੁਲਕ (ਦੀ ਆਮਦਨ ਦੀ) ਢੂੰਡ ਕਰਕੇ ਕਰੋੜਾਂ (ਰੁਪੱਯਾਂ ਦਾ ਮਾਮਲਾ ਜਮਾਂ) ਕਰਦੇ, ਤੇ ੨੨.ਮੁਲ ਤੋਂ ਅਮੁਲ ਰਤਨ ਪਦਾਰਥ ਜਮਾਂ ਕਰਦੇ।।੨੧।।

੨੩.ਕਿੰਨੇ ਜਵਾਰੀ, ਲੱਖਾਂ ਸਰਾਫ ਤੇ ਬਜਾਜ ਵਪਾਰੀ ਹਨ। ੨੪.ਸੁਦਾਗਰ ਸੁਦਾਗਰੀ ਕਰਦੇ ਹਨ, ਅੱਤਾਰ, ਭਾਂਡੇ ਵੇਚਣ ਵਾਲੇ ਤੇ ਪਸਾਰੀ ਹਨ। ੨੫.ਕਿੰਨੇ ਪਰਚੂਨੀਏ, ਕਿੰਨੇ ਬਜਾਰਾਂ ਦੇ ਦਲਾਲ ਹਨ। ੨੬.ਕਿੰਨੇ ਹਥਯਾਰਾਂ ਦੇ ਘੜਨ ਵਾਲੇ ਤੇ ਕਿਤਨੇ ਕਮਾਨਗਰ ਕਾਰੀ (ਸਿਆਣੇ) ਹਨ। ੨੭.ਕਿਤਨੇ ਕੁਮ੍ਹਿਆਰ ਹਨ, ਲੱਖਾਂ ਕਾਗਤ ਕੁਟ, ਬਥੇਰੇ ਲੂਣਾਰੇ ਹਨ। ੨੮.ਕਿਤਨੇ ਦਰਜੀ ਛੀਂਬੇ ਤੇ ਲੋਹੇ ਉਤੇ ਸੋਨੇ ਦਾ ਕੰਮ ਕਰਨ ਵਾਲੇ। ੨੯.ਕਿਤਨੇ ਭੜਭੂੰਜੇ (ਦਾਣੇ ਭੁੰਨਣ ਵਾਲੇ ਤੇ) ਤੰਦੂਰ ਵਾਲੇ ਹਨ।।੨੨।।

੩੦.ਕਿਤਨੇ ਕਰੂੰਜੜੇ, ਕਿਤਨੇ ਦਬਗਰ ਤੇ ਕਸਾਈ ਹਨ। ੩੧.ਕਿੰਨੇ ਮੁਨਿਆਰ ਕਿੰਨੇ ਲੱਖ ਚਮਿਆਰ ਤੇ ਅਰਾਈ ਹਨ। ੩੨.ਕਿੰਨੇ ਭੰਗ ਵੇਚਣ ਵਾਲੇ, ਕਿੰਨੇ ਵੰਗਾਂ ਬਣਾਉਣ ਵਾਲੇ, ਸ਼ਰਾਬ ਵੇਚਣ ਵਾਲੇ ਤੇ ਹਲਵਾਈ। ੩੩ ਕਿੰਨੇ ਭੰਗੀ, ਪੋਸਤੀ, ਨਸ਼ਈ, ਤੇ ਨਾ ਪੀਣ ਵਾਲੀ ਖੀ ਬਹੁਤ ਲੁਕਾਈ ਹੈ, ੩੪.ਕਿੰਨੇ ਹੀ ਕਹਾਰ (ਮਹਿਰੇ), ਲੱਖਾਂ ਗੁੱਜਰ ਤੇ ਅਹੀਰ ਗਿਣੀਂਦੇ ਹਨ। ੩੫.ਕਿੰਨੇ ਲੱਖ ਚੂਹੜੇ, ਕਿਤਨੇ ਜਾਤ ਵਾਲੇ (ਚਾਰ ਵਰਨ ਦੇ) ਕਿਤਨੇ ਅਜਾਤ (ਚਾਰ ਵਰਨਾਂ ਤੋਂ ਬਾਹਰ), ਕਿਤਨੇ ਚੰਡਾਲ ਕਹੀਦੇ ਹਨ। ੩੬.ਨਾਉਂ ਤੇ ਥਾਉਂ ਲੱਖਾਂ ਹਨ, ਗਿਣੇ ਨਹੀਂ ਜਾਂਦੇ।।੨੩।।

 www.sikhbookclub.com

## ੨੪. (ਸਭ ਗੁਰਮੁਖ ਬਣੋਂ)।

੧. ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।
੨. ਪੈਰੀ ਪੈ ਪਾਖਾਕ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।
੩. ਸਾਧ ਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ।
੪. ਮਿਠਾ ਬੋਲਣ ਨਿਵ ਚਲਣੁ ਹਥਹੁ ਦੇਕੈ ਭਲਾ ਮਨਾਏ।
੫. ਸਬਦਿ ਸੁਰਤਿ ਲਿਵਲੀਣੁ ਹੋਇ ਦਰਗਹ ਮਾਨ ਨਿਮਾਣਾ ਪਾਏ।
੬. ਚਲਣੁ ਜਾਣਿ ਅਜਾਣੁ ਹੋਇ ਆਸਾ ਵਿਚਿ ਨਿਰਾਸ ਵਲਾਏ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਏ॥੨੪॥੮॥

**ਅਰਥ**-੧.(ਸੰਸਾਰ ਵਿਚ) ਉੱਤਮ, ਮੱਧਮ ਤੇ ਨੀਚ (ਤ੍ਰੈ ਭੇਦ) ਲੱਖਾਂ (ਹਨ ਜੋ ਹਰ ਬਾਤ ਤੇ ਖਹਿੰਦੇ ਹਨ, ਪਰ) ਗੁਰਮੁਖ (ਆਪ ਨੂੰ) ਨੀਚਾਂ ਤੋਂ ਨੀਚ ਸਦਾਉਂਦੇ ਹਨ। ੨.ਗੁਰੂ ਦਾ ਸਿਖ ਪੈਰੀਂ ਪੈਕੇ, ਪੈਰਾਂ ਦੀ ਖਾਕ ਹੋਕੇ ਆਪਾ ਭਾਵ ਨੂੰ ਦੂਰ ਕਰਕੇ ਗੁਰਮੁਖ ਬਣ ਜਾਂਦਾ ਹੈ। ੩.ਸਾਧ ਸੰਗਤ ਦਾ ਭੈ ਧਾਰਕੇ, ਪ੍ਰੇਮ ਕਰਕੇ ਸੇਵਕ ਹੋਕੇ ਸੇਵਾ ਦੀ ਕਾਰ ਕਮਾਉਂਦਾ ਹੈ। ੪.ਮਿੱਠਾ ਬੋਲਣਾ, ਨਿਉਂਕੇ ਚੱਲਣਾ (ਕਰਦਾ ਤੇ) ਹੱਥੋਂ ਦੇ ਕੇ ਭਲਾ ਮਨਾਉਂਦਾ ਹੈ। ੫.ਸ਼ਬਦ ਵਿਚ ਸੁਰਤ ਜੋੜ ਕੇ, ਲਿਵ ਲਾ ਕੇ ਲੀਨ ਹੋ ਜਾਂਦਾ (ਤੇ ਸਭ ਮਾਣਾਂ ਤੋਂ) ਨਿਮਾਣਾ ਹੋ ਕੇ ਦਰਗਾਹ ਵਿਚ ਮਾਣ ਪਾਉਂਦਾ ਹੈ। ੬.(ਸੰਸਾਰ ਤੋਂ) ਚੱਲਣ ਸੱਚ ਜਾਣਕੇ, (ਚੰਚਲਤਾਈਆਂ ਤੋਂ) ਭੋਲਾ ਹੋਕੇ ਆਸ ਵਿਚ ਨਿਰਾਸ ਰਹਿਕੇ (ਝੱਟ) ਲੰਘਾਉਂਦਾ ਹੈ। ੭.ਗੁਰਮੁਖ ਸੁਖ ਰੂਪੀ ਅਲਖ ਫਲ ਨੂੰ ਲੱਖ ਲੈਂਦਾ ਹੈ।

**ਭਾਵ**-ਪਿੱਛੇ ਕਥੇ ਜਾਤ, ਵਰਨ, ਦੱਸੇ ਕਮਾਮ, ਰੋਗ, ਮਨਸਬ ਮਜ਼ਹਬ ਆਦਿ ਭੇਦਾਂ ਕਰਕੇ ਜੋ ਮਨੁਖਾਂ ਦੇ ਫਰ਼ਕ ਰਹੇ ਹਨ, ਉਨ੍ਹਾਂ ਦੇ ਅੰਤ ਵਿਚ ਕਹਿੰਦੇ ਹਨ ਕਿ ਉਤੱਮ, ਮੱਧਮ, ਨੀਚ ਤਿੰਨਾਂ ਤੋਂ ਨਿਕਲਕੇ ਗੁਰ ਸਿੱਖੀ ਗੁਰਮੁਖਤਾਈ ਵਿਚ ਆਕੇ ਜੀਵਨ ਮੁਕਤ ਹੋਣਾ ਠੀਕ ਹੈ, ਜੇ ਮਨੁੱਖ ਜਾਤੀ ਦੇ ਫਰਕਾਂ ਨੂੰ ਸੋਚੀਏ ਤਦ ਕਿਤੇ ਅੰਤ ਨਹੀਂ, ਜੇ ਸੁਖ ਲੈਣਾ ਹੋਵੇ ਤਦ ਚਾਹੇ ਕਿਸੇ ਟਿਕਾਣੇ ਹੋਵੇ ਭਜਨ ਕਰੇ ਤੇ ਸੁਖ ਪਾਵੇ।

# ਵਾਰ ੯.

ੴ ਸਤਿਗੁਰ ਪ੍ਰਸਾਦਿ॥

ਇਸ ਵਾਰ ਵਿਚ ਕਿਤੇ ਸਪਸ਼ਟ, ਕਿਤੇ ਅੰਨਯੋਕਤੀ, ਕਿਤੇ ਧੂਨੀ ਦ੍ਵਾਰਾ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਿੱਖੀ, ਗ੍ਰੀਬੀ, ਗੁਰਤਾ ਆਦਿ ਦਾ ਕਥਨ ਹੈ ਅਤੇ ਆਦਿ ਗੁਰੂ ਸਾਹਿਬ ਜੀ ਦੀ ਉੱਚਤਾ, ਗੁਰ ਕ੍ਰਿਪਾਲਤਾ, ਗੁਰ ਪ੍ਰੇਮ ਆਦਿ ਦਾ ਮਿਲ-ਬੱਝਵਾਂ ਵਰਣਨ ਹੈ ਅਤੇ ਇਸੇ ਲੜੀ ਵਿਚ ਗੁਰਸਿਖੀ ਦਾ ਸਾਰ ਉਪਦੇਸ਼ ਹੈ!

## ੧. (ਵਾਹਿਗੁਰੂ, ਗੁਰੂ, ਸ਼ਬਦ, ਸਤਿਸੰਗ)।

੧. ਗੁਰ ਮੂਰਤਿ ਪੂਰਨ ਬ੍ਰਹਮੁ ਅਬਿਗਤਿ ਅਬਿਨਾਸੀ।
੨. ਪਾਰ ਬ੍ਰਹਮੁ ਗੁਰ ਸਬਦੁ ਹੈ ਸਤਸੰਗਿ ਨਿਵਾਸੀ।
੩. ਸਾਧ ਸੰਗਤਿ ਸਚੁਖੰਡੁ ਹੈ ਭਾਉ ਭਗਤਿ ਅਭਿਆਸੀ।

੪. ਚਹੁ ਵਰਨਾ ਉਪਦੇਸੁ ਕਰਿ ਗੁਰਮਤਿ ਪਰਗਾਸੀ।
੫. ਪੈਰੀ ਪੈ ਪਾਖਾਕ ਹੋਇ ਗੁਰਮੁਖਿ ਰਹਿਰਾਸੀ।
੬. ਮਾਇਆ ਵਿਚਿ ਉਦਾਸੁ ਗਤਿ ਹੋਇ ਆਸ ਨਿਰਾਸੀ॥੧॥

**ਪਦਾਰਥ**-(ਅਬਿਗਤਿ=ਗਤੀ ਤੋਂ ਰਹਿਤ । ਰਹਿਰਾਸੀ=ਸਿੱਧੇ ਰਸਤੇ ਦੇ ਤੁਰਾਊ।

**ਅਰਥ**-੧. ਗੁਰੂ ਨਾਸ਼ ਤੋਂ ਰਹਿਤ ਤੇ ਗਤੀ ਤੋਂ ਰਹਿਤ ਪੂਰਨ ਬ੍ਰਹਮ ਦੀ ਮੂਰਤ (ਵਾਂਗੂੰ ਹੈ)। ੨.(ਉਸ) ਗੁਰੂ ਸ਼ਬਦ ਸਤਿਸੰਗ ਵਿਚ ਨਿਵਾਸ ਰੱਖਣ ਵਾਲੇ ਪਾਰਬ੍ਰਹਮ ਦਾ (ਮਾਨੋਂ) ਮਿਲਾਪ ਹੈ, (ਅਥਵਾ ਗੁਰੂ ਦੀ ਮੂਰਤਿ ਪੂਰਨ ਬ੍ਰਹਮ ਹੈ ਤੇ ਗੁਰੂ ਦਾ ਸ਼ਬਦ ਪਾਰਬ੍ਰਹਮ ਹੈ। ਪ੍ਰਸ਼ਨ ਹੁੰਦਾ ਹੈ, ਬ੍ਰਹਿਮੰਡ ਵਿਚ? ਉੱਤਰ ਦੇਂਦੇ ਹਨ, ਸਤਿਸੰਗ ਨਿਵਾਸ ਵਿਖੇ ਅਰਥਾਤ ਧਯਾਨ ਤੇ ਸ਼ਬਦ, ਇਨ੍ਹਾਂ ਨੂੰ ਸਾਧਨ ਹੀ ਨਾ ਸਮਝੇ ਪਰ ਸਾਧਨ ਤੇ ਸਿੱਧੀ ਦੋਵੇਂ, ਤਦ ਕਲਿਆਨ ਹੈ)। ੩. ਸਾਧ ਸੰਗਤ (ਹੀ) ਸਚਖੰਡ ਹੈ (ਜਿੱਥੇ) ਪ੍ਰੇਮਾ ਭਗਤੀ ਦਾ ਅਭਯਾਸ ਹੁੰਦਾ ਹੈ। ੪.(ਜਿਥੇ) ਚਹੁੰ ਵਰਨਾਂ ਨੂੰ (ਜਾਤ ਭੇਦ ਛੱਡਕੇ) ਉਪਦੇਸ਼ ਨਾਲ ਗੁਰਮਤ ਦਾ ਪ੍ਰਗਾਸ ਹੁੰਦਾ ਹੈ। ੫.(ਜਿਸ ਟਕਸਾਲ ਵਿਖੇ ਜਗਯਾਸੂ) ਪੈਰੀਂ ਪੈ ਕੇ, ਪੈਰਾਂ ਦੀ ਖਾਕ ਹੋ ਕੇ ਸਿੱਧੇ ਰਸਤੇ ਦੇ ਤੁਰਾਊ ਗੁਰਮੁਖ ਹੋ ਜਾਂਦੇ ਹਨ। ੬. ਆਸਾ ਤੋਂ ਨਿਰਾਸ ਹੋ ਕੇ ਮਾਇਆ ਦੇ ਵਿਚੇ ਹੀ ਉਦਾਸ ਗਤੀ ਵਾਲੇ (ਹੋਕੇ ਵਿਚਰਦੇ ਹਨ)।

**ਭਾਵ**-ਇਸ ਪਉੜੀ ਵਿਚ ਵਾਹਿਗੁਰੂ ਦਾ ਵਰਣਨ ਸਤਿਸੰਗ ਦੇ ਮੰਡਲ ਵਿਚ ਕੀਤਾ ਹੈ, ਅਰ ਇਹ ਵਰਣਨ ਭੀ ਸਿੱਧਾਂਤ ਕਥਨ ਵਿਚ ਨਹੀਂ, ਪਰ ਸਾਧਨ ਪੱਖ ਵਿਚ ਹੈ। ਸਾਧਸੰਗ ਜੋ ਹੈ ਸੋ ਇਕ ਸੱਚਖੰਡ ਹੈ, ਸੱਚਖੰਡ ਵਿਚ ਪੂਰਨ ਬ੍ਰਹਮ ਨਿਵਾਸ ਰੱਖਦਾ ਹੈ। ਇਸ ਸਾਧਨ ਪੱਖ ਦੇ ਸੱਚਖੰਡ ਵਿਚ ਸਾਧਨ ਪੂਰਨ ਬ੍ਰਹਮ ਤੇ ਸਬਦ ਪਾਰਬ੍ਰਹਮ ਹੈ, ਏਸ ਧਯਾਨ ਤੇ ਨਾਮ ਦਾ ਪ੍ਰੇਮਾ ਭਗਤੀ ਨਾਲ ਇਥੇ ਅਭਯਾਸ ਹੁੰਦਾ ਹੈ। ਨਵੇਂ ਆਇਆਂ ਨੂੰ ਬਿਨਾਂ ਲਿਹਾਜ਼ ਜਾਤ ਪਾਤ ਦੇ ਗੁਰਮਤਿ ਦਾ ਉਪਦੇਸ਼ ਹੁੰਦਾ ਹੈ, ਉਪਦੇਸ਼ ਦੀ ਧਾਰਨਾ, ਨਿੰਮ੍ਰਤਾ ਤੇ ਸਿੱਧੇ ਰਸਤੇ ਤੁਰਨਾ ਅਮਲੀ ਤੌਰ ਤੇ ਹੁੰਦਾ ਹੈ, ਐਉਂ ਮਾਇਆ ਵਿਚ ਅਲੇਪ ਹੋਕੇ ਖੇਡਦੇ ਹਨ ਗੁਰਮੁਖ।

## ੨. (ਗੁਰ ਸਿੱਖੀ)।

੧. ਗੁਰ ਸਿਖੀ ਬਾਰੀਕ ਹੈ ਸਿਲ ਚਟਣ ਫਿਕੀ।
੨. ਤਿਖੀ ਖੰਡੇ ਧਾਰ ਹੈ ਉਹੁ ਵਾਲਹੁੰ ਨਿਕੀ।
੩. ਭੂਹ ਭਵਿਖ ਨ ਵਰਤਮਾਨ ਸਰਿ ਮਿਕਨਿ ਮਿਕੀ।
੪. ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।
੫. ਦੂਆ ਤੀਆ ਵੀਸਰੈ ਸਣ ਕਕਾ ਕਿਕੀ।
੬. ਸਭੈ ਸਿਕਾਂ ਪਰਹਰੈ ਸੁਖੁ ਇਕਤੁ ਸਿਕੀ॥੨॥

**ਪਦਾਰਥ**-(ਭੂਹ=ਸੀਤ ਗਿਆ ਸਮਾਂ। ਭਵਿੱਖ-ਆਉਣ ਵਾਲਾ ਸਮਾਂ। ਵਰਤਮਾਨ=ਹੁਣ ਦਾ
(ਸਮਾਂ। ਸਰਿ=ਬਰਾਬਰ। ਮਿਕ-ਮੇਚੀਏ। ਨਮਿਕੀ=ਨਹੀਂ ਮਿਚਦਾ।
(ਦੂਆ=ਦ੍ਵੰਦ। ਤੀਆ-ਤ੍ਰਿਕੁਟੀ। ਕਕਾ ਕਿਕੀ=ਕਦ, ਕਾਹਨੂੰ, ਕਿੱਥੇ, ਕੀਹ।
(ਸਿਕਾਂ=ਲੋਚਨਾ।

**ਅਰਥ**-੧. ਗੁਰ ਸਿੱਖੀ (ਬਹੁਤ) ਬ੍ਰੀਕ ਹੈ, (ਤੇ) ਅਲੂਣੀ ਸਿਲਾ ਦੇ ਚੱਟਣ ਵਾਂਗ (ਪਹਿਲੇ) ਫਿੱਕੀ ਹੈ। ੨. ਖੰਡੇ ਦੀ ਧਾਰ ਵਾਂਗੂੰ ਤਿੱਖੀ ਹੈ ਉਹ, ਤੇ ਵਾਲ ਨਾਲੋਂ ਬੀ ਨਿੱਕੀ ਹੈ। ੩. ਭੂਤ, ਭਵਿੱਖ ਵਰਤਮਾਨ (ਤਿੰਨਾਂ ਕਾਲਾਂ ਵਿਖੇ ਇਸ ਸਿੱਖੀ ਦੇ) ਬਰਾਬਰ (ਜੇ ਕੁਛ) ਮੇਚੀਏ ਤਾਂ ਮਿਚ ਨਹੀਂ ਸਕਦਾ।

੪.ਇਸ (ਸਿੱਖੀ) ਦੇ ਘਰ ਵਿਚ ਦ੍ਵੈਤ ਨਾਸ਼ ਹੁੰਦੀ ਹੈ ਤੇ ਇਕੋ ਇਕ ਹੋ ਜਾਈਦਾ ਹੈ (ਪਯਾਰੇ ਨਾਲ, ਪ੍ਰੇਮ ਦੁਆਰਾ) ੫.ਦ੍ਵੰਦ, ਤ੍ਰਿਕੁਟੀ ਤੇ (ਨੀਵੇਂ ਝੇੜੇ) ਕਦ, ਕਾਹਨੂੰ, ਕਿਥੇ, ਕੀਹ (ਸਾਰੇ) ਵਿਸਰ ਜਾਂਦੇ ਹਨ। ੬.(ਸਿੱਖੀ ਦੀ) ਇਕੋ ਸਿੱਕ ਵਿਚ ਹੀ ਸੁਖ ਹੈ (ਤਾਂਤੇ) ਸਭ ਸਿੱਕਾਂ ਨੂੰ ਦੂਰ ਕਰੇ।

**ਭਾਵ**-ਗੁਰ ਸਿੱਖੀ ਦਾ ਵਰਣਨ ਹੈ ਕਿ ਇਹ ਕਠਨ ਹੈ, ਪਰ ਸੁਖਦਾਈ ਤੇ ਪਰਮਪਦ ਦੀ ਦਾਤੀ ਹੈ। ਮਨੁਖ ਦੇ ਝੇੜੇ ਜੋ ਸੁਰਤ ਨੂੰ ਫਸਾਉਂਦੇ ਹਨ, ਚਾਰ ਪ੍ਰਕਾਰ ਦੇ ਹਨ। 'ਕਦ' ਜੋ ਕਾਲ ਦੇ ਫੇਰਾਂ ਵਿਚ ਫਾਹੁੰਦਾ ਹੈ, 'ਕਿਥੇ' ਜੋ ਦੇਸ਼ ਦੇ ਚੱਕ੍ਰਾਂ ਵਿਚ ਫਾਹੁੰਦਾ ਹੈ, 'ਕੀਹ' ਜੋ ਵਸਤੂ ਦੇ ਫੇਰਾਂ ਵਿਚ ਫਸਾਉਂਦਾ ਹੈ, 'ਕਾਹਨੂੰ' ਜੋ ਯੁਕਤੀ ਦੇ ਚੱਕ੍ਰ ਵਿਚ ਲਿਜਾਂਦਾ ਹੈ। ਸੰਸਾਰਕ ਝੇੜੇ ਇਨਾਂ ਚਹੁੰ ਅੱਖਰਾਂ ਵਿਚ ਹਨ, ਸੋ ਏਥੇ ਮਿਟਦੇ ਹਨ। ਭਾਈ ਜੀ ਨੇ ਸੰਖੇਪ ਮਾਤਰ ਕਦ, ਕਾਹਨੂੰ, ਕਿਥੇ, ਕੀਹ ਦੇ ਪਹਿਲੇ ਅੱਖਰ ਕ, ਕਾ, ਕਿ, ਕੀ ਲਿਖ ਦਿਤੇ ਹਨ। ਦ੍ਵੰਦਾਂ ਵਿਚ ਫਸਕੇ ਯਥਾਰਥ ਤੋਂ ਵਾਂਝੇ ਰਹਿਣਾ ਏਥੇ ਦੂਰ ਹੁੰਦਾ ਹੈ ਤੇ ਤ੍ਰਿਕੁਟੀ, ਜੋ ਪਰਮਾਰਥ ਦਾ ਸਾਧਨ ਹੈ ਉਹ ਭੀ ਛੱਡਕੇ ਪੂਰਨ ਪਦ ਪ੍ਰਾਪਤ ਹੁੰਦਾ ਹੈ, ਤਾਂਤੇ ਇਸੇ ਇਕੋ ਦੀ ਲੋਚਨਾਂ ਕਰੋ, ਹੋਰ ਛਡੋ।

## ੩. (ਗੁਰਮੁਖਤਾਈ)।

੧. ਗੁਰਮੁਖਿ ਮਾਰਗੁ ਆਖੀਐ ਗੁਰਮਤਿ ਹਿਤਕਾਰੀ।
੨. ਹੁਕਮਿ ਰਜਾਈ ਚਲਣਾ ਗੁਰ ਸਬਦ ਵੀਚਾਰੀ।
੩. ਭਾਣਾ ਭਾਵੈ ਖਸਮ ਕਾ ਨਿਹਚਉ ਨਿਰੰਕਾਰੀ।
੪. ਇਸਕ ਮੁਸਕ ਮਹਕਾਰ ਹੈ ਹੁਇ ਪਰਉਪਕਾਰੀ।
੫. ਸਿਦਕ ਸਬੂਰੀ ਸਾਬਤੇ ਮਸਤੀ ਹੁਸੀਆਰੀ।
੬. ਗੁਰਮੁਖਿ ਆਪੁ ਗਵਾਇਆ ਜਿਨਿ ਹਉਮੈ ਮਾਰੀ॥੩॥

**ਪਦਾਰਥ**-(ਮੁਸਕ=ਕਸਤੂਰੀ। ਸਾਬਤੇ=ਸਾਵਧਾਨਤਾ।

**ਅਰਥ**-੧.ਗੁਰਮੁਖ ਮਾਰਗ (ਉਸ ਨੂੰ) ਕਹੀਦਾ ਹੈ (ਜਿਸ ਵਿਚ ਸਿਖ) ਗੁਰੂ ਦੀ ਮਤ ਦਾ ਪਿਆਰਾ ਹੋ ਜਾਵੇ; ੨.ਗੁਰੂ ਦੇ ਸ਼ਬਦ ਦੀ ਵੀਚਾਰ ਕਰੇ (ਤੇ ਉਸ ਦੇ) ਹੁਕਮ ਵਿਚ ਤੇ ਰਜ਼ਾ ਉਤੇ ਚਲੇ। ੩.ਉਸ ਨੂੰ ਖਸਮ (ਵਾਹਿਗੁਰੂ) ਦਾ ਭਾਣਾ ਪਯਾਰਾ ਲਗੇ ਤੇ ਨਿਸ਼ਚੇ ਨਿਰੰਕਾਰ ਦਾ (ਬੰਦਾ ਹੋ ਕੇ ਰਹੇ)। ੪.ਇਸ਼ਕ ਤੇ ਕਸਤੂਰੀ ਦੀ ਮਹਿਕਾਰ (ਗੁੱਝੀ ਨਹੀਂ ਰਹਿੰਦੀ, ਇਸੇ ਤਰ੍ਹਾਂ ਉਹ) ਪਰਉਪਕਾਰੀ ਹੋ ਜਾਂਦਾ ਹੈ।੫.ਭਰੋਸਾ, ਸੰਤੋਖ, ਮਸਤੀ, ਹੁਸ਼ਿਆਰੀ (ਸਭ ਵਿਚ) ਸਾਵਧਾਨਤਾ ਰੱਖਦਾ ਹੈ। ੬.ਗੁਰਮੁਖ ਨੇ ਆਪਾ ਭਾਵ ਗੁਆ ਦਿਤਾ ਹੈ(ਇਸ ਜਿੱਤ ਨੂੰ)ਜਿੱਤ ਕੇ ਹਉਮੈ ਮਾਰ ਲਈ ਹੈ।

**ਭਾਵ**-ਇਹ ਗੁਰਮੁਖ ਦੇ ਲੱਛਣ ਹਨ, ਪਰ ਧ੍ਵਨੀ ਵਿਚ ਸਾਰੀ ਗੁਰੂ ਅੰਗਦ ਦੇਵ ਦੀ ਸਾਧਨਾ ਤੇ ਭਗਤੀ ਅਵਸਥਾ ਦਾ ਹਾਲ ਹੈ।

## ੪. (ਸਿੱਖ ਦੀ ਕਰਨੀ)।

੧. ਭਾਇ ਭਗਤਿ ਭੈ ਚਲਣਾ ਹੋਇ ਪਾਹੁਣਿਚਾਰੀ।
੨. ਚਲਣੁ ਜਾਣਿ ਅਜਾਣ ਹੋਇ ਗਹੁ ਗਰਬ ਨਿਵਾਰੀ।
੩. ਗੁਰਸਿਖ ਨਿਤ ਪਰਾਹੁਣੇ ਇਹ ਕਰਣੀ ਸਾਰੀ।
੪. ਗੁਰਮੁਖਿ ਸੇਵ ਕਮਾਵਣੀ ਸਤਿਗੁਰੂ ਪਿਆਰੀ।
੫. ਸਬਦਿ ਸੁਰਤਿ ਲਿਵਲੀਣ ਹੋਇ ਪਰਵਾਰ ਸੁਧਾਰੀ।
੬. ਸਾਧਸੰਗਤਿ ਜਾਇ ਸਹਜ ਘਰਿ ਨਿਰਮਲਿ ਨਿਰੰਕਾਰੀ॥੪॥

**ਪਦਾਰਥ**-(ਗਹੁ=ਗੌਰ, ਪਕੜ। ਸਾਰੀ=ਚੰਗੀ।

**ਅਰਥ**-੧.,੨.ਪ੍ਰਾਹੁਣਚਾਰੀ ਵਾਂਗੂੰ (ਇਸ ਸੰਸਾਰ ਤੋਂ) ਚਲੇ ਜਾਣ (ਦੀ ਗੱਲ) ਜਾਣਕੇ, (ਲੋਕਾਂ ਦੇ ਭਾਣੇ) ਅਵਾਣ ਬਣਕੇ ਹੰਕਾਰ ਦੀ ਪਕੜ ਨੂੰ ਦੂਰ ਕਰਕੇ ਪ੍ਰੇਮਾ ਭਗਤੀ ਤੇ ਭੈ ਵਿਚ ਤੁਰੇ। ੩.ਇਹ ਕਰਨੀ ਚੰਗੀ ਹੈ ਕਿ ਗੁਰੂ ਦੇ ਸਿੱਖ (ਆਪ ਨੂੰ) ਪ੍ਰਾਹੁਣੇ ਜਾਣਦੇ ਹਨ। ੪.(ਇਹ ਜਾਣਕੇ) ਗੁਰੂ ਦੁਆਰੇ ਟਹਿਲ ਕਰਨੀ (ਇਹ ਕਾਰ) ਗੁਰੂ ਨੂੰ ਪਿਆਰੀ ਹੈ। ੫.ਸ਼ਬਦ ਸੁਰਤ ਵਿਚ ਲਿਵਲੀਨ ਹੋ ਕੇ (ਪਰ ਇਕੱਲਾ ਨਹੀਂ, ਨਾਲ) ਪਰਵਾਰ ਨੂੰ ਭੀ ਸੁਧਾਰ ਲਵੇ। ੬.(ਕਿੱਕੂੰ ?) ਸਾਧ ਸੰਗਤ ਦਾ ਜੋ ਸਹਿਜ ਦਾ ਪਦ ਹੈ (ਉਥੇ) ਜਾਕੇ ਮੈਲ ਤੋਂ ਰਹਿਤ (ਹੋਕੇ ਇਕ) ਨਿਰੰਕਾਰ ਦਾ ਹੋ ਰਹੇ।

**ਭਾਵ**-ਸੰਸਾਰ ਦੀ ਖਿੱਚ ਤੇ ਮਿਹਨਤਾਂ ਨੂੰ ਅਪਣੀ ਪ੍ਰਾਹੁਣਚਾਰੀ ਦੀ ਆਗਤ ਭਾਗਤ ਜਾਣਕੇ ਫਸੇ ਨਾ। 'ਗਹੁ ਗਰਬ' ਡਾਢੇ ਹੰਕਾਰ ਨੂੰ ਭੀ ਕਹਿੰਦੇ ਹਨ ਤੇ ਹਰ ਵੇਲੇ ਅਪਣੇ ਮਾਨ ਦੇ ਧਿਆਨ ਵਿਚ ਰਹਿਣ ਤੋਂ ਵੀ ਅਰਥ ਹੈ। ਗੁਰਮੁਖ ਟਹਿਲ ਦਾ ਮਤਲਬ ਹੈ ਜੋ ਸੇਵਾ ਦੀ ਜਾਚ ਵਿਧੀ ਸਿਰ ਗੁਰੂ ਜੀ ਦੀ ਆਗਯਾ ਅਨੁਕੂਲ ਗੁਰਮੁਖ ਦੇ ਸਤਿਸੰਗ ਵਿਚੋਂ ਪ੍ਰਾਪਤ ਹੋਵੇ।

## ੫. (ਗੁਰ ਸਿਖ ਦੀ ਆਤਮ ਖੇਡ)।

੧. ਪਰਮ ਜੋਤਿ ਪਰਗਾਸੁ ਕਰਿ ਉਨਮਨਿ ਲਿਵਲਾਈ।
੨. ਪਰਮ ਤਤੁ ਪਰਵਾਣੁ ਕਰਿ ਅਨਹਦਿ ਧੁਨਿ ਵਾਈ।
੩. ਪਰਮਾਰਥ ਪਰਬੋਧ ਕਰਿ ਪਰਮਾਤਮ ਹਾਈ।
੪. ਗੁਰ ਉਪਦੇਸੁ ਅਵੇਸੁ ਕਰਿ ਅਨਭਉ ਪਦ ਪਾਈ।
੫. ਸਾਧ ਸੰਗਤਿ ਕਰਿ ਸਾਧਨਾ ਇਕ ਮਨਿ ਇਕੁ ਧਿਆਈ।
੬. ਵੀਹ ਇਕੀਹ ਚੜ੍ਹਾਉ ਚੜ੍ਹਿ ਇਉਂ ਨਿਜ ਘਰਿ ਜਾਈ॥੫॥

**ਪਦਾਰਥ**-(ਉਨਮਨਿ=ਤੁਰੀਆ ਅਵਸਥਾ।

**ਅਰਥ**-੧.(ਉਸ ਸੱਚੇ ਗੁਰ ਸਿੱਖ ਨੇ) ਪਰਮ ਜੋਤ ਦਾ (ਰਿਦੇ ਵਿਚ) ਪ੍ਰਕਾਸ਼ ਕਰਕੇ ਤੁਰੀਆ ਪਦ ਵਿਖੇ ਲਿਵ ਲਾਈ। ੨.ਪਰਮ ਤੱਤ (ਵਾਹਿਗੁਰੂ ਦੇ ਤਤ ਸਰੂਪ ਨੂੰ) ਪਰਮਾਣ ਕਰਕੇ ਅਨਾਹਦ ਧੁਨੀ ਵੱਜੀ। ੩.ਪਰਮਾਰਥ ਨੂੰ ਸਮਝਕੇ ਪਰਮਾਤਮਾਂ ਨੂੰ (ਹਾਈ=) 'ਹੈ' ਜਾਨਣ ਦੀ ਅਵਸਥਾ ਵਿਚ ਟਿਕੇ। ੪.ਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕਰਕੇ ਅਨੁਭਵ ਦੇ ਪਦ ਨੂੰ ਪਾਇਆ। ੫.ਸਾਧ ਸੰਗਤ ਵਿਚ (ਇਹ) ਸਾਧਨਾਂ ਕਰਕੇ ਇਕ ਮਨ ਹੋ ਕੇ ਇਕ (ਵਾਹਿਗੁਰੂ) ਨੂੰ ਧਿਆਇਆ। ੬.ਵੀਹ (ਸੰਸਾਰ ਤੋਂ) ਇਕੀਹ (ਪਰਲੋਕ ਵਿਚ) ਚੜ੍ਹਾਉ ਚੜ੍ਹਾਇਆ ਤੇ ਐਦਾਂ ਸ੍ਵੈ ਸ੍ਵਰੂਪ ਵਿੱਚ ਗਏ।

**ਭਾਵ**-'ਪਰਮਾਤਮ ਹਾਈ' ਇਸ ਅਵਸਥਾ ਦਾ ਨਾਮ ਹੈ ਕਿ ਨਾਮ ਦੇ ਸਾਧਨ ਕਰਦਿਆਂ 'ਵਾਹਿਗੁਰੂ ਹੈ' ਇਹ ਧਯਾਨ ਅੱਠ ਪਹਿਰ ਨਹੀਂ ਭੁੱਲਦਾ, ਇਸ ਤੋਂ ਅੱਗੇ 'ਓਹ ਵਿਆਪਕ ਹੈ' ਦਾ ਧਯਾਨ ਬੱਝਦਾ ਤੇ ਉੱਨਤ ਹੁੰਦਾ ਜਾਂਦਾ ਹੈ, ਕਿ ਜੈਸਾ ਅੱਗੇ ਕਹਿਣਗੇ।

## ੬. (ਨਿਜ ਸਰੂਪਕ ਵਾਹਿਗੁਰੂ ਵਯਾਪਕਤਾ ਦਾ ਅਨਭੈ)।

੧. ਦਰਪਣਿ ਵਾਂਗਿ ਧਿਆਨੁ ਧਰਿ ਆਪੁ ਆਪ ਨਿਹਾਲੈ।
੨. ਘਟਿ ਘਟਿ ਪੂਰਨ ਬ੍ਰਹਮੁ ਹੈ ਚੰਦੁ ਜਲ ਵਿਚਿ ਭਾਲੈ।
੩. ਗੋਰਸੁ ਗਾਈ ਵੇਖਦਾ ਘਿਉ ਦੁਧ ਵਿਚਾਲੈ।
੪. ਫੁਲਾਂ ਅੰਦਰਿ ਵਾਸੁ ਲੈ ਫਲੁ ਸਾਉ ਸਮ੍ਹਾਲੈ।
੫. ਕਾਸਟਿ ਅਗਨਿ ਚਲਿਤੁ ਵੇਖਿ ਜਲ ਧਰਤਿ ਹਿਆਲੈ।
੬. ਘਟਿ ਘਟਿ ਪੂਰਨੁ ਬ੍ਰਹਮੁ ਹੈ ਗੁਰਮੁਖਿ ਵੇਖਾਲੈ॥੬॥

**ਪਦਾਰਥ**-(ਦਰਪਣ=ਸ਼ੀਸ਼ਾ।

**ਅਰਥ**-੧.(ਜੀਕੂੰ) ਸ਼ੀਸ਼ੇ ਵਿਚ ਧਿਆਨ ਧਰ (ਕੇ ਆਪਣੇ ਸਰੀਰ ਨੂੰ ਜਿਵੇਂ ਵੇਖੀਦਾ ਹੈ) ਤਿਕੂੰ ਆਪ (ਆਪਣੇ ਆਪ ਨੂੰ) ਆਪਣੇ ਆਪ ਵਿਚ ਵੇਖੇ। ੨.ਘਟ ਘਟ (ਵਿਖੇ) ਬ੍ਰਹਮ ਪੂਰਣ ਹੈ, (ਜਿੰਕੂ ਇਕ) ਚੰਦ ਨੂੰ (ਅਨੇਕ ਜਲਾਂ) ਵਿਚ ਵੇਖਦਾ ਹੈ। ੩.(ਜਿੱਕੂੰ ਹਰ ਰੰਗ ਦੀਆਂ) ਗਾਈਆਂ ਵਿਚ (ਇਕ ਚਿੱਟੇ) ਦੁਧ ਨੂੰ ਤੇ ਦੁੱਧ ਵਿਚ ਘਿਉ ਨੂੰ ਵੇਖਦਾ ਹੈ, ੪.(ਜਿੱਕੂੰ) ਫੁੱਲਾਂ ਵਿਚ ਵਾਸ਼ਨਾਂ (ਨੂੰ) ਲੈਂਦਾ ਤੇ ਫਲਾਂ ਵਿਚੋਂ ਰਸ ਨੂੰ ਸੰਮ੍ਹਾਲਦਾ (ਚੱਖਦਾ ਹੈ)। ੫.ਕਾਠ (ਵਿਚ) ਅੱਗ (ਸਮਾਈ ਹੋਈ ਦਾ) ਤਮਾਸ਼ਾ ਦੇਖਦਾ ਤੇ ਧਰਤੀ ਅੰਦਰ ਜਲ ਨੂੰ (ਸਮਾਯਾ ਜਾਣਦਾ) ਹੈ। ੬.(ਇਸੀ ਤਰ੍ਹਾਂ) ਘਟ ਘਟ ਵਿਚ ਪੂਰਨ ਬ੍ਰਹਮ ਹੈ, ਪਰ ਗੁਰਮੁਖ ਦਿਖਾਲਦਾ ਹੈ।

**ਭਾਵ**-ਏਹ ਦ੍ਰਿਸ਼ਟਾਂਤ ਦੇਕੇ ਵਾਹਿਗੁਰੂ ਵਯਾਪਕ ਹੈ ਅਰ ਕਿਕੂੰ ਵਯਾਪਕ ਹੈ, ਇਸ ਗਯਾਨ ਪਦ ਵਿਚ ਸਿਖ ਦੀ ਇਸਥਿਤੀ ਦਿਖਾਈ ਹੈ।

## ੭. (ਐਸੇ ਸਿੱਖ ਦੀ ਰਹਿਣੀ)।

੧. ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।
੨. ਰਤਨ ਪਾਰਖੂ ਹੋਇਕੈ ਰਤਨਾ ਅਵਲੋਈ।
੩. ਮਨੁ ਮਾਣਕੁ ਨਿਰਮੋਲਕਾ ਸਤਿਸੰਗਿ ਪਰੋਈ।
੪. ਰਤਨਮਾਲ ਗੁਰ ਸਿਖ ਜਗਿ ਗੁਰਮਤਿ ਗੁਣਗੋਈ।
੫. ਜੀਵੰਦਿਆਂ ਮਰਿ ਅਮਰੁ ਹੋਇ ਸੁਖ ਸਹਜਿ ਸਮੋਈ।
੬. ਓਤਿ ਪੋਤਿ ਜੋਤੀ ਜੋਤਿ ਮਿਲਿ ਜਾਣੈ ਜਾਣੋਈ॥੭॥

**ਪਦਾਰਥ**-(ਦਿਬ ਦਿਸਟਿ=ਪ੍ਰਕਾਸ਼ਮਾਨ ਨਜ਼ਰ, ਅਗੰਮ ਜਾਣਨ ਵਾਲੀ ਦ੍ਰਿਸ਼ਟੀ, (ਗਯਾਨ ਦ੍ਰਿਸ਼ਟੀ। ਗੁਣ=ਰੱਸੀ। ਗੋਈ=ਗੁੰਦੇ ਹੋਏ।

**ਅਰਥ**-੧.ਗਯਾਨ ਦ੍ਰਿਸ਼ਟੀ ਵਿਖੇ ਗੁਰੂ ਦਾ ਧਿਆਨ ਧਰਨ ਵਾਲਾ ਕੋਈ ਵਿਰਲਾ ਸਿੱਖ ਹੁੰਦਾ ਹੈ। ੨.(ਜੋ) ਰਤਨਾਂ (ਆਤਮ ਗੁਣਾਂ) ਦਾ ਪਾਰਖੂ ਹੋਕੇ ਰਤਨਾਂ ਨੂੰ ਹੀ ਵੇਖਦਾ ਹੈ। ੩.ਮਨ ਰੂਪੀ ਮਾਣਕ ਅਮੋਲਕ (ਰਤਨ ਹੈ ਜੋ) ਸਤਿਸੰਗ ਵਿਚ ਪ੍ਰੋਤਾ ਜਾਂਦਾ ਹੈ। ੪.ਜਗਤ ਵਿਚ ਗੁਰੂ ਦੇ ਸਿੱਖ ਰਤਨਾਂ ਦੀ ਮਾਲਾ ਵਾਂਗੂੰ ਹਨ ਜੋ ਗੁਰੂ ਦੀ ਮਤ ਦੀ ਰੱਸੀ ਵਿਚ ਗੁੰਦੇ ਹੋਏ ਹਨ। ੫.ਜੀਉਂਦਿਆਂ ਹੀ ਮਰਕੇ ਫੇਰ ਅਮਰ ਹੋ ਹੋ ਕੇ ਸਹਿਜ ਸੁਖ ਵਿਖੇ ਸਮਾ ਜਾਂਦੇ ਹਨ। ੬.ਜੋਤ ਹੋਕੇ ਜੋਤ ਵਿਚ ਓਤ ਪੋਤ (ਤਾਣੇ ਪੇਟੇ) ਵਾਂਗੂੰ ਮਿਲਕੇ (ਜਾਣੋਈ ਜਾਣਨਹਾਰੇ ਵਾਹਿਗੁਰੂ ਨੂੰ) ਜਾਣ ਲੈਂਦੇ ਹਨ।

## ੮, (ਐਸਾ ਸਿੱਖ ਗੁਰੂ ਨਾਲ ਅਭੇਦ)।

੧. ਰਾਗ ਨਾਦ ਵਿਸਮਾਦੁ ਹੋਇ ਗੁਣ ਗਹਿਰ ਗੰਭੀਰਾ।
੨. ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨਿ ਧੀਰਾ।
੩. ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ।
੪. ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।
੫. ਅੰਤਰਜਾਮੀ ਜਾਣੀਐ ਅੰਤਰਿ ਗਤਿ ਪੀਰਾ*।
੬. ਗੁਰ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ॥੮॥

**ਪਦਾਰਥ**-(ਧੀਰਾ=ਟਿਕ ਜਾਣਾ। ਵਜੀਰਾ=ਵਜੰਤ੍ਰੀ।

**ਅਰਥ**-੧.ਰਾਗ ਦੇ ਨਾਦ ਨਾਲ ਵਿਸਮਾਦ(ਅਚਰਜ) ਹੋਕੇ ਗੁਣਾਂ ਦੇ ਡੂੰਘਾਉ ਵਿਚ ਗੰਭੀਰ ਹੋ ਜਾਂਦਾ ਹੈ

*ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥ (ਗੌਂਡ:ਮ:੪)

ਹੈ। ੨.ਸ਼ਬਦ ਵਿਚ ਸੁਰਤ ਲਿਵਲੀਣ ਹੋਕੇ ਅਨਾਹਦ ਧੁਨੀ ਵਿਚ ਮਨ ਟਿਕ ਜਾਂਦਾ ਹੈ। ੩.ਜੰਤ੍ਰੀ ਜੰਤ੍ਰ ਵਜਾਉਂਦਾ ਹੈ (ਤੇ ਉਧਰ) ਮਨ ਵਿੱਝਕੇ ਤੁਰੀਆ ਵਿਚ (ਜਾ ਟਿਕਦਾ ਹੈ)। ੪.ਵਾਜੇ (ਆਪੇ) ਵੱਜਣ (ਯਾ) ਵਜਾਏ ਜਾਣ, ਗੁਰੂ ਦੇ ਸ਼ਬਦ ਦਾ ਵਜੰਤ੍ਰੀ* (ਉਸ ਨੂੰ ਅੰਦਰ)ਸਮਾ ਲੈਂਦਾ ਹੈ। ੫.ਅੰਤਰਜਾਮੀ ਜਾਣੀਐ (ਕਿਉਂਕਿ ਉਹ) ਅੰਤਰਗਤ ਪੀੜਾ ਨੂੰ ਜਾਣਦਾ ਹੈ। ੬.ਗੁਰੂ ਚੇਲਾ ਹੈ ਤੇ ਚੇਲਾ ਗੁਰੂ ਹੈ, (ਜਿਕੂੰ) ਵਿੰਨਣ ਵਾਲਾ ਭੀ ਹੀਰਾ (ਤੇ ਵਿੱਝਣ ਵਾਲਾ ਭੀ) ਹੀਰਾ।

**ਭਾਵ**-ਪਹਿਲੀ ਤੁਕ ਵਿਚ ਆਹਤ ਸਬਦ ਦਾ ਕਥਨ ਹੈ ਜੋ ਅਨੇਕ ਰਾਗ ਦੁਆਰਾ ਗਲਿਆਂ ਤੋਂ ਉਤਪੰਨ ਹੁੰਦਾ ਹੈ। ਇਸ ਰਾਗ ਦੀ ਤਾਸੀਰ ਪੂਰਨ ਸਿੱਖ ਤੇ ਕੀ ਹੁੰਦੀ ਹੈ ਕਿ ਉਹ ਗੁਣਾਂ ਦੀ ਮਹਿਕ ਵਿਚ ਗਹਿਰ ਗੰਭੀਰ ਅਡੋਲ ਇਸਥਿਤ ਹੋਇਆ ਰਹਿੰਦਾ ਹੈ। ਫੇਰ ਜੇ ਉਹ ਅਨਾਹਦ ਸ਼ਬਦ ਦੇ ਰੰਗ ਵਿਚ ਚੜ੍ਹੇ ਤਦ ਭੀ ਸ਼ਬਦ ਵਿਚ ਹੀ ਲੀਨ ਹੋ ਜਾਂਦਾ ਹੈ। ਤੀਸਰੀ ਤੁਕ ਵਿਚ ਵਾਜਿਆਂ ਦਾ ਕਥਨ ਹੈ ਕਿ ਜੇ ਵਾਜਿਆਂ ਦਾ ਅਨਾਹਤ ਸ਼ਬਦ ਸੁਣੇ ਤਦ ਭੀ ਪੂਰਨ ਸਿੱਖ ਤੁਰੀਆ ਪਦ ਵਿਚ ਹੀ ਇਸਥਿਤ ਹੁੰਦਾ ਹੈ। ਅਗਲੀ ਤੁਕ ਵਿਚ ਕਹਿੰਦੇ ਹਨ ਕਿ 'ਵਜਿ ਵਜਾਇ' ਚਾਹੇ ਤਾਂ ਸ਼ਬਦ ਆਪੇ ਵਜੇ ਤੇ ਚਾਹੇ ਵਜਾਇਆ ਜਾਏ, ਅਰਥਾਤ ਅਨਾਹਤ ਤੇ ਆਹਤ ਦੋਨੋਂ ਤਰ੍ਹਾਂ ਦੇ ਸ਼ਬਦ ਦੇ (ਵੱਜਣ ਦੀ ਕ੍ਰਿਆ) ਦਾ ਅਸਰ ਪੂਰਨ ਸਿੱਖ ਪਰ ਇਹ ਹੁੰਦਾ ਹੈ ਕਿ ਗੁਰੂ ਦੇ ਸ਼ਬਦ ਵਿਚ ਆਰੂੜ੍ਹ ਹੋਕੇ ਉਸ ਰੰਗ ਨੂੰ, ਜੋ ਨਾਮ ਤੋਂ ਪ੍ਰਾਪਤ ਹੁੰਦਾ ਹੈ, ਸਮਾ ਲਵੇ, ਜਰ ਲਵੇ। ਅੰਦਰ ਸਮਾਈ ਕਰਨ ਦੀ ਪੀੜ ਹੈ, ਉਹ ਸਹਿਣੀ ਸਫਲ ਹੈ, ਕਿਉਂਕਿ ਗੁਰੂ ਅੰਦਰ ਦੀ ਪੀੜ ਦਾ ਜਾਨਣਹਾਰ ਹੈ, ਇਸ ਲਈ ਹਰ ਹਾਲਤ ਵਿਚ ਚਾਹੇ ਮਨ ਅੰਤਰ ਕੋਈ ਪੀੜ ਹੋਵੇ, ਚਾਹੇ ਨਾਮ ਰਸ ਦੀ ਪ੍ਰਾਪਤੀ ਹੋਵੇ , ਜਰਨਾ ਚਾਹੀਏ ਤੇ ਦੁਹਾਂ ਹਾਲਤਾਂ ਵਿਚ ਰਜ਼ਾ ਤੇ ਸ਼ੁਕਰ ਤੇ ਟਿਕਣਾ ਚਾਹੀਦਾ ਹੈ ਤੇ ਅੰਤ ਵਿਚ ਚੇਲਾ ਗੁਰੂ ਇਕ ਹੋ ਜਾਂਦੇ ਹਨ, ਜਿਕੁਰ ਵਿੰਨ੍ਹਣ ਵਾਲਾ ਤੇ ਵਿਝਣ ਵਾਲਾ ਹੀਰਾ ਦੋਵੇਂ ਹੀਰਾ ਹੀ ਹੁੰਦੇ ਹਨ। ਵਜ਼ੀਰਾ ਦਾ ਅਰਥ ਲੋਕ'ਵਜ਼ੀਰ' ਬੀ ਕਰਦੇ ਹਨ ਪਰ ਇਹ ਅਪ੍ਰਸੰਗਕ ਅਤੇ ਅਸ਼ੁੱਧ ਹੈ।

## ੯. (ਤ੍ਰਖਾਣ)।

੧. ਪਾਰਸੁ ਹੋਇਆ ਪਾਰਸਹੁੰ ਗੁਰਮੁਖਿ ਵਡਿਆਈ।
੨. ਹੀਰੈ ਹੀਰਾ ਬੇਧਿਆ ਜੋਤੀ ਜੋਤਿ ਮਿਲਾਈ।
੩. ਸਬਦ ਸੁਰਤਿ ਲਿਵ ਲੀਣੁ ਹੋਇ ਜੰਤ੍ਰ ਜੰਤ੍ਰੀ ਵਾਈ।
੪. ਗੁਰ ਚੇਲਾ ਚੇਲਾ ਗੁਰੂ ਪਰਚਾ ਪਰਚਾਈ।
੫. ਪੁਰਖਹੁੰ ਪੁਰਖੁ ਉਪਾਇਆ ਪੁਰਖੋਤਮ ਹਾਈ।
੬. ਵੀਹ ਇਕੀਹ ਉਲੰਘਿਕੈ ਹੋਇ ਸਹਜਿ ਸਮਾਈ॥੯॥

**ਪਦਾਰਥ**-(ਜੰਤ੍ਰ=ਵਾਜਾ। ਜੰਤ੍ਰੀ=ਵਾਜੇ ਵਾਲਾ। ਹਾਈ=ਹੋਏ। ਵੀਹ=ਜੀਵ। ਇਕੀਹ=ਈਸ਼੍ਵਰ।

**ਅਰਥ**-੧.ਗੁਰਮੁਖਾਂ ਵਿਚ (ਇਹ) ਵਡਿਆਈ ਹੈ ਕਿ (ਮਾਨੋ) ਪਾਰਸ ਨਾਲ ਛੁਹਣ ਨਾਲ ਪਾਰਸ (ਹੋਈਦਾ ਹੈ ਇਉਂ ਓਹ ਆਪਣੇ ਸਤਿਸੰਗੀ ਨੂੰ ਆਪਣੇ ਜਿਹਾ ਕਰ ਦਿੰਦੇ ਹਨ)। ੨.(ਆਪਣੇ ਸਤਿਸੰਗੀ ਦਾ ਮਨ) ਹੀਰਾ (ਗੁਰ ਸ਼ਬਦ) ਹੀਰੇ ਨਾਲ ਵਿੰਨ੍ਹਕੇ ਜੋਤੀ (ਅਕਾਲ ਪੁਰਖ ਵਿਖੇ ਉਸ ਦੀ) ਜੋਤ ਮਿਲਾ ਦਿੰਦੇ ਹਨ। ੩.(ਫੇਰ ਉਹ) ਸ਼ਬਦ ਦੀ ਸੁਰਤ ਦੀ (ਲਿਵ) ਤਾਰ (ਵਿਖੇ ਅਜਿਹਾ) ਲੀਨ ਹੁੰਦਾ ਹੈ, (ਜਿੱਕੁਰ) ਜੰਤ੍ਰੀ ਜੰਤ੍ਰ ਵਜਾਉਂਦਾ ਹੈ (ਭਾਵ, ਉਸ ਦੀ ਸੁਰ, ਤਾਲ ਇਕ ਸਰੂਪ ਹੋ ਜਾਂਦੀ ਹੈ)। ੪.ਗੁਰ ਚੇਲਾ ਤੇ ਚੇਲਾ ਗੁਰੂ ਹੋਕੇ ਪ੍ਰੇਮ ਵਿਖੇ (ਪਰਚੇ=) ਪਰਚ ਗਿਆ ਹੈ। ੫.ਪਰਖਹੁੰ (=ਗੁਰ ਚੇਲਾ, ਨਾਨਕ ਥੋਂ ਅੰਗਦ ਜੀ ਭੀ) ਪੁਰਖ ਹੋਕੇ ਪੁਰਖੋਤਮ ਹੋਏ (ਸਰਬ ਪੁਰਖਾਂ ਵਿਖੇ ਸ਼੍ਰੇਸ਼ਟ ਹੋ ਗਏ)।

*ਨਾਮ ਅਭਜਾਸੀ।

੬. ਵੀਹ ਤੇ ਇੱਕੀ ਥੋਂ ਲੰਘਕੇ ਸਹਜ ਪਦ ਵਿਖੇ ਸਮਾ ਗਏ।

**ਭਾਵ**-ਓਹ ਜੋ ਅਸਾਂ ਪਿਛਲੀ ਪਉੜੀ ਵਿਚ ਦੱਸਿਆ ਸੀ ਕਿ ਪੌੜੀਆਂ ਵਿਚ ਗੁਰੂ ਅੰਗਦ ਦੇਵ ਤੇ ਗੁਰੂ ਨਾਨਕ ਦੇਵ ਜੀ ਦੇ ਦੈਵੀ ਸੰਬੰਧ ਦਾ ਧਯਾਨ ਚਿਤ ਵਿਚ ਰੱਖਕੇ ਗੁਰੂ ਸਿੱਖੀ ਦੇ ਉਸੇ ਉੱਚ ਭਾਵ ਨੂੰ ਭਾਈ ਸਾਹਿਬ ਜੀ ਵਰਣਨ ਕਰ ਰਹੇ ਹਨ ਕਿ ਜੋ ਉਹਨਾਂ ਵਿਚ ਸੀ, ਅਸਲ ਵਿਚ 'ਧ੍ਵਨੀ' ਨਾਲ ਏਹ ਸਭ ਪਹਿਲੇ ਦੋਹਾਂ ਸਤਿਗੁਰਾਂ ਦੀ ਮਹਿਮਾਂ ਹੋ ਰਹੀ ਹੈ ਜੋ ਕਾਵਯ ਵਿਚ ਬੜੀ ਖ਼ੂਬੀ ਦੀ ਬਾਤ ਹੈ।

## ੧੦. (ਸਾਧ ਸੰਗਤ ਸਚਖੰਡ)।

੧. ਸਤਿਗੁਰੁ ਦਰਸਨੁ ਦੇਖਦੋ ਪਰਮਾਤਮੁ ਦੇਖੈ।
੨. ਸਬਦ ਸੁਰਤਿ ਲਿਵਲੀਣ ਹੋਇ ਅੰਤਰਿ ਗਤਿ ਲੇਖੈ।
੩. ਚਰਨ ਕਵਲ ਦੀ ਵਾਸਨਾ ਹੋਇ ਚੰਦਨ ਭੇਖੈ।
੪. ਚਰਣੋਦਕ ਮਕਰੰਦ ਰਸ ਵਿਸਮਾਦੁ ਵਿਸੇਖੈ।
੫. ਗੁਰਮਤਿ ਨਿਹਚਲ ਚਿਤੁ ਕਰਿ ਵਿਚਿ ਰੂਪ ਨ ਰੇਖੈ।
੬. ਸਾਧ ਸੰਗਤਿ ਸਚਖੰਡਿ ਜਾਇ ਹੋਇ ਅਲਖ ਅਲੇਖੈ॥੧੦॥

**ਪਦਾਰਥ**-(ਦੇਖਦੋ=ਦੇਖਣੇ ਹਾਰਾ। ਚੰਦਨ ਭੇਖੈ=ਚੰਦਨ ਸਰੂਪ। ਚਰਣੋਦਕ=ਚਰਣਜਲ। (ਮਕਰੰਦ=ਸ੍ਵਾਦ, ਰਸ। ਅਲਖ ਅਲੇਖੈ=ਈਸ਼੍ਵਰ ਵਿਸੇਖ਼ਣ।

**ਅਰਥ**-੧.(ਸਤਿਸੰਗ ਵਿਖੇ ਜਾਕੇ) ਜੋ ਸਤਿਗੁਰੂ ਦੇ ਦਰਸ਼ਨ ਕਰਦਾ ਹੈ, (ਉਹ) ਪਰਮਾਤਮਾ ਨੂੰ ਦੇਖਦਾ ਹੈ। ੨.(ਕਿਉਂ ਜੋ) ਸ਼ਬਦ ਦੀ ਸੁਰਤ ਦੀ ਲਿਵ ਵਿਖੇ ਮਗਨ ਹੋਕੇ (ਅੰਤਰਗਤਿ=) ਰਿਦੇ ਅੰਦਰ (ਪ੍ਰਾਪਤ ਪਰਮਆਤਮਾਂ) ਲਖਦਾ ਹੈ। ੩.(ਗੁਰੂ ਦੇ) ਚਰਣ ਕਵਲਾਂ ਦੀ ਵਾਸ਼ਨਾ ਨੂੰ ਲੈ ਕੇ ਚੰਦਨ ਸਰੂਪ ਹੋ ਜਾਂਦਾ ਹੈ (ਭਾਵ ਦੈਵੀ ਗੁਣਾਂ ਵਾਲਾ ਹੁੰਦਾ ਹੈ)। ੪.(ਗੁਰੂ ਦੇ) ਚਰਣਾਂ ਦੇ ਜਲ ਦੇ ਸ੍ਵਾਦ ਦਾ ਰਸ ਵੱਡਾ ਅਚਰਜ ਰੂਪ ਹੈ (ਭਾਵ ਹੋਰ ਰਸ ਭੁੱਲ ਜਾਂਦੇ ਹਨ) । ੫.ਗੁਰੂ ਦੀ ਮਤ ਵਿਖੇ ਚਿੱਤ ਨੂੰ ਅਚਲ ਕਰਦੇ ਹਨ, ਹੋਰ ਰੂਪਰੇਖ ਵਿਚ ਨਹੀਂ ਰਹਿੰਦੇ (ਸ਼ੁੱਧ ਅੰਤਹਕਰਣ ਹੋ ਜਾਂਦਾ ਹੈ)। ੬.ਸਾਧ ਸੰਗਤ ਦੇ ਸੱਚ ਖੰਡ ਵਿਖੇ ਜਾਕੇ ਅਲਖ ਤੇ ਅਲੇਖ ਹੋ ਜਾਂਦੇ ਹਨ।

**ਭਾਵ**-"**ਨਾਨਕ ਜਿਨ ਕਉ ਸਤਿਗੁਰੁ ਮਿਲਿਆ ਤਿਨ ਕਾ ਲੇਖਾ ਨਿਬੜਿਆ॥੧੯॥੧॥੨॥**"(ਆਸਾ:ਮ:੩-ਪਟੀ)

## ੧੧. (ਸਾਖੀ ਅਵਸਥਾ)।

੧. ਅਖੀ ਅੰਦਰਿ ਦੇਖਦਾ ਦਰਸਨ ਵਿਚਿ ਦਿਸੈ।
੨. ਸਬਦੈ ਵਿਚਿ ਵਖਾਣੀਐ ਸੁਰਤੀ ਵਿਚਿ ਰਿਸੈ।
੩. ਚਰਣ ਕਵਲ ਵਿਚਿ ਵਾਸਨਾ ਮਨੁ ਭਵਰੁ ਸਲਿਸੈ।
੪. ਸਾਧ ਸੰਗਤਿ ਸੰਜੋਗੁ ਮਿਲਿ ਵਿੰਜੋਗਿ ਨ ਕਿਸੈ।
੫. ਗੁਰਮਤਿ ਅੰਦਰਿ ਚਿਤੁ ਹੈ ਚਿਤੁ ਗੁਰਮਤਿ ਜਿਸੈ।
੬. ਪਾਰਬ੍ਰਹਮ ਪੂਰਣ ਬ੍ਰਹਮੁ ਸਤਿਗੁਰ ਹੈ ਤਿਸੈ॥੧੧॥

**ਪਦਾਰਥ**-(ਦਰਸਨ=ਦੀਦਾਰ। ਰਿਸੈ=ਨਿਕਲਦਾ ਹੈ ਸਲਿਸੈ=ਲੈਂਦਾ ਹੈ। (ਤਿਸੈ=ਉਸ ਦੇ ਹਨ।

**ਅਰਥ**-੧.ਜੋ ਅੱਖੀਂ ਦੇ ਅੰਦਰੋਂ ਦੇਖਦਾ ਹੈ, (ਉਹ ਗੁਰੂ ਦੇ) ਦੀਦਾਰ ਵਿਖੇ ਦਿੱਸਦਾ ਹੈ। ੨.(ਜੋ)

ਸ਼ਬਦ ਵਿਚ ਉਚਾਰਿਆ ਜਾਂਦਾ ਹੈ, (ਉਹ) ਸੁਰਤ ਵਿਚੋਂ ਨਿਕਲਦਾ ਹੈ, ੩.(ਗੁਰੂ ਦੇ) ਚਰਣ ਕਵਲ ਵਿਚ ਜੋ ਵਾਸ਼ਨਾ ਹੈ (ਉਸ ਨੂੰ ਮਨ) ਭਵਰ ਸਮਾਨ ਹੋਕੇ ਲੈਂਦਾ ਹੈ। ੪.ਸਾਧਸੰਗਤ ਦੇ ਸੰਜੋਗ ਵਿਖੇ ਮਿਲਣ ਕਰਕੇ (ਫੇਰ) ਵਿਜੋਗ ਕਿਸੇ ਨੂੰ ਨਹੀਂ ਹੁੰਦਾ। ੫.ਗੁਰਮਤ ਦੇ ਅੰਦਰ ਚਿਤ ਹੈ ਤਾਂ ਚਿਤ ਗੁਰਮਤ ਜੈਸਾ ਹੋ ਜਾਂਦਾ ਹੈ (ਭਾਵ ਤੱਤ ਰੂਪ ਹੋ ਜਾਂਦਾ ਹੈ)। ੬.'ਪਾਰਬ੍ਰਹਮ' ਪੂਰਣ ਬ੍ਰਹਮ ਅਤੇ ਸਤਿਗੁਰੂ (ਏਹ ਤਿੰਨੇ) ਉਸ ਦੇ ਹਨ।

**ਭਾਵ**-ਅੱਖਾਂ ਵਿਚੋਂ ਵੇਖਣ ਵਾਲਾ ਹੈ, ਤੇ ਸੁਰਤ ਵਿਚੋਂ ਸ਼ਬਦ ਰਸ ਲੈਣ ਵਾਲਾ ਜੋ ਸ਼ੁੱਧ ਅੰਸ਼ ਸਾਖੀ ਰੂਪ ਹੈ,ਉਹ ਰਸ ਰੂਪ ਵਸਤੂ ਜਗਯਾਸੂ ਨੂੰ ਗੁਰੂ ਦੇ ਦਰਸ਼ਨ ਤੇ ਸ਼ਬਦ ਵਿਚ ਦਿੱਸਦੀ ਹੈ। ਗੁਰੂ ਫੇਰ ਕਿਰਪਾ ਕਰ ਕੇ ਉਸ ਨੂੰ ਆਪਣੀ ਪਛਾਣ ਸਿਖਾ ਕੇ ਫੇਰ ਵਾਹਿਗੁਰੂ ਦੀ ਪਛਾਣ ਦੱਸਦੇ ਹਨ।

## ੧੨. (ਈਸ਼੍ਵਰੀਯ ਗੁਣ)।

੧. ਅਖੀ ਅੰਦਰਿ ਦਿਸਟਿ ਹੋਇ ਨਕਿ ਸਾਹੁ ਸੰਜੋਈ।
੨. ਕੰਨਾਂ ਅੰਦਰਿ ਸੁਰਤਿ ਹੋਇ ਜੀਭ ਸਾਦੁ ਸਮੋਈ।
੩. ਹਥੀ ਕਿਰਤਿ ਕਮਾਵਣੀ ਪੈਰ ਪੰਥੁ ਸਥੋਈ।
੪. ਗੁਰਮੁਖਿ ਸੁਖ ਫਲੁ ਪਾਇਆ ਮਤਿ ਸਬਦਿ ਵਿਲੋਈ।
੫. ਪਰਕਿਰਤੀ ਹੂੰ ਬਾਹਰਾ ਗੁਰਮੁਖਿ ਵਿਰਲੋਈ।
੬. ਸਾਧ ਸੰਗਤਿ ਚੰਨਣ ਬਿਰਖੁ ਮਿਲਿ ਚੰਨਣ ਹੋਈ॥੧੨॥

**ਪਦਾਰਥ**-(ਸੰਜੋਈ=ਪਾਈ। ਸਮੋਈ=ਪਾਈ।

**ਅਰਥ**-੧.(ਈਸ਼੍ਵਰ ਨੇ) ਅੱਖਾਂ ਵਿਖੇ ਦ੍ਰਿਸ਼ਟੀ (ਦੀ ਸੁਰਤ), ਨੱਕ ਵਿਖੇ ਸ੍ਵਾਸ ਲੈਣ ਦੀ (ਸੁਰਤ) ਪਾਈ। ੨.ਕੰਨਾਂ ਵਿਚ ਸੁਣਨ ਦੀ, ਜੀਭ ਵਿਚ ਸ੍ਵਾਦ ਦੀ ਸੁਰਤ ਪਾਈ। ੩.ਹਥ ਵਿਚ ਕਿਰਤ ਕਰਨ ਦੀ, ਪੈਰੀਂ ਰਸਤਾ ਚੱਲ ਕੇ ਸਾਥੀ ਬਣਨ ਦੀ (ਸੁਰਤ ਪਾਈ)। ੪.ਸ਼ਬਦ ਨੂੰ ਮਤ ਵਿਖੇ ਰਿੜਕ ਕੇ ਗੁਰਮੁਖਾਂ ਨੇ ਸੁਖ ਫਲ ਪਾਇਆ ਹੈ। ੫.ਪਰਮਾਰਥ ਥੋਂ ਬਾਹਰ ਵਿਰਲੇ ਗੁਰਮੁਖ ਹਨ, ੬.ਜੋ ਕਿ ਸਾਧ ਸੰਗਤ ਰੂਪੀ ਚੰਨਣ ਬੂਟੇ ਨਾਲ ਮਿਲਕੇ ਚੰਨਣ ਹੋ ਗਏ ਹਨ।

**ਭਾਵ**-ਵਾਹਿਗੁਰੂ ਨੇ ਹਰ ਬਾਤ ਦੀ ਸੁਰਤ ਬਖਸ਼ੀ ਹੈ, ਪਰ ਇਹ ਭੇਤ ਗੁਰਮੁਖਾਂ ਨੇ ਸਮਝਿਆ ਅਰ ਇਨ੍ਹਾਂ ਸਭਨਾਂ ਖੁੱਧੀਆਂ ਨੂੰ ਰਿੜਕਿਆ (ਸ਼ਬਦ ਅਭ੍ਯਾਸ ਕੀਤਾ) ਅਰ ਮਾਯਾ ਲੱਸੀ ਤੋਂ ਮੱਖਣ ਵਾਂਗ ਸਾਖੀ ਹੋ ਕੇ ਬਾਹਰ ਹੋ ਪੂਰਨ ਪਦ ਨੂੰ ਪਹੁੰਚੇ ਹਨ।

## ੧੩. (ਵਾਹਿਗੁਰੂ ਮੰਤ੍ਰ)।

੧. ਅਬਿਗਤਿ ਗਤਿ ਅਬਿਗਤਿ ਦੀ ਕਿਉ ਅਲਖ ਲਖਾਏ।
੨. ਅਕਥ ਕਥਾ ਹੈ ਅਕਥ ਦੀ ਕਿਉ ਆਖਿ ਸੁਣਾਏ।
੩. ਅਚਰਜ ਨੋ ਆਚਰਜ ਹੈ ਹੈਰਾਣ ਕਰਾਏ।
੪. ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਸਮਾਏ।
੫. ਵੇਦੁ ਨਾ ਜਾਣੈ ਭੇਦੁ ਕਿਹੁ ਸੇਸਨਾਗੁ ਨ ਪਾਏ।
੬. ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ॥੧੩॥

**ਪਦਾਰਥ**-(ਅਬਿਗਤਿ=ਜਿਸ ਦੀ ਗਤੀ ਨਾ ਲਖੀ ਜਾਵੇ, ਈਸ਼੍ਵਰ।
(ਅਕਥ=ਬਾਣੀ ਥੋਂ ਪਰੇ। ਵਿਸਮਾਦ=ਅਚਰਜ।

**ਅਰਥ**-੧.(ਉਸ ਅਬਿਗਤਿ=) ਈਸ਼੍ਵਰ ਦੀ ਗਤੀ ਅਬਗਤਿ ਹੈ, ਕਿੱਕੁਰ ਅਲਖ ਲਖਿਆ ਜਾਵੇ? ੨.ਅਕਥ (ਈਸ਼੍ਵਰ) ਦੀ ਕਥਾ ਭੀ ਅਕਥ ਹੈ, ਕਿੱਕੁਰ (ਕੋਈ) ਆਖ ਸੁਣਾਵੇ। ੩.ਅਚਰਜ ਥੋਂ ਅਚਰਜ ਹੈ, (ਕਹਿਣ ਵਾਲੇ) ਹੈਰਾਨ ਹਨ (ਕਿੱਕੁਰ ਕਿਹਾ ਜਾਏ ?)। ੪.ਜੋ ਵਿਸਮਾਦ ਥੋਂ ਵਿਸਮਾਦ ਹੈ ਵਿਸਮਾਦ (ਰੂਪ ਹੋ ਕੇ ਉਸ ਵਿਚ) ਸਮਾ ਗਏ (ਹੁਣ ਉਸ ਦਾ ਥਹੁ ਕੌਣ ਦੱਸੇ ?) ੫.ਵੇਦ (ਉਸ ਦਾ) ਕੁਝ ਭੇਤ ਨਹੀਂ ਜਾਣਦੇ, ਸ਼ੇਸ਼ ਨਾਗ (ਜੋ ਕਹੀਦਾ ਹੈ ਸੋ ਭੀ ਭੇਤ) ਨਹੀਂ ਜਾਣਦਾ। (ਕਿੱਕੂੰ ਜਾਣਿਆ ਜਾਵੇ?) ੬.(ਉਤੱਰ)= ਗੁਰੂ ਸਬਦ ਦਾ ਅਭਯਾਸ ਕਰੇ, (ਕਿੱਕੂੰ?) ਵਾਹਿਗੁਰੂ (ਗੁਰ ਮੰਤ੍ਰ ਦੁਆਰਾ) ਸ਼ਲਾਘਾ ਕਰਕੇ (ਯਥਾ:-"**ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ)॥**"(ਜਪੁਜੀ)

**ਭਾਵ**-ਪਰਮੇਸ਼ਰ ਪ੍ਰਾਪਤੀ ਦਾ ਸਾਧਨ ਕੇਵਲ ਸ਼ਬਦ ਸੁਰਤ ਦਾ ਅਭਯਾਸ ਹੈ। ਯਥਾ-"**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥**" (ਰਾਮ:ਮ:੧-ਸਿਧ ਗੋ-੫)

## ੧੪. (ਗੁਰਮੁਖ ਗੁਣ)।

੧. ਲੀਹਾ ਅੰਦਰਿ ਚਲੀਐ ਜਿਉ ਗਾਡੀ ਰਾਹੁ।
੨. ਹੁਕਮਿ ਰਜਾਈ ਚਲਣਾ ਸਾਧ ਸੰਗੁ ਨਿਬਾਹੁ।
੩. ਜਿਉ ਧਨ ਸੋਘਾ ਰਖਦਾ ਘਰਿ ਅੰਦਰਿ ਸਾਹੁ।
੪. ਜਿਉ ਮਿਰਜਾਦ ਨ ਛਡਈ ਸਾਇਰੁ ਅਸਗਾਹੁ।
੫. ਲਤਾਂ ਹੇਠਿ ਲਤਾੜੀਐ ਅਜਰਾਵਰ ਘਾਹੁ।
੬. ਧਰਮਸਾਲ ਹੈ ਮਾਨਸਰ ਹੰਸ ਗੁਰ ਸਿਖ ਵਾਹੁ।
੭. ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ॥੧੪॥

**ਪਦਾਰਥ**-(ਲੀਹਾਂ=ਗੱਡੀ ਦੀਆਂ ਲੀਕਾਂ। ਸੋਘਾ ਰਖਦਾ=ਸਾਂਭ ਰੱਖਦਾ। ਸਾਇਰ=ਸਮੁੰਦਰ। (ਅਜਰਾਵਰ=ਅਨਾਸ਼ੀ ਤੇ ਅਮਰ। (ਅ)ਜਰਨ ਵਾਲਾ, ਨਿਮਾਣਾ।

**ਅਰਥ**-੧.(ਜਿੱਕੁਰ) ਗੱਡੀ ਰਸਤੇ ਵਿਖੇ ਲੀਹਾਂ ਵਿਚ ਚੱਲਦੀ ਹੈ। ੨.(ਤਿਹਾ ਹੀ) 'ਰਜਾਈ' (=ਰਜ਼ਾ ਕਰਨ ਵਾਲੇ ਵਾਹਿਗੁਰੂ) ਦੇ ਹੁਕਮ ਵਿਖੇ ਚਲਕੇ ਸਾਧ ਸੰਗਤ ਵਿਖੇ ਨਿਰਬਾਹ ਕਰਦੇ ਹਨ। ੩.ਜਿੱਕੁਰ ਸ਼ਾਹੂਕਾਰ ਘਰ ਦੇ ਅੰਦਰ ਧਨ ਨੂੰ ਸਾਂਭ ਰੱਖਦਾ ਹੈ। ੪.ਜਿਕੁੱਰ ਸਮੁੰਦਰ ਅਥਾਹ (ਆਪਣੀ) ਮਰਿਯਾਦਾ ਨੂੰ ਨਹੀਂ ਤਿਆਗਦਾ, (ਭਾਵ ਜੋ ਕੁਦਰਤ ਦੇ ਨੇਮ ਹਨ ਜਲ ਵਾਸਤੇ ਸੋ ਅਸਗਾਹ ਹੋ ਜਾਣ ਪਰ ਭੀ ਸਮੁੰਦਰ ਨਹੀਂ ਤਯਾਗਦਾ)। ੫.ਜਿੱਕੁਰ ਜਰਨ ਵਾਲਾ ਘਾਹ ਪੈਰਾਂ ਹੇਠ ਲਿਤਾੜੀਦਾ ਹੈ (ਪਰ ਆਪਣੇ ਸੁਭਾਉ ਨੂੰ ਨਹੀਂ ਛੱਡਦਾ) ੬.(ਧਰਮ ਸਾਲ=) ਸਤਿਸੰਗ ਮਾਨ ਸਰੋਵਰ ਹੈ, ਗੁਰਮੁਖ ਧੰਨਤਾ ਯੋਗ ਹੰਸ ਹਨ। ੭.ਗੁਰੂ ਦੇ ਸ਼ਬਦ ਰਤਨ ਪਦਾਰਥ ਹਨ, (ਏਹ ਹੰਸ) ਕੀਰਤਨ ਕਰਦੇ (ਉਸ ਨੂੰ) ਖਾਂਦੇ ਹਨ।

**ਭਾਵ**-ਗੁਰੂ ਕੇ ਸਿੱਖ ਮਰਿਯਾਦਾ ਵਿਚ ਤੁਰਦੇ, ਰਜ਼ਾ ਮੰਨਦੇ, ਆਤਮ ਵਸਤੂ ਸਾਂਭ ਕੇ ਰੱਖਦੇ, ਸਮੁੰਦਰ ਵਾਂਗ ਗੰਭੀਰ, ਘਾਹ ਵਾਂਗੂੰ ਨਿੰਮ੍ਰਤਾ ਵਾਲੇ ਹੋਕੇ ਸਤਿਸੰਗ ਰੂਪੀ ਮਾਨਸਰ ਦੇ ਹੰਸ ਹੋਕੇ ਸ਼ਬਦ ਰੂਪੀ ਰਤਨ ਭੋਜਨ ਕਰਕੇ ਪਾਰ ਹੋ ਜਾਂਦੇ ਹਨ।

## ੧੫. (ਚੰਨਣਾਦਿ ਦ੍ਰਿਸ਼ਟਾਂਤ)।

੧. ਚੰਨਣੁ ਜਿਉ ਵਣਖੰਡ ਵਿਚਿ ਓਹੁ ਆਪੁ ਲੁਕਾਏ।

੨. ਪਾਰਸੁ ਅੰਦਰਿ ਪਰਬਤਾ ਹੋਇ ਗੁਪਤ ਵਲਾਏ।
੩. ਸਤ ਸਮੁੰਦੀ ਮਾਨਸਰੁ ਨਹਿ ਅਲਖੁ ਲਖਾਏ।
੪. ਜਿਉ ਪਰਛਿੰਨਾ ਪਾਰਜਾਤ ਲਹਿ ਪਰਗਟੀ ਆਏ।
੫. ਜਿਉ ਜਗਿ ਅੰਦਰਿ ਕਾਮਧੇਨੁ ਨਹਿ ਆਪ ਜਣਾਏ।
੬. ਸਤਿਗੁਰ ਦਾ ਉਪਦੇਸੁ ਲੈ ਕਿਉ ਆਪੁ ਗਣਾਏ॥੧੫॥

**ਪਦਾਰਥ**-(ਵਣਖੰਡ=ਬਨ ਦਾ ਭਾਗ। ਪਰਛਿੰਨਾ=ਗੁਪਤ।

**ਅਰਥ**-੧. ਜਿੱਕੁਰ ਚੰਨਣ (ਦਾ ਬੂਟਾ) ਬਨਾਂ ਵਿਖੇ ਆਪਣਾ ਆਪ ਲੁਕਾਉਂਦਾ ਹੈ। ੨. ਪਰਬਤਾਂ ਵਿਖੇ ਪਾਰਸ ਗੁਪਤ ਹੋਕੇ (ਸਮਾ ਵਿਲਾਉਂਦਾ=) ਬਿਤੀਤ ਕਰਦਾ ਹੈ। ੩. ਸੱਤਾਂ ਸਮੁੰਦਰਾਂ ਵਿਖੇ ਮਾਨ ਸਰੋਵਰ ਹੈ ਅਲਖ (ਹੋਕੇ ਰਹਿੰਦਾ ਹੈ ਤੇ ਆਪਣਾ ਆਪ) ਨਹੀਂ ਜਣਾਉਂਦਾ। ੪. ਜਿਉਂ ਕਲਪ ਬ੍ਰਿਛ ਗੁਪਤ ਹੈ ਪ੍ਰਗਟ ਨਹੀਂ ਹੁੰਦਾ। ੫. ਜਿੱਕੂੰ ਜਗਤ ਵਿਚ ਕਾਮਧੇਨ ਹੈ ਪਰ ਆਪਾ ਨਹੀਂ ਜਣਾਉਂਦੀ। ੬. ਸਤਿਗੁਰੂ (ਗੁਰੂ ਅਰਜਨ ਦੇਵ) ਦਾ (ਜਿਨ੍ਹਾਂ ਨੇ) ਉਪਦੇਸ਼ ਲੀਤਾ ਹੈ (ਓਹ) ਕਿਉਂ ਆਪਣਾ ਆਪ ਜਤਲਾਉਣ (ਭਾਵ ਨਹੀਂ ਜਣਾਉਂਦੇ)।

**ਭਾਵ**-ਅਤਰ ਤੇ ਕਸਤੂਰੀ ਵਾਂਗੂੰ ਓਹ ਆਪ ਹੀ ਮਹਿਕ ਰਹੇ ਹਨ-"**ਕਹੁ ਕਬੀਰ ਛੂਛਾ ਘਟੁ ਬੋਲੈ॥ਭਰਿਆ ਹੋਇ ਸੁ ਕਬਹੁ ਨ ਡੋਲੈ॥**"(ਗੌਂਡ: ਕਬੀਰ: ੧)

## ੧੬. (ਗੁਰ ਚੇਲਾ, ਚੇਲਾ ਗੁਰੂ)।

੧. ਦੁਇ ਦੁਇ ਅਖੀ ਅਖੀਅਨਿ ਇਕ ਦਰਸਨੁ ਦਿਸੈ।
੨. ਦੁਇ ਦੁਇ ਕੰਨ ਵਖਾਣੀਅਨਿ ਇਕ ਸੁਰਤਿ ਸਲਿਸੈ।
੩. ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰੁ ਨ ਤਿਸੈ।
੪. ਇਕ ਜੋਤਿ ਦੁਇ ਮੂਰਤੀ ਇਕ ਸ਼ਬਦ ਸਰਿਸੈ।
੫. ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ॥੧੬॥

**ਪਦਾਰਥ**-(ਸਲਿਸੈ=ਲੈਂਦੇ ਹਨ। ਸਰਿਸੈ=ਇਕ ਸਾਰਖਾ।

**ਅਰਥ**-੧. ਅੱਖਾਂ ਦੋ ਦੋ (ਹਰ ਜੀਵ ਪਾਸ) ਕਹੀਦੀਆਂ ਹਨ, (ਪਰ ਦੋਵੇਂ) ਇਕ ਦਰਸ਼ਨ ਦੇਖਦੀਆਂ ਹਨ। ੨. ਦੋ ਦੋ ਕੰਨ ਕਹੀਦੇ ਹਨ, (ਪਰ ਦੋਵੇਂ ਸੁਰਤ) ਖਬਰ ਇਕੋ ਹੀ ਲੈਂਦੇ ਹਨ। ੩. ਨਦੀ ਦੇ ਦੋ ਦੋ ਕਿਨਾਰੇ ਹੁੰਦੇ ਹਨ (ਪਰ ਨਦੀ ਦਾ ਪਾਰਾਵਰ=)ਪਾਰ ਉਰਾਰ ਨਹੀਂ ਹੈ ਉਨ੍ਹਾਂ ਨੂੰ। ੪. (ਗੁਰੂ ਨਾਨਕ ਤੇ ਗੁਰੂ ਅੰਗਦ) ਦੋ ਮੂਰਤਾਂ ਹਨ, ਪਰ ਜੋਤ ਇਕ ਹੈ, ਸਬਦ ਇਕ ਸਾਰਖਾ ਹੈ। ੫. ਗੁਰੂ ਚੇਲਾ ਹੈ ਤਾਂ ਚੇਲਾ ਗੁਰੂ ਹੋਯਾ ਹੈ, (ਇਹ ਭੇਤ ਕੋਈ ਕਿਸ ਤਰ੍ਹਾਂ) ਕਿਸੇ ਨੂੰ ਸਮਝਾਵੇ।

**ਭਾਵ**-ਨਦੀ ਇਕ ਰੂਪ ਦੀ ਦੁਹਾਂ ਵਿਚ ਚਲ ਰਹੀ ਹੈ, ਪਾਰ ਉਰਾਰ ਕਥਨ ਮਾਤ੍ਰ ਹਨ, ਨਦੀ ਨੂੰ ਦੋ ਨਹੀਂ ਕਰਦੇ, ਨਦੀ ਇੱਕੋ ਹੈ।

## ੧੭. (ਗੁਰੂ ਚੇਲੇ ਦਾ ਕੰਮ)।

੧. ਪਹਿਲੇ ਗੁਰ ਉਪਦੇਸ ਦੇ ਸਿਖ ਪੈਰੀ ਪਾਏ।
੨. ਸਾਧ ਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ।
੩. ਭਾਇ ਭਗਤਿ ਭੈ ਸੇਵਦੇ ਗੁਰਪੁਰਬ ਕਰਾਏ।
੪. ਸਬਦ ਸੁਰਤਿ ਲਿਵ ਕੀਰਤਨੁ ਸਚਿ ਮੇਲਿ ਮਿਲਾਏ।
੫. ਗੁਰਮੁਖਿ ਮਾਰਗੁ ਸਚ ਦਾ ਸਚੁ ਪਾਰ ਲੰਘਾਏ।

੬. ਸਚਿ ਮਿਲੈ ਸਚਿਆਰ ਨੋ ਮਿਲਿ ਆਪੁ ਗਵਾਏ ॥੧੭॥

**ਅਰਥ**-੧. ਪਹਿਲੇ ਗੁਰ ਸਿੱਖ ਨੂੰ (ਆਪਣੀ) ਚਰਨੀਂ ਲਾ ਕੇ ਉਪਦੇਸ ਦਿੰਦੇ ਹਨ। ੨. ਸਾਧ ਸੰਗਤ ਦੀ ਧਰਮ ਦੀ ਸਾਲਾ ਕਰਕੇ (ਦੱਸਦੇ ਉਸਦੀ) ਸੇਵਾ ਵਿਖੇ ਸਿਖ ਨੂੰ ਲਾਉਂਦੇ ਹਨ। ੩. ਸਿਖ ਪ੍ਰੇਮਾ ਭਗਤੀ ਨਾਲ ਟਹਿਲ ਕਰਦੇ ਤੇ ਗੁਰਪੁਰਬ ਕਰਦੇ ਹਨ। ੪. ਸ਼ਬਦ ਦੀ ਸੁਰਤ ਵਿਚ ਤੇ ਕੀਰਤਨ ਵਿਚ ਸੱਚੇ ਦੇ ਮੇਲ ਵਿਖੇ ਸਿਖ ਮਿਲਦੇ ਹਨ। ੫. ਗੁਰਮੁਖਾਂ ਦਾ ਰਸਤਾ ਸੱਚ ਦਾ ਹੈ ਸੱਚ ਹੀ ਪਾਰ ਕਰਨ ਵਾਲਾ ਹੈ। ੬. (ਪਰ) ਸਚਿਆਰ ਨੂੰ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ (ਜਿਸ ਦੇ) ਮਿਲਿਆਂ ਆਪਾ ਭਾਵ ਦੂਰ ਹੋ ਜਾਂਦਾ ਹੈ।

**ਭਾਵ**-ਇਥੇ ਦੋ ਤੁਕਾਂ ਵਿਖੇ ਗੁਰੂ ਦਾ ਕੰਮ, ਤਿੰਨ ਤੁਕਾਂ ਵਿਚ ਸਿੱਖ ਦਾ ਕੰਮ ਅਤੇ ਛੀਵੀਂ ਤੁਕ ਵਿਖੇ ਫਲ ਦਾ ਵਰਣਨ ਹੈ।

## ੧੮. (ਚਰਨਾਂ ਤੋਂ ਨਿੰਮ੍ਰਤਾ ਦਾ ਉਪਦੇਸ਼)।

੧. ਸਿਰ ਉਚਾ ਨੀਵੇ ਚਰਣ ਸਿਰਿ ਪੈਰੀ ਪਾਂਦੇ।
੨. ਮੁਹੁ ਅਖੀ ਨਕ ਕੰਨ ਹਥ ਦੇਹ ਭਾਰ ਉਚਾਂਦੇ।
੩. ਸਭ ਚਿਹਨ ਛਡਿ ਪੂਜੀਅਨਿ ਕਉਣ ਕਰਮ ਕਮਾਂਦੇ।
੪. ਗੁਰ ਸਰਣੀ ਸਾਧ ਸੰਗਤੀ ਨਿਤ ਚਲਿ ਚਲਿ ਜਾਂਦੇ।
੫. ਵੰਤਨਿ ਪਰਉਪਕਾਰ ਨੋ ਕਰਿ ਪਾਰਿ ਵਸਾਂਦੇ।
੬. ਮੇਰੀ ਖਲਹੁੰ ਮੌਜੜੇ ਗੁਰ ਸਿਖ ਹੰਢਾਦੇ।
੭. ਮਸਤਕ ਲਗੇ ਸਾਧ ਰੇਣੁ ਵਡਭਾਗ ਜਿਨ੍ਹਾਂ ਦੇ ॥੧੮॥

**ਪਦਾਰਥ**-(ਉਚਾਂਦੇ=ਚੁੱਕਦੇ। ਵੱਤਨਿ=ਪੈਂਡਾ ਕਰਦੇ। ਮੌਜੜੇ=ਜੁੱਤੀਆਂ।
(ਸਾਧੁ ਰੇਣੁ=ਸੰਤਾਂ ਦੇ ਚਰਨਾਂ ਦੀ ਧੂੜ।
(ਇਸ ਪਉੜੀ ਵਿਖੇ ਤਿੰਨਾਂ ਤੁਕਾਂ ਵਿਖੇ ਪ੍ਰਸ਼ਨ ਹੈ, ਦੋ ਤੁਕਾਂ ਵਿਖੇ ਉੱਤਰ ਹੈ,
(ਅੰਤਲੀਆਂ ਦੋਹਾਂ ਵਿਚ ਆਪਣੀ ਇੱਛਾ ਕਹੀ ਹੈ।

**ਅਰਥ**-੧. ਸਿਰ ਉੱਚਾ ਹੈ, ਪੈਰ ਨੀਵੇਂ ਪਰ ਸਿਰ ਪੈਰਾਂ ਪੁਰ ਡਿਗਦੇ ਹਨ। ੨. ਮੂੰਹ ਅੱਖ ਆਦਿਕ ਅੰਗਾਂ ਦਾ ਤੇ ਸਾਰੀ ਦੇਹ ਦਾ ਭਾਰ ਭੀ (ਪੈਰ) ਚੁੱਕਦੇ ਹਨ। ੩. ਸਾਰੇ ਅੰਗ ਛੱਡ ਕੇ ਕੀ ਕਰਮ ਇਹ ਕਰਦੇ ਹਨ ਕਿ ਪੂਜਾ ਇਨ੍ਹਾਂ ਦੀ ਹੀ ਕੀਤੀ ਜਾਂਦੀ ਹੈ ? ੪. (ਉੱਤਰ-) ਗੁਰੂ ਜੀ ਦੀ ਸ਼ਰਣ (ਅਰਥਾਤ ਸਤਿਸੰਗ) ਵਿਚ ਰੋਜ਼ ਚੱਲ ਚੱਲ ਕੇ ਜਾਂਦੇ ਹਨ। ੫. ਫੇਰ ਪਰਉਪਕਾਰ ਕਰਨ ਨੂੰ ਪੈਂਡਾ ਕਰਦੇ ਹਨ, (ਜਿੰਨਾ ਕੁ) ਵੱਸ ਚਲੇ ਅੱਕਦੇ ਨਹੀਂ। ੬. (ਇਸ ਲਈ ਮੇਰਾ ਜੀ ਕਰਦਾ ਹੈ ਕਿ ਮੇਰੀ ਸਫਲਤਾ ਤਾਂ ਹੋਵੇ ਜੇ) ਮੇਰੀ (ਦੇਹ ਦੀ) ਖੱਲ ਦੀਆਂ ਜੁੱਤੀਆਂ ਗੁਰੂ ਦੇ ਸਿੱਖ ਹੰਢਾਉਣ, (ਭਾਵ ਉਨ੍ਹਾਂ ਦੇ ਨਿੰਮ੍ਰੀ ਭੂਤ ਉਪਕਾਰੀ ਚਰਨਾਂ ਨਾਲ ਮੇਰੀ ਖੱਲ ਲੱਗ ਲੱਗ ਕੇ ਪਵਿੱਤ੍ਰ ਹੋ ਜਾਵੇ)। ੭. (ਪਰ ਮੈਂ ਕਰਮ ਹੀਨ ਹਾਂ ਤੇ ਏਹ) ਚਰਨ ਧੂੜ ਉਨ੍ਹਾਂ ਦੇ ਮੱਥੇ ਲੱਗਦੀ ਹੈ ਜਿਨ੍ਹਾਂ ਦੇ ਵੱਡੇ ਭਾਗ ਹੋਣ।

## ੧੯. (ਧਰਤੀ ਤੋਂ ਉਪਦੇਸ਼)।

੧. ਜਿਉਂ ਧਰਤੀ ਧੀਰਜ ਧਰਮਸਾਲ ਮਰਕੀਨੀ ਮੂੜੀ।
੨. ਸਭਦੂੰ ਨੀਵੀਂ ਹੋਇ ਰਹੀ ਤਿਸ ਮਣੀ ਨ ਕੂੜੀ।
੩. ਕੋਈ ਹਰਿ ਮੰਦਰੁ ਕਰੈ ਕੋ ਕਰੈ ਅਰੂੜੀ।
੪. ਜੇਹਾ ਬੀਜੈ ਸੋ ਲੁਣੈ ਫਲ ਅੰਬ ਲਸੂੜੀ।

੫. ਜੀਵਦਿਆਂ ਮਰਿ ਜੀਵਣਾ ਜੁੜਿ ਗੁਰਮੁਖਿ ਜੂੜੀ।
੬. ਲਤਾਂ ਹੇਠਿ ਲਤਾੜੀਐ ਗਤਿ ਸਾਧਾਂ ਧੂੜੀ ॥੧੯॥

**ਪਦਾਰਥ**-(ਮੂੜੀ=ਰਾਸ। ਮਣੀ=ਮਨੌਤ। ਨ ਕੂੜੀ=ਨਹੀਂ ਝੂਠੀ ਹੈ, ਭਾਵ ਸੱਚੀ ਹੈ। (ਜੂੜੀ=ਜੋੜ। ਧੂੜੀ=ਧਰਤੀ।

**ਅਰਥ**-੧.(ਸੰਤਾਂ ਦੀ ਗਤੀ ਧਰਤੀ ਵਾਂਗੂੰ ਦੱਸਦੇ ਹਨ) ਜਿੱਕੁਰ ਧਰਤੀ ਧੀਰਜ ਧਰਮ ਦੀ (ਅਤੇ) ਗਰੀਬੀ ਦੀ (ਮੂੜੀ=) ਪੂੰਜੀ ਹੈ। ੨.ਸਾਰਿਆਂ ਥੋਂ ਨੀਵੀਂ ਹੋ ਰਹੀ ਹੈ ਉਸਦੀ (ਨਿੰਮ੍ਰਤਾ ਦੀ) ਮਨੌਤ ਸੱਚੀ ਹੈ। ੩.ਕੋਈ ਹਰਿਮੰਦਰ ਬਣਾਵੇ, ਕੋਈ ਅਰੂੜੀ (ਕੱਠੀ) ਕਰੇ। ੪.ਜੇਹਾ (ਕੋਈ) ਅੰਬ ਜਾਂ ਲਸੂੜੀ ਬੀਜੇ (ਉਸ ਦਾ) ਫਲ ਉਹੋ (ਜਿਹਾ) ਲੁਣਦਾ ਹੈ।(ਗੁਰੂ ਜੀ ਸੁਖਮਨੀ ਸਾਹਿਬ ਵਿਖੇ ਲਿਖਦੇ ਹਨ-"**ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ**" ਕੋਈ ਪੁਟੇ ਤੇ ਕੋਈ ਚੰਦਨ ਛਿੜਕੇ ਦੁਹਾਂ ਨੂੰ ਇਕੋ ਰੂਪ ਜਾਣਦੀ ਹੈ, ਤਿਹਾ ਹੀ ਗੁਰੂ ਦੇ ਸਿੱਖ) ੫.ਜੀਵਤ ਭਾਵ ਥੋਂ ਮਰਕੇ ਫੇਰ (ਸਤਿਸੰਗ ਭਾਵ ਵਿਚ) ਜੀਉ ਕੇ ਗੁਰਮੁਖਾਂ ਦੇ ਜੋੜ ਵਿਚ ਜੁੜਦੇ ਹਨ। ੬.(ਧੂੜ ਵਾਗੂੰ) ਲੱਤਾਂ ਹੇਠ ਲਤਾੜੀਦੇ ਹਨ, ਸਾਧਾਂ ਦੀ ਚਾਲ ਧੂੜ (ਵਰਗੀ ਨਿੰਮ੍ਰੀਭੂਤ ਹੈ)।

## ੨੦. (ਜਲ ਤੋਂ ਉਪਦੇਸ਼)।

੧. ਜਿਉ ਪਾਣੀ ਨਿਵਿ ਚਲਦਾ ਨੀਵਾਣਿ ਚਲਾਇਆ।
੨. ਸਭਨਾ ਰੰਗਾਂ ਨੋ ਮਿਲੈ ਰਲਿ ਜਾਇ ਰਲਾਇਆ।
੩. ਪਰਉਪਕਾਰੁ ਕਮਾਵਦਾ ਉਨਿ ਆਪੁ ਗਵਾਇਆ।
੪. ਕਾਠੁ ਨ ਡੋਬੈ ਪਾਲਕੈ ਸੰਗਿ ਲੋਹੁ ਤਰਾਇਆ।
੫. ਵੁਠੇ ਮੀਹ ਸੁਕਾਲੁ ਹੋਇ ਰਸ ਕਸ ਉਪਜਾਇਆ।
੬. ਜੀਵਦਿਆ ਮਰਿ ਸਾਧ ਹੋਇ ਸੁਫਲਿਓ ਜਗਿ ਆਇਆ ॥੨੦॥

**ਪਦਾਰਥ**-(ਨੀਵਾਣਿ=ਨੀਵੀਂ ਥਾਉਂ। ਵੁੱਠੇ=ਵੱਸਣ ਨਾਲ।

**ਅਰਥ**-੧.(ਸਿੱਖ ਲੋਕ ਜਲ ਵਾਂਗੂ ਉਪਕਾਰੀ ਹਨ) ਜਿਹਾ ਪਾਣੀ (ਆਪ ਨਿਵ ਕੇ) ਨਿੰਮ੍ਰੀ ਭੂਤ ਹੋ ਕੇ ਚਲਦਾ ਹੈ (ਤੇ ਹੋਰਨਾਂ ਨੂੰ ਜੋ ਉਸ ਦੇ ਪਰਵਾਹ ਵਿਚ ਆ ਜਾਵਣ) ਨੀਵਾਣ ਵਿਚ ਚਲਾਂਵਦਾ ਹੈ। ੨.ਸਾਰਿਆਂ ਰੰਗਾਂ ਵਿਚ ਰਲਾਯਾ ਹੋਇਆ ਰਲ ਮਿਲ ਜਾਂਦਾ ਹੈ (ਕਿਸੇ ਨਾਲ ਦੁਖ ਨਹੀਂ ਕਰਦਾ)। ੩.ਉਹ ਆਪਾ ਭਾਵ ਗਵਾਕੇ ਪਰਉਪਕਾਰ ਕਮਾਉਂਦਾ ਹੈ। ੪.ਕਾਠ ਨੂੰ ਪਾਲ ਕੇ ਡੋਬਦਾ ਨਹੀਂ (ਸਗਮਾਂ ਉਸ) ਨਾਲ ਲੋਹੇ ਨੂੰ ਭੀ ਤਾਰ ਦਿੰਦਾ ਹੈ। ੫.ਮੀਂਹ ਰੂਪ (ਹੋਕੇ ਜਦ) ਵੱਸਦਾ ਹੈ ਸੁਕਾਲ ਹੁੰਦਾ ਹੈ ਅਤੇ ਰਸ ਕਸ ਪੈਦਾ ਹੁੰਦੇ ਹਨ। ੬.(ਇਸ ਪ੍ਰਕਾਰ) ਸਾਧ ਲੋਕ ਜੀਵੱਤ ਭਾਵ ਥੋਂ ਮਰਕੇ (ਪਰੋਪਕਾਰੀ) ਹੁੰਦੇ ਹਨ, (ਉਹਨਾਂ ਦਾ) ਜਗਤ ਵਿਖੇ ਆਗਮਨ ਸਫ਼ਲ ਹੈ।

**ਭਾਵ**-"**ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਣੀਐ ਸਭ ਤੇ ਊਚਾ॥**" (ਸੁਖਮਨੀ) ਸਿੱਖ ਨੂੰ ਚਾਹੀਏ ਸਾਧੂ ਬ੍ਰਿਤੀ ਹੋਵੇ ਤੇ ਜਲ ਵਾਂਗੂੰ ਨੀਉਂ ਕੇ ਚੱਲਣਾ, ਦ੍ਵੈਖ ਰਹਤ ਹੋਣਾ, ਪਰਉਪਕਾਰ ਕਰਨਾ, ਅੰਗ ਪਾਲਣਾ ਤੇ ਭਲਾ ਕਰਨਾ ਆਦਿ ਗੁਣਾਂ ਦਾ ਪੁਤਲਾ ਹੋਵੇ।

## ੨੧. (ਬ੍ਰਿੱਛ ਤੋਂ ਉਪਦੇਸ਼)।

੧. ਸਿਰ ਤਲਵਾਇਆ ਜੰਮਿਆ ਹੋਇ ਅਚਲੁ ਨ ਚਲਿਆ।
੨. ਪਾਣੀ ਪਾਲਾ ਧੁਪ ਸਹਿ ਉਹ ਤਪਹੁ ਨ ਟਲਿਆ।
੩. ਸਫਲਿਓ ਬਿਰਖ ਸੁਹਾਵੜਾ ਫਲ ਸੁਫਲੁ ਸੁਫਲਿਆ।

੪. ਫਲੁ ਦੇਇ ਵੱਟ ਵਗਾਇਐ ਕਰਵਤਿ ਨ ਹਲਿਆ।
੫. ਬੁਰੇ ਕਰਨਿ ਬੁਰਿਆਈਆ ਭਲਿਆਈ ਭਲਿਆ।
੬. ਅਵਗੁਣ ਕੀਤੇ ਗੁਣ ਕਰਨਿ ਜਗਿ ਸਾਧ ਵਿਰਲਿਆ।
੭. ਅਉਸਰਿ ਆਪ ਛਲਾਇੰਦਾ ਤਿਨਾ ਅਉਸਰੁ ਛਲਿਆ ॥੨੧॥

**ਪਦਾਰਥ**-(ਸਿਰ ਤਲਵਾਇਆ=ਸਿਰ ਹੇਠ ਤੇ ਪੈਰ ਉਤੇ। ਪਾਣੀ=ਬਰਸਾਤ।
(ਪਾਲਾ=ਸੀਤ ਰੁੱਤ। ਧੁਪ=ਗਰਮੀ, ਤਪਤ। ਸੁਹਾਵੜਾ=ਸੁੰਦਰ।
(ਕਰਵਤ=ਆਰਾ,ਵੱਡੀ ਆਰੀ। ਵਿਰਲਿਆ=ਵਿਰਲੇ।

**ਅਰਥ**-੧.(ਬ੍ਰਿਛ) ਸਿਰ ਤਲਵਾਇਆ (ਸਿਰ ਹੇਠ ਤੇ ਪੈਰ ਉੱਤੇ) ਹੋਕੇ ਜੰਮਦਾ ਹੈ ਫੇਰ ਅਚੱਲ ਰਹਿੰਦਾ ਹੈ, ਚਲਦਾ ਨਹੀਂ। ੨.ਬਰਸਾਤ, ਸੀਤਕਾਲ, ਤਪਤ ਸਹਾਰਕੇ ਉਹ ਤਪੋਂ ਨਹੀਂ ਟਲਦਾ। ੩.(ਜਦ) ਫਲ ਕੇ ਬ੍ਰਿਛ ਸੁੰਦਰ ਹੁੰਦਾ ਹੈ ਤਦੋਂ ਸੁਹਣੇ ਫਲਾਂ ਨਾਲ ਫਲਿਆ (ਧਰਤੀ ਪੁਰ ਆਪਣਾ ਸਿਰ ਮੇਵੇ ਦਾ ਭਰਿਆ ਹੋਇਆ ਧਰਦਾ ਹੈ)। ੪.ਲੋਕ ਵੱਟੇ ਮਾਰਦੇ ਹਨ ਓਹ ਫਲ ਹੀ ਦੇਈ ਜਾਂਦਾ ਹੈ, (ਕਰਵੱਤ=) ਆਰੇ ਹੇਠੋਂ ਭੀ ਨਹੀਂ ਹਿਲਦਾ। ੫.ਬੁਰੇ ਬੁਰਿਆਈ ਹੀ ਕਰਦੇ ਹਨ, ਭਲੇ ਭਲਿਆਈ ਹੀ ਕਰਦੇ ਹਨ। ੬.(ਜੋ ਲੋਕ) ਅਵਗੁਣ ਕੀਤਿਆਂ ਭੀ ਗੁਣ ਹੀ ਕਰਦੇ ਹਨ, (ਅਜਿਹੇ) ਸਾਧੂ ਜਗਤ ਵਿਖੇ ਵਿਰਲੇ ਹਨ। ੭.ਸਮਾਂ ਤਾਂ ਲੋਕਾਂ ਨੂੰ ਛਲੀ ਜਾਂਦਾ ਹੈ (ਕਿਉਂ ਜੋ ਉਨ੍ਹਾਂ ਦੀ ਆਯੂ ਬਿਰਥਾ ਗੁਜ਼ਰ ਰਹੀ ਹੈ, ਪਰ) ਉਨ੍ਹਾਂ (ਸਾਧੂ ਲੋਕਾਂ ਨੇ) ਸਮੇਂ ਨੂੰ ਛਲ ਲੀਤਾ ਹੈ, (ਕਿਉਂ ਜੋ ਉਸ ਨੂੰ ਸਫਲ ਕਰ ਲੀਤਾ ਹੈ)।

**ਭਾਵ**-"**ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪਨਾ ਗੁਨੁ ਨ ਗਵਾਵੈ॥**"(ਬੈਹਾੜੀ:ਮ:੪) ਬੁਰੇ ਨਾਲ ਭਲਾ ਕਰਨਾ ਗੁਰਸਿੱਖਾਂ ਦਾ ਪਰਮ ਧਰਮ ਹੈ।

## ੨੨. (ਮੁਰੀਦ ਲੱਛਣ)।

੧. ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ।
੨. ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ।
੩. ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।
੪. ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।
੫. ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।
੬. ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ ॥੨੨॥੯॥

**ਪਦਾਰਥ**-(ਮੁਰੀਦੁ=ਸ਼ਰਧਾਲੂ ਸਿੱਖ। ਗੋਰ=ਕਬਰ। ਦੱਭ=ਫੂਹੜੀ।
(ਵਰਸੈ ਨਿਝਰਧਾਰ=ਇਕ ਰਸ ਧਾਰਾ।

**ਅਰਥ**-੧.(ਜਿਹੜਾ ਮੁਰੀਦ) ਸਿੱਖ ਮੁਰਦਾ ਹੋਵੇਗਾ (ਭਾਵ ਸੰਕਲਪਾਂ ਤੇ ਖੁਦੀ ਤੋਂ ਰਹਿਤ ਹੋਊ) ਉਹ ਗੁਰੂ (ਰੂਪੀ) ਕਬਰ ਵਿਖੇ ਸਮਾਵੇਗਾ (ਭਾਵ ਮਿਲੇਗਾ ਗੁਰੂ ਨੂੰ, ਗੋਰ ਕਹਿਣ ਦਾ ਕਾਰਣ ਇਹ ਹੈ ਕਿ ਗੁਰੂ ਭੀ ਨਿਰਲੋਭ ਤੇ ਸਮਦਰਸੀ ਹੋਵੇ, ਦੂਜੀ ਗੱਲ ਇਹ)। ੨.(ਗੁਰੂ ਦੇ) ਸ਼ਬਦ ਦੀ ਗਯਾਤ ਦੀ ਤਾਰ ਵਿਚ ਮਗਨ ਹੋਕੇ ਉਹ ਆਪਣਾ ਆਪ ਗਵਾ ਦੇਵੇ। ੩.ਤਨ ਨੂੰ ਧਰਮਸਾਲ ਦੀ ਧਰਤੀ ਬਣਾਵੇ, (ਉਸ ਉਤੇ) ਮਨ ਰੂਪੀ ਫੂਹੜੀ ਵਿਛਾਵੇ (ਭਾਵ, ਸਾਧ ਸੰਗਤ ਵਿਖੇ ਤਨੋਂ ਮਨੋਂ ਹੋਕੇ ਆਏ ਗਏ ਦੀ ਟਹਿਲ ਕਰੇ)। ੪.ਗੁਰੂ ਦੇ ਸ਼ਬਦ ਦਾ ਅਭਯਾਸ ਕਰੇ (ਜੋ ਕੋਈ ਉਤੋਂ ਦੀ ਲੰਘ ਜਾਵੇ ਤਾਂ ਉਸ ਦੇ ) ਪੈਰਾਂ ਦੀ ਲਤਾੜ ਖਾਕੇ (ਗੁੱਸਾ ਨਾ ਕਰੇ)। ੫.ਪ੍ਰੇਮਾ ਭਗਤੀ ਦੇ ਨੀਵਾਣ ਵਿਚ ਗੁਰੂ ਦੀ ਮਤ ਵਿਚ ਹੋਕੇ ਮਨ ਨੂੰ ਰੋਕੇ। ੬.ਸੰਗਤ ਵਿਖੇ ਆਕੇ ਇਕ ਰਸ ਧਾਰਾ ਵਾਂਗੂੰ ਵਸੇ।

**ਭਾਵ**-ਸਬਦ ਕੀਰਤਨ ਦੀ ਵਰਖਾ ਕਰੇ। ਕੋਈ ਸਰੋਤਾ ਮਿਲੇ ਤਾਂ ਸੁਣਾਵੇ, ਨਹੀਂ ਤਾਂ ਆਪ ਸੁਣੇ, ਪਰ ਨਿੰਮ੍ਰਤਾ ਨਾਲ, ਕਿਉਂ? ਜੋ ਨੀਵੀਂ ਥਾਉਂ ਮੀਂਹ ਦਾ ਪਾਣੀ ਟਿਕਦਾ ਹੈ। ਗੁਰਸਿੱਖ ਲਈ

ਹੰਕਾਰ ਤੋਂ ਰਹਿਤ ਹੋਣਾ, ਸ਼ਬਦ ਸੁਰਤ ਦਾ ਪ੍ਰੇਮ, ਪਰਉਪਕਾਰ, ਖਿਮਾ, ਧੀਰਜ, ਨਿੰਮ੍ਰੀ ਭੂਤ ਰਹਿਣਾ, ਪ੍ਰੇਮਾ ਭਗਤੀ, ਆਦਿ ਧਾਰਨ ਕਰਨੇ ਹੀ ਸੁਗਮ ਮਾਰਗ ਪ੍ਰਾਪਤ ਦਾ ਹੈ।

# ਵਾਰ ੧੦.

ੴ ਸਤਿਗੁਰ ਪ੍ਰਸਾਦਿ ॥

## (ਸਤਿਜੁਗ ਦੇ ਭਗਤਾਂ* ਦੀ ਕਥਾ)

## ੧. (ਧ੍ਰੂ ਭਗਤ)।

੧. ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
੨. ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸ ਮਤ੍ਰੇਈ ਕੀਤਾ।
੩. ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ?
੪. ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।
੫. ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ?
੬. ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
੭. ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
੮. ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨੁ ਅਮਿਓ ਰਸੁ ਪੀਤਾ।
੯. ਪਿਛਹੁੰ ਰਾਜੇ ਸਦਿਆ ਅਬਿਚਲ ਰਾਜ ਕਰਹੁ ਨਿਤ ਨੀਤਾ।
੧੦. ਹਾਰਿ ਚਲੇ ਗੁਰਮੁਖਿ ਜਗ ਜੀਤਾ ॥੧॥

**ਪਦਾਰਥ**-(ਰੋਸ=ਗੁੱਸਾ। ਡੁਡਹੁਲਿੱਕਾ=ਨਿਮਾਣਾ। ਸੁਰੀਤਾ=ਗੋਲੀ।
(ਜਨਮ ਦੀ=ਜਨਮ ਕਰਕੇ। ਸਾਵਾਣੀ=ਰਾਣੀ।

**ਅਰਥ**-੧. ਧ੍ਰੂਵ ਹਸਦਾ ਹਸਦਾ ਘਰ ਆਇਆ, ਪਿਤਾ ਨੇ ਪਜਾਰ ਦੇ ਕੇ ਕੁਛੜ ਲੈ ਲੀਤਾ। ੨. ਮਤ੍ਰੇਈ।

---

* ਇਸ ਵਾਰ ਵਿਚ ਲੋਕ ਪ੍ਰਸਿੱਧ ਕਥਾਵਾਂ ਦ੍ਰਿਸ਼ਟਾਂਤ ਦੇ ਢੰਗ ਪਰ ਕਹੀਆਂ ਹਨ, ਜਿਨ੍ਹਾਂ ਵਿਚੋਂ ਪਰਮਾਰਥ ਦੇ ਬੜੇ ਬੜੇ ਉਪਦੇਸ਼ ਨਿਕਲਦੇ ਹਨ। ਭਾਈ ਸਾਹਿਬ ਜੀ ਇਤਿਹਾਸ ਨਹੀਂ ਲਿਖ ਰਹੇ ਦ੍ਰਿਸ਼ਟਾਂਤ ਦੇਕੇ ਆਪਣੇ ਉਪਦੇਸ਼ ਨੂੰ ਪ੍ਰਕਾਸ਼ ਕਰਦੇ ਹਨ, ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਲਈਦਾ ਹੈ, ਜੇ ਦੋ ਦੋ ਅੰਗ ਲਏ ਗਏ ਤਦ ਭਾਈ ਸਾਹਿਬ ਜੀ ਦੀ ਬਾਣੀ ਪਰ ਪਰਸਪਰ ਵਿਰੋਧ ਦਾ ਦੂਸ਼ਨ ਲਗੇਗਾ। ਮੁਕਾਬਲਾ ਕਰੋ ਵਾਰ ੧੨ ਪੌੜੀ ੮, ਜਿਥੇ ਕਲੰਕੀ ਤੇ ਹੰਕਾਰੀ ਕਿਹਾ ਹੈ। ਸਾਡੀ ਵਿਦਯਾ ਦਾ ਆਮ ਅਸੂਲ ਹੈ ਕਿ ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਲੈਣਾ ਹੈ। ਦੂਜੇ ਪ੍ਰਸਿਧ ਕਥਾਵਾਂ ਨੂੰ ਉਪਦੇਸ਼ ਮਾਤ੍ਰ ਕਹਿਣਾ ਕਰਤਾ ਨੂੰ ਇਤਿਹਾਸਕ ਸਤਯਤਾ ਦਾ ਜਿੰਮੇਵਾਰ ਬੀ ਨਹੀਂ ਠਹਿਰਾਉਂਦਾ। ਉਹ ਪੱਖ ਜੁਦਾ ਹੈ, ਇਹ ਪੱਖ ਜੁਦਾ ਹੈ। ਪਾਠਕ ਜਨ ਰਲਾ ਮਿਲਾਕੇ ਰੌਲੇ ਵਿਚ ਨਾ ਪੈ ਜਾਣ।

ਮਾਂ ਨੇ ਮਨ ਵਿਚ ਗੁੱਸਾ ਖਾਕੇ ਬਾਹੋਂ ਫੜ ਕੇ ਉਠਾ ਦਿੱਤਾ (ਅਤੇ ਕਹਿਣ ਲੱਗੀ ਕਿ ਮੇਰੇ ਢਿੱਡੋਂ ਜੰਮਦੋਂ ਤਾਂ ਗੋਦੀ ਲਾਇਕ ਹੁੰਦਾ)। ੩.ਨਿਮਾਣਾ ਹੋ ਕੇ (ਸੱਕੀ) ਮਾਂ ਨੂੰ ਪੁੱਛਣ ਲੱਗਾ (ਹੇ ਮਾਂ!) ਤੂੰ ਸਵਾਣੀ ਹੈਂ ਕਿ ਗੋਲੀ ਹੈਂ? ੪.(ਮਾਂ ਨੇ ਕਿਹਾ) ਸਵਾਣੀ ਤਾਂ ਜਨਮ ਦੀ ਹਾਂ (ਭਾਵ ਗੋਲੀ ਨਹੀਂ ਹਾਂ, ਪਰ ਮੈਂ) ਨਾਮ ਤੇ ਭਗਤੀ ਦਾ ਕਰਮ ਨਹੀਂ ਦ੍ਰਿੜ ਕੀਤਾ। (ਭਾਵ, ਜੇ ਕਰਦੀ ਤਾਂ ਤੂੰ ਕਿਉਂ ਉਠਾਇਆ ਜਾਂਦਾ)। ੫.(ਧ੍ਰੂਵ ਪੁਛਦਾ ਹੈ : ਮਾਂ ਜੀ!) ਕਿਸ ਜਤਨ ਨਾਲ ਰਾਜ ਮਿਲੇ ਅਤੇ ਸ਼ਤ੍ਰ ਸਾਰੇ ਮਿਤ੍ਰ ਹੋ ਜਾਵਨ? ੬.(ਮਾਂ ਕਹਿਣ ਲਗੀ: ਬੱਚਾ !) ਈਸ਼੍ਵਰ (ਦਾ ਮਨ ਵਿਖੈ ਵੈਰਾਗ ਧਾਰਕੇ ਅਤੇ ਸਭ ਦਾ ਤਯਾਗ ਕਰਕੇ) ਆਰਾਧਨ ਕਰੀਏ (ਜਦ ਓਹ ਪਰਮੇਸੁਰ ਦਿਆਲ ਹੋ ਕੇ ਸਭ ਕੁਛ ਬਖਸ਼ਦਾ ਹੈ) ਤਦ ਪਤਿਤ ਤੋਂ ਪਵਿੱਤ੍ਰ ਹੋ ਜਾਈਦਾ ਹੈ। ੭.(ਇਹ ਸੁਣਕੇ ਧ੍ਰੂਵ) ਬਾਹਰ ਤਪ ਕਰਨ ਤੁਰ ਪਿਆ, ਮਨ ਵੈਰਾਗਵਾਨ ਤੇ ਅਤੀਤ ਹੋ ਗਿਆ। ੮.ਨਾਰਦ ਮੁਨੀ ਨੇ (ਧ੍ਰੂਵ ਨੂੰ) ਇਹ ਉਪਦੇਸ਼ ਦਿੱਤਾ, (ਧ੍ਰੂਵ ਨੇ) ਨਾਮ ਨਿਧਾਨ ਅੰਮ੍ਰਿਤ ਰਸ ਪੀਤਾ। ੯.(ਜਦ ਭਜਨ ਵਿਚ ਪੂਰਨ ਹੋਇਆ) ਪਿੱਛੋਂ ਰਾਜੇ ਨੇ ਬੁਲਾਇਆ (ਕਿ ਆ ਕੇ ਰਾਜ ਕਰ, ਪਰ ਧ੍ਰੂਵ ਨੇ ਕਿਹਾ ਕਿ ਹੁਣ ਮੈਨੂੰ ਰਾਜ ਦੀ ਲੋੜ ਨਹੀਂ ਹੈ, ਮੈਂ) ਸਦਾ ਅਚੱਲ ਰਾਜ ਕਰਾਂਗਾ, (ਜੋ ਮੈਨੂੰ ਪ੍ਰਾਪਤ ਹੋ ਗਿਆ ਹੈ)। ੧੦.(ਸਿੱਟਾ)-ਗੁਰਮੁਖ (ਜਗਤ ਵਿਚ) ਹਾਰ ਤੁਰਦੇ ਹਨ ਓਹੋ) ਜਗਤ ਨੂੰ ਜਿੱਤ ਜਾਂਦੇ ਹਨ।

**ਭਾਵ**-ਉਤਾਨਪਾਦ ਨਾਮੇ ਰਾਜੇ ਦੀਆਂ ਦੋ ਵਹੁਟੀਆਂ 'ਸੁਨੀਤਿ' ਤੇ 'ਸੁਰੁਚੀ' ਨਾਮੇ ਹੈਸਨ। ਸੁਰੁਚੀ ਭਰਤਾਂ ਦੀ ਡਾਢੀ ਪਿਆਰੀ ਸੀ। ਉਸਦਾ ਪੁਤਰ 'ਉੱਤਮ' ਸੀ। ਉਸ ਨਾਲ ਪਿਉ ਵੱਡਾ ਸਨੇਹ ਰੱਖਦਾ ਸੀ। 'ਧ੍ਰੂਵ' ਦੀ ਮਾਂ ਦਾ ਨਾਉਂ ਸੁਨੀਤਿ ਸੀ।ਇਕ ਦਿਨ 'ਉਤਮ' ਨਾਲ ਲਾਡ ਕਰਦੇ ਦੇਖ ਧ੍ਰੂਵ ਬੀ ਹਸਦਾ ਹਸਦਾ ਰੀਸ ਨਾਲ ਪਿਉ ਕੋਲ ਗਿਆ। ਪਿਉ ਨੇ ਕੁੱਛੜ ਤਾਂ ਲੈ ਲੀਤਾ ਪਰ ਭਾਉਣੀ ਪੂਰੀ ਨਾ ਹੋਈ, ਕਿਉਂ ਜੋ ਮਤ੍ਰੇਈ ਸੁਰੁਚੀ ਨੇ ਈਰਖਾ ਨਾਲ ਉਠਾ ਦਿੱਤਾ :- ਤੂੰ ਗੋਦੀ ਦੇ ਲਾਇਕ ਨਹੀਂ ਹੈਂ। ਧ੍ਰੂਵ ਨੇ ਮਾਂ ਪਾਸ ਜਾ ਕੇ ਪੁਛਿਆ; ਉਸਨੇ ਭਜਨ ਦਾ ਉਪਦੇਸ਼ ਕੀਤਾ। ਗੱਲ ਕੀ ਧ੍ਰੂਵ ਮਾਂ ਦੀ ਗੱਲ ਸੁਣਦਾ ਹੀ ਤਪ ਕਰਨ ਮਾਧੋ ਬਨ ਨੂੰ ਚੱਲਿਆ ਗਿਆ। ਰਸਤੇ ਵਿਚ ਨਾਰਦ ਨੇ ਕਿਹਾ : ਹੇ ਧ੍ਰੂਵ ! ਤੂੰ ਈਸ਼੍ਵਰ ਦਾ ਭਜਨ ਕਰ ਤੈਨੂੰ ਅਚੱਲ ਪਦਵੀ ਮਿਲ ਜਾਊ। ਫੇਰ ਮਾਧੋ ਬਨ ਵਿਖੇ ਧ੍ਰੂਵ ਨੇ ਸਿਮਰਨ ਕੀਤਾ। ਕੰਦ ਮੂਲ ਫਲ ਜਲ ਖਾਕੇ ਗੁਜਾਰਾ ਕਰ ਛੱਡੇ। ਗੱਲ ਕੀ ਧ੍ਰੂਵ ਪੂਰਨ ਹੋ ਗਿਆ। ਵਾਹਿਗੁਰੂ ਦੇ ਆਤਮ ਰਾਜ ਦਾ ਸਾਂਝੀਵਾਲ ਹੋ ਗਿਆ। ਇਸ ਵੇਲੇ ਪਿਤਾ ਨੇ ਮੁਸ਼ਕਲਾਂ ਨਾਲ ਰਾਜ ਧ੍ਰੂਵ ਨੂੰ ਦਿਤਾ ਅਰ ਆਪ ਬਨ ਨੂੰ ਚਲਿਆ ਗਿਆ। ਇਸ ਪੌੜੀ ਵਿਚ ਪਰਮੇਸੁਰ ਆਰਾਧਨ ਦਾ ਉਪਦੇਸ਼ ਹੈ। ਸਭ ਸ਼ੰਕਾ ਨਿਵਾਰਨ ਹਾਰਾ ਉਹ ਨਾਮ ਹੈ।

## ੨. (ਪ੍ਰਹਲਾਦ ਭਗਤ)।

੧. ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
੨. ਪੜ੍ਹਨ ਪਠਾਇਆ ਚਾਟਸਾਲ ਪਾਂਧੈ ਚਿਤਿ ਹੋਆ ਅਹਿਲਾਦ।
੩. ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸਬਦੁ ਅਨਾਹਦ ਨਾਦ।
੪. ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ।
੫. ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।
੬. ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
੭. ਕਢਿ ਖੜਗੁ ਸਦਿ ਪੁਛਿਆ ਕਉਣ ਸੁ ਤੇਰਾ ਹੈ ਉਸਤਾਦੁ।
੮. ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
੯. ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।

੧੦.ਜੈ ਜੈਕਾਰ ਕਰਨਿ ਬ੍ਰਹਮਾਦਿ ॥੨॥

**ਪਦਾਰਥ**-(ਅਹਿਲਾਦ=ਆਨੰਦ। ਵਿਸਮਾਦੁ=ਅਸਚਰਜ, ਹੱਕੇ ਬੱਕੇ।
(ਰੂਆਇਆ=ਪੁਕਾਰ ਕੀਤੀ। ਅਨਾਦ=ਬੜੇ ਸ਼ਬਦ ਵਾਲਾ।

**ਅਰਥ**-੧.ਹਰਣਾਖਸ਼ ਦੈਂਤ ਦੇ ਕੱਲਰ (ਰੂਪੀ) ਘਰ ਵਿਚ, ਪ੍ਰਹਿਲਾਦ ਭਗਤ ਕਵਲ (ਉਤਪਤ ਹੋਇਆ)। ੨.(ਪਿਉ ਨੇ) ਪਾਠਸ਼ਾਲਾ ਵਿਚ ਪੜ੍ਹਨ ਨੂੰ ਘੱਲਿਆ, ਪਾਂਧੇ ਦੇ ਮਨ ਆਨੰਦ ਹੋਇਆ(ਇਸ ਲਈ ਕਿ ਰਾਜਕੁਮਾਰ ਚਾਟੜਾ ਬਣਿਆ)। ੩.(ਪ੍ਰਹਿਲਾਦ) ਮਨ ਵਿਚ (ਭੀ) ਪਰਮੇਸਰ ਦਾ ਨਾਮ ਸਿਮਰੇ ਤੇ (ਮੁਖੋਂ ਭੀ) ਇਕ ਰਸ ਧੁਨੀ ਕਰਕੇ ਗਾਵੇ। ੪.ਸਾਰੇ ਸ਼ਾਗਿਰਦ ਭਗਤੀ ਕਰਨ ਲੱਗੇ, ਪਾਂਧੇ (ਦੇਖ ਕੇ) ਹੱਕੇ ਬੱਕੇ ਹੋ ਗਏ। ੫.ਰਾਜੇ ਪਾਸ (ਪਾਂਧੇ ਨੇ) ਪੁਕਾਰ ਕੀਤੀ (ਕਿ ਪ੍ਰਹਿਲਾਦ ਪਰਮੇਸਰ ਉਪਾਸ਼ਕ ਹੈ) ਦੋਖੀ ਦੈਂਤ ਨੇ ਵੱਡਾ ਝਗੜਾ ਵਧਾ ਲਿਆ। ੬.ਪਾਣੀ ਤੇ ਅੱਗ ਵਿਚ ਸਿਟ ਦਿੱਤਾ, (ਪਰੰਤੂ) ਗੁਰੂ ਦੀ ਕ੍ਰਿਪਾ ਨਾਲ (ਅੱਗ ਨੇ ਨਾ) ਸਾੜਿਆ (ਤੇ ਨਾ ਪਾਣੀ ਨੇ) ਡੋਬਿਆ। ੭.ਤਲਵਾਰ ਕਢਕੇ ਬੁਲਾਕੇ (ਪੁਤ੍ਰ ਨੂੰ ਪਿਉ) ਪੁੱਛਣ ਲੱਗਾ (ਅਰੇ !) ਤੇਰਾ ਕੌਣ ਗੁਰੂ ਹੈ ? ੮.ਤਦੋਂ ਥੰਮ ਨੂੰ ਪਾੜਕੇ ਨਰਸਿੰਘ ਰੂਪ ਅਨੂਪਮ ਬੜੇ ਸ਼ਬਦ ਵਾਲੇ ਪ੍ਰਗਟ ਹੋਏ। ੯.ਬੇਮੁਖ (ਹਰਣਾਖਸ਼) ਨੂੰ ਧਰਤੀ ਪੁਰ ਪਟਕਾ ਦਿੱਤਾ, ਸੰਤਾਂ ਦੀ ਸਹਾਇਤਾ ਸਦਾ ਤੋਂ ਹੁੰਦੀ ਆਈ ਹੈ। ੧੦.ਬ੍ਰਹਮਾਦਿ ਭੀ (ਇਸ ਹਾਲ ਪਰ) ਜੈ ਜੈ ਕਰ ਉੱਠੇ।

**ਭਾਵ**-ਮੁਲਤਾਨ ਦਾ ਨਾਸਤਕ ਰਾਜਾ ਹਰਨਾਖਸ਼ ਤੇ ਉਸਦਾ ਭਿਰਾਉ ਹਿਰਨਕਸ਼ਯਪ ਪਰਮੇਸ਼ੁਰ ਤੋਂ ਮੁੱਕਰਦੇ ਸਨ ਅਰ ਨਿਜ ਨੂੰ ਪਰਮੇਸ਼ੁਰ ਆਖਦੇ ਸਨ, ਸਾਰੀ ਪ੍ਰਜਾ ਨੂੰ ਜ਼ੁਲਮ ਨਾਲ ਨਾਸਤਕ ਬਣਾਉਂਦੇ ਸੇ, ਪਰ ਹਰਨਾਖਸ਼ ਦਾ ਆਪਣਾ ਪੁੱਤਰ ਹੀ ਪਰਮੇਸ਼ੁਰ ਦਾ ਭਗਤ ਨਿਕਲ ਆਇਆ। ਇਸ ਨੂੰ ਨਾਨਾ ਪ੍ਰਕਾਰ ਦੇ ਭਯਾਨਕ ਕਸ਼ਟ ਦਿਤੇ ਗਏ ਕਿ ਆਪਣੇ ਭਰੋਸੇ ਤੋਂ ਟਲੇ, ਪਰ ਉਹ ਸਿੱਧ ਅਵਸਥਾ ਨੂੰ ਪਹੁੰਚਾ ਬਾਲਕ ਨਾ ਟਲਿਆ। ਉਸ ਦੇ ਸਿਦਕ ਦਾ ਫਲ ਇਹ ਹੋਇਆ ਕਿ ਹਰਨਾਖਸ਼ ਨੂੰ ਜਾਨ ਦੇਣੀ ਪਈ ਤੇ ਪਰਜਾ ਸੁਖੀ ਹੋਈ। ਪਰਮੇਸ਼ੁਰ ਪੁਰ ਦ੍ਰਿੜ ਭਰੋਸਾ ਅਰ ਉਸ ਨੂੰ ਹਾਜ਼ਰ ਨਾਜ਼ਰ ਜਾਨਣਾ, ਪੁਰਾਤਨ ਭਗਤਾਂ ਵਿਚੋਂ ਪ੍ਰਹਿਲਾਦ ਨੂੰ ਬੜਾ ਹੀ ਉੱਚੇ ਦਰਜੇ ਦਾ ਨਸੀਬ ਸੀ। ਇਹੋ ਹੀ ਇਸ ਪਉੜੀ ਦਾ ਭਾਵ ਹੈ ਕਿ ਆਪਣੇ ਸਿਰਜਣਹਾਰ ਨੂੰ ਐਸਾ ਹਾਜ਼ਰ ਨਾਜ਼ਰ ਦੇਖੋ ਕਿ ਸੰਸੇ ਵ੍ਰਿਤੀ ਦਾ ਮੁਸ਼ਕ ਨਾ ਰਹੇ।

## ੩. (ਰਾਜਾ ਬਲਿ)।

੧. ਬਲਿ ਰਾਜਾ ਘਰਿ ਆਪਣੇ ਅੰਦਰਿ ਬੈਠਾ ਜਗੁ ਕਰਾਵੈ।
੨. ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ।
੩. ਰਾਜੇ ਅੰਦਰਿ ਸਦਿਆ ਮੰਗ ਸੁਆਮੀ ਜੋ ਤੁਧੁ ਭਾਵੈ।
੪. ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪਰੋਹਿਤੁ ਕਹਿ ਸਮਝਾਵੈ।
੫. ਕਰਉ ਅਢਾਈ ਧਰਤਿ ਮੰਗਿ ਪਿਛਹੁ ਦੇ ਤ੍ਰਿਹੁ ਲੋਅ ਨ ਮਾਵੈ।
੬. ਦੁਇ ਕਰਵਾਂ ਕਰਿ ਤਿੰਨ ਲੋਅ ਬਲਿ ਰਾਜਾ ਲੈ ਮਗਰੁ ਮਿਣਾਵੈ।
੭. ਬਲਿ ਛਲਿ ਆਪੁ ਛਲਾਇਅਨ ਹੋਇ ਦਇਆਲੁ ਮਿਲੈ ਗਲਿ ਲਾਵੈ।
੮. ਦਿਤਾ ਰਾਜੁ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ।
੯. ਹੋਇ ਦਰਵਾਨ ਮਹਾਂ ਸੁਖੁ ਪਾਵੈ ॥੩॥

**ਪਦਾਰਥ**-(ਮੁਖਿ ਪਾਠ=ਮੂੰਹ ਜ਼ਬਾਨੀ। ਅਛਲ=ਜੋ ਛਲਿਆ ਨਾ ਜਾਵੈ। ਕਰਉ=ਉਲਾਂਘਾ।
(ਮਗਰ=ਪਿੱਠ, ਭਾਵ ਸਰੀਰ। ਦਰਵਾਨ=ਡੇਉਢੀ ਬਰਦਾਰ।

**ਅਰਥ**-੧.ਰਾਜਾ ਬਲਿ ਆਪਣੇ ਘਰ ਅੰਦਰ ਬੈਠਾ ਜੱਗ ਕਰਾਉਂਦਾ ਸੀ। ੨.(ਇਕ) ਬਾਉਣੇ ਰੂਪ ਵਾਲਾ (ਬ੍ਰਾਹਮਣ) ਆਯਾ, ਚਾਰ ਬੇਦ ਮੂੰਹ ਜਬਾਨੀ ਸੁਨਾਉਣ ਲੱਗਾ। ੩.ਰਾਜੇ ਨੇ ਅੰਦਰ ਬੁਲਾਕੇ ਕਿਹਾ: "ਮੰਗ ਲੈਂ ਹੇ ਸੁਆਮੀ ਜੀ ! ਜੋ ਤੁਹਾਨੂੰ ਭਾਉਂਦਾ ਹੈ"। ੪.ਸ਼ੁਕਰ ਪ੍ਰੋਹਤ ਕਹਿਕੇ ਸਮਝਾਵੇ : (ਭਈ ਹੇ ਰਾਜਾ ! ਇਹ) ਤੈਨੂੰ ਛਲਣ ਨੂੰ ਆਇਆ ਹੈ (ਆਪ) ਨਹੀਂ (ਜੇ) ਛਲਿਆ ਜਾਣ ਵਾਲਾ। ੫.(ਬਾਉਣੇ ਨੇ) ਅਢਾਈ ਉਲਾਂਘਾਂ ਧਰਤੀ ਮੰਗ ਲੀਤੀ, ਪਿਛੋਂ (ਇੱਡਾ ਰੂਪ ਕੀਤਾ) ਜੋ ਤਿੰਨਾਂ ਲੋਕਾਂ ਵਿਚ ਨਾ ਸਮਾ ਸਕੇ। ੬.ਦੋ ਕਦਮਾਂ ਵਿਚ ਤਾਂ ਤਿੰਨੇ ਲੋਕ (ਮਿਣ ਲੀਤੇ, ਅੱਧੇ ਕਦਮ ਦੀ ਹੁੰਦੀ) ਬਲ ਰਾਜਾ ਨੇ (ਆਪਣਾ) ਸਰੀਰ ਮਿਣਾ ਦਿੱਤਾ। ੭.(ਰਾਜਾ) ਬਲ ਨੇ (ਬਾਵਨ ਦੇ) ਛਲ ਨਾਲ ਆਪ ਨੂੰ ਛਲਾ ਲੀਤਾ (ਇਸ ਗੱਲ ਪਰ) ਦਿਆਲ ਹੋਕੇ (ਉਸ ਨੇ) ਮਿਲਕੇ (ਬਲ ਨੂੰ) ਗਲ ਨਾਲ ਲਾਇਆ। ੮.(ਫੇਰ ਉਸ ਨੂੰ) ਪਤਾਲ ਦਾ ਰਾਜ ਦੇ ਦਿੱਤਾ (ਪਰ ਉਹ) ਭਗਤ ਫੇਰ ਭੀ ਅਧੀਨ ਹੋਕੇ (ਭਗਵੰਤ ਦਾ) ਜਸ ਗਾਉਣ ਲੱਗਾ। (ਕਈ ਕਹਿੰਦੇ ਹਨ : ਭਗਤ ਦੇ ਅਧੀਨ ਹੋਕੇ ਸੁਖ ਪਾਉਣ ਲੱਗਾ)। ੯.ਡੇਉਢੀ ਬਰਦਾਰ ਹੋਕੇ ਵੱਡਾ ਸੁਖ ਨੂੰ ਪਾਉਂਦਾ ਹੈ।

**ਭਾਵ**-ਇਸ ਵਾਰ ਵਿਚ ਭਾਈ ਸਾਹਿਬ ਜੀ ਪੁਰਾਤਨ ਭਗਤਾਂ ਦੇ ਜਗਤ ਪ੍ਰਸਿੱਧ ਪ੍ਰਸੰਗ ਕਹਿ ਰਹੇ ਹਨ, ਜਿਸ ਤੋਂ ਉਨ੍ਹਾਂ ਦਾ ਭਾਵ ਇਤਿਹਾਸਕ ਸਤਜਾਤਾ ਖੋਜਕੇ ਇਤਿਹਾਸ ਲਿਖਣ ਦਾ ਨਹੀਂ ਹੈ, ਪਰ ਉਪਦੇਸ਼ ਦੇਣ ਦਾ ਹੈ, ਕਿਉਂਕਿ ਆਪ ਪੁਸਤਕ ਉਪਦੇਸ਼ ਦਾ ਲਿਖ ਰਹੇ ਹਨ। ਇਸ ਵਾਰਤਾ ਵਿਚੋਂ ਇਹ ਉਪਦੇਸ਼ ਨਿਕਲਦਾ ਹੈ ਕਿ ਨੇਕੀ ਕਰਨ ਵਾਲੇ ਨੂੰ ਨੇਕੀ ਹੀ ਕਰਨੀ ਚਾਹੀਦੀ ਹੈ। ਚਾਹੇ ਅਗਲਾ ਦੁਖ ਦੇਵੇ ਅਰ ਪਹਿਲੇ ਪਤਾ ਹੋਵੇ ਕਿ ਮੈਨੂੰ ਦੁੱਖ ਮਿਲੇਗਾ, ਤਦ ਭੀ ਨੇਕੀ ਕਰੇ। ਦੂਸਰੇ ਇਹ ਕਿ ਧਰਮ ਕਰਦਿਆਂ ਹਉਮੈ ਤੋਂ ਬਚਣਾ ਚਾਹੀਏ, ਬਲਿ ਰਾਜਾ ਨੂੰ ਧਰਮ ਕਰਦਿਆਂ ਹਉਮੈ ਹੋ ਗਈ ਸੀ, ਜਿਸਦਾ ਇਹ ਇਲਾਜ ਹੋਯਾ। ਤੀਸਰਾ ਇਹ ਕਿ ਰਜ਼ਾ ਪਰ ਦ੍ਰਿੜ੍ਹ ਰਹੇ, ਪਾਤਾਲ ਵਿਚ ਡਿੱਗਕੇ ਭੀ ਬਲਿ ਦਾ ਭਰੋਸਾ ਭਗਤੀ ਦ੍ਰਿੜ੍ਹ ਰਿਹਾ, ਸੋ ਵਾਹਿਗੁਰੂ ਉਸ ਨੂੰ ਸਾਖਯਾਤਕਾਰ ਹੋ ਗਿਆ।

## (ਤ੍ਰੇਤੇ ਜੁਗ ਦੇ ਭਗਤਾਂ ਦੀ ਕਥਾ)

## ੪. (ਅੰਬਰੀਕ ਭਗਤ)।

੧. ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ।
੨. ਭੀੜਾ ਓਸੁ ਉਪਾਰਣਾ ਓਹੁ ਉਠਿ ਨ੍ਹਾਵਣਿ ਨਦੀ ਸਿਧਾਇਆ।
੩. ਚਰਣੋਦਕੁ ਲੈ ਪੋਖਿਆ ਓਹ ਸਰਾਪੁ ਦੇਵਣ ਨੋ ਧਾਇਆ।
੪. ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ।
੫. ਬਾਮ੍ਹਣੁ ਭੰਨਾ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ।
੬. ਇੰਦ੍ਰ ਲੋਕੁ ਸਿਵਲੋਕੁ ਤਜਿ ਬ੍ਰਹਮਲੋਕੁ ਬੈਕੁੰਠ ਤਜਾਇਆ।
੭. ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾ ਸਮਝਾਇਆ।
੮. ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕਿ ਛੁਡਾਇਆ।
੯. ਭਗਤਿ ਵਛਲੁ ਜਗਿ ਬਿਰਦ ਸਦਾਇਆ ॥੪॥

**ਪਦਾਰਥ**-(ਰਾਤ ਪਈ=ਰਾਤ ਬੀਤੀ (ਇਕਾਦਸ਼ੀ ਦੀ)। ਭੀੜਾ=ਵਰਤ। (ਭੀਹਾਵਲੁ=ਭਿਆਨਕ। ਹੰਘਨਿ=ਸੱਕਣ।

**ਅਰਥ**-੧.(ਰਾਜਾ) ਅੰਬਰੀਕ ਦਾ ਮੂੰਹ (ਇਕਾਦਸੀ ਦੇ) ਬਰਤ ਵਾਲਾ ਸੀ, ਜਦ ਰਾਤ ਬੀਤੀ ਤਦ ਦੁਰਬਾਸ਼ਾ (ਰਿਖੀ) ਆ ਗਿਆ। ੨.(ਰਾਜੇ ਨੇ ਦਵਾਦਸ਼ੀ ਵਿੱਚ) ਉਹ ਵਰਤ ਉਪਾਰਣਾਂ ਸੀ, (ਕਿਉਂ

ਜੋ ਤ੍ਰਯੋਦਸ਼ੀ ਵਿਚ ਉਪਾਰਣ ਨਾਲ ਹਿੰਦੂਆਂ ਵਿਚ ਦੋਸ਼ ਗਿਣੀਂਦਾ ਹੈ) ਉਹ (ਦੁਰਬਾਸ਼ਾ ਰਿਖੀ) ਉੱਠਕੇ ਨਦੀ ਨੂੰ ਨ੍ਹਾਉਣ ਲਈ ਚਲਿਆ ਗਿਆ; ੩.(ਰਾਜਾ ਨੇ ਆਤਮ ਪੂਜਾ) ਦਾ ਚਰਣਾਂਮ੍ਰਿਤ ਲੈ ਕੇ ਬਰਤ ਉਪਾਰ ਲੀਤਾ, ਉਹ (ਸੁਣਦਾ ਹੀ) ਸਰਾਪ ਦੇਣ ਲਈ ਦੌੜਿਆ, (ਇਸ ਗੁੱਸੇ ਵਿਚ ਕਿ ਮੂੰਹ ਜੂਠਾ ਕਿਉਂ ਕਰ ਲੀਤਾ)। ੪.ਸੁਦਰਸ਼ਨ ਚੱਕ੍ਰ ਨੇ ਕਾਲ ਰੂਪ ਭਯਾਨਕ ਹੋ ਕੇ ਉਸ ਦਾ ਗ਼ਰਬ ਤੋੜ ਦਿੱਤਾ। (ਤਾਤਪਰਯ ਇਹ ਕਿ ਜਿੱਥੇ ਰਿਖੀ ਜਾਵੇ ਉਸ ਦਾ ਚੱਕ੍ਰ ਪਿੱਛਾ ਨਾ ਛੱਡੇ)। ੫.ਬ੍ਰਾਹਮਣ ਜੀ ਭਯਾਨਾ (ਦੇਵ ਪੁਰੀਆਂ ਨੂੰ) ਭੱਜਿਆ, ਅੱਗੇ ਸਾਰੇ ਦੇਵਤਿਆਂ ਵਿਚੋਂ ਕੋਈ ਨਾ ਰੱਖ ਸਕੇ (ਭਾਵ ਸਾਰੇ ਪਰੇ ਪਰੇ ਕਰਨ) ੬.ਇੰਦ੍ਰ ਪੁਰੀ, ਸ਼ਿਵ ਪੁਰੀ ਛੱਡਕੇ ਬ੍ਰਹਮਾਂ ਦੇ ਲੋਕ ਤੇ ਬੈਕੁੰਠ ਨੂੰ ਛਡਿਆ। ੭.ਦੇਵਤਿਆਂ ਨੇ ਵਿਸ਼ਨੂੰ ਦੇ ਸਾਥ (ਮਿਲ ਕੇ) ਸਿੱਖਯਾ ਦੇ ਕੇ ਸਭਨਾਂ ਨੇ ਸਮਝਾਇਆ (ਭਈ ਜਿਸ ਦੀ ਤੂੰ ਅਵੱਗਯਾ ਕੀਤੀ ਹੈ ਉਸੇ ਭਗਤ ਦੀ ਸ਼ਰਣੀ ਪਉ)। ੮.(ਜਦ ਰਿਖੀ ਭਗਤ) ਅੰਬਰੀਕ ਦੀ ਆਕੇ ਸ਼ਰਨੀ ਪਿਆ, (ਤਦੋਂ ਭਗਤ ਨੇ ਉਸ) ਮਰੀਂਦੇ ਨੂੰ ਛੁਡਾ ਲੀਤਾ। ੯.ਭਗਤ ਵਛਲ ਬਿਰਦ ਜਗਤ ਵਿਖੇ (ਸੱਚਾ) ਕਹਾਇਆ।

**ਭਾਵ**-ਇਹ ਭਗਤ ਮਾਲ ਦੀ ਕਥਾ ਹੈ। ਇਸ ਵਿਚ ਇਹ ਉਪਦੇਸ਼ ਹੈ ਕਿ ਭਗਤ ਪੁਰਸ਼ ਕ੍ਰੋਧੀ ਨਾ ਹੋਵੇ, ਵਿਸ਼ੇ ਅਧੀਨ ਨਾ ਰਹੇ। ਦੂਜੇ ਜਦ ਆਦਮੀ ਭੁੱਲ ਕਰੇ ਤਾਂ ਜਿਸ ਦੀ ਭੁੱਲ ਕਰੇ ਉਸ ਪਾਸੋਂ ਖਿਮਾਂ ਚਾਹੇ। ਹੋਰ ਸਾਧਨ ਕਰਨੇ ਨਿਸਫਲ ਹਨ, ਜਦ ਤਕ ਕਿ ਉਸ ਦਾ ਆਤਮਾ ਤਪਦਾ ਹੈ। ਤੀਜਾ ਇਹ ਹੈ ਕਿ ਜਿਕੁਰਾਂ ਅੰਬਰੀਕ ਨੇ ਮਾਫ ਕੀਤਾ ਹੈ, ਉੱਕਰਾਂ ਮਾਫ ਕਰਨ ਨੂੰ ਸਦਾ ਤਯਾਰ ਰਹੇ। ਚੌਥੇ ਜਦ ਪਰਮੇਸ਼ੁਰ ਪਯਾਰਿਆਂ ਨੂੰ ਕੋਈ ਸਤਾਵੇ ਤਦ ਉੱਠ ਕੇ ਉਸ ਨਾਲ ਨਾ ਲੜਨ ਪਰ ਆਪਣੇ ਪਰਮੇਸਰ ਤੇ ਭਰੋਸਾ ਰੱਖਣ ਅਰ ਉਸ ਦੀ ਓਟ ਵਿਚੋਂ ਮਨ ਨੂੰ ਨਾ ਕੱਢਣ।

## ੫. (ਰਾਜਾ ਜਨਕ)।

੧. ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।
੨. ਦੇਵ ਲੋਕ ਨੋ ਚਲਿਆ ਗਣ ਗੰਧਰਬ ਸਭਾ ਸੁਖਵਾਸੀ।
੩. ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ।
੪. ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ।
੫. ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰ ਅਬਿਨਾਸੀ।
੬. ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੇ ਨਿਰਜਾਸੀ।
੭. ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।
੮. ਨਰਕਹੁੰ ਛੁਟੇ ਜੀਅਜੰਤ ਕਟੀ ਗਲਹੁੰ ਸਿਲਕ ਜਮ ਫਾਸੀ।
੯. ਮੁਕਤਿ ਜੁਗਤਿ ਨਾਵੈ ਦੀ ਦਾਸੀ ॥੫॥

**ਪਦਾਰਥ**-(ਸੁਖਵਾਸੀ=ਸੁਖਾਂ ਦਾ ਘਰ, ਭਲੇ, ਟਹਿਲ ਕਰਨ ਵਾਲੇ। ਵਿਲਲਾਵਨ=ਕੁਰਲਾਉਣ। (ਬੰਦ ਖਲਾਸੀ=ਕੈਦੋਂ ਕੱਢਣਾ। ਨਿਰਜਾਸੀ=ਤੋਲ, ਨਿਰਣਾ।ਸਿਲਕ=ਕਰੜੀ ਫਾਹੀ।

**ਅਰਥ**-੧.ਰਾਜਾ ਜਨਕ ਵੱਡਾ ਭਗਤ ਸੀ, ਗੁਰਮੁਖ ਤੇ ਮਾਯਾ ਵਿਖੇ ਉਦਾਸ ਰਹਿੰਦਾ ਸੀ। ੨.ਦੇਵ ਲੋਕ ਨੂੰ ਚਲਿਆ ਸੀ (ਨਾਲ) ਗੰਧਰਬ (ਗਾਉਂਦੇ) ਤੇ ਹਰਿ ਗੁਣਾਂ ਦੀ ਸਭਾ ਟਹਿਲ ਕਰਦੀ ਸੀ। ੩.ਜਮ ਦੀ ਪੁਰੀ ਨੂੰ, ਪੁਕਾਰ ਸੁਣ ਕੇ ਰਾਜਾ, (ਗਿਆ) (ਕੀ ਡਿੱਠਾ ? ਕਿ) ਨਰਕ ਦੇ ਰਹਿਣ ਵਾਲੇ ਵਡੇ ਕੁਰਲਾਉਂਦੇ ਹਨ। ੪.ਧਰਮਰਾਇ ਨੂੰ (ਆਪ ਨੇ) ਬਚਨ ਕੀਤਾ ਕਿ "ਸਭਨਾਂ ਨੂੰ (ਨਰਕ ਦੀ) ਕੈਦ ਵਿਚੋਂ ਕੱਢ ਦੇਹ"। ੫.ਧਰਮ ਰਾਜਾ ਬੇਨਤੀ ਕਰਨ ਲੱਗਾ: (ਹੇ ਰਾਜਾ!) ਮੈਂ ਤਾਂ ਠਾਕੁਰ ਅਬਿਨਾਸ਼ੀ ਦਾ ਦਾਸ ਹਾਂ (ਭਾਵ ਉਸ ਦਾ ਹੁਕਮ ਕਿੱਕੁਰ ਮੋੜਾਂ ?) ੬.(ਜਨਕ ਨੇ) ਇਕ ਪਾਸੇ ਨਾਮ (ਜਪਣ ਦਾ

ਆਪਣਾ ਮਹਾਤਮ) ਰੱਖ ਦਿਤਾ , ਭਈ ਪਾਪਾਂ ਨਾਲ ਤੋਲਿਆ ਜਾਵੇ। ੭.ਨਾਮ ਵੱਟੇ ਦੀ ਚੌਥਾਈ ਦੇ ਬਰਾਬਰ ਵੀ ਪਾਪ ਨਾ ਪੂਰੇ ਹੋਏ, ਗੁਰਮੁਖ (ਰਾਜਾ ਜਨਕ) ਦਾ (ਨਾਮ ਜਪਣ ਦਾ ਵੱਟਾ) ਅਤੁੱਲ ਤੇ ਅਤੋਲ ਰਿਹਾ। ੮.ਨਰਕ ਥੋਂ ਜੀਅ ਜੰਤ ਆਜ਼ਾਦ ਕੀਤੇ ਗਏ, ਉਨ੍ਹਾਂ ਦੇ ਗਲਾਂ ਥੋਂ ਕਰੜੀ ਜਮ ਦੀ ਫਾਹੀ ਕੱਟੀ। ੯.ਮੁਕਤੀ ਤੇ ਜੁਗਤੀ (ਦੂਜੇ ਨੂੰ ਮੁਕਤ ਕਰਨ ਦਾ ਤ੍ਰੀਕਾ) ਨਾਮ ਦੀਆਂ ਦਾਸੀਆਂ ਹਨ।

**ਭਾਵ**-ਰਾਜਾ ਜਨਕ ਬੈਕੁੰਠ ਨੂੰ ਚਲਿਆ ਜਾਂਦਾ ਸੀ, ਅਕਸ ਮਾਤ੍ ਪਾਪੀਆਂ ਦੀ ਕੁਰਲਾਉਣ ਦੀ ਧੁਨੀ ਕੰਨੀ ਪੈ ਗਈ, ਕਿਉਂ ਜੋ ਗੁਰੂ ਜੀ ਲਿਖਦੇ ਹਨ-''**ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥ ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ ॥**''(ਗੂਜ: ਵਾਰ-੧੦) ਗੱਲ ਕੀ ਪਾਪੀਆਂ ਦੀਆਂ ਕੂਕਾਂ ਸੁਣਕੇ ਕਿਹਾ ਕਿ ਹੇ ਧਰਮਰਾਜ! ਸਾਰੇ ਪਾਪੀ ਛੱਡ ਦੇਹ। ਉਸ ਨੇ ਕਿਹਾ ਮਹਾਰਾਜ ! ਮੈਂ ਤਾਂ ਠਾਕੁਰ ਅਬਿਨਾਸ਼ੀ ਦਾ ਦਾਸ ਹਾਂ, ਪ੍ਰੰਤੂ ਇਨ੍ਹਾਂ ਨੂੰ ਕਿਸ ਪੁੰਨ ਬਦਲੇ ਛੱਡਾਂ ? ਆਪ ਨੇ ਕਿਹਾ ਉਸ ਵਾਹਿਗੁਰੂ ਦੇ ਨਾਮ ਦੇ ਆਸਰੇ ਛੱਡ ਦੇਹ। ਜਨਕ ਜੈਸੇ ਭਜਨੀਕਾਂ ਦੇ ਰਿਦੇ ਨਾਮ ਨਾਮੀ ਦੀ ਅਭੇਦਤਾ ਹੋ ਰਹੀ ਸੀ, ਸੋ ਨਾਮ ਦਾ ਹੁਕਮ ਨਾਮੀ ਦਾ ਹੁਕਮ ਜਾਣਕੇ ਧਰਮਰਾਜ ਨੇ ਆਗਜ਼ਾ ਮੰਨ ਲਈ। ਇਸ ਕਥਾ ਵਿਚ ਉਪਦੇਸ਼ ਇਹ ਹੈ ਕਿ ਰਾਜਾ ਜਨਕ ਜੈਸਾ ਮਾਯਾ ਵਿਚ ਉਦਾਸ ਰਹੇ, ਬ੍ਰਹਮ ਗਯਾਨੀ ਹੋਵੇ, ਜੀਵਨ ਮੁਕਤੀ ਦਾ ਰਸ ਲਵੇ। ਫੇਰ ''**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ**'' (ਸੁਖਮਨੀ) ਐਸਾ ਨਰਮ ਚਿਤ ਤੇ ਉਪਕਾਰੀ ਹੋਵੇ ਕਿ ਪਰ ਪੀੜਾ ਨਾ ਸਹਾਰ ਸਕੇ ਅਰ ਦੁਖੀਆਂ ਨੂੰ ਸੁਖ ਦੇਵੇ। ਮੁਕਤ ਆਪਣੀ ਤੇ ਜੁਗਤ ਹੋਰਨਾਂ ਨੂੰ ਮੁਕਤ ਕਰਨ ਦੀ ਰੀਤੀ ਨਾਮ ਵਾਲੇ ਸੰਤਾਂ ਦੇ ਪਾਸ ਹੈ। ਤੀਜੇ ਇਹ ਕਿ ਨਰਕ ਦੇ ਜੀਵਾਂ ਨੂੰ ਜਨਕ ਨੇ ਨਾਮ ਬਖਸ਼ ਦਿੱਤਾ ਸੀ। ਉਹ ਜੋ ਨਾਮ ਨਾਲ ਪਾਪਾਂ ਨੂੰ ਤੋਲਣਾ ਹੈ ਸੋ ਇਹੋ ਭਾਵ ਹੈ ਕਿ ਨਾਮ ਦਾ ਛੱਟਾ ਦੇ ਦਿੱਤਾ। ਉਸ ਦੇ ਬ੍ਰਹਮ ਗਿਆਨੀ ਹੋਣ ਕਰ ਕੇ ਆਤਮ ਪ੍ਰਭਾਵ ਦੇ ਕਾਰਨ ਨਾਮ (ਭਾਵੇਂ ਨਰਕ ਕਰਮ ਭੂਮੀ ਨਹੀਂ ਸੀ, ਪਰ ਤਦ ਭੀ) ਫਲ ਪਿਆ। ਨਾਮ ਜਪਣ ਵਾਲਾ ਨਰਕ ਵਿਚ ਨਹੀਂ ਰਹਿ ਸਕਦਾ, ਤਾਂਤੇ ਆਪੇ ਬੰਦ ਖਲਾਸ ਹੋ ਗਈ। ਸਿੱਧਾਂਤ ਕੀ ਨਿਕਲਿਆ ਕਿ-''**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥**'' (ਸੁਖਮਨੀ)

## ੬. (ਹਰੀ ਚੰਦ ਤੇ ਤਾਰਾ ਰਾਣੀ)।

੧. ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।
੨. ਸਾਧ ਸੰਗਤਿ ਮਿਲਿ ਗਾਂਵਦੇ ਰਾਤੀ ਜਾਇ ਸੁਣੈ ਗੁਰਬਾਣੀ।
੩. ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।
੪. ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ।
੫. ਹੋਰਤੁ ਰਾਤੀ ਉਠਿਕੈ ਚਲਿਆ ਪਿਛੈ ਤਰਲ ਜੁਆਣੀ।
੬. ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।
੭. ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।
੮. ਰਾਜੇ ਡਿਠਾ ਚਲਿਤੁ, ਇਹੁ ਏਹ ਖੜਾਵ ਹੈ ਚੋਜ ਵਿਡਾਣੀ।
੯. ਸਾਧ ਸੰਗਤਿ ਵਿਟਹੁ ਕੁਰਬਾਣੀ ॥੬॥

**ਪਦਾਰਥ**-(ਸੁਖ=ਆਨੰਦ ਨਾਲ। ਸੁਲੋਚਨ=ਸ੍ਰੇਸ਼ਟ ਅੱਖਾਂ ਵਾਲੀ(ਤਾਰਾ) ਨਿਖੰਡ=ਬਰੋਬਰ।
(ਹੈਰਾਣੀ=ਹੈਰਾਨਗੀ ਅਥਵਾ 'ਹੈ ਰਾਣੀ'=ਅਫਸੋਸ ਰਾਣੀ ਕਿੱਥੇ।
(ਤਰਲ=ਚੰਚਲ। ਖੜੀ=ਲੈ ਲੀਤੀ। ਵਿਡਾਣੀ=ਅਚਰਜ।

**ਅਰਥ**-੧.ਰਾਜੇ ਹਰੀ ਚੰਦ ਘਰ(ਪੂਰਨ)ਸੁਖ (ਦਾ ਨਿਵਾਸ ਸੀ, ਉਸ ਦੇ ਘਰ) ਸ੍ਰੇਸ਼ਟ ਨੇਤਰਾਂ ਵਾਲੀ

ਤਾਰਾ ਨਾਮੇਂ ਰਾਣੀ ਹੈਸੀ। ੨.(ਉਸੇ ਨਗਰੀ) ਸਾਧ ਸੰਗਤ ਮਿਲਕੇ ਕੀਰਤਨ ਕਰਦੀ ਹੁੰਦੀ ਸੀ, (ਉਹ ਰਾਣੀ) ਰਾਤ ਨੂੰ ਗੁਰਬਾਣੀ (ਉਥੇ ਜਾਕੇ) ਸੁਣਦੀ ਹੁੰਦੀ ਸੀ। ੩.(ਇਕ ਰਾਤ) ਪਿਛੋਂ ਰਾਜਾ ਜਾਗ ਪਿਆ (ਤਦੋਂ) ਅੱਧੀ ਰਾਤ ਪੂਰੀ ਗੁਜਰ ਚੁਕੀ ਸੀ। ੪.ਰਾਣੀ ਨਜ਼ਰ ਨਾ ਆਈ, ਮਨ ਵਿਖੇ ਹੈਰਾਨੀ ਵਰਤੀ (ਅਥਵਾ ਮਨ ਵਿਖੇ ਕਹਿੰਦਾ ਸੀ 'ਹੈਂ ! ਰਾਣੀ ਕਿਧਰ ਗਈ ?')। ੫.ਹੋਰ (ਦੂਜੀ) ਰਾਤ ਨੂੰ ਉਠਕੇ ਪਿਛੇ ਲੱਗ ਤੁਰਿਆ (ਉਸ) ਚੰਚਲ ਜੁਆਨ ਰਾਣੀ ਦੇ। ੬.(ਰਾਣੀ ਤਾਂ) ਸੰਗਤ ਵਿਖੇ ਜਾ ਪੁੱਜੀ ਰਾਜਾ (ਉਸ ਦੀਆਂ) ਖੜਾਵਾਂ ਵਿਚੋਂ (ਇਕ ਖੜਾਉਂ) ਨੀਸਾਣੀ ਲੈ ਗਿਆ। ੭.(ਜਾਂ ਰਾਣੀ ਉੱਠੀ ਤੇ ਖੜਾਂ ਨਾ ਦੇਖੀ ਤਦ ਘਾਬਰੀ ਨਹੀਂ) ਸਾਧ ਸੰਗਤ ਦੀ ਆਰਾਧਨਾ ਕੀਤੀ, (ਉਸ) ਪੁਰਾਣੀ ਖੜਾਉਂ ਨਾਲ (ਇਕ ਹੋਰ) ਪੁਰਾਣੀ (ਖੜਾਉਂ) ਮਿਲਕੇ ਜੋੜੀ ਬਣ ਗਈ। ੮.ਰਾਜੇ ਇਹ ਚਲਿੱਤ੍ਰ ਦੇਖਿਆ ਕਿ ਇਹ ਖੜਾਉਂ ਤਾ ਵੱਡਾ ਅਚਰਜ ਕੌਤਕ ਹੈ। ੯.ਸਾਧ ਸੰਗਤ ਤੋਂ ਕੁਰਬਾਨ ਜਾਈਏ।

**ਭਾਵ**-ਸਾਧ ਸੰਗਤ ਦੀ ਕ੍ਰਿਪਾ ਨਾਲ ਦੂਜੀ ਖੜਾਉ ਪੈਦਾ ਹੋ ਗਈ, ਰਾਜਾ ਅਚਰਜ ਮੰਨਕੇ ਉਹ ਭੀ ਭਰੋਸੇ ਵਾਲਾ ਹੋ ਗਿਆ।

ਏਸ ਕਥਾ ਵਿਚ ਸਾਧ ਸੰਗਤ ਦਾ ਉਪਦੇਸ਼ ਹੈ ਕਿ ਸਤਿਸੰਗ ਜ਼ਰੂਰ ਕਰਨਾ ਚਾਹੀਏ ਅਰ ਨਿਰਸੰਸੇ ਹੋਕੇ ਕਰਨਾ ਚਾਹੀਏ। ਤਾਰਾ ਦਾ ਭਰੋਸਾ ਭੀ ਪ੍ਰਹਿਲਾਦ ਵਾਂਗੂੰ ਦ੍ਰਿੜ੍ਹ ਭਰੋਸਾ ਤੇ ਸੰਸੇ ਬ੍ਰਿਤੀ ਤੋਂ ਰਹਿਤ ਹੋਣ ਦਾ ਉਪਦੇਸ਼ ਕਰਦਾ ਹੈ।

## (ਦੁਆਪਰ ਦੇ ਭਗਤਾਂ ਦੀ ਕਥਾ)

## ੭. (ਬਿਦਰ ਅਰ ਦੁਰਜੋਧਨ)।

੧. ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
੨. ਘਰਿ ਆਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।
੩. ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
੪. ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।
੫. ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।
੬. ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।
੭. ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।
੮. ਗੋਬਿੰਦ ਭਾਉ ਭਗਤਿ ਦਾ ਭੁਖਾ ॥੭॥

**ਪਦਾਰਥ**-(ਰੁਖਾ=ਗੁੱਸੇ। ਕਿ ਸੁਖਾ=ਕੀ ਸੁਖ ?। ਸਭਾ ਸੀਗਾਰ=ਸਭਾ ਦੇ ਮੁਖੀਏ। (ਝੁੰਗੀ=ਛੱਪਰੀ। ਧੁਖਾ=ਚਿੰਤਾ। ਚੁਖਾ=ਰੰਚਕ। ਭੁਖਾ=ਗਾਹਕ।

**ਅਰਥ**-੧.ਬਿਦਰ ਦੇ ਘਰ ਆਇਆ (ਕ੍ਰਿਸ਼ਨ ਦੇਵ ਨੂੰ) ਸੁਣਕੇ ਦੁਰਯੋਧਨ ਗੁੱਸੇ ਨਾਲ (ਕਹਿਣ ਲੱਗਾ): ੨.ਸਾਡੇ ਮੰਦਰਾਂ ਨੂੰ ਛੱਡਕੇ ਦਾਸ ਦੇ ਘਰ ਜਾਣ ਨਾਲ ਕੀ ਸੁਖ ਹੈ ? ੩.ਭੀਖਮ ਦਰੋਣਾ, ਕਰਨ (ਆਦਿਕ) ਸਭਾ ਦੇ ਮੁਖੀਏ ਵਡੇ ਮਨੁਖ ਬੀ ਛੱਡ ਦਿਤੇ। ੪.(ਕੱਖਾਂ ਦੀ) ਛੱਪਰੀ ਵਿਚ ਰਾਤ ਕੱਟੀ, ਸਭਨਾਂ ਦੇ ਮਨ ਇਸ ਗੱਲ ਦੀ ਚਿੰਤਾ ਹੈ। ੫.ਕ੍ਰਿਸ਼ਨ ਜੀ ਹੱਸਕੇ ਬੋਲੇ: "ਹੇ ਰਾਜਨ ! ਸੁਣ ਧਯਾਨ ਦੇ ਕੇ। ੬.ਤੇਰੇ (ਮਨ) ਵਿਖੇ ਪ੍ਰੇਮ ਨਹੀਂ ਦਿੱਸਦਾ, ਮੈਨੂੰ ਕੋਈ ਅਪਦਾ ਯਾ ਦੁੱਖ ਨਹੀਂ ਹੈ। ੭.ਬਿਦਰ ਦੇ ਮਨ ਅਜੇਹਾ ਪ੍ਰੇਮ ਹੈ ਕਿ ਹੋਰ (ਕਿਸੇ) ਦੇ ਮਨ ਵਿਚ ਉਸ ਦਾ ਰੰਚਕ ਭੀ ਹਿੱਸਾ ਨਹੀਂ ਹੈ। ੮.ਪਰਮੇਸ਼ੁਰ (ਆਪ ਭੀ) ਪ੍ਰੇਮਾ ਭਗਤੀ ਦਾ ਭੁੱਖਾ ਹੈ!"

**ਭਾਵ**-ਇਸ ਕਥਾ ਵਿਚ ਗੁਰਮੁਖਾਂ ਲਈ ਉਪਦੇਸ਼ ਹੈ ਕਿ ਜਿਥੇ ਪਿਆਰ ਨਾ ਹੋਵੇ ਉਥੇ ਨਿਵਾਸ ਨਾ ਕਰਨ, ਪਰ ਆਪ ਪਯਾਰ ਤੋਂ ਅਚਾਹ ਹੋਣ, ਜਿਸ ਤਰ੍ਹਾਂ ਕ੍ਰਿਸ਼ਨ ਨੇ ਕਿਹਾ ਹੈ : "ਮੇਰੇ ਨਾਹੀ ਅਪਦਾ ਦੁਖਾ" ਤੇ ਸੰਸਾਰ ਲਈ ਇਹ ਉਪਦੇਸ਼ ਕਿ ਪਰਮੇਸ਼ੁਰ ਦੇ ਪਯਾਰਿਆਂ ਨੂੰ ਨਿੰਦਾ

ਨਾਲ ਸਤਾਇਆ ਨਾ ਕਰਨ ਸਗੋਂ ਪਿਆਰ ਕਰਿਆ ਕਰਨ। ਪਰਮੇਸ਼ੁਰ ਦੇ ਪਯਾਰੇ ਕੀ ਕਰਨ ? ਭਗਤੀ; ਵਾਹਿਗੁਰੂ ਨੂੰ ਆਪ ਪ੍ਰੇਮ ਤੇ ਭਗਤੀ ਦੀ ਲੋੜ ਪਿਆਰੀ ਲੱਗਦੀ ਹੈ। ਇਹੋ ਉਤਰ ਕ੍ਰਿਸ਼ਨ ਜੀ ਨੇ ਪੇਸ਼ ਕੀਤਾ ਹੈ ਕਿ ਵਾਹਿਗੁਰੂ ਆਪ ਭਾਉ ਭਗਤ ਦਾ ਭੁੱਖਾ ਹੈ, ਤਾਂਤੇ ਅਸੀਂ, ਜੋ ਉਸ ਦੇ ਪ੍ਰੇਮੀ ਹਾਂ, ਗੁਣਾਂ ਦੇ ਆਰਾਧਕ ਹੋਣ ਕਰਕੇ; ਤਦ ਗੁਣਾਂ ਤੇ ਪ੍ਰਤਿਬਿੰਬਤ ਹੋਕੇ ਤਿਸ ਅਨੁਸਾਰ ਕ੍ਰਿਯਾ ਕਰਦੇ ਹਾਂ।

## ੮. (ਦ੍ਰੋਪਤੀ)।

੧. ਅੰਦਰਿ ਸਭਾ ਦੁਸ਼ਾਸਣੈ ਮਥੇਵਾਲ ਦਰੋਪਤੀ ਆਂਦੀ।
੨. ਦੂਤਾ ਨੋ ਫਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
੩. ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।
੪. ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸ਼ਨ ਕਰੈ ਬਿਲਲਾਂਦੀ।
੫. ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
੬. ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।
੭. ਘਰਿ ਆਈ ਠਾਕੁਰ ਮਿਲੈ ਪੈਜ ਰਹੀ ਬੋਲੇ ਸ਼ਰਮਾਂਦੀ।
੮. ਨਾਥ ਅਨਾਥਾਂ ਬਾਣਿ ਧੁਰਾਂਦੀ ॥੮॥

**ਪਦਾਰਥ**-(ਮਥੇਵਾਲ=ਜੂੜੇ ਤੋਂ ਫੜਕੇ। ਪੰਚਾਲੀ=ਪੰਚਾਲ, ਯਾ ਪੰਜਾਬ ਦੇਸ਼ ਦੀ ਜਾਈ। (ਦਰੋਪਤੀ ਪੰਜਾਬਣ ਸੀ। ਬਾਂਦੀ=ਦਾਸੀ। ਅਉਘਟ ਰੁੱਧੀ=ਔਕੁੜ ਵਿਚ ਫਸੀ।

**ਅਰਥ**-੧. ਦੁਸਾਸਨ ਨੇ ਸਭਾ ਵਿਚ ਦਰੋਪਤੀ ਜੂੜੇ ਤੋਂ ਫੜਕੇ ਆਂਦੀ। ੨. (ਦੁਰਯੋਧਨ ਨੇ) ਦੂਤਾਂ ਨੂੰ ਕਿਹਾ ਇਸ ਪੰਜਾਬਣ ਦਾਸੀ ਨੂੰ ਨੰਗੀ ਕਰੋ। ੩. ਓਹ ਪੰਜੇ ਪਾਂਡਵ (ਯੁਧਿਸ਼ਟਰ, ਅਰਜਨ, ਭੀਮਸੈਨ, ਨਕੁਲ, ਸਹਦੇਵ) ਵੇਖਦੇ ਹਨ, ਜਿਨ੍ਹਾਂ ਦੀ ਇਸਤ੍ਰੀ ਔਕੜ ਵਿਚ ਫਸ ਗਈ ਹੈ। ੪. ਫੇਰ ਦਰੋਪਤੀ ਨੇ ਅੱਖਾਂ ਮੀਟਕੇ ਧਿਆਨ ਧਰਿਆ ਤੇ ਵਿਲਲਾਕੇ ਹਾ ਕ੍ਰਿਸ਼ਨ ! 'ਹਾ ਕ੍ਰਿਸ਼ਨ' ਦੀ ਪੁਕਾਰ ਕੀਤੀ। ੫. ਦੂਤਾਂ ਨੇ (ਕੱਪੜੇ ਲਾਹ ਲਾਹਕੇ) 'ਕੋਟ ਉਸਾਰਿਓਨ' (ਭਾਵ ਢੇਰ ਲਾ ਦਿਤੇ, ਤੇ ਲਾਹੁੰਦੇ ਲਾਹੁੰਦੇ) ਥੱਕ ਗਏ, ਪਰ ਅੰਤ ਨਾ ਆਯਾ। ੬. ਹੱਥ ਮਰੋੜਦੇ ਹਨ, ਸਿਰ ਧੁਣਦੇ ਹਨ, ਪਛਤਾਉਂਦੇ ਹਨ, ਤੇ ਕਹਿੰਦੇ ਹਨ : ਜਾਹ ਜਾਂਦੀ (ਕੁਝ ਨਾ ਬਣਿਆ ਮੁਕਾਲਾ ਭੀ ਕਰਾਯਾ ਤੇ ਕਾਰਜ ਭੀ ਨ ਹੋਯਾ, ਅੰਤ ਅੱਕਕੇ ਛੱਡ ਦਿਤਾ)। ੭. ਘਰ ਆਈ (ਅਗੋਂ) ਸੁਆਮੀ ਮਿਲੇ, (ਪੁੱਛਣ ਲੱਗੇ :- ਦਰੋਪਤੀ!) ਪੈਜ ਰਹਿ ਗਈ ? ਸ਼ਰਮਾਉਂਦੀ ਹੋਈ ਨੇ ਉੱਤਰ ਦਿੱਤਾ (ਹਾਂ ਜੀ)। ੮. ਨਾਥ ਨੂੰ ਅਨਾਥਾਂ (ਦੇ ਬਿਰਦ ਸੰਭਾਲਣ) ਦੀ ਵਾਦੀ ਧੁਰ ਥੋਂ ਹੈ।

**ਭਾਵ**-ਮਾਲਕ ਦਾਸਾਂ ਦੀ ਪੈਜ ਰੱਖਣ, ਇਹ ਅਸੂਲ ਧੁਰ ਵਾਹਿਗੁਰੂ ਦੇ ਘਰ ਤੋਂ ਜਾਰੀ ਹੈ। ਉਸ ਦੇ ਪਿਆਰੇ ਭੀ ਅਨਾਥਾਂ ਦੀ ਤਿਵੇਂ ਹੀ ਪੈਜ ਰੱਖਦੇ ਹਨ। ਇਸ ਵਾਰਤਾ ਵਿਚ ਏਹ ਉਪਦੇਸ਼ ਹਨ:- (੧) ਅਨੀਤੀ ਕਦੇ ਨਹੀਂ ਕਰਨੀ ਚਾਹੀਦੀ। (੨) ਦੁੱਖ ਪਏ ਤੇ ਆਪਣੇ ਇਸ਼ਟ ਦੇਵ ਦੀ ਇਕ ਮਨ ਹੋਕੇ ਅਰਾਧਨਾ ਕਰਨੀ ਚਹੀਦੀ ਹੈ। (੩) ਭਰੋਸਾ ਦ੍ਰਿੜ ਚਾਹੀਦਾ ਹੈ, ਭਰੋਸੇ ਦੀ ਤਾਰ ਵਿਚੋਂ ਵਾਹਿਗੁਰੂ ਦੀ ਸ਼ਕਤੀ ਆਪੇ ਆਕੇ ਸਹਾਇਤਾ ਕਰਦੀ ਹੈ।

## ੯, (ਸੁਦਾਮਾ ਭਗਤ)।

੧. ਬਿਪ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।
੨. ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।
੩. ਚਲਿਆ ਗਣਦਾ ਗਟੀਆਂ ਕਿਉ ਕਰਿ ਜਾਈਐ ਕਉਣੁ ਮਿਲਾਏ।

੪. ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।
੫. ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।
੬. ਪਹਿਲੇ ਦੇ ਪਰਦਖਣਾ ਪੈਰੀ ਪੈਕੇ ਲੈ ਗਲਿ ਲਾਏ।
੭. ਚਰਣੋਦਕੁ ਲੈ ਪੈਰ ਧੋਇ ਸਿੰਘਾਸਣ ਉਤੇ ਬੈਠਾਏ।
੮. ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।
੯. ਲੈਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁੰਚਾਏ।
੧੦. ਚਾਰਿ ਪਦਾਰਥ ਸਕੁਚਿ ਪਠਾਏ ॥੯॥

**ਪਦਾਰਥ**-(ਬਿਪ=ਬ੍ਰਹਮਣ। ਦਾਲਿਦੀ=ਦਰਿੱਦ੍ਰੀ, ਗ੍ਰੀਬ। ਲਾਗੂ=ਪਿੱਛੇ ਪੈਣਾ। (ਗੱਟੀਆਂ=ਗਿਣਤੀਆਂ। ਸਿੰਘ ਦੁਆਰ=ਰਾਜ ਦੁਆਰ। ਤੰਦੁਲ=ਚਾਵਲ।

**ਅਰਥ**-੧. ਸੁਦਾਮਾ (ਨਾਮੇਂ) ਬ੍ਰਾਹਮਣ (ਦਰਿੱਦ੍ਰੀ=) ਨਿਰਧਨ ਸੀ, ਬਾਲਕ ਉਮਰਾ ਦਾ (ਕ੍ਰਿਸ਼ਨ ਜੀ ਦਾ) ਯਾਰ ਹੈਸੀ। ੨. ਉਸ ਦੀ ਬਰਾਹਮਣੀ (ਵਹੁਟੀ) ਉਸ ਦੇ ਪਿੱਛੇ ਪੈ ਗਈ ਕਿ ਤੂੰ ਜਗਦੀਸ਼ ਜੀ ਨੂੰ ਮਿਲ, (ਤੇਰਾ) ਦਰਿੱਦ੍ਰ ਗਵਾ ਦੇਵੇਗਾ। ੩. (ਦਿਲ ਤਾਂ ਮੰਗਣ ਨੂੰ ਨਹੀਂ ਸੀ ਕਰਦਾ, ਪਰ) ਗਿਣਤੀਆਂ ਗਿਣਦਾ ਤੁਰ ਪਿਆ, (ਭਈ) ਕਿਕੁਰ ਮੁਲਾਕਾਤ ਹੋਵੇ ਤੇ ਕੌਣ ਮੁਲਾਕਾਤ ਕਰਾਵੇ। ੪. ਦੁਆਰਕਾ ਨਗਰੀ ਪਹੁੰਚਾ ਤੇ ਰਾਜ ਦੁਆਰ ਤੇ ਜਾ ਖੜੋਤਾ। ੫. ਕ੍ਰਿਸ਼ਨ ਜੀ ਦੂਰੋਂ ਦੇਖਕੇ ਸਿੰਘਾਸਨ ਛੱਡਕੇ ਆਏ ਤੇ ਮੱਥਾ ਟੇਕਿਆ। ੬. ਪਹਿਲੇ ਪ੍ਰਦੱਖਣਾ ਕੀਤੀ, ਪੈਰੀ ਪਏ ਫੇਰ ਗਲ ਨਾਲ ਲਾਯਾ। ੭. ਸਿੰਘਾਸਨ ਪੁਰ ਬੈਠ ਕੇ ਚਰਣ ਧੋਤੇ ਤੇ ਚਰਨਾਂਮ੍ਰਿਤ ਲੀਤਾ। ੮. ਪਿਆਰ ਨਾਲ (ਫੇਰ) ਸੁਖ ਸਾਂਦ ਪੁੱਛੀ (ਤੇ) ਗੁਰ ਸੇਵਾ ਦੀ ਕਥਾ ਕੀਤੀ (ਭਈ ਅਸੀਂ ਦੋਵੇਂ ਗੁਰੂ ਦੀ ਟਹਿਲ ਕਰਦੇ ਹੁੰਦੇ ਸੇ, ਇਕੇਰਾਂ ਚਣੇ ਨਾਲ ਲੈ ਗਏ ਸੇ, ਭਈ ਭੁੱਖ ਲੱਗੇਗੀ ਤਾਂ ਚੱਬਾਂਗੇ, ਮੈਂ ਤਾਂ ਲੱਕੜੀਆਂ ਨੂੰ ਗਿਆ ਹੋਇਆ ਸੀ ਤੂੰ ਪਿੱਛੇ ਦਾਣੇ ਚਬ ਲੀਤੇ, ਜਦ ਮੇਰੇ ਜੋਗੇ ਨਾ ਰਹੇ ਤਾਂ ਮੈਂ ਤੇਰੇ ਨਾਲ ਗੁੱਸੇ ਹੋ ਪਿਆ ਤੇ ਦਰਿੱਦ੍ਰੀ ਕਹਿ ਬੈਠਾ ਸਾਂ)। ੯. ਫੇਰ ਉਸ ਦੇ ਪੱਲਿਓਂ ਚਾਵਲ (ਜੇਹੜੇ ਬ੍ਰਾਹਮਣੀ ਨੇ ਭੇਟਾ ਲਈ ਬੰਨ੍ਹ ਦਿੱਤੇ ਸੀ) ਲੈਕੇ ਚੱਬੇ, ਫੇਰ ਵਿਦਾ ਕੀਤਾ (ਤਾਂ ਆਪ) ਅੱਗੇ ਪਹੁੰਚਾਉਣ ਲਈ ਗਏ। ੧੦. (ਉਸ ਦੇ ਘਰ) ਚਾਰੇ ਪਦਾਰਥ(ਸਭ ਕਿਛ ਇਉਂ) ਸ਼ਰਮਾ ਕੇ ਦਿੱਤੇ (ਜਿਕੁਰ ਕੋਈ ਵੱਡਾ ਉਦਾਰ ਕਿਸੇ ਗਰੀਬ ਨੂੰ ਇਕ ਟਕਾ ਦੇਵੇ)।

**ਭਾਵ**-ਇਸ ਕਥਾ ਵਿਚ ਇਹ ਉਪਦੇਸ਼ ਹੈ ਕਿ ਗੁਰ ਭਾਈਆਂ ਦਾ ਬਹੁਤ ਆਦਰ ਕਰਨਾ ਚਾਹੀਦਾ ਹੈ, ਕ੍ਰਿਸ਼ਨ ਜੀ, ਜੋ ਬਾਲਕ ਅਵਸਥਾ ਵਿਚ ਗੁਆਲਿਆਂ ਦਾ ਪੁਤਰ ਪ੍ਰਸਿਧ ਸੀ ਅਤੇ ਹੁਣ ਦੁਆਰਕਾ ਦਾ ਰਾਜਾ ਸੀ; ਨੇ ਬਾਲ ਸਖਾਈ ਗੁਰ ਭਾਈ ਕੰਗਾਲ ਸੁਦਾਮੇ ਦਾ ਕਿੰਨਾ ਆਦਰ ਕੀਤਾ ਹੈ। ਇੱਜ਼ਤ ਪਾ ਕੇ ਫਿੱਟ ਨਹੀਂ ਜਾਣਾ ਚਾਹੀਦਾ ਤੇ ਗੁਰ ਭਾਈ ਦਾ ਮਾਨ ਕਰਨਾ ਚਾਹੀਦਾ ਹੈ, ਤੇ ਜੋ ਗੁਰਭਾਈ ਕਰਮਗਤੀ ਕਰਕੇ ਗਰੀਬ ਹੋਣ, ਉਹਨਾਂ ਨੂੰ ਅਮੀਰ ਗੁਰਭਾਈਆਂ ਪਾਸੋਂ ਧਨ ਦੀ ਇੱਛਾ ਨਹੀਂ ਕਰਨੀ ਚਾਹੀਦੀ, ਜੈਸਾ ਕਿ ਸੁਦਾਮਾਂ ਦਾ ਆਪਣਾ ਖਿਆਲ ਦੱਸਿਆ ਹੈ, ਪਰ ਉਹਨਾਂ ਨੂੰ ਅਮੀਰੀ ਦੇ ਸਬੱਬ (ਜੇ ਉਹ ਪਰਮੇਸੁਰ ਭਗਤ ਹੋਣ) ਤਾਂ ਛੱਡ ਨਹੀਂ ਦੇਣਾ ਚਾਹੀਦਾ, ਪਿਆਰ ਵਿਚ ਅਮੀਰ ਨੂੰ ਅਮੀਰੀ ਦਾ ਹੰਕਾਰ ਤੇ ਗਰੀਬ ਨੂੰ ਗਰੀਬੀ ਦਾ ਖਿਆਲ ਮੇਲ ਦੇ ਪ੍ਰਤਿਬੰਧਕ ਨਹੀਂ ਹੋਣੇ ਚਾਹੀਏ।

## (ਕਲਜੁਗ ਦੇ ਭਗਤਾਂ ਦੀ ਕਥਾ)

## ੧੦. ( ਜੈਦੇਉ ਭਗਤ )।

੧. ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।

੨. ਲੀਲ੍ਹਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।
੩. ਅਖਰ ਇਕੁ ਨ ਆਵੜੈ ਪੁਸਤਕੁ ਬੰਨ੍ਹਿ ਸੰਧਿਆ ਕਰਿ ਆਵੈ।
੪. ਗੁਣ ਨਿਧਾਨ ਘਰਿ ਆਇਕੈ ਭਗਤਿ ਰੂਪਿ ਲਿਖਿ ਲੇਖੁ ਬਣਾਵੈ।
੫. ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।
੬. ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜ ਸੁਹਾਵੈ।
੭. ਗੀਤ ਗੋਬਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।
੮. ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।
੯. ਸੰਤ ਅਨੰਤ ਨ ਭੇਦ ਗਣਾਵੈ ॥੧੦॥

**ਅਰਥ**-੧. ਜੈ ਦੇਵ (ਨਾਮੇ ਭਗਤ) ਪ੍ਰੇਮਾ ਭਗਤੀ ਕਰਕੇ ਗੋਵਿੰਦ ਦੇ ਗੀਤ* ਸਹਜ ਧੁਨਿ (ਸੁਤੇ ਪ੍ਰੇਮ ਦੀ ਲੈ) ਨਾਲ ਗਾਉਂਦਾ ਹੁੰਦਾ ਸੀ। ੨. (ਪਰਮੇਸ਼ੁਰ ਦੇ) ਕਰਤੱਵ ਤੇ ਚਲਿੱਤ੍ਰ ਵਖਯਾਨ ਕਰਦਾ ਸੀ, (ਓਹ) ਅੰਤਰਜਾਮੀ ਪਰਮੇਸ਼ੁਰ ਨੂੰ ਹੀ ਭਾਉਂਦਾ ਸੀ। ੩. ਇਕ ਅੱਖਰ ਅਹੁੜਦਾ ਨਹੀਂ ਸੀ, ਪੁਸਤਕ ਸਾਂਭ ਕੇ ਸੰਧਯਾ ਨੂੰ ਆਵੇ (ਜਾਂ ਪਾਠ ਕਰਨ ਜਾਵੇ)। ੪. ਗੁਣਾਂ ਦੇ ਸਮੁੰਦਰ ਨੇ ਘਰ ਆਕੇ ਭਗਤ ਰੂਪ (ਧਰਕੇ) ਲੇਖ ਲਿਖ ਕੇ ਬਣਾ ਦਿੱਤਾ। ੫. ਜੈ ਦੇਵ (ਉਹ ਇਕ) ਅੱਖਰ ਪੜ੍ਹ ਕੇ ਪ੍ਰਤੀਤ ਕਰ ਕੇ ਹੈਰਾਨ ਹੋ ਅੰਗ ਨਾ ਸਮਾਵੇ। ੬. ਫੇਰ ਉਜਾੜ ਵਿਚ ਕੀ ਵੇਖੇ ਇਕ ਅਚਰਜ ਬ੍ਰਿਛ ਸੁਹਾ ਰਿਹਾ ਹੈ। ੭. ਉਸ ਦੇ ਪਤ ਪਤ ਪੁਰ ਗੀਤ ਗੋਵਿੰਦ ਦਾ ਲਿਖਿਆ ਹੋਇਆ ਹੈ, ਅੰਤ ਨਹੀਂ ਆਉਂਦਾ। ੮. ਭਗਤ ਦੇ ਪ੍ਰੇਮ ਕਰਕੇ ਪ੍ਰਗਾਸ ਕਰਕੇ ਦਿਆਲ ਹੋ ਗਲ ਲਾ ਕੇ ਮਿਲ ਪਏ। ੯. ਪਰਮੇਸ਼ੁਰ ਸੰਤਾਂ ਨਾਲ ਭੇਦ ਨਹੀਂ ਗਣਾਉਂਦਾ।

**ਭਾਵ**-ਇਸ ਕਥਾ ਵਿਚ ਇਹ ਵੀਚਾਰ ਹੈ ਕਿ ਜੋ ਭਗਤ ਹਰਿ ਜਸ ਲਿਖਣ ਸੋ ਆਪ ਹਉਮੈਂ ਧਾਰਕੇ ਨਾ ਲਿਖਣ, ਪਰ ਭਰੋਸਾ ਕਰਕੇ ਲਿੱਖਣ, ਹਉਮੈ ਛੱਡਕੇ ਵਾਹਿਗੁਰੂ ਤੋਂ ਅਗੁਵਾਨੀ ਮੰਗਣ, ਜੋ ਰਸਤਾ ਉਹ ਦੇਵੇ ਉਸ ਅਨੁਸਾਰ ਲਿਖਣ। ਸੰਤ ਪਦ ਵਿਚ ਵਾਹਿਗੁਰੂ ਨਾਲ ਸੁਰਤ ਮਿਲੀ ਹੁੰਦੀ ਹੈ, ਉਸ ਮੇਲ ਦੇ ਕਾਰਨ ਵਾਹਿਗੁਰੂ ਦੀ ਸੱਤਾ ਆਪ ਲਿਖਾਉਂਦੀ ਹੈ, ਜੋ ਸੁਰਤ ਡਿੱਗੀ ਹੋਈ ਵਾਲੇ ਹਨ ਸੋ ਹਰਿ ਜਸ ਕੀ ਲਿਖ ਸਕਦੇ ਹਨ ?

## ੧੧. (ਨਾਮਦੇਵ)।

੧. ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।
੨. ਠਾਕੁਰ ਦੀ ਸੇਵਾ ਕਰੀਂ ਦੁਧੁ ਪੀਆਵਣੁ ਕਹਿ ਸਮਝਾਇਆ।
੩. ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿਕੈ ਲੈ ਆਇਆ।
੪. ਠਾਕੁਰ ਨੋ ਨ੍ਹਾਵਾਲਿਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।
੫. ਹਥਿ ਜੋੜਿ ਬਿਨਤੀ ਕਰੈ ਦੂਧੁ ਪੀਅਹੁ ਜੀ ਗੋਬਿੰਦ ਰਾਇਆ।
੬. ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ,
੭. ਭਰੀ ਕਟੋਰੀ ਨਾਮਦੇਵਿ ਲੈ ਠਾਕਰ ਨੋ ਦੂਧ ਪੀਆਇਆ।
੮. ਗਾਇ ਮੁਈ ਜੀਵਾਲੀਓਨੁ ਨਾਮਦੇਉ ਦਾ ਛਪਰ ਛਾਇਆ।
੯. ਫੇਰਿ ਦੇਹੁਰਾ ਰਖਿਓਨ ਚਾਰਿ ਵਰਨ ਲੈ ਪੈਰੀ ਪਾਇਆ।

*ਜੈਦੇਵ ਜੀ ਦਾ ਇਤਿਹਾਸਕ ਸਮਾਚਾਰ ਗੀਤ ਗੋਵਿੰਦ ਦਾ ਹਾਲ ਖਾਲਸਾ ਟ੍ਰੈਕਟ ਸੁਸੈਟੀ ਦੇ ਰਚੇ ਜੈ ਦੇਵ ਚਰਿੱਤ੍ਰ ਵਿਚ ਪੜ੍ਹੋ।

੧੦.ਭਗਤ ਜਨਾ ਦਾ ਕਰੇ ਕਰਾਇਆ॥੧੧॥

**ਅਰਥ**-੧.ਨਾਮਦੇਵ ਦਾ ਪਿਤਾ ਕਿਤੇ ਕੰਮ ਚਲਿਆ ਤਾਂ ਪੁੱਤ੍ਰ ਨੂੰ ਕਹਿ ਗਿਆ:- ੨.ਠਾਕੁਰ ਦੀ ਸੇਵਾ ਕਰੀਂ, ਦੁੱਧ ਪਿਆਵਣ (ਦਾ ਕੰਮ ਭੀ) ਕਹਿਕੇ ਸਮਝਾ ਦਿੱਤਾ। ੩.ਨਾਮਦੇਵ ਇਸ਼ਨਾਨ ਕਰਕੇ ਗੋਰੀ ਗਾਂ ਚੋ ਕੇ ਲੈ ਆਯਾ। ੪.ਠਾਕੁਰ ਨੂੰ ਨੁਹਾ ਕੇ ਚਰਣ ਜਲ ਲੈਕੇ ਤਿਲਕ ਲਾਯਾ। ੫.ਹੱਥ ਜੋੜ ਕੇ ਬੇਨਤੀ ਕਰੇ ਕਿ ਹੇ ਗੋਵਿੰਦ ਰਾਏ ਦੁਧ ਪੀਓ! ੬.ਨਿਹਚੇ ਕਰਕੇ ਅਰਾਧਨਾ ਕੀਤੀ, ਦਿਆਲ ਹੋ ਕੇ ਦਰਸ਼ਨ ਦਿਖਲਾਯਾ। ੭.ਨਾਮਦੇਵ ਨੇ ਕਟੋਰੀ ਭਰੀ ਲੈ ਕੇ ਠਾਕਰ ਨੂੰ ਦੁੱਧ ਪਿਲਾਯਾ। ੮.ਮੋਈ ਗਾਂ ਜਿਵਾਲੀ, ਨਾਮਦੇਵ ਦਾ ਛੱਪਰ ਛਤਾਇਆ। ੯.ਦੇਹੁਰਾ ਫੇਰਕੇ ਰਖਿਆ, ਚਾਰ ਵਰਣ ਨੂੰ (ਉਸ ਦੇ) ਪੈਰੀਂ ਲੈ ਪਾਇਆ। ੧੦.ਭਗਤ ਜਨਾਂ ਦਾ ਕਰਾਯਾ ਕਰਦਾ ਹੈ।

**ਭਾਵ**-ਭਗਤਮਾਲ ਆਦੀ ਗ੍ਰੰਥਾਂ ਵਿਚ ਨਾਮਦੇਵ ਜੀ ਦੀਆਂ ਚਾਰ ਕਰਾਮਾਤਾਂ ਮਸ਼ਹੂਰ ਹਨ। ਦੁੱਧ, ਗਾਂ ਜਿਵਾਲਣ, ਛੱਪਰ ਛਾਉਣ ਤੇ ਦੇਹੁਰਾ ਫੇਰਨ ਦੀ। ਜੈਸਾ ਕਿ ਸ੍ਰੇਸ਼ਟ ਪੁਰਖਾਂ ਦਾ ਕਾਇਦਾ ਹੈ ਪ੍ਰਸਿੱਧ ਵਾਕਯਾਤ ਤੋਂ ਸਿੱਧਾਂਤ ਲੈ ਲੈਣ ਦਾ ਉਪਦੇਸ਼ ਗ੍ਰਹਿਣ ਕਰਨਾ ਤੇ ਦੇਣਾ, ਨਵੇ ਵਾਕਯਾਤ ਘੜਨ ਦੀ ਲੋੜ ਨਹੀ ਖਿਆਲ ਕੀਤੀ ਜਾਂਦੀ। ਉਹਨਾਂ ਨਿਯਮਾਂਨੁਸਾਰ ਇਸ ਕਥਾ ਤੋਂ ਭਾਈ ਸਾਹਿਬ ਜੀ ਭਗਤਾਂ ਦੀ ਦ੍ਰਿੜ੍ਹਤਾ ਦਾ ਉਪਦੇਸ਼ ਗ੍ਰਹਿਣ ਕਰਦੇ ਤੇ ਦੇਂਦੇ ਹਨ।

ਇਕ ਹੋਰ ਇਥੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਜੀ ਦੇ ਵਕਤ ਤਕ ਨਾਮਦੇਵ ਜੀ ਨੂੰ ਆਮ ਲੋਕ ਪਿਤਾ ਦਾ ਪੁੱਤਰ ਹੀ ਸਮਝਦੇ ਸਨ। ਨਾਮਦੇਵ ਦੀ ਮਾਂ ਦਾ ਵਿਧਵਾ ਹੋਣਾ ਤੇ ਵਿਧਵਾ ਨੂੰ ਪੁੱਤ੍ਰ ਜੰਮਣਾ ਆਦਿ ਗੱਲਾਂ ਪਿੱਛੋਂ ਪੈਦਾ ਹੋਈਆਂ ਹਨ, ਕਿਉਂਕਿ ਭਾਈ ਸਾਹਿਬ ਜੀ ਕਹਿੰਦੇ ਹਨ, ਕੰਮ ਕਿਤੇ 'ਪਿਉ' ਚੱਲਿਆ, ਇਤਿਹਾਸਕ ਖੋਜੀਆਂ ਨੂੰ ਐਨੀ ਬਾਤ ਬੜੀ ਮਦਦ ਦੇਵੇਗੀ। ਨਾਮਦੇਵ ਜੀ ਦੇ ਇਤਿਹਾਸਕ ਸਮਾਚਾਰ ਲਈ ਪੜ੍ਹੋ ਖਾਲਸਾ ਟ੍ਰੈਕਟ ਸੁਸੈਟੀ ਦਾ ਨਾਮਦੇਵ ਚਰਿੱਤ੍ਰ।

## ੧੨. (ਨਾਮਦੇਵ ਅਰ ਤ੍ਰਿਲੋਚਨ) ।

੧. ਦਰਸਨੁ ਵੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨ ਆਵੈ।
੨. ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ।
੩. ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ।
੪. ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ।
੫. ਹਸਿਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ।
੬. ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ।
੭. ਹਉ ਅਧੀਨੁ ਹਾ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ।
੮. ਹੋਇ ਵਿਚੋਲਾ ਆਨਿ ਮਿਲਾਵੈ॥੧੨॥

**ਪਦਾਰਥ**-(ਭਲਕੇ=ਸਵੇਰੇ। ਭੇਟ=ਚੜ੍ਹਾਵਾ। ਤੁਸਿ=ਪ੍ਰਸੰਨ ਹੋਕੇ। ਹੰਘਾਂ=ਸਕਨਾ ।

**ਅਰਥ**-੧.ਤ੍ਰਿਲੋਚਨ (ਨਾਮੇ ਬਾਣੀਆਂ ਜੋ ਗੁਰ ਭਾਈ ਤੇ ਮਿੱਤ੍ਰ ਭੀ ਸੀ) ਨਾਮਦੇਵ ਦਾ ਸਵੇਰੇ ਦਰਸ਼ਨ ਕਰਨ ਆਉਂਦਾ ਹੁੰਦਾ ਸੀ। ੨.ਦੋਵੇਂ ਜਣੇ ਮਿਲਕੇ ਭਗਤੀ ਕਰਦੇ ਸਨ ਤੇ ਨਾਮਦੇਵ ਹਰੀ ਦੀ ਕਥਾ ਸੁਣਾਉਂਦਾ ਹੁੰਦਾ ਸੀ। ੩.(ਤ੍ਰਿਲੋਚਨ ਨੇ ਕਿਹਾ, ਹੇ ਨਾਮਦੇਵ!) ਕਿਵੇਂ ਮੈਂ ਭੀ ਦਰਸ਼ਨ ਦੇਖ ਸੱਕਾਂ ਮੇਰੀ ਭੀ ਤੂੰ ਮਿੰਨਤ ਕਰ ਜੇ ਉਸ ਨੂੰ ਭਾਵੇ (ਤਾਂ ਮੈਂ ਭੀ ਦਰਸ਼ਨ ਪਾਵਾਂ) ੪.(ਜਦ ਨਾਮਦੇਵ ਨੇ) ਠਾਕਰ ਜੀ ਦੀ ਮਿੰਨਤ ਕੀਤੀ ਕਿ ਤ੍ਰਿਲੋਚਨ ਕਿਸੇ ਤਰ੍ਹਾਂ (ਆਪ ਦਾ) ਦਰਸ਼ਨ ਪਾ ਸਕਦਾ ਹੈ? ੫.(ਤਾਂ ਆਪ) ਠਾਕੁਰ ਹੱਸਕੇ ਬੋਲੇ ਤੇ ਕਹਿਕੇ ਸਮਝਾਇਆ ਹੇ ਨਾਮਦੇਵ! ੬.(ਮੇਰਾ ਦੀਦਾਰ) ਭੇਟਾ ਨਾਲ ਹੱਥ ਨਹੀਂ ਆਉਂਦਾ, ਮੈਂ ਤ੍ਰਿਲੋਚਨ ਨੂੰ ਪਰਸੰਨ ਹੋ ਕੇ ਦਰਸ਼ਨ ਦੇਵਾਂਗਾ। ੭.ਮੈਂ ਭਗਤਾਂ ਦੇ ਅਧੀਨ

ਹਾਂ, ਭਗਤੀ ਦੇ ਦਾਵਿਆਂ ਨੂੰ ਪਹੁੰਚ ਨਹੀਂ ਸਕਦਾ, (ਭਾਵ ਰੱਦ ਨਹੀਂ ਕਰ ਸਕਦਾ)। ੮.(ਜਿਨ੍ਹਾਂ ਦੇ ਸੰਤ) 'ਵਿਚੋਲੇ (ਵਕੀਲ) ਹੁੰਦੇ ਹਨ (ਮੈਨੂੰ) ਮਿਲਾ ਦੇਂਦੇ ਹਨ।

ਭਾਵ-ਇਸ ਪਉੜੀ ਵਿਚ ਏਹ ਉਪਦੇਸ਼ ਹੈ:- (੧) ਕਿ ਭਗਤੀ ਮਿਲਕੇ ਯਾ ਸਤਿਸੰਗ ਵਿਚ ਕਰਨੀ ਬਹੁਤ ਲਾਭਦਾਇਕ ਹੈ। (੨) ਜੋ ਗੁਰਭਾਈ ਪਰਮਾਰਥ ਵਿਚ ਅਗੇਰੇ ਹੋਣ, ਆਪਣੇ ਛੋਟੇ ਭਰਾਵਾਂ ਦੀ ਸਹਾਇਤਾ ਕਰਨ। (੩) ਵਿਚੋਲੇ ਤੋਂ ਭਾਵ ਏਥੇ ਉਸ ਵੱਡੇ ਮਿੱਤ੍ਰ ਗੁਰਭਾਈ ਸੰਤ ਦਾ ਹੈ ਜੋ ਪਰਮਾਰਥ ਵਿਚ ਸਹਾਇਤਾ ਕਰੇ, ਦੁਨੀਆਂ ਦੇ ਵਕੀਲਾਂ ਵਾਂਙ ਨਹੀਂ ਕਿ ਪੈਸੇ ਲੈ ਕੇ ਦਰਗਾਹੇ ਝਗੜ ਖਲੋਵੇ, ਉਸ ਦਰਗਾਹ ਵਿਚ ਇਹ ਲੇਖੇ ਨਹੀਂ ਹਨ। (੪) ਸਭ ਤੋਂ ਵੱਡਾ ਉਪਦੇਸ਼ ਇਹ ਹੈ ਕਿ ਵਾਹਿਗੁਰੂ ਭਗਤੀ ਨਾਲ ਲੱਭਦਾ ਹੈ।

## ੧੩. (ਧੰਨਾ ਅਤੇ ਬ੍ਰਾਹਮਨ) ।

੧. ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।
੨. ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।
੩. ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
੪. ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।
੫. ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
੬. ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
੭. ਹਥਿ ਜੋੜਿ ਮਿਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।
੮. ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
੯. ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।
੧੦. ਭੋਲਾ ਭਾਉ ਗੋਬਿੰਦੁ ਮਿਲਾਵ॥੧੩॥

ਪਦਾਰਥ-(ਜੋਦੜੀ=ਮਿੰਨਤ। ਗੈਲ=ਖਹਿੜਾ।

ਅਰਥ-੧.ਇਕ ਬ੍ਰਾਹਮਣ (ਬਾਹਲੇ) ਦੇਵਤੇ (ਪੱਥਰ ਦੀਆਂ ਮੂਰਤਾਂ) ਪੂਜਦਾ ਹੁੰਦਾ ਸੀ ਤੇ ਧੰਨਾ (ਉਸੇ ਖੂਹ ਪੁਰ) ਗਊਆਂ ਚਾਰਣ ਆਉਂਦਾ ਹੁੰਦਾ ਸੀ। ੨.ਧੰਨਾ ਉਸਦਾ ਇਹ ਕਰਤੱਵ ਦੇਖਕੇ ਪੁਛਣ ਲੱਗਾ, (ਦਾਦਾ ਜੀ! ਇਹ ਕੀ ਕਰਦੇ ਹੋ?) ਬ੍ਰਾਮਣ ਨੇ ਉੱਤਰ ਦਿੱਤਾ:-੩.ਠਾਕੁਰ ਦੀ ਸੇਵਾ ਕਰਨ ਨਾਲ ਮਨ ਇੱਛਤ (ਕਾਮਨਾ) ਪੂਰਨ ਹੋ ਜਾਂਦੀ ਹੈ। ੪.(ਹੁਣ) ਧੰਨਾ ਮਿੰਨਤ ਕਰਨ ਲੱਗਾ ਕਿ ਇਕ (ਠਾਕੁਰ) ਮੈਨੂੰ ਭੀ ਦੇਹ ਜੇ ਤੈਨੂੰ ਭਾਵੇ ਹੈ ਤਾਂ। ੫.(ਬ੍ਰਾਹਮਣ) ਨੇ ਇਕ ਪੱਥਰ (ਟੱਲੀ ਵਿਚ) ਲਪੇਟਦੇ ਹੀ ਦੇਕੇ ਮਸੋਂ ਕਿਵੇਂ ਖਹਿੜਾ ਛੁਡਾਇਆ। ੬.(ਧੰਨੇ ਨੇ ਦਾਦੇ ਵਾਙ) ਠਾਕਰਾਂ ਨੂੰ ਇਸ਼ਨਾਨ ਕਰਾਕੇ ਰੋਟੀ ਤੇ ਛਾਹ ਭੋਗ ਲਈ ਰੱਖੀ।੭.(ਜਦ ਠਾਕੁਰ ਨੇ ਰੋਟੀ ਨਾ ਖਾਧੀ) ਤਾਂ ਹੱਥ ਜੋੜਕੇ ਮਿੰਨਤਾਂ ਕਰਨ ਲੱਗਾ, ਡੰਡੌਤਾਂ ਕਰਕੇ ਬਹੁਤ ਮਨਾਉਣ ਲੱਗਾ (ਮਾਨੋ ਉਹ ਰੁੱਸ ਗਿਆ ਹੈ)। ੮.(ਫੇਰ ਕਹਿਣ ਲੱਗਾ ਮੈਂ ਭੀ ਮੂੰਹ ਜੂਠਾ ਨਹੀਂ ਕਰਾਂਗਾ (ਭੁੱਖਾ ਰਹਾਂਗਾ, ਜਦ ਖਾਵੋਂਗੇ ਤਦ ਹੀ ਖਾਵਾਂਗਾ) ਕਿਉਂਕਿ ਤੂੰ ਰੁੱਸਾ ਹੋਵੇਂ ਤਾਂ ਮੈਨੂੰ ਕੁਛ ਬੀ ਚੰਗਾ ਨਹੀਂ ਲੱਗਦਾ। ੯.ਗੁਸਾਂਈਂ ਪ੍ਰਤੱਖ ਹੋਕੇ ਰੋਟੀ ਖਾਕੇ ਛਾਹ ਪੀਣ ਲੱਗੇ। ੧੦.ਭੋਲਾ ਭਾ ਗੋਬਿੰਦ ਮਿਲਾ ਦਿੰਦਾ ਹੈ।

ਭਾਵ-ਇਸ ਕਥਾ ਵਿਚ ਇਹ ਉਪਦੇਸ਼ ਹੈ ਕਿ ਦ੍ਰਿੜ੍ਹ ਵਿਸ਼ਵਾਸ ਬਹੁਤ ਅੱਛੀ ਚੀਜ਼ ਹੈ, ਅਰ ਚੰਚਲਤਾਈ ਨਿਸ਼ਚੇ ਹੀ ਹਾਨੀ ਕਰਦੀ ਹੈ! ਭੋਲਾ ਭਾ ਭਰੋਸੇ ਨੂੰ ਪੱਕਾ ਕਰਦਾ ਹੈ। ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ, ਇਸ ਕਰਕੇ ਏਥੇ ਬ੍ਰਾਹਮਣ ਦੇ ਛਲ ਤੇ ਧੰਨੇ ਦੀ ਨਾਵਾਕਫੀ ਨਾਲ ਪ੍ਰਯੋਜਨ ਨਹੀਂ, ਕੇਵਲ ਉਸ ਸੂਖਮ ਵਿਸ਼ਵਾਸ ਦੀ ਅੰਸ਼ ਨਾਲ ਮਤਲਬ ਹੈ, ਜੋ ਧੰਨੇ ਦੇ ਜੀਅ ਵਿਚ

ਸੱਚਮੁੱਚ ਸਮਾ ਗਈ।

## ੧੪. (ਬੇਣੀ ਭਗਤ)।

੧. ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤ ਬਹੈ ਲਿਵ ਲਾਵੈ।
੨. ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ।
੩. ਘਰਿ ਆਇਆ ਜਾ ਪੁਛੀਐ ਰਾਜੁ ਦੁਆਰਿ ਗਇਆ ਆਲਾਵੈ।
੪. ਘਰਿ ਸਭ ਵਥੂ ਮੰਗੀਅਨਿ ਵਲ ਛਲੁ ਕਰਿਕੈ ਝਤੁ ਲੰਘਾਵੈ।
੫. ਵਡਾ ਸਾਂਗੁ ਵਰੱਤਦਾ ਓਹ ਇਕ ਮਨਿ ਪਰਮੇਸਰੁ ਧਿਆਵੈ।
੬. ਪੈਜ ਸਵਾਰੈ ਭਗਤ ਦੀ ਰਾਜਾ ਹੋਇਕੇ ਘਰਿ ਚਲਿ ਆਵੈ।
੭. ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁੰਚਾਵੈ।
੮. ਓਥਹੁੰ ਆਇਆ ਭਗਤ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ।
੯. ਭਗਤ ਜਨਾਂ ਜੈਕਾਰੁ ਕਰਾਵੈ ॥੧੪॥

**ਪਦਾਰਥ**-(ਲਿਵ=ਸਮਾਧੀ ਅਧਿਆਤਮੀ=ਨਿਸ਼ਕਾਮ ਕਰਮ। ਝਤ=ਵੇਲਾ।

**ਅਰਥ**-੧. ਗੁਰਮੁਖ ਬੇਣੀ ਨਾਮੇ ਭਗਤ ਏਕਾਂਤ ਜਗ੍ਹਾਂ ਬੈਠ ਕੇ ਸਮਾਧੀ ਲਾਉਂਦਾ ਹੁੰਦਾ ਸੀ। ੨. ਨਿਸ਼ਕਾਮ ਕਰਮ ਕਰਕੇ ਹੋਰ ਕਿਸੇ ਨੂੰ ਅਲਖ ਕਰਮ ਲਖਾਂਵਦਾ ਨਹੀਂ ਸੀ, (ਭਾਵ ਆਪ ਨੂੰ ਕਰਮਾਂ ਦਾ ਅਭਿਮਾਨੀ ਨਹੀਂ ਮਨੰਦਾ ਹੁੰਦਾ ਸੀ ਇਹ ਜਾਣਕੇ ਕਿ "**ਕਰਨ ਕਰਾਵਨ ਆਪੇ ਆਪਿ**"।) ੩. ਜਦ ਘਰ ਆਇਆਂ ਹੋਇਆਂ (ਲੋਕ) ਪੁੱਛਣ, ਤਦ ਆਖੇ ਰਾਜ ਦੁਆਰੇ ਗਿਆ ਸਾਂ। (ਰਾਜ ਦੁਆਰ ਥੋਂ ਪਰਮੇਸ਼ੁਰ ਦੇ ਦੁਆਰੇ ਦਾ ਅਰਥ ਹੈ)। ੪. (ਵਹੁਟੀ) ਘਰ ਦੀਆਂ ਜ਼ਰੂਰੀ ਚੀਜ਼ਾਂ ਮੰਗੇ ਤਦ ਟਾਲਮਟੋਲੇ ਕਰਕੇ ਦਿਨ ਕਟੀ ਕਰ ਛੱਡੇ। ੫. ਇਕ ਦਿਨ ਵੱਡਾ ਸਾਂਗ ਵਰਤਿਆ ਕਿ ਉਹ (ਭਗਤ) ਤਾਂ ਇਕ ਮਨ ਹੋਕੇ ਪਰਮੇਸ਼ੁਰ ਨੂੰ ਧਿਆ ਰਿਹਾ ਸੀ। ੬. ਭਗਤ ਦੀ ਪੈਜ (ਪਤ) ਸੁਆਰਨ ਲਈ (ਹਰੀ) ਰਾਜਾ ਹੋਕੇ ਘਰ ਆ ਗਿਆ। ੭. ਪ੍ਰਸੰਨ ਹੋ ਕੇ ਦਿਲਾਸਾ ਦਿੱਤਾ ਤੇ ਬਹੁਤ ਖਰਚ ਪੁਚਾ ਦਿੱਤਾ। ੮. ਓਥੋਂ ਭਗਤ ਪਾਸ ਆ ਕੇ ਵੱਡੀ ਦਇਆ ਕਰਕੇ ਪਯਾਰ ਕੀਤਾ। ੯. ਭਗਤ ਜਨਾਂ ਦੀ ਜੈਕਾਰ ਕਰਾਉਂਦਾ ਹੈ।

**ਭਾਵ**-ਇਸ ਕਥਾ ਵਿਚ ਦੋ ਸਿੱਖਯਾ ਹਨ : (੧) ਪਰਮੇਸ਼ੁਰ ਦੀ ਆਰਾਧਨਾ ਇਕ ਮਨ ਹੋਕੇ ਸੱਚੇ ਜੀ ਨਾਲ ਕਰਨੀ ਚਾਹੀਦੀ ਹੈ। (੨) ਇਹ ਕਿ ਪਰਮੇਸੁਰ ਤੇ ਭਰੋਸਾ ਰੱਖਣਾ ਚਾਹੀਦਾ ਹੈ, ਉਹ ਆਪਣੇ ਪਜਾਰਿਆਂ ਦੇ ਸੰਕਟ ਦੂਰ ਕਰਨ ਦੇ ਸਭ ਸਾਮਾਨ ਬਣਾ ਦੇਂਦਾ ਹੈ।

## ੧੫. (ਕਬੀਰ ਅਤੇ ਰਾਮਾਨੰਦ)।

੧. ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।
੨. ਅੰਮ੍ਰਿਤੁ ਵੇਲੇ ਉਠਿਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
੩. ਅਗੋਂ ਹੀ ਦੇ ਜਾਇਕੈ ਲੰਮਾ ਪਿਆ ਕਬੀਰ ਤਿਥਾਈਂ।
੪. ਪੈਰੀਂ ਟੁੰਬ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।
੫. ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਿਕਾਈ।
੬. ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰੂ ਦੀ ਵਡਿਆਈ।
੭. ਤਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।

੮. ਝਰਣਾ ਝਰਦਾ ਨਿਝਰਹੁੰ ਗੁਰਮੁਖਿ ਬਾਣੀ ਅਘੜ ਘੜਾਈ।
੯. ਰਾਮ ਕਬੀਰੈ ਭੇਦੁ ਨ ਭਾਈ ॥੧੫॥

**ਪਦਾਰਥ**-(ਟੁੰਬ=ਅੰਗੂਠੇ ਨਾਲ ਛੁਹਕੇ। ਮਹਿਕਾਈ=ਖੁਸ਼ਬੋ ਦਿੰਦੀ ਹੈ।

**ਅਰਥ**-੧.ਰਾਮਾਨੰਦ ਗੁਸਾਈਂ ਵਿਰਕਤ ਹੋਕੇ ਕਾਸ਼ੀ ਵਿਖੇ ਰਹਿੰਦਾ ਸੀ। ੨.(ਅਰ) ਝਾਲਾਂਗੇ ਉੱਠਕੇ ਗੰਗਾ ਦੇ ਇਸ਼ਨਾਨ ਨੂੰ ਜਾਂਦਾ ਹੁੰਦਾ ਸੀ। ੩.ਕਬੀਰ (ਇਹ ਸਮਝਕੇ ਭਈ ਮਤਾਂ ਮੈਨੂੰ ਮਲੇਛ ਜਾਣਕੇ ਮੱਥੇ ਨਾ ਲਾਉਣ) ਓਥੇ (ਉਸ ਦੇ ਰਸਤੇ ਵਿਚ ਉਸ ਦੇ ਜਾਣ ਤੋਂ) ਪਹਿਲੋਂ ਹੀ ਲੰਮਾ ਜਾ ਪਿਆ। ੪.(ਜਦ ਰਾਮਾ ਨੰਦ ਜੀ ਲੰਘਣ ਲੱਗੇ ਤਦ ਠੁੱਡਾ ਵੱਜਾ ਤਬ) ਉਸ ਨੂੰ ਪੈਰ ਦੇ ਅੰਗੂਠੇ ਨਾਲ ਟੁੰਬਕੇ ਉਠਾਕੇ ਕਿਹਾ 'ਪਰਮੇਸ਼ੁਰ ਦਾ ਨਾਮ ਲੈ' (ਭਾਵ ਰਸਤਾ ਛੱਡ ਦੇਹ, 'ਰਾਮ ਬੋਲ' ਏਹ ਰਾਮਾਨੰਦ ਦੇ ਮੂੰਹ ਚੜ੍ਹਿਆ ਫਿਕਰਾ ਸੀ, ਪਰ) ਸਿੱਖ ਨੂੰ ਸਮਝ ਆਈ (ਕਿ ਮੈਨੂੰ ਉਪਦੇਸ਼ ਹੋ ਗਿਆ ਹੈ)। ੫.ਜਿਕੁਰ ਲੋਹਾ ਪਾਰਸ ਨਾਲ ਛੁਹ ਕੇ (ਸੋਨਾ ਹੁੰਦਾ ਹੈ ਅਰ) ਨਿੰਮ ਚੰਨਣ ਨਾਲ ਰਹਿਕੇ (ਚੰਨਣ ਦੀ) ਖੁਸ਼ਬੋ ਦਿੰਦੀ ਹੈ। ੬.ਪੂਰੇ ਸਤਿਗੁਰਾਂ ਦੀ ਸੋਭਾ ਹੈ ਕਿ ਪਸ਼ੂਆਂ ਅਰ ਪਰੇਤਾਂ ਥੋਂ ਦੇਵਤਿਆਂ (ਜਿਹੇ ਗੁਣਾਂ ਵਾਲੇ) ਕਰ ਦਿੰਦੇ ਹਨ। ੭.ਅਚਰਜ (ਗੁਰੂ) ਨਾਲ ਮਿਲਕੇ (ਸਿੱਖ ਭੀ) ਅਚਰਜ ਰੂਪ ਹੋ ਕੇ ਵਿਸਮਾਦ (ਰੂਪ ਈਸ਼੍ਵਰ ਨਾਲ) ਮਿਲ ਜਾਂਦੇ ਹਨ। ੮.ਫਿਰ ਨਿੱਝਰਹੁੰ (ਆਤਮਾ ਥੋਂ ਅੰਮ੍ਰਿਤ ਦਾ) ਝਰਨਾ ਝਰਦਾ ਹੈ (ਭਾਵ, ਪਰੋਪਕਾਰ ਦਾ, ਉਨ੍ਹਾਂ ਥੋਂ ਸਤਿ ਉਪਦੇਸ਼ ਦਾ ਪ੍ਰਵਾਹ ਚਲਦਾ ਹੈ), ਗੁਰਮੁਖਾਂ ਦੀ ਬਾਣੀ ਅਘੜ ਜੀਵਾਂ ਨੂੰ ਘੜ ਦੇਂਦੀ ਹੈ। ੯.(ਅਜੇਹੇ ਕਬੀਰ ਜੀ ਹੋਏ) ਕਿ ਰਾਮ ਅਤੇ ਕਬੀਰ ਵਿਚ ਭੇਦ ਨਾ ਰਿਹਾ।

**ਭਾਵ**-ਏਸ ਕਥਾ ਵਿਚ ਇਹ ਉਪਦੇਸ਼ ਹੈ ਕਿ ਗੁਰ ਮੰਤ੍ਰ ਨੂੰ (ਜੋ ਖਾਲਸੇ ਵਿਚ ਅੰਮ੍ਰਿਤ ਦੀ ਮਰਿਯਾਦਾ ਸੰਯੁਕਤ ਦਿੱਤਾ ਜਾਂਦਾ ਹੈ) ਬੜੇ ਪ੍ਰੇਮ ਨਾਲ ਧਾਰਨ ਕਰਨਾ ਚਾਹੀਏ ਅਰ ਅਤਯੰਤ ਪ੍ਰੇਮ ਨਾਲ ਉਸ ਨੂੰ ਕਮਾਉਣਾ ਚਾਹੀਏ।

## ੧੬. (ਸੈਣ ਨਾਈ)।

੧. ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖ ਹੋਆ ਸੈਣੁ ਨਾਈ।
੨. ਪ੍ਰੇਮਿ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।
੩. ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।
੪. ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
੫. ਸੈਣ ਰੂਪਿ ਹਰਿ ਜਾਇਕੈ ਆਇਆ ਰਾਣੈ ਨੋ ਰੀਝਾਈ।
੬. ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।
੭. ਰਾਣੈ ਦੂਰਹੁੰ ਸਦਿਕੈ ਗਲਹੁੰ ਕਵਾਇ ਖੋਲ੍ਹਿ ਪੈਨ੍ਹਾਈ।
੮. ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।
੯. ਪਰਗਟੁ ਕਰੈ ਭਗਤਿ ਵਡਿਆਈ ॥੧੬॥

**ਪਦਾਰਥ**-(ਭਲਕੇ=ਰੋਜ਼ ਸਵੇਰੇ। ਕਵਾਇ=ਪੁਸ਼ਾਕ। ਲੁਕਾਈ=ਮੁਸਾਹਿਬ ਲੋਕ।

**ਅਰਥ**-੧.ਕਬੀਰ ਜੀ ਦਾ (ਵੱਡਾ) ਪ੍ਰਤਾਪ ਸੁਣ ਕੇ ਦੂਜਾ ਸੈਣ ਨਾਈ ਭੀ ਸਿੱਖ ਜਾ ਬਣਿਆ। ੨.ਰਾਤ ਨੂੰ (ਇਹ ਸਦਾ) ਪ੍ਰੇਮਾ ਭਗਤੀ ਕਰਦਾ ਹੁੰਦਾ ਸੀ ਤੈ ਰੋਜ ਸਵੇਰੇ ਰਾਜੇ ਦੇ ਦੁਆਰੇ ਜਾ ਕੇ (ਸੇਵਾ ਕਰਦਾ ਹੁੰਦਾ ਸੀ) ੩.(ਇਕ ਰਾਤੀਂ) ਸੰਤ ਪਰਾਹੁਣੇ ਆਏ ਸਨ, ਸਾਰੀ ਰਾਤ ਕੀਰਤਨ ਹੁੰਦਾ ਰਿਹਾ। ੪.ਇਹ ਸੰਤਾਂ ਨੂੰ ਛੱਡ ਨਾ ਸਕੇ (ਜਲ ਪੱਖਾ ਆਦਿਕ ਟਹਿਲ ਵਿਚ ਮਗਨ ਰਿਹਾ) ਰਾਜੇ ਦੇ ਜਾ ਕੇ ਸੇਵਾ ਨਾ ਕਮਾਈ। ੫.ਸੈਣ ਰੂਪ ਹੋ ਕੇ ਹਰੀ ਨੇ ਰਾਜਾ ਨੂੰ ਜਾਕੇ (ਸੇਵਾ ਕਰ ਕੇ) ਵੱਡਾ

ਰਿਝਾਇਆ। ੬.(ਸੈਣ) ਸਵੇਰੇ ਸੰਤਾਂ ਨੂੰ ਵਿਦਾ ਕਰ ਕੇ ਰਾਜੇ ਦੇ ਦੁਆਰੇ ਸ਼ਰਮਾਉਂਦਾ ਗਿਆ। ੭.ਰਾਜੇ ਨੇ ਨੇੜੇ ਸੱਦ ਕੇ ਆਪਣੀ ਖ਼ਿਲਅਤ ਖੋਲ੍ਹ ਕੇ (ਉਸ ਦੇ ਗਲੇ) ਪਹਿਰਾ ਦਿੱਤੀ। ੮.ਰਾਜੇ ਕਿਹਾ ਅੱਜ ਤੂੰ ਮੈਨੂੰ ਵੱਸ ਕਰ ਲਿਆ ਹੈ, ਲੋਕ ਬੀ ਸੁਣਦੇ ਸੇ। ੯.(ਪਰਮੇਸ਼ੁਰ) ਭਗਤ ਦੀ ਵਡਿਆਈ ਪ੍ਰਗਟ ਕਰਦਾ ਹੈ।

**ਭਾਵ**-ਇਸ ਕਥਾ ਦਾ ਉਪਦੇਸ਼ ਇਹ ਹੈ ਕਿ ਪਰਮੇਸ਼ੁਰ ਦੇ ਪਿਆਰੇ ਸਤਿਸੰਗ ਵਿਚ ਇਕ ਰਸ ਹੋ ਕੇ ਲੱਗੇ ਹੋਏ ਭੀ ਜਦੋਂ ਫਰਜ਼ ਤੋਂ ਉੱਕਣ ਤਾਂ ਸ਼ਰਮਾਉਣ, ਭਾਵੇਂ ਪਰਮੇਸ਼ੁਰ ਪੈਜ ਭੀ ਰੱਖ ਦੇਵੇ, ਤਦ ਭੀ ਉਹ ਦਲੇਰ ਹੋਕੇ ਫਰਜ਼ ਤੋਂ ਘੁਸਾਈ ਨਾ ਮਾਰਨ।

## ੧੭. (ਰਵਿਦਾਸ ਭਗਤ)।

੧. ਭਗਤੁ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚਿ ਚਮਿਰੇਟਾ।
੨. ਪਾਣ੍ਹਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।
੩. ਜਿਉ ਕਰਿ ਮੈਲੈ ਚੀਥੜੈ ਹੀਰਾ ਲਾਲ ਅਮੋਲੁ ਪਲੇਟਾ।
੪. ਚਹੁੰ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤ ਸਹੇਟਾ।
੫. ਨ੍ਹਾਵਣਿ ਅਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।
੬. ਕਢਿ ਕਸੀਰਾ ਸਉਪਿਆ ਰਵਿਦਾਸੇ ਗੰਗਾ ਦੀ ਭੇਟਾ।
੭. ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜ ਅਮੇਟਾ।
੮. ਲਇਆ ਕਸੀਰਾ ਹਥਿ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
੯. ਭਗਤ ਜਨਾਂ ਹਰਿ ਮਾਂ ਪਿਉ ਬੇਟਾ।।੧੭।।

**ਪਦਾਰਥ**-(ਵਜਿਆ=ਪ੍ਰਗਟ ਹੋਇਆ। ਪਾਣ੍ਹਾ=ਜੁਤੀਆਂ। (ਸਹੇਟਾ=ਸਮੇਤ। ਥੇਟਾ=ਪੁਰਖੀ ਦਾ ਥਾਉਂ। ਕਸੀਰਾ=ਧੇਲਾ। (ਅਭੀਚ=ਅਭਿਜਿਤ ਨਿਛੱਤ੍ਰ।

**ਅਰਥ**-੧.(ਰਵਿਦਾਸ) ਚਮਾਰ ਜਗਤ ਵਿਚ ਚਾਰੇ ਦਿਸ਼ਾਂ ਵਿਖੇ ਪ੍ਰਗਟ ਹੋਇਆ। ੨.ਰਸਤੇ ਵਿਖੇ ਜੁਤੀਆਂ ਗੰਢੇ ਅਰ ਕੁਲਾ ਧਰਮ ਅਨੁਸਾਰ ਪਸ਼ੂ ਢੋਕੇ ਸਮੇਟਯਾ ਕਰੇ। ੩.(ਉਪਰੋਂ ਇਹ ਹਾਲ ਸੀ, ਪਰ ਅੰਦਰੋਂ ਇਉਂ ਸੀ) ਜਿੱਕੁਰ ਮੈਲੇ ਚੀਥੜਿਆਂ (ਲੀਰਾਂ) ਵਿਖੇ ਅਮੋਲਕ ਲਾਲ ਲਪੇਟਿਆ ਹੋਇਆ ਹੁੰਦਾ ਹੈ। ੪.ਚਾਰ ਵਰਣ (ਖੱਤ੍ਰੀ, ਬ੍ਰਾਹਮਣ ਆਦਿਕਾਂ) ਨੂੰ ਉਪਦੇਸ਼ ਦੇਣ ਲਗਾ ਅਰ ਗਿਆਨ ਧਿਆਨ ਕਰਾਉਣ ਲੱਗਾ ਭਗਤੀ ਦੇ ਨਾਲ। ੫.(ਇਕੇਰਾਂ) ਸੰਗ ਮਿਲਕੇ ਕਾਂਸ਼ੀ ਨੂੰ ਗੰਗਾ ਪੁਰ (ਪੁਰਖੀ) ਨ੍ਹਾਉਣ ਚਲਿਆ (ਕਿਉਂ ਜੋ ਗ੍ਰਹਿਣ ਦਾ ਵੱਡਾ ਮੇਲਾ ਲੱਗਣਾ ਸੀ)। ੬.ਰਵਿਦਾਸ (ਨੇ ਇਕ) ਧੇਲਾ ਕੱਢਕੇ (ਇਕ ਸੰਗੀ ਨੂੰ) ਗੰਗਾ ਦੀ ਭੇਟਾ ਲਈ ਦਿੱਤਾ। ੭.(ਉਥੇ) ਅਭਿਜਿਤ ਨਛੱਤਰ ਦੀ ਪੁਰਬੀ ਲੱਗੀ ਹੋਈ ਸੀ, ਲੋਕਾਂ ਨੇ (ਅਮੇਟਾ ਕਹੀਏ) ਅਮਿਤ ਚਰਿੱਤ੍ਰ (ਜਿਸ ਦੀ ਕੋਈ ਮਿਤ ਨਾ ਪਾ ਸਕੇ) ਡਿੱਠਾ। ੮.ਹੱਥ ਕੱਢਕੇ (ਰਵਿਦਾਸ ਜੀ ਦਾ) ਧੇਲਾ ਅੰਗੀਕਾਰ ਕੀਤਾ, ਜਿਸ ਤਰ੍ਹਾਂ ਸੂਤ ਇਕ ਹੈ ਤੇ ਤਾਣਾ ਪੇਟਾ (ਦੋ ਨਾਮ ਹਨ)। ੯.ਭਗਤ ਜਨਾਂ ਦਾ ਹਰੀ ਹੀ ਮਾਂ ਪਿਉ ਅਤੇ ਪੁੱਤ ਹੈ।

**ਭਾਵ**-ਸੰਤਾਂ ਦਾ ਮਾਤਾ ਪਿਤਾ, ਪੁਤ੍ਰ ਆਦਿਕ ਪਰਵਾਰ ਸਭ ਹਰੀ ਹੀ ਹੈ, ਉਸੇ ਪਰ ਭਰੋਸਾ ਰੱਖਦੇ ਹਨ, ਇਸੇ ਕਰ ਸਭ ਦੇਵਤਾ, ਤੀਰਥ ਆਦਿ ਉਹਨਾਂ ਦਾ ਆਦਰ ਕਰਦੇ ਹਨ, ਜਿਹਾ ਗੁਰੂ ਜੀ ਲਿਖਦੇ ਹਨ- **"ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥"**(ਮਲਾ:ਮ:੪) ਇਸ ਕਥਾ ਵਿਚ

ਇਕ ਅੱਧੀ ਤੁਕ ਨਾਲ ਭਾਈ ਸਹਿਬ ਜੀ ਅੰਤ੍ਰੀਵ-ਭਾਵ ਖੋਲ੍ਹਦੇ ਹਨ ਕਿ ਇਹ ਕਰਾਮਾਤਾਂ ਜੋ ਭਗਤਾਂ ਦੀ ਵਡਿਆਈ ਨੂੰ ਪ੍ਰਗਟ ਕਰ ਰਹੀਆਂ ਹਨ, ਇਨ੍ਹਾਂ ਵਿਚ ਸੂਤ ਇਕ ਹੈ ਉਸ ਦੇ ਨਾਮ ਦੋ ਹਨ : ਤਾਣਾ ਤੇ ਪੇਟਾ। ਇਸੇ ਤਰ੍ਹਾਂ ਇਕੋ ਸੱਤਾ ਸਾਰੇ ਕੰਮ ਕਰ ਰਹੀ। ਇਨ੍ਹਾਂ ਚਲਿੱਤ੍ਰਾਂ ਨੂੰ ਭਗਵੰਤ ਨੇ ਕੀਤਾ ਤਦ ਭੀ ਸੂਤ ਤੇ ਜੇ ਭਗਤਾਂ ਨੇ ਸੂਖਮ ਸਰੀਰ ਦੁਆਰਾ ਕੀਤਾ ਤਦ ਭੀ ਸੂਤ ਰੂਪੀ ਓਹੋ ਖੇਡ। ਜਿਸ ਤਰ੍ਹਾਂ ਅਗਯਾਨੀ ਲੋਕ ਇਨ੍ਹਾਂ ਕਥਾ ਨੂੰ ਸਮਝਦੇ ਹਨ ਭਾਈ ਸਾਹਿਬ ਜੀ ਨਹੀਂ ਸਮਝ ਰਹੇ। ਸਿੱਖਯਾ ਇਸ ਵਿਚ ਇਹ ਹੈ ਕਿ ਭਗਤ ਜਨ ਤੀਰਥਾਂ ਤੋਂ ਉੱਤਮ ਹਨ, ਤੀਰਥਾਂ ਨੂੰ ਭੀ ਉਹਨਾਂ ਦਾ ਸਤਿਕਾਰ ਹੈ ਤਾਂ ਤੇ ਭਗਤੀ ਸਰਬ ਤੋਂ ਸ੍ਰੇਸ਼ਟ ਪਦਾਰਥ ਹੈ, ਇਸ ਨੂੰ ਗ੍ਰਹਿਣ ਕਰੋ, ਜਿਸ ਨਾਲ ਚਮਯਾਰ ਤਰਕੇ ਹੋਰਨਾਂ ਨੂੰ ਤਾਰਦਾ ਤੇ ਆਦਰ ਪਾਉਂਦਾ ਸੀ। ਤੀਸਰਾ ਇਹ ਹੈ ਕਿ ਜੋ ਲੋਕਾਂ ਦੇ ਮਨ ਤੇ ਆਤਮਾਂ ਨੂੰ ਠੰਢ ਪਾਉਂਦੇ ਹਨ ਸੋ ਅਸਲੀ ਤੀਰਥ ਯਾਤਰੀ ਹਨ।

## ੧੮. (ਅਹਿੱਲਿਆ ਅਤੇ ਗੌਤਮ)।

੧. ਗੌਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।
੨. ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।
੩. ਸੁੰਞਾ ਹੋਆ ਇੰਦ੍ਰਲੋਕੁ ਲੁਕਿਆ ਸਰਵਰ ਮਨਿ ਸਰਮਾਣਾ।
੪. ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ।
੫. ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੇ ਬਾਝੁ ਪਰਾਣਾ।
੬. ਰਘੁਪਤਿ ਚਰਣ ਛੁਹਿੰਦਿਆਂ ਚਲ ਸੁਰਗ ਪੁਰਿ ਬਣੇ ਬਿਬਾਣਾ।
੭. ਭਗਤ ਵਛਲ ਭਲਿਆਈਅਹੁੰ ਪਤਿਤ ਉਧਾਰਣੁ ਪਾਪ ਕਮਾਣਾ।
੮. ਗੁਣ ਨੋ ਗੁਣ ਸਭ ਕੋ ਕਰੈ ਅਉਗਣੁ ਕੀਤੇ ਗੁਣ ਤਿਸੁ ਜਾਣਾ।
੯. ਅਬਿਗਤਿ ਗਤਿ ਕਿਆ ਆਖਿ ਵਖਾਣਾ ॥੧੮॥

**ਪਦਾਰਥ**-(ਗੌਤਮ=ਇਕ ਰਿਖੀ। ਸੁੰਞਾ=ਖਾਲੀ। ਸਰਵਰ=ਤਲਾਉ।
(ਬਾਝੁ ਪਰਾਣਾ=ਪ੍ਰਾਨਾਂ ਤੋਂ ਖਿਨਾਂ, ਪੱਥਰ। ਅਵਿਗਤ=ਅਲਖ ਗਤੀ।

**ਅਰਥ**-੧.ਗੌਤਮ (ਨਾਮੇਂ ਰਿਖੀ) ਦੀ ਵਹੁਟੀ ਅਹਿੱਲਯਾ (ਵੱਡੀ ਸੁੰਦਰ ਸੀ) ਉਸਨੂੰ ਦੇਖਕੇ ਇੰਦਰ ਕਾਮਾਤੁਰ ਹੋ ਗਿਆ। ੨.ਪਰਾਏ ਘਰ ਦਾ ਸਰਾਪ ਲੀਤਾ (ਕਿ ਉਸ ਦੇ ਸਰੀਰ ਪੁਰ) ਹਜ਼ਾਰ ਭਗ ਹੋ ਗਏ, (ਹੁਣ ਵੱਡਾ) ਪਛੋਤਾਉਨ ਲੱਗਾ (ਕਿਉਂ ਜੋ ਗੋਤਮ ਨੇ ਕਿਹਾ ਸੀ ਕਿ ਜਿਸ ਇਕ ਭਗ ਪਿੱਛੇ ਤੂੰ ਮੇਰੀ ਇਸਤ੍ਰੀ ਦਾ ਸਤ ਭੰਗ ਕੀਤਾ ਹੈ ਹਜ਼ਾਰ ਭਗ ਤੇਰੇ ਸਰੀਰ ਪੁਰ ਹੋਊ)। ੩.(ਹੁਣ ਇੰਦਰ) ਸ਼ਰਮ ਦੇ ਮਾਰੇ ਤਲਾਉ ਵਿਖੇ ਲੁਕ ਗਿਆ ਤੇ ਇੰਦਰਾ ਪੁਰੀ ਸੁੰਞੀ ਹੋ ਗਈ। ੪.ਹਜ਼ਾਰ ਭਗ ਦੇ ਹਜ਼ਾਰ ਨੇਤਰ ਹੋ ਗਏ, ਤਦ ਇੰਦਰ ਪੁਰੀ ਨੂੰ ਗਿਆ (ਭਾਵ ਜਦ ਸਰਾਪ ਹਟਿਆ)। ੫.ਅਹਿੱਲਯਾ ਜੋ ਆਪਣੇ ਪਤਿਬ੍ਰਤ ਧਰਮ ਤੋਂ ਟਲ ਖਲੋਤੀ ਸੀ ਪੱਥਰ ਹੋ ਕੇ ਨਦੀ ਕਿਨਾਰੇ ਪੈ ਰਹੀ। ੬.ਰਘੁਪਤ ਦੇ ਚਰਣ ਸਪਰਸ਼ ਕਰਦਿਆਂ ਬਿਬਾਣ ਪੁਰ ਚੜ੍ਹਕੇ ਸੁਰਗ ਨੂੰ ਚਲੀ ਗਈ। ੭.ਭਲਿਆਈ ਕਰਨ ਤੋਂ (ਭਗਵੰਤ) ਭਗਤ ਵੱਛਲ (ਕਹਾਉਂਦਾ ਹੈ) ਤੇ ਪਤਿਤ ਉਧਾਰਣ ਕਮਾਏ ਪਾਪ (ਬਖਸ਼ਣ ਤੋਂ ਸਦਾਉਂਦਾ ਹੈ)। ੮.ਗੁਣ ਕੀਤਿਆਂ ਤਾਂ ਸਭ ਕੋਈ ਗੁਣ ਕਰਦਾ ਹੈ, ਅਵਗੁਣਾਂ ਪੁਰ ਜੋ ਗੁਣ ਕਰੇ ਉਸ ਦਾ (ਉਪਕਾਰ) ਜਾਣੀਦਾ ਹੈ। ੯.ਪਰਮੇਸ਼ੁਰ ਦੀ ਅਗਾਧ ਗਤੀ ਹੈ ਕੀ ਆਖ ਕੇ ਸੁਣਾਈਏ।

**ਭਾਵ**-ਇਸ ਕਥਾ ਦਾ ਸਿੱਟਾ ਹੈ ਕਿ ਵਿਭਚਾਰ ਨਹੀਂ ਕਰਨਾ ਚਾਹੀਦਾ, ਪਾਪਾਂ ਤੋਂ ਸਦਾ ਬਚਣਾ ਚਾਹੀਦਾ ਹੈ। ਜੇ ਭੁਲ ਚੁਕ ਕੇ ਹੋ ਵੀ ਜਾਵੇ ਤਦ ਪਾਪ ਦੀ ਨੈਂ ਵਿਚ ਰੁੜ੍ਹ ਨਹੀਂ ਜਾਣਾ ਚਾਹੀਦਾ। ਵਾਹਿਗੁਰੂ ਨੂੰ ਪਤਿਤ ਪਾਵਨ ਅਰ ਭਗਤ ਵੱਛਲ ਜਾਣਕੇ ਪਿਆਰ ਕਰਨਾ ਚਾਹੀਦਾ ਹੈ,

ਅਰ ਖਿਮਾਂ ਮੰਗਣੀ ਚਾਹੀਦੀ ਹੈ, ਉਸ ਦੇ ਸਿਮਰਣ ਵਿਚ ਲੱਗਣਾ ਚਾਹੀਦਾ ਹੈ, ਉਹੋ ਮਾਲਕ ਪਾਪਾਂ ਦੀ ਮੈਲ ਦਿਲ ਤੋਂ ਧੋਕੇ ਫੇਰ ਉੱਜਲ ਕਰ ਲੈਂਦਾ ਹੈ।

## ੧੯. (ਬਾਲਮੀਕ ਬਟਵਾੜਾ)।

੧. ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।
੨. ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ।
੩. ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।
੪. ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।
੫. ਅਉਗੁਣੁ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ।
੬. ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ।
੭. ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।
੮. ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।
੯. ਗੁਰਮੁਖਿ ਲੰਘੇ ਪਾਪ ਪਹਾੜਾ।।੧੯।।

**ਪਦਾਰਥ**-(ਬਟਵਾੜਾ=ਰਾਹ ਮਾਰਣ ਵਾਲਾ ਧਾੜਵੀ। ਖਿੰਜੋਤਾੜਾ=ਦੁਚਿੱਤਾ, (ਚਉਖੰਨੀਐ=ਵਾਰਣੇ ਜਾਣ ਵਾਲੇ। ਉਛੋਹਾੜਾ=ਜੋਸ਼।

**ਅਰਥ**-੧. ਰਸਤੇ ਵਿਚ ਬੈਠਾ ਬਾਲਮੀਕ ਧਾੜਵੀ (ਆਏ ਗਏ) ਮਨੁੱਖ ਨੂੰ ਮਾਰਕੇ (ਧਨ ਖੋਹ ਲੈਂਦਾ ਸੀ)। ੨. (ਇਕੇਰਾਂ) ਪੂਰੇ ਸਤਿਗੁਰੂ ਨਾਲ ਮੇਲ ਹੋ ਗਿਆ (ਹੁਣ) ਮਨ ਵਿਚ ਦੁਚਿੱਤੀ ਹੋਈ। ੩. ਮਾਰਨ ਨੂੰ (ਮਨ ਤਾਂ) ਬੜਾ ਲੋਚੇ, ਪਰ ਹੱਥ ਨਾ ਚੱਲਣ। ੪. ਸਤਿਗੁਰਾਂ ਨੇ ਮਨ ਦੀ ਭੀ ਰੱਛਾ ਕੀਤੀ, (ਮਾਰਨ ਦਾ) ਜੋਸ਼ ਫੁਰਨਾ (ਭੀ) ਹਟ ਗਿਆ। ੫. (ਹੁਣ) ਸਾਰਾ ਅਵਗੁਣ ਕਹਿ ਦਿੱਤਾ(ਕਿ ਮਹਾਰਾਜ) ਸਾਡੀ ਉਪਜੀਵਕਾ ਹੀ ਇਹੋ ਹੈ। ੬. (ਸੰਤਾਂ ਨੇ) ਭੇਜਿਆ ਭਈ ਘਰੋਂ ਤੂੰ ਪੁਛ ਆ ਕਿ ਅੰਤ ਨੂੰ ਤੇਰਾ ਕੋਈ (ਰੱਛਕ) ਭੀ ਹੋਊ ? ੭. (ਜਦ ਘਰ ਪੁਛਣ ਆਇਆ) ਸਾਰਾ ਕੋੜਮਾਂ ਵਾਰਨੇ ਜਾਣ ਵਾਲਾ ਸੀ (ਪਰੰਤੂ ਅੰਤ ਨੂੰ) ਬੇਲੀ ਹੋਣ ਦਾ ਝਾੜਾ ਕਿਸੇ ਨਾ ਕੀਤਾ, (ਇਸਤ੍ਰੀ, ਪੁਤਰ, ਮਾਤਾ ਆਦਿ ਨੇ ਸੁਕਾ ਹੀ ਜਵਾਬ ਦੇ ਦਿੱਤਾ ਕਿ ਸਾਡਾ ਅੰਤਕਾਲ ਦਾ ਜ਼ੁੰਮਾ ਕੋਈ ਨਹੀਂ ਹੈ) ੮. (ਜਦ ਫੇਰ ਸੰਤਾਂ ਪਾਸ ਆਇਆ ਤਾਂ ਉਨ੍ਹਾਂ ਨੇ) ਸੱਚੇ ਨਾਮ ਦਾ ਉਪਦੇਸ਼ ਦਿਤਾ, ਇਸੇ ਨਾਲ ਹੀ (ਟੱਪ ਨਿਕੱਥਾ, ਉਪਰ ਵਾੜਾ ਕਹੀਏ) ਸੰਸਾਰ ਦੀ ਫਾਹੀ ਥੋਂ ਟੱਪਕੇ ਅਰਸ਼ਾਂ ਨੂੰ ਨਿਕਲ ਗਿਆ। ੯. (ਅੱਗੇ ਲਿਖਦੇ ਹਨ) ਗੁਰਮੁਖ ਪਾਪਾਂ ਦੇ ਪਹਾੜ ਥੋਂ ਲੰਘ ਜਾਂਦੇ ਹਨ।

**ਭਾਵ**-ਏਸ ਕਥਾ ਵਿਚ ਗੁਰੂ ਦੀ ਵਡਿਆਈ ਹੈ, ਉਦੇਸ਼ ਹੈ ਕਿ ਪਾਪ ਕਰਨ ਵੇਲੇ ਜੀ ਸਦਾ ਸੋਚੇ ਕਿ ਜਿਨ੍ਹਾਂ ਦੀ ਖ਼ਾਤਰ ਮੈਂ ਪਾਪ ਕਰਦਾ ਹਾਂ ਅੰਤਕਾਲ ਕੋਈ ਮੇਰਾ ਬੇਲੀ ਨਹੀਂ। ਤਾਂਤੇ ਪਾਪ ਦੀ ਉਪਜੀਵਕਾ ਕਦੇ ਨਾ ਕਰਾਂ। ਦੂਜੇ ਮਤਿ ਮਾਰਗ ਤੇ ਪਾਉਣ ਵਾਲੇ ਜਗਯਾਸੂ ਨੂੰ ਸੱਚ ਸਿਖਾਲਣ, ਮੁਲਾਹਜ਼ਿਆਂ ਨਾਲ ਪਾਪ ਵਿਚ ਨਾ ਰਹਿਣ ਦੇਣ।

## ੨੦. (ਅਜਾਮਲ)।

੧. ਪਤਿਤ ਅਜਾਮਲੁ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ।
੨. ਗੁਰੁ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ।
੩. ਬਿਰਥਾ ਜਨਮੁ ਗਵਾਇਅਨੁ ਭਵਜਲ ਅੰਦਰਿ ਫਿਰਦਾ ਵਹਿਆ।

੪. ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ।
੫. ਪੁਤੁ ਉਪੰਨਾ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।
੬. ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ।
੭. ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।
੮. ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡ ਨ ਸਹਿਆ।
੯. ਨਾਇ ਲਏ ਦੁਖੁ ਡੇਰਾ ਢਹਿਆ ॥੨੦॥

**ਪਦਾਰਥ**-(ਕਲਾਵਤਣੀ=ਗਾਉਣ ਵਾਲੀ ਤ੍ਰੀਮਤ, ਜੋ ਬਤਾਵਾ ਆਦਿ ਵਿਚ ਨਿਪੁੰਨ ਹੋਵੇ। (ਦਹਿਆ=ਨਾਸ ਹੋ ਗਿਆ। ਵਹਿਆ=ਰੁੜ੍ਹਦਾ ਸੀ। ਉਮਹਿਆ=ਚਾਹ ਹੋਈ।

**ਅਰਥ**-੧.(ਇਕ) ਅਜਾਮਲ ਨਾਮੇ ਪਾਪੀ ਪਾਪ ਕਰਕੇ ਕਲੌਤਣੀ ਦੇ (ਘਰ) ਜਾ ਰਿਹਾ। ੨.ਗੁਰੂ ਥੋਂ ਬੇਮੁਖ ਹੋ ਗਿਆ, ਵਡੇ ਪਾਪ ਕਮਾਵੇ ਤੇ ਖੋਟੀ ਮਤ ਨੇ ਨਾਸ਼ ਕਰ ਦਿਤਾ। ੩.ਬਿਰਥਾ ਵਿਸ਼ਿਆਂ ਵਿਚ ਹੀ ਜਨਮ ਗਵਾ ਦਿਤਾ, ਸੰਸਾਰ ਸਮੁੰਦ੍ਰ ਵਿਚ ਰੁੜ੍ਹਦਾ ਜਾਂਦਾ ਸੀ। ੪.ਵੇਸਵਾ ਦੇ ਘਰ ਛੀ ਪੁੱਤ੍ਰ ਹੋਏ ਮਾਨੋਂ ਪਾਪਾਂ ਦੇ ਫਲ ਚਾਹੇ ਹੋਏ ਲੀਤੇ, (ਕਿਉਂ ਜੇ ਓਹ ਭੀ ਵੱਡੇ ਸ਼ਿਕਾਰੀ ਤੇ ਧਾੜਵੀ ਹੋਏ)। ੫.ਜਦ ਸੱਤਵਾਂ ਪੁਤਰ ਹੋਇਆ ਤਾਂ ਉਸ ਦਾ ਨਾਉਂ ਰੱਖਣ ਲਈ ਚਿੱਤ ਉਮੰਗ ਨਾਲ ਭਰਿਆ। ੬.ਗੁਰੂ ਦੇ ਦਵਾਰੇ ਪੁਰ ਜਾਕੇ (ਨਾਉਂ ਪੁੱਛਿਆ), ਗੁਰਮੁਖ ਨੇ ਪੁੱਤ੍ਰ ਦਾ ਨਾਉਂ "ਨਾਰਾਇਣ" ਆਖਿਆ (ਕਿ ਰੱਖੋ)। ੭.(ਜਦ ਅਜਾਮਲ ਦਾ) ਅੰਤਕਾਲ ਆਇਆ ਪੁੱਤ੍ਰ ਨੂੰ ਵੇਖਕੇ ਡਰਦਾ ਹੋਇਆ ਨਾਰਾਇਣ ਦਾ ਨਾਉਂ ਲਵੇ (ਕਿ ਹੇ ਨਾਰਾਇਣ ! ਮੇਰੀ ਰੱਛਾ ਕਰ)। ੮.ਹਰਿ ਗਣਾਂ ਨੇ ਆਕੇ ਜਮ ਗਣਾਂ ਨੂੰ ਮਾਰਕੇ (ਹਟਾਯਾ) ਤੇ ਜਮਡੰਡਾ ਨਾ ਸਹਾਰਿਆ, ਸੁਰਗ ਨੂੰ ਚਲਿਆ ਗਿਆ। ੯.ਨਾਮ ਲੈਣ ਨਾਲ ਦੁੱਖਾਂ ਦਾ ਡੇਰਾ ਢਹਿ ਪਿਆ।

**ਭਾਵ**-ਇਸ ਵਿਚ ਇਹ ਉਪਦੇਸ਼ ਹੈ ਕਿ ਮਹਾਤਮਾ ਜਨ ਜਦੋਂ ਕਿਸੇ ਵੱਡੇ ਕੁਕਰਮੀ ਨੂੰ ਫਾਥਾ ਦੇਖਣ ਅਰ ਉਹ ਨਿਕਲ ਨਾ ਸਕੇ, ਤਦ ਕੋਈ ਐਸੇ ਉਪਦੇਸ਼ ਦੀ ਮੇਖ ਗੱਡ ਜਾਣ ਜੋ ਕਦੇ ਨ ਕਦੇ ਉਸ ਦੇ ਕਠੋਰ ਚਿੱਤ ਨੂੰ ਫੇਰ ਲਵੇ। ਭਾਈ ਜੀ ਦੱਸਦੇ ਹਨ ਕਿ ਅਜਾਮਲ ਗੁਰੂ ਤੋਂ ਬੇਮੁਖ ਸੀ, ਅਰਥਾਤ ਪਹਿਲੇ ਪਰਮਾਰਥੀ ਪੁਰਖ ਹੁੰਦਾ ਸੀ। ਇਹ ਭੇਤ ਜਾਣਕੇ ਸੰਤਾਂ ਨੇ ਉਸਦੇ ਪੁੱਤ੍ਰ ਦਾ ਨਾਮ 'ਨਾਰਾਇਣ' ਰੱਖ ਦਿੱਤਾ, ਅੰਤ ਸਮੇਂ ਭੈ ਨਾਲ ਪੁੱਤ੍ਰ ਨੂੰ ਵਾਜਾਂ ਮਾਰਦਿਆਂ ਸੁਰਤ ਏਕਾਗ੍ਰਤਾ ਮਿਲਦੇ ਹੀ ਪਰਮੇਸੁਰ ਵਲ ਪ੍ਰਵਾਹ ਪੈ ਗਿਆ, ਮਨ ਜੋ ਪਰਮਾਰਥ ਦਾ ਕਦੇ ਜਾਣੂੰ ਸੀ ਜੁੜਕੇ ਭਗਵੰਤ ਆਰਾਧਨ ਵਿਚ ਲਗ ਗਿਆ, ਸੋ ਪਾਰ ਪੈ ਗਿਆ।

## ੨੧. (ਗਨਿਕਾ)।

੧. ਗਨਿਕਾ ਪਾਪਨਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
੨. ਮਹਾਂ ਪੁਰਖੁ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।
੩. ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸਨੋ ਦਿਤੋਨੁ ਤੋਤਾ।
੪. ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ।
੫. ਲਿਵਲਾਗੀ ਤਿਸੁ ਤੋਤਿਅਹੁੰ ਨਿਤ ਪੜ੍ਹਾਏ ਕਰੈ ਅਸੋਤਾ।
੬. ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।
੭. ਅੰਤਕਾਲੁ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ।
੮. ਗਈ ਬੈਕੁੰਠ ਬਿਬਾਨਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ।

੯. ਥਾਉ ਨਿਥਾਵੈ ਮਾਣੁ ਮਣੋਤਾ ॥੨੧॥

**ਪਦਾਰਥ**-(ਗਨਿਕਾ=ਵੇਸਵਾ। ਵਾੜੈ=ਵੇਹੜੇ। ਖੇਲਿ ਗਇਆ=ਚਲਾ ਗਿਆ।
(ਸਉਤਾ=ਸੌਗੁਣਾ। ਅਸੋਤਾ=ਜਾਗਾ ਕਲੇਵਰ=ਸਰੀਰ।
(ਗੋਤਾ=ਟੁੱਭਾ ਛੋਤ ਅਛੋਤਾ=ਪਾਪਾਂ ਤੋਂ ਰਹਿਤ।
(ਮਾਣ ਮਣੋਤਾ=ਨਿਮਾਣਿਆਂ ਦਾ ਮਾਨ।

**ਅਰਥ**-੧.(ਇਕ) ਵੇਸਵਾ ਪਾਪਣ ਹੋ ਕੇ ਪਾਪਾਂ ਨੂੰ ਗਲੇ ਦੇ ਹਾਰ (ਵਾਂਗੂ) ਰੱਖਦੀ ਸੀ। ੨.ਇਕ ਮਹਾਂ ਪੁਰਖ ਸੁਤੇ ਸਿੱਧ ਗਨਕਾ ਦੇ ਵੇਹੜੇ ਆ ਖੜੋਤਾ। ੩.ਉਸਦੀ ਦੁਰਮਤਿ ਦੇਖ ਕੇ (ਗੁੱਸੇ ਹੋਣ ਦੀ ਥਾਂ 'ਹੱਥਹੁ' ਕਹੀਏ ਸਗਮਾਂ) ਅਥਵਾ ਹੱਥ ਦਾ ਤੋਤਾ ਦਯਾਲ ਹੋ ਕੇ ਉਸਨੂੰ ਦਿੱਤਾ। ੪.ਤੇ ਰਾਮ ਨਾਮ ਦਾ ਉਪਦੇਸ਼ ਦੇ ਕੇ ਸੌ ਗੁਣਾ (ਨਫੇ ਵਾਲਾ) ਵਣਜ ਦੇ ਕਰਕੇ (ਆਪ ਖੇਲ ਗਇਆ) ਚਲਿਆ ਗਿਆ। ੫.(ਹੁਣ ਉਸ ਗਨਕਾ ਨੂੰ) ਅਜੇਹੀ ਲਿਵ ਲਗੀ ਕਿ ਰਾਤ ਬੀ ਜਾਗਾ ਕਰਦੀ ਰਹੇ ਤੇ ਨਿਤ ਉਸ ਤੋਤੇ ਨੂੰ (ਭਗਵੰਤ ਦਾ ਨਾਮ) ਪੜ੍ਹਾਉਂਦੀ ਰਹੇ। ੬.ਉਸਦੇ (ਕਲੇਵਰ=) ਸਰੀਰ ਤੋਂ ਖੋਟੀ ਮਤ ਅਤੇ ਪਾਪਾਂ (ਦੀ ਮੈਲ) ਦੂਰ ਹੋ ਗਈ, (ਕਿਉਂਕਿ) ਪਰਮੇਸ਼ੁਰ ਦਾ ਨਾਮ ਪਤਿਤਾਂ ਦਾ ਉਧਾਰ ਕਰਨੇ ਵਾਲਾ ਹੈ। ੭.ਅੰਤਕਾਲ (ਨਾਮ ਦੇ ਪ੍ਰਤਾਪ ਨਾਲ) ਨਰਕ ਦੀ ਟੁੱਭੀ ਤੋਂ ਬਚਕੇ ਜਮ ਜਾਲ ਤੋੜ ਗਈ। ੮.ਬਿਬਾਨ ਪਰ ਅਰੂੜ੍ਹ ਹੋ ਬੈਕੁੰਠ ਜਾ ਪੁੱਜੀ, (ਤਾਂ ਤੇ) ਈਸ਼੍ਵਰ ਦਾ ਨਾਮ (ਛੋਤਾਂ ਤੋਂ ਅਛੋਤ=)ਭਾਵ ਨਿਰਦੂਖਨ ਹੈ (ਕੋਈ ਜਪੇ, ਸਭ ਦਾ ਉਧਾਰ ਕਰਦਾ ਹੈ ਜਿਹਾ 'ਖੱਤ੍ਰੀ ਬ੍ਰਾਹਮਣ ਸੂਦ ਵੈਸ ਉਧਰੇ ਸਿਮਰ ਚੰਡਾਲ' ਨਾਮ ਐਸੀ ਰਸਾਇਣਾ ਵਸਤੂ ਹੈ) ੯.(ਨਾਮ ਹੀ) ਨਿਥਾਵਿਆਂ ਦਾ ਥਾਉਂ ਤੇ ਨਿਮਾਣਿਆਂ ਦਾ ਮਾਣ ਹੈ।

**ਭਾਵ**-ਇਥੇ ਭੀ ਨਾਮ ਦੀ ਮਹਿਮਾ ਦਾ ਵਰਣਨ ਅਰ ਇਹ ਉਪਦੇਸ਼ ਹੈ ਕਿ ਪਾਪੀਆਂ ਨੂੰ ਬੀ ਭਗਵੰਤ ਪੁਰ ਭਰੋਸਾ ਕਰ ਕੇ ਨਾਮ ਜਪਣਾ ਚਾਹੀਦਾ ਹੈ। ਦੂਜਾ ਉਪਦੇਸ਼ ਮਹਾਤਮਾਂ ਲਈ ਹੈ ਕਿ ਗਨਕਾ ਘੋਰ ਪਾਪਾਂ ਵਿਚ ਫਾਥੀ ਕਿਵੇਂ ਬੀ ਨਾ ਨਿਕਲਦੀ ਦੇਖ ਕੇ ਮਹਾਤਮਾਂ ਇਕ ਐਸਾ ਆਹਰ ਉਸ ਨੂੰ ਲਾ ਗਏ ਕਿ ਜਿਸ ਦਾ ਅੰਤੁ ਉਸ ਦੇ ਪਾਪਾਂ ਦਾ ਨਾਸ਼ ਹੋਣਾ ਹੋਇਆ। ਗੁਰਮੁਖ ਕਿਸੇ ਪਾਪੀ ਤੋਂ ਭੀ ਨਿਰਾਸ ਨਹੀਂ ਹੁੰਦਾ।

## ੨੨. (ਪੂਤਨਾ)।

੧. ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ।
੨. ਆਇ ਬੈਠੀ ਪਰਵਾਰ ਵਿਚਿ ਨੇਹੁੰ ਲਾਇ ਨਵਹਾਣਿ ਨਵੇਲੀ।
੩. ਕੁਛੜਿ ਲਈ ਗੋਬਿੰਦ ਰਾਇ ਕਰਿ ਚੇਟਕ ਚਤੁਰੰਗ ਮਹੇਲੀ।
੪. ਮੋਹਣੁ ਮੰਮੇ ਪਾਇਓਨੁ ਬਾਹਰਿ ਆਈ ਗਰਬ ਗਹੇਲੀ।
੫. ਦੇਹ ਵਧਾਇ ਉਚਾਇਅਨੁ ਤਿਹਚਰਿਆਰਿ ਨਾਰਿ ਅਠਿਖੇਲੀ।
੬. ਤਿਹੁੰ ਲੋਆਂ ਦਾ ਭਾਰ ਦੇ ਚੰਬੜਿਆ ਗਲਿ ਹੋਇ ਦੁਹੇਲੀ।
੭. ਖਾਇ ਪਛਾੜ ਪਹਾੜ ਵਾਂਗਿ ਜਾਇ ਪਈ ਓਜਾੜਿ ਧਕੇਲੀ।
੮. ਕੀਤੀ ਮਾਊ ਤੁਲਿ ਸੁਹੇਲੀ ॥੨੨॥

**ਪਦਾਰਥ**-(ਵਹੇਲੀ=ਵਿਹੁ ਵਾਲੀ(ਅ)ਤਿੱਖੀ। ਨਵਹਾਣਿ ਨਵੇਲੀ=ਨਵੇਂ ਹਾਣ ਵਾਲੀ,
(ਨਵੀਂ ਵਹੁਟੀ। ਚੇਟਕ=ਪਿਆਰ। ਚਤੁਰੰਗ=ਚਰਿੱਤ੍ਰਾਂ ਵਿਚ ਪਰਧਾਨ,
(ਫਫੇ ਕੁੱਟਣ। ਮਹੇਲੀ=ਵੱਡੀ ਮੁਸ਼ਕ ਵਾਲੀ। ਗਰਬ ਗਹੇਲੀ=ਗਰਬ ਵਿਚ ਮਸਤ।

(ਤਿਹਚਰਿਆਰਿ=ਤੇਰਾਂ ਤਾਲਣ ਅਠਿਖੇਲੀ=ਚੰਚਲ। ਦੁਹੇਲੀ=ਦੁਖੀ।
(ਪਛਾੜ=ਭੁਵਾਟਣੀ।

**ਅਰਥ**-੧.ਪਾਪਣ ਪੂਤਨਾ (ਕੰਸ ਦੀ ਭੇਜੀ ਹੋਈ) ਦੋ ਥਣਾਂ ਪੁਰ ਵਿਹੁ ਲਾ ਕੇ ਆਈ ਜੋ ਅੰਦਰੋਂ (ਵਹੇਲੀ=) ਵਿਹੁ ਵਾਲੀ ਸੀ। ੨.ਪਰਿਵਾਰ ਵਿਖੇ ਆ ਕੇ ਬੈਠ ਗਈ, ਨਵੇਂ ਹਾਣ ਵਾਲੀ ਨਵੀਂ ਵਹੁਟੀ (ਵਾਂਗੂ) ਨੇਂਹ ਲਾਵਣ ਲੱਗੀ। ੩.ਕ੍ਰਿਸ਼ਨ ਨੂੰ ਕੁੱਛੜ ਵਿਖੇ ਲੈ ਲੀਤਾ ਚਲਿੱਤ੍ਰ (ਸਰੀਰ ਨੂੰ) ਮਹਿਕਾ ਕੇ ਪਿਆਰ ਕਰਨ ਲੱਗੀ। ੪.ਮੋਹਣ ਨੂੰ ਮੰਮੇ ਪਾਕੇ ਬਾਹਰ ਆ ਗਈ ਤੇ ਵੱਡੇ ਹੰਕਾਰ ਵਿੱਚ ਮੱਤੀ। ੫.ਤੇਰਾਂ ਤਾਲਣ ਤੇ ਚੰਚਲ ਇਸਤ੍ਰੀ ਨੇ ਦੇਹ ਵਧਾਕੇ ਉੱਚੀ ਕਰ ਲੀਤੀ। ੬.(ਕ੍ਰਿਸ਼ਨ) ਤਿੰਨ ਲੋਕਾਂ ਦਾ ਭਾਰ ਦੇ ਕੇ (ਉਸ ਦੇ) ਗਲ ਨੂੰ ਚੰਬੜ ਗਿਆ (ਤੇ ਉਹ) ਦੁਖੀ ਹੋਈ। ੭.ਭਵਾਟਣੀ ਖਾ ਕੇ ਪਹਾੜ ਵਾਂਗੂ ਉਜਾੜ ਵਿਚ ਧੱਕੀ ਹੋਈ ਜਾ ਪਈ। ੮.(ਅੰਤ ਦੇ ਸਮੇਂ ਕ੍ਰਿਸ਼ਨ ਨੇ) ਮਾਤਾ ਦੀ ਸਹੇਲੀ ਦੇ ਤੁੱਲ (ਪੂਤਣਾ) ਕੀਤੀ (ਭਾਵ ਉਸ ਦੀ ਗਤੀ ਕੀਤੀ)।

**ਭਾਵ**-ਇਸ ਕਥਾ ਵਿਚ ਬੀ ਇਹੋ ਉਪਦੇਸ਼ ਹੈ ਕਿ ਵੱਡੇ ਲੋਕ ਅਉਗਣਾਂ ਦੇ ਬਦਲੇ ਬੀ ਗੁਣ ਕਰਦੇ ਹਨ।

## ੨੩. (ਬੱਧਕ ਦਾ ਪ੍ਰਸੰਗ)।

੧. ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੈ ਪੈਰ ਪਸਾਰੇ।
੨. ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ।
੩. ਬਧਿਕੁ ਆਇਆ ਭਾਲਦਾ ਮਿਰਗੈ ਜਾਨਿ ਬਾਣੁ ਲੈ ਮਾਰੇ।
੪. ਦਰਸਨ ਡਿਠੋਸੁ ਜਾਇਕੈ ਕਰਣ ਪਲਾਵ ਕਰੇ ਪੂਕਾਰੇ।
੫. ਗਲਿ ਵਿਚਿ ਲੀਤਾ ਕ੍ਰਿਸ਼ਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।
੬. ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।
੭. ਭਲੇ ਭਲੇ ਕਰਿ ਮੰਨਿਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।
੮. ਪਾਪ ਕਰੇਂਦੇ ਪਤਿਤ ਉਧਾਰੇ ॥੨੩॥੧੦॥

**ਪਦਾਰਥ**-(ਪਰਭਾਸ=ਇਕ ਤੀਰਥ ਦਾ ਨਾਮ ਹੈ ਪਦਮੁ=ਕਮਲ।
(ਝਿਲਮਿਲ=ਪ੍ਰਕਾਸ਼ ਕਰਕੇ। ਕਰਣ ਪਲਾਵ=ਕੀਰਣੇ।

**ਅਰਥ**-੧.ਪਰਭਾਸ (ਨਾਮੇ ਤੀਰਥ) ਵਿਖੇ (ਕ੍ਰਿਸ਼ਨ) ਆਪਣੇ ਗੋਡੇ ਉੱਤੇ ਪੈਰ ਰੱਖਕੇ ਸੁੱਤਾ ਹੋਇਆ ਸੀ। ੨.ਚਰਣ ਕਮਲ ਵਿਖੇ ਕਵਲ ਦਾ ਚਿੰਨ੍ਹ ਇਉਂ (ਝਿਲਮਿਲ=) ਵੱਡਾ ਪ੍ਰਕਾਸ਼ ਕਰਕੇ ਚਮਕਦਾ ਸੀ ਜਿੱਕੁਰ ਤਾਰਾ (ਝਿਲਮਿਲ) ਕਰਦਾ ਹੈ)। ੩.(ਇਕ) ਬੱਧਕ (ਜੋ ਮਿਰਗਾਂ ਦਾ ਸ਼ਿਕਾਰ ਕਰ ਰਿਹਾ ਸੀ ਮਿਰਗ) ਭਾਲਦਾ ਆਯਾ, (ਉਸ ਨੇ) ਮਿਰਗ ਜਾਣਕੇ ਬਾਣ ਮਾਰਿਆ। ੪.(ਜਦ ਉਸ ਨੇ ਨੇੜੇ) ਜਾਕੇ ਦਰਸ਼ਨ ਕੀਤਾ, ਤਦ ਤਾਂ ਕੀਰਣੇ ਕਰਕੇ ਰੋਵੇ। ੫.ਕ੍ਰਿਸ਼ਨ ਨੇ ਉਸ ਨੂੰ ਗਲ ਨਾਲ ਲਾ ਲੀਤਾ (ਕਿਉਂ ਜੋ) ਪਰਮੇਸ਼ੁਰ (ਭਗਤਾਂ ਦੇ) ਅਉਗੁਣ ਕੀਤੇ ਯਾਦ ਨਹੀਂ ਰੱਖਦਾ। ੬.ਕਿਰਪਾ ਕਰਕੇ ਉਸ ਨੂੰ ਸੰਤੋਖਿਆ (ਧੀਰਜ ਦਿੱਤਾ) ਪਤਿਤ ਉਧਾਰਨ ਬਿਰਦ ਦੀ ਪਾਲਣਾ ਕੀਤੀ। ੭.ਭਲੇ ਤਾਂ ਭਲੇ ਕਰਕੇ ਮੰਨੇ ਹੀ ਜਾਂਦੇ ਹਨ, ਹਰੀ ਪਾਪੀਆਂ ਦੇ ਕਾਰਜ ਸਵਾਰ ਦਿੰਦਾ ਹੈ। ੮.ਪਾਪ ਕਰਦੇ ਪਤਿਤ ਉਧਾਰ ਦਿੱਤੇ।

**ਭਾਵ**-ਇਸ ਕਥਾ ਵਿਚ ਭੀ ਅਉਗੁਣ ਕੀਤਿਆਂ ਗੁਣ ਕਰਨ ਦੀ ਬਾਣ ਜੋ ਵਾਹਿਗੁਰੂ

ਵਿਚ ਹੈ ਤੇ ਗੁਰੂ, ਅਵਤਾਰ, ਗੁਰਮੁਖ, ਸੰਤ ਤੇ ਹਰ ਮਹਾਤਮਾਂ ਵਿਚ ਹੋਣੀ ਚਾਹੀਦੀ ਹੈ ਉਸਦਾ ਉਪਦੇਸ਼ ਹੈ।

# ਵਾਰ ੧੧.

ੴ ਸਤਿਗੁਰ ਪ੍ਰਸਾਦਿ ॥

## ੧. (ਸਤਿਗੁਰ ਦਾ ਪਯਾਲਾ)।

੧. ਸਤਿਗੁਰੁ ਸਚਾ ਪਾਤਿਸਾਹੁ ਪਾਤਿਸਾਹਾਂ ਪਤਿਸਾਹ ਜੁਹਾਰੀ।
੨. ਸਾਧ ਸੰਗਤਿ ਸਚਿਖੰਡਿ ਹੈ ਆਇ ਝਰੋਖੈ ਖੋਲੈ ਬਾਰੀ।
੩. ਅਮਿਉ ਕਿਰਣਿ ਨਿਝਰ ਝਰੈ ਅਨਹਦ ਨਾਦ ਵਾਇਨਿ ਦਰਬਾਰੀ।
੪. ਪਾਤਿਸਾਹਾਂ ਦੀ ਮਜਲਸੈ ਪਿਰਮ ਪਿਆਲਾ ਪੀਵਣ ਭਾਰੀ।
੫. ਸਾਕੀ ਹੋਇ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ।
੬. ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ।
੭. ਭਗਤ ਵਛਲ ਹੋਇ ਭਗਤ ਭੰਡਾਰੀ ॥੧॥

**ਪਦਾਰਥ**-(ਜੁਹਾਰੀ=ਨਮਸਕਾਰ। ਪਿਰਮ=ਪਿਰੀ ਦਾ। (ਭਾਰੀ=ਖਰਾ ਔਖਾ। ਉਲਸ ਪਿਆਲੇ=ਜੂਠਾ ਪਿਆਲਾ।

**ਅਰਥ**-੧. ਸਤਿਗੁਰੂ ਸਚਾ ਪਾਤਸ਼ਾਹ, ਪਾਤਸ਼ਾਹਾਂ ਦਾ ਪਾਤਸ਼ਾਹ ਹੈ, (ਉਸ ਨੂੰ) ਨਮਸਕਾਰ ਹੈ। ੨. (ਸਤਿਗੁਰੂ) ਸਾਧ ਸੰਗਤ ਦੇ ਸੱਚੇ ਖੰਡ ਵਿਚ ਆਕੇ (ਆਪਣੇ) ਮੁਖ ਰੂਪ ਝਰੋਖੇ ਦੀ (ਰਸਨਾ ਰੂਪ) ਤਾਕੀ ਖੋਲਦੇ ਹਨ, (ਭਾਵ ਉਪਦੇਸ਼ ਕਰਦੇ ਹਨ)। ੩. ਅੰਮ੍ਰਿਤ ਦੀ ਕਿਰਨ ਇੱਕ ਰਸ ਝਰਦੀ ਹੈ, ਅਨਹਦ ਸ਼ਬਦ ਨੂੰ ਦਰਬਾਰੀ (ਜੋ ਗੁਰੂ ਹਨ ਸੋ) ਵਜਾਉਂਦੇ ਹਨ। ੪. (ਹੋਰ) ਪਾਤਸ਼ਾਹ ਦੀ ਕਚਹਿਰੀ ਵਿਖੇ ਪਿਰੀ ਦਾ ਪਿਆਲਾ ਪੀਵਣਾ ਖਰਾ ਔਖਾ ਹੈ। ੫. (ਜਿਸਨੂੰ) ਗੁਰੂ (ਸਾਕੀ ਪ੍ਰੇਮ ਦਾ ਪਿਆਲਾ) ਦਿੰਦੇ ਹਨ, ਉਸ ਪਿਆਲੇ ਦੀ ਜੂਠ ਵਿਚ ਖਰੀ ਮਸਤੀ (ਚੜ੍ਹਦੀ) ਹੈ। ੬. ਪ੍ਰੇਮਾ ਭਗਤੀ ਦੇ ਭੈ ਵਿਖੇ ਚਲਦਾ ਹੈ, ਓਹ (ਦੀਨ ਦੁਨੀਆਂ ਵਲੋਂ) ਮਸਤ ਅਲਮਸਤ ਹੋ ਕੇ (ਫੇਰ ਬੀ) ਹੁਸ਼ਯਾਰ ਰਹਿੰਦਾ ਹੈ (ਭਾਵ, ਬਾਵਲਾ ਨਹੀਂ ਹੋ ਜਾਂਦਾ)। ੭. ਆਪ ਨਿਰੰਕਾਰ (ਉਸ) ਭਗਤ ਦਾ ਭੰਡਾਰੀ ਹੋ ਜਾਂਦਾ ਹੈ (ਭਾਵ, ਸਭ ਭਾਵਨਾ ਪੂਰਨ ਕਰਦਾ ਹੈ)।

**ਭਾਵ**-ਗੁਰਾਂ ਦੇ ਸ਼ਬਦ ਅੰਮ੍ਰਿਤ ਪਿਆਲੇ ਦਾ ਅਮਲ ਅਟੱਲ ਰਹਿੰਦਾ ਹੈ, ਪਰ ਪਾਤਸ਼ਾਹਾਂ ਦੇ ਮਜਲਸਾਂ ਦੇ ਪਿਆਲੇ ਦੀ ਟੋਟ ਆ ਜਾਂਦੀ ਹੈ, ਉਹ ਖਰੀ ਔਖੀ ਹੁੰਦੀ ਹੈ। ਗੁਰੂ ਦੇ ਪਿਆਲੇ ਦੀ ਖੁਮਾਰੀ ਸੱਚੀ ਹੈ।

## ੨. (ਗੁਰਮੁਖ ਸ਼੍ਰੁਤਿ ਦਾ ਭੇਦ ਜਰੇ)।

੧. ਇਕਤੁ ਨੁਕਤੈ ਹੋਇ ਜਾਇ ਮਹਰਮੁ ਮੁਜਰਮੁ ਖੈਰ ਖੁਆਰੀ।

੨. ਮਸਤਾਨੀ ਵਿਚਿ ਮਸਲਤੀ ਗੈਰ ਮਹਲਿ ਜਾਣਾ ਮਨੁ ਮਾਰੀ।
੩. ਗਲ ਨ ਬਾਹਰਿ ਨਿਕਲੈ ਹੁਕਮੀ ਬੰਦੇ ਕਾਰ ਕਰਾਰੀ।
੪. ਗੁਰਮੁਖਿ ਸੁਖ ਫਲੁ ਪਿਰਮ ਰਸੁ ਦੇਹਿ ਬਿਦੇਹ ਵਡੇ ਵੀਚਾਰੀ।
੫. ਗੁਰੁ ਮੂਰਤਿ ਗੁਰ ਸਬਦੁ ਸੁਣਿ ਸਾਧਸੰਗਤਿ ਆਸਣੁ ਨਿਰੰਕਾਰੀ।
੬. ਆਦਿ ਪੁਰਖਿ ਆਦੇਸੁ ਕਰਿ ਅੰਮ੍ਰਿਤ ਵੇਲਾ ਸਬਦੁ ਆਹਾਰੀ।
੭. ਅਵਿਗਤਿ ਗਤਿ ਅਗਾਧ ਬੋਧਿ ਅਕਥ ਕਥਾ ਅਸਗਾਹ ਅਪਾਰੀ।
੮. ਸਹਨਿ ਅਵਟਣ ਪਰਉਪਕਾਰੀ॥੨॥

**ਪਦਾਰਥ**-(ਨੁਕਤਾ=ਬਿੰਦੀ। ਮੁਜਰਮੁ=ਅਪ੍ਰਾਧੀ। ਮਸਲਤੀ=ਨੇਕ ਸਲਾਹ। (ਕਰਾਰੀ=ਤਕੜੀ। ਅਵਟਣ=ਉਬਾਲੇ, ਭਾਵ ਦੁੱਖ।

**ਅਰਥ**-੧. ਇਕ ਨੁਕਤੇ ਥੋਂ 'ਮਹਿਰਮ' ਤੇ 'ਮੁਜਰਮ' ਬਣ ਜਾਂਦਾ ਹੈ, (ਫਾਰਸੀ ਵਿਚ ਮਹਰਮ ਵਾਲੀ 'ਹੇ' ਹੇਠ ਨੁਕਤਾ ਲਗ ਜਾਵੇ ਤਾਂ ਜੀਮ ਵਾਲਾ ਪਦ 'ਮੁਜਰਮ' ਬਣ ਜਾਂਦਾ ਹੈ) ਭਲਿਆਈ ਤੋਂ ਖੁਆਰੀ ਹੋ ਜਾਂਦੀ ਹੈ, (ਭਾਵ ਜੋ ਮਹਰਮ=ਜਾਣੂੰ ਭੇਤ ਨਾ ਰੱਖੇ ਤਦ ਉਸ ਨਾਲ ਜੋ ਨੇਕੀ ਹੁੰਦੀ ਸੀ ਉਸਦੀ ਖੁਆਰੀ ਹੁੰਦੀ ਹੈ, ਅਰ ਉਹ ਮੁਜਰਿਮ ਬਣ ਜਾਂਦਾ ਹੈ)। ੨. ਮਸਤਾਨੀ ਵਿਚ ਮਸਲਤੀ ਹੈ ਗੈਰ ਮਹੱਲ ਵੱਲ ਜਾਣ ਵਲੋਂ ਮਨ ਨੂੰ ਰੋਕੋ, (ਮਸਤਾਨੇ ਰਹਿਣ ਵਿਚ ਨੇਕ ਸਲਾਹ ਹੈ ਕਿ ਦੂਜੇ ਥਾਂ ਨਹੀਂ ਜਾਂਦਾ, ਅਥਵਾ ਮਨ ਮਾਰ ਰਖੇ, ਦੂਈ ਥਾਂ ਪਰ ਮਨ ਨਾ ਧਰੇ, ਕੁਸੰਗ ਨਾ ਕਰੇ ਤੇ ਭੇਤ ਜਰਕੇ ਰੱਖਣ ਲਈ ਨੇਕ ਸਲਾਹ ਇਹ ਹੈ ਕਿ ਪਿਛਲੀ ਪੌੜੀ ਵਿਚ ਕਹੀ ਹੋਈ ਮਸਤੀ ਧਾਰ ਲਵੇ)। ੩. ਗੱਲ ਨਾ ਬਾਹਰ ਕੱਢੇ, ਹੁਕਮ ਦਾ ਦਾਸ ਹੋ ਕੇ ਗੁਰੂ ਦੀ ਸੇਵਾ ਤਕੜੀ ਕਰੇ। ੪. (ਜਿਨ੍ਹਾਂ) ਗੁਰਮੁਖਾਂ ਨੂੰ ਪ੍ਰੇਮ ਦਾ ਰਸ ਆਇਆ ਹੈ, ਓਹ (ਸੁਖ ਫਲ=) ਆਤਮ ਸੁਖ ਨੂੰ ਪਾਕੇ ਦੇਹ ਦੇ ਰਸਾਂ ਥੋਂ ਖਿਦੇਹ ਰਹਿੰਦੇ ਹਨ ਤੇ ਵੀਚਾਰਦੇ ਹਨ :-(**"ਰੁਖੀ ਸੁਖੀ ਖਾਇਕੇ ਠੰਢਾ ਪਾਣੀ ਪੀਉ॥"** ਤਾਤਪਰਜ ਇਹ ਕਿ ਨਿਰਬਾਹ ਮਾਤ੍ਰ ਲੈਂਦੇ ਹਨ)। ੫. ਗੁਰਾਂ ਦੇ ਸ਼ਬਦ ਨੂੰ (ਸੱਚੇ) ਗੁਰੂ ਦਾ ਰੂਪ ਜਾਣਕੇ ਸੁਣਦੇ ਹਨ (ਤੇ) ਸਾਧ ਸੰਗਤ ਨੂੰ ਨਿਰੰਕਾਰ ਦਾ ਆਸਣ (ਰਾਜ ਗੱਦੀ ਜਾਣਦੇ ਹਨ)। ੬. ਵਾਹਿਗੁਰੂ ਨੂੰ ਮੱਥਾ ਟਕਕੇ ਪ੍ਰਾਤਹਕਾਲ ਸ਼ਬਦ ਦਾ ਭੋਜਨ ਕਰਦੇ ਹਨ (ਅਥਵਾ ਆਸਾ ਦੀ ਵਾਰ ਜਾਂ ਹੋਰ ਸ਼ਬਦਾਂ ਦੇ ਪਾਠ ਬਾਝ ਰੋਟੀ ਨਹੀਂ ਖਾਂਦੇ)। ੭. ਅਬਿਗਤ (ਜਿਸਦੀ ਗਤੀ ਨਾ ਲਖੀ ਜਾਏ), ਡੂੰਘੇ ਗਯਾਨ ਵਾਲਾ, ਕਥਨ ਤੋਂ ਅਕਥ, ਬੇਅੰਤ, ਪਾਰ ਥੋਂ ਰਹਿਤ (ਵਾਹਿਗੁਰੂ ਨੂੰ ਜਾਣਕੇ)। ੮. ਆਪਣੇ ਉੱਪਰ ਦੁਖ ਝੱਲ ਲੈਂਦੇ ਹਨ ਪਰੋਪਕਾਰੀ ਹੋਕੇ।

**ਭਾਵ**-ਗੁਰਮੁਖ ਲੋਕ ਸਾਰੇ ਵਾਹਿਗੁਰੂ ਵਯਾਪਕ ਸਮਝਕੇ ਸਭ ਨਾਲ ਜਲ ਦੁਧ ਵਾਂਗੂੰ ਪਿਅਰ ਕਰਦੇ ਹਨ, ਦੂਜੇ ਸਤਿਸੰਗ ਵਿਚੋਂ ਪ੍ਰਾਪਤ ਹੋਏ ਪਰਮਾਰਥ ਦੇ ਗੁੱਝੇ ਭੇਤਾਂ ਨੂੰ ਜਰਕੇ ਰਖਦੇ ਹਨ, ਪ੍ਰਗਟ ਕੀਤੇ ਤੇ ਹਾਨੀ ਹੁੰਦੀ ਹੈ।

## ੩. (ਗੁਰਸਿਖ ਕਉਣ ਸਦਾਵੇ)।

੧. ਗੁਰਮੁਖਿ ਜਨਮ ਸਕਾਰਥਾ ਗੁਰ ਸਿਖ ਮਿਲਿ ਗੁਰਸਰਣੀ ਆਇਆ।
੨. ਆਦਿ ਪੁਰਖ ਆਦੇਸੁ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ।
੩. ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਮਲ ਗੁਰ ਲਾਇਆ।
੪. ਸਤਿਗੁਰੁ ਪੁਰਖ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ।
੫. ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗੁ ਪੈਰੀਂ ਪਾਇਆ।
੬. ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰੁ ਤਜਾਇਆ।

੭. ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
੮. ਗੁਰਸਿਖਿ ਲੈ ਗੁਰਸਿਖੁ ਸਦਾਇਆ ॥੩॥

**ਪਦਾਰਥ**-(ਆਦਿ ਪੁਰਖ=ਵਾਹਿਗੁਰੂ, (ਅ) ਗੁਰੂ ਨਾਨਕ ਜੀ, (ੲ) ਗੁਰ ਸ਼ਬਦ।)

**ਅਰਥ**-੧.(ਉਸ ਗੁਰਮੁਖ ਦਾ ਜਨਮ ਸਫਲ ਹੈ (ਜਿਹੜਾ) ਗੁਰੂ ਦੇ ਸਿਖਾਂ ਦੇ ਨਾਲ ਮਿਲ ਕੇ ਗੁਰੂ ਦੀ ਸ਼ਰਣੀ ਆ ਲੱਗਾ ਹੈ (ਭਾਵ ਗੁਰੂ ਅਰਜਨ ਦੇਵ ਜੀ ਦੇ ਚਰਨ ਪਕੜੇ ਹਨ)। ੨.ਆਦਿ ਪੁਰਖ (ਗੁਰ ਸ਼ਬਦ) ਦੇ ਅੱਗੇ ਮੱਥਾ ਟੇਕ ਕੇ ਸਫਲ ਮੂਰਤੀ ਗੁਰੂ ਦਾ ਦਰਸ਼ਨ ਪਾਇਆ ਹੈ, (ਭਾਵ ਗੁਰਬਾਣੀ ਹੀ ਆਦਿ ਪੁਰਖ ਵਾਹਿਗੁਰੂ ਦਾ ਰੂਪ ਜਾਣਦਾ ਹੈ)। ੩.ਪਰਕਰਮਾਂ ਕਰਕੇ ਮੱਥਾ ਟੇਕ ਕੇ ਮਸਤਕ ਗੁਰੂ ਦੇ ਚਰਨਾਂ ਕਮਲਾਂ ਨਾਲ ਲਇਆ। ੪.ਸਤਿਗੁਰੂ ਪੁਰਖ ਨੇ ਦਿਆਲ ਹੋ ਕੇ ਵਾਹਿਗੁਰੂ ਦਾ ਸੱਚਾ ਮੰਤਰ (ਉਸ ਨੂੰ) ਸੁਣਾ ਦਿੱਤਾ। ੫.ਸੱਚੀ ਰਾਸ (ਨਾਮ ਦੀ ਪ੍ਰਾਪਤ ਕਰਕੇ) ਸੱਚੀ ਜੁਗਤ ਨਾਲ ਉਸ ਨੂੰ ਧਾਰ ਲੈਂਦਾ ਹੈ; (ਆਪ ਗੁਰੂ ਦੀ) ਪੈਰੀਂ ਪਿਆ ਸੀ, (ਹੁਣ) ਜਗਤ ਉਸਦੀ ਪੈਰੀਂ ਪੈਂਦਾ ਹੈ। ੬.(ਸਾਰੇ) ਵਿਰੋਧੀ (ਵਿਸ਼ੇ) ਕਾਮਾਦਿਕ ਛੱਡ ਦਿੱਤੇ ਹਨ। ੭.ਸਤ, ਸੰਤੋਖ, ਦਯਾ, ਧਰਮ (ਸ਼ੁਭ ਗੁਣ) ਨਾਮ ਦਾਨ ਤੇ ਇਸ਼ਨਾਨ ਦ੍ਰਿੜ੍ਹ ਕੀਤੇ ਹਨ। ੮.(ਜਿਸ ਨੇ ਅਜੇਹੀ) ਗੁਰੂ ਦੀ ਸਿੱਖਯਾ (ਯਾ ਗੁਰੂ ਦੀ ਸਿਖੀ) ਲੀਤੀ ਹੈ ਗੁਰੂ ਦਾ ਸਿੱਖ (ਉਸੇ) ਸਦਵਾਇਆ ਹੈ।

**ਭਾਵ**-ਜਿਹੜੇ ਗੁਣ ਕਥਨ ਕੀਤੇ ਹਨ ਜੋ ਧਾਰਣ ਕਰੇ ਉਹੀ ਗੁਰੂ ਦਾ ਪੂਰਾ ਸਿਖ ਹੈ, ਕਿਉਂ ਜੋ ਉਹ ਸਮਝਦਾ ਹੈ- **"ਕਰਿ ਡੰਡਉਤ ਪੁਨੁ ਵਡਾ ਹੇ॥"** (ਗਉ:ਮ:੧) ਨਾਮ ਦਾਨ ਇਸ਼ਨਾਨ ਬਿਨਾਂ ਦੂਜੀ ਗੱਲ ਨਹੀਂ ਕਰਦਾ : **"ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥"** (ਮਾਝ:ਮ:੫-ਬਾਰਾ ਮਾਹ)

## ੪. (ਗੁਰਮੁਖ)।

੧. ਸਬਦ ਸੁਰਤਿ ਲਿਵਲੀਣੁ ਹੋਇ ਸਾਧ ਸੰਗਤਿ ਸਚਿ ਮੇਲਿ ਮਿਲਾਇਆ।
੨. ਹੁਕਮ ਰਜਾਈ ਚਲਣਾ ਆਪੁ ਗਵਾਇ ਨ ਆਪੁ ਜਣਾਇਆ।
੩. ਗੁਰ ਉਪਦੇਸੁ ਆਵੇਸੁ ਕਰਿ ਪਰਉਪਕਾਰਿ ਅਚਾਰਿ ਲੁਭਾਇਆ।
੪. ਪਿਰਮ ਪਿਆਲਾ ਅਪਿਉ ਪੀ ਸਹਜ ਸਮਾਈ ਅਜਰੁ ਜਰਾਇਆ।
੫. ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਕੈ ਭਲਾ ਮਨਾਇਆ।
੬. ਇਕ ਮਨਿ ਇਕੁ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ।
੭. ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ ॥੪॥

**ਪਦਾਰਥ**-(ਲਿਵ=ਪ੍ਰੀਤੀ ਆਵੇਸੁ=ਪ੍ਰਵੇਸ਼ ਅਚਾਰਿ=ਕੰਮ।

**ਅਰਥ**-੧.ਸ਼ਬਦ ਦੀ ਸੁਰਤ ਦੀ ਲਿਵ (ਪ੍ਰੀਤਿ) ਵਿਖੇ ਮਗਨ ਹੋਕੇ ਸੰਗਤਾਂ ਵਿਚ ਸੱਚਾ ਮੇਲ ਕੀਤਾ ਹੈ। ੨.(ਰਜਾਈ=) ਵਾਹਿਗੁਰੂ ਦੇ ਹੁਕਮ ਵਿਚ ਚੱਲਕੇ (ਜਿਨ੍ਹਾਂ) ਆਪਾ ਭਾਵ ਗਵਾ ਦਿੱਤਾ ਹੈ (ਉਹਨਾਂ ਨੇ) ਆਪਣਾ ਆਪ ਨਹੀਂ ਜਣਾਇਆ (ਭਾਵ ਅਪਣਾ ਆਪ ਸਵਾਰ ਲੀਤਾ ਤੇ ਨਿਰਮਾਣ ਹੋ ਗਏ ਹਨ)। ੩.ਗੁਰ ਉਪਦੇਸ਼ ਵਿਖੇ ਪਰਵੇਸ਼ ਕਰਕੇ ਪਰੋਪਕਾਰੀ ਕੰਮਾਂ ਵਿਚ ਪ੍ਰੀਤ ਕੀਤੀ ਹੈ। ੪.ਪਿਆਰੇ ਦੇ ਅੰਮ੍ਰਿਤ ਦਾ ਪਿਆਲਾ ਪੀਕੇ ਸਹਜ (ਪਦ ਵਿਖੇ ਸੁਰਤ) ਸਮਾਈ ਹੈ ਤੇ ਅਜਰ (ਵਾਹਿਗੁਰੂ ਗਿਆਨ) ਨੂੰ ਜਰ ਲੀਤਾ ਹੈ (ਅਥਵਾ ਵਿਸ਼ੇ ਦਮਨ ਕੀਤੇ ਹਨ)। ੫.ਮਿੱਠਾ ਬੋਲਕੇ, ਨਿਉਂ ਚੱਲਕੇ, ਹਥੋਂ ਦੇਕੇ (ਉਨ੍ਹਾਂ ਨੇ) ਭਲਾ ਮਨਾਇਆ ਹੈ। ੬.ਇਕ (ਵਾਹਿਗੁਰੂ) ਨੂੰ (ਉਨ੍ਹਾਂ ਨੇ) ਇਕ ਮਨ ਹੋਕੇ ਅਰਾਧਿਆ ਹੈ ਤੇ ਦੁਬਿਧਾ ਅਰ ਦੂਈ ਦਾ ਡਰ ਦੂਰ ਕੀਤਾ ਹੈ।੭.ਗੁਰਮੁਖ ਨੇ ਆਪਣੇ ਪਦ (ਸ੍ਵਯੰ ਸਰੂਪ ਨੂੰ ਪ੍ਰਾਪਤ ਹੋਕੇ) ਸੁਖ ਰੂਪੀ ਫਲ ਪਾਇਆ ਹੈ।

**ਭਾਵ**-ਜਿਹੜੇ ਗੁਰਮੁਖ ਕਿਸੇ ਨੂੰ ਫਿੱਕਾ ਨਹੀਂ ਬੋਲਦੇ ਤੇ ਨਿਵ ਚੱਲਦੇ ਹਨ ਧਰਮ ਦੀ

ਕਮਾਈ ਵਿਚੋਂ ਵੰਡ ਖਾਂਦੇ, ਕਿਸੇ ਨਾਲ ਦੁਬਿਧਾ ਨਹੀਂ ਕਰਦੇ, ਉਨ੍ਹਾਂ ਨੇ ਆਤਮ ਸੁਖ ਦਾ ਫਲ ਆਪਣੇ ਪਦ ਅਸਥਾਨ ਵਿਚ ਹੀ ਪਾ ਲੀਤਾ ਹੈ, ਅਥਵਾ ਆਪਣੇ ਸਰੂਪ ਦਾ ਹੀ ਸੁਖ ਫਲ ਪਾ ਲੀਤਾ ਹੈ।

## ੫, (ਗੁਰ ਸਿੱਖੀ)।

੧. ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।
੨. ਓਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ।
੩. ਵਾਲਹੁੰ ਨਿਕੀ ਆਖੀਐ ਤੇਲੁ ਤਿਲਹੁੰ ਲੈ ਕੋਲ੍ਹੁ ਪੀੜੀ।
੪. ਗੁਰਮੁਖਿ ਵੰਸੀ ਪਰਮਹੰਸ ਖੀਰ ਨੀਰ ਨਿਰਨਉ ਚੁੰਜਿ ਵੀੜੀ*।
੫. ਸਿਲਾ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ।
੬. ਗੁਰਮੁਖਿ ਮਾਰਗਿ ਚਲਣਾ ਆਸ ਨਿਰਾਸੀ ਝੀੜ ਉਝੀੜੀ।
੭. ਸਹਜਿ ਸਰੋਵਰਿ ਸਚਖੰਡਿ ਸਾਧ ਸੰਗਤਿ ਸਚ ਤਖਤਿ ਹਰੀੜੀ।
੮. ਚੜ੍ਹਿ ਇਕੀਹ ਪਤਿ ਪਉੜੀਆ ਨਿਰੰਕਾਰੁ ਗੁਰ ਸਬਦੁ ਸਹੀੜੀ।
੯. ਗੂੰਗੈ ਦੀ ਮਠਿਆਈਐ ਅਕਥ ਕਥਾ ਵਿਸਮਾਦੁ ਬਚੀੜੀ।
੧੦. ਗੁਰਮੁਖਿ ਸੁਖ ਫਲ ਸਹਜਿ ਅਲੀੜੀ ॥੫॥

**ਪਦਾਰਥ**-(ਭੀੜੀ=ਤੰਗ। ਭੁਣਹਣਾ=ਮੱਛਰ। ਵੀੜੀ=ਵੀਚਾਰ ਦੀ। ਨਿਵੀੜੀ=ਨਵੀਨ। (ਝੀੜ ਉਝੀੜੀ=ਸੂਖਮ ਤੇ ਸੂਖਮ। ਹਰੀੜੀ=ਹਰੀ ਦਾ। ਸਹੀੜੀ=ਸਹੇੜਿਆ(ਵਾ ਸਹਿਆ। ਬਚੀੜੀ=ਵਾਚਦੇ ਹਨ। ਲਲੀੜੀ=ਸ੍ਵਾਦਨ ਕਰ ਰਹੇ ਹਨ।

**ਅਰਥ**-੧. ਗੁਰਸਿੱਖੀ ਵੱਡੀ ਮਹੀਨ ਹੈ, ਖੰਡੇ ਦੀ ਧਾਰ ਵਾਂਙੂ ਤਿੱਖੀ ਤੇ ਤੰਗ ਗਲੀ ਹੈ। ੨. ਓਥੇ ਮੱਛਰ ਟਿਕ ਨਹੀਂ ਸਕਦਾ ਤੇ ਉਪਰ ਕੀੜੀ ਚਲ ਨਹੀਂ ਸਕਦੀ। ੩. ਵਾਲ ਤੋਂ ਨਿੱਕੀ ਕਹੀਦੀ ਹੈ, (ਜਿੱਕੁਰ) ਕੋਲ੍ਹੂ ਵਿਖੇ ਤੇਲ ਤਿਲਾਂ ਤੋਂ ਲੈ ਪੀੜੀਦਾ ਹੈ। ੪. ਜੋ ਗੁਰਮੁਖਾਂ ਦੀ ਵੰਸ਼ ਵਿੱਚੋਂ ਹਨ (ਓਹ) ਪਰਮਹੰਸ ਹਨ ਦੁੱਧ ਤੇ ਪਾਣੀ ਨਿਤਾਰਦੇ ਹਨ, ਉਨ੍ਹਾਂ ਦੀ ਚੁੰਝ ਵਿਚਾਰ ਦੀ ਹੁੰਦੀ ਹੈ। ੫. (ਉਨ੍ਹਾਂ ਨੇ) ਅਲੂਣੀ ਸਿਲਾ ਚੱਟਣੀ ਹੈ, ਮਾਣਕ ਤੇ ਮੋਤੀਆਂ ਦੀ ਚੋਗ ਨਵੀਨ ਹੈ (ਭਾਵ ਸੰਤ ਗੁਣਾਂ ਦੀ ਚੋਗ ਚੁਗਦੇ ਹਨ)। ੬. ਗੁਰਮੁਖਾਂ ਦੇ ਰਸਤੇ ਚਲਣਾ ਤਾਂ ਹੁੰਦਾ ਹੈ ਜਦ ਸੂਖਮ ਤੇ ਸੂਖਮ ਬੀ ਆਸਾ ਤੋਂ ਨਿਰਸੀ (ਬੁਧ) ਹੋ ਜਾਵੇ, (ਭਾਵ ਰੰਚਕ ਬੀ ਆਸ ਨਾ ਫੁਰੇ)। ੭. ਸ਼ਾਂਤੀ ਦਾ ਤਲਾਉ ਤੇ ਸੱਚਾ ਖੰਡ, ਸਾਧ ਸੰਗਤ ਹਰੀ ਦਾ ਸੱਚਾ ਤਖਤ ਹੈ। ੮. (ਵੀਹ ਵਿਸਵੇ ਸੰਸਾਰ ਨੂੰ ਛੱਡਕੇ) ਇਕੀਵੀਂ ਪਤ ਦੀ ਪੌੜੀ ਪੁਰ ਚੜ੍ਹਦੇ ਹਨ ਜੋ ਨਿਰੰਕਾਰ ਰੂਪ ਗੁਰੂ ਦੇ ਸ਼ਬਦ ਨੂੰ ਸਹੇੜਦੇ (ਧਾਰਦੇ ਜਾਂ ਸਹਾਰਦੇ ਹਨ) ੯. ਗੁੰਗੇ ਦੀ ਮਿਠਾਈ (ਵਾਂਙੂੰ ਉਸ ਆਨੰਦ ਨੂੰ ਓਹੀ ਲੋਕ ਜਾਣਦੇ) ਅਚਰਜ ਰੂਪ ਅਕਥ ਕਥਾ ਨੂੰ ਵਾਚਦੇ ਹਨ। ੧੦. ਗੁਰਮੁਖ (ਆਤਮ ਸੁਖ ਦਾ) ਸੁਖ ਫਲ ਸਹਿਜੇ ਹੀ (ਅਲੀੜੀ=) ਲੈ ਰਹੇ ਹਨ, (ਭਾਵ ਸ੍ਵਾਦਨ ਕਰ ਰਹੇ ਹਨ)।

**ਭਾਵ**-ਖੰਡੇ ਦੀ ਧਾਰ ਵਾਂਙੂ ਭਗਤੀ ਮਾਰਗ ਹੈ, ਸਰੀਰ ਵਿਚੋਂ ਤਿਲਾਂ ਵਾਂਙ ਵਿਸ਼ੇ ਵਿਕਾਰ ਨਿਕਲ ਜਾਣ, ਹੰਸ ਵਾਗੂੰ ਤੱਤ ਮਿਥਯਾ ਦਾ ਵਿਵੇਚਨ ਕਰਕੇ ਅਲੂਣੀ ਸਿਲਾ ਦੀ ਚੱਟਣੀ ਕਰੇ। "**ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥**" (ਸ:ਫਰੀਦ-੧੦੧) ਇਕੀਵੀਂ ਪਉੜੀ ਪਤਿ ਦੀ ਸ਼ਬਦ ਨੂੰ ਸਮਝਕੇ ਵੀਹ ਵਿਸਵੇ ਜਗਤ ਨੂੰ ਛੱਡ ਦਿੰਦੇ ਹਨ, ਅਜਿਹੇ ਗੁਰਮੁਖ ਸ਼ਾਂਤਿ ਰੂਪ ਆਤਮ ਰਸ ਦਾ ਸਵਾਦ ਲੈਂਦੇ ਹਨ।

*ਪਾ-ਜੁਨਿਵੀੜੀ।

## ੬. (ਗੁਰ ਚਰਨ ਕਮਲ)।

੧. ਗੁਰਮੁਖਿ ਸੁਖ ਫਲ ਪਿਰਮ ਰਸੁ ਚਰਣੋਦਕੁ ਗੁਰ ਚਰਣ ਪਖਾਲੇ।
੨. ਮੁਖ ਸੰਪੁਟ ਵਿਚਿ ਰਖਿਕੈ ਚਰਣ ਕਵਲ ਮਕਰੰਦ ਪਿਆਲੇ।
੩. ਕਉਲਾਲੀ ਸੂਰਜ ਮੁਖੀ ਲਖ ਕਵਲ ਖਿੜਦੇ ਰਲੀਆਲੇ।
੪. ਚੰਦ੍ਰ ਮੁਖੀ ਹੁਇ ਕੁਮੁਦਨੀ ਚਰਣ ਕਵਲ ਸੀਤਲ ਅਮੀਆਲੇ।
੫. ਚਰਣ ਕਵਲ ਦੀ ਵਾਸਨਾ ਲਖ ਸੂਰਜ ਹੋਵਨਿ ਅਲਿ ਕਾਲੇ।
੬. ਲਖ ਤਾਰੇ ਸੂਰਜਿ ਚੜ੍ਹੇ ਜਿਉ ਛਪਿ ਜਾਨਿ ਨ ਆਪ ਸਮ੍ਹਾਲੇ।
੭. ਚਰਣ ਕਵਲ ਦਲ ਜੋਤਿ ਵਿਚਿ ਲਖ ਸੂਰਜਿ ਲੁਕਿ ਜਾਨਿ ਰਵਾਲੇ।
੮. ਗੁਰਸਿਖ ਲੈ ਗੁਰ ਸਿਖ ਸੁਖਾਲੇ ॥੬॥

**ਪਦਾਰਥ**-(ਪਖਾਲੇ=ਧੋਕੇ। ਸੰਪੁਟ=ਡੱਬਾ। ਮਕਰੰਦ=ਰਸ ਜੋ ਫੁੱਲਾਂ ਦੇ ਅੰਦਰ ਹੁੰਦਾ ਹੈ। (ਕਉਲਾਲੀ=ਕੌਲਾਂ ਦੀ।

**ਅਰਥ**-੧. ਗੁਰਮੁਖ ਸੁਖ ਰੂਪ ਫਲ ਪਿਰੀ ਦਾ ਰਸ (ਸਮਝ ਕੇ) ਗੁਰੂ ਦੇ ਚਰਨ ਧੋਕੇ ਚਰਣਾਮ੍ਰਿਤ ੨. ਮੂੰਹ ਦੇ ਡਬੇ ਵਿਚ ਰਖਕੇ ਚਰਨ ਕਵਲਾਂ ਦੇ ਰਸਾਂ ਦੇ ਪਿਆਲੇ ਬਣਾਉਂਦੇ ਹਨ (ਭਾਵ ਵਡੇ ਅਦਬ ਨਾਲ ਲੈਂਦੇ ਹਨ)। ੩. ਸੂਰਜ ਮੁਖੀ, ਕੌਲਾਂ ਦੇ ਸਮੂਹ (ਗੁਰਾਂ ਦੇ ਚਰਣ ਕਵਲ ਰੂਪ ਸੂਰਜ ਨੂੰ) ਦੇਖਕੇ ਖਿੜਦੇ ਤੇ ਖੁਸ਼ੀਆਂ ਕਰਦੇ ਹਨ। ੪. ਚੰਦਰ ਮੁਖੀ ਕਵੀਆਂ (ਸਾਡੇ ਗੁਰਾਂ ਦੇ) ਚਰਣ ਕਮਲ ਨੂੰ ਸੀਤਲ (ਚੰਦ੍ਰਮਾ ਸਮਝਕੇ) ਅੰਮ੍ਰਿਤ ਲੈਂਦੀਆਂ ਹਨ (ਭਾਵ ਸੂਰਜ ਤੇ ਚੰਦ੍ਰਮਾ ਦੀ ਕੁਝ ਲੋੜ ਹੀ ਨਹੀਂ, ਸਿੱਖ ਸਿੱਖਣੀਆਂ ਗੁਰਾਂ ਦੇ ਚਰਨਾਂ ਪੁਰ ਮਗਨ ਹਨ)। ੫. (ਗੁਰਾਂ ਦੇ) ਚਰਣਾਂ ਕਵਲਾਂ ਦੀ ਵਾਸ਼ਨਾ ਪੁਰ ਲੱਖਾਂ ਸੂਰਜ ਕਾਲੇ ਭੌਰ ਹੋ ਜਾਂਦੇ ਹਨ (ਭਾਵ, ਤੇਜ ਨਹੀਂ ਸਹਾਰ ਸਕਦੇ ਅਥਵਾ ਭੌਰਿਆਂ ਵਾਂਙ ਪ੍ਰੀਤ ਕਰਦੇ ਹਨ)। ੬. ਜਿਸ ਤਰ੍ਹਾਂ ਸੂਰਜ ਚੜ੍ਹੇ ਤੋਂ ਲਖਾਂ ਤਾਰੇ ਛਿਪ ਜਾਂਦੇ ਹਨ ਆਪਾ ਨਹੀਂ ਸੰਮ੍ਹਾਲ ਸਕਦੇ। ੭. (ਤਿਵੇਂ ਗੁਰਾਂ ਦੇ) ਚਰਣ ਕਵਲਾਂ ਦੇ ਪੱਤ੍ਰ ਦੀ ਜੋਤ ਵਿਚ ਲੱਖਾਂ ਸੂਰਜ (ਰਵਾਲ=) ਧੂੜ ਵਾਂਙੂ ਲੁਕ ਜਾਂਦੇ ਹਨ। ੮. ਗੁਰਾਂ ਦੀ ਸਿੱਖਯਾ ਲੈਕੇ ਗੁਰੂ ਦੇ ਸਿੱਖ ਸੁੱਖਾਂ ਦੇ ਘਰ ਹੋ ਗਏ।

**ਭਾਵ**-ਇਥੇ ਅਤਯੇਤ ਪ੍ਰੀਤਿ ਵਰਨਨ ਕੀਤੀ ਹੈ ਕਿ ਸੂਰਜ ਦੇ ਅੱਗੇ ਲੱਖਾਂ ਤਾਰੇ ਛਿਪਦੇ, ਗੁਰੂ ਦੇ ਚਰਣ ਕਵਲ ਦੇ ਇਕ ਪੱਤਰ ਵਿਖੇ ਲੱਖਾਂ ਸੂਰਜ ਲੁਕਦੇ ਹਨ। ਸੂਰਜ ਕੌਲਾਂ ਨੂੰ ਖਿੜਾਉਂਦਾ ਹੈ ਤੇ ਕਵੀਆਂ ਨੂੰ ਮੁਰਝਾਉਂਦਾ ਹੈ, ਇਹ ਦੋਹਾਂ ਨੂੰ ਆਨੰਦ ਦਿੰਦੇ ਹਨ। ਅਜਿਹੇ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੀ ਜੋ ਸਿਖਿਆ ਧਾਰਨ ਕਰਦੇ ਹਨ ਸੋ ਸੁਖਾਂ ਦੇ ਘਰ ਹੁੰਦੇ ਹਨ।

## ੭. (ਏਕਤਾ ਪਰ ਦ੍ਰਿਸ਼ਟਾਂਤ)।

੧. ਚਾਰਿ ਵਰਨ ਇਕ ਵਰਨ ਕਰਿ ਵਰਨ ਅਵਰਨ ਤਮੋਲ ਗੁਲਾਲੇ।
੨. ਅਸਟ ਧਾਤੁ ਇਕੁ ਧਾਤੁ ਕਰਿ ਵੇਦ ਕਤੇਬ ਨ ਭੇਦੁ ਵਿਚਾਲੇ।
੩. ਚੰਦਨ ਵਾਸੁ ਵਣਾਸੁਪਤਿ ਅਫਲ ਸਫਲ ਵਿਚਿ ਵਾਸੁ ਬਹਾਲੇ।
੪. ਲੋਹਾ ਸੋਇਨਾ ਹੋਇਕੈ ਸੁਇਨਾ ਹੋਇ ਸੁਗੰਧਿ ਵਿਖਾਲੇ।
੫. ਸੋਇਨੇ ਅੰਦਰਿ ਰੰਗ ਰਸ ਚਰਣਾਂਮ੍ਰਿਤ ਅੰਮ੍ਰਿਤੁ ਮਤਵਾਲੇ।
੬. ਮਾਣਕ ਮੋਤੀ ਸੁਇਨਿਅਹੁ ਜਗਮਗ ਜੋਤਿ ਹੀਰੇ ਪਰਵਾਲੇ।
੭. ਦਿਬ ਦੇਹਿ ਦਿਬ ਦਿਸਟਿ ਹੋਇ ਸਬਦ ਸੁਰਤਿ ਦਿਬ ਜੋਤਿ ਉਜਾਲੇ।
੮. ਗੁਰਮੁਖਿ ਸੁਖ ਫਲੁ ਰਸਿਕ ਰਸਾਲੇ ॥੭॥

**ਪਦਾਰਥ**-(ਤਮੋਲ=ਪਾਨਾਂ ਦਾ ਬੀੜਾ। ਗੁਲਾਲ=ਪੋਸਤ ਦਾ ਫੁਲ। ਪਰਵਾਲੇ=ਮੂੰਗੇ। ਦਿਬ=ਸ੍ਰੇਸ਼ਟ।)

**ਅਰਥ**-੧.ਚਾਰ ਵਰਣਾਂ (ਵਿਚੋਂ ਭਲੇ ਬੁਰੇ ਵਰਣ ਦੀ ਉਪਾਧਿ ਨੂੰ ਛੱਡਕੇ) ਇਕ ਵਰਣ ਕੀਤਾ, (ਜਿਕੁਰ) ਪਾਨਾਂ ਦਾ ਬੀੜਾ (ਇਕ) ਗੁਲਾਲ (ਪੋਸਤ ਦੇ ਫੁਲ ਵਾਂਙੂ) ਲਾਲ ਰੰਗ ਹੀ ਦੇਂਦਾ ਹੈ। ੨.(ਪਾਰਸ) ਅੱਠਾਂ ਧਾਤਾਂ ਦੀ ਧਾਤ ਇਕ (ਸੋਨਾ) ਬਣਾਉਂਦਾ ਹੈ, (ਇਕੁਰ ਹੀ ਗੁਰ ਸ਼ਬਦ) ਵੇਦ ਕਤੇਬਾਂ ਦੇ ਵਿਚ ਭੇਦ ਨਹੀਂ ਰਖਦਾ, (ਭਾਵ ਲੱਖਯ ਵਲ ਬਿਰਤੀ ਜੋੜਦਾ ਹੈ ਅਰ ਬੇਦ ਕਤੇਬ ਉਪਾਸ਼ਕ ਸਭ ਨੂੰ ਉਪਦੇਸ਼ ਕਰਦਾ ਹੈ)। ੩.ਚੰਦਨ ਵਾਸ਼ਨਾ ਵਾਲਾ ਬਨ ਵਿਖੇ ਅਫਲ ਤੇ ਫਲਾਂ ਵਾਲੇ (ਬ੍ਰਿਛਾਂ) ਵਿਖੇ (ਆਪਣੀ) ਵਾਸ਼ਨਾ ਵਾੜਦਾ ਹੈ (ਪਰ ਵਾਂਸ ਨੂੰ ਨਹੀਂ ਚੰਦਨ ਕਰ ਸਕਦਾ)। ੪.ਲੋਹਾ (ਆਪ) ਸੋਨਾ ਬਣਕੇ ਫੇਰ ਸੋਨੇ ਵਿਚ ਸੁਗੰਧੀ ਦਸਦਾ ਹੈ। (ਸੋਨਾ ਤੇ ਸੁਗੰਧੀ ਦੋ ਕੱਠੇ ਨਹੀਂ ਹੁੰਦੇ ਪਰ ਨੀਚ ਜਾਤ ਦਾ ਲੋਹਾ ਰੂਪ ਆਦਮੀ ਸਿਖ ਹੋਕੇ ਸੋਨੇ ਵਾਂਙ ਕੀਮਤੀ ਹੋ ਜਾਂਦਾ ਹੈ ਤੇ ਪਰੋਪਕਾਰੀ ਰੂਪ ਉਸ ਵਿਚ ਸੁਗੰਧੀ ਵਸਦੀ ਹੈ)। ੫.(ਫੇਰ ਉਸ ਗੁਰਮੁਖ) ਸੋਨੇ ਵਿਚ ਰੰਗ (ਨਾਮ ਦਾ) ਤੇ ਰਸ (ਪ੍ਰੇਮ ਦਾ) ਪੈਂਦਾ ਹੈ, ਗੁਰੂ ਦੇ ਚਰਣ ਜਲ ਰੂਪ ਅੰਮ੍ਰਿਤ ਨੂੰ (ਪਾਨ ਕਰ ਜਗਤ ਵਲੋਂ) ਮਤਵਾਲੇ ਹੋ ਰਹਿੰਦੇ ਹਨ। ੬.(ਫੇਰ ਉਸ) ਸੋਨੇ ਵਿਚੋਂ ਮਾਣਕ ਆਦਿ ਹੀਰੇ ਤੇ ਮੂੰਗੇ ਪ੍ਰਕਾਸ਼ਵਾਨ ਨਿਕਲਦੇ ਹਨ (ਉਸ ਤੋਂ ਅਗੇ ਨਾਮ ਅਭਿਆਸੀ ਹੁੰਦੇ ਹਨ, ਯਾ ਆਤਮ ਅਵਸਥਾ ਦੇ ਮੋਤੀ ਹੀਰੇ ਪੈਦਾ ਹੁੰਦੇ ਹਨ)। ੭.(ਫਲ) ਦਿੱਬ ਦੇਹ ਤੇ ਦਿੱਬ ਦ੍ਰਿਸ਼ਟੀ ਹੋ ਕੇ ਸ਼ਬਦ ਦੀ ਸੁਰਤ ਵਿਖੇ ਸ਼੍ਰੇਸ਼ਟ ਜੋਤੀ ਦਾ ਪ੍ਰਕਾਸ਼ ਹੁੰਦਾ ਹੈ। ੮.ਗੁਰਮੁਖ (ਲੋਕ) ਆਤਮ ਸੁਖ ਫਲ ਦੇ ਮਨੋਂ ਤਨੋਂ ਪ੍ਰੇਮੀ ਹੁੰਦੇ ਹਨ।

**ਭਾਵ**-ਚੂਨਾ; ਕੱਥਾ, ਸੁਪਾਰੀ ਤੇ ਪਾਨ ਦਾ ਜਦ ਬੀੜਾ ਬਣਦਾ ਹੈ ਤਦ ਪੋਸਤ ਦੇ ਗੂਹੜੇ ਲਾਲ ਫੁਲ ਵਾਂਗੂੰ ਰੰਗ ਨਿਕਲਦਾ ਹੈ, ਤਿਵੇਂ ਜਦ ਗੁਰ ਸ਼ਬਦ ਕਰਕੇ ਆਤਮ ਗਿਆਨ ਹੁੰਦਾ ਹੈ ਤਦ ਚਾਰ ਵਰਣਾਂ ਦਾ ਦੇਹ ਅਭਿਮਾਨ ਛੁਟਕੇ ਇਕ ਆਤਮ ਦ੍ਰਿਸ਼ਟੀ ਹੋ ਜਾਂਦੀ ਹੈ। ਦੂਜਾ ਦ੍ਰਿਸ਼ਟਾਂਤ - ਪਾਰਸ ਅੱਠਾਂ ਧਾਤਾਂ ਨੂੰ ਸੋਨਾ ਕਰਦਾ ਹੈ, ਇਥੇ ਖੱਤ੍ਰੀ ਬ੍ਰਾਹਮਣ, ਸ਼ੂਦਰ, ਵੈਸ਼, ਚਾਰ ਵਰਣ ਤੇ ਬ੍ਰਹਮਚਾਰੀ, ਗ੍ਰਿਹਸਤੀ, ਬਾਨਪ੍ਰਸਥੀ, ਸੰਨਯਾਸੀ, ਇਨ੍ਹਾਂ ਅੱਠਾਂ ਧਾਤਾਂ ਦੀਆਂ ਪੁਤਲੀਆਂ ਸੋਨਾ ਹੋ ਕੇ ਹੋਰਨਾਂ ਨੂੰ ਬੀ ਸੋਨਾ ਕਰਦੀਆਂ ਹਨ। ਇਹ ਗੱਲ ਇਨ੍ਹਾਂ ਵਿਖੇ ਵਿਸ਼ੇਖ ਹੈ ਕਿਉਂ ਜੋ ਪਾਰਸ ਨਾਲ ਛੋਹ ਜੋ ਸੋਨਾ ਬਣਦਾ ਹੈ ਹੋਰ ਨੂੰ ਸੋਨਾ ਨਹੀਂ ਕਰ ਸਕਦਾ, ਦੂਜਾ ਇਸ ਸੋਨੇ ਤੋਂ ਮੋਤੀ ਤੇ ਮਾਣਕ ਆਦਿ ਅਮੋਲਕ ਪਦਾਰਥ ਸ਼ੁਭ ਗੁਣਾਂ ਰੂਪੀ ਨਿਕਲਦੇ ਹਨ, ਇਸ ਗੱਲ ਦਾ ਅਚਰਜ ਨਹੀਂ ਹੈ ਦੇਖੋ ਸਿੱਪ ਜਦ ਸ੍ਵਾਂਤੀ ਬੂੰਦ ਪੀਂਦੀ ਹੈ ਅਮੋਲਕ ਰਤਨ ਕੱਢਦੀ ਹੈ, ਏਥੇ ਗੁਰਮੁਖ ਲੋਕ ਗੁਰੂ ਚਰਣਾਂਮ੍ਰਿਤ ਰੂਪੀ ਸ੍ਵਾਂਤੀ ਬੂੰਦ ਨੂੰ ਪਾਨ ਕਰ ਗੁਣਾਂ ਦੇ ਅਮੋਲਕ ਮੋਤੀ ਕੱਢਦੇ ਹਨ।

## ੮, (ਗੁਰਮੁਖਾਂ ਦੀ ਪ੍ਰੀਤਿ ਵਰਣਨ)।

੧. ਪਿਰਮ ਪਿਆਲਾ ਸਾਧ ਸੰਗ ਸਬਦ ਸੁਰਤਿ ਅਨਹਦ ਲਿਵ ਲਾਈ।
੨. ਧਿਆਨੀ ਚੰਦ ਚਕੋਰ ਗਤਿ ਅੰਮ੍ਰਿਤ ਦ੍ਰਿਸਟਿ ਸ੍ਰਿਸਟਿ ਵਰਸਾਈ।
੩. ਘਨਹਰ ਚਾਤ੍ਰਿਕ ਮੋਰ ਜਿਉ ਅਨਹਦ ਧੁਨਿ ਸੁਣਿ ਪਾਇਲ ਪਾਈ।
੪. ਚਰਣ ਕਵਲ ਮਕਰੰਦ ਰਸਿ ਸੁਖ ਸੰਪੁਟ ਹੁਇ ਭਵਰੁ ਸਮਾਈ।
੫. ਸੁਖ ਸਾਗਰ ਵਿਚਿ ਮੀਨ ਹੋਇ ਗੁਰਮੁਖਿ ਚਾਲਿ ਨ ਖੋਜ ਖੁਜਾਈ।
੬. ਅਪਿਓ ਪੀਅਣੁ ਨਿਝਰ ਝਰਣ ਅਜਰੁ ਜਰਣ ਨਾ ਅਲਖੁ ਲਖਾਈ।
੭. ਵੀਹ ਇਕੀਹ ਉਲੰਘਿਕੈ ਗੁਰਸਿਖ ਗੁਰਮੁਖਿ ਸੁਖਿ ਫਲ ਪਾਈ।
੮. ਵਾਹਿਗੁਰੂ ਵਡੀ ਵਡਿਆਈ ॥੮॥

**ਅਰਥ**-੧.ਪਿਰੀ ਦਾ ਪਿਆਲਾ ਸਾਧ ਸੰਗਤ (ਵਿਚ ਪੀ ਕਰਕੇ) ਸ਼ਬਦ ਦੀ ਸੁਰਤ ਵਿਚ ਇਕ ਰਸ ਲਿਵ ਲਾ ਛੱਡਦੇ ਹਨ। ੨.ਚੰਦ ਦੇ (ਧਿਆਨ ਵਿਚ) ਚਕੋਰ ਵਾਂਙੂ ਧਿਆਨੀ ਹੋ ਕੇ ਉਨ੍ਹਾਂ ਦੀ ਦ੍ਰਿਸ਼ਟਿ

ਵਿਚੋਂ ਸ੍ਰੇਸ਼ਟ ਅੰਮ੍ਰਿਤ ਵਸਦਾ ਹੈ, (ਭਾਵ ਅੰਗਾਰਾ ਬੀ ਸੀਤਲ ਭਾਸਦਾ ਹੈ)। ੩.ਚਾਤ੍ਰਿਕ (ਵਾਂਙੂ ਸ੍ਵਾਂਤੀ ਬੂੰਦ ਮੰਗਦੇ ਹਨ) ਤੇ ਮੋਰ ਵਾਂਙੂ ਬੱਦਲ ਦੀ ਅਨਹਦ ਧੁਨੀ ਸੁਣਕੇ 'ਪਾਇਲਾਂ ਪਾਉਂਦੇ (ਅਤਿ ਪ੍ਰਸੰਨ ਹੁੰਦੇ) ਹਨ। ੪.ਚਰਣ ਕਵੰਲਾਂ ਦੇ ਮਕਰੰਦ ਦਾ (ਸਵਾਦ ਲੈਣ ਲਈ) ਭੌਰੇ ਹੋ ਕੇ ਸੁਖ ਦੇ ਡੱਬੇ ਵਿਚ ਸਮਾ ਜਾਂਦੇ ਹਨ (ਮਗਨ ਰਹਿੰਦੇ ਹਨ) ੫.ਸੁਖਾਂ ਰੂਪ ਸਮੁੰਦਰ ਵਿਖੇ ਮੱਛੀ (ਵਾਂਙੂ ਰਹਿੰਦੇ) ਹਨ, ਗੁਰਮੁਖਾਂ ਦੀ ਚਾਲ ਤੇ ਖੋਜ ਦਾ ਪਤਾ ਨਹੀਂ ਲਗਦਾ (ਸਤਿਸੰਗ ਵਿਚ ਰਹਿ ਕੇ ਬੀ ਜਣਾਉਂਦੇ ਨਹੀਂ)। ੬.ਅੰਮ੍ਰਿਤ ਪੀਂਦੇ ਝਰਣੇ ਝਰਦੇ 'ਅਜਰ' ਜਰਦੇ (ਫੇਰ) ਅਲਖ ਹਨ, ਲਖੇ ਨਹੀਂ ਜਾਂਦੇ (ਇਹ ਕਿ ਆਪ ਅੰਮ੍ਰਿਤ ਪੀ ਕਰਕੇ ਹੋਰਨਾਂ ਪੁਰ ਬੀ ਝਰਦੇ ਹਨ)। ੭.('ਵੀਹ ਵਿਸਵੇ') ਤ੍ਰੈਗੁਣ ਤੇ (ਇਕੀਹ) ਤੁਰੀਆ ਪਦ ਥੋਂ ਲੰਘਕੇ ਗੁਰੂ ਦੇ ਸਿੱਖ ਗੁਰੂ ਦੇ ਮੁਖ ਦਾ ਫਲ (ਅਰਥਾਤ ਯਥਾਰਥ ਦਾ ਫਲ) ਪਾਉਂਦੇ ਹਨ। ੮.ਧੰਨ ਗੁਰੂ ਹੈ ਉਸੇ ਦੀ ਵਡੀ ਸ਼ੋਭਾ ਹੈ।

**ਭਾਵ**-ਗੁਰਮੁਖ ਲੋਕ ਆਪਣੇ ਗੁਰੂ ਨਾਲ ਚਕੋਰ, ਚਾਤ੍ਰਿਕ, ਭੌਰ, ਮਛੀ ਵਾਂਙੂ ਪ੍ਰੀਤਿ ਕਰਦੇ ਹਨ।

## ੯. (ਗੁਰੂ ਪ੍ਰੀਤੀ)।

੧. ਕਛੂ ਆਂਡਾ ਧਿਆਨੁ ਧਰਿ ਕਰਿ ਪਰਪਕੁ ਨਦੀ ਵਿਚਿ ਆਣੈ।
੨. ਕੂੰਜ ਰਿਦੈ ਸਿਮਰਣੁ ਕਰੈ ਲੈ ਬਚਾ ਉਡਦੀ ਅਸਮਾਣੈ।
੩. ਖਤਕ ਬੱਚਾ ਤੁਰਿਤੁਰਾ ਜਲ ਥਲ ਵਰਤੈ ਸਹਜਿ ਵਿਡਾਣੈ।
੪. ਕੋਇਲ ਪਾਲੇ ਕਾਵਣੀ ਮਿਲਦਾ ਜਾਇ ਕੁਟੰਬ ਸਿਞਾਣੈ।
੫. ਹੰਸੁ ਵੰਸੁ ਵਸਿ ਮਾਨਸਰਿ ਮਾਣਕ ਮੋਤੀ ਚੋਗ ਚੁਗਾਣੈ।
੬. ਗਿਆਨ ਧਿਆਨਿ ਸਿਮਰਣਿ ਸਦਾ ਸਤਿਗੁਰ ਸਿਖੁ ਰਖੈ ਨਿਰਬਾਣੈ।
੭. ਭੂਤ ਭਵਿਖਹੁੰ ਵਰਤਮਾਨ ਤ੍ਰਿਭਵਣ ਸੋਝੀ ਮਾਣੁ ਨਿਮਾਣੈ।
੮. ਜਾਤੀ ਸੁੰਦਰ ਲੋਕ ਨ ਜਾਣੈ ॥੯॥

**ਪਦਾਰਥ**-(ਵਿਡਾਣੈ=ਅਚਰਜ ਹੰਸ ਵੰਸੁ=ਹੰਸਵੰਸ=ਹੰਸ ਦੇ ਬੱਚੇ। ਨਿਰਬਾਣੈ=ਨਿਰਬੰਧ।

**ਅਰਥ**-੧.ਕੱਛੂਕੁੰਮਾਂ ਆਪਣੇ ਅੰਡੇ (ਰੇਤ ਵਿਚ ਦੱਬਕੇ) ਧਿਆਨ ਨਾਲ ਹੀ ਪਾਲਕੇ ਨਦੀ ਵਿਖੇ ਲੈ ਆਉਂਦਾ ਹੈ। ੨.ਕੂੰਜ ਭੀ ਰਿਦੇ ਵਿਚ ਯਾਦਗੀਰੀ ਨਾਲ (ਪਾਲਕੇ) ਆਸਮਾਨ ਨੂੰ ਬੱਚਾ ਲੈ ਉਡਦੀ ਹੈ। ੩.ਬੱਤਖ ਦਾ ਬੱਚਾ ਥਲ ਵਿਚ ਤੁਰਕੇ ਜਲ ਵਿਚ ਤਰਕੇ ਸੁਭਾਵਕ ਹੀ ਅਚਰਜ (ਕ੍ਰੀੜਾ ਕਰ ਰਿਹਾ) ਹੈ। ੪.ਕੋਇਲ ਦੇ ਬੱਚੇ ਕਾਂਵਣੀ ਪਾਲਦੀ ਹੈ (ਜਦ ਵੱਡੇ ਹੁੰਦੇ ਹਨ ਮਾਂ ਦੀ ਬੋਲੀ) ਸਿਞਾਣਕੇ ਕੁਟੰਬ ਵਿਚ ਜਾ ਮਿਲਦੇ ਹਨ। ੫.ਹੰਸਾਂ ਦੇ ਬੱਚੇ ਮਾਨ ਸਰੋਵਰ ਪੁਰ ਰਹਿਕੇ ਮਾਣਕ ਮੋਤੀਆਂ ਦੀ ਚੋਗ ਚੁਗਦੇ ਹਨ। ੬.ਗਿਆਨ ਧਿਆਨ ਦਾ ਸਦਾ ਸਿਮਰਣ ਦੇ ਕੇ ਸਤਿਗੁਰੂ ਸਿਖਾਂ ਨੂੰ ਨਿਰਬੰਧ ਰਖਦੇ ਹਨ (ਵਿਖਿਆਂ ਵਿਖੇ ਫੱਸਣ ਨਹੀਂ ਦਿੰਦੇ)। ੭.ਤਿੰਨਾਂ ਕਾਲਾਂ ਦੀ ਤੇ ਤਿੰਨਾਂ ਭਵਨਾਂ ਦੀ ਸੋਝੀ (ਹੋਕੇ ਬੀ ਗੁਰਮੁਖ) ਮਾਣ ਥੋਂ ਨਿਰਮਾਣ (ਹੀ ਰਹਿੰਦੇ) ਹਨ। ੮.(ਗੁਰਮੁਖਾਂ ਦੀ) ਜਾਤ ਸੁੰਦਰ ਹੈ, (ਪਰ) ਲੋਕ ਨਹੀਂ ਜਾਣਦੇ (ਅਥਵਾ ਗੁਰਮੁਖਾਂ ਦੀ ਸੁੰਦਰਤਾ 'ਜਾਤੀ' ਕੁਦਰਤੀ ਹੈ)।

**ਭਾਵ**-ਸਤਿਗੁਰੂ ਆਪਣੇ ਸਿਖਾਂ ਦੀ ਕੂੰਜ ਕੱਛੂ ਆਦਿਕ ਵਾਂਙੂ ਸਿਮਰਣ ਨਾਲ ਰਖਯਾ ਰਖਦੇ ਹਨ, ਪਰੰਤੂ ਕਿਧਰੇ ਪਰਾਰਬਧ ਦੇ ਵੇਗ ਨਾਲ ਕੁਸੰਗ ਵਿਚ ਜਾਣ ਤਾਂ ਓਹ ਫੇਰ ਗੁਰੂ ਦਾ ਸ਼ਬਦ ਸੁਣਕੇ ਸੰਗਤ ਵਿਚ ਆ ਮਿਲਦੇ ਹਨ, ਕਿਉਂ ਜੋ ਉਨ੍ਹਾਂ ਦਾ ਜਾਤੀ ਸੁਭਾਉ ਹੀ ਉੱਤਮ ਹੈ। ਕੁਕੜੀ ਦੇ ਬੱਚੇ ਵੀ ਹੰਸਾਂ ਦੇ ਬੱਚਿਆਂ ਦੀ ਰੀਸ ਨਾਲ ਪਿਛੇ ਲੱਗ ਤੁਰਦੇ ਹਨ ਪਰ ਜਦ ਅਗੇ ਪਾਣੀ ਆ ਜਾਵੇ ਤਾਂ ਬੱਤਕ ਬੱਚਿਆਂ ਨੂੰ ਨਾਲ ਲੈਕੇ ਵਿਚ ਠਿਲ ਪੈਂਦੀ ਹੈ; ਪਰ ਕੁਕੜੀ ਦੇ ਬੱਚੇ ਪਿਛਾਂਹ ਮੁੜ

ਕੇ ਅਰੂੜੀ ਪੁਰ ਹੀ ਆਪਣਾ ਚੋਗਾ ਚੁਗਦੇ ਹਨ। ਕੋਇਲ ਦਾ ਬੱਚਾ ਕਾਵਾਂ ਦੇ ਕੁਸੰਗ ਵਿਚੋਂ ਫੇਰ ਮਾਂ ਦੀ ਬੋਲੀ ਸੁਣਕੇ ਪਰਵਾਰ ਵਿਚ ਆ ਜਾਂਦਾ ਹੈ, ਤਿਵੇਂ ਸਿੱਖ ਫਸਕੇ ਬੀ ਨਿਕਲ ਆਉਂਦੇ ਹਨ।

## ੧੦. (ਗੁਰ ਸਿੱਖ ਦੀ ਵਿਸ਼ੇਖਤਾ)।

੧. ਚੰਦਨ ਵਾਸ ਵਣਾਸਪਤਿ ਬਾਵਨ ਚੰਦਨਿ ਚੰਦਨ ਹੋਈ।
੨. ਫਲ ਵਿਣੁ ਚੰਦਨੁ ਬਾਵਨਾ ਆਦਿ ਅਨਾਦਿ ਬਿਅੰਤੁ ਸਦੋਈ।
੩. ਚੰਦਨੁ 'ਬਾਵਨ ਚੰਦਨਹੁੰ ਚੰਦਨ ਵਾਸੁ ਨ ਚੰਦਨੁ ਕੋਈ।
੪. ਅਸਟੁਧਾਤੁ ਇਕੁ ਧਾਤੁ ਹੋਇ ਪਾਰਸ ਪਰਸੇ ਕੰਚਨ ਜੋਈ।
੫. ਕੰਚਨ ਹੋਇ ਨ ਕੰਚਨਹੁੰ ਵਰਤਮਾਨ ਵਰਤੈ ਸਭਿ ਲੋਈ।
੬. ਨਦੀਆਂ ਨਾਲੇ ਗੰਗ ਸੰਗਿ ਸਾਗਰ ਸੰਜਮਿ ਖਾਰਾ ਸੋਈ।
੭. ਬਗੁਲਾ ਹੰਸੁ ਨ ਹੋਵਈ ਮਾਨ ਸਰੋਵਰ ਜਾਇ ਖਲੋਈ।
੮. ਵੀਹਾਂ ਦੈ ਵਰਤਾਰੈ ਓਹੀ ॥੧੦॥

**ਪਦਾਰਥ**-(ਵਨਾਸਪਤਿ=ਬ੍ਰਿਛ ਬੂਟੇ। ਸਦੋਈ=ਕਹੀਦਾ ਹੈ। ਜੋਈ=ਜੇਹੜਾ।

**ਅਰਥ**-੧.ਚੰਦਨਾਂ ਵਿਚੋਂ ਜੋ ਬਾਵਨ ਚੰਦਨ ਹੈ ਉਸ ਚੰਦਨ ਦੀ ਵਾਸ ਨਾਲ (ਸਾਰੀ) ਵਣਾਸਪਤੀ (ਚੰਦਨ) ਹੋ ਜਾਂਦੀ ਹੈ। ੨.(ਆਪ) ਬਾਵਨ ਚੰਦਨ ਫਲਾਂ ਤੋਂ ਬਿਨਾਂ ਹੈ, ਪਰ ਸਦਾ ਤੋਂ ਅਮੋਲਕ ਕਿਹਾ ਜਾਂਦਾ ਹੈ। ੩.ਬਾਵਨ ਚੰਦਨ ਤੋਂ (ਜੋ) ਚੰਦਨ (ਹੁੰਦਾ ਹੈ ਉਸ) ਚੰਦਨ ਦੀ ਵਾਸ਼ਨਾ ਨਾਲ ਹੋਰ ਕੋਈ ਚੰਦਨ ਨਹੀਂ ਹੁੰਦਾ। (ਪਰ ਗੁਰੂ ਤੋਂ ਬਣੇ ਹੋਏ ਸਿਖ ਹੋਰਨਾਂ ਨੂੰ ਆਪ ਸਮਾਨ ਕਰ ਸਕਦੇ ਹਨ)। ੪.ਅੱਠਾਂ ਧਾਤਾਂ ਦੀ ਇਕ ਧਾਤ (ਲੋਹਾ ਹੋ ਕੇ) ਜਿਹੜਾ ਪਾਰਸ ਨੂੰ ਛੁਹਕੇ ਸੋਨਾ ਬਣਦਾ ਹੈ (ਫਲ ਅੱਗੇ ਦਸਦੇ ਹਨ)। ੫.(ਉਸ) ਕੰਚਨ ਥੋਂ ਹੋਰ (ਲੋਹਾ) ਛੁਹਾਕੇ ਕੰਚਨ ਨਹੀਂ (ਬਣਦਾ ; ਇਹ) ਵਰਤਮਾਨ ਗੱਲ ਲੋਕਾਂ ਵਿਚ ਵਰਤ ਰਹੀ (ਪ੍ਰਸਿੱਧ ਹੈ, ਪਰ ਗੁਰੂ ਦੇ ਸਿੱਖ ਹੋਰ ਜਾਤੀ ਨੂੰ ਆਪ ਸਮਾਨ ਕਰ ਸਕਦੇ ਹਨ)। ੬.ਨਦੀਆਂ ਨਾਲੇ ਗੰਗਾ ਤੇ ਸਮੁੰਦਰ ਦੀ ਸੰਗਤ ਨਾਲ ਖਾਰੇ ਹੋ ਜਾਂਦੇ ਹਨ।੭.ਬਗਲਾ ਭਾਵ (ਮਨਮੁਖ) ਹੰਸ ਨਹੀਂ ਬਣੂੰ (ਭਾਵੇਂ) ਮਾਨ ਸਰੋਵਰ ਪੁਰ ਜਾ ਖਲੋਵੇ। ੮.(ਕਿਉਂ ਜੋ) ਉਹ (ਮਨਮੁਖ ਲੋਕ) ਵੀਹਾਂ ਦੇ ਵਰਤਾਰੇ ਵਿਚ ਹਨ (ਭਾਵ ਜਗਤ ਵਿਖੇ ਫਸੇ ਹੋਏ ਹਨ)।

**ਭਾਵ**-ਬਾਵਨ ਚੰਦਨ ਤੇ ਪਾਰਸ ਇਹ ਬ੍ਰਿਛਾਂ ਤੇ ਲੋਹੇ ਨੂੰ ਚੰਦਨ ਤੇ ਸੋਨਾ ਕਰ ਸਕਦੇ ਹਨ, ਪਰੰਤੂ ਆਪ ਸਮਾਨ ਨਹੀਂ ਕਰ ਸਕਦੇ, ਗੁਰੂ ਮਹਾਰਾਜ ਜੀ ਤੇ ਗੁਰੂ ਕੇ ਸਿੱਖ ਆਪ ਸਮਾਨ ਕਰ ਦਿੰਦੇ ਹਨ।

## ੧੧. ( ਤਖਾ ਦ੍ਰਿਸ਼ਟਾਂਤ )।

੧. ਗੁਰਮੁਖਿ ਇਕੀ ਪੌੜੀਆਂ ਗੁਰਮੁਖਿ ਸੁਖ ਫਲੁ ਨਿਜ ਘਰਿ ਭੋਈ।
੨. ਸਾਧ ਸੰਗਤਿ ਹੈ ਸਹਜ ਘਰਿ ਸਿਮਰਣੁ ਦਰਸਿ ਪਰਸਿ ਗੁਣ ਗੋਈ।
੩. ਲੋਹਾ ਸੁਇਨਾ ਹੋਇਕੈ ਸੁਇਨਿਅਹੁੰ ਸੁਇਨਾ ਜਿਉਂ ਅਵਿਲੋਈ।
੪. ਚੰਦਨੁ ਬੋਹੈ ਨਿੰਮੁ ਵਣੁ ਨਿੰਮਹੁੰ ਚੰਦਨੁ ਬਿਰਖੁ ਪਲੋਈ।
੫. ਗੰਗੋਦਕ ਚਰਣੋਦਕਹੁੰ ਗੰਗੋਦਕ ਮਿਲਿ ਗੰਗਾ ਹੋਈ।
੬. ਕਾਗਹੁੰ ਹੰਸੁ ਸੁਵੰਸੁ ਹੋਇ ਹੰਸਹੁੰ ਪਰਮ ਹੰਸੁ ਵਿਰਲੋਈ।

੭. ਗੁਰਮੁਖਿ ਵੰਸੀ ਪਰਮਹੰਸੁ ਕੂੜ ਸਚੁ ਨੀਰੁ ਖੀਰੁ ਵਿਲੋਈ।
੮. ਗੁਰ ਚੇਲਾ ਚੇਲਾ ਗੁਰ ਹੋਈ ॥੧੧॥

ਪਦਾਰਥ-(ਭੋਈ=ਮਿਲਣਾ। ਗੋਈ=ਕਹਿਣਾ। ਵਣ=ਬੂਟਾ। ਪਲੋਈ=ਪਲਨਾ।
(ਵਿਲੋਈ=ਰਿੜਕ ਕੇ ਵੱਖ ਕਰਨਾ। (ਅ) ਵਿਰਲਾ ਹੈ।

ਅਰਥ-੧. ਗੁਰਮੁਖ ਇੱਕੀ (ਤੁਰੀਆ ਪਦ ਦੀਆਂ) ਪੌੜੀਆਂ ਵਿਚ ਹੋਕੇ ਗੁਰੂ ਦਵਾਰੇ ਨਿਜ ਸਰੂਪ ਵਿਚ ਹੀ ਮਿਲ ਜਾਂਦੇ ਹਨ। ੨. ਸੰਤਾਂ ਦੀ ਸੰਗਤ ਸ਼ਾਂਤੀ ਦਾ ਘਰ ਹੈ, (ਈਸ਼੍ਵਰ ਦੇ) ਸਿਮਰਨ, ਦਰਸ਼ਨ ਤੇ ਪਰਸਨ ਦੇ ਗੁਣ ਕਹਿੰਦੇ ਹਨ। ੩. ਲੋਹਾ (ਪਾਰਸ ਨਾਲ ਛੁਹਕੇ) ਸੋਨਾ ਹੋ ਕੇ ਸੋਨੇ ਦੀ ਤਰ੍ਹਾਂ ਹੀ ਦੇਖੀਦਾ, ਹੈ। ੪. ਨਿੰਮ ਦਾ ਬੂਟਾ ਬਨ ਵਿਚ ਚੰਦਨ ਤੋਂ ਪਲਦਾ ਹੈ, (ਫੇਰ ਉਹ) ਨਿੰਮ ਦਾ ਬੂਟਾ ਚੰਦਨ ਹੀ ਹੋ ਮਹਿਕਦਾ ਹੈ। ੫. ਗੰਗਾ ਦਾ ਪਾਣੀ ਚਰਣਾਂਮ੍ਰਿਤੋਂ ਗੰਗੋਦਕ ਨਾਲ ਮਿਲਕੇ (ਫੇਰ) ਗੰਗਾ ਹੋ ਜਾਂਦਾ ਹੈ। ੬. ਕਾਂ ਤੋਂ ਚੰਗੀ ਵੰਸ ਵਾਲਾ ਹੰਸ ਹੁੰਦਾ ਹੈ ਪਰ ਹੰਸ ਥੋਂ ਪਰਮਹੰਸ (ਕੋਈ) ਵਿਰਲਾ ਹੁੰਦਾ ਹੈ। ੭. ਗੁਰਮੁਖਾਂ ਦੀ ਪੀਹੜੀ ਵਿਚ ਪਰਮਹੰਸ ਹੋਕੇ ਪਾਣੀ ਤੇ ਦੁੱਧ ਨੂੰ ਰਿੜਕਦਾ ਹੈ (ਤਤ ਮਿੱਥਯਾ ਦਾ ਵਿਵੇਚਨ ਕਰਦਾ ਹੈ)। ੮. ਜੋ ਗੁਰੂ ਦਾ ਚੇਲਾ (ਹੁੰਦਾ ਹੈ ਉਹ) ਚੇਲਿਓਂ ਗੁਰੂ ਹੋ ਜਾਂਦਾ ਹੈ।

ਭਾਵ-ਇਹ ਸਾਰੇ ਦ੍ਰਿਸ਼ਟਾਂਤ ਮਾਨੁੱਖ ਮਾਤ੍ਰ ਦੇ ਗੁਰੂ ਦੇ ਸੰਗ ਨਾਲ 'ਉਹ ਦ੍ਰਿਸ਼ਟ' (ਉਹੀ ਰੂਪ) ਹੋ ਜਾਣ ਬਾਬਤ ਹਨ। ਇਹ ਉਹੀ ਸਰੂਪ ਹੋਣਾ ਕੇਵਲ ਸੰਸਾਰਕ ਖੇਡ ਨਹੀਂ ਹੈ, ਸਗੋਂ ਆਤਮ ਆਨੰਦ ਤੇ ਰਸ ਦੇ ਉਤਪਤ ਹੋਕੇ ਜੀਵਨ ਮੁਕਤਿ ਹੋ ਜਾਣ ਦਾ ਨਾਮ ਹੈ।

## ੧੨. (ਗੁਰ ਸਿਖ ਸੰਧੀ)।

੧. ਕਛੂ ਬਚਾ ਨਦੀ ਵਿਚਿ ਗੁਰ ਸਿਖ ਲਹਰਿ ਨ ਭਵਜਲ ਬਿਆਪੈ।
੨. ਕੂੰਜ ਬਚਾ ਲੈਇ ਉਡਰੈ ਮੁੰਨਿ ਸਮਾਧਿ ਅਗਾਧਿ ਨ ਜਾਪੈ।
੩. ਹੰਸੁ ਵੰਸੁ ਹੈ ਮਾਨਸਰਿ ਸਹਜ ਸਰੋਵਰਿ ਵਡ ਪਰਤਾਪੈ।
੪. ਬਤਕ ਬਚਾ ਕੋਇਲੈ ਨੰਦ ਨੰਦਨ ਵਾਸੁਦੇਵ ਮਿਲਾਪੈ।
੫. ਰਵਿ ਸਸਿ ਚਕਵੀ ਤੈ ਚਕੋਰ ਸਿਵ ਸਕਤੀ ਲੰਘਿ ਵਰੈ ਸਰਾਪੈ।
੬. ਅਨਲ ਪੰਖਿ ਬਚਾ ਮਿਲੈ ਨਿਰਾਧਾਰ ਹੋਇ ਸਮਝੈ ਆਪੈ।
੭. ਗੁਰ ਸਿਖ ਸੰਧਿ ਮਿਲਾਵਣੀ ਸਬਦੁ ਸੁਰਤਿ ਪਰਚਾਇ ਪਛਾਪੈ।
੮. ਗੁਰਮੁਖਿ ਸੁਖ ਫਲੁ ਥਾਪਿ ਉਥਾਪੈ ॥੧੨॥

ਪਦਾਰਥ-(ਨੰਦ ਨੰਦਨ=ਕ੍ਰਿਸ਼ਨ। ਅਨਲ ਪੰਛੀ=ਅਕਾਸ਼ੀ ਪੰਛੀ।
(ਮਿਲਾਵਣੀ=ਮੇਲਾਵੜੀ, ਹਿਤ ਵਾਲੀ। ਪਛਾਪੈ=ਪਛਾਣਨਾ।

ਅਰਥ-੧. ਕਛੂ ਬੱਚੇ (ਵਾਂਙੂ) ਨਦੀ ਵਿਚ ਗੁਰੂ ਦੇ ਸਿਖ ਨੂੰ ਸੰਸਾਰ ਸਮੁੰਦਰ ਦੀ ਲਹਿਰ ਨਹੀਂ ਵਿਆਪਦੀ (ਕਿਉਂ ਜੋ ਕੱਛੂ ਉਸ ਦੀ ਹਿਮਾਯਤ ਰਖਦਾ ਹੈ) ੨. ਕੂੰਜ ਬੱਚੇ ਨੂੰ ਲੈ ਕੇ (ਸੁੰਨ ਸਮਾਧਿ) ਡੂੰਘੇ ਆਕਾਸ਼ਾਂ ਵਿਚ ਬੇ-ਮਲੂਮ ਉਡਦੀ ਹੈ। ੩. ਹੰਸਾਂ ਦੇ ਬੱਚੇ ਮਾਨਸਰੋਵਰ ਪੁਰ, ਜੋ ਸ਼ਾਂਤਿ ਦਾ ਤਲਾਵ ਵਡੇ ਪ੍ਰਤਾਪ ਵਾਲਾ ਹੈ, (ਵਸਦੇ) ਹਨ। ੪. ਕੋਇਲ ਬੱਚੇ (ਨੂੰ ਕਾਵਣੀ ਦੇ ਆਹਲਣਿਓਂ ਕੱਢ ਕੇ ਅੰਖਾਂ ਪੁਰ ਜਾਂਦੀ ਹੈ) ਤੇ ਬੱਤਕ (ਬੱਚੇ ਨੂੰ ਮੁਰਗੀਆਂ ਨਾਲੋਂ ਅਲੱਗ ਕਰਕੇ ਨਦੀ ਵਿਖੇ, ਜਿਵੇਂ) ਕ੍ਰਿਸ਼ਨ (ਗੋਪਾਂ ਵਿਚ ਪਲਕੇ) ਵਾਸਦੇਵ ਨੂੰ ਮਿਲਿਆ ਸੀ, (ਤਿਵੇਂ ਸਿਖ ਵਿਸ਼ੇ ਕੁਸੰਗਾਂ ਤੋਂ ਨਿਕਲਕੇ ਸਾਧ ਸੰਗਤ ਵਿਚ ਆ ਜਾਂਦੇ ਹਨ)। ੫. ਸੂਰਜ ਨਾਲ ਚਕਵੀ ਅਤੇ ਚੰਦ੍ਰਮਾ ਨਾਲ ਚਕੋਰ (ਵਾਂਙੂ ਗੁਰੂ ਨਾਲ ਪ੍ਰੀਤ

ਕਰਦੇ ਹਨ) ਸ਼ਿਵ ਤੇ ਸ਼ਕਤੀ ਦੇ ਵਰ ਸਰਾਪਾਂ ਥੋਂ ਲੰਘ ਗਏ ਹਨ, (ਕਿਸ ਦੇਵ ਦੇਵੀ ਦੀ ਪਰਵਾਹ ਨਹੀਂ ਰੱਖਦੇ)। ੬.ਅਨਲ ਪੰਖੀ ਨੂੰ ਬੱਚਾ ਮਿਲ ਪੈਂਦਾ ਹੈ, ਨਿਰਾਧਾਰ ਹੋ ਕੇ ਬੀ ਆਪਣੇ (ਪਿਤਾ ਨੂੰ) ਸਮਝਦਾ ਹੈ। ੭.ਗੁਰੂ ਤੇ ਸਿਖ ਦੀ ਸੰਗਤ (ਮੇਲਾਵੜੀ) ਹਿਤ ਵਾਲੀ ਹੈ, ਸ਼ਬਦ ਦੀ ਸੁਰਤ ਤੇ ਪ੍ਰੇਮ ਨੂੰ (ਸਿੱਖ) ਪਛਾਣਦੇ ਹਨ। ੮.ਗੁਰਮੁਖ ਆਤਮ ਫਲ ਨੂੰ ਥਾਪਦੇ (ਤੇ ਅਨਾਤਮ ਫਲ ਨੂੰ) ਦੂਰ ਕਰਦੇ ਹਨ।

**ਭਾਵ**-ਕੱਛੂ, ਕੂੰਜ, ਹੰਸ, ਬੱਤਕ ਵਾਂਙੂ ਗੁਰੂ ਆਪਣੇ ਸਿੱਖ ਨਾਲ ਤੇ ਸਿਖ ਗੁਰੂ ਨਾਲ ਚਕਵੀ ਤੇ ਚਕੋਰ ਵਾਂਙੂ ਪ੍ਰੀਤ ਕਰਦੇ ਹਨ, ਇਹ ਸੰਧੀ ਵਡੇ ਹਿਤ ਵਾਲੀ ਹੈ, ਹੋਰ ਮੇਲ ਮਿਲਾਪ ਮਾਯਾਵੀ ਹੁੰਦੇ ਹਨ, ਇਸ ਦਾ ਫਲ ਗੁਰਮੁਖਾਂ ਨੂੰ ਆਤਮ ਸੁਖ ਦਾ ਸੁਖ ਫਲ ਪ੍ਰਾਪਤ ਹੁੰਦਾ ਹੈ।

**ਸੂਚਨਾ**-ਭਾਈ ਸਾਹਿਬ ਜੀ ਪਾਸ ਸਿਖਾਂ ਪ੍ਰਸ਼ਨ ਕੀਤਾ : ਮਹਾਰਾਜ ! ਜੇਹੜਿਆਂ ਸਿੱਖਾਂ ਦੀ ਮਹਿਮਾ ਆਪ ਨੇ ਵਰਣਨ ਕੀਤੀ ਹੈ ਓਹ ਕਿਹੜੇ ਹਨ ਉਨ੍ਹਾਂ ਦੇ ਨਾਮ ਕ੍ਰਿਪਾ ਕਰਕੇ ਦੱਸੋ ?

ਆਪ ਨੇ ਬਚਨ ਕੀਤਾ :- ਭਾਈਓ ! ਗੁਰ ਨਾਨਕ ਜੀ ਦਾ ਅਵਤਾਰ ਜਗਤ ਦੇ ਉਧਾਰ ਲਈ ਹੋਇਆ ਹੈ, ਜਿੰਨੇ ਕੁ ਰਿਖੀਸ਼ੂਰ ਸਿੱਖਾਂ ਪਜਾਰਿਆਂ ਦਾ ਉਨ੍ਹਾਂ ਨੇ ਉਧਾਰ ਕੀਤਾ ਹੈ ਗਿਣੇ ਨਹੀਂ ਜਾਂਦੇ- "**ਤਾਰੇ ਗਿਣੇ ਜਾਤ ਹੈ ਪੈ ਤਾਰੇ ਗਿਣੇ ਜਾਤ ਨਾ,**" ਪ੍ਰੰਤੂ ਖਲਵਾਰੇ ਦੇ ਦਾਣਿਆਂ ਦੀ ਇਕ ਮੁਠੀ ਵਾਂਙੂ ਮੈਂ ਤੁਹਾਨੂੰ ਨਮੂਨਾ ਦੱਸਦਾ ਹਾਂ, ਪ੍ਰੀਤ ਨਾਲ ਸ੍ਰਵਣ ਕਰੋ :-

(ਪਹਿਲੀ ਪਾਤਸ਼ਾਹੀ ਦੇ ਸਿੱਖ)।

## ੧੩. (ਸਿੱਖ ਨਾਮਾਵਲੀ)।

੧. ਤਾਰੂ ਪੋਪਟੁ ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ।
੨. ਮੂਲਾ ਕੀੜੁ ਵਖਾਣੀਐ ਚਲਿਤੁ ਅਚਰਜ ਲੁਭਤਿ ਗੁਰਦਾਸੀ।
੩. ਪਿਰਥਾ ਖੇਡਾ ਸੋਇਰੀ ਚਰਣ ਸਰਣ ਸੁਖ ਸਹਜਿ ਨਿਵਾਸੀ।
੪. ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।
੫. ਪਿਰਥੀ ਮਲੁ ਸਹਗਲੁ ਭਲਾ ਰਾਮਾ ਡਿਡੀ ਭਗਤਿ ਅਭਿਆਸੀ।
੬. ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਸੀ।
੭. ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ।
੮. ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ।
੯. ਗੁਰਮਤਿ ਭਾਉ ਭਗਤਿ ਪਰਗਾਸੀ ॥੧੩॥

**ਪਦਾਰਥ**-('ਪੋਪਟੁ' ਤੇ 'ਕੀੜ' ਜਾਤਾਂ ਹਨ। 'ਸਹਗਲ' 'ਡਿੱਡੀ'=ਜਾਤਾਂ ਦੇ ਨਾਮ ਹਨ। (ਜਿੰਦ ਪੀਰ=ਵਰਣ ਦੇਵਤਾ।

**ਅਰਥ**-੧.ਪੋਪਟ (ਜਾਤਿ ਵਾਲਾ) ਤਾਰੂ(ਨਾਮੇ ਸਿੱਖ ਗੁਰੂ ਨਾਨਕ) ਨੇ ਤਾਰਿਆ ਹੈ, ਇਹ ਗੁਰਮੁਖ ਬਾਲ ਅਵਸਥਾ ਤੋਂ ਹੀ ਉਦਾਸੀਨ ਰਹਿੰਦਾ ਸੀ*। ੨.ਕੀੜ (ਜਾਤੀ ਦਾ) ਮੂਲਾ ਕਹੀਦਾ ਹੈ, ਜਿਸ ਤਰ੍ਹਾਂ ਦੇ ਅਚਰਜ ਕੰਮ ਸਨ, ਗੁਰੂ ਦੇ ਦਾਸਾਂ (ਦਾ ਦਾਸ ਹੋ ਕੇ ਰਹਿੰਦੇ ਸੀ ਭਾਵ ਵਡਾ) ਪ੍ਰੇਮ ਕਰਦਾ ਸੀ। ੩.ਸੋਇਰੀ(ਜਾਤਿ ਦਾ)ਪ੍ਰਿਥਾ ਤੇ ਖੇਡਾ (ਨਾਮੇ ਖੱਤ੍ਰੀ ਸਿੱਖ ਗੁਰੂ ਨਾਨਕ ਦੇ) ਚਰਨਾਂ ਦੀ

---

*ਕਈ ਸਿਆਣੇ ਸਮਝਦੇ ਹਨ ਕਿ ਅਧੀ ਤੁਕ ਭਾਈ ਤਾਰੂ ਲਈ ਹੈ ਤੇ 'ਗੁਰਮੁਖ ਬਾਲ ਸੁਭਾਇ ਉਦਾਸੀ' ਵਿਚ ਭਾਈ ਬਾਲੇ ਦਾ ਨਾਮ ਹੈ।

ਸ਼ਰਣ ਲੈ ਕੇ ਸ਼ਾਂਤਿ ਸੁਖ ਦੇ ਨਿਵਾਸੀ ਹੋਏ ਹਨ। ੪.ਮਜਲਸਾਂ (ਦੀਵਾਨਾਂ) ਵਿਖੇ ਚੰਗਾ ਰਬਾਬ ਵਜਾਂਦਾ ਸੀ ਮਰਦਾਨਾ ਮੀਰਾਸੀ। ੫.ਸਹਗਲ (ਜਾਤ ਵਾਲਾ) ਪ੍ਰਿਥੀਮੱਲ ਚੰਗਾ ਭਗਤ ਸੀ, ਡਿਡੀ (ਜਾਤ ਵਾਲਾ) ਰਾਮਾ ਭਗਤ ਅਭਿਆਸੀ ਸਿਖ ਸੀ। ੬.ਲੋਦੀ (ਜਾਤ ਵਾਲਾ) ਦੌਲਤ ਖਾਂ (ਪਠਾਣ) ਭਲਾ (ਮੁਰੀਦ ਸੀ, ਇਹ) ਜੀਉਂਦਾ ਪੀਰ ਹੋਯਾ ਤੇ ਨਾਸ਼ ਰਹਿਤ ਹੋਯਾ (ਜਿੰਦ ਪੀਰ ਖਵਾਜੇ ਦਾ ਅਰਥ ਬੀ ਕਰਦੇ ਹਨ, ਕਿ ਪਹਿਲੇ ਇਹ ਖ਼੍ਵਾਜੇ ਦਾ ਮੁਰੀਦ ਸੀ, ਗੁਰੂ ਦਾ ਸਿਖ ਹੋ ਕੇ ਅਬਿਨਾਸ਼ੀ ਹੋਯਾ)। ੭.ਮਾਲੋ ਤੇ ਮਾਂਗਾਂ ਨਾਮੇ ਦੋ ਸਿੱਖ ਹੋਏ ਹਨ, ਗੁਰਬਾਣੀ ਰਸ ਦੇ (ਰਸਿਕ) ਪ੍ਰੇਮੀ ਹੋ ਕੇ ਮਗਨ ਰਹਿੰਦੇ ਸਨ। ੮.ਕਾਲੂ ਖੱਤ੍ਰੀ ਆਸ ਧਾਰਕੇ (ਗੁਰੂ ਸਨਮੁਖ ਹੋਯਾ) ਗੁਰਬਾਣੀ (ਕਰਕੇ) ਦਰਗਾਹ ਵਿਖੇ ਸ਼ਾਬਾਸ਼ ਲੀਤੀ। ੯.ਗੁਰੂ ਦੀ ਸਿੱਖ੍ਯਾ ਲੈ ਕੇ ਪ੍ਰੇਮਾ ਭਗਤੀ ਦਾ ਪ੍ਰਕਾਸ਼ ਕੀਤਾ ।

ਭਾਵ:- ਤਾਰੂ ਪੋਪਟ ਦਸਾਂ ਵਰ੍ਹਿਆਂ ਦਾ ਗੁਰੂ ਨਾਨਕ ਜੀ ਪਾਸ ਆ ਕੇ ਕਹਿਣ ਲੱਗਾ: "ਮਹਾਰਾਜ! ਮੈਨੂੰ ਸ਼ਾਂਤਿ ਬਖਸ਼ੀਏ", ਬਚਨ ਹੋਇਆ: "ਤੂੰ ਤਾਂ ਅਜੇ ਬਾਲਕ ਹੈਂ ਵੱਡਾ ਹੋ ਲੈ।" ਉਸ ਨੇ ਕਿਹਾ: "ਜੀ ਨਿੱਕੀ ਲੱਕੜੀਆਂ ਨੂੰ ਅੱਗ ਪਹਿਲੇ ਲੱਗਦੀ ਹੈ, ਵਡੀਆਂ ਨੂੰ ਪਿਛੋਂ।" ਤਦ ਬਚਨ ਹੋਯਾ "ਤੇਰਾ ਨਾਮ ਅੱਜ ਤੋਂ ਕੁਲ ਤਾਰੂ ਹੋਊ, ਜਾਹ ਵਾਹਿਗੁਰੂ ਦਾ ਜਾਪ ਕਰ ਤੇਰੀ ਕਲਯਾਨ ਹੋ ਜਾਵੇਗੀ"। ਅਜਿਹਾ ਹੀ ਦੂਜਾ ਮੂਲਾ ਕੀੜ, ਤੀਜਾ ਪਿਰਥਾ ਤੇ ਚੌਥਾ ਖੇਡਾ ਸੋਇਰੀ ਖੱਤ੍ਰੀ ਗੁਰੂ ਜੀ ਦੇ ਸਿਖ ਹੋਏ। ਜਿਵੇਂ ਮਰਦਾਨੇ ਮੀਰਾਸੀ ਦਾ ਨਾਉਂ ਪਹਿਲੇ ਦਾਨਾ ਸੀ, ਆਪ ਸਾਹਿਬ ਨੇ ਹੀ ਉਸ ਨੂੰ ਉਪਦੇਸ਼ ਦੇ ਕੇ ਪਾਸ ਰਖਿਆ ਅਤੇ ਮਰਦਾਨਾ ਨਾਮ ਦਾ ਖਿਤਾਬ ਬਖਸ਼ਿਆ, ਕਥਾ ਭਾਈ ਮਨੀ ਸਿੰਘ ਜੀ ਦੀਆਂ ਸਾਖੀਆਂ ਵਿਖੇ ਪ੍ਰਸਿੱਧ ਹੈ। ਛੀਵਾਂ ਪ੍ਰਿਥੀਮੱਲ ਸਹਗਲ, ਸੱਤਵਾਂ ਰਾਮਡਿਡੀ, ਅਠਵਾਂ ਦੌਲਤ ਖਾਂ ਲੋਧੀ, ਨਾਵਾਂ ਮਾਲੋ ਅਤੇ ਦਸਵਾਂ ਮਾਂਗਾ, ਯਾਰਵ੍ਹਾਂ ਸਨਮੁਖ ਕਾਲੂ, ਏਹ ਸਾਰੇ ਗੁਰੂ ਨਾਨਕ ਜੀ ਦੇ ਮਨੋਂ ਤਨੋਂ ਧਨੋਂ ਪ੍ਰੇਮੀ ਸਨ, ਇਹਨਾਂ ਵਿਚੋਂ ਦੌਲਤ ਖਾਂ ਲੋਧੀ ਸਿੱਖ ਉਹ ਸੀ ਜਿਸ ਦੇ ਮੋਦੀਖਾਨੇ ਦਾ ਕੰਮ ਆਪ ਕਰਦੇ ਰਹੇ ਸਨ।

## ੧੪. (ਸਿਖ ਨਾਮ ਮਾਲਾ)॥

੧. ਭਗਤੁ ਜੋ ਭਗਤਾ ਓਹਰੀ ਜਾਪੂ ਵੰਸੀ ਸੇਵ ਕਮਾਵੈ।  
੨. ਸ਼ੀਹਾਂ ਉਪਲੁ ਜਾਣੀਐ ਗਜਣੁ ਉਪਲੁ ਸਤਿਗੁਰ ਭਾਵੈ।  
੩. ਮੈਲਸੀਹਾਂ ਵਿਚਿ ਆਖੀਐ ਭਾਗੀਰਥੁ ਕਾਲੀ ਗੁਣ ਗਾਵੈ।  
੪. ਜਿਤਾ ਰੰਧਾਵਾ ਭਲਾ ਹੈ ਬੂੜਾ ਬੁਢਾ ਇਕ ਮਨਿ ਧਿਆਵੈ।  
੫. ਫਿਰਣਾ ਖਹਿਰਾ ਜੋਧੁ ਸਿਖੁ ਜੀਵਾਈ ਗੁਰੁ ਸੇਵ ਸਮਾਵੈ।  
੬. ਗੁਜਰੁ ਜਾਤਿ ਲੁਹਾਰੁ ਹੈ ਗੁਰ ਸਿਖੀ ਗੁਰ ਸਿਖ ਸੁਣਾਵੈ।  
੭. ਨਾਈ ਧਿੰਙ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ।  
੮. ਗੁਰਮੁਖਿ ਸੁਖ ਫਲ ਅਲਖ ਲਖਾਵੈ ॥੧੪॥

ਅਰਥ:-੧.ਓਹਰੀ ਜਾਤ ਵਾਲਾ ਭਗਤਾ ਨਾਮੇ ਭਗਤ ਤੇ ਜਾਪੂ ਵੰਸੀ (ਨਾਮੇ ਭਗਤ) ਸੇਵ ਕਰਦਾ ਹੁੰਦਾ ਸੀ। ੨.ਸ਼ੀਹਾਂ ਉੱਪਲ ਤੇ ਗੱਜਣ ਉੱਪਲ (ਨਾਮੇ ਭਗਤ) ਗੁਰੂ ਜੀ ਦੇ ਪਿਆਰੇ ਸਨ। ੩.ਮੈਲਸੀਹਾਂ (ਨਾਮੇ ਨਗਰੀ ਦਾ ਚੌਧਰੀ) ਭਾਗੀਰਥ ਕਾਲੀ ਦੇਵੀ ਦਾ (ਪਹਿਲੇ) ਭਗਤ ਹੁੰਦਾ ਸੀ, (ਫੇਰ ਸਤਿਗੁਰੂ ਜੀ ਦੇ ਘਰ ਦਾ, ਦੇਵੀ ਝਾੜੂ ਦਿੰਦੀ ਦੇਖਕੇ, ਭਗਤ ਬਣਿਆ)। ੪.ਜਿੱਤਾ ਰੰਧਾਵਾ ਭਲਾ (ਜੱਟ ਸਿਖ ਤੇ) ਬੂੜਾ ਬੁੱਢਾ (ਨਾਮੇ ਜੱਟ ਭਗਤ) ਇਕ ਮਨ ਹੋ ਕੇ (ਗੁਰੂ ਨੂੰ) ਧਿਆਂਵਦੇ ਸਨ। ੫.ਫਿਰਣਾ ਖਹਿਰਾ ਜਾਤ ਦਾ, ਜੋਧ ਸਿਖ, ਤੇ ਜੀਵਾਈ ਨਾਮੇ ਸਿਖ ਗੁਰੂ ਦੀ ਸੇਵਾ ਕਰਦੇ ਸਨ। ੬.ਗੁਜਰ ਨਾਮੇ ਗੁਰੂ

(ਅੰਗਦ ਜੀ ਦਾ) ਸਿਖ ਜਾਤ ਦਾ ਲੁਹਾਰ ਸੀ, ਇਹ ਗੁਰ ਸਿੱਖੀ ਦਾ ਉਪਦੇਸ਼ ਕਰਦਾ ਸੀ। ੭. ਧਿੰਙੂ ਨਾਮਾ ਨਾਈ (ਸਿਖ) ਗੁਰੂ (ਅੰਗਦ ਜੀ ਦੀ) ਸੇਵਾ ਕਰਕੇ ਕੁਟੰਬ ਤਾਰ ਗਿਆ। ੮. ਗੁਰਮੁਖ ਆਤਮ ਫਲ ਨਿਰੰਕਾਰ ਨੂੰ ਲਖਕੇ (ਹੋਰਨਾਂ ਨੂੰ) ਦੱਸਦੇ ਹਨ।

**ਭਾਵ**-'ਭਗਤਾਂ' ਥੋਂ ਲੈ ਕੇ 'ਜੋਧ' ਸਿਖ ਤੀਕ ਨੌਂ ਪਹਿਲੀ ਪਾਤਸ਼ਾਹੀ ਦੇ ਸਿੱਖ ਸਨ, ਜਵਾਈ, ਗੁਜਰ ਅਤੇ ਧਿੰਙ ਇਹ ਤਿੰਨੇ ਦੂਜੀ ਪਾਤਸ਼ਾਹੀ ਦੇ ਭਗਤ ਸਨ।

ਬੂੜਾ ਨਾਮੇ ਭਗਤ ਗਊਆਂ ਚਾਰਦਾ ਸੀ, ਇਕ ਦਿਨ ਸਾਹਿਬ ਪਹਿਲੀ ਪਾਤਸ਼ਾਹੀ ਦੇ ਅੱਗੇ ਦੁਧ ਰੱਖਕੇ ਅਰਦਾਸ ਕੀਤੀ : ''ਗਰੀਬ ਨਿਵਾਜ ਮੇਰਾ ਜਨਮ ਮਰਣ ਕੱਟੀਏ।'' ਬਚਨ ਹੋਇਆ ਅਜੇ ਤੂੰ ਬਾਲਕ ਹੈਂ, ਇੱਡੀ ਬੁੱਧਿ ਕਿੱਥੋਂ ਸਿੱਖੀ ? ਓਸ ਕਿਹਾ ਮਹਾਰਾਜ ਆਪ ਹੀ ਕਹਿੰਦੇ ਹੋ **'ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ'**। ਬਚਨ ਕੀਤਾ ਤੂੰ ਤਾਂ ਬਾਲਕ ਨਹੀਂ, ਵਡੇ ਬੁੱਢਿਆਂ ਵਾਲੀਆਂ ਗੱਲਾਂ ਕਰਦਾ ਹੈਂ, ਤੇਰਾ ਨਾਮ ਬੁਢਾ ਹੋਊ ਅਤੇ ਉਮਰ ਬੀ ਵੱਡੀ ਭੋਗੇਂਗਾ, ਚੌਥਾ ਜਾਮਾ ਧਾਰਕੇ ਤੈਨੂੰ ਗਿਆਨ ਦਾ ਉਪਦੇਸ਼ ਕਰਾਂਗੇ, ਤੇਰੀ ਪੀਹੜੀ ਵਿਖੇ ਭਗਤੀ ਪ੍ਰਾਪਤ ਹੋਵੇਗੀ, ਇਸੇ ਕਰਕੇ ਭਾਈ ਬੁੱਢੇ ਦੀ ਛੇ ਪਾਤਸ਼ਾਹੀਆਂ ਤੀਕ ਦੇਹ ਰਹੀ।

(ਦੂਸਰੀ ਪਾਤਸ਼ਾਹੀ ਦੇ ਸਿੱਖ)।

## ੧੫. (ਸਿੱਖ ਨਾਮਾਵਲੀ)।

੧. ਪਾਰੋ ਜੁਲਕਾ ਪਰਮ ਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ।
੨. ਮਾਲੂਸਾਹੀ ਸੂਰਮਾ ਵਡਾ ਭਗਤੁ ਭਾਈ ਕਦਾਰੀ।
੩. ਦੀਪਾ ਦੇਉ ਨਰਾਇਣ ਦਾਸੁ ਬੂਲੇ ਦੇ ਜਾਈਐ ਬਲਿਹਾਰੀ।
੪. ਲਾਂਲ ਸੁ ਲਾਲੂ ਬੁਧਿਵਾਨ ਦੁਰਗਾ ਜੀਵੰਦੁ ਪਰਉਪਕਾਰੀ।
੫. ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ।
੬. ਖਾਨੂ ਮਈਆ ਪਿਉ ਪੁਤੁ ਹੈ ਗੁਣ ਗਾਹਕ ਗੋਵਿੰਦ ਭੰਡਾਰੀ।
੭. ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰ ਤਾਰੀ।
੮. ਪੂਰੈ ਸਤਿਗੁਰ ਪੈਜ ਸਵਾਰੀ ॥੧੫॥

**ਅਰਥ**-੧. ਪਾਰੋ ਜੁਲਕਾ ਨਾਮੇ ਸਿੱਖ ਪਰਮ ਹੰਸ ਸੀ ਪੂਰੇ ਸਤਿਗੁਰ (ਅੰਗਦ ਜੀ ਨੇ) ਕਿਰਪਾ ਕੀਤੀ ਸੀ। ੨. ਮੱਲੂ ਸ਼ਾਹੀ ਸਿਪਾਹੀ ਤੇ ਭਾਈ ਕਿਦਾਰੀ ਵੱਡਾ ਭਗਤ ਹੋਇਆ। ੩. ਦੇਊ ਜਾਤ ਵਾਲਾ ਦੀਪਾ ਭਗਤ, ਨਰੈਣ ਦਾਸ ਤੇ ਬੂਲਾ (ਨਾਮੇ ਸਿੱਖ ਪਰ ਅਸੀਂ) ਬਲਿਹਾਰ ਜਾਂਦੇ ਹਾਂ। ੪. ਲਾਲ ਰੂਪ ਲਾਲੂ ਬੁਧੀਮਾਨ ਦੁਰਗਾ ਤੇ ਜਿਵੰਧਾ (ਏਹ ਤਿੰਨੇ ਵਡੇ) ਪਰੋਪਕਾਰੀ (ਭਗਤ ਸਨ)। ੫. ਜੱਗਾ ਜਿਸਦੀ ਜਾਤ ਧਰਣੀ ਜਾਣੀਦੀ ਹੈ (ਕਿਉਂ ਜੋ ਧਰਤੀ ਵਾਂਙੂ ਸ਼ਹਿਨਸ਼ੀਲ ਸੀ) ਸੰਸਾਰੀ ਬੀ ਸੀ ਨਾਲੇ ਨਿਰੰਕਾਰ ਦੀ ਉਪਾਸ਼ਨਾ ਬੀ ਕਰਦਾ ਸੀ, (ਗ੍ਰਿਹਸਤ ਵਿਖੇ ਵਿਰਕਤ ਸੀ)। ੬. ਖਾਨੂ ਤੇ ਮੱਯਾ ਦੋਵੇਂ ਪਿਉ ਪੁੱਤ ਸਨ, ਅਤੇ ਗੋਬਿੰਦ ਨਾਮਾ (ਗੁਰੂ ਅੰਗਦ ਜੀ ਦਾ) ਭੰਡਾਰੀ ਵੱਡਾ ਗੁਣਗਾਹਕ ਸੀ। ੭. ਜੋਧ (ਨਾਮਾ ਸਿਖ ਗੁਰੂ ਦਾ ਰਸੋਈਆ) ਲਾਂਗਰੀ ਦੇਵਤਾ ਸੁਭਾਉ ਸੀ, ਗੁਰੂ ਦੀ ਸੇਵਾ ਕਰਕੇ ਕਠਨ ਸੰਸਾਰ ਤੋਂ ਤਰ ਗਿਆ। ੮. ਪੂਰਨ ਸਤਿਗੁਰੂ ਨੇ (ਆਪਣੇ ਭਗਤਾਂ ਦੀ) ਪਤ ਸਵਾਰ ਦਿੱਤੀ।

(ਤੀਸਰੀ ਪਾਤਸ਼ਾਹੀ ਦੇ ਸਿੱਖ)

## ੧੬. (ਭੱਲੇ ਭਾਸੀ ਸੰਗਤ)।

੧. ਪਿਰਥੀ ਮਲ ਤੁਲਸਾ ਭਲਾ ਮਲਣ ਗੁਰ ਸੇਵਾ ਹਿਤਕਾਰੀ।

੨. ਰਾਮੂ ਦੀਪਾ ਉਗ੍ਰਸੈਣੁ ਨਾਗਉਰੀ ਗੁਰ ਸਬਦ ਵੀਚਾਰੀ।
੩. ਮੋਹਣੁ ਰਾਮੂ ਮਹਤਿਆ ਅਮਰੂ ਗੋਪੀ ਹਉਮੈ ਮਾਰੀ।
੪. ਸਾਹਾਰੂ ਗੰਗੂ ਭਲੇ ਭਾਗੂ ਭਗਤੁ ਭਗਤਿ ਹੈ ਪਿਆਰੀ।
੫. ਖਾਨੂ ਛੁਰਾ ਤਾਰੂ ਤਰੇ ਵੇਗਾ ਪਾਸੀ ਕਰਣੀ ਸਾਰੀ।
੬. ਉਗਰੂ ਨੰਦੂ ਸੂਦਨਾ ਪੂਰੋ ਝੰਟਾ ਪਾਰਿ ਉਤਾਰੀ।
੭. ਮਲੀਆ ਸਹਾਰੂ ਭਲੇ ਛੀਂਬੇ ਗੁਰ ਦਰਗਹ ਦਰਬਾਰੀ।
੮. ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ।
੯. ਡਲੇ ਵਾਸੀ ਸੰਗਤਿ ਭਾਰੀ ॥੧੬॥

ਅਰਥ-੧. ਪ੍ਰਿਥੀ ਮੱਲ, ਤੁਲਸਾ ਭੱਲਾ, ਮੱਲਣ ਗੁਰੂ ਸੇਵਾ ਦੇ ਪ੍ਰੇਮੀ। ੨. ਰਾਮੂ, ਦੀਪਾ, ਉਗ੍ਰਸੈਨ, ਨਾਗਉਰੀ, ਗੁਰ ਸ਼ਬਦ ਦੇ ਵੀਚਾਰ ਕਰਨ ਵਾਲੇ। ੩. ਮੋਹਣ, ਰਾਮੂ ਮਹਿਤਾ, ਅਮਰੂ ਤੇ ਗੋਪੀ ਨੇ ਹਉਮੈ ਮਾਰੀ ੪. ਭੱਲੇ ਜਾਤ ਦੇ ਸਹਾਰੂ ਤੇ ਗੰਗੂ ਭਗਤ ਭਾਗੂ ਨੂੰ ਭਗਤੀ ਪਜਾਰੀ ਲੱਗੀ। ੫. ਖਾਨੂ ਛੁਰਾ, ਤਾਰੂ ਤਰਨ ਵਾਲਾ ਵੇਗਾ ਪਾਸੀ ਦੀ ਕਰਨੀ ਸ੍ਰੇਸ਼ਟ ਹੋਈ। ੬. ਉਗਰੂ, ਨੰਦੂ ਸ਼ੂਦ, ਪੂਰੋ ਝੰਟਾ, ਪਾਰ ਉਤਾਰਨ ਵਾਲੇ (ਗੁਰਮੁਖ) ਹੋਏ। ੭. ਮੱਲੀਆ, ਸਹਾਰੂ, ਭਲਾ ਤ੍ਰੈਏ ਛੀਂਬੇ ਗੁਰ ਦਰਬਾਰ ਦੇ ਦਰਬਾਰੀ ਹੋਏ। ੮. ਪਾਂਧਾ ਤੇ ਬੂਲਾ ਗੁਰਬਾਣੀ ਦੇ ਗਵੱਯੇ ਤੇ ਲੇਖਾਰੀ ਜਾਣੀਦੇ ਹਨ। ੯. ਏਦ ਡੱਲੇ ਵਾਸੀਆਂ ਦੀ ਭਾਰੀ ਸੰਗਤ ਸੀ।

(ਚਉਥੀ ਪਾਤਸ਼ਾਹੀ ਦੇ ਸਿੱਖ)

## ੧੭. (ਸੱਭਰ ਵਾਲ ਦੇ ਸਿੱਖ)।

੧. ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ।
੨. ਪੂਰੋ ਮਾਣਕ ਚੰਦੁ ਹੈ ਬਿਸਨ ਦਾਸੁ ਪਰਵਾਰ ਸਧਾਰਾ।
੩. ਪੁਰਖੁ ਪਦਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ।
੪. ਮਹਾਂ ਪੁਰਖੁ ਹੈ ਮਹਾਂ ਨੰਦੁ ਬਿਧੀ ਚੰਦ ਬੁਧਿ ਬਿਮਲ ਵਿਚਾਰਾ।
੫. ਬਰ੍ਹਮ ਦਾਸੁ ਹੈ ਖੋਟੜਾ ਡੂੰਗਰੁ ਦਾਸੁ ਭਲੇ ਤਕਿਆਰਾ।
੬. ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਚਿਆਰਾ।
੭. ਮਾਈਆ ਜਾਪਾ ਜਾਣੀਅਨਿ ਨਈਆ ਖੁਲਰੁ ਗੁਰੂ ਪਿਆਰਾ।
੮. ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ।
੯. ਸਤਿਗੁਰ ਸਚੁ ਸਵਾਰਣ ਹਾਰਾ ॥੧੭॥

ਪਦਾਰਥ-(ਪਦਾਰਥ=ਪ੍ਰਕ੍ਰਿਤੀ। ਸਚਿਆਰਾ=ਜੋ ਸੱਚਾ ਹੋਵੇ, ਸੱਚ ਬੋਲੇ ਤੇ ਸੱਚ ਸਹਾਰੇ।

ਅਰਥ-੧. ਸੱਭਰਵਾਲ ਦੇ ਸਾਰੇ ਸਰਦਾਰ ਭਾਈ ਤੀਰਥੇ (ਦੇ ਸਮੇਤ) ਸਨਮੁਖ (ਸਿੱਖ) ਸੇ। ੨. ਸੁਧਰੇ ਹੋਏ ਪਰਵਾਰ ਵਾਲਾ ਬਿਸ਼ਨਦਾਸ ਤੇ ਪੂਰੋ ਮਾਣਕ ਚੰਦ ਸਿੱਖ ਹਨ। ੩. (ਗੁਰੂ ਦੇ) ਦੁਆਰੇ ਦੇ ਸਿੱਖ ਤਾਰੂ ਤੇ ਭਾਰੂ ਪੁਰਖ ਤੇ ਪਦਾਰਥ ਦੀ ਤਰ੍ਹਾਂ ਜਾਣੀਦੇ ਹਨ। ੪. ਮਹਾਂ ਨੰਦ ਮਹਾਂ ਪੁਰਖ (ਪੂਰਾ ਗੁਰਮੁਖ) ਹੈ, ਬਿਧੀ ਚੰਦ ਦੀ ਬੁੱਧੀ ਤੇ ਵੀਚਾਰ ਉੱਜਲ ਹੈ। ੫. ਬਰ੍ਹਮ ਦਾਸ ਖੋਟੜਾ (ਜਾਤ ਦਾ) ਡੂੰਗਰ ਦਾਸ ਤੇ ਭਲੇ ਤਕਜ਼ਾਰ (ਜਾਤ ਦੇ) ਹਨ। ੬. ਦੀਪਾ, ਜੇਠਾ, ਤੀਰਥਾ, ਸੰਸਾਰੂ, ਬੂਲਾ, ਸਚਿਆਰ ਹੋਏ। ੭. ਮਾਈਆ, ਜਾਪਾ, ਨਈਆ, ਖੁੱਲਰ, ਗੁਰੂ ਦੇ ਪਿਆਰੇ ਜਾਣੀਦੇ ਹਨ। ੮. ਵਹੁਰਾ (ਜਾਤ ਦਾ) ਤੁਲਸਾ ਗੁਰੂ ਦੇ ਉਪਦੇਸ਼ ਨੂੰ ਧਾਰਨ ਵਾਲਾ (ਤੇ ਉਸ ਅਨੁਸਾਰ) ਆਚਾਰ ਰੱਖਣ ਵਾਲਾ ਜਾਣੀਦਾ ਸੀ। ੯. ਸਤਿਗੁਰੂ ਸੱਚ (ਦਾ ਪਿਆਰ ਦੇਕੇ) ਸਵਾਰਨ ਵਾਲਾ ਹੈ।

ਭਾਵ-ਪੁਰਖ ਆਤਮਾ ਨੂੰ ਕਹਿੰਦੇ ਹਨ, ਪਦਾਰਥ ਪ੍ਰਕਿਤੀ ਨੂੰ। ਜੀਕੂੰ ਸਰੀਰ ਤੇ ਆਤਮਾ ਨਾਲ ਮਨੁੱਖ ਬਣਿਆ ਹੈ ਤੀਕੂੰ ਤਾਰੂ ਭਾਰੂ ਦੋਵੇਂ ਆਪੋ ਵਿਚ ਪਿਆਰੇ ਇਕ ਰੂਪ ਸਨ। ਭਾਰੂ ਅਤੀ ਗਰੀਬ ਪਰ ਵੀਚਾਰ ਦਾ ਪੁੰਜ ਮਾਨੋਂ ਆਤਮਾ ਸੀ ਤੇ ਤਾਰੂ ਧਨ ਪਾਤ੍ਰ ਸੀ ਤੇ ਭਾਰੂ ਦੇ ਆਖੇ ਮੂਜਬ ਸਾਰੇ ਧਨ ਪਦਾਰਥ ਨੂੰ ਸਤਿਸੰਗ ਵਿਚ ਲਗਾਉਂਦਾ ਹੁੰਦਾ ਸੀ।

(ਪੰਜਵੀਂ ਪਾਤਸ਼ਾਹੀ ਦੇ ਸਿੱਖ)

## ੧੮. (ਪਿਆਰੇ ਸਿੱਖ)।

੧. ਪੁਰੀਆ ਚੂਹੜੁ ਚਉਧਰੀ ਪੈੜਾ ਦਰਗਹੁ ਦਾਤਾ ਭਾਰਾ।
੨. ਬਾਲਾ ਕਿਸਨਾ ਝਿੰਗਰਣਿ ਪੰਡਿਤ ਰਾਇ ਸਭਾ ਸੀਗਾਰਾ।
੩. ਸੁਹੜੁ ਤਿਲੋਕਾ ਸੂਰਮਾ ਸਿਖੁ ਸਮੁੰਦਾ ਸਨਮੁਖੁ ਸਾਰਾ।
੪. ਕੁਲਾ ਭੁਲਾ ਝੰਝੀਆ ਭਾਗੀਰਥੁ ਸੁਇਨੀ ਸਚਿਆਰਾ।
੫. ਲਾਲੂ ਬਾਲੂ ਵਿਜ ਹਨਿ ਹਰਖਵੰਤੁ ਹਰਿਦਾਸ ਪਿਆਰਾ।
੬. ਧੀਰੁ ਨਿਹਾਲੂ ਤੁਲਸੀਆ ਖੂਲਾ ਚੰਡੀਆ ਬਹੁ ਗੁਣਿਆਰਾ।
੭. ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ।
੮. ਝਾਂਝੂ ਅੰਤੇ ਮੁਕੰਦੁ ਹੈ ਕੀਰਤਨੁ ਕਰੇ ਹਜੂਰ ਕਿਦਾਰਾ।
੯. ਸਾਧ ਸੰਗਤਿ ਪਰਗਟੁ ਪਾਹਾਰਾ॥੧੮॥

ਅਰਥ-੧. ਚੂਹੜ ਤੇ ਪੁਰੀਆ ਚਉਧਰੀ, ਤੇ ਪੈੜਾ ਦਰਗਾਹ (ਗੁਰੂ ਦੀ ਵਿਚ) ਭਾਰੇ ਦਾਤੇ (ਮੰਨੇ ਹੋਏ ਸਨ)। ੨. ਬਾਲਾ ਕਿਸ਼ਨਾ ਝਿੰਗਰ ਜਾਤ ਦੇ ਤੇ ਪੰਡਿਤ ਰਾਏ ਸਭਾ ਦੇ ਸ਼ਿੰਗਾਰ (ਸਿੱਖ ਸਨ)। ੩. ਤ੍ਰਿਲੋਕਾ ਸੁਹੜ, ਸੂਰਮਾ ਸਿੱਖ ਤੇ ਸਮੁੰਦਾ ਸ੍ਰੇਸ਼ਟ ਸਨਮੁਖ ਹੋਏ। ੪. ਕੁੱਲਾ ਭੁੱਲਾ ਝੰਝੀ ਜਾਤ ਦੇ, ਸੁਇਨੀ ਭਾਗੀਰਥਾ ਸੁੱਚੇ ਆਚਰਣ ਵਾਲੇ ਹੋਏ। ੫. ਲਾਲੂ ਬਾਲੂ ਵਿੱਜ (ਜਾਤ ਦੇ) ਹਰਦਾਸ ਤੇ ਪਿਆਰਾ (ਦੋਵੇਂ) ਪ੍ਰਸੰਨ ਹਨ। ੬. ਧੀਰੁ, ਨਿਹਾਲੂ, ਤੁਲਸੀਆ, ਬੂਲਾ ਚੰਡੀਆ ਗੁਣਾਂ ਦਾ ਘਰ ਗੁਣਾਂ ਵਾਲੇ ਹਨ। ੭. ਗੋਖੂ, ਟੋਡਾ, ਮਹਿਤੇ, ਤੋਤਾ ਮੱਦੂ ਸਬਦ ਦੇ ਵੀਚਾਰ ਵਾਲੇ ਹਨ। ੮. ਝਾਂਝੂ ਮੁਕੰਦਾ, ਕਿਦਾਰਾ ਹਜ਼ੂਰੀ ਕੀਰਤਨ ਕਰਦੇ ਹਨ। ੯. ਸਾਧ ਸੰਗਤ ਦਾ ਪ੍ਰਗਟ ਪ੍ਰਤਾਪ ਹੈ।

ਭਾਵ-ਏਹ ੨੮ ਸਿੱਖ ਗੁਰੂ ਅਰਜਨ ਦੇਵ ਜੀ ਨੂੰ ਮਿਲੇ ਅਰ ਉਧਾਰ ਦਾ ਕਾਰਣ ਪੁੱਛਿਆ ? ਬਚਨ ਹੋਇਆ ਗੁਰਬਾਣੀ ਦਾ ਵੀਚਾਰ ਕਰੋ, ਜੋ ਆਗਿਆ ਹੋਵੇ ਕਮਾਓ। ਪਾਠ ਕਰਣ ਤੋਂ ਅੰਤਹਕਰਣ ਸੁਧ ਹੁੰਦਾ ਹੈ, ਵਿਚਾਰ ਤੋਂ ਗਿਆਨ, ਗਿਆਨ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ ਜੈਸੇ ਲੱਕੜੀ ਵਿਖੇ ਅਗਨੀ ਹੈ, ਪਰੰਤੂ ਮਥਨ ਕੀਤੇ ਬਾਝ ਨਹੀਂ ਨਿਕਲਦੀ, ਇਸ ਪਰਕਾਰ ਜਦ ਗਿਆਨ ਅਗਨੀ ਨਿਕਲੂ ਸਾਰੇ ਕਰਮ ਦਗਧ ਹੋ ਜਾਣਗੇ। ਗੁਰੂ ਦਾ ਬਚਨ ਮੰਨਕੇ ਸਾਰੇ ਸਿੱਖ ਸਿੱਖੀ ਵਿਖੇ ਤਤਪਰ ਹੋਏ।

## ੧੯. (ਸਿੱਖਾਂ ਦੇ ਨਾਮ)।

੧. ਟੰਗੂ ਨਾਊ ਸਹਗਲਾ ਰਾਮਾ ਧਰਮਾ ਉਦਾ ਭਾਈ।
੨. ਜਟੂ ਭਟੂ ਵੇਤਿਆ ਫਿਰਣਾ ਸੂਦੁ ਵਡਾ ਸਤ ਭਾਈ।
੩. ਭੋਲੂ ਭਟੂ ਜਾਣੀਅਨਿ ਸਨਮੁਖ ਤੇਵਾੜੀ ਸੁਖਦਾਈ।
੪. ਡਲਾ ਭਾਗੀ ਭਗਤੁ ਹੈ ਜਾਪੂ ਨਿਵਲਾ ਗੁਰ ਸਰਣਾਈ।

੫. ਮੂਲਾ ਸੂਜਾ ਧਾਵਣੇ ਚੰਦੂ ਚਉਝੜ ਸੇਵ ਕਮਾਈ।
੬. ਰਾਮਦਾਸੁ ਭੰਡਾਰੀਆ ਬਾਲਾ ਸਾਈਂਦਾਸੁ ਧਿਆਈ।
੭. ਗੁਰਮੁਖਿ ਬਿਸਨੂ ਬੀਬੜਾ ਮਾਛੀ ਸੁੰਦਰਿ ਗੁਰਮਤਿ ਪਾਈ।
੮. ਸਾਧ ਸੰਗਤਿ ਵਡੀ ਵਡਿਆਈ ॥੧੯॥

**ਪਦਾਰਥ**-(ਵੇਤਿਆ=ਤਤਵੇਤੇ, ਪੰਡਤ।

**ਅਰਥ**-੧. ਗੰਗੂ ਨਾਉਂ, ਸਹਗਲ ਜਾਤ ਦਾ, ਰਾਮਾ ਧਰਮਾ ਤੇ ਊਦਾ (ਆਪੋ ਵਿੱਚ) ਭਿਰਾਉ ਸਨ। ੨. ਜੱਟੂ ਭੱਟੂ ਤਤ ਵੇਤੇ ਫਿਰਣਾ ਸੂਦ ਜਾਤੀ ਸੱਚੇ ਭਾਉ ਵਾਲਾ ਹੋਇਆ। ੩. ਭੋਲੂ ਅਤੇ ਭੱਟੂ ਨਾਮੇ ਗੁਰੂ ਦੇ ਸਨਮੁਖ ਰਹਿਣ ਵਾਲੇ, ਤੇਵਾੜੀ (ਪੰਡਤ) ਸੁਖਦਾਈ ਸੀ। ੪. ਡੱਲਾ ਭਾਗੀ ਜਾਪੂ ਤੇ ਨਿਵਲਾ ਗੁਰੂ ਜੀ ਦੇ ਸ਼ਰਨਾਗਤ ਭਗਤ ਹਨ। ੫. ਮੂਲਾ ਤੇ ਸੂਜਾ ਧਾਵਣ ਜਾਤ ਵਾਲੇ ਸਨ, ਚੰਦੂ ਚਉਝੜ ਨੇ ਸੇਵਾ ਕੀਤੀ ਹੈ। ੬. ਰਾਮ ਦਾਸ ਗੁਰੂ ਦਾ ਰਸੋਈਆ ਸੀ ਬਾਲਾ ਅਤੇ ਸਾਂਈ ਦਾਸ (ਗੁਰੂ ਦੇ) ਧਿਆਨੀ ਸਨ। ੭. ਗੁਰਮੁਖ ਬਿਸ਼ਨੂ ਬੀਬੜਾ ਸੁੰਦਰ ਮਾਛੀ ਨੇ ਗੁਰੂ ਜੀ ਦੀ ਸਿੱਖਿਆ ਲੀਤੀ। ੮. ਸਤਿਸੰਗ ਦੀ ਵਡੀ ਵਡਿਆਈ ਹੈ (ਧੁਨੀ ਇਹ ਕਿ ਮਾਛੀ ਬੀ ਤਰ ਜਾਂਦੇ ਹਨ)।

**ਭਾਵ**-ਉਰਧ ਲਿਖਤ ੨੧ ਭਗਤ ਬੀ ਗੁਰੂ ਅਰਜਨ ਦੇਵ ਜੀ ਦੇ ਪ੍ਰੇਮੀ ਸਿੱਖ ਹੋਏ ਹਨ, ਸੁੰਦਰ ਮਾਛੀ ਗੁਰੂ ਜੀ ਦੇ ਲੰਗਰ ਵਿਚ ਲੱਕੜੀਆਂ ਦੀ ਸੇਵਾ ਕਰਦਾ ਸੀ, ਇਸੇ ਟਹਿਲ ਨਾਲ ਉਧਾਰ ਹੋਇਆ। ਤਿਵਾੜੀ ਪੰਡਤ ਕਥਾ ਹੀ ਕਰਦਾ ਸੀ। ਕੋਈ ਕੇਵਲ ਗੁਰੂ ਦੀ ਸਰਣ ਲੈ ਕੇ ਹੀ ਮੁਕਤ ਹੋਇਆ ਗੱਲ ਕੀ "**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**"(ਬਿਹਾ:ਮ:੫)

## ੨੦. (ਸਿੱਖ ਨਾਮਾਵਲੀ)।

੧. ਜਟੂ ਭਾਨੂ ਤੀਰਥਾ ਚਾਇ ਚਈਲੇ ਚਢੇ ਚਾਰੇ।
੨. ਸਣੇ ਨਿਹਾਲੇ ਜਾਣੀਅਨਿ ਸਨਮੁਖ ਸੇਵਕ ਗੁਰੂ ਪਿਆਰੇ।
੩. ਸੇਖੜ ਸਾਧ ਵਖਾਣੀਅਹਿ ਨਾਉ ਭੁਲੂ ਸਿਖ ਸੁਚਾਰੇ।
੪. ਜਟੂ ਭੀਵਾ ਜਾਣੀਅਨਿ ਮਹਾਂ ਪੁਰਖੁ ਮੂਲਾ ਪਰਵਾਰੇ।
੫. ਚਤੁਰਦਾਸੁ ਮੂਲਾ ਕਪੂਰੁ ਹਾਡੂ ਗਾਡੂ ਵਿਜ ਵਿਚਾਰੇ।
੬. ਫਿਰਣਾ ਬਹਿਲੁ ਵਖਾਣੀਐ ਜੇਠਾ ਚੰਗਾ ਕੁਲ ਨਿਸਤਾਰੇ।
੭. ਵਿਸਾ ਗੋਪੀ ਤੁਲਸੀਆ ਭਾਰਦੁਆਜੀ ਸਨਮੁਖ ਸਾਰੇ।
੮. ਵਡਾ ਭਗਤੁ ਹੈ ਭਾਈਅੜਾ ਗੋਇੰਦੁ ਘੇਈ ਗੁਰੂ ਦੁਆਰੇ।
੯. ਸਤਿਗੁਰਿ ਪੂਰੇ ਪਾਰਿ ਉਤਾਰੇ ॥੨੦॥

**ਪਦਾਰਥ**-(ਚਾਇ ਚਈਲੇ=ਪ੍ਰੇਮੀ। ਸੁਚਾਰੇ=ਚੰਗੇ ਕੰਮਾਂ ਵਾਲੇ

**ਅਰਥ**-੧., ੨. ਜੱਟੂ, ਭਾਨੂ ਤੀਰਥਾ ਅਤੇ ਨਿਹਾਲੇ ਸਣੇ ਚਾਰੇ ਜਾਤ ਦੇ ਚੱਢੇ ਵੱਡੇ ਪ੍ਰੇਮੀ ਤੇ ਸਨਮੁਖ ਰਹਿਣ ਵਾਲੇ ਸੇਵਕ ਗੁਰੂ ਦੇ ਪਿਆਰੇ ਹੋਏ। ੩. ਨਾਉ ਤੇ ਭੁੱਲੂ ਏਹ ਸੇਖੜ ਜਾਤੀ ਦੇ ਸਾਧੂ ਗੁਰੂ ਦੇ ਸਿੱਖ ਹੋਏ, ਚੰਗੇ ਆਚਾਰਾਂ ਵਾਲੇ। ੪. ਜੱਟੂ ਜਾਤ ਦਾ ਭੀਵਾ ਸੀ ਅਤੇ ਮੂਲਾ ਮਹਾਂ ਪੁਰਖ (ਸਣੇ) ਪਰਵਾਰ ਸੀ। ੫. ਚਤੁਰਦਾਸ ਤੇ ਮੂਲਾ ਜਾਤ ਦੇ ਕਪੂਰ ਖੱਤ੍ਰੀ ਸਨ ਤੇ ਹਾਡੂ ਤੇ ਗਾਡੂ ਵਿਚਾਰੇ ਜਾਤ ਦੇ ਵਿੱਜ ਸਨ। ੬. ਫਿਰਣਾ (ਸਿੱਖ ਦੀ ਅੱਲ) ਬਹਲ ਕਹੀਦੀ ਸੀ, ਭਾਈ ਜੇਠਾ ਚੰਗਾ ਕੁਲਤਾਰੂ ਹੈਸੀ। ੭. ਵਿੱਸਾ, ਗੋਪੀ ਤੇ ਤੁਲਸੀਆ, (ਏਹ) ਸਾਰੇ ਭਾਰਦੁਆਜੀ ਜਾਤ ਦੇ ਸਨਮੁਖ (ਬ੍ਰਾਹਮਣ ਸਨ)। ੮. ਭਾਈਆ ਤੇ ਗੋਇੰਦਾ ਘੇਈ ਜਾਤ ਦੇ ਗੁਰੂ ਦੁਆਰੇ ਵਡੇ ਭਗਤ ਸਨ। ੯. ਪੂਰੇ ਸਤਿਗੁਰੂ ਨੇ (ਹੀ ਏਹ) ਪਾਰ ਉਤਾਰੇ।

## ੨੧. (ਸੁਲਤਾਨ ਪੁਰੀਏ ਸਿਖ)।

੧. ਕਾਲੂ ਚਾਊ ਬੰਮੀਆ ਮੂਲੇ ਨੋ ਗੁਰ ਸਬਦੁ ਪਿਆਰਾ।
੨. ਹੇਮਾ ਵਿਚਿ ਕਪਾਹੀਆ* ਗੋਇੰਦੁ ਘੇਈ† ਗੁਰ ਨਿਸਤਾਰਾ।
੩. ਭਿਖਾ ਟੋਡਾ ਭਟ ਦੁਇ ਧਾਰੂ ਸੂਦ‡ ਮਹਲ ਤਿਸੁ ਭਾਰਾ।
੪. ਗੁਰਮੁਖਿ ਰਾਮੂ ਕੋਹਲੀ ਨਾਲਿ ਨਿਹਾਲੂ ਸੇਵਕ ਸਾਰਾ।
੫. ਛਜੂ ਭਲਾ ਜਾਣੀਐ ਮਾਈ ਦਿਤਾ ਸਾਧੁ ਵਿਚਾਰਾ।
੬. ਤੁਲਸਾ ਵਹੁਰਾ ਭਗਤੁ ਹੈ ਦਾਮੋਦਰੁ ਆਕੁਲ ਬਲਿਹਾਰਾ।
੭. ਭਾਨਾ ਆਵਲ ਵਿਗਹਮਲੁ ਬੁਧੂ ਛੀਂਬਾ ਗੁਰ ਦਰਬਾਰਾ।
੮. ਸੁਲਤਾਨ ਪੁਰਿ ਭਗਤਿ ਭੰਡਾਰਾ ॥੨੧॥

**ਪਦਾਰਥ**-(ਸਾਰਾ=ਸ੍ਰੇਸ਼ਟ। ਬਲਿਹਾਰਾ=ਵਾਰਨੇ ਜਾਂਦਾ ਹਾਂ।

**ਅਰਥ**-੧. ਕਾਲੂ, ਚਾਊ, ਬੰਮੀਆਂ, ਮੂਲੇ ਨੂੰ ਗੁਰੂ ਸਬਦ ਪਿਆਰਾ ਹੈ। ੨. ਹੇਮਾ ਮੱਲ ਕਪਾਹੀਆ, ਗੋਇੰਦ ਘੇਈ ਨੇ ਗੁਰੂ ਤੋਂ ਨਿਸਤਾਰਾ ਪਾਇਆ ਹੈ। ੩. ਭਿੱਖਾ ਟੋਡਾ ਨਾਮੇ ਦੋ ਭਟ, ਧਾਰੂ ਸੂਦ ਭਾਰੇ ਮਹਲ ਵਾਲੇ (ਤਰੇ) ੪. ਗੁਰਮੁਖ ਰਾਮੂ ਕੋਹਲੀ (ਜਾਤ ਵਾਲਾ) ਨਿਹਾਲੂ ਸੇਵਕ ਸਣੇ ਸਾਰੇ। ੫. ਛੱਜੂ ਭੱਲਾ, ਮਾਈ ਦਿੱਤਾ ਵੀਚਾਰ ਵਾਲੇ ਸਾਧ ਹਨ। ੬. ਤੁਲਸਾ ਵਹੁਰਾ ਹਿਤ ਵਾਲਾ ਦਮੋਦਰ ਤੇ ਆਕੁਲ ਤੋਂ ਸਦਕੇ। ੭. ਭਾਨਾ ਆਵਲ ਵਿਗਹਮਲ, ਬੁੱਧੂ ਨਾਮੇ ਗੁਰ ਦਰਬਾਰ ਦਾ ਧੋਬੀ। ੮. (ਇਹ ਸਾਰਾ) ਸੁਲਤਾਨ ਪੁਰ (ਨਾਮੇ ਨਗਰ ਵਿਖੇ ਪੰਚਮ ਗੁਰੂ ਜੀ ਦੀ) ਭਗਤੀ ਦਾ ਖਜ਼ਾਨਾ ਹੈ।

## ੨੨. (ਮਸੰਦਾ ਸਿੱਖ)।

੧. ਦੀਪਕੁ ਦੀਪਾ ਕਾਸਰਾ ਗੁਰੂ ਦੁਆਰੈ ਹੁਕਮੀ ਬੰਦਾ।
੨. ਪਟੀ ਅੰਦਰਿ ਚਉਧਰੀ ਢਿਲੋਂ ਲਾਲੁ ਲੰਗਾਹੁ ਸੁਹੰਦਾ।
੩. ਅਜਬੁ ਅਜਾਇਬੁ ਸੰਙਿਆ ਉਮਰਸਾਹੁ ਗੁਰ ਸੇਵ ਕਰੰਦਾ।
੪. ਪੈੜਾ ਛਜਲੁ ਜਾਣੀਐ ਕੰਦੂ ਸੰਘਰੁ ਮਿਲੈ ਹਸੰਦਾ।
੫. ਪੁਤੁ ਸਪੁਤੁ ਕਪੂਰਿ ਦੇਉ ਸਿਖੈ ਮਿਲਿਆ ਮਨਿ ਵਿਗਸੰਦਾ।
੬. ਸੰਮਣੁ ਹੈ ਸਾਹਬਾਜ ਪੁਰਿ ਗੁਰਸਿਖਾਂ ਦੀ ਸਾਰ ਲਹੰਦਾ।
੭. ਜੋਧਾ ਜਲੋ ਤੁਲਸ ਪੁਰਿ ਮੋਹਣ ਆਲਮੁ ਗੰਜਿ ਰਹੰਦਾ।
੮. ਗੁਰਮੁਖਿ ਵਡਿਆ ਵਡੇ ਮਹੰਦਾ॥੨੨॥

**ਪਦਾਰਥ**-(ਹੁਕਮੀ ਬੰਦਾ=ਆਗਯਾਕਾਰੀ। ਸੰਙਿਆ=ਸੰਘੇ ਜਾਤ।
(ਵਿਗਸੰਦਾ=ਖਿੜ ਜਾਣਾ।

**ਅਰਥ**-੧. ਦੀਪਾ ਕਾਸਰਾ ਜਾਤ ਵਾਲਾ ਗੁਰੂ ਦੇ ਦਰਵਾਜੇ ਦਾ ਦੀਪਕ ਅਤੇ ਆਗਯਾਕਾਰੀ (ਮੰਸਦ) ਸੀ। ੨. ਪੱਟੀ ਨਗਰ ਵਿਚ ਢਿੱਲੋਂ ਜਾਤ ਵਾਲੇ, ਭਾਈ ਲਾਲ ਤੇ ਭਾਈ ਲੰਗਾਹ ਚੌਧਰੀ ਸੋਭਦੇ ਸਨ। ੩. ਅਜਬ ਤੇ ਅਜਾਇਬ ਅਤੇ ਉਮਰ ਸ਼ਾਹ, (ਇਹ ਤਿੰਨੇ) ਸੰਘੇ ਜਾਤ ਵਾਲੇ ਗੁਰ ਸੇਵਾ ਕਰਦੇ ਸਨ।੪. ਪੈੜਾ ਛੱਜਲ ਜਾਤ ਜਾਣੋਂ ਕੰਦੂ (ਮਸੰਦ)ਸੰਘਰ ਜਾਤ ਹੱਸ ਕੇ ਮਿਲਦਾ ਸੀ।

---

*ਕਪਾਹ ਵੇਚਣ ਕਰਕੇ, ਅੱਲ ਕਪਾਹੀਆ ਹੋਈ। †ਘੇਈ-ਘਿਉ ਵੇਚਦਾ ਸੀ। ‡ਪਾ:-ਧਾਰੋਂ ਸੂਰੂ।

੫.ਸਣੇ ਪੁਤ ਕਪੂਰ ਦੇਵ ਸਿੱਖਾਂ ਨੂੰ ਮਿਲਿਆਂ ਮਨ ਵਿਖੇ ਖਿੜ ਜਾਂਦਾ ਸੀ। ੬.ਸ਼ਾਹਬਾਜ਼ ਪੁਰ ਵਿਖੇ ਸੰਮਣ (ਮਸੰਦ) ਗੁਰ ਸਿੱਖਾਂ ਦੀ ਖਬਰ ਰੱਖਦਾ ਸੀ। ੭.ਜੋਧਾ ਤੇ ਜੱਲੋ ਤੁਲਸ ਪੁਰ ਵਿਖੇ, ਤੇ ਮੋਹਨ (ਮਸੰਦ) ਆਲਮ ਗੰਜ (ਨਗਰ) ਵਿਖੇ ਸੀ। ੮.(ਏਹ) ਵਡੇ ਮਸੰਦ ਵਡੇ ਗੁਰਮੁਖ ਸਨ।

**ਭਾਵ**-ਉਪਰ ਲਿਖਤ ੧੩ ਮਸੰਦ ਵਡੇ ਗੁਰਮੁਖ ਸਨ ਕਿਉਂ ਜੋ ਇਕੇਰਾਂ ਗੁਰੂ ਅਰਜਨ ਦੇਵ ਜੀ ਨੇ ਪੁੱਛਿਆ ਸੀ ਭਾਈ ਤੁਸੀਂ ਗੁਰੂ ਕੀ ਕੌਡੀ ਨੂੰ ਕਿੱਕੁਰ ਜਾਣਦੇ ਹੋ? ਉਹ ਬੋਲੇ ਮਹਾਰਾਜ ਜੀ ਆਪਣੇ ਲਈ ਵਿਖ ਰੂਪ ਜਾਣਦੇ ਹਾਂ।ਬਚਨ ਹੋਇਆ ਤੁਸੀਂ ਗੁਰਮੁਖ ਹੋ ਤੁਹਾਡਾ ਉਧਾਰ ਹੋ ਜਾਏਗਾ।

## ੨੩. (ਅਤਿ ਸਨਮੁਖ ਸਿੱਖ)

੧. ਢੇਸੀ ਜੋਧੁ ਹੁਸੰਗੁ ਹੈ ਗੁਇੰਦੁ ਗੋਲਾ ਹਸਿ ਮਿਲੰਦਾ।
੨. ਮੋਹਣੁ ਕੁਕੁ ਵਖਾਣੀਐ ਧੁਟੇ ਜੋਧੇ ਜਾਮੁ ਸੁਹੰਦਾ।
੩. ਮੰਞੂ ਪੰਨੂ ਪਰਵਾਣੁ ਹੈ ਪੀਰਾਣਾ ਗੁਰ ਭਾਇ ਚਲੰਦਾ।
੪. ਹਮਜਾ ਜਜਾ ਜਾਣੀਐ ਬਾਲਾ ਮਰਵਾਹਾ ਵਿਗਸੰਦਾ।
੫. ਨਿਰਮਲੁ ਨਾਨੋ ਓਹਰੀ ਨਾਲਿ ਸੂਰੀ ਚਉਧਰੀ ਰਹੰਦਾ।
੬. ਪਰਬਤਿ ਕਾਲਾ ਮੇਹਰਾ ਨਾਲਿ ਨਿਹਾਲੂ ਸੇਵ ਕਰੰਦਾ।
੭. ਕਕਾ ਕਾਲਉ ਸੂਰਮਾ ਕਦੁ ਰਾਮਦਾਸ ਬਚਨ ਮਨੰਦਾ।
੮. ਸੇਠ ਸੁਭਾਗਾ ਚੂਹਣੀਅਹੁ ਆਰੋੜੇ ਭਾਗ ਉਗਵੰਦਾ।
੯. ਸਨਮੁਖ ਇਕਦੂ ਇਕ ਚੜੰਦਾ॥੨੩॥

**ਪਦਾਰਥ**-(ਧੁਟੇ=ਬਲਦ। ਗੁਰਭਾਇ=ਗੁਰ ਅਨੁਸਾਰ। ਕੱਕਾ=ਭੂਸਲਾ। (ਸੂਰਮਾ ਕਦੁ=ਰਿਸ਼ਟ ਪੁਸ਼ਟ।

**ਅਰਥ**-੧.ਭਾਈ ਢੇਸੀ ਤੇ ਭਾਈ ਜੋਧਾ ਹੁਸੰਗੀ ਬ੍ਰਾਹਮਣ ਹੋਏ, ਗੋਇੰਦ (ਉਨ੍ਹਾਂ ਦਾ) ਦਾਸ ਹੱਸਕੇ ਮਿਲਦਾ ਸੀ! ੨.(ਭਾਈ) ਮੋਹਣ ਕੁੱਕ ਜਾਤ ਦਾ ਕਹੀਦਾ ਹੈ, ਜੋਧ ਅਤੇ ਜਾਮ ਧੁੱਟੇ ਸੰਗਤਾ ਵਾਲੇ (ਭਾਵ ਬੈਲਾਂ ਵਾਂਙੂ) ਮੋਟੇ ਤੇ ਬਲੀ ਸ਼ੋਭਦੇ ਸਨ। ੩.ਮੰਞ ਪੱਨੂੰ ਪਰਵਾਣ ਸਿੱਖ ਤੇ ਪੀਰਾਣਾ ਗੁਰੂ ਰਜ਼ਾ ਤੇ ਚੱਲਣ ਵਾਲਾ ੪.ਜੱਜਾ ਸੰਗਤਾ ਵਾਲਾ ਹਮਜਾ ਭਗਤ ਜਾਣੋਂ, ਬਾਲਾ ਮਰਵਾਹਾ ਖੱਤ੍ਰੀ ਪ੍ਰਸੰਨ ਬਚਨ ਸੀ। ੫.ਓਹਰੀ ਸੰਗਤਕ ਭਾਈ ਨਾਨੋ ਨਿਰਮਲ ਅਤੇ ਉਸ ਦੇ ਨਾਲ ਸੂਰੀ ਚੌਧਰੀ ਸੀ। ੬.ਕਾਲਾ ਤੇ ਮੇਹਰਾ ਪਹਾੜੀਏ ਨਾਲ ਨਿਹਾਲੂ ਟਹਿਲੀਆ ਸੀ ਸੇਵ ਕਰਨ ਵਾਲਾ। ੭.ਕਾਲਉ (ਨਾਮੇ ਸਿੱਖ) ਕੱਕੇ ਰੰਗ ਵਾਲਾ (ਸੂਰਮਾ ਕੱਦ=) ਰਿਸ਼ਟ ਪੁਸ਼ਟ ਸੀ, ਅਤੇ ਰਾਮਦਾਸ ਆਗਿਆ ਕਾਰੀ ਸੀ। ੮.ਸੁਭਾਗਾ ਸੇਠ, ਭਾਰਾ ਮਲ ਤੇ ਉਗਵੰਦਾ (ਏਹ ਤਿੰਨ) ਚੂਹਣੀ ਗ੍ਰਾਮ ਦੇ ਅਰੋੜੇ ਜਾਤ ਵਾਲੇ ਸਿਖ ਹੋਏ। ੯.ਇਕ ਥੋਂ ਵਧੀਕ ਭਗਤ ਹੋਏ।

**ਭਾਵ**-ਏਹ ੨੦ ਸਿੱਖ ਸਾਰੇ ਹੀ ਇਕ ਥੋਂ ਇਕ ਚੜ੍ਹਦੇ ਸਨ, ਇਨ੍ਹਾਂ ਦੀਆਂ ਸਾਖੀਆਂ ਭਾਈ ਮਨੀ ਸਿੰਘ ਜੀ ਨੇ ਆਪਣੇ ਗ੍ਰੰਥ ਵਿਖੇ ਦਰਜ ਕੀਤੀਆਂ ਹਨ, ਪਰੰਤੂ ਇਥੇ ਗ੍ਰੰਥ ਵਧ ਜਾਣ ਦੇ ਡਰ ਤੋਂ ਨਹੀਂ ਲਿਖੀਆਂ, ਕੋਈ ਕੋਈ ਸੰਖੇਪ ਕੀਤਾ ਗਿਆ ਹੈ। ਭਾਈ ਮੰਞ ਪੁੰਨੂੰ ਤੇ ਪਿਰਾਣਾ ਪਹਿਲੇ ਸਰਵਰੀਏ ਸਿੱਖ ਸਨ, ਗੁਰੂ ਪੰਜਵੀਂ ਪਾਤਸ਼ਾਹੀ ਦੇ ਦਰਸ਼ਨ ਕਰ ਅਜਿਹੀ ਮਨ ਵਿਖੇ ਤਰਕ ਫੁਰੀ ਜੋ ਅਸੀਂ ਹਿੰਦੂ ਹੋ ਕੇ ਮੁਸਲਮਾਨਾਂ ਦੇ ਪੀਰਾਂ ਨੂੰ ਪੂਜਦੇ ਹਾਂ ਸਾਨੂੰ ਧਿਕਾਰ ਹੈ, ਤੁਰੰਤ ਸਰਵਰ ਦਾ ਮੱਠ ਢਾਹਕੇ ਗੁਰੂ ਜੀ ਦੀ ਸ਼ਰਨ ਆਏ ਤੇ ਲੰਗਰ ਦੀ ਟਹਿਲ ਕਰਨ ਲੱਗੇ। ਇਕੇਰਾਂ ਮੁਗਲਾਂ ਨੇ

ਇਨ੍ਹਾਂ ਦਾ ਘਰ ਬਾਰ ਜ਼ਬਤ ਕਰਕੇ ਢੇਰੀ ਕਰ ਦਿੱਤਾ, ਲੋਕ ਆਖਣ ਇਨ੍ਹਾਂ ਨੂੰ ਸਰਵਰ ਦਾ ਸਰਾਪ ਪਿਆ ਹੈ, ਤਦ ਬੀ ਇਨ੍ਹਾਂ ਨੇ ਪਦਾਰਥਾਂ ਨੂੰ ਸੁਫਨੇ ਵਾਂਙੂ ਮੰਨਕੇ ਸ਼ਕ ਰਤੀ ਨਾ ਕੀਤਾ।

ਇਕ ਦਿਨ ਭਾਈ ਮੰਞ ਲੱਕੜੀਆਂ ਲਿਆਉਂਦਾ ਖੂਹ ਵਿਖੇ ਹਨੇਰੀ ਨਾਲ ਡਿੱਗ ਪਿਆ। ਜਦ ਚਿਰ ਹੋਇਆ ਤਾਂ ਗੁਰੂ ਜੀ ਲੱਭਣ ਲਈ ਚਲੇ, ਕੀ ਦੇਖਦੇ ਹਨ ਭਾਈ ਮੰਝ ਸਿਰ ਤੇ ਲੱਕੜੀਆਂ ਰੱਖੀਆਂ ਹਨ ਕਿ ਭਿੱਜ ਨਾ ਜਾਣ, ਅਰ ਬਾਣੀ ਦਾ ਪਾਠ ਉੱਚੀ ਉੱਚੀ ਕਰ ਰਿਹਾ ਹੈ, ਉਸ ਨੂੰ ਬਾਹਰ ਨਿਕਲਵਾ ਪ੍ਰਸੰਨ ਹੋਕਰ ਬਚਨ ਕੀਤਾ-"**ਮੰਞ ਪਿਆਰਾ ਗੁਰੂ ਨੂੰ ਗੁਰ ਮੰਞ ਪਿਆਰਾ॥ ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ॥**" ਅਜਿਹਾ ਹੀ ਭਾਈ ਪਿਰਾਣਾ ਗੁਰੂ ਕੇ ਲੰਗਰ ਦੀ ਸੇਵਾ ਕਰਦਾ ਸੀ ਤੇ ਪ੍ਰਸਾਦਿ ਆਪ ਬਾਹਰੋਂ ਛਕਕੇ ਗੁਜ਼ਾਰਾ ਕਰਦਾ ਸੀ। ਦੋਹਾਂ ਦੀ ਨਿਸ਼ਕਾਮ, ਭਗਤੀ ਦੇਖਕੇ ਗੁਰੂ ਜੀ ਨੇ ਉਨ੍ਹਾਂ ਨੂੰ ਸਿਦਕ ਤੇ ਸਿੱਖੀ ਦਾ ਵਰ ਦਿੱਤਾ।

## ੨੪. (ਪੰਜਾਬ ਦੇ ਹੀ ਸਿੱਖ)।

੧. ਪੈੜਾ ਜਾਤਿ ਚੰਡਾਲੀਆ ਜੇਠੇ ਸੇਠੀ ਕਾਰ ਕਮਾਈ।
੨. ਲਟਕਣੁ ਘੂਰਾ ਜਾਣੀਐ ਗੁਰਦਿਤਾ ਗੁਰਮਤਿ ਗੁਰਭਾਈ।
੩. ਕਾਟਾਰਾਉ ਸਰਾਫ ਹੈ ਭਗਤ ਵਡਾ ਭਗਵਾਨ ਸੁਭਾਈ।
੪. ਸਿਖ ਭਲਾ ਰਵਿਤਾਸ ਵਿਚਿ ਧਉਣੁ ਮੁਰਾਰੀ ਗੁਰ ਸਰਣਾਈ।
੫. ਆਡਿਤ ਸੁਇਨੀ ਸੂਰਮਾ ਚਰਣ ਸਰਣਿ ਚੂਹੜੁ ਜੇ ਸਾਈ।
੬. ਲਾਲਾ ਸੇਠੀ ਜਾਣੀਐ ਜਾਣੁ ਨਿਹਾਲੂ* ਸਬਦਿ ਲਿਵਲਾਈ।
੭. ਰਾਮਾ ਝੰਝੀ ਆਖੀਐ ਹੇਮੂ ਸੋਈ ਜੋ ਗੁਰਮਤਿ ਪਾਈ।
੮. ਜੱਟੂ ਭੰਡਾਰੀ, ਭਲਾ ਸਾਹਦਰੈ ਸੰਗਤਿ ਸੁਖਦਾਈ।
੯. ਪੰਜਾਬੈ ਗੁਰ ਦੀ ਵਡਿਆਈ॥੨੪॥

**ਪਦਾਰਥ**-(ਰਵਤਾਸ=ਨਗਰ ਹੈ ਰੁਹਤਾਸ। ਸ਼ਾਹਦਰਾ=ਲਾਹੌਰ ਪਾਸ ਹੈ।

**ਅਰਥ**-੧. ਪੈੜਾ ਜਾਤ ਚੰਡਾਲੀ ਸੀ, ਤੇ ਜੇਠਾ ਭਗਤ ਸੇਠ ਦਾ ਕੰਮ ਕਰਦਾ ਸੀ। ੨. ਘੂਰਾ ਲਟਕਣ ਸੰਗਤਕ ਜਾਣੀਦਾ ਸੀ, ਗੁਰਦਿਤਾ ਗੁਰਾਂ ਦੀ ਮਤ ਲੈਣ ਵਿਖੇ ਗੁਰਭਾਈ ਸੀ, (ਭਾਵ ਕੱਠੇ ਸਿਖ ਹੋਏ)। ੩. ਕਾਟਾਰਾ ਸਰਾਫ ਤੇ ਭਗਵਾਨ ਵਡੇ ਭਗਤ ਨੇਕ ਸੁਭਾ ਸਨ। ੪. ਰਵਤਾਸ (ਨਗਰ) ਵਿਚ ਧਉਣ ਮੁਰਾਰੀ ਭਲਾ, ਉੱਤਮ ਸਿਖ ਗੁਰੂ ਦੀ ਸ਼ਰਨ ਪਿਆ।੫. ਆਡਿਤ ਭਗਤ ਸੁਇਨੀ ਜਾਤ ਦਾ ਜੋਧਾ ਸੀ, ਚੂਹੜ ਅਤੇ ਸਾਂਈ ਸਿੱਖ (ਗੁਰੂ ਜੀ ਦੀ) ਚਰਣ ਸ਼ਰਣ ਪ੍ਰਾਪਤ ਹੋਏ। ੬. ਲਾਲਾ ਸੇਠੀ ਅਤੇ ਨਿਹਾਲੂ ਭਗਤ ਗੁਰੂ ਦੇ ਸ਼ਬਦ ਵਿਖੇ ਤਾਰ ਲਾ ਛੱਡਦੇ ਸਨ। ੭. ਝੰਝੀ ਜਾਤ ਦਾ ਰਾਮਾ ਭਗਤ ਕਹੀਦਾ ਸੀ ਅਤੇ ਹੇਮੂ ਨੇ ਬੀ ਓਹੀ ਗੁਰਮਤ ਪਾਈ (ਭਗਤ ਬਰਾਬਰ ਭਗਤ ਸੀ)। ੮. ਜੱਟੂ ਭੰਡਾਰੀ ਆਦਿਕ ਭਲਿਆਂ ਦੀ ਸ਼ਾਹਦਰੇ ਵਿਚ ਸੁਖਦਾਈ ਸੰਗਤ ਸੀ। ੯. ਪੰਜਾਬ ਵਿਖੇ ਗੁਰੂ (ਪੰਚਮ ਦੀ) ਵਡੀ ਮਹਿਮਾ ਹੋ ਰਹੀ ਹੈ।

**ਭਾਵ**-ਲਾਹੌਰ ਦੇ ਕੋਲ ਸ਼ਾਹਦਰੇ ਵਿਖੇ ਪੰਜਵੀਂ ਪਾਤਸ਼ਾਹੀ ਨੇ ਜਦ ਰੌਣਕ ਬਖਸ਼ੀ, ਉਥੇ ਪੂਰਬੋਕਤ ਸਿੱਖ ਹੋਏ, ਹੋਰ ਦੇਵੀ ਦੇਵਤਿਆਂ ਨੂੰ ਤਿਲਾਂਜਲੀ ਦੇ ਗੁਰਮਤ ਲੈਕੇ ਗੁਰੂ ਗ੍ਰੰਥ ਸਾਹਿਬ ਪੁਰ ਭਰੋਸਾ ਕਰਨ ਲੱਗੇ।

*ਪਾ:- ਰਿਹਾਣ।

## ੨੫.(ਲਾਹੌਰ ਮੁਜੰਗੀ ਸੰਗਤ)।

੧. ਸਨਮੁਖਿ ਸਿਖ ਲਹੌਰ ਵਿਚਿ ਸੋਢੀ ਆਇਣੁ ਤਾਇਆ ਸੰਹਾਰੀ।
੨. ਸਾਈਂ ਦਿਤਾ ਝੰਝੀਆ ਸੈਦੋ ਜਟੁ ਸਬਦ ਵੀਚਾਰੀ।
੩. ਬੁਧੂ ਮਹਿਤਾ ਜਾਣੀਅਹਿ ਕੁਲ ਕੁਮ੍ਹਿਆਰ ਭਗਤਿ ਨਿੰਰਕਾਰੀ।
੪. ਲਖੂ ਵਿਚਿ ਪਟੋਲੀਆ ਭਾਈ ਲਧਾ ਪਰਉਪਕਾਰੀ।
੫. ਕਾਲੂ ਨਾਨੋ ਰਾਜ ਦੁਇ ਹਾੜੀ ਕੋਹਲੀਆਂ ਵਿਚਿ ਭਾਰੀ।
੬. ਸੂਦੁ ਕਲਿਆਣਾ ਸੂਰਮਾ ਭਾਨੂ ਭਗਤੁ ਸਬਦੁ ਵੀਚਾਰੀ।
੭. ਮੂਲਾ ਬੇਰੀ ਜਾਣੀਐ ਤੀਰਥੁ ਅਤੇ ਮੁਕੰਦੁ ਅਪਾਰੀ।
੮. ਕਹੁ ਕਿਸਨਾ ਮੁਹਜੰਗੀਆ ਸੇਠ ਮੰਗੀਣੇ ਨੋ ਬਲਿਹਾਰੀ।
੯. ਸਨਮੁਖੁ ਸੁਨਿਆਰਾ ਭਲਾ ਨਾਉ ਨਿਹਾਲੂ ਸਪਰਵਾਰੀ।
੧੦.ਗੁਰਮੁਖਿ ਸੁਖ ਫਲ ਕਰਣੀ ਸਾਰੀ॥੨੫॥

**ਪਦਾਰਥ**-(ਆਇਣ=ਘਰਾਣਾ। ਪਟੋਲੀਆ=ਬਜ਼ਾਰ ਜਿਥੈ ਪਟੋਲੀ ਕੰਮ ਕਰਨ।

**ਅਰਥ**- ੧.ਲਾਹੌਰ ਵਿਖੇ ਸੋਢੀਆਂ ਦੇ ਘਰਾਣਿਓਂ ਸੰਹਾਰੀ (ਜੋ ਸਾਕੋਂ ਗੁਰੂ ਅਰਜਨ ਦੇਵ ਜੀ ਦਾ) ਤਾਯਾ ਸੀ (ਵਡਾ) ਸਨਮੁਖ ਸਿਖ ਸੀ। ੨.ਝੰਝੀਆ ਸਾਈਂ ਦਿੱਤਾ ਤੇ ਸੈਦੋ ਜੱਟ ਨੇ ਗੁਰ ਸ਼ਬਦ ਦਾ ਵੀਚਾਰ ਕੀਤਾ। ੩.ਕੁਮਿਹਾਰਾਂ ਦੀ ਕੁਲ ਵਿਚੋਂ ਬੁੱਧੂ ਮਹਿਤਾ ਨਾਉਂ ਸੀ ਤੇ ਨਿਰੰਕਾਰ ਦਾ ਭਗਤ ਸੀ, (ਇਸ ਦੇ ਨਾਉਂ ਥੋਂ ਲਾਹੌਰ ਵਿਚ ਬੁੱਧੂ ਦਾ ਆਵਾ ਪ੍ਰਸਿੱਧ ਹੈ)। ੪.ਪਟੋਲੀਆਂ ਦੇ ਬਜ਼ਾਰ ਭਾਈ ਲੱਖੂ ਤੇ ਭਾਈ ਲੱਧਾ ਪਰੋਪਕਾਰੀ ਸਿੱਖ ਹਨ। ੫.ਕਾਲੂ ਅਤੇ ਨਾਨੋ ਦੋ ਰਾਜ ਸਿੱਖ ਕੋਹਲੀ ਪਿੰਡ ਦਾ ਜੰਮ ਵਡੇ ਸਿਖ ਸੇ। ੬.ਕਲਿਆਣਾ ਸੂਦ ਸੂਰਮਾ ਅਤੇ ਭਾਨੂੰ ਭਗਤ ਸ਼ਬਦ ਦੀ ਵੀਚਾਰ ਵਾਲੇ ਸੇ। ੭.ਮੂਲਾ ਬੇਰੀ, ਤੀਰਥਾ ਤੇ ਮੁਕੰਦਾ ਅਪਾਰ ਸਿੱਖ ਜਾਣੀਦੇ ਸੇ। ੮.ਮੁਜੰਗ (ਗਾਉਂ) ਦਾ ਵਾਸੀ ਕਿਸ਼ਨਾ ਅਤੇ ਮੰਗੀਣੇ ਸੇਠ ਥੋਂ ਬਲਿਹਾਰ ਜਾਈਏ। ੯.ਭਲਾ ਨਾਉ ਦਾ ਸੁਨਿਆਰਾ ਤੇ ਨਿਹਾਲੂ ਪਰਵਾਰ ਸਣੇ ਸਨਮੁਖ ਸਿਖ ਸੇ। ੧੦.ਗੁਰਮੁਖਾਂ ਦੇ ਕੰਮ ਸਾਰੇ ਸਫ਼ਲ ਹਨ।

**ਭਾਵ**-ਸੰਹਾਰੀ ਸੋਢੀ ਪੰਜਵੀਂ ਪਾਤਸ਼ਾਹੀ ਦਾ ਤਾਇਆ ਸੀ, ਪਰੰਤੂ ਅਕਰੂਰ ਵਾਂਙੂ ਭਗਤੀ ਬੀ ਵਡੀ ਕਰਦਾ ਸੀ। ਇਕੇਰਾਂ ਸਾਹਿਬਾਂ ਨੇ ਕਿਹਾ ਆਪ ਤਾਂ ਸਾਡੇ ਤਾਏ ਹੋ, ਸਾਨੂੰ ਤੁਹਾਡੀ ਟਹਿਲ ਕਰਣੀ ਜੋਗ ਹੈ। ਸੰਹਾਰੀ ਨੇ ਕਿਹਾ ਆਪ ਨੇ ਜਗਤ ਦੇ ਉਧਾਰ ਵਾਸਤੇ ਅਵਤਾਰ ਲੀਤਾ ਹੈ, ਸਾਨੂੰ ਸਿੱਖੀ ਦਾਨ ਹੀ ਬਖਸ਼ੀਏ। ਸਾਂਈ ਦਿੱਤਾ ਝੰਝੀਆ ਤੇ ਸੈਦੋ ਜੱਟ ਲਾਹੌਰੀਏ ਤੀਜੀ ਪਾਤਸ਼ਾਹੀ ਨੂੰ ਵੱਡੀ ਸ਼ਰਧਾ ਨਾਲ ਲਾਹੌਰ ਲੈ ਗਏ, ਉਨ੍ਹਾਂ ਦੀ ਭਗਤੀ ਦੇਖ ਪ੍ਰਸੰਨ ਹੋ ਸਾਹਿਬ ਬੋਲੇ ਸਿੱਖੋ!ਜੋ ਇੱਛਾ ਹੈ ਸੋ ਮੰਗੋ ਉਨ੍ਹਾਂ ਕਿਹਾ ਜੀ ਕਸਾਈ ਪੁਰਾ ਦੇਖ ਕੇ ਪਹਿਲੀ ਪਾਤਸ਼ਾਹੀ ਬਚਨ ਕੀਤਾ ਸੀ:-ਮ:੧॥"**ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥**"(ਸ:ਵਾ:ਤੇ:ਵ:ਮ:੧-੨੭)ਆਪ ਹੁਣ ਇਸ ਸ੍ਰਾਪ ਨੂੰ ਵਿਦਾ ਦੇਈਏ,ਤਾਂ ਬਚਨ ਹੋਇਆ:-ਮ:੩॥"**ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ॥**" (ਸ:ਵਾ:ਤੇ:ਵ:ਮ:੩-੨੮)

## ੨੬.(ਦੇਸ਼ਾਂਤਰੀ ਸੰਗਤ)।

੧. ਭਾਨਾ ਮਲਣੁ ਜਾਣੀਐ ਕਾਬਲਿ ਰੇਖਰਾਉ ਗੁਰਭਾਈ।
੨. ਮਾਧੋ ਸੋਢੀ ਕਾਸਮੀਰ ਗੁਰ ਸਿਖੀ ਦੀ ਚਾਲ ਚਲਾਈ।
੩. ਭਾਈ ਭੀਵਾ ਸੀਹਰੰਦਿ ਰੂਪਚੰਦੁ ਸਨਮੁਖੁ ਸਤ ਭਾਈ।

੪. ਪਰਤਾਪੂ ਸਿਖੁ ਸੂਰਮਾ ਨੰਦੈ ਵਿਠੜਿ ਸੇਵ ਕਮਾਈ।
੫. ਸਾਮੀਦਾਸ ਵਛੇਰੁ ਹੈ ਥਾਨੇਸੁਰ ਸੰਗਤਿ ਬਹਲਾਈ।
੬. ਗੋਪੀ ਮਹਤਾ ਜਾਣੀਐ ਤੀਰਥੁ ਨਥਾ ਗੁਰ ਸਰਣਾਈ।
੭. ਭਾਊ ਮੋਕਲੁ ਆਖੀਅਹਿ ਢਿਲੀ ਮੰਡਲਿ ਗੁਰਮਤਿ ਪਾਈ।
੮. ਜੀਵੰਦੁ ਜਗਸੀ ਫਤੇ ਪੁਰਿ ਸੇਠਿ ਤਿਲੋਕੇ ਸੇਵ ਕਮਾਈ।
੯. ਸਤਿਗੁਰ ਦੀ ਵਡੀ ਵਡਿਆਈ॥੨੬॥

**ਪਦਾਰਥ**-(ਚਾਲ ਚਲਾਈ=ਰੀਤ ਤੋਰੀ। ਵਿੱਠੜ=ਜਾਤੀ। ਬਹਿਲਾਈ=ਗੁਰੂ ਵੱਲ ਪ੍ਰੇਰੀ।

**ਅਰਥ**- ੧.ਭਾਨਾ ਮੱਲ੍ਹਣ ਤੇ ਰੇਖਰਾਉ ਦੋ ਕਾਬਲ ਦੇ ਗੁਰਭਾਈ ਜਾਣੀਦੇ ਸਨ। ੨.ਮਾਧੋ ਸੋਢੀ ਨੇ ਕਸ਼ਮੀਰ ਵਿਚ ਜਾਕੇ ਗੁਰ ਸਿੱਖੀ ਦੀ ਰੀਤ ਤੋਰੀ। ੩.ਭਾਈ ਭੀਵਾ ਤੇ ਰੂਪ ਚੰਦ (ਏਹ ਦੋ ਸਿੱਖ) ਸਿਰਹੰਦ ਵਿਖੇ ਸੱਚੇ ਭਾਵ ਵਾਲੇ ਸਨਮੁਖ (ਸਿੱਖ) ਹੋਏ। ੪.ਪਰਤਾਪੂ ਬਲੀ ਸਿੱਖ ਸੀ, ਵਿੱਠੜ ਜਾਤ ਦੇ ਨੰਦ ਨੇ ਸੇਵਾ ਕੀਤੀ। ੫.ਸਾਮੀ ਦਾਸ ਵਛੇਰ ਜਾਤ ਵਾਲੇ ਨੇ ਥਾਨੇਸਰ (ਨਗਰ ਵਿਖੇ) ਸੰਗਤ ਗੁਰੂ ਵਲ ਲਿਆਂਦੀ। ੬.ਮਹਿਤਾ ਗੋਪੀ (ਸਿੱਖ) ਜਾਣੋਂ ਤੇ ਨੱਥਾ ਤੇ ਤੀਰਥ ਗੁਰੂ ਦੀ ਸ਼ਰਨ ਆਏ। ੭.ਭਾਈ ਮੋਕਲੁ ਤੇ ਭਾਈ ਢਿੱਲੀ ਮੰਡਲ ਨੇ (ਦਿੱਲੀ ਸ਼ਹਿਰ ਵਿਖੇ) ਗੁਰਮਤ ਦਾ ਪ੍ਰਚਾਰ ਕੀਤਾ। ੮.ਜੀਵੰਦਾ ਤੇ ਜਗਸੀ ਨੇ ਫਤੇ ਪੁਰ ਵਿਖੇ ਅਤੇ ਤਿਲੋਕ ਸੇਠ ਨੇ (ਗੁਰੂ) ਸੇਵਾ ਕੀਤੀ । ੯.ਸਤਿਗੁਰ ਦੀ ਵਡਿਆਈ ਵਡੀ ਹੈ।

**ਭਾਵ**-ਭਾਨਾ ਮੱਲਣ ਤੇ ਰੇਖਰਾਉ ਕਾਬਲ ਵਿਖੇ ਨਵਾਬ ਦੇ ਮੋਦੀਖਾਨੇ ਦਾ ਕੰਮ ਕਰਦੇ ਸਨ, ਜੋ ਖੱਟੀ ਆਪਣੀ ਹੋਵੇ ਸੋ ਸਿੱਖਾਂ ਨੂੰ ਖਿਲਾਵਣ। ਲੋਕਾਂ ਚੁਗਲੀ ਕੀਤੀ, ਜਦ ਲੇਖਾ ਹੋਣ ਲੱਗਾ ਤਾਂ ਸਿੱਖਾਂ ਮਨ ਵਿਚ ਗੁਰੂ ਜੀ ਦੀ ਸ਼ਰਨ ਲੀਤੀ ਕਿ ਸਾਡੀ ਪੈਜ ਰਖੀਏ, ਗੁਰੂ ਸਾਹਿਬ ਪਾਸ ਅੰਮ੍ਰਿਤਸਰ ਵਿਖੇ ਸਿੱਖ ਨੇ ਪੰਜ ਪੈਸੇ ਚੜ੍ਹਾਏ। ਸਾਹਿਬ ਕਦੀ ਸੱਜੇ ਕਦੀ ਖੱਬੇ ਹੱਥ ਰੱਖਣ, ਸਿੱਖਾਂ ਇਸਦਾ ਕਾਰਣ ਪੁਛਿਆ। ਬਚਨ ਕੀਤਾ ਕਾਬਲ ਵਿਖੇ ਸਿੱਖਾਂ ਦਾ ਵੱਟਾ ਪੂਰਾ ਕਰਦੇ ਹਾਂ, ਉਨ੍ਹਾਂ ਸਚਿਆਰਾਂ ਦਾ ਲੇਖਾ ਸਾਫ ਨਿਕਲਿਆ।

## ੨੭. (ਆਗਰੇ ਦੀ ਸੰਗਤ)

੧. ਮਹਤਾ ਸਕਤੂ ਆਗਰੈ ਚਢਾ ਹੋਆ ਨਿਹਾਲੁ ਨਿਹਾਲਾ।
੨. ਗੜ੍ਹੀਅਲੁ ਮਥਰਾ ਦਾਸੁ ਹੈ ਸਪਰਵਾਰਾ ਲਾਲ ਗੁਲਾਲਾ।
੩. ਗੰਗਾ ਸਹਗਲੁ ਸੂਰਮਾ ਹਰਵੰਸ ਤਪੇ ਟਹਲ ਧ੍ਰਮਸਾਲਾ।
੪. ਅਣਦੁ ਮੁਰਾਰੀ ਮਹਾਂਪੁਰਖੁ ਕਲਿਆਣਾ ਕੁਲਿ ਕਵਲੁ ਰਸਾਲਾ।
੫. ਨਾਨੋ ਲਟਕਣੁ ਬਿੰਦਰਾਉ ਸੇਵਾ ਸੰਗਤਿ ਪੂਰਣ ਘਾਲਾ।
੬. ਹਾਂਡਾ ਆਲਮਚੰਦੁ ਹੈ ਸੈਂਸਾਰਾ ਤਲਵਾੜੁ ਸੁਖਾਲਾ।
੭. ਜਗਨਾ ਨੰਦਾ ਸਾਧ ਹੈ ਭਾਨੂ ਸੁਹੜੁ ਹੰਸਾਂ ਦੀ ਢਾਲਾ।
੮. ਗੁਰ ਭਾਈ ਰਤਨਾਂ ਦੀ ਮਾਲਾ॥੨੭॥

**ਪਦਾਰਥ**-(ਰਸਾਲਾ=ਰਸ ਦੇ ਘਰ। ਪੂਰਣ ਘਾਲਾ=ਪੂਰੀ ਕੀਤੀ। ਢਾਲਾ=ਤਰ੍ਹਾਂ।

**ਅਰਥ**-੧.ਮਹਿਤਾ ਸ਼ਕਤੂ ਆਗਰੇ ਵਾਸੀ ਤੇ ਨਿਹਾਲਾ ਚੱਢਾ ਜਾਤਿ, ਨਿਹਾਲ ਹੋਇਆ ਹੈ। ੨.ਗੜੀਅਲ ਸੰਗਜਕਿ ਮਥਰਾ ਦਾਸ ਸਣੇ ਕੋੜਮੇ ਗੂੜ੍ਹੇ ਰੰਗ ਵਾਲਾ ਸੀ, (ਭਾਵ ਅੰਦਰੋਂ ਬਾਹਰੋਂ ਪ੍ਰੇਮੀ)। ੩.ਗੰਗਾ ਸਹਗਲ ਸਿਪਾਹੀ ਅਤੇ ਹਰਵੰਸ ਤਪੇ ਨੇ ਟਹਿਲ ਧਰਮਸਾਲ ਦੀ ਕੀਤੀ। ੪.ਅਣਦ ਮੁਰਾਰੀ

ਉੱਤਮ ਪੁਰਖ ਤੇ ਕਲਿਆਣਾ ਦੋਵੇਂ ਕੁਲ ਵਿਖੇ ਕਮਲ ਰਸ ਦੇ ਘਰ ਹੋਏ (ਭਾਵ ਦਿਨ ਰਾਤ ਖਿੜੇ ਰਹਿੰਦੇ ਸਨ)। ੫.ਨਾਨੋ ਲਟਕਣ ਸੰਗਤਕ ਨੇ ਤੇ ਬਿੰਦ ਰਾਏ ਨੇ (ਆਗਰੇ ਵਿਖੇ) ਸੰਗਤ ਦੀ ਸੇਵਾ ਪੂਰੀ ਕੀਤੀ। ੬.ਹਾਂਡਾ ਸੰਗਤਕ ਆਲਮ ਚੰਦ, ਸੈਸਾਰਾ ਭਗਤ ਤਲਵਾੜ ਸੰਗਤਕ (ਰਾਜਪੂਤ) ਸੁਖ ਦਾ ਘਰ ਸੀ। ੭.ਜਗਨਾ ਤੇ ਨੰਦਾ ਦੋ ਸਾਧੂ ਤੇ ਭਾਨੂੰ ਸੁਹੜ ਤਿੰਨੇ ਹੰਸਾਂ ਦੀ ਤਰ੍ਹਾਂ (ਭਾਵ ਤਤ ਮਿੱਥਿਆ ਦਾ ਵਿਵੇਚਨ ਕਰਦੇ ਸਨ। ੮.(ਏਹ) ਗੁਰ ਭਾਈ (ਆਪੋ ਵਿਚ) ਰਤਨਾਂ ਦੀ ਮਾਲਾ (ਵਾਂਙੂ ਪਰੋਤੇ ਹੁੰਦੇ)ਸਨ।

**ਭਾਵ**-ਏਹ ਆਗਰੇ ਦੀ ਸੰਗਤ ਆਪੋ ਵਿਚ ਗੁਰਭਾਈ ਪਰੰਤੂ ਰਤਨਾਂ ਦੀ ਮਾਲਾ ਵਤ ਅਮੋਲਕ ਜਗਯਾਸੂ ਸਨ, ਇਨ੍ਹਾਂ ਨੇ ਧਰਮਸਾਲਾ ਆਗਰੇ ਵਿਖੇ ਬਣਵਾਈ ਤੇ ਹਰਵੰਸ਼ ਨੂੰ ਉਥੋਂ ਦੀ ਟਹਲ ਸੌਂਪੀ, ਗੁਰਬਾਣੀ ਦਾ ਪ੍ਰਚਾਰ ਕੀਤਾ, ਨੰਗੇ ਨੂੰ ਬਸਤਰ ਤੇ ਭੁੱਖੇ ਨੂੰ ਪ੍ਰਸਾਦਿ ਮਿਲੇ। ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਬਾਣੀ ਦਾ ਉਚਾਰ ਕਰਨ ਲੱਗੇ।

## ੨੮.( ਹਜ਼ੂਰੀ ਸਿੱਖ)।

੧. ਸੀਗਾਰੂ ਜੈਤਾ ਭਲਾ ਸੂਰਬੀਰ ਮਨਿ ਪਰਉਪਕਾਰਾ।
੨. ਜੈਤਾ ਨੰਦਾ ਜਾਣੀਐ ਪੁਰਖ ਪਿਰਾਗਾ ਸਬਦਿ ਅਧਾਰਾ।
੩. ਤਿਲਕੁ ਤਿਲੋਕਾ ਪਾਲਕਾ ਸਾਧੁ ਸੰਗਤਿ ਸੇਵ ਹਿਤਕਾਰਾ।
੪. ਤੋਤਾ ਮਹਤਾ ਮਹਾਂ ਪੁਰਖੁ ਗੁਰਮੁਖਿ ਸੁਖ ਫਲ ਸਬਦੁ ਪਿਆਰਾ।
੫. ਜੜੀਆ ਸਾਂਈਦਾਸੁ ਹੈ ਸਭ ਕੁਲੁ ਹੀਰੇ ਲਾਲ ਅਪਾਰਾ।
੬. ਮਲਕ ਪੈੜਾ ਹੈ ਕੋਹਲੀ ਦਰਗਹੁ ਭੰਡਾਰੀ ਅਤਿ ਭਾਰਾ।
੭. ਮੀਆਂ ਜਮਾਲੁ ਨਿਹਾਲੁ ਹੈ ਭਗਤੂ ਭਗਤ ਕਮਾਵੈ ਕਾਰਾ।
੮. ਪੂਰਾ ਗੁਰ ਪੂਰਾ ਵਰਤਾਰਾ॥੨੮॥

**ਪਦਾਰਥ**-(ਤਿਲਕ=ਟਿੱਕਾ, ਭਾਵ ਸ਼ਿਰੋਮਣੀ

**ਅਰਥ**-੧.ਜੈਤਾ ਭੱਲਾ ਤੇ ਸੀਗਾਰੂ ਸੂਰਬੀਰ ਤੇ ਬੜੇ ਮਨ ਦੇ ਉਪਕਾਰੀ (ਸਿੱਖ ਸੇ)। ੨.ਜੈਤਾ, ਨੰਦਾ, ਪਿਰਾਗਾ ਸ਼ਬਦ ਦੇ ਆਸਰੇ (ਰਹਿਣ ਵਾਲੇ) ਚੰਗੇ ਪੁਰਖ ਸੇ। ੩.ਭਾਈ ਤਿਲੋਕਾ ਸ਼ਿਰੋਮਣ ਪਾਠਕ ਸੀ, ਸੰਗਤਾਂ ਨੂੰ (ਪਾਠ ਸੁਣਾਉਂਦਾ ਤੇ) ਸੇਵਾ ਕਰਦਾ ਸੀ। ੪.ਮਹਿਤਾ ਤੋਤਾ ਮਹਾਂ ਪੁਰਖ ਹੋ ਗਿਆ (ਉਹ) ਗੁਰਮੁਖ ਸੀ ਤੇ ਸ਼ਬਦ ਦੇ ਸੁਖ ਫਲ ਦਾ ਪਿਆਰਾ ਸੀ। ੫.ਸਾਂਈਦਾਸ ਜੜੀਆ ਸਾਰੀ ਕੁਲ ਅਪਾਰ ਹੀਰੇ ਲਾਲਾਂ (ਵਾਂਙੂ ਅਮੋਲਕ) ਸਨ। ੬.ਮਲਕ ਪੈੜਾ ਕੋਹਲੀ ਦਰਗਾਹ ਦਾ ਵਡਾ ਭਾਰੀ ਭੰਡਾਰੀ ਹੈ। ੭.ਮੀਆਂ ਜਮਾਲ ਨਿਹਾਲ ਹੋ ਗਿਆ, ਭਗਤੂ ਭਗਤੀ ਦੀ ਕਾਰ ਕਮਾਉਂਦਾ ਸੀ। ੮.ਪੂਰੇ ਗੁਰੂ ਦਾ ਵਰਤਾਰਾ ਪੂਰਾ (ਸਿੱਖਾਂ ਵਿਚ ਵਰਤਿਆ)।

**ਭਾਵ**-ਸੀਗਾਰੂ ਤੇ ਜੈਤਾ ਸੂਰਮੇ ਸਿੱਖ, ਭਾਈ ਜੇਠਾ, ਭਾਈ ਨੰਦਾ ਤੇ ਪਿਰਾਗਾ ਏਹ ਸ਼ਬਦ ਦੇ ਪ੍ਰੇਮੀ ਸਨ, ਭਾਈ ਤਿਲੋਕਾ ਤਿਲਕ ਰੂਪ ਗੁਰੂ ਜੀ ਦੇ ਹਜ਼ੂਰ ਇਕ ਮਨ ਹੋ ਪਾਠ ਕਰਦਾ ਸੀ। ਤੋਤਾ, ਮਹਿਤਾ ਵਡਾ ਗੁਰਮੁਖ ਸ਼ਬਦ ਦਾ ਪ੍ਰੇਮੀ ਸਾਈਂ ਦਾਸ ਜੜੀਆ ਜਿਸ ਦੀ ਸਾਰੀ ਕੁਲ ਹੀਰੇ ਤੇ ਲਾਲਾਂ ਵਾਂਙੂ ਅਮੋਲਕ ਸੀ। ਮਲਕ ਪੈੜਾ ਕੋਹਲੀ ਜਾਤ ਵਾਲਾ ਦਰਗਾਹ ਦਾ ਭੰਡਾਰੀ ਅਤੇ ਮੀਆਂ ਜਮਾਲ ਤੇ ਭਾਈ ਭਗਤੂ ਇਹ ਗੁਰੂ ਜੀ ਦੇ ਹਜ਼ੂਰੀ ਸਿੱਖ ਖਾਸ ਹਨ।

## ੨੯. (ਛਟਮ ਗੁਰੂ ਜੀ ਦੇ ਸਿਖਾਂ ਦੇ ਨਾਮ)।

੧. ਆਨੰਤਾ ਕੁਕੋ ਭਲੇ ਸਭ ਵਧਾਵਣ ਹਨਿ ਮਿਰਦਾਰਾ॥

੨. ਇਟਾ ਰੋੜਾ ਜਾਣੀਐ ਨਵਲ ਨਿਹਾਲੂ ਸਬਦ ਵੀਚਾਰਾ।
੩. ਤਖਤੂ ਧੀਰੁ ਗੰਭੀਰੁ ਹੈ ਦਰਗਹੁ ਤੁਲੀ ਜਪੈ ਨਿਰੰਕਾਰਾ।
੪. ਮਨਸਾ ਧਾਰੁ ਅਥਾਹੁ ਹੈ ਤੀਰਥੁ ਉਪਲੁ ਸੇਵਕ ਸਾਰਾ।
੫. ਕਿਸਨਾ ਝੰਝੀ ਆਖੀਐ ਪੰਮੂ ਪੁਰੀ ਗੁਰੂ ਕਾ ਪਿਆਰਾ।
੬. ਧਿੰਗੜੁ ਮੱਦੂ ਜਾਣੀਅਨਿ ਵਡੇ ਸੁਜਾਨ ਤਖਾਣ ਅਪਾਰਾ।
੭. ਬਨਵਾਲੀ ਤੇ ਪਰਸਰਾਮ ਬਾਲ ਵੈਦ ਹਉ ਤਿਨਿ ਬਲਿਹਾਰਾ।
੮. ਸਤਿਗੁਰ ਪੁਰਖੁ ਸਵਾਰਨ ਹਾਰਾ ॥੨੯॥

**ਅਰਥ**-੧. ਅਨੰਤਾ ਤੇ ਭਾਈ ਕੁੱਕੋ ਵਧਾਵਣ ਜਾਤ ਦੇ ਸਾਰੇ ਸਰਦਾਰ ਭੱਲੇ ਹਨ। ੨. ਇੱਟਾ, ਰੋੜਾ, ਨਵਲ, ਨਿਹਾਲੂ ਸ਼ਬਦ ਦੇ ਵੀਚਾਰਕ ਜਾਣੋ। ੩. ਤਖਤੂ ਧੀਰਜੀ ਤੇ ਗੰਭੀਰ ਹੈ, ਦਰਗਾਹ ਤੁੱਲੀ ਵਾਹਿਗੁਰੂ ਜੀ ਨੂੰ ਜਪਦੇ ਹਨ। ੪. ਮਨਸਾ ਧਾਰ ਡੂੰਘਾ ਹੈ, ਤੀਰਥ, ਉਪਲ ਸਾਰਾ (ਪਰਵਾਰ) ਸੇਵਕ ਹੈ। ੫. ਕਿਸ਼ਨਾ ਝੰਝੀ ਪੰਮੂ ਪੁਰੀ ਗੁਰੂ ਦੇ ਪਿਆਰੇ ਕਹੀਦੇ ਹਨ। ੬. ਧਿੰਗੜ ਮੱਦੂ ਵਡੇ ਸੁਜਾਣ ਤਿਖਾਣ ਸਿੱਖ ਜਾਣੀਦੇ ਹਨ। ੭. ਬਨਵਾਲੀ ਪਰਸਰਾਮ ਬਾਲ ਵੈਦ ਇਨ੍ਹਾਂ ਤੋਂ ਮੈਂ ਬਲਿਹਾਰ ਹਾਂ। ੮. (ਸਾਰਿਆਂ ਭਗਤਾਂ ਦੀ ਪੈਜ) ਸਤਿਗੁਰੂ ਸਵਾਰਣਹਾਰ ਹਨ।

(ਨੋਟ- ਪਉੜੀ ੨੮ ਦੀ ਛੇਵੀਂ ਸਤਰ ਵਿਚ ਆਏ ਭਾਈ ਦਰਗਹ ਭੰਡਾਰੀ ਤੋਂ ਲੈਕੇ ਪਉੜੀ ੩੧ ਦੇ ਅਖੀਰ ਤਕ ਸਾਰੇ ਸਿਖ ਛੇਵੀਂ ਪਾਤਸ਼ਾਹੀ ਦੇ ਉਪਾਸ਼ਕ ਸਨ-ਸਿਖਾਂ ਦੀ ਭਗਤ ਮਾਲਾ)

## ੩੦. (ਛਟਮ ਗੁਰ ਦੇ ਸਿੱਖ)।

੧. ਲਸ਼ਕਰ ਭਾਈ ਤੀਰਥਾ ਗੁਆਲੀਏਰ ਸੁਇਨੀ ਹਰਿਦਾਸੁ।
੨. ਭਾਵਾ ਧੀਰੁ ਉਜੈਨ ਵਿਚਿ ਸਾਧ ਸੰਗਤਿ ਗੁਰੁ ਸਬਦਿ ਨਿਵਾਸ।
੩. ਮੇਲ ਵਡਾ ਬੁਰਹਾਨ ਪੁਰਿ ਸਨਮੁਖ ਸਿਖ ਸਹਜ ਪਰਗਾਸ।
੪. ਭਗਤ ਭਈਆ ਭਗਵਾਨ ਦਾਸ ਨਾਲਿ ਬੋਦਲਾ ਘਰੇ ਉਦਾਸ।
੫. ਮਲਕ ਕਟਾਰੂ ਜਾਣੀਐ ਪਿਰਥੀ ਮੱਲ ਜਰਾਹੀ ਖਾਸ।
੬. ਭਗਤੂ ਛੁਰਾ ਵਖਾਣੀਐ ਡੱਲੂ ਗੀਹਾਣੈ ਸਾਬਾਸ।
੭. ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਣ ਕਵਲ ਵਿਗਾਸ।
੮. ਗੁਜਰਾਤੇ ਵਿਚਿ ਜਾਣੀਐ ਭੇਖਾਰੀ ਭਾਬੜਾ ਸੁਲਾਸ।
੯. ਗੁਰਮੁਖਿ ਭਾਉ ਭਗਤਿ ਰਹਿਰਾਸੁ ॥੩੦॥

**ਪਦਾਰਥ**-(ਜਰਾਹੀ=ਜੋ ਮਲ੍ਹਮ ਪੱਟੀ ਕਰੇ।

**ਅਰਥ**-੧. ਭਾਈ ਤੀਰਥਾਂ ਲਸ਼ਕਰ ਗਵਾਲੀਅਰ ਵਿਚ ਹਰਦਾਸ ਸੁਇਨੀ (ਗਵਾਲੀਅਰ ਕਿਲ੍ਹੇ ਵਿਚ) ਵਾਸੀ। ੨. ਭਾਵਾ ਧੀਰ ਉਜੈਨ ਵਾਸੀ ਸਤਿਸੰਗੀ ਤੇ ਗੁਰ ਸਬੁਦ ਪਿਆਰੇ ਹਨ। ੩. ਬੁਰਹਾਨਪੁਰ ਵਿਚ ਵਡਾ ਮੇਲ ਹੈ, (ਜਿੱਥੇ) ਸਹਜ ਪਦ ਤੇ ਸਨਮੁਖ (ਸਿੱਖ ਬਹੁਤ) ਪ੍ਰਸਿਧ ਹਨ। ੪. ਭਈਆ ਭਗਵਾਨ ਦਾਸ ਭਗਤ ਨਾਲੇ ਬੋਦਲਾ ਨਾਮੇ ਭਗਤ ਗ੍ਰਿਹਸਤ ਵਿਚ ਉਦਾਸ (ਰਹਿਣ ਵਾਲੇ)। ੫. ਕਟਾਰੂ ਮਲਕ, ਪਿਰਥੀ ਮਲ ਜਰਾਹੀ ਖਾਸ ਖਾਸ ਜਾਣੀਦੇ ਹਨ। ੬. ਭਗਤੂ ਛੁਰਾ ਤੇ ਡੱਲੂ ਗੀਹਾਣੇ ਦੇ ਵਸਨੀਕ ਧੰਨਤਾ ਯੋਗ ਕਹੀਦੇ ਸਨ। ੭. ਸੁੰਦਰ ਤੇ ਸ੍ਵਾਮੀ ਦਾਸ ਦੋਵੇਂ (ਸਿਖ ਦੀ) ਵੰਸ ਵਧਾਵਨ ਵਾਲੇ (ਪਰਚਾਰਕ), (ਕਵਲ ਵਿਗਾਸੀ=) ਚੜ੍ਹਦੀ ਅਵਸਥਾ ਦੇ ਸਾਖੀ ਹੋਏ। ੮. ਭੇਖਾਰੀ ਭਾਬੜਾ ਸੁਲਾਸ ਗੁਜਰਾਤੀਏ ਸਿੱਖ ਹਨ। ੯. (ਏਹ ਸਿਖ) ਪ੍ਰੇਮਾ ਭਗਤੀ ਹੀ ਆਪਣੀ ਰਾਹ ਰਸਮ ਸਮਝਦੇ ਹਨ।

## ੩੧. (ਛਟਮ ਗੁਰ ਦੇ ਸਿਖ)।

੧. ਸੁਹੰਡੈ ਮਾਈਆ ਲੰਬ ਹੈ ਸਾਧ ਸੰਗਤਿ ਗਾਵੈ ਗੁਰਬਾਣੀ।

੨. ਚੂਹੜ ਚਉਝੜੁ ਲਖਨਊ ਗੁਰਮੁਖਿ ਅਨਦਿਨੁ ਨਾਮ ਵਖਾਣੀ।
੩. ਸਨਮੁਖ ਸਿਖੁ ਪਿਰਾਗ ਵਿਚਿ ਭਾਈ ਭਾਨਾ ਵਿਰਤੀ ਹਾਣੀ।
੪. ਜਟੂ ਤਪਾ ਸੁ ਜੌਨਪੁਰਿ ਗੁਰਮਤਿ ਨਿਹਚਲ ਸੇਵ ਕਮਾਣੀ।
੫. ਪਟਣੈ ਸਭਰਵਾਲ ਹੈ ਨਵਲੁ ਨਿਹਾਲਾ ਸੁਧ ਪਰਾਣੀ।
੬. ਜੈਤਾ ਸੇਠ ਵਖਾਣੀਐ ਵਿਣੁ ਗੁਰ ਸੇਵਾ ਹੋਰੁ ਨ ਜਾਣੀ।
੭. ਰਾਜ ਮਹਲ ਭਾਨੂ ਬਹਿਲੁ ਭਾਉ ਭਗਤਿ ਗੁਰਮਤਿ ਮਨਿ ਭਾਣੀ।
੮. ਸਨਮੁਖੁ ਸੋਢੀ ਬਦਲੀ ਸੇਠਿ ਗੁਪਾਲੈ ਗੁਰਮਤਿ ਜਾਣੀ।
੯. ਸੁੰਦਰ ਚਢਾ ਆਗਰੈ ਢਾਕੈ ਮੋਹਣਿ ਸੇਵ ਕਮਾਣੀ।
੧੦.ਸਾਧ ਸੰਗਤਿ ਵਿਟਹੁ ਕੁਰਬਾਣੀ ॥੩੧॥੧੧॥

ਪਦਾਰਥ-(ਵਿਰਤੀ ਹਾਣੀ=ਵੈਰਾਗ ਦੀ ਖਾਣ। ਅਨਦਿਨ=ਰਾਤ ਦਿਨ। ਵਿਟਹੁ=ਉਪਰੋਂ।

ਅਰਥ-੧.ਸੁਹੰਡੇ ਨਾਮੇ ਗ੍ਰਾਮ ਵਿਚ ਮਾਈਆ ਲੰਬ (ਖੱਤ੍ਰੀ ਸਿਖ) ਗੁਰੂ ਦੀ ਬਾਣੀ ਸਾਧ ਸੰਗਤ (ਵਿਖੇ) ਗਾਉਂਦਾ ਸੀ। ੨.ਭਾਈ ਚੂਹੜ, ਚੌਝੜ ਜਾਤੀ ਲਖਨਊ ਦਾ ਵਾਸੀ ਗੁਰਮੁਖ ਦਿਨ ਰਾਤ ਨਾਮ ਜਪਦਾ ਸੀ (ਭਾਵ ਤੁਰਦਿਆਂ ਫਿਰਦਿਆਂ ਹੋਠ ਫੁਰਕਦੇ ਰਹਿੰਦੇ ਸਨ)। ੩.ਭਾਈ ਭਾਨਾ ਸਨਮੁਖ ਸਿੱਖ ਪ੍ਰਯਾਗ ਤੀਰਥ ਪੁਰ ਰਹਿੰਦਾ ਸੀ, ਵੈਰਾਗ ਦੀ ਖਾਣ ਸੀ। ੪.ਭਾਈ ਜੱਟੂ ਤਪਾ ਜੌਨਪੁਰ ਦਾ ਵਾਸੀ ਗੁਰਮਤ ਦਾ ਪੱਕਾ ਅਤੇ ਸੇਵਕ ਸੀ। ੫.ਪਟਣੇ ਦੇ ਵਾਸੀ ਨਵਲ ਤੇ ਸੱਭਰਵਾਲ ਦਾ ਵਾਸੀ ਨਿਹਾਲਾ ਸ਼ੁੱਧ ਪ੍ਰਾਣੀ ਸਨ। ੬.ਜੈਤਾ ਸੇਠ ਕਹੀਦਾ ਹੈ (ਉਹ) ਗੁਰੂ ਦੀ ਸੇਵਾ ਬਿਨਾਂ ਹੋਰ ਨਹੀਂ ਜਾਣਦਾ ਸੀ। ੭.ਭਾਨੂ ਬਹਲ ਰਾਜ ਮਹਲ ਦਾ ਵਾਸੀ ਪ੍ਰੇਮੀ ਸਿਖ ਗੁਰਮਤ ਵਾਲਾ ਹੈ। ੮.ਸੋਢੀ ਬਦਲੀ ਅਤੇ ਸੇਠ ਗੁਪਾਲ ਸਨਮੁਖ ਸਿੱਖ ਗੁਰਮਤ ਦੇ ਜਾਣਨ ਹਾਰੇ ਸਨ। ੯.ਭਾਈ ਸੁੰਦਰ ਚੱਢਾ ਆਗਰੇ ਦਾ ਵਾਸੀ ਤੇ ਭਾਈ ਮੋਹਣ ਢਾਕੇ ਵਿਚ ਗੁਰ ਸੇਵਕ (ਵਿਦਮਾਨ) ਸਨ। ੧੦.ਸਾਧ ਸੰਗਤ ਥੋਂ ਮੈਂ ਬਲਿਹਾਰ ਜਾਂਦਾ ਹਾਂ।

ਭਾਵ-ਉਰਧ ਲਿਖਤ ਵਿਚ ਭਿੰਨ ਭਿੰਨ ਸ਼ਹਿਰਾਂ ਦੇ ਵਸਨੀਕ ਵਡੇ ਸਿਦਕੀ ਤੇ ਭਰੋਸੇ ਵਾਲੇ ਸਿੱਖ ਹਨ, ਜੇ ਹਰੇਕ ਦਾ ਵਰਣਨ ਕੀਤਾ ਜਾਵੇ ਤਾਂ ਗ੍ਰੰਥ ਵਧ ਜਾਂਦਾ ਹੈ। ਇਸ ਵਾਰ ਦੇ ਸਿੱਖਾਂ ਦੇ ਮੁਫੱਸਲ ਪ੍ਰਸੰਗਾਂ ਦੀ ਅਲੱਗ ਪੋਥੀ ''ਗੁਰਸਿੱਖਾਂ ਦੀ ਭਗਤ ਮਾਲਾ'' ਛਪੀ ਹੋਈ ਹੇ ਜੋ ਭਾਈ ਵੀਰ ਸਿੰਘ ਸਹਿਤ ਸਦਨ, ਨਵੀਂ ਦਿੱਲੀ ਦੇ ਦਫਤਰੋਂ ਮਿਲ ਸਕਦੀ ਹੈ।

## ਵਾਰ ੧੨.

ੴ ਸਤਿਗੁਰ ਪ੍ਰਸਾਦਿ ॥

### ੧. (ਗੁਰੂ ਸਿੱਖਾਂ ਦੀ ਕਰਨੀ)।

੧. ਬਲਿਹਾਰੀ ਤਿਨ੍ਹਾਂ ਗੁਰ ਸਿੱਖਾਂ ਜਾਇ ਜਿਨਾ ਗੁਰੂ ਦਰਸਨੁ ਡਿਠਾ।
੨. ਬਲਿਹਾਰੀ ਤਿਨ੍ਹਾਂ ਗੁਰ ਸਿੱਖਾਂ ਪੈਰੀ ਪੈ ਗੁਰ ਸਭਾ ਬਹਿਠਾ।

੩. ਬਲਿਹਾਰੀ ਤਿੰਨ੍ਹਾਂ ਗੁਰ ਸਿੱਖਾਂ ਗੁਰਮਤਿ ਬੋਲ ਬੋਲਦੇ ਮਿਠਾ।
੪. ਬਲਿਹਾਰੀ ਤਿਨ੍ਹਾਂ ਗੁਰ ਸਿੱਖਾਂ ਪੁਤੁ ਮਿਤ੍ਰ ਗੁਰਭਾਈ ਇਠਾ।
੫. ਬਲਿਹਾਰੀ ਤਿਨ੍ਹਾਂ ਗੁਰ ਸਿੱਖਾਂ ਗੁਰ ਸੇਵਾ ਜਾਣਨਿ ਅਭਿਰਿਠਾ।
੬. ਬਲਿਹਾਰੀ ਤਿਨ੍ਹਾਂ ਗੁਰ ਸਿੱਖਾਂ ਆਪਿ ਤਰੇ ਤਾਰੇਨਿ ਸਰਿਠਾ।
੭. ਗੁਰਸਿਖ ਮਿਲਿਆ ਪਾਪ ਪਣਿਠਾ ॥੧॥

**ਪਦਾਰਥ**-(ਬਹਿਠਾ=ਬੈਠਦੇ ਹਨ। ਇਠਾ=ਇਸ਼ਟ, ਵਾਂਛਤ ਪਦਾਰਥ। (ਅਭਿਰਿਠਾ=ਪਜਾਰੀ ਸਰਿਠਾ=ਸ੍ਰਿਸ਼ਟੀ। ਪਣਿਠਾ=ਦੂਰ ਹੋਣਾ।

**ਅਰਥ**-੧.ਉਨ੍ਹਾਂ ਗੁਰ ਸਿੱਖਾਂ ਦੇ ਮੈਂ ਬਲਿਹਾਰੀ ਹਾਂ ਜਿਨ੍ਹਾਂ ਜਾ ਕੇ ਗੁਰੂ ਜੀ ਦਾ ਦਰਸ਼ਨ ਕੀਤਾ ਹੈ। ੨.ਉਨ੍ਹਾਂ ਗੁਰਸਿੱਖਾਂ ਦੇ ਮੈਂ ਬਲਿਹਾਰੀ ਹਾਂ ਜੋ ਗੁਰੂ ਦੀ ਪੈਰੀਂ ਪੈ ਕੇ (ਗੁਰੂ ਦੀ) ਸਭਾ ਵਿਖੇ ਬੈਠਦੇ ਹਨ। ੩.ਉਨ੍ਹਾਂ ਗੁਰਸਿੱਖਾਂ ਦੇ ਮੈਂ ਬਲਿਹਾਰੀ ਹਾਂ ਜੋ ਗੁਰੂ ਦੀ ਸਿਖਯਾ ਲੈ ਕੇ ਮਿਠਾ ਬੋਲਦੇ ਹਨ। ੪.ਉਨ੍ਹਾਂ ਗੁਰ ਸਿੱਖਾਂ ਦੇ ਮੈਂ ਬਲਿਹਾਰੀ ਹਾਂ ਜੋ ਗੁਰ ਭਾਈਆਂ ਨੂੰ ਪੁੱਤ੍ਰ ਮਿੱਤ੍ਰ ਇਸ਼ਟ ਪਦਾਰਥ (ਸਮਝਦੇ ) ਹਨ। ੫.ਉਨ੍ਹਾਂ ਗੁਰਸਿੱਖਾਂ ਦੇ ਮੈਂ ਬਲਿਹਾਰੀ ਹਾਂ ਜੋ ਗੁਰੂ ਦੀ ਸੇਵਾ ਪਿਆਰੀ ਜਾਣਦੇ ਹਨ। ੬.ਉਨ੍ਹਾਂ ਗੁਰਸਿੱਖਾਂ ਦੇ ਮੈਂ ਬਲਿਹਾਰੀ ਹਾਂ ਜੋ ਆਪ ਤਰੇ ਹਨ ਤੇ ਸ੍ਰਿਸ਼ਟੀ ਨੂੰ ਭੀ ਤਾਰਦੇ ਹਨ। ੭.ਗੁਰਮੁਖਾਂ ਦੇ ਮਿਲਣ ਨਾਲ ਪਾਪ ਦੂਰ ਹੋ ਜਾਂਦੇ ਹਨ।

**ਭਾਵ**-ਗੁਰੂ ਸੇਵਾ ਤਨੋਂ ਮਨੋਂ ਸ਼ਰਧਾ ਨਾਲ ਕਰੇ ਤੇ ਮਿੱਠਾ ਬਚਨ ਬੋਲੇ।

## ੨. (ਗੁਰ ਸਿੱਖਾਂ ਦਾ ਨਿੱਤ ਨੇਮ)।

੧. ਕੁਰਬਾਣੀ ਤਿਨਾਂ ਗੁਰ ਸਿਖਾਂ ਪਿਛਲੀ ਰਾਤੀ ਉਠਿ ਬਹੰਦੇ।
੨. ਕੁਰਬਾਣੀ ਤਿਨਾ ਗੁਰ ਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।
੩. ਕੁਰਬਾਣੀ ਤਿਨਾ ਗੁਰ ਸਿਖਾਂ ਹੁਇ ਇਕ ਮਨਿ ਗੁਰ ਜਾਪੁ ਜਪੰਦੇ।
੪. ਕੁਰਬਾਣੀ ਤਿਨਾ ਗੁਰ ਸਿਖਾਂ ਸਾਧ ਸੰਗਤਿ ਚਲਿ ਜਾਇ ਜੁੜੰਦੇ।
੫. ਕੁਰਬਾਣੀ ਤਿਨਾ ਗੁਰ ਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।
੬. ਕੁਰਬਾਣੀ ਤਿਨਾ ਗੁਰ ਸਿਖਾਂ ਮਨ ਮੇਲੀ ਕਰਿ ਮੇਲਿ ਮਿਲੰਦੇ।
੭. ਕੁਰਬਾਣੀ ਤਿਨਾ ਗੁਰ ਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।
੮. ਗੁਰ ਸੇਵਾ ਫਲੁ ਸੁਫਲੁ ਫਲੰਦੇ ॥੨॥

**ਪਦਾਰਥ**-(ਪਿਛਲੀ ਰਾਤੀ=ਅੰਮ੍ਰਿਤ ਵੇਲੇ। ਸਰ=ਤਲਾ, ਨਦੀ, ਛੰਭ, ਯਾ ਵੇਲੇ ਸਿਰ।

**ਅਰਥ**-੧.ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ ਜੋ ਪਿਛਲੀ ਰਾਤੀ ਉਠ ਬੈਠਦੇ ਹਨ। ੨.ਮੈਂ ਉਨ੍ਹਾਂ ਗੁਰਸਿੱਖਾਂ ਦੇ ਕੁਰਬਾਨ ਹਾਂ ਜੋ ਤੜਕੇ ਸਰ ਨ੍ਹਾ ਲੈਂਦੇ ਹਨ। ੩.ਮੈਂ ਉਨ੍ਹਾਂ ਗੁਰਸਿੱਖਾਂ ਦੇ ਕੁਰਬਾਨ ਹਾਂ ਜੋ ਇਕ ਮਨ ਹੋਕੇ ਗੁਰੂ ਦਾ ਜਾਪ ਕਰਦੇ ਹਨ। ੪.ਮੈਂ ਉਨ੍ਹਾਂ ਗੁਰਸਿੱਖਾਂ ਦੇ ਕੁਰਬਾਨ ਹਾਂ ਜੋ ਸਾਧ ਸੰਗਤ ਵਿਚ ਜਾ ਸ਼ਾਮਲ ਹੁੰਦੇ ਹਨ। ੫.ਮੈਂ ਉਨ੍ਹਾਂ ਗੁਰਸਿੱਖਾਂ ਦੇ ਕੁਰਬਾਨ ਹਾਂ ਜੋ ਗੁਰਬਾਣੀ ਨਿੱਤ (ਗਾਉਂਦੇ ਯਾ) ਜਾ ਕੇ ਸੁਣਦੇ ਹਨ। ੬.ਮੈਂ ਉਨ੍ਹਾਂ ਗੁਰਸਿੱਖਾਂ ਦੇ ਕੁਰਬਾਨ ਹਾਂ ਜੋ ਮਨ ਮੇਲੀ (ਭਾਲਕੇ, ਉਸ) ਨਾਲ ਮੇਲ ਕਰਦੇ ਹਨ। ੭.ਮੈਂ ਉਨ੍ਹਾਂ ਗੁਰਸਿੱਖਾਂ ਦੇ ਕੁਰਬਾਨ ਹਾਂ ਜੋ ਪ੍ਰੇਮਾ ਭਗਤੀ ਤੇ ਗੁਰਪੁਰਬ ਕਰਦੇ ਹਨ। ੮.ਗੁਰ ਸੇਵਾ ਦੇ ਸੁਫਲ ਫਲਾਂ ਨਾਲ (ਉਹ) ਫਲਦੇ ਹਨ।

**ਭਾਵ**-ਜੇਹੜੇ ਸਿੱਖ ਚਾਰ ਘੜੀ ਰਾਤ ਰਹਿੰਦੀ ਉਠ ਬੈਠਦੇ, ਭਾਵ ਈਸ਼੍ਵਰ ਦੇ ਉਪਕਾਰ ਯਾਦ ਕਰਦੇ ਹਨ, ਅੰਮ੍ਰਿਤ ਵੇਲੇ ਸਰਾਂ ਆਦ ਪੁਰ ਸ਼ਨਾਨ ਕਰਦੇ ਇਕ ਮਨ ਹੋਕੇ ਜਪੁ, ਜਾਪੁ ਜੀ ਦਾ ਪਾਠ ਕਰਦੇ ਹਨ, ਸਾਧ ਸੰਗਤ ਵਿਖੇ ਜਾਕੇ ਪ੍ਰੀਤ ਨਾਲ ਜੁੜ ਬੈਠਦੇ ਹਨ, ਈਰਖਾ ਮਤਸਰ ਨਹੀਂ

ਕਰਦੇ, ਗੁਰ ਦੀ ਬਾਨੀ ਗਾਉਂਦੇ, ਸੁਣਦੇ। ਸਿੱਟਾ ਇਹ ਕਿ ਸ੍ਰੋਤਾ ਮਿਲੇ ਤਾਂ ਵਕਤਾ ਜਾਂ ਵਕਤਾ ਮਿਲੇ ਤਾਂ ਆਪ ਸ਼੍ਰੋਤਾ ਹੋ ਜਾਂਦੇ ਹਨ। ਫੇਰ ਮਨ ਮੇਲੀਆਂ ਨਾਲ ਮੇਲ ਕਰਦੇ ਹਨ, ਭਾਵ ਨਾਸਤਕਾਂ ਦਾ ਸੰਗ ਨਹੀਂ ਕਰਦੇ। -ਪੁਨ : ਪ੍ਰੇਮਾ ਭਗਤੀ ਨਾਲ ਗੁਰਪੁਰਬ ਕਰਦੇ ਹਨ। ਅਜਿਹੇ ਗੁਰਸਿੱਖਾਂ ਦੇ ਮੈਂ ਕੁਰਬਾਨ (ਬਲਿਹਾਰ) ਜਾਂਦਾ ਹਾਂ, ਭਾਵ ਜਾਨ ਵਾਰ ਦੇਵਾਂ, ਫਿਰ ਭੀ ਸ਼ਰਮਿੰਦਾ ਹਾਂ ਕਿ ਕੀ ਵਾਰਨੇ ਕੀਤਾ ਹੈ, ਬਹੁਤ ਥੋੜੀ ਗੱਲ ਹੈ। ਗੁਰ ਵਾਕ-

**"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥** (ਗਉ: ਵਾਰ-੧੧)

ਇਸ ਦਾ ਅਰਥ ਉਪਰਲੀ ਪੌੜੀ ਦੇ ਅੰਤਰਭੂਤ ਹੈ-ਗੁਰ ਸੇਵਾ ਕਰਨ ਹਾਰੇ ਸੁਫਲ ਫਲਾਂ ਨਾਲ ਫਲਦੇ ਹਨ, ਗਿਆਨ ਵੈਰਾਗ ਆਦ ਚੰਗੇ ਫਲ ਪ੍ਰਾਪਤ ਹੁੰਦੇ ਹਨ।

## ੩. (ਗੁਰ ਸਿੱਖ ਦਾ ਹਿਰਦਾ)।

੧. ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣਿ ਸੁ ਹੋਇ ਨਿਤਾਣਾ।
੨. ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ।
੩. ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ।
੪. ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ।
੫. ਹਉ ਤਿਸੁ ਵਿਟਹੁ ਵਾਰਿਆ ਗੁਰਮੁਖੁ ਮਾਰਗ ਦੇਖਿ ਲੁਭਾਣਾ।
੬. ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ।
੭. ਦੀਨ ਦੁਨੀ ਦਰਗਹ ਪਰਵਾਣਾ ॥੩॥

**ਪਦਾਰਥ-**(ਵਿਟਹੁ=ਉਪਰੋਂ। ਤਾਣ=ਬਲ।

**ਅਰਥ-**੧.ਮੈਂ ਉਸਥੋਂ ਵਾਰਨੇ ਜਾਂਦਾ ਹਾਂ, ਜੋ ਬਲ ਦੇ ਹੁੰਦਿਆਂ ਨਿਤਾਣਾ (ਨਿਰਬਲ) ਹੋ ਰਹੇ। ੨.ਮੈਂ ਉਸਥੋਂ ਵਾਰਨੇ ਜਾਂਦਾ ਹਾਂ, ਜੋ ਮਾਣ ਦੇ ਹੁੰਦੇ ਨਿਮਾਣਾ (ਗਰੀਬ)ਹੋ ਰਹੇ। ੩.ਮੈਂ ਉਸਥੋਂ ਵਾਰਨੇ ਜਾਂਦਾ ਹਾਂ ਜੋ ਸਿਆਣਪਾਂ ਛਡਕੇ ਇਆਣਾ (ਭੋਲਾ ਭਾਲਾ) ਬਣ ਰਹੇ। ੪.ਮੈਂ ਉਸਥੋਂ ਵਾਰਨੇ ਜਾਂਦਾ ਹਾਂ ਜਿਸ ਨੂੰ ਖਸਮ ਦਾ ਭਾਣਾ ਚੰਗਾ ਲੱਗਦਾ ਹੈ, ੫.ਮੈ ਉਸਥੋਂ ਵਾਰਨੇ ਜਾਂਦਾ ਹਾਂ ਜਿਹੜਾ ਗੁਰਮੁਖਾਂ ਦੇ ਮਾਰਗ ਪੁਰ ਲੁਭਾਇਮਾਨ ਹੈ, (ਭਾਵ ਵੱਡਾ ਸ਼ਰਧਾਲੂ ਹੈ)। ੬.ਮੈਂ ਉਸਥੋਂ ਵਾਰਨੇ ਜਾਂਦਾ ਹਾਂ ਜਿਹੜਾ (ਸੰਸਾਰ ਥੋਂ) ਕੂਚ ਕਰਨਾ ਜਾਣਕੇ ਪਰਾਹੁਣਾ ਬਣ ਰਹੇ। ੭.(ਉਹ ਉਕਤ ਪੁਰਖ) ਦੀਨ ਦੁਨੀਆਂ ਤੇ ਦਰਗਾਹ ਵਿਖੇ ਪ੍ਰਮਾਣੀਕ ਹੈ।

## ੪. (ਗੁਰਸਿੱਖ ਅਪਰਸ ਹੈ)।

੧. ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
੨. ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੈ ਨੇੜਿ ਨ ਜਾਵੈ।
੩. ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ।
੪. ਹਉ ਤਿਸੁ ਘੋਲਿ ਘੁਮਾਇਆ ਪਰਨਿੰਦਾ ਸੁਣਿ ਆਪੁ ਹਟਾਵੈ।
੫. ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।
੬. ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।
੭. ਗੁਰਮੁਖਿ ਸੋਈ ਸਹਜਿ ਸਮਾਵੈ ॥੪॥

**ਪਦਾਰਥ**-(ਘੋਲ ਘੁਮਾਇਆ=ਕੁਰਬਾਨ ਹਾਂ।

**ਅਰਥ**-੧.ਮੈਂ ਉਸਥੋਂ ਵਾਰਨੇ ਜਾਂਦਾ ਹਾਂ ਜੋ ਗੁਰੂ ਦੀ ਮੱਤ ਲੈ ਕੇ ਰਿਦੇ ਗਰੀਬੀ ਧਾਰਨ ਕਰੇ। ੨.ਮੈਂ ਉਸਥੋਂ ਵਾਰਨੇ ਜਾਂਦਾ ਹਾਂ ਜੋ ਪਰਾਈ ਇਸਤ੍ਰੀ ਦੇ ਨੇੜੇ ਨਾ ਜਾਵੇ, (ਭਾਵ ਜਤੀ ਹੋਵੇ)। ੩.ਮੈਂ ਉਸਥੋਂ ਵਾਰਨੇ ਜਾਂਦਾ ਹਾਂ ਜੋ ਪਰਾਏ ਧਨ ਨੂੰ ਹੱਥ ਨਾ ਲਾਵੇ (ਭਾਵ ਲੋਭ ਨ ਕਰੇ) ੪.ਮੈਂ ਉਸਥੋਂ ਵਾਰਨੇ ਜਾਂਦਾ ਹਾਂ ਜੋ ਪਰਾਈ ਨਿੰਦਾ ਸੁਣਨ ਥੋਂ (ਆਪਣਾ) ਆਪ ਹਟਾ ਲਵੇ। ੫.ਮੈਂ ਉਸਥੋਂ ਵਾਰਨੇ ਜਾਂਦਾ ਹਾਂ ਜੋ ਸਤਿਗੁਰੂ ਦੇ ਉਪਦੇਸ਼ ਨੂੰ ਕਮਾਵੇ (ਭਾਵ ਮੰਨਣ ਕਰੇ)। ੬.ਮੈਂ ਉਸ ਥੋਂ ਵਾਰਨੇ ਜਾਂਦਾ ਹਾਂ ਜੋ ਥੋੜਾ ਸਵੇਂ ਤੇ ਥੋੜਾ ਹੀ ਖਾਵੇ (ਕਿਉਂ ਜੋ ਭਜਨ ਵਿਖੇ ਵਿਘਨ ਪੈਂਦਾ ਹੈ)। ੭.(ਓਹੀ) ਗੁਰਮੁਖ (ਜੋ ਉਕਤ ਸਿੱਖਯਾ ਧਾਰਨ ਕਰਦਾ ਹੈ) ਸਹਜ ਪਦ ਵਿਖੇ ਸਮਾਉਂਦਾ ਹੈ।

## ੫. (ਗੁਰ ਸਿੱਖ ਗਯਾਨੀ ਹੈ)।

੧. ਹਉ ਤਿਸਦੈ ਚਉਖੰਨੀਐ ਗੁਰ ਪਰਮੇਸੁਰ ਏਕੋ ਜਾਣੈ।
੨. ਹਉ ਤਿਸਦੈ ਚਉਖੰਨੀਐ ਦੂਜਾ ਭਾਉ ਨ ਅੰਦਰਿ ਆਣੈ।
੩. ਹਉ ਤਿਸਦੈ ਚਉਖੰਨੀਐ ਅਉਗੁਣ ਕੀਤੇ ਗੁਣ ਪਰਵਾਣੈ।
੪. ਹਉ ਤਿਸਦੈ ਚਉਖੰਨੀਐ ਮੰਦਾ ਕਿਸੇ ਨ ਆਖਿ ਵਖਾਣੈ।
੫. ਹਉ ਤਿਸਦੈ ਚਉਖੰਨੀਐ ਆਪੁ ਠਗਾਏ* ਲੋਕਾ ਭਾਣੇ।
੬. ਹਉ ਤਿਸਦੈ ਚਉਖੰਨੀਐ ਪਰਉਪਕਾਰ ਕਰੇ ਰੰਗ ਮਾਣੈ।
੭. ਲਉਬਾਲੀ ਦਰਗਾਹ ਵਿਚਿ ਮਾਣੁ ਨਿਮਾਣਾ ਮਾਣੁ ਨਿਮਾਣੈ।
੮. ਗੁਰ ਪੂਰਾ ਗੁਰ ਸ਼ਬਦ ਸਿਞਾਣੈ ॥੫॥

**ਪਦਾਰਥ**-(ਚਉਖੰਨੀਐ=ਚਾਰ ਟੁਕੜੇ ਹੋਣਾ, ਭਾਵ ਵਾਰਨੇ ਜਾਣਾ।
(ਲਉਬਾਲੀ=ਬੇਪਰਵਾਹ (ਅਕਾਲ ਪੁਰਖ।

**ਅਰਥ**-੧.ਮੈਂ ਉਸ ਦੇ ਉਤੋਂ ਚਾਰ ਟੁਕੜੇ ਹੋ ਕੇ ਵਾਰਨੇ ਜਾਂਦਾ ਹਾਂ ਜੋ ਗੁਰੂ ਤੇ ਈਸ਼ਵਰ ਇਕ ਦੇਖਦਾ ਹੈ। ੨.ਉਸ ਦੇ ਉਤੋਂ ਚਾਰ ਟੁਕੜੇ ਹੋ ਕੇ ਵਾਰਨੇ ਜਾਂਦਾ ਹੈ ਜੋ ਦੂਜਾ ਭਾਵ ਅੰਦਰ ਨਹੀਂ ਰਖਦਾ। ੩.ਮੈਂ ਉਸਦੇ ਉਤੋਂ ਚਾਰ ਟੁਕੜੇ ਹੋ ਕੇ ਵਾਰਨੇ ਜਾਂਦਾ ਹਾਂ ਜੋ ਅਵਗੁਣਾਂ ਨੂੰ ਗੁਣ ਕਰਕੇ ਜਾਣਦਾ ਹੈ। ੪.ਮੈਂ ਉਸਦੇ ਉਤੋਂ ਚਾਰ ਟੁਕੜੇ ਹੋਕੇ ਵਾਰਨੇ ਜਾਂਦਾ ਹਾਂ ਜੋ ਕਿਸੇ ਨੂੰ ਮੰਦਾ (ਕੌੜਾ) ਨਹੀਂ ਕਹਿੰਦਾ। ੫.ਮੈਂ ਉਸਤੋਂ ਵਾਰਨੇ ਜਾਂਦਾ ਹਾਂ ਜੋ ਲੋਕਾਂ ਦੇ ਭਾਣੇ ਆਪ ਨੂੰ ਠਗਾਉਂਦਾ ਹੈ, (ਭਾਵ ਲੋਕ ਸਮਝਦੇ ਹਨ ਕਿ ਅਸਾਂ ਇਸ ਨੂੰ ਠੱਗ ਲਿਆ ਹੈ; ਐਸਾ ਭੋਲਾ ਭਾਲਾ ਰਹੇ)। ੬.ਮੈਂ ਉਸਤੋਂ ਵਾਰਨੇ ਜਾਂਦਾ ਹਾਂ ਜੋ ਪਰਉਪਕਾਰ ਕਰਕੇ 'ਰੰਗ' (=ਆਨੰਦ) ਮਾਣਦਾ ਹੈ। ੭.(ਲਉਬਾਲੀ=) ਬੇਪਰਵਾਹ (ਅਕਾਲ ਪੁਰਖ ਦੀ) ਦਰਗਾਹ (ਕਚਹਿਰੀ) ਵਿਖੇ ਨਿਮਾਣੇ ਮਾਣ ਵਾਲੇ ਹਨ ਅਰ ਮਾਣ ਵਾਲੇ ਨਿਮਾਣੇ (ਕਹੀਦੇ) ਹਨ, (ਜਿਹਾ "**ਭੇਖਾਰੀ ਤੇ ਰਾਜ ਕਰਾਵੈ ਰਾਜਾ ਤੇ ਭੇਖਾਰੀ**")। ੮.ਗੁਰੂ ਪੂਰਨ (ਹਨ, ਅਰ) ਜੋ ਗੁਰੂ ਦਾ ਸ਼ਬਦ ਸਿਞਾਣਦਾ(=ਮੰਨਦਾ) ਹੈਂ (ਉਹ ਬੀ ਪੂਰਨ ਹੈ। ਯਥਾ:-"**ਜਿਨ ਜਾਤਾ ਸੋ ਤਿਸਹੀ ਜੇਹਾ**।")

## ੬. (ਸਿੱਖ ਦੀ ਨਿਸ਼ਕਾਮ ਅਵਸਥਾ)।

੧. ਹਉ ਸਦਕੇ ਤਿਨਾ ਗੁਰਸਿੱਖਾ ਸਤਿਗੁਰ ਨੋ ਮਿਲਿ ਆਪੁ ਗਵਾਇਆ।
੨. ਹਉ ਸਦਕ ਤਿਨਾ ਗੁਰਸਿਖਾ ਕਰਨ ਉਦਾਸੀ ਅੰਦਰਿ ਮਾਇਆ।

*ਪਾਠਾਂਤ੍ਰ-ਗਵਾਏ ਬੀ ਹੈ।


www.sikhbookclub.com

੩. ਹਉ ਸਦਕੇ ਤਿਨਾ ਗੁਰਸਿਖਾ ਗੁਰਮਤਿ ਗੁਰਚਰਣੀ ਚਿਤੁ ਲਾਇਆ।
੪. ਹਉ ਸਦਕੇ ਤਿਨਾ ਗੁਰਸਿਖਾ ਗੁਰ ਸਿਖ ਦੇ ਗੁਰ ਸਿਖ ਮਿਲਾਇਆ।
੫. ਹਉ ਸਦਕੇ ਤਿਨਾ ਗੁਰਸਿਖਾ ਬਾਹਰਿ ਜਾਂਦਾ ਵਰਜਿ ਰਹਾਇਆ।
੬. ਹਉ ਸਦਕੇ ਤਿਨਾ ਗੁਰਸਿਖਾ ਆਸਾ ਵਿਚਿ ਨਿਰਾਸੁ ਵਲਾਇਆ।
੭. ਸਤਿਗੁਰ ਦਾ ਉਪਦੇਸ ਦਿੜਾਇਆ ॥੬॥

**ਅਰਥ**-੧.ਮੈਂ ਉਨ੍ਹਾਂ ਗੁਰੂ ਦੇ ਸਿਖਾਂ ਥੋਂ ਸਦਕੇ ਜਾਂਦਾ ਹਾਂ ਜੋ ਆਪਾ ਭਾਵ ਗਵਾਕੇ ਸਤਿਗੁਰੂ ਨੂੰ ਮਿਲਦੇ ਹਨ। ੨.ਮੈਂ ਉਨ੍ਹਾਂ ਗੁਰੂ ਦੇ ਸਿਖਾਂ ਥੋਂ ਸਦਕੇ ਜਾਂਦਾ ਹਾਂ ਜੋ ਮਾਯਾ ਵਿਖੇ ਰਹਿ ਕੇ ਫੇਰ ਉਦਾਸ (ਜਲ ਕਮਲ ਵਾਂਙੂ ਅਲੇਪ) ਰਹਿੰਦੇ ਹਨ। ੩.ਮੈਂ ਉਨ੍ਹਾਂ ਗੁਰੂ ਦੇ ਸਿੱਖਾਂ ਤੋਂ ਸਦਕੇ ਜਾਂਦਾ ਹਾਂ ਜੋ ਗੁਰੂ ਦੀ ਮੱਤ ਲੈ ਕੇ ਗੁਰੂ ਦੇ ਚਰਣਾਂ ਵਿਖੇ ਚਿਤ ਲਾਈ ਰਖਦੇ ਹਨ। ੪.ਮੈਂ ਉਨ੍ਹਾਂ ਗੁਰੂ ਦੇ ਸਿਖਾਂ ਤੋਂ ਸਦਕੇ ਜਾਂਦਾ ਹਾਂ ਜੋ ਗੁਰੂ ਸਿੱਖ੍ਯਾ ਦੇ ਕੇ ਗੁਰੂ ਨਾਲ ਸਿਖਾਂ ਦਾ ਮਿਲਾਪ ਕਰਾ ਦਿੰਦੇ ਹਨ। ੫.ਮੈਂ ਉਨ੍ਹਾਂ ਗੁਰੂ ਦੇ ਸਿੱਖਾਂ ਥੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਨੇ (ਮਨ) ਸੰਸਾਰਾਕਾਰ ਥੋਂ ਹਟਾ ਕੇ ਅੰਤਰਮੁਖੀ ਕੀਤਾ ਹੈ। ੬.ਮੈਂ ਉਨ੍ਹਾਂ ਗੁਰੂ ਦੇ ਸਿਖਾਂ ਥੋਂ ਸਦਕੇ ਜਾਂਦਾ ਹਾਂ ਜੋ ਆਸਾ ਵਿਖੇ ਹੋਕੇ ਨਿਰਾਸ ਬਣੇ ਰਹਿੰਦੇ ਹਨ, (ਭਾਵ ਹਰਖ ਸ਼ੋਕ ਥੋਂ ਰਹਿਤ ਹਨ)। ੭.ਸਤਿਗੁਰੂ ਦਾ ਉਪਦੇਸ਼ (ਉਨ੍ਹਾਂ ਆਪ ਦ੍ਰਿੜ੍ਹ ਕੀਤਾ ਅਰ ਹੋਰਨਾਂ ਨੂੰ) ਦ੍ਰਿੜ੍ਹ ਕਰਾਇਆ ਹੈ (ਭਾਵ ਹੋਰਨਾਂ ਨੂੰ ਚਾਨਣ ਕੀਤਾ ਹੈ)।

## ੭. (ਬ੍ਰਹਮਾ ਦੀ ਕਰਤੂਤ)।

ਸੂਚਨਾ-ਇਹ ਵਾਰਤਾ ਬੀ ਭਾਈ ਸਾਹਿਬ ਜੀ ਦ੍ਰਿਸ਼ਟਾਂਤ ਮਾਤ੍ਰ ਲੋਕ ਪ੍ਰਸਿਧ ਕਥਾ ਵਰਣਨ ਕਰਦੇ ਹਨ। ਇਤਿਹਾਸਕ ਜ਼ਿੰਮੇਵਾਰੀ ਤੋਂ ਆਪ ਏਥੇ ਬੀ ਬਰੀ ਹਨ।

੧. ਬ੍ਰਹਮਾਂ ਵਡਾ ਅਖਾਇਦਾ ਨਾਭਿ ਕਵਲ ਦੀ ਨਾਲਿ ਸਮਾਣਾ।
੨. ਆਵਾ ਗਵਣੁ ਅਨੇਕ ਜੁਗ ਓੜਕ ਵਿਚਿ ਹੋਆ ਹੈਰਾਣਾ।
੩. ਓੜਕੁ ਕੀਤੁਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ।
੪. ਚਾਰੇ ਬੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।
੫. ਲੋਕਾਂ ਨੋ ਸਮਝਾਇਦਾ ਦੇਖਿ ਸੁਰਸਤੀ ਰੂਪ ਲੋਭਾਣਾ।
੬. ਚਾਰੇ ਬੇਦ ਗਵਾਇਕੈ ਗਰਬੁ ਗਰੂਰੀ ਕਰਿ ਪਛੁਤਾਣਾ।
੭. ਅਕਥ ਕਥਾ ਨੇਤ ਨੇਤ ਵਖਾਣਾ ॥੭॥

**ਪਦਾਰਥ**-(ਨਾਲਿ=ਕਮਲ ਦੀ ਡੰਡੀ। ਓੜਕ=ਅੰਤ ਨੂੰ। ਗਰੂਰੀ=ਹੰਕਾਰੀ।

**ਅਰਥ**-੧.ਬ੍ਰਹਮਾ ਆਪ ਨੂੰ ਵਡਾ ਕਹਾਉਂਦਾ ਸੀ, ਓਹ ਨਾਭਿ ਕਮਲ ਦੀ ਡੰਡੀ ਵਿਖੇ (ਭਗਵਾਨ ਦਾ ਅੰਤ ਲੈਣ ਨੂੰ) ਚਲਿਆ ਗਿਆ। ੨.ਅਨੇਕ ਜੁਗਾਂ ਤੋੜੀ ਆਵਾਗੌਣ ਵਿਖੇ ਹੀ ਰਿਹਾ (ਭਾਵ ਕਦੀ ਹੇਠਾਂ ਕਦੀ ਉੱਤੇ ਭਟਕਦਾ ਰਿਹਾ), ਓੜਕ ਨੂੰ ਵੱਡਾ ਹੈਰਾਨ ਹੋ ਗਿਆ, (ਕਿਉਂ ਜੋ ਨਾਭ ਕਮਲ ਦਾ ਹੀ ਅੰਤ ਨਾ ਆਇਆ)। ੩.(ਓੜਕ ਕੀਤੋਸੁ ਆਪਣਾ=) ਆਪਣੀ ਵਲੋਂ ਸਾਰੀ ਵਾਹ ਲਾ ਥੱਕਾ, ਆਪਣਾ ਆਪ ਗਣਾਕੇ ਭਰਮ ਵਿਖੇ ਹੀ ਭੁੱਲਾ ਰਿਹਾ। ੪.ਚਾਰੇ ਵੇਦ (ਅਰਥਾਤ ਸਾਮ, ਰਿਗ, ਯੁਜਰ, ਅਥਰਵਣ) ਪੜ੍ਹੇ, ਮਾਨੋਂ ਏਹੋ ਉਸਦੇ ਚਾਰ ਮੁਖ ਸਨ, ਅਤੇ ਵੱਡਾ ਸਿਆਣਾ (ਦਾਨਾਉ ਕਹਾਉਂਦਾ) ਸੀ। ੫.ਲੋਕਾਂ ਨੂੰ ਸਿਖ੍ਯਾ ਦਿੰਦਾ ਸੀ (ਕਿ ਪਰ ਇਸਤ੍ਰੀ ਦੇ ਨੇੜੇ ਨਹੀਂ ਜਾਣਾ ਪਰ ਆਪ) ਸੁਰਸਤੀ (ਦਾਂ ਸੁੰਦਰ) ਰੂਪ ਦੇਖਕੇ ਲੋਭ ਗਿਆ। ੬.ਚਾਰੇ ਵੇਦ ਏਵੇਂ ਗਵਾ ਦਿੱਤੇ, ਹੰਕਾਰ ਅਤੇ ਗਰੂਰੀ ਕਰਦਾ ਰਿਹਾ, (ਪਿਛੋਂ) ਪਛੁਤਾਵਾ ਕਰਨ ਲੱਗਾ। ੭.(ਗੱਲ ਕੀ ਈਸ਼੍ਵਰ ਦੀ) ਅਕੱਥ ਕਥਾ ਹੈ, ਵੇਦ ਬੀ ਉਸ ਨੂੰ ਨੇਤਿ ਨੇਤਿ ਕਰਕੇ ਸਲਾਹੁੰਦੇ ਹਨ।

**ਭਾਵ**-ਕਿਸੇ ਉਸ ਦਾ ਅੰਤ ਨਹੀਂ ਲਖਿਆ। ਗੁਰੂ ਜੀ ਲਿਖਦੇ ਹਨ, "**ਨਾਲਿ ਕੁਟੰਬੁ ਸਾਥਿ ਵਰ ਦਾਤਾ ਬ੍ਰਹਮਾ ਭਾਲਣ ਸਿਸਟਿ ਗਇਆ॥ ਆਗੈ ਅੰਤੁ ਨ ਪਾਇਓ ਤਾਕਾ ਕੰਸੁ ਛੇਦਿ ਕਿਆ ਵਡਾ ਭਇਆ।**" (ਆਸ: ਮ:੧.-ਚਾਓ-੭.)

## ੮. (ਦਸ ਅਵਤਾਰਾਂ ਦੇ ਕਰਤੱਵ)।

੧. ਬਿਸਨ ਲਏ ਅਵਤਾਰ ਦਸ ਵੈਰ ਵਿਰੋਧ ਜੋਧ ਸੰਘਾਰੇ।
੨. ਮਛ ਕਛ ਵੈਰਾਹ ਰੂਪ ਹੋਇ ਨਰਸਿੰਘ ਬਾਵਨ ਬਉਧਾਰੇ।
੩. ਪਰਸਰਾਮੁ ਰਾਮੁ ਕਿਸਨੁ ਹੋਇ ਕਿਲਕਿ ਕਲੰਕੀ ਅਤਿ ਅਹੰਕਾਰੇ।
੪. ਖਤ੍ਰੀ ਮਾਰਿ ਇਕੀਹ ਵਾਰ ਰਾਮਾਇਣ ਕਰਿ ਭਾਰਥ ਭਾਰੇ।
੫. ਕਾਮ ਕਰੋਧੁ ਨ ਸਾਧਿਓ ਲੋਭੁ ਮੋਹ ਅਹੰਕਾਰੁ ਨ ਮਾਰੇ।
੬. ਸਤਿਗੁਰ ਪੁਰਖੁ ਨ ਭੇਟਿਆ ਸਾਧ ਸੰਗਤਿ ਸਹਲੰਗ ਨ ਸਾਰੇ।
੭. ਹਉਮੈ ਅੰਦਰਿ ਕਾਰਿ ਵਿਕਾਰੇ ॥੮॥

**ਪਦਾਰਥ**-(ਜੋਧ=ਬਲੀ, ਅਤਿਰਥੀ। ਸੰਘਾਰੇ=ਮਾਰੇ। ਵੈਰਾਹ=ਸੂਕਰ ਅਵਤਾਰ।
(ਬਾਵਨ=ਬਵੰਜਾ ਉਂਗਲੀ ਪ੍ਰਮਾਨ। ਬਉਧਾਰੇ=ਬੁਧ ਅਵਤਾਰ।
(ਕਿਲਕਿ ਕਲੰਕੀ=ਬਲੀ ਕਲਕੀ ਅਵਤਾਰ ਜੋ ਗਰਜਕੇ ਹੋਣਾ ਹੈ।
(ਸਹਲੰਗ=ਮੇਲ।

**ਅਰਥ**-੧.ਵਿਸ਼ਨੂੰ ਨੇ ਦਸ ਅਵਤਾਰ ਧਾਰਕੇ ਵੈਰ ਤੇ ਵਿਰੋਧ ਨਾਲ ਅਤਿਰਥੀ ਸੂਰਮੇ (ਜੇਹੜਾ ਦਸ ਹਜ਼ਾਰ ਨਾਲ ਇਕੋ ਹੀ ਲੜੇ) ਨਾਸ਼ ਕਰ ਦਿੱਤੇ। ੨.ਮੱਛ, ਕੱਛ, ਸੂਕਰ, ਨਰਸਿੰਘ, ਬਾਵਨ ਅਤੇ ਬੋਧ ਅਵਤਾਰ ਹੋਏ। ੩.ਪਰਸਰਾਮ, ਰਾਮ, ਕ੍ਰਿਸ਼ਨ ਹੋਏ, ਕਲਕੀ (ਅਵਤਾਰ) ਵਡੇ ਅਹੰਕਾਰ ਵਾਲੇ (ਹੋਣ ਵਾਲੇ)। ੪.(ਇਨ੍ਹਾਂ ਵਿਚੋਂ ਪਰਸਰਾਮ ਨੇ) ਇੱਕੀ ਵਾਰ ਨਿਹਖਚੱਤ੍ਰਾਇਣ ਪ੍ਰਿਥਵੀ ਕਰ ਦਿੱਤੀ, (ਫੇਰ ਰਾਮਾਵਤਾਰ ਨੇ) ਰਾਮਾਇਣ (ਵਿਚ ਕਥਨ ਹੈ ਕਿ) ਵਡੇ ਭਾਰਥ (ਕਹੀਏ ਸੰਗ੍ਰਾਮ ਰਾਵਣ ਨਾਲ) ਕੀਤੇ। ੫.(ਮੁਕਦੀ ਗੱਲ ਇਹ ਹੈ ਕਿ) ਕਾਮ ਤੇ ਕ੍ਰੋਧ (ਕਿਸੇ ਬੀ) ਨਾ ਸਾਧਿਆ ਤੇ ਲੋਭ ਮੋਹ ਅਹੰਕਾਰ (ਬੀ ਕਿਸੇ) ਨਾ ਮਾਰਿਆ। ੬.ਸਤਿਗੁਰੂ ਜੋ (ਪੂਰਨ) ਪੁਰਖ (ਹਨ, ਨਾ) ਮਿਲੇ (ਇਸੇ ਕਰਕੇ) ਸਾਧ ਸੰਗਤ ਦੇ (ਸਹਲੰਗ) ਮੇਲ ਤੋਂ ਨੱਸੇ ਰਹੇ। (**ਭਾਵ-"ਕਿਸੈ ਸਾਂਤਿ ਨ ਆਈਆ ਬਿਨੁ ਸਤਿਗੁਰੂ ਕੇ ਉਪਦੇਸ॥**")। ੭.ਹਉਮੈ ਦੇ ਵਿਚ ਕੀਤੇ ਕੰਮ ਖੋਟੇ ਹੀ ਹਨ।

**ਭਾਵ**-ਗੁਰੂ ਜੀ ਲਿਖਦੇ ਹਨ- "**ਹਉ ਹਉ ਮੈਂ ਮੈਂ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥**" (ਰਾਮ:ਮ:੧) ਪੁਨਾ "**ਹਮ ਕੀਆ ਹਮ ਕਰਹਗੇ ਹਮ ਮੂਰਖ ਗਵਾਰ।**" (ਸਿਰੀ: ਮ:੩ ) ਅਰਥਾਤ-ਜੋ ਆਖਦੇ ਹਨ ਕਿ ਇਹ ਕੰਮ ਅਸੀਂ ਕੀਤਾ ਹੈ ਤੇ ਅਸੀਂ ਹੀ ਕਰਾਂਗੇ, ਓਹ ਹੰਕਾਰ ਕਰਣ ਵਾਲੇ ਸਾਰੇ ਮੂਰਖ ਤੇ ਗਵਾਰ ਹਨ।

**ਅੰਤ੍ਰੀਵ ਅਰਥ**-ਇਹ ਪ੍ਰਤੀਤ ਹੁੰਦਾ ਹੈ ਕਿ ਦਸਾਂ ਅਵਤਾਰਾਂ ਵਿਖੇ ਦੈਂਤਾਂ ਦੇ ਹੀ ਝਗੜੇ ਤੇ ਵਾਦ ਰਹੇ, ਸਤਿਗੁਰ ਨਾਨਕ ਦੇਵ ਜੀ ਨੇ ਕਲਜੁਗ ਵਿਖੇ ਅਵਤਾਰ ਧਾਰਕੇ ਜੀਵਾਂ ਨੂੰ ਇਹ ਉਪਦੇਸ਼ ਦਿੱਤਾ ਕਿ ਕਰਨ ਕਾਰਨ ਈਸ਼੍ਵਰ ਹੈ, ਯਥਾ :- "**ਦਸ ਅਵਤਾਰੀ ਰਾਮੁ ਰਾਜਾ ਆਇਆ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ॥**" (ਮਲਾ:ਵਾਰ:ਮ੧.) ਅਰਥ :- ਦਸਾਂ ਆਵਤਾਰਾਂ ਵਿਖੇ ਰਾਮਰਾਜਾ ਆਇਆ, ਉਸ ਨੇ ਰਾਵਣਾਦਿਕ ਦੈਂਤ ਮਾਰਕੇ ਆਪਣਾ ਹੀ ਸਿੱਕਾ ਤੋਰਿਆ, ਸੰਸਾਰ ਦੇ ਉਧਾਰ ਦਾ ਫਿਕਰ ਕਿਸੇ ਨਾ ਕੀਤਾ। ਦਸਾਂ ਆਵਤਾਰਾਂ ਦੇ ਕਾਰਜ ਹਉਂ ਦੇ ਆਸਰੇ ਹੋਣ ਕਰਕੇ ਭਾਈ ਸਾਹਿਬ ਜੀ ਨੇ ਪਸਿੰਦ ਨਹੀਂ ਕੀਤੇ।

## ੯. (ਮਹਾਂ ਦੇਵ, ਸ਼ਿਵ)।

੧. ਮਹਾਂਦੇਉ ਅਉਧੂਤੁ ਹੋਇ ਤਾਮਸ ਅੰਦਰਿ ਜੋਗੁ ਨ ਜਾਣੈ।
੨. ਭੈਰੋ ਭੂਤ ਕੁਸੂਤ ਵਿਚਿ ਖੇਤ੍ਰਪਾਲ ਬੈਤਾਲ ਧਿਙਾਣੈ।
੩. ਅਕ ਧਤੂਰਾ ਖਾਵਣਾ ਰਾਤੀ ਵਾਸਾ ਮੜੀ ਮਸਾਣੈ।
੪. ਪੈਨੈ ਹਾਥੀ ਸੀਹ ਖਲ ਡਉਰੂ ਵਾਇ ਕਰੈ ਹੈਰਾਣੈ।
੫. ਨਾਥਾ ਨਾਥ ਸਦਾਇਦਾ ਹੋਇ ਅਨਾਥੁ ਨ ਹਰਿ ਰੰਗੁ ਮਾਣੈ।
੬. ਸਿਰਠਿ ਸੰਘਾਰੈ ਤਾਮਸੀ ਜੋਗੁ ਨ ਭੋਗੁ ਨ ਜੁਗਤ ਪਛਾਣੈ
੭. ਗੁਰਮੁਖਿ ਸੁਖ ਫਲੁ ਸਾਧ ਸੰਗਾਣੈ ॥੯॥

**ਪਦਾਰਥ**-(ਅਉਧੂਤ=ਜੋਗੀ, ਪ੍ਰਾਣਾਯਾਮੀ। ਕੁਸੂਤ=ਭੈੜੇ ਕੰਮ। ਖਤ੍ਰਪਾਲ=ਭੂਤ ਜਾਤੀ।
(ਸਹੀਖਲ=ਸ਼ੇਰ ਦੀ ਖੱਲੜੀ। ਸਿਰਠਿ=ਸ੍ਰਿਸ਼ਟੀ।

**ਅਰਥ**-੧.ਮਹਾਂਦੇਉ ਜੋਗੀ ਹੋਕੇ ਤਮੋਗੁਣ ਦੇ ਅੰਦਰ (ਹੀ ਰਿਹਾ), ਜੋਗ ਦੀ ਕੁਝ ਖਬਰ ਨਾ ਜਾਤੀ, (ਭਾਵ ਚਿੱਤ ਬ੍ਰਿਤੀ ਰੋਕਣ ਦਾ ਨਾਮ ਜੋਗ ਸੀ ਸੋ ਰੋਕ ਨਾ ਸਕਿਆ)। ੨.ਭੈਰਵ ਤੇ ਭੂਤਾਂ ਦੇ ਭੈੜੇ ਕੰਮਾਂ ਵਿਚ ਖੇਤਰਪਾਲ ਨਾਮੇਂ ਬੈਤਾਲਾਂ ਪੁਰ (ਧਿਙਾਣਾ=) ਧੱਕੇ ਦਾ ਹੁਕਮ ਕੀਤਾ। ੩.ਅੱਕ ਤੇ ਧਤੂਰਾ ਭੋਜਨ ਸੀ, ਮੜ੍ਹੀਆਂ ਤੇ ਮਸਾਣਾਂ ਵਿਖੇ ਰਾਤੀਂ ਵਾਸਾ ਰੱਖਦਾ ਸੀ। ੪.ਹਾਥੀ ਦੀ ਖੱਲੜੀ (ਦੇਹ ਉਤੇ) ਪਹਿਰਕੇ ਸ਼ੇਰ ਦੀ ਖੱਲੜੀ (ਲੱਕ) ਬੰਨ੍ਹਦਾ ਸੀ, (ਲੋਕਾਂ ਨੂੰ) ਡੌਰੂ ਵਜਾਕੇ ਹੈਰਾਨ ਕਰ ਦਿੰਦਾ ਸੀ। ੫.(ਆਪ ਨੂੰ) ਨਾਥਾਂ ਦਾ ਨਾਥ ਸਦਾਇਆ, ਪਰ ਅਨਾਥ ਬਣ ਕੇ ਹਰੀ ਦਾ ਰੰਗ ਨਾ ਮਾਣਿਆਂ। ੬.(ਪ੍ਰਲੈ ਕਾਲ ਵਿਖੇ) ਤਮੋਗੁਣ (ਵਿਖੇ ਆ ਕੇ ਸਾਰੀ) ਸ੍ਰਿਸ਼ਟੀ ਦਾ ਨਾਸ਼ ਕਰਨਾ (ਉਸਦਾ) ਕੰਮ ਰਿਹਾ, ਜੋਗ ਭੋਗ ਦੀ ਜੁਗਤ ਨਾ ਪਛਾਤੀ (ਭਾਵ, ਵਿਹਾਰ ਪਰਮਾਰਥ ਦੀ ਸਾਰ ਨ ਜਾਤੀ; ਸ਼ਾਂਤਿ ਰੂਪ ਹੋ ਕੇ ਸ਼ਾਤਿ ਦਾ ਉਪਦੇਸ਼ ਨਾ ਦਿੱਤਾ)। ੭.ਸੰਤਾਂ ਦੀ ਸੰਗਤ ਵਿਖੇ ਮਿਲਕੇ ਗੁਰਮੁਖ (ਪਦ ਰੂਪੀ) (ਸੁਖ ਫਲ=) ਆਤਮ ਲਾਭ ਦਾ ਆਨੰਦ ਪ੍ਰਾਪਤ ਹੁੰਦਾ ਹੈ।

**ਭਾਵ**-"**ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥ ਮੋਦੀ ਕੇ ਘਰ ਖਾਣਾ ਪਾਕਾ ਵਾਕਾ ਲੜਕਾ ਮਾਰਿਆ ਥਾ॥**" (ਗੋਂਡ-ਨਾਮ) ਅਰਥ :-ਇਕ ਮੋਦੀ (ਬਣੀਏ) ਦੇ ਘਰ ਰੋਟੀ ਮੰਨੀ ਹੋਈ ਸੀ, ਉਸ ਦੇ ਮੁੰਡੇ ਨੇ ਰੋਟੀ ਜੂਠੀ ਕੀਤੀ, ਤਦ ਉਸ ਦਾ ਪੁੱਤ੍ਰ ਹੀ ਗੁੱਸੇ ਵਿਚ ਆਕੇ ਸ਼ਿਵਾਂ ਨੇ ਮਾਰ ਦਿੱਤਾ ਸੀ, ਇਸ ਪ੍ਰਕਾਰ ਹਾਲਾਤ ਜੋ ਸ਼ਿਵਾਂ ਬਾਬਤ ਪ੍ਰਸਿੱਧ ਹਨ, ਉਹਨ੍ਹਾਂ ਦੇ ਉਪਾਸ਼ਕ ਸੱਤ ਮੰਨਦੇ ਹਨ, ਤਿਨ੍ਹਾਂ ਤੋਂ ਭਾਈ ਸਾਹਿਬ ਜੀ ਨੇ ਨਿਖੇਧੀ ਪੱਖ ਦੱਸਕੇ ਵਿਧਿ ਉਪਦੇਸ਼ ਸਤਿਸੰਗ ਕਰਨ ਦਾ ਕਿਹਾ ਹੈ। ਸ਼ਿਵਾਂ ਦਾ ਗੁੱਸਾ, ਭੂਤਾਂ ਦਾ ਵੱਸ ਕਰਨਾ, ਜ਼ਹਿਰ ਖਾਣੇ, ਮਸਾਣਾਂ ਦਾ ਵਾਸ, ਖੱਲ ਪਹਿਰਨਾ, ਤਮੋਗੁਣ ਵਿਚ ਰਹਿਣਾ, ਜੋਗ ਜੁਗਤ ਨਾ ਜਾਣਨੀ, ਇਹ ਸਾਰੇ ਲੱਛਣੁ ਨਾ-ਪਸੰਦ ਕਰਕੇ ਸ਼ੁੱਧ ਸਤੋਗੁਣ ਦਾ ਰਸਤਾ ਸਾਧ ਸੰਗਤ ਵਿਚ ਦੱਸਕੇ ਉਧਰ ਪ੍ਰੇਰਨਾ ਕੀਤੀ ਹੈ; ਅਰ ਸ਼ਿਵਜੀ ਨੂੰ ਸਤਿਸੰਗ ਤੋਂ ਖਾਲੀ ਦੱਸਕੇ ਉਪਦੇਸ਼ ਦਿੱਤਾ ਹੈ ਕਿ ਐਨਾ ਵੱਡਾ ਆਦਮੀ ਜਦ ਸਤਿਸੰਗ ਬਿਨਾ ਦੁਖੀ ਹੋਇਆ ਤਦ ਤੁਸੀਂ ਕਿਹੜੇ ਬਾਗ ਦੀ ਮੂਲੀ ਹੋ।

## ੧੦. (ਇੰਦ੍ਰ ਤੇ ਬ੍ਰਹਮਾ)।

੧. ਵਡੀ ਆਰਜਾ ਇੰਦ੍ਰ ਦੀ ਇੰਦ੍ਰ ਪੁਰੀ ਵਿਚ ਰਾਜੁ ਕਮਾਵੈ।
੨. ਚਉਦਹ ਇੰਦ੍ਰ ਵਿਣਾਸੁਕਾਲਿ ਬ੍ਰਹਮੇ ਦਾ ਇਕੁ ਦਿਵਸੁ ਵਿਹਾਵੈ।
੩. ਧੰਧੇ ਹੀ ਬ੍ਰਹਮਾ ਮਰੈ ਲੋਮਸ ਦਾ ਇਕੁ ਰੋਮ ਛਿਜਾਵੈ।

੪. ਸੇਸ ਮਹੇਸ ਵਖਾਣੀਅਨਿ ਚਿਰੰਜੀਵ ਹੋਇ ਸਾਂਤਿ ਨ ਆਵੈ।
੫. ਜੋਗ ਭੋਗ ਜਪ ਤਪ ਘਣੇ ਲੋਕ ਵੇਦ ਸਿਮਰਣੁ ਨ ਸੁਹਾਵੈ।
੬. ਆਪੁ ਜਣਾਇ ਨ ਸਹਜਿ ਸਮਾਵੈ ॥੧੦॥

**ਪਦਾਰਥ**-(ਇੰਦ੍ਰਪੁਰੀ=ਸੁਰਗ। ਛਿਜਾਵੈ=ਟੁੱਟਣਾ। ਸੇਸ=ਸ਼ੇਸ਼ ਨਾਗ। ਲੋਮਸ=ਲੋਮਸ ਰਿਖੀ।

**ਅਰਥ**-੧.ਇੰਦਰ ਦੀ ਵੱਡੀ ਉਮਰਾ ਹੈ ਤੇ ਸੁਰਗ ਵਿਖੇ ਰਾਜ ਕਰਦਾ ਹੈ। ੨.ਜਦ ਚੌਦਾਂ ਇੰਦਰਾਂ ਦਾ (ਵਿਨਾਸ ਕਾਲ ਕਹੀਏ) ਨਾਸ਼ ਹੁੰਦਾ ਹੈ, ਤਦੋਂ ਬ੍ਰਹਮਾ ਦਾ ਇਕ ਦਿਨ ਗੁਜ਼ਰਦਾ ਹੈ, (ਭਾਵ ਬ੍ਰਹਮਾ ਦੇ ਇਕ ਦਿਨ ਵਿਖੇ ਚੌਦਹਾ ਇੰਦਰ ਰਾਜ ਕਰਦੇ ਹਨ) ੩.ਲੋਮਸ ਨਾਮੇ ਰਿਖੀ (ਦਾਹੜੀ ਦਾ) ਇਕ ਰੋਮ ਹੀ ਪੁੱਟ ਸਿਟਦਾ ਹੈ (ਕਿ ਪਿਉ ਮੇਰਾ ਰੋਜ ਮਾਰਦਾ ਹੈ, ਭੱਦਨ ਕੌਣ ਪਿਆ ਕਰਾਵੇ, ਇਉਂ) ਬ੍ਰਹਮਾ ਜਗਤ ਦੇ ਰਚਣ ਦੇ ਧੰਦਿਆਂ ਵਿਚ ਹੀ ਮਰਦਾ ਹੈ, ੪.ਸ਼ੇਸ਼ਨਾਗ ਅਤੇ ਸ਼ਿਵ ਜੋ ਕਹੀਦੇ ਹਨ ਉਨ੍ਹਾਂ ਨੂੰ ਚਿਰੰਜੀਵੀ ਹੋ ਕੇ ਬੀ ਸ਼ਾਂਤਿ ਨਾ ਆਈ। ੫.ਜੋਗ, ਭੋਗ, ਜਪ, ਤਪ ਅਤੇ ਵੇਦਾਂ ਦਾ ਸਿਮਰਨ ਘਣੇ ਲੋਕ (ਦਿਖਾਵੇ ਲਈ ਕਰਦੇ ਹਨ, ਉਹ ਈਸ਼ੂਰ ਨੂੰ) ਚੰਗੇ ਨਹੀਂ ਲਗਦੇ। ੬.ਆਪਣਾ ਆਪ ਹੀ ਜਣਾਉਂਦੇ ਰਹੇ, ਸਹਿਜ ਪਦਵੀ ਵਿਖੇ ਨ ਸਮਾਏ।

**ਭਾਵ**-ਮਨੁੱਖਾਂ ਨਾਲੋਂ ਪਿਤਰਾਂ ਦੀ, ਅਰ ਪਿਤਰਾਂ ਨਾਲੋਂ ਦੇਵਤਿਆਂ ਦੀ, ਦੇਵਤਿਆਂ ਨੇਲੋਂ ਬ੍ਰਹਮਾ ਦੀ, ਬ੍ਰਹਮਾ ਨਾਲੋਂ ਲੋਮਸ ਦੀ ਵਡੀ ਉਮਰ ਹੋਈ, ਪਰੰਤੂ ਸ਼ਾਂਤਿ ਕਿਸੇ ਚਿਰੰਜੀਵੀ ਨੂੰ ਨ ਆਈ, ਆਪਾ ਭਾਵ ਵਿਚ ਹੀ ਡੁੱਬੇ ਰਹੇ। ਜਿਸ ਨੇ ਅਹੰਕਾਰ ਮਾਰਿਆ ਹੈ ਉਹ ਸਹਿਜ ਪਦ ਵਿਖੇ ਸਮਾਕੇ ਪਰਮੇਸ਼ਰ ਨੂੰ ਮਿਲਦਾ ਹੈ। ਵੱਡੀ ਉਮਰਾ ਨਾਲ ਵਾਹਿਗੁਰੂ ਦਾ ਆਨੰਦ ਪ੍ਰਾਪਤ ਨਹੀਂ ਹੁੰਦਾ।

## ੧੧. (ਨਾਰਦਾਦਿਕ ਰਿਖੀ)।

੧. ਨਾਰਦੁ ਮੁਨੀ ਅਖਾਇਦਾ ਆਗਮੁ ਜਾਣਿ ਨ ਧੀਰਜੁ ਆਣੈ।
੨. ਸੁਣਿ ਸੁਣਿ ਮਸਲਤਿ ਮਜਲਸੈ ਕਰਿ ਕਰਿ ਚੁਗਲੀ ਆਖਿ ਵਖਾਣੈ।
੩. ਬਾਲ ਬੁਧਿ ਸਨਦਾਦਿਕਾ ਬਾਲ ਸੁਭਾਇ ਨਵਿਰਤੀ ਹਾਣੈ।
੪. ਜਾਇ ਬੈਕੁੰਠਿ ਕਰੋਧੁ ਕਰਿ ਦੇਇ ਸਰਾਪੁ ਜੈ ਬਿਜੈ ਧਿਙਾਣੈ।
੫. ਅਹੰਮੇਉ ਸੁਕਦੇਉ ਕਰਿ ਗਰਭ ਵਾਸਿ ਹਉਮੈ ਹੈਰਾਣੈ।
੬. ਚੰਦੁ ਸੂਰਜੁ ਅਉਲੰਗ ਭਰੈ ਉਦੈ ਅਸਤ ਵਿਚਿ ਆਵਣ ਜਾਣੈ।
੭. ਸਿਵ ਸਕਤੀ ਵਿਚਿ ਗਰਬ ਗੁਮਾਣੈ ॥੧੧॥

**ਪਦਾਰਥ**-(ਆਗਮੁ=ਸ਼ਾਸਤ੍ਰ। ਮਸਲਤਿ ਮਜਲਸੈ=ਸਭਾ ਦੀਆਂ ਸਲਾਹਾਂ। (ਅਹੰਮੇਉ=ਅਹੰਕਾਰ। ਅਉਲੰਗ=ਦੋਸ਼। ਸ਼ਿਵਾ ਸ਼ਕਤੀ=ਮਾਯਾ।

**ਅਰਥ**-੧.ਨਾਰਦ ਨਾਮੇ ਮੁਨੀ ਕਹਾਉਂਦਾ (ਸੀ) ਸ਼ਾਸਤ੍ਰ ਜਾਣ ਬੁੱਝ ਕੇ ਬੀ (ਉਸ ਨੂੰ) ਧੀਰਜ ਨ ਆਈ (ਭਈ ਕਿਧਰੇ ਟਿਕ ਕੇ ਨਾ ਬੈਠਾ)। ੨.ਸਭਾ ਦੀਆਂ ਸਲਾਹਾਂ ਨੂੰ ਸੁਣਕੇ ਚੁਗਲੀਆਂ ਕਰ ਕਰਕੇ ਕਹਿੰਦਾ ਰਿਹਾ। ੩.ਸਨਕਾਦਿਕਾਂ ਦੀ ਵੀ ਬਾਲਕ ਬੁੱਧੀ ਹੀ ਰਹੀ, ਬਾਲ ਸੁਭਾਵ ਹੋਣ ਕਰਕੇ (ਨਵਿਰਤੀ ਹਾਣੈ) ਨਵਿਰਤੀ ਤੋਂ ਹੀਣ ਹੀ ਰਹੇ (ਭਾਵ ਚੰਚਲ ਬ੍ਰਿਤੀ ਹੀ ਰਹੀ, ਮੁੰਡਿਆਂ ਵਾਂਙ ਗੁੱਸੇ ਵਿਚ ਆ ਕੇ ਸਰਾਪ ਦੇ ਬੈਠੇ, ਸੋ ਅੱਗੇ ਦੱਸਦੇ ਹਨ)। ੪.(ਇਕ ਵਾਰ) ਬੈਕੁੰਠ ਨੂੰ (ਮਹਾਰਾਜ ਦੇ ਦਰਸ਼ਨ ਨੂੰ ਗਏ, ਅਗੋਂ) ਜਯ ਬਿਜਯ ਨਾਮੇ (ਪਾਰਖਦਾਂ ਨੇ ਰੋਕਿਆ ਕਿ ਅਸੀਂ ਆਗਿਆ ਬਾਝ ਅੰਦਰ ਨਹੀਂ ਜਾਣ ਦਿੰਦੇ, ਇਨ੍ਹਾਂ ਨੇ ਉਹਨਾਂ ਨੂੰ ਰਾਖਸ਼ ਹੋਣ ਦਾ) ਕ੍ਰੋਧ ਕਰਕੇ ਧਿਙਾਣੇ ਹੀ ਸਰਾਪ ਦੇ ਦਿੱਤਾ। ੫.ਅਹੰਕਾਰ ਕਰਕੇ ਸੁਕਦੇਵ ਨੇ ਬੀ ਮਾਤਾ ਦੇ ਗਰਬ ਵਿਖੇ (ਬਾਰਾਂ ਬਰਸ ਗੁਜ਼ਾਰ ਦਿਤੇ,

ਉਹ ਬੀ) ਹਉਮੈ ਵਿਚ ਹੈਰਾਨ ਹੀ ਰਿਹਾ (ਭਾਵ ਆਪ ਨੂੰ ਵੱਡਾ ਸਮਝਕੇ) ਹੰਕਾਰ ਹੀ ਕਰਦਾ ਰਿਹਾ। ੬.ਚੰਦ ਸੂਰਜ ਬੀ ਦੋਸ਼ਾਂ ਦੇ ਭਰੇ ਹੋਏ ਹਨ, (ਇਸ ਲਈ) ਉਦੇ ਅਸਤ ਵਿਚ ਆਵਣ ਜਾਣ ਵਿਖੇ ਹੀ ਲੱਗੇ ਹੋਏ ਹਨ। ੭.ਸ਼ਿਵ ਦੀ ਸ਼ਕਤੀ (ਮਾਇਆ) ਦੇ ਵਿਚ (ਫਸੇ) ਹੰਕਾਰ ਤੇ ਗੁਮਾਨ (ਨੇ ਨਾਸ਼ ਕੀਤੇ)।

**ਭਾਵ**-ਇਥੇ ਮੁਨੀਆਂ ਆਦਿਕ ਦੀ ਕਥਾ ਦੱਸਕੇ ਸਿੱਧਾਂਤ ਕੱਢਦੇ ਹਨ ਕਿ ਤੁਸੀਂ ਹਉਮੈ ਵਿਚ ਨਾ ਫਸੋ। ਹਉਮੈ ਨੇ ਇਨ੍ਹਾਂ ਨੂੰ ਦੁੱਖ ਹੀ ਦਿੱਤਾ, ਤੁਸੀਂ ਨਿਰਹੰਕਾਰ ਹੋ ਕੇ ਸਾਧ ਸੰਗ ਕਰੋ। ਐਡੇ ਉੱਚੇ ਕਹਾਉਣ ਵਾਲੇ ਮਾਇਆ ਵਿਚ ਆ ਕੇ ਸੁਖੀ ਨਾ ਹੋਏ, ਤਦ ਹੋਰ ਕਿਸ ਹੋਣਾ ਹੈ। ਇਨ੍ਹਾਂ ਲੋਕਾਂ ਦੇ ਸਿਮਰਣ ਆਦਿ ਤਿਆਗਕੇ ਇਕ ਵਾਰੀ ਗੁਰੂ ਦੀ ਓਟ ਲਵੋ ਤੇ ਹਉਂ ਛੱਡ ਕੇ ਸਤਿਸੰਗ ਕਰੋ।

## ੧੨. (ਜਤੀ ਸਤੀ ਆਦਿਕ)।

੧. ਜਤੀ ਸਤੀ ਸੰਤੋਖੀਆ ਜਤ ਸਤ ਜੁਗਤਿ ਸੰਤੋਖ ਨ ਜਾਤੀ।
੨. ਸਿਧ ਨਾਥੁ ਬਹੁ ਪੰਥ ਕਰਿ ਹਉਮੈ ਵਿਚਿ ਕਰਨਿ ਕਰਮਾਤੀ।
੩. ਚਾਰਿ ਵਰਨ ਸੰਸਾਰ ਵਿਚਿ ਖਹਿ ਖਹਿ ਮਰਦੇ ਭਰਮਿ ਭਰਾਤੀ।
੪. ਛਿਅ ਦਰਸਨ ਹੋਇ ਵਰਤਿਆ ਬਾਰਹ ਵਾਟ ਉਚਾਟ ਜਮਾਤੀ।
੫. ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗ ਤੰਬੋਲ ਸੁਹਾਤੀ।
੬. ਛਿਅ ਰੁਤਿ ਬਾਰਹ ਮਾਹ ਵਿਚਿ ਗੁਰਮੁਖਿ ਦਰਸਨੁ ਸੁਝ ਸੁਝਾਤੀ।
੭. ਗੁਰਮੁਖਿ ਸੁਖ ਫਲੁ ਪਿਰਮ ਪਰਾਤੀ ॥੧੨॥

**ਪਦਾਰਥ**-(ਭਰਮਿ ਭਰਾਤੀ=ਭਰਮ ਦੀ ਭਾਂਤਿ(ਭੁਲਾਵਾ)। ਬਾਰਹ ਵਾਟ=ਬਾਰਾਂ ਰਸਤੇਅਥਵਾ (ਪੰਥ। ਤੰਬੋਲ ਸੁਹਾਤੀ=ਪਾਨ ਸੁਭਾਇਮਾਨ। ਸੁਝ ਸੁਝਾਤੀ=ਸੂਰਜ ਦਾ ਪ੍ਰਕਾਸ਼ (ਪਿਰਮ ਪਰਾਤੀ=ਪਿਰੀ ਦਾ ਪ੍ਰੇਮ। (ਅ) ਪਿਰੀ ਵਿਖੇ ਪੈਂਦੇ ਹਨ, ਭਾਵ ਮਿਲਦੇ ਹਨ।

**ਅਰਥ**-੧.(ਲੋਕ ਪ੍ਰਸਿੱਧ) ਜਤੀਆਂ ਸਤੀਆਂ ਸੰਤੋਖੀਆਂ ਨੇ ਜਤ ਸਤ ਅਤੇ ਸੰਤੋਖ ਦੀ ਜੁਗਤੀ (ਅਰਥਾਤ ਜਤੀਆਂ ਜਤਾ ਦੀ, ਸਤੀਆਂ ਸਤਾ ਦੀ, ਸੰਤੋਖੀਆਂ ਸੰਤੋਖ ਦੀ ਰੀਤੀ) ਨਹੀਂ ਜਾਣੀ। ੨.ਸਿੱਧਾਂ ਨਾਥਾਂ (ਨੇ ਬੀ) ਬਾਹਲੇ ਪੰਥ ਬਨਾ ਲੀਤੇ ਅਰ ਹੰਕਾਰ ਵਿਚ ਕਰਾਮਾਤਾਂ ਦੱਸਣ ਲਗ ਪਏ। ੩.ਸੰਸਾਰ ਵਿਖੇ ਚਾਰੇ ਵਰਣ (ਖੱਤ੍ਰੀ, ਬ੍ਰਾਹਮਣ, ਅਦਿਕ) ਭਰਮ ਦੇ ਭੁਲਾਵੇ ਵਿਚ ਖਹਿ ਖਹਿ ਮਰਦੇ ਜਾਂਦੇ ਹਨ। ੪.ਛੀ ਦਰਸ਼ਨਾਂ ਦੇ ਵਰਤਾਰੇ ਹੋ ਪਏ (ਜੋਗੀਆਂ ਨੇ 'ਬਾਰਹ ਬਾਟ') ਬਾਰਾਂ ਪੰਥ (ਬਣਾ ਲੀਤੇ,) (ਉਚਾਟ ਜਮਾਤੀ ਕਹੀਏ) ਜਮਾਤੀਆਂ ਨੂੰ ਉਦਾਸੀ ਬਨਾਉਣ (ਯਾ ਘਰੋਂ ਕੱਢ ਕੇ ਦੇਸ਼ ਪਰਦੇਸ਼ ਭਟਕਾਉਣ) ਲਗੇ। ੫.ਗੁਰਮੁਖ ਵਰਣ ਹੋਵੇ ਭਾਵੇਂ ਅਵਰਣ ਹੋਵੇ ਓਹ ਪਾਨਾਂ ਦੇ ਬੀੜੇ ਵਾਂਙ (ਰੰਗ ਸੁਰੰਗ ਕਹੀਏ) ਰੰਗਾਂ ਵਿਚੋਂ ਗੂੜ੍ਹੇ ਰੰਗ ਵਾਲਾ ਸੁਭਾਇਮਾਨ ਰੰਗ ਹੈ (ਜਿੱਕੁਰ ਕੱਥਾ, ਸੁਪਾਰੀ, ਚੂਨਾ, ਪਾਨ ਮਿਲਣ ਕਰਕੇ ਇਕ ਲਾਲ ਰੰਗ ਹੁੰਦਾ ਹੈ, ਤਿਹਾ ਹੀ ਗੁਰਮੁਖ ਖੱਤ੍ਰੀ ਬ੍ਰਹਮਣ ਆਦਿ ਜਾਤਾਂ ਦਾ ਅਭਿਮਾਨ ਛੱਡਕੇ ਸ਼ੋਭਨੀਕ ਇਕ ਰੰਗ ਗੁਰਮੁਖ ਵਰਣ ਬਣ ਗਏ ਹਨ)। ੬.ਜਿੱਕੁਰ ਛੀ ਰੁੱਤਾਂ ਬਾਰਾਂ ਮਹੀਨਿਆਂ ਵਿਖੇ (ਇਕ ਰਸ ਸੁੱਝ ਸੁਝਾਤੀ) ਸੂਰਜ ਦਾ ਪ੍ਰਕਾਸ਼ ਹੈ (ਤਿਹਾ ਹੀ) ਗੁਰਮੁਖ ਦਾ ਦਰਸ਼ਨ ਸਦਾ ਪ੍ਰਕਾਸ਼ਮਾਨ ਹੈ (ਭਾਵ ਅਗ੍ਯਾਨ ਦੇ ਹਨੇਰੇ ਥੋਂ ਰਹਿਤ ਹਨ)। ੭.(ਕਿਉਂ ਜੋ) ਗੁਰਮੁਖਾਂ ਨੇ ਸੁਖ ਫਲ ਰੂਪ ਪਿਰੀ ਦੀ ਪ੍ਰੀਤ ਹੀ ਜਾਣੀ ਹੈ, (ਅਥਵਾ ਗੁਰਮੁਖ ਪਿਰੀ ਵਿਖੇ ਪਏ ਹਨ, ਭਾਵ ਅਭੇਦ ਰੂਪ ਹੋ ਗਏ ਹਨ)।

**ਭਾਵ**-"**ਜਿਉ ਜਲ ਮਹਿ ਜਲੁ ਆਇ ਖਟਾਨਾ॥ਤਿਉ ਜੋਤੀ ਸੰਗਿ ਜੋਤਿ ਸਮਾਨਾ॥**" (ਗਉ:ਮ:੫)

ਭਾਈ ਨੰਦ ਲਾਲ ਜੀ ਵੀਹਵੀਂ ਗ਼ਜ਼ਲ ਦੇ ਤੀਜੇ ਬੈਂਤ ਵਿਖੇ ਲਿਖਦੇ ਹਨ:=


www.sikhbookclub.com

ਦਿਲੇ ਆਸ਼ਕ ਬ ਅੰਦਕ ਫੁਰਸਤੇ ਮਾਸ਼ੂਕ ਮੈ ਗਰਦਦ।
ਸਰਾ ਪਾ ਜਾਂ ਸ਼ਵੱਦ ਹਰ ਕਸ ਕਿ ਬਾਜਾਨਾਂਨਾਂ ਮੇ ਸਾਜ਼ਦ ॥੩॥

ਅਰਥ-ਕਿੱਤ ਪ੍ਰੇਮੀ ਦਾ ਬਹੁਤ ਛੇਤੀ (ਮਾਸ਼ੂਕ=) ਪਿਅਰੇ ਦਾ ਰੂਪ ਹੋ ਜਾਂਦਾ ਹੈ, ਸਿਰ ਥੋਂ ਪੈਰਾਂ ਤੋੜੀ ਜਾਨ (ਇਕ ਰੂਪ) ਹੋ ਜਾਂਦਾ ਹੈ, ਜੋ ਪਰਮੇਸ਼ੁਰ ਨਾਲ ਪ੍ਰੀਤੀ ਕਰਦਾ ਹੈ।

ਤਥਾ ਦਖਣੀ-ਓਅੰਕਾਰ-ਪੌੜੀ ੧੦ ਮ:੧॥

**"ਜਿਨਿ ਜਾਤਾ ਸੋ ਤਿਸਹੀ ਜੇਹਾ ॥ ਅਤਿ ਨਿਰਮਾਇਲ ਸੀਝਸਿ ਦੇਹਾ ॥"** (ਰਾਮ:ਮ:੧)

ਅਰਥ-ਜਿਸ ਨੇ ਪਿਆਰੇ ਨਾਲ ਪ੍ਰੇਮ ਕੀਤਾ ਹੇ ਉਹ ਉਸੇ ਦਾ ਰੂਪ ਹੋ ਜਾਂਦਾ ਹੇ, ਕਿਉਂਕਿ ਚਿੱਤ ਕਰਕੇ ਨਿਰਮਲ ਤੇ ਦੇਹ ਹੰਕਾਰ ਥੋਂ ਰਹਿਤ ਪ੍ਰੇਮ ਹੀ ਕਰਦਾ ਹੈ ਤੇ ਪ੍ਰੇਮ ਖੁਣੋ ਜਤੀ, ਸਤੀ, ਸੰਤੋਖੀ, ਸਿੱਧ ਨਾਥ ਛੇ ਦਰਸ਼ਨੀ ਸਭ ਦੁਖ ਪਾਉਂਦੇ ਹਨ, ਪ੍ਰੇਮ ਕਰਕੇ ਗੁਰਮੁਖ ਤਰ ਜਾਂਦੇ ਹਨ, ਤਾਂਤੇ ਪ੍ਰੇਮ ਕਰੋ।

## ੧੩. (ਧਰਤੀ ਤੇ ਬ੍ਰਿੱਛ)।

੧. ਪੰਜ ਤਤ ਪਰਵਾਣੁ ਕਰਿ ਧਰਮਸਾਲ ਧਰਤੀ ਮਨਿ ਭਾਣੀ।
੨. ਪਾਣੀ ਅੰਦਰਿ ਧਰਤਿ ਧਰਿ ਧਰਤੀ ਅੰਦਰਿ ਧਰਿਆ ਪਾਣੀ।
੩. ਸਿਰ ਤਲਵਾਏ ਰੁਖ ਹੋਇ ਨਿਹਚਲੁ ਚਿਤ ਨਿਵਾਸੁ ਬਿਬਾਣੀ।
੪. ਪਰਉਪਕਾਰੀ ਸੁਫਲ ਫਲਿ ਵਟ ਵਗਾਇ ਸਿਰਠਿ ਵਰੁਸਾਣੀ।
੫. ਚੰਦਨ ਵਾਸੁ ਵਣਾਸਪਤ ਚੰਦਨੁ ਹੋਇ ਵਾਸੁ ਮਹਿਕਾਣੀ।
੬. ਸਬਦ ਸੁਰਤਿ ਲਿਵ ਸਾਧ ਸੰਗਿ ਗੁਰਮੁਖਿ ਸੁਖਫਲ ਅੰਮ੍ਰਿਤਵਾਣੀ।
੭. ਸਬਿਗਤਿ ਗਤਿ ਅਤਿ ਅਕਥ ਕਹਾਣੀ ॥੧੩॥

**ਪਦਾਰਥ**-(ਪਰਵਾਨ=ਵਜ਼ਨ, ਪੰਚੀ ਕਰਨ*। ਸਿਰ ਤਲਵਾਏ=ਉਲਟੇ। (ਬਿਬਾਣੀ=ਉਜਾੜ। ਵਟ ਵਗਾਇ=ਵੱਟਾ ਮਾਰਿਆਂ।

**ਅਰਥ**-੧.ਪੰਜਾਂ ਤੱਤਾਂ (ਅਪ, ਤੇਜ, ਵਾਯੂ, ਪ੍ਰਿਥਵੀ, ਅਕਾਸ਼) ਦਾ ਵਜ਼ਨ ਕਰਕੇ (ਉਹਨਾਂ ਵਿਚੋਂ ਧਰਤੀ ਦਾ ਨਾਉਂ) ਧਰਮਸਾਲ ਰਖਿਆ, (ਇਹ ਅਕਾਲ ਪੁਰਖ ਦੇ) ਮਨ ਵਿਖੇ ਚੰਗੀ ਲੱਗੀ (ਕਿਉਂ ਜੋ ਇਥੇ ਕਰਮ ਬੀਜਿਆ ਫਲੀਭੂਤ ਹੁੰਦਾ ਹੈ ਯਥਾ :- **"ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ"**)। ੨.(ਪਰੰਤੂ) ਪਾਨੀ ਦੇ ਵਿਚ ਧਰਤੀ, ਧਰਤੀ ਦੇ ਵਿਹ ਵੀ ਪਾਨੀ ਧਰਿਆ ਹੈ†। ੩.(ਇਸ ਵਿਖੇ ਬ੍ਰਿਛ ਉਲਟੇ (ਜੰਮ ਕੇ) ਉਜਾੜਾਂ ਵਿਖੇ ਨਿਹਚਲ ਚਿਤ ਹੋ ਨਿਵਾਸ ਰੱਖਦੇ ਹਨ (ਭਾਵ ਕਿਸੇ ਦੀ ਸਹਾਇਤਾ ਨਹੀਂ ਚਾਹੁੰਦੇ)। ੪.ਚੰਗੇ ਫਲਾਂ ਨਾਲ ਫਲਕੇ ਪਰੋਪਕਾਰੀ ਹਨ, (ਜੇ

---

*ਪੰਚੀ ਕਰਨ ਦਾ ਬਿਰਤੰਤ ਮੋਖ ਪੰਥ ਇਉਂ ਦੱਸਦਾ ਹੈ-ਪਹਿਲੇ ਪੰਜ ਤੱਤ ਉਤਪਤ ਕੀਤੇ, ਫੇਰ ਤੱਤ ਦੇ ਟੁਕੜੇ ਚੁੱਕ ਬਣਾਏ, ਉਹਨਾਂ ਵਿਚੋਂ ਇਕ ਟੁਕੜਾ ਫੜ ਲੀਤਾ, ਉਸ ਦੇ ਚਾਰ ਟੋਟੇ ਕੀਤੇ। ਆਪੋ ਆਪਣੇ ਵੱਡੇ ਭਾਗ ਨੂੰ ਓਹ ਸਾਰੇ ਛੱਡਦੇ ਗਏ। ਹੋਰ ਹੋਰ ਵੱਡੇ ਭਾਗਾਂ ਵਿਚ ਚਾਰ ਜਾ ਮਿਲੇ, ਇਕ ਵੱਡਾ ਤੇ, ਚਾਰ ਛੋਟੇ ਮਿਲਕੇ ਪੰਜ ਪਾਂਜੇ ਪੰਝੀ (੫x੫=੨੫)ਭਾਗ ਹੋਣ ਕਰਕੇ ਪੰਝੀ ਕਰਣ ਹੋਗਿਆ, ਇਸਥੋਂ ਚੌਦਹ ਲੋਕ ਹੋਏ। ਅਕਾਸ਼ ਤੱਤ ਵਿਖੇ ਇਕੋ 'ਸ਼ਬਦ' ਗੁਣ ਹੈ। ਵਾਯੂ ਵਿਖੇ ਸ਼ਬਦ ਤੇ ਸਪਰਸ਼ ਗੁਣ ਹਨ। ਅਗਨਿ ਵਿਖੇ ਸ਼ਬਦ, ਸਪਰਸ਼, ਰੂਪ, ਇਹ ਤਿੰਨ ਗੁਣ ਹਨ। ਜਲ ਵਿਖੇ ਸ਼ਬਦ, ਸਪਰਸ਼, ਰੂਪ, ਤੇ ਰਸ, ਚਾਰ ਗੁਣ ਹਨ। ਧਰਤੀ ਵਿਖੇ ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਏਹ ਪੰਜੇ ਗੁਣ ਵਿਦਮਾਨ ਦੇਖੀਦੇ ਹਨ।

†ਧਰਤੀ ਦੇ ਉਦਾਲੇ ਸਮੁੰਦਰ ਹਨ, ਅਰ ਧਰਤੀ ਦੇ ਵਿਚ ਵਿਚ ਝੀਲਾਂ ਦਰਯਾ ਤੇ ਛੰਭ ਹਨ।

ਕੋਈ) ਵੱਟਾ ਮਾਰੇ ਤਾਂ ਸ੍ਰਿਸ਼ਟੀ ਉਤੇ (ਸਗੋਂ ਫਲਾਂ ਦਾ) ਵਰਸਾਉ ਕਰਦੇ ਹਨ, (ਗੱਲ ਕੀ, ਕੋਈ ਆਰੇ ਨਾਲ ਚੀਰਣਾ ਬੀ ਚਾਹੇ ਉਸਦੇ ਉੱਤੇ ਬੀ ਛਾਉਂ ਕਰਣੋਂ ਨਹੀਂ ਟਲਣਗੇ)। ੫.(ਉਹਨਾਂ ਬ੍ਰਿਛਾਂ ਵਿਚੋਂ) ਚੰਦਨ (ਦਾ ਬ੍ਰਿਛ ਅਜਿਹਾ ਹੈ ਕਿ ਉਸਦੀ) ਵਾਸ਼ਨਾ ਨਾਲ ਸਾਰੀ ਵਣਾਸਪਤੀ ਹੀ ਚੰਦਨ ਹੋਕੇ ਮਹਿਕਦੀ (ਚੰਦਨ ਦੀਆਂ ਲਪਟਾਂ ਦਿੰਦੀ ਹੈ, ਚੰਦਨ ਕੌਣ ? ਸਾਧ ਸੰਗਤ) ਹੈ। ੬। (ਕਿਉਂ ਜੋ) ਸਾਧ ਸੰਗਤ ਦੀ (ਉਪਦੇਸ਼ ਰੂਪੀ ਜੋ) ਸੁਖ ਫਲ ਅੰਮ੍ਰਿਤ ਬਾਣੀ ਹੈ, ਉਸ ਸ਼ਬਦ ਦੀ ਪ੍ਰੀਤ ਕਰਕੇ ਜੋ ਗੁਰਮੁਖ (ਲਿਵ ਕਹੀਏ) ਨਿਰਵਿਕਲਪ ਸਮਾਧੀ ਲਾਉਂਦੇ ਹਨ। ੭.(ਉਨ੍ਹਾਂ ਗੁਰਮੁਖਾਂ ਮਹਾਤਮਾ ਦੀ ਅਬਿਗਤਿ ਕਹੀਏ) ਅਤਿਸ਼ੈ ਕਰਕੇ ਅਚਰਜ ਗਤੀ ਹੈ, (ਕਿਉਂ ਜੋ ਉਹਨਾਂ ਦੀ) ਕਹਾਣੀ ਕਥਨ ਵਿਚ ਨਹੀਂ ਆਉਂਦੀ।

**ਭਾਵ**-ਗੁਰੂ ਜੀ ਲਿਖਦੇ ਹਨ-"**ਕਾਗਦਿ ਕਲਮ ਨ ਲਿਖਣ ਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰ**"॥ (ਜਪੁਜੀ ਸਾਹਿਬ)। ਨਾ ਕਾਗਦ ਹੀ ਹਨ, ਨਾ ਓਹ ਲਿਖਣਹਾਰੇ ਹੀ ਹਨ, ਜੋ ਮੰਨਣ ਕਰਨ ਵਾਲਿਆਂ ਦਾ ਬੈਠ ਕਰਕੇ ਵੀਚਾਰ ਕਰਣ, ਭਾਵ ਅੰਤ ਪਾ ਸਕਣ। ਤਾਤਪਰਜ ਇਹ ਕਿ ਪੰਜ ਤੱਤਾਂ ਵਿਚੋਂ ਧਰਤੀ ਧਰਮ ਦੀ ਸ਼ਾਲਾ ਉੱਤਮ ਹੈ, ਸਾਰੇ ਬ੍ਰਿਛਾਂ ਵਿਚੋਂ ਚੰਦਨ ਉੱਤਮ ਹੈ, ਕਿਉਂ ਜੋ ਉਹ ਸਾਰੀ ਵਣਸਪਤੀ ਨੂੰ, ਬਾਂਸ ਨੂੰ ਛੱਡਕੇ, ਚੰਦਨ ਕਰਦਾ ਹੈ, ਪਰੰਤੂ ਗੁਰਮੁਖਾਂ ਦੀ ਅਕੱਥ ਕਹਾਣੀ ਹੈ, ਕੋਈ ਸ਼ਰਣ ਆਵੇ ਸਭ ਨੂੰ ਆਪ ਸਮਾਨ ਕਰਦੇ ਹਨ।

## ੧੪. (ਧ੍ਰੂਆਦਿ ਸਕਾਮ ਭਗਤ)।

੧. ਧ੍ਰੂ ਪ੍ਰਹਿਲਾਦੁ ਭਬੀਖਣੋ ਅੰਬਰੀਕੁ ਬਲਿ ਜਨਕ ਵਖਾਣਾ।
੨. ਰਾਜ ਕੁਆਰ ਹੋਇ ਰਾਜਸੀ ਆਸਾ ਬੰਧੀ ਚੋਜ ਵਿਡਾਣਾ।
੩. ਧ੍ਰੂ ਮਤਰੇਈ ਚੰਡਿਆ ਪੀਉ ਫੜਿ ਪ੍ਰਹਿਲਾਦੁ ਰਵਾਣਾ।
੪. ਭੇਦ ਭਬੀਖਣੁ ਲੰਕ ਲੈ ਅੰਬਰੀਕੁ ਲੈ ਚਕ੍ਰ ਲੁਭਾਣਾ।
੫. ਪੈਰੁ ਕੜਾਹੈ ਜਨਕ ਦਾ ਕਰਿ ਪਾਖੰਡ ਧਰਮ ਧਿਙਾਣਾ।
੬. ਆਪੁ ਗਣਾਇ ਵਿਗੁਚਣਾ ਦਰਗਹ ਪਾਏ ਮਾਣੁ ਨਿਮਾਣਾ।
੭. ਗੁਰਮੁਖਿ ਸੁਖ ਫਲੁ ਪਤਿ ਪਰਵਾਣਾ ॥੧੪॥

**ਪਦਾਰਥ**-(ਰਾਜ ਕੁਮਾਰ=ਰਾਜ ਪੁੱਤ੍ਰ। ਚੋਜ ਵਿਡਾਣਾ=ਅਚਰਜ ਖੇਲ। ਚੰਡਿਆ=ਦੁਖਾਇਆ। (ਰਵਾਣਾ=ਦੁਖੀ ਕੀਤਾ। ਲੁਭਾਣਾ=ਲੋਭ ਪਿਆ। ਧਿਙਾਣਾ=ਧੱਕੇ ਦਾ (ਧਰਮ, ਘੋਰ ਧਰਮ। ਪਾਠਾਂਤ੍ਰ 'ਧਿਙਤਾਣਾ' ਬੀ ਹੈ।ਵਿਗੁਚਣਾ=ਖਰਾਬ ਹੋਣਾ।

**ਅਰਥ**-੧.ਧ੍ਰੂਵ ਪ੍ਰਹਿਲਾਦ, ਬਿਭੀਖਣ, ਅੰਬਰੀਕ, ਰਾਜਾ ਬਲਿ, ਜਨਕ, (ਕਥਾ ਵਿਚ) ਕਥਨ ਕੀਤੇ ਜਾਂਦੇ ਹਨ। ੨.(ਇਹ ਉਕਤ ਭਗਤ ਭੀ 'ਰਾਜ ਕੁਆਰ' ਕਹੀਏ) ਰਾਜਾ ਦੇ ਪੁੱਤ੍ਰ ਹੋਣ ਕਰਕੇ ਇਨ੍ਹਾਂ ਵਿਚ ਰਜੋ ਗੁਣੀ ਹੀ ਆਸਾ ਬੰਧੀ ਪਈ ਰਹੀ ਦਾ ਅਚਰਜ ਖੇਲ ਰਿਹਾ। ੩.(ਅਗੇ ਇਨ੍ਹਾਂ ਦਾ ਸੰਖੇਪ ਨਾਲ ਬ੍ਰਿਤਾਂਤ ਦੱਸਦੇ ਹਨ) ਧ੍ਰੂ ਮਤਰੇਈ ਮਾਂ ਦਾ (ਜਿਸ ਦੀ ਕਥਾ ਪਿਛੇ ਕਹਿ ਆਏ ਹਾਂ) ਦੁਖਾਇਆ ਹੋਇਆ ਸੀ, ਪ੍ਰਹਿਲਾਦ ਨੂੰ (ਹਿਰਨੇਕਸ਼ਪ ਨਾਮੇ) ਪਿਉ ਨੇ ਫੜਕੇ ਦੁਖੀ ਕੀਤਾ ਸੀ। ੪.ਬਿਭੀਖਣ ਨੇ (ਘਰ ਦਾ) ਭੇਦ ਪਾੜਕੇ ਲੰਕਾ ਲੀਤੀ, ਅੰਬਰੀਕ ਚੱਕ੍ਰ ਪੁਰ ਹੀ ਲੋਭ ਪਿਆ। ੫.ਜਨਕ ਦਾ ਇਕ ਪੈਰ ਤੱਤੇ ਤੇਲ ਦੇ ਕੜਾਹੇ ਵਿਚ ਹੀ ਰਿਹਾ (ਉਸ ਨੇ ਭੀ) ਪਖੰਡ ਹੀ ਕਰਕੇ (ਧਰਮ ਧਿਙਾਣਾ=) ਘੋਰ ਧਰਮ ਕੀਤਾ, (ਭਾਵ ਅਸੁਰੀ ਧਰਮ ਕੀਤਾ)। ੬.ਆਪਣਾ ਆਪ ਗਣਾਇਕੇ ਖਰਾਬ ਹੋਈਦਾ ਹੈ, ਦਰਗਾਹ ਵਿਖੇ ਨਿਮਾਣਾ ਹੀ ਮਾਣ ਪਾਉਂਦਾ ਹੈ। ੭.(ਏਹ) ਸੁਖ ਫਲ ਗੁਰਮੁਖਾਂ


www.sikhbookclub.com

ਨੇ ਪਾਯਾ ਹੈ, (ਉਨ੍ਹਾਂ ਦੀ)ਪਤ ਪਰਵਾਣ ਹੋਈ ਹੈ (ਯਾ ਪਤ ਦਾ ਪ੍ਰਵਾਣਾ ਪਾ ਕੇ ਪੂਰੇ ਨਿਕਲੇ ਹਨ)।

**ਭਾਵ**-ਸਾਰੇ ਅਵਤਾਰ, ਦੇਵਤਾ, ਰਿਖੀ, ਤਪੀ, ਜਤੀ, ਹਠੀ, ਭਗਤਾਂ, ਜੀਵਨ ਮੁਕਤਾਂ ਦੇ ਮੁਕਾਬਲੇ ਤੇ ਗੁਰਮੁਖ ਦੀ ਵਡਿਆਈ ਦੱਸਦੇ ਅਰ ਉਸ ਦਾ ਸਰੂਪ ਖੋਹਲ ਰਹੇ ਹਨ ਕਿ ਇਹ ਪਦ ਸਹਿਜ ਸੁਭਾਵ ਆਤਮ ਰਸ ਕਰਕੇ ਆਤਮ ਸੁਤੰਤ੍ਰਤਾ ਦੇਂਦਾ ਹੈ, ਕਿਸੇ ਹੀ ਤਰ੍ਹਾਂ ਦੇ ਦਬਾਉ, ਖਿੱਚ, ਭੈ ਹੇਠ ਨਹੀਂ ਰਹਿਣ ਦੇਂਦਾ। ਧ੍ਰੂਵ ਆਦਿਕ ਉਕਤ ਭਗਤਾਂ ਨੇ ਸਕਾਮ ਹੀ ਭਗਤੀ ਕੀਤੀ, ਕਿਸੇ ਡਰ ਨਾਲ, ਕਿਸੇ ਰਾਜ ਦੇ ਲੋਭ ਨਾਲ, ਕਿਸੇ ਹੰਕਾਰ ਦੇ ਪਖੰਡ ਨਾਲ ਜਪ ਤਪ ਕੀਤੇ, ਪ੍ਰੰਤੂ ਗੁਰੂ ਦੇ ਸਿਖ ਨਿਸ਼ਕਾਮ ਭਗਤੀ ਕਰਦੇ ਹਨ, ਜਿਹਾ ਕੁ ਗੁਰੂ ਜੀ ਲਿਖਦੇ ਹਨ- **"ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥"** (ਦੇਵਾ:ਮ:੫) ਮੁਕਦੀ ਗੱਲ ਇਹ ਕਿ ਉਨ੍ਹਾਂ ਨੇ ਮੁਕਤਿ ਦੀ ਬੀ ਲੋੜ ਨਹੀਂ ਰੱਖੀ। **"ਮੁਕਤਿ ਬਪੁਰੀ ਭੀ ਗਿਆਨੀ ਤਿਆਗੇ॥"** (ਮਾਰੂ:ਮ:੫)

## ੧੫. (ਨੀਚ ਕੁਲ ਨਿਸ਼ਕਾਮ ਭਗਤ)।

੧. ਕਲਜੁਗ ਨਾਮਾ ਭਗਤੁ ਹੋਇ ਫੇਰਿ ਦੇਹੁਰਾ ਗਾਇ ਜਿਵਾਈ।
੨. ਭਗਤੁ ਕਬੀਰ ਵਖਾਲੀਐ ਬੰਦੀ ਖਾਨੇ ਤੇ ਉਠਿ ਜਾਈ।
੩. ਧੰਨਾ ਜਟੁ ਉਧਾਰਿਆ ਸਧਨਾ ਜਾਤਿ ਅਜਾਤਿ ਕਸਾਈ।
੪. ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾਂ ਵਿਚ ਕਰਿ ਵਡਿਆਈ।
੫. ਬੇਣਿ ਹੋਆ ਅਧਿਆਤਮੀ ਸੈਣੁ ਨੀਚ ਕੁਲੁ ਅੰਦਰਿ ਨਾਈ।
੬. ਪੈਰੀ ਪੈ ਪਾਖਾਕ ਹੋਇ ਗੁਰ ਸਿਖਾਂ ਵਿਚਿ ਵਡੀ ਸਮਾਈ।
੭. ਅਲਖ ਲਖਾਇ ਨ ਅਲਖੁ ਲਖਾਈ ॥੧੫॥

**ਪਦਾਰਥ**-(ਦੇਹੁਰਾ=ਮੂਰਤੀ ਦਾ ਮੰਦਰ। ਬੰਦੀਖਾਨਾ=ਕੈਦਖਾਨਾ।
(ਅਧਿਆਤਮੀ=ਨਿਸ਼ਕਾਮ ਭਗਤ। ਸਮਾਈ=ਸਹਿਨ ਸ਼ੀਲਤਾ।

**ਅਰਥ**-੧.ਕਲਿਜੁਗ ਵਿਖੇ ਨਾਮਾ ਭਗਤ (ਛੀਂਬਾ) ਸੀ, (ਇਸ ਨੇ) ਠਾਕੁਰ ਦੁਵਾਰਾ ਫੇਰ ਦਿੱਤਾ ਤੇ ਗਊ ਜਿਵਾ ਦਿੱਤੀ। ੨.ਕਬੀਰ ਭਗਤ ਕਥਨ ਕੀਤਾ ਹੈ, ਕੈਦਖਾਨੇ ਤੋਂ ਨਿਕਲ ਗਿਆ ਸੀ। ੩.ਧੰਨਾ ਜੱਟ ਉਧਰ ਗਿਆ, ਸਧਨਾ ਜੋ (ਜਾਤੋਂ 'ਅਜਾਤ'=) ਨੀਚ ਕਸਾਈ ਸੀ (ਉਹ ਬੀ ਤਰ ਗਿਆ ਸੀ)। ੪.ਰਵਿਦਾਸ ਚਮਿਆਰ ਭਗਤ ਦੀ ਬੀ ਚਾਰੇ ਵਰਣਾਂ ਵਿਖੇ ਵਡੀ ਸ਼ੋਭਾ ਹੋਣ ਲੱਗੀ, ੫.ਬੇਣੀ ਨਾਮੇ ਨਿਸ਼ਕਾਮ ਭਗਤ, ਨੀਚ ਨਾਈ ਦੀ ਕੁਲ ਵਿਚ ਸੈਣ ਨਾਮੇ ਭਗਤ ਹੋਇਆ ਹੈ। ੬.ਪੈਰੀਂ ਪੈਕੇ (ਸਭ ਦੇ) ਪੈਰਾਂ ਦੀ ਖ਼ਾਕ ਹੋਏ, (ਇਹ) ਗੁਰੂ ਦੇ ਸਿੱਖਾਂ ਵਿਚ ਵਡੀ ('ਸਮਾਈ' ਕਹੀਏ) ਸਹਨ ਸ਼ੀਲਤਾ ਹੈ। ੭.(ਅਲਖ) ਪਰਮਾਤਮਾਂ ਦੀ ਲੱਖਤਾ ਆ ਗਈ ਹੈ, (ਫੇਰ ਵੀ ਆਪ) ਅਲਖ ਰਹਿੰਦੇ ਹਨ। ਯਥਾ:-

**"ਕਾਂਇ ਰੇ ਬਕਬਾਦੁ ਲਾਇਓ ॥ ਜਿਨਿ ਹਰਿ ਪਾਇਓ ਤਿਨਹਿ ਛਪਾਇਓ॥"** (ਟੋਡੀ:ਮ:੫)

**ਭਾਵ**-ਜੋ ਸਾਰੀਆਂ ਕਾਮਨਾਂ ਨੂੰ ਛੱਡਕੇ ਨਿਰਿੱਛਤ, ਨਿਰਹੰਕਾਰ ਤੇ ਮਮਤਾ ਤੋਂ ਰਹਿਤ ਹੋ ਨਿਮ੍ਰੀ ਭੂਤ ਹੋਏ ਹੈਨ,ਈਸ਼੍ਵਰ ਉਨ੍ਹਾਂ ਦੇ ਅੰਗ ਸੰਗ ਹੈ। ਏਹ ਲੋਕ ਉਪਰੋਕਤ ਭਗਤਾਂ ਤੋਂ ਉਚੇਰੇ ਪਹੁੰਚਦੇ ਹਨ।

## ੧੬. (ਕਲਜੁਗ ਦੀ ਉੱਤਮਤਾਈ)।

੧. ਸਤਿਜੁਗੁ ਉਤਮੁ ਆਖੀਐ ਇਕੁ ਫੇੜੈ ਸਭ ਦੇਸੁ ਦੁਹੇਲਾ।
੨. ਤ੍ਰੇਤੈ ਨਗਰੀ ਪੀੜੀਐ ਦੁਆਪੁਰਿ ਵੰਸੁ ਵਿਧੁੰਸੁ ਕੁਵੇਲਾ।
੩. ਕਲਿਜੁਗਿ ਸਚੁ ਨਿਆਉ ਹੈ ਜੋ ਬੀਜੈ ਸੋ ਲੁਣੈ ਇਕੇਲਾ।

੪. ਪਾਰਬ੍ਰਹਮ ਪੂਰਨ ਬ੍ਰਹਮੁ ਸਬਦਿ ਸੁਰਤਿ ਸਤਿਗੁਰ ਗੁਰ ਚੇਲਾ।
੫. ਨਾਮ ਦਾਨੁ ਇਸਨਾਨੁ ਦ੍ਰਿੜ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ।
੬. ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇਣਾ ਸਹਜ ਸੁਹੇਲਾ।
੭. ਗੁਰਮੁਖਿ ਸੁਖ ਫਲੁ ਨੇਹੁ ਨ ਵੇਲਾ ॥੧੬॥

**ਪਦਾਰਥ**-(ਫੇੜੈ=ਖੋਟੇ ਕਰਮ ਕਰੇ। ਦੁਹੇਲਾ=ਪੀੜਤ, ਦੁਖੀ। ਵਿਧੁੰਸੁ=ਨਾਸ਼। (ਲੁਣੈ=ਵੱਢੇ। ਗੁਰ ਚੇਲਾ=ਪੂਜਨੀਯ ਚੇਲਾ। ਸੁਹੇਲਾ=ਸੁਖੀ।

**ਅਰਥ**-੧.ਸਤਿਜੁਗ (ਜੁਗਾਂ ਵਿਚ) ਸ੍ਰੇਸ਼ਟ ਕਹੀਦਾ ਹੈ (ਪ੍ਰੰਤੂ) ਇਕ ਜਣਾ ਖੋਟਾ ਕੰਮ ਕਰੇ ਸਾਰਾ ਦੇਸ਼ (ਸਜ਼ਾ ਨਾਲ) ਪੀੜਤ (ਦੁਖੀ) ਹੁੰਦਾ ਸੀ। ੨.(ਤ੍ਰੇਤੇ ਵਿਖੇ ਸਾਰੀ) ਨਗਰੀ ਪੀੜੀ ਜਾਂਦੀ ਸੀ, ਦੁਆਪੁਰ ਵਿਖੇ ਕੁਲ ਦੇ ਨਾਸ ਦੀ (ਕੁਵੱਲੀ) ਖੋਟੀ ਵਿਪਦਾ ਪੈਂਦੀ ਸੀ। ੩.ਕਲਜੁਗ ਵਿਖੇ ਸੱਚਾ ਨਿਆਉਂ ਹੈ, (ਕਿਉਂ ਜੋ) ਜਿਹੜਾ ਬੀਜੈ ਉਹੋ ਇਕੱਲਾ ਵੱਢੇ, (ਭਾਵ-ਪਾਪ ਤੇ ਭਲੇ ਕਰਮ ਦਾ ਫਲ ਭੋਗੇ, ਇਸ ਪਰਥਾਇ ਗੁਰੂ ਜੀ ਦਾ ਵਾਕ ਹੈ **"ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗ ਊਤਮੋ ਜੁਗਾ ਮਾਹਿ ॥ ਅਹਿਕਰੁ ਕਰੇ ਸੁ ਅਹਿਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥"** (ਆਸਾ:ਮ:੫) ੪.ਸਤਿਗੁਰੂ 'ਪਾਰਬ੍ਰਹਮ ਪੂਰਣ ਬ੍ਰਹਮ' ਰੂਪ ਹਨ (ਅਰਥਾਤ ਨਿਰਗੁਣ ਅਤੇ ਸਰਗੁਣ ਰੂਪ ਹਨ) ਉਨ੍ਹਾਂ ਦੇ ਸ਼ਬਦ ਵਿਖੇ ਜੋ ਸੁਰਤਿ (ਜੋੜਦਾ) ਹੈ ਉਹ ਗੁਰ ਚੇਲਾ ਹੈ (ਅਰਥਾਤ ਪੂਜਨੀਯ ਚੇਲਾ ਹੈ, ਅਥਵਾ ਕਹਿਣ ਨੂੰ ਤਾਂ ਚੇਲਾ ਹੈ ਪਰੰਤੂ ਅਸਲ ਵਿਖੇ ਗੁਰੂ ਸਰੂਪ ਹੈ)। ੫.ਨਾਮ ਦਾਨ ਇਸ਼ਨਾਨ (ਦਾ ਉਪਦੇਸ਼) ਦ੍ਰਿੜ੍ਹ ਕੀਤਾ ਹੈ, ਅੰਮ੍ਰਿਤ ਵੇਲੇ ਸਾਧ ਸੰਗਤ ਨਾਲ ਮਿਲਕੇ (ਆਸਾ ਦੀ ਵਾਰ ਆਦਿ ਬਾਣੀ ਦੇ ਸੁਣਨ ਜਾਂ ਪੜ੍ਹਨ ਦਾ ਅਭਿਆਸ ਰੱਖਦਾ ਹੈ) ੬.ਮਿਠਾ ਬੋਲਦਾ, ਨਿੰਮ੍ਰੀ ਭੂਤ ਹੋਕੇ ਰਹਿੰਦਾ, ਹੱਥੋਂ ਦੇ ਕੇ ਸਹਜੇ ਹੀ (ਸੁਹੇਲਾ ਕਹੀਏ) ਸੁਖੀ ਹੁੰਦਾ ਹੈ (ਭਾਵ ਮੱਥੇ ਵੱਟ ਪਾਕੇ ਨਹੀਂ ਦਿੰਦਾ, ਕਹਿੰਦਾ ਹੈ 'ਦਾਣਾ ਪਾਣੀ ਵਾਹਿਗੁਰੂ ਦਾ ਟਹਿਲ ਭਾਉਣੀ ਸਿਖਾਂ ਦੀ') ੭.ਅਜਿਹੇ ਗੁਰਮੁਖਾਂ ਨੂੰ ਸੁਖ ਫਲ ਦੀ ਪ੍ਰਾਪਤੀ ਹੁੰਦੀ ਹੈ,('ਨੇਹੁ ਨ ਵੇਲਾ' ਅਰਥਾਤ ਉਹਨਾਂ ਦੀ)ਪ੍ਰੀਤ ਦਾ ਕੋਈ ਇਕ ਵੇਲਾ ਨਹੀਂ ਹੈ।

**ਭਾਵ**-ਅਠੇ ਪਹਿਰ ਅਕਾਲ ਪੁਰਖ ਦੇ ਨਾਮ ਨੂੰ ਪ੍ਰੀਤ ਨਾਲ ਜਪਦੇ ਜਾਂ ਮਨ ਕਰਕੇ ਸਿਮਰਦੇ ਰਹਿੰਦੇ ਹਨ-**"ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ"**॥ (ਸ:ਕਬੀਰ:-੨੧੩) ਅਥਵਾ ਉਹਨਾਂ ਦਾ ਨੇਹੁੰ ਕਹੀਏ ਪ੍ਰੇਮ ਸਦਾ ਹੀ ਨਵੀਨ ਹੈ, ਪੁਰਾਣਾ ਨਹੀਂ ਹੁੰਦਾ, ਭਾਵ ਇਕ ਰਸ ਪ੍ਰੀਤ ਰੱਖਦੇ ਹਨ।

ਅਜਿਹੇ ਉੱਤਮ ਕਲਜੁਗ ਦੇ ਸਮੇਂ ਵਿਖੇ ਜੋ ਸਤਿਗੁਰੂ ਨਾਲ ਮਿਲਕੇ ਨਾਮ ਦਾਨ ਸ਼ੁਭ ਕਰਮ ਨਹੀਂ ਕਰਦੇ ਓਹ ਲੋਕ ਭਰੇ ਸਰੋਂ ਖਾਲੀ ਰਹਿ ਕੇ ਅੰਤ ਪਸ਼ਚਾਤਾਪ ਹੀ ਕਰਨਗੇ। ਜੇ ਕੋਈ ਕਹੇ ਕਿ ਜੀ! ਸਾਡਾ ਫਲਾਣੇ ਵੇਲੇ ਵੇਹਲ ਨਹੀਂ ਲੱਗਦਾ ਤਾਂ ਬਚਨ ਕਰਦੇ ਹਨ 'ਨੇਹੁੰ ਦਾ ਕੋਈ ਵੇਲਾ ਨਹੀਂ' ਕਿਸੇ ਵੇਲੇ ਸਤਿਸੰਗ ਕਰੋ, ਫਲੀ ਭੂਤ ਹੁੰਦਾ ਹੈ। **"ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ"**॥ (ਸ:ਕਬੀਰ-੨੩੨)

## ੧੭. (ਵਾਹਿਗੁਰੂ ਮੰਤ੍ਰ)।

੧. ਨਿਰੰਕਾਰ ਆਕਾਰੁ ਕਰਿ ਜੋਤਿ ਸਰੂਪ ਅਨੂਪ ਦਿਖਾਇਆ।
੨. ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।
੩. ਚਾਰਿ ਵਰਨ ਚਾਰ ਮਜਹਬਾ ਚਰਣ ਕਵਲ ਸਰਣਾਗਤਿ ਆਇਆ।
੪. ਪਾਰਸ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ।
੫. ਪੈਰੀ ਪਾਇ ਨਿਵਾਇਕੈ ਹਉਮੈ ਰੋਗੁ ਅਸਾਧੁ ਮਿਟਾਇਆ।

੬. ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ।
੭. ਪੂਰੇ ਪੂਰਾ ਥਾਟੁ ਬਣਾਇਆ* ॥੧੭॥

**ਪਦਾਰਥ**-(ਨਿਰੰਕਾਰ=ਨਿਰਗੁਣ ਬ੍ਰਹਮ।ਅਗੋਚਰ=ਜੋ ਇੰਦ੍ਰਯ ਦਾ ਵਿਖਯ ਨ ਹੋਵੈ। (ਅਸਾਧ=ਜੋ ਸਾਧਿਆ ਨ ਜਾਵੇ। ਗਾਡੀ ਰਾਹ=ਸ਼ਾਹ ਰਾਹ, ਖੁੱਲ੍ਹਾ ਰਾਹ। (ਥਾਟ=ਬਣਾਉ।

**ਅਰਥ**-੨.ਵੇਦਾਂ ਅਰ ਕਤੇਬਾਂ ਥੋਂ ਜੋ ਅਕੱਥਨੀਯ ਹੈ ਉਸ ਦਾ 'ਵਾਹਿਗੁਰੂ' ਮੰਤਰ ਗੁਰੂ ਜੀ ਨੇ ਦੱਸਿਆ ਹੈ (ਜਾਂ ਵੇਦ ਕਤੇਬ ਤੋਂ ਅਗੋਚਰਾ ਵਾਹਿਗੁਰੂ ਮੰਤਰ ਦੱਸਿਆ ਹੈ ਅਥਵਾ) ੧.(ਨਿਰੰਕਾਰ) ਨਿਰਗੁਣ ਪਰਮਾਤਮਾ ਨੇ ('ਅਕਾਰ' ਪੰਜ-ਭੌਤਕ) ਦੇਹ ਕਰਕੇ ਆਪਣਾ ਜੋਤਿਮਯ ਅਨੂਪਮ ਰੂਪ (ਓਸ ਵਿਖੇ) ਪ੍ਰਗਟ ਕੀਤਾ ਹੈ। ੩.(ਇਸੇ ਕਰਕੇ ਹਿੰਦੂਆਂ ਦੇ ਚਾਰ ਵਰਣ (ਅਰ ਮੁਹੰਮਦੀ ਮਤ ਵਿਖੇ) ਚਾਰ ਮਜ਼ਹਬ (ਗੁਰੂ ਜੀ ਦੇ) ਚਰਨਾਂ ਕਵਲਾ ਦੀ ਸ਼ਰਨੀ ਆ ਪਏ। ੪.ਪਾਰਸ (ਗੁਰੂ ਨੇ) ਪਰਸ ਕੇ (ਆਪਣਾ ਸਪਰਸ਼ ਕਰਾਕੇ) ਅਪਰਸ (=ਅਪਵਿੱਤ੍ਰ) ਜਗਤ ਨੂੰ ਜੋ ਅੱਠਾਂ ਧਾਤਾਂ ਦੀ ਸੀ, ਇਕ ਧਾਤ ਕਰ ਦਿੱਤਾ (ਭਾਵ ਚਾਰ ਵਰਣ ਤੇ ਚਾਰ ਆਸ਼ਰਮ ਦਾ ਅਹੰਕਾਰ ਛੱਡ ਕੇ ਆਪਣੇ ਜਿਹਾ ਨਿਸ਼ਕਾਮ ਭਗਤ ਬਣਾ ਦਿੱਤਾ)। ੫.(ਆਪਣੇ) ਚਰਨੀ ਲਾ ਨਿੰਮ੍ਰੀ ਭੂਤ ਕਰਕੇ ਹਉਮੈ ਦਾ ਅਸਾਧ ਰੋਗ (ਕੁਸ਼ਟ) ਮਿਟਾ ਦਿੱਤਾ। ੬.('ਰਜਾਈ'=) ਵਾਹਿਗੁਰੂ ਦੇ ਹੁਕਮ ਵਿਖੇ ਚੱਲਣ ਦਾ ('ਗਾਡੀ ਰਾਹ' ਖੁਲ੍ਹਾ ਜਾਂ) ਪੱਧਰਾ ਰਾਹ ਗੁਰਮੁਖਾਂ ਨੇ ਚਲਾਇਆ (ਯਥਾ-"**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ**"॥) (ਜਪੁਜੀ) ੭.ਪੂਰੇ (ਸਤਿਗੁਰੂ) ਨੇ ਪੂਰਾ ਥਾਟ (=ਪ੍ਰਬੰਧ ਸਚੇ ਮਾਰਗ ਦਾ)ਬਣਾ ਦਿੱਤਾ ਹੈ।

**ਭਾਵ**-ਜੋ ਭਾਣਾ ਮੰਨਦੇ ਹਨ ਉਹੀ ਭਾਈ ਭਿਖਾਰੀ ਵਾਂਞੂੰ ਪੂਰੇ ਗੁਰੂ ਦੇ ਸਿੱਖ ਹਨ।

## ੧੮. (ਗੁਰਮੁਖ ਵਰਣਨ)।

੧. ਜੰਮਣ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ।
੨. ਭਾਉ ਭਗਤਿ ਉਪਦੇਸੁ ਕਰਿ ਸਾਧ ਸੰਗਤਿ ਸਚਖੰਡ ਵਸਾਏ।
੩. ਮਾਨ ਸਰੋਵਰਿ ਪਰਮਹੰਸ ਗੁਰਮੁਖਿ ਸਬਦ ਸੁਰਤਿ ਲਿਵਲਾਏ।
੪. ਚੰਦਨ ਵਾਸ ਵਣਾਸਪਤਿ ਅਫਲ ਸਫਲ ਚੰਦਨ ਮਹਿਕਾਏ।
੫. ਭਵਜਲ ਅੰਦਰਿ ਬੋਹਥੈ ਹੋਇ ਪਰਵਾਰ ਸੁ ਪਾਰ ਲੰਘਾਏ।
੬. ਲਹਰਿ ਤਰੰਗੁ ਨ ਵਿਆਪਈ ਮਾਇਆ ਵਿਚਿ ਉਦਾਸੁਬ ਰਹਾਏ।
੭. ਗੁਰਮੁਖਿ ਸੁਖ ਫਲੁ ਸਹਿਜ ਸਮਾਏ† ॥੧੮॥

**ਪਦਾਰਥ**-(ਭਾਉ ਭਗਤਿ=ਪ੍ਰੇਮਾ ਭਗਤੀ। ਬੋਹਥੈ=ਜਹਾਜ਼।

**ਅਰਥ**-੧.ਜਨਮ ਮਰਣ ਤੋਂ ਰਹਿਤ(ਓਹ)ਪਰਉਪਕਾਰੀ ਜਗਤ ਵਿਖੇ ਆਏ। ੨.ਪ੍ਰੇਮਾ ਭਗਤੀ ਦਾ (ਸਿਖਾਂ ਨੂੰ) ਉਪਦੇਸ਼ ਕਰਕੇ(ਉਨ੍ਹਾਂ ਨੇ)ਸਾਧ ਸੰਗਤ ਰੂਪ ਸਚਖੰਡ (ਧਰਤਿ ਪੁਰ ਹੀ) ਵਸਾ ਦਿਤੇ।

---

*ਇਸ ਵਿਚ ਮੁਰਾਦ ਗੁਰੂ ਨਾਨਕ ਦੇਵ ਜੀ ਤੋਂ ਸਹੀ ਹੁੰਦੀ ਹੈ। ਨਿਰੰਕਾਰ ਨੇ ਆਕਾਰ ਕਰਕੇ ਅਨੂਪ ਤ੍ਰੀਕੇ ਨਾਲ ਆਪਣਾ ਰੂਪ ਪ੍ਰਗਟ ਕੀਤਾ, ਜਿਸ ਨੇ ਵਾਹਿਗੁਰੂ ਸ਼ਬਦ ਸੁਣਾਇਆ,ਗਾਡੀ ਰਾਹ ਚਲਾਇਆ ਆਦਿ ਕੰਮ ਕੀਤੇ।

†ਪਉੜੀ ੧੭ ਵਿਚ ਵਾਹਿਗੁਰੂ ਦੇ ਸੰਸਾਰ ਰਚਣ ਦਾ ਅਰ ਆਪਣਾ ਸ਼ਬਦ 'ਵਾਹਿਗੁਰੂ' ਪ੍ਰਦਾਨ ਕਰਨ ਦਾ ਕਥਨ ਸੀ, ਇਸ ੧੮ ਵੀਂ ਪਉੜੀ ਵਿਖੇ ਗੁਰਮੁਖ ਦਾ ਕਥਨ ਹੈ, ਪਰ ਧੁਨੀ ਸਤਿਗੁਰਾਂ ਵੱਲ ਹੈ।

੩.(ਓਹ) ਮਾਨ ਸਰੋਵਰ (ਰੂਪੀ ਸਾਧ ਸੰਗਤ ਦੇ) ਪਰਮ ਹੰਸ ਹਨ, ਗੁਰੂ ਦੇ ਸ਼ਬਦ ਵਿਚ ਗੁਰਮੁਖ ਸੁਰਤ ਦੀ (ਲਿਵ) ਤਾਰ ਲਾਈ ਰਖਦੇ ਹਨ। ੪.ਚੰਦਨ ਦੀ ਵਾਸ਼ਨਾ (ਦੇ ਸਾਮਾਨ) ਹਨ, ਜਿਹੜੀ ਸਾਰੀ ਬਨਾਸਪਤੀ ਨੂੰ, ਜੋ ਅਫਲ ਭਾਵੇਂ ਸਫਲ ਹੋਵੇ, ਚੰਦਨ ਦੀ ਮਹਿਕ ਦੇਂਦੀ ਹੈ। ੫.(ਓਹ) ਸੰਸਾਰ ਸਮੁੰਦਰ ਵਿਖੇ ਜਹਾਜ਼ ਰੂਪ ਹਨ, ਸਾਰੇ ਪਰਵਾਰ ਨੂੰ (ਪਾਪਾਂ ਦੀ ਮੈਲ ਥੋਂ ਸ਼ੁੱਧ ਕਰਕੇ) ਪਾਰ ਲੰਘਾ ਦੇਂਦੇ ਹਨ। ੬.ਲਹਿਰਾਂ ਅਤੇ ਤਰੰਗ (ਸੰਸਾਰਿਕ ਵਾਸ਼ਨਾ ਤੇ ਹਿਲਾਉ ਉਨ੍ਹਾਂ ਨੂੰ) ਨਹੀਂ ਵਿਆਪਦੇ, ਓਹ ਮਾਇਆ ਵਿਖੇ ਰਹਿਕੇ ਉਦਾਸੀਨ ਰਹੇ। (ਯਥਾ-"**ਤੈਸਾ ਹਰਖੁ ਤੈਸਾ ਉਸੁ ਸੋਗੁ**"॥ ਭਾਵ ਉਨ੍ਹਾਂ ਦੇ ਮੁਖ ਦੀ ਕ੍ਰਾਂਤਿ ਵਿਪਦਾ ਵਿਖੇ ਮਲੀਨ ਤੇ ਸੰਪਦਾ ਵਿਖੇ ਟਹਿਕਦੀ ਨਹੀਂ, ਭਾਵ ਇਕ-ਰਸ ਰਹਿੰਦੀ ਹੈ)। ੭.(ਇਸੇ ਕਾਰਨ) ਗੁਰਮੁਖ 'ਸੁਖ ਫਲ' ਰੂਪ ਸਹਜ ਪਦਵੀਂ ਵਿਖੇ ਸਮਾਏ। (**ਭਾਵ**-ਨਿਰਵਿਕਲਪ ਸਮਾਧੀ ਕਰ ਕੇ ਪਰਮਾਨੰਦ ਵਿਖੇ ਮਗਨ ਰਹਿੰਦੇ ਹਨ, ਕਿਉਂ ਜੋ ਮਨੁੱਖ ਦੇਹੀ ਨੂੰ ਓੜਕ ਦੀ ਦੇਹ ਜਾਣਕੇ ਭਲੇ ਪਾਸੇ ਲਾਈ ਰੱਖਦੇ ਹਨ, ਜਿਹਾ ਕਿ ਭਾਈ ਨੰਦ ਲਾਲ ਜੀ ਗ਼ਜ਼ਲ ੨੨ ਦੇ ਤੀਜੇ ਸ਼ਿਆਰ ਵਿਚ ਕਹਿੰਦੇ ਹਨ:-

'ਈਂ ਉਮਰੇ ਗਿਰਾਂ ਮਾਯਹ ਗ਼ਨੀਮਤ ਸ਼ਮੁਰ ਆਖ਼ਰ।
ਮਾ ਸੁਬਹ ਨ ਦੀਦੇਮ ਕਿ ਓ ਸ਼ਾਮ ਨ ਦਾਰਦ'॥

ਅਰਥ-ਇਸ ਉਮਰ ਦੇ ਭਾਰੀ ਪਦਾਰਥ ਨੂੰ ਓੜਕ ਦੀ ਲੁੱਟ ਸਮਝ, ਕਿਉਂ ਜੋ ਅਸੀਂ ਉਹ ਦਿਨ ਨਹੀਂ ਦੇਖਦੇ ਜਿਸ ਦੇ ਮਗਰੋਂ ਰਾਤ ਨਾ ਪੈਂਦੀ ਹੋਵੇ। ਤੁਸਾਂ ਨਹੀਂ ਪੜ੍ਹਿਆ ? ਪੰਚਮ ਗੁਰੂ ਜੀ ਆਸਾ ਰਾਗ ਵਿਖੇ ਲਿਖਦੇ ਹਨ:-"**ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ ਫਿਰਿ ਹੋਇ ਪਰਭਾਤਿ**"॥ (ਆਸਾ:ਮ:੫)

## ੧੯. (ਅਜਰ ਜਰਣਾ)।

੧. ਧੰਨੁ ਗੁਰੂ ਗੁਰ ਸਿਖ ਧੰਨ ਆਦਿ ਪੁਰਖੁ ਆਦੇਸੁ ਕਰਾਇਆ।
੨. ਸਤਿਗੁਰ ਦਰਸਨ ਧੰਨੁ ਹੈ ਧੰਨ ਦਿਸਟਿ ਗੁਰ ਧਿਆਨੁ ਧਰਾਇਆ।
੩. ਧੰਨੁ ਧੰਨੁ ਸਤਿਗੁਰ ਸਬਦੁ ਧੌਨੁ ਸੁਰਤਿ ਗੁਰ ਗਿਆਨੁ ਸੁਣਾਇਆ।
੪. ਚਰਣ ਕਵਲ ਗੁਰ ਧੰਨੁ ਧੰਨੁ ਧੰਨੁ ਮਸਤਕੁ ਗੁਰ ਚਰਣੀ ਲਾਇਆ।
੫. ਧੰਨੁ ਧੰਨੁ ਗੁਰ ਉਪਦੇਸੁ ਹੈ ਧੰਨੁ ਰਿਦਾ ਗੁਰਮੰਤ੍ਰ ਵਸਾਇਆ।
੬. ਧੰਨੁ ਧੰਨੁ ਗੁਰ ਚਰਣਾਮਤੋ ਧੰਨੁ ਮੁਹਤੁ ਜਿਤੁ ਅਪਿਓ ਪੀਆਇਆ।
੭. ਗੁਰਮੁਖਿ ਸੁਖ ਫਲੁ ਅਜਰੁ ਜਰਾਇਆ* ॥੧੯॥

**ਪਦਾਰਥ**-(ਆਦੇਸ=ਨਮਸਕਾਰ। ਮੁਹਤ=ਅੱਧੀ ਘੜੀ। ਅਪਿਓ=ਅੰਮ੍ਰਿਤ। (ਅਜਰ=ਜੋ ਜਰਿਆ ਨਾ ਜਾਏ।

**ਅਰਥ**-੧.ਧੰਨ ਗੁਰੂ ਹਨ, (ਓਹ) ਗੁਰੂ ਦਾ ਸਿੱਖ ਬੀ ਧੰਨਤਾ ਦੇ ਲਾਇਕ ਹੈ ਜਿਸ ਨੂੰ ਆਦਿ ਪੁਰਖ ਦਾ ਆਦੇਸ਼ ਕਰਨਾ (ਮੱਥਾ ਟੇਕਣਾ) ਗੁਰੂ ਨੇ ਸਿਖਾਇਆ ਹੈ। ੨.ਸਤਿਗੁਰੂ ਦਾ ਦਰਸ਼ਨ ਧੰਨ ਹੈ, (ਅਰ ਓਹ 'ਦ੍ਰਿਸ਼ਟਿ' ਅਰਥਾਤ) ਨੇਤਰ ਧੰਨ ਹਨ (ਜਿਨ੍ਹਾਂ ਵਿਖੇ) ਗੁਰੂ ਦਾ ਧਿਆਨ ਟਿਕਦਾ ਹੈ। ੩.ਸਤਿਗੁਰੂ ਦਾ ਸਬਦ ਬੀ (ਧੰਨ ਧੰਨ ਕਹੀਏ) ਅਤਿ ਧੰਨ ਹੈ, ਧੰਨ ਉਹ ਗਿਆਤ ਹੈ, ਜਿਸ ਨੇ ਗੁਰੂ ਦਾ ਗਿਆਨ

*ਇਹ ਪਉੜੀ ਸਿੱਧ ਕਰਦੀ ਹੈ ਕਿ ਪਹਿਲੀ ਪਉੜੀ ਸਤਿਗੁਰਾਂ ਦੀ ਮਹਿਮਾਂ ਵਿਚ ਹੀ ਸੀ, ਕਿਉਂਕਿ ਇਸ ਵਿਚ ਉਹਨਾਂ ਦੇ ਸ਼ੁਕਰੀਏ ਨਾਲ ਭਾਈ ਸਾਹਿਬ ਜੀ ਰੰਗੇ ਹੋਏ ਅਜਬ ਸ਼ੁਕਰ ਦੀਆਂ ਲਪਟਾਂ ਦੇ ਰਹੇ ਹਨ।

ਸੁਣਾਇਆ ਹੈ। ੪.ਗੁਰੂ ਦੇ ਚਰਣ ਕਵਲ ਧੰਨ ਹਨ, ਧੰਨ ਓਹ ਮੱਥਾ ਹੈ ਜੋ ਗੁਰੂ ਦੀ ਚਰਣੀ ਲੱਗਦਾ ਹੈ। ੫.ਗੁਰੂ ਦਾ ਉਪਦੇਸ਼ ਧੰਨ ਧੰਨ ਹੈ, ਧੰਨ ਓਹ ਰਿਦਾ ਹੈ ਜਿਥੇ ਗੁਰੂ ਦਾ ਵਾਹਿਗੁਰੂ ਮੰਤਰ ਵਸਦਾ ਹੈ। ੬.ਗੁਰੂ ਦੇ ਚਰਣਾਂ ਦਾ ਅੰਮ੍ਰਿਤ ਜਲ ਧੰਨ ਧੰਨ ਹੈ, ਧੰਨ ਓਹ ('ਮੁਹਤ') ਅੱਧੀ ਘੜੀ ਹੈ (ਵੇਲਾ) ਜਦੋਂ ਓਹ ਅੰਮ੍ਰਿਤ ਪੀਤਾ। ੭.(ਧੰਨ ਉਹ) ਗੁਰਮੁਖ ਹਨ, ਜਿਨ੍ਹਾਂ ਨੇ 'ਸੁਖ ਫਲ' (ਆਤਮ ਰਸ ਦੀ ਪ੍ਰਾਪਤੀ ਜੋ) ਅਜਰ ਵਸਤੂ ਹੈ, ਜਰ ਲੀਤੀ ਹੈ।

## ੨੦. (ਸਾਧ ਸੰਗਿ ਮਹਿਮਾ)।

੧. ਸੁਖ* ਸਾਗਰੁ ਹੈ ਸਾਧਸੰਗੁ ਸੋਭਾ ਲਹਿਰ ਤਰੰਗ ਅਤੋਲੇ।
੨. ਮਾਣਕ ਮੋਤੀ ਹੀਰਿਆ ਗੁਰ ਉਪਦੇਸੁ ਅਵੇਸੁ ਅਮੋਲੇ।
੩. ਰਾਗ ਰਤਨ ਅਨਹਦ ਧੁਨੀ ਸਬਦਿ ਸੁਰਤਿ ਲਿਵ ਅਗਮ ਅਲੋਲੇ।
੪. ਰਿਧਿ ਸਿਧਿ ਨਿਧਿ ਸਭ ਗੋਲੀਆਂ ਚਾਰ ਪਦਾਰਥ ਗੋਇਲ ਗੋਲੇ।
੫. ਲਖ ਲਖ ਚੰਦਿ ਚਰਾਗ਼ਚੀ ਲਖ ਲਖ ਅੰਮ੍ਰਿਤ ਪੀਚਨਿ ਝੋਲੇ।
੬. ਕਾਮਧੇਨੁ ਲਖ ਪਾਰਜਾਤ ਜੰਗਲ ਅੰਦਰਿ ਚਰਨਿ ਅਡੋਲੇ।
੭. ਗੁਰਮੁਖੁ ਸੁਖ ਫਲੁ ਬੋਲ ਅਬੋਲੇ† ॥੨੦॥੧੨॥

**ਪਦਾਰਥ**-(ਅਤੋਲੇ=ਅਣਗਿਣਤ। ਅਵੇਸ਼=ਪ੍ਰਕਾਸ਼। ਅਲੋਲੇ=ਅਚੰਚਲ।
(ਗੋਇਲ ਗੋਲੇ=ਦਾਸਾਂ ਦੇ ਦਾਸ। ਚਰਾਗ਼ਚੀ=ਮਸ਼ਾਲਚੀ।
(ਝੋਲੇ=ਨਿਰਣਯ। ਅਡੋਲੇ=ਸਥਿਤ। ਬੋਲ ਅਬੋਲੇ=ਅਕੱਥਨੀਯ।

**ਅਰਥ**-੧.ਸੰਤਾਂ ਦੀ ਸੰਗਤ ਸੁਖਾਂ ਦਾ ਸਮੁੰਦਰ ਹੈ (ਉਥੇ ਭਗਵੰਤ ਦੀ ਕਥਾ ਰੂਪੀ) ਲਹਿਰਾਂ (ਅਤੇ ਪਿਆਰ ਭਰੇ ਉੱਤਰ ਪ੍ਰਸ਼ਨ ਰੂਪ) ਤਰੰਗ ਅਣਗਿਣਤ ਸ਼ੋਭਦੇ ਹਨ। ੨.(ਫੇਰ) ਗੁਰੂ ਦੇ ਉਪਦੇਸ਼ (ਰੂਪ) ਅਮੋਲਕ ਮਾਣਕ, ਮੋਤੀ ਅਤੇ ਹੀਰਿਆਂ ਦਾ ਪ੍ਰਕਾਸ਼ ਹੋ ਰਿਹਾ ਹੈ, (ਭਾਵ-ਮਨਨ, ਵੈਰਾਗ, ਪ੍ਰੇਮ ਆਦਿ ਸਭ ਗੁਣ ਵਿਦਮਾਨ ਹਨ)। ੩.ਰਾਗ ਰਤਨ ਉੱਤਮ ਰਾਗਾਂ ਦੀ ਇਕ ਰਸ ਧੁਨੀ ਹੋ ਰਹੀ ਹੈ, ਸ਼ਬਦ ਦੀ ਸੁਰਤਿ ਵਿਖੇ ਲਿਵ (ਲਾਉਣਹਾਰੇ) ਗੰਮਤਾ ਤੋਂ ਪਰੇ (ਅਰ) ਅਡੋਲ ਹਨ (ਭਾਵ ਗੁਰੂ ਦੇ ਸਿੱਖ ਅਚੰਚਲ ਹੋ ਸਬਦ ਸੁਣਦੇ ਹਨ, ਮਾਨੋਂ ਇਹੋ ਮੋਤੀ ਮਾਣਕ ਕੱਢਣਹਾਰੇ ਮਰਜੀਵੜੇ ਹਨ)। ੪.ਰਿੱਧਾਂ, ਸਿੱਧਾਂ, ਅਤੇ ਨੌਂ ਨਿੱਧਾਂ ਸਾਰੀਆਂ ਸੰਤਾਂ ਦੀਆਂ ਦਾਸੀਆਂ ਹਨ ਤੇ ਚਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ,) ਤਾਂ ਦਾਸਾਂ ਦੇ ਦਾਸ ਹਨ, (ਅਥਵਾ ਰਿੱਧਾਂ ਸਿੱਧਾਂ ਅਤੇ ਉਕਤ ਚਾਰੇ ਪਦਾਰਥਾਂ ਨੂੰ ਗੁਰਮੁਖ ਲੋਕ ਗੋਇਲ ਦੇ ਗੋਲੇ ਭਾਵ 'ਚੰਦ ਰੋਜ਼ੀ' ਸਮਝਦੇ ਹਨ, ਉਨ੍ਹਾਂ ਵਿਖੇ ਬੰਧਾਇਮਾਨ ਨਹੀਂ ਹੁੰਦੇ,ਅਥਵਾ ਗੋਇਲ ਗੋਲੇ ਕਹੀਏ ਗੋਸ਼ਾਲਾ ਦੇ ਗੋਲੇ ਭਾਵ ਉਨ੍ਹਾਂ ਦੇ ਅਗੇ ਗੁੱਜਰਾਂ ਵਾਂਙੂ ਕੰਮ ਕਰਦੇ ਹਨ, (ਗੋਇਲ ਦੇ ਅਰਥ ਲਈ ਦੇਖੋ ਸ੍ਰੀ ਗੁਰੂ ਗ੍ਰੰਥ ਕੋਸ਼)। ੫.ਲਖ ਲਖ ਚੰਦ੍ਰਮਾ (ਉਨ੍ਹਾਂ ਦੇ) ਮਸ਼ਾਲਚੀ ਹਨ (ਤੇ ਉਨ੍ਹਾਂ ਪਾਸੋਂ) ਅੰਮ੍ਰਤ ਝੋਲਕੇ (ਬੂਰ ਹਟਾਕੇ ਭਾਵ ਨਿਰਣਨਯ ਕਰ ਕੇ) ਨਾਮਾਂਮ੍ਰਿਤ ਪੀਂਦੇ ਹਨ (ਭਾਵ ਜਗਯਾਸੂ ਹਨ)। ੬.ਲੱਖਾਂ ਕਾਮਧੇਨੁ ਗਉਆਂ ਜੰਗਲਾਂ ਵਿਖੇ ਚਰਦੀਆਂ ਹਨ ਤੇ ਲੱਖਾਂ ਪਾਰਜਾਤ ਅਡੋਲ ਖੜੇ ਹਨ। ੭.ਗੁਰਮੁਖਾਂ ਦਾ ਸੁਖ ਫਲ ਬੋਲਣ ਤੋਂ ਅਬੋਲ ਹੈ।

**ਭਾਵ**-ਕਾਮਧੇਨੁ ਤੇ ਪਾਰਜਾਤ ਵਰਗੇ ਪਦਾਰਥਾਂ ਦੇ ਭੰਡਾਰ ਸਾਧ ਸੰਗ ਵਿਚ ਅਡੋਲ ਖੜੇ ਹਨ। ਹੈਨ ਸਹੀ ਪਰ ਗੁਰਮੁਖ ਉਨ੍ਹਾਂ ਦੀ ਲੋੜ ਨਹੀਂ ਰਖਦੇ, ਇਸ ਕਰਕੇ ਖੜੋਤੇ ਹਨ। ਕਈ ਪ੍ਰਕਾਰ

---

*ਪਾ:-ਸੁਖ ਫਲੁ। †ਇਹ ਪੌੜੀ ਬੀ ਦੱਸਦੀ ਹੇ ਕਿ ਦਰਜੇ ਵਾਰ ਪਹਿਲਾਂ ਨਿਰੰਕਾਰ, ਫੇਰ ਵਾਹਿਗੁਰੂ, ਫੇਰ ਸਤਿਗੁਰਾਂ ਦੀਆਂ ਦਾਤਾਂ ਤੇ ਹੁਣ ਸਾਧ ਸੰਗਤ ਦੀ ਮਹਿਮਾਂ ਕਥਨ ਕੀਤੀ ਹੇ।

ਦੇ ਬਲ ਤੇ ਪਦਾਰਥਾਂ ਦੇ ਪ੍ਰਾਪਤ ਹੋਇਆਂ ਬੀ ਸਤਿਸੰਗੀ ਜਨ ਅਸੰਗ ਰਹਿੰਦੇ ਹਨ। ਗੁਰਮੁਖਾਂ ਦਾ 'ਸੁਖ ਫਲ' ਬੋਲਣ ਤੋਂ ਅਬੋਲ ਹੈ, ਭਾਵ ਕਥਨ ਕਰਨ ਲੱਗੀਏ ਤਾਂ ਅੰਤ ਨਹੀਂ ਆਉਂਦਾ।

# ਵਾਰ ੧੩,

ੴ ਸਤਿਗੁਰ ਪ੍ਰਸਾਦਿ ॥

## ੧. (ਗੁਰ ਚੇਲਾ)।

੧. ਪੀਰ ਮੁਰੀਦੀ ਗਾਖੜੀ ਕੋ ਵਿਰਲਾ ਜਾਣੈ।
੨. ਪੀਰਾ ਪੀਰੁ ਵਖਾਣੀਐ ਗੁਰ ਗੁਰਾ ਵਖਾਣੈ।
੩. ਗੁਰੁ ਚੇਲਾ ਚੇਲਾ ਗੁਰੂ ਕਰਿ ਚੋਜ ਵਿਡਾਣੈ।
੪. ਸੋ ਗੁਰੁ ਸੋਈ ਸਿਖੁ ਹੈ ਜੋਤੀ ਜੋਤਿ ਸਮਾਣੈ।
੫. ਇਕੁ ਗੁਰੂ ਇਕੁ ਸਿਖੁ ਹੈ ਗੁਰੁ ਸਬਦਿ ਸਿਞਾਣੈ।
੬. ਮਿਹਰ ਮੁਹਬਤਿ ਮੇਲਿ ਕਰਿ ਭਉ ਭਾਉ ਸੁ ਭਾਣੈ ॥੧॥

**ਪਦਾਰਥ**-(ਪੀਰ ਮੁਰੀਦੀ=ਪੀਰ ਦੀ ਸ਼ਾਗਿਰਦੀ। ਗਾਖੜੀ=ਔਖੀ। (ਚੋਜ ਵਿਡਾਣੈ=ਅਚਰਜ ਕੌਤਕ। ਮਿਹਰ=ਕ੍ਰਿਪਾ। ਮੁਹਬਤਿ=ਪ੍ਰੀਤਿ।

**ਅਰਥ**-੧.ਪੀਰ ਦੀ ਮੁਰੀਦੀ ਔਖੀ ਹੈ, ਕੋਈ ਵਿਰਲਾ ਜਾਣਦਾ ਹੈ, (ਭਾਵ ਕੋਈ ਵਿਰਲਾ ਮੁਸ਼ਕਲ ਨਾਲ ਕਰ ਸਕਦਾ ਹੈ)। ੨.(ਗੁਰੂ ਨਾਨਕ) ਪੀਰਾਂ ਦਾ (ਸ਼ਿਰੋਮਣੀ) ਪੀਰ ਤੇ ਗੁਰੂਆਂ ਦਾ (ਸ਼ਿਰੋਮਣੀ) ਗੁਰੂ ਕਹੀਦਾ ਹੈ। ੩.ਗੁਰੂ (ਨਾਨਕ) ਨੇ ਹੀ (ਅੰਗਦ) ਚੇਲਾ ਹੋਕੇ ਚੇਲਿਓਂ (ਗੁਰੂ ਅੰਗਦ) ਗੁਰੂ ਬਨਣ ਦਾ ਅਚਰਜ ਕੌਤਕ ਦੀਤਾ। ੪.ਉਹੋ ਗੁਰੂ ਉਹੋ ਸਿਖ ਹੈ, ਜੋਤ ਵਿਚ ਜੋਤ ਸਮਾ ਗਈ ਹੈ, (ਭਾਵ ਇਕ ਆਸ਼ਯ ਹੈ)। ੫.ਇਕ ਗੁਰੂ (ਨਾਨਕ ਤੇ) ਇਕ ਸਿਖ (ਅੰਗਦ) ਹੈ (ਕਿਉਂ ਜੋ) ਗੁਰੂ ਦੇ ਸ਼ਬਦ (ਹੁਕਮ ਨੂੰ ਮਨੋਂ ਤਨੋਂ ਹੋਕੇ) ਮੰਨ ਲੀਤਾ। ੬.ਮਿਹਰ (ਗੁਰੂ ਨੇ) ਮੁਹੱਬਤ (ਚੇਲੇ ਨੇ ਕਰਕੇ) ਮੇਲ ਕੀਤਾ, ਭਉ (ਅਤੇ) ਭਾਉ ਦੁਹਾਂ(ਨੇ 'ਸੁ ਭਾਣੇ') ਕੀਤਾ। (ਭਾਵ ਇਹ ਕਿ ਮੁਹੱਬਤ ਨਾਲ ਭਾਉ ਸਿੱਖ ਨੇ ਧਾਰਿਆ ਤੇ ਮਿਹਰ ਤੇ ਭਾਉ ਗੁਰੂ ਨਾਨਕ ਨੇ ਕੀਤਾ)।

**ਭਾਵ**-ਅੱਖਰਾਂ ਵਿਚ ਤਾਂ ਗੁਰੂ ਚੇਲੇ ਦਾਂ ਹੀ ਕਥਨ ਹੈ, ਪਰ ਭਾਈ ਸਹਿਬ ਜੀ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ ਦਾ ਵਰਣਨ ਕਰ ਰਹੇ ਹਨ।

## ੨. (ਪੀਰ ਥੋਂ ਪੀਰ ਹੋਣਾ)!

੧. ਗੁਰ ਸਿਖਹੁ ਗੁਰ ਸਿਖੁ ਹੈ ਪੀਰ ਪੀਰਹੁ ਕੋਈ।
੨. ਸੁਬਦਿ ਸੁਰਤਿ ਚੇਲਾ ਗੁਰੂ ਪਰਮੇਸਰੁ ਸੋਈ।
੩. ਦਰਸਨਿ ਦਿਸਟਿ ਧਿਆਨੁ ਧਰਿ ਗੁਰ ਮੂਰਤਿ ਹੋਈ।
੪. ਸਬਦ ਸੁਰਤਿ ਕਰਿ ਕੀਰਤਨੁ ਸਤਿਸੰਗਿ ਵਿਲੋਈ।
੫. ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।
੬. ਆਪੁ ਗਵਾਏ ਆਪਿ ਹੈ ਗੁਣ ਗੁਣੀ ਪਰੋਈ ॥੨॥

**ਪਦਾਰਥ**-(ਦਿਸਟਿ=ਨੇਤ੍ਰ। ਵਿਲੋਈ=ਰਿੜਕਨਾ, ਭਾਵ ਵਿਚਾਰ ਕਰਨਾ। ਪਰੋਈ=ਮਿਲਣਾ।

**ਅਰਥ**-੧.ਗੁਰੂ ਦੇ ਸਿਖ ਥੋਂ (ਅਨੇਕ) ਗੁਰ ਸਿੱਖ ਹੁੰਦੇ ਹਨ (ਪਰ) ਪੀਰਾਂ ਥੋਂ ਪੀਰ ਕੋਈ ਹੀ ਹੁੰਦਾ ਹੈ। ੨.(ਚੇਲਾ ਸੋਈ=) ਚੇਲਾ ਓਹੋ ਹੈ ਜੋ ਸੁਰਤ ਸਬਦ(ਦਾ ਰਸੀਆ ਹੈ, ਤੇ) ਗੁਰ ਪਰਮੇਸ਼ਰ (ਦਾ ਪ੍ਰੇਮੀ ਹੈ) ('ਸ਼ਬਦ' ਗੁਰੂ 'ਸੁਰਤ' ਚੇਲਾ ਹੈ, ਇਨ੍ਹਾਂ ਦੁਹਾਂ ਤੋਂ ਜੋ ਪ੍ਰਾਪਤ ਹੋਣਾ ਹੈ ਓਹ ਪਰਮੇਸ਼ੁਰ ਹੈ)। ੩.(ਪੁਨਾ:-) ਦ੍ਰਿਸ਼ਟੀ ਵਿਖੇ (ਗੁਰੂ ਦਾ) ਦਰਸ਼ਨ ਧਿਆਨ ਕਰਦਾ ਹੋਇਆ ਗੁਰੂ ਦੀ ਮੂਰਤ ਹੀ ਹੋ ਜਾਂਦਾ ਹੈ। ੪.ਸ਼ਬਦ ਦਾ ਪ੍ਰੀਤ ਨਾਲ ਕੀਰਤਨ ਕਰੇ, (ਅਤੇ) ਸਾਧ ਸੰਗਤ ਵਿਖੇ (ਗੁਰਬਾਣੀ ਨੂੰ) ਰਿੜਕੇ, (ਉਹ ਕੇਹੜਾ ਗੁਰ ਸ਼ਬਦ ਹੈ?) ੫.ਹੇ ਪਿਆਰੇ ! ਵਾਹਿਗੁਰੂ 'ਸ਼ਬਦ ਗੁਰ ਮੰਤ੍ਰ ਹੈ, (ਇਸਨੂੰ) ਜਪ ਕਰਕੇ ਅਹੰਕਾਰ ਦਾ ਨਾਸ਼ ਕਰੇ। ੬.ਆਪਾ ਭਾਵ ਨੂੰ ਗੁਆ ਦੇਵੇ, (ਫਿਰ ਦੇਖੋ ਕਿ ਇਹ ਸ਼ੁਧ) ਆਪਣਾ ਆਪ ਹੈ, (ਤਦ) ਗੁਣੀ (ਵਾਹਿਗੁਰੂ) ਨਾਲ (ਈਸ਼੍ਵਰੀ) ਗੁਣਾਂ (ਕਰਕੇ) ਪ੍ਰੋਤਾ ਜਾਂਦਾ ਹੈ।

ਭਾਵ :- ਭਾਈ ਨੰਦ ਲਾਲ ਜੀ ਦੀ ਗਜ਼ਲ ੧੯:-

'ਬਹਰ ਤਰਫ ਕਿ ਨਜ਼ਰ ਦਰਦ ਰੂਏ ਯਾਰ ਆਮਦ।''

ਅਰਥ-ਜਿਸ ਪਾਸੇ ਨਿਗਾਹ ਕੀਤੀ ਪਿਆਰੇ ਦਾ ਮੁਖ ਹੀ ਡਿੱਠਾ।

ਤਥਾ ਗਜ਼ਲ ੨੨-''ਹਰ ਜਾ ਕਿ ਬਿੰਗਰੰਦ ਜ਼ਮਾਲੇ ਤੋ ਬਿੰਗਰੰਦ''।

ਅਰਥ-ਸੰਤ ਜਿਥੇ ਬੀ ਦੇਖਦੇ ਹਨ ਤੇਰਾ ਹੀ ਸਰੂਪ ਦੇਖਦੇ ਹਨ।

**''ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀਂ ਹੋਰ।''** (ਮਲਾ:ਮ:੪)

ਅਰਥ-ਜੋ ਹਰਨ ਮੱਛੀਆਂ ਅਤੇ ਪੰਛੀ ਬੋਲਦੇ ਹਨ, ਹਰੀ ਥੋਂ ਬਾਝ ਕਿਸੇ ਨੂੰ ਨਹੀਂ ਜਪਦੇ।

## ੩. (ਸੰਜੋਗੀ ਆਦਿ ਵਰਣਨ)।

੧. ਦਰਸਨ ਦਿਸਟਿ ਸੰਜੋਗ ਹੈ ਭੈ ਭਾਇ ਸੰਜੋਗੀ।
੨. ਸਬਦ ਸੁਰਤਿ ਬੈਰਾਗੁ ਹੈ ਸੁਖ ਸਹਜ ਅਰੋਗੀ।
੩. ਮਨ ਬਚ ਕਰਮ ਨ ਭਰਮ ਹੈ ਜੋਗੀਸਰੁ ਜੋਗੀ।
੪. ਪਿਰਮ ਪਿਆਲਾ ਪੀਵਣਾ ਅੰਮ੍ਰਿਤ ਰਸ ਭੋਗੀ।
੫. ਗਿਆਨ ਧਿਆਨੁ ਸਿਮਰਣੁ ਮਿਲੈ ਪੀ ਅਪਿਓ ਅਸੋਗੀ॥੩॥

**ਪਦਾਰਥ**-(ਸੰਜੋਗੀ=ਮੇਲੀ। ਅਰੋਗੀ=ਰੋਗ ਰਹਿਤ। ਜੋਗੀ=ਜੁੜਿਆ। (ਭੋਗੀ=ਖਾਣੇ ਵਾਲਾ। ਅਸੋਗੀ=ਸੋਗ ਰਹਿਤ।

**ਅਰਥ**-੧.ਜਿਸ ਦੀ ਦ੍ਰਿਸ਼ਟੀ ਵਿਖੇ (ਗੁਰੂ ਦੇ) ਦਰਸ਼ਨ ਦਾ 'ਸੰਜੋਗ' (ਮੇਲ) ਹੈ (ਉਹ) ਭੈ ਅਤੇ ਭਾਇ ਦਾ ਮੇਲੀ ਹੈ, (ਭੈ ਅਤੇ ਪ੍ਰੇਮ ਦਾ ਰੱਖਣਹਾਰਾ ਹੈ)। ੨.ਜਿਸ ਦਾ ਸਬਦ ਸੁਰਤ ਵਿਖੇ ਹੈ ਅਤੇ 'ਬੈਰਾਗ' (ਸੰਸਾਰ ਤੋਂ) ਉਹ ਸਹਜ ਸੁਖ ਵਿਖੇ ਹੈ (ਅਰ ਸਦਾ) ਅਰੋਗੀ ਹੈ। ੩.(ਉਸਦੇ) ਮਨ ਬਾਣੀ ਅਤੇ ਸਰੀਰ ਵਿਖੇ ਭਰਮ ਨਹੀਂ, (ਓਹੋ) ਜੋਗੀਸ਼ਰਾਂ (ਵਿਚੋਂ) ਜੋਗੀ (ਅਰਥਾਤ ਭਗਵੰਤ ਨਾਲ ਜੋੜਿਆ ਹੋਇਆ ਹੈ)। ੪.ਉਸਨੇ (ਕੇਵਲ) ਪ੍ਰੇਮ ਦੇ ਪਿਆਲੇ ਨੂੰ ਹੀ ਪੀਣਾ ਹੈ, (ਤਾਂਤੇ ਸਦਾ) ਅੰਮ੍ਰਿਤ ਰਸ ਦਾ ਹੀ ਭੋਗੀ ਹੈ (ਭਾਵ ਬ੍ਰਹਮਾਨੰਦ ਦੇ ਆਲੰਬਨ ਕਰਨੇਹਾਰਾ ਹੈ)। ੫.(ਗੁਰੂ ਦੇ) ਗਿਆਨ, ਧਿਆਨ ਅਤੇ ਸਿਮਰਣ ਵਿਖੇ (ਉਸ ਸਿਖ) ਦਾ ਮਨ ਮਿਲਿਆ ਹੋਇਆ ਹੈ। ਉਹ 'ਅਪਿਓ' (ਅੰਮ੍ਰਿਤ ਦੇ ਪਿਆਲੇ) ਨੂੰ ਪੀ ਕੇ (ਅਸੋਗੀ=) ਸੰਸਾਰਕ ਸੋਗਾਂ ਥੋਂ ਰਹਿਤ ਹੋ ਗਿਆ ਹੈ (ਭਾਵ ਜਿੱਕੁਰ ਸ਼ਰਾਬ ਦੀ ਮਸਤੀ ਵਿਖੇ ਸੰਸਾਰ ਦੇ ਫਿਕਰ ਹਟ ਜਾਂਦੇ ਹਨ ਤਿਹਾ ਪ੍ਰੇਮ ਦੀ ਮਸਤੀ ਵਿਖੇ ਰਾਗ ਦ੍ਵੈਖ ਦੇ ਸੋਗ ਦੂਰ ਹੋ ਗਏ ਹਨ)।

**ਭਾਵ**-ਭਾਈ ਨੰਦ ਲਾਲ ਜੀ ਗ਼ਜ਼ਲ ੫੬ ਸ਼ਿਅਰ ੪:-

''ਮਾ ਬਪਾਏ ਸ਼ਾਹਿ ਸਰ ਅਫਗੰਦਹ ਏਮ।
ਅਜ਼ ਦੁ ਆਲਮ ਦਸਤ ਰਾ ਅਫ਼ਸ਼ਾਂਦਹ ਏਮ।''

**ਅਰਥ**-ਅਸਾਂ ਆਪਣੇ ਪਾਤਸ਼ਾਹ (ਵਾਹਿਗੁਰੂ) ਦੇ ਚਰਨਾਂ ਪੁਰ ਸਿਰ ਸੁੱਟ ਦਿਤਾ ਹੈ, ਦੋ ਜਹਾਨਾਂ ਥੋਂ ਅਸਾਂ ਹੱਥ ਝਾੜ ਦਿਤੇ ਹਨ, ਭਾਵ ਲੋਕ ਪ੍ਰਲੋਕ ਦਾ ਸਾਨੂੰ ਕੁਝ ਫਿਕਰ ਨਹੀਂ ਰਿਹਾ। ਗੱਲ ਕੀ ਗੁਰੂ ਸ਼ਬਦ ਅੰਮ੍ਰਿਤ ਦੇ ਧਾਰਨ ਕਰਣ ਥੋਂ ਜੋ ਸੁਖ ਫਲ ਪ੍ਰਾਪਤ ਹੁੰਦਾ ਹੈ ਉਹ ਪੀਣ ਵਾਲਾ ਹੀ ਜਾਣਦਾ ਹੈ, ਤਿਸਦਾ ਵੇਰਵਾ ਅਗਲੀ ਸਾਰੀ ਚਉਥੀ ਪਉੜੀ ਵਿਖੇ ਖੋਹਲਦੇ ਹਨ।

## ੪. (ਪਿਰਮ ਰਸ)।

੧. ਗੁਰਮੁਖਿ ਸੁਖ ਫਲੁ ਪਿਰਮ ਰਸੁ ਕਿਉ ਆਖਿ ਵਖਾਣੈ।
੨. ਸੁਣਿ ਸੁਣਿ ਆਖਣੁ ਆਖਣਾ ਓਹੁ ਸਾਉ ਨ ਜਾਣੈ।
੩. ਬ੍ਰਮਾ ਬਿਸਨੁ ਮਹੇਸ ਮਿਲਿ ਕਥਿ ਵੇਦ ਪੁਰਾਣੈ।
੪. ਚਾਰਿ ਕਤੇਬਾ ਆਖੀਅਨਿ ਦੀਨ ਮੁਸਲਮਾਣੈ।
੫. ਸੇਖਨਾਗੁ ਸਿਮਰਣੁ ਕਰੈ ਸਾਗੀਤ ਸੁਹਾਣੈ।
੬. ਅਨਹਦ ਨਾਦ ਅਸੰਖ ਸੁਣਿ ਹੋਏ ਹੈਰਾਣੈ।
੭. ਅਕਥ ਕਥਾ ਕਰਿ ਨੇਤ ਨੇਤ ਪੀਲਾਏ ਭਾਣੈ ॥੪॥

**ਪਦਾਰਥ**-(ਪਿਰਮ ਰਸੁ=ਪ੍ਰੇਮ ਰਸ, ਪ੍ਰੇਮ ਦਾ ਮਦ। ਆਖਣੁ ਆਖਣਾ=ਵਜਾਖਜਾ। ਸਾਉ=ਸੁਆਦ। (ਸਾਗੀਤ ਸੁਹਾਣੈ=ਸੁਹਣੇ ਛੰਦ ਬੰਦ। ਸੁਹਾਣੈ=ਸੁਭਾਯਮਾਨ।

**ਅਰਥ**-੧.ਗੁਰਮੁਖਾਂ ਨੂੰ ਪ੍ਰੇਮ ਦਾ ਰਸ (ਪੀ ਕੇ ਜੋ 'ਸੁਖ ਫਲ') ਆਨੰਦ ਦੀ ਮਸਤੀ ਹੁੰਦੀ ਹੈ ਕਿੱਕੁਰ ਆਖ ਕੇ ਵਜਾਖਜਾਨ ਕੀਤੀ ਜਾਵੇ। ੨.ਸੁਣ ਸੁਣਕੇ ਜਿਹੜਾ ਵਜਾਖਜਾਨਾਂ ਨੂੰ (ਸਭਾ ਵਿਚ) ਕਰਦਾ ਹੈ, ਉਹ ਸੁਆਦ ਨਹੀਂ ਜਾਣਦਾ, (ਭਾਵ ਸੁੱਖੇ ਦੀਆਂ ਚੁੱਲੀਆਂ ਵੀਟੀ ਜਾਂਦਾ ਹੈ, ਜੇ ਇਕ ਬੀ ਚੁਲੀ ਅੰਦਰ ਧਾਰਨ ਕਰੇ ਤਦ ਮਸਤੀ ਦਾ ਆਨੰਦ ਆਵੇ, ਜੇ ਕੋਈ ਕਹੇ ਬ੍ਰਹਮਾਦਿਕ ਦੇਵਤੇ ਜਾਣਦੇ ਹਨ)। ੩.ਬ੍ਰਹਮਾ, ਵਿਸ਼ਣੂ, ਮਹੇਸ਼ ਮਿਲਕੇ (ਚਾਰ) ਵੇਦਾਂ ਤੇ (ਅਠਾਰਾਂ) ਪੁਰਾਣਾਂ ਨੂੰ(ਪਏ) ਕਥਨ ਕਰਦੇ ਹਨ (ਭਾਵ ਓਹ ਬੀ ਉਰੇ ਹੀ ਰਹਿ ਗਏ। ਭਲਾ, ਮੁਹੰਮਦੀ ਮਤ ਵਿਖੇ ਕੋਈ ਹੋਊ ? ਉੱਤਰ :)। ੪.ਮੁਸਲਮਾਨਾਂ ਦੇ ਦੀਨ ਨੂੰ ਹੀ ਚਾਰ ਕਤੇਬਾਂ (ਸ਼ਰੀਅਤ, ਤਰੀਕਤ, ਹਕੀਕਤ ਅਤੇ ਮਾਅਰਫਤ) ਆਖੀਦੀਆਂ ਹਨ (ਭਾਵ ਉਹਨਾਂ ਦੇ ਪੜ੍ਹਣਹਾਰੇ ਬੀ ਆਪਣੇ ਦੀਨ ਵਧਾਉਣ ਵਿਖੇ ਫਸੇ ਰਹੇ)। ੫.ਸ਼ੇਸ਼ ਨਾਗ ਬੀ ਸੁਹਣੇ ਸੰਗੀਤਾਂ (ਛੰਦਾਂ) ਨੂੰ ਹੀ ਸਿਮਰਣ ਕਰਦਾ ਰਿਹਾ, (ਪ੍ਰੇਮ ਰਸ ਦੀ ਕਦਰ ਨਾ ਜਾਤੀ)। ੬.('ਅਸੰਖ'=) ਅਨਗਿਣਤ (ਯੋਗੀ ਲੋਗ) ਅਨਹਦ (ਵਾਜਿਆਂ) (ਦੇ) ਨਾਦ (ਨੂੰ) ਸੁਣਕੇ ਹੈਰਾਨ (=ਅਸਚਰਜ) ਹੋ ਰਹੇ ਹਨ। ੭.ਅਕਥ (ਕਥਾ ਨੂੰ) ਕਥਕੇ (ਪਿਛੋਂ) ਜਿਸ ਨੂੰ ਨੇਤਿ ਨੇਤਿ ਆਖਦੇ ਹਨ (ਉਹ ਅਕਾਲ ਪੁਰਖ), ਜਿਸ ਨੂੰ ਆਪਣੇ ਭਾਣੇ ਵਿਖੇ ਪ੍ਰੇਮ ਰਸ ਪਿਆਉਂਦਾ ਹੈ, (ਓਹੀ ਰਸ ਦੇ ਆਨੰਦ ਨੂੰ ਜਾਣਦਾ ਹੈ)।

**ਭਾਵ**-**''ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ''॥** (ਗਉ: ਬੈਰ:ਕਬੀਰ ਜੀ) ਪ੍ਰੇਮ ਰਸ ਦੇ ਸੰਸਕਾਰਾਂ ਨੂੰ ਵਰਣਨ ਤਾਂ ਕਰਨ ਦਾ ਯਤਨ ਕਰਦੇ ਹਨ, ਪਰ ਪਿਰਮ ਰਸ ਡਿੱਠਾ ਹੀ ਪਰਵਾਨ ਹੈ, ਕਹਿਣ ਦੀ ਸ਼ੋਭਾ ਨਹੀਂ, ਉਹ ਕਿਹਾ ਨਹੀਂ ਜਾ ਸਕਦਾ।

## ੫. (ਤਖ਼ਾ ਪਿਰਮ ਰਸ)।

੧. ਗੁਰਮੁਖਿ ਸੁਖ ਫਲੁ ਪਿਰਮ ਰਸੁ ਛਿਅ ਰਸ ਹੈਰਾਣਾ।
੨. ਛਤੀਹ ਅੰਮ੍ਰਿਤ ਤਰਸਦੇ ਵਿਸਮਾਦ ਵਿਡਾਣਾ।

੩. ਨਿਝਰ ਧਾਰ ਹਜਾਰ ਹੋਇ ਭੈ ਚਕਿਤ ਭੁਲਾਣਾ।
੪. ਇੜਾ ਪਿੰਗੁਲਾ ਸੁਖਮਨਾ ਸੋਹੰ ਨ ਸਮਾਣਾ,
੫. ਵੀਹ ਇਕੀਹ ਚੜਾਉ ਚੜਿ ਪਰਚਾ ਪਰਵਾਣਾ।
੬. ਪੀਤੈ ਬੋਲਿ ਨ ਹੰਘਈ ਆਖਾਣ ਵਖਾਣਾ ॥੫॥

**ਪਦਾਰਥ**-(ਵਿਸਮਾਦ ਵਿਡਾਣਾ=ਅਚਰਜ ਤੋਂ ਅਚਰਜ। ਚਕਿਤ=ਚੱਕ੍ਰਿਤ ਹੋਣਾ,ਡੌਰ ਭੌਰ। (ਸਮਾਣਾ=ਬਰਾਬਰ। ਪਰਚਾ=ਸਮਾਧੀ ਹੰਘਈ=ਸੱਕਨਾ। ਆਖਾਣ=ਕਹਾਵਤ

**ਅਰਥ**-੧.ਗੁਰਮੁਖਾਂ ਦੇ ਸੁਖ ਫਲ ਪ੍ਰੇਮ ਰਸ ਦੇ ਅੱਗੇ ਛੀ ਰਸ ਹੈਰਾਨ ਹੋ ਜਾਂਦੇ ਹਨ (ਕਿ ਅਸੀਂ ਇਸ ਦੇ ਬਰਾਬਰ ਨਹੀਂ ਹਾਂ)। ੨.ਛੱਤੀ ਅੰਮ੍ਰਿਤ (ਕਈ ਪਰਕਾਰ ਦੇ ਅੰਮ੍ਰਿਤ ਰਸ) ਤਰਸਦੇ ਹਨ ਤੇ ਅਚਰਜ ਤੋਂ ਅਚਰਜ ਹੋ ਰਹੇ ਹਨ (ਭਈ ਇਸ ਦੇ ਅੱਗੇ ਤਾਂ ਅਸੀਂ ਪਾਸਕੂ ਬੀ ਨਹੀਂ)। ੩.ਇਕ ਰਸ (ਅੰਮ੍ਰਿਤ ਦੀ) ਧਾਰਾ (ਜੋ ਦਸਮਦੁਆਰ ਵਿਚੋਂ ਡਿਗਦੀ ਹੈ ਤੇ ਯੋਗੀ ਲੋਕ ਪਾਨ ਕਰਦੇ ਹਨ) ਹਜ਼ਾਰ ਗੁਣਾਂ ਚੱਕ੍ਰਿਤ ਹੋਕੇ ਲੋਭ ਰਹੀ ਹੈ (ਕਿ ਕਿਵੇਂ ਮੈਂ ਭੀ ਅਜਿਹੀ ਹੋਵਾਂ)। ੪.ਇੜਾ, ਪਿੰਗਲਾ ਤੇ ਸੁਖਮਨਾ ਤਿੰਨ ਨਾੜੀਆਂ ਵਿਖੇ ਜੋ 'ਸੋਹੰ' ਮੰਤਰ, ਜਪਦੇ ਹਨ ਉਹ ਬੀ ਇਸ ਦੇ ਬਰਾਬਰ ਨਹੀਂ (**ਭਾਵ**-ਇੜਾ ਨਾਸਕਾ ਦੀ ਖੱਬੀ ਨਾਸ ਅਰਥਾਤ ਨਾੜੀ ਅਰ ਪਿੰਗਲਾ ਸੱਜੀ ਨਾੜੀ ਹੈ, ਪਹਿਲੀ ਚੰਦਰ ਨਾੜੀ ਤੇ ਦੂਜੀ ਸੂਰਜ ਨਾੜੀ ਬੀ ਕਹਿੰਦੇ ਹਨ, ਸੁਖਮਨਾ ਨਾੜੀ ਇਨ੍ਹਾਂ ਦੇ ਗੱਭੇ ਕਹਿੰਦੇ ਹਨ, ਹਠ ਯੋਗੀ ਲੋਕ ਚੰਦਰ ਨਾੜੀ 'ਇੜਾ' ਕਰਕੇ ਸੋਹੰ ਮੰਤਰ ਨਾਲ ਪ੍ਰਾਣ ਉਤਾਹਾਂ ਨੂੰ ਖਿਚਦੇ ਹਨ, ਉਸ ਨੂੰ ਪੂਰਕ ਆਖਦੇ ਹਨ। ਫੇਰ ਸੁਖਮਨਾ ਵਿਖੇ ਸੋਹੰ ਪੜ੍ਹਦੇ ਹੋਏ ਕੁੰਭਕ ਅਰਥਾਤ ਸਥਿਤ ਕਰਕੇ ਸੂਰਯ ਨਾੜੀ 'ਪਿੰਗਲਾ' ਦਵਾਰੇ ਉਤਾਰਦੇ ਹਨ, ਇਸ ਨੂੰ ਰੇਚਕ ਆਖਦੇ ਹਨ। ਇਸੇ ਪ੍ਰਕਾਰ ਪਿੰਗਲਾ ਦਵਾਰੇ ਪੌਣ ਨੂੰ ਉੱਪਰ ਖਿੱਚਕੇ ਕੁੰਭਕ ਕਰ ਇੜਾ ਤੋਂ ਹੌਲੀ ਹੌਲੀ ਹੇਠਦੀ ਵੱਲ ਛੱਡਦੇ ਹਨ। ਇਸ ਤਰ੍ਹਾਂ ਵਾਰੰਵਾਰ ਉਲਟ ਪੁਲਟ ਕਰਦੇ ਹੋਏ ਤਿੰਨ ਮਹੀਨਿਆਂ ਤੋਂ ਕੁਝ ਉਤੇ ਸਰੀਰਕ ੭੨੦੦੦ ਨਾੜੀਆਂ ਅਜਿਹੀਆਂ ਸ਼ੁਧ ਹੋ ਜਾਂਦੀਆਂ ਹਨ ਕਿ ਆਪ ਥੋਂ ਆਪ 'ਸੁਖਮਨਾ' ਨਾੜੀ ਦਾ ਰਸਤਾ ਖੁਲ੍ਹ ਜਾਂਦਾ ਹੈ, ਅਰ 'ਸੋਹੰ' ਮੰਤਰ ਦੇ ਜਪਣ ਕਰਕੇ ਬ੍ਰਹਮ ਦਾ ਸਾਖਯਾਤਕਾਰ ਹੋਣ ਲੱਗਦਾ ਹੈ। ਫਿਰ ਇਸ ਪ੍ਰਣਾਯਾਮ ਦੇ ਦਵਾਰਾ ਤ੍ਰਿਕੁਟੀ ਦੇ ਵਿਚਕਾਰੋਂ ਦ੍ਰਿਸ਼ਟਿ ਦੇ ਉਲਟ ਜਾਣ ਤੋਂ ਜਯੋਤਿ ਸਰੂਪ ਦਾ ਪ੍ਰਕਾਸ਼ ਝਲਕਣ ਲਗਦਾ ਹੈ, ਇਹ ਹਠ ਯੋਗੀਆਂ ਦਾ ਮਤ ਹੈ; ਪਰੰਤੂ ਭਾਈ ਸਾਹਿਬ ਜੀ ਉਕਤ ਪੰਕਤੀ ਵਿਖੇ ਇਸ ਹਠ ਯੋਗ ਨਾਲੋਂ ਪ੍ਰੇਮ ਰਸ ਦੀ ਵਿਸ਼ੇਸ਼ਤਾ ਲਿਖਦੇ ਹਨ। ਵਾਰ ੬ ਪੌੜੀ ੧੧ ਵਿਚ ਸੋਹੰ ਨੂੰ ਵਿਧਿ ਪੱਖ ਵਿਚ ਲਿਖਯਾ ਸੀ, ਇਥੇ ਪਿਰਮ ਰਸ ਤੋਂ ਉਸ ਨੂੰ ਛੋਟਾ ਕਿਹਾ ਹੈ, ਜਿਸ ਤੋਂ ਸਿੱਟਾ ਇਹ ਨਿਕਲਦਾ ਹੈ, ਕਿ ਉਥੇ ਬੀ ਇਹੋ ਭਾਵ ਹੋਣਾ ਹੈ) ੫.'ਵੀਹ' (ਅਰਥਾਤ ੫ ਕਰਮ ਤੇ ੫ ਗਯਾਨੇਂਦ੍ਰਯ, ਪੰਜ ਪ੍ਰਾਣ, ਮਨ, ਬੁਧਿ, ੩ ਅਵਸਥਾ, ਜਾਗ੍ਰਤ, ਸ੍ਵਪਨ, ਸੁਖੋਪਤੀ ਰੂਪੀ ਡੰਡੇ, ਅਤੇ) ਇਕੀਹਵੇਂ (ਤੁਰੀਆ ਰੂਪ ਡੰਡੇ ਦਾ) ਚੜ੍ਹਾਉ ਚੜ੍ਹਕੇ (ਯਥਾਰਥ ਦੇ) ਪਰਚੇ ਵਿਚ ਪਰਚੇ ਹਨ (ਭਾਵ ਸਭ ਅਵਸਥਾਂ ਲੰਘਕੇ ਯਥਾਰਥ ਵਿਚ ਪਹੁੰਚ ਪਏ ਹਨ। ਅਥਵਾ ਜਿਸ ਪਦ ਵਿਖੇ ਗੁਰਮੁਖ ਸਮਾਏ ਹਨ ਉਥੇ ਇੜਾ ਆਦਿਕ ਤ੍ਰੈ ਨਾੜੀਆਂ ਤੇ ਸੋਹੰ ਦਾ ਜਾਪ ਵੀ ਨਹੀਂ ਸਮਾਉਂਦਾ। ਗੱਲ ਕੀ ਗੁਰਮੁਖ ਅੱਗੇ ਲੰਘ ਗਏ ਹਨ, ਕਿਉਂ ਜੋ ਵੀਹਾਂ ਦੇ ਸੰਸਾਰ ਦੇ ਰੰਗਣ ਥੋਂ ਹੱਟ ਕੇ ਇਕ ਈਸ਼ਵਰ ਦੇ ਰੰਗ ਵਿਖੇ ਮਸਤ ਹਨ, ਇਹੋ ਪਰਚਾ ਪ੍ਰੇਮ ਪਰਵਾਨ ਹੋਯਾ ਹੈ)। ੬.ਇਹ (ਅਖਾਣ) ਕਹਾਵਤ ਹੈ (ਕਿ ਪਾਣੀ) ਪੀਂਦਿਆਂ ਬੋਲ ਨਹੀਂ ਸਕੀਦਾ (ਇਹ ਅਖਾਣ ਸਾਰੇ ਆਖਦੇ ਹਨ, ਭਲਾ ਜਿਨ੍ਹਾਂ ਨੇ ਇਸ ਪ੍ਰੇਮ ਮਦ ਨੂੰ ਪੀਤਾ ਹੈ ਉਹ ਕਦ ਬੋਲਦੇ ਹਨ ? ਪਾ : 'ਪ੍ਰੀਤੈ ਬੀ ਹੈ)।

ਭਾਵ ਇਸ ਪਉੜੀ ਵਿਖੇ ਪ੍ਰੇਮ ਦਾ ਵਰਣਨ ਕੀਤਾ ਹੈ ਕਿ ਸਭ ਤੋਂ ਸ਼੍ਰੇਸ਼ਟ ਹੈ।

## ੬. (ਅਲਮਸਤ ਵਰਣਨ)।

੧. ਗਲੀ ਸਾਦੁ ਨ ਆਵਈ ਜਿਚਰੁ ਮੁਹੁ ਖਾਲੀ।
੨. ਮੁਹੁ ਭਰਿਐ ਕਿਉਂ ਬੋਲੀਐ ਰਸ ਜੀਭ ਰਸਾਲੀ।
੩. ਸਬਦੁ ਸੁਰਤਿ ਸਿਮਰਣ ਉਲੰਘਿ ਨਹਿ ਨਦਰਿ ਨਿਹਾਲੀ।
੪. ਪੰਥੁ ਕੁਪੰਥੁ ਨ ਸੁਝਈ ਅਲਮਸਤ ਖਿਆਲੀ।
੫. ਡਗਮਗ ਚਾਲ ਸੁਢਾਲ ਹੈ ਗੁਰਮਤਿ ਨਿਰਾਲੀ।
੬. ਚੜਿਆ ਚੰਦੁ ਨ ਲੁਕਈ ਢਕਿ ਜੋਤਿ ਕਨਾਲੀ।੬।

**ਪਦਾਰਥ**-(ਰਸਾਲੀ=ਰਸਾਂ ਦਾ ਘਰ। ਉਲੰਘਿ=ਲੰਘਕੇ। ਅਲਮਸਤ=ਪੂਰਨ ਮਸਤ। (ਸੁਢਾਲ=ਸੁਹਣੀ। ਕੁਨਾਲੀ=ਸਹਣਕ।

**ਅਰਥ**-੧.ਗੱਲਾਂ ਨਾਲ ਕੁਝ ਆਨੰਦ ਨਹੀਂ ਹੁੰਦਾ, ਜਿੰਨਾ ਚਿਰ (ਆਪਣਾ ਮੁਖ) ਖਾਲੀ ਹੈ, (ਤਾਤਪਰਜ ਨਾਮ ਜਪਣ ਨਾਲ ਹੀ ਆਨੰਦ ਹੈ, ਬਕਵਾਸ ਤੋਂ ਕੁਝ ਲਾਭ ਨਹੀਂ **"ਦੀਵਾ ਬਲੈ ਅੰਧੇਰਾ ਜਾਇ"** ਗੱਲਾਂ ਨਾਲ ਹਨੇਰਾ ਨਹੀਂ ਹਟੂ)। ੨.ਜੇ ਮੂੰਹ (ਮਿਸਟਾਨ ਆਦਿ ਰਸਾਂ ਨਾਲ) ਭਰ ਦੇਈਏ ਤਾਂ ਬੋਲਣਾ ਔਖਾ ਹੋ ਜਾਂਦਾ ਹੈ (ਕਿਉਂ ਜੋ) ਜੀਭ ਰਸ ਦਾ ਰੂਪ ਹੋਈ ਹੁੰਦੀ ਹੈ, (ਯਾ ਮਸਤ ਹੁੰਦ ਹੈ)। ੩.ਸ਼ਬਦ ਦੀ ਪ੍ਰੀਤ ਨਾਲ ਸਿਮਰਨ ਤੋਂ ਲੰਘਕੇ ਹੋਰ (ਕੋਈ ਪਦਾਰਥ) ਨਜ਼ਰ ਵਿਖੇ ਨਹੀਂ ਦੇਖਦੇ। ੪.ਰਾਹ ਕੁਰਾਹ (ਉਹਨਾਂ ਨੂੰ) ਨਹੀਂ ਸੁੱਝਦਾ, ਪੂਰਣ ਮਸਤੀ ਦੇ ਖਿਆਲੀ ਰਹਿੰਦੇ ਹਨ, (ਭਾਵ ਅਖੰਡ ਸਮਾਧੀ ਵਿਚ ਮਸਤ ਹੁੰਦੇ ਹਨ, ਉਹਨਾਂ ਨੂੰ ਪੰਥ ਕੁਪੰਥ ਦਾ ਖਿਆਲ ਨਹੀਂ ਰਹਿੰਦਾ, ਪਰ ਇਹ ਨਹੀਂ ਕਿ ਕੁਪੰਥ ਵਿਚ ਜਾ ਪੈਂਦੇ ਹਨ, ਪਰ ਇਹ ਕਿ ਉਨ੍ਹਾਂ ਦੀ ਸੁਰਤ ਸਾਈਂ ਬਿਨ ਹੋਰ ਨਹੀਂ ਚਿਤਵਦੀ, ਉਂਵ ਸੁਤੇ ਹੀ ਸੁਪੰਥ ਵਿਚ ਰਹਿੰਦੇ ਹਨ)। ੫.(ਪ੍ਰੇਮ ਨਾਲ) ਡਾਵਾਂ ਡੋਲ ਚਾਲ ਚਲਦੇ ਹਨ (ਤਦੇ ਹੀ) ਸੁਹਣੀ ਹੈ, ਕਿਉਂ ਜੋ ਗੁਰੂ ਦੀ ਸਿੱਖਯਾ ਨਿਰਾਲੀ ਹੈ, (ਭਾਵ ਸਾਰੀਆਂ ਚਾਲਾਂ ਸਿੱਧੀ ਕਰ ਦਿੰਦੀ ਹੈ)। ੬.ਚੜ੍ਹਿਆ ਹੋਇਆ ਚੰਦ੍ਰਮਾਂ ਕਦੇ ਨਹੀਂ ਲੁਕਦਾ, (ਭਾਵੇਂ ਕੋਈ ਉਸ ਦੀ) ਜੋਤ ਨੂੰ (ਕੁਨਾਲੀ=) ਸਹਣਕ (ਆਪਣੀਆਂ ਅੱਖਾਂ ਅੱਗੇ ਰੱਖਕੇ) ਕੱਜ ਦੇਵੇ।

**ਭਾਵ**-**"ਬਾਣੀ ਰੋਕਿਆ ਰਹੇ ਦੁਆਰ॥ ਤਉ ਮਨੁ ਮਤਵਾਰੋ ਪੀਵਨਹਾਰ॥"** (ਗਉ:ਵਾਰ:ਕਬੀਰ ਜੀ)

ਇਸ ਗੁਰੂ ਵਾਕ ਦਾ ਭਾਵ ਹੈ ਕਿ ਸੱਖਣੇ ਮੂੰਹ ਵਾਲਾ ਗੱਪਾਂ ਮਾਰਦਾ ਹੈ, ਪਰ ਜਿਸਦੇ ਮੂੰਹ ਵਿਚ ਕੁਛ ਭਰਿਆ ਹੈ, ਉਹ ਬੋਲ ਨਹੀਂ ਸਕਦਾ, ਤਿਵੇਂ ਜੋ ਜਪਣ ਵਾਲੇ ਨਹੀਂ ਓਹ ਗੱਪਾਂ ਮਾਰਦੇ ਹਨ, ਪਰ ਜਪਣ ਵਾਲੇ ਰਸ ਵਿਚ ਮਗਨ ਹੁੰਦੇ ਹਨ। ਫੇਰ ਜਪਣ ਵਾਲੇ ਭੁੱਲ ਨਹੀਂ ਕਰਦੇ ਦੂੰਦਾਂ ਤੋਂ ਉਚੇਰੇ ਵਰਤਦੇ ਹਨ।

## ੭. (ਪਿਰਮ ਰਸ)।

੧. ਲਖ ਲਖ ਬਾਵਨ ਚੰਦਨਾ ਲਖ ਅਗਰ ਮਿਲੰਦੇ।
੨. ਲਖ ਕਪੂਰ ਕਥੂਰੀਆ ਅੰਬਰ ਮਹਿਕੰਦੇ।
੩. ਲਖ ਲਖ ਗਉੜੇ ਮੇਦ ਮਿਲਿ ਕੇਸਰ ਚਮਕੰਦੇ।
੪. ਸਭ ਸੁਗੰਧ ਰਲਾਇਕੈ ਅਰਗਜਾ ਕਰੰਦੇ।
੫. ਲਖ ਅਰਗਜੇ ਫੁਲੇਲ ਫੁਲ ਫੁਲਵਾੜੀ ਸੰਦੇ।
੬. ਗੁਰਮੁਖਿ ਸੁਖ ਫਲ ਪਿਰਮਰਸੁ ਵਾਸੂ ਨ ਲਹੰਦੇ ॥੭॥

**ਪਦਾਰਥ**-(ਕਥੂਰੀ=ਕਸਤੂਰੀ। ਅੰਬਰ=ਮੁਸ਼ਕੰਬਰ। ਮਹਿਕੰਦੇ=ਮਹਿਕਦੇ ਹਨ। ਗਉੜੇ=ਗੋਰੋਚਨ।


www.sikhbookclub.com

(ਮੇਦ=ਮੁਸ਼ਕ ਬਿਲਾਈ। ਅਰਗਜਾ=ਬਾਈ ਸੁਗੰਧਾਂ ਦਾ ਮੇਲ। ਵਾਸੂ=ਬਰਾਬਰੀ ਵਾਸ਼ਨਾ।

**ਅਰਥ**-੧.ਕਈ ਲੱਖਾਂ ਬਾਵਨ ਚੰਦਨ, ਲੱਖਾਂ ਅਗਰ (ਨਾਲ) ਮੇਲ ਦੇਈਏ। ੨.ਲੱਖਾਂ ਕਪੂਰ, ਲੱਖਾਂ ਕਸਤੂਰੀਆਂ ਅਰ ਲੱਖਾਂ ਮੁਸ਼ਕੰਬਰ ਮਹਿਕ ਰਹੇ ਹੋਣ। ੩.ਲੱਖਾਂ ਗੋਰੋਚਨ (ਜੋ ਗਊ ਦੇ ਮੱਥੇ ਤੋਂ ਨਿਕਲਦਾ ਹੈ) ਲੱਖਾਂ ਮੁਸ਼ਕ ਬਿਲਾਈ ਹੋਣ, ਅਰ ਲੱਖਾਂ ਚਮਕੀਲੇ ਕੇਸਰ ਹੋਣ। ੪.ਸਾਰੀਆਂ ਸੁਗੰਧੀਆਂ ਨੂੰ ਰਲਾਕੇ ਅਰਗਜਾ ਜੋ ਕਰ ਦੇਂਦੇ ਹਨ। ੫.ਸਾਰੇ ਅਰਗਜੇ, ਲੱਖਾਂ ਫੁਲੇਲ (ਅਰ) ਲੱਖਾਂ ਫੁਲਵਾੜੀਆਂ ਦੇ ਫੁੱਲ (ਬੀ ਨਾਲ ਵਿਦਮਾਨ ਹੋਣ)। ੬.ਗੁਰਮੁਖਾਂ ਦੇ ਸੁਖ ਫਲ ਪ੍ਰੇਮ ਰਸ ਦੀ ਮੁਸ਼ਕ ਨੂੰ ਨਹੀਂ ਪਹੁੰਚਦੇ, (ਅਥਵਾ ਉਸ ਦੀਆਂ ਵਾਸ਼ਨਾਂ ਨੂੰ ਨਹੀਂ ਲੈਂਦੇ, ਭਾਵ ਪਹੁੰਚ ਨਹੀਂ ਸਕਦੇ)।

**ਭਾਵ**-ਕਿਉਂ ਜੋ ਪੂਰਬੋਕਤ ਸੁਗੰਧੀਆਂ ਕਾਮ ਦਾ ਉਦੀਪਨ ਕਰਕੇ ਬੁਰੀਆਂ ਵਾਸ਼ਨਾਂ ਉਤਪਤ ਕਰਦੀਆਂ ਹਨ, ਜਿਨ੍ਹਾਂ ਦਾ ਫਲ ਸੰਸਾਰੀ ਆਵਾਗਵਣ ਬਣਿਆ ਰਹਿੰਦਾ ਹੈ, ਗੁਰਮੁਖਾਂ ਦੇ ਪ੍ਰੇਮ ਰਸ ਦੀ ਵਾਸ਼ਨਾਂ ਨਾਲ ਬੁਰੀਆਂ ਵਾਸ਼ਨਾਂ ਦਾ ਵਾਸ ਉਡ ਜਾਂਦਾ ਹੈ, ਇਸ ਲਈ ਅਤਿ ਸ੍ਰੇਸ਼ਟ ਹੈ। ਇਹ ਵਾਸ਼ਨਾਂ ਦ੍ਰਿਸ਼ਟਮਾਨ ਵਿਚ ਪ੍ਰੇਮ ਵਧਾਉਂਦੀਆਂ ਹਨ, ਪਿਰਮ ਰਸ ਦੀ ਖੁਸ਼ਬੋ ਦ੍ਰਿਸ਼ਟੇ ਵਿਚ ਲੈ ਜਾਂਦੀ ਹੈ।

## ੮. (ਪਿਰਮ ਰਸ)।

੧. ਰੂਪ ਸਰੂਪ ਅਨੂਪ ਲਖ ਇਦ੍ਰ ਪੁਰੀ ਵਸੰਦੇ।
੨. ਰੰਗ ਬਿਰੰਗ ਸੁਰੰਗ ਲਖ ਬੈਕੁੰਠ ਰਹੰਦੇ।
੩. ਲਖ ਜੋਬਨ ਸੀਗਾਰ ਲਖ ਲਖ ਵੇਸ ਕਰੰਦੇ।
੪. ਲਖ ਦੀਵੇ ਲਖ ਤਾਰਿਆਂ ਜੋਤਿ ਸੂਰਜ ਚੰਦੇ।
੫. ਰਤਨ ਜਵਾਹਰ ਲਖਮਣੀ ਜਗ ਮਗ ਟਹਕੰਦੇ।
੬. ਗੁਰਮੁਖਿ ਸੁਖ ਫਲੁ ਪਿਰਮ ਰਸ ਜੋਤੀ ਨ ਪੁਜੰਦੇ ॥੮॥

**ਪਦਾਰਥ**-(ਇੰਦ੍ਰ ਪੁਰੀ=ਇੰਦ੍ਰ ਦੀ ਪੁਰੀ, ਸ੍ਵਰਗ। ਬਿਰੰਗ=ਜਿਦੇ ਬਰਾਬਰ ਕੋਈ ਰੰਗ ਨਹੀਂ। (ਟਹਿਕੰਦੇ=ਖਿੜੇ ਹੋਏ ਪ੍ਰਕਾਸ਼।

**ਅਰਥ**-੧.ਲੱਖਾਂ ਸੁਹਣੇ ਰੂਪ (ਅਨੂਪ=) ਜਿਨ੍ਹਾਂ ਦਾ ਉਪਮਾਨ ਕੋਈ ਨਹੀਂ ਜੋ ਸ੍ਵਰਗ ਵਿਖੇ ਰਹਿੰਦੇ ਹਨ। ੨.ਲੱਖਾਂ ਰੰਗ ('ਸੁਰੰਗ' ਕਹੀਏ) ਚੰਗੇ ਰੰਗਾਂ ਵਾਲੇ ('ਬਿਰੰਗ') ਜਿਨ੍ਹਾਂ ਦੇ ਅਗੇ ਹੋਰ ਕੋਈ ਰੰਗ ਨਾ ਪੁਜੇ (ਪਾਰਖਦਾਦਿਕ) ਜੋ ਬੈਕੁੰਠ ਵਿਖੇ ਰਹਿੰਦੇ ਹਨ। ੩.ਜੁਬਾ ਅਵਸਥਾਂ ਤੇ ਲੱਖਾਂ ਹੀ ਸ਼ਿੰਗਾਰ ਰਸ ਅਰ ਲੱਖਾਂ ਹੀ ਵੇਸ ਕਰਣ ਹਾਰੇ। ੪.ਲੱਖਾਂ ਦੀਵੇ, ਲੱਖਾਂ ਤਾਰੇ, ਸੂਰਜ ਅਤੇ ਚੰਦ ਦੀ (ਜੋਤੀ ਕਹੀਏ) ਪ੍ਰਕਾਸ਼। ੫.ਲੱਖਾਂ ਮਣੀਆਂ, ਰਤਨ ਅਤੇ ਜਵਾਹਰ 'ਜਗਮਗ' ਪ੍ਰਕਾਸ਼ ਕਰ ਕੇ ਖਿੜ ਰਹੇ ਹਨ। ੬.ਗੁਰਮੁਖਾਂ ਨੂੰ (ਜੋ) ਪ੍ਰੇਮ ਰਸ ਕਰਕੇ 'ਸੁਖ ਫਲ' ਪ੍ਰਾਪਤ ਹੈ (ਉਸਦੇ) ਪ੍ਰਕਾਸ਼ ਨੂੰ (ਪੂਰਬੋਕਤ) ਪ੍ਰਕਾਸ਼ ਨਹੀਂ ਪੁਜਦੇ, (ਭਾਵ ਉਸ ਦੀ ਰੀਸ ਨਹੀਂ ਕਰ ਸਕਦੇ)।

**ਭਾਵ**-ਸ੍ਵਰਗ, ਬੈਕੁੰਠ ਅਰ ਮਾਤਲੋਕ ਦੇ ਪ੍ਰਕਾਸ਼, ਲਖਾਂ ਯੋਬਨ ਦੇ ਸ਼ਿੰਗਾਰ ਸਾਰੇ ਦ੍ਰਿਸ਼ਟਮਾਨ ਵਿਚ ਕੈਦ ਰਖਣ ਵਾਲੇ ਹਨ, ਅਰ ਇਸ ਕਰਕੇ ਨਾਸ਼ੀ ਤੇ ਇਸੇ ਕਰਕੇ ਦੁਖ ਦਾਤੇ ਹਨ। ਯਥਾ :-

**"ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥ ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ॥ ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ॥ ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ॥ ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥ ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ॥ ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ॥ਨਿਹਚਲੁ ਸਚੁ**

**ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥''** (ਮਾਰੂ ਵਾ : ਡ:ਮ:੫-੧੭)

ਗਲ ਕੀ ਇਕ ਅਕਾਲ ਪੁਰਖ ਅਰ ਦੂਸਰੇ ਉਸ ਦਾ ਪਿਆਰਾ ਗੁਰਮੁਖ ਸਿਥਿਰ ਹਨ; ਪਰ ਦੋਹਾਂ ਵਿਚ ਜੋ ਪ੍ਰੇਮ ਰਸ ਹੈ ਸੋ ਦ੍ਰਿਸ਼ਟਮਾਨ ਵਿਚ ਲੈ ਜਾਂਦਾ ਹੈ, ਬਾਕੀ ਸੁੰਦਰਤਾ ਸਭ ਨਾਸ਼ ਰੂਪ ਹੈ ਤੇ ਪ੍ਰੇਮ ਰਸ ਦੀ ਸੁੰਦਰਤਾ ਅਵਿਨਾਸ਼ੀ ਹੈ।

## ੯. (ਪਿਰਮ ਰਸ)।

੧. ਚਾਰਿ ਪਦਾਰਥ ਰਿਧਿ ਸਿਧਿ ਨਿਧਿ ਲਖ ਕਰੋੜੀ।
੨. ਲਖ ਪਾਰਸ ਲਖ ਪਾਰਜਾਤ ਲਖ ਲਖਮੀ ਜੋੜੀ।
੩. ਲਖ ਚਿੰਤਾਮਣਿ ਕਾਮਧੇਨੁ ਚਤੁਰੰਗ ਚਮੋੜੀ।
੪. ਮਾਣਕ ਮੋਤੀ ਹੀਰਿਆ ਨਿਰਮੋਲ ਮਹੋੜੀ।
੫. ਲਖ ਕਵਿਲਾਸ ਸੁਮੇਰੁ ਲਖ ਰਾਜ ਬਹੋੜੀ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਮੁਲੁ ਅਮੁਲੁ ਸੁਥੋੜੀ ॥੯॥

**ਪਦਾਰਥ**-(ਮਹੋੜੀ=ਮਹਾਂ ਵਡੀ। ਕਵਿਲਾਸ=ਕੈਲਾਸ਼ ਪਰਬਤ, ਚਾਂਦੀ ਦਾ ਪਹਾੜ। (ਸੁਮੇਰ ਲਖ=ਲਖਾਂ ਸੁਮੇਰ ਪਰਬਤ। ਬਹੋੜੀ=ਬਹੁੜੋਂ, ਫੇਰ।

**ਅਰਥ**-੧.(ਧਰਮਾਦਿਕ) ਚਾਰੇ ਪਦਾਰਥ, ਰਿੱਧਾਂ, ਸਿੱਧਾਂ, ਨਿਧਾਂ ਲਖ ਕ੍ਰੋੜਾਂ ਹੋਣ, (ਅਰਥਾਤ ਦਸ ਖਰਬ ਹੋਣ)। ੨.ਲੱਖਾਂ ਪਾਰਸ, ਲੱਖਾਂ ਕਲਪ ਬ੍ਰਿਛ, ਲੱਖਾਂ ਹੀ (ਲਖਮੀਆਂ=) ਸੰਪਦਾ ਜੋੜੀਆਂ ਜਾਣ। ੩.ਲੱਖਾਂ ਚਿੰਤਾਮਣੀਆਂ, ਲੱਖਾਂ ਕਾਮਧੇਨ ਗਊਆਂ, ਚਤਰੰਗ (ਚਾਰ ਪ੍ਰਕਾਰ ਦੀ ਸੈਨਾ) ਬੀ (ਚਮੋੜੀ=) ਨਾਲ ਰੱਖੀ ਜਾਵੇ। ੪.ਮਾਣਕ ਮੋਤੀ, ਹੀਰੇ (ਨਿਰਮੋਲ ਮਹੋੜੀ=) ਮਹਾਂ ਨਿਰਮੋਲਕ। ੫.ਲੱਖਾਂ (ਕਵਿਲਾਸ=) ਚਾਂਦੀ ਦੇ ਪਹਾੜ, ਲੱਖਾਂ ਸੁਮੇਰੁ (ਸੋਨੇ ਦੇ) ਪਰਬਤ, ਫੇਰ ਕਈ ਲੱਖਾਂ ਰਾਜੇ (ਨਾਲ ਸਹਾਇਕ ਹੋਣ)। ੬.(ਪਰੰਤੂ) ਗੁਰਮੁਖਾਂ ਦਾ ਪ੍ਰੇਮ ਰਸ (ਜੋ) ਸੁਖਾਂ ਦਾ ਫਲ ਹੈ, ਮੁੱਲ ਥੋਂ ਅਮੁੱਲ ਹੈ।

**ਭਾਵ**-(ਦੀਵਾਨ ਗੋਯਾ ਗਜ਼ਲ ੩੦) ''ਕੀਮੀਆਗਰ ਗਰ ਜ਼ਿ ਮਿਸ ਸਾਜ਼ਦ ਤਿਲਾ ਈਂ ਦੂਰ ਨੇਸਤ। ਤਾਲਬੇ ਹਕ ਖ਼ਾਕ ਰਾ ਖ਼ੁਰਸ਼ੀਦੇ ਅਨਵਰ ਮੇ ਕੁਨਾਦ!''

ਅਰਥ-ਰਸਾਇਣੀ ਜੇਕਰ ਤਾਂਬੇ ਦਾ ਸੋਨਾ ਬਣਾਵੇ ਤਾਂ ਕੀ ਅਚਰਜ ਹੈ, ਸਤਿਗੁਰ ਮਿੱਟੀ ਨੂੰ ਚਾਹੁਣ ਤਾਂ ਸੂਰਜ ਰੌਸ਼ਨ ਬਣਾ ਸਕਦੇ ਹਨ। ਗੱਲ ਕੀ, ਜਿਨ੍ਹਾਂ ਦੇ ਚਰਨਾ ਦੀ ਖ਼ਾਕ, ਖ਼ਾਕ ਨੂੰ ਰੌਸ਼ਨ ਸੂਰਜ ਬਣਾ ਸਕਦੀ ਹੈ ਆਪ ਦੀ ਮਹਿਮਾ ਕਿੰਨੀ ਕੁ ਕਹੀਏ।

## ੧੦. (ਪ੍ਰੇਮ ਪਿਆਲੇ ਦੀ ਬੂੰਦ)।

੧. ਗੁਰਮੁਖਿ ਸੁਖ ਫਲ ਲਖ ਲਖ ਲਖ ਲਹਿਰ ਤਰੰਗਾ।
੨. ਲਖ ਦਰੀਆਉ ਸਮਾਉ ਕਰਿ ਲਖ ਲਹਰੀ ਅੰਗਾ।
੩. ਲਖ ਦਰੀਆਉ ਸਮੁੰਦ ਵਿਚਿ ਲਖ ਤੀਰਥ ਗੰਗਾ।
੪. ਲਖ ਸਮੁੰਦ ਗੜਾੜ ਵਿਚਿ ਬਹੁ ਰੰਗ ਬਿਰੰਗਾ।
੫. ਲਖ ਗੜਾੜ ਤਰੰਗ ਵਿਚਿ ਲਖ ਅੱਛੁ ਕਿਣੰਗਾ।
੬. ਪਿਰਮ ਪ੍ਰਿਆਲਾ ਪੀਵਣਾ ਕੋ ਬੁਰਾ ਨ ਚੰਗਾ ॥੧੦॥

**ਪਦਾਰਥ**-(ਗੜਾੜ=ਮਹਾਂ ਸਾਗਰ। ਕਿਣੰਗਾ=ਕਣੇ ਦਾ ਅੰਗ, ਬੂੰਦ ਦਾ ਹਿੱਸਾ।

**ਅਰਥ**-੧.ਗੁਰਮੁਖ(ਲੋਕਾਂ ਨੂੰ) ਲੱਖਾਂ ਲਹਿਰਾਂ ਅਤੇ ਤਰੰਗਾਂ ਵਿਖੇ ਇਕ ਲੱਖਜ (ਲਖਾਉਣ ਵਾਲੇ

ਸਮੁੰਦ੍ਰ) ਦੀ ਲੱਖਤਾ (ਪਛਾਣ ਕਰਨ) ਨਾਲ ਭਾਵ ਆਤਮ (ਦ੍ਰਿਸ਼ਟੀ ਕਰਨ ਨਾਲ) ਸੁਖ ਫਲ ਦੀ (ਪ੍ਰਾਪਤੀ ਹੁੰਦੀ ਹੈ)। ੨.ਲੱਖਾਂ ਦਰੀਆਵਾਂ ਦੇ ('ਅੰਗਾ' ਕਹੀਏ) ਸਰੀਰ ਵਿਖੇ ਲਖਾਂ ਲਹਿਰਾਂ ਦੀ (ਸਮਾਉ ਕਹੀਏ) ਸਮਾਵਣਾ ਕੀਤਾ, (ਭਾਵ, ਲੱਖਾਂ ਲਹਿਰਾਂ ਦੇ ਕਰਣਹਾਰ ਦਰਯਾਉ ਨੂੰ ਸਮਝਿਆ, ਜਿਸ ਨੇ ਤ੍ਰੰਗ ਕੀਤੇ ਸੇ, ਲੱਖਾਂ ਤ੍ਰੰਗਾਂ ਦੀ ਥਾਂ ਇਕ ਦਰਯਾ ਪਛਾਣ ਲਿਆ)। ੩.ਇਕ ਸਮੁੰਦਰ ਵਿਖੇ ਲੱਖਾਂ ਦਰੀਆਉ ਅਤੇ ਗੰਗਾ (ਵਰਗੇ) ਲੱਖਾਂ ਤੀਰਥ (ਸਮਾਏ ਹੋਏ ਹਨ)। ੪.ਲੱਖਾਂ ਸਮੁੰਦ੍ਰ ('ਗੜ੍ਹਾੜ' ਕਹੀਏ) ਮਹਾਂ ਸਾਗਰ ਵਿਖੇ (ਗ਼ਰਕ) ਹਨ, (ਅੱਡ ਅੱਡ) ਰੰਗਾਂ ਥੋਂ ਬਿਰੰਗ ਹੋਕੇ (ਇਕ ਮਹਾਂ) ਸਾਗਰ ਹੀ ਕਹਾਉਣ ਲਗਦੇ ਹਨ)। ੫.(ਪਰੰਤੂ) ਲੱਖਾਂ ਮਹਾਂ ਸਾਗਰ ('ਤਰੰਗ'=ਗਿਆਨ ਦੀ ਇਕ) ਲਹਿਰ ਵਿਖੇ ਹਨ, ਅਤੇ ਲੱਖਾਂ (ਗ਼ਯਾਨ ਦੇ ਤਰੰਗ ਪ੍ਰੇਮ ਦੇ ਅੱਖਾਂ ਦੇ) ਹੰਝੂ ਦੇ ਕਿਣਕੇ ਵਿਚ ਹਨ। ੬.(ਪ੍ਰੇਮੀਆਂ ਨੇ ਤਾਂ) ਪ੍ਰੇਮ ਦਾ ਪਿਆਲਾ ਪੀਣਾ ਹੈ (ਉਨ੍ਹਾਂ ਨੂੰ) ਨਾ ਕੋਈ ਚੰਗਾ ਹੈ ਨਾ ਬੁਰਾ।

ਭਾਵ-(ਪ੍ਰੇਮਾ ਭਗਤੀ ਵਿਖੇ ਵਿੱਦਤ ਹੈ (ਜਿਹਾ ਕੁ ਗ਼ਜ਼ਲ ੨੭ :- "ਈਂ ਦੀਦਹ ਨੇਮਤ ਆਂ ਕਿ ਅਜ਼ੋ ਅਸ਼ਕ ਮੇ ਚਿਕਦ। ਜਾਮੇ ਮੁਹੱਬਤਸਤ ਕਿ ਸਰਸ਼ਾਰ ਮੇ ਰਵਦ।"

ਅਰਥ-ਏਹ ਅੱਖ ਨਹੀਂ ਜਿਨ੍ਹਾਂ ਵਿਚੋਂ ਹੰਝੂ ਡਿਗਦੇ ਹਨ, ਇਹ ਪ੍ਰੀਤ ਦਾ ਪਿਆਲਾ ਹੈ (ਜੋ ਭਰ ਭਰ ਕੇ ਉਛਲਦਾ ਹੈ)। ਜਿੰਨ੍ਹਾਂ ਨੇ ਪ੍ਰੇਮ ਦਾ ਪਿਆਲਾ ਪੀਤਾ ਹੈ ਨਾ ਕੋਈ ਬੁਰਾ ਨਾ ਚੰਗਾ ਹੀ ਭਾਸਦਾ ਹੈ (ਇਕ ਲਖ 'ਵਾਹਿਗੁਰੂ' ਵਿਚ ਦ੍ਰਿਸ਼ਟੀ ਹੈ), ਉਸ ਦੇ ਪ੍ਰੇਮ ਵਿਚ ਮਸਤ ਹਨ, ਉਸ ਲੋਕ ਦੀ ਇਕ ਬੂੰਦ ਬਿਨਾਂ ਲੱਖਾਂ ਗ਼ਯਾਨ ਦੇ ਤ੍ਰੰਗ ਹਨ, ਜਿਨ੍ਹਾਂ ਦੀ ਸਦਰਸ਼ਤਾ ਮਹਾਂ ਸਾਗਰ ਆਪਣੇ ਸਾਗਰਾਂ, ਨਦੀਆਂ, ਲਹਿਰਾਂ ਸਮੇਤ ਬੀ ਨਹੀਂ ਕਰ ਸਕਦਾ, ਤਾਂਤੇ ਪ੍ਰੇਮਾ-ਭਗਤੀ ਦੀ ਇਕ ਹੰਝੂ ਦੀ ਬੂੰਦ ਵਡੀ ਅਮੋਲਕ ਹੈ।

## ੧੧. (ਬੇਅੰਤਤਾ)।

੧. ਇਕ ਕਵਾਉ ਪਸਾਉ ਕਰਿ ਓਅੰਕਾਰੁ ਸੁਣਾਇਆ।
੨. ਓਅੰਕਾਰ ਅਕਾਰ ਲਖ ਬ੍ਰਹਮੰਡ ਬਣਾਇਆ।
੩. ਪੰਜ ਤਤ ਉਤਪਤਿ ਲਖ ਤ੍ਰੈ ਲੋਅ ਸੁਹਾਇਆ।
੪. ਜਲਿ ਥਲਿ ਗਿਰਿ ਤਰਵਰ ਸਫਲ ਦਰੀਆਵ ਚਲਾਇਆ।
੫. ਲਖ ਦਰੀਆਉ ਸਮਾਉ ਕਰਿ ਤਿਲ ਤੁਲ ਨ ਤੁਲਾਇਆ।
੬. ਕੁਦਰਤਿ ਇਕ ਅਤੋਲਵੀ ਲੇਖਾ ਨ ਲਿਖਾਇਆ।
੭. ਕੁਦਰਤਿ ਕੀਮ ਨ ਜਾਣੀਐ ਕਾਦਰੁ ਕਿਨਿ ਪਾਇਆ ॥੧੧॥

**ਪਦਾਰਥ**-(ਕਵਾਉ=ਵਾਕ। ਪਸਾਉ=ਪਸਾਰਾ। ਅਕਾਰ=ਸਰੂਪ। (ਸਮਾਉ=ਪਰਿਮਾਣਿ, ਵਟਾ, ਤੋਲ। ਕੁਦਰਤ=ਰਚਨਾ। ਕਾਦਰ=ਕਰਨੇਹਾਰਾ।

**ਅਰਥ**-੧.ਇਕ (ਵਾਹਿਗੁਰੂ) ਨੇ ਵਾਕ ਤੋਂ ਪਸਾਰਾ ਕਰਕੇ 'ਓਅੰਕਾਰ' (ਸ਼ਬਦ) ਸੁਣਾਯਾ। ੨.(ਫੇਰ) ਓਅੰਕਾਰ ਤੋਂ ਅਕਾਰ ਲੱਖਾਂ ਬਣਾ ਕੇ ਬ੍ਰਹਿਮੰਡ ਸਜਾਇਆ। ੩.ਪੰਜ ਤੱਤਾਂ ਥੋਂ ਲੱਖਾਂ ਦੀ ਉਤਪਤੀ ਕੀਤੀ, ਤਿੰਨ ਲੋਕ (ਆਕਾਸ਼ ਪਾਤਾਲਾਦਿ ਸਾਰਾ ਬ੍ਰਹਿਮੰਡ) ਸਜਾ (ਦਿੱਤਾ ਭਾਵ ਬ੍ਰਹਮੰਡ ਵਿਚ, ਹਰੇਕ ਦੇ ਰਹਿਣ ਦੇ ਲੇਖੇ ਇਕ* ਵੰਡ ਕਰ ਦਿੱਤੀ)। ੪.(ਹਰੇਕ ਲੋਕ ਵਿਚ) ਜਲ(ਸਮੁੰਦਰ), ਥਲ

---

*ਜਿਥੇ ਕੋਈ ਹੋਵੇ ਉਹ ਉਸਦਾ ਮਾਤ ਲੋਕ, ਉਥੋਂ ਜਿਨ੍ਹਾਂ ਲੋਕਾਂ ਨੂੰ ਉੱਚਾ ਦੇਖੇ ਉਹ ਉਸਦੇ ਅਕਾਸ਼, ਓਥੋਂ ਜਿਨ੍ਹਾਂ ਨੂੰ ਨੀਵਾਂ ਦੇਖੇ ਉਹ ਉਸਦੇ ਪਾਤਾਲ ਲੋਕ, ਹੋਰ ਭਗਵੰਤ ਨੇ ਕੋਈ ਵੇਰਵਾ ਨਹੀਂ ਕੀਤਾ।


www.sikhbookclub.com

(ਧਰਤੀ) ਪਹਾੜ, ਨਦੀਆਂ, ਫਲਾਂ ਵਾਲੇ ਬ੍ਰਿਛ ਆਦਿ ਜਾਰੀ ਕੀਤੇ। ੫.(ਜੇਕਰ) ਲੱਖਾਂ ਦਰਿਆਵਾਂ ਦਾ ਤੋਲ ਕਰੀਏ ਤਦ ਉਸ ਦਾ ਇਕ ਤਿਲ ਬੀ ਤੋਲਿਆ ਨਹੀਂ ਜਾ ਸਕਦਾ (ਯਥਾ :-"**ਕੀਤਾ ਪਸਾਉ ਏਕੋ ਕਵਾਉ ॥ ਤਿਸਤੇ ਹੋਏ ਲਖ ਦਰੀਆਉ॥**" (ਜਪੁਜੀ) ਇਥੇ 'ਦਰੀਆਉ' ਤੋਂ ਭਾਵ ਵਿਖੇ ਬ੍ਰਹਮਾਦਿ ਦੇਵਤੇ ਅਰਥ ਕਰਦੇ ਹਨ)। ੬.(ਜਦ ਦਰਯਾ ਨਹੀਂ ਤੁਲ ਸਕਦੇ ਤਦ) ਉਸਦੀ (ਸਾਰੀ) ਰਚਨਾ (ਕਿੰਨੀ) ਅਤੋਲ ਹੈ, ਲੇਖਾ ਨਹੀਂ ਲਿਖਿਆ ਜਾਂਦਾ। ੭.ਜਦ ਰਚਨਾ ਦਾ ਹੀ ਅੰਤ ਨਹੀਂ ਤਾਂ (ਕਾਦਰ=) ਰਚਣਹਾਰੇ ਦਾ (ਅੰਤ) ਕੌਣ ਪਾ ਸਕਦਾ ਹੈ?

**ਭਾਵ**-"**ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥**" (ਗਉ: ਮ:੧)

ਅਰਥ-ਹੇ ਅਕਾਲ ਪੁਰਖ! ਤੇਰੇ ਖਜ਼ਾਨੇ ਦੀ ਕੀਮਤ ਨਹੀਂ ਹੁੰਦੀ। ਉਸ ਖਜ਼ਾਨੇ ਦੇ ਦਾਤੇ (ਭਾਵ ਤੇਰੀ) ਕੌਣ ਗਿਣਤੀ ਕਰੇ? ਭਾਵ ਕੋਈ ਨਹੀਂ ਕਰ ਸਕਦਾ।

## ੧੨. (ਪ੍ਰੇਮ ਪਯਾਲੇ ਦੀ ਇਕ ਬੂੰਦ)।

੧. ਗੁਰਮੁਖਿ ਸੁਖ ਫਲੁ ਪ੍ਰੇਮ ਰਸੁ ਅਬਿਗਤਿ ਗਤਿ ਭਾਈ।
੨. ਪਾਰਾਵਾਰੁ ਅਪਾਰੁ ਹੈ ਕੋ ਆਇ ਨ ਜਾਈ।
੩. ਆਦਿ ਅੰਤਿ ਪਰਜੰਤ ਨਾਹਿ ਪਰਮਾਦਿ ਵਡਾਈ।
੪. ਹਾਥ ਨਾ ਪਾਇ ਅਥਾਹ ਦੀ ਅਸਗਾਹ ਸਮਾਈ।
੫. ਪਿਰਮ ਪਿਆਲੇ ਬੂੰਦ ਇਕ ਕਿਨਿ ਕੀਮਤਿ ਪਾਈ।
੬. ਅਗਮਹੁ ਅਗਮ ਅਗਾਧਿ ਬੋਧ ਗੁਰ ਅਲਖੁ ਲਖਾਈ ॥੧੨॥

**ਪਦਾਰਥ**-(ਅਬਿਗਤਿ=ਜੋ ਨਾਸ਼ ਨਾ ਹੋਵੇ। ਅਥਾਹ=ਜਿਸ ਦਾ ਥਾਹ ਨਾ ਹੋ ਸਕੇ।

**ਅਰਥ**-੧.ਗੁਰਮੁਖਾਂ ਦਾ ਪ੍ਰੇਮ ਰਸ ਹੀ ਸੁਖ ਫਲ ਹੈ, ਇਸ ਦੀ ਗਤੀ 'ਅਬਿਗਤ' ਹੈ, ਹੇ ਭਾਈਓ! (ਕਦੇ ਨਾਸ਼ ਨਹੀਂ ਹੋਣ ਵਾਲੀ)। ੨.ਇਸ ਦਾ ਪਾਰਾਵਾਰ ਅਪਾਰ ਹੈ, ਓਥੇ ਕੋਈ ਆ ਜਾ ਨਹੀਂ ਸਕਦਾ। ੩.(ਇਸ ਦਾ) ਆਦਿ ਤੋਂ ਲੈਕੇ ਅੰਤ ਅਰ ਪਰਯੰਤ (ਕੋਈ ਹੋਰ ਅੰਤ ਮੂਲੋਂ ਨਹੀਂ, ਉਸ ਦੀ) ਵਡਿਆਈ ਪਰਮਾਦ ਹੈ (ਭਾਵ ਆਦਿ ਅੰਤ ਥੋਂ ਰਹਿਤ ਸਦਾ ਇਕ ਰਸ ਅਰ ਸਦਾ ਪੂਰਨ ਆਦਿ ਰੂਪ ਹੈ। ਜਦ ਜਗਯਾਸੂ ਨੂੰ ਲੱਭੇ ਉਹ ਉਸਦਾ ਆਦਿ ਹੀ ਸਦਾ ਸਮਝਦਾ ਹੈ, ਜੈਸੀ ਉਹ ਆਦਿ ਵੇਲੇ ਮਿੱਠੀ ਲਸੀ ਵੈਸੀ ਸਦਾ ਮਿੱਠੀ ਹੈ। ਤਾਂਤੇ ਸਦਾ ਆਦਿ ਸਦਾ ਨਵੀਂ ਹੈ)। ੪.ਉਸ ਅਥਾਹ (ਆਤਮ ਸਮੁੰਦਰ) ਦਾ ਕਿਸੇ ਥਾਹ ਨਹੀਂ ਲੀਤਾ। (ਅਸਗਾਹ=) ਵਡੇ ਅਗਾਧ ਸਮੁੰਦਰਾਂ ਦੀ (ਉਸ ਵਿਖੇ) ਸਮਾਈ ਹੋ ਸਕਦੀ ਹੈ। ੫.(ਉਸਦੇ) ਪ੍ਰੇਮ ਦੇ ਪਿਆਲੇ ਦੀ ਇਕ ਬੂੰਦ ਦੀ ਭੀ ਕਿਸੇ ਨੇ ਕੀਮਤ ਨਹੀਂ ਪਾਈ, (ਕਿਉਂ ਜੋ ਸੁਖਮਨੀ ਜੀ ਵਿਖੇ ਪੰਚਮ ਗੁਰੂ ਜੀ ਬਚਨ ਕਰਦੇ ਹਨ-"**ਸਰਬ ਬੈਕੁੰਠ ਮੁਕਤਿ ਮੋਖ ਪਾਏ॥ਏਕ ਨਿਮਖ ਹਰਿ ਕੇ ਗੁਨ ਗਾਏ ॥**"ਅਰਥ-ਇਕ ਅੱਖ ਦੇ ਫੁਰਕਣ ਮਾਤ੍ਰ ਬੀ ਹਰੀ ਦੇ ਗੁਣਾਨਵਾਦ ਕਰਨ ਵਿਖੇ ਕਈ ਕੈਵਲਜ ਮੋਖਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ)। ੬.(ਅਗਮਹੁ ਅਗਮ ਕਹੀਏ) ਸੂਖਮ ਸ੍ਰਿਸ਼ਟੀ ਜੋ ਸਾਡੇ ਲਈ ਅਗੰਮ ਹੈ, ਉਹਨਾਂ ਕਰਕੇ ਬੀ ਅਗਮ (ਹੈ ਉਹ ਵਾਹਿਗੁਰੂ), (ਉਸ ਦਾ) ਬੋਧ (ਗਿਆਨ) ਬੀ ਅਗਾਧ ਹੈ(ਪਰੰਤੂ ਉਸ)'ਅਲਖ' ਦੇ ਲਖਾਉਣ ਹਾਰੇ (ਇਕ) ਗੁਰੂ ਹਨ,(**ਭਾਵ**-ਸਤਿਗੁਰੂ ਨਾਨਕ ਦੇਵ ਜੀ ਦੀ ਪ੍ਰਸੰਨਤਾ ਹੀ ਸਾਧਨ ਹੈ। ਯਥਾ ਦੀਵਾਨ ਗੋਯਾ ਗਜ਼ਲ ੭੫:-

"**ਤਾ ਮੁਰਸ਼ਿਦੇ ਕਾਮਿਲ ਨ ਦਿਹਦ ਦਸਤਿ ਬਹਮ। ਗੋਯਾ ਦਿਲੇ ਗ਼ਮਗੀਨ ਤੁ ਚੂੰ ਸ਼ਾਦ ਸ਼ਵਦ**"॥

ਅਰਥ-ਹੇ ਕਵੀ! ਤੇਰਾ ਗ਼ਮਗ਼ੀਨ ਦਿਲ ਕੀਕੂੰ ਖੁਸ਼ ਹੋਵੇ, ਜਿਥੋਂ ਤੋੜੀ ਪੂਰਾ ਸਤਿਗੁਰੂ ਆਪਣਾ ਹੱਥ ਨਾ ਫੜਾਵੇ, ਭਾਵ ਕੁਮਕ ਨਾ ਕਰੇ)।

# ੧੩. (ਪ੍ਰੇਮ ਰਸ ਦੀ ਇਕ ਨਿਮਖ)।

੧. ਗੁਰਮੁਖਿ ਸੁਖ ਫਲੁ ਪਿਰਮ ਰਸੁ ਤਿਲੁ ਅਲਖੁ ਅਲੇਖੈ।
੨. ਲਖ ਚਉਰਾਸੀਹ ਜੂਨਿ ਵਿਚਿ ਜੀਅ ਜੰਤ ਵਿਸੇਖੈ।
੩. ਸਭਨਾ ਦੀ ਰੋਮਾਵਲੀ ਬਹੁ ਬਿਧਿ ਬਹੁ ਭੇਖੈ।
੪. ਰੋਮਿ ਰੋਮਿ ਲਖ ਲਖ ਸਿਰ ਮੁਹੁ ਲਖ ਸਰੇਖੈ।
੫. ਲਖ ਲਖ ਮੁਹਿ ਮੁਹਿ ਜੀਭੁ ਕਰਿ ਸੁਣਿ ਬੋਲੈ ਦੇਖੈ।
੬. ਸੰਖ ਅਸੰਖ ਇਕੀਹ ਵੀਹ ਸਮਸਰ ਨ ਨਿਮੇਖੈ ॥੧੩॥

**ਪਦਾਰਥ**-(ਤਿਲ=ਰੰਚਕ। ਅਲੇਖ=ਲੇਖੇ ਤੋਂ ਪਰੇ। ਰੋਮਾਵਲੀ=ਰੋਮਾਂ ਦੀ ਪੰਗਤੀ। (ਸਰੇਖੇ=ਸਾਰਖੇ।

**ਅਰਥ**-੧.ਗੁਰਮੁਖਾਂ ਦੇ ਸੁਖ ਫਲ ਪ੍ਰੇਮ ਰਸ ਦਾ ਇਕ ਤਿਲ ਮਾਤ੍ਰ ਬੀ ਅਲਖ ਤੇ ਅਲੇਖ ਹੈ (ਅਗੇ ਇਸ ਦਾ ਵਰਣਨ ਕਰਦੇ ਹਨ)। ੨.ਚੌਰਾਸੀਹ ਲਖ ਜੂਨੀਆਂ ਵਿਚੋਂ ਜੀਵ ਜੰਤ ਵਿਸ਼ੇਖ (ਹਨ, ਅਰਥਾਤ ਬੇਗਿਣਤ ਹਨ) ੩.(ਇਨ੍ਹਾਂ) ਸਾਰਿਆਂ (ਜੀਵ ਜੰਤਾਂ) ਦੇ ਸਰੀਰਾਂ ਪਰ ਕਈ ਪ੍ਰਕਾਰਾਂ ਅਤੇ ਰੂਪਾਂ ਦੀ (ਅਣਗਿਣਤ) ਰੋਮਾਵਲੀ ਹੈ (ਭਾਵ ਕਈ ਕਾਲੇ, ਪੀਲੇ, ਚਿੱਟੇ, ਕੱਕੇ ਲੂੰ ਗਿਣਤੀਓਂ ਪਾਰ ਹੁੰਦੇ ਹਨ। ੪.(ਜੇਕਰ ਉਸ ਇਕ) ਇਕ ਰੋਮ ਨਾਲ ਲੱਖ ਲੱਖ ਸਿਰ ਲਗ ਜਾਏ (ਤੇ ਫੇਰ ਅਗੋਂ ਹਰ ਇਕ ਸਿਰ ਨਾਲ ਲੱਖ) ਲੱਖ ਮੂੰਹ ਲੱਗ ਜਾਣ। ੫.(ਫੇਰ ਉਸ)ਹਰੇਕ ਮੂੰਹ ਵਿਚ ਲੱਖ ਲੱਖ ਜੀਭ (ਲੱਗ ਜਾਵੇ, ਕੰਨ ਅੱਖਾਂ ਲੱਗ ਜਾਣ, ਜੋ) ਇਸ ਦੇ ਗੁਣਾਂ ਨੂੰ ਬੋਲੇ ਸੁਣੇ ਤੇ ਦੇਖੇ। ੬.ਜੇ ਗਿਣਤੀ ਸੰਖ ਤੋਂ ਟੱਪ ਕੇ ਵੀਹ ਤੋਂ ਇਕੀਹ (ਹੁੰਦੀ ਹੋਈ) ਲੱਖਾਂ ਅਸੰਖ (ਅਣਗਿਣਤ ਹੋ ਜਾਵੇ ਤਦ ਬੀ ਗੁਰਮੁਖ ਸੁਖ ਫਲ ਪ੍ਰੇਮ ਰਸ ਦੀ ਤਿਲ ਮਾਤ੍ਰ ਦੀ) ਇਕ ਨਿਮਖ ਦੀ ਬਰਾਬਰੀ ਵਰਣਨ ਨਹੀਂ ਹੋ ਸਕਦੀ।

**ਭਾਵ**-ਇਹ ਗਿਣਤੀ ਜੋ ਅਸਾਂ ਲੱਖਾਂ ਦੀ ਕਹੀ ਹੈ ਸੰਖ ਦੀ ਹੋ ਜਾਵੇ। ਲੱਖ ਰੋਮ ਨਾਲ ਪ੍ਰਤਯੇਕ ਨਾਲ ਲੱਖ ਸਿਰ, ਫੇਰ ਪ੍ਰਤੇਯਕ ਸਿਰ ਨਾਲ ਲੱਖ ਜੀਭ। ਜੀਭ ਦੀ ਗਿਣਤੀ ਕਰੀਏ ਤਾਂ ੧੦੦੦੦੦੦੦੦੦੦੦੦੦੦੦ ਬਣਦੀ ਹੈ, ਕਹਿੰਦੇ ਹਨ ਇਸ ਨੂੰ ਸੰਖ ਕਰ ਲਵੋ ਅਰਥਾਤ ਦੋ ਬਿੰਦੀਆਂ ਹੋਰ ਲਾਓ ਤਾਂ ਇਕ ਸੰਖ, ਜੇ ਤਿੰਨ ਲਾਓ ਤਾਂ ਦਸ ਸੰਖ ਬਣ ਜਾਵੇਗਾ, ਗਣਤ-ਵਿਦਯਾ ਦੀ ਗਿਣਤੀ ਦਾ ਸੰਕੇਤ ਏਥੋਂ ਤਾਈਂ ਹੈ। ਇਹ ਅਖੀਰ ਸੰਖ ਤਕ ਦੀ ਗਣਤ ਦੇ ੧੯ ਅੰਕ ਬਣਦੇ ਹਨ, ਅਰਥਾਤ ਇਕ ਏਕਾ ਤੇ ੧੮ ਬਿੰਦੀਆਂ। ਹੁਣ ਭਾਈ ਸਾਹਿਬ ਕਹਿੰਦੇ ਹਨ ਇ੍ਹਨਾਂ ਉਨੀਆਂ ਨੂੰ ੨੦ ਕਰੋ ਅਰਥਾਤ ੧੦ ਸੰਖ, ਅਗੇ ਇਕ ਬਿੰਦੀ ਹੋਰ ਲਾਓ, ਫੇਰ ਇਕੀ ਕਰੋ ਅਰਥਾਤ ਹੋਰ ਇਕ ਬਿੰਦੀ ਲਾਓ, ਇਸੇ ਤਰ੍ਹਾਂ ਇਸ ਨੂੰ ਅਸੰਖ ਕਰੀ ਜਾਓ ਅਰ ਗਿਣਤੀਓਂ ਪਾਰ ਕਰੀ ਜਾਓ ਤਦ ਬੀ ਪ੍ਰੇਮ ਰਸ ਦੇ ਇਕੋ ਤਿਲ ਮਾਤ੍ਰ ਸੁਖ ਦੀ ਨਿਮਖ ਦੀ ਬਰਾਬਰੀ ਨਹੀਂ ਹੋ ਸਕਦੀ। ਇਹ ਅਸੰਖਤਾ ਖਿਆਲੀ ਨਹੀਂ ਹੈ, ਪਿਛੇ ਗਿਣਤੀ ਜੀਆ ਜੰਤ ਦੀ ਦੱਸ ਆਏ ਹਨ ਕਿੰਨੀ ਕੁ ਹੈ, ਉਹਨਾਂ ਪਰ ਰੋਮਾਵਲੀ ਹੈ ਜਿਸ ਵਿਚ ਇਕ ਲੱਖ ਰੋਮ ਲੈਕੇ ਗਿਣਿਆ ਸੀ, ਸੋ ਲੇਖੇ ਕਰਨ ਵੇਲੇ ਕਦੇ ਪ੍ਰਿਥਵੀ ਦੀ ਰੋਮਾਵਲੀ ਦੀ ਗਿਣਤੀ ਨਹੀਂ ਆ ਸਕਦੀ। ਤਾਂਤੇ ਇਸ ਅਨਗਿਣਤ ਜੀਭਾ ਦੇ ਕਥਨ, ਕੱਨਾਂ ਦੇ ਸੁਣਨ ਤੇ ਅੱਖਾਂ ਦੇ ਵੇਖਣ ਦੇ ਸਾਹਮਣੇ ਇਕ ਨਿਮਖ ਪ੍ਰੇਮ ਰਸ ਦੀ ਕਥਨੀ ਕਿੰਨੀ ਵੱਡੀ ਹੈ, ਓਹ ਬੀ ਮਹਿਮਾ ਕਰਨੇ ਨੂੰ ਸਮਰੱਥ ਨਹੀਂ ਹੈ, ਕਿਉਂਕਿ ਦ੍ਰਿਸ਼ਟਮਾਨ ਦ੍ਰਿਸ਼ਟਾ ਦੇ ਅਗੇ ਕੁਝ ਹਕੀਕਤ ਨਹੀਂ ਰੱਖਦਾ। ਯਥਾ:-

**"ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥**
**ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਉ ਸਰਬ॥"** (ਚਉਬੋਲੇ: ਮ: ੫-੫)

## ੧੪. (ਪ੍ਰੇਮ ਰਸ ਕਿਵੇਂ ਮਿਲਦਾ ਹੈ?)।

੧. ਗੁਰਮੁਖ ਸੁਖ ਫਲ ਪਿਰਮ ਰਸ ਹੁਇ ਗੁਰੁ ਸਿਖ ਮੇਲਾ।
੨. ਸਬਦ ਸੁਰਤਿ ਪਰਚਾਇਕੈ ਨਿਤ ਨੇਹ ਨਵੇਲਾ।
੩. ਵੀਹ ਇਕੀਹ ਚੜਾਉ ਚੜਿ ਸਿਖ ਗੁਰੁ ਗੁਰੁ ਚੇਲਾ।
੪. ਅਪਿਉ ਪੀਐ ਅਜਰੁ ਜਰੈ ਗੁਰੁ ਸੇਵ ਸੁਹੇਲਾ।
੫. ਜੀਵਦਿਆ ਮਰਿ ਚਲਣਾ ਹਾਰਿ ਜਿਣੈ ਵਹੇਲਾ।
੬. ਸਿਲ ਆਲੂਣੀ ਚਟਣੀ ਲਖ ਅੰਮ੍ਰਿਤ ਪੇਲਾ॥੧੪॥

**ਪਦਾਰਥ**-(ਨਵੇਲਾ=ਨਵੀਨ। ਵਹੇਲਾ=ਸੌਖਾ।(ਅ) ਓਹ ਸੰਸਾਰ।
(ਸਿਲ ਆਲੂਣੀ=ਭਾਵ, ਨਿਸ਼ਕਾਮ ਭਗਤੀ। ਪੇਲਾ=ਨਿਰਾਦਰ ਕਰਨਾ, ਪਰੇ ਸਿੱਟਣਾ।

**ਅਰਥ**- ੧.ਗੁਰੂ ਦੇ ਮਿਲਾਪ (ਤੋਂ) ਸਿੱਖ ਨੂੰ ਗੁਰਮੁਖ ਸੁਖ ਫਲ ਪ੍ਰੇਮ ਰਸ (ਪ੍ਰਾਪਤ) ਹੁੰਦਾ ਹੈ। ੨.ਸ਼ਬਦ ਸੁਰਤ ਵਿਚ (ਗੁਰੂ ਦੁਆਰਾ) ਪਰਚਾਰਿਆ ਜਾਕੇ (ਸਿਖ ਦਾ ) ਨੇਹੁੰ (ਪ੍ਰੇਮ) ਸਦਾ ਨਵਾਂ ਰਹਿੰਦਾ ਹੈ। ੩.ਵੀਹ (ਸੰਸਾਰ ਦਾ ਅਤੇ) ਇਕੀਹ (ਤੁਰੀਆ ਪਦ) ਦਾ ਚੜ੍ਹਾਉ ਚੜ੍ਹਕੇ ਸਿੱਖ ਗੁਰੂ ਤੇ ਗੁਰੂ ਚੇਲਾ ਹੁੰਦਾ ਹੈ (ਭਾਵ ਗੁਰੂ ਸਿੱਖ ਨੂੰ ਆਪਣੇ ਜਿਹਾ ਬਣਾ ਲੈਂਦਾ ਹੈ, ਇਸ ਤਰ੍ਹਾਂ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਆਪਣਾ ਰੂਪ ਧਾਰਕੇ ਪੰਜ ਪੈਸੇ ਨਲੀਏਰ ਰੱਖਕੇ ਮਥਾ ਟੇਕ ਕੇ ਗੁਰੂ ਥਾਪ ਦਿੱਤਾ)। ੪.(ਇਸ ਪਦ ਰੂਪ ਅਵਸਥਾ ਨੂੰ ਪਹੁੰਚਕੇ ਬੀ ਸਿੱਖ) ਅੰਮ੍ਰਿਤ ਪੀਏ (ਅਰ) ਨਾ ਜਰੀ ਜਾਣ ਵਾਲੀ (ਇਸ ਦਾਤ ਨੂੰ) ਜਰੇ ਤੇ ਗੁਰੂ ਦੀ ਸੇਵਾ ਵਿਚ (ਹੀ) ਆਨੰਦ ਮੰਨੇ। ੫.(ਉਸ ਦੀ ਦਸ਼ਾ ਇਹ ਰਹੇ) ਕਿ ਜੀਉਂਦਿਆਂ ਮਰਕੇ ਚੱਲੇ (ਅਤੇ ਮਰਕੇ ਜੀਵੇ ਫੇਰ) ਹਾਰ (ਕੇ ਚੱਲੇ ਤੇ ਹਾਰਿਆ ਹੋਯਾ) ਜਿੱਤਕੇ (ਚੱਲੇ), (ਕਿਸ ਨੂੰ?) ਵਹੇਲਾ (ਅਰਥਾਤ) ਸੰਸਾਰ ਨੂੰ, (ਭਾਵ ਸੰਸਾਰ ਤੋਂ ਹਾਰ ਕੇ ਆਤਮ ਲਾਭ ਵਿਚ ਜਿੱਤੇ, ਸੰਸਾਰ ਤੋਂ ਮਰਕੇ ਆਤਮ ਜੀਵਨ ਵਿਚ ਜੀਵੇ; ਏਹ ਦੋਵੇਂ ਬਾਤਾਂ ਮਨ ਦਾ ਮਾਰਨ-ਅਰ ਹਉਮੈਂ ਅਤੀਤ ਹੋਣ ਪਰਥਾਇ ਹਨ, ਸਰੀਰਕ ਮੌਤ ਪਰਥਾਇ ਨਹੀਂ)। ੬.ਅਲੂਣੀ ਸਿਲ ਨੂੰ ਚੱਟੇ (ਨਿਸ਼ਕਾਮ ਭਗਤੀ ਕਰੇ)। (ਐਸੀ ਧਾਰਨਾ ਧਾਰਨ ਨਾਲ ਪ੍ਰੇਮ ਰਸ ਪ੍ਰਾਪਤ ਹੋਇਆ ਸਿਖ ਸੰਸਾਰ ਪ੍ਰਸਿੱਧ ਆਬੇਹਯਾਤ, ਯਾ ਅੰਮ੍ਰਿਤ, ਜਿਸ ਤੋਂ ਲੋਕ ਸਮਝਦੇ ਹਨ ਕਿ ਸਰੀਰ ਅਮਰ ਹੋ ਜਾਂਦਾ ਹੈ) ਲੱਖਾਂ ਅੰਮ੍ਰਿਤਾਂ ਨੂੰ ਪਰੇ ਸਿੱਟਦਾ ਹੈ।

## ੧੫. (ਬਿਰਦ ਦੀ ਲਾਜ)।

੧. ਪਾਣੀ ਕਾਠ ਨ ਡੋਬਈ ਪਾਲੇ ਦੀ ਲਜੈ।
੨. ਸਿਰਿ ਕਲਵਤ੍ਰ ਧਰਾਇਕੈ ਸਿਰਿ ਚੜਿਆ ਭਜੈ।
੩. ਲੋਹੇ ਜੜੀਐ ਬੋਹਿਥਾ ਭਾਰਿ ਭਰੇ ਨ ਤਜੈ।
੪. ਪੇਟੈ ਅੰਦਰਿ ਅਗਿ ਰਖਿ ਤਿਸੁ ਪੜਦਾ ਕਜੈ।
੫. ਅਗਰੈ ਡੋਬੈ ਜਾਣਿਕੈ ਨਿਰਮੋਲਕ ਧਜੈ।
੬. ਗੁਰਮੁਖਿ ਮਾਰਗਿ ਚਲਣਾ ਛਡਿ ਖਬੈ ਸਜੈ॥੧੫॥

**ਪਦਾਰਥ**-(ਲਜੈ=ਸ਼ਰਮ। ਕਲਵਤ੍ਰ=ਫਰਨਾਹੀ, ਆਰਾ। ਬੋਹਿਥਾ=ਜਹਾਜ਼।
(ਧਜੈ=ਨਿਸ਼ਾਨ। ਖਬੇ ਸਜੈ=ਆਸ ਪਾਸ, ਪਗਡੰਡੀਆਂ।

**ਅਰਥ**-੧.ਪਾਣੀ ਕਾਠ ਨੂੰ ਡੋਬਦਾ ਨਹੀਂ (ਕਿਉਂ ਜੋ) ਪਾਲਣ ਦੀ ਸ਼ਰਮ(ਪੈਂਦੀ)ਹੈ। ੨.ਜਦ ਕਾਠ

ਦੇ ਸਿਰ ਪੁਰ ਫਰਨਾਹੀ ਦਿੱਤੀ ਜਾਂਦੀ ਹੈ (ਭਾਵ ਚੀਰਕੇ ਜਹਾਜ਼ ਬਣਾਉਂਦੇ ਹਨ ਤਦੋਂ ਪਾਣੀ ਦੇ) ਸਿਰ ਪੁਰ ਚੜ੍ਹਕੇ ਦੌੜਦਾ ਹੈ (ਅਥਵਾ ਜਹਾਜ਼ ਜਦ ਚਲਦਾ ਹੈ, ਪਾਣੀ ਨੂੰ ਚੀਰਦਾ ਜਾਂਦਾ ਹੈ, ਇਹ ਮਾਨੋਂ ਪਾਣੀ ਨੇ ਸਿਰ ਤੇ 'ਕਲਵਤ੍ਰ'.=ਆਰਾ ਧਰਾਯਾ ਹੈ, ਜਹਾਜ਼ ਚੀਰਦਾ ਹੋਇਆ ਦੌੜਦਾ ਫਿਰਦਾ ਹੈ, ਪਰ ਪਾਣੀ ਫੇਰ ਬੀ ਨਹੀਂ ਡੋਬਦਾ)। ੩.ਜਹਾਜ਼ਾਂ ਨਾਲ ਲੋਹਾ ਜੜੀਦਾ ਹੈ, ਅਰ (ਮਾਲ ਤੇ ਮਨੁੱਖਾਂ ਦੇ) ਭਾਰ ਨਾਲ ਭਰ ਦੇਈਦਾ ਹੈ, (ਤਦ ਬੀ ਆਪਣੇ ਬਿਰਦ ਦੀ ਲਾਜ) ਨਹੀਂ ਛੱਡਦਾ। ੪.ਪੇਟ ਵਿਚ ਅੱਗ ਰੱਖਣੇ ਪਰ ਬੀ ਉਸ ਦਾ ਪੜਦਾ ਕੱਜਦਾ ਹੈ, (ਜਹਾਜ਼ ਵਿਚ ਅੱਗ ਬਾਲੀ ਜਾਓ, ਜਿਸ ਨਾਲ ਪਾਣੀ ਨੂੰ ਵੈਰ ਹੈ ਤਦ ਬੀ ਨਹੀਂ ਡੋਬਦਾ, ਜਾਂ ਲੱਕੜੀ ਵਿਚ ਬਲਣ ਦੀ ਸ਼ਕਤੀ ਹੈ, ਪਾਣੀ ਇਹ ਜਾਣਕੇ ਬੀ ਪੜਦਾ ਕੱਜਦਾ ਹੈ)। ੫.(ਪਾਣੀ ਵਿਚ ਅਗਰ ਲੱਕੜੀ ਡੁੱਬ ਜਾਂਦੀ ਹੈ, ਤਿਸ ਦਾ ਕਾਰਨ ਦੱਸਦੇ ਹਨ) ਅਗਰ ਨੂੰ ਜਾਣਕੇ ਡੋਬਦਾ ਹੈ (ਕਿ ਇਹ ਡੁੱਬ ਜਾਣਾ ਹੀ ਉਸ ਦੇ) ਅਮੋਲਕ ਹੋਣ ਦੀ ਨਿਸ਼ਾਨੀ (ਬਣਦੀ ਹੈ)(ਅਗਰ ਜੇ ਤਰੇ ਤਾਂ ਮਾੜਾ, ਜੇ ਡੁਬੇ ਤਾਂ ਕੀਮਤੀ ਸਮਝਿਆ ਜਾਂਦਾ ਹੈ, ਸੋ ਪਾਣੀ ਉਸ ਨਾਲ ਅੰਗ ਹੋਰ ਸ਼ਕਲ ਵਿਚ ਪਾਲਦਾ ਹੈ, ਡੋਬਦਾ ਹੈ ਇਸ ਲਈ ਕਿ ਇਸ ਦਾ ਮੁੱਲ ਵਧੀਕ ਪਵੇ ਅਰ ਕਦਰ ਹੋਵੇ, ਮਾਰਨ ਲਈ ਨਹੀਂ ਡੋਬਦਾ)। ੬.(ਤਾਂਤੇ ਹੇ ਭਾਈਓ!) ਗੁਰਮੁਖ ਮਾਰਗ ਉਤੇ ਚੱਲਣਾ ਸ਼੍ਰੇਸ਼ਟ (ਹੈ) ਅਰ ਸੱਜੇ ਖੱਬੇ (ਦੇ .ਖਤਰਨਾਕ ਰਸਤੇ) ਛੱਡਣੇ ਚੰਗੇ ਹਨ।

ਭਾਵ-ਪਾਣੀ ਨੂੰ ਇਥੇ ਗੁਰਮੁਖ ਦਾ ਰੂਪਕ ਬਣਾਕੇ ਵਰਣਨ ਕੀਤਾ ਹੈ, ਅਰ ਅਨਯੋਕਤੀ ਅਲੰਕਾਰ ਦੁਆਰਾ ਪਾਣੀ ਦੀ ਅੰਗ ਪਾਲਣਾ ਤੋਂ ਗੁਰਮੁਖਾਂ ਦੀ ਅੰਗ ਪਾਲਣਾ ਪ੍ਰਗਟ ਕੀਤੀ ਹੈ, ਗੁਰਮੁਖ ਆਪਣੇ ਸੰਗ ਲਾਏ ਜਗਿਆਸੂ ਨੂੰ ਕਦੇ ਨਹੀਂ ਜਲ ਵਿਚ ਡੁੱਬਣ ਦੇਂਦੇ। ਉਸ ਦੀਆਂ ਭੁੱਲਾਂ ਸਹਾਰਦੇ ਤੇ ਸੋਧਦੇ ਹਨ, ਉਸ ਦੇ ਖੋਟਾਂ ਨੂੰ ਪਿਆਰ ਨਾਲ ਕੱਜਦੇ ਹਨ, ਉਸ ਦੇ ਕਾਰਣ ਹੋਰ ਹਜ਼ਾਰਾਂ ਜੀਆਂ ਨੂੰ ਆਤਮ ਲਾਭ ਦੇਂਦੇ ਹਨ। ਇਸੀ ਪ੍ਰਕਾਰ ਜੋ ਜਗਯਾਸੂ ਅਗਰ ਦੀ ਨਯਾਈਂ ਨਿਰੇ ਪੁਰੇ ਨਿੱਗਰ ਹੋ ਜਾਂਦੇ ਹਨ, ਉਹਨਾਂ ਨੂੰ ਡੋਬਦੇ ਭਾਵ ਕਿ ਸੰਸਾਰ ਦੇ ਮਾਯਾ ਦੇ ਪਸਾਰੇ ਵਿਚ ਸੰਸਾਰ ਉਧਾਰ ਨਮਿੱਤ ਛੱਡ ਦੇਂਦੇ ਹਨ, ਉਹ ਐਉਂ ਜਾਪਦੇ ਹਨ ਕਿ ਮਾਨੋਂ ਸੰਸਾਰ ਵਿਚ ਆ ਵਸੇ ਹਨ, ਪਰ ਉਹਨਾਂ ਦਾ ਆਉਣਾ ਉਪਕਾਰ ਵਾਸਤੇ ਹੁੰਦਾ ਹੈ, ਅਰ ਮੁਕਤ ਰੂਪ ਹੋ ਕੇ ਸੰਸਾਰ ਦੇ ਬਖੇੜਾਂ ਵਿਚ ਵਸਣਾ ਉਪਕਾਰ ਨਮਿੱਤ। ਇਹ ਉਹਨਾਂ ਦੀ ਬਜ਼ੁਰਗੀ ਦੀ ਨਿਸ਼ਾਨੀ ਹੈ। ਸੋ ਗੁਰਮੁਖ ਮਾਰਗ ਤੇ ਤੁਰੇ, ਜੋ ਹੋਰ ਰਸਤੇ: ਦੇਵੀ ਦੇਵ, ਮਨੁੱਖ ਪੂਜਯੇ ਅਰ ਜਗ੍ਹਾ ਪੂਜਯ ਸਥਾਪਨ ਕਰਕੇ ਬਣੇ ਪਏ ਹਨ ਪਰਮ ਪਦ ਨੂੰ ਨਹੀਂ ਪਹੁੰਚਣ ਦੇਂਦੇ, ਗੁਰਮੁਖ ਮਾਰਗ ਹੀ ਅਡੋਲ ਮਾਰਗ ਹੈ।

## ੧੬. (ਹੀਰਾ)।

੧. ਖਾਣਿ ਉਖਣਿ ਕਢਿ ਆਣਦੇ ਨਿਰਮੋਲਕ ਹੀਰਾ।
੨. ਜਉਹਰੀਆ ਹਥਿ ਆਵਦਾ ਉਇ ਗਹਿਰ ਗੰਭੀਰਾ।
੩. ਮਜਲਸ ਅੰਦਰਿ ਦੇਖਦੇ ਪਾਤਿਸਾਹ ਵਜੀਰਾ।
੪. ਮੁਲੁ ਕਰਨਿ ਅਜਮਾਇਕੈ ਸਾਹਾ ਮਨ ਧੀਰਾ।
੫. ਅਹਰਣਿ ਉਤੈ ਰਖਿਕੈ ਘਣ ਘਾਉ ਸਰੀਰਾ।
੬. ਵਿਰਲਾ ਹੀ ਠਹਿਰਾਵਦਾ ਦਰਗਹ ਗੁਰ ਪੀਰਾ ॥੧੬॥

ਪਦਾਰਥ-(ਖਾਣਿ ਉਖਣਿ=ਖਾਣ ਤੋਂ ਉਖੇੜਕੇ, ਪੁੱਟ ਕੇ। ਜਾਂ ਖਾਣ ਤੋਂ ਖੱਣਕੇ, ਪੱਟਕੇ।

ਅਰਥ-੧.ਖਾਣ ਨੂੰ ਪੁੱਟਕੇ ਨਿਰਮੋਲਕ ਹੀਰਾ ਕੱਢਕੇ ਲੈ ਆਉਂਦੇ ਹਨ। ੨.(ਫੇਰ) ਉਹ ਗਹਿਰ ਗੰਭੀਰ(ਅਰਥਾਤ ਸ਼੍ਰੇਸ਼ਟ ਹੀਰਾ) 'ਜੌਹਰੀਆਂ ਦੇ ਹੱਥ ਆਉਂਦਾ ਹੈ।੩.ਜੌਹਰੀ ਪਾਸੋਂ (ਵੇਚੇ ਜਾਣੇ ਨਮਿੱਤ

ਉਹ) ਕਚਹਿਰੀਆਂ ਵਿਖੇ (ਆਉਂਦਾ ਹੈ, ਅਰ ਉਸ ਨੂੰ) ਪਾਤਸ਼ਾਹ ਅਰ ਵਜ਼ੀਰ ਲੋਕ ਦੇਖਦੇ ਹਨ। ੪.ਸ਼ਾਹ ਲੋਕ ਪਰੀਛਾ ਕਰਕੇ, ਜਿਨ੍ਹਾਂ ਦਾ ਮਨ ਧੀਰਜ ਵਾਲਾ ਹੈ, (ਹੀਰੇ ਦਾ) ਮੁੱਲ ਕਰਦੇ ਹਨ (ਅਗਲੀ ਪੰਗਤੀ ਵਿਚ ਪ੍ਰੀਖਯਾ ਦਾ ਪ੍ਰਕਾਰ ਦੱਸਦੇ ਹਨ) ੫.(ਲੋਹਾਰ ਦੀ) ਅਹਿਰਣ ਉੱਤੇ ਹਥੌੜੇ ਦੀ ਘਾਉ (ਹੀਰੇ ਪੁਰ ਮਾਰਕੇ ਪ੍ਰੀਛਾ ਕੀਤੀ ਜਾਂਦੀ ਹੈ। ੬.ਗੁਰੂ ਤੇ ਪੀਰਾਂ ਦੀ (ਦਰਗਾਹ) ਸਭਾ ਵਿਖੇ ਕੋਈ ਵਿਰਲਾ ਹੀ (ਉਸ ਪ੍ਰੀਛਾ ਵਿਖੇ) ਨਿਤਰਦਾ ਹੈ।

**ਭਾਵ**-ਕੋਈ ਹੀਰਾ ਸਾਬਤ ਰਹਿੰਦਾ ਹੈ, ਕੱਚੇ ਤੇ ਖੋਟੇ ਹੀਰੇ ਦੇ ਟੁਕੜੇ ਹੋ ਜਾਂਦੇ ਹਨ, ਸ਼ੁੱਧ ਹੀਰੇ ਭਾਵੇਂ ਕਿੰਨੀਆਂ ਸੱਟਾਂ ਖਾਣ ਜਿਓਂ ਦੇ ਤਿਓਂ ਰਹਿੰਦੇ ਹਨ। ਅੰਤਰੀਵ ਅਰਥ ਵਿਖੇ ਸੰਸਾਰ ਥੋਂ ਖਾਣ ਦਾ ਭਾਵ ਹੈ; ਖਾਣ ਖੋਦਣ ਵਾਲੇ ਗੁਰਮੁਖ ਲੋਕ ਹਨ। ਜਗਿਆਸੂ ਹੀਰਾ ਹੈ, ਸਤਿਗੁਰੂ ਜੌਹਰੀ ਹਨ। ਗੁਰਮੁਖ ਲੋਕ ਜਗਿਆਸੂਆਂ ਨੂੰ ਸਤਿਗੁਰੂ ਪਾਸ ਲਿਆਉਂਦੇ ਹਨ। ਜੇ ਨਾਨਾ ਪ੍ਰਕਾਰ ਦੀਆਂ ਸੰਸਾਰ ਦੀਆਂ ਵਾਸ਼ਨਾਂ ਅਤੇ ਦੁਖ ਕਲੇਸ਼ ਰੂਪੀ ਅਜ਼ਮਾਇਸ਼ਾਂ ਵਿਖੇ ਸਿੱਖ ਅਡੋਲ ਰਹੇ, ਭਾਵ ਮਨ ਵਿਖੇ ਕੋਈ ਛਿੱਦ੍ਰ ਹੋਵੇ, ਤਾਂ ਉਸ ਦਾ ਮਿਲਾਪ ਸੱਚੇ ਪਾਤਸ਼ਾਹ ਅਕਾਲ ਪੁਰਖ ਨਾਲ ਗੁਰੂ ਜੀ ਕਰਾ ਦਿੰਦੇ ਹਨ, ਫੇਰ ਜਨਮ ਮਰਨ ਤੋਂ ਰਹਿਤ ਹੋਕੇ ਅਡੋਲ ਪਦਵੀ ਨੂੰ ਪ੍ਰਾਪਤ ਹੋ ਜਾਂਦਾ ਹੈ।

## ੧੭. (ਗੁਰਮੁਖ ਚਾਲ)।

੧. ਤਰਿ ਡੁਬੈ ਡੁਬਾ ਤਰੈ ਪੀ ਪਿਰਮ ਪਿਆਲਾ।
੨. ਜਿਣਿ ਹਾਰੈ ਹਾਰੈ ਜਿਣੈ ਏਹੁ ਗੁਰਮੁਖ ਚਾਲਾ।
੩. ਮਾਰਗੁ ਖੰਡੇ ਧਾਰ ਹੈ ਭਵਜਲੁ ਭਰ ਨਾਲਾ।
੪. ਵਾਲਹੁ ਨਿਕਾ ਆਖੀਐ ਗੁਰੁ ਪੰਥੁ ਨਿਰਾਲਾ।
੫. ਹਉਮੈ ਬਜਰੁ ਭਾਰ ਹੈ ਦੁਰਮਤਿ ਦੁਰਾਲਾ।
੬. ਗੁਰਮਤਿ ਆਪੁ ਗਵਾਇਕੈ ਸਿਖੁ ਜਾਇ ਸੁਖਾਲਾ॥੧੭॥

**ਅਰਥ**-੧.ਪ੍ਰੇਮ ਦਾ ਪਿਆਲਾ ਪੀਕੇ (ਸੰਸਾਰ ਵਲੋਂ) ਤਰਿਆ ਹੋਇਆ (ਇਸ ਵਿਚ) ਡੁੱਬ ਜਾਂਦਾ (ਤੇ ਰੱਬ ਦੇ ਪਾਸਿਓਂ) ਡੁੱਬਾ ਹੋਇਆ (ਇਸ ਵਿਚ) ਤਰ ਪੈਂਦਾ ਹੈ; ੨.(ਜੋ ਹਉਮੈ ਆਸਰੇ ਸਭ ਨੂੰ) ਜਿੱਤਦਾ ਹੈ (ਏਥੇ ਆਕੇ ਹਉਮੈ ਦੀ ਤਿਆਗ ਰੂਪ) ਹਾਰ ਖਾਂਦਾ ਹੈ; (ਸੋ ਮਾਇਆ ਸਮੁੱਚੀ ਨੂੰ) ਜਿੱਤ ਜਾਂਦਾ ਹੈ, ਇਹ ਗੁਰਮੁਖਾਂ ਦਾ ਚਾਲਾ ਹੈ। ੩.(ਏਹ) ਰਸਤਾ ਖੰਡੇ ਦੀ ਧਾਰ ਦਾ ਹੈ(ਯਥਾ "ਖੰਡੇ ਧਾਰ ਗਲੀ ਅਤਿ ਭੀੜੀ") ਤੇ ਡਰ ਦੇ ਜਲ ਨਾਲ ਭਰਪੂਰ ਹੈ। ੪.ਵਾਲ ਨਾਲੋਂ (ਨਿੱਕਾ) ਸੂਖਮ ਕਹੀਦਾ ਹੈ (ਇਹ) ਗੁਰੂ ਦਾ ਪੰਥ (ਨਿਰਾਲਾ) ਵੱਖਰਾ ਹੈ। ੫.(ਕਿਉਂਕਿ) ਹਉਮੈ ਬੱਜਰ (ਕਠੋਰ ਪੱਥਰ ਸਮਾਨ) ਭਾਰ (ਰੂਪ) ਹੈ, ਖੋਟੀ ਬੁੱਧਿ ਦੁਖਾਂ ਦਾ ਘਰ ਹੈ। ੬.(ਪਰ ਜੇ ਕੋਈ ਪਿੱਛੇ ਕਹੇ ਗੁਰਮੁਖ ਮਾਰਗ ਪਰ ਆ ਤੁਰੇ ਤਾਂ ਉਹ) ਗੁਰਮਤਿ (ਧਾਰਨ ਕਰਕੇ) ਆਪਾ ਭਾਵ ਗਵਾਉਂਦਾ (ਤੇ) ਸਿਖ (ਬਣਕੇ ਸੰਸਾਰ ਤੋਂ ਵਾਹਿਗੁਰੂ ਦੀ ਸ਼ਰਨ ਵਿਚ) ਸੌਖਾ ਜਾਂਦਾ ਹੈ।

## ੧੮. (ਬੋਹੜ ਤੋਂ ਉਪਦੇਸ਼)।

੧. ਧਰਤੀ ਵੜੈ ਵੜਿ ਬੀਓ ਹੋਇ ਜੜ੍ਹ ਅੰਦਰਿ ਜੰਮੈ।
੨. ਹੋਇ ਬਰੂਟਾ ਚੁਹਚੁਹਾ ਮੂਲ ਡਾਲ ਧਰੰਮੈ।
੩. ਬਿਰਖ ਅਕਾਰ ਬਿਥਾਰੁ ਕਰਿ ਬਹੁ ਜਟਾ ਪਲੰਮੈ।
੪. ਜਟਾ ਲਟਾ ਮਿਲਿ ਧਰਤਿ ਵਿਚਿ ਹੋਇ ਮੂਲ ਅਗੰਮੈ।
੫. ਛਾਂਵ ਘਣੀ ਪਤ ਸੋਹਣੇ ਫਲ ਲੱਖ ਲਖੰਮੈ।

੬. ਫਲ ਫਲ ਅੰਦਰਿ ਬੀਅ ਬਹੁ ਗੁਰਸਿਖ ਮਰੰਮੈ ॥੧੮॥

**ਪਦਾਰਥ**-(ਵੜਿ=ਬੋਹੜ। ਬਰੂਟਾ=ਪੌਦਾ, ਬੂਟਾ। ਚੁਹਚੁਹਾ=ਲਸ਼ਕੀਲਾ।
(ਧਰੰਮੈ=ਧਰਦਾ ਹੈ। ਪਲੰਮੈ=ਲਮਕਣਾ। ਲਟਾ=ਲਤਾ, ਡਾਲੀਆਂ।
(ਅਗੰਮੈ=ਉਠਦਾ ਹੈ। ਲਖੰਮੈ=ਲੱਖਾਂ, ਬਹੁਤ। ਮਰੰਮੈ=ਭੇਤ।

**ਅਰਥ**-੧.(ਧਰਤੀ ਤੇ) ਬੋਹੜ ਬੀਜ ਦਾ ਰੂਪ ਬਣਕੇ ਧਰਤੀ ਵਿਖੇ ਵੜਦਾ ਹੈ (ਫੇਰ) ਉਸ ਦੀ ਜੜ੍ਹ ਅੰਦਰ ਜੰਮਦੀ ਹੈ। ੨.ਬੂਟਾ ਹੋਕੇ ਲਿਸ਼ਕਦਾ ਹੈ, ਜੜ੍ਹਾਂ ਅਤੇ ਟਾਹਣੀਆਂ ਧਾਰਦਾ ਹੈ। ੩.ਬ੍ਰਿਛ ਦੇ ਸਰੂਪ ਦਾ ਵਿਸਥਾਰ ਕਰਕੇ ਆਪਣੇ ਸਿਰ ਦੀਆਂ 'ਜਟਾਂ' (ਜੜ੍ਹਾਵਾਂ ਹੇਠ ਨੂੰ) ਲਮਕਾਉਂਦਾ ਹੈ। ੪.ਜੜ੍ਹਾਂ ਦੀਆਂ ਡਾਲੀਆਂ ਧਰਤੀ ਨਾਲ ਮਿਲਕੇ ਫੇਰ ਮੁੱਢ ਬਣਕੇ (ਮਾਨੋਂ) ਉਗਮ ਪਈਆਂ ਹਨ। ੫.ਉਨ੍ਹਾਂ ਥੋਂ ਛਾਂ ਸੰਘਣੀ, ਸੁੰਦਰ ਪੱਤ ਤੇ ਲੱਖਾਂ ਫਲ ਲਖੀਦੇ ਹਨ। ੬.ਪ੍ਰਤਜੇਕ ਫਲ ਨਾਲ ਬੀਉ ਬਾਹਲੇ ਹੁੰਦੇ ਹਨ, ਅਜਿਹਾ ਗੁਰ ਸਿਖ ਦਾ ਭੇਤ ਹੈ।

**ਭਾਵ**-ਦ੍ਰਿਸ਼ਟਾਂਤ ਇਹ ਕਿ ਸਿਖ ਦੇਹਾਭਿਮਾਨ ਨੂੰ ਛਡ ਬੋੜ੍ਹ ਦੇ ਬੀਜ ਵਾਂਛੂ ਵੱਡਾ ਫਲੀਭੂਤ ਹੁੰਦਾ ਹੈ, ਜੇ ਉਹ ਫੇਰ ਬੀ ਨਿੰਮ੍ਰੀਭੂਤ ਹੋਵੇ ਤਾਂ ਇਕ ਬੋਹੜ ਦੇ ਕਈ ਬੋਹੜ ਹੋਕੇ ਫਲਦਾ ਹੈ, ਭਾਵ ਉਸ ਤੋਂ ਨਾਨਾ ਜਗਿਆਸੂ ਸੁਖੀਏ ਹੋਕੇ ਲੋਕਾਂ ਨੂੰ ਛਾਇਆ ਆਦਿ ਕਰਕੇ ਸੁਖ ਦਿੰਦੇ ਹਨ, ਅਰ ਹਰ ਜਗਿਆਸੂ ਤੋਂ ਅੱਗੇ ਲੱਖਾਂ ਗੁਣਾਂ ਦਾ ਬੀਜ ਫੈਲਦਾ ਹੈ।

## ੧੯. (ਗੁਰ ਬ੍ਰਿੱਛ ਰੂਪ)।

੧. ਇਕੁ ਸਿੱਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ।
੨. ਨਉ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸੁਰ।
੩. ਵੀਹ ਇਕੀਹ ਅਸੰਖ ਸੰਖ ਮੁਕਤੇ ਮੁਕਤੇਸਰੁ।
੪. ਨਗਰਿ ਨਗਰਿ ਮੈ ਸਹੰਸ ਸਿਖ ਦੇਸ ਦੇਸ ਲਖੇਸਰੁ।
੫. ਇਕਦੂੰ ਬਿਰਖਹੁ ਲਖ ਫਲ ਫਲ ਬੀਅ ਲੋਮੇਸਰੁ।
੬. ਭੋਗ ਭਗਤਿ ਰਾਜੇਸੁਰਾ ਜੋਗ ਜੁਗਤਿ ਜੋਗੇਸਰੁ ॥੧੯॥

**ਪਦਾਰਥ**-(ਨੀਲ ਅਨੀਲ=ਗਿਣਤੀਓ ਅਣਗਿਣਤ। ਮੁਕਤੇਸਰੁ=ਮੁਕਤੀ ਦੇ ਸ੍ਵਾਮੀ।
(ਲਖੇਸਰੁ=ਲੱਖਾਂ ਸਿੱਖ। ਲੋਮੇਸਰੁ=ਮਿਲੇ ਹੋਏ। ਭੋਗ ਭੁਗਤਿ=ਭੋਗਾਂ ਦੇ ਭੋਗਣਹਾਰ।
(ਜੋਗੇਸਰੁ=ਜੋਗੀਆਂ ਦੇ ਰਾਜੇ।

**ਅਰਥ**-੧.ਇਕ (ਹੋਵੇ ਤਾਂ) ਸਿੱਖ, ਦੋ ਹੋਣ ਤਾਂ ਸਤਿਸੰਗ ਹੈ, ਪੰਜਾਂ ਵਿਚ ਪਰਮੇਸ਼ੁਰ ਹੈ। ੨.(ਇਕ ਤੋਂ) ੯.ਅੰਗ 'ਸੁਨ' ਨਾਲ (ਜੋ ਅਫੁਰ ਪਰਮਾਤਮਾ ਰੂਪ ਹੈ) ਮਿਲਕੇ (ਨੀਲ ਅਨੀਲ) ਅਸਲੀ ਗਿਣਤੀ ਤੋਂ ਅਣਗਿਣਤ ਹੋ ਜਾਂਦੇ ਹਨ (ਕਿਉਂ ਜੋ 'ਸੁਨ' ਦੇ ਨਾਲ ਅੰਗ ਦੀ ਦਸ ਦਸ ਗੁਣਾਂ ਪਹਿਲੇ ਨਾਲੋਂ ਕੀਮਤ ਵਧ ਜਾਂਦੀ ਹੈ)। ੩.ਵੀਹ ਤੇ ਇਕੀਹ (ਸੰਖਿਆ ਵਾਲੇ ਭਾਵ ਛੋਟੇ ਵੱਡੇ) ਲੋਕ ('ਮੁਕਤਿਆ') ਗੁਰਮੁਖਾਂ ਨਾਲ ਮਿਲਕੇ ('ਮੁਕਤੇਸਰੁ') ਮੁਕਤੀ ਦੇ ਰਾਜੇ ਹੋਕੇ ਸੰਖਜਾ ਥੋਂ ਅਸੰਖ ਰੂਪ ਹੋ ਜਾਂਦੇ ਹਨ (ਭਾਵ ਜੋ ਮੁਕਤਿਆਂ ਦੀ ਪ੍ਰਸ਼ਾਦ ਆਦਿ ਟਹਿਲ ਭਾਵਣੀ ਕਰਦੇ ਹਨ, ਉਨ੍ਹਾਂ ਦੇ ਪੁੰਨਾ ਦੇ ਭਾਗੀ ਹੋਕੇ ਅਨੰਤ ਜੀਵਣ ਦੀ ਪਦਵੀ ਪਾਉਂਦੇ ਹਨ,ਓਹ ਮੁਕਤੇ ਸਿੱਖ ਕਿੱਥੋਂ ਲੱਭਣ?) ੪.ਨਗਰ ਨਗਰ ਵਿਖੇ ਹਜ਼ਾਰਾਂ ਅਤੇ ਦੇਸ਼ਾਂ ਦੇਸ਼ਾਂ ਵਿਖੇ ਲੱਖਾਂ ਗੁਰੂ ਦੇ ਸਿੱਖ ਹਨ (ਭਾਵ ਇਕ ਹੀ ਸਾਰਾ ਦੇਸ਼ ਤਾਰ ਸਕਦਾ ਹੈ। ਇਹ ਤਾਂ ਅਣਗਿਣਤ ਫਲ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਥੋਂ ਮਿਲਦੇ ਹਨ। ਅਗੇ ਦ੍ਰਿਸ਼ਟਾਂਤ ਦੇਕੇ ਸਫੁਟ ਕਰਦੇ ਹਨ)। ੫.ਇਕ ਬ੍ਰਿਛ ਤੋਂ ਲੱਖਾਂ ਫਲ (ਲੱਝਦੇ) ਹਨ ਤੇ ਫਲ (ਫਲ ਵਿਖੇ

ਕਈ) ਬੀਜ ਮਿਲੇ ਹੋਏ ਹਨ, (ਭਾਵ ਗੁਰੂ ਬ੍ਰਿਛ ਵਿਖੇ ਸਿੱਖ ਫਲ ਹਨ, ਉਨ੍ਹਾਂ ਫਲਾਂ ਵਿਖੇ ਗੁਰੂ ਬੀਜ ਰੂਪ ਹੋਕੇ ਪਰਵੇਸ਼ ਕਰ ਰਹੇ ਹਨ)। ੬.ਭੋਗਾਂ ਨੂੰ ਭੋਗਦੇ ਹਨ, ਇਸ ਕਰਕੇ ਰਾਜਿਆਂ ਦੇ ਈਸ਼ਰ ਹਨ ਅਰ ਜੋਗ ਵਿਖੇ ਜੁੜਨ ਕਰਕੇ (ਜਨਕ ਵਾਂਗੂੰ) ਜੋਗੀਆਂ ਦੇ ਰਾਜਾ ਹਨ।

**ਭਾਵ**-ਬਾਜੇ ਸੰਪ੍ਰਦਾਈ 'ਨੌਂ ਅੰਗ' ਦਾ ਅਰਥ ਨੌਂ ਸਿੱਖ ਲੈਂਦੇ ਹਨ ਕਿ ਨੌਂ ਸਿੱਖਾਂ ਨੂੰ ਪ੍ਰਸ਼ਾਦ ਛਕਾਉਣ ਨਾਲ ਨੀਲ ਅਨੀਲ ਅਰਥਾਤ ਅਣਗਿਣਤ ਫਲ ਹੁੰਦਾ ਹੈ। ਅਰ 'ਸੁੰਨ' (ਦਸ) ਥੋਂ ਦਸ ਅਓਤਾਰਾਂ ਦਾ ਅਰ ੧੧ ਸਿੱਖਾਂ ਥੋਂ ੧੧ ਸ਼ਿਵਾਂ ਦਾ ਫ਼ਲ ਹੁੰਦਾ ਹੈ। ਅਗੇ ਵੀਹ ਇਕੀਹ ਸਿੱਖਾਂ ਦੀ ਟਹਿਲ ਤੋਂ ਤਾਂ ਸੰਖ ਅਸੰਖ ਹੋ ਕੇ ਮੁਕਤਿਆਂ ਵਿਚੋਂ ਮੁਕਤੇਸ਼ਰ ਕਹੀਏ ਮੁਕਤੀ ਦੇ ਰਾਜੇ ਬਣ ਜਾਂਦੇ ਹਨ, ਪਰੰਤੂ ਉਪਰੋਂ ਅੱਧਜਾਹਾਰ ਬਾਹਲਾ ਕਰਨਾ ਪੈਂਦਾ ਹੈ। ਭਾਵ ਇਹ ਹੈ ਕਿ ਗੁਰੂ ਅਤੇ ਸਿੱਖ ਬ੍ਰਿੱਛ ਅਤੇ ਬੀਜ ਵਾਂਗੂੰ ਓਤ ਪੋਤ ਮਿਲੇ ਹੋਏ ਹਨ।

## ੨੦. (ਨਾਮੀ ਸ਼ਾਹ)।

੧. ਪੀਰ ਮੁਰੀਦਾ ਪਿਰਹੜੀ ਵਣਜਾਰੇ ਸਾਹੇ।
੨. ਸਉਦਾ ਇਕਤੁ ਹਟਿ ਹੈ ਸੰਸਾਰੁ ਵਿਸਾਹੇ।
੩. ਕੋਈ ਵੇਚੈ ਕਉਡੀਆ ਕੋ ਦਮ ਉਗਾਹੇ।
੪. ਕੋਈ ਰੁਪਯੇ ਵਿਕਣੈ ਸੁਨਈਏ ਕੋ ਡਾਹੇ।
੫. ਕੋਈ ਰਤਨ ਵਣੰਜਦਾ ਕਰਿ ਸਿਫਤਿ ਸਲਾਹੇ।
੬. ਵਣਜਿ ਸੁਪਤਾ ਸਾਹ ਨਾਲਿ ਵੇਸਹੁ ਨਿਬਾਹੈ॥੨੦॥

**ਪਦਾਰਥ**-(ਪਿਰਹੜ=ਪ੍ਰੀਤ। ਵਣਜਾਰੇ=ਗਾਹਕ। ਵਿਸਾਹੇ=ਖਰੀਦਨਾ। (ਸੁਨਈਏ=ਮੋਹਰਾਂ, ਸੋਨਾ। ਡਾਹੈ=ਸੁਧ ਕਰਨਾ। ਸੁਪਤਾ=ਨਾਮੀ,। (ਭਰੋਸੇ ਵਾਲਾ। ਵੇਸਾਹ=ਭਰੋਸਾ। ਨਿਬਾਹੈ=ਨਿਬਾਹੁਣਾ, ਪੂਰਾ ਕਰਨਾ।

**ਅਰਥ**-੧.ਪੀਰ ਅਤੇ ਮੁਰੀਦਾਂ (ਅਰਥਾਤ ਗੁਰੂ ਅਤੇ ਚੇਲਿਆਂ ਦੀ) ਗਾਹਕਾਂ ਅਤੇ ਸ਼ਾਹਾਂ ਵਾਂਗੂੰ ਪ੍ਰੀਤ ਹੈ। ੨.(ਨਾਮ ਦਾ) ਸੌਦਾ ਇਕੋ (ਗੁਰੂ ਦੀ) ਹੱਟੀ (ਸ਼ੁੱਧ) ਹੈ-ਸੰਸਾਰ ਖਰੀਦਦਾ ਹੈ। ੩.ਕੋਈ ਕੌਡਾਂ ਵੇਚਦਾ ਹੈ, ਕੋਈ ਰੁਪਏ ਉਗਰਾਹੁੰਦਾ ਹੈ, (ਭਾਵ ਗੁਮਾਸ਼ਤਾ ਹੈ)। ੪.ਕੋਈ ਰੁਪਏ ਵੇਚਦਾ ਹੈ, ਕੋਈ ਸੋਨੇ ਨੂੰ ('ਡਾਹੈ'=) ਅੱਗ ਵਿਚ ਤਾਕੇ (ਅਜ਼ਮਾਇਸ਼ਾਂ) ਕਰਦਾ ਹੈ। ੫.ਕੋਈ ਰਤਨ ਖਰੀਦਦਾ ਹੈ, (ਉਸਦੀ) ਉਸਤਤ ਕਰਕੇ ਸਲਾਹੁੰਦਾ ਹੈ (ਭਈ ਵੱਡਾ ਅਮੋਲ ਪਦਾਰਥ ਹੈ)। ੬.ਵਣਜ ਵਪਾਰ (ਸੁਪੱਤੇ) ਭਰੋਸੇ ਵਾਲੇ ਸ਼ਾਹ ਨਾਲ (ਚਾਹੀਦਾ ਹੈ ਜੋ) ਵੇਸਾਹੁ ਨੂੰ ਨਿਬਾਹ ਦੇਂਦਾ ਹੈ, (ਭਾਵ ਛਲ ਵਲ ਨਹੀਂ ਕਰਦਾ)।

**ਭਾਵ**-ਸੰਸਾਰ ਵਿਖੇ ਕਈ ਗ਼ਰੀਬ ਅਤੇ ਕਈ ਸ਼ਾਹੂਕਾਰ ਹਨ, ਕਈ ਸੁਪੱਤੇ ਅਰ ਕਈ ਕੁਪੱਤੇ ਸ਼ਾਹ ਬੀ ਹਨ, ਵਿਹਾਰ ਬੀ ਕਈ ਕੌਡਾਂ ਅਰ ਰਤਨਾਦਿਕਾਂ ਦੇ ਹੋ ਰਹੇ ਹਨ, ਪਰੰਤੂ ਨਾਮ ਦਾ ਖਰਾ ਸੌਦਾ ਇਕ ਖਰੇ ਸੌਦੇ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਦੀ ਹੱਟੀ ਪੁਰ ਵਿਕਦਾ ਹੈ, ਸ਼ਰਧਾਲੂ ਲੋਕ ਖਰੀਦਦੇ ਹਨ ਅਰ ਉਨ੍ਹਾਂ ਦੇ ਭਰੋਸੇ ਪੂਰੇ ਹਨ। ਇਸ ਦ੍ਰਿਸ਼ਟਾਂਤ ਨੂੰ ਅੱਗੇ ਚਲਕੇ ਖੋਲ੍ਹਦੇ ਹਨ।

## ੨੧. (ਸਤਿਗੁਰ ਸ਼ਾਹ)।

੧. ਸਉਦਾ ਇਕਤੁ ਹਟਿ ਹੈ ਸਾਹੁ ਸਤਿਗੁਰੁ ਪੂਰਾ।
੨. ਅਉਗੁਣ ਲੈ ਗੁਣ ਵਿਕਣੈ ਵਚਨੈ ਦਾ ਸੂਰਾ।

੩. ਸਫਲੁ ਕਰੈ ਸਿਮਲੁ ਬਿਰਖੁ ਸੋਵਰਨੁ ਮਨੂਰਾ।
੪. ਵਾਸੁ ਸੁਵਾਸੁ ਨਿਵਾਸੁ ਕਰ ਕਾਉ ਹੰਸੁ ਨ ਊਰਾ।
੫. ਘੁਘੂ ਸੁਝ ਸੁਝਾਇਦਾ ਸੰਖ ਮੋਤੀ ਚੂਰਾ।
੬. ਵੇਦ ਕਤੇਬਹੁ ਬਾਹਰਾ ਗੁਰ ਸਬਦੁ ਹਜੂਰਾ ॥੨੧॥

**ਪਦਾਰਥ**-(ਹਟਿ=ਭਾਵ ਸਾਧ ਸੰਗਤ। ਵਿਕਣੈ=ਵੇਚਣਾ। ਊਰਾ=ਘੱਟ। ਘੁਘੂ=ਉੱਲੂ। (ਸੁਝ-ਸੂਝ,ਗਿਆਨ ਦ੍ਰਿਸ਼ਟੀ। ਚੂਰਾ+ਧੂੜੀ ਜਾਂ 'ਮੋਤੀ ਚੂਰ' ਸਿਰੋਮਣੀ ਭੂਖਨ।

**ਅਰਥ**-੧.ਇਕ (ਸਤਿ ਸੰਗਤ ਰੂਪੀ) ਹੱਟ ਵਿਖੇ ਹੀ (ਨਾਮ ਦਾ) ਸੌਦਾ ਹੁੰਦਾ ਹੈ, ਸਤਿਗੁਰੂ ਪੂਰੇ ਸ਼ਾਹੂਕਾਰ ਹਨ। ੨.(ਹੋਰ ਸ਼ਾਹ ਖੋਟਾ ਪੈਸਾ ਪਰੇ ਸਿੱਟਦੇ ਹਨ ਇਹ) ਸਿੱਖ ਦੇ ਅਉਗਣ ਲੈਕੇ ਗੁਣ ਦਿੰਦੇ ਹਨ, ਅਰ ਬਚਨ ਦੇ 'ਸੂਰੇ' (ਭਾਵ ਸੱਚੇ) ਹਨ। ੩.ਸਿੰਮਲ ਬਿਰਖ (ਭਾਵ ਅਫਲ ਜੀਵਨ ਵਾਲਿਆਂ) ਨੂੰ ਫਲ ਯੁਕਤ (ਸਫਲ) ਕਰਕੇ ਮਨੂਰ (ਪਾਪਾਂ ਨਾਲ ਮਰ ਮੁਕੇ ਨੂੰ) ਸੋਨਾ (=ਗੁਰਮੁਖਿ) ਕਰ ਦਿੰਦੇ ਹਨ। ੪.ਬਾਂਸ (ਸਾਕਤ ਯਾ ਕਠੋਰ ਪਾਪੀ) ਵਿਚ (ਸੁਵਾਸ=) ਚੰਦਨ ਦੀ ਵਾਸ਼ਨਾ (ਨਾਮ) ਦਾ ਪਰਵੇਸ਼ ਕਰਾਕੇ ਕਾਉਂ (ਕਾਲੇ ਮਨਾਂ) ਨੂੰ ਹੰਸੋਂ (ਗੁਰਮੁਖੋਂ) ਘੱਟ ਨਹੀਂ ਕਰਦੇ, (ਭਾਵ ਸਿੱਖ ਦੀ ਖੋਖਲੇ ਤੇ ਗੰਢੀਲੇ ਅੰਤਹਕਰਣਾਂ ਵਿਖੇ ਸ਼ਬਦ ਚੰਦਨ ਦੀ ਵਾਸ਼ਨਾਂ ਪਾ ਵਿਸ਼ਿਆਂ ਰੂਪ ਗੰਦਗੀ ਥੋਂ ਹਟਾ ਸੁੱਚੇ ਨਾਮ ਰੂਪੀ ਮੋਤੀਆਂ ਦੇ ਗਹਿਰੇ ਗੱਫੇ ਲਵਾਉਂਦੇ ਹਨ) ੫. ਉੱਲੂ (ਅਗਯਾਨੀਆਂ) ਨੂੰ ਸੂਝ ਦਿੰਦੇ ਹਨ (ਅਤੇ ਚੂਰਾ=) ਧੂੜ ਨੂੰ ਮੋਤੀ ਬਣਾ ਦੇਂਦੇ ਹਨ (ਭਾਵ ਜਿਨ੍ਹਾਂ ਨੇ ਨੀਚ ਕਰਮਾਂ ਤੇ ਨੀਚ ਵਾਸ਼ਨਾਂ ਨਾਲ ਨਿਜ ਨੂੰ ਵਿਪ੍ਰੀਤ ਰੂਪ ਕਰ ਲਿਆ ਹੈ, ਜਿਨ੍ਹਾਂ ਦੀ ਸੁਰਤ ਅਤਿ ਖਿੰਡਕੇ ਏਕਾਗ੍ਰ ਹੋਣੋਂ ਰਹਿ ਚੁਕੀ ਹੈ, ਉਨ੍ਹਾਂ ਨੂੰ ਮੋਤੀ ਵਾਂਗ ਇਕ ਜਿੰਦ ਦੇ ਅਮੋਲਕ ਕਰਦੇ ਹਨ। ਅਥਵਾ 'ਸੰਤ ਮੋਤੀ ਚੂਰਾ' ਕਹੀਏ ਸੰਤ ਨੂੰ ਸਿਰ ਦੀ ਮਣੀ ਕਰਕੇ ਅਮੋਲਕ ਗਹਿਣਾ ਬਣਾਉਂਦੇ ਹਨ, ਭਾਵ ਹਰੇਕ ਲੋਕ ਉਸ ਨੂੰ ਸਿਰ ਪਰ ਧਾਰਨ ਕਰਦੇ ਹਨ)। ੬.(ਜੋ ਪਰਮਾਤਮਾ) ਵੇਦਾਂ ਕਤੇਬਾਂ ਤੋਂ ਬਾਹਰ ਹੈ, ਓਹ ਗੁਰੂ ਦੇ ਸ਼ਬਦ ਕਰਕੇ (ਉਨ੍ਹਾਂ ਨੂੰ) ਹਜ਼ੂਰ (ਭਾਸਦਾ) ਹੈ। (ਯਥਾ :- **"ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥"**) (ਆਸਾ: ਮ: ੫)

**ਭਾਵ**-ਪੂਰਬੋਕਤ ਗੁਣ ਸੰਪਨ ਪੂਰੇ ਸ਼ਾਹ ਸਤਿਗੁਰ ਹਨ। ਜੋ ਲੋਕ ਭਰੋਸਾ ਕਰਕੇ ਨਾਮ ਦੇ ਅਮੋਲਕ ਰਤਨ ਖਰੀਦਦੇ ਹਨ, ਓਹ ਸਿੰਮਲੋਂ ਫਲੀ ਭੂਤ, ਮਨੂਰੋਂ ਕੰਚਨ ਆਦਿ ਗੁਣਾਂ ਵਾਲੇ ਹੋ ਜਾਂਦੇ ਹਨ।

## ੨੨. (ਗੁਰੋਪਮਾ)।

੧. ਲਖ ਉਪਮਾ ਉਪਮਾਂ ਕਰੈ ਉਪਮਾ ਨ ਵਖਾਣੈ।
੨. ਲਖ ਮਹਿਮਾ ਮਹਿਮਾ ਕਰੈ ਮਹਿਮਾ ਹੈਰਾਣੈ।
੩. ਲਖ ਮਹਾਤਮ ਮਹਾਤਮਾ ਨ ਮਹਾਤਮ ਜਾਣੈ।
੪. ਲਖ ਉਸਤਤਿ ਉਸਤਤਿ ਕਰੈ ਉਸਤਤਿ ਨ ਸਿਞਾਣੈ॥
੫. ਆਦਿ ਪੁਰਖੁ ਆਦੇਸ ਹੈ ਮੈਂ ਮਾਣੁ ਨਿਮਾਣੈ ॥੨੨॥

**ਪਦਾਰਥ**-(ਉਪਮਾ=ਉਪਮਾ ਕਰਣਹਾਰ। ਉਪਮਾਂ=ਮਹਿਮਾਂ। (ਮਹਿਮਾ : ਹੈਰਾਣੈ=ਅਚਰਜ ਮਹਿਮਾਂ ਹੈ। ਆਦਿ ਪੁਰਖ=ਸਤਿਗੁਰੂ।

**ਅਰਥ**-੧.ਲਖਾਂ ਉਪਮਾਂ (ਕਰਣਹਾਰੇ ਲੋਕਾਂ ਦੀਆਂ) ਉਪਮਾਂ ਕਰਦੇ ਹਨ, (ਪਰੰਤੂ ਈਸ਼ੁਰ ਦੀ ਇਕ 'ਉਪਮਾਂ') ਮਹਿਮਾਂ ਨਹੀਂ ਕਹਿ ਸਕਦੇ। ੨.ਲੱਖਾਂ ਮਹਿਮਾਂ (ਕਰਣਹਾਰੇ ਰਾਜਿਆਂ ਦੀਆਂ) ਮਹਿਮਾਂ ਕਰਦੇ ਹਨ, ਪਰ (ਵਾਹਿਗੁਰੂ ਦੀ) ਮਹਿਮਾਂ (ਵਿਚ ਓਹ ਬੀ) ਹੈਰਾਨ ਹਨ। ੩.ਲੱਖਾਂ ਮਹਾਤਮਾਂ ਲੋਕ

(ਤੀਰਥਾਂ ਦਾ)ਮਹਾਤਮ (ਵਰਣਨ ਕਰਦੇ ਹਨ, ਪ੍ਰੰਤੂ ਉਸ ਵਾਹਿਗੁਰੂ ਦਾ) ਪ੍ਰਤਾਪ ਨਹੀਂ ਜਾਣ ਸਕਦੇ। ੪.ਲਖਾਂ ਉਸਤਤਾਂ (ਕਰਨਹਾਰੇ ਦੇਵਤਿਆਂ ਦੀਆਂ) ਉਸਤੁਤੀਆਂ ਕਰਦੇ ਹਨ, (ਪਰ ਉਸ ਵਾਹਿਗੁਰੂ ਦੀ) ਉਸਤੁਤੀ ਨਹੀਂ ਸਿਆਣਦੇ। ੫.ਉਸ ਆਦਿ ਪੁਰਖ (ਵਾਹਿਗੁਰੂ ਯਾ ਸਤਿਗੁਰੂ ਨਾਨਕ ਦੇਵ ਜੀ ਨੂੰ ਮੇਰੀ ) ਨਮਸਕਾਰ ਹੈ, ਓਹ ਮੈਂ ਨਿਮਾਣੇ ਦਾ ਮਾਣ ਹਨ।

ਭਾਵ-'ਨਿਆਸਰਿਆਂ ਦਾ ਆਸ਼ਰਯ ਹੈ', ਮੈਂ ਇਤਨੀ ਹੀ ਖਲਵਾਰੇ ਦੇ ਨਮੂਨੇ ਵਾਂਗੂੰ ਇੱਕੋ ਉਸਤੁਤ ਜਾਣਦਾ ਹਾਂ। ਯਾ ਇਉਂ ਹੈ ਕਿ ਉਪਮਾਂ, ਮਹਿਮਾਂ, ਮਹਾਤਮਾਂ ਤੇ ਉਸਤੁਤ ਕਰਨਹਾਰੇ ਜੀਭ ਨਾਲ ਲੱਖਾਂ ਪਏ ਕਰਨ; ਅੰਤਰ ਆਤਮੇ ਇਕ ਜੋਤਿ ਹੋਕੇ ਉਸਤੁਤਿ ਕਰਨੀ ਨਹੀਂ ਜਾਣਦੇ।

## ੨੩. (ਤਥਾਚ ਗੁਰ ਪ੍ਰਤਾਪ)।

੧. ਲਖ ਮਤਿ ਲਖ ਬੁਧਿ ਸੁਧਿ ਲਖ ਲਖ ਚਤੁਰਾਈ।
੨. ਲਖ ਲਖ ਉਕਤਿ ਸਿਆਣਪਾਂ ਲਖ ਸੁਰਤਿ ਸਮਾਈ।
੩. ਲਖ ਗਿਆਨ ਧਿਆਨ ਲਖ ਲਖ ਸਿਮਰਣਤਾਈ।
੪. ਲਖ ਵਿਦਿਆ ਲਖ ਇਸ਼ਟ ਜਪ ਤੰਤ ਮੰਤ ਕਮਾਈ।
੫. ਲਖ ਭੁਗਤਿ ਲਖ ਲਖ ਭਗਤਿ ਲਖ ਮੁਕਤਿ ਮਿਲਾਈ।
੬. ਜਿਉ ਤਾਰੇ ਦਿਹ ਉੱਗਣੈ ਆਨ੍ਹੇਰ ਗਵਾਈ।
੭. ਗੁਰਮੁਖਿ ਸੁਖ ਫਲੁ ਅਗਮੁ ਹੈ ਹੋਇ ਪਿਰਮ ਸਖਾਈ ॥੨੩॥

ਅਰਥ-੧.ਲੱਖਾਂ ਮੱਤਾਂ (ਵਿਹਾਰਕ) ਲੱਖਾਂ ਬੁੱਧੀਆਂ (ਦਿਮਾਗੀ ਸਮਝਾਂ, ਲੱਖਾਂ) ਸੁਧਾਂ (ਕੁਦਰਤੀ ਸਮਝਾਂ) ਤੇ ਲੱਖਾਂ ਚਤੁਰਾਈਆਂ ਹਨ, (ਕਿਸੇ ਬਾਤ ਦੀ ਸਮਝ ਵਿਚ ਟਪਲਾ ਨਾ ਖਾਣਾ)। ੨.ਲੱਖਾਂ 'ਉਕਤ' (ਨਜਾਯ ਅਨੁਸਾਰ ਯੁਕਤੀਆਂ) ਲੱਖਾਂ ਸਿਆਣਪਾਂ (ਦੂਰੰਦੇਸ਼ੀਆਂ), ਲਖਾਂ ਸੁਰਤ ਦੀ ਸਮਾਈ (ਸ਼ੁਧ ਹੋਸ਼ ਰੂਪੀ ਸਮਝ ਦਾ ਕਿਸੇ ਆਲੰਬ ਵਿਚ ਸਮਾਉਣਾ, ਤਦਰੂਪ ਹੋਣਾ)। ੩.ਲੱਖਾਂ ਗਿਆਨ (ਜਾਨਣਾ, ਪਰ ਵਿਸ਼ੇਸ਼ ਕਰਕੇ ਜੜ੍ਹ ਚੈਤੰਨ ਦੇ ਭੇਤਾਂ ਨੂੰ ਸਮਝਣਾ), ਲੱਖਾਂ ਧਿਆਨ (ਕਿਸੇ ਡਿੱਠੇ ਪਦਾਰਥ ਨੂੰ ਮੰਨਕੇ ਪੁਨਾ ਪੁਨਾ ਖਿਆਲ ਕਰਕੇ ਤਦਰੂਪ ਖਿਆਲ ਵਿਚ ਸਿੱਧ ਕਰ ਲੈਣਾ) ਤੇ ਲੱਖਾਂ ਸੂਖਮ ਸਿਮਰਣ, (ਕਿਸੇ ਪਦਾਰਥ ਨੂੰ ਮੁੜ ਮੁੜ ਚੇਤੇ ਵਿਚ ਲਿਆਉਣਾ)। ੪.ਲੱਖਾਂ ਵਿਦਯਾ, (ਓਹ ਤਰੀਕਾ ਜਿਸ ਨਾਲ ਬੁਧੀ ਮਾਂਜੀ ਜਾਂਦੀ ਤੇ ਵਾਕਫੀਅਤ ਵਿਚ ਤਰੱਕੀ ਕਰਦੀ ਹੈ), ਲੱਖਾਂ ਇਸ਼ਟ (ਜੋ ਨਿਜ ਤੋਂ ਵਡੇਰੇ ਤੇ ਸਹਾਈ ਸਮਝੇ ਜਾਣ ਤੇ ਪਿਆਰੇ ਲੱਗਦੇ ਹਨ) ਲੱਖਾਂ ਜਪ (ਕਿਸੇ ਸੰਕੇਤਕ ਪਦ ਦਾ ਬਾਰ ਬਾਰ ਉਚਾਰਨਾ) ਲੱਖਾਂ 'ਤੰਤ੍ਰ' (ਧਾਗੇ ਤਵੀਤ) ਲੱਖਾਂ ਮੰਤ੍ਰ (ਸੰਕੇਤਕ ਪਾਠ ਜਿਨ੍ਹਾਂ ਨਾਲ ਸੰਕੇਤਕ ਲਾਭ ਮੰਨੇ ਹੋਏ ਹਨ) ਨੂੰ ਕਮਾਉਣਾ ੫.ਲੱਖਾਂ 'ਭਗਤਾਂ' (ਭੋਗ, ਸੰਸਾਰਕ ਆਨੰਦ ਦਾਇਕ ਵਸਤੂਆਂ ਨੂੰ ਵਰਤਣਾ) ਲਖਾਂ ਭਗਤਾਂ (ਸੇਵਾ ਟਹਿਲ ਪਰਮਾਰਥਕ ਆਨੰਦ ਦਾਇਕ ਚੀਜ਼ਾਂ ਦੀ ਪ੍ਰਾਪਤੀ ਨਮਿੱਤ ਯਤਨ ਆਦਿਕ) ਲੱਖਾਂ ਮੁਕਤੀਆਂ (ਜੀਵਾਤਮਾਂ ਦਾ ਆਵਾਗਵਨ ਤੋਂ ਛੁਟਕਾਰੇ) ਦੀ ਮਿਲੌਣੀ। ੬.ਜਿਵੇਂ ਤਾਰਿਆ ਤੇ ਹਨੇਰੇ ਨੂੰ ਦਿਨ ਚੜ੍ਹਕੇ ਗੁਆ ਦਿੰਦਾ ਹੈ। ੭.(ਤਿਵੇਂ) ਗੁਰਮੁਖ ਦਾ ਸੁਖ ਫਲ ਜੋ ਅੰਗਮ ਹੈ, (ਪਿੱਛੇ ਕਹੇ ਅਧੂਰੇ ਯਾ ਅਨ੍ਹੇਰੇ ਪਦਾਰਥਾਂ ਨੂੰ ਮਾਤ ਕਰਕੇ) ਪਿਆਰੇ ਦੇ ਮੇਲ ਦਾ ਸਹਾਇਕ ਬਣਦਾ ਹੈ।

## ੨੪. (ਵਾਹਿਗੁਰੂ ਮਹਿਮਾ)।

੧. ਲਖ ਅਚਰਜ ਅਚਰਜ ਹੋਇ ਅਚਰਜ ਹੈਰਾਣਾ।
੨. ਵਿਸਮੁ ਹੋਇ ਵਿਸਮਾਦ ਲਖ ਲਖ ਚੋਜ ਵਿਡਾਣਾ।

੩. ਲਖ ਅਦਭੁਤ ਪਰਮਦਭੁਤੰ ਪਰਮਦਭੁਤ ਭਾਣਾ।
੪. ਅਬਿਗਤਿ ਗਤਿ ਅਗਾਧ ਬੋਧ ਅਪਰੰਪਰੁ ਬਾਣਾ।
੫. ਅਕਥ ਕਥਾ ਅਜਪਾ ਜਪਣੁ ਨੇਤਿ ਨੇਤਿ ਵਖਾਣਾ।
੬. ਆਦਿ ਪੁਰਖੁ ਆਦੇਸੁ ਹੈ ਕੁਦਰਤਿ ਕੁਰਬਾਣਾ ॥੨੪॥

**ਪਦਾਰਥ**-(ਚੋਜ ਵਿਡਾਣਾ=ਅਚਰਜ ਕੌਤਕ। ਪਰਮਦਭੁਤੰ=ਅਤਯਾਸਚਰਜ। (ਭਾਣਾ=ਭਾਵੀ। ਬਾਣਾ=ਸਰੂਪ। ਕੁਰਬਾਣਾ=ਬਲਿਹਾਰ ਹੋਣਾ।

**ਅਰਥ**-੧.ਲੱਖਾਂ ਅਚਰਜ ਅਚਰਜ ਹੋ ਕੇ ਇਸ ਅਚਰਜ ਪਰ ਹੈਰਾਨ ਹੋ ਰਹੇ ਹਨ। ੨.(ਇਸ) ਅਚਰਜ ਕੌਤਕ ਨੂੰ ਵੇਖਕੇ ਲਖਾਂ ਵਿਸਮਾਦ ਵਿਸਮ ਰਹੇ ਹਨ। ੩.(ਉਸਦੇ) ਪਰਮ (ਅਦਭੁਤ=) ਅਤੀ ਅਸਚਰਜ ਰੂਪ ਭਾਣੇ ਪਰ ਲਖਾਂ ਅਦਭੁਤ ਅਤੀ ਅਸਚਰਜ ਹੋ ਰਹੇ ਹਨ। ੪.ਉਸ ਦੀ ਗਤੀ ਅਬਿਗਤ ਹੈ (ਭਾਵ ਜਾਣੀ ਨਹੀਂ ਜਾਂਦੀ, 'ਅਗਾਧ') ਡੂੰਘੀ ਹੈ (ਉਸ ਦਾ) 'ਬੋਧ' ਪਾਰ ਤੋਂ ਰਹਿਤ ਸਰੂਪ ਵਾਲਾ ਹੈ। ੫.ਕਥਾ ਉਸ ਦੀ ਅਕੱਥ ਹੈ ਭਾਵ (ਕਹੀ ਨਹੀਂ ਜਾਂਦੀ, ਅਥਵਾ ਕਿਹਾਂ ਮੁੱਕਦੀ ਨਹੀਂ) ਜਾਪ (ਉਸ ਦਾ) ਅਜਪਾ ਹੈ (ਜਪਿਆਂ ਪਾਰਵਾਰ ਨਹੀਂ); ਨਹੀਂ ਹੈ ਏਹ, ਨਹੀਂ ਹੈ ਏਹ (ਪੁਸਤਕਾਂ ਉਸ ਨੂੰ) ਕਹਿੰਦੀਆਂ ਹਨ। ੬.ਉਸ ਆਦਿ ਪੁਰਖ (ਪਾਰਬ੍ਰਹਮ) ਨੂੰ ਨਮਸਕਾਰ ਹੈ, (ਉਸ ਦੀ) ਕੁਦਰਤ ਥੋਂ ਅਸੀਂ ਬਲਿਹਾਰ ਜਾਂਦੇ ਹਾਂ।

**ਭਾਵ**-ਏਹ ਵਾਹਿਗੁਰੂ ਦੀ ਮਹਿਮਾ ਕਹੀ ਹੈ, ਅੱਗੇ ਛੀਆਂ ਸਤਿਗੁਰਾਂ ਦੀ ਮਹਿਮਾਂ ਕਥਨ ਕਰਨਗੇ।

ਸੂਚਨਾ-ਭਾਈ ਗੁਰਦਾਸ ਜੀ ਦੀ ਰਚਨਾ ਵਿਚ ਹੈਰਾਨੀ ਦੇ ਕਈ ਦਰਜੇ ਹਨ, ਜਿਸ ਨੂੰ ਅਕਸਰ ਵਾਹਿਗੁਰੂ ਪ੍ਰਾਪਤੀ ਦੀਆਂ ਮੰਜ਼ਲਾਂ ਪਰਥਾਇ ਵਰਤਦੇ ਜਾਪਦੇ ਹਨ ਅਰ ਉਹਨਾਂ ਦਾ ਕ੍ਰਮ ਐਸ ਤਰ੍ਹਾਂ ਦਾ ਪ੍ਰਤੀਤ ਹੁੰਦਾ ਹੈ।

੧.ਹੈਰਾਨੀ, ੨.ਅਸਚਰਜ, ੩.ਵਿਸਮਾਦ, ੪.ਅਦਭੁਤ, ੫.ਪਰਮਦਭੁਤ, ੬.ਪਰਮਾਦ ਅਦਭੁਤ।

## ੨੫. (ਛੇ ਗੁਰੂ ਸਿਮਰਣ)।

੧. ਪਾਰਬ੍ਰਹਮੁ ਪੂਰਣ ਬ੍ਰਹਮੁ ਗੁਰ ਨਾਨਕ ਦੇਉ।
੨. ਗੁਰ ਅੰਗਦੁ ਗੁਰ ਅੰਗ ਤੇ ਸਚ ਸਬਦ ਸਮੇਉ।
੩. ਅਮਰਾਪਦੁ ਗੁਰ ਅੰਗਦਹੁ ਅਤਿ ਅਲਖ ਅਭੇਉ।
੪. ਗੁਰ ਅਮਰਹੁ ਗੁਰ ਰਾਮ ਨਾਮੁ ਗਤਿ ਅਛਲ ਅਛੇਉ।
੫. ਰਾਮ ਦਾਸ* ਅਰਜਣ ਗੁਰੂ ਅਬਿਚਲ ਅਰਖੇਉ।
੬. ਹਰਗੁਵਿੰਦ ਗੋਵਿੰਦ ਗੁਰੁ ਕਾਰਣ ਕਰਣੇਉ ॥੨੫॥੧੩॥

**ਪਦਾਰਥ**-(ਸਮੇਉ=ਸਮਾਏ। ਅਛੇਉ=ਅਦਾਗ। ਅਰਖੇਉ=ਮਸਤ, ਅਲਖ ਰੂਪ। (ਕਾਰਣ ਕਰਣੇਉ=ਕਰਣ ਕਾਰਣ।

**ਅਰਥ**-੧.ਗੁਰ ਨਾਨਕ ਦੇਉ ਪਾਰਬ੍ਰਹਮ ਅਤੇ ਪੂਰਣ ਬ੍ਰਹਮ (ਸਰੂਪ)ਹਨ। (ਭਾਵ-ਨਿਰਗੁਣ ਅਤੇ ਸਰਗੁਣ ਰੂਪ ਆਪ ਹੀ ਹਨ-"**ਨਿਰਗੁਨ ਆਪਿ ਸਰਗੁਨਗ ਭੀ ਓਹੀ॥ਕਲਾਧਾਰਿ ਜਿਨਿ ਸਗਲੀ ਮੋਹੀ॥**" (ਸੁਖਮਨੀ)

*ਪਾਠਾਂਤ੍ਰ-ਰਾਮ ਰਸਿਕ।

੨.ਗੁਰ (ਨਾਨਕ) ਜੀ ਦੇ ਸਰੀਰ ਥੋਂ ਗੁਰੂ ਅੰਗਦ ਜੀ ਸੱਚੇ ਸ਼ਬਦ ਵਿਖੇ ਸਮਾਏ, (ਭਾਵ ਤਦਾਕਾਰ ਰੂਪ ਹੋਏ) ੩.ਗੁਰੂ ਅੰਗਦ ਥੋਂ ਅਮਰ ਪਦਵੀ ਪਾਕੇ (ਗੁਰੂ ਅਰਮਦਾਸ ਜੀ) ਹੋਏ, (ਉਨਾ ਦੀ ਗਤੀ) ਅਲਖ ਅਤੇ ਅਭੇਉ ਹੋਈ। ੪.ਗੁਰੂ ਅਰਮਦਾਸ ਜੀ ਥੋਂ ਗੁਰੂ ਰਾਮਦਾਸ ਜੀ ਨਾਮ ਵਾਲੇ ਦਾ ਛਲੀ ਜਾਣ ਵਾਲੀ ਤੇ ਨਾ ਦਾਗੀ ਹੋਣ ਵਾਲੀ ਗਤੀ ਵਾਲੇ ਹਏ, (ਭਾਵ ਸਰਬ ਜਨਾਂ ਦੇ ਕੰਲਿਆਨ੍ਕਾਰੀ ਪਰੋਪਕਾਰੀ ਭਾਰੀ ਹੋਏ)। ੫.(ਗੁਰੂ) ਰਾਮਦਾਸ ਥੋਂ ਗੁਰੂ ਅਰਜਨ ਦੇਵ ਜੀ ਅਚਲ (ਮੂਰਤੀ ਅਰ ਸ੍ਵੈ ਸਰੂਪ ਵਿਖੇ) ਮਸਤ ਹੋਏ। ੬.(ਪੰਚਮ ਗੁਰੂ ਥੋਂ ਛੀਵੇਂ) ਹਰਿਗੋਬਿੰਦ ਜੀ ਗੋਬਿੰਦ (ਰੂਪ) ਗੁਰੂ ਕਾਰਣਾਂ ਦੇ ਕਰਣਹਾਰੇ ਹੋਏ। (ਭਾਵ, ਮੀਰੀ ਪੀਰੀ ਦੇ ਖਾਵੰਦ ਹੋ ਗੱਦੀ ਪਰ ਬਿਰਾਜਮਾਨ ਹੋਏ)।

# ਵਾਰ ੧੪.

੧ੴ ਸਤਿਗੁਰ ਪ੍ਰਸਾਦਿ ॥

## ੧. (ਨਿਮਾਣਿਆਂ ਦਾ ਮਾਣ ਗੁਰੂ)।

੧. ਸਤਿਗੁਰ ਸਚਾ ਨਾਉ ਗੁਰਮੁਖਿ ਜਾਣੀਐ।
੨. ਸਾਧ ਸੰਗਤਿ ਸਚ ਥਾਉ ਸਬਦਿ ਵਖਾਣੀਐ।
੩. ਦਰਗਹ ਸਚੁ ਨਿਆਉ ਜਲ ਦੁਧੁ ਛਾਣੀਐ।
੪. ਗੁਰ ਸਰਣੀ ਅਸਰਾਉ ਸੇਵ ਕਮਾਣੀਐ।
੫. ਸਬਦ ਸੁਰਤਿ ਸੁਣਿ ਗਾਉ ਅੰਦਰਿ ਆਣੀਐ।
੬. ਤਿਸੁ ਕੁਰਬਾਣੈ ਜਾਉ ਮਾਣੁ ਨਿਮਾਣੀਐ ॥੧॥

**ਪਦਾਰਥ**-(ਅਸਰਾਉ=ਆਸਰਾ ਰੂਪ। ਅੰਦਰਿ ਆਣੀਐ=ਨਿੱਧਯਾਸਨ ਕਰਨਾ।

**ਅਰਥ**-੧.ਸਤਿਗੁਰੂ ਦਾ ਸੱਚਾ ਨਾਮ ਹੈ, ਗੁਰਮੁਖ (ਲੋਕ ਇਸ ਨੂੰ) ਜਾਣਦੇ ਹਨ। ੨.(ਗੁਰਾਂ ਦੀ) ਸਾਧ ਸੰਗਤ ਹੀ ਸੱਚਾ ਥਾਉਂ ਹੈ (ਕਿਉਂ ਜੋ 'ਸਬਦ ਵਖਾਣੀਐ' ਉਥੇ) ਬ੍ਰਹਮ ਦੀ ਚਰਚਾ ਹੁੰਦੀ ਹੈ। ੩.(ਗੁਰਾਂ ਦੀ) ਸਭਾ ਵਿਖੇ ਸੱਚਾ ਨਿਆਉਂ ਹੁੰਦਾ ਹੈ, ਪਾਣੀ ਤੇ ਦੁਧ ਅੱਡੋ ਅੱਡ ਹੁੰਦਾ ਹੈ। ੪.ਗੁਰੂ ਦੀ ਸ਼ਰਣ ਹੀ ਆਸਰਾ ਰੂਪ ਹੈ, (ਚੌਰਾਸੀ ਦੀ ਫਾਸੀ ਕੱਟਦੀ ਹੈ, ਪਰੰਤੂ) ਸੇਵਾ ਕਰਕੇ (ਜਗਯਾਸੂ ਫਲ ਲੈਂਦੇ ਹਨ)। ੫.ਗੁਰੂ ਸ਼ਬਦ ਨੂੰ ਸੁਣਦੇ ਤੇ ਗਾਂਵਦੇ (ਭਈ ਵਕਤਾ ਹੋਵੇ ਤਾਂ ਆਪ ਸ੍ਰੋਤਾ, ਤੇ ਜੇ ਸ੍ਰੋਤਾ ਮਿਲੇ ਤਾ ਵਕਤਾ ਬਣ ਜਾਂਦੇ) ਹਨ, ਆਪ ਮਨ ਵਿਖੇ ਨਿੱਧਯਾਸਨ ਕਰਦੇ ਹਨ। ੬.ਅਜਿਹੇ (ਸਤਿਗੁਰੂ) ਦੇ ਕੁਰਬਾਨ ਜਾਂਦਾ ਹਾਂ, ਜੋ (ਮੇਰੇ ਜਿਹੇ) ਨਿਮਾਣੇ ਨੂੰ ਮਾਣ ਦਿੰਦੇ ਹਨ।

ਅਗਲੀ ਪਉੜੀ ਵਿਖੇ ਉਨ੍ਹਾਂ ਦੀ ਸੰਗਤ ਦਾ ਵਰਣਨ ਕਰਦੇ ਹਨ :-

## ੨. (ਸੰਗਤ ਵਰਨ)।

੧. ਚਾਰਿ ਵਰਨ ਗੁਰ ਸਿਖ ਸੰਗਤਿ ਆਵਣਾ।

੨. ਗੁਰਮੁਖਿ ਮਾਰਗੁ ਵਿਖੁ ਅੰਤੁ ਨ ਪਾਵਣਾ।
੩. ਤੁਲਿ ਨ ਅੰਮ੍ਰਿਤ ਇਖ ਕੀਰਤਨੁ ਗਾਵਣਾ।
੪. ਚਾਰਿ ਪਦਾਰਥ ਭਿਖ ਭਿਖਾਰੀ ਪਾਵਣਾ।
੫. ਲੇਖ ਅਲੇਖ ਅਲਿਖ ਸ਼ਬਦ ਕਮਾਵਣਾ।
੬. ਸੁਝਨਿ ਭੂਤ ਭਵਿਖ ਨ ਆਪੁ ਜਣਾਵਣਾ ॥੨॥

**ਪਦਾਰਥ**-(ਵਿਖ=ਕਦਮ। (ਅ) ਵਿਖਮ, ਕਠਨ। ਇਖ=ਕਮਾਦ।
(ਭਿਖ=ਭਿੱਖਿਆ। ਭੂਤ=ਗੁਜ਼ਰਿਆ ਹੋਇਆ ਸਮਾਂ।

**ਅਰਥ**-੧.ਗੁਰੂ ਜੀ ਦੇ ਸਿੱਖਾਂ ਦੀ ਸੰਗਤ ਵਿਖੇ (ਖੱਤ੍ਰੀ, ਬ੍ਰਾਹਮਣ, ਸੂਦ, ਵੈਸ਼) ਚਾਰੇ ਵਰਣਾਂ (ਦੇ ਲੋਕ) ਆਉਂਦੇ ਹਨ। ੨.(ਪਰੰਤੂ) ਗੁਰਮੁਖਾਂ ਦਾ ਮਾਰਗ ਵਿਖਮ (ਕਰੜਾ) ਹੈ, ਇਸਦਾ ਅੰਤ ਨਹੀਂ ਆ ਸਕਦਾ (ਕਿਉਂ ਜੋ ਤਤਿੱਖਯਾ ਸਹਾਰਨੀ ਪੈਂਦੀ ਹੈ, ਅਥਵਾ ਗੁਰਮੁਖਾਂ ਦੇ ਮਾਰਗ ਦੀ ਇਕ ਉਲਾਂਘ ਦਾ ਅੰਤ ਨਹੀਂ ਹੈ)। ੩.(ਉਥੇ ਅਜਿਹਾ) ਕੀਰਤਨ ਹੋ ਰਿਹਾ ਹੈ, (ਜਿਸ ਦੇ) ਬਰਾਬਰ ਕਈ ਕਮਾਦਾਂ (ਦੇ ਰਸ) ਅੰਮ੍ਰਿਤ ਬਰੋਬਰੀ ਨਹੀਂ ਕਰਦੇ। ੪.ਚਾਰੇ ਪਦਾਰਥਾਂ ਦੀ ਭਿਖਿਆ ਭਿਖਾਰੀ ਪਾਉਂਦੇ ਹਨ, ੫.(ਜਿਨ੍ਹਾਂ ਨੇ) ਅਲੇਖ (ਵਾਹਿਗੁਰੂ ਦਾ) ਸ਼ਬਦ ਕਮਾਇਆ ਹੈ (ਓਹ ਲੋਕ) ਆਪ ਵੀ ਲੇਖੇ ਥੋਂ ਅਲੇਖ ਹੋ ਗਏ ਹਨ। ੬.(ਜਿਹਾਕੁ ਉਨ੍ਹਾਂ ਨੂੰ) ਭੂਤ ਭਵਿੱਖਤ (ਵਰਤਮਾਨ ਤਿੰਨੇ ਕਾਲਾਂ) ਦਾ ਗਿਆਨ ਹੋ ਜਾਂਦਾ ਹੈ, (ਪਰੰਤੂ ਤ੍ਰਿਕਾਲ, ਗਯਾਤਾ ਹੋਕੇ ਬੀ) ਆਪਣਾ ਆਪ ਨਹੀਂ ਗਣਾਉਂਦੇ (ਭਾਵ ਅਹੰਕਾਰ ਨਹੀਂ ਕਰਦੇ)।

## ੩. (ਅਗਮ ਦਰਸ਼ਨ)।

੧. ਆਦਿ ਪੁਰਖ ਆਦੇਸੁ ਅਲਖੁ ਲਖਾਇਆ।
੨. ਅਨਹਦ ਸਬਦੁ ਅਵੇਸਿ ਅਘੜੁ ਘੜਾਇਆ।
੩. ਸਾਧ ਸੰਗਤਿ ਪਰਵੇਸਿ ਅਪਿਓ ਪੀਆਇਆ।
੪. ਗੁਰ ਪੂਰੇ ਉਪਦੇਸੁ ਸਚੁ ਦਿੜਾਇਆ।
੫. ਗੁਰਮੁਖਿ ਭੂਪਤਿ ਵੇਸਿ ਨ ਵਿਆਪੈ ਮਾਇਆ।
੬. ਬ੍ਰਹਮੇ ਬਿਸਨ ਮਹੇਸ਼ ਨ ਦਰਸਨੁ ਪਾਇਆ ॥੩॥

**ਪਦਾਰਥ**-(ਆਦੇਸੁ=ਨਮਸਕਾਰ। ਆਵੇਸਿ=ਸਥਾਨ। ਅਪਿਓ=ਅੰਮ੍ਰਿਤ।

**ਅਰਥ**-੧.ਅਕਾਲ ਪੁਰਖ (ਯਾ ਗੁਰੂ ਨਾਨਕ) ਨੂੰ (ਮੇਰੀ) ਨਮਸਕਾਰ ਹੈ ਜੋ ਅਲਖ (ਵਸਤੂ) ਦੇ ਲਖਣਹਾਰੇ ਹਨ। ੨.(ਅਨਹਦ)ਇਕ ਰਸ ਸ਼ਬਕ ਦੇ (ਆਵੇਸ=ਸਥਾਨ) ਹਨ, ਅਘੜ (ਜੋ ਮਨ ਹੈ ਉਸ) ਦੇ ਘੜਨਹਾਰੇ ਹਨ। ੩.ਸਾਧ ਸੰਗਤ ਵਿਖੇ ਜੋ (ਜਗਿਆਸੂ) ਪਰਵੇਸ਼ ਕਰਦਾ ਹੈ (ਉਨ੍ਹਾਂ ਨੇ) ਸੱਚ ਨੂੰ ਦ੍ਰਿੜ ਕੀਤਾ ਹੈ। ੫.ਗੁਰਮੁਖ ਲੋਕ ਰਾਜੇ ਦਾ ਸਰੂਪ ਹਨ ਪਰੰਤੂ ਮਾਯਾ ਤੋਂ ਅਲੇਪ ਰਹਿੰਦੇ ਹਨ। ੬.ਬ੍ਰਹਮਾ, ਵਿਸ਼ਨੂੰ, ਸ਼ਿਵ (ਤਿੰਨੇ ਦੇਵਤੇ ਬੀ) ਦਰਸ਼ਨ ਨਹੀਂ ਪਾ ਸਕਦੇ।

**ਭਾਵ**-ਰਜੋ, ਸਤੋ, ਤਮੋ ਤਿੰਨ ਗੁਣਾਂ ਥੋਂ ਸਤਿਗੁਰੂ ਪਾਰ ਹਨ, ਯਥਾਂ :- "**ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥..... ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥**" (ਮਾਰੂ: ਵਾਰ: ਡਖ : ਮ: ੫ -੧) ਦੇਵਤੇ, ਉਨ੍ਹਾਂ ਦੇ ਉਪਾਸ਼ਕਾਂ ਨੇ, ਤਿੰਨ ਗੁਣਾਂ ਵਿਚ ਮੰਨੇ ਹਨ, ਗੁਰੂ ਤ੍ਰਿਗੁਣਾਤੀਤ ਹੈ। ਅਗੇ ਹੋਰ ਖੋਲ੍ਹਕੇ ਨਾਰਦਾਦਿਕ ਮੁਨੀਆਂ ਥੋਂ ਅੱਡ ਕਰਕੇ ਗੁਰੂ ਦਾ ਭਾਵ ਦੱਸਦੇ ਹਨ।

## ੪. (ਤਿੰਨ ਦੇਵਤੇ ਵਰਣਨ)।

੧. ਬਿਸਨੇ ਦਸ ਅਵਤਾਰ ਨਾਵ ਗਣਾਇਆ।
੨. ਕਰਿ ਕਰਿ ਅਸੁਰ ਸੰਘਾਰ ਵਾਦੁ ਵਧਾਇਆ।
੩. ਬ੍ਰਹਮੈ ਵੇਦ ਵੀਚਾਹਿ ਆਖਿ ਸੁਣਾਇਆ।
੪. ਮਨ ਅੰਦਰਿ ਅਹੰਕਾਰੁ ਜਗਤੁ ਉਪਾਇਆ।
੫. ਮਾਹਾਦੇਉ ਲਾਇ ਤਾਰ ਤਾਮਸ ਤਾਇਆ।
੬. ਗੁਰਮੁਖਿ ਮੋਖ ਦੁਆਰ ਆਪੁ ਗਵਾਇਆ।੪॥

**ਪਦਾਰਥ**-(ਨਾਵ ਗਣਾਇਆ=ਆਪਨਾ ਨਾਮ ਜਪਾਇਆ। ਅਸੁਰ=ਰਾਖਸ਼। (ਵਾਦ=ਝਗੜਾ। ਤਾਮਸ=ਤਮੋ ਗੁਣ।

**ਅਰਥ**-੧.ਵਿਸ਼ਨੂੰ ਨੇ ਦਸ ਅਵਤਾਰ (ਧਾਰਕੇ) ਨਾਮ ਹੀ ਗਣਾਇਆ (ਭਾਵ, ਵਿਸ਼ਨੂੰ ਦਾ ਅਰਥ ਹੈ 'ਜੋ ਸਾਰੇ ਵਜਾਪਕ ਹੋਵੇ', 'ਫੇਰ ਰਾਖਸ਼ ਦਾ ਨਾਸ਼ ਕਰਕੇ ਆਪਣੇ ਆਪ ਦਾ ਕਿਉਂ ਘਾਤ ਕੀਤਾ, ਅਥਵਾ ਆਪਣਾ ਹੀ ਨਾਮ ਜਪਾਕੇ ਪਾਲਨਾਦਿ ਸਤੋਗੁਣ ਵਿਖੇ ਰਿਹਾ)। ੨.ਹੱਥਾਂ ਨਾਲ (ਕੰਸਾਦਿਕ) ਰਾਖਸ਼ਾਂ ਦਾ ਸੰਘਾਰ ਕੀਤਾ, ਅਤੇ ਝਗੜਾ ਵਧਾਇਆ। ੩.ਬ੍ਰਹਮਾਂ ਨੇ ਵੇਦਾਂ ਦਾ ਵਿਚਾਰ (ਲੋਕਾਂ ਨੂੰ) ਆਖਕੇ ਸੁਣਾਇਆ। ੪.ਪਰ ਮਨ ਵਿਖੇ (ਇਸ) ਹੰਕਾਰ (ਵਿਚ ਵਸਿਆ ਰਿਹਾ ਕਿ ਮੈਂ) ਜਗਤ ਪੈਦਾ ਕੀਤਾ ਹੈ, (ਜੋ ਰਜੋਗੁਣ ਵਿਖੇ ਵਸਿਆ ਰਿਹਾ), ੫.ਸ਼ਿਵ ਤਾਰ ਲਾਕੇ ਤਮੋਗੁਣ ਵਿਖੇ ਤੱਤਾ ਹੀ ਰਿਹਾ, (ਸ਼ਾਂਤਿ ਨਾ ਆਈ)। ੬.ਗੁਰਮੁਖ ਮੁਕਤੀ ਦਾ ਦਰਵਾਜ਼ਾ ਹਨ, (ਜਿਨਾਂ ਨੇ) ਆਪਣਾ ਆਪ ਗਵਾ ਦਿਤਾ ਹੈ।

**ਭਾਵ**-**"ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ"**॥ (ਤਿਲੰ: ਮ:੧) ਇਸ ਪਉੜੀ ਵਿਚ ਹੰਕਾਰ ਨਾਲ ਕੀਤੇ ਕੰਮਾਂ ਦੀ ਗੁਰਮੁਖਾਂ ਦੇ ਕੰਮਾਂ ਦੇ ਮੁਕਾਬਲੇ ਤੇ ਨਜੂਨਤਾ ਦੱਸੀ ਹੈ, ਗੁਰਮੁਖ ਚੜ੍ਹਦੀ ਕਲਾ ਵਿਚ ਜਾਕੇ ਹਉਮੈ ਅਤੀਤ ਹੋਕੇ ਕੰਮ ਕਰਦੇ ਅਲੇਪ ਵਰਤਦੇ ਹਨ।

## ੫. (ਨਾਰਦਾਇਕ ਮੁਨੀ)।

੧. ਨਾਰਦ ਮੁਨੀ ਅਖਾਇ ਗਲ ਸੁਣਾਇਆ।
੨. ਲਾਇਤਬਾਰੀ ਖਇ ਚੁਗਲੁ ਸਦਾਇਆ।
੩. ਸਨਾਕਾਦਿਕ ਦਰਿ ਜਾਇ ਤਾਮਸੁ ਆਇਆ।
੪. ਦਸ ਅਵਤਾਰ ਕਰਾਇ ਜਨਮੁ ਗਲਾਇਆ।
੫. ਜਿਨਿ ਸੁਖ ਜਾਣਿਆ ਮਾਇ ਦੁਖੁ ਸਹਾਇਆ।
੬. ਗੁਰਮੁਖਿ ਸੁਖ ਫਲ ਖਾਇ ਅਜਰੁ ਜਰਾਇਆ॥੫॥

**ਪਦਾਰਥ**-(ਮੁਨੀ=ਮਨਨਸੀਲ। ਲਾਇਤਬਾਰੀ=ਜਿਸ ਦਾ ਇਤਬਾਰ ਨਾ ਹੋਵੇ, ਗੁਨਾਂ ਵਿਖੇ (ਦੋਖਾਂ ਦਾ ਅਰਪਨਾ ਚੁਗਲੀ ਹੈ। ਦੁਖ ਸਹਾਇਆ=ਦੁਖ ਦਿੱਤਾ।

**ਅਰਥ**-੧.ਨਾਰਦ ਨੇ (ਆਪ ਨੂੰ) 'ਮੁਨੀ' (ਈਸ਼੍ਵਰ ਦਾ ਮਨਨਸ਼ੀਲ) ਕਹਾਕੇ ਗਲ ਹੀ ਸੁਣਾਈ (ਭਾਵ ਗੱਪ ਹੀ ਮਾਰੀ, ਸੱਚ ਨਹੀਂ ਕੀਤਾ) (ਅਥਵਾ ਲੋਕਾਂ ਦੀਆਂ ਗੱਲਾਂ ਸੁਨਨ ਲਈ ਹੀ ਆਇਆ ਕਿਉਂ ਜੋ ਇਕ ਦੂਜੇ ਦੀਆਂ ਗੱਲਾਂ ਸੁਣਕੇ) ੨.ਚੁਗਲੀ ਵਟੱਣ ਨਾਲ ਬੇਇਤਬਾਰਾ ਹੀ ਸਦਾਇਆ (ਭਾਵ ਰਾਖਸ਼ਾਂ ਦੀਆਂ ਗੱਲਾਂ ਦੇਵਤਿਆਂ ਪਾਸ ਤੇ ਉਨ੍ਹਾਂ ਦੀਆਂ ਗੱਲਾਂ ਰਾਖਸ਼ਾਂ ਪਾਸ ਆਖਕੇ ਘੋਲ ਮਚਾਏ, ਨਾਰਦ ਦੇ ਪ੍ਰੇਮੀ ਉਸ ਨੂੰ ਐਸਾ ਹੀ ਮੰਨਦੇ ਹਨ)। ੩.ਜਦ ਸਨਕਾਦਿਕਾਂ ਦੇ ਦਰਵਾਜੇ ਪਰ ਗਿਆ ਉਥੇ

ਤਮੋਗੁਨ (ਰੋਹ ਭਰਿਆ) ਹੋ ਗਿਆ (ਕਿਉਂ ਜੋ ਉਹ ਮਹਾਰਾਜ ਦੀ ਆਗਯਾ ਬਾਝ ਅੰਦਰ ਜਾਣ ਨਹੀਂ ਦਿੰਦੇ ਸਨ, ਉਹਨਾਂ ਨੂੰ ਲੋਹੇ ਲਾਖਾ ਹੋ ਕੇ ਰਾਖਸ਼ ਹੋਣ ਦਾ ਸਰਾਪ ਦੇ ਬੈਠਾ, ਫੇਰ ਭਗਵਾਨ ਨੂੰ ਉਨ੍ਹਾਂ ਦੇ ਉਧਾਰ ਵਾਸਤੇ ਰਾਮ ਕ੍ਰਿਸ਼ਨਾਦਿਕ ਅਵਤਾਰ ਧਾਰਨੇ ਪਏ, ਐਸਾ ਨਾਰਦ ਪ੍ਰੇਮੀ ਮੰਨਦੇ ਹਨ)। ੪.(ਵਿਸ਼ਨੂੰ ਦੇ) ਦਸ ਅਵਤਾਰ ਕਰਾਕੇ ਜਨਮ ਗਾਲ ਦਿਤਾ, (ਭਾਵ ਲੜਾਈਆਂ ਤੇ ਘੋਲਾਂ ਵਿਚ ਹੀ ਉਨ੍ਹਾਂ ਦਾ ਸਮਾਂ ਬਿਤੀਤ ਕਰਾਇਆ) ੫.ਜਿਸ ਮਾਂ ਨੇ ਸੁਖ ਲਈ ਜਣਿਆਂ ਸੀ ਉਸ ਨੂੰ ਦੁਖ ਸਹਾਰਨਾ ਪਿਆ*। ੬.ਗੁਰਮੁਖਾਂ ਨੇ ਸੁਖ ਫਲ ਨੂੰ ਖਾਕੇ (ਅਰਥਾਤ ਪ੍ਰੇਮ ਰਸ ਧਾਰਨ ਕਰਕੇ) 'ਅਜਰ' ਮਨ ਨੂੰ ਜਰਿਆ ਹੈ।

**ਭਾਵ**-ਨਾਰਦ ਮੁਨੀ ਨੂੰ ਚੁਗਲ ਖੋਰ, ਤਮੋਗੁਣੀ ਤੇ ਵੈਰ ਵਿਰੋਧ ਦੇ 'ਕਾਰਜਾਂ ਕਰਕੇ ਗੁਰਮੁਖ ਪਦ ਤੋਂ ਨੀਵਾਂ ਦੱਸਦੇ ਹਨ, ਕਿਉਂਕਿ ਸਿੱਧੀਆਂ ਪ੍ਰਾਪਤ ਹੋਣ ਤੇ ਉਹ ਸਿੱਧੀਆਂ ਦਿਖਾਉਣ ਲਈ ਪਿਆ ਤੇ ਵਿਚਾਰ ਨਾ ਕੀਤੀ ਕਿ ਮੈਂ ਤ੍ਰੈ ਗੁਣਾਂ ਵਿਚ ਖੇਡਦਾ ਹਾਂ। ਗੁਰਮੁਖ ਸਿੱਧ ਪਦ ਵਿਚ ਪਹੁੰਚਕੇ ਜਰਦੇ ਹਨ, ਫੇਰ ਕੈਵਲ ਪਦ ਵਿਚ ਜਾਕੇ ਤ੍ਰਿਗੁਣਾਤੀਤ ਵਰਤਦੇ ਹਨ, ਇਸ ਕਰਕੇ ਵਡੇ ਹਨ।

## ੬. (ਧਰਤੀ)।

੧. ਧਰਤੀ ਨੀਵੀ ਹੋਇ ਚਰਣ ਚਿਤੁ ਲਾਇਆ।
੨. ਚਰਨ ਕਵਲ ਰਸੁ ਭੋਇ ਆਪੁ ਗਵਾਇਆ।
੩. ਚਰਣ ਰੇਣੁ ਤਿਹੁ ਲੋਇ ਇਛ ਇਛਾਇਆ।
੪. ਧੀਰਜੁ ਧਰਮੁ ਸਮੋਇ ਸੰਤੋਖੁ ਸਮਾਇਆ।
੫. ਜੀਵਣ ਜੁਗਤੁ ਪਰੋਇ ਰਿਜਕੁ ਪੁਜਾਇਆ।
੬. ਮੰਨੈ ਹੁਕਮੁ ਰਜਾਇ ਗੁਰਮੁਖਿ ਜਾਇਆ॥੬॥

**ਪਦਾਰਥ**-(ਚਰਣ ਚਿਤੁ ਲਾਇਆ=ਭਾਵ ਧਰਤੀ ਚਰਨਾਂ ਦੇ ਹੇਠ ਰਹਿੰਦੀ ਹੈ। ਰਸ ਭੋਇ=ਰਸ। (ਵਿਖੇ ਮਿਲੀ ਹੋਈ ਹੈ। ਪਰੋਇ=ਧਾਰਨ ਕੀਤਾ। ਜਾਇਆ=ਜਨਮੇ ਹਨ।

**ਅਰਥ**-੧.ਧਰਤੀ ਨੇ ਨੀਵੀਂ ਹੋਕੇ ਚਰਨਾਂ ਵਿਖੇ ਚਿਤ ਲਾਇਆ ਹੈ, (ਭਾਵ ਨੀਚ ਊਚ ਹਰ ਏਕ ਜੀਵ ਜੰਤ ਦੇ ਪੈਰਾਂ ਹੇਠ ਰਹਿੰਦੀ ਹੈ, ਤਥਾ :- ਗੁਰਮੁਖ ਲੋਕ ਭੀ ਧਰਤੀ ਵਾਂਙੂ ਨਿੰਮਰਤਾ ਧਾਰਦੇ ਹਨ)। ੨.ਆਪਣਾ ਆਪ ਗਵਾਕੇ ਸਭ ਦੇ ਚਰਣ ਕਵਲਾਂ ਦੇ ਰਸ ਵਿਖੇ ਭਿਜੀ ਰਹਿੰਦੀ ਹੈ। ੩.ਤਿੰਨਾ ਲੋਕਾਂ ਦੇ ਚਰਣਾ ਦੀ ਧੂੜੀ ਬਣੀ ਹੋਈ ਹੈ, (ਜਿਸ ਧੂੜੀ ਦੀ) ਇੱਛਾ ਨੂੰ (ਸਾਰੇ) ਲੋਚਦੇ ਹਨ। ੪.ਧੀਰਜ ਦਾ ਧਰਮ ਅਤੇ ਸੰਤੋਖ (ਧਰਤੀ ਵਿਖੇ) ਸਮਾਇਆ ਹੋਇਆ ਹੈ (ਭਾਵ ਕੋਈ ਪੁਟੇ ਕੋਈ ਪੂਰੇ ਸਭ ਨਾਲ ਪ੍ਰਸੰਨ ਹੈ)। ੫.ਜੀਵਨ ਦੀ ਜੁਗਤੀ ਆਪਣੇ ਵਿਖੇ ਰੱਖਕੇ ਸਭ ਨੂੰ ਰਿਜ਼ਕ ਪੁਚਾਉਂਦੀ ਹੈ, (ਭਾਵ ਕਿਸਾਨ ਲੋਕ ਪੁਟਦੇ ਹਨ, ਉਹ ਉਨ੍ਹਾਂ ਨੂੰ ਜੀਵਣ ਅੰਨਾਦਿਕ ਦੇਕੇ ਪੂਰਨ ਕਰਦੀ ਹੈ, ਅਥਵਾ ਜੀਵਣ ਕਹੀਏ ਜਲ ਦਾ ਦਾਨ ਕਰਦੀ ਹੈ)। ੬.(ਰਜਾਈ) ਅਕਾਲ ਪੁਰਖ ਦੇ ਭਾਣੇ ਵਿਖੇ ਪ੍ਰਸੰਨ ਰਹਿੰਦੀ ਹੈ, (ਜੇਹੜੇ) ਗੁਰਮੁਖ (ਧਰਤੀ ਵਾਂਗੂੰ ਉਕਤ ਗੁਣਾਂ ਯੁਕਤ ਹੋਕੇ ਭਾਣੇ ਵਿਖੇ ਪ੍ਰਸੰਨ ਹਨ, ਓਹ ਧੰਨ) ਜਨਮੇ ਹਨ।

**ਭਾਵ**-ਧਰਤੀ ਦੀ ਤਰ੍ਹਾਂ ਨਿੰਮ੍ਰਤਾ ਭਾਵ ਵਾਲੇ ਹੋ ਕੇ ਜਿਨ੍ਹਾਂ ਨੇ ਮਾਇਆ ਜਿੱਤੀ ਤੇ ਸੁਰਤ ਨੂੰ ਚੜ੍ਹਾਕੇ ਜੀਉਂਦੇ ਆਤਮ ਜੀਵਨ ਹੋਏ ਓਹ ਧੰਨ ਜਨਮੇ ਹਨ, ਹੋਰ ਤਾਂ ਐਵੇਂ ਜੂਨ ਭੋਗ ਗਏ।

*ਕਈ ਏਹ ਸੁਕਦੇਵ ਪਰ ਲਗਾਉਂਦੇ ਹਨ, ਪ੍ਰੰਤੂ ਪ੍ਰਸੰਗ ਏਥੇ ਨਾਰਦ ਦਾ ਹੈ। ਪਾਠਾਂਤ੍ਰ 'ਸੁਖ ਦੀ ਥਾਵੇਂ 'ਸੁਕ' ਬੀ ਹੈ।

 www.sikhbookclub.com

## ੭. (ਪਾਣੀ ਦਾ ਵਰਣਨ)।

੧. ਪਾਣੀ ਧਰਤੀ ਵਿਚਿ ਧਰਤਿ ਵਿਚਿ ਪਾਣੀਐ।
੨. ਨੀਚਹੁ ਨੀਚ ਨ ਹਿਚ ਨਿਰਮਲ ਜਾਣੀਐ।
੩. ਸਹਿਦਾ ਬਾਹਲੀ ਖਿਚ ਨਿਵੈ ਨੀਵਾਣੀਐ।
੪. ਮਨ ਮੇਲੀ ਘੁਲ ਮਿਚਿ ਸਭ ਰੰਗ ਮਾਣੀਐ।
੫. ਵਿਛੁੜੈ ਨਾਹਿ ਵਿਰਚਿ ਦਰਿ ਪਰਵਾਣੀਐ।
੬. ਪਰਉਪਕਾਰ ਸਰਚਿ ਭਗਤਿ ਨੀਸਾਣੀਐ ॥੭॥

**ਪਦਾਰਥ**-(ਹਿਚ=ਹਠ, ਆਕੀ। ਖਿੱਚ=ਤਕਲੀਫ਼। ਬਾਹਲੀ=ਬਹੁਤ।
(ਨਿਵਾਣੀਐ=ਨੀਵੀ ਥਾਉਂ। ਘੁਲ ਮਿਚਿ=ਘੁਲ ਮਿਲ, ਯਕਰੰਗ।
(ਵਿਰਚਿ=ਵਿਸ਼ੇਖ ਰਚਕੇ। ਸਰਚਿ=ਚੰਗਾ ਮਿਲਦਾ ਹੈ।

**ਅਰਥ**-੧.ਪਾਣੀ ਵਿਖੇ ਧਰਤੀ ਹੈ ਧਰਤੀ ਵਿਖੇ ਪਾਣੀ ਹੈ (ਅਰ ਆਪ ਸੀਤਲ ਸੁਭਾਵ ਰਹਿੰਦਾ ਹੈ।) ੨.ਨੀਵਿਆਂ ਥੋਂ ਨੀਵਾਂ ਜਾਂਦਾ ਹੈ, (ਅੜੀ ਜਾਂ) ਹਠ ਨਹੀਂ ਕਰਦਾ, ਫੇਰ ਨਿਰਮਲ ਹੀ ਜਾਣੀਦਾ ਹੈ (ਭਾਵ ਘੱਟਾ ਪੈ ਜਾਵੇ ਫੇਰ ਨਿੱਤਰਕੇ ਆਪਣਾ ਗੁਣ ਦੱਸਦਾ ਹੈ)। ੩.ਵੱਡੀ ਖਿੱਚ ਸਹਾਰਦਾ ਹੈ, (ਆਕਰਖਣ ਸ਼ਕਤੀ ਨਿਵਾਣ ਨੂੰ ਲੈ ਜਾਂਦੀ ਹੈ) (ਤੇ ਸਦਾ) ਨਿਵਾਣਾਂ ਨੂੰ ਰੁਖ਼ ਕਰਦਾ ਹੈ। ੪.ਮਨ ਮੇਲੀ ਅਜਿਹਾ ਹੈ (ਕਿ 'ਘੁਲ ਮਿਚ' ਕਹੀਏ) ਮਿਲ ਗਿਲ ਕੇ ਸਾਰੇ ਰੰਗ ਮਾਣਦਾ ਹੈ (ਭਾਵ ਲਾਲ ਨਾਲ ਲਾਲ, ਚਿੱਟੇ ਨਾਲ ਚਿੱਟਾ, ਪੀਲੇ ਨਾਲ ਪੀਲਾ ਹੋ ਜਾਂਦਾ ਹੈ)। ੫.(ਇਕ ਵਾਰ 'ਵਿਰਚਿ' ਕਹੀਏ) ਰਚਕੇ (ਸਿੰਜਰਕੇ) ਫੇਰ ਅੱਡ ਨਹੀਂ ਹੁੰਦਾ (ਇਸੇ ਕਰਕੇ) ਦਰਗਾਹ ਵਿਖੇ ਪ੍ਰਮਾਣੀਕ ਹੈ) ਯਥਾ:-"**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ**" ॥) (ਆਸਾ:ਵਾ:ਮ:੧) ੬.(ਜੋ) ਪਰੋਪਕਾਰ ਵਿਖੇ ਮਿਲਿਆ ਹੋਇਆ ਹੈ, (ਏਹੋ) ਭਗਤਾਂ ਦੀ ਨਿਸ਼ਾਨੀ ਹੈ।

**ਭਾਵ**-ਸਭ ਨਾਲ ਜਲ ਵਾਂਗੂੰ ਵਰਤਾਉ ਕਰਕੇ ਪਰੋਪਕਾਰ ਵਿਖੇ ਗੁਰਮੁਖ ਤਤਪਰ ਰਹਿੰਦੇ ਹਨ।

## ੮. (ਬ੍ਰਿਛ ਵਰਣਨ)।

੧. ਧਰਤੀ ਉਤੈ ਰੁਖ ਸਿਰ ਤਲਵਾਇਆ।
੨. ਆਪ ਸਹੰਦੈ ਦੁਖ ਜਗੁ ਵਰੁਸਾਇਆ।
੩. ਫਲ ਦੇ ਲਾਹਨਿ ਭੁਖ ਵਟ ਵਗਾਇਆ।
੪. ਛਾਵ ਘਣੀ ਬਹਿ ਸੁਖ ਮਨੁ ਪਰਚਾਇਆ।
੫. ਵਢਨਿ ਆਇ ਮਨੁਖ ਆਪੁ ਤਛਾਇਆ।
੬. ਵਿਰਲੈ ਹੀ ਸਨਮੁਖ ਭਾਣਾ ਭਾਇਆ ॥੮॥

**ਪਦਾਰਥ**-(ਰੁੱਖ=ਬ੍ਰਿਛ। ਸਿਰ ਤਲਵਾਇਆ=ਉਲਟਾ।
(ਵਰੁਸਾਇਆ=ਉਪਕਾਰ ਕਰਨਾ। ਤਛਾਇਆ=ਕਟਵਾਉਣਾ।

**ਅਰਥ**-੧.ਧਰਤੀ ਉਤੇ ਬ੍ਰਿਛ ਉਲਟਾ ਹੋਕੇ (ਸਿਰ ਹੇਠ ਤੇ ਪੈਰ ਉੱਪਰ ਨੂੰ ਕਰਕੇ ਉਂਗਦੇ ਹਨ)। ੨.ਆਪ ਕਸ਼ਟ (ਧੁੱਪ ਛਾਉਂਦਾ) ਸਹਾਰਕੇ ਜਗ ਦਾ ਵਰਸਾਉ (ਪਰੋਪਕਾਰ) ਕਰਦੇ ਹਾਨ। ੩.ਵੱਟਿਆਂ ਦੇ ਮਾਰਿਆਂ ਬੀ ਫਲਾਂ ਨੂੰ ਦੇਕੇ (ਲੋਕਾਂ ਦੀ) ਭੁੱਖ ਦੂਰ ਕਰਦੇ ਹਨ। ੪.ਸੰਘਣੀ ਛਾਉਂਦੇ ਨਾਲ ਮਨ ਨੂੰ ਪਰਚਾਕੇ ਵੱਡਾ ਸੁਖ ਦਿੰਦੇ ਹਨ। ੫.ਜਦ ਕੋਈ ਮਨੁੱਖ ਵੱਢਣ ਆਵੇ ਆਪਣਾ ਆਪ(ਤਛਾਉਂਦੇ)

ਕਟਾਉਂਦੇ ਹਨ, (ਗੱਲ ਕੀ ਭਾਣੇ ਵਿਚ ਸੰਤੁਸ਼ਟ ਹਨ)। ੬.(ਤਿਵੇਂ ਅਕਾਲ ਪੁਰਖ ਦੇ) ਭਾਣੇ ਵਿਖੇ ਸਨਮੁਖ ਰਹਿਕੇ (ਜੋ ਬੇਮੁਖ ਨਹੀਂ ਹੁੰਦੇ, ਓਹ ਲੋਕ) ਵਿਰਲੇ ਹੀ ਹਨ।

**ਭਾਵ**-"**ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥**" (ਮਾਰੂ:ਅਸਟ:ਮ:੫-੩) ਬ੍ਰਿਛ ਨੂੰ ਤਿੱਖੇ 'ਹਥਯਾਰਾਂ' ਕੁਹਾੜਿਆਂ ਆਦਿ ਨਾਲ ਲੋਕ ਕੱਟਦੇ ਵੱਢਦੇ ਹਨ, ਉਹ ਸਗੋਂ ਉਹਨਾਂ ਦੇ ਕੰਮ ਸਵਾਰਦਾ ਹੈ। ਮਨ ਵਿਖੇ ਗੁੱਸਾ ਨਹੀਂ ਕਰਦਾ ਤਿਹਾ ਸੰਤ ਮਹਾਤਮਾ ਆਪਣਾ ਸੁਭਾਵ ਨਹੀਂ ਤਿਆਗਦੇ, ਜੈਦੇਵ ਨੂੰ ਠੱਗਾਂ ਕਈ ਦੁੱਖ ਦਿਤੇ, ਪਰੰਤੂ ਆਪ ਨੇ ਉਹਨਾਂ ਦਾ ਭਲਾ ਹੀ ਤੱਕਿਆ। ਗੁਰਮੁਖ ਭਾਣਾ ਮੰਨਣ ਵਾਲੇ ਤੇ ਦੁੱਖ ਪਾਕੇ ਸੁਖ ਦੇਣ ਵਾਲੇ ਵਿਰਲੇ ਹੀ ਹੁੰਦੇ ਹਨ।

## ੯, (ਉਹੋ ਹੀ)।

੧. ਰੁਖਹੁ ਘਰ ਛਾਵਾਇ ਥੰਮ੍ਹ ਥਮਾਇਆ।
੨. ਸਿਰਿ ਕਰਵਤੁ ਧਰਾਇ ਬੇੜ ਘੜਾਇਆ।
੩. ਲੋਹੇ ਨਾਲਿ ਜੜਾਇ ਪੂਰ ਤਰਾਇਆ।
੪. ਲਖ ਲਹਰ ਦਰੀਆਇ ਪਾਰਿ ਲਘਾਇਆ।
੫. ਗੁਰਸਿਖਾਂ ਭੈ ਭਾਇ ਸਬਦੁ ਕਮਾਇਆ।
੬. ਇਕਸ ਪਿਛੈ ਲਾਇ ਲਖ ਛਡਾਇਆ॥੯॥

**ਪਦਾਰਥ**-(ਛਾਵਾਇ=ਛੱਤ ਪਾਵਣੀ। ਥੰਮ੍ਹਾਇਆ=ਸਹਾਰਾ ਦਿੱਤਾ।

**ਅਰਥ**-੧.ਬ੍ਰਿਛ ਥੋਂ ਘਰ (ਕੜੀਆਂ ਅਤੇ ਛਤੀਰਾਂ ਨਾਲ) ਛਤਾਕੇ ਉਸ ਦੇ ਹੇਠ ਥੰਮ੍ਹਿਆਂ ਦਾ ਸਹਾਰਾ ਦਿੰਦੇ ਹਨ। ੨.ਸਿਰ ਪੁਰ ਆਰਾ ਧਰਾਕੇ (ਬ੍ਰਿਛ ਕੱਟ ਕੇ ਤਖਤੇ ਚੀਰ ਕੇ) ਬੇੜਾ ਘੜਾਉਂਦੇ ਹਨ। ੩.ਲੋਹੇ ਨਾਲ ਆਪ ਨੂੰ ਜੜਾ ਕੇ (ਉਹ ਬੇੜਾ ਪੂਰਾਂ ਦੇ) ਪੂਰ ਤਾਰ ਦਿੰਦਾ ਹੈ। ੪.ਦਰੀਆਵਾਂ (ਜਾਂ ਸਮੁੰਦਰਾਂ) ਦੀਆਂ ਲੱਖਾਂ ਲਹਿਰਾਂ ਥੋਂ ਪਾਰ ਲੰਘਾ ਦਿੰਦਾ ਹੈ। ੫.(ਜਿਨ੍ਹਾਂ) ਗੁਰੂ ਜੀ ਦੇ ਸਿੱਖਾਂ ਨੇ ਭੈ ਅਤੇ (ਭਾਇ) ਪ੍ਰੇਮ ਨਾਲ ਸ਼ਬਦ (ਦੇ ਬੇੜੇ ਨੂੰ ) ਕਮਾਇਆ ਹੈ। ੬.(ਉਹਨਾਂ) ਇਕ ਸ਼ਬਦ ਦੇ (ਬੇੜੇ) ਪੁਰ ਚੜ੍ਹਾ ਕੇ ਲੱਖਾਂ ਪ੍ਰਾਣੀਆਂ ਨੂੰ (ਡੁੱਬਣ ਦੇ ਦੁੱਖਾਂ ਥੋਂ) ਛੁਡਾ ਦਿੱਤਾ ਹੈ।

## ੧੦. (ਤਿਲ ਦਾ ਦ੍ਰਿਸ਼ਟਾਂਤ)।

੧. ਘਾਣੀ ਤਿਲੁ ਪੀੜਾਇ ਤੇਲ ਕਢਾਇਆ।
੨. ਦੀਵੈ ਤੇਲੁ ਜਲਾਇ ਅਨ੍ਹੇਰੁ ਗਵਾਇਆ।
੩. ਮਸ ਮਸਵਾਣੀ ਪਾਇ ਸਬਦੁ ਲਿਖਾਇਆ।
੪. ਸੁਣਿ ਸਿਖਿ ਲਿਖਿ ਲਿਖਾਇ ਅਲੇਖੁ ਸੁਣਾਇਆ।
੫. ਗੁਰਮੁਖਿ ਆਪੁ ਗਵਾਇ ਸਬਦੁ ਕਮਾਇਆ।
੬. ਗਿਆਨ ਅੰਜਨ ਲਿਵਲਾਇ ਸਹਜਿ ਸਮਾਇਆ ॥੧੦॥

**ਪਦਾਰਥ**-(ਘਾਣੀ=ਕੋਲ੍ਹੂ ਵਿਚ ਤਿਲਾਂ ਦਾ ਫੇਰ। ਮਸ=ਸਿਆਹੀ। ਮਸੁਵਾਣੀ=ਦਵਾਤ। (ਅੰਜਨ=ਸੁਰਮਾਂ। ਲਿਵ ਲਾਹਿ=ਸਮਾਧੀ ਲਾ ਕੇ।

**ਅਰਥ**-੧.ਤਿਲ ਨੇ (ਕੋਲ੍ਹੂ ਦੀ) ਘਾਣੀ ਵਿਚ (ਆਪਣੇ ਆਪ ਨੂੰ) ਪਿੜਵਾ ਤੇਲ ਕਢਵਾਇਆ। ੨.(ਫੇਰ ਤੇਲ ਨੇ ਆਪ ਨੂੰ) ਦੀਵੇ ਵਿਚ ਸੜਵਾਕੇ (ਲੋਕਾਂ ਦਾ) ਅੰਧਕਾਰ ਦੂਰ ਕੀਤਾ। ੩.(ਉਸ ਤੇਲ ਨੇ)

ਸਿਆਹੀ (ਬਣਕੇ) ਦੁਆਤ ਵਿਚ ਪੈਕੇ (ਗੁਰੂ ਦਾ) ਸ਼ਬਦ ਲਿਖਵਾਇਆ। ੪.(ਉਸ ਸ਼ਬਦ ਨੂੰ) ਗੁਰੂ ਦੇ ਸਿਖਾਂ ਨੇ ਸੁਣਕੇ ਅਰ, ਲਿਖ ਲਿਖਾਕੇ ਪਰਮਾਤਮਾ (ਦੇ ਨਾਮ) ਨੂੰ ਸਣਾਇਆ। ੫.ਗੁਰਮੁਖਾਂ ਨੇ (ਤਿਲ ਵਾਂਙੂ ਤਤਿੱਖਜਾ ਸਹਾਰੀ) ਆਪਣਾ ਆਪ ਗਵਾਕੇ ਗੁਰੂ ਦੇ ਸ਼ਬਦ ਦਾ ਅਭਯਾਸ ਕੀਤਾ, (ਤੇਲ ਰੂਪ ਹੋ ਜਗਤ ਦੇ ਪਾਪਾਂ ਦਾ ਅੰਧੇਰਾ ਦੂਰ ਕੀਤਾ)। ੬.ਗਿਆਨ (ਰੂਪੀ) ਸੁਰਮੇ ਵਿਚ ਲਿਵ ਲਾਕੇ (ਅਖੰਡ ਸਮਾਧੀ ਲਾਕੇ) ਸਹਿਜ (ਪਦ ਵਿਖੇ ) ਸਮਾ ਗਏ।

**ਭਾਵ**-ਗੁਰਮੁਖਾਂ ਨੇ ਆਪ ਨੂੰ ਛੋਟਾ ਕਿਹਾ, ਤਿਲ ਵਾਂਗੂੰ ਕ਼ਸ਼ਟ ਸਹਾਰਕੇ ਲੋਕਾਂ ਦੇ ਲਈ ਕਿੰਨਾ ਹੀ ਲਾਭ ਪਹੁੰਚਾਇਆ, ਅਰ ਅਗਯਾਨ ਦਾ ਅੰਧੇਰਾ ਦੂਰ ਕਰਾ ਜਨਮ ਮਰਨ ਥੋਂ ਖਲਾਸੀ ਬਖਸ਼ੀ।

## ੧੧, (ਪਸ਼ੂ ਉੱਤਮਤਾ)।

੧. ਦੁਧੁ ਦੇਇ ਖੜੁ ਖਾਇ ਨ ਆਪੁ ਗਣਾਇਆ।
੨. ਦੁਧਹੁ ਦਹੀ ਜਮਾਇ ਘਿਉ ਨਿਪਜਾਇਆ।
੩. ਗੋਹਾ ਮੂਤੁ ਲਿੰਬਾਇ ਪੂਜ ਕਰਾਇਆ।
੪. ਛਤੀਹ ਅੰਮ੍ਰਿਤੁ ਖਾਹਿ ਕੁਚੀਲ ਕਰਇਆ।
੫. ਸਾਧ ਸੰਗਤਿ ਚਲਿ ਜਾਇ ਸਤਿਗੁਰੁ ਧਿਆਇਆ।
੬. ਸਫਲ ਜਨਮੁ ਜਗਿ ਆਇ ਸੁਖ ਫਲ ਪਾਇਆ॥੧੧॥

**ਪਦਾਰਥ**-(ਖੜੁ=ਘਾਹ। ਨਿਪਜਾਇਆ=ਕਢਵਾਇਆ। ਕੁਚੀਲ=ਵਿਸ਼ਟਾ।

**ਅਰਥ**-੧.(ਗਊ) ਘਾਹ ਖਾਕੇ ਦੁੱਧ ਦਿੰਦੀ ਹੈ (ਫਿਰ) ਆਪਣਾ ਆਪ ਨਹੀਂ ਗ਼ਣਾਉਂਦੀ (ਗ਼ਰੀਬ ਹੁੰਦੀ ਹੈ)। ੨.ਉਸ ਦੇ ਦੁੱਧ ਥੋਂ ਦਹੀਂ ਜਮਾਈਦਾ ਹੈ, (ਉਸ ਨੂੰ ਰਿੜਕ ਕੇ) ਘਿਉ ਕੱਢੀਦਾ ਹੈ। ੩.ਗੋਹੇ ਨਾਲ ਲੇਪਣ ਹੁੰਦਾ ਹੈ ਉਸ ਦੇ ਮੂਤਰ ਥੋਂ, (ਪੰਚਾਂਮ੍ਰਿਤ ਬਣਾ ਹਿੰਦੂ ਲੋਕ) ਪੂਜਾ ਕਰਦੇ ਹਨ। (ਅਗੇ ਤਿੰਨ ਤੁਕਾਂ ਵਿਖੇ ਸਿੱਧਾਂਤ ਦੱਸਦੇ ਹਨ)। ੪.(ਮਨੁੱਖ) ਛੱਤੀ ਪ੍ਰਕਾਰ ਦੇ ਭੋਜਨ ਖਾਕੇ 'ਕੁਚੀਲ' ਕਰ ਦਿੰਦਾ ਹੈ। ੫.(ਪਰੰਤੂ ਜੋ ਪ੍ਰਾਣੀ) ਸਾਧ ਸੰਗਤ ਵਿਖੇ ਘਰੋਂ ਚੱਲਕੇ ਜਾ ਪਹੁੰਚਦਾ ਅਰ ਉਥੇ ਸਤਿਗੁਰੂ (ਗੁਰੂ ਅਰਜਨ ਦੇਵ ਜੀ) ਨੂੰ ਧਿਆਉਂਦਾ ਹੈ। ੬.ਉਸ ਦਾ ਜਗ ਵਿਖੇ ਜਨਮ ਲੈਣਾ ਸਫ਼ਲ ਹੈ (ਉਸ ਨੇ) ਸੁਖ ਫਲ ਪਾਇਆ ਹੈ, (ਸ੍ਰੈ-ਸਰੂਪਾਨੰਦ ਨੂੰ ਧਾਰਣ ਕੀਤਾ ਹੈ)।

**ਭਾਵ**-ਅਜਿਹੇ ਪੁਰਖਾਂ ਨਾਲੋਂ, ਜੋ ਉਪਕਾਰੀ ਨਹੀਂ, ਪਸ਼ੂ ਚੰਗੇ ਹਨ, ਜਿਹਾ ਗੁਰੂ ਜੀ ਕਹਿੰਦੇ ਹਨ :-"**ਪਸੂ ਮਿਲਹਿ ਚੰਗਿਆਈਆਂ ਖੜੁ ਖਾਵਹਿ ਅੰਮ੍ਰਿਤ ਦੇਹਿ**"। ਪੁਨਾ :-"**ਨਰੂ ਮਰੈ ਨਰੁ ਕਾਮਿ ਨ ਆਵੈ॥ ਪਸੂ ਮਰੈ ਦਸ ਕਾਜ ਸਵਾਰੈ**"॥ ਆਦਮੀ ਦਾ ਸਰੀਰ ਕਿਸੇ ਕੰਮ ਨਹੀਂ ਆਉਂਦਾ, ਪਸ਼ੂ ਮਰੇ ਤਾਂ ਉਸ ਦੇ ਹੱਡ ਨੌਹਾਂ ਤੀਕ ਸਭ ਅਵੈਵ ਕੰਮ ਆਉਂਦੇ ਹਨ, ਪਰ ਮਨੁੱਖ ਨੇ ਜੇ ਸੁਖ ਫਲ ਪ੍ਰਾਪਤ ਨਹੀਂ ਕੀਤਾ ਤਾ ਪਸੂ ਉਸ ਤੋਂ ਵਧੀਕ ਉਪਕਾਰੀ ਹਨ। ਅੱਗੇ ਕਪਾਹ ਦਾ ਦ੍ਰਿਸ਼ਟਾਂਤ ਦੇ ਕੇ ਪੁਸ਼ਟੀ ਕਰਦੇ ਹਨ।

## ੧੨. (ਕਪਾਹ)।

੧. ਦੁਖ ਸਹੈ ਕਪਾਹਿ ਭਾਣਾ ਭਾਇਆ।
੨. ਵੇਲਣਿ ਵੇਲ ਵੇਲਾਹਿ ਤੁੰਬਿ ਤੁੰਬਾਇਆ।
੩. ਪਿੰਞਣਿ ਪਿੰਜ ਫਿਰਾਹਿ ਸੂਤੁ ਕਤਾਇਆ।
੪. ਨਲੀ ਜੋਲਾਹੇ ਵਾਹਿ ਚੀਰੁ ਵੁਣਾਇਆ।
੫. ਖੁੰਬ ਚੜ੍ਹਾਇਨਿ ਬਾਹਿ ਨੀਰਿ ਧੁਵਾਇਆ।

੬. ਪੈਨ੍ਹਿ ਸਾਹਿ ਪਾਤਿਸਾਹਿ ਸਭਾ ਸੁਭਾਇਆ ॥੧੨॥

**ਪਦਾਰਥ**-(ਵੇਲਣਿ=ਵੜੇਵੇਂ ਅੱਡ ਕਰਨ ਵਾਲਾ ਯੰਤਰ। ਵੇਲਵਿਲਾਹਿ=ਵੜੇਵੇਂ ਅੱਡ ਕਰਨਾ। (ਪਿੰਞਣ=ਪੇਂਜਾ। ਵਾਹਿ=ਪਾਕੇ। ਚੀਰੁ=ਕੱਪੜਾ। ਬਾਹਿ=ਨਦੀ, ਨਾਲੇ।

**ਅਰਥ**-੧.ਕਪਾਹ (ਵੱਡਾ) ਦੁਖ ਸਹਾਰਦੀ ਹੈ, (ਮਾਨੋਂ ਰੱਬ ਦਾ) ਭਾਣਾ ਚੰਗਾ ਲੱਗਦਾ ਹੈਸੁ। ੨.ਵੇਲਣੇ ਵਿਖੇ ਪਾਕੇ ਵੜੇਵਾਂ ਅੱਡ ਕੀਤਾ ਜਾਂਦਾ ਹੈ, (ਹੱਥਾਂ ਨਾਲ) ਤੁੰਬਾ (ਰੱਤੀ ਰੱਤੀ) ਕੀਤਾ ਜਾਂਦਾ ਹੈ। ੩.ਪੇਂਜਾ ਪਿੰਞਣ ਵਿਚੋਂ ਕੱਢਦਾ ਹੈ, (ਤੇ ਫੇਰ ਚਰਖਿਆਂ ਵਿਚ) ਸੂਤ ਕੱਤੀਦਾ ਹੈ। ੪.ਜੁਲਾਹਾ ਨਲੀਆਂ ਵਿਚ ਪਾਕੇ ਕੱਪੜਾ ਉਣਦਾ ਹੈ, (ਧੋਬੀ ਲੋਕ) ਖੁੰਬ ਪੁਰ ਚੜ੍ਹਾਉਂਦੇ ਹਨ (ਫੇਰ) ਵਗਦੇ ਨਦੀ ਨਾਲਿਆਂ ਪੁਰ ਪਾਣੀ ਨਾਲ ਸਾਫ ਕਰਦੇ ਹਨ। ੬.ਪਾਤਸ਼ਾਹ ਅਰ ਸ਼ਾਹ ਲੋਕ ਕੱਪੜਿਆਂ ਨੂੰ ਪਹਿਨਕੇ ਸਭਾ ਵਿਖੇ ਸੁਭਾਇਮਾਨ ਹੁੰਦੇ ਹਨ।

**ਭਾਵ**-ਗੁਰਮੁਖਾਂ ਨੇ ਕਪਾਹ ਵਾਂਙੂ ਨਿੰਮ੍ਰਤਾ ਅਤੇ ਸਰੀਰ ਪੁਰ ਨਾਨਾ ਕਸ਼ਟ ਸਹਿ ਕਰਕੇ ਲੋਕਾਂ ਨੂੰ ਆਰਾਮ ਦਿੱਤਾ, ਪਰੰਤੂ ਸ਼ਾਹ ਅਤੇ ਪਾਤਸ਼ਾਹ ਲੋਕ ਅਭਿਮਾਨੀ ਬਣ ਬੈਠੇ, '**ਦਾਤਿ ਪਿਆਰੀ ਵਿਸਰਿਆ ਦਾਤਾਰਾ**' ਆਪ ਨੂੰ ਹੀ ਸਭਾ ਸ਼ਿੰਗਾਰ ਕਹਾਉਣ ਲੱਗੇ, 'ਦਾਤਾਰ' ਅਕਾਲ ਪੁਰਖ ਵੱਲ ਧਿਆਨ ਨਾ ਦਿੱਤਾ। ਅਗੇ ਮਜੀਠ ਆਦਿ ਦਾ ਦ੍ਰਿਸ਼ਟਾਂਤ ਦੇਕੇ ਸਾਧੂਆਂ ਦਾ ਵਰਣਨ ਕਰਦੇ ਹਨ।

## ੧੩. (ਮਜੀਠ ਅਤੇ ਕਮਾਦ)।

੧. ਜਾਣੁ ਮਜੀਠੈ ਰੰਗੁ ਆਪੁ ਪੀਹਾਇਆ।
੨. ਕਦੇ ਨ ਛਡੈ ਸੰਗੁ ਬਣਤ ਬਣਾਇਆ।
੩. ਕਟਿ ਕਮਾਦੁ ਨਿਸੰਗੁ ਆਪੁ ਪੀੜਾਇਆ।
੪. ਕਰੈ ਨ ਮਨ ਰਸ ਭੰਗੁ ਅਮਿਓ ਚੁਆਇਆ।
੫. ਗੁੜੁ ਸਕਰ ਖੰਡ ਅਚੰਗੁ ਭੋਗ ਭੁਗਾਇਆ।
੬. ਸਾਧ ਨ ਮੋੜਨ ਅੰਗੁ ਜਗੁ ਪਰਚਾਇਆ ॥੧੩॥

**ਪਦਾਰਥ**-(ਪੀਹਾਇਆ=ਚੱਕੀ ਵਿਚ ਪਿਸਾਇਆ। ਅਮਿਉ=ਅੰਮ੍ਰਿਤ। (ਅਚੰਗ=ਜਿਸ ਤੋਂ ਹੋਰ ਚੰਗਾ ਨਾ ਹੋਵੇ। ਅੰਗ=ਸਰੀਰ।

**ਅਰਥ**-੧.ਦੇਖੋ ਮਜੀਠ ਦੇ ਰੰਗ ਨੇ (ਪਹਿਲੇ) ਆਪਣਾ ਆਪ (ਚੱਕੀ ਵਿਖੇ) ਪਿਸਾਇਆ। ੨.(ਭਾਵੇਂ ਰੂਪ ਬਦਲਿਆ, ਪਰੰਤੂ ਰੰਗ ਦਾ) ਸੰਗ ਕਦੇ ਨਹੀਂ ਛਡਿਆ, ਏਹ ਬਣਤ ਬਣੀ ਹੀ ਰਹੀ। ੩.(ਅਜਿਹਾ ਹੀ ਕਮਾਦ ਦਾ ਹਾਲ ਹੈ ਕਿਉਂ ਜੋ) ਕਮਾਦ ਟੋਟੇ ਹੋ ਆਪਣਾ ਆਪ ਨਿਸ਼ੰਗ ਹੋਕੇ (ਰਹੁ ਦੇ ਵੇਲਣਿਆਂ ਵਿਚ) ਪਿੜਾਉਂਦਾ ਹੈ। ੪.ਮਨ ਦਾ ਰਸ ਭੰਗ ਨਹੀਂ ਕਰਦਾ, ਅੰਮ੍ਰਿਤ (ਵਰਗਾ ਮਿੱਠਾ ਰਸ) ਚੁਆਉਂਦਾ ਹੈ। ੫.(ਰਹੁ ਥੋਂ) ਗੁੜ, ਸ਼ੱਕਰ ਅਰ ਖੰਡ (ਅਚੰਗ) ਜਿਸ ਥੋਂ ਹੋਰ ਕੋਈ ਚੰਗਾ ਨਾ ਹੋਵੇ (ਦੇਂਦਾ ਹੈ, ਅਰ ਸੰਸਾਰ ਨੂੰ ਨਾਨਾ ਪ੍ਰਕਾਰ ਦੇ ਮਿੱਠੇ) ਭੋਗ ਭੁਗਾਉਂਦਾ ਹੈ। ੬.(ਤਿਵੇਂ) ਸਾਧ ਲੋਕ ਆਪਣਾ ਸਰੀਰ ਨਹੀਂ ਮੋੜਦੇ ਜਗਤ ਨੂੰ ਸੁਖ ਦਿੰਦੇ ਹਨ।

**ਭਾਵ**-ਮਜੀਠ ਆਪ ਪੀਪੂ ਹੋ ਗਈ ਪਰ ਰੰਗ ਨੂੰ ਨਾ ਛਡਿਆ, ਕੱਪੜੇ ਨੂੰ ਅਜਿਹਾ ਰੰਗਿਅ ਕਿ ਉਹ ਭਾਵੇਂ ਪਾਟ ਜਾਵੇ ਪਰ ਰੰਗ ਵਿਚ ਭੰਗ ਨਾ ਪਵੇ, ਯਥਾ ਗੁਰਵਾਕ:-"**ਤੇਰਾ ਏਕੋ ਨਾਮੁ ਮਜੀਠੜਾ ਰਤਾ ਮੇਰਾ ਚੋਲਾ**"। (ਸੂਹੀ: ਮ:੧) ਅਜਿਹਾ ਹੀ ਕਮਾਦ ਨੇ ਭੀ ਮਨ ਵਿਖੇ ਵੱਟ ਨਾ ਖਾਧਾ, ਭਾਵੇਂ ਕਈ ਕਸ਼ਟ ਸਹਾਰੇ ਪਰ ਸਦਾ ਪ੍ਰੇਮ ਕਰਕੇ ਰਸ ਹੀ ਦਿੱਤਾ। ਨਾਨਾਂ ਭਾਂਤ ਦੀਆਂ ਮਠਿਆਇਆਂ ਉਸੇ ਦੇ ਪ੍ਰਤਾਪ ਤੋਂ ਬਣੀਆਂ, ਜਿਨ੍ਹਾਂ ਨੂੰ ਛਕ ਕੇ ਲੋਕ ਮੌਜਾਂ ਮਾਣਦੇ ਹਨ। ਠੀਕ ਇਕੁਰ ਸਾਧੂ ਲੋਕ ਆਪਣੇ

ਸਰੀਰ ਪੁਰ ਨਾਨਾ ਬੇਅਦਬੀਆਂ ਝੱਲਕੇ ਬੀ ਪਰਾਏ ਕਾਰਜ ਹੀ ਸਵਾਰਦੇ ਹਨ।

## ੧੪. (ਲੋਹਾ)।

੧. ਲੋਹਾ ਆਰਣਿ ਪਾਇ ਤਾਵਣਿ ਤਾਇਆ।
੨. ਘਣ ਅਹਰਣਿ ਹਣਵਾਇ ਦੁਖੁ ਸਹਾਇਆ।
੩. ਆਰਸੀਆ ਘੜਵਾਇ ਮੁਲੁ ਕਰਾਇਆ।
੪. ਖਹੁਰੀ ਸਾਣ ਧਰਾਇ ਅੰਗੁ ਹਛਾਇਆ।
੫. ਪੈਰਾਂ ਹੇਠਿ ਰਖਾਇ ਸਿਕਲ ਕਰਾਇਆ।
੬. ਗੁਰਮਖਿ ਆਪੁ ਗਵਾਏ ਆਪੁ ਦਿਖਾਇਆ ॥੧੪॥

**ਪਦਾਰਥ**-(ਆਰਣਿ=ਲੋਹਾਰ ਦੀ ਭੱਠੀ। ਅਹਰਣਿ=ਲੋਹੇ ਦਾ ਇਕ ਵੱਡਾ ਟੋਟਾ ਜਿਸ ਤੇ ਲੋਹਾ (ਰੱਖਕੇ ਘੜਦੇ ਹਨ। ਤਾਵਣਿ=ਅਗਨੀ ਘਣ=ਹਥੌੜਾ। ਹਣਵਾਇ=ਸੱਟਾਂ ਮਰਵਾਕੇ। (ਖਹੁਰੀ=ਖੁਰਦਰੀ। ਸਿਕਲ=ਮਾਂਜਣਾ।

**ਅਰਥ**-੧.ਲੋਹਾ ਲੋਹਾਰ ਦੀ ਭੱਠੀ ਵਿਚ ਪਾਕੇ ਅੱਗ ਨਾਲ ਤਾਕੇ ਅੱਗ ਦਾ ਰੂਪ ਕੀਤਾ ਜਾਂਦਾ ਹੈ। ੨.ਹਥੌੜੇ ਨਾਲ ਲੋਹੇ ਦੀ ਅਹਿਰਣ ਉੱਤੇ ('ਹਣਵਾਇ' ਕਹੀਏ) ਸੱਟਾਂ ਨਾਲ ਦੁਖ ਦੇਈਦਾ ਹੈ। ੩.ਸ਼ੀਸ਼ਿਆਂ (ਵਾਂਗੂੰ) ਪਤਲਾ ਘੜਾਕੇ ਮੁਲ ਕੀਤਾ ਜਾਂਦਾ ਹੈ। ੪.ਖੁਰਦਰੀ ਸਾਣ ਉਤੇ ਰੱਖਕੇ (ਤਲਵਾਰਾਂ, ਚਾਕੂ, ਕੈਂਚੀ ਆਦਿ ਚੰਗੇ 'ਅੰਗ') ਔਜ਼ਾਰ ਬਣਾਏ ਜਾਂਦੇ ਹਨ। ੫.ਪੈਰਾਂ ਹੇਠ ਰੱਖਕੇ ਸਿਕਲ ਕੀਤਾ ਜਾਂਦਾ ਹੈ। (ਛੇਕੜਲੀ ਤੁਕ ਵਿਖੇ ਦ੍ਰਿਸ਼ਟਾਂਤ ਦੱਸਦੇ ਹਨ:-) ੬.ਗੁਰਮੁਖਾਂ ਨੇ ਆਪਣਾ ਆਪ ਗਵਾਕੇ ਆਪ ਨੂੰ ਦੇਖਿਆ ਹੈ, (ਤਥਾ ਗੁਰਮੁਖਾਂ ਨੇ ਮਨ ਰੂਪੀ ਲੋਹੇ ਨੂੰ ਜਪ ਜਪਾਦਿਕਾਂ ਨਾਲ ਤਾਕੇ ਫੇਰ ਗਿਆਨ ਅਭਿਆਸ ਰੂਪ ਹਥੌੜੇ ਦੀਆਂ ਸੱਟਾਂ ਨਾਲ ਸ਼ੀਸ਼ੇ ਵਾਂਙੂ ਸ਼ੁੱਧ ਕੀਤਾ, ਆਪਣਾ ਆਪ ਗੁਵਾਕੇ ਸੰਸਾਰ ਨੂੰ ਆਪਾ ਕਰਨੀ ਦੇ ਉਪਦੇਸ਼ ਨਾਲ ਦਿਖਾਇਆ ਹੈ)।

## ੧੫. (ਰਬਾਬ)।

੧. ਚੰਗਾ ਰੁਖੁ ਵਢਾਇ ਰਬਾਬੁ ਘੜਾਇਆ।
੨. ਛੇਲੀ ਹੋਇ ਕੁਹਾਇ ਮਾਸੁ ਵੰਡਾਇਆ।
੩. ਆਂਦ੍ਰਹੁੰ ਤਾਰ ਬਣਾਇ ਚੰਮਿ ਮੜਾਇਆ।
੪. ਸਾਧ ਸੰਗਤਿ ਵਿਚਿ ਆਇ ਨਾਦ ਵਜਾਇਆ।
੫. ਰਾਗ ਰੰਗ ਉਪਜਾਇ ਸਬਦੁ ਸੁਣਾਇਆ।
੬. ਸਤਿਗੁਰੁ ਪੁਰਖੁ ਧਿਆਇ ਸਹਜਿ ਸਮਾਇਆ ॥੧੫॥

**ਪਦਾਰਥ**-(ਰੁੱਖੁ=ਬ੍ਰਿਛ। ਛੇਲੀ=ਬੱਕਰੀ। ਆਂਦ੍ਰਹੁੰ=ਆਂਦਰਾਂ ਤੋਂ। ਨਾਦ=ਧੁਨੀ

**ਅਰਥ**-੧.ਚੰਗੀ ਜਾਤ (ਤੁਣ ਆਦਿ) ਦਾ ਬ੍ਰਿਛ ਵਢਾ ਕੇ ਰਬਾਬ ਘੜਾਇਆ। ੨.ਛੋਟੀ ਬੱਕਰੀ ਨੇ ਹੋਕੇ (ਆਪਣਾ ਆਪ) ਕੁਹਾਕੇ ਮਾਸ ਵੰਡਵਾਇਆ। ੩.(ਆਪਣੀਆਂ) ਆਂਦਰਾਂ ਤੋਂ ਤਾਰਾਂ ਬਣਾਕੇ ਚੰਮ (ਨਾਲ ਰਬਾਬ) ਮੜ੍ਹਿਆ। ੪.ਸਾਧ ਸੰਗਤ ਵਿਖੇ ਆਕੇ (ਰਬਾਬੀਆਂ ਨੇ ਉਸ ਤਾਰ ਤੋਂ 'ਨਾਦ') ਸ਼ਬਦ ਵਜਾਯਾ। ੫.(ਰਬਾਬ ਵਿਚ ਕਈ ਤਰ੍ਹਾਂ ਦੇ 'ਰੰਗ') ਪ੍ਰੇਮ ਭਰੇ ਰਾਗ ਕੱਢਕੇ (ਉਸ ਨਾਲ) ਸ਼ਬਦ (ਗੁਰੂ ਦੇ) ਸੁਣਾਏ। ੬.(ਐਉਂ ਰਬਾਬ ਵਾਂਙੂ ਦੁਖ ਤੇ ਤਾਉ ਸਹਾਰਕੇ ਜਿਨ੍ਹਾਂ ਨੇ) ਸਤਿਗੁਰੂ ਪੁਰਖ ਨੂੰ ਚਿੰਤਨ

ਕੀਤਾ ਹੈ (ਉਹ ਲੋਕ) 'ਸਹਜ ਪਦ' ਵਿਖੇ ਸਮਾਏ (ਸਰੂਪ ਵਿਖੇ ਮਗਨ ਹੋ ਗਏ)।

## ੧੬. (ਚੰਦਨ ਵਰਣਨ)।

੧. ਚੰਨਣੁ ਰੁਖੁ ਉਪਾਇ ਵਣਖੰਡਿ ਰਖਿਆ।
੨. ਪਵਣੁ ਗਵਣੁ ਕਰਿ ਜਾਇ ਅਲਖੁ ਨ ਲਖਿਆ।
੩. ਵਾਸੂ ਬਿਰਖ ਬੁਹਾਇ ਸਚੁ ਪਰਖਿਆ।
੪. ਸਭੇ ਵਰਨ ਗਵਾਇ ਭਖਿ ਅਭਖਿਆ।
੫. ਸਾਧ ਸੰਗਤਿ ਭੈ ਭਾਇ ਅਪਿਓ ਪੀ ਚਖਿਆ।
੬. ਗੁਰਮੁਖਿ ਸਹਜਿ ਸੁਭਾਇ ਪ੍ਰੇਮ ਪ੍ਰਤਖਿਆ॥੧੬॥

**ਪਦਾਰਥ**-(ਚੰਨਣੁ=ਚੰਦਨ। ਵਣਖੰਡਿ=ਉਦਯਾਨ, ਸੰਘਣਾ ਬਣ। ਵਾਸੂ=ਵਾਸ਼ਨਾ। (ਬੁਹਾਇ=ਸੁਗੰਧਿਤ। ਭੱਖ ਅਭੱਖਿਆ=ਖਾਣ ਵਾਲੇ ਜਾਂ ਨਾ ਖਾਣ ਵਾਲੇ, (ਭਲੇ ਬੁਰੇ। ਅਪਿਓ=ਅੰਮ੍ਰਿਤ।

**ਅਰਥ**-੧.(ਰੱਬ ਨੇ) ਚੰਦਨ ਦਾ ਬ੍ਰਿਛ ਉਤਪਤ ਕਰਕੇ ਸੰਘਣੇ ਬਣ ਵਿਖੇ ਰਖਿਆ ਹੈ। ੨.ਪੌਣ (ਉਸ ਵਿਚ) ਗਮਨ ਕਰ ਜਾਂਦੀ ਹੈ, (ਭਾਵ-ਵਾਸ਼ਨਾ ਥੋਂ ਮਲੂਮ ਹੁੰਦਾ ਹੈ ਕਿ ਇਹ ਬਾਵਨ ਚੰਦਨ ਦੀ ਵਾਸ਼ਨਾ ਹੈ) ਨਹੀਂ ਤਾਂ (ਆਪ) ਅਲਖ ਹੈ (ਕੋਈ ਉਸ ਨੂੰ)ਲਖ ਨਹੀਂ ਸਕਦਾ। ੩.(ਆਪਣੀ) ਵਾਸ਼ਨਾ ਥੋਂ ਹੋਰ ਬ੍ਰਿਛਾਂ ਨੂੰ ਸੁਗੰਧਿਤ ਕਰ ਦੇਂਦਾ ਹੈ (ਐਉਂ) ਸੱਚ ਪਰਖਿਆ ਜਾਂਦਾ ਹੈ। ੪.ਸਾਰੇ ਵਰਨ (ਭੱਖ ਅਭੱਖ ਕਹੀਏ) ਭਲੇ ਬੁਰੇ (ਢੱਕ, ਪਲਾਹ, ਕਿੱਕਰ, ਨਿੰਮ ਆਦਿ ਰੂਪ) ਗਵਾਕੇ (ਚੰਦਨ ਹੀ ਕਰ ਦੇਂਦਾ ਹੈ। ਅਥਵਾ ਭੱਖ ਅਭੱਖ ਖਾਣ ਯਾ ਨਾ ਖਾਣ ਵਾਲੇ ਫਲਾਂ ਅਫਲਾਂ ਵਾਲੇ ਬ੍ਰਿੱਛ ਸਾਰੇ ਤਦਰੂਪ ਹੀ ਹੋ ਜਾਂਦੇ ਹਨ), ੫.ਸਾਧ ਸੰਗਤ ਵਿਖੇ (ਜਿਨ੍ਹਾਂ) ਪ੍ਰੇਮ ਕੀਤਾ ਹੈ, ਓਹਨ੍ਹਾਂ ਅੰਮ੍ਰਿਤ ਨੂੰ ਪੀਕੇ ਸਵਾਦ ਲੀਤਾ ਹੈ। ੬.(ਓਹਨਾਂ) ਗੁਰਮੁਖਾਂ ਦਾ ਸਹਿਜ ਸੁਭਾ ਹੀ ਪ੍ਰੇਮ ਪ੍ਰਤੱਖ ਹੁੰਦਾ ਹੈ।

**ਭਾਵ**-ਗੁਰਮੁਖ ਬਾਵਨ ਚੰਦਨ ਸੰਸਾਰ ਦੇ ਬਨ ਵਿਖੇ ਅਲੱਖ ਰਹਿੰਦੇ ਹਨ, ਪਵਣ ਕਹੀਏ ਪ੍ਰਣਵ '੧ਓਅੰਕਾਰ' ਦੀ ਪੌਣ ਓਹਨਾਂ ਵਿਖੇ ਚਲਦੀ ਹੈ। ਜੋ ਸ਼ਰਧਾਲੂ (ਜਗਯਾਸੂ ਉਚ ਨੀਚ) ਨਿਕਟ ਆਉਂਦਾ ਹੈ ਉਸ ਨਾਲ ਲਗਕੇ ਉਸਨੂੰ ਆਪਣੇ ਸਮਾਨ ਕਰ ਦੇਂਦੇ ਹਨ।

## ੧੭. (ਸੇਵਾ ਵਰਣਨ)।

੧. ਗੁਰ ਸਿਖਾਂ ਗੁਰ ਸਿਖ ਸੇਵ ਕਮਾਵਣੀ।
੨. ਚਾਰਿ ਪਦਾਰਥਿ ਭਿਖ ਫਕੀਰਾ ਪਾਵਣੀ।
੩. ਲੇਖ ਅਲੇਖ ਅਲਖ ਬਾਣੀ ਗਾਵਣੀ।
੪. ਭਾਇ ਭਗਤਿ ਰਸੁ ਇਖ ਅਮਿਉ ਚੁਆਵਣੀ।
੫. ਤੁਲਿ ਨ ਭੂਤ ਭਵਿਖ ਨ ਕੀਮਤਿ ਪਾਵਣੀ।
੬. ਗੁਰਮੁਖਿ ਮਾਰਗ ਵਿਖ ਲਵੈ ਨ ਲਾਵਣੀ॥੧੭॥

**ਪਦਾਰਥ**-(ਭਿਖ=ਭਿਖਯਾ। ਭੂਤ ਭਵਿੱਖ -ਭਾਵ ਤਿੰਨਾਂ ਕਾਲਾਂ : ਭੂਤ, ਭਵਿਖਤ, (ਵਰਤਮਾਨ ਦੇ (ਪਦਾਰਥ)। ਵਿਖ=ਕਰਮ, ਉਲਾਂਘ।

**ਅਰਥ**-੧.ਗੁਰੂ ਦੇ ਸਿੱਖਾਂ ਦੀ ਸੇਵਾ ਗੁਰੂ ਦੇ ਸਿੱਖ ਕਰਦੇ ਹਨ। ੨.ਚਾਰ ਪਦਾਰਥ (ਧਰਮ, ਅਰਥ,

ਕਾਮ, ਮੋਖ) ਦੀ ਭਿੱਖਜਾ 'ਫਕੀਰ' (ਪਰਮੇਸ਼ੁਰ ਦੇ ਪਜਾਰਿਆਂ ਸਿੱਖਾਂ ਨੇ ਜਗਜਾਸੂਆਂ) ਨੂੰ ਪਾਉਣੀ ਹੈ। ੩.ਲੇਖੇ ਥੋਂ ਅਲੇਖ ਜੋ ਅਲੱਖ (ਪਰਮਾਤਮਾ) ਹੈ, ਉਸ ਦੀ ਬਾਨੀ ਦਾ ਉਚਾਰ (ਗੁਰੂ ਦੇ ਸਿੱਖ ਆਪ) ਕਰਦੇ ਹਨ। ੪.ਪ੍ਰੇਮਾ ਭਗਤੀ ਨਾਲ ਗੰਨੇ ਦੇ ਰਸ ਵਾਂਙੂ ਮਿੱਠੀ ਅੰਮ੍ਰਿਤ (ਰੂਪ ਬਾਣੀ ਜਗਿਆਸੂਆਂ ਦੇ ਮੂੰਹ ਵਿਚ 'ਚੁਆਉਣੀ' ਕਹੀਏ) ਪਾਉਂਦੇ ਹਨ (ਭਾਵ ਆਪ ਜਪਦੇ ਤੇ ਹੋਰਨਾਂ ਨੂੰ ਜਪਾਉਂਦੇ ਹਨ)। ੫.(ਉਸ ਫਲ ਦੇ) ਸਮਾਨ ਤਿੰਨਾਂ ਕਾਲਾਂ ਦੇ ਪਦਾਰਥ ਨਹੀਂ ਤੁਲ ਸਕਦੇ ਨਾ ਹੀ (ਉਸ ਦੀ) ਕੋਈ ਕੀਮਤ ਪੈ ਸਕਦੀ ਹੈ। ੬.ਗੁਰਮੁਖਾਂ ਦੇ ਮਾਰਗ ਦੀ ਇਕ ਉਲਾਂਘ ਭਰਣੀ ਕਿਸੇ ਦੇ ਲਵੇ ਨਹੀਂ ਲਗਦੀ (ਉਸ ਦੀ ਬ੍ਰੋਬਰੀ ਕਿਵੇਂ ਬੀ ਨਹੀਂ ਹੋ ਸਕਦੀ)।

## ੧੮. (ਸੇਵਾ ਫਲ)।

੧. ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ।
੨. ਲਖ ਸੁਰਗ ਸਿਰਤਾਜ ਗਲਾ ਪੀਹਾਵਣੀ।
੩. ਰਿਧਿ ਸਿਧਿ ਨਿਧ ਲਖ ਸਾਜ ਚੁਲਿ ਝੁਕਾਵਣੀ।
੪. ਸਾਧ ਗਰੀਬ ਨਿਵਾਜ ਗਰੀਬੀ ਆਵਣੀ।
੫. ਅਨਹਦ ਸਬਦ ਅਗਾਜ ਬਾਣੀ ਗਾਵਣੀ॥੧੮॥

**ਪਦਾਰਥ**-(ਨੀਰ ਭਰਾਵਣੀ=ਪਾਨੀ ਭਰਣਾ। ਗਲਾ ਪੀਹਾਵਣੀ-ਕਣਕ ਪੀਹਣੀ।
(ਚੁਲਿ ਝੁਕਾਵਣੀ=ਚੁਲ੍ਹੇ ਵਿਚ ਬਾਲਣ ਝੋਕਣਾ, ਭਾਵ ਲੰਗਰ ਪਕਾਉਣਾ।
(ਅਗਾਜ-ਪ੍ਰਗਟ।

**ਅਰਥ**-੧.(ਸਾਧ ਸੰਗਤ ਵਿਖੇ ਜਾਕੇ) ਪਾਨੀ ਭਰਣ ਦੀ (ਟਹਿਲ) ਹੈ ਉਹ ਇੰਦ੍ਰਪੁਰੀ ਦੇ ਲੱਖਾਂ ਰਾਜਾਂ (ਤੋਂ ਸ਼੍ਰੇਸ਼ਟ) ਹੈ। ੨.ਕਣਕ ਪੀਹਣ ਦੀ (ਸਾਧ ਸੰਗਤ ਵਾਸਤੇ ਜੋ ਸੇਵਾ ਹੈ ਉਹ) ਲੱਖਾਂ ਸੁਰਗਾਂ ਦੀ ਸਿਰਤਾਜ*ਹੈ। ੩.(ਸਾਧ ਸੰਗਤ ਦੇ ਪ੍ਰਸ਼ਾਦੇ ਛਕਾਉਣ ਦੀ ਸੇਵਾ ਵਿਚ ਜੋ) ਚੁੱਲ੍ਹ ਝੋਕਣੀ ਹੈ ਰਿੱਧੀਆਂ ਸਿੱਧੀਆਂ ਦੇ ਲੱਖਾਂ ਸਾਜਾਂ (ਤੋਂ ਸ੍ਰੇਸ਼ਟ ਹੈ)। ੪.(ਸਾਧੂ ਅਭਜਾਗਤ ਤੇ) ਗਰੀਬ ਨੂੰ ਜੋ ਵਡਿਆਈ ਦੇਣੀ ਹੈ (ਇਸ ਨਾਲ ਯਾ ਇਹੋ ਮਨ ਵਿਖੇ) ਗਰੀਬੀ ਆਉਣੀ ਹੈ, (ਕਈ ਕਹਿੰਦੇ ਹਨ ਕਿ ਸਾਧੂ ਗਰੀਬ ਨਿਵਾਜ,ਹਨ ਉਨ੍ਹਾਂ ਨੂੰ ਆਪ ਬੀ ਗਰੀਬੀ ਹੀ ਆਉਂਦੀ ਹੈ)। ੫.(ਗੁਰੂ ਦੇ ਦੁਆਰੇ ਜਾਕੇ ਜੋ ਗੁਰੂ ਦੀ) ਬਾਣੀ ਗਾਉਣੀ ਹੈ, ਇਹੋ ਅਨਾਹਦ ਸਬਦ ਪ੍ਰਗਟ ਹੈ।

**ਭਾਵ**-ਜੋ ਮੁਖ ਥੋਂ ਗੁਰੂ ਜੀ ਦੀ ਬਾਣੀ ਦਾ ਅਲਾਪ ਕਰਦਾ ਹੈ ਕਮਲ ਵਤ ਪਦਾਰਥਾਂ ਵਿਖੇ ਅਲੇਪ ਰਹਿੰਦਾ ਹੈ, ਸੇਵਾ ਪਾਨੀ, ਚੱਕੀ, ਚੁਲ੍ਹ ਝੋਕਣ ਦੀ ਕਰਦਾ ਹੈ, ਓਹੋ ਸੇਵਾ ਕਰ ਕੇ ਮੇਵਾ ਪਾਉਂਦਾ ਹੈ, ਭਾਵ ਇਹ ਹੈ ਕਿ ਸਾਧ ਸੰਗਤ ਵਿਚ ਜੋ ਪ੍ਰੇਮ ਭਾਵ ਲੈਕੇ ਸੇਵਾ ਕਰਦਾ ਹੈ, ਉਸ ਨੂੰ ਉਹ ਪ੍ਰੇਮ ਦਾ ਕਿਣਕਾ ਉਸ ਸੇਵਾ ਵਿਚ ਆਪਣੀ ਸੁਰਤ ਦੇ ਉਂਜਲੇ, ਕੱਠੇ ਤੇ ਉੱਚੇ ਹੋਣ ਦਾ ਰਸ ਆਉਂਦਾ ਹੈ। ਉਸ ਰਸ ਦੇ ਅੱਗੇ ਸਾਰੇ ਹੋਰ ਜੋ ਦ੍ਰਿਸ਼ਟਮਾਨ ਦੇ ਹਨ ਨਿਕੰਮੇ ਹਨ।

## ੧੯. (ਸੇਵਾ ਫਲ)।

੧. ਹੋਮ ਜਗ ਲਖ ਭੋਗ ਚਣੇ ਚਬਾਵਣੀ।
੨. ਤੀਰਥ ਪੁਰਬ ਸੰਜੋਗ ਪੈਰ ਧੁਵਾਵਣੀ।

*ਜਿਨਾਂ ਤੁਕਾਂ ਵਿਚ ਭਾਈ ਜੀ ਨੇ ਕੋਈ ਵਿਸ਼ੇਸ਼ਤਾ ਦੱਸਣ ਵਾਲਾ ਪਦ ਨਹੀਂ ਦਿਤਾ ਉਨ੍ਹਾਂ ਵਿਚ ਤੁੱਲਤਾ ਨਹੀ ਜਾਨਣੀ, ਵਿਸ਼ੇਸ਼ਤਾ ਸਮਝਣੀ, ਕਿਉਂਕਿ ਇਕ ਇਕ ਤੁਕ ਤੋਂ ਉਨ੍ਹਾਂ ਦਾ ਭਾਵ ਪਿਆ ਪ੍ਰਤੀਤ ਹੁੰਦਾ ਹੈ।

੩. ਗਿਆਨ ਧਿਆਨ ਲਖ ਜੋਗ ਸਬਦ ਸੁਨਾਵਣੀ।
੪. ਰਹੈ ਨ ਸਹਸਾ ਸੋਗ ਝਾਤੀ ਪਾਵਣੀ।
੫. ਭਉਜਲ ਵਿਚਿ ਅਰੋਗ ਨ ਲਹਰਿ ਡਰਾਵਣੀ।
੬. ਲੰਘਿ ਸੰਜੋਗ ਵਿਜੋਗ ਗੁਰਮਤਿ ਆਵਣੀ॥੧੯॥

**ਪਦਾਰਥ**-ਚਣੇ ਚਬਾਵਣੀ=ਛੋਲੇ ਚਬਾਵਣੇ ਦੀ ਸੇਵਾ। ਪੈਰ ਧੁਆਵਣੀ=ਚਰਣ ਧੋਣ ਦੀ ਸੇਵਾ। (ਸਬਦ ਸੁਣਾਵਣੀ=ਕੀਰਤਨ ਦੀ ਸੇਵਾ। ਝਾਤੀ ਪਾਵਣੀ=ਦਰਸ਼ਨ ਹੀ ਕਰਣਾ।

**ਅਰਥ**-੧.(ਗੁਰ ਸਿੱਖਾਂ ਵਿਚ) ਛੋਲੇ ਚਬਾਉਣ (ਦੀ ਸੇਵਾ) ਲੱਖਾਂ ਹੋਮ ਤੇ ਜੱਗ ਦਾ ਫਲ ਜੋ ਲੱਖਾਂ ਭੋਗ ਹਨ(ਉਨ੍ਹਾਂ ਤੋਂ ਸ੍ਰੇਸ਼ਟ ਹੈ)। ੨.(ਗੁਰ ਸਿੱਖਾਂ ਦੇ) ਚਰਣ ਧੋਣ ਧੁਆਵਣ (ਦੀ ਸੇਵਾ) ਤੀਰਥਾਂ ਦੀ ਪੁਰਬੀਆਂ ਦੇ ਸੰਜੋਗਾਂ ਦੇ (ਮੰਨੇ ਹੋਏ ਫਲਾਂ ਨਾਲੋਂ ਸ੍ਰੇਸ਼ਟ ਫਲਦਾਇਕ ਹੈ)। ੩.(ਗੁਰੂ ਦੇ ਸਿੱਖਾਂ ਨੂੰ) ਸ਼ਬਦ ਕੀਰਤਨ ਕਰਕੇ ਸੁਣਾਵਣ ਦੀ ਸੇਵਾ ਲੱਖਾਂ ਗਿਆਨ, ਧਿਆਨ ਦੇ ਜੋਗ (ਦੇ ਫਲ ਨਾਲੋਂ ਸ਼੍ਰੇਸ਼ਟ ਹੈ।) ੪.(ਸਤਿਸੰਗ ਵਿਖੇ) ਪਲ ਦੀ ਪਲ ਝਾਤੀ ਮਾਰਨੀ ਬੀ ਸੰਸੇ ਸੋਗ ਦੂਰ ਕਰਦੀ ਹੈ। ੫.ਸੰਸਾਰ ਵਿਖੇ ਅਰੋਗ ਰਖਦੀ ਹੈ ਤੇ (ਸੰਸਾਰ ਸਮੁੰਦਰ ਦੀ) ਲਹਿਰ (ਚਿੰਤਾ) ਡਰਾਉਣੀ ਨਹੀਂ (ਭਾਸਦੀ)। ੬.ਗੁਰੂ ਦੀ ਮੱਤ ਵਿਚ ਆਉਣਾ (ਇਹ ਹੈ) ਕਿ ਸੰਜੋਗ ਵਿਜੋਗ ਨੂੰ ਲੰਘੇ (ਸਹਿਜ ਪਦ ਵਿਖੇ ਰਹੇ)। (ਅਥਵਾ) ਸੰਜੋਗ ਵਿਜੋਗ ਦੇ (ਹਰਖ ਸ਼ੋਕ ਤੋਂ) ਲੰਘ ਕੇ ਗੁਰਮਤ ਦੀ ('ਆਵਣੀ') ਪ੍ਰਾਪਤੀ ਹੁੰਦੀ ਹੈ। (ਅਥਵਾ) ਗੁਰੂ ਦੀ ਮੱਤ ਦੀ ('ਆਵਣੀ') ਪ੍ਰਾਪਤੀ ਨਾਲ (ਭਾਵ, ਗੁਰੂ ਦੀ ਸਿੱਖਜਾ ਲੀਤਿਆਂ) ਸੰਜੋਗਾਂ ਵਿਜੋਗਾਂ (ਦੇ ਫਲ ਹਰਖ ਤੇ ਸ਼ੋਕ) ਦੂਰ ਹੋ ਜਾਂਦੇ ਹਨ।

**ਭਾਵ**-ਗੁਰਸਿੱਖਾਂ ਦੀ ਸੇਵਾ ਗੁਰਸਿੱਖਾ ਨੂੰ ਜਦ ਪ੍ਰਸੰਨ ਕਰਦੀ ਹੈ ਤਾਂ ਓਹ ਪ੍ਰਸੰਨਤਾ ਸਿੱਖਾਂ ਦੇ ਮਨ ਤੋਂ ਜਨਮ ਜਨਮ ਦੀ ਮੈਲ ਧੋਂਦੀ ਤੇ ਉੱਚਤਾ ਦੇਂਦੀ ਹੈ, ਇਹ ਫਲ ਨਿਰਜੀਵ ਤੇ ਪ੍ਰੇਮ ਹੀਨ ਕਰਮ ਕਾਂਡ ਵਿੱਚ ਨਹੀਂ ਹੈ।

## ੨੦. (ਓਹੋ ਹੀ)।

੧. ਧਰਤੀ ਬੀਉ ਬੀਜਾਇ ਸਹਸ ਫਲਾਇਆ।
੨. ਗੁਰਸਿੱਖ ਮੁਖਿ ਪਵਾਇ ਨ ਲੇਖ ਲਿਖਾਇਆ।
੩. ਧਰਤੀ ਦੇਇ ਫਲਾਇ ਜੋਈ ਫਲੁ ਪਾਇਆ।
੪. ਗੁਰ ਸਿਖ ਮੁਖਿ ਸਮਾਇ ਸਭ ਫਲ ਲਾਇਆ।
੫. ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ।
੬. ਗੁਰਮੁਖਿ ਚਿਤਿ ਵਸਾਇ ਇਛਿ ਪੁਜਾਇਆ॥੨੦॥੧੪॥

**ਪਦਾਰਥ**-(ਬੀਉ ਬੀਜਾਇ=ਬੀਜ ਪਾਉਣ ਨਾਲ। ਮੁਖਿ ਪਵਾਇ=ਪ੍ਰਸ਼ਾਦ ਛਜਾਉਣਾ। (ਇਛਿ ਪੁਜਾਇਆ=ਭਾਵਨੀ ਪੂਰਣ ਹੋਈ।

**ਅਰਥ**-੧.ਧਰਤੀ ਵਿਚ ਬੀਉ ਪਾਉਣ ਨਾਲ ਹਜ਼ਾਰ ਗੁਣਾਂ ਹੋਕੇ ਫਲੀਭੂਤ ਹੁੰਦਾ ਹੈ। ੨.(ਤਿਵੇਂ) ਗੁਰੂ ਦੇ ਸਿੱਖ ਦੇ ਮੁਖ ਵਿਖੇ (ਭੋਜਨ ਆਦਿਕ) ਪਾਉਣ ਨਾਲ (ਕਿੰਨਾ ਫਲ ਹੈ) ਕੁਝ ਲੇਖਾ ਹੀ ਨਹੀਂ ਹੋ ਸਕਦਾ। ੩.ਧਰਤੀ ਓਹੋ ਫਲ ਦੇਵੇਗੀ ਜੋ ਫਲ ਬੀਜਿਆ ਜਾਊ। ੪.(ਪਰ) ਗੁਰ ਸਿੱਖਾਂ ਦੇ ਮੁੱਖ ਵਿਖੇ ਪਾਉਣ ਨਾਲ ਹਰੇਕ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ। ੫.ਬੀਜੇ ਬਾਝ (ਕੋਈ) ਫਲ ਨਹੀਂ ਖਾਂਦਾ, ਨਾ ਧਰਤੀ ਹੀ ਅਣਬੀਜਿਆ) ਉਗਾਉਂਦੀ ਹੈ। ੬.(ਪਰ) ਗੁਰਮੁਖਾਂ (ਦੀ ਸੇਵਾ) ਨੂੰ ਜੇ ਚਿੱਤ ਵਿਚ ਹੀ ਵਸਾ ਲਵੇ, (ਭਾਵ=ਸੇਵਾ ਦੇ ਚਾਉ ਤੇ ਸਿੱਕ ਨਾਲ ਜੀ ਭਰਿਆ ਰਹੇ, ਭਾਵੇਂ ਅਵੱਸ਼ਯਕ ਕਾਰਣਾ ਕਰਕੇ ਹੋ ਨਾ ਸਕੇ ਤਾਂ ਵੀ) ਇੱਛਾ ਪੂਰਨ ਹੁੰਦੀ ਹੈ।

ਭਾਵ-ਉਹ ਪ੍ਰੇਮ ਦੀ ਖਿੱਚ ਦੀ ਮਹਿਮਾ ਹੈ, ਜੋ ਗੁਰ ਸਿੱਖ ਦੀ ਸੇਵਾ ਹੈ, ਉਸ ਵਿਚ ਆਪਣਾ ਪ੍ਰੇਮ ਹੈ, ਓਧਰ ਕਰਨੀ ਵਾਲੇ ਦੀ ਮੇਹਰ, ਦੋਹਾਂ ਨਾਲ ਚਿੱਤ ਸਮਾਉਂਦਾ ਹੈ ਤੇ ਘਣਾ ਰਸ ਪੈਦਾ ਹੁੰਦਾ ਹੈ,ਜੋ ਹੋਰ ਤਰ੍ਹਾਂ ਨਹੀਂ ਹੋ ਸਕਦਾ।

# ਵਾਰ ੧੫.

ੴ ਸਤਿਗੁਰ ਪ੍ਰਸਾਦਿ॥

## ੧. (ਸਤਿਗੁਰ ਮਹਿਮਾ)

੧. ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।
੨. ਸਤਿਗੁਰੁ ਨਾਥਾ ਨਾਥੁ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ।
੩. ਸਤਿਗੁਰੁ ਸਚੁ ਦਾਤਾਰ ਹੈ ਹੋਰੁ ਦਾਤੇ ਫਿਰਦੇ ਪਾਛਾਵੇ।
੪. ਸਤਿਗੁਰੁ ਕਰਤਾ ਪੁਰਖੁ ਹੈ ਕਰਿ ਕਰਤੂਤਿ ਨਿਨਾਵਨਿ ਨਾਵੇ।
੫. ਸਤਿਗੁਰੁ ਸਚਾ ਸਾਹੁ ਹੈ ਹੋਰੁ ਸਾਹ ਵੇਸਾਹ ਉਚਾਵੇ।
੬. ਸਤਿਗੁਰੁ ਸਚਾ ਵੈਦੁ ਹੈ ਹੋਰੁ ਵੈਦੁ ਸਭ ਕੈਦ ਕੂੜਾਵੇ।
੭. ਵਿਣੁ ਸਤਿਗੁਰੁ ਸਭਿ ਨਿਗੋਸਾਵੇ॥੧॥

**ਪਦਾਰਥ**-ਦੁਨੀਆਵੇ=ਦੁਨੀਆਂ ਦੇ, ਸੰਸਾਰਕ। ਪਾਛਾਵੇ=ਪਿੱਛੇ ਲੱਗਕੇ ਤੁਰਨਾ, ਜਾਂ ਪਰਛਾਵੇਂ (ਵਾਂਙੂ ਚਲਾਇਮਾਨ। ਪਾ:-'ਪਛੁਤਾਵੇ' ਬੀ ਹੈ।
(ਨਿਨਾਵਨਿ ਨਾਵੇ=ਨਿਨਾਵਿਆਂ ਨੂੰ (ਨਾਉਂ ਵਾਲੇ (ਉਘੇ) ਕਰਣਾ।
(ਉਚਾਵੇ=ਚਲਾਊ, ਖਾਨਾਖਦੋਸ਼। ਨਿਗੋਸਾਵੇ-ਨਿਗੁਰੇ।

**ਅਰਥ**-੧.ਸਤਿਗੁਰੂ ਸੱਚੇ ਪਾਤਸ਼ਾਹ ਹਨ ਹੋਰ ਦੁਨੀਆਂ ਦੇ ਪਾਤਸ਼ਾਹ ਝੂਠੇ ਹਨ। ੨.ਸਤਿਗੁਰੂ ਨਾਥਾਂ ਦੇ ਨਾਥ ਹਨ (ਹੋਰ ਜਿਹੜੇ) ਨਉਂ ਨਾਥ (ਕਹੀਦੇ ਹਨ) ਓਹ ਅਨਾਥ (ਗਰੀਬ) ਨਿਥਾਵੇਂ (ਫਿਰਦੇ ਹਨ)। (ਭਾਵ-ਘਰ ਘਰ ਖੱਪਰ ਹਥ ਵਿਚ ਲਈ ਪਿੰਨਦੇ ਫਿਰਦੇ ਹਨ)। ੩.ਸਤਿਗੁਰੂ ਹੀ ਸੱਚਾ ਦਾਤਾ ਹੈ ਹੋਰ ਦਾਤੇ ਗੁਰੂ ਦੇ ਪਿਛੇ ਲੱਗੀ ਫਿਰਦੇ ਹਨ। (ਅਥਵਾ ਬ੍ਰਿਛ ਦੇ ਪਰਛਾਵੇਂ ਵਾਂਙੂ ਇਕ ਥਾਉਂ ਨਹੀਂ ਰਹਿਣ ਵਾਲੇ)। ੪.ਸਤਿਗੁਰੂ ਹੀ ਕਰਤਾ ਪੁਰਖ (ਰਚਣਹਾਰ) ਹਨ, (ਅਰਥਾਤ) ਕਰਮ ਕਰਕੇ ਨਿਨਾਵਿਆਂ ਨੂੰ ਨਾਮ ਵਾਲਾ (ਪ੍ਰਿਸੱਧ) ਕਰਦੇ ਹਨ (ਭਾਵ, ਅਜਿਹਾ ਨਾਮ ਦਾ ਉਪਦੇਸ਼ ਦੇਂਦੇ ਹਨ ਕਿ ਉਹ ਚਾਰੇ ਕੁੰਟੀ ਉਜਾਗਰ ਹੋ ਜਾਂਦਾ ਹੈ।ਜਿਹਾ ਕੁ ਗੁਰੂ ਜੀ- **''ਜਿਸੁ ਨੀਚ ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹੁ ਚਹੁਕੁੰਟ ਮਾਨੈ''**॥ (ਆਸਾ: ਮ:੫) ੫.ਸਤਿਗੁਰੂ ਸੱਚਾ ਸ਼ਾਹ ਹੈ ਹੋਰ ਸ਼ਾਹ 'ਵੇਸਾਹ' (ਮੁਰਦੇ, ਸ੍ਵਾਸ ਤੋਂ ਹੀਨ) ਹਨ ਅਰ ('ਉਚਾਵੇ') ਚਲਾਊ (=ਨਾਸ਼ੀ) ਹਨ, (ਅਥਵਾ, ਛੱਪਰੀ-ਵਾਸ਼ਾਂ ਵਾਂਙੂ ਹਨ, ਜੇਹੜੇ ਮੋਢੇ ਪਰ ਘਰ ਚੁੱਕੀ ਫਿਰਦੇ ਹਨ, ਅਥਵਾ 'ਵੇਸਾਹ ਉਚਾਵੇ' ਬੇਇਤਬਾਰੇ ਹਨ। ੬.ਸਤਿਗੁਰ ਸੱਚੇ ਵੈਦ ਹਨ ਹੋਰ ਵੈਦ ਸਭ ਝੂਠੇ ਹਨ (ਤੇ ਜਨਮ ਮਰਨ ਦੀ) ਕੈਦ ਵਿਚ ਹਨ। ੭.ਸਤਿਗੁਰ ਦੇ ਬਾਝ ਸਾਰੇ ਨਿਗੁਰੇ ਹੀ ਫਿਰਦੇ ਹਨ।

**ਭਾਵ**-"**ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥**"(ਸਲੋਕ: ਸਹ: ੩੩) ਅਰਥਾਤ ਨਿਗੁਰਾ ਪ੍ਰਾਣੀ ਕੁੱਤੇ, ਸੂਰ, ਖੋਤੇ, ਕਾਂ ਅਰ ਸੱਪ ਦੇ ਬਰਾਬਰ ਹੈ। ਅਨਯਚ-"**ਕਬੀਰ ਨਿਗੁਸਾਏਂ ਬਹਿ ਗਏ ਥਾਂਘੀ ਨਾਹੀ ਕੋਇ ॥**" (ਸ: ਕਬੀਰ-੫੧) ਅਰਥਾਤ ਨਿਗੁਰੇ ਸੰਸਾਰ ਸਮੁੰਦਰ ਵਿਖੇ ਡੁਬਦੇ ਹਨ, ਕਿਉਂ ਜੋ ਉਨ੍ਹਾਂ ਦਾ ਮਲਾਹ (ਗੁਰੂ) ਕੋਈ ਨਹੀਂ।

## ੨. (ਉਹੋ ਹੀ)।

੧. ਸਤਿਗੁਰੁ ਤੀਰਥੁ ਜਾਣੀਐ ਅਠਸਠਿ ਤੀਰਥ ਸਰਣੀ ਆਏ।
੨. ਸਤਿਗੁਰੁ ਦੇਉ ਅਭੇਉ ਹੈ ਹੋਰ ਦੇਵ ਗੁਰੁ ਸੇਵ ਤਰਾਏ।
੩. ਸਤਿਗੁਰੁ ਪਾਰਸਿ ਪਰਸਿਐ ਲਖ ਪਾਰਸ ਪਾਖਾਕੁ ਸੁਹਾਏ।
੪. ਸਤਿਗੁਰੁ ਪੂਰਾ ਪਾਰਿਜਾਤੁ ਪਾਰਜਾਤ ਲਖ ਸਫਲਿ ਧਿਆਏ।
੫. ਸੁਖ ਸਾਗਰੁ ਸਤਿਗੁਰ ਪੁਰਖੁ ਰਤਨ ਪਦਾਰਥ ਸਿਖ ਸੁਣਾਏ।
੬. ਚਿੰਤਹਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ।
੭. ਵਿਣੁ ਸਤਿਗੁਰ ਸਭਿ ਦੂਜੈ ਭਾਏ ॥੨॥

**ਪਦਾਰਥ**-(ਪਾਰਜਾਤਿ=ਕਲਪ ਬ੍ਰਿਛ।

**ਅਰਥ**-੧.ਸਤਿਗੁਰੂ ਤੀਰਥ ਜਾਣੀਦੇ ਹਨ (ਕਿ ਠੀਕ ਹਨ, ਕਿਉਂ ਜੋ) ਅਠਾਹਠ ਤੀਰਥ ਉਨ੍ਹਾਂ ਦੀ ਸ਼ਰਣ ਲੈਂਦੇ ਹਨ। ੨.ਸਤਿਗੁਰੂ ('ਦੇਵ') ਪ੍ਰਕਾਸ਼ ਸਰੂਪ ('ਅਭੇਉ') ਭੇਦ ਰਹਿਤ ਹਨ, ਹੋਰ ਦੇਵਤੇ ਗੁਰੂ ਦੀ ਸੇਵਾ ਕਰਕੇ ਹੀ ਮੁਕਤੀ ਪਾਉਂਦੇ ਹਨ। ੩.ਸਤਿਗੁਰੂ ਪਾਰਸ ਦੇ ਪਰਸਣ ਨਾਲ ਲੱਖਾਂ ਪਾਰਸ ਪੈਰਾਂ ਦੀ ਖ਼ਾਕ ਭਾਸਦੇ ਹਨ। ੪.ਸਤਿਗੁਰੂ ਪੂਰਣ ਕਲਪ ਬ੍ਰਿੱਛ ਹਨ ਜਿਨ੍ਹਾਂ ਨੂੰ ਲੱਖਾਂ ਕਲਪ ਬ੍ਰਿਛ ਫਲਾਂ ਵਾਲੇ ਧਿਆਉਂਦੇ ਹਨ। ੫.ਸਤਿਗੁਰੂ ਪੁਰਖ ਸੁੱਖਾਂ ਦੇ ਸਮੁੰਦ੍ਰ ਹਨ, (ਸਿੱਖਯਾ ਰੂਪੀ) ਰਤਨ ਪਦਾਰਥ ਸੁਣਾਉਂਦੇ ਹਨ। ੬.ਸਤਿਗੁਰੂ ਦੇ ਚਰਨ ਹੀ ਚਿੰਤਾਮਣੀ ਹਨ (ਮਨ ਇੱਛਤ ਫਲ ਦਿੰਦੇ ਹਨ) (ਚਿੰਤਾਮਣੀ ਅਚਿੰਤ ਕਰਾਏ'=) ਚਿੰਤਾਮਣੀ ਨੂੰ ਬੀ ਅਚਿੰਤ ਕਰਦੇ ਹਨ। ੭.ਸਤਿਗੁਰੂ ਦੋਂ ਬਾਝ (ਜੋ ਹੋਰ ਪਾਸੇ ਭਟਕਦੇ ਹਨ) ਸਭ (ਦੂਜੇ ਭਾ=) ਅਗਯਾਨ ਵਿਖੇ ਭੁੱਲੇ ਹੋਏ ਹਨ।

## ੩. (ਮਾਨਸ ਦੇਹ ਦੀ ਉਤਪਤੀ)।

੧. ਲਖ ਚਉਰਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ।
੨. ਅਖੀ ਦੇਖੈ ਨਦਰਿ ਕਰਿ ਜਿਹਬਾ ਬੋਲੈ ਬਚਨ ਬਿਦੇਹੀ।
੩. ਕੰਨੀ ਸੁਣਦਾ ਸੁਰਤਿ ਕਰਿ ਵਾਸ ਲਏ ਨਕਿ ਸਾਸ ਸਨੇਹੀ।
੪. ਹਥੀ ਬਿਬਤਿ ਕਮਾਵਣੀ ਪੈਰੀ ਚਲਣੁ ਜੋਤਿ ਇਵੇਹੀ।
੫. ਗੁਰਮੁਖਿ ਜਨਮੁ ਸਕਾਰਥਾ ਮਨਮੁਖ ਮੂਰਖਿ ਮਤਿ ਕਿਨੇਹੀ।
੬. ਕਰਤਾ ਪੁਰਖੁ ਵਿਸਾਰਿਕੈ ਮਾਣਸ ਦੀ ਮਨਿ ਆਸ ਧਰੇਹੀ।
੭. ਪਸੂ ਪਰੇਤਹੁ ਬੁਰੀ ਬੁਰੇਹੀ ॥੩॥

**ਪਦਾਰਥ**-(ਬਿਦੇਹੀ=ਲਿੰਗ ਸ਼ਰੀਰ। ਸੁਰਤਿ=ਗਯਾਤ। ਜੋਤਿ=ਸ਼ਕਤੀ। ਸਕਾਰਥਾ=ਸਫਲ। (ਕਿਨੇਹੀ=ਕੈਸੀ ਹੈ? ਭਾਵ, ਭੈੜੀ ਹੈ। ਬੁਰੀ ਬੁਰੇਹੀ=ਨਿਸਚੇ ਕਰਕੇ ਬੁਰੀ ਤੋਂ ਬੁਰੀ ਹੈ।

**ਅਰਥ**-੧.ਚੌਰਾਸੀ ਲਖ ਜੂਨੀਆਂ ਵਿਚੋਂ ਮਾਣਸ ਦੇਹ ਸ੍ਰੇਸ਼ਟ ਜੋਨੀ ਹੈ। ੨.ਇਸ ਵਿਖੇ (ਬਿਦੇਹੀ=) ਲਿੰਗ ਸਰੀਰ ਹੈ (੧੭ ਤੱਤਾਂ ਤੇ ਮਨ ਬੁੱਧ ਦੀ ਬਨਾਵਟ ਹੈ, ਉਹ ਜੀਵ) ਅੱਖਾਂ ਨਾਲ ਨਜ਼ਰ ਕਰਕੇ ਦੇਖਦਾ ਹੈ, ਜੀਭ ਕਰਕੇ ਬਚਨ ਬੋਲਦਾ ਹੈ। ੩.ਕੰਨਾਂ ਨਾਲ ਸੁਣਦਾ ਹੈ ਗਿਆਤ ਨਾਲ, ਅਰ ਨੱਕ

ਨਾਲ ਵਾਸ਼ਨਾ ਲੈਂਦਾ ਹੈ, ਅਰ (ਸਨੇਹੀ=) ਪਜਾਰੇ ਸ੍ਵਾਸ ਲੈਂਦਾ ਹੈ (ਅਗੇ ਕਰਮ ਇੰਦ੍ਰੀਆਂ ਦਾ ਕੰਮ ਦੱਸਦੇ ਹਨ)। ੪.ਹੱਥਾਂ ਨਾਲ ਕਿਰਤ ਕਰਦਾ ਹੈ, ਪੈਰਾਂ ਨਾਲ ਚਲਦਾ ਹੈ, ਇਵੇਂ ਹੀ ਸ਼ਕਤੀ (ਈਸ਼੍ਵਰ ਨੇ ਪਾਈ) ਹੈ। ੫.ਗੁਰਮੁਖਾਂ ਦਾ ਜਨਮ ਸਫਲ ਹੈ, ਮਨਮੁਖ ਮੂਰਖ ਦੀ ਮਤ ਕੇਹੀ ਹੈ? (ਭਾਵ, ਭੈੜੀ ਹੈ, ਕਿਉਂ ਜੋ) ੬.ਕਰਤਾ ਪੁਰਖ (ਵਾਹਿਗੁਰੂ ਦਾ ਭਰੋਸਾ) ਛੱਡਕੇ ਮਨੁਖ ਦੀ ਮਨ ਵਿਖੇ ਆਸ਼ਾ ਰਖਦਾ ਹੈ! ੭.ਪਸ਼ੂਆਂ ਅਤੇ ਪ੍ਰੇਤਾਂ ਨਾਲੋਂ ਭੀ ਉਸ ਦੀ (ਦੇਹ) ਬੁਰੀ ਥੋਂ ਬੁਰੀ ਹੈ।

**ਭਾਵ**-ਕਿਉਂ ਜੋ ਉਹ ਪਸ਼ੂ ਆਦਿਕ ਅਗਜਾਤ ਹਨ, ਇਹ ਗਜਾਤ ਵਾਲਾ ਹੋਕੇ ਫੇਰ ਇੱਡਾ ਪਾਪ ਕਰਦਾ ਹੈ। ਯਥਾ :- **"ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥"** (ਸ: ਕਬੀਰ-੨੨੬)

ਅਨਜਰ=**"ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥ ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥"** (ਮਾਰੂ: ਮ: ੫: ਸੋਲਹੇ-੨)

## ੪. (ਬੰਦੇ ਦਾ ਬੰਦਾ, ਮਨਮੁਖ ਦੀ ਦਸ਼ਾ)।

੧. ਸਤਿਗੁਰ ਸਾਹਿਬੁ ਛਡਿਕੈ ਮਨਮੁਖੁ ਹੋਇ ਬੰਦੇ ਦਾ ਬੰਦਾ।
੨. ਹੁਕਮੀ ਬੰਦਾ ਹੋਇਕੈ ਨਿਤ ਉਠਿ ਜਾਇ ਸਲਾਮੁ ਕਰੰਦਾ।
੩. ਆਠ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ।
੪. ਨੀਦ ਨ ਭੁਖ ਨ ਸੁਖ ਤਿਸੁ ਸੂਲੀ ਚੜਿਆ ਰਹੈ ਡਰੰਦਾ।
੫. ਪਾਣੀ ਪਾਲਾ ਧੁਪ ਛਾਉ ਸਿਰ ਉਤੈ ਝਲਿ ਦੁਖ ਸਹੰਦਾ।
੬. ਆਤਸ ਬਾਜੀ ਸਾਰੁ ਵੇਖਿ ਰਣ ਵਿਚਿ ਘਾਇਲੁ ਹੋਇ ਮਰੰਦਾ।
੭. ਗੁਰ ਪੂਰੇ ਵਿਣੁ ਜੂਨਿ ਭਵੰਦਾ ॥੪॥

**ਪਦਾਰਥ**-(ਬੰਦਾ=ਦਾਸ। ਹਜੂਰੀ=ਹਾਜ਼ਰ ਬਾਸ਼ੀ।ਆਤਿਸ਼ਬਾਜੀ=ਤੋਪਾਂ ਦੀ ਛਲਕ। ਸਾਰ-ਤਲਵਾਰ

**ਅਰਥ**-੧.ਸਤਿਗੁਰੂ ਸ੍ਵਾਮੀ ਨੂੰ ਤਿਆਗਕੇ ਮਨਮੁਖ ਦਾਸ ਦਾ ਦਾਸ ਬਣਦਾ ਹੈ। ੨.ਹੁਕਮ ਦਾ ਤਾਬੇਦਾਰ ਹੋਕੇ ਰੋਜ਼ (ਤੜਕੇ) ਉੱਠਕੇ ਸਲਾਮ ਕਰਦਾ ਹੈ। ੩.ਅੱਠੇ ਪਹਿਰ ਹੱਥ ਜੋੜਕੇ ਹਾਜ਼ਰਬਾਸ਼ੀ ਹੋਕੇ ਖਲੋਤਾ ਰਹਿੰਦਾ ਹੈ। ੪.ਨਾ ਹੀ ਨੀਂਦ ਦਾ ਸੁੱਖ, ਨਾ ਹੀ ਭੁੱਖ ਲਗਦੀ ਮਾਨੋਂ (ਸੇਵਾ ਦੀ) ਸੂਲੀ ਪੁਰ ਚੜ੍ਹਿਆ ਹੋਇਆ ਡਰਦਾ ਰਹਿੰਦਾ ਹੈ। ੫.(ਬਰਸਾਤ ਦੇ ਮੀਂਹ ਦਾ) ਪਾਣੀ, (ਸਰਦੀ ਦਾ) ਪਾਲਾ (ਗਰਮੀ ਦੀਆਂ) ਧੁੱਪਾਂ, (ਸਿਆਲੇ ਦੀਆਂ) ਛਾਵਾਂ ਸਿਰ ਪਰ ਝੱਲਕੇ ਦੁਖ ਭੋਗਦਾ ਹੈ। ੬.ਰਣ ਵਿਖੇ (ਤੋਪਾਂ ਦੀ ਛਲਕ ਨੂੰ ਮਾਨੋਂ) ਆਤਸ਼ਬਾਜ਼ੀ ਤੁੱਲ (ਅਰ) ਤਲਵਾਰਾਂ ਦੀ ਝਲਕ ਦੇਖਦਾ (ਤੇ ਸੱਟ ਖਾ ਕੇ) ਜ਼ਖਮੀ ਹੋ ਕੇ ਮਰ ਜਾਂਦਾ ਹੈ। ੭.ਪੂਰੇ ਗੁਰੂ ਦੇ ਬਾਝ ਜੋਨੀਆਂ ਵਿਖੇ ਭਟਕਦਾ ਹੈ।

## ੫. (ਕੰਨ ਪਾਟਿਆਂ ਦਾ ਹਾਲ)।

੧. ਨਾਥਾਂ ਨਾਥੁ ਨ ਸੇਵਨੀ ਹੋਇ ਅਨਾਥ ਗੁਰੂ ਬਹੁ ਚੇਲੇ।
੨. ਕੰਨ ਪੜਾਇ ਬਿਭੂਤਿ ਲਾਇ ਖਿੰਥਾ ਖਪਰੁ ਡੰਡਾ ਹੇਲੇ।
੩. ਘਰਿ ਘਰਿ ਟੁਕਰ ਮੰਗਦੇ ਸਿੰਙੀ ਨਾਦੁ ਵਜਾਇਨਿ ਭੇਲੇ।
੪. ਭੁਗਤ ਪਿਆਲਾ ਵੰਡੀਐ ਸਿਧਿ ਸਾਧਿਕ ਸਿਵਰਾਤੀ ਮੇਲੇ।
੫. ਬਾਰਹ ਪੰਥ ਚਲਾਇਦੇ ਬਾਰਹ ਵਾਟੀ ਖਰੇ ਦੁਹੇਲੇ।
੬. ਵਿਣੁ ਗੁਰ ਸਬਦ ਨ ਸਿਝਨੀ ਬਾਜੀਗਰ ਕਰਿ ਬਾਜੀ ਖੇਲੇ।
੭. ਅੰਨ੍ਹੈ ਅੰਨ੍ਹਾ ਖੂਹੀ ਠੇਲੇ ॥੫॥

**ਪਦਾਰਥ**-(ਨਾਥਾਂ ਨਾਥੁ=ਨਾਥਾਂ ਦਾ ਨਾਥ, ਮਾਲਕ। ਹੇਲੇ=ਹਿਲਾਵਣਾ।

(ਭੇਲੇ=ਮਿਲਕੇ। ਦੁਹੇਲੇ=ਦੁਖੀ।

**ਅਰਥ**-੧.ਨਾਥਾਂ ਦੇ ਨਾਥ (ਮਾਲਕ) ਵਾਹਿਗੁਰੂ ਨੂੰ ਸੇਂਵਦੇ ਨਹੀਂ, (ਉਂਵ) ਬਥੇਰੇ ਗੁਰੂ ਨਾਥ ਹੋਕੇ (ਸਦਾਕੇ) ਚੇਲੇ (ਫਸਾ ਲੈਂਦੇ ਹਨ)। ੨.ਕੰਨਾਂ ਨੂੰ ਪਾੜ, ਸਵਾਹ ਲਾ, ਖਫਣੀਆਂ (ਗਲ ਪਾ,) ਖੱਪਰ ਤੇ ਡੰਡਾ (ਹੱਥਾਂ ਵਿਖੇ) ਹਿਲਾਈ ਫਿਰਦੇ ਹਨ। ੩.ਘਰੀਂ ਰੋਟੀਆਂ ਮੰਗਣ ਲਈ ਸਿੰਙੀਆਂ ਦੇ ਨਾਦ ਮਿਲਕੇ ਪੂਰਦੇ ਹਨ। ੪.ਭੋਜਨ ਦੇ (ਅਤੇ ਸ਼ਰਾਬ ਦੇ) ਪਿਆਲੇ ਵੰਡਦੇ ਹਨ, ਸਿੱਧ ਅਤੇ ਚੇਲੇ ਸ਼ਿਵਰਾਤਰੀ ਦੇ ਮੇਲੇ ਵਿਖੇ (ਕੱਠੇ ਹੋ ਜਾਂਦੇ) ਹਨ। ੫.ਬਾਰਾਂ ਮਾਰਗਾਂ (ਵਿਖੇ ਆਪੋ ਆਪਣੇ ਕਲਪੇ ਹੋਏ ਮਤ) ਚਲਾਉਂਦੇ ਹਨ, ਬਾਰਾਂ ਰਸਤਿਆ ਵਿਚ ਆਪ ਦੁਖੀ (ਅਰ ਚੇਲਿਆਂ ਨੂੰ ਦੁਖੀ) ਕਰਦੇ ਹਨ। ੬.ਗੁਰੂ (ਨਾਨਕ ਦੇਵ) ਦੇ ਸ਼ਬਦੋਂ ਬਾਝ ਕਲਯਾਨ ਨਹੀਂ ਪਾਉਂਦੇ, ਬਾਜ਼ੀਗਰਾਂ (ਵਾਙੂ) ਬਾਜ਼ੀਆਂ (ਪਾਕੇ ਮਾਨੋਂ) ਖੇਲਦੇ ਹਨ, (ਭਾਵ ਲੋਕਾਂ ਨੂੰ ਰਿਝਾਉਂਦੇ ਹਨ)। ੭.(ਜਿਕੁਰ) ਅੰਨ੍ਹਿਆਂ ਦਾ ਸੂਰਦਾਸ (ਆਗੂ) ਖੂਹ ਵਿਚ ਠੇਲ੍ਹ ਦਿੰਦਾ ਹੈ।

**ਭਾਵ**-ਅਜੇਹੇ ਝੂਠੇ ਜੋਗੀ ਲੋਕ ਚੇਲਿਆਂ ਨੂੰ ਅਨਯਮਤਾਂ ਦੇ ਖਾਤਿਆਂ ਵਿਖੇ ਸਿੱਟ ਦੇਂਦੇ ਹਨ। ਸੱਚੇ ਗੁਰੂ ਨਾਨਕ ਦੇਵ ਜੀ ਦੀ ਸ਼ਰਣ ਬਾਝੋਂ ਛੁਟਕਾਰਾ ਨਹੀਂ ਹੈ।

## ੬. (ਪੂਰੇ ਗੁਰੂ ਬਾਝ ਰੋਣਾ)।

੧. ਸਚੁ ਦਾਤਾਰੁ ਵਿਸਾਰਕੈ ਮੰਗਤਿਆ ਨੋ ਮੰਗਣ ਜਾਹੀ।
੨. ਢਾਢੀ ਵਾਰਾਂ ਗਾਵਦੇ ਵੈਰ ਵਿਰੋਧ ਜੋਧ ਸਾਲਾਹੀ।
੩. ਨਾਈ ਗਾਵਨਿ ਸੱਦੜੇ ਕਰਿ ਕਰਤੂਤਿ ਮੁਏ ਬਦਰਾਹੀ।
੪. ਪੜ੍ਹਦੇ ਭਟ ਕਵਿਤ ਕਰਿ ਕੂੜ ਕੁਸਤੁ ਮੁਖਹੁ ਅਲਾਹੀ।
੫. ਹੋਇ ਅਸ ਰੀਤਿ ਪੁਰੋਹਤਾ ਪ੍ਰੀਤਿ ਪਰੀਤੈ ਵਿਰਤਿ ਮੰਗਾਹੀ।
੬. ਛੁਰੀਆ ਮਾਰਨਿ ਪੰਖੀਏ ਹਟਿ ਹਟਿ ਮੰਗਦੇ ਭਿਖ ਭਵਾਹੀ।
੭. ਗੁਰ ਪੂਰੇ ਵਿਣੁ ਰੋਵਨਿ ਧਾਹੀ ॥੬॥

**ਪਦਾਰਥ**-(ਦਾਤਾਰੁ=ਦਾਨੀ। ਵਾਰਾਂ=ਜਸ। ਜੋਧ=ਸੂਰਮੇ। ਸੱਦੜੇ=ਉਸਤਤਾਂ।
(ਪ੍ਰੀਤਿ ਪਰੀਤੈ=ਪਰਸਪਰ ਪ੍ਰੀਤ।

**ਅਰਥ**-੧.ਸਚੇ (ਨਿਰੰਕਾਰ) ਦਾਤਾਰ ਨੂੰ ਭੁਲਾ ਕੇ (ਜੇਹੜੇ ਉਹਦੇ) ਮੰਗਤੇ ਹਨ, ਓਹਨਾਂ ਦੇ ਅਗੇ ਹੱਥ ਟੱਡਦੇ ਹਨ। ੨.ਢਾਢੀ ਲੋਕ ਜੱਸ ਗਾਉਂਦੇ ਹਨ (ਵਾਹਿਗੁਰੂ ਜੱਸ ਵਿਹੂਣੇ) ਵੈਰ ਅਤੇ ਘੋਲ ਜੋਧਿਆਂ ਦਾ ਸਲਾਹੁੰਦੇ ਹਨ। ੩.ਨਾਈ* ਲੋਕ (ਓਹਨਾਂ ਦੀਆਂ) ਉਸਤਤਾਂ ਕਰਦੇ ਹਨ, (ਜੇਹੜੇ) ਕਰਤੂਤਾਂ ਕਰ ਭੈੜਿਆਂ ਰਾਹਾਂ ਵਿਖੇ ਮਰ ਗਏ ਹਨ। ੪.ਭੱਟ ਲੋਕ (ਕੂੜੇ ਪਾਤਿਸ਼ਾਹਾਂ ਦੇ) ਕਬਿੱਤ ਬਣਾਕੇ ਪੜ੍ਹਦੇ ਹਨ, (ਨਿਰਾ) ਕੂੜ ਤੇ ਕੁਸੱਤ ਮੂੰਹੋਂ ਬੋਲਦੇ ਹਨ। ੫.ਪਰੋਹਤਾਂ ਦੀ ਐਸੀ ਰੀਤਿ ਹੈ (ਕਿ ਪਹਿਲੇ ਯਾਰ ਹੋਕੇ) ਪਰਸਪਰ ਪ੍ਰੀਤ ਪਾ ਲੈਂਦੇ ਹਨ, (ਪਿਛੋਂ) ਵਿਰਤ ਮੰਗਣ ਲਗ ਪੈਂਦੇ ਹਨ। ੬.ਕਈ ਛੁਰੀਆਂ ਮਾਰਕੇ (ਪੈਸੇ ਮੰਗਦੇ ਹਨ) (ਕਈ) ਪੰਖੀਆਂ ਵਾਂਗੂੰ ਹੱਟ ਹੱਟ ਫਿਰਕੇ ਭਿੱਖਿਆ ਮੰਗਦੇ ਫਿਰਦੇ ਹਨ। ੭.ਪੂਰਣ ਗੁਰੂ ਬਾਝ (ਮਾਨੋਂ) ਢਾਹਾਂ ਮਾਰ ਕੇ ਰੋਂਦੇ ਫਿਰਦੇ ਹਨ।

## ੭. (ਝੂਠੇ ਸਾਕ)।

੧. ਕਰਤਾ 'ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ।
੨. ਨਾਰਿ ਭਤਾਰਿ ਪਿਆਰੁ ਕਰਿ ਪੁਤੁ ਪੋਤਾ ਪਿਉ ਦਾਦੂ ਵਖਾਣੈ।
੩. ਧੀਆਂ ਭੈਣਾ ਮਾਣੁ ਕਰਿ ਤੁਸਨਿ ਰੁਸਨਿ ਸਾਕ ਬਬਾਣੈ।

*ਨਾਈ ਅਰਬੀ ਵਿਚ ਸੱਦਾ ਦੇਣ ਵਾਲੇ ਨੂੰ ਆਖਦੇ ਹਨ।

੪. ਸੀਹੁਰੁ ਪੀਹੁਰੁ ਨਾਨਕੇ ਪਰਵਾਰੈ ਸਾਧਾਰੁ ਧਿਙਾਣੈ।
੫. ਚਜ ਅਚਾਰ ਵੀਚਾਰ ਵਿਚਿ ਪੰਚਾ ਅੰਦਰਿ ਪਤਿ ਪਰਵਾਣੈ।
੬. ਅੰਤਕਾਲ ਜਮਜਾਲ ਵਿਚਿ ਸਾਥੀ ਕੋਈ ਨ ਹੋਇ ਸਿਞਾਣੈ।
੭. ਗੁਰ ਪੂਰੇ ਵਿਣੁ ਜਾਇ ਜਮਾਣੈ* ॥੭॥

**ਪਦਾਰਥ**-(ਕੀਤੇ ਨੋ=ਜੀਵ ਨੂੰ। ਭਤਾਰਿ=ਭਰਤਾ, ਪਤੀ। ਤੁਸਨਿ=ਪ੍ਰਸੰਨ।
(ਰੁਸਨਿ=ਗੁੱਸੇ ਹੋਣਾ। ਬਬਾਣੈ=ਬਾਬੇ ਦੇ ਸਾਕ, ਭਾਵ ਦਾਦਕੇ।
(ਸੀਹੁਰੁ=ਸਾਹੁਰੇ। ਪੀਹੁਰੁ=ਪੇਕੇ। ਸਾਧਾਰ=ਸਾਕ।
(ਧਿਙਾਣੇ=ਕਲਪੇ ਹੋਏ। ਚਜ=ਪੂਜਾ। ਅਚਾਰ=ਸਰਾਧ;
(ਵਿਆਹ ਆਦ ਕਰਮ। ਜਮਾਣੈ=ਜਮ ਕੀ ਪੁਰੀ।

**ਅਰਥ**-੧.(ਜਗਤ ਦੇ) ਕਰਤਾ (ਨਿਰੰਕਾਰ) ਦੀ ਅਰਾਧਨਾ ਛੱਡਕੇ ਲੋਕ ਕੀਤੇ ਹੋਏ (ਜੀਵ) ਨੂੰ ਹੀ ਕਰਤਾ ਕਰਕੇ ਜਾਣਦੇ ਹਨ। ੨.ਇਸਤ੍ਰੀ ਭਰਤਾ ਨਾਲ ਹੀ ਮੋਹ ਕਰਦੀ ਹੈ, ਪੁਤਰ ਪਿਉ ਨੂੰ ਤੇ ਦਾਦੇ ਪੋਤਰੇ ਨੂੰ। ੨.ਧੀਆਂ (ਪਿਉ ਤੇ ਮਾਨ ਕਰਦੀਆਂ ਹਨ ਤੇ) ਭੈਣਾਂ (ਭਰਾਵਾਂ ਪੁਰ) ਮਾਣ ਰਖਦੀਆਂ ਹਨ, (ਕਦੀ) ਪ੍ਰਸੰਨ, (ਕਦੀ) ਗੁੱਸੇ (ਭਾਵ ਕੁਝ ਮਿਲਿਆ ਤਾਂ ਰਾਜ਼ੀ ਨਹੀਂ ਤਾਂ ਭਾਂਡਾ ਭੰਨਦੀਆਂ ਹਨ) ਅਜਿਹਾ ਹੀ ਬਬਾਣੇ (ਸਾਕਾਂ ਵਿਚ ਹਾਲਹੈ **ਭਾਵ**-ਬਾਬੇ ਦੇ ਪੋਤੇ ਆਪੋ ਵਿਚ ਜਾਇਦਾਦਾਂ ਵੰਡਣ ਲਈ ਰੁੱਸਕੇ ਅਰਜ਼ੀਆਂ ਪਾਉਂਦੇ ਹਨ, ਅਥਵਾ ਸਾਕ ਬਬਾਣੇ ਕਹੀਏ ਬੜ ਬੜ ਕਰਕੇ ਮੰਦੇ ਵਾਕ ਬੋਲਦੇ ਹਨ, ਭਾਵ ਲੜਦੇ ਹਨ)। ੪.ਸਾਹੁਰੇ, ਪੇਕੇ, ਨਾਨਕੇ, (ਘਰ ਦੇ) ਪਰਵਾਰ ਦੇ ਸਾਕ ਧਿਙਾਣੇ ਦੇ ਹੀ (ਮੰਨੇ ਹੋਏ) ਹਨ, (ਅੰਤ ਦਾ ਸਾਥੀ ਕੋਈ ਨਹੀਂ)। ੫.ਪੂਜਾ, ਯੱਗ, ਸਰਾਧ, (ਪੰਚੈਤਾਂ ਦੀਆਂ) ਸਲਾਹਾਂ, ਅਤੇ ਪੈਂਚਾ ਵਿਖੇ ਪਤ (ਪਰਤੀਤ ਵਾਲੇ) ਮੰਨੇ ਪ੍ਰਮੰਨੇ (ਬੈਠਣ ਦੇ ਸ਼ੌਕ ਵਿਚ ਫਸੇ ਰਹਿਣਾ)। ੬.(ਪਰ ਸ਼ੋਕ) ਅੰਤ ਦੇ ਸਮੇਂ ਜਮ ਦੇ ਜਾਲ ਵਿਚ ਸਾਥੀ ਹੋਕੇ ਕੋਈ ਨਹੀਂ ਸਿਆਣਦਾ। ੭.ਗੱਲ ਕੀ ਪੂਰਨ ਗੁਰੂ ਦੇ (ਮਿਲੇ) ਬਾਝ (ਸਾਰੇ) ਜਮ ਦੀ ਪੁਰੀ ਜਾਣਗੇ।

## ੮. (ਝੂਠੇ ਵਪਾਰੀ)।

੧. ਸਤਿਗੁਰੁ ਸਾਹੁ ਅਥਾਹੁ ਛਡਿ ਕੂੜੇ ਸਾਹੁ ਕੂੜੇ ਵਣਜਾਰੇ।
੨. ਸਉਦਾਗਰ ਸਉਦਾਗਰੀ ਘੋੜੇ ਵਣਜ ਕਰਨਿ ਅਤਿ ਭਾਰੇ।
੩. ਰਤਨਾ ਪਰਖ ਜਵਾਹਰੀ ਹੀਰੇ ਮਾਣਕ ਵਣਜ ਪਸਾਰੇ।
੪. ਹੋਇ ਸਰਾਫ ਬਜਾਜ ਬਹੁ ਸੁਇਨਾ ਰੁਪਾ ਕਪੜੁ ਤਾਰੇ।
੫. ਕਿਰਸਾਣੀ ਕਿਰਸਾਣ ਕਰਿ ਬੀਜ ਲੁਣਨਿ ਬੋਹਲ ਵਿਸਥਾਰੇ।
੬. ਲਾਹਾ ਤੋਟਾ ਵਰੁ ਸਰਾਪੁ ਕਰਿ ਸੰਜੋਗੁ ਵਿਚਾਰੇ।
੭. ਗੁਰ ਪੂਰੇ ਵਿਣੁ ਦੁਖੁ ਸੈਂਸਾਰੇ ॥੮॥

**ਪਦਾਰਥ**-(ਤਾਰੇ=ਇਕਤਾਰੀ ਮਲਮਲਾਂ। ਕਿਰਸਾਣੀ=ਖੇਤੀ।
(ਬੋਹਲ=ਖਲਵਾਰ। ਸੰਜੋਗ ਵਿਜੋਗੁ=ਮੇਲ ਵਿਛੋੜਾ।

**ਅਰਥ**-੧.(ਜੋ ਅਥਾਹ) ਬੇਅੰਤ ਸ਼ਾਹ ਸਤਿਗੁਰੂ ਨੂੰ ਛੱਡ ਦਿੰਦੇ ਹਨ, (ਓਹ) ਸ਼ਾਹ ਤੇ ਵਣਜਾਰੇ (ਦੋਵੇਂ) ਝੂਠੇ ਹਨ। ੨.ਸੌਦਾਗਰ ਲੋਕ (ਸਉਦਾਗਰੀ=) ਲੈਣ ਦੇਣ ਵਿਖੇ ਘੋੜਿਆਂ ਦਾ ਭਾਰੀ

*ਪਾ:-ਸਮਾਣੈ।

ਵਪਾਰ ਕਰਦੇ ਹਨ। ੩.ਜਵਾਹਰਾਂ ਦੇ ਵਪਾਰੀ ਰਤਨਾਂ ਨੂੰ ਪਰਖਦੇ ਅਰ ਹੀਰਿਆਂ ਤੇ ਮਣਕਾ ਦੇ ਵਪਾਰ ਨੂੰ ਫੈਲਾਉਂਦੇ ਹਨ। ੪.ਸਰਾਫ਼ ਲੋਕ ਸੋਨੇ ਰੁਪੇ ਦਾ ਕੰਮ ਕਰਦੇ ; ਅਰ ਬਜਾਜ ਕਪੜੇ ਫੈਲਾਉਂਦੇ ਹਨ, (ਯਾ ਇਕ ਤਾਰੇ ਯਾ ਤਾਰਿਆਂ ਵਾਂਙ ਅਣਗਿਣਤ ਕਪੜੇ ਰਖਦੇ ਹਨ)। ੫.ਜ਼ਿਮੀਦਾਰ ਲੋਕ ਖੇਤੀ ਕਰਕੇ ਆਪਣਾ ਬੀਜਿਆ ਕੱਟਕੇ ਖਲਵਾਰੇ ਫੈਲਾਉਂਦੇ ਹਨ। ੬.(ਵਪਾਰੀਆਂ ਨੂੰ ਕਦੀ) ਲਾਹਾ ਕਦੀ ਟੋਟਾ (ਘਾਟਾ), (ਸਿਧ ਸਾਧਕਾਂ ਨੂੰ) ਕਿਧਰੇ ਵਰ ਕਿਧਰੇ ਸਰਾਪ, (ਅਜਿਹਾ ਹੀ ਸਨਬੰਧੀਆਂ ਦੇ) ਮੇਲ ਤੇ ਵਿਛੋੜੇ ਦਾ ਵਿਚਾਰ ਰਹਿੰਦਾ ਹੈ।੭.ਪੂਰੇ ਗੁਰੂ ਤੋਂ ਬਾਝ ਸੰਸਾਰ ਵਿਖੇ ਦੁੱਖ ਹੀ ਦੁੱਖ ਹੈ।

**ਭਾਵ**-ਪੂਰਨ ਗੁਰੂ ਨਾਨਕ ਦੇਵ ਬਾਝ ਸੰਸਾਰ ਵਿਖੇ ਕਸ਼ਟ ਤੇ ਕਸ਼ਟ ਹੀ ਬਣਿਆ ਰਹਿੰਦਾ ਹੈ। ਜਿਤਨੇ ਵਪਾਰ ਹਨ ਸਭ ਫਸਾਉਂਦੇ ਹਨ। ਜੇਕਰ ਵਾਹਿਗੁਰੂ ਨਾਲ ਪ੍ਰੇਮ ਹੋਵੇ, ਸਤਿਗੁਰੂ ਸ਼ਾਹ ਨਾਲ ਸੱਚਾ ਵਪਾਰ ਹੋਵੇ , ਸਰੀਰ ਨਿਰਬਾਹ ਅਰਥ ਹੋਰ ਵਪਾਰ ਕੀਤੇ ਜਾਣ ਤਾਂ ਦੋਸ਼ ਨਹੀਂ, ਪਰ ਗੁਰੂ ਨਾਲ ਬੇਮੁਖ ਰਹਿਕੇ ਸਾਰੇ ਵਪਾਰ ਫਸੌਤੀ ਹਨ।

## ੯. (ਝੂਠੇ ਵੈਦ ਦੀ ਵਿਦੰਗੀ)।

੧. ਸਤਿਗੁਰੁ ਵੈਦੁ ਨ ਸੇਵਿਓ ਰੋਗੀ ਵੈਦੁ ਨ ਰੋਗੁ ਮਿਟਾਵੈ।
੨. ਕਾਮ ਕ੍ਰੋਧੁ ਵਿਚਿ ਲੋਭੁ ਮੋਹੁ ਦੁਬਿਧਾ ਕਰਿ ਕਰਿ ਧ੍ਰੋਹੁ ਵਧਾਵੈ।
੩. ਆਧਿ ਬਿਆਧਿ ਉਪਾਧਿ ਵਿਚਿ ਮਰਿ ਮਰਿ ਜੰਮੈ ਦੁਖਿ ਵਿਹਾਵੈ।
੪. ਆਵੈ ਜਾਇ ਭਵਾਈਐ ਭਵਜਲ ਅੰਦਰਿ ਪਾਰੁ ਨ ਪਾਵੈ।
੫. ਆਸਾ ਮਨਸਾ ਮੋਹਣੀ ਤਾਮਸੁ ਤਿਸਨਾਂ ਸਾਂਤਿ ਨ ਆਵੈ।
੬. ਬਲਦੀ ਅੰਦਰਿ ਤੇਲੁ ਪਾਇ ਕਿਉਂ ਮਨੁ ਮੂਰਖੁ ਅਗਿ ਬੁਝਵੈ।
੭. ਗੁਰੁ ਪੂਰੇ ਵਿਣੁ ਕਉਣੁ ਛੁਡਾਵੈ ॥੯॥

**ਪਦਾਰਥ**-(ਧ੍ਰੋਹ=ਦਗਹ, ਛਲ। ਵਿਹਾਵੈ=ਗੁਜ਼ਰਨਾ। ਬਲਦੀ=ਭਾਵ ਅੱਗ।

**ਅਰਥ**-੧.ਸਤਿਗੁਰੂ (ਸੱਚੇ) ਹਕੀਮ ਦੀ ਸੇਵਾ ਨਾ ਕੀਤੀ, ਰੋਗੀ ਹਕੀਮ ਰੋਗ ਨਹੀਂ ਮਿਟਾਉਂਦਾ ਹੈ। ੨.ਕਾਮ, ਕ੍ਰੋਧ, ਲੋਭ, ਮੋਹ ਆਦਿ ਰੋਗਾਂ ਵਿਚ (ਫਸੇ ਹੋਏ ਹਕੀਮ ਭਾਵ, ਝੂਠੇ ਗੁਰੂ) ਦੁਬਿਧਾ ਕਰਕੇ ਛਲ ਤੇ ਦਗ਼ਾ ਹੀ ਵਧਾਉਂਦੇ ਹਨ। (ਇਸਦਾ=ਫਲ ਇਹ ਹੈ)। ੩.(ਆਧਿ=) ਮਾਨਸੀ ਚਿੰਤਾ, (ਬਿਆਧਿ=) ਸਰੀਰਕ ਪੀੜਾ, (ਉਪਾਧਿ) ਅਧਿਦੈਵਕ ਕਸ਼ਟਾਂ ਵਿਚ ਮਰ ਮਰਕੇ ਗ਼ਮ ਦੇ ਦੁੱਖਾਂ (ਅਥਵਾ ਜੰਮਣ ਮਰਣ ਦੇ ਦੁੱਖਾਂ) ਵਿਖੇ ਹੀ ਗੁਜ਼ਰਦੀ ਹੈ। ੪.ਆਉਣ ਜਾਣ ਵਿਚ ਹੀ ਭਟਕਾਈਦਾ ਹੈ, ਸੰਸਾਰ ਸਾਗਰ ਵਿਚੋਂ ਪਾਰ ਨਹੀਂ ਪੈਂਦਾ। ੫.ਆਸਾ ਮਨਸਾ ਮਨ ਨੂੰ ਮੋਹਤ ਕਰ ਰਹੀ ਹੈ, ਤਮੋਗੁਣੀ ਤ੍ਰਿਸ਼ਨਾ ਥੋਂ ਸ਼ਾਂਤਿ ਨਹੀਂ ਆਉਂਦੀ। ੬.ਬਲਦੀ ਹੋਈ ਅੱਗ ਵਿਚ ਤੇਲ ਪਾਉਣ ਨਾਲ ਕਿੱਕੁਰ ਮੂਰਖ ਦਾ ਮਨ ਅੱਗ ਬੁਝਾ ਸਕਦਾ ਹੈ? ੭.ਪੂਰਣ ਗੁਰੂ (ਨਾਨਕ ਦੇਵ ਦੀ ਕੁਮਕ) ਬਾਝ ਕੌਣ (ਇਸ ਅੱਗ ਤੋਂ) ਛੁਡਾ ਸਕਦਾ ਹੈ?

**ਭਾਵ**-ਸਤਿਗੁਰੂ ਵੈਦ ਨੇ ਇੱਛਾ ਰੂਪੀ ਅੱਗ ਹੀ ਬੁਝਾ ਦੇਣੀ ਹੈ, ਸ਼ਾਂਤ ਆਪੇ ਆ ਗਈ, ਝੂਠੇ ਆਗੂਆਂ ਨੇ ਇੱਛਾ ਪੂਰਨ ਕਰਨ ਦੇ ਭਰੋਸੇ ਦੇਣੇ ਹਨ, ਇਸ ਨਾਲ ਤ੍ਰਿਸ਼ਨਾ ਵਧਦੀ ਹੀ ਜਾਣੀ ਹੈ, ਘਟਣੀ ਨਹੀਂ। ਫਲ ਇਹ ਕਿ ਭਵਜਲ ਦੇ ਫੇਰੇ ਸਤਿਗੁਰੂ ਵੈਦ ਬਾਝ ਕਦੀ ਬੀ ਨਹੀਂ ਛੁਟੇ।

## ੧੦. (ਝੂਠੇ ਤੀਰਥ)।

੧. ਸਤਿਗੁਰ ਤੀਰਥੁ ਛਡਿਕੈ ਅਠਿਸਠਿ ਤੀਰਥ ਨਾਵਣ ਜਾਹੀ।
੨. ਬਗੁਲ ਸਮਾਧਿ ਲਗਾਇਕੈ ਜਿਉ ਜਲ ਜੰਤਾ ਘੁਟਿ ਘੁਟਿ ਖਾਹੀ।

੩. ਹਸਤੀ ਨੀਰਿ ਨਵਾਲੀਅਨਿ ਬਾਹਰਿ ਨਿਕਲਿ ਖੇਹ ਉਡਾਹੀ।
੪. ਨਦੀ ਨ ਡੁਬੈ ਤੂੰਬੜੀ ਤੀਰਥ ਵਿਸੁ ਨਿਵਾਰੈ ਨਾਹੀ।
੫. ਪਥਰੁ ਨੀਰ ਪਖਾਲੀਐ ਚਿਤਿ ਕਠੋਰੁ ਨ ਭਿਜੈ ਕਾਹੀ।
੬. ਮਨਮੁਖ' ਭਰਮ ਨ ਉਤਰੈ ਭੰਭਲਭੂਸੇ ਖਾਇ ਭਵਾਹੀ'
੭. ਗੁਰ ਪੂਰੇ ਵਿਣੁ ਪਾਰ ਨ ਪਾਹੀ॥੧੦॥

**ਪਦਾਰਥ**-(ਜਲ ਜੰਤਾਂ=ਜਲ ਦੇ ਜੀਵਾਂ ਨੂੰ। ਘੁਟਿ ਘੁਟਿ=ਪਕੜ ਪਕੜਕੇ। ਹਸਤੀ=ਹਾਥੀ। (ਨੀਰ=ਪਾਣੀ। ਪਖਾਲੀਐ=ਧੋਈਐ। ਕਾਹੀ=ਕਿਧਰੇ ਬੀ। (ਭੰਭਲਭੂਸੇ=ਅਵਾਰਾ ਗਰਦੀ, ਬਿਰਥਾ ਭੌਣਾ।

**ਅਰਥ**-੧.ਸਤਿਗੁਰ (ਸਚੇ) ਤੀਰਥ ਨੂੰ ਛਡਕੇ ਅਠਾਹਠ ਤੀਰਥਾਂ ਵੱਲ ਨ੍ਹਾਉਣ ਲਈ (ਲੋਕ) ਜਾਂਦੇ ਹਨ। ੨.(ਉਥੇ ਜਾਕੇ) ਬਗਲੇ ਵਾਂਗੂੰ (ਅੱਖਾਂ ਮੀਟਕੇ) ਸਮਾਧੀ ਲਾ ਮਾਨੋਂ ਜਲ ਜੰਤਾਂ ਨੂੰ ਪਕੜ ਕੇ ਖਾਂਦੇ ਹਨ, (ਭਾਵ ਆਏ ਗਏ ਲੋਕ ਦੇਖਕੇ ਫਸ ਜਾਂਦੇ ਹਨ)। ੩.ਹਾਥੀ ਪਾਣੀ ਵਿਖੇ ਨੁਵਾਲੀਦੇ ਹਨ, ਓਹ ਬਾਹਰ ਨਿਕਲਕੇ (ਦੂਣੀ) ਖੇਹ ਉਡਾਕੇ (ਸਿਰ ਤੇ) ਪਾ ਲੈਂਦੇ ਹਨ, (ਤਿਵੇਂ ਏਹ ਤੀਰਥਾਂ ਪਰ ਦੂਣੀ ਮੈਲ ਸਹੇੜਦੇ ਹਨ)। ੪.ਨਦੀ ਵਿਚ ਤੂੰਬੀ ਡੁੱਬਦੀ ਨਹੀਂ (ਭਾਵ ਮਨ ਦੀ ਮੈਲ ਦੂਰ ਨਹੀਂ ਹੁੰਦੀ) ਤੀਰਥ ਉਸ ਦੀ (ਅੰਦਰਲੀ) ਵਿਹੁ (ਕੁੜੱਤਣ) ਹਟਾ ਨਹੀਂ ਸਕਦੇ। (ਯਥਾ-"**ਲਉਕੀ ਅਠਸਠਿ ਤੀਰਥ ਨ੍ਹਾਈ ॥ ਕਉਰਾਪਨੁ ਤਊ ਨ ਜਾਈ**"॥ (ਸੋਰਠ: ਕਬੀਰ) ਅਰਥਾਤ ਤੂੰਬੀ ਭਾਵੇਂ ਅਠਾਹਠ ਤੀਰਥ ਨ੍ਹਾਵੇ ਕਉੜੱਤਣ ਨਹੀਂ ਜਾਂਦੀ)। ੫.ਪੱਥਰ ਨੂੰ ਕਿੰਨਾ ਹੀ ਪਾਣੀ ਵਿਚ ਰਖੀਏ ਪਰ ਉਸ ਦਾ ਕਠੋਰ ਚਿੱਤ ਕਦੇ ਨਹੀਂ ਭਿੱਜੇਗਾ; (ਅਗੇ ਛੇਕੜਲੀਆਂ ਦੋ ਤੁਕਾਂ ਵਿਖੇ ਦਾਰਸ਼ਟਾਂਤ ਦੱਸਦੇ ਹਨ)। ੬.ਮਨਮੁਖਾਂ ਦਾ ਭਰਮ ਨਹੀਂ ਉਤਰਦਾ, (ਇਸੇ ਵਾਸਤੇ 'ਭੰਭਲ ਭੂਸੇ' ਖਾਂਦੇ) ਆਵਾਰਾ ਗਰਦੀਆਂ ਵਿਖੇ ਭੌਂਦੇ ਰਹਿੰਦੇ ਹਨ। ੭.ਪੂਰਨ ਗੁਰੂ (ਮਲਾਹ) ਬਾਝ (ਪਾਰਲਾ ਕਿਨਾਰਾ) ਨਹੀਂ ਪਾ ਸਕਦੇ।

**ਭਾਵ**-ਸੰਸਾਰ ਦੀਆਂ ਬਿਰਥਾ ਘੁੰਮਣ ਘੇਰੀਆਂ ਦੇ ਚਕ੍ਰਿਤ ਹੋਏ ਰਹਿੰਦੇ ਹਨ,ਪਾਰ ਨਹੀਂ ਜਾ ਸਕਦੇ।

## ੧੧. (ਸਤਿਗੁਰੂ ਪਾਰਸ)।

੧. ਸਤਿਗੁਰ ਪਾਰਸੁ ਪਰਹਰੈ ਪਥਰੁ ਪਾਰਸੁ ਢੂੰਡਣ ਜਾਏ।
੨. ਅਸਟਧਾਤੁ ਇਕ ਧਾਤੁ ਕਰਿ ਲੁਕਦਾ ਫਿਰੈ ਨ ਪ੍ਰਗਟੀ ਆਏ।
੩. ਲੈ ਵਣਵਾਸੁ ਉਦਾਸੁ ਹੋਇ ਮਾਇਆਧਾਰੀ ਭਰਮਿ ਭੁਲਾਏ।
੪. ਹਥੀ ਕਾਲਖ ਛੁਥਿਆ ਅੰਦਰਿ ਕਾਲਖ ਲੋਭ ਲੁਭਾਏ।
੫. ਰਾਜ ਡੰਡੁ ਤਿਸੁ ਪਕੜਿਆ ਜਮਪੁਰਿ ਭੀ ਜਮਡੰਡੁ ਸਹਾਏ।
੬. ਮਨਮੁਖ ਜਨਮੁ ਅਕਾਰਥਾ ਦੂਜੈ ਭਾਇ ਕੁਦਾਇ ਹਰਾਏ।
੭. ਗੁਰ ਪੂਰੇ ਵਿਣੁ ਭਰਮੁ ਨ ਜਾਏ॥੧੧॥

**ਪਦਾਰਥ**-(ਪਰਹਰੈ=ਛੱਡਕੇ; ਵਣਵਾਸੁ=ਜੰਗਲ ਵਾਸਾ। ਛੁਥਿਆ=ਛੋਹਣ ਨਾਲ। (ਕਾਲਖ=ਸਜਾਹੀ। ਅਕਾਰਥਾ=ਨਿਸ਼ਫਲ। ਕੁਦਾਇ=ਖੋਟਾ ਦਾਉ।

**ਅਰਥ**-੧.ਸਤਿਗੁਰੂ (ਗੁਰੂ ਨਾਨਕ ਦੇਵ) ਪਾਰਸ ਨੂੰ ਛੱਡਕੇ (ਲੋਕ) ਪੱਥਰਾਂ(ਵਿਖੇ) ਪਾਰਸ ਲੱਭਣ ਲਈ ਜਾਂਦੇ ਹਨ। ੨.ਅੱਠਾ ਧਾਤਾਂ (ਅਰਥਾਤ ਚਾਰ ਵਰਣ ਤੇ ਚਾਰ ਆਸ਼੍ਰਮਾਂ) ਨੂੰ ਇਕ (ਸੋਨਾ) ਧਾਂਤ ਕਰਨ ਵਾਲਾ (ਗੁਰਮੁਖ ਬਨਾਉਣ ਵਾਲਾ) ਪਾਰਸ ਛਿਪਦਾ ਫਿਰਦਾ ਹੈ ਪ੍ਰਗਟ (ਹੋਕੇ) ਨਹੀਂ

ਵਿਚਰਦਾ। ੩.ਮਾਇਆਧਾਰੀ ਭਰਮ ਵਿਖੇ ਭੁਲੇ ਹੋਏ (ਝੂਠੇ ਪਾਰਸ ਲੱਭਣ ਲਈ) ਜੰਗਲਾਂ ਵਿਚ ਉਦਾਸ ਹੋਏ ਪਏ ਫਿਰਦੇ ਹਨ। ੪.(ਮਾਇਆ ਨੂੰ) ਹੱਥ ਨਾਲ ਛੋਹਣ ਨਾਲ, ਹੱਥ ਕਾਲੇ ਹੁੰਦੇ ਹਨ* ਲੋਭ ਲੁਭਾਇਆਂ ਅੰਤਹਕਰਣ ਕਾਲਾ ਹੋ ਜਾਂਦਾ ਹੈ। ੫.(ਜੇਕਰ) ਉਹ (ਲੋਭੀ ਚੋਰ) ਪਕੜਿਆ ਜਾਵੇ (ਤਦ ਇਕ ਤਾਂ) ਰਾਜਾ ਦਾ ਦੰਡ ਫੇਰ ਮਰ ਕੇ ਜਮਾਂ ਦਾ ਡੰਡ ਸਹਾਰਦਾ ਹੈ। ੬.ਮਨਮੁਖ ਦਾ ਜਨਮ ਲੋਭ ਵਿਚ ਹੀ ਬਿਰਥਾ ਜਾਂਦਾ ਹੇ ਦੂਜੇ ਭਾਇ ਦੇ ਖੋਟੇ ਦਾਉ ਵਿਖੇ (ਜਨਮ ਰਤਨ) ਹਾਰ ਦਿੰਦਾ ਹੈ, ੭.ਪੂਰਨ ਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਬਾਝ (ਇਹ ਅਗਯਾਨ ਦਾ) ਭਰਮ ਨਹੀਂ ਜਾਂਦਾ।

ਸੂਚਨਾ-ਅਗਲੀ ਪੌੜੀ ਵਿਖੇ ਕਲਪ ਬ੍ਰਿਛ ਦਾ ਦ੍ਰਿਟਾਂਤ ਦੇਕੇ ਦਸਦੇ ਹਨ:-

## ੧੨. (ਗੁਰ ਕਲਪ ਬ੍ਰਿੱਛ)।

੧. ਪਾਰਿਜਾਤ ਗੁਰ ਛਡਿਕੈ ਮੰਗਨਿ ਕਲਪਤਰੋਂ ਫਲ ਕਚੇ।
੨. ਪਾਰਜਾਤ ਲਖ ਸੁਰਗ ਸਣੁ ਆਵਾਗਵਣੁ ਭਵਣ ਵਿਚਿ ਪਚੇ।
੩. ਮਰਦੇ ਕਰਿ ਕਰਿ ਕਾਮਨਾ ਦਿਤਿ ਭੁਗਤਿ ਵਿਚਿ ਰਚਿ ਵਿਰਚੇ।
੪. ਤਾਰੇ ਹੋਇ ਅਗਾਸ ਚੜਿ ਓੜਕਿ ਤੁਟਿ ਤੁਟਿ ਥਾਨ ਹਲਚੇ।
੫. ਮਾਂ ਪਿਉ ਹੋਏ ਕੇਤੜੇ ਕੇਤੜਿਆਂ ਦੇ ਹੋਏ ਬਚੇ।
੬. ਪਾਪ ਪੁੰਨ ਬੀਉ ਬੀਜਦੇ ਦੁਖ ਸੁਖ ਫਲ ਅੰਦਰਿ ਚਹਮਚੇ।
੭. ਗੁਰ ਪੂਰੇ ਵਿਣੁ ਹਰਿ ਨ ਪਰਚੇ॥੧੨॥

**ਪਦਾਰਥ**-(ਪਾਰਿਜਾਤ=ਕਲਪ ਬ੍ਰਿਛ। ਕੱਚੇ=ਝੂਠੇ।ਪਚੇ=ਸੜਦੇ ਹਨ। ਦਿਤਿ=ਦਿੱਤੇ ਹੋਏ। (ਭੁਗਤਿ=ਭੋਗ। ਰਚਿ ਵਿਰਚੇ=ਆਪ ਰਚਕੇ ਹੋਰਾਂ ਨੂੰ ਵਿਰਚਾਉਂਦੇ ਭਾਵ (ਫਸਾਉਂਦੇ। ਹਲਚੇ= ਹਲਚਲੀ, ਭਾਵ ਡਿੱਗਦੇ। ਚਹਮਚੇ=ਖੁਸ਼ੀ ਕਰਣੀ। (ਹਰਿ ਨ ਪਰਚੇ=ਹਰੀ ਨਹੀਂ ਪਰਚਦਾ, ਪ੍ਰਸੰਨ ਨਹੀਂ ਹੁੰਦਾ।

**ਅਰਥ**-੧.ਗੁਰੂ (ਨਾਨਕ ਚੇਤਨ) ਕਲਪ ਬ੍ਰਿੱਛ ਨੂੰ ਛੱਡਕੇ (ਸੁਰਗੀ) ਕਲਪ ਬ੍ਰਿਛ (ਜੜ੍ਹ ਪਦਾਰਥ) ਪਾਸੋਂ ਕੱਚੇ ਫਲ (ਨਾਮੀ ਪਦਾਰਥ) ਜਾਚਦੇ ਹਨ, (ਅਥਵਾ 'ਕਚੇ' ਲੋਕ ਮੰਗਦੇ ਹਨ)। ੨.ਲੱਖਾਂ ਕਲਪ ਬ੍ਰਿਛ, ਸੁਰਗ ਸਮੇਤ ਆਵਾਗੌਣ ਦੀ ਭਵਾਦਣੀ ਵਿਚ 'ਖਪਦੇ' ਦੁਖੀ ਹਨ, (ਭਾਵ ਸਭ ਨਾਸ਼ੀ ਪਦਾਰਥ ਹਨ)। ੩.ਕਾਮਨਾ ਕਰਨ ਵਾਲੇ ਲੋਕ (ਰੱਬ ਦੇ) ਦਿਤੇ ਹੋਏ ਪਦਾਰਥ ਵਿਖੇ (ਆਪ) ਖਚਿਤ ਹਨ, (ਦੂਜਿਆਂ ਨੂੰ ਫਸਾਕੇ ਇੱਛਾ ਵਿਚ ਹੀ) ਮਰਦੇ ਹਨ। ੪.(ਕਈ ਲੋਭੀ) ਅਕਾਸ਼ ਨੂੰ ਚੜ੍ਹਕੇ ਤਾਰਿਆਂ ਵਾਂਙ ਉਥੋਂ (ਪੁੰਨਾਂ ਦਾ ਫ਼ਲ ਭੋਗਕੇ) ਅੰਤ ਨੂੰ ਜੋ ਟੁੱਟ ਟੁੱਟ ਕੇ ਥਾਉਂ ਤੋਂ ਡਿਗਦੇ ਹਨ। (ਭਾਵ ਮਨ ਕਲਪਤ ਯਾ ਸ਼ਾਸਤ੍ਰੋਕਤ ਸੁਰਗ ਬੀ ਸਦਾ ਲਈ ਪ੍ਰਾਪਤ ਨਾ ਹੋਏ ਉਥੋਂ ਬੀ ਆਵਾਗਵਨ ਹੀ ਹੋਇਆ)। ੫.(ਉਥੋਂ ਡਿਗਕੇ) ਕਈਆਂ ਦੇ ਮਾਂ ਤੇ ਪਿਉ ਬਣਦੇ ਹਨ, ਤੇ ਕਈਆਂ ਦੇ ਬੱਚੇ ਬਣਦੇ ਹਨ। (ਭਾਵ ਫੇਰ ਜੋਨੀ ਵਿਚ ਪੈ ਜਾਂਦੇ ਹਨ)। ੬.(ਜਿਹਾ) ਪਾਪ ਅਤੇ ਪੁੰਨ ਦਾ ਬੀਉ ਬੀਜਦੇ ਹਨ, ਉਸ ਦੇ ਫਲ ਦੁਖ (ਵਿਚ ਦੁਖੀ) ਤੇ ਸੁਖ ਵਿਚ ਆਨੰਦ ਰਹਿੰਦੇ ਹਨ, (ਭਾਵ ਪਿਛਲਾ ਜਨਮ ਫਲ ਜਾਂਦਾ ਹੈ, ਇਸ ਲਈ ਕੁੱਤੇ ਬਿੱਲੇ ਜੋਨੀ ਆਦਿ ਹਰੇਕ ਜੀਵ ਆਪੋ ਆਪਣੇ ਕਰਮ ਫਲ ਵਿਖੇ ਚਹਿਲ ਪਹਿਲ ਕਰਦੇ ਹਨ, ਪ੍ਰੰਤੂ)। ੭.ਪੂਰਣ ਸਤਿਗੁਰੂ (ਦੀ ਸ਼ਰਣ) ਬਾਝ ਹਰੀ ਪ੍ਰਸੰਨ ਨਹੀਂ ਹੁੰਦਾ (ਭਾਵ ਉਸ ਦੀ ਪ੍ਰਸੰਨਤਾ ਬਾਝ ਚੌਰਾਸੀ ਦੀ ਫਾਂਸੀ ਬਣੀ ਰਹਿੰਦੀ ਹੈ, ਜਿਹਾ "**ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ॥ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ॥ ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ॥ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ**"॥ (ਜੈਤ: ਛੰਤ: ਮ; ੫-੩)

*ਰੁਪਯੇ ਗਿਣੋਂ ਤਾਂ ਹੱਥ ਕਾਲੇ ਹੋ ਜਾਂਦੇ ਹਨ।

## ੧੩. (ਉਹੋ ਹੀ)।

੧. ਸੁਖ ਸਾਗਰੁ ਗੁਰੁ ਛਡਿਕੈ ਭਵਜਲ ਅੰਦਰਿ ਭੰਭਲ ਭੂਸੇ।
੨. ਲਹਰੀ ਨਾਲਿ ਪਛਾੜੀਅਨਿ ਹਉਮੈ ਅਗਨੀ ਅੰਦਰ ਲੂਸੇ।
੩. ਜਮ ਦਰਿ ਬਧੇ ਮਾਰੀਅਨਿ ਜਮਦੂਤਾ ਦੇ ਧਕੇ ਧੂਸੇ।
੪. ਗੋਇਲਿਵਾਸਾ ਚਾਰਿ ਦਿਨ ਨਾਉ ਧਰਾਇਨਿ ਈਸੇ ਮੂਸੇ।
੫. ਸਾਇਰ ਦੇ ਮਰਜੀਵੜੇ ਕਰਨਿ ਮਜੂਰੀ ਖੇਚਲ ਖੂਸੇ।
੬. ਗੁਰੁ ਪੂਰੇ ਵਿਣੁ ਡਾਂਗ ਡੰਗੂਸੇ ॥੧੩॥

**ਪਦਾਰਥ**-(ਭਵਜਲ=ਸੰਸਾਰ ਸਮੁੰਦ੍ਰ। ਭੰਭਲ ਭੂਸੇ=ਭਟਕਣਾ। ਲੂਸੇ=ਸੜਨਾ।
(ਧਕੇ ਧੂਸੇ=ਧੱਕਿਆਂ ਨਾਲ ਧਰੂਹੀਦੇ। ਹੈਰਤ ਹੂਸੇ=ਹੈਰਾਨਗੀ ਨਾਲ, ਫਿਕਰਮੰਦ।
(ਖੇਚਲ ਖੂਸੇ=ਖੇਚਲ ਨਾਲ ਟੁੱਟਦੇ ਹਨ। ਡਾਂਗ ਡੰਗੂਸੇ=ਡੱਕੋ ਡੋਲੇ, ਜਾਂ ਡੰਡਾ ਸੋਟਾ।

**ਅਰਥ**-੧.ਸੁੱਖਾਂ ਦੇ ਸਮੁੰਦ੍ਰ ਗੁਰੂ ਨੂੰ ਤਿਆਗਕੇ ਸੰਸਾਰ (ਦੁਖ ਸਾਗਰ) ਵਿਖੇ ਲੋਕ ਡੱਕੋ ਡੋਲੇ ਖਾਂਦੇ ਹਨ(ਭਾਵ ਬਿਰਥਾ ਦੇਵੀ ਦੇਵਤਿਆਂ ਵੱਲ ਭਟਕਦੇ ਹਨ)। ੨.(ਚਿੰਤਾ ਦੀਆਂ) ਲਹਿਰਾਂ ਨਾਲ ਮਾਰੀਦੇ ਹਨ, ਹਉਮੈ ਰੂਪੀ ਬੜਵਾਗਨ ਵਿਖੇ ਸੜ ਰਹੇ ਹਨ। ੩.ਧਰਮਰਾਜ ਦੇ ਦਰਵਾਜ਼ੇ ਪੁਰ ਬਧੇ ਹੋਏ ਮਾਰੀਦੇ ਜਮਦੂਤਾਂ ਦੇ ਧੱਕਿਆਂ ਵਿਚ ਧ੍ਰੂਹੀਦੇ (ਅਰਥਾਤ ਘਸੀਟੀਦੇ) ਹਨ। ੪.(ਸੰਸਾਰ ਤਾਂ) ਚਾਰ ਦਿਨ ਦਾ ('ਗੋਇਲ' ਕਹੀਏ) ਗੁਜਰਾਂ ਦੀਆਂ ਛੱਪਰੀਆਂ ਵਾਂਙੂੰ ਵਾਸਾ ਹੈ, (ਇਥੇ ਕੋਈ) ਈਸਾ ਮੂਸਾ ਨਾਮ ਧਰਾਕੇ (ਸਦਾ ਰਹਿਣ ਵਾਲੇ) ਕਹਾ ਗਏ। ੫.(ਆਪ ਨੂੰ) ਘੱਟ ਕੋਈ ਨਹੀਂ ਅਖਾਉਂਦਾ (ਜਿਹਾ ਕਿ "**ਘਾਟਿ ਨ ਕਿਨਹੀ ਕਹਾਇਆ ॥ ਸਭ ਕਹਤੇ ਹੈ ਪਾਇਆ**" ॥ (ਸਿਰੀ:ਮ:੫) ਅਰਥ-ਸਾਰੇ ਆਖਦੇ ਹਨ ਕਿ ਰੱਬ ਨੂੰ ਮੈਂ ਹੀ ਪਾ ਲੀਤਾ ਹੈ), ਆਪੋ ਆਪਣੀ ਹੈਰਤ ਨਾਲ ਹੁੱਟ ਗਏ। ੬.ਸਮੁੰਦ੍ਰ ਦੇ ਮਰਜੀਵੜਿਆਂ ਵਾਙੂੰ ਮਜੂਰੀਆਂ ਕਰਕੇ ਖੇਚਲ ਨਾਲ ਖੁੱਸਦੇ ਹਨ। (ਦੁਖੀ ਹੁੰਦੇ ਯਾ ਗੁਆਏ ਜਾਂਦੇ ਹਨ)। ੭.ਪੂਰਣ ਸਤਿਗੁਰੂ ਬਾਝ ਡੱਕੋ ਡੋਲੇ ਹੀ ਹਨ, (ਜਾਂ) ਧਰਮਰਾਜ ਦਾ ਡੰਡਾ ਸੋਟਾ ਹੀ (ਬਾਕੀ ਹੈ, ਨਰਕ ਦੀ ਭੱਠੀ ਥੋਂ ਗੁਰੂ ਥੋਂ ਗੁਰੂ ਹੀ ਰੱਖਿਆ ਕਰ ਸਕਦੇ ਹਨ)।

**ਭਾਵ**-ਈਸਾ ਕਹਿੰਦਾ ਸੀ ਕਿ 'ਮੈ ਹੀ ਸੰਸਾਰ ਦਾ ਰਸਤਾ ਹਾਂ' ਤੇ ਮੂਸਾ ਕਹਿੰਦਾ ਸੀ 'ਮੈਂ ਹੀ ਰੱਬ ਨਾਲ ਗੱਲਾਂ ਕਰ ਆਯਾ ਹਾਂ'। ਭਾਈ ਸਾਹਿਬ ਜੀ ਕਹਿੰਦੇ ਹਨ ਜੇ ਪੂਰੇ ਗੁਰੂ ਦੀ ਸ਼ਰਨ ਲਈ ਹੁੰਦੀ ਤਦ 'ਮੈਂ ਦੀ ਕਾਈ ਸਾਫ ਹੋ ਜਾਂਦੀ, ਐਉਂ ਡਾਂਗ ਡਗੂੰਸੇ ਧਨੂੰਕੇ ਸ਼ਾਹੀ ਨਾ ਰਹਿੰਦੀ।

## ੧੪, (ਭੋਗਾਂ ਨਾਲ ਅੱਗ ਵਧੇ ਹੈ)।

੧. ਚਿੰਤਾਮਣਿ ਗੁਰੁ ਛਡਿਕੈ ਚਿੰਤਾਮਣਿ ਚਿੰਤਾ ਨ ਗਵਾਏ।
੨. ਚਿਤਵਣੀਆ ਲਖ ਰਾਤਿ ਦਿਹੁ ਤ੍ਰਾਸ ਨ ਤ੍ਰਿਸਨਾ ਅਗਨਿ ਬੁਝਾਏ।
੩. ਸੁਇਨਾ ਰੁਪਾ ਅਗਲਾ ਮਾਣਕ ਮੋਤੀ ਅੰਗਿ ਹੰਢਾਏ।
੪. ਪਾਟ ਪਟੰਬਰ ਪੈਨ੍ਹਕੇ ਚੋਆ ਚੰਦਨ ਮਹ ਮਹਕਾਏ।
੫. ਹਾਥੀ ਘੋੜੇ ਪਾਖਰੇ ਮਹਲ ਬਗੀਚੇ ਸੁਫਲ ਫਲਾਏ।
੬. ਸੁੰਦਰ ਨਾਰੀ ਸੇਜ ਸੁਖ ਮਾਇਆ ਮੋਹਿ ਧੋਹਿ ਲਪਟਾਏ।
੭. ਬਲਦੀ ਅੰਦਰਿ ਤੇਲ ਜਿਉ ਆਸਾ ਮਨਸਾ ਦੁਖਿ ਵਿਹਾਏ।
੮. ਗੁਰ ਪੂਰੇ ਵਿਣੁ ਜਮਪੁਰਿ ਜਾਏ ॥੧੪॥

**ਪਦਾਰਥ**-(ਤ੍ਰਾਸ=ਡਰ। ਅਗਲਾ=ਬਹੁਤਾ। ਅੰਗ=ਸਰੀਰ।
(ਮਹ ਮਹਕਾਏ=ਧਰਤੀ ਸੁਗੰਧਿਤ ਕਰ ਦੇਵੇ। ਪਾਖਰੇ=ਕਾਠੀਆਂ ਵਾਲੇ।

**ਅਰਥ**-੧.ਗੁਰੂ ਚਿੰਤਾਮਣੀ ਨੂੰ ਛੱਡ ਕੇ, ਚਿੰਤਾਮਣੀ (ਚਿੰਤਾ ਪੂਰਨ ਵਾਲਾ ਮੰਨਿਆਂ ਹੋਇਆ ਪੱਥਰ) ਚਿਤ ਦੀ ਚਿੰਤਾ ਦੀ ਚਿੰਤਾ ਨਹੀਂ ਹਟਾਉਂਦੀ। ੨.(ਸਗਮਾਂ) ਲੱਖਾਂ ਰਾਤ ਤੇ ਦਿਨ ਸੋਚਾਂ (ਫੁਰਦੀਆਂ ਹਨ), (ਚੋਰਾਦਿਕਾਂ ਦੇ ਭੈ ਉੱਠਦੇ ਹਨ) ਤ੍ਰਿਸ਼ਨਾ ਦੀ ਅੱਗ ਡਰ ਨੂੰ ਨਹੀਂ ਬੁਝਾਉਂਦੀ (ਚਿਤਾਮਣੀ ਪਦਾਰਥ ਦੇਊ, ਉਸ ਨਾਲ ਤ੍ਰਿਸ਼ਨਾ ਤੇ ਡਰ ਹੋਰ ਵਧੇਗਾ)। ੩.ਸੋਨਾਂ, ਚਾਂਦੀ ਦੇ ਬਾਹਲੇ (ਭੂਖਣ) ਮਾਣਕ ਮੋਤੀ (ਦੇ ਜੜਾਊ) ਸਰੀਰ ਪੁਰ (ਪਹਿਨਕੇ) ਹੰਢਾਵੇ। ੪.ਪੱਟ ਦੇ ਕਪੜੇ ਪਹਿਨਕੇ ਚੋਆ ਚੰਦਨ (ਆਦਿ ਵਾਸ਼ਨਾ ਨਾਲ) ਧਰਤੀ ਮਹਿਕਾ ਦੇਵੇ। ੫.ਹਾਥੀ ਘੋੜੇ ਕਾਠੀਆਂ ਵਾਲੇ, ਉੱਚੇ ਮੰਦਰ, ਬਗੀਚੇ ਜਿਹੜੇ ਸੁਹਣੇ ਫਲਾਂ ਨਾਲ ਫਲੀਭੂਤ ਹਨ (ਵਿਦਮਾਨ ਹੋਣ)। ੬.ਸੁਹਣੀਆਂ ਇਸਤ੍ਰੀਆਂ ਦੇ ਸੇਜਾ ਦੇ ਸੁਖ ਪ੍ਰਾਪਤ ਹੋਣ। ਮਾਇਆ ਦੇ (ਮੋਹ ਧ੍ਰੋਹ) ਵੈਰ ਵਿਚ ਹੀ ਲਪਟਾਉਣਗੇ। ੭.ਬਲਦੀ ਹੋਈ ਅੱਗ ਵਿਚ ਤੇਲ ਦੇ ਪਾਇਆਂ ਜਿਵੇਂ (ਵਧੇਰੀ ਪਰਜ੍ਵਲਤ ਹੁੰਦੀ ਹੈ, ਇਸੇ ਤਰ੍ਹਾਂ) ਆਸਾ ਅਤੇ ਮਨਸਾ ਦੇ ਦੁੱਖ ਵਿਚ (ਉਮਰ) ਗੁਜ਼ਰਦੀ ਹੈ, (ਅੱਗ ਬੁਝਣ ਵਿਚ ਨਹੀਂ ਆਉਂਦੀ- "**ਜਿਉਂ ਪਾਵਿਕਿ ਈਧਨਿ ਨਹੀਂ ਧ੍ਰਾਪੈ**"॥ ਅਰਥ-ਅੱਗ ਵਿਚ ਲੱਕੜਾਂ ਦੇ ਪਾਇਆਂ ਵਧੇਰੀ ਹੁੰਦੀ ਹੈ ਰੱਜਣ ਵਿਚ ਨਹੀਂ ਆਉਂਦੀ)। ੮.ਪੂਰੇ ਗੁਰੂ ਬਾਝ ਧਰਮਰਾਜ ਦੀ ਪੁਰੀ ਜਾਏਗਾ।

**ਭਾਵ**-ਪੁਰਬੋਕਤ ਮਣੀਆਂ ਮੋਤੀ, ਹਾਥੀ ਆਦਿ ਵਾਹਨ , ਇਸਤ੍ਰੀ ਆਦਿ ਪਰਿਵਾਰ, ਸਾਰੇ ਦੁਖ ਦੇ ਅੰਗਾਰ ਹਨ, ਸਤਿਗੁਰੂ ਨਾਨਕ ਦੇਵ ਹੀ ਜਮਪੁਰੀ ਦੇ ਸਹਾਇਕ ਹਨ। ਤ੍ਰਿਸ਼ਨਾ ਖੁਰਕ ਵਾਂਙ ਖੁਰਕਿਆਂ ਵਧਦੀ ਤੇ ਪੀੜਾ ਦੇਂਦੀ ਹੈ। ਗੁਰੂ ਦੀ ਸੰਗਤ ਨਾਲ ਤ੍ਰਿਸ਼ਨ ਮਿਟਦੀ ਤੇ ਸੱਚਾ ਰਸਤਾ ਲੱਭਦਾ ਹੈ।

## ੧੫. (ਕੁਦਰਤ ਦਾ ਵਰਣਨ)।

੧. ਲਖ ਤੀਰਥ ਲਖ ਦੇਵਤੇ ਪਾਰਸ ਲਖ ਰਸਾਇਣੁ ਜਾਣੈ।
੨. ਲਖ ਚਿੰਤਾਮਣਿ ਪਾਰਜਾਤ ਕਾਮਧੇਨੁ ਲਖ ਅੰਮ੍ਰਿਤ ਆਣੈ।
੩. ਰਤਨਾ ਸਣੁ ਸਾਇਰ ਘਣੇ ਰਿਧਿ ਸਿਧਿ ਸੋਭਾ ਸੁਲਤਾਣੈ।
੪. ਲਖ ਪਦਾਰਥ ਲਖ ਫਲ ਲਖ ਨਿਧਾਨ ਅੰਦਰਿ ਫਰਮਾਣੈ।
੫. ਲਖ ਸਾਹ ਪਾਤਿਸਾਹ ਲਖ ਲਖ ਨਾਥ ਅਵਤਾਰੁ ਸੁਹਾਣੈ।
੬. ਦਾਨੈ ਕੀਮਤਿ ਨਾ ਪਵੈ ਦਾਤੈ ਕਉਣੁ ਸੁਮਾਰੁ ਵਖਾਣੈ।
੭. ਕੁਦਰਤਿ ਕਾਦਰ ਨੋ ਕੁਰਬਾਣੈ ॥੧੫॥

**ਪਦਾਰਥ**-(ਸੁਲਤਾਣੈ=ਪਾਤਸ਼ਾਹ ਚੱਕ੍ਰਵਰਤੀ। ਨਿਧਾਨ=ਖਜ਼ਾਨਾ।
(ਸੁਮਾਰੁ=ਗਿਣਤੀ। ਕਾਦਰ=ਜਗਤ ਕਾਰਕ।

**ਅਰਥ**-੧.ਲੱਖਾਂ ਤੀਰਥ, ਲੱਖਾਂ ਦੇਵਤੇ, ਲੱਖਾਂ ਪਾਰਸ ਅਰ ਲੱਖਾਂ ਹੀ ਰਸਾਇਣੀ (ਲੋਕ ਜਿਹੜੇ ਰਸਾਇਣ ਦਾ ਕੰਮ) ਜਾਣਦੇ ਹਨ। ੨.ਲੱਖਾਂ ਚਿੰਤਾਮਣੀਆਂ, ਕਲਪ ਬ੍ਰਿਛ, ਕਾਮਧੇਨ ਗਊਆਂ, ਲੱਖਾਂ ਹੀ ਅੰਮ੍ਰਿਤ (ਸਰੀਰ ਨੂੰ ਅਮਰ ਕਰਨ ਵਾਲੇ) ਲਿਆਂਦੇ ਜਾਣ। ੩.ਰਤਨਾਂ ਦੇ ਸਮੇਤ ਬਹੁਤੇ ਸਮੁੰਦਰ (ਕਈ) ਰਿੱਧਾਂ, ਸਿੱਧਾਂ, ਨਿਧਾਂ ਅਰ ਸੋਭਾਇਮਾਨ ਚੱਕ੍ਰਵਰਤੀ ਪਾਤਸ਼ਾਹ। ੪.ਲੱਖਾਂ ਪਦਾਰਥ, ਲੱਖਾਂ ਫਲ, ਲੱਖ ਖ਼ਜ਼ਾਨੇ ਹੁਕਮ ਵਿਚ ਹੋਣ। ਲੱਖਾਂ ਸ਼ਾਹ, ਲੱਖਾਂ ਪਾਤਸ਼ਾਹ, ਲੱਖ ਨਾਥ, ਲੱਖ ਅਵਤਾਰ, ਸੁਹਣੇ। ੬.(ਏਹ ਸਭ ਉਸ ਵਾਹਿਗੁਰੂ ਦੀ ਦਾਤ ਹਨ, ਹੁਣ ਸੋਚੋ ਤਾਂ) ਇਨ੍ਹਾਂ ਦਾਨਾ ਦੀ ਕੀਮਤ ਨਹੀਂ ਹੋ ਸਕਦੀ,(ਉਸ) ਦਾਤੇ ਦਾ ਕੌਣ ਲੇਖਾ ਕਰ ਸਕਦਾ ਹੈ। ੭.(ਤਾਂ ਤੇ ਅਸੀਂ ਕਰਤਾਰ ਦੀ 'ਕੁਦਰਤ'

ਤੋਂ ਕੁਰਬਾਨ ਜਾਈਏ।

**ਭਾਵ**-ਧੰਨ ਰਚਨਾਂ ਹੈ ਜਿਹਾ- **''ਜਿਨਿ ਦਿਨ ਕਰਿਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ'' ॥** (ਆਸਾ: ਮ:੧: ਚਉ-੨) ਦੇਖੋ ਈਸ਼੍ਵਰ ਨੇ ਦਿਨ ਦਾ ਦੀਵਾ ਸੂਰਜ ਅਰ ਰਾਤ ਦਾ ਚੰਦ੍ਰਮਾ ਦੀਪਕ ਰਖਿਆ ਹੈ, ਜੇ ਰਾਤ ਨਾ ਹੁੰਦੀ ਤਾਂ ਲੋਕ ਹਾਰਕੇ ਮਰ ਜਾਂਦੇ। ਸੋ ਵਾਹਿਗੁਰੂ ਨੇ ਬੇਅੰਤ ਕੁਦਰਤ ਰਚੀ ਹੈ। ਇਹ ਕੁਦਰਤ ਜਦ ਗਿਣੀ ਨਹੀਂ ਜਾਂਦੀ ਤਦ ਕਾਦਰ ਨੂੰ ਕੌਣ ਗਿਣ ਸਕਦਾ ਹੈ? ਤਾਂਤੇ ਕੁਦਰਤ ਨੂੰ ਵੇਖਕੇ ਉਸ ਕਾਦਰ ਤੋਂ ਪਯਾਰ ਨਾਲ ਨਿਜ ਨੂੰ ਸਦਕੇ ਕਰਨਾ ਚਾਹੀਦਾ ਹੈ, ਹਜ਼ੂਰੀ ਬਾਗੇ :- 'ਮਾਲੀ ਮਲ ਹੈ ਹਾਥ ਬਡ ਡਾਲੀ ਡਾਲੀ ਦੇਖ। ਹਮ ਨ ਨਿਕਾਲੀ ਕਲਾ ਇਹ ਬਨਮਾਲੀ ਕੋ ਪੇਖ ॥' ਕੰਡੇ ਥੋਂ ਫੁਲ, ਨਾਪੇ ਤੋਂ ਕਸਤੂਰੀ, ਖਾਣਾ ਤੋਂ ਸੋਨਾ, ਧਰਤੀ ਥੋਂ ਹਰੀ ਅੰਗੂਰੀ, ਰਚਨਹਾਰ ਇਕ ਕਰਤਾਰ ਹੈ ਉਸ ਦਾ ਸ਼ੁਕਰ ਕਰੋ ਤੇ ਉਸ ਨੂੰ ਪਛਾਣੋ।

## ੧੬. (ਗੁਰੂ ਚੇਲਾ, ਚੇਲਾ ਗੁਰੂ)।

੧. ਰਤਨਾਂ ਦੇਖੈ ਸਭੁ ਕੋ ਰਤਨ ਪਾਰਖੂ ਵਿਰਲਾ ਕੋਈ।
੨. ਰਾਗ ਨਾਦ ਸਭ ਕੋ ਸੁਣੈ ਸਬਦ ਸੁਰਤਿ ਸਮਝੈ ਵਿਰਲੋਈ।
੩. ਗੁਰ ਸਿਖ ਰਤਨ ਪਦਾਰਥਾ ਸਾਧਸੰਗਤਿ ਮਿਲਿ ਮਾਲ ਪਰੋਈ।
੪. ਹੀਰੈ ਹੀਰਾ ਬੇਧਿਆ ਸਬਦ ਸੁਰਤਿ ਮਿਲਿ ਪਰਚਾ ਹੋਈ।
੫. ਪਾਰਬ੍ਰਹਮ ਪੂਰਨ ਬ੍ਰਹਮੁ ਗੁਰੁ ਗੁਵਿੰਦੁ ਸਿਞਾਣੈ ਸੋਈ।
੬. ਗੁਰਮੁਖਿ ਸੁਖ ਫਲੁ ਸਹਜਿ ਘਰੁ ਪਿਰਮ ਪਿਆਲਾ ਜਾਣੁ ਜਣੋਈ।
੭. ਗੁਰੁ ਚੇਲਾ ਚੇਲਾ ਗੁਰ ਹੋਈ ॥੧੬॥

**ਪਦਾਰਥ**-(ਪਾਰਖੂ=ਪ੍ਰੀਖ੍ਯਕ, ਜਗ੍ਯਾਸੂ। ਰਾਗ ਨਾਦ=ਰਾਗਾਂ ਦੇ ਸ਼ਬਦ। ਵਿਰਲੋਈ=ਕੋਈ। (ਵਿਰਲਾ ਹੈ। ਜਾਣ ਜਣੋਈ=ਆਪ ਜਾਣਕੇ ਹੋਰਾਂ ਨੂੰ ਜਣਾਉਣਾ।

**ਅਰਥ**-੧.ਰਤਨਾਂ (ਯਾ ਪਾਠਾਂਤ੍-ਰੱਤਕਾਂ=ਲਾਲੜੀਆਂ) ਨੂੰ ਸਭ ਕੋਈ ਦੇਖਦਾ ਹੈ, ਪਰ ਰਤਨਾਂ ਦਾ ਪਾਰਖੂ ਕੋਈ ਵਿਰਲਾ ਹੀ (ਜਗ੍ਯਾਸੂ) ਹੁੰਦਾ ਹੈ। ੨.ਰਾਗਾਂ ਦੇ ਸ਼ਬਦ ਸਾਰੇ ਲੋਕ ਸੁਣਦੇ ਹਨ (ਪਰੰਤੂ) ਸ਼ਬਦ ਸੁਰਤਿ ਨੂੰ ਸਮਝਣ ਵਾਲਾ ਕੋਈ ਵਿਰਲਾ ਹੈ। ੩.ਗੁਰੂ ਦੇ ਸਿੱਖ ਰਤਨ ਪਦਾਰਥ ਹਨ (ਏਹ) ਸਾਧ ਸੰਗਤ (ਵਿਚ) ਮਿਲਦੇ (ਮਾਨੋਂ) ਮਾਲਾ ਵਿਖੇ ਪਰੋਤੇ ਹੋਏ ਹਨ। ੪.(ਗੁਰੂ ਦੇ ਸ਼ਬਦ ਰੂਪੀ) ਹੀਰੇ ਨਾਲ (ਜਿਸ ਦਾ ਮਨ ਰੂਪੀ) ਹੀਰਾ ਵਿੰਨ੍ਹਿਆਂ ਗਿਆ (ਉਸ ਨੇ) ਸ਼ਬਦ ਵਿਖੇ ਸੁਰਤ ਮਿਲਾਕੇ ਤਸੱਲੀ ਪਾ ਲਈ। ੫.ਪਾਰਬ੍ਰਹਮ ਅਤੇ ਪੂਰਨ ਬ੍ਰਹਮ ਗੁਰੂ ਅਤੇ ਪਰਮੇਸੁਰ ਨੂੰ ਉਸੇ ਨੇ ਸਿਞਾਣਿਆ ਹੈ। ੬.ਉਸ ਗੁਰਮੁਖ ਨੂੰ 'ਸੁਖ ਫਲ' ਤੇ ਸਹਿਜ ਦਾ ਨਿਵਾਸ ਹੋ ਜਾਂਦਾ ਹੈ, ਉਹ ਪ੍ਰੇਮ (ਰੂਪੀ ਸ਼ਰਾਬ) ਦਾ ਪਿਆਲਾ (ਆਪ) ਜਾਣਕੇ (ਪੀਕੇ ਹੋਰਨਾਂ ਨੂੰ) ਜਣਾਉਂਦਾ ਹੈ (ਭਾਵ ਪਿਲਾਕੇ ਮਸਤ ਕਰ ਦਿੰਦਾ ਹੈ)। ੭.(ਉਹੀ) ਗੁਰੂ (ਹੋਕੇ) ਚੇਲਾ ਹੈ, (ਅਰ) ਚੇਲਾ ਹੋ ਕੇ ਗੁਰੂ ਹੈ। (ਦੋ ਨਾਉਂ ਰੂਪ ਇਕੋ ਹੈ, ਜਿਹਾ ਗੁਰੂ ਨਾਨਕ ਜੀ ਅਤੇ ਗੁਰੂ ਅੰਗਦ ਜੀ ਗੁਰੂ ਚੇਲਾ ਅਰ ਚੇਲਾ ਗੁਰੂ ਹੈ, ਇਕੋ ਰੂਪ ਹਨ)।

## ੧੭. (ਅੰਗਾਂ ਦੀ ਸਫਲਤਾ)।

੧. ਮਾਣਸ ਜਨਮੁ ਅਮੋਲ ਹੈ ਹੋਇ ਅਮੋਲੁ ਸਾਧ ਸੰਗ ਪਾਏ।
੨. ਅਖੀ ਦੁਇ ਨਿਰਮੋਲਕਾ ਸਤਿਗੁਰੁ ਦਰਸ ਧਿਆਨ ਲਿਵਲਾਏ।
੩. ਮਸਤਕੁ ਸੀਸ ਅਮੋਲ ਹੈ ਚਰਣ ਸਰਣ ਗੁਰੁ ਧੂੜਿ ਸੁਹਾਏ।
੪. ਜਿਹਬਾ ਸ੍ਰਵਣ ਅਮੋਲਕਾ ਸਬਦ ਸੁਰਤਿ ਸੁਣਿ ਸਮਝਿ ਸੁਣਾਏ।


www.sikhbookclub.com

੫. ਹਸਤ ਚਰਣ ਨਿਰਮੋਲਕਾ ਗੁਰਮੁਖ ਸੇਵ ਕਮਾਏ।
੬. ਗੁਰਮੁਖਿ ਰਿਦਾ ਅਮੋਲੁ ਹੈ ਅੰਦਰਿ ਗੁਰ ਉਪਦੇਸੁ ਵਸਾਏ।
੭. ਪਤਿ ਪਰਵਾਣੈ ਤੋਲਿ ਤੁਲਾਏ॥੧੭॥

**ਪਦਾਰਥ**-(ਨਿਰਮੋਲਕ=ਜਿਸ ਦਾ ਮੁੱਲ ਨਾ ਪਵੇ। ਪਤਿ ਪਰਵਾਨਾ=ਪਤਿ ਦਾ ਵੱਟਾ।

**ਅਰਥ**-੧.ਮਨੁੱਖ ਜਨਮ ਅਮੋਲਕ ਹੈ, (ਪਰੰਤੂ) ਸਾਧ ਸੰਗਤ ਦੇ ਪ੍ਰਾਪਤ ਹੋਣ ਨਾਲ ਅਮੋਲਕ ਹੁੰਦਾ ਹੈ, (ਨਹੀਂ ਤਾਂ ਕੌਡੀਓਂ ਖੋਟਾ ਹੈ)। ੨.ਦੋਵੇਂ ਅੱਖਾਂ ਨਿਰਮੋਲਕ (ਸੁਗਾਤ ਹਨ, ਪਰੰਤੂ ਜੇ) ਸਤਿਗੁਰੂ ਦੇ ਦਰਸ਼ਨ ਦੇ ਧਿਆਨ ਵਿਖੇ ਲਿਵ (ਬ੍ਰਿਤਿ) ਲਗ ਜਾਵੇ। ੩.ਮੱਥਾ ਅਤੇ ਸਿਰ (ਤਦ) ਅਮੋਲਕ ਹਨ (ਜਦੋਂ) ਗੁਰਾਂ ਦੇ ਚਰਣਾਂ ਦੀ ਸ਼ਰਣ ਦੀ ਧੂੜ ਪਿਆਰੀ ਲੱਗੇ ਤਾਂ। ੪.ਜਿਹਬਾ ਅਤੇ ਕੰਨ ਅਮੋਲਕ ਤਦ ਹਨ, ਜਦ ਸ਼ਬਦ ਨੂੰ (ਕੰਨ) ਸੁਣਨ ਤੇ ਸੁਰਤ (ਸਹਿਜੇ ਧਾਰਨ ਕਰੇ, ਗੁਰ ਸ਼ਬਦ ਵਿਚ ਖਚਤ ਹੋ ਜਾਏ ਤੇ ਜਿਬਾ ਲੋਕਾਂ ਨੂੰ ਉਸ ਸ਼ਬਦ ਦੀ ਮਹਿਮਾ; ਤੇ ਜਾਚ)ਸਮਝਕੇ ਸਿਖਾਵੇ। ੫.ਹੱਥ ਤੇ ਪੈਰ ਨਿਰਮੋਲਕ (ਤਦ ਹਨ ਜਦੋਂ ਪੈਰ) ਗੁਰਮੁਖਾਂ ਦੇ ਮਾਰਗ ਪੁਰ ਚੱਲਣ (ਅਤੇ ਹੱਥ ਗੁਰਮੁਖਾਂ ਦੀ) ਟਹਿਲ ਕਰਨ। ੬.ਗੁਰਮੁਖਾਂ ਦਾ ਰਿਦਾ ਅਮੋਲਕ ਹੈ, (ਜਦੋਂ) ਅੰਦਰ ਗੁਰੂ ਦਾ ਉਪਦੇਸ਼ ਵਸਾ ਲਵੇ। ੭.(ਅਤੇ ਜਦੋਂ) ਪਤ ਦੇ ਵੱਟੇ ਦੇ ਬਰਾਬਰ ਤੋਲ ਵਿਖੇ ਤੁਲ ਜਾਵੇ, (ਯਥਾ :- **"ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥"** (ਆਸਾ:ਵਾਰ:ਮ:੧-੧੧) ਅਰਥਾਤ=ਜਿਨ੍ਹਾਂ ਦੀ ਦਰਗਾਹ ਵਿਚ ਇੱਜ਼ਤ ਰਹੀ ਉਨ੍ਹਾਂ ਦਾ ਸਭ ਕੁਝ ਰਿਹਾ)।

## ੧੯. (ਰੱਬ ਦੀਆਂ ਦਾਤਾਂ ਤੇ ਸਾਡੀ ਭੁੱਲ)।

੧. ਰਕਤੁ ਬਿੰਦ ਕਰਿ ਨਿੰਮਿਆ ਚਿਤ੍ਰ ਚਲਿਤ੍ਰ ਬਚਿਤ੍ਰ ਬਣਾਇਆ।
੨. ਗਰਭ ਕੁੰਡ ਵਿਚਿ ਰਖਿਆ ਜੀਉਪਾਇ ਤਨੁ ਸਾਜਿ ਸੁਹਾਇਆ।
੩. ਮੁਹੁ ਅਖੀ ਦੇ ਨਕੁ ਕੰਨ ਹਥ ਪੈਰ ਦੰਦ ਵਾਲ ਗਣਾਇਆ।
੪. ਦਿਸਟਿ ਸਬਦ ਗਤਿ ਸੁਰਤ ਲਿਵ ਰਾਗ ਰੰਗਰਸ ਪਰਸ ਲੁਭਾਇਆ।
੫. ਉਤਮੁ ਕੁਲੁ ਉਤਮੁ ਜਨਮੁ ਰੋਮ ਰੋਮ ਗਣਿ ਅੰਗ ਬਣਾਇਆ।
੬. ਬਾਲਬੁਧਿ ਮੁਹਿ ਦੁਧਿ ਦੇ ਕਰਿ ਮਲ ਮੂਤ੍ਰ ਸੂਤ੍ਰ ਵਿਚਿ ਆਇਆ।
੭. ਹੋਇ ਸਿਆਣਾ ਸਮਝਿਆ ਕਰਤਾ ਛਡਿ ਕੀਤੇ ਲਪਟਾਇਆ।
੯. ਗੁਰ ਪੂਰੇ ਵਿਣੁ ਮੋਹਿਆ ਮਾਇਆ ॥੧੯॥

**ਪਦਾਰਥ**-(ਨਿੰਮਿਆ=ਸਥਿਤ ਹੋਇਆ। ਚਿਤ੍ਰ=ਨਕਸ਼ਾ। ਚਲਿਤ੍ਰ=ਅਚਰਜ।
(ਬਚਿਤ੍ਰ=ਨਾਨਾ ਪ੍ਰਕਾਰ ਦੇ। ਗਰਭ ਕੁੰਡ=ਮਾਂ ਦੇ ਪੇਟ ਦਾ ਮੱਟ।
(ਦ੍ਰਿਸਟਿ=ਰੂਪ, ਨਜ਼ਰ; ਸਬਾਇਆ=ਸੰਪੂਰਣ।

**ਅਰਥ**-੧.(ਮਾਂ ਦੀ) ਰਕਤ ਤੇ (ਪਿਤਾ ਦੇ) ਬੀਰਜ ਦਾ ਪੁਤਲਾ ਹੋਕੇ ਸਿਥਿਤ ਹੋਇਆ, ਉਸ ਥੋਂ ਅਚਰਜ ਸੁੰਦਰ ਨਕਸ਼ਾ (ਰੂਪ) (ਈਸ਼ੁਰ ਨੇ) ਬਣਾਇਆ। ੨.(ਮਾਂ ਦੇ) ਗਰਭ ਕੁੰਡ ਵਿਖੇ ਰਖਿਆ (ਜੀਉ) ਚੇਤਨ ਸੱਤਾ ਪਾਕੇ (ਛੀ) ਮਹੀਨਿਆਂ ਪਿਛੋਂ) ਸੁੰਦਰ ਸਰੀਰ ਸਾਜ ਦਿੱਤਾ। ੩.ਮੂੰਹ (ਖਾਣ ਲਈ), ਅੱਖਾਂ (ਦੇਖਣ ਲਈ), ਨੱਕ (ਸੁੰਘਣ ਲਈ), ਕੰਨ (ਸੁਣਨ ਲਈ), ਹੱਥ (ਕੰਮ ਲਈ), ਪੈਰ (ਚਲਣ ਲਈ), ਦੰਦ (ਚਿੱਥਣ ਲਈ), ਵਾਲ (ਸੋਭਾ ਤੇ ਅਰੋਗਤਾ ਦੀ ਰਖਿਆ ਲਈ ਮਾਨੋ) ਗਿਣਕੇ ਦਿੱਤਾ (ਭਾਵ ਸਭ ਲੋੜਾਂ ਪੂਰਨ ਕੀਤੀਆਂ)। ੪.ਦ੍ਰਿਸ਼ਟ (ਓਹ ਸ਼ਕਤੀ ਜੋ ਅੱਖਾਂ ਥਾਣੀਂ ਦੇਖੀਦੀ ਹੈ), ਸ਼ਬਦ (ਉਹ ਸ਼ਕਤੀ ਜੋ ਕੰਨਾਂ ਥਾਣੀਂ ਅਵਾਜ਼ ਦਾ ਗਿਆਨ ਲੈਂਦੀ ਹੈ), ਗਤ (ਉਹ

ਸ਼ਕਤੀ ਜੋ ਸਾਰੇ ਅੰਗਾਂ ਨੂੰ ਹਿੱਲਣ ਜੁਲਣ ਦੀ ਸੱਤਾ ਦੇਂਦੀ ਹੈ, ਜਿਸਨੂੰ ਚੇਸ਼ਟਾ ਕਹਿੰਦੇ ਹਨ), ਸੁਰਤ (ਉਹ ਸਾਖੀ ਸੱਤਾ ਜੋ ਗਿਆਨ ਰੂਪ ਹੈ, ਅਰ ਸਭ ਕੁਝ ਨੂੰ ਅਨੁਭਵ ਕਰਦੀ ਹੈ), ਲਿਵ (ਉਹ, ਸੱਤਾ ਜੋ ਸੁਰਤ ਅਰ ਸੁਰਤ ਦੇ ਵਿਸ਼ੇ ਵਿਚ ਸੰਬੰਧ ਪੈਦਾ ਕਰਦੀ ਹੈ)। (ਇਨ੍ਹਾਂ ਤਾਕਤਾਂ ਨੂੰ ਲੁੱਭਤ ਹੋਣ ਲਈ ਇਹ ਵਿਸ਼ੇ ਮਿਲੇ), ੪.(ਦ੍ਰਿਸ਼ਟ ਨੂੰ ) ਰੰਗ (ਅਕਾਰ ਯਾ ਰੂਪ) (ਸ਼ਬਦ ਨੂੰ) ਰਾਗ (ਓਹ ਆਵਾਜ਼ ਜੋ ਵਸਤਾਂ ਦੇ ਮਿਲਨ ਯਾ ਪਾਟਨ ਤੋਂ ਪੈਦਾ ਹੋਵੇ); (ਗਤ ਨੂੰ) ਸਪਰਸ਼ (ਚੇਸ਼ਟਾ ਨਾਲ ਜਿਸ ਤਕ ਪਹੁੰਚੀਏ, ਜਿਸ ਨਾਲ ਛੋਹੀਏ, ਜਿਸ ਨੂੰ ਫੜੀਏ, ਛੱਡੀਏ, ਧੱਕੀਏ ਆਦਿ ਓਹ ਸਭ ਸਪਰਸ਼ ਹੈ)। (ਸੁਰਤ ਨੂੰ) ਰਸ (ਜਿਸਦਾ ਅਨੁਭਵ ਸਾਡੇ ਅੰਦਰ ਇੰਦ੍ਰਿਆਂ ਦੁਆਰੇ ਪੁਹਿੰਚੇ ਓਹ ਸਭ ਰਸ ਹੈ) (ਲਿਵ ਨੂੰ) ਲੁਭਾਉਣਾ (ਲਗਣਾ, ਲਿਵ ਨੂੰ ਸੁਰਤ ਤੇ ਵਿਸ਼ੇ ਦੇ ਪਰਸਪਰ ਸੰਬੰਧ ਕਰਨ ਦੀ ਖਿਚ-ਲੁਭਤ ਹੋਣ ਵਾਲੀ ਪ੍ਰਾਪਤ ਹੋਈ; ਭਾਵੇਂ ਐਸੀਆਂ ਅਮੋਲਕ ਦਾਤਾਂ ਵਾਹਿਗੁਰੂ ਨੇ ਦੇਹ ਵਿਚ ਪਾਈਆਂ)। ੫.ਉੱਤਮ ਕੁਲ (ਸਭ ਜੀਵ ਜੰਤੂ ਵਿਚੋਂ ਮਨੁੱਖਾਂ ਦੀ ਕੁਲ ਉੱਤਮ ਹੈ) ਵਿਚ ਉੱਤਮ ਜਨਮ (ਉਪਰ ਕਹੀਆਂ ਦਾਤਾਂ ਸੰਜੁਕਤ '**ਜਿਹ ਪ੍ਰਸਾਦਿ ਅਰੋਗ ਕੰਚਨ ਦੇਹੀ**' ਮਿਲਿਆ) ਗੁਣ (ਐਨੇ ਦੇਹ ਵਿਚ ਸਮਾਏ ਕਿ) ਰੋਮ ਰੋਮ ਦੀ ਗਿਣਤੀ (ਮੂਜਬ) ਅੰਗ ਬਣਾ ਦਿੱਤੇ। ੬.ਬਾਲ ਅਵਸਥਾ (ਮੂੰਹ ਵਿਖੇ) ਦੁੱਧ (ਮਾਂ) ਦੇਂਦੀ ਹੈ, ਮਲ ਤੇ ਮੂਤਰ (ਜਦ ਦੋ) ਸੋਤਰ (ਕਰਮ ਇੰਦ੍ਰਯ) ਵਿਖੇ ਆਉਂਦੇ ਹਨ, (ਤਦ ਮਾਂ ਉਠਾਕੇ ਪੁਤ੍ਰ ਦੀ ਟਹਿਲ ਕਰਦੀ ਹੈ)। ੭.(ਜਦ ਜੀਵ) ਸਿਆਣਾ ਹੋ ਕੇ ਸਮਝਣ ਲੱਗਾ (ਤਦੋਂ) ਕਰਤਾਰ (ਦਾ ਨਾਮ) ਵਿਸਾਰਕੇ ('ਕੀਤੇ' ਕਹੀਏ) ਸੰਸਾਰ ਵਿਚ ਲਿਪਟ ਗਿਆ। ੮.ਪੂਰਨ ਗੁਰੂ ਬਾਝ ਮਾਇਆ ਨੇ ਮੋਹਤ ਕਰ ਲੀਤਾ।

**ਭਾਵ**-ਈਸ਼੍ਵਰ ਦੇ ਉਪਕਾਰ ਭੁਲਾਕੇ ਅਕ੍ਰਿਤਘਣ ਬਣ ਜਾਂਦਾ ਹੈ, ਪਰੰਤੂ ਜਿਨ੍ਹਾਂ ਪੁਰ ਗੁਰੂ ਮਹਾਰਾਜ ਦੀ ਕਿਰਪਾ ਹੈ, ਉਹ ਇਸ ਪਾਪ ਤੋਂ ਬਚੇ ਰਹਿੰਦੇ ਹਨ। ਗੁਰੂ ਸ਼ਬਦ ਕਮਾ, ਪਰਉਪਕਾਰ ਕਰ, ਨਿਜ ਨਾਲ ਸੱਚੇ ਰਹਿਕੇ ਵਾਹਿਗੁਰੂ ਚਰਨਾਂ ਨੂੰ ਪ੍ਰਾਪਤ ਹੁੰਦੇ ਹਨ।

## ੧੯. (ਗੁਰੂ ਬਾਝ ਗਰਭ ਵਾਸ)।

੧. ਮਨਮੁਖ ਮਾਣਸ ਦੇਹ ਤੇ ਪਸੂ ਪਰੇਤ ਅਚੇਤ ਚੰਗੇਰੇ।
੨. ਹੋਇ ਸੁਚੇਤ ਅਚੇਤ ਹੋਇ ਮਾਣਸੁ ਮਾਣਸੁ ਦੇ ਵਲਿ ਹੇਰੇ।
੩. ਪਸੂ ਨ ਮਗੇ ਪਸੂ ਤੇ ਪੰਖੇਰੂ ਪੰਖੇਰੂ ਘੇਰੇ।
੪. ਚਉਰਾਸੀ ਲਖ ਜੈਨਿ ਵਿਚਿ ਉਤਮ ਮਾਨਸ ਜੌਨਿ ਭਲੇਰੇ।
੫. ਉਤਮ ਮਨ ਬਚ ਕਰਮ ਕਰਿ ਜਨਮੁ ਮਰਣ ਭਵਜਲ ਲਖ ਫੇਰੇ।
੬. ਰਾਜਾ ਪ੍ਰਰਜਾ ਹੋਇਕੇ ਸੁਖਿ ਵਿਚਿ ਦੁਖੁ ਹੋਇ ਭਲੇ ਭਲੇਰੇ।
੭. ਕੁਤਾ ਰਾਜ ਬਹਾਲੀਐ ਚਕੀ ਚਟਣ ਜਾਇ ਅਨੇਰੇ।
੮. ਗੁਰ ਪੂਰੇ ਵਿਣ ਗਰਭ ਵਸੇਰੇ॥੧੯॥

**ਪਦਾਰਥ**-(ਅਚੇਤ=ਅਗਯਾਨੀ। ਹੇਰੇ=ਤੱਕਣਾ, ਭਾਵ ਮੰਗਣਾ। ਭਲੇ ਭਲੇਰੇ=ਵਡਿਆ ਥੋਂ ਵਡੇ।

**ਅਰਥ**-੧.ਮਨਮੁਖ ਦੀ ਮਨੁੱਖ ਦੇਹੀ ਨਾਲੋਂ ਅਚੇਤ ਪਸੂ ਅਤੇ ਪਰੇਤ ਚੰਗੇਰੇ ਹਨ! (ਇਸਦਾ ਕਾਰਣ ਅਗਲੀਆਂ ਦੋ ਤੁਕਾਂ ਵਿਚ ਖੋਲ੍ਹਦੇ ਹਨ)। ੨.(ਮਨਮੁਖ) ਸਿਆਣਾ ਹੋਕੇ ਫੇਰ ਅਚੇਤ ਹੋ ਬੈਠਦਾ ਹੈ, (ਅਤੇ) ਮਨੁਖ ਹੋਕੇ ਮਨੁਖ ਵੱਲ ਤੱਕਦਾ ਹੈ (ਭਾਵ ਮਨੁਖ ਦੀ ਆਸ ਕਰਦਾ ਹੈ)*। ੩.ਪਸ਼ੂ ਪਸ਼ੂ ਦੇ ਅੱਗੇ ਹੱਥ ਨਹੀਂ ਟੱਡਦਾ, ਪੰਖੀ ਪੰਖੀ ਨੂੰ ਨਹੀਂ ਘੇਰਦਾ (ਭਾਵ ਇਕ ਦੂਏ ਦੀ ਆਸ ਨੀਂ ਤੱਕਦੇ)। ੪.ਚਉਰਾਸੀ ਲਖ ਜੋਨੀਆਂ ਵਿਚੋਂ ਮਾਣਸ ਜੋਨੀ ਉੱਤਮ ਅਤੇ ਭਲੀ ਹੈ। ੫.ਮਨ ਤਨ ਬਚਨਾਂ ਕਰਕੇ

*"ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨ" (ਸੁਖਮਨੀ)

ਉੱਤਮ ਹੈ, (ਪਰੰਤੂ ਮਨਮੁਖ ਹੋਣ ਨਾਲ) ਜਨਮ ਮਰਣ ਸੰਸਾਰ ਸਾਗਰ ਦੇ ਲੱਖਾਂ ਫੇਰ (ਇਸ ਦੇ ਨਾਲ ਚੰਬੜ ਜਾਂਦੇ ਹਨ)। ੬.ਰਾਜਾ (ਹੋਵੇ ਜਾਂ) ਪਰਜਾ (ਰੱਯਤ) (ਕਿੱਡਾ ਹੀ) ਭਲਿਆਂ ਥੋਂ ਭਲਾ ਹੋਵੇ ਸੁਖ ਵਿਚ ਦੁਖ ਭੋਗਣਾ ਹੀ ਪੈਂਦਾ ਹੈ, (ਕਿਉਂਕਿ ਮਨਮੁਖ ਹੋ ਕੇ ਜੀਵ ਇਸ ਦੀ ਕੁਦਰਤੀ ਉੱਤਮਤਾ ਨੂੰ ਗਵਾ ਬੈਠਦਾ ਹੈ, ਅਰ ਨਿਜ ਨੂੰ ਦੁੱਖ ਦਾ ਨਿਸ਼ਾਨਾ ਕਰ ਲੈਂਦਾ ਹੈ)। ੭.ਕੁੱਤੇ ਨੂੰ ਜੇ ਰਾਜ ਬਹਾਲੀਏ ਤਾਂ ਭੀ ਓਹ ਰਾਤ ਨੂੰ ਚੱਕੀ ਦੇ ਚੱਟਣ ਨੂੰ ਜਾਊ, (ਤਿਵੇਂ ਹੀ ਉੱਤਮ ਜਨਮ ਮਨੁੱਖ ਜਦ ਮਨਮੁਖ ਹੋ ਜਾਂਦਾ ਹੈ, ਤਦ ਰਾਜ ਰੂਪ ਗੁਣ ਦਾਤਾਂ ਜੋ ਪਰਮੇਸ਼ਰ ਨੇ ਦੇਹੀ ਵਿਚ ਰਖੀਆਂ ਹਨ, ਜਿਨ੍ਹਾਂ ਦਾ ਪਿਛੇ ਕਥਨ ਕੀਤਾ ਹੈ, ਉਨ੍ਹਾਂ ਤੋਂ ਪਰਮ ਸੁਖ ਭੋਗਣ ਦੀ ਥਾਂ ਵਿਸ਼ੇ ਵਿਕਾਰਾਂ ਦੀ ਚੱਕੀ ਚੱਟਣ ਜਾਂਦਾ ਹੈ, ਜਿਸਦਾ ਫਲ ਦੁਖ ਹੁੰਦੇ ਹਨ)। ੮.(ਇਸ ਕਰਕੇ ਗੁਰੂ ਦੀ ਸ਼ਰਨ ਲਓ, ਨਹੀਂ ਤਾਂ) ਪੂਰੇ ਗੁਰੂ ਬਿਨਾਂ (ਮਨਮੁਖਤਾ ਦੇ ਕਾਰਣ) ਗਰਭ ਵਿਚ ਵਾਸਾ ਮਿਲੇਗਾ।

**ਭਾਵ**-"**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥**" (ਸੁਖਮਨੀ) ਇਸ ਪੌੜੀ ਵਿਚ ਆਪਣੇ ਆਪ ਦੇ ਉਦਮ ਨਾਲ ਵਾਹਿਗੁਰੂ ਤੇ ਭਰੋਸਾ ਰੱਖ ਕੇ ਮਨੁਖ ਦੀ ਆਸ ਤੇ ਵਿਕਾਰਾਂ ਦੇ ਵਾਸ ਛੱਡਕੇ ਸਨਮੁਖ ਹੋ ਕੇ ਭੈਜਲ ਤਰਨ ਦਾ ਉਪਦੇਸ਼ ਹੈ,ਮਨੁਖਾ ਦੇਹ ਉੱਤਮ ਵਸਤੂ ਹੈ, ਪਰ ਬੇਸਮਝੀ ਦੇ ਕਾਰਨ ਅਸਾਂ ਪਸੂ ਪਰੇਤ ਨਾਲੋਂ ਬੁਰੀ ਕਰ ਲਈ ਹੈ, ਹੁਣ ਭਲੀ ਤਾਂ ਹੀ ਹੋ ਸਕਦੀ ਹੈ, ਜੇ ਸੱਚੇ ਦਿਲੋਂ ਸੱਚੇ ਗੁਰੂ ਨਾਨਾਕ ਦੇਵ ਜੀ ਦੀ ਸ਼ਰਨ ਲਈਏ ਤੇ ਨਾਮ ਵਿਚ ਰਹੀਏ।

## ੨੦. (ਗੁਰਮੁਖ ਬਾਝ ਰਸ ਨਹੀਂ)

੧. ਵਣਿ ਵ੍ਣਿ ਵਾਸੁ ਵਣਾਸਪਤਿ ਚੰਦਨੁ ਬਾਝੁ ਨ ਚੰਦਨ ਹੋਈ।
੨. ਪਰਬਤਿ ਪਰਬਤਿ ਅਸਟਧਾਤੁ ਪਾਰਸ ਬਾਝੁ ਨ ਕੰਚਨੁ ਸੋਈ।
੩. ਚਾਰਿ ਵਰਨਿ ਛਿਅ ਦਰਸਨਾ ਸਾਧਸੰਗਤਿ ਵਿਣੁ ਸਾਧ ਨ ਕੋਈ।
੪. ਗੁਰੁ ਉਪਦੇਸ ਅਵੇਸ ਕਰਿ ਗੁਰਮੁਖਿ ਸਾਧ ਸੰਗਤਿ ਜਾਣੋਈ।
੫. ਸਬਦ ਸੁਰਤਿ ਲਿਵਲੀਣੁ ਹੋਇ ਪਿਰਮ ਪਿਆਲਾ ਅਪਿਉ ਪਿਓਈ।
੬. ਮਨਿ ਉਨਮਨਿ ਤਨਿ ਦੁਬਲੇ ਦੇਹ ਬਿਦੇਹ ਸਨੇਹ ਸਥੋਈ।
੭. ਗੁਰਮੁਖਿ ਸੁਖ ਫਲ ਅਲਖ ਲਖੋਈ ॥੨੦॥

**ਪਦਾਰਥ**-(ਵਣਿ ਵਣਿ=ਬ੍ਰਿਛ ਬ੍ਰਿਛ। ਅਵੇਸ=ਪ੍ਰਵੇਸ਼। ਅਪਿਉ=ਅੰਮ੍ਰਿਤ। ਉਨਮਨਿ=ਤੁਰੀਆ ਪਦ। ਸਥੋਈ=ਸਾਥੀ। ਅਲਖ ਲਖੋਈ=ਅਲਖ ਨਿਰੰਕਾਰ ਨੂੰ ਲਖਦੇ ਹਨ।

**ਅਰਥ**-੧.ਜਿੱਕੁਰ (ਵਣਾਸਪਤਿ=) ਬਨਸਪਤੀ ਵਿਚ ਬ੍ਰਿੱਛ ਬ੍ਰਿੱਛ ਦਾ ਵਾਸਾ ਹੈ (ਭਾਵ ਨਾਨ੍ਹਾ ਭਾਂਤ ਦੇ ਬ੍ਰਿੱਛ ਹਨ, ਪਰੰਤੂ ਇਕ) ਚੰਦਨ ਦੇ ਬੂਟੇ ਬਾਝ ਚੰਦਨ ਕੋਈ ਨਹੀਂ ਹੁੰਦਾ। ੨.ਪਹਾੜ ਪਹਾੜ ਵਿਖੇ ਅੱਠ ਧਾਤਾਂ (ਲੋਹਾ, ਚਾਂਦੀ ਆਦਿ ਵਿਦਮਾਨ) ਹਨ (ਪਰੰਤੂ) ਪਾਰਸ ਬਾਝ ਉਹ ਸੋਨਾ ਨਹੀਂ (ਹੋ ਸਕਦੀਆਂ, ਅੱਗੇ ਦਾਰਸ਼ਟਾਂਤ ਦਸਦੇ ਹਨ)। ੩.ਚਾਰੇ ਵਰਣ ਛੀ ਦਰਸ਼ਨ (ਸੰਸਾਰ ਵਿਖੇ ਹਨ) ਸਾਧੂ ਦੀ ਸੰਗਤ ਦੇ ਬਾਝ ਕੋਈ (ਉਨ੍ਹਾਂ ਵਿਚੋਂ) 'ਸਾਧੂ' (ਨਹੀਂ ਹੋ ਸਕਦਾ)। ੪.ਗੁਰੂ ਦੇ ਉਪਦੇਸ਼ ਵਿਖੇ ਪ੍ਰਵੇਸ਼ ਕਰ ਕੇ ਗੁਰਮੁਖ ਲੋਕ ਸਾਧ ਸੰਗਤ ਨੂੰ ਹੀ ਜਾਣਦੇ (ਭਾਵ ਉਸੇ ਵਿਖੇ ਮਗਨ ਰਹਿੰਦੇ) ਹਨ। ੫.ਸ਼ਬਦ ਸੁਰਤ ਦੀ (ਇਕ ਰਸ ਲਗਨਿ) ਵਿਚ ਲੀਨ ਹੋਕੇ ਪ੍ਰੇਮ ਦਾ ਅੰਮ੍ਰਿਤ ਰੂਪ ਪਿਆਲਾ ਪੀਂਦੇ ਹਨ। ੬.ਮਨ (ਕਰਕੇ) 'ਉਨਮਨ' (ਉਦਾਸ ਰਹਿੰਦੇ ਹਨ ਅਥਵਾ) ਤੁਰੀਆ ਪਦ ਵਿਖੇ ਹੋਕੇ ਸਰੀਰ ਤੋਂ ਦੁਬਲੇ ਰਹਿੰਦੇ ਹਨ, (ਕਿਉਂ ਜੋ) ਦੇਹ (ਦੀ ਭਾਵਨਾ) ਤੋਂ ਵਿਦੇਹੀ ਹੋਕੇ (ਕਰਤਾਰ ਦੇ) ਪ੍ਰੇਮ ਦੇ ਸਾਥੀ ਹੋ ਰਹੇ ਹਨ (ਭਾਵ ਸਰੀਰ ਸੁਤੇ ਸਿੱਧ ਰਹਿੰਦਾ ਹੈ, ਇਸ ਦੇ ਰਸਾਂ ਕਸਾਂ ਵਿਚ ਨਹੀਂ ਲਗਦੇ ਪਰ ਮਨ ਤੁਰੀਆ ਪਦ ਵਿਚ ਰੱਖਦੇ ਹਨ)। ੭.ਗੁਰਮੁਖਾਂ ਨੂੰ ਸੁਖ ਫਲ (ਅਰਥਾਤ) ਅਲਖ ਨਿਰੰਕਾਰ

ਦੀ ਲੱਖਤਾ ਹੁੰਦੀ ਹੈ।

## ੨੧. (ਮਾਇਆ ਵਿਚ ਉਦਾਸ)।

੧. ਗੁਰਮੁਖਿ ਸੁਖ ਫਲੁ ਸਾਧ ਸੰਗੁ ਮਾਇਆ ਅੰਦਰ ਕਰਨਿ ਉਦਾਸੀ।
੨. ਜਿਉ ਜਲ ਅੰਦਰਿ ਕਵਲੁ ਹੈ ਸੂਰਜ ਧਯਾਨੁ ਅਗਾਸੁ ਨਿਵਾਸੀ।
੩. ਚੰਦਨੁ ਸਪੀਂ ਵੇੜਿਆ ਸੀਤੁਲ ਸਾਂਤਿ ਸੁਗੰਧਿ ਵਿਗਾਸੀ।
੪. ਸਾਧ ਸੰਗਤਿ ਸੰਸਾਰ ਵਿਚਿ ਸਬਦ ਸੁਰਤਿ ਲਿਵ ਸਹਜਿ ਬਿਲਸੀ।
੫. ਜੋਗ ਜੁਗਤਿ ਭੋਗ ਭੁਗਤਿ ਜਿਣ ਜੀਵਨ ਮੁਕਤਿ ਅਛਲ ਅਬਿਨਾਸੀ।
੬. ਪਾਰਬ੍ਰਹਮ ਪੂਰਣ ਬ੍ਰਹਮੁ ਗੁਰ ਪਰਮੇਸਰੁ ਆਸ ਨਿਰਾਸੀ।
੭. ਅਕਥ ਕਥਾ ਅਬਿਗਤਿ ਪਰਗਾਸੀ ॥੨੧॥੧੫॥

**ਪਦਾਰਥ**-(ਉਦਾਸੀ=ਉਦਾਸ ਭਾਵ। ਸਪੀਂ=ਸੱਪਾਂ ਕਰਕੇ। ਵਿਗਾਸੀ=ਖਿੜਿਆਂ ਹੋਯਾ, (ਗੁਣਵਾਚਕ। ਬਿਲਸੀ=ਅਨੰਦ ਰੂਪ। ਆਸ ਨਿਰਾਸੀ=ਆਸ ਥੋਂ ਨਿਰਾਸ।

**ਅਰਥ**-੧.ਗੁਰਮੁਖ ਲੋਕ ਸਾਧ ਸੰਗਤ ਵਿਖੇ (ਸੁਖ ਫਲ=) ਸਰੂਪਾਨੰਦ ਦੇ ਨਾਲ ਮਾਇਆ ਵਿਖੇ ਉਦਾਸ ਭਾਵ ਰਹਿੰਦੇ ਹਨ। ੨.ਜਿਕੁਰ ਜਲ ਵਿਖੇ ਕਮਲ ਰਹਿਕੇ ('ਅਕਾਸ਼ ਨਿਵਾਸੀ' ਕਹੀਏ) ਅਕਾਸ਼ ਵਿਖੇ ਰਹਿਣ ਵਾਲੇ ਸੂਰਜ ਵੱਲ ਹੀ ਧਿਆਨ ਰਖਦਾ ਹੈ, (ਧੁਨੀ ਇਹ ਲੈਂਦੇ ਹਨ ਕਿ ਪਾਣੀ ਭਾਵੇਂ ਉਤਰ ਜਾਵੇ ਕਵਲ ਉਥੇ ਹੀ ਟਿਕਿਆ ਰਹਿੰਦਾ ਹੈ, ਉਸਦੀ ਪਰਵਾਹ ਨਹੀਂ ਕਰਦਾ, ਪਰ ਸੂਰਜ ਦੇ ਨਾਂ ਦੇਖਣ ਨਾਲ ਝੱਟ ਮੁੰਦਿਆ ਜਾਂਦਾ ਹੈ- "**ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ**" ॥ (ਸੁਖਮਨੀ) ਇਸੇ ਪ੍ਰਕਾਰ ਗੁਰਮੁਖ ਲੋਕ ਮਾਇਆ ਦੀ ਮਨਸਾ ਛਡਕੇ ਇਕ ਪ੍ਰਮਾਤਮਾਂ ਵੱਲ ਹੀ ਤੱਕ ਰਖਦੇ ਹਨ)। ੩.ਚੰਦਨ (ਦਾ ਬੂਟਾ) ਸੱਪਾਂ ਨਾ ਵੇੜਿਆ ਹੋਇਆ ਬੀ ਸੀਤਲਤਾ, ਸ਼ਾਂਤਿ ਅਰ ਸੁਗੰਧਤਾਈ ਦਾ ਫੈਲਾਉ ਹੀ ਕਰਦਾ ਹੈ। ੪.(ਗੁਰਮੁਖ) ਸੰਸਾਰ ਵਿਚ (ਰਹਿਕੇ ਹੀ) ਸੰਤਾਂ ਦੀ ਸੰਗਤ ਸ਼ਬਦ ਸੁਰਤ ਦੀ ਲਿਵ (ਵਿਚ ਲਗੇ) ਸਹਜ ਪਦ ਵਿਚ ਬਿਲਾਸ (ਕਰਦੇ ਹਨ, ਆਨੰਦਤ ਹਨ)। ੫.ਜੋਗ ਦੀ ਜੁਗਤੀ (ਨਾਲ) ਭੋਗ ਦੀ ਭੁਗਤੀ ਨੂੰ ਜਿੱਤਕੇ ਜੀਵਣ ਮੁਕਤ ਵਿਖੇ ਅਛਲ ਤੇ ਅਬਿਨਾਸੀ ਹੋਕੇ ਰਹਿੰਦੇ ਹਨ। ੬.(ਜਿਕੁਰ) ਪਾਰਬ੍ਰਹਮ (ਨਿਰਗੁਣ ਅਤੇ) ਪੂਰਨ ਬ੍ਰਹਮ (ਸਰਗੁਣ ਇੱਕ ਹੈ ਤਿਹਾ ਹੀ) ਗੁਰੂ ਤੇ ਪਰਮੇਸ਼ੁਰ ਆਸਾ ਤੋਂ ਨਿਰਾਸ ਹੋਣ ਕਰਕੇ (ਇਕ ਰੂਪ ਹਨ)।੭. (ਦੋਵੇਂ) ਅਕਥ ਕਥਾ ਵਾਲੇ ਅਵਿਗਤ, (ਅਬਿਨਾਸੀ ਅਤੇ) ਪ੍ਰਕਾਸ਼ ਸਰੂਪ ਹਨ।

**ਭਾਵ**-ਸਤਿਗੁਰੂ ਨਾਨਕ ਦੇਵ ਜੀ ਦੀ ਕਥਾ ਅਕੱਥ ਹੈ, ਅਰ ਆਪ ਨਾਸ਼ ਤੇ ਰਹਿਤ, ਸਤ ਚਿਤ ਆਨੰਦ ਰੂਪ ਹੋ ਕੇ ਪ੍ਰਕਾਸ਼ ਰਹੇ ਹਨ।


www.sikhbookclub.com

# ਵਾਰ ੧੬.

ੴ ਸਤਿਗੁਰ ਪ੍ਰਸਾਦਿ ॥

## ੧. (ਜੇਹਾ ਬੀਉ ਤੇਹਾ ਫਲ)।

੧. ਸਭ ਦੂੰ ਨੀਵੀ ਧਰਤਿ ਹੋਇ ਦਰਗਹ ਅੰਦਰਿ ਮਿਲੀ ਵਡਾਈ।
੨. ਕੋਈ ਗੋਡੈ ਵਾਹਿ ਹਲੁ ਕੋ ਮਲ ਮੂਤ ਕੁਸੂਤ ਕਰਾਈ।
੩. ਲਿੰਖਿ ਰਸੋਈ ਕੌ ਕਰੈ ਚੋਆ ਚੰਦਨੁ ਪੂਜ ਚੜਾਈ।
੪. ਜੇਹਾ ਬੀਜੈ ਸੁ ਲੁਣੈ ਜੇਹਾ ਬੀਉ ਤੇਹਾ ਫਲੁ ਪਾਈ।
੫. ਗੁਰਮੁਖਿ ਸੁਖ ਫਲ ਸਹਜ ਘਰੁ ਆਪੁ ਗਵਾਇ ਨ ਆਪੁ ਗਣਾਈ।
੬. ਜਾਗ੍ਰਤ ਸੁਪਨ ਸੁਖੋਪਤੀ ਉਨਮਨਿ ਮਗਨ ਰਹੈ ਲਿਵਲਾਈ।
੭. ਸਾਧ ਸੰਗਤਿ ਗੁਰ ਸਬਦੁ ਕਮਾਈ ॥੧॥

**ਪਦਾਰਥ**-(ਗੋਡੈ=ਗੋਡੀ ਕਰਨੀ, ਨਦੀਣਾ ਕਰਣਾ। ਕੁਸੂਤ=ਮੈਲਾ ਕਰਨ। (ਲਿੰਬ=ਲੇਪਨ। ਉਨਮਨਿ=ਤੁਰੀਆ, ਪਰਮਾਤਮਾ।

**ਅਰਥ**-੧.ਸਾਰਿਆਂ ਥੋਂ ਨਿੰਮ੍ਰੀ ਭੂਤ ਧਰਤੀ ਹੋਈ ਹੈ, (ਪ੍ਰੰਤੂ ਈਸ਼੍ਵਰ ਦੀ) ਕਚਹਿਰੀ ਵਿਚ (ਇਸੇ ਨੂੰ ਹੀ) ਵਡਿਆਈ ਮਿਲੀ ਹੈ (ਭਾਵ ਇਸੇ ਦੇ ਦੁਖ ਹਰਨ ਲਈ ਦਰਗਾਹ ਤੋਂ ਅਵਤਾਰ ਭੇਜੇ ਜਾਂਦੇ ਹਨ)। ੨.ਕੋਈ ਗੋਡਦਾ ਹੈ ਕੋਈ ਹਲ ਵਾਹੁੰਦਾ ਹੈ, ਕੋਈ ਮਲ ਮੂਤ ਨਾਲ (ਇਸਨੂੰ) ਮੈਲਾ ਕਰਦਾ ਹੈ। ੩.ਕੋਈ ਲੇਪਨ ਕਰਕੇ ਰੋਟੀ ਕਰਦਾ ਹੈ, ਕੋਈ ਚੋਆ ਚੰਦਨ ਦੀਆਂ ਪੂਜਾ ਚੜਾਉਂਦਾ ਹੈ। ੪.ਜੇਹਾ (ਬੀਜ ਇਸ ਵਿਚ ਕੋਈ) ਬੀਜਦਾ ਹੈ ਤੇਹਾ ਹੀ ਕਟਦਾ ਹੈ, ਜੇਹਾ ਬੀਉ ਹੁੰਦਾ ਹੈ ਤਿਹਾ ਫਲ (ਉਸਦਾ) ਲੈਂਦਾ ਹੈ। ੫.ਗੁਰਮੁਖ ਲੋਕਾਂ ਨੂੰ ਸਹਿਜ ਪਦ ਵਿਚ ਸੁਖ ਫਲ (ਪ੍ਰਾਪਤ ਹੁੰਦਾ ਹੈ, ਓਹ ਧਰਤੀ ਵਾਂਙੂ) ਆਪਾ ਭਾਵ ਗਵਾਕੇ ਆਪ ਨੂੰ ਨਹੀਂ ਗਣਾਉਂਦੇ। ੬.ਜਾਗ੍ਰਤ ਸੁਪਨ ਅਰ ਸੁਖੋਪਤੀ ਅਵਸਥਾ ਵਿਖੇ ('ਉਨਮਨਿ'=) ਪਰਮਾਤਮਾ ਵਿਚ ਮਗਨ ਹੋ ਕੇ ਲਿਵ ਲਾ ਰਹੇ ਹਨ, (ਇਸ ਲਈ ਰਾਗ ਦ੍ਵੈਖ ਤੇ ਦੂਰ ਹਨ, ਅਥਵਾ ਜਾਗ੍ਰਤ, ਸੁਪਨ, ਸੁਖੋਪਤੀ, ਓਹ ਹਰ ਹਾਲ ਤੁਰੀਆ ਪਦ ਵਿਚ ਰਹਿੰਦੇ ਹਨ)। ੭.(ਇਸ ਅਵਸਥਾ ਦੀ ਪ੍ਰਾਪਤੀ ਐਉਂ ਹੈ ਕਿ) ਸਾਧ ਸੰਗਤ ਵਿਖੇ ਗੁਰੂ ਮਹਾਰਾਜ ਦੇ ਸ਼ਬਦ ਦੀ ਕਮਾਈ ਹੁੰਦੀ ਹੈ, (ਜੋ ਮਿਲਕੇ ਕਰੇ ਏਥੇ ਪਹੁੰਚ ਪੈਂਦਾ ਹੈ)।

## ੨. (ਜਲ ਤੋਂ ਉਪਦੇਸ਼)।

੧. ਧਰਤੀ ਅੰਦਰਿ ਜਲੁ ਵਸੈ ਜਲੁ ਬਹੁਰੰਗੀ ਰਸੀ ਮਿਲੰਦਾ।
੨. ਜਿਉ ਜਿਉ ਕੋਈ ਚਲਾਇਦਾ ਨੀਵਾਂ ਹੁਇ ਨੀਵਾਣ ਚਲੰਦਾ।
੩. ਧੁਪੈ ਤਤਾ ਹੋਇਕੇ ਛਾਵੈਂ ਠੰਢਾ ਹੋਇ ਰਹੰਦਾ।
੪. ਨਾਵਣੁ ਜੀਵਦਿਆਂ ਮੁਇਆਂ ਪੀਤੈ ਸਾਂਤਿ ਸੰਤੋਖੁ ਹੋਵੰਦਾ।
੫. ਨਿਰਮਲੁ ਕਰਦਾ ਮੈਲਿਆਂ ਨੀਵੈ ਸਰਵਰ ਜਾਇ ਟਿਕੰਦਾ।
੬. ਗੁਰਮੁਖਿ ਸੁਖ ਫਲੁ ਭਾਉ ਭਉ ਸਹਜੁ ਬੈਰਾਗੁ ਸਦਾ ਵਿਗਸੰਦਾ।
੭. ਪੂਰਨ ਪਰਉਪਕਾਰ ਕਰੰਦਾ ॥੨॥

**ਪਦਾਰਥ**-(ਨੀਵਾਣ=ਨੀਵੀਂ ਥਾਉਂ। ਸ਼ਰਵਰ=ਤਲਾਉ। ਵਿਗਸੰਦਾ=ਖਿੜਦਾ ਹੈ।

**ਅਰਥ**-੧.ਧਰਤੀ ਵਿਖੇ ਪਾਣੀ ਵਸਦਾ ਹੈ(ਇਸੇ ਲਈ) ਪਾਨੀ ਬਾਹਲੇ ਰੰਗਾ ਦੇ ਰਸਾਂ ਵਿਖੇ ਮਿਲਦਾ ਹੈ। ੨.ਜਿੱਕੁਰ ਕੋਈ ਇਸ ਨੂੰ ਤੋਰੇ (ਤੁਰਦਾ ਹੈ, ਪ੍ਰੰਤੂ ਆਪ) ਨੀਵਾਂ ਹੋਕੇ ਨਿਵਾਣਾਂ ਵਿਖੇ ਹੀ ਪਹੁੰਚਦਾ ਹੈ। ੩.ਧੁੱਪ ਵਿਖੇ ਗਰਮ, ਛਾਵੇਂ ਸੀਤਲ ਹੋ ਕੇ ਰਹਿੰਦਾ ਹੈ। ੪.ਜੀਵਨ ਅਵਸਥਾ ਵਿਖੇ ਪੀਣ ਅਤੇ ਨ੍ਹਾਉਣ ਨਾਲ ਸੰਤੋਖ, ਮਨ ਨੂੰ ਪ੍ਰਸੰਨਤਾ ਤੇ ਠੰਢ ਹੁੰਦੀ ਹੈ, ਅਰ ਮੋਇਆਂ ਬੀ ਨ੍ਹਾਉਣਾ (ਇਸੇ ਨਾਲ ਹੁੰਦਾ ਹੈ)(ਭਾਵ ਨ੍ਹਾਉਣਾ ਤਾਂ ਜੀਉਂਦਿਆਂ ਮੋਇਆਂ ਦਾ ਭੀ ਪਾਨੀ ਨਾਲ ਹੁੰਦਾ ਹੈ ਪਰ ਪੀਤਾ ਪਾਣੀ ਜੀਉਂਦਿਆਂ ਹੀ ਜਾਂਦਾ ਹੈ, ਉਂਞ ਦੋਵੇਂ ਵੇਲੇ ਕੰਮ ਆਉਂਦਾ ਹੈ)। ੫.ਮੈਲੇ (ਪ੍ਰਾਣੀਆਂ ਨੂੰ ਸ਼ਨਾਨ ਦ੍ਵਾਰਾ) ਨਿਰਮਲ ਕਰਦਾ ਹੈ, (ਆਪ) ਨੀਵੇਂ ਸਰੋਵਰਾਂ (ਆਦਿ ਨਦੀਆਂ ਨਾਲਿਆਂ ਵਿਖੇ) ਜਾ ਟਿਕਦਾ ਹੈ। ੬.(ਤਿਵੇਂ) ਗੁਰਮੁਖ ਸੁਖ ਫਲ ਵਾਲਾ ਹੋਕੇ (ਦੈਵੀ) ਭੈ ਤੇ ਪ੍ਰੇਮ ਵਿਖੇ (ਰੱਤਾ) ਸਹਿਜ ਪਦ (=ਪੂਰਨ ਪਦ)(ਅਤੇ ਸੁਧ) ਵੈਰਾਗ ਵਿਚ ਸਦਾ ਖਿੜਿਆ ਰਹਿੰਦਾ ਹੈ। ੭.(ਅਤੇ) ਪੂਰਾ ਪਰੋਪਕਾਰ ਕਰਦਾ ਰਹਿੰਦਾ ਹੈ।

**ਭਾਵ**-ਗੁਰਮੁਖ ਜਲ ਵਾਂਗੂ ਸੀਤਲ, ਨਿੰਮ੍ਰੀਭੂਤ, ਮੈਲ ਹਰਨ ਵਾਲੇ ਅਰ ਸਭ ਤਰ੍ਹਾਂ ਸੁਖਦਾਈ ਤੇ ਪਰੋਪਕਾਰੀ ਹੁੰਦੇ ਹਨ, ਆਪ ਤੁਰੀਆ ਪਦ ਵਿਖੇ ਟਿਕੇ ਰਹਿੰਦੇ ਹਨ, ਅਰ ਹਿਲਦੇ ਨਹੀਂ।

## ੩. (ਕਮਲ ਤੋਂ ਅਲੇਪ)

੧. ਜਲ ਵਿਚਿ ਕਵਲੁ ਅਲਿਪਤੁ ਹੈ ਸੰਗ ਦੋਖ ਨਿਰਦੋਖ ਰਹੰਦਾ।
੨. ਰਾਤੀ ਭਵਰੁ ਲੁਭਾਇਦਾ ਸੀਤਲੁ ਹੋਇ ਸੁਗੰਧਿ ਮਿਲੰਦਾ।
੩. ਭਲਕੇ ਸੂਰਜ ਧਿਆਨੁ ਧਰਿ ਪਰਫੁਲਤੁ ਹੋਇ ਮਿਲੈ ਹਸੰਦਾ।
੪. ਗੁਰਮੁਖੁ ਸੁਖ ਫਲ ਸਹਜ ਘਰ ਵਰਤਮਾਨ ਅੰਦਰਿ ਵਰਤੰਦਾ।
੫. ਲੋਕਾਚਾਰੀ ਲੋਕ ਵਿਚਿ ਵੇਦ ਵੀਚਾਰੀ ਕਰਮ ਕਰੰਦਾ।
੬. ਸਾਵਧਾਨੁ ਗੁਰ ਗਿਆਨ ਵਿਚਿ ਜੀਵਨਿ ਮੁਕਤਿ ਜੁਗਤਿ ਵਿਚਰੰਦਾ।
੭. ਸਾਧ ਸੰਗਤਿ ਗੁਰ ਸਬਦੁ ਵਸੰਦਾ॥੩॥

**ਪਦਾਰਥ**-(ਨਿਰਦੋਖ=ਅਕਲੰਕ। ਹਸੰਦਾ=ਖਿੜੇ ਮੱਥੇ।
(ਸਹਜ ਘਰ=ਸ਼ਾਂਤਿ ਘਰ, ਆਤਮਾ ਦੀ ਆਪਣੀ ਸੁਭਾਵਕ ਅਵਸਥਾ।

**ਅਰਥ**-੧.ਕਮਲ ਫੁਲ ਪਾਣੀ ਵਿਖੇ ਅਲੇਪ ਰਹਿੰਦਾ ਹੈ, ਸੰਗ ਦੋਖ ਤੋਂ ਭੀ ਅਕਲੰਕਤਿ ਰਹਿੰਦਾ ਹੈ, (ਚਿੱਕੜ, ਸ਼ਿਵਾਲ, ਡੱਡੂ, ਬਗਲਾ, ਕਿਸੇ ਦਾ ਸੰਗ ਦੋਸ਼ ਨਹੀਂ ਲੱਗਦਾ)। ੨.ਰਾਤ ਵਿਖੇ ਭਵਰਿਆ ਨੂੰ ਲੁਭਾਇਮਾਨ ਕਰਦਾ ਹੈ, 'ਸੀਤਲ' ਹੋਕੇ (ਭਵਰੇ) ਸੁਗੰਧੀ ਲੈਂਦੇ ਤੇ ਮਗਨ ਰਹਿੰਦੇ ਹਨ। ੩.ਦਿਨ ਚੜ੍ਹੇ ਸੂਰਜ ਵੱਲ ਧਿਆਨ ਕਰਕੇ ਪਰਫੁੱਲਤ ਹੋ ਜਾਂਦਾ ਤੇ ਹਸਕੇ (ਪਿਆਰੇ ਨੂੰ) ਮਿਲਦਾ ਹੈ। ੪.ਗੁਰਮੁਖ (ਰੂਪੀ ਕਮਲ) ਸੁਖ ਫਲ ਦੇ ਸਹਿਜ ਘਰ (ਰੂਪ ਤਲਾਉ ਵਿਖੇ ਨਿਵਾਸ ਰੱਖਦੇ ਹਨ, ਅਰ) ਵਰਤਮਾਨ ਵਿਖੇ ਵਰਤਕੇ (ਪ੍ਰਸੰਨ ਰਹਿੰਦੇ) ਹਨ। (ਭਾਵ ਕਮਲ ਚਾਰ ਪਹਿਰ ਖਿੜਦਾ ਹੈ, ਏਹ ਅੱਠੇ ਪਹਿਰ ਭਜਨਾਨੰਦ ਵਿਖੇ ਪ੍ਰਸੰਨ ਰਹਿੰਦੇ ਹਨ, ਜਾਣਦੇ ਹਨ ਕਿ ਭੂਤ ਕਾਲ ਦੇ ਪਦਾਰਥ ਸੁਪਨ ਸਮਾਨ ਹਨ, ਅਰ ਅਗਾਂਤਕ ਪਦਾਰਥ ਸਾਡੇ ਵੱਸ ਤੋਂ ਬਾਹਰ ਹਨ, ਇਸ ਲਈ ਵਰਤਮਾਨ ਕਾਲ ਦੇ ਪਦਾਰਥਾਂ ਵਿਖੇ ਜਥਾ ਲਾਭ ਸੰਤੁਸ਼ਟ ਹਨ)। ੫.ਲੋਕਾਂ ਦੇ ਭਾਣੇ 'ਲੋਕਾਚਾਰੀ' (ਧੰਦਿਆਂ) ਵਿਖੇ ਫਸੇ ਹੋਏ (ਗ੍ਰਿਹਸਥੀ ਦਿਸਦੇ ਹਨ), ਵੇਦ ਵੀਚਾਰੀਆਂ (ਦੇ ਭਾਣੇ) ਕਰਮ ਕਰਦੇ ਹੋਏ (ਕਰਮ ਕਾਂਡੀ ਨਜ਼ਰ ਪੈਂਦੇ ਹਨ)। ੬.(ਪਰੰਤੂ ਓਹ ਆਪ) ਗੁਰੂ ਜੀ ਦੇ ਗਿਆਨ ਵਿਖੇ ਸਾਵਧਾਨ ਹੁੰਦੇ ਹਨ, ਅਰ ਜੀਵਨ ਮੁਕਤੀ ਦੀ ਜੁਗਤੀ ਵਿਖੇ ਵਿਚਰਦੇ ਹਨ, (ਸੰਸਾਰ ਦੀ ਪਕੜ ਤੇ ਕਰਮ ਕਾਂਡ ਦੀ ਜਕੜ ਤੋਂ ਅਤੀਤ ਹਨ)। ੭.(ਅਤੇ) ਸਤਿਸੰਗਤ ਵਿਖੇ ਗੁਰੂ ਜੀ ਦੇ ਸ਼ਬਦ ਵਿਖੇ ਮਨ ਲਗਾਈ ਰੱਖਦੇ ਹਨ।

## ੪. (ਬ੍ਰਿੱਛ ਤੋਂ ਸਮਦਰਸੀ)।

੧. ਧਰਤੀ ਅੰਦਰਿ ਬਿਰਖੁ ਹੋਇ ਪਹਿਲੋਂ ਦੇ ਜੜ ਪੈਰ ਟਿਕਾਈ।
੨. ਉਪਰਿ ਝੂਲੈ ਝੱਟੁਲਾ ਠੰਢੀ ਛਾਉਂ ਸੁ ਥਾਉਂ ਸੁਹਾਈ।
੩. ਪਵਣੁ ਪਾਣੀ ਪਾਲਾ ਸਹੈ ਸਿਰ ਤਲਵਾਇਆ ਨਿਹਚਲੁ ਜਾਈ।
੪. ਫਲੁ ਦੇ ਵੱਟ ਵਗਾਇਆ ਸਿਰਿ ਕਲਵਤੁ ਲੈ ਲੋਹੁ ਤਰਾਈ।
੫. ਗੁਰਮੁਖ ਜਨਮੁ ਸਕਾਰਥਾ ਪਰਉਪਕਾਰੀ ਸਹਜਿ ਸੁਭਾਈ।
੬. ਮਿਤ੍ਰ ਨ ਸਤ੍ਰ ਨ ਮੋਹੁ ਧ੍ਰੋਹ ਸਮਦਰਸੀ ਗੁਰ ਸਬਦ ਸਮਾਈ।
੭. ਸਾਧ ਸੰਗਤਿ ਗੁਰਮਤਿ ਵਡਿਆਈ॥੪॥

**ਪਦਾਰਥ**-(ਝੱਟੁਲਾ=ਖਿਲਰਿਆ ਹੋਇਆ। ਸਿਰ ਤਲਵਾਇਆ=ਉਲਟਾ।

**ਅਰਥ**-੧.ਧਰਤੀ ਵਿਖੇ ਬ੍ਰਿਛ ਉਗਕੇ ਪਹਿਲੇ ਜੜ੍ਹਾਂ ਦੇ ਪੈਰ ਟਿਕਾਉਂਦਾ ਹੈ। ੨.ਬਾਹਰ ਨਿਕਲਕੇ ਖਿੱਲਰਦਾ ਅਤੇ ਝੂਲਣ ਲੱਗਦਾ ਹੈ, ਠੰਢੀ ਛਾਂ ਅਤੇ ਥਾਉਂ ਸੋਹਣੀ ਲੱਗਦੀ ਹੈ, ੩. ਪਉਣ, ਮੀਂਹ ਅਤੇ ਪਾਲਾ ਸਹਾਰਦਾ ਹੈ; ਉਲਟਾ ਸਿਰ ਕਰਕੇ ਅਚੱਲ ਜਗ੍ਹਾ ਪਰ (ਖੜਾ ਰਹਿੰਦਾ) ਹੈ। ੪.ਵੱਟੇ ਦੇ ਮਾਰਿਆਂ ਫਲ ਦੇਂਦਾ ਹੈ, ਸਿਰ ਪੁਰ ਆਰਾ ਸਹਾਰਕੇ ਲੋਹੇ ਨੂੰ ਤਾਰਦਾ ਹੈ, (ਭਾਵ ਇਹ ਨਹੀਂ ਚਿਤਵਦਾ ਭਈ ਲੋਹਾ ਤਾਂ ਮੇਰਾ ਜਾਨੀ ਦੁਸ਼ਮਨ ਹੈ)। ੫.(ਤਿਹਾ ਹੀ) ਗੁਰਮੁਖਾਂ ਦਾ ਜਨਮ ਸਫ਼ਲ ਹੈ, ਜੋ ਸਹਜ ਸੁਭਾਵ ਹੀ ਪਰੋਪਕਾਰੀ ਹਨ। ੬.(ਕੋਈ) ਸੱਤ੍ਰ, ਮਿੱਤ੍ਰ, ਰਾਗ, ਦ੍ਵੈਖ ਨਹੀਂ (ਅਰਥਾਤ ਮਿੱਤ੍ਰ ਨਾਲ ਰਾਗ, ਅਤੇ ਸੱਤ੍ਰ ਨਾਲ ਦ੍ਵੈਖ ਨਹੀਂ ਕਰਦੇ) ਸਦਾ ਸਮਦਰਸੀ ਹਨ, (ਇਕ ਰੂਪ ਦੇਖਦੇ ਹਨ) ਗੁਰੂ ਕੇ ਸ਼ਬਦ ਵਿਖੇ ਸਮਾਏ ਹੋਏ ਹੁੰਦੇ ਹਨ। ੭.(ਪਰੰਤੂ ਏਹ) ਸਾਧ ਸੰਗਤ ਵਿਚ (ਪ੍ਰਾਪਤ ਹੋਈ) ਗੁਰਮਤਿ ਦੀ ਵਡਿਆਈ ਹੈ।

**ਭਾਵ**-ਗੁਰਮੁਖ ਬ੍ਰਿੱਛ ਵਾਂਗ ਪਰਉਪਕਾਰੀ ਸਮਦਰਸੀ ਹੁੰਦੇ ਹਨ, ਪਰ ਇਹ ਜਾਚ ਗੁਰਮਤਿ ਸਿਖਾਲਦੀ ਹੈ, ਅਰ ਗੁਰਮਤਿ ਸਾਧ ਸੰਗਤ ਵਿਚੋਂ ਲੱਭਦੀ ਹੈ।

## ੫. (ਮਲਾਹ ਤੋਂ ਗੁਰੂ ਦਾ ਰੂਪਕ)।

੧. ਸਾਗਰ ਅੰਦਰਿ ਬੋਹਿਥਾ ਵਿਚਿ ਮੁਹਾਣਾ ਪਰਉਪਕਾਰੀ।
੨. ਭਾਰ ਅਥਰਬਣ ਲਦੀਐ ਲੈ ਵਾਪਾਰੁ ਚੜਨਿ ਵਾਪਾਰੀ।
੩. ਸਾਇਰ ਲਹਰ ਨ ਵਿਆਪਈ ਅਤਿ ਅਸਗਾਹ ਅਥਾਹ ਅਪਾਰੀ।
੪. ਬਹਲੋ ਪੂਰ ਲੰਘਾਇਦਾ ਸਹੀ ਸਲਾਮਤਿ ਪਾਰਿ ਉਤਾਰੀ।
੫. ਦੂਣੇ ਚਉਣੇ ਦੰਮ ਹੋਨ ਲਾਹਾ ਲੈ ਲੈ ਕਾਜ ਸਵਾਰੀ।
੬. ਗੁਰਮੁਖ ਸੁਖ ਫਲੁ ਸਾਧ ਸੰਗਿ ਭਵਜਲ ਅੰਦਰ ਦੁੱਤਰੁ ਤਾਰੀ।
੭. ਜੀਵਨ ਮੁਕਤਿ ਜੁਗਤਿ ਨਿੰਰਕਾਰੀ॥੫॥

**ਪਦਾਰਥ**-(ਬੋਹਿਥਾ=ਜਹਾਜ਼। ਮੁਹਾਣਾ=ਮਲਾਹ। ਅਥਰਬਣ=ਬਹੁਤ।
(ਸਾਇਰ=ਸਮੁੰਦਰ। ਪੂਰ=ਜਹਾਜ਼ ਦੇ ਯਾਤਰੀ।

**ਅਰਥ**-੧.ਸਮੁੰਦਰ ਦੇ ਵਿਚ ਜਹਾਜ਼ ਹੈ ਉਸ ਵਿਖੇ ਮਲਾਹ ਪਰੋਪਕਾਰੀ ਹੁੰਦਾ ਹੈ। ੨.ਬਹੁਤਾ ਭਾਰ (ਜਹਾਜ਼ ਵਿਚ) ਲੱਦੀਦਾ ਹੈ, ਵਪਾਰੀ (ਲੋਕ) ਵਪਾਰ ਵਾਲੀਆਂ ਵਸਤਾਂ ਲੈਕੇ ਚੜ੍ਹ ਬੈਠਦੇ ਹਨ। ੩.(ਪਰ ਕਿਸੇ ਨੂੰ ) ਸਮੁੰਦਰ ਦੀ ਲਹਿਰ ਦੁੱਖ ਨਹੀਂ ਦਿੰਦੀ, (ਸਮੁੰਦਰ) ਵੱਡਾ ਅਸਗਾਹ ਤੇ ਅਥਾਹ

ਹੈ। ੪.(ਮਲਾਹ) ਸੁਖ ਸਾਂਦ ਨਾਲ ਬਹੁਤੇ ਪੂਰ ਪਾਰ ਕਰਕੇ (ਲਹਿਰਾਂ ਦੇ ਖ਼ਤਰੇ ਥੋਂ) ('ਲੰਘਾਇਦਾ'=ਬਚਾ ਦਿੰਦਾ ਹੈ। ੫.(ਵਪਾਰੀ ਲੋਕ) ਦੂਣੇ ਚੌਣੇ ਰੁਪਏ ਕਰਦੇ ਹਨ, ਲਾਭ ਲੈ ਲੈ ਕੇ ਕੰਮ ਸਵਾਰਦੇ ਹਨ। ੬.ਗੁਰਮੁਖਾਂ ਦੀ ਸਾਧ ਸੰਗਤ ਹੀ ਸੰਸਾਰ ਸਮੁੰਦ੍ਰ ਤੋਂ (ਬੋਹਿਥ ਵਾਂਙ ਸੰਸਾਰ ਨੂੰ) ਔਖੀ ਤਾਰੀ ਤਰਾ ਕੇ ਸੁਖ ਫਲ (ਸਰੂਪਾਨੰਦ) ਨੂੰ ਪ੍ਰਾਪਤ ਕਰਾ ਦੇਂਦੀ ਹੈ। ੭.(ਗੁਰਮੁਖ) ਜੀਵਨ ਮੁਕਤੀ (ਵਿਖੇ ਜੁੜੇ ਰਹਿੰਦੇ ਹਨ)ਨਿਰੰਕਾਰ ਦੀ(ਆਪਣੀ ਦੱਸੀ ਹੋਈ)ਜੁਗਤੀ ਨਾਲ (ਭਾਵ, ਵਾਹਿਗੁਰੂ ਦੇ ਤੱਤ ਗਿਆਨ ਦੀ ਸਮਝ ਨਾਲ ਜੀਵਨ ਮੁਕਤ ਹੋ ਗਏ ਹਨ,ਮਨੋਕਤ ਸਾਧਨਾਂ ਨਾਲ ਨਹੀਂ)।

**ਭਾਵ**-ਸਤਿਗੁਰੂ ਮਲਾਹ ਹਨ, ਨਾਮ ਦੇ ਜਹਾਜ਼ ਪੁਰ ਜੱਗਜਾਸੂਆਂ ਨੂੰ ਚਾੜ੍ਹਕੇ ਸੰਸਾਰ ਸਾਗਰ ਤੋਂ ਪਾਰ ਕਰ ਦਿੰਦੇ ਹਨ।

## ੬. (ਬਾਵਨ ਚੰਦਨ ਤੋਂ ਗੁਰਮੁਖ)।

੧. ਬਾਵਨ ਚੰਦਨ ਬਿਰਖੁ ਹੋਇ ਵਣਖੰਡ ਅੰਦਰਿ ਵਸੈ ਉਜਾੜੀ।
੨. ਪਾਸਿ ਨਿਵਾਸੁ ਵਣਾਸਪਤਿ ਨਿਹਚਲੁ ਲਾਇ ਉਰਧ ਤਪ ਤਾੜੀ।
੩. ਪਵਣ ਗਵਣ ਸਨਬੰਧੁ ਕਰਿ ਗੰਧ ਸੁਗੰਧ ਉਲਾਸ ਉਘਾੜੀ।
੪. ਅਫਲ ਸਫਲ ਸਮਦਰਸ ਹੋਇ ਕਰੇ ਵਣਸਪਤਿ ਚੰਦਨ ਵਾੜੀ।
੫. ਗੁਰਮੁਖਿ ਸੁਖ ਫਲੁ ਸਾਧ ਸੰਗੁ ਪਤਿਤ ਪੁਨੀਤ ਕਰੈ ਦੇਹਾੜੀ।
੬. ਅਉਗੁਣ ਕੀਤੇ ਗੁਣ ਕਰੈ ਕਚ ਪਕਾਈ ਉਪਰਿ ਵਾੜੀ।
੭. ਨੀਰ ਨ ਡੋਬੈ ਅਗਿ ਨ ਸਾੜੀ॥੬॥

**ਪਦਾਰਥ**-(ਵਣਖੰਡ=ਬਨ। ਉਲਾਸ=ਖੁਸ਼ੀ ਨਾਲ। ਉਘਾੜੀ=ਪ੍ਰਗਟ। ਦੇਹਾੜੀ=ਭਾਵ ਛੇਤੀ।

**ਅਰਥ**- ੧.ਬਵਿੰਜਾ ਉਂਗਲੀਆਂ ਦੇ ਚੰਦਨ ਦਾ ਬ੍ਰਿਛ ਜੰਗਲ ਵਿਚ ਹੋਕੇ ਉਜਾੜ ਵਿਖੇ ਰਹਿੰਦਾ ਹੈ। ੨.ਬਨਾਸਪਤਿ ਦੇ ਪਾਸ ਨਿਵਾਸ ਕਰਕੇ ਅਚਲ ਹੋ ਉਰਧ ਤਪ (ਸਿਰ ਹੇਠ ਪੈਰ ਉਤੇ) ਦੀ ਤਾੜੀ ਲਾ ਛਡਦਾ ਹੈ। ੩.ਵਾਯੂ ਦੇ ਗਮਨ ਦੇ ਸਬੰਧ ਕਰਕੇ ('ਉਲਾਸ' ਕਹੀਏ) ਖੁਸ਼ੀ ਨਾਲ ਸ੍ਰੇਸ਼ਟ ਗੰਧਾਂ ਦੀ ਸੁਗੰਧਤਾ ਨੂੰ ਪ੍ਰਗਟ ਕਰਦਾ ਹੈ। ੪.ਅਫਲ ਹੋਵੇ ਭਾਵੇਂ ਸਫਲ (ਭਾਵ ਸਾਧਨ ਸਪੰਨ ਅਥਵਾ ਅਸਪੰਨ ਹੋਵੇ) ਸਮਦਰਸੀ ਹੋਕੇ ਸਾਰੀ ਬਨਾਸਪਤੀ ਨੂੰ ਚੰਦਨ ਦੀ ਵਾੜੀ ਹੀ ਕਰ ਦਿੰਦਾ ਹੈ। ੫.ਗੁਰਮੁਖਾਂ ਦੀ ਸਾਧ ਸੰਗਤ ਹੀ ਸੁਖ ਫਲ ਰੂਪ ਹੈ, ਪਾਪੀਆਂ ਨੂੰ ਪਵਿੱਤਰ ਇਕ ਦਿਨ ਵਿਚ ਹੀ (ਭਾਵ ਛੇਤੀ) ਕਰ ਦਿੰਦੀ ਹੈ। ੬.ਅਵਗੁਣ ਕਰੇ ਉਸ ਨੂੰ ਉਪਕਾਰ ਕਰਦੇ ਹਨ, ('ਕਚ ਪਕਾਈ') ਕੱਚੀ ਬੁੱਧੀ ਸੰਤਾਂ ਦੀ ਬਗੀਚੀ ਵਿਖੇ ਪੱਕ ਜਾਂਦੀ ਹੈ (ਭਾਵ ਸਹਿਨਸ਼ੀਲੀ ਹੋ ਜਾਂਦੀ ਹੈ ਅਥਵਾ ਕਚਾਈ ਪਕਾਈ ਬਗੀਚੀ ਥੋਂ ਮਲੂਮ ਹੋਂਦੀ ਹੈ, ਕਿਉਂ ਜੋ ਜੇਹੜੀ ਜ਼ਮੀਨ ਪੁਰ ਝੁਕ ਆਵੇ ਉਹ ਪੱਕੀ, ਜੇਹੜੀ ਖੜੀ ਰਹਿੰਦੀ ਹੈ ਉਹ ਕੱਚੀ)। ੭.ਫਲ ਇਹ ਹੈ ਕਿ ਉਪਕਾਰੀਆਂ ਨੂੰ ਪ੍ਰਹਿਲਾਦ ਭਗਤ ਵਾਂਗੂੰ) ਪਾਨੀ ਡੋਬਦਾ ਨਹੀਂ, ਅੱਗ ਸਾੜਦੀ ਨਹੀਂ (ਅੰਤਰਮੁਖੀ ਗੁਰਮੁਖ ਨੂੰ ਪਦਾਰਥਾਂ ਦਾ ਪਾਨੀ ਡੋਬਦਾ ਨਹੀਂ ਅਰ ਤ੍ਰਿਸ਼ਨਾ ਦੀ ਅੱਗ ਸਾੜਦੀ ਨਹੀਂ ਹੈ)।

## ੭. (ਸੂਰਜ ਤੋਂ ਗੁਰਮੁਖ)।

੧. ਰਾਤਿ ਅਨ੍ਹੇਰੀ ਅੰਧਕਾਰੁ ਲਖ ਕਰੋੜੀ ਚਮਕਨ ਤਾਰੇ।
੨. ਘਰ ਘਰ ਦੀਵੇ ਬਾਲੀਅਨਿ ਪਰਘਰ ਤਕਨਿ ਚੋਰ ਚਕਾਰੇ।
੩. ਹਟ ਪਟਣ ਘਰਬਾਰੀਆ ਦੇ ਦੇ ਤਾਕ ਸਵਨਿ ਨਰ ਨਾਰੇ।
੪. ਸੂਰਜ ਜੋਤਿ ਉਦੋਤੁ ਕਰਿ ਤਾਰੇ ਤਾਰਿ ਅਨ੍ਹੇਰ ਨਿਵਾਰੇ।

੫. ਬੰਧਨ ਮੁਕਤਿ ਕਰਾਇਦਾ ਨਾਮੁ ਦਾਨੁ ਇਸਨਾਨੁ ਵਿਚਾਰੇ।
੬. ਗੁਰਮਖਿ ਸੁਖ ਫਲੁ ਸਾਧ ਸੰਗੁ ਪਸੂ ਪਰੇਤ ਪਤਿਤ ਨਿਸਤਾਰੇ।
੭. ਪਰਉਪਕਾਰੀ ਗੁਰੂ ਪਿਆਰੇ॥੭॥

**ਪਦਾਰਥ**-(ਚੋਰ ਚਕਾਰੇ=ਚੋਰ ਲੋਕ। ਨਰ ਨਾਰੇ=ਮਨੁੱਖ ਤੇ ਇਸਤ੍ਰੀ।
(ਉਦੋਤੁ ਕਰਿ=ਉਦੇ ਹੋ ਕਰ। ਪਟਣ=ਸ਼ਹਿਰ।

**ਅਰਥ**-੧.ਹਨੇਰੀ ਰਾਤ ਦੇ ਹਨੇਰੇ ਵਿਖੇ ਲੱਖਾਂ ਕ੍ਰੋੜਾਂ ਤਾਰੇ ਚਮਕਦੇ ਹਨ। ੨.ਘਰ ਘਰ ਦੀਵੇ ਬਾਲੀਦੇ ਹਨ (ਫੇਰ ਬੀ) ਚੋਰ ਚਕਾਰ ਪਰਾਏ ਘਰਾਂ ਨੂੰ (ਚੋਰੀ ਲਈ) ਤੱਕਦੇ ਹਨ, (ਅਥਵਾ ਪਾਠਾਂਤ੍ਰ 'ਚਗਾਰੇ' ਕਹੀਏ ਚੰਚਲ ਕਾਮੀ ਲੋਕ ਇਸਤ੍ਰੀਆਂ ਨੂੰ ਤਾੜਦੇ ਹਨ)। ੩.ਸ਼ਹਿਰ ਦੀਆਂ ਹਟਾਂ (ਦੇ ਲੋਕ ਘਰਬਾਰੀਏ=) ਘਰ ਦੇ ਲੋਕ ਨਰ ਨਾਰੀਆਂ ਬੂਹੇ ਮਾਰ ਮਾਰ ਕੇ (ਅੰਦਰ) ਸੌਂ ਰਹਿੰਦੇ ਹਨ। ੪.ਸੂਰਜ ਆਪਣੀ ਜੋਤਿ ਦਾ ਪ੍ਰਕਾਸ਼ ਕਰਕੇ ਤਾਰੇ ਤੇ ਰਾਤ ਦਾ ਹਨੇਰਾ ਨਿਵਾਰ ਦਿੰਦਾ ਹੈ। ੫.(ਲੋਕਾਂ ਨੂੰ ਘਰਾਂ ਵਿਖੇ) ਬੰਧਨਾਂ ਤੋਂ ਮੁਕਤ ਕਰਾਉਂਦਾ ਹੈ, (ਅਤੇ ਲੋਕੀਂ ਨਾਮੁ, ਦਾਨ, ਅਤੇ ਇਸ਼ਨਾਨ) ਦੇ ਵਿਹਾਰ ਵਿਚ ਲੱਗਦੇ ਹਨ। ੬.ਤਿਵੇਂ ਗੁਰਮੁਖਾਂ ਦੀ ਸਾਧ ਸੰਗਤ ਦਾ ਸੁਖ ਫਲ ਪਸ਼ੂਆਂ, ਪਰੇਤਾਂ, ਪਾਪੀਆਂ ਨੂੰ ਮੁਕਤ ਕਰ ਦਿੰਦਾ ਹੈ। ੭.ਗੁਰੂ ਪਿਆਰੇ ਪਰੋਪਕਾਰੀ ਹੁੰਦੇ ਹਨ।

**ਭਾਵ**-ਸਿਖ ਗੁਰੂ ਦੇ ਪਿਆਰ ਕਰਕੇ ਉਪਕਾਰੀ ਹਨ, ਕੋਈ ਇੱਛਯਾ ਯਾ ਬਦਲਾ ਨਹੀਂ ਚਾਹੁੰਦੇ।

## ੮. (ਸਾਧ ਸੰਗਤ ਮਾਨ ਸਰੋਵਰ)।

੧. ਮਾਨ ਸਰੋਵਰੁ ਆਖੀਐ ਉਪਰਿ ਹੰਸ ਸੁ ਵੰਸ ਵਸੰਦੇ।
੨. ਮੋਤੀ ਮਾਣਕ ਮਾਨਸਰਿ ਚੁਣਿ ਚੁਣਿ ਹੰਸ ਅਮੋਲ ਚੁਗੰਦੇ।
੩. ਖੀਰੁ ਨੀਰੁ ਨਿਰਵਾਰਦੇ ਲਹਰੀਂ ਅੰਦਰਿ ਫਿਰਨਿ ਤਰੰਦੇ।
੪. ਮਾਨ ਸਰੋਵਰੁ ਛਡਿਕੈ ਹੋਰਤ ਥਾਇ ਨ ਜਾਇ ਬਹੰਦੇ।
੫. ਗੁਰਮੁਖਿ ਸੁਖ ਫਲੁ ਸਾਧ ਸੰਗੁ ਪਰਮਹੰਸ ਗੁਰ ਸਿਖ ਸੋਹੰਦੇ।
੬. ਇਕ ਮਨਿ ਇਕੁ ਧਿਆਇਦੇ ਦੂਜੇ ਭਾਇ ਨ ਜਾਇ ਫਿਰੰਦੇ।
੭. ਸਬਦ ਸੁਰਤਿ ਲਿਵ ਅਲਖ ਲਖੰਦੇ॥੮॥

**ਪਦਾਰਥ**-(ਸੁ ਵੰਸ=ਸ੍ਰੇਸ਼ਟ ਵੰਸ ਵਾਲੇ, (ਅੱਚੁਤ ਗੋਤ੍ਰੀ, ਸੰਤ)।ਖੀਰ ਨੀਰ=ਦੁੱਧ ਪਾਣੀ।

**ਅਰਥ**-੧.ਮਾਨ ਸਰੋਵਰ (ਛੰਭ) ਕਹੀਦਾ ਹੈ, ਉਸ ਉਪਰ ਹੰਸ ਚੰਗੀ ਵੰਸ ਵਾਲੇ ਰਹਿੰਦੇ ਹਨ। ੨.(ਉਸ) ਮਾਨਸਰੋਂ ਮੋਤੀ ਅਤੇ ਮਾਣਕ ਅਮੋਲਕ ਚੁਗ ਚੁਗ ਕੇ ਹੰਸ ਖਾਂਦੇ ਹਨ। ੩.ਦੁੱਧ ਪਾਣੀ ਅੱਡ ਅੱਡ ਕਰਦੇ ਲਹਿਰਾਂ ਵਿਖੇ ਤਰਦੇ ਫਿਰਦੇ ਹਨ। ੪.ਮਾਨਸਰ ਨੂੰ ਤਿਆਗ ਕੇ ਹੋਰ ਕਾਂਵਾਂ ਵਿਚ ਨਹੀਂ ਬੈਠਦੇ। ੫.(ਪੰਜਵੀਂ ਤੁਕ ਵਿਖੇ ਦ੍ਰਿਸ਼ਟਾਂਤ ਦੱਸਦੇ ਹਨ) ਗੁਰਮੁਖਾਂ ਦੀ ਸਾਧ ਸੰਗਤ ਸੁਖ ਫਲ (ਰੂਪ ਮਾਨ ਸਰੋਵਰ) ਹੈ, ਅਰ ਗੁਰੂ ਕੇ ਸਿਖ ਪਰਮਹੰਸ (ਸ਼ਿਰੋਮਣ ਹੰਸ) ਸ਼ੋਭਦੇ ਹਨ। ੬.ਇਕ ਮਨ ਹੋ ਕੇ ਇਕ (ਨਿਰਾਕਾਰ) ਦਾ ਧਿਆਨ ਕਰਦੇ, ਅਰ ਦੂਜੇ ਭਾਉ ਵਿਖੇ ਨਹੀਂ ਫਿਰਦੇ। ੭.ਗੁਰੂ ਦੇ ਸ਼ਬਦ ਦੀ ਸੁਰਤ ਵਿਚ ਤਾੜੀ ਲਾਕੇ ਅਲਖ (ਪਰਮਾਤਮਾ) ਨੂੰ ਲਖ ਲੈਂਦੇ ਹਨ।

**ਭਾਵ**-ਮਾਨਸਰ ਦੇ ਹੰਸ ਰਤਨ ਚੁਗਦੇ ਹਨ, ਏਹ ਹੰਸ ਵੈਰਾਗ ਅਤੇ ਮਨਨਾਦਿ ਗੁਣਾਂ ਦੇ ਮੋਤੀ ਮਾਣਿਕ ਚੁਗਦੇ ਹਨ, ਓਹ ਨਿਰਾ ਦੁੱਧ ਪਾਣੀ ਅੱਡ ਕਰਦੇ ਹਨ, ਏਹ ਤੱਤ ਮਿਥਯਾ ਦਾ ਵਿਵੇਚਨ ਕਰਦੇ ਹਨ, ਇਸ ਲਈ ਇਨ੍ਹਾਂ ਨੂੰ ਪਰਮਹੰਸ ਦੀ ਪਦਵੀ ਦਿੱਤੀ ਗਈ ਹੈ।

## ੯. (ਗੁਰਮੁਖ ਪਾਰਸ)।

੧. ਪਾਰਸੁ ਪਥਰੁ ਆਖੀਐ ਲੁਕਿਆ ਰਹੈ ਨ ਆਪੁ ਜਣਾਏ।
੨. ਵਿਰਲਾ ਕੋਇ ਸਿਞਾਣਦਾ ਖੋਜੀ ਖੋਜਿ ਲਏ ਸੋ ਪਾਏ।
੩. ਪਾਰਸੁ ਪਰਸਿ ਅਪਰਸੁ ਹੋਇ ਅਸਟਧਾਤੁ ਇਕ ਧਾਤੁ ਕਰਾਏ।
੪. ਬਾਰਹ ਵੰਨੀ ਹੋਇਕੈ ਕੰਚਨੁ ਮੁਲਿ ਅਮੁਲਿ ਵਿਕਾਏ ।
੫. ਗੁਰਮੁਖ ਸੁਖ ਫਲ ਸਾਧਸੰਗੁ ਸਬਦ ਸੁਰਤ ਲਿਵ ਅਘੜ ਘੜਾਏ।
੬. ਚਰਣਿ ਸਰਣਿ ਲਿਵਲੀਨੁ ਹੋਇ ਸੈਂਸਾਰੀ ਨਿਰੰਕਾਰੀ ਭਾਏ।
੭. ਘਰਿ ਬਾਰੀ ਹੋਇ ਨਿਜ ਘਰਿ ਜਾਏ ॥੯॥

**ਪਦਾਰਥ-**(ਖੋਜੀ=ਖੋਜਣ ਵਾਲਾ, ਭਾਵ ਰਸਾਇਣੀ। ਅਪਰਸ=ਨੀਚ ਧਾਤੂ। ਕੰਚਨ=ਸੋਨਾ। (ਅਘੜ=ਮਨ ਦਾ ਵਿਸ਼ੇਖਨ, ਜੋ ਨਾ ਘੜਿਆ ਜਾਵੇ। ਸੈਂਸਾਰੀ=ਸੈਂਸਾਰਾਕਾਰ। (ਘਰ ਬਾਰੀ=ਗ੍ਰਿਹਸਥੀ।

**ਅਰਥ-**੧.ਪਾਰਸ ਪੱਥਰ (ਦੀ ਗੀਟੀ ਕਹੀਦਾ ਹੈ, ਪਰ ਉਹ (ਕਿਧਰੇ ਪਹਾੜਾਂ ਵਿਖੇ) ਲੁਕਿਆ ਰਹਿੰਦਾ ਹੈ, ਆਪਣਾ ਆਪ ਨਹੀਂ ਜਣਾਉਂਦਾ। ੨.ਕੋਈ ਵਿਰਲਾ ਖੋਜੀ ਹੋਕੇ ਹੀ ਉਸਨੂੰ ਲੱਭਦਾ ਹੈ (ਜਾ 'ਖੋਜੀ' ਕਹੀਏ) ਰਸਾਇਣੀ ਉਸ ਦਾ ਖੋਜ ਲੱਭ ਕੇ ਪਾਉਂਦਾ ਹੈ। ੩.(ਉਸ ਦਾ ਕੰਮ ਇਹ ਹੈ) (ਅਪਰਸ=) ਭੈੜੀ ਧਾਤ ਨੂੰ ਬੀ ਪਾਰਸ ਦਾ ਪਰਸਨਾ ਹੋ ਜਾਵੇ ਤਾਂ ਅੱਠਾਂ ਧਾਤਾਂ ਦੀ ਇਕ ਧਾਤ ਹੋ ਜਾਂਦੀ ਹੈ। ੪.ਬਾਰਾਂ ਵੰਨੀਆਂ ਦਾ ਸੋਨਾ ਬਣਕੇ ਮੁੱਲ ਥੋਂ ਅਮੁੱਲ ਹੋਕੇ ਵਿਕਦਾ ਹੈ। (ਹੁਣ ਅਗਲੀਆਂ ਤਿੰਨ ਤੁਕਾਂ ਵਿਖੇ ਦ੍ਰਿਸ਼ਟਾਂਤ ਗੁਰਮੁਖ ਪੁਰ ਘਟਾਉਂਦੇ ਹਨ।)। ੫.(ਗੁਰਮੁਖਾਂ) ਦੀ ਸਾਧ ਸੰਗਤ ਹੀ ਸੁਖ ਫਲ (ਰੂਪ ਪਾਰਸ ਹੈ, ਭਾਵ ਉਹ ਜਤਨਾਂ ਨਾਲ ਮਿਲਦਾ ਹੈ, ਇਹ ਪਾਰਸ ਸੁਗਮ ਹੀ ਮਿਲਦੇ ਹਨ) ਸ਼ਬਦ ਦੀ ('ਸੁਰਤ'=) ਗਿਆਤ ਵਿਖੇ ਲਾਕੇ ('ਅਘੜ'=) ਮਨ ਨੂੰ ( ਜੋ ਕਦੀ ਕਾਬੂ ਨਹੀਂ ਹੋ ਸਕਦਾ) ਘੜ ਦਿੰਦੇ (ਭਾਵ ਵੱਸ ਵਿਚ ਕਰ ਦਿੰਦੇ) ਹਨ। ੬.(ਅਕਾਲ ਪੁਰਖ ਦੇ) ਚਰਣਾਂ ਦੀ ਸ਼ਰਣ ਦੀ ਲਿਵ ਵਿਖੇ ਲੀਨ ਹੋਕੇ ਸੰਸਾਰ ਵਿਖੇ ਰਹਿਕੇ ਹੀ ('ਨਿਰੰਕਾਰੀ ਭਾਏ'=) ਨਿਰੰਕਾਰ ਦੇ ਭਗਤ (ਕਹੀਂਦੇ) ਹਨ, ਯਾ ਨਿਰੰਕਾਰ ਨੂੰ ਪਿਆਰੇ ਹੋ ਗਏ। ੭.ਗ੍ਰਿਹਸਥ ਵਿਖੇ ਰਹਿਕੇ ਬੀ ('ਨਿਜ ਘਰ'=) ਸਰੂਪ ਵਿਚ ਸਮਾਏ।

**ਭਾਵ- "ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥"** (ਗੂਜਰੀ: ਵਾਰ-੧੬)

## ੧੦. (ਗੁਰਮੁਖ ਸਭ ਥੋਂ ਉੱਚੇ ਹਨ)।

੧. ਚਿੰਤਾਮਣਿ ਚਿੰਤਾ ਹਰੈ ਕਾਮਧੇਨੁ ਕਾਮਨਾਂ ਪੁਜਾਏ।
੨. ਫਲ ਫੁਲਿ ਦੇਂਦਾ ਪਾਰਜਾਤੁ ਰਿਧਿ ਸਿਧਿ ਨਿਧਿ ਨਵਨਾਥ ਲੁਭਾਏ।
੩. ਦਸ ਅਵਤਾਰ ਅਕਾਰ ਕਰਿ ਪੁਰਖਾਰਥ ਕਰਿ ਨਾਂਵ ਗਣਾਏ।
੪. ਗੁਰਮੁਖਿ ਸੁਖ ਫਲੁ ਸਾਧ ਸੰਗੁ ਚਾਰਿ ਪਦਾਰਥ ਸੇਵਾ ਲਾਏ।
੫. ਸਬਦੁ ਸੁਰਤਿ ਲਿਵ ਪਿਰਮ ਰਸੁ ਅਕਥ ਕਹਾਣੀ ਕਥੀ ਨ ਜਾਏ।
੬. ਪਾਰਬ੍ਰਹਮ ਪੂਰਨ ਬ੍ਰਹਮ ਭਗਤਿ ਵਛਲ ਹੁਇ ਅਛਲ ਛਲਾਏ।
੭. ਲੇਖ ਅਲੇਖ ਨ ਕੀਮਤਿ ਪਾਏ ॥੧੦॥

**ਪਦਾਰਥ-**(ਚਿੰਤਾ=ਮਾਨਸੀ ਸ਼ੋਕ। ਕਾਮਨਾ=ਪਦਾਰਥ ਵਾਸ਼ਨਾ। ਫਲ ਫੁਲਿ=ਪੱਕੇ ਫਲ, ਕੱਚੇ ਫੁਲ।

ਪੁਰਖਾਰਥ=ਬਲ, ਜੰਗ। ਅਛਲ ਛਲਾਏ= ਅਛਲ ਹੋਕੇ ਛਲੀਦਾ ਹੈ।

**ਅਰਥ**-੧.ਚਿੰਤਾਮਣੀ (ਮਨ ਦਾ) ਸ਼ੋਕ ਦੂਰ ਕਰਦੀ ਹੈ, ਕਾਮਧੇਨੁ (ਮਨ ਦੀ ਪਦਾਰਥ) ਵਾਸ਼ਨਾ ਪੂਰਦੀ ਹੈ (ਭਾਵ ਦੋਵੇਂ ਮੁਕਤੀ ਨਹੀਂ ਦੇਂਦੇ। ੨.ਕਲਪ ਬ੍ਰਿੱਛ ਆਪਣੇ ਫਲ ਜਾਂ ਫੁਲ ਦੇ ਛਡਦਾ ਹੈ, ਨੌਂ ਨਾਥ (ਆਪ ਹੀ) ਰਿੱਧਾਂ, ਸਿੱਧਾਂ, ਅਤੇ ਨਿਧਾਂ ਵਿਖੇ ਲੋਭ ਰਹੇ ਹਨ (ਭਾਵ ਸੇਵਕਾਂ ਨੂੰ ਓਹ ਕੀ ਦੇਣਗੇ? ਕੁਝ ਨਹੀਂ)। ੩.ਦਸ ਅਵਤਾਰਾਂ ਜਨਮ ਲੈਕੇ ਪੁਰਖਾਰਥ (ਲੜਾਈਆਂ ਜੁੱਧ) ਕਰ ਕੇ ਨਾਮ ਹੀ ਗਿਣਾਇਆ (ਅਗਲੀਆਂ ਚਾਰ ਤੁਕਾਂ ਵਿਖੇ ਗੁਰਮੁਖਾਂ ਦਾ ਵਾਧਾ ਦੱਸਦੇ ਹੋਏ ਲਿਖਦੇ ਹਨ):- ੪.ਗੁਰਮੁਖਾਂ ਦੀ ਸਾਧਸੰਗਤ ਵਿਖੇ ਸਰੂਪਾਨੰਦ ਹੈ, ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ ਉਹਨਾਂ ਦੀ) ਸੇਵਾ ਵਿਖੇ (ਰਬ ਨੇ) ਲਾ ਦਿਤੇ ਹਨ। ੫.ਓਹਨਾਂ ਦੀ ਸ਼ਬਦ ਦੀ ਗਿਆਤ ਵਿਖੇ ਲਿਵ ਲੱਗੀ ਰਹਿੰਦੀ ਹੈ, ਪ੍ਰੇਮ ਰਸ ਦੀ ਅਕੱਥ ਕਹਾਣੀ ਹੈ, ਕਥਨ ਨਹੀਂ ਕੀਤੀ ਜਾਂਦੀ। ੬.ਸਭ ਤੇ ਪਰੇ ਬ੍ਰਹਮ ਹੋਕੇ, ਸਾਰੇ (ਅਕਾਸ਼ਵਤ) ਪੂਰਣ ਹੋ ਰਿਹਾ ਹੈ, ਭਗਤ ਵਛਲ ਹੈ, ਫੇਰ ਛਲਾ ਲੈਂਦਾ ਹੈ*। (ਗੁਰਮੁਖਾਂ ਪਾਸ ਸੁਖ ਫਲ ਰੂਪ ਪ੍ਰੇਮ ਰਸ ਵਿਦਮਾਨ ਹੈ ਇਸ ਕਾਰਣ ਅਛਲ ਪਰਮਾਤਮਾਂ ਭਗਤ ਵੱਛਲ ਹੋਣ ਕਰਕੇ) ਅਛਲਾਂ (ਵਡੇ ਚਲਾਕਾਂ) ਕੋਲੋਂ ਬੀ ਨਹੀਂ ਛਲਿਆ ਜਾਂਦਾ (ਪਰ-"**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ**" ਅਨੁਸਾਰ ਪ੍ਰੇਮੀ ਉਸ ਨੂੰ ਛਲ ਮੋਹ ਲੈਂਦੇ ਹਨ)। ੭.(ਗੁਰਮੁਖ) ਲੇਖੇ ਥੋਂ ਅਲੇਖ ਹਨ (ਕੋਈ) ਕੀਮਤ ਨਹੀਂ ਪਾ ਸਕਦਾ।

**ਭਾਵ**-ਪੂਰਬੋਕਤ ਚਿੰਤਾਮਣੀ, ਕਾਮਧੇਨ, ਨੌਂ ਨਾਥ, ਆਦਿਕਾਂ ਥੋਂ ਗੁਰਮੁਖ ਵਿਸ਼ੇਸ਼ ਅਤੇ ਅਲੇਪ ਹਨ, ਕਿਉਂਕਿ ਓਹ ਨਾਸ਼ੀ ਪਦਾਰਥਾਂ ਦੇ ਦਾਤੇ ਨਹੀਂ ਓਹ 'ਜੀਵਨ ਦਾਨ' ਦੇਣ ਵਾਲੇ ਹਨ, ਆਪ ਪ੍ਰਭੂ ਨਾਲ ਜੁੜੇ ਹਨ, ਹੋਰਨਾਂ ਨੂੰ ਜੋੜਦੇ ਹਨ। ਕਾਮਨਾਂ ਭੋਗਾਂ ਤੇ ਪਦਾਰਥਾਂ ਨਾਲ ਅਪੂਰਨ ਰਹਿੰਦੀਆਂ ਹਨ। ਆਪਣੇ ਆਪਦੇ ਰਸ ਵਿਚ ਰਚਕੇ ਸੰਤੁਸ਼ਟ ਹੁੰਦੀਆਂ ਹਨ।

## ੧੧. (ਕਾਦਰ ਪ੍ਰਿਰਮ ਪ੍ਰਿਆਲਾ)

੧. ਇਕ ਕਵਾਉ ਪਸਾਉ ਕਰਿ ਨਿਰੰਕਾਰਿ ਆਕਾਰੁ ਬਣਾਇਆ।
੨. ਤੋਲਿ ਅਤੋਲੁ ਨ ਤੋਲੀਐ ਤੁਲਿ ਨ ਤੁਲਾਧਾਰਿ ਤੋਲਾਇਆ।
੩. ਲੇਖ ਅਲੇਖੁ ਨ ਲਿਖੀਐ ਅੰਗੁ ਨ ਅਖਰੁ ਲੇਖ ਲਿਖਾਇਆ।
੪. ਮੁਲਿ ਅਮੁਲੁ ਨ ਮੋਲੀਐ ਲਖ ਪਦਾਰਥ ਲਵੈ ਨ ਲਾਇਆ।
੫. ਬੋਲਿ ਅਬੋਲੁ ਨ ਬੋਲੀਐ ਸੁਣਿ ਸੁਣਿ ਆਖਣੁ ਆਖਿ ਸੁਣਾਇਆ।
੬. ਅਗਮੁ ਅਥਾਹੁ ਅਗਾਧਿ ਬੋਧ ਅੰਤੁ ਨ ਪਾਰਾਵਾਰੁ ਨ ਪਾਇਆ।
੭. ਕੁਦਰਤਿ ਕੀਮ ਨ ਜਾਣੀਐ ਕੇਵਡੁ ਦਾਦਰੁਕਿਤੁ ਘਰਿ ਆਇਆ।
੮. ਗੁਰਮੁਖਿ ਸੁਖ ਫਲੁ ਸਾਧਸੰਗੁ ਸਬਦੁ ਸੁਰਤਿ ਲਿਵ ਅਲਖ ਲਖਾਇਆ।
੯. ਪਿਰਮ ਪਿਆਲਾ ਅਜਰੁ ਜਰਾਇਆ॥੧੧॥

**ਪਦਾਰਥ**-(ਕਵਾਉ=ਵਾਕ। ਪਸਾਉ=ਪਸਾਰਾ। ਆਕਾਰੁ=ਸਰੂਪ। ਤੁਲਿ=ਛੋਟੀ ਤੱਕੜੀ। (ਤੁਲਾਧਾਰ=ਵੱਡਾ ਤੱਕੜ।ਲਵੈ=ਬਰਾਬਰ। ਬੋਲਿ ਅਬੋਲੁ=ਬੋਲਣ ਥੋਂ ਅਬੋਲ ਹੈ। (ਕੀਮ=ਕੀਮਤ। ਪਿਰਮ ਪਿਆਲਾ=ਪ੍ਰੇਮ ਦਾ ਪਿਆਲਾ।

**ਅਰਥ**- ੧.ਨਿਰੰਕਾਰ ਨੇ ਇਕ ਵਾਕ ਥੋਂ ਪਸਾਰਾ ਕਰਕੇ ਆਕਾਰ (=ਸੰਸਾਰ) ਬਣਾ ਦਿੱਤਾ ਹੈ। ੨.(ਪਸਾਰਾ) ਤੋਲਣ ਤੋਂ ਅਤੋਲ ਹੈ, ਨਾ ਇਸ ਨੂੰ ਕੋਈ ਛੋਟੀ ਤੱਕੜੀ ਤੋਲਦੀ ਹੈ ਨਾ ਹੀ ਵਡੇ ਤੱਕੜ ਤੇ ਤੋਲਿਆ ਜਾਂਦਾ ਹੈ, (ਭਾਵ ਰਿਖੀ ਮੁਨੀ ਅਤੇ ਬ੍ਰਹਮਾਦਿਕਾਂ ਦੀਆਂ ਬੁੱਧੀਆਂ ਹੈਰਾਨ ਹੋ ਰਹੀਆਂ

*ਦੇਖੋ ਇਸੇ ਵਾਰ ਦੀ ਪਉੜੀ ੧੭ ਦੀ ਤੁਕ ਛੇਵੀਂ ਦਾ ਅਰਥ।

ਹਨ, ਜਿਹਾਕੁ-''**ਨਾਲਿ ਕੁਟੰਬੁ ਸਾਥਿ ਵਰ ਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥ ਆਗੈ ਅੰਤੁ ਨ ਪਾਇਓ ਤਾਕਾ ਕੰਸੁ ਛੇਦ ਕਿਆ ਵਡਾ ਭਇਆ''** ॥ (ਆਸਾ: ਮ: ੧ ਚਉ-੭) ਅਰਥ-ਸ੍ਰੀ ਗੁਰੂ ਗ੍ਰੰਥ ਕੋਸ਼ ਵਿਖੇ ਵਿਸਥਾਰ ਨਾਲ ਨਿਵੇਦਨ ਹੈ) ੩.(ਕਾਦਰ ਦਾ) ਲੇਖਾ ਅਲੇਖ ਹੈ, ਨਹੀਂ ਲਿਖਿਆ ਜਾਂਦਾ ਅੰਗਾਂ ਵਿਚ, ਤੇ ਨਾ ਹੀ ਅੱਖਰਾਂ ਵਿਚ ਲਿਖ ਸਕੀਦਾ ਹੈ। ੪.ਮੁੱਲ ਥੋਂ ਅਮੁੱਲ ਹੈ, (ਕੋਈ) ਮੁੱਲ ਨਹੀਂ ਪਾ ਸਕਦਾ, (ਕਿਉਂ ਜੋ) ਲੱਖਾਂ ਪਦਾਰਥ ਇਕ (ਆਤਮਾ ਦੇ)ਬਰਾਬਰ ਨਹੀਂ ਹੋ ਸਕਦੇ। ੫.ਬੋਲਣ ਤੋਂ ਅਬੋਲ ਹੈ (ਭਾਵ ਬਾਂਣੀ ਥੋਂ ਪਰੇ ਹੈ, ਪਰ ਮਨ ਬੀ ਉਥੇ ਨਹੀਂ ਬੋਲ ਸਕਦਾ, ਲੋਕ) ਸੁਣ ਸੁਣਕੇ ਅਖਾਣਾਂ ਨੂੰ ਆਖਕੇ ਸੁਣਾਉਂਦੇ ਹਨ। ੬.(ਆਤਮਾ) ਅਗਮ ਤੇ ਅਥਾਹ ਸਮੁੰਦਰ ਹੈ, ਉਸਦੇ ਗਿਆਨ ਦਾ ਕਿਸੇ ਅੰਤ ਯਾ ਪਾਰਾਵਾਰ ਨਹੀਂ ਪਾਇਆ। ੭.(ਉਸ ਦੀ) ਕੁਦਰਤ ਦੀ ਕੀਮਤ ਨਹੀਂ ਜਾਣੀਦੀ ਕੇਡਾ ਵੱਡਾ ਕਾਦਰ ਹੈ ਅਰ ਉਸਦਾ ਘਰ ਕਿਹੜਾ ਹੈ? (ਆਪ ਹੀ ਅਗੇ ਉਤਰ ਦਿੰਦੇ ਹਨ)। ੮.ਗੁਰਮੁਖਾਂ ਦੀ ਸਾਧ ਸੰਗਤ ਹੀ ਸੁਖ ਫਲ ਰੂਪ ਹੈ, ਸ਼ਬਦ ਦੀ ਸੁਰਤਿ ਵਿਖੇ ਲਿਵ ਨਾਲ ਅਲਖ ਨੂੰ ਲਖਾ ਦਿੰਦੇ ਹਨ। ੯.ਪ੍ਰੇਮ ਦਾ ਪਿਆਲਾ ਪੀਕੇ ਅਜਰ (ਵਸਤੂ ਨੂੰ) ਜਰ ਜਾਂਦੇ ਹਨ (ਭਾਵ ਝੂਠੇ ਅਮਲੀਆਂ ਵਾਗੂੰ ਬੜ ਬੜ ਨਹੀਂ ਕਰਦੇ, ਸਰੂਪ ਵਿਖੇ ਮਗਨ ਰਹਿੰਦੇ ਹਨ)।

## ੧੨. (ਸਾਧ ਸੰਗਤਿ ਸੱਚਖੰਡ)।

੧. ਸਾਦਹੁ ਸਬਦਹੁ ਬਾਹਰਾ ਅਕਥ ਕਥਾ ਕਿਉਂ ਜਿਹਬਾ ਜਾਣੈ।
੨. ਉਸਤਤਿ ਨਿੰਦਾ ਬਾਹਰਾ ਕਥਨੀ ਬਦਨੀ ਵਿਚਿ ਨ ਆਣੈ।
੩. ਗੰਧ ਸਪਰਸ ਅਗੋਚਰਾ ਨਾਸ ਸਾਸ ਹੈਰਤਿ ਹੈਰਾਣੈ।
੪. ਵਰਨਹੁ ਚਿਹਨਹੁ ਬਾਹਰਾ ਦਿਸਟਿ ਅਦਿਸਟਿ ਨ ਧਿਆਨੁ ਧਿਙਾਣੈ।
੫. ਨਿਰਾਲੰਬੁ ਅਵਲੰਬ ਵਿਣੁ ਧਰਤਿ ਅਗਾਸਿ ਨਿਵਾਸੁ ਵਿਡਾਣੈ।
੬. ਸਾਧ ਸੰਗਤਿ ਸਚਖੰਡਿ ਹੈ ਨਿਰੰਕਾਰੁ ਗੁਰ ਸਬਦੁ ਸਿਵਾਣੈ।
੭. ਕੁਦਰਤਿ ਕਾਦਰ ਨੌਂ ਕੁਰਬਾਣੈ ॥੧੨॥

**ਪਦਾਰਥ**-(ਸਾਦਹੁ=ਸਵਾਦ ਤੋਂ। ਸਬਦ=ਬਾਣੀ। ਜਿਹਬਾ-ਜੀਭ। ਬਦਨੀ=ਕਵੀਸ਼ਰੀ।
(ਨਾਸ ਸਾਸ=ਸੁਾਸਾ ਤੋਂ ਰਹਿਤ, (ਅ) ਨਾਸਕਾ ਦੇ ਸੁਾਸ ਪ੍ਰਾਣ।
(ਹੈਰਤਿ=ਹੈਰਾਨੀ, (ਅ) ਬੁੱਧੀ। ਧਿਙਾਣੈ=ਧੱਕੇ ਵਿਚ।
(ਅਵਲੰਬ ਵਿਣੁ=ਆਸ਼੍ਰਯ ਬਾਝ। ਵਿਡਾਣੈ=ਅਸਚਰਜ ਰੂਪ।

**ਅਰਥ**-੧.ਸਵਾਦਾਂ ਅਰ ਬਾਣੀ ਤੋਂ ਪਰੇ ਹੈ, ਅਕੱਥ (ਉਸਦੀ) ਕਥਾ ਹੈ, ਜੀਭ ਕਿੱਕੂੰ ਜਾਣ ਸਕੇ (ਕਿਉਂ ਜੋ ਆਤਮਾ ਜੀਭ ਦੇ ਦੋਹਾਂ ਵਿਸ਼ਿਆਂ-ਸਵਾਦ ਤੇ ਬੋਲਣ-ਤੋਂ ਪਰੇ ਹਨ)। ੨.ਉਸਤਤ ਅਰ ਨਿੰਦਾ ਥੋਂ ਬਾਝ ਹੈ, (ਭਾਵ ਰਾਗ ਦ੍ਵੈਖ ਤੋਂ ਰਹਿਤ ਹੈ) ਕਥਾ ਅਤੇ ਕਵੀਸ਼ਰੀ ਵਿਖੇ ਨਹੀਂ ਆ ਸਕਦਾ। ੩.ਸੁੰਘਣ ਅਰ ਛੁਹਣ ਦੇ ਵਿਸ਼ਿਆਂ ਥੋਂ ਅਗੋਚਰ ਹੈ, ਸਵਾਸ ਤੋਂ ਬੀ ਨਾਸ਼ (ਰਹਿਤ) ਹੈ (ਭਾਵ ਪ੍ਰਣਾਯਾਮ ਤੋਂ ਪਰੇ ਹੈ) (ਹੈ ਕੀ ?) ਹੈਰਾਨੀ ਹੈ ਅਸਚਰਜ ਹੈ (ਕਿ ਕੀ ਕਿਹਾ ਜਾਏ) (ਅਥਵਾ) ਪ੍ਰਾਣਾਂ ਵਲ ਦੇਖਕੇ ਚੱਕ੍ਰਿਤ (ਬੁਧੀ) ਹੈਰਾਨ ਹੁੰਦੀ ਹੈ। ੪.ਰੰਗ ਰੂਪ ਥੋਂ ਬਾਹਰ ਹੈ, ਦ੍ਰਿਸ਼ਟ ਤੋਂ ਅਦ੍ਰਿਸ਼ਟ ਹੈ, (ਨਜ਼ਰ ਤੋਂ ਨਹੀਂ ਡਿੱਠਾ ਜਾਂਦਾ) ਧਿਆਨ ਦੇ ਧੱਕੇ (ਵਿਚ ਬੀ) ਨਹੀਂ ਆਉਂਦਾ ੫.ਨਿਰਾਸ਼੍ਰਯ ਹੋਕੇ ਧਰਤੀ ਵਿਖੇ ਅਰ ਆਸ਼੍ਰਯ ਬਿਨਾਂ ਅਕਾਸ਼ ਵਿਖੇ ਨਿਰੰਤਰ ਵਾਸਾ ਕਰ ਰਿਹਾ ਹੈ, (ਇਹ) ਅਚਰਜ ਗੱਲ ਹੈ (ਜੇ ਕਹੀਏ ਕਿ ਉਸ ਦਾ ਸੱਚਾ ਦੇਸ਼ ਕਿਹੜਾ ਹੈ?) (ਉਤੱਰ :-) ੬.ਸਾਧ ਸੰਗਤ ਹੀ ਉਸ ਦਾ ਸਚਖੰਡ ਹੈ, (ਕਿਉਂ ਜੋ) ਨਿਰੰਕਾਰ ਗੁਰੂ ਦੇ ਸ਼ਬਦ ਕਰਕੇ ਸਿਵਾਣੀਦਾ ਹੈ। ੭.(ਇਸ) ਕਾਦਰ ਦੀ ਕੁਦਰਤ ਥੋਂ ਅਸੀਂ ਵਾਰਨੇ ਜਾਂਦੇ ਹਾਂ।

**ਭਾਵ**-ਸਾਰੇ ਅਕਾਸ਼ ਵਾਂਗੂ ਪੂਰਣ ਹੋਕੇ ਫਿਰ ਸਾਧਸੰਗ ਸਚਖੰਡ ਵਿਖੇ ਨਿਵਾਸ ਰਖਦਾ ਹੈ ਉਸ ਤੋਂ ਵਾਰਨੇ ਜਾਓਂ। ਜਿਹਾਕੁ- "**ਸਰਬੁ ਜਗਤੁ ਕੋ ਧਨੀ ਕਹੀਜੈ ਜਨੁ ਕੋ ਅੰਗ ਨਿਰਾਰੋ॥**"

## ੧੩. (ਗੁਰਮੁਖਾਂ ਦਾ ਸੱਚਾ ਰਸਤਾ)।

੧. ਗੁਰਮੁਖਿ ਪੰਥੁ ਅਗੰਮੁ ਹੈ ਜਿਉ ਜਲ ਅੰਦਰਿ ਮੀਨੁ ਚਲੰਦਾ।
੨. ਗੁਰਮੁਖਿ ਖੋਜੁ ਅਲਖੁ ਹੈ ਜਿਉ ਪੰਖੀ ਆਗਾਸ ਉਡੰਦਾ।
੩. ਸਾਧ ਸੰਗਤਿ ਰਹਰਾਸਿ ਹੈ ਹਰਿ ਚੰਦਉਰੀ ਨਗਰੁ ਵਸੰਦਾ।
੪. ਚਾਰਿ ਵਰਨ ਤੰਬੋਲ ਰਸੁ ਪਿਰਮ ਪਿਆਲੈ ਰੰਗੁ ਚੜੰਦਾ।
੫. ਸਬਦ ਸੁਰਤਿ ਲਿਵ ਲੀਣੁ ਹੋਇ ਚੰਦਨ ਵਾਸ ਨਿਵਾਸ ਕਰੰਦਾ।
੬. ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜਿ ਕੁਰਮ ਹੰਸ ਵੰਸ ਵਧੰਦਾ।
੭. ਗੁਰਮੁਖਿ ਸੁਖ ਫਲੁ ਅਲਖੁ ਲਖੰਦਾ ॥੧੩॥

**ਪਦਾਰਥ**-(ਪੰਥੁ=ਰਸਤਾ, ਭਾਵ ਅਨੁਭਵ। ਰਹਰਾਸਿ=ਸੱਚਾ ਰਸਤਾ।
(ਹਰਿ ਚੰਦਉਰੀ=ਭਰਮ ਨਗਰ। ਤੰਬੋਲ ਰਸ=ਪਾਨ ਦਾ ਰਸ।

**ਅਰਥ**-੧.ਗੁਰਮੁਖਾਂ ਦਾ ਰਸਤਾ (ਅਨੁਭਵ) ਅਗੰਮ ਹੈ (ਦ੍ਰਿਸ਼ਟਾਂਤ :-) ਜਿਕੁਰ ਪਾਣੀ ਵਿਖੇ ਮੱਛ ਚੱਲਦਾ ਹੈ, (ਜਿਕੁਰ ਮੱਛੀ ਕਿਸ ਰਸਤੇ ਗਈ ਪਤਾ ਨਹੀਂ ਲੱਗਦਾ ਇਸੇ ਤਰ੍ਹਾਂ ਗੁਰਮੁਖ ਮਾਰਗ ਦਾ ਪਤਾ ਨਹੀਂ ਲਗਦਾ, ਪਰ ਗੁਰਮੁਖ ਹੋਇਆਂ ਸਾਰੇ ਉਸਦਾ ਰਸਤਾ ਹੈ, ਜਿਸ ਤਰ੍ਹਾਂ ਮੱਛ ਦਾ ਰਸਤਾ ਹਰ ਥਾਂ ਹੈ, ਮੱਛ ਨੇ ਪੂਰਨ ਵਿਚ ਨਿਵਾਸ ਪਾਯਾ ਹੈ ਉਸ ਦਾ ਹੁਣ ਖੁਰਾ ਖੋਜ ਨਹੀਂ, ਪਰ ਜਿੱਧਰ ਉਹ ਪੈਰ ਧਰੇ ਓਹੋ ਹੀ ਮਾਰਗ ਹੈ)। ੨.ਗੁਰਮੁਖਾਂ ਦਾ 'ਖੋਜ' (ਅਨੁਭਵ) ਲਿਖਿਆ ਨਹੀਂ ਜਾਂਦਾ, ਜਿਕੁਰ ਪੰਖੀ ਅਕਾਸ਼ ਵਿਖੇ ਉਡਦਾ ਹੈ, (ਨਾਮਦੇਵ ਜੀ ਬੀ ਰਾਗ ਗੂਜਰੀ ਵਿਖੇ ਲਿਖਦੇ ਹਨ- "**ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥ ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ**"॥) (ਗੂਜਰੀ ਨਾਮ-੨) ੩.ਸਾਧੂ ਸੰਗਤ ਹੀ ਸਿੱਧਾ ਰਸਤਾ ਹੈ, (ਸੰਸਾਰ) ਹਰਿ ਚੰਦਉਰੀ ਨਗਰ (ਵਾਂਗੂ) ਵਸਦਾ ਹੈ। ੪.ਚਾਰ ਵਰਣ ਦੇ (ਕੱਥ, ਸੁਪਾਰੀ, ਚੂਨਾ, ਅਤੇ) ਪਾਨ ਦੇ ਰਸ ਵਾਂਗੂ ਪ੍ਰੇਮ ਦੇ ਪਿਆਲੇ ਦਾ ਰੰਗ (ਚੜ੍ਹਦੇ ਤੋਂ) ਚੜ੍ਹਦਾ ਹੁੰਦਾ ਹੈ, (ਦ੍ਰਿਸ਼ਟਾਂਤ=ਚਾਰ ਵਰਣਾਂ ਦੇ ਸਾਧ ਸੰਗਤ ਵਿਚ ਆਕੇ ਇਕ ਹੀ ਕਹਾਉਂਦੇ ਹਨ)। ੫.(ਗੁਰੂ ਦੇ) ਸ਼ਬਦ ਦੀ ਸੁਰਤ ਦੀ ਲਿਵ ਵਿਖੇ ਲੀਨ ਹੋਕੇ ਚੰਦਨ ਦੀ ਵਾਸ਼ਨਾਂ ਦੇ ਨਿਵਾਸ (ਵਾਂਗ ਜਗਯਾਸੂਆਂ ਨੂੰ ਆਪਣੇ ਜਿਹਾ ਚੰਦਨ) ਕਰਦੇ ਹਨ। ੬.ਗਿਆਨ ਧਿਆਨ ਅਤੇ ਸਿਮਰਣ ਦੀ ਜੁਗਤੀ ਨੂੰ ਕੂੰਜ, ਕੱਛੂ ਅਤੇ ਹੰਸਾਂ ਦੀ ਵੰਸ (ਵਾਂਗੂ) ਵਧਾਉਂਦੇ ਹਨ। ੭.ਗੁਰਮੁਖ ਲੋਗ ਸੁਖ ਫਲ ਜੋ ਅਲਖ (ਪਰਮਾਤਮਾ ਹੈ ਉਸ ਨੂੰ ਗੁਰੂ ਦੀ ਕਿਰਪਾ ਨਾਲ) ਲਖ ਲੈਂਦੇ ਹਨ (ਭਾਵ ਪ੍ਰਾਪਤ ਕਰਦੇ ਹਨ)।

**ਭਾਵ**-ਗੁਰਮੁਖ ਅਨਜਾਣ ਪੰਧਾਊ ਨਹੀਂ ਜੋ ਰਸਤਾ ਪੁੱਛਕੇ ਟੁਰਨ। ਓਹ ਆਪ ਰਸਤਿਆਂ ਦੇ ਮਾਲਕ ਤੇ ਰਚਨਹਾਰ ਹਨ। ਜਿੱਧਰ ਟੁਰਨਗੇ ਉਹੋ ਰਸਤਾ ਹੈ, ਅਰ ਓਹ ਕਦੇ ਉਧਰ ਨਾ ਟੁਰਨਗੇ ਜੋ ਕੁਰਾਹ ਹੋਵੇ।

## ੧੪. (ਈਸ਼੍ਵਰ ਅਲੱਖ ਹੈ)।

੧. ਬ੍ਰਹਮਾਦਿਕ ਵੇਦਾ ਸਣੈ ਨੇਤਿ ਨੇਤਿ ਕਰਿ ਭੇਦੁ ਨ ਪਾਇਆ।
੨. ਮਹਾਦੇਵ ਅਵਧੂਤ ਹੋਇ ਨਮੋ ਕਰਿ ਧਿਆਨੁ ਨ ਆਇਆ।
੩. ਦਸ ਅਵਤਾਰ ਅਕਾਰੁ ਕਰਿ ਏਕੰਕਾਰ ਨ ਅਲਖੁ ਲਖਾਇਆ।

੪. ਰਿਧਿ ਸਿਧਿ ਨਿਧਿ ਨਾਥ ਨਉ ਆਦਿ ਪੁਰਖੁ ਆਦੇਸੁ ਕਰਾਇਆ।
੫. ਸਹਸ ਨਾਵ ਲੈ ਸਹਸ ਮੁਖ ਸਿਮਰਣਿ ਸੰਖ ਨ ਨਾਉ ਧਿਆਇਆ।
੬. ਲੋਮਸ ਤਪੁ ਕਰਿ ਸਾਧਨਾ ਹਉਮੈ ਸਾਧ ਨ ਸਾਧੁ ਸਦਾਇਆ।
੭. ਚਿਰ ਜੀਵਣੁ ਬਹੁ ਹੰਢਣਾ ਗੁਰਮੁਖਿ ਸੁਖ ਫਲੁ ਪਲੁ ਨ ਚਖਾਇਆ।
੮. ਕੁਦਰਤਿ ਅੰਦਰਿ ਭਰਮਿ ਭੁਲਾਇਆ ॥੧੪॥

**ਪਦਾਰਥ**-(ਨੇਤਿ=ਇਹ ਬੀ ਨਹੀਂ ਹੈ। ਆਦੇਸ=ਨਮਸਕਾਰ। ਸੰਖ=ਗਿਣਤੀ।

**ਅਰਥ**-੧.ਬ੍ਰਹਮਾਦਿਕ (ਦੇਵਤਿਆਂ) ਨੇ ਵੇਦਾਂ ਦੇ ਸਮੇਤ ਭੇਦ ਨਾ ਪਾ ਕੇ ਨੇਤਿ ਨੇਤਿ (ਹੀ ਪਿਛੋਂ) ਕਿਹਾ। ੨.ਸ਼ਿਵ ਨੇ (ਅਵਧੂਤ) ਸੁਆਹ ਪਿੰਡੇ ਪੁਰ ਮਲ ਕੇ (ਵਡਾ ਤਪ ਕੀਤਾ) ਛੇਕੜ ਨਮੋ ਨਮੋ ਹੀ ਕੀਤੀ (ਉਸਦੇ) ਧਿਆਨ ਵਿਚ ਭੀ ਨਾ ਆਇਆ। ੩.ਦਸ ਅਵਤਾਰਾਂ ਨੇ 'ਆਕਾਰ' ਧਾਰਿਆ (ਪਰੰਤੂ) ਏਕੰਕਾਰ ਅਲਖ ਨੂੰ ਨਾ ਲਖਿਆ। ੪.ਨੌਂ ਨਾਥਾਂ ਭੀ ਰਿੱਧੀਆਂ, ਸਿਧੀਆਂ, ਨਿੱਧਾਂ ਪਾ ਕੇ ਆਦਿ ਪੁਰਖ ਪਰਮਾਤਮਾਂ ਨੂੰ ਮੱਥਾ ਹੀ ਟੇਕਿਆ (ਭਾਵ ਖਹੁ ਨਾ ਲੱਭਾ, ਭੈ ਨਾਲ ਮੱਥਾ ਹੀ ਟੇਕਿਆ, ਇਕਰਾਰ ਕੀਤਾ ਕਿ ਹੈ, ਪਰ ਪਤਾ ਨਾ ਲੱਗਾ ਕਿ ਕੈਸਾ ਹੈ?) ੫.ਸ਼ੇਸ਼ਨਾਗ ਨੇ ਹਜ਼ਾਰ ਮੁਖ ਕਰਕੇ ਹਜ਼ਾਰ ਨਾਮ (ਨਵਾਂ ਰੋਜ਼ ਲੈਕੇ) ਸਿਮਰਣ ਕੀਤਾ (ਪਰੰਤੂ ਧਿਆਵਣ ਥੋਂ) ਗਿਣਤੀ ਬੱਸ ਨ ਹੋਈ। ੬.ਲੋਮਸ (ਵਡੀ ਆਰਜਾ ਵਾਲੇ ਇਕ) ਰਿਖੀ ਨੇ ਤਪ ਕਰਕੇ ਸਾਧਨਾਂ ਕੀਤੀਆਂ ਪਰ ਹਉਮੈ ਸਾਧ ਕੇ (ਮਾਰ ਕੇ ਨਿਜ ਨੂੰ) ਸਾਧ ਨ ਕਹਾ ਸਕਿਆ। ੭.ਚਿਰਜੀਵੀ (ਮਾਰਕੰਡੇਯ) ਆਦਿ ਨੇ ਬਾਹਲੇ ਚਿਰ ਤੀਕ (ਉਮਰ) ਗੁਜਾਰੀ ਪਰੰਤੂ ਗੁਰਮੁਖਾਂ ਦਾ ਸੁਖ ਫਲ ਪਲ ਮਾਤ੍ਰ ਬੀ ਨਾ ਚਖਿਆ। ('ਅਲ' ਪਾਠਾਂਤ੍ਰ ਹੈ, ਅਰਥ ਭੌਰੇ ਵਾਂਙੂ ਪ੍ਰੇਮ ਨਾਲ ਨਾ ਚਖਿਆ ਅਥਵਾ ਤ੍ਰਿਪਤ ਹੋਕੇ ਨ ਚਖਿਆ)। ੮.(ਪਿਛੇ ਕਹੇ ਸਾਰੇ 'ਕੁਦਰਤ' ਦੇ ਅੰਦਰ ਹੀ ਭਰਮ ਵਿਖੇ ਭੁੱਲੇ ਰਹੇ (ਗੁਰਮੁਖਾਂ ਦਾ ਆਨੰਦ ਨਾ ਲੀਤਾ)।

## ੧੫. (ਅੰਜਨ ਵਿਚ ਨਿਰੰਜਨ ਪਾਨਾ)।

੧. ਗੁਰਮੁਖਿ ਸੁਖ ਫਲ ਸਾਧਸੰਗੁ ਭਗਤਿ ਵਛਲ ਹਇ ਵਸਿਗਤਿ ਆਇਆ।
੨. ਕਾਰਣ ਕਰਤੇ ਵਸਿ ਹੈ ਸਾਧ ਸੰਗਤਿ ਵਿਚਿ ਕਰੇ ਕਰਾਇਆ।
੩. ਪਾਰਬ੍ਰਹਮੁ ਪੂਰਨ ਬ੍ਰਹਮੁ ਸਾਧ ਸੰਗਤਿ ਵਿਚਿ ਭਾਣਾ ਭਾਇਆ।
੪. ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਇਆ।
੫. ਬੀਅਹੁ ਕਰਿ ਬਿਸਥਾਰ ਵੜੁ ਫਲ ਅੰਦਰਿ ਫਿਰਿ ਬੀਉ ਵਸਾਇਆ।
੬. ਅਪਿਉ ਪੀਅਣੁ ਅਜਰ ਜਰਣੁ ਆਪੁ ਗਵਾਇ ਨ ਆਪੁ ਜਣਾਇਆ।
੭. ਅੰਜਨੁ ਵਿਚਿ ਨਿਰੰਜਨੁ ਪਾਇਆ॥੧੫॥

**ਪਦਾਰਥ**-(ਵੜ=ਬੋਹੜ। ਅੰਜਨ=ਸੁਰਮਾ, ਮਾਯਾ। ਨਿਰੰਜਨ=ਮਾਯਾ ਰਹਿਤ, ਪਰਮੇਸੁਰ।

**ਅਰਥ**-੧.ਗੁਰਮੁਖਾਂ ਦੀ ਸਾਧ ਸੰਗਤ ਸੁਖ ਰੂਪੀ ਫਲ ਹੈ, (ਅਰਥਾਤ-ਸਰਿਆਂ ਸੁਖਾਂ ਦਾ ਫਲ ਰੂਪ ਹੈ) ਕਿਉਂ ਜੋ ਭਗਤ ਵੱਛਲ ਹੋਕੇ (ਨਾਮ ਰਖਾਕੇ ਸਾਧ ਸੰਗਤ ਦੇ) ਵੱਸ ਆਯਾ ਹੈ, (ਭਾਵ ਪ੍ਰੇਮ ਨਾਲ ਮਿਲਿਆ ਹੈ)। ੨.ਸਾਰੇ ਕਾਰਣ ਕਰਤੇ ਦੇ ਹੱਥ ਹਨ (ਪਰੰਤੂ) ਸਾਧ ਸੰਗਤ ਵਿਖੇ (ਸੰਤਾਂ ਦਾ) ਕਰਾਯਾ ਕਰਦਾ ਹੈ। ੩.(ਪਾਰਬ੍ਰਹਮ) ਨਿਰਗੁਣ ਹੋਕੇ 'ਪੂਰਣ ਬ੍ਰਹਮ' ਸਰੂਪ ਹੋ ਜਾਂਦਾ ਹੈ, ਕਿਉਂ ਜੋ ਸਾਧਸੰਗਤ ਦਾ ਭਾਣਾ (ਉਸ ਨੂੰ) ਚੰਗਾ ਲੱਗਦਾ ਹੈ। ੪.ਇਕ ਇਕ ਰੋਮ ਵਿਖੇ ਕਰੋੜ ਬ੍ਰਹਮੰਡ ਉਤਪਤ ਕਰਕੇ ਸਮਾਇ ਰਖੇ ਹਨ। ੫.(ਦ੍ਰਿਸ਼ਟਾਂਤ) ਇਕ ਬੀਜ ਥੋਂ ਬੋਹੜ ਦਾ ਵਿਸਥਾਰ ਕਰ ਦਿੰਦਾ ਹੈ ਓਹੀ ਬੀਜ ਫੇਰ ਬੋਹੜ ਦੇ ਫਲ ਵਿਖੇ ਵਸਾਉਂਦਾ ਹੈ (ਅਜਿਹੇ ਪੂਰਬੋਕਤ ਈਸ਼੍ਵਰ ਦੀ ਪ੍ਰਾਪਤੀ ਦਾ ਉਪਾਉ ਛੇਕੜਲੀਆਂ ਦੋ ਤੁਕਾਂ ਵਿਖੇ ਦੱਸਦੇ ਹਨ)। ੬.ਜਿਨਾਂ ਨੇ (ਨਾਮ ਰੂਪ) ਅੰਮ੍ਰਿਤ ਪੀਕੇ ਅਸਚਰਜ (ਨਾ ਜਰੀ ਜਾਣ ਵਾਲੀ

ਵਿਸਮਾਦ ਰੂਪ ਈਸ਼੍ਵਰੀ ਦਾਤ ਸੁਖ ਫਲ ਪਾਕੇ) ਜਰ ਲੀਤੀ ਹੈ, (ਜਰਨ ਦਾ ਰੂਪ ਕੀ ਹੈ ਕਿ) ਆਪਾ ਭਾਵ ਦਿੱਤਾ, ਅਰ ਜਣਾਉਂਦੇ ਨਹੀਂ (ਕਿ ਅਸੀਂ ਬੀ) ਕੁਝ ਜਾਣਦੇ ਹਾਂ। ੭.(ਅਜਿਹੇ ਸਤਿ ਪੁਰਖਾਂ ਨੇ) ਮਾਯਾ ਵਿਚ ਹੀ ਨਿਰੰਕਾਰ ਨੂੰ ਪਾ ਲੀਤਾ ਹੈ।

## ੧੬. (ਵਾਹਿਗੁਰੂ ਪਰੇ ਤੋਂ ਪਰੇ ਹੈ)।

੧. ਮਹਿਮਾ ਮਹਿ ਮਹਿਕਾਰ ਵਿਚਿ ਮਹਿਮਾ ਲਖ ਨ ਮਹਿਮਾ ਜਾਣੈ।
੨. ਲਖ ਮਹਾਤਮ ਮਹਾਤਮਾਂ ਤਿਲ ਨ ਮਹਾਤਮੁ ਆਖਿ ਵਖਾਣੈ।
੩. ਉਸਤਤਿ ਵਿਚਿ ਲਖ ਉਸਤਤੀ ਪਲ ਉਸਤਤਿ ਅੰਦਰਿ ਹੈਰਾਣੈ।
੪. ਅਚਰਜ ਵਿਚਿ ਲਖ ਅਚਰਜਾ ਅਚਰਜ ਅਚਰਜ ਚੋਜ ਵਿਡਾਣੈ।
੫. ਵਿਸਮਾਦੀ ਵਿਸਮਾਦ ਲਖ ਸਿਮਾਦਹੁ ਵਿਸਮਾਦ ਵਿਹਾਣੈ।
੬. ਅਬਿਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਆਖਾਣ ਵਖਾਣੈ।
੭. ਲਖ ਪਰਵਾਣ ਪਰੈ ਪਰਵਾਣੈ ॥੧੬॥

**ਪਦਾਰਥ**-(ਮਹਿਮਾ=ਸ਼ੋਭਾ, ਵਡਿਆਈ। ਮਹਿ ਮਹਿਕਾਰ=ਧਰਤੀ ਦੇ ਫੈਲਾਉ ਵਿਖੇ।
(ਵਿਡਾਣੈ=ਅਸਚਰਜ ਰੂਪ। ਵਿਹਾਣੈ=ਬੀਤਦੇ ਹਨ।

**ਅਰਥ**-੧.ਧਰਤੀ ਦੀਆਂ 'ਮਹਿਮਾ' ਵਡਿਆਈਆਂ ਦੇ ਫੈਲਾਉ ਵਿਖੇ (ਤਾਂ ਕਈ ਗੁਣੀ ਸਿਆਣੇ ਹਨ, ਪਰ ਵਾਹਿਗੁਰੂ ਦੀ) ਮਹਿਮਾਂ ਨੂੰ ਲਖਕੇ ਕੋਈ (ਉਸ ਦੀ) ਮਹਿਮਾਂ (ਕਹਿਣੀ) ਨਹੀਂ ਜਾਣਦਾ। ੨.ਲੱਖਾਂ ਮਹਾਤਮ (ਪ੍ਰਤਾਪ ਪਾਕੇ) ਆਪ ਮਹਾਤਮਾ (ਬਯਾਸਦਿਕ ਰਿਖੀ) ਬਣ ਬੈਠੇ (ਪਰੰਤੂ ਵਾਹਿਗੁਰੂ ਦੇ) ਪ੍ਰਤਾਪ ਦਾ ਇਕ ਤਿਲ ਬੀ ਆਖਕੇ ਨਾ ਵ੍ਯਾਖ੍ਯਾਨ ਕਰ ਸਕੇ। ੩.(ਦੇਵਤਿਆਂ ਰਾਜਿਆਂ ਦੀਆਂ) ਲੱਖਾਂ ਉਸਤਤੀਆਂ (ਕਰਨਹਾਰੇ) ਹਨ, ਪਰੰਤੂ (ਓਹ ਸਾਰੇ ਪਰਮੇਸ਼ੁਰ ਦੀ) ਪਲ ਮਾਤ੍ਰ ਉਸਤਤੀ ਵਿਚ ਹੈਰਾਨ ਹੋ ਜਾਂਦੇ ਹਨ। ੪.(ਸ੍ਰਿਸ਼ਟੀ ਭਾਲਦੇ ਭਾਲਦੇ) ਅਚਰਜ (ਹੋ ਗਏ ਬ੍ਰਹਮਾਦਿਕ) ਲੱਖਾਂ ਹੀ ਅਚਰਜ ਹੋ ਰਹੇ ਹਨ, (ਪਰ ਉਹ ਇਸ) ਅਚਰਜ ਰੂਪ (ਸ੍ਰਿਸ਼ਟੀ ਦਾ ਕਰਤਾ ਜੋ) ਅਚਰਜ ਰੂਪ ਰਖਦਾ ਹੈ (ਉਸ ਅਚਰਜਤਾਈ) ਦਾ 'ਚੋਜ ਵਿਡਾਣੀ' ਹੈ (ਬਹੁਤ ਹੀ ਅਚਰਜ ਰੂਪ) ਹੈ। ੫.ਲੱਖਾਂ ਵਿਸਮਾਦੀ (ਅਚਰਜ ਹੋਣ ਵਾਲੇ) ਵਿਸਮਾਦ ਵਿਚ ਹਨ, (ਪਰੰਤੂ ਪਰਮੇਸ਼ੁਰ) ਵਿਸਮਾਦ (ਰੂਪ ਸਭ) ਵਿਸਮਾਦਾਂ ਤੋਂ ਬੀ ਪਰੇ ਹੈ। ੬.'ਅਬਿਗਤ' ਪਰਮਾਤਮਾ ਦੀ ਗਤੀ ਅਤੀ ਅਗੰਮ (ਨਾ ਜਾਣੀ ਜਾਣ ਵਾਲੀ ਦਸ਼ਾ ਵਾਲੀ) ਹੈ, (ਉਸ ਦੀ) ਕਥਾ ਅਕੱਥਨੀਯ ਹੈ, (ਲੋਕ) ਸੁਣੀ ਸੁਣਾਈ ਕਥਾ ਕਰਦੇ ਹਨ। ੭.(ਜੋ ਪਰਵਾਣ=ਮੰਨੇ ਪਰਮੰਨੇ ਹਨ ਉਜੇਹੇ) ਲੱਖਾਂ ਮੱਨਿਆ ਪ੍ਰਮੰਨਿਆਂ ਤੋਂ (ਉਹ) ਮੰਨਿਆਂ ਪ੍ਰਮੰਨਿਆਂ (ਵਾਹਿਗੁਰੂ) ਬਹੁਤ ਪਰੇ ਹੈ।

ਭਾਵ-"**ਓਹ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ**"॥ (ਜਪੁਜੀ)

## ੧੭. (ਵਾਹਿਗੁਰੂ ਪਰੇ ਤੋਂ ਪਰੇ ਹੈ)।

੧. ਅਗਮਹੁ ਅਗਮੁ ਅਗੰਮੁ ਹੈ ਅਗਮੁ ਅਗਮੁ ਅਤਿ ਅਗਮੁ ਸੁਣਾਏ।
੨. ਅਲਖਹੁ ਅਲਖੁ ਅਲਖੁ ਹੈ ਅਲਖੁ ਅਲਖੁ ਲਖ ਅਲਖੁ ਧਿਆਏ।
੩. ਅਪਰੰਪਰੁ ਅਪਰੰਪਰਹੁੰ ਅਪਰੰਪਰੁ ਅਪਰੰਪਰੁ ਭਾਏ।
੪. ਆਗੋਚਰ ਆਗੋਚਰਹੁੰ ਆਗੋਚਰੁ ਆਗੋਚਰਿ ਜਾਏ।
੫. ਪਾਰਬ੍ਰਹਮ ਪੂਰਨ ਬ੍ਰਹਮੁ ਸਾਧ ਸੰਗਤਿ ਆਗਾਧਿ ਅਲਾਏ।
੬. ਗੁਰਮੁਖਿ ਸੁਖ ਫਲੁ ਪਿਰਮਰਸੁ ਭਗਤਿ ਵਛਲੁ ਹੋਇ ਅਛਲ ਛਲਾਏ।

੭. ਵੀਹ ਇਕੀਹ ਚੜ੍ਹਾਉ ਚੜ੍ਹਾਏ ॥੧੭॥

**ਪਦਾਰਥ**-(ਅਗੰਮੁ=ਮਨ ਬਾਣੀ ਥੋਂ ਪਰੇ। ਅਲਖ=ਜੋ ਦ੍ਰਿਸ਼ਟੀ ਦਾ ਵਿਸ਼ਯ ਨਹੀਂ। (ਅਪਰੰਪਰ=ਪਰੇ ਥੋਂ ਪਰੇ। ਅਗੋਚਰੁ=ਇੰਦ੍ਰਿਆਂ ਥੋਂ ਅਵਿਸ਼ਯ। (ਇਕੀਹ=(ਇਕ+ਈਹ=ਇੱਛਾ) ਇਕ ਇੱਛਾ।

**ਅਰਥ**-੧.ਅਗੰਮ (ਸਰੂਪਾਂ ਥੋਂ ਜੋ) ਅਗੰਮ (ਹੋਵੇ) ਉਸ ਤੋਂ ਬੀ (ਵਾਹਿਗੁਰੂ) ਅਗੰਮ ਹੈ (ਤਾਂਤੇ) ਜੋ ਅਗੰਮਾਂ ਤੋਂ ਬੀ ਅਤਿ ਅਗੰਮ ਹਨ, (ਉਹ) ਬੀ (ਵਾਹਿਗੁਰੂ ਨੂੰ) ਅਗੰਮ ਸੁਣਾਉਂਦੇ ਹਨ। ੨.ਅਲਖ (ਸਰੂਪਾਂ ਤੋਂ ਜੋ) ਅਲੱਖ ਹੋਵੇ, (ਉਸ) ਤੋਂ ਬੀ (ਵਾਹਿਗੁਰੂ) ਅਲੱਖ ਹੈ, (ਤਾਂਤੇ ਐਸੇ) ਲੱਖਾਂ ਅਲੱਖ (ਉਸ) ਅਲੱਖ ਨੂੰ 'ਅਲੱਖ' (ਕਹਿਕੇ) ਧਿਆਉਂਦੇ ਹਨ। ੩.ਅਪਰੰਪਰ (ਸਰੂਪਾਂ ਤੋਂ ਜੋ) ਅਪਰੰਪਰ ਹੋਵੇ ਉਸ ਤੋਂ ਬੀ ਵਾਹਿਗੁਰੂ ਅਪਰੰਪਰ ਹੈ (ਜਿਸ ਕਰਕੇ ਅਪੰਰਪਰਾਂ ਦੇ 'ਭਾਏ') ਭਾਣੇ (ਬੀ ਉਹ ਵਾਹਿਗੁਰੂ ਅਤੇ ਹੋਰ) ਅਪਰੰਪਰ ਹੈ। ੪.ਆਗੋਚਰ (ਸਰੂਪਾਂ ਤੋਂ ਜੋ) ਅਗੋਚਰ ਹੋਣ (ਉਸ ਤੋਂ ਬੀ ਵਾਹਿਗੁਰੂ) ਅਗੋਚਰ ਹੈ (ਇਸੇ ਕਰਕੇ) ਅਗੋਚਰਾਂ ਦੇ ('ਜਾਏ') ਜਾਣੇ (ਬੀ ਉਹ ਅਜੇ ਹੋਰ) ਅਗੋਚਰ ਹੈ। ੫.ਪਾਰਬ੍ਰਹਮ ਹੀ ਪੂਰਣ ਬ੍ਰਹਮ ਹੈ, ਸਾਧ ਸੰਗਤ ਵਿਖੇ ਬੇਅੰਤ ਕਥਨ ਕੀਤਾ ਜਾਂਦਾ ਹੈ। ੬.ਗੁਰਮੁਖਾਂ ਪਾਸ ਸੁਖ ਫਲ ਰੂਪ ਪ੍ਰੇਮ ਰਸ ਵਿਦਮਾਨ ਹੈ (ਇਸੇ ਕਾਰਨ) ਅਛਲ (ਪਰਮਾਤਮਾ ਜੋ ਅਛਲਾਂ=ਵਡੇ ਚਲਾਕਾਂ ਕੋਲੋਂ ਬੀ ਨਹੀਂ ਛਲਿਆ ਜਾਂਦਾ; **ਭਾਵ**-ਚਤੁਰਾਈ ਨ ਚਤਰਭੁਜ ਪਾਈਐ) ਓਹ ਭਗਤ ਵਛਲ ਹੋਣ ਕਰਕੇ (ਗੁਰਮੁਖਾਂ ਤੋਂ) ਛਲਾਏ (ਮੋਹਿਆ ਜਾਂਦਾ ਹੈ:- **"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।"** (ਪਾਤ:੧੦)' ੭.(ਵੀਹ ਵਿਸਵੇ) ਇਕ ਦੀ ਇੱਛਾ ਦਾ ਚੜ੍ਹਾਉ ਚੜ੍ਹਿਆ ਹੈ।

**ਭਾਵ**-ਵਾਹਿਗੁਰੂ ਅੰਗਮ ਹੈ, ਪਰ ਪ੍ਰੇਮ ਕਰਨ ਵਾਲੇ ਤੇ ਸੁਤ, ਵਿਤ ਅਤੇ ਲੋਕ ਦੀ ਇੱਛਾ ਤਿਆਗ ਕੇ ਇਕ ਪਰਮਾਤਮਾ ਦੀ ਈਟਾ 'ਇੱਛਾ' ਰਖਣ ਵਾਲੇ ਗੁਰਮੁਖਾਂ ਦੇ ਪ੍ਰੇਮ ਵਿਚ ਪ੍ਰੇਰਤ ਹੋ ਜਾਂਦਾ ਹੈ।

## ੧੮. (ਪਰਮੇਸ਼੍ਵਰ ਦਾ ਲਖਾਉਣਾ)।

੧. ਪਾਰਬ੍ਰਹਮ ਪੂਰਨ ਬ੍ਰਹਮੁ ਨਿਰੰਕਾਰਿ ਆਕਾਰੁ ਬਣਾਇਆ।
੨. ਅਬਿਗਤਿ ਗਤਿ ਅਗਾਧਿ ਬੋਧ ਗੁਰ ਮੂਰਤਿ ਹੁਇ ਅਲਖੁ ਲਖਾਇਆ।
੩. ਸਾਧ ਸੰਗਤਿ ਸਚਖੰਡ ਵਿਚਿ ਭਗਤਿ ਵਛਲ ਹੋਇ ਅਛਲ ਛਲਾਇਆ।
੪. ਚਾਰਿ ਵਰਨਿ ਇਕ ਵਰਨ ਹੁਇ ਆਦਿ ਪੁਰਖੁ ਆਦੇਸੁ ਕਰਾਇਆ।
੫. ਧਿਆਨ ਮੂਲੁ ਦਰਸਨੁ ਗੁਰੂ ਛਿਅ ਦਰਸਨ ਦਰਸਨ ਵਿਚਿ ਆਇਆ।
੬. ਆਪੇ ਆਪਿ ਨ ਆਪੁ ਜਣਾਇਆ ॥੧੮॥

**ਪਦਾਰਥ**-(ਆਕਾਰ=ਸਰੂਪ। ਅਗਾਧ ਬੋਧ=ਡੂੰਘਾ ਗਿਆਨ।

**ਅਰਥ**-੧.ਪਾਰਬ੍ਰਹਮ ਪੂਰਨ ਬ੍ਰਹਮ ਨਿਰਾਕਾਰ ਨੇ (ਇਹ ਸੰਸਾਰ ਦਾ) ਆਕਾਰ ਬਣਾਯਾ ਹੈ। ੨.'ਅਵਗਤਿ ਗਤਿ' ਅਗਾਧ ਬੋਧ, ਅਰ ਅਲਖ ਨੂੰ (ਗੁਰੂ ਨਾਨਕ ਦੀ) ਮੂਰਤੀ ਧਾਰਕੇ ਲਖਾ ਦਿੱਤਾ ਹੈ। ੩.ਸਾਧ ਸੰਗਤ ਦੇ ਸਚਖੰਡ ਵਿਖੇ 'ਅਛਲ' ਨੇ ਭਗਤ ਵਛਲ ਹੋਕੇ (ਆਪ ਨੂੰ) ਛਲਾ ਦਿਤਾ ਹੈ (ਭਾਵ=ਨਿਰਗੁਣ ਨੇ ਸਰਗੁਣ ਕਾਰਜ ਕੀਤੇ, ਭਗਤਾਂ ਨੂੰ ਪਯਾਰ ਕਰਨਾ ਸਰਗੁਣ ਕਾਰਜ ਹੈ, ਇਹੋ ਉਸ ਦਾ ਛਲਿਆ ਜਾਣਾ ਹੈ, ਭਗਤਾਂ ਦੇ ਛਲਣ ਦਾ ਰੂਪ ਇਹ ਹੈ **"ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬੰਧਨਿ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ"** ॥) (ਸੋਰਠ-ਰਵਿ) ੪.(ਗੁਰੂ ਜੀ ਨੇ) ਚਾਰ ਵਰਣਾਂ ਦਾ ਇਕ ਵਰਣ ਕਰਕੇ ਆਦਿ ਪੁਰਖ ਪਰਮਾਤਮਾ ਨੂੰ ਨਮਸਕਾਰ ਕਰਾਈ। ੫.(ਸਾਰੇ)

ਧਿਆਨਾਂ ਦਾ ਮੂਲ ਗੁਰੂ ਦਾ ਦਰਸ਼ਨ ਹੈ, (ਇਸੇ ਲਈ) ਛੀ ਦਰਸ਼ਨ (ਛੀਏ ਮਤ ਗੁਰੂ ਦੇ ਹੀ) ਦਰਸ਼ਨ ਵਿਖੇ ਆ ਜਾਂਦੇ ਹਨ। ੬.ਆਪਣਾ ਆਪ (ਹੀ ਸਾਰੇ) ਹੋਏ, (ਫੇਰ ਆਪਣਾ) ਆਪ ਨਹੀਂ ਜਣਾਇਆ।

**ਭਾਵ**-ਵਾਹਿਗੁਰੂ ਅਲਖ ਨੇ ਗੁਰੂ ਨੂੰ ਭੇਜਕੇ ਉਸ ਨੂੰ ਅਨੁਭਵ ਦੁਆਰਾ ਆਪਣੇ ਗਯਾਨ ਵਿਚ ਰੱਖਕੇ ਉਸ ਤੋਂ ਆਪਣਾ ਰੂਪ ਲਖਾਯਾ, ਸਾਧ ਸੰਗਤ ਦਾ ਸੰਸਾਰ ਵਿਚ ਸਚਖੰਡ ਬਣਾਇਆ, ਅਰ ਪ੍ਰੇਮਾ ਭਗਤੀ ਦੀ ਰਹੁਰੀਤਿ ਤੋਰੀ, ਜਾਤ ਹੰਕਾਰ ਉਡਾਕੇ ਗੁਰੂ ਦਾ ਧਿਆਨ ਮੁੱਖ ਸਾਧਨ ਦੱਸਕੇ ਆਪਣਾ ਆਪ ਪ੍ਰੇਮ ਦੀ ਸਿਧੀ ਹੋਣ ਪਰ ਭਗਤਾਂ ਦੇ ਵੱਸ ਕਰਕੇ ਮਿਲਾਪ ਕਰਾ ਦਿੱਤਾ, ਇਸ ਤਰ੍ਹਾਂ ਪ੍ਰਗਟ ਹੋ ਕੇ ਵੀ ਅਲਿਪਤ ਰਹੇ।

## ੧੯. (ਗੁਰੂ ਦੀ ਸ਼ਰਣ)।

੧. ਚਰਣ ਕਵਲ ਸਰਣਾਗਤੀ ਸਾਧ ਸੰਗਤਿ ਮਿਲਿ ਗੁਰ ਸਿਖ ਆਏ।
੨. ਅੰਮ੍ਰਿਤ ਦਿਸਟਿ ਨਿਹਾਲੁ ਕਰਿ ਦਿਬ ਦ੍ਰਿਸਟਿ ਦੇ ਪੈਰੀ ਪਾਏ।
੩. ਚਰਣ ਰੇਣੁ ਮਸਤਕਿ ਤਿਲਕ ਭਰਮ ਕਰਮ ਦਾ ਲੇਖੁ ਮਿਟਾਏ।
੪. ਚਰਣੋਦਕ ਲੈ ਆਚਮਨੁ ਹਉਮੈ ਦੁਬਿਧਾ ਰੋਗੁ ਗਵਾਏ।
੫. ਪੈਰੀਂ ਪੈ ਪਾਖਾਕੁ ਹੋਇ ਜੀਵਨ ਮੁਕਤਿ ਸਹਜ ਘਰਿ ਆਏ
੬. ਚਰਣ ਕਵਲ ਵਿਚਿ ਭਵਰ ਹੋਇ ਸੁਖ ਸੰਪਟ ਮਕਰੰਦ ਲੁਭਾਏ।
੭. ਪੂਜ ਮੂਲ ਸਤਿਗੁਰੁ ਚਰਣ ਦੁਤੀਆ ਨਾਸਤਿ ਲਵੈ ਨ ਲਾਏ।
੮. ਗੁਰਮੁਖਿ ਸੁਖ ਫਲੁ ਗੁਰ ਸਰਣਾਏ॥੧੯॥

**ਪਦਾਰਥ**-(ਸਰਣਾਗਤੀ=ਸ਼ਰਣ ਪ੍ਰਾਪਤ ਹੋਣਾ। ਨਿਹਾਲੁ=ਪ੍ਰਸੰਨ। ਰੇਣੁ=ਧੂੜੀ। (ਚਰਣੋਦਕ=ਚਰਣਾਮ੍ਰਿਤ। ਆਚਮਨੁ=ਪੀਣਾ। ਸੁਖ ਸੰਪਟ=ਸੁਖਾਂ ਦਾ ਡੱਬਾ। (ਲਵੈ=ਬਰਾਬਰ।

**ਅਰਥ**- ੧.ਗੁਰੂ ਦੇ ਸਿਖ ਸਾਧ ਸੰਗਤ ਨਾਲ ਮਿਲਕੇ ਗੁਰੂ ਦੇ ਚਰਣ ਕਵਲਾਂ ਦੀ ਸ਼ਰਨ ਲੈਣ ਆਏ ਹਨ। ੨.(ਗੁਰੂ ਜੀ ਨੇ) ਅੰਮ੍ਰਿਤ ਦੀ ਦ੍ਰਿਸ਼ਟ ਨਾਲ (ਨਿਹਾਲ) ਪ੍ਰਸੰਨ ਕਰਕੇ ਗਿਆਨ ਦ੍ਰਿਸ਼ਟੀ ਦੇ ਕੇ ਪੈਰੀਂ ਪਾਏ (ਨਿੰਮ੍ਰੀ ਭੂਤ ਕਰ ਦਿੱਤੇ) ੩.ਚਰਣਾਂ ਦੀ ਧੂੜੀ ਮੱਥੇ ਦਾ ਤਿਲਕ ਬਣਕੇ ਭਰਮ ਕਰਮ ਦੀ ਲਿਖਤ ਮਿਟਾ ਦਿੰਦੀ ਹੈ, (ਜਿਹਾ ਕੁ "**ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ॥**" (ਧਨਾ: ਕਬੀਰ-੫) ਅਰਥ :-ਨਿਖਿਧ ਕਰਮਾਂ ਦਾ ਭਰੋਸਾ ਛੱਡਕੇ ਇਕ ਵਾਹਿਗੁਰੂ ਦੇ ਨਾਮ ਪੁਰ ਹੀ ਮੁਕਤੀ ਦਾ ਭਰੋਸਾ ਰਖ)। ੪.ਗੁਰੂ ਦੇ ਚਰਣਾਮ੍ਰਿਤ ਦਾ ਆਚਰਨ ਲੈ, (ਏਹ) ਹਉਮੈ ਅਤੇ ਦੁਬਿਧਾ ਦੇ ਰੋਗ ਗਵਾ ਦਿਊ। ੫.(ਸੋ ਐਉਂ ਗੁਰੂ ਦੇ) ਗੁਰੂ ਦੀ ਪੈਰੀਂ ਡਿੱਗਕੇ ਪੈਰਾਂ ਦੀ ਧੂੜ ਹੋਕੇ ਜੀਵਨ ਮੁਕਤੀ ਦੇ ('ਸਹਜ ਘਰ') ਅਨੰਦ ਘਰ ਵਿਖੇ ਆ ਗਏ। ੬.ਫੇਰ ਚਰਨ ਕਵਲਾਂ ਦੇ ਭੌਰੇ ਹੋਕੇ ਮਕਰੰਦ (ਰਸ ਰੂਪੀ) ਪ੍ਰੇਮ ਰਸ ਦੇ ਸੁਖਾਂ ਦੇ ਡੱਬੇ ਵਿਚ ਲੁਭਾਇਮਾਨ ਹੋ ਗਏ। ੭.ਪੂਜਾ ਦਾ ਮੂਲ ਸਤਿਗੁਰੂ ਦੇ ਚਰਣ (ਹੀ) ਸਮਝੇ (ਜਿਨ੍ਹਾਂ ਨੂੰ ਸੇਵਿਆਂ) ਦੂਜਾ ਭੈ ਨਾਸ਼ ਹੋ ਗਿਆ (ਇਸ ਕਰਕੇ ਇਨ੍ਹਾਂ ਦੇ) ਲਵੇ ਕਿਸੇ ਹੋਰ ਨੂੰ ਨਾ ਲਾਇਆ। ੮.ਗੁਰਮੁਖਾਂ ਨੂੰ ਗੁਰੂ ਦੀ ਸ਼ਰਣ ਆਉਣਾ ਹੀ ਸੁਖਾਂ ਰੂਪੀ ਫਲ (ਦੇਂਦਾ ਹੈ)।

**ਭਾਵ**-"**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**" (ਬਿਹਾ: ਮ:੫) ਇਸ ਲਈ ਗੁਰੂ ਦੀ ਸ਼ਰਣ ਹੀ ਸੁਖਾਂ ਦਾ ਮੂਲ ਜਾਣਦੇ ਹਨ। "**ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥ ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲੁ॥**" (ਸਿਰੀ: ਮ:੫ ਡਖਣਾ-੩) ਅਰਥ-ਜਿਨ੍ਹਾਂ ਨੇ ਸੰਤਾਂ ਦੀ ਚਰਣ ਰੇਣੁ ਵਿਖੇ ਮੱਜਨ ਕੀਤਾ, ਭਾਵ ਮਸਤਕ ਪਰ ਧਾਰਣ ਕਰੀ ਹੈ, ਉਨ੍ਹਾ ਨੂੰ ਸਭ ਧਰਮਾਦਿ ਪਦਾਰਥ ਅਰ ਹਰੀ ਨਾਮ ਧਨ

ਦਾ ਮਾਨ ਪ੍ਰਾਪਤ ਹੁੰਦਾ ਹੈ।

## ੨੦. (ਗੁਰ ਵਿਸ਼ੇਖਤਾ ਵਰਣਨ)!

੧. ਸਾਸਤਰ ਸਿੰਮ੍ਰਿਤਿ ਵੇਦ ਲਖ ਮਹਾਂਭਾਰਥ ਰਾਮਾਇਣ ਮੇਲੇ।
੨. ਸਾਰਗੀਤਾ ਲਖ ਭਾਗਵਤ ਜੋਤਕ ਵੈਦ ਚਲੰਤੀ ਖੇਲੇ।
੩. ਚਉਦਹ ਵਿਦਿਆ ਸਾਅੰਗੀਤ ਬ੍ਰਹਮੇ ਮਹੇਸੁਰ ਭੇਲੇ।
੪. ਸਨਕਾਦਿਕ ਲਖ ਨਾਰਦਾ ਸੁਕ ਬਿਆਸ ਲਖ ਸੇਖ ਨਵੇਲੇ।
੫. ਗਿਆਨ ਧਿਆਨ ਸਿਮਰਣ ਘਣੇ ਦਰਸਨ ਵਰਨ ਗੁਰੂ ਬਹੁ ਚੇਲੇ।
੬. ਪੂਰਾ ਸਤਿਗੁਰ ਗੁਰਾਂ ਗੁਰੁ ਮੰਤ੍ਰ ਮੂਲ ਗੁਰ ਬਚਨ ਸੁਹੇਲੇ।
੭. ਅਕਥ ਕਥਾ ਗੁਰੁ ਸਬਦੁ ਹੈ ਨੇਤਿ ਨੇਤਿ ਨਮੋ ਨਮੋ ਕੇਲੇ।
੮. ਗੁਰਮੁਖਿ ਸੁਖ ਫਲੁ ਅੰਮ੍ਰਿਤ ਵੇਲੇ ॥੨੦॥

**ਪਦਾਰਥ**-(ਜੋਤਕ=ਜੋਤਸ਼ ਸ਼ਾਸਤ੍ਰ। ਸਾਅੰਗੀਤ=ਰਾਗ ਵੇਤਾ, ਗਾਇਤ੍ਰੀ ਪਾਠਕ। (ਭੇਲੇ=ਕੱਠੇ ਕਰੀਏ। ਲਖ ਸੇਖ ਨਵੇਲੇ =ਲੱਖਾਂ ਸ਼ੇਖ ਨਾਗ ਨਵੀਨ ਜਾਂ (ਸ਼ੇਖ ਅਰ ਨਬੀ ਲੋਕ। ਕੇਲੇ=ਅਨੰਦ ਰੂਪ।

**ਅਰਥ**-੧.ਲੱਖਾਂ ਸ਼ਾਸਤ੍ਰਾਂ ਦੇ (ਪਾਠੀ) ਸਿੰਮ੍ਰਿਤੀਆਂ, ਵੇਦਾਂ, ਮਹਾਂਭਾਰਤ, ਰਾਮਾਇਣ ਦੇ (ਪਾਠਕਾਂ ਦੇ) ਸਮੂਹ। ੨.ਸਾਰਗੀਤਾ, ਭਾਗਵਤ (ਦੇ ਪਾਠੀ), ਜੋਤਸ਼ ਪਾਠੀ, ਹਕੀਮ ('ਚਲੰਤੀ ਖੇਲ' ਕਹੀਏ) ਚਲਿੱਤ੍ਰ ਖੇਲਣੁਹਾਰ (ਨਟ ਲੋਕ)। ੩.ਚੌਦਾਂ ਵਿੱਦਯਾ, ('ਸਾਅੰਗੀਤ' ਕਹੀਏ) ਗਾਇਤ੍ਰੀ (ਜੋ ਸੰਧਯਾ ਕਾਲ ਪੜ੍ਹੀ ਜਾਂਦੀ ਹੈ ਦੇ ਪਾਠੀ ਅਥਵਾ ਕਲੌਂਤ ਲੋਕ) ਸੰਗੀਤ ਵੇਤਾ, (ਲੱਖਾਂ) ਬ੍ਰਹਮਾਂ ਬਿਸ਼ਨ ਸ਼ਿਵ ਕੱਠੇ ਕਰੀਏ। ੪.ਲਖਾਂ ਸਨਕਾਦਿਕ ਰਿਖੀ, ਨਾਰਦ, ਸੁਕਦੇਵ, ਬਿਆਸ, ਲੱਖਾਂ ਸ਼ੇਸ਼ਨਾਗ ਨਵੀਨ (ਜਾਂ ਸ਼ੇਖ ਤੇ ਨਬੀ)। ੫.(ਲੱਖਾਂ) ਗਿਆਨੀ, (ਲੱਖਾਂ) ਧਿਆਨੀ, (ਲੱਖਾਂ) ਸਿਮਰਨ ਕਰਨ ਹਾਰੇ, ਲਖਾਂ ਦਰਸ਼ਨ (ਮਤਾਂ), ਲੱਖਾਂ ਵਰਣਾਂ ਦੇ ਬਹੁਤੇ ਗੁਰੂ ਤੇ ਚੇਲੇ (ਤਾਂ ਸੰਸਾਰ ਵਿਚ) ਹਨ। ੬.(ਪਰ ਏਹ ਸਭ ਅਧੂਰੇ ਹਨ) ਪੂਰਾ ਸਤਿਗੁਰੂ (ਗੁਰੂ ਨਾਨਕ ਹੀ) ਗੁਰੂਆਂ ਦਾ ਗੁਰੂ ਹੈ (ਅਰ ਉਹਨਾਂ) ਸਤਿਗੁਰਾਂ ਦਾ ਬਚਨ ਹੀ ਸਾਰੇ ਮੰਤਰਾਂ ਦਾ ਮੂਲ ਹੈ, (ਗੁਰੂ ਦੀ ਬਾਣੀ ਹੀ ਮੰਤ੍ਰ ਰੂਪ ਹੈ)। ੭.ਗੁਰੂ ਦੇ ਸ਼ਬਦ ਦੀ ਅਕੱਥ ਕਥਾ ਹੈ (ਜੋ ਕਥਨ ਵਿਖੇ ਨਹੀਂ ਆ ਸਕਦੀ ਇਸ ਲਈ) ਨੇਤਿ ਨੇਤਿ (ਇਹ ਨਹੀਂ ਇਸ ਤੋਂ ਅੱਗੇ ਹੋਰ ਬੀ ਹੈ) ਕਹੀਏ, (ਅਤੇ) ਨਮਸਕਾਰ ਨਮਸਕਾਰ (ਕਹਿਣ ਤੇ ਕਰਨ ਵਿਚ) ਆਨੰਦ ਲਈਏ (ਭਾਵ-ਅੰਤ ਲਿਆਂ ਪੂਰੀ ਨਹੀਂ ਪੈਣੀ)। ੮.ਗੁਰਮੁਖਾਂ ਪਾਸ ਹੀ ਸੁਖ ਫਲ ਹੈ (ਜੋ) ਅੰਮ੍ਰਿਤ ਵੇਲੇ (ਵੰਡੀਦਾ ਹੈ)।

**ਭਾਵ**-ਅੰਮ੍ਰਿਤ ਵੇਲੇ ਸਾਧ ਸੰਗ ਕਰੋ, ਅਰ ਇਕ ਗੁਰੂ ਦੀ ਸ਼ਰਨ ਲਓ, ਹੋਰ ਜਿੰਨੇ ਨਾਮ ਇਹ ਪੌੜੀ ਦੀਆਂ ਤੁਕਾਂ ਵਿਚ ਕਹੇ ਹਨ ਕਿਸੇ ਦੀ ਆਸ ਨਾ ਤਕਾਓ, ਕਿਉਂਕਿ ਹਉਮੈ ਰੋਗ ਕਿਸੇ ਨਹੀਂ ਕੱਟਣਾ, ਓਹ ਆਪ ਸਾਰੇ ਹਉਮੈ ਵਿਚ ਗ੍ਰਸਤ ਹਨ।

## ੨੧. (ਗੁਰੂ ਤੁੱਲ ਕੁਛ ਨਹੀਂ ਹੈ)!

੧. ਚਾਰ ਪਦਾਰਥ ਆਖੀਅਨਿ ਲਖ ਪਦਾਰਥ ਹੁਕਮੀ ਬੰਦੇ।
੨. ਰਿਧਿ ਸਿਧਿ ਨਿਧਿ ਲਖ ਸੇਵਕੀ ਕਾਮਧੇਣੁ ਲਖ ਵਗ ਚਰੰਦੇ।
੩. ਲਖ ਪਾਰਸ ਪਥਰੋਲੀਆ ਪਾਰਜਾਤ ਲਖ ਬਾਗ ਫਲੰਦੇ।
੪. ਚਿਤਵਣ ਲਖ ਚਿੰਤਾਮਣੀ ਲਖ ਰਸਾਇਣ ਕਰਦੇ ਛੰਦੇ।

੫. ਲਖ ਰਤਨ ਰਤਨਾਗਰਾਂ ਸਭ ਨਿਧਾਨ ਸਭ ਫਲ ਸਿਮਰੰਦੇ।
੬. ਲਖ ਭਗਤੀ ਲਖ ਭਗਤ ਹੋਇ ਕਰਾਮਾਤ ਪਰਚੈ ਪਰਚੰਦੇ।
੭. ਸ਼ਬਦ ਸੁਰਤਿ ਲਿਵ ਸਾਧੁ ਸੰਗੁ ਪਿਰਮ ਪਿਆਲਾ ਅਜਰੁ ਜਰੰਦੇ।
੮. ਗੁਰ ਕਿਰਪਾ ਸਤਸੰਗ ਮਿਲੰਦੇ ॥੨੧॥੧੬॥

**ਪਦਾਰਥ**-(ਬੰਦੇ=ਦਾਸ। ਵਗ=ਗਊਆਂ ਦਾ ਸਮੂਹ।ਪਥਰੋਲੀਆ=ਪੱਥਰਾਂ ਦੀਆਂ ਗੀਟੀਆਂ।
(ਚਿਤਵਣ=ਕ੍ਰਿਪਾ ਦ੍ਰਿਸ਼ਟੀ। ਛੰਦੇ=ਉਸਤੁਤੀ। ਰਤਨਾਗਰਾਂ=ਸਮੁੰਦ੍ਰ।
(ਪਰਚੈ=ਪ੍ਰੇਮ। ਪਰਚੰਦੇ=ਪਰਚਦੇ ਹਨ।

**ਅਰਥ**-੧.ਚਾਰ ਪਦਾਰਥ (ਧਰਮ, ਅਰਥ, ਕਾਮ ਅਤੇ ਮੋਖ) ਕਹੀਦੇ ਹਨ, ਅਰ ਹੋਰ ਲੱਖਾਂ ਪਦਾਰਥ (ਗੁਰੂ ਜੀ ਦੇ) ਹੁਕਮੀ ਬੰਦੇ ਹਨ। ੨.ਰਿੱਧੀਆਂ, ਸਿੱਧੀਆਂ, ਨਿਧੀਆਂ, ਲੱਖਾਂ ਹੀ ਟਹਿਲਣਾਂ ਹਨ, ਕਾਮਧੇਨੁ ਗਊਆਂ ਦੇ ਲਖਾਂ ਵੱਗ ਚਰਦੇ ਹਨ। ੩.ਲੱਖਾਂ ਪਾਰਸ ਦੀਆਂ ਗੀਟੀਆਂ (ਰੁਲਦੀਆਂ ਹਨ), ਲੱਖਾਂ ਕਲਪ ਬ੍ਰਿਛ ਦੇ ਬਾਗ ਫਲੇ ਹੋਏ ਹਨ। ੪.(ਗੁਰੂ ਜੀ ਦੀ) ਕ੍ਰਿਪਾ ਦ੍ਰਿਸ਼ਟੀ ਵਿਖੇ ਲੱਖਾਂ ਚਿੰਤਾਮਣੀਆਂ ਹਨ, ਲੱਖਾਂ ਰਸਾਇਣਾਂ ਛੰਦੇ ਕਰਦੀਆਂ (ਭਾਵ ਗੁਰੂ ਜੀ ਪੁਰ ਬਲਿਹਾਰ ਹੁੰਦੀਆਂ) ਹਨ। ੫.ਲੱਖਾਂ ਰਤਨ, ਲਖਾਂ ਸਮੁੰਦਰ ਤੇ ਸਾਰੇ ਨਿਧਾਨ ਤੇ ਸਾਰੇ (ਕਰਮਾਂ-ਸਾਧਨਾਂ ਦੇ) ਫਲ ਗੁਰੂ ਜੀ ਨੂੰ ਸਿਮਰਦੇ ਹਨ। ੬.ਲੱਖਾਂ ਭਗਤ ਜੋ ਕਰਾਮਾਤ ਪਰਚੇ ਵਿਚ ਪਰਚਦੇ ਸਨ (ਗੁਰੂ ਦੀ ਮਹਿਮਾ) ਲਖਕੇ (ਗੁਰੂ ਦੇ) ਭਗਤ ਹੋ ਗਏ। ੭.ਗੁਰੂ ਦੇ ਸਿਖ ਸ਼ਬਦ ਸੁਰਤ ਦੀ ਲਿਵ ਲਾਕੇ ਪ੍ਰੇਮ ਦੇ ਅਜਰ ਪਿਆਲੇ ਨੂੰ ਜਰ ਜਾਂਦੇ ਹਨ, (ਭਾਵ ਪੀਕੇ ਪਾਟ ਨਹੀਂ ਨਿਕਲਦੇ, ਜਰੇ ਹੀ ਰਹਿੰਦੇ ਹਨ)। ੮.ਗੁਰੂ ਦੀ ਕ੍ਰਿਪਾ ਨਾਲ ਅਜਿਹੇ ਸਤਿਸੰਗੀ ਮਿਲਦੇ ਹਨ, (ਜਾਂ ਗੁਰੂ ਸਤਿਸੰਗ ਦੀ ਕਿਰਪਾ ਨਾਲ ਮਿਲਦੇ ਹਨ)।

**ਭਾਵ**-ਸ੍ਰੀ ਗੁਰੂ ਜੀ ਦੀ ਮਹਿਮਾ ਦਾ ਕਥਨ ਕਰਕੇ ਭਾਈ ਸਾਹਿਬ ਜੀ ੧੬ ਵੀਂ ਵਾਰ ਸਮਾਪਤ ਕਰਦੇ ਹਨ।

# ਵਾਰ ੧੭.

ੴ ਸਤਿਗੁਰ ਪ੍ਰਸਾਦਿ ॥

## ੧. (ਸੰਖ ਤੋਂ ਉਪਦੇਸ਼-ਕਰਨੀ ਹੀਨ)।

੧. ਸਾਗਰੁ ਅਗਮ ਅਥਾਹੁ ਮਥਿ ਚਉਦਹ ਰਤਨ ਅਮੋਲ ਕਢਾਏ।
੨. ਸਸੀਅਰੁ ਸਾਰੰਗ ਧਨਖੁ ਮਦੁ ਕਉਸਤਕ ਲਛ ਧਨੰਤਰ ਪਾਏ।
੩. ਆਰੰਭਾ ਕਾਮਧੇਣੁ ਲੈ ਪਾਰਿਜਾਤੁ ਅਸ੍ਵ ਅਮਿਉ ਪੀਆਏ।
੪. ਐਰਾਪਤਿ ਗਜ ਸੰਖੁ ਬਿਖੁ ਦੇਵ ਦਾਨਵ ਮਿਲਿ ਵੰਡਿ ਦਿਵਾਏ।
੫. ਮਾਣਕ ਮੋਤੀ ਹੀਰਿਆਂ ਬਹੁਮੁਲੇ ਸਭੁ ਕੋ ਵਰੁਸਾਏ।
੬. ਸੰਖ ਸਮੁੰਦ੍ਰਹੁੰ ਸਖਣਾ ਧਾਹਾ ਦੇ ਦੇ ਰੋਇ ਸੁਣਾਏ।
੭. ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸੁ ਨ ਰਿਦੈ ਵਸਾਏ।
੮. ਨਿਹਫਲ ਅਹਿਲਾ ਜਨਮੁ ਗਵਾਏ ॥੧॥

**ਪਦਾਰਥ**-(ਮਥਿ=ਰਿੜਕਵਾਕੇ। ਕਢਾਏ=ਕਢਵਾਏ। ਸੀਸਅਰੁ=ਚੰਦ੍ਰਮਾ। ਮਦੁ=ਸ਼ਰਾਬ।
(ਕਉਸਤਕ=ਕਉਸਤਕ ਮਣੀ। ਲਛ=ਲਛਮੀ। ਪਾਰਿਜਾਤੁ=ਕਲਪ ਬ੍ਰਿਛ।
(ਅਸੁ=ਉਚਸ਼੍ਰੇਵਾ ਨਾਮੇ ਸੂਰਜ ਦਾ ਘੋੜਾ। ਅਰਾਪਿਤ ਗਜ=ਇੰਦ੍ਰ ਦਾ ਹਾਥੀ।
(ਨਿਹਫਲ=ਬ੍ਰਿਥਾ। ਅਹਿਲਾ=ਸੁੰਦਰ।

**ਅਰਥ**-੧.ਅਗਮ ਅਤੇ ਅਥਾਹ ਸਾਗਰ ਨੂੰ ਰਿੜਕਵਾਕੇ ਚੌਦਹ ਰਤਨ ਅਮੋਲਕ (ਦੇਵਤੇ ਅਤੇ ਦਾਨਵਾਂ ਪਾਸੋਂ) ਕਢਵਾਏ। ੨.ਚੰਦ੍ਰਮਾ, ਸਾਰੰਗ ਨਾਮਾ ਧਨੁਖ, ਸ਼ਰਾਬ, ਕੌਸਤਕ ਮਣੀ, ਲੱਛਮੀ, ਧਨੰਤਰ ਨਾਮਾ ਵੈਦ। ੩.ਆਰੰਭਾ (ਨਾਮੇ ਅਪੱਛਰਾਂ ਜੋ ਇੰਦ੍ਰ ਦੀ ਸਭਾ ਵਿਖੇ ਗਾਇਨ ਕਰਦੀ ਕਹੀ ਗਈ ਹੈ) ਕਾਮਧੇਨ ਗਊ, ਪਾਰਜਾਤ ਨਾਮੇ ਕਲਪ ਬ੍ਰਿੱਛ, ਉਚੀਸ਼੍ਰਵਾ (ਸੂਰਜ) ਦਾ ਘੋੜਾ, ਅੰਮ੍ਰਿਤ (ਜੋ ਦੇਵਤਿਆਂ ਨੂੰ ਮੋਹਨੀ ਰੂਪ ਕਰਕੇ)ਪਿਲਾ ਦਿੱਤਾ ਸੀ, ੪.ਹਾਥੀ, (ਗਾਂਡੀਵ ਨਾਮੇ) ਸੰਖ, (ਕਾਲਕੂਟ ਨਾਮੇ) ਬਿਖ, ਦੇਵਤਿਆਂ ਅਰ ਦਾਨਵਾਂ ਦੀ (ਸਭਾ ਲਗਵਾ ਮੋਹਨੀ ਰੂਪ ਧਾਰ ਜਥਾ ਜੋਗ ਉਕਤ ਚੌਦਾਂ ਰਤਨਾਂ ਦੀ) ਵੰਡ ਕਰ ਦਿੱਤੀ। ੫.(ਹੋਰ ਬੀ) ਮਾਣਕ, ਮੋਤੀ, ਹੀਰੇ, ਵੱਡੇ ਮੁੱਲ ਵਾਲੇ ਹਨ ਅਰ ਸਾਰੇ ਲੋਕ ਵਰੁਸਾਉਂਦੇ (ਭਾਵ ਲਾਭ ਪਾਉਂਦੇ) ਹਨ। ੬.ਪਰੰਤੂ ਸੰਖ ਸਮੁੰਦਰ ਦੇ ਵਿਚ ਰਹਿਕੇ ਫੇਰ ਖਾਲੀ ਨਿਕਲਿਆ ਹੈ, ਇਸੇ ਲਈ ਧਾਹਾਂ ਮਾਰ ਮਾਰ (ਲੋਕਾਂ ਨੂੰ ਦੱਸਦਾ ਹੈ)। ੭.(ਤਿਵੇਂ ਜੋ) ਸਾਧ ਸੰਗਤ (ਰੂਪੀ ਸਮੁੰਦਰ) ਵਿਖੇ ਰਹਿਕੇ ਗੁਰੂ ਦਾ ਸ਼ਬਦ ਸੁਣਦਾ ਹੈ (ਪਰ) ਗੁਰੂ ਦੇ ਸ਼ਬਦ (ਦੀ ਕਮਾਈ ਨਹੀਂ ਕਰਦਾ, ਉਹਨੂੰ) ਰਿਦੇ ਵਿਚ ਨਹੀਂ ਵਸਾਉਂਦਾ। ੮.ਉਹ ਸੁੰਦਰ (ਮਨੁੱਖਾ) ਜਨਮ ਐਵੇਂ ਗੁਆ ਬੈਠਦਾ ਹੈ।

**ਭਾਵਾਰਥ**-ਇਸੇ ਪੁਰ ਕਬੀਰ ਜੀ ਲਿਖਦੇ ਹਨ, "**ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥ ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥**" (ਸ: ਕਬੀਰ-੧੨੬) ਅਨਜੋਕਤੀ ਅਲੰਕਾਰ ਦੁਆਰਾ ਕਬੀਰ ਜੀ ਮਨਮੁਖ ਨੂੰ ਸੰਖ ਦੇ ਦ੍ਰਿਸ਼ਟਾਂਤ ਦੁਆਰਾ ਉਪਦੇਸ਼ ਕਰਦੇ ਹਨ : ਹੇ ਸੰਖ ! (ਰੈਨਾਇਰ) ਸਮੁੰਦਰ ਵਿਖੇ ਹੀ ਰਹੁ, ਭਾਵ ਗੁਰੂ ਦੇ ਸ਼ਬਦ ਦੀ ਧਾਰਣਾਂ ਥੋਂ ਖਾਲੀ ਨਾ ਰਹੁ, ਨਹੀਂ ਤਾਂ ਸੂਰਜ ਚੜੇ ਹਰੇਕ ਦੁਆਰਿਆਂ ਵਿਖੇ ਪਿਆ ਧਾਹਾਂ ਮਾਰੇਂਗਾ ਅਰਥਾਤ ਚੌਰਾਸੀ ਵਿਚ ਫਿਰਕੇ ਪਛੋਤਾਪ ਕਰੇਂਗਾ।

ਇਹ ਲੋਕ ਪ੍ਰਸਿੱਧ ਕਥਾ ਹੈ ਕਿ ੧੪ ਰਤਨ ਸਮੁੰਦਰ ਵਿਚੋਂ ਕੱਢੇ ਸੇ। ਭਾਈ ਸਾਹਿਬ ਜੀ ਆਪਣਾ ਉਪਦੇਸ਼ ਇਸ ਤੋਂ ਬੀ ਲੈਣ ਲਈ ਆਖਦੇ ਹਨ ਕਿ ਹੋਰ ਬੀ ਰਤਨ ਇਥੋਂ ਨਿਕਲੇ ਸੇ ਪਰ ਸੰਖ ਖਾਲੀ ਆਇਆ ਸੋ ਰੋਂਦਾ ਫਿਰਦਾ ਹੈ। ਤਿਵੇਂ ਸਤਿਸੰਗ ਨੂੰ ਸਰੋਵਰ ਜਾਣੋਂ, ਸਾਰੇ ਰਤਨ ਏਸ ਵਿਚ ਹਨ ਪਰ ਕਰਨੀ ਹੀਨ ਬਾਣੀ ਦੇ ਸੂਰੇ ਜਗਜਾਸੂ ਸੰਖ ਵਤ ਖਾਲੀ ਨਿਕਲਦੇ ਹਨ। ਸਤਸੰਗ ਦੇ ਚੌਦਾਂ ਰਤਨ ਏਹ ਗਿਣੇ ਹਨ:- ਸ਼ਾਂਤੀ, ਧਰਮ ਪ੍ਰੇਮ, ਭਗਤੀ, ਸੀਲਤਾਈ, ਸ਼ਾਸਤ੍ਰ, ਵਿਦਯਾ, ਖਿਮਾ, ਅਭਯਾਸ, ਯੋਗ, ਨਾਮ, ਸਤਿਸੰਗ, ਮਹਾਵਾਕ, ਪਰਵਿਰਤੀ। ਏਹ ਅੰਤ੍ਰੀਵ ਰਤਨ ਹਨ।

## ੨. (ਡੱਡੂ ਤੋਂ ਉਪਦੇਸ਼-ਮਨਮੁਖ)।

੧. ਨਿਰਮਲੁ ਨੀਰੁ ਸੁਹਾਵਣਾ ਸੁਭਰ ਸਰਵਰਿ ਕਵਲ ਫੁਲੰਦੇ।
੨. ਰੂਪ ਅਨੂਪ ਸਰੂਪ ਅਤਿ ਗੰਧ ਸੁਗੰਧ ਹੋਇ ਮਹਿਕੰਦੇ।
੩. ਭਵਰਾਂ ਵਾਸਾ ਵੰਝ ਵਣਿ ਖੋਜਹਿ ਏਕੋ ਖੋਜਿ ਲਹੰਦੇ।
੪. ਲੋਭ ਲੁਭਤਿ ਮਕਰੰਦ ਰਸਿ ਦੂਰਿ ਦਿਸੰਤਰਿ ਆਇ ਮਿਲੰਦ।
੫. ਸੂਰਜੁ ਗਗਨਿ ਉਦੋਤ ਹੋਇ ਸਰਵਰ ਕਵਲ ਧਿਆਨੁ ਧਰੰਦੇ।
੬. ਡੱਡੂ ਚਿਕੜਿ ਵਾਸੁ ਹੈ ਕਵਲ ਸਿਵਾਣਿ ਨ ਮਾਣਿ ਸਕੰਦੇ।
੭. ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸ਼ ਰਹਤ ਨ ਰਹੰਦੇ।

੮. ਮਸਤਕਿ ਭਾਗ ਜਿਨ੍ਹਾਂ ਦੇ ਮੰਦੇ ॥੨॥

**ਪਦਾਰਥ**-(ਸੁਭਰ=ਲਬਾਲਬ। ਮਹਿਕੰਦੇ=ਮਹਿਕ ਰਹੇ ਹਨ।
(ਨ ਮਾਣ ਸਕੰਦੇ=ਨਹੀਂ ਮਾਣ ਸਕਦੇ, ਭਾਵ ਸੁਗੰਧੀ ਨਹੀਂ ਮਾਣਦੇ

**ਅਰਥ**-੧.ਪਾਣੀ ਸੁਹਣਾ ਅਤੇ ਨਿਰਮਲ ਹੈ ਲਬਾਲਬ ਤਲਾਉ ਵਿਖੇ ਕਮਲ ਪ੍ਰਫੁੱਲਤ ਹਨ। ੨.ਰੂਪ (ਅਨੂਪਮ) ਸੁੰਦਰ ਹੈ, ਸਰੂਪ ਡਾਢਾ ਹੈ, (ਹੋਰਾਂ) ਗੰਧਾਂ (ਨਾਲੋਂ) ਸੁਗੰਧੀ (ਬੀ ਅਤਿ ਸੂਖਮ ਤੇ ਨਿਰਾਲੀ) ਮਹਿਕ ਰਖਦੀ ਹੈ। ੩.ਭੌਰੇ ਬੀ ਬਣਾਂ ਵਿਖੇ ਵਾਸ ਕਰਕੇ ਖੋਜਦੇ ਹੋਏ ਇਕ (ਕਮਲ) ਦਾ ਖੋਜ ਲੱਭ ਲੈਂਦੇ ਹਨ। ੪.(ਕਮਲ ਦੀ) ਮਕਰੰਦ ਰਸ ਦੇ ਲੋਭ ਵਿਖੇ (ਮਨ) ਲੋਭਾਇਮਾਨ ਹੈ (ਇਸ ਲਈ) ਦੂਰ ਦੇਸ਼ਾਂਤ੍ਰਾਂ ਤੋਂ ਆ ਮਿਲਦੇ ਹਨ। ੫.(ਕਵਲਾਂ ਦਾ ਦ੍ਰਿਸ਼ਟਾਂਤ ਸੂਰਜ ਪੁਰ ਘਟਾਉਂਦੇ ਹਨ) ਸੂਰਜ ਅਕਾਸ਼ ਵਿਖੇ ਉਦੇ ਹੋ ਰਿਹਾ ਹੈ, ਤਲਾਵਾਂ ਦੇ ਕਵਲ ਉਸ ਵੱਲ ਧਿਆਨ ਧਰਦੇ ਹਨ (ਭਾਵ ਦੂਰੋਂ ਹੀ ਦਰਸ਼ਨ ਕਰਕੇ ਖਿੜ ਜਾਂਦੇ ਹਨ)। ੬.ਡੱਡੂਆਂ ਦਾ (ਕਵਲ ਦੇ ਨਾਲ ਹੀ) ਚਿੱਕੜ ਵਿਚ ਵਾਸਾ ਹੈ, ਕਵਲਾਂ ਨੂੰ ਸਿਞਾਣਕੇ ਮਾਣ ਨਹੀਂ ਸਕਦੇ। ੭.(ਦ੍ਰਿਸ਼ਟਾਂਤ) ਸਾਧ ਸੰਗਤ ਵਿਖੇ ਗੁਰ ਸ਼ਬਦ ਨੂੰ ਸੁਣਕੇ ਗੁਰ ਉਪਦੇਸ਼ ਦੀ ਰਹਿਤ (ਮਰਿਯਾਦਾ) ਨੂੰ ਧਾਰਨ ਨਹੀਂ ਕਰਦੇ (ਉਹ ਕੌਣ ਡੱਡੂ ਹਨ? ਉੱਤਰ:- ੮.ਜਿਨ੍ਹਾਂ ਦੇ ਮੱਥੇ ਦੇ ਖੋਟੇ ਭਾਗ ਹਨ।

**ਭਾਵ**-ਸਿੱਟਾ ਇਹ ਕਿ ਜਗਤ ਰੂਪੀ ਤਲਾਉ ਬ੍ਰਹਮ ਸੱਤਾ ਨਿਰਮਲ ਤੇ ਸੁਹਣੇ ਪਾਣੀ ਨਾਲ ਲਬਾਲਬ ਜਾਂ ਨਕੋਨਕ ਹੋ ਰਿਹਾ ਹੈ, ਇਸੇ ਵਿਖੇ ਗੁਰਮੁਖ ਕਮਲ ਰੂਪ ਅਤੇ ਮਨਮੁਖ ਮੰਦਭਾਗੀ ਡੱਡੂ ਹਨ, ਸੂਰਜ ਗੁਰੂ ਹਨ। ਗੁਰਮੁਖ ਤਾਂ ਇਕ ਗੁਰੂ ਪਰਮਾਤਮਾ ਰੂਪ ਸੂਰਜ ਦੇ ਧਿਆਨ ਕਰਕੇ ਦੂਰੋਂ ਹੀ ਪ੍ਰਫੁੱਲਤ ਹਨ, ਡੱਡੂ ਵਿਖਯਾਂ ਦੇ ਬੂਰ ਜਾਂ ਜਾਲੇ ਨੂੰ ਖਾਕੇ ਮੋਹ ਦੇ ਚਿੱਕੜ ਵਿਖੇ ਫਸੇ ਰਹਿੰਦੇ ਹਨ, ਸੰਤਾਂ ਦੇ ਉਪਦੇਸ਼ ਦੀ ਰਹਿਤ ਨਹੀਂ ਰੱਖਦੇ, ਅਜਿਹੇ ਮਨਮੁਖਾਂ, ਕਪਟੀਆਂ ਦੇ ਖੋਟੇ ਭਾਗ ਹਨ। ਯਥਾ- **"ਦਾਦਰ ਤੂ ਕਬਹਿ ਨ ਜਾਨਸਿ ਰੇ ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥"** (ਮਾਰੂ:ਮ:੧-੪) ਅਨਯਚ **"ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀਂ ਮੂਲਿ ਪਾਈ ॥ ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥"** (ਸਿਰੀ:ਮ:੧-੨੭) ਸਿਧਾਂਤ ਇਹ ਕਿ ਭੌਰੇ ਰੂਪ ਉਸਤਾਦ ਆਪਣੀ ਗੁੰਜਾਰ ਦੀ ਬਾਣੀ ਵਿਖੇ ਉਚਾਰਦੇ ਹਨ। **"ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥ ਮਿਲਿਕੈ ਕਰਹ ਕਹਾਣੀਆਂ ਸੰਮ੍ਰਥ ਕੰਤ ਕੀਆਹ॥"** (ਸਿਰੀ:ਮ:੧-੧੦) ਤਥਾ-**"ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ"** (ਗਉ:ਵਾਰ-੯); ਪਰੰਤੂ ਮੰਦਭਾਗੀ ਕਪਟੀ ਰੂਪ ਡੱਡੂ ਐਬਾਂ ਦੇ ਚਿੱਕੜ ਵਿਖੇ ਫਸਿਆ ਹੋਯਾ ਅਮਲ ਨਹੀਂ ਕਰਦਾ।

ਅਗੇ ਤੀਜੀ ਪੌੜੀ ਵਿਖੇ ਬਗਲੇ ਦਾ ਦ੍ਰਿਸ਼ਟਾਂਤ ਦਿੰਦੇ ਹਨ :-

## ੩. (ਬਗਲੇ ਤੋਂ ਉਪਦੇਸ਼-ਕਪਟ ਸਨੇਹੀ)।

੧. ਤੀਰਥ ਪੁਰਬਿ ਸੰਜੋਗ ਲੋਗ ਚਹੁ ਕੁੰਡਾਂ ਦੇ ਆਇ ਜੁੜੰਦੇ।
੨. ਚਾਰਿ ਵਰਨ ਛਿਅ ਦਰਸਨਾ ਨਾਮ ਦਾਨੁ ਇਸਨਾਨੁ ਕਰੰਦੇ।
੩. ਜਪ ਤਪ ਸੰਜਮ ਹੋਮ ਜਗ ਵਰਤ ਨੇਮ ਕਰਿ ਵੇਦ ਸੁਣੰਦੇ।
੪. ਗਿਆਨ ਧਿਆਨ ਸਿਮਰਣ ਜੁਗਤਿ ਦੇਵੀ ਦੇਵ ਸਥਾਨ ਪੁਜੰਦੇ।
੫. ਬਗਾ ਬਗੇ ਕਪੜੇ ਕਰਿ ਸਮਾਧਿ ਅਪਰਾਧਿ ਨਿਵੰਦੇ।
੬. ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰਮੁਖਿ ਪੰਥ ਨ ਚਾਲ ਚਲੰਦੇ।
੭. ਕਪਟ ਸਨੇਹੀ ਫਲੁ ਨ ਲਹੰਦੇ ॥੩॥

**ਪਦਾਰਥ**-(ਜੁੜੰਦੇ=ਜੁੜਦੇ ਹਨ। ਸੁਣੰਦੇ=ਸੁਣਦੇ ਹਨ। ਪੂਜੰਦੇ=ਪੂਜਦੇ ਹਨ। (ਨਿਵੰਦੇ=ਨਿਉਂਦੇ ਹਨ। ਕਪਟ ਸਨੇਹੀ=ਕਪਟ ਦੇ ਪ੍ਰੇਮੀ।

**ਅਰਥ**-੧.ਤੀਰਥਾਂ ਪੁਰ ਪੁਰਬਾਂ ਦੇ ਸੰਜੋਗਾਂ ਪੁਰ ਲੋਕ ਚਾਰਕੁੰਟਾਂ ਥੌਂ ਆਕੇ ਕੱਠੇ ਹੁੰਦੇ ਹਨ। ੨.ਚਾਰ ਵਰਣ, ਛੀ ਦਰਸ਼ਨ, ਨਾਮ, ਦਾਨ, ਇਸ਼ਨਾਨ ਕਰਦੇ ਹਨ। ੩.ਜਪ, ਤਪ, ਸੰਜਮ, ਹੋਮ, ਜਗ, ਵਰਤ ਅਤੇ ਨਿਯਮ ਕਰਕੇ ਵੇਦਾਂ ਦਾ ਪਾਠ ਸੁਣਦੇ ਹਨ। ੪.(ਕੋਈ ਗਿਆਨੀ) ਗਿਆਨ (ਕਰਦਾ ਹੈ) (ਧਿਆਨੀ) ਧਿਆਨ (ਵਿਖੇ ਮਸਤ ਹੈ) (ਕੋਈ) ਜੁਗਤ ਨਾਲ (ਮੰਤਰ ਦਾ) ਜਪ (ਕਰਦਾ ਹੈ) ਕੋਈ ਦੇਵੀ ਕੋਈ ਦੇਵਤਾ ਸਥਾਨ ਦੀ ਪੂਜਾ ਵਿਖੇ ਲਗਦਾ ਹੈ। ੫.ਬਗਲਿਆਂ ਦੇ ਚਿੱਟੇ ਕਪੜੇ (ਚਿੱਟੇ ਪਰ) ਹਨ, ਉਹ ਅਪਰਾਧ ਕਰਦੇ (ਪਾਪ ਦੀ) ਸਮਾਧੀ ਲਾਕੇ ਨਿਉਂਦੇ ਹਨ (ਭਾਵ ਮੱਛੀ ਨੂੰ ਤਾੜ ਲਾ ਕੇ ਤਕਦੇ ਹਨ, ਜਦ ਦਾਉ ਦੇਖਦੇ ਹਨ ਤਾਂ ਤਾਬੜ ਤੋੜ ਗੜੱਪ ਕਰ ਜਾਂਦੇ ਹਨ, ਅਜਿਹਾ ਹੀ ਅਗੇ ਦਾਰਿਸ਼ਟਾਂਤ ਦੱਸਦੇ ਹਨ)। ੬.ਸਾਧ ਸੰਗਤ ਵਿਖੇ ਗੁਰੂ ਦਾ ਸ਼ਬਦ ਸੁਣਕੇ ਗੁਰਮੁਖਾਂ ਦੇ ਰਸਤੇ ਦੀ ਚਾਲ ਪੁਰ (ਜੋ) ਨਹੀਂ ਚਲਦੇ, ੭.(ਉਹ) ਕਪਟ ਸਨੇਹੀ (ਕੁਛ) ਫਲ ਪ੍ਰਾਪਤ ਨਹੀਂ ਕਰਦੇ।

**ਭਾਵ**-"**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍॥ ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ੍॥**" (ਸੂਹੀ:ਮ:੧) ਅਨਯਚ-"**ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥**" (ਰਾਮ:ਵਾਰ-੭) ਅਨਯਚ, "**ਕਹਾ ਭਯੋ ਜੋ ਦੋਊ ਲੋਚਨ ਮੂੰਦਕੈ ਬੈਠ ਰਹਿਓ ਬਕੁ ਧਿਆਨ ਲਗਾਯੋ।**" ਤੀਰਥਾਂ ਪਰ ਲੋਕਾਂ ਦਾ ਕੱਠੇ ਹੋਣ ਤੋ ਸਰ ਵਿਚ ਬਗਲੇ ਦਾ ਮੱਛੀ ਤਾੜ ਵਿਚ ਸਮਾਧਿ ਸਥਿਰ ਹੋਣ ਤੋਂ ਦ੍ਰਿਸ਼ਟਾਂਤ ਸਤਿਸੰਗ ਵਿਚ ਕਪਟ ਸਨੇਹੀਆਂ ਦੇ ਆ ਬੈਠਣ ਦਾ ਲੈਂਦੇ ਹਨ। ਇਥੇ ਤੀਰਥ ਯਾਤ੍ਰਾ ਦੀ ਵਿਧਿ ਨਖੇਧੀ ਦੋਨੋਂ ਪੱਖ ਨਹੀਂ ਹਨ, ਕੇਵਲ ਇਕ (ਅਮਰ ਵਾਕਿਆ) ਹੁੰਦੜ ਬਾਤ ਤੋਂ ਸਾਡੀ ਸਮਝ ਲਈ ਉਪਦੇਸ਼ ਕੱਢਿਆ ਹੈ, ਕਿ ਸਤਿਸੰਗਿ ਵਿਚ ਜਾ ਕੇ ਬਗਲੇ ਨਾ ਬਣੋਂ।

## ੪. (ਅਨ-ਅਧਿਕਾਰੀ)॥

੧. ਸਾਵਣਿ ਵਣ ਹਰੀਆਵਲੇ ਵੁਠੈ ਸੁਕੈ ਅਕੁ ਜਵਾਹਾ।
੨. ਤ੍ਰਿਪਤਿ ਬਬੀਹੇ ਸ੍ਵਾਂਤਿ ਬੂੰਦ ਸਿਪ ਅੰਦਰਿ ਮੋਤੀ ਓਮਾਹਾ।
੩. ਕਦਲੀ ਵਣਹੁ ਕਪੂਰ ਹੋਇ ਕਲਰਿ ਕਵਲ ਨ ਹੋਇ ਸਮਾਹਾ।
੪. ਬਿਸੀਅਰ ਮੁਹਿ ਕਾਲਕੂਟ ਹੋਇ ਧਾਤ ਸੁਪਾਤ੍ਰ ਕੁਪਾਤ੍ਰ ਦੁਰਾਹਾ।
੫. ਸਾਧਸੰਗਤਿ ਗੁਰ ਸਬਦੁ ਸੁਣਿ ਸਾਂਤਿ ਨ ਆਵੈ ਉਭੈ ਸਾਹਾ।
੬. ਗੁਰਮੁਖਿ ਸੁਖ ਫਲੁ ਪਿਰਮਰਸੁ ਮਨਮੁਖ ਬਦਰਾਹੀ ਬਦਾਰਾਹਾ।
੭. ਮਨਮੁਖ ਟੋਟਾ ਗੁਰਮੁਖ ਲਾਹਾ ॥੪॥

**ਪਦਾਰਥ**-(ਵਣ=ਬ੍ਰਿਛ। ਹਰੀਆਵਲੇ=ਹਰੇ ਹੁੰਦੇ ਹਨ। ਵੁਠੈ=ਵਰਸਣ ਨਾਲ। (ਓਮਾਹਾ=ਆਨੰਦ, ਖੁਸ਼ੀ। ਸਮਾਹਾ=ਰੌਣਕ। ਧਾਤੁ=ਵਸਤੂ। ਦੁਰਾਹਾ=ਦੂਜੇ। (ਰਾਹੋਂ ਨਿਕਲਨਾ। ਬਦਰਾਹੀ=ਵਿਕਾਰੀ। ਬਦਰਾਹਾ=ਵਿਕਾਰਾਂ ਵਿਖੇ ਫਿਰਦੇ ਹਨ।

**ਅਰਥ**-੧.ਸਾਵਣ ਦੇ ਵੱਸਣ ਨਾਲ ਬ੍ਰਿਛ ਹਰੇ ਹੁੰਦੇ ਹਨ ਅੱਕ ਅਤੇ ਜਵਾਹਾਂ ਸੁੱਕ ਜਾਂਦੇ ਹਨ। ੨.ਬੰਬੀਹੇ (ਦੇ ਮੂੰਹ ਵਿਚ ਜੇ) ਸ੍ਵਾਂਤੀ ਨਿਛੱਤ੍ਰ ਦੀ ਬੂੰਦ ਪਵੇ ਤਾਂ (ਉਸਨੂੰ) ਤ੍ਰਿਪਤੀ ਆ ਜਾਂਦੀ ਹੈ, (ਜੇ ਕਰ) ਸਿੱਪ ਵਿਚ ਪਵੇ ਤਾਂ (ਮੋਤੀ ਦਾ ਕੀੜਾ) ਖੁਸ਼ੀ ਹੁੰਦੀ ਹੈ ੩.ਕੇਲੇ ਦੇ ਬੂਟੇ ਵਿਖੇ (ਸ੍ਵਾਂਤੀ ਬੂੰਦ) ਪਵੇ ਤਾਂ ਕਪੂਰ ਹੋ ਜਾਂਦਾ ਹੈ, ਪਰੰਤੂ ਕੱਲਰ ਵਿਖੇ ਕਵਲਾਂ ਦੀ ਰੌਣਕ ਨਹੀਂ ਹੁੰਦੀ। ੪.(ਜੇਕਰ ਉਹ ਸ੍ਵਾਂਤੀ ਬੂੰਦ) ਸੱਪ ਦੇ ਮੂੰਹ ਪਵੇ ਤਾਂ "ਕਾਲਕੂਟ" ਵਿਖ ਹੁੰਦੀ ਹੈ, (ਗੱਲ ਕੀ) (ਸੁਪਾਤ੍ਰ ਕਹੀਏ) ਚੰਗੇ ਭਾਂਡੇ ਵਿਚ ਪਵੇ ਤਾਂ ਚੰਗੀ ਵਸਤੂ ਹੁੰਦੀ ਹੈ ਜੇਕਰ ਕੁਪਾਤ੍ਰ ਵਿਚ ਪਵੇ ਤਾਂ ਉਲਟੀ ਸ਼ੈ ਬਣ ਜਾਂਦੀ ਹੈ,

(ਹੁਣ ਪੰਜਵੀਂ ਤੁਕ ਤੋਂ ਲੈ ਸੱਤਵੀਂ ਤੀਕ ਸਿਧਾਂਤ ਦੱਸਦੇ ਹਨ)। ੫.ਸਾਧ ਸੰਗਤ (ਸਾਵਣ ਦੇ ਬੱਦਲ ਵਾਂਙੂ ਵਰਸਦੀ ਹੈ, ਪਰੰਤੂ) ਗੁਰ ਸ਼ਬਦ ਨੂੰ ਸੁਣਕੇ (ਮਨਮੁਖ ਅੱਕ ਤੇ ਜਵਾਹਾਂ ਵਾਂਙੂ ਸੁਕਦੇ ਹਨ ਕਿਉਂ ਜੋ) ਸ਼ਾਂਤਿ ਨਾ ਹੋਣ ਦੇ ਕਾਰਣ ਉਭੇ ਸਾਹ ਲੈਂਦੇ ਹਨ। ੬.ਗੁਰਮੁਖ (ਚਾਤ੍ਰਿਕ ਅਰ ਸਿੱਪ ਵਾਂਙੂ ਹਨ) ਸੁਖ ਫਲ ਅਤੇ ਪ੍ਰੇਮ ਰਸ ਪਾਕੇ ਪ੍ਰਸੰਨ ਹਨ, ਮਨਮੁਖ ("ਬਦਰਾਹੀ") ਵਿਕਾਰੀ ਹਨ, ਵਿਕਾਰਾਂ ਵੱਲ ਹੀ ਦੌੜਦੇ ਹਨ। ੭.(ਇਸ ਲਈ) ਮਨਮੁਖਾਂ ਨੂੰ ਘਾਟਾ ਹੈ ਅਰ ਗੁਰਮੁਖਾਂ ਨੂੰ ਲਾਭ ਹੀ ਲਾਭ (ਪ੍ਰਾਪਤ ਹੁੰਦਾ ਹੈ)।

**ਭਾਵ**-ਕਿਉਂ ਜੋ ਗੁਰਮੁਖਾਂ ਦੀ ਰਿਦੇ ਭੂਮੀ ਨਿਸ਼ਕਾਮ ਕਰਮਾਂ ਨਾਲ ਸ਼ੁੱਧ ਹੋਣ ਦੇ ਕਾਰਣ ਉਥੇ ਗਿਆਨ ਦਾ ਬਿਰਵਾ ਫਲੀ ਭੂਤ ਹੋ ਜਾਂਦਾ ਹੈ। ਮਨਮੁਖ ਵਿਕਾਰੀਆਂ ਦੀ ਰਿਦੇ ਭੂਮੀ ਵਿਚ ਕੱਲਰ ਹੋਣ ਦੇ ਕਾਰਨ ਵਿਕਾਰਾਂ ਦਾ ਘਾਹ ਬੂਟ ਹੋ ਜਾਂਦਾ ਹੈ।

## ੫. (ਅਹੰਕਾਰੀਆਂ ਪੁਰ ਦ੍ਰਿਸ਼ਟਾਂਤ)।

੧. ਵਣਵਣ ਵਿਚਿ ਵਣਾਸਪਤਿ ਇਕੋ ਧਰਤੀ ਇਕੋ ਪਾਣੀ।
੨. ਰੰਗ ਬਿਰੰਗੀ ਫੁਲ ਫਲ ਸਾਦ ਸੁਗੰਧ ਸਨਬੰਧ ਵਿਡਾਣੀ।
੩. ਉਚਾ ਸਿੰਮਲੁ ਝੰਟੁਲਾ ਨਿਹਫਲ ਚੀਲੁ ਚੜ੍ਹੇ ਅਰਮਾਣੀ।
੪. ਜਲਦਾ ਵਾਸੁ ਵਡਾਈਐ ਵੰਝੁਲੀਆਂ ਵਜਨਿ ਬੇਬਾਣੀ।
੫. ਚੰਦਨ ਵਾਸੁ ਵਣਾਸਪਤਿ ਵਾਂਸੁ ਰਹੇ ਨਿਰਗੰਧ ਰਵਾਣੀ।
੬. ਸਾਧਸੰਗਤਿ ਗੁਰ ਸਬਦੁ ਸੁਣਿ ਰਿਦੈ ਨ ਵਸੈ ਅਭਾਗ ਪਰਾਣੀ।
੭. ਹਉਮੈ ਅੰਦਰਿ ਭਰਮਿ ਭੁਲਾਣੀ ॥੫॥

**ਪਦਾਰਥ**-(ਵਣਾਸਪਤਿ=ਜੰਗਲ, ਬਾਗ। ਸਾਦ=ਸ੍ਵਾਦ। ਵਿਡਾਣੀ=ਅਚਰਜ। (ਝੰਟੁਲਾ=ਫੈਲਾਉ ਵਾਲਾ, ਉਪਰੋਂ ਫੈਲਿਆ ਹੋਯਾ। ਵੰਝਲੀਆਂ=ਖਾਂਸਰੀਆਂ, (ਮੁਰਲੀਆਂ। ਬੇਬਾਣੀ=ਜੰਗਲ। ਨਿਰਗੰਧਿ=ਗੰਧੀ ਰਹਿਤ। (ਰਵਾਣੀ=ਬਿਰਥਾ ਸ਼ਬਦ ਕਰਨਾ।

**ਅਰਥ**-੧.ਜੰਗਲ ਦੇ ਬੂਟੇ ਬੂਟੇ ਵਿਖੇ ਇਕੋ ਭੌਂ ਤੇ ਇਕੋ ਪਾਣੀ ਹੈ। ੨.ਫਲ ਅਤੇ ਫੁੱਲਾਂ ਦੇ ਰੰਗ ਨਾਨਾ ਭਾਂਤ ਦੇ ਹਨ, ਸ੍ਵਾਦ ਅਤੇ ਸੁਗੰਧੀ ਅਸਚਰਜ ਤੋਂ ਅਸਚਰਜ ਹੈ। ੩.ਸਿੰਮਲ ਦਾ ਦਰਖਤ ਫੈਲਾਉ ਵਾਲਾ ਤੇ ਉੱਚਾ ਹੈ, ਇਸੇ ਤਰ੍ਹਾਂ ਚੀਲ੍ਹ ਦਾ ਰੁਖ ਬੀ ਐਵੇਂ ਅਸਮਾਨੀ ਚੜ੍ਹਦਾ (ਭਾਵ ਬਹੁਤ ਉੱਚਾ ਹੁੰਦਾ) ਹੈ, (ਯਥਾ :- "**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥**") (ਆਸਾ:ਵਾਰ-੧੪) ੪.ਵਾਂਸ (ਆਪਣੀ ਵਡਿਆਈ ਵਿਚ) ਸੜਦਾ ਵੱਢੀਦਾ ਹੈ, ਉਸ ਦੀਆਂ ਮੁਰਲੀਆਂ ਬਨਾਂ ਵਿਚ ਵਜਦੀਆਂ ਹਨ। ੫.ਚੰਦਨ ਦੀ ਵਾਸ਼ਨਾਂ ਤੋਂ ਸਾਰੀ ਵਣਾਸਪਤਿ (ਚੰਦਨ ਹੋ ਜਾਂਦੀ ਹੈ ਪ੍ਰੰਤੂ) ਵਾਂਸ ਨਿਰਗੰਧ ਰਹਿੰਦਾ ਹੈ( ਰਵਾਣੀ=ਬਿਰਥਾ ਸ਼ਾਂ ਸ਼ਾਂ ਕਰਦਾ ਹੈ)। (ਹੁਣ ਛੀਵੀਂ ਅਤੇ ਸੱਤਵੀ ਤੁਕ ਵਿਖੇ ਦਾਰਸ਼ਟਾਂਤ ਦੱਸਦੇ ਹਨ) :- ੬.ਸਾਧ ਸੰਗਤ ਵਿਖੇ ਗੁਰੂ ਦੇ ਸ਼ਬਦ ਨੂੰ ਸੁਣਦੇ ਤਾਂ ਹਨ (ਪ੍ਰੰਤੂ) ਰਿਦੇ ਵਿਚ ਸ਼ਬਦ ਵਸਦਾ ਨਹੀਂ ਹੈ (ਇਸੇ ਕਾਰਣ) ਓਹ ਪ੍ਰਾਣੀ ਮੰਦਭਾਗੀ ਹਨ। ੭.ਹਉਮੈ ਦੇ ਅੰਦਰ (ਉਨ੍ਹਾਂ ਦੀ ਬੁੱਧੀ) ਭੁੱਲੀ ਰਹਿੰਦੀ ਹੈ।

**ਭਾਵ**-"**ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥**"(ਸਿਰੀ:ਮ:੩-੬੪)ਤਥਾ-"**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ**"(ਵਡ:ਮ:੩-੯)ਅਨਯਚ "**ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ॥ ਨਾਨਕ**

**ਰੋਗ ਵਵਾਇ ਸਤਿਗੁਰ ਸਾਧੂ ਸਜਨਾ॥''** (ਕਾਨੜਾ:ਵਾਰ-੫੨)

## ੬. (ਉਲੂੱ ਤੋਂ ਉਪਦੇਸ਼-ਮਨਮੁਖ)।

੧. ਸੂਰਜੁ ਜੋਤਿ ਉਦੋਤਿ ਕਰਿ ਚਾਨਣੁ ਕਰੈ ਅਨੇਰੁ ਗਵਾਏ।
੨. ਕਿਰਤਿ ਵਿਰਤਿ ਜਗ ਵਰਤਮਾਨ ਸਭ ਸਨਬੰਧਨ ਮੁਕਤਿ ਕਰਾਏ।
੩. ਪਸੁ ਪੰਖੀ ਮਿਰਗਾਵਲੀ ਭਾਖਿਆ ਭਾਉ ਅਲਾਉ ਸੁਣਾਏ।
੪. ਬਾਂਗਾਂ ਬੁਰਗੂ ਸਿੰਙੀਆਂ ਨਾਦ ਬਾਦ ਨੀਸਾਣ ਵਜਾਏ।
੫. ਘੁਘੂ ਸੁਝ ਨ ਸੁਝਈ ਜਾਇ ਉਜਾੜੀ ਝਖਿ ਵਲਾਏ।
੬. ਸਾਧ ਸੰਗਤਿ ਗੁਰ ਸਬਦੁ ਸੁਣਿ ਭਾਉ ਭਗਤਿ ਮਨ ਭਉ ਨ ਵਸਾਏ।
੭. ਮਨਮੁਖ ਬਿਰਥਾ ਜਨਮੁ ਗਵਾਏ ॥੬॥

**ਪਦਾਰਥ**-(ਉਦੋਤਿ=ਉਦਯ ਕਰਕੇ। ਵਿਰਤਿ=ਉਪਜੀਵਕਾ। ਬੁਰਗੂ=ਕਾਜ਼ੀ। ਨੀਸਾਣ=ਨਗਾਰੇ। (ਘੁਘੂ=ਉੱਲੂ। ਸੁਝ=ਸੂਰਜ। ਝਖਿ=ਝਟ, ਸਮਾਂ। ਵਲਾਏ=ਕੱਟਦਾ ਹੈ।

**ਅਰਥ**-੧.ਸੂਰਜ (ਆਪਣੀ) 'ਜੋਤੀ' ਦਾ ਪ੍ਰਕਾਸ਼ ਕਰਕੇ ਹਨੇਰੇ (ਦਾ ਖੁਰਾ ਖੋਜ) ਉਡਾਉਂਦਾ ਹੈ। ੨.ਆਪੋ ਆਪਣੀ (ਵਿਰਤਿ=) ਉਪਜੀਵਕਾ ਦੀ 'ਕਿਰਤ' (ਕ੍ਰਿਆ) ਵਿਖੇ ਜਗਤ ਦੇ ਵਰਤਮਾਨ (ਪਰਵਿਰਤ) ਹੋਣ ਵਿਖੇ ਸਾਰਿਆਂ ਦੇ ਬੰਧਨ ਖੋਲ੍ਹ ਦਿੰਦਾ ਹੈ। ੩.ਪਸੂ, ਪੰਛੀ (ਆਪਣੀ ਬੋਲੀ ਵਿਚ) ਪ੍ਰੇਮ ਨਾਲ ਬੋਲਦੇ (ਹਨ ਅਤੇ) ਮਿਰਗਾਂ ਦੀ ਪੰਗਤੀ (ਬਣਾਂ ਵਿਖੇ ਆਪਣੇ 'ਅਲਾਉ') ਸੁਰ ਕੱਢਦੀ ਹੈ। ੩.ਕਾਜ਼ੀ ਬਾਂਗਾਂ (ਦਿੰਦੇ ਹਨ) ਸਿੰਙੀਆਂ ਦੇ ਨਾਦ (ਜੋਗੀ ਪੂਰਦੇ ਹਨ) ਅਰ ਨਗਾਰਿਆਂ ਉੱਪਰ (ਬਾਦਸ਼ਾਹ ਦੇ ਦੁਆਰਿਆਂ ਪੁਰ ਧੈਂ ਧੈਂ ਚੋਬਾਂ) ਵਜਾਉਂਦੇ ਹਨ। ੫.(ਗੱਲ ਕੀ, ਸਾਰੇ ਜੀਵ ਜੰਤੂ ਪ੍ਰਸੰਨ ਹੁੰਦੇ ਹਨ, ਪ੍ਰੰਤੂ ਉੱਲੂ ਦੇ ਮਾਪੇ ਮਰ ਜਾਂਦੇ ਹਨ, ਜਿਹਾ ਕੁ) ਉਲੂ ਨੂੰ ਸੂਰਜ ਨਹੀਂ ਸੁੱਝਦਾ; ਉਜਾੜਾਂ ਵਿਖੇ (ਮਸਾਂ ਮਸਾਂ) ਦਿਨ ਕੱਟਦਾ ਹੈ। ੬.(ਤਿਵੇਂ) ਸਾਧ ਸੰਗਤ ਵਿਖੇ ਗੁਰੂ ਦੇ ਸ਼ਬਦ ਨੂੰ ਸੁਣਕੇ ਪ੍ਰੇਮਾ ਭਗਤੀ ਅਤੇ ਭਉ ਨਾਲ ਮਨ ਵਿਖੇ (ਮਨਮੁਖ) ਧਾਰਨ ਨਹੀਂ ਕਰਦਾ। ੭.(ਇਸੇ ਕਰਕੇ ਉੱਲੂ ਵਾਂਗੂੰ) ਮਨਮੁਖ (ਆਪਣਾ ਮਨੁਖਾ) ਜਨਮ ਬਿਰਥਾ ਪਿਆ ਗੁਆਉਂਦਾ ਹੈ।

**ਭਾਵ**-ਕਹਾਣੀ ਪਾਉਂਦੇ ਹਨ ਕਿ ਇਕ ਉੱਲੂ ਹਜ਼ਾਰ ਕੁ ਵਰ੍ਹੇ ਦਾ ਮਰਣ ਲੱਗਾ ਸੀ ਉਸਦੇ ਕੋਲੋਂ ਹੋਰ ਉੱਲੂ ਪੁੱਛਣ ਲਗੇ 'ਜੀ ਸੂਰਜ ਤੁਸਾਂ ਕਦੀ ਡਿੱਠਾ ਸੀ ਕਿ ਨਹੀਂ? ਉੱਤਰ ਦਿੱਤਾ-'ਭਾਈਓ! ਮੈਂ ਆਪਣੇ ਬਾਬੇ ਪਾਸੋਂ ਜੋ ਦੋ ਹਜ਼ਾਰ ਵਰ੍ਹੇ ਦਾ ਮਰਣ ਲੱਗਾ ਸੀ, ਇਹੋ ਗੱਲ ਪੁੱਛੀ ਸੀ, ਉਸ ਨੇ ਕਿਹਾ ਸੀ ਐਵੇਂ ਲੋਕਾਂ ਨੇ ਸੂਰਜ ਦਾ ਡਰਾਵਾ ਰਖਿਆ ਹੋਇਆ ਹੈ। ਡਰਨਾ ਨਹੀਂ, ਸੜਾ ਸੂਰਜ ਕਿਧਰੇ ਨਹੀਂ ਜੇ'। ਇਸੀ ਤਰ੍ਹਾਂ ਮਨਮੁਖ ਪਰਮੇਸ਼ੁਰ ਗੁਰੂ ਦੇ ਸ਼ਬਦ ਤੋਂ ਵਿਮੁਖ ਰਹਿਕੇ ਨਾਸਤਕ ਹੀ ਮਰ ਜਾਂਦੇ ਹਨ।

## ੭. (ਚੰਦ ਚਕਵਾ-ਕਪਟ ਸਨੇਹੀ ਦਾ ਵਾਂਜੇ ਰਹਿਣਾ)।

੧. ਚੰਦ ਚਕੋਰ ਪਰੀਤ ਹੈ ਜਗਮਗ ਜੋਤਿ ਉਦੋਤੁ ਕਰੰਦਾ।
੨. ਕਿਰਖਿ ਬਿਰਖਿ ਹੁਇ ਸਫਲੁ ਫਲਿ ਸੀਤਲ ਸ਼ਾਂਤਿ ਅਮਿਉ ਵਰਸੰਦਾ।
੩. ਨਾਰਿ ਭਤਾਰ ਪਿਆਰ ਕਰਿ ਸਿਹਜਾ ਭੋਗ ਸੰਜੋਗੁ ਬਣੰਦਾ।
੪. ਸਭਨਾ ਰਾਤਿ ਮਿਲਾਵੜਾ ਚਕਵੀ ਚਕਵਾ ਮਿਲਿ ਵਿਛੁੜੰਦਾ।
੫. ਸਾਧ ਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹਿ ਨ ਥੇਹ ਲਹੰਦਾ।

੬. ਮਜਲਸਿ ਆਵੈ ਲਸਣੁ ਖਾਇ ਗੰਦੀ ਵਾਸੁ ਮਚਾਏ ਗੰਦਾ।
੭. ਦੂਜਾ ਭਾਉ ਮੰਦੀ ਹੂੰ ਮੰਦਾ॥੭॥

**ਪਦਾਰਥ**-(ਅਮਿਉ ਵਰਸੰਦਾ=ਅੰਮ੍ਰਿਤ ਦੀ ਵਰਖਾ ਕਰਦਾ ਹੈ ਕਿਰਣਾਂ ਦੁਆਰੇ। ਭਤਾਰ=ਭਰਤਾ।
(ਮਿਲਾਵੜਾ=ਮੇਲਾਪ। ਕਪਟ ਸਨੇਹਿ=ਝੂਠਾ ਪ੍ਰੇਮ।
(ਨ ਥੇਹ ਲਹੰਦਾ=ਥਹੁ ਨਹੀਂ ਲੈਂਦੇ। ਮਜਲਸਿ=ਸਭਾ ਵਿਚ। ਲਸਣੁ=ਥੋਮ।

**ਅਰਥ**-੧.(ਜਦੋਂ) ਚੰਦ੍ਰਮਾ ਆਪਣੀ ਜੋਤਿ ਦੇ ਉਜਾਲੇ ਦਾ ਪਰਕਾਸ਼ ਕਰਦਾ ਹੈ, (ਤਦੋਂ) ਚਕੋਰ ਪ੍ਰੀਤ (ਨਾਲ ਉਸਦੀ ਵੱਲ ਤੱਕਦਾ) ਹੈ। ੨.ਖੇਤੀਆਂ ਅਤੇ ਬ੍ਰਿਛਾਂ ਨੂੰ ਫਲ ਲਗਦੇ ਹਨ, ਆਪ (ਚੰਦ੍ਰਮਾ) ਸੀਤਲ ਹੈ (ਅਰ) ਸ਼ਾਂਤਿ (ਰੂਪ) ਅੰਮ੍ਰਿਤ ਦੀ ਵਰਖਾ ਕਰਦਾ ਹੈ। ੩.(ਚੰਦ ਦਾ ਉਦੀਪਨ ਪਾਕੇ) ਇਸਤ੍ਰੀ (ਆਪਣੇ) ਭਰਤੇ ਦੇ ਮੋਹ ਕਰਕੇ ਸਿਹਜਾ ਵਿਛਾਉਂਦੀ ਹੈ ਅਰ ਭੋਗ ਦੇ ਕਈ (ਸੰਜੋਗ=) ਉਪਾਵ ਰਚਦੀ ਹੈ। ੪.ਰਾਤ ਨੂੰ ਸਭ ਦਾ ਮੇਲਾਪ ਹੋ ਜਾਂਦਾ ਹੈ (ਪਰੰਤੂ) ਚਕਵੀ ਤੇ ਚਕਵਾ ਮੇਲ ਥੋਂ ਵਿਛੁੜ ਜਾਂਦੇ ਹਨ (ਅਗੇ ਤਿੰਨ ਤੁਕਾਂ ਵਿਖੇ ਦਾਰਸ਼ਟਾਂਤ ਦੱਸਦੇ ਹਨ)। ੫.ਕਪਟ ਦੇ ਸਨੇਹੀ (ਲੋਕ) ਸਾਧ ਸੰਗਤ ਵਿਖੇ ਗੁਰੂ ਦੇ ਸ਼ਬਦ ਨੂੰ ਸੁਣਦੇ ਹਨ ਪਰ ਥਹੁ ਨਹੀਂ ਲੈਂਦੇ (ਭਾਵ ਰਿਦੇ ਭੂਮੀ ਵਿਖੇ ਧਾਰਨ ਨਹੀਂ ਕਰਦੇ)। ੬.(ਸਗੋਂ ਹੋਰਨਾਂ ਨੂੰ ਦੁਖ ਦੇਂਦੇ ਹਨ) ਜਿਕੂੰ ਕੋਈ ਥੋਮ ਖਾਕੇ ਸਭਾ ਵਿਚ ਆਵੇ (ਤਾਂ ਉਹ) ਗੰਦਾ ਗੰਦੀ ਬਦਬੋ ਹੀ ਫੈਲਾਉਂਦਾ ਹੈ। ੭.(ਤਿਵੇਂ ਓਹ ਕਪਟ ਸਨੇਹੀ) ਦੂਜੇ ਭਾਵ (ਕਰਕੇ) ਮੰਦਿਆਂ ਤੋਂ ਮੰਦਾ ਹੈ।

**ਭਾਵ**-ਇਕ ਗੁਰੂ ਨਾਨਕ ਦੇਵ ਸ਼ਾਂਤਿ ਸਰੂਪ ਚੰਦ੍ਰਮਾਂ ਨਾਲ ਚਕੋਰ ਵਾਂਗੂੰ ਅਨੰਨਯ ਭਗਤੀ ਰੱਖਕੇ ਹੋਰ ਦੇਵੀ ਦੇਵਾਂ ਤੇ ਮਸਾਣਾਂ ਪਰ ਭਟਕਣਾ ਚੰਗਾ ਨਹੀਂ, ਜੋ ਭਟਕਣਗੇ ਓਹ ਸਿੱਖਣੀਆਂ ਤੇ ਸਿੱਖ ਚਕਵਾ ਚਕਵੀ ਵਾਂਗ ਸਾਧ ਸੰਗਤ ਦੇ ਮੇਲ ਗੇਲ ਤੋਂ ਖਾਲੀ ਰਹਿਣਗੇ।

## ੮. (ਕੜਛੀ, ਰਤਕਾਂ-ਕਪਟ ਸਨੇਹੀ)।

੧. ਖਟ ਰਸ ਮਿਠ ਰਸ ਮੇਲਿਕੈ ਛਤੀਹ ਭੋਜਨ ਹੋਨਿ ਰਸੋਈ।
੨. ਜੇਵਣਿਵਾਰ ਜਿਵਾਲੀਐ ਚਾਰਿ ਵਰਨ ਛਿਅ ਦਰਸਨ ਲੋਈ।
੩. ਤ੍ਰਿਪਤਿ ਭੁਗਤਿ ਕਰਿ ਹੋਇ ਜਿਸੁ ਜਿਹਬਾ ਸਾਉ ਸਿਵਾਣੈ ਸੋਈ।
੪. ਕੜਛੀ ਸਾਉ ਨ ਸੱਭਲੈ ਛਤੀਹ ਬਿੰਜਨ ਵਿਚਿ ਸੰਜੋਈ।
੫. ਰਤੀ ਰਤਕ ਨਾ ਰਲੈ ਰਤਨਾਂ ਅੰਦਰਿ ਹਾਰਿ ਪਰੋਈ।
੬. ਸਾਧ ਸੰਗਤਿ ਗੁਰੁ ਸਬਦੁ ਸੁਣਿ ਗੁਰ ਉਪਦੇਸੁ ਅਵੇਸੁ ਨ ਹੋਈ।
੭. ਕਪਟ ਸਨੇਹ ਨ ਦਰਗਹ ਢੋਈ ॥੮॥

**ਪਦਾਰਥ**-(ਜੇਵਣਿਵਾਰ=ਰਸੋਈਆ। ਬਿੰਜਨ=ਭੋਜਨ। ਰਤੀ=ਲਾਲ। ਆਵੇਸ=ਦ੍ਰਿੜ੍ਹ।

**ਅਰਥ**-੧.ਖੱਟੇ ਰਸ, ਅਤੇ ਮਿੱਠੇ ਰਸ ਮਿਲਕੇ ਛਤੀ ਪ੍ਰਕਾਰ* ਦੇ ਭੋਜਨਾਂ ਦੀ ਰਸੋਈ ਹੁੰਦੀ ਹੈ।

*ਛੱਤੀ ਭੋਜਨ ਏਹ ਹਨ :- ੧. ਰੋਟੀ, ੨. ਪੂੜਾ, ੩. ਪੂੜੀ, ੪. ਕਚੋਰੀ, ੫.ਚਾਵਲ, ੬.ਦਾਲ, ੭. ਸਾਗ, ੮. ਭੁਰਜੀ, ੯. ਕੜ੍ਹੀ, ੧੦. ਵੜੀਆਂ, ੧੧. ਖਿਚੜੀ, ੧੨. ਸੇਵੀਆਂ, ੧੩. ਵੜੇ ਪਕੌੜੀਆਂ, ੧੪. ਚਟਣੀ, ੧੫. ਅਚਾਰ, ੧੬. ਮੁਰੱਬੇ, ੧੭. ਪਤੌੜ, ੧੮. ਰਾਇਤੇ, ੧੯. ਪਾਪੜ, ੨੦. ਕੜਾਹ, ੨੧. ਪੰਜੀਰੀ, ੨੨. ਖੀਰ, ੨੩. ਸੀਰਣੀ, ਲੱਡੂ, ਜਲੇਬੀ, , ਆਦਿਕ, ੨੪. ਲਾਪਸੀ, ੨੫. ਰਬੜੀ, ੨੬.ਮਲਾਈ, ੨੭. ਮੱਖਣ, ੨੮. ਪਨੀਰ, ੨੯. ਸਿਖਰਣੀ, ੩੦. ਅਮਰ ਰਸ ਆਦੀ ਦੁੱਧ ਵਿਚ ਬਣਾਏ ਹੋਏ ਰਸ, ੩੧. ਕਾਂਜੀ,੩੨. ਫਲੂਦਾ, ੩੩. ਫਲ, ੩੪. ਮੱਠੀ, ੩੫. ਫੇਣੀਆਂ, ੩੬. ਪਾਨ, ਲਾਚੀ ਆਦਿਕ ਸੁਗੰਧਿਤ ਵਸਤਾਂ।

 www.sikhbookclub.com

੨.ਰਸੋਈਆ ਚਾਰ ਵਰਨਾਂ ਨੂੰ ਅਰ ਛੀ ਦਰਸ਼ਨ ਦੀ ਲੁਕਾਈ ਨੂੰ ਭੋਜਨ ਖਵਾਲਦਾ ਹੈ। ੩.ਜਿਸਨੂੰ ਭੁਗਤ ਦੇ ਖਾਣ ਥੋਂ ਤ੍ਰਿਪਤੀ ਆ ਜਾਂਦੀ ਹੈ ਉਸਦੀ ਜਿਹਬਾ ਸੁਆਦ ਸਿਞਾਣਦੀ ਹੈ (ਤੇ ਵਰਣਨ ਕਰਕੇ ਹਰੇਕ ਚੀਜ਼ ਦੀ ਸ਼ਲਾਘਾ ਕਰਦੀ ਹੈ, ਬਈ ਇਹ ਕਿੱਡੀ ਅੰਮ੍ਰਿਤ ਚੀਜ਼ ਬਣੀ ਹੈ)। ੪.ਕੜਛੀ ਕੁਛ ਸੁਆਦ ਨਹੀਂ ਸਮ੍ਹਾਲਦੀ (ਭਾਵੇਂ) ਛੱਤੀ ਪ੍ਰਕਾਰ ਦੇ ਬਿੰਜਨਾਂ ਵਿਖੇ ਫਿਰ ਚੁਕੀ ਹੈ, (ਯਥਾ:- "**ਕੜਛੀਆਂ ਫਿਰੰਨਿ ਸੁਆਉ ਨ ਜਾਣਨਿ ਸੁਞੀਆਂ**॥) (ਗੂਜ:ਵਾਰ-੧੨) ੫.('ਰਤੀ'=) ਲਾਲ ਅਤੇ ('ਰਤਕਾਂ'=) "ਲਾਲੜੀਆਂ ਦਾ ਮੇਲ ਨਹੀਂ ਫਬਦਾ, (ਭਾਵੇਂ ਉਹਨਾਂ ਨੂੰ) ਰਤਨਾਂ ਦੇ ਹਾਰ ਵਿਖੇ ਪੁਰੋ ਦੇਈਏ। ੬.ਸਾਧ ਸੰਗਤ ਵਿਖੇ ਗੁਰੂ ਦੇ ਸ਼ਬਦ ਨੂੰ ਸੁਣਕੇ (ਕਪਟ ਸਨੇਹੀਆਂ=) ਝੂਠੇ ਪ੍ਰੇਮੀਆਂ ਨੂੰ ਦਰਗਾਹ ਵਿਖੇ ਬੀ ਢੋਈ ਨਹੀਂ ਮਿਲੀ।

**ਭਾਵ**-ਕਪਟੀ ਲੋਕ ਕੜਛੀਆਂ ਵਾਂਗੂੰ ਸੁਆਦ ਥੋਂ ਖਾਲੀ ਹਨ, ਭਾਵ ਰੱਤਕਾਂ ਵਾਂਗੂੰ ਸਾਧ ਸੰਗਤ ਵਿਖੇ ਮਿਲ ਬੀ ਬੈਠਣ ਤਾਂ ਵੀ ਪਰਖੇ ਜਾਂਦੇ ਹਨ ਅਰ ਗੁਰਮੁਖ ਲੋਕ ਜਿਹਬਾ ਵਾਂਗੂੰ ਸਤਿਗੁਰਾਂ ਦੇ ਸ਼ਬਦ ਦਾ ਰਸ ਮਾਣਕੇ ਅਨੰਦਿਤ ਹਨ।

## ੯. (ਹਾਥੀ, ਤੂੰਮੇ ਵਾਂਙੂ ਕਪਟ ਸਨੇਹੀ)।

੧. ਨਦੀਆਂ ਨਾਲੇ ਵਾਹੜੇ ਗੰਗ ਸੰਗ ਮਿਲਿ ਗੰਗ ਹੁਵੰਦੇ।
੨. ਅਠ ਸਠਿ ਤੀਰਥ ਸੇਂਵਦੇ ਦੇਵੀ ਦੇਵਾ ਸੇਵ ਕਰੰਦੇ।
੩. ਲੋਕ ਵੇਦ ਗੁਣ ਗਿਆਨ ਵਿਚਿ ਪਤਿਤ ਉਧਾਰਣ ਨਾਉ ਸੁਣੰਦੇ।
੪. ਹਸਤੀ ਨੀਰਿ ਨ੍ਹਵਾਲੀਅਨਿ ਬਾਹਰਿ ਨਿਕਲਿ ਛਾਰੁ ਛਣੰਦੇ।
੫. ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸੁ ਨ ਚਿਤਿ ਧਰੰਦੇ।
੬. ਤੁੰਮੇ ਅੰਮ੍ਰਿਤ ਸਿੰਜੀਐ ਬੀਜੇ ਅੰਮ੍ਰਿਤ ਫਲ ਨ ਫਲੰਦੇ।
੭. ਕਪਟ ਸਨੇਹ ਨ ਸੇਹ ਪੁਜਦੇ ॥੯॥

**ਪਦਾਰਥ**-(ਵਾਹੜੇ=ਛੋਟੇ ਦਰਿਆ। ਹਸਤੀ=ਹਾਥੀ। ਛਾਰ ਛਣੰਦੇ=ਸੁਆਹ ਸਿਰ ਪਾਉਣੀ। (ਸਿੰਜੀਏ=ਭਰਕੇ। ਸੇਹ=ਸੋ, (ਅ) ਸੇਧ। ਜੀਵਨ ਪਦ।

**ਅਰਥ**-੧.(ਨਦੀਆਂ=) ਦਰਯਾ, ਨਾਲੇ ਅਤੇ ਵਾਹੜੇ ਗੰਗਾ ਨਾਲ ਮਿਲਕੇ ਗੰਗਾ ਹੀ (ਕਹੇ ਜਾਂਦੇ) ਹਨ। ੨.(ਕਪਟ ਸਨੇਹੀ ਐਉਂ ਨਹੀਂ ਹੁੰਦੇ ਓਹ) ਅਠਾਹਠ ਤੀਰਥਾਂ ਨੂੰ ਸੇਂਵਦੇ ਹਨ, ਦੇਵੀ ਦੇਵਤੇ ਬੀ ਪੂਜਦੇ ਹਨ। ੩.ਲੋਕ ਸ਼ਾਸਤ੍ਰ ਦੇ ਗੁਣਾਂ ਵਿਖੇ ਵੇਦਾਂ ਤੇ ਗਿਆਨ ਵਿਚ ਇਕ ਪਤਿਤੋਧਾਰਣ (ਅਕਾਲ ਪੁਰਖ) ਦੇ ਨਾਮ ਦਾ ਸ਼੍ਰਵਣ ਬੀ ਕਰਦੇ ਹਨ (ਪਰੰਤੂ ਓਹ ਲੋਕ ਇਉਂ ਹਨ ਜਿੱਕੁਰ) ੪.ਹਾਥੀ ਪਾਣੀ ਵਿਖੇ ਨ੍ਹਵਾਲਦੇ ਹਨ, ਪਰੰਤੂ ਓਹ ਬਾਹਰ ਨਿਕਲਕੇ ਸੁਆਹ ਹੀ ਉਡਾਉਂਦੇ ਹਨ। ੫.(ਤਿਵੇਂ) ਸੰਤਾਂ ਦੀ ਸੰਗਤ ਵਿਖੇ ਜੋ ਗੁਰੂ ਸ਼ਬਦ ਨੂੰ ਸੁਣਦੇ ਹਨ, (ਪਰੰਤੂ) ਗੁਰੂ ਜੀ ਦੇ ਉਪਦੇਸ਼ ਨੂੰ ਚਿੱਤ ਵਿਖੇ ਧਾਰਨ ਨਹੀਂ ਕਰਦੇ। ੬.(ਜਿਕੂੰ ਭਾਵੇਂ) ਤੁੰਮੇ ਵਿਚ ਅੰਮ੍ਰਿਤ (ਭਾਵ ਸ਼ਹਿਦ) ਭਰਕੇ ਬੀਜ ਦੇਇਏ, (ਪਰੰਤੂ) ਫਲ ਅੰਮ੍ਰਿਤ ਨਹੀਂ ਲਗਣਗੇ। ੭.ਝੂਠੇ ਸਨੇਹੀ (ਸੇਹ=) ਜੀਵਨ ਪਦ, (ਯਾ ਅਕਾਲ ਪੁਰਖ) ਨੂੰ ਪ੍ਰਾਪਤ ਨਹੀਂ ਹੁੰਦੇ।

## ੧੦. (ਸੰਢ ਵਾਂਙੂ ਮਨਮੁਖ)।

੧. ਰਾਜੇ ਦੇ ਸਉ ਰਾਣੀਆਂ ਸੇਜੈ ਆਵੈ ਵਾਰੋ ਵਾਰੀ।

੨. ਸਭੇ ਹੀ ਪਟਰਾਣੀਆਂ ਰਾਜੇ ਇਕਦੂੰ ਇਕ ਪਿਆਰੀ।
੩. ਸਭਨਾ ਰਾਜਾ ਰਾਵਣਾ ਸੁੰਦਰਿ ਮੰਦਰਿ ਸੇਜ ਸਵਾਰੀ।
੪. ਸੰਤਤ ਸਭਨਾ ਰਾਣੀਆਂ ਇਕ ਅਧ ਕਾ ਸੰਢਿ ਵਿਚਾਰੀ।
੫. ਦੋਸ਼ ਨ ਰਾਜੇ ਰਾਣੀਐ ਪੂਰਬ ਲਿਖਤੁ ਨ ਮਿਟੈ ਲਿਖਾਰੀ।
੬. ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸੁ ਨ ਮਨਿ ਉਰਧਾਰੀ।
੭. ਕਰਮਹੀਣੁ ਦੁਰਮਤਿ ਹਿਤਕਾਰੀ ॥੧੦॥

**ਪਦਾਰਥ**-(ਪਟਰਾਣੀਆਂ=ਰਾਣੀਅ ਦੀ ਸਰਦਾਰ। ਰਾਵਣਾ=ਭੋਗਣਾ। ਸੰਢ=ਬੇਉਲਾਦ।

**ਅਰਥ**-੧.(ਇਕ) ਰਾਜੇ ਦੀਆਂ ਸੌ ਰਾਣੀਆਂ (ਆਪੋ ਆਪਣੀ) ਵਾਰੀ ਨਾਲ ਸੇਜਾ ਪੁਰ ਆਵਦੀਆਂ ਹਨ। ੨.ਸਾਰੀਆਂ ਹੀ ਸਰਦਾਰ ਰਾਣੀਆਂ ਬਣੀਆਂ ਹੋਈਆਂ ਹਨ, ਰਾਜੇ ਨੂੰ ਬੀ ਇਕ ਥੋਂ ਇਕ ਵਧੀਕ ਪਿਆਰੀ ਹੈ। ੩.ਰਾਜਾ ਸਭਨਾ ਨੂੰ ਸੋਹਣੇ ਮੰਦਰਾਂ ਵਿਖੇ ਸੇਜਾ ਸਵਾਰਕੇ (ਰਾਵੰਦਾ=) ਭੋਗਦਾ ਹੈ। ੪.ਸਭਨਾਂ ਰਾਣੀਆਂ ਦੇ ਘਰ ਉਲਾਦ ਭੀ ਹੈ, ਇਕ ਅੱਧੀ ਕੋਈ (ਰਾਣੀ 'ਸੰਢ') ਬਾਂਝ ਰਹਿ ਜਾਂਦੀ ਹੈ। (ਅੱਗੇ ਦਾਰਸ਼ਟਾਂਤ ਤਿੰਨ ਤੁਕਾਂ ਵਿਖੇ ਦੱਸਦੇ ਹਨ)। ੫.ਰਾਜੇ ਅਤੇ ਰਾਣੀਆਂ ਦਾ (ਕੁਝ) ਦੂਖਨ ਨਹੀਂ ਹੈ, ਪਰ 'ਲਿਖਾਰੀ' ਦੀ ਪੂਰਬਲੀ ਲਿਖਤ ਨਹੀਂ ਮਿਟਦੀ। ੬.(ਕਿਉਂਕਿ) ਸਾਧ ਸੰਗਤ ਵਿਖੇ ਗੁਰ ਸ਼ਬਦ ਨੂੰ ਸੁਣਕੇ ਜੋ ਗੁਰ ਉਪਦੇਸ਼ ਨੂੰ ਮੰਨਣ ਨਹੀਂ ਕਰਦੇ, (ਓਹ) ੭.ਕਰਮ ਹੀਣੇ ਖੋਟੀ ਮਤ ਵਾਲੇ ਮਨਮੁਖ (ਧਿਕਾਰ=) ਧਿਕਾਰ ਲਾਇਕ ਹੀ ਰਹਿੰਦੇ ਹਨ।

**ਭਾਵ**-ਸਾਰੀ ਸ੍ਰਿਸ਼ਟੀ ਈਸ਼ਵਰ ਦੀਆਂ ਰਾਣੀਆ ਹਨ,ਕਿਓਂ ਜੋ ਗੁਰੂ ਜੀ ਬਚਨ ਕਰਦੇ ਹਨ ਕਿ- "**ਠਾਕੁਰ ਏਕੁ ਸਬਾਈ ਨਾਰਿ ॥**" (ਰਾਮ:ਮ:੧ ਦਖ:ਓਅੰ:੨੯) ਅਰਥਾਤ ਇਕ ਅਕਾਲ ਪੁਰਖ ਭਰਤਾ ਹੈ, ਹੋਰ ਸਭ ਇਸਤ੍ਰੀਆਂ ਹਨ, ਓਹ ਸਭਨਾਂ ਨੂੰ ਸੱਤਾ ਸੂਰਜ ਵਾਙੂੰ ਇਕੋ ਜਿਹੀ ਦੇ ਰਿਹਾ ਹੈ, ਪਿਆਰ ਬੀ ਉਸ ਦਾ ਸਮਾਨ ਹੈ, ਪਰੰਤੂ ਕਰਮ ਗਤੀ ਕਰਕੇ ਕੋਈ ਨਾ ਕੋਈ ਬਾਂਝ ਰਹਿ ਜਾਂਦੀ ਹੈ, ਕਿਉਂ ਜੋ ਈਸ਼ਵਰੀਯ ਆਗਯਾ ਰੂਪ ਸ੍ਵਾਂਤਿ ਬੂੰਦ ਉਸ ਦੇ ਰਿਦੇ ਵਿਖੇ ਨਹੀਂ ਟਿਕ ਸਕਦੀ, ਇਸ ਲਈ ਉਹ ਧਿਕਾਰ ਲਾਇਕ ਹੈ।

ਕਰਮ ਹੀਣ ਤੋਂ ਇਹ ਭਾਵ ਨਹੀਂ ਕਿ ਪਰਮੇਸ਼ੁਰ ਨੇ ਉਸ ਦੇ ਕਰਮ ਖੋਟੇ ਕੀਤੇ ਹਨ। ਉਸ ਨੇ ਪਿਛਲੇ ਜਨਮ ਵਿਚ ਭਲਿਆਈ ਨਾ ਕੀਤੀ, ਜਿਸ ਕਾਰਣ ਇਸ ਜਨਮ ਦੇ ਦੁਖ ਤੇ ਮੰਦ ਵਾਸ਼ਨਾਂ ਦੇ ਲੇਖ ਭੋਗਣੇ ਪਏ, ਦੋਸ਼ ਨਾ ਦੇਣ ਦਾ ਭਾਵ ਇਹ ਹੈ ਕਿ ਗੁਰਮੁਖ ਕਿਸੇ ਨੂੰ ਬੀ ਬੁਰਾ ਨਹੀਂ ਆਖਦੇ, ਪ੍ਰਸੰਗ ਅਨੁਸਾਰ ਜੋ ਕਹਿ ਬੈਠਣ ਤਾਂ ਬੀ ਫੇਰ ਆਪਣੇ ਟਿਕਾਣੇ ਬੋਲਦੇ ਹਨ ਕਿ ਮਤਾਂ ਸਾਨੂੰ ਹੰਕਾਰ ਨਾ ਆ ਜਾਵੇ, ਗੁਰਮੁਖਾਂ ਦਾ ਇਹ ਲੱਛਣ ਹੈ- "**ਤਿਸਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥**" (ਸੋਰਠ:ਮ:੫-੬)

ਏਥੇ ਇਕ ਵਿਆਹ ਯਾ ਬਹੁਤੇ ਵਿਆਹਾਂ ਦਾ ਮਸਲਾ ਨਹੀਂ ਤੈਹ ਹੋ ਰਿਹਾ। ਕੋਈ ਅਯੁਕਤ ਧੂਨੀ ਕੱਢਕੇ ਵਿਦਵਾਨਾਂ ਵਿਚ ਸ਼ਰਮਿੰਦਾ ਨਾ ਹੋਵੇ।

## ੧੧. (ਪਾਰਸ ਤੇ ਪੱਥਰ ਸਰੀਖੇ ਸਤਿਗੁਰ ਤੇ ਮਨਮੁਖ)।

੧. ਅਸ਼ਟ ਧਾਤੁ ਇਕ ਧਾਤੁ ਹੋਇ ਸਭ ਕੋ ਕੰਚਨੁ ਆਖਿ ਵਖਾਣੈ।
੨. ਰੂਪ ਅਨੂਪ ਸਰੂਪ ਹੋਇ ਮੁਲਿ ਅਮੁਲੁ ਪੰਚ ਪਰਵਾਣੈ।
੩. ਪਥਰੁ ਪਾਰਸਿ ਪਰਸੀਐ ਪਾਰਸੁ ਹੋਇ ਨ ਕੁਲ ਅਭਿਮਾਣੈ।
੪. ਪਾਣੀ ਅੰਦਰਿ ਸਟੀਐ ਤੜ ਭੜ ਡੁਬੈ ਭਾਰ ਭੁਲਾਣੈ।
੫. ਚਿਤ ਕਠੋਰ ਨ ਭਿਜਈ ਰਹੈ ਨਿਕੋਰੁ ਘੜੈ ਭੰਨਿ ਜਾਣੈ।
੬. ਅਗੀ ਅੰਦਰਿ ਫੁਟਿ ਜਾਇ ਅਹਰਣਿ ਘਣ ਅੰਦਰਿ ਹੈਰਾਣੈ।

੭. ਸਾਧ ਸੰਗਤਿ ਗੁਰ ਸਬਦ ਸੁਣਿ ਗੁਰ ਉਪਦੇਸ ਨ ਅੰਦਰਿ ਆਣੈ॥
੮. ਕਪਟ ਸਨੇਹੁ ਨ ਹੋਇ ਧਿਙਾਣੈ ॥੧੧॥

**ਪਦਾਰਥ**-(ਪੰਚ ਪਰਵਾਣੈ=ਪੰਚਾਂ ਵਿਚ ਪੂਜਨੀਕ। ਤੜ ਭੜ=ਤਾਖੜ ਤੋੜ, ਝਟ ਪਟ।
(ਭਾਰ ਭੁਲਾਣੈ=ਅਭਿਮਾਨ ਵਿਚ ਭੁੱਲਣਾ।

**ਅਰਥ**-੧.(ਪਾਰਸ ਨਾਲ ਛੁਹਕੇ) ਅੱਠਾਂ ਧਾਤਾਂ ਦੀ ਇਕ ਧਾਤ ਹੋ ਜਾਂਦੀ ਹੈ, ਸਾਰੇ (ਲੋਕ ਉਸ ਨੂੰ 'ਕੰਚਨ'), ਸੋਨਾ ਕਰਕੇ ਬੁਲਾਂਵਦੇ ਹਨ। ੨.ਅਨੂਪਮ ਰੂਪ ਵਾਲਾ ਸਰੂਪ ਹੋਕੇ ਮੁੱਲ ਥੋਂ ਅਮੋਲਕ ਹੁੰਦਾ ਹੈ ਅਰ ਪੰਚ (ਸਰਾਫ ਲੋਕ) ਉਸ ਨੂੰ ਪ੍ਰਮਾਣ ਕਰਦੇ ਹਨ (ਕਿ ਠੀਕ ਸੋਨਾ ਹੈ)। ੩.(ਪਰ) ਪੱਥਰ ਪਾਰਸ ਦੇ ਨਾਲ ਪਰਸਣ ਕਰਕੇ ਪਾਰਸ ਨਹੀਂ ਬਣਦਾ (ਕਿਉਂਕਿ ਉਸ ਨੂੰ) ਕੁਲ ਦਾ ਅਭਿਮਾਨ ਰਹਿੰਦਾ ਹੈ (ਕਿ ਮੈਂ ਬੀ ਪਾਰਸ ਦੀ ਕੁਲ ਵਿਚੋਂ ਹਾਂ, ਇਹ ਬੀ ਪੱਥਰ ਮੈਂ ਬੀ ਪੱਥਰ ਹਾਂ)। ੪.(ਜਦ)ਉਹ ਪਾਣੀ ਵਿਖੇ ਸਿੱਟੀਦਾ ਹੈ ਤਾਂ ਤਾਖੜਤੋੜ ਡੁਬ ਜਾਂਦਾ ਏ, ਅਭਿਮਾਨ ਵਿਖੇ ਭੁੱਲਿਆ ਰਹਿੰਦਾ ਹੈ (ਕਿ ਮੈਂ ਭਾਰੀ ਵਸਤੂ ਹਾਂ)। ੫.(ਪੱਥਰ ਦਾ) ਚਿਤ ਕਰੜਾ ਹੈ ਉਹ ਪਾਣੀ ਵਿਖੇ ਡੁਬਕੇ ਵੀ ਭਿਜਦਾ ਨਹੀਂ ਹੈ, (ਅੰਦਰੋਂ) ਸੁੱਕਾ ਰਹਿੰਦਾ ਅਰ ਘੜੇ ਭੰਨਣੇ (ਚੰਗੇ) ਜਾਣਦਾ ਹੈ। ੬.ਅੱਗ ਦੇ ਅੰਦਰ ਰੱਖੀਏ ਤਾਂ ਫੁੱਟ ਜਾਂਦਾ ਹੈ, ਅਹਿਰਣ ਤੇ ('ਘਣ'=) ਹਥੌੜੇ ਦੇ ਅੰਦਰ ਬੀ ਹੈਰਾਨ ਹੁੰਦਾ ਹੈ (ਭਾਵ ਟੋਟੇ ਟੋਟੇ ਹੋ ਜਾਂਦਾ ਹੈ। ਅੱਗੇ ਦਾਰਸ਼ਟਾਂਤ ਦੋ ਤੁਕਾਂ ਵਿਖੇ ਦੱਸਦੇ ਹਨ)। ੭.(ਮਨਮੁਖ) ਸਾਧ ਸੰਗਤ ਵਿਖੇ ਗੁਰ ਸ਼ਬਦ ਨੂੰ ਸੁਣਦੇ ਤਾਂ ਹਨ, ਪਰੰਤੂ ਗੁਰ ਉਪਦੇਸ਼ ਨੂੰ ਧਾਰਨ ਨਹੀਂ ਕਰਦੇ। ੮.ਕਪਟੀ ਨੂੰ ਜ਼ੋਰਾਵਰੀ ਨਾਲ ਪ੍ਰੇਮ ਨਹੀਂ ਲਗ ਸਕਦਾ।

**ਭਾਵ**-ਮਨਮੁਖ ਪੱਥਰ ਵਾਂਗੂ ਹਨ, ਅਭਿਮਾਨ ਕਰਕੇ ਕਿ ਮੈਂ ਉੱਚ ਜਾਤੀ ਹਾਂ, ਮੈਂ ਵੱਡਾ ਹਾਂ। ਸਤਿਸੰਗ ਵਿਚ ਨਿਉਂਦੇ ਨਹੀਂ। ਵਿਸ਼ਿਆਂ ਦੇ ਪਾਣੀ ਵਿਖੇ ਡੁੱਬ ਜਾਂਦੇ ਹਨ, ਜੇਕਰ ਸਾਧ ਸੰਗਤ ਵਿਖੇ ਆ ਬੀ ਜਾਣ ਤਾਂ ਉਥੇ ਆ ਕੇ ਘੜੇ ਹੀ ਭੰਨਦੇ ਹਨ। ਕਿਸੇ ਨਾ ਕਿਸੇ ਗੁਰਮੁਖ ਦੀ ਨਿੰਦਾ ਹੀ ਕਰਦੇ ਹਨ, ਦਿਲ ਦੁਖਾਉਂਦੇ ਤੇ ਦੁਖ ਦੇਂਦੇ ਹਨ। ਉਨ੍ਹਾਂ ਦੇ ਮਨ ਗੁਣਾਂ ਵਲ, ਥਣ ਦੀ ਜੋਕ ਵਾਂਙੂ, ਨਜ਼ਰ ਨਹੀਂ ਕਰਨਗੇ। ਅੱਗ ਵਿਚ ਜਾਂ ਅਹਿਰਣ ਵਿਚ ਟੁੱਟਣ ਦਾ ਭਾਵ ਇਹ ਹੈ ਕਿ ਕੋਈ ਵਿਪਦਾ ਜਾਂ ਘਰ ਦਾ ਸਨਬੰਧੀ ਮ੍ਰਿਤੂ ਹੋ ਜਾਵੇ ਤਦ ਰੱਬ ਨੂੰ ਵੱਟੇ ਮਾਰਨ ਲਗਦੇ ਹਨ 'ਕਿ 'ਸਾਡੇ ਨਾਲ ਉਸ ਨੇ ਬੁਰੀ ਕੀਤੀ ਹੈ, ਉਸ ਦੇ ਹੱਥ ਟੁੱਟ ਪੈਣ, ਸਾਡੇ ਪੁਰ ਤਾਂ ਉਤਰਕੇ ਵਰਿਹਾ ਹੈ', ਪਰ ਆਪਣੇ ਕਰਮਾਂ ਵਲ ਦ੍ਰਿਸ਼ਟੀ ਨਹੀਂ ਦਿੰਦੇ।

## ੧੨. (ਹੰਸ ਕਾਉਂ-ਗੁਰਮੁਖ)।

੧. ਮਾਣਕ ਮੋਤੀ ਮਾਨਸਰਿ ਨਿਰਮਲੁ ਨੀਰੁ ਸੁਥਾਉਂ ਸੁਹੰਦਾ।
੨. ਹੰਸ ਵੰਸੁ ਨਿਹਚਲ ਮਤੀ ਸੰਗਤਿ ਪੰਗਤਿ ਸਾਥੁ ਬਣੰਦਾ।
੩. ਮਾਣਕ ਮੋਤੀ ਚੋਗ ਚੁਗਿ ਮਾਣੁ ਮਹਤੁ ਆਨੰਦੁ ਵਧੰਦਾ।
੪. ਕਾਂਉਂ ਨਿਥਾਉਂ ਨਿਨਾਉ ਹੈ ਹੰਸਾਂ ਵਿਚਿ ਉਦਾਸੁ ਹੋਵੰਦਾ।
੫. ਭਖੁ ਅਭਖੁ ਅਭਖੁ ਭਖ ਵਣ ਵਣ ਅੰਦਰ ਭਰਮਿ ਭਵੰਦਾ।
੬. ਸਾਧ ਸੰਗਤਿ ਗੁਰਸਬਦਿ ਸੁਣਿ ਤਨ ਅੰਦਰਿ ਮਨੁ ਥਿਰੁ ਨ ਰਹੰਦਾ।
੭. ਬਜਰ ਕਪਾਟ ਨ ਖੁਲ੍ਹੈ ਜੰਦਾ॥੧੨॥

**ਪਦਾਰਥ**-(ਨੀਰ=ਪਾਣੀ। ਸੁਹੰਦਾ=ਸ਼ੋਭਦਾ ਹੈ। ਹੰਸ ਵੰਸ=ਹੰਸ ਜਾਤੀ। ਚੋਗ ਚੁਗਿ=ਚੋਗਾ
(ਚੁਗਕੇ ਮਹਤੁ=ਮਹਾਨ। ਨਿਥਾਉ=ਨਿਥਾਵਾਂ। ਬਜਰ ਕਪਾਟ=ਕਰੜੇ ਪਰਦੇ।

**ਅਰਥ**-੧.(ਸਾਧ ਸੰਗਤ ਰੂਪ) ਮਾਨਸਰ ਵਿਖੇ ਮਾਣਕ ਮੋਤੀ ਅਤੇ ਨਿਰਮਲ ਪਾਣੀ (ਹੈ ਜਿੱਥੇ ਉਹ ਹੈ,

ਉਹ) ਥਾਉਂ (ਬੀ) ਸ਼ੋਭ ਰਿਹਾ ਹੈ, (ਨਾਮ ਦਾ ਪਾਣੀ, ਮੰਨਣ ਰੂਪ ਮਾਣਕ ਅਰ ਗਿਆਨ ਮੋਤੀ ਹਨ)। ੨.ਹੰਸਾਂ ਦੀ ਵੰਸ਼ ਵਿਚ ਦ੍ਰਿੜ੍ਹ ਮਤ ਵਾਲੇ ਦੀ ਸੰਗਤ ਪੰਗਤ ਦਾ ਸਾਥ ਬਣਦਾ ਹੈ। ੩.ਮਾਣਕ ਮੋਤੀਆਂ ਦਾ ਚੋਗਾ ਚੁਗਾਕੇ ਵਡੀ ਵਡਿਆਈ ਅਰ ਅਨੰਦ ਨੂੰ ਵਧਾਉਂਦੇ ਹਨ। ੪.ਕਾਉਂ ਨਿਥਾਵਾਂ ਤੇ ਨਿਨਾਵਾਂ (ਭੈੜੇ ਨਾਂ ਵਾਲਾ) ਹੰਸਾਂ ਵਿਚ ਨਿਮੋਝੂਣਾ ਹੋਕੇ ਬੈਠਦਾ ਹੈ, (ਕਿਉਂ ਜੋ ਆਸਾ, ਇਸ਼ਟ, ਉਪਾਸ਼ਨਾ, ਖਾਨ, ਪਾਨ ਅਤੇ ਪਹਿਰਨ ਛੀ ਚੀਜਾਂ ਹੰਸਾਂ ਨਾਲ ਨਹੀਂ ਮੇਲ ਰਖਦੀਆਂ, ਇਸ ਲਈ ਉਦਾਸੀਨਤਾ ਰਹਿੰਦੀ ਹੈ)। ੫.ਭੱਖ਼ਨ ਤੋਂ ਜੋ ਅਭੱਖ ਹੈ (ਵਿਸ਼ਟਾ) ਉਸ ਭੱਖਨ ਨੂੰ ('ਭੱਖਦਾ'=) ਭੋਗਦਾ ਹੈ ਅਰ (ਵਣ ਵਣ ਕਹੀਏ) ਇਕ ਕਰੀਰੋਂ ਦੂਜੇ ਕਰੀਰ ਪਰ (ਭਾਵ ਕੁਸੰਗ ਵਿਖੇ ਜਾ) ਬੈਠਦਾ ਹੈ (ਅਥਵਾ) ਭੱਖ ਵਸਤੂ ਨੂੰ ਅਭੱਖ ਕਰਕੇ ਅਭੱਖ ਨੂੰ ਭਖਦਾ ਹੈ, (ਭਾਵ ਸੰਤਾਂ ਦੀ ਉਸਤੁਤ ਛੱਡ ਕੇ ਨਿੰਦਾ ਨੂੰ ਕਬੂਲਦਾ ਹੈ)। ੬.ਸਾਧ ਸੰਗਤ ਵਿਖੇ (ਮਨਮੁਖ) ਗੁਰੂ ਦਾ ਸ਼ਬਦ ਸੁਣਦਾ ਤਾਂ ਹੈ ਪਰੰਤੂ ਉਸ ਦਾ ਮਨ ਸਰੀਰ ਵਿਖੇ ਸਥਿਰ ਹੋਕੇ ਨਹੀਂ ਬੈਠਦਾ, (ਭਾਵ-ਵਿਸ਼ਯਾਂ ਵੱਲ ਦੌੜਦਾ ਹੈ)। ੭.ਇਸੇ ਕਾਰਣ ਵੱਜਰ ਵਤ ਕਪਾਟਾਂ ਦੇ ਜੰਦਰੇ (ਅੰਤਹਕਰਨਾਂ) ਤੋਂ ਨਹੀਂ ਖੁਲ੍ਹਦੇ।

**ਭਾਵ**-ਸਤਿਗੁਰੂ ਦੇ ਮਿਲਿਆਂ ਭੀ ਵਿਸ਼ਯ ਭੋਗਦੇ ਰਿਹਾਂ, ਉਸ ਨੇ ਮਿੱਟੀ ਤਰਣਾ ਹੈ ? ਜਨਮ ਮਰਣ ਉਮਦਾ ਕਦੇ ਨਹੀਂ ਹਟੇਗਾ।

ਯਥਾ- **"ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਸੁ ਬਜਾਈਐ ਫੂਕ ॥੧੫੮॥"**

## ੧੩. (ਰੋਗੀ ਰੂਪ ਮਨਮੁਖ)।

੧. ਰੋਗੀ ਮਾਣਸ ਹੋਇਕੈ ਫਿਰਦਾ ਬਾਹਲੇ ਵੈਦ ਪੁਛੰਦਾ।
੨. ਕਚੈ ਵੈਦ ਨ ਜਾਣਨੀ ਵੇਦਨ ਦਾਰੂ ਰੋਗੀ ਮੰਦਾ।
੩. ਹੋਰੋ ਦਾਰੂ ਰੋਗੁ ਹੋਰਿ ਹੋਇ ਪਚਾਇਣ ਦੁਖ ਸਹੰਦਾ।
੪. ਆਵੈ ਵੈਦੁ ਸੁਵੈਦੁ ਘਰਿ ਦਾਰੂ ਦਸੈ ਰੋਗੁ ਲਹੰਦਾ।
੫. ਸੰਜਮਿ ਰਹੈ ਨ ਖਾਇ ਪਥੁ ਖਟਾ ਮਿਠਾ ਸਾਉ ਚਖੰਦਾ।
੬. ਦੋਸੁ ਨ ਦਾਰੂ ਵੈਦ ਨੋ ਵਿਣੁ ਸੰਜਮਿ ਨਿਤ ਰੋਗੁ ਵਧੰਦਾ।
੭. ਕਪਟ ਸਨੇਹੀ ਹੋਇਕੈ ਸਾਧ ਸੰਗਤਿ ਵਿਚਿ ਆਇ ਬਹੰਦਾ।
੮. ਦੁਰਮਤਿ ਦੂਜੈ ਭਾਇ ਪਚੰਦਾ॥੧੩॥

**ਪਦਾਰਥ**-(ਪੁਛੰਦਾ=ਪੁੱਛਦਾ ਹੋਇਆ। ਵੇਦਨ=ਪੀੜਾ। ਪਚਾਇਣ=ਪਚੇੜ, ਪਹਿਲੇ ਨਾਲੋਂ (ਰੋਗ ਦਾ ਵੱਧ ਹੋ ਜਾਣਾ। ਸੁਵੈਦੁ=ਸ਼ਿਰੋਮਣੀ ਵੈਦ। ਸੰਜਮ=ਪ੍ਰਹੇਜ਼ਗਾਰੀ।

**ਅਰਥ**-੧.ਮਨੁੱਖ ਰੋਗੀ ਹੋਕੇ ਬਾਹਲੇ ਵੈਦਾਂ ਨੂੰ ਪੁੱਛਦਾ ਹੋਇਆ (ਹੱਥ ਦਿਖਾਉਂਦਾ) ਫਿਰਦਾ ਹੈ। ੨.(ਕੱਚਾ) ਅਨਪੜ੍ਹ ਹਕੀਮ ਰੋਗੀ ਦੀ ਪੀੜਾ ਅਤੇ ਉਸ ਦਾ ਦਾਰੂ ਨਹੀਂ ਜਾਣਦਾ, (ਭਈ ਮਰਜ਼ ਕੀ ਅਰ ਔਖਧੀ ਕੀ ਹੈ?) ੩.ਹੋਰ ਹੀ ਦਾਰੂ ਹੁੰਦਾ ਹੈ, ਅਰ ਮਰਜ਼ ਬੀ ਹੋਰ ਹੁੰਦੀ ਹੈ, ਇਸ ਕਰਕੇ ਪਚੇੜ ਹੋਕੇ ਦੁਖ ਸਹਾਰਦਾ ਹੈ। ੪.ਜਦ ਕੋਈ ਸ਼ਿਰੋਮਣੀ ਹਕੀਮ ਘਰ ਵਿਖੇ ਆਉਂਦਾ ਹੈ ਤਾਂ ਉਸ ਦੇ ਦਾਰੂ ਦੱਸਣ ਨਾਲ ਰੋਗ ਹਟ ਜਾਂਦਾ ਹੈ। ੫.ਜੇਕਰ (ਮਰੀਜ਼) ਪ੍ਰਹੇਜ਼ਗਾਰੀ ਨਾ ਰਖੇ, ਪੱਖ ਵਸਤੂ ਨਾ ਖਾਵੇ, ਖੱਟਾ ਮਿੱਠਾ ਸਾਰੇ ਸੁਆਦ ਚੱਖਣ ਲੱਗ ਜਾਵੇ। ੬.ਦਾਰੂ ਅਤੇ ਵੈਦ ਦਾ ਕੋਈ ਕਸੂਰ ਨਹੀਂ ਹੈ, ਕਿਉਂ ਕਿ ਪ੍ਰਹੇਜ਼ ਤੋਂ ਬਾਝ ਨਿਤ ਮਰਜ਼ ਵਧਦੀ ਜਾਵੇਗੀ। ੭.ਝੂਠੇ ਪ੍ਰੇਮੀ (ਮਨਮੁਖ ਲੋਕ) ਸਾਧ ਸੰਗਤ ਵਿਖੇ ਆ ਬੈਠਦੇ ਹਨ(ਭਾਵ ਦੱਸਦੇ ਹਨ ਕਿ ਅਸੀਂ ਵਡੇ ਪ੍ਰੇਮ ਨਾਲ ਆਏ ਹਾਂ)। ੮.(ਮਨਮੁਖ) ਖੋਟੀ ਮਤ

ਵਾਲਾ ਦੂਜੇ ਭਾਉ ਵਿਖੇ ਹੀ ਸੜਦਾ ਹੈ।

**ਭਾਵ**-ਸਚੇ ਵੈਦ ਦਾ ਦਾਰੂ ਕਰੋ, ਪੱਥ ਰਖੋ। ਕੱਚੇ ਵੈਦ ਨਾਸ਼ ਕਰਨਗੇ।

ਯਥਾ-"**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥**
**ਕਾਚੀ ਸਰਸਉਂ ਪੇਲਿਕੈ ਨਾ ਖਲਿ ਭਈ ਨ ਤੇਲੁ ॥੨੪੦॥**"

## ੧੪. (ਗਧੇ ਤੋਂ ਮਨਮੁਖ ਦਾ ਰੂਪਕ)।

੧. ਚੋਆ ਚੰਦਨੁ ਮੇਦੁ ਲੈ ਮੇਲੁ ਕਪੂਰ ਕਥੂਰੀ ਸੰਦਾ।
੨. ਸਭ ਸੁਗੰਧ ਰਲਾਇਕੈ ਗੁਰੁ ਗਾਂਧੀ ਅਰਗਜਾ ਕਰੰਦਾ।
੩. ਮਜਲਸ ਆਵੈ ਸਾਹਿਬਾਂ ਗੁਣ ਅੰਦਰਿ ਹੋਇ ਗੁਣ ਮਹਕੰਦਾ।
੪. ਗਦਹਾ ਦੇਹੀ ਖਉਲੀਐ ਸਾਰ ਨ ਜਾਣੈ ਨਰਕ ਭਵੰਦਾ।
੫. ਸਾਧਸੰਗਤਿ ਗੁਰਸਬਦੁ ਸੁਣਿ ਭਾਉ ਭਗਤਿ ਹਿਰਦੈ ਨ ਧਰੰਦਾ।
੬. ਬਧਾ ਚਟੀ ਜਾਇ ਭਰੰਦਾ ॥੧੪॥

**ਪਦਾਰਥ**-(ਚੋਆ=ਚੋਹੇ ਦਾ ਗੁਲਾਬ, ਅਰਕ। ਮੇਦੁ=ਬਿੱਲੀ ਦੀ ਮੁਸ਼ਕ, ਬਿਲਾਈ।
(ਕਥੂਰੀ=ਕਸਤੂਰੀ।ਸੰਦਾ=ਸਬੰਧ ਕਾਰਕ 'ਦੀ' ਵਿਭਕਤੀ ਦਾ ਚਿੰਨ੍ਹ।
(ਗੁਰੁ ਗਾਂਧੀ=ਗੁਰੂ ਅਵਤਾਰ। ਸਰਗਜਾ=ਅਠ ਸੁਗੰਧੀਆਂ ਦਾ ਸਾਰ।
(ਮਜਲਸ=ਸਭਾ। ਖਉਲੀਐ=ਮਲੀਏ।

**ਅਰਥ**-੧.ਚੋਆ ਚੰਦਨ, ਮੁਸ਼ਕ ਬਿਲਾਈ ਲੈਕੇ ਕਪੂਰ ਅਤੇ ਕਸਤੂਰੀ ਦਾ ਮੇਲ (ਨਾਲ ਕਰਦਾ ਹੈ)। ੨.ਸਾਰੀਆਂ (ਅੱਠ) ਸੁਗੰਧਾਂ ਰਲਾਕੇ 'ਗੁਰੂ' ਗਾਂਧੀ (ਗੁਰੂ ਜਾਂ ਵਡਾ ਅਤਾਰ) ਅਰਗਜਾ (ਨਾਮ ਇਕ ਸੁਗੰਧੀ) ਬਣਾਉਂਦਾ ਹੈ। ੩.(ਅਰਗਜਾ ਜਦ) ਵਡਿਆਂ ਲੋਕਾਂ ਦੀ ਸਭਾ ਵਿਖੇ ਆਉਂਦਾ ਹੈ (ਜਿਨ੍ਹਾਂ ਦੇ ਅੰਦਰ ਗੁਣਾਂ ਦੀ ਕਦਰ ਹੈ ਉਥੇ) ਗੁਣ ਹੋਕੇ 'ਮਹਿਕਦਾ' ਹੈ। ੪.(ਉਹੋ ਅਰਗਜਾ) ਖੋਤੇ ਦੀ ਦੇਹੀ ਪੁਰ ਮਲੀਏ ਉਹ (ਨਰਕ=) ਅਰੂੜੀ ਉਤੇ ਭੌਣ ਵਾਲਾ ਉਸ ਦੀ ਕਦਰ ਨਹੀਂ ਜਾਣਦਾ। ੫.(ਤਿਵੇਂ) ਸਾਧਸੰਗਤ ਵਿਖੇ ਗੁਰ ਸ਼ਬਦ ਨੂੰ ਸੁਣਕੇ ਪ੍ਰੇਮਾ ਭਗਤੀ ਨੂੰ (ਮਨਮੁਖ) ਧਾਰਨ ਨਹੀਂ ਕਰਦਾ ਹੈ। ੬.ਅੱਖੀਂ ਦੇ ਹੁੰਦਿਆਂ (ਸਤਿਸੰਗ ਦਾ ਦਰਸ਼ਨ ਕਰਦਾ ਹੋਇਆ ਬੀ) ਅੰਨ੍ਹਾਂ ਅਰ ਕੰਨੀਂ (ਕਥਾ) ਸੁਣਦਿਆਂ ਵੀ (ਨਾ ਮਨਣ ਕਰਕੇ) ਬੋਲਾ ਬਣ ਜਾਂਦਾ ਹੈ (ਜੇ ਕੋਈ ਬਾਹਲੀ ਖਿੱਚ ਕਰੇ ਤਾਂ) ੭.ਬੱਧਾ ਚੱਟੀ ਜਾਕੇ ਭਰ ਛੱਡਦਾ ਹੈ।

**ਭਾਵ**-ਗੁਰੂ ਜੀ ਨੇ ਇਹ ਅਰਗਜਾ ਬਣਾਇਆ ਹੈ ਸਤਿ, ਸੰਤੋਖ, ਵੀਚਾਰ, ਨਾਮ, ਸ਼੍ਰਵਨ, ਮੰਨਣ, ਨਿਧਯਾਸਨ, ਸਾਖਯਾਤਕਾਰ ਅਰਥਾਤ 'ਸਬਦ ਤੇ ਸੁਰਤ' ਦਾ ਪ੍ਰੇਮ, ਇਸ ਦੀ ਕਦਰ ਸੱਚ ਦੇ ਖੋਜੀਆਂ ਨੂੰ ਹੈ, ਮਨਮੁਖ ਖੋਤੇ ਵਾਂਗ ਵਿਸ਼ੇ ਅਰੂੜੀਆਂ ਦੇ ਪਿਆਰੇ ਹਨ, ਉਹ ਜੇ ਭੁੱਲੇ ਚੁੱਕੇ ਯਾ ਧੱਕੇ ਧਕਾਏ ਸਤਿਸੰਗ ਵਿਚ ਆ ਬੀ ਜਾਣ ਤਾਂ "**ਬਧਾ ਚਟੀ ਜੋ ਭਰੇ ਨਾ ਗੁਣੁ ਨ ਉਪਕਾਰੁ ॥**" (ਸੂਹੀ:ਵਾਰ-੭)

## ੧੫. (ਪਟ, ਕੰਬਲ-ਗੁਰਮੁਖ ਮਨਮੁਖ)।

੧. ਧੋਤੇ ਹੋਵਨਿ ਉਜਲੇ ਪਾਟ ਪਟੰਬਰ ਖਰੇ ਅਮੋਲੇ।
੨. ਰੰਗ ਬਿਰੰਗੀ ਰੰਗੀਅਨਿ ਸਭੇ ਰੰਗ ਸੁਰੰਗ ਅਡੋਲੇ।
੩. ਸਾਹਿਬ ਲੈ ਲੈ ਪੈਨ੍ਹਦੇ ਰੂਪ ਰੰਗ ਰਸ ਵੰਸ ਨਿਕੋਲੇ।
੪. ਸੋਭਾਵੰਤੁ ਸੁਹਾਵ੍ਣੇ ਚਜਰ ਅਚਾਰ ਸੀਗਾਰ ਵਿਚੋਲੇ।

੫. ਕਾਲਾ ਕੰਬਲੁ ਉਜਲਾ ਹੋਇ ਨ ਧੋਤੇ ਰੰਗਿ ਨਿਰੋਲੇ।
੬. ਸਾਧ ਸੰਗਤਿ ਗੁਰ ਸਬਦੁ ਸੁਣਿ ਝਾਕੈ ਅੰਦਰਿ ਨੀਰੁ ਵਿਰੋਲੇ।
੭. ਕਪਟ ਸਨੇਹੀ ਉਜੜ ਖੋਲੇ ॥੧੫॥

**ਪਦਾਰਥ**-(ਉਜਲੇ=ਨਿਰਮਲ। ਪਟੰਬਰ=ਰੇਸ਼ਮੀ ਕੱਪੜੇ। ਸੁਰੰਗੁ=ਸੁਹਣਾ ਰੰਗ।
(ਨਿਕੋਲੇ=ਨੇਕ, (ਅ) ਨਵੀਨ। ਵਿਚੋਲੇ=ਵਕੀਲ। ਨਿਰੋਲੇ=ਸ਼ੁੱਧ।
(ਵਿਰੋਲੇ=ਛਿੜਕਨਾ ਉਜੜ ਖੋਲੇ=ਉਜੜੇ ਘਰ, ਖੰਡਰਾਤ।)

**ਅਰਥ**-੧.ਰੇਸ਼ਮ ਤੇ ਰੇਸ਼ਮ ਦੇ ਕਪੜੇ ਧੋਤਿਆਂ ਉੱਜਲ ਹੋ ਜਾਂਦੇ ਹਨ (ਤੇ) ਖਰੇ ਅਮੋਲਕ (ਬਣ ਜਾਂਦੇ ਹਨ)। ੨.ਨਾਨਾ ਭਾਂਤ ਦੇ (ਲਾਲ ਪੀਲੇ ਆਦਿ) ਰੰਗਾਂ ਨਾਲ ਰੰਗੀਦੇ ਹਨ, ਸਾਰੇ ਸੁਹਣੇ ਰੰਗ (ਅਡੋਲ ਕਹੀਏ) ਪੱਕੇ (ਚੜ੍ਹਦੇ ਹਨ)। ੩.ਅਮੀਰ ਲੋਕ ਮੁੱਲ ਲੈ ਲੈਕੇ (ਪਟੰਬਰਾਂ ਨੂੰ) ਪਹਿਨਕੇ ਰੂਪ, ਰੰਗ ਅਰ ਰਸ, (ਪ੍ਰੇਮ ਵਿਚ, 'ਵੰਸ ਨਿਕੋਲੇ') ਨੇਕ ਕੁਲ ਦੇ (ਭਾਸਦੇ ਹਨ, ਭਾਵ ਪਟੰਬਰਾਂ ਨਾਲ ਰੂਪ ਰੰਗਾਦਿ ਵਿਖੇ ਨੇਕ ਘਰਾਣੇ ਹੀ ਕਹੀਦੇ ਹਨ)। ੪.(ਏਹ ਰੇਸ਼ਮੀ ਕਪੜੇ) ਚੱਜ (ਵਿਆਹ ਆਦਿ ਢੰਗਾਂ) ਪੂਜਾ ਕਾਰਜਾਂ, (ਸ਼ਿੰਗਾਰਾਂ ਦੇ) ਵਿਚੋਲੇ (ਰੂਪ ਦੀ ਮਹਿਮਾਂ ਵਧਾਉਣ ਵਾਲੇ) ਹੋਕੇ ਸ਼ੋਭਾ ਵਾਲੇ ਤੇ ਸੁਹਾਵਣੇ ਕਰਦੇ ਹਨ (ਪਹਿਨਾਊਆਂ ਨੂੰ)। ੫.ਕਾਲਾ ਕੰਬਲ (=ਭੂਰਾ) ਧੋਣ ਨਾਲ ਉੱਜਲਾ ਨਹੀਂ ਹੁੰਦਾ ਅਰ ਨਾ ਹੀ (ਉਸ ਪਰ ਕੋਈ) ਸ਼ੁੱਧ ਰੰਗ ਹੀ ਚੜ੍ਹਦਾ ਹੈ(ਜਿਹਾ-"**ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤ**॥" (ਸ:ਕਬੀਰ-੧੦੦) ੬.(ਸਾਕਤ ਲੋਕ) ਸਾਧ ਸੰਗਤ ਵਿਖੇ ਗੁਰ ਸ਼ਬਦ ਨੂੰ ਸੁਣਕੇ (ਮਾਇਆ ਨੂੰ) ਮਨ ਦੇ ਅੰਦਰ ਤਾੜਦੇ (ਅਰ) ਪਾਣੀ ਹੀ ਰਿੜਕਦੇ ਹਨ (ਕਿਉਂ ਜੋ ਜਿਸ ਮਨ ਨੇ ਧਾਰਨ ਕਰਨਾ ਸੀ ਉਹ ਮਾਇਆ ਦੀ ਝਾਕ ਵਿਚ ਹੈ, ਇਸ ਲਈ ਮੱਖਣੋਂ ਸੱਖਣਾ ਹੀ ਰਹਿੰਦਾ ਹੈ)। ੭.ਕਪਟੀ ਲੋਕ ਉਜੱੜੇ ਘਰ ਵਾਂਙੂ ਹਨ।

**ਭਾਵ**-ਸੰਤ ਲੋਕ ਪਟ ਦੇ ਕੱਪੜਿਆਂ ਵਾਂਗੂ ਆਪ ਬੀ ਉੱਜਲ ਅਰ ਪਹਿਨਣ ਵਾਲਿਆਂ ਸੰਗੀਆਂ ਦੀ ਆਬਰੂ ਅਰ ਨੇਕ ਕੁਲ ਦੀ ਨਾਮਵਾਰੀ ਦੱਸਦੇ ਹਨ। ਸਾਕਤ ਦੇ ਮਨ ਭੂਰਿਆਂ ਅਰ ਉੱਜੜ ਖੋਲਿਆਂ ਵਾਂਙੂ ਕਾਲੇ ਕਲਿੱਠ ਹਨ, ਇਸ ਲਈ ਨਾਮ ਦੇ ਰੰਗ ਥੋਂ ਖਾਲੀ ਰਹਿਕੇ ਸੱਖਣੇ ਹੱਥ ਮਰ ਜਾਂਦੇ ਹਨ।

## ੧੬. (ਤਿਲ ਬੂਆੜ-ਗੁਰਮੁਖ ਮਨਮੁਖ)।

੧. ਖੇਤੈ ਅੰਦਰਿ ਜੰਮਿਕੈ ਸਭ ਦੂੰ ਉਚਾ ਹੋਇ ਵਿਖਾਲੇ।
੨. ਬੂਟੁ ਵਡਾ ਕਰਿ ਫੈਲਦਾ ਹੋਇ ਚੁਹਚੁਹਾ ਆਪੁ ਸਮਾਲੇ।
੩. ਖੇਤਿ ਸਫਲ ਹੋਇ ਲਾਵਣੀ ਛੁਟਨਿ ਤਿਲੁ ਬੂਆੜ ਨਿਰਾਲੇ।
੪. ਨਿਹਫਲ ਸਾਰੇ ਖੇਤ ਵਿਚਿ ਜਿਉ ਸਰਵਾੜ ਕਮਾਦ ਵਿਚਾਲੇ।
੫. ਸਾਧ ਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹੁ ਕਰਨਿ ਬੇਤਾਲੇ।
੬. ਨਿਹਫਲ ਜਨਮ ਅਕਾਰਥਾ ਹਲਤਿ ਪਲਤਿ ਹੋਵਨਿ ਮੁਹ ਕਾਲੇ।
੭. ਜਮਪੁਰਿ ਜਮ ਜੰਦਾਰਿ ਹਵਾਲੇ ॥੧੬॥

**ਪਦਾਰਥ**-(ਬੂਟੁ=ਮੁੱਢ। ਚੁਹਚੁਹਾ=ਲਹਿ ਲਹਾਉਣਾ। ਲਾਵਣੀ=ਕਟਾਈ।ਛੁਟਨ=ਛੁੱਟਦੇ ਹਨ।
(ਨਿਰਾਲੇ=ਅਲੱਗ। ਸਰਵਾੜ=ਸਰਕੜਾ, ਖੋਰੀ। ਬੇਤਾਲੇ=ਭੂਤਨੇ।
(ਜੰਮ ਜੰਦਾਰਿ=ਜਮ ਜਿੰਦ ਦਾ ਅਰੀ, ਜੰਦਰ ਨਾਲ ਮਾਰਨ ਵਾਲਾ ਜਮ।

**ਅਰਥ**-੧.ਪੈਲੀ ਵਿਖੇ ਜੰਮਕੇ ਸਾਰਿਆਂ (ਬੂਟਿਆਂ ਨਾਲੋਂ) ਉਤਕ੍ਰਿਸ਼ਟ ਹੋਕੇ ਦੱਸਦਾ ਹੈ। ੨.ਮੁੱਢ ਨੂੰ

ਵੱਡਾ ਕਰਕੇ ਫੈਲਦਾ ਹੈ, ਲਹਿ ਲਹਿ ਕਰਕੇ ਆਪਣੇ ਆਪਨੂੰ 'ਸਮ੍ਹਾਲਦਾ' ਦ੍ਰਿੜ੍ਹ ਕਰਦਾ ਹੈ। ੩.(ਜਦ) ਖੇਤ ਵਿਚੋਂ ਫਲ ਵਾਲਿਆਂ ਦੀ ਕਟਾਈ ਹੋ ਜਾਂਦੀ ਹੈ ਬੂਆੜ ਨਵੇਕਲੇ ਛੱਡੇ ਜਾਂਦੇ ਹਨ। ੪.(ਕਿਉਂ ਜੋ) ਸਾਰੇ ਖੇਤ ਵਿਚ (ਬੂਆੜ ਤਿਲ) ਨਿਸ਼ਫਲ ਹੁੰਦੇ ਹਨ ਜਿਕੁਰ ਕਮਾਦ ਦੀ ਪੈਲੀ ਵਿੱਚ ਸਰਕੜਾ (ਯਥਾ :- "**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉਂ ਸੁੰਞੇ ਅੰਦਰਿ ਖੇਤ ॥**") (ਆਸਾ:ਵਾਰ-੧) ੫.ਸਾਧ ਸੰਗਤ (ਵਿਚ ਰਹਿਕੇ) ਗੁਰਸ਼ਬਦ ਨੂੰ ਸੁਣਕੇ ਬੀ (ਬੇਤਾਲ=) ਮੂਰਖ (ਜਾਂ ਮਸਾਣੀ ਭੂਤਨੇ) ਹਨ (ਯਥਾ :-"**ਬਿਨੁ ਬੂਝੇ ਪਸੂ ਭਏ ਬਿਤਾਲੇ ॥**") (ਗਉ:ਮ:੧) ੬.(ਉਨ੍ਹਾਂ ਦਾ) ਜਨਮ (ਇਥੇ ਬੀ) ਨਿਹਫਲ (ਅਤੇ ਅੱਗੇ ਵੀ) ਅਕਾਰਥ ਹੈ, ਲੋਕ ਪ੍ਰਲੋਕ ਵਿਖੇ ਮੂੰਹ ਕਾਲੇ ਹੁੰਦੇ ਹਨ! ੭.'ਜਮਪੁਰੀ' ਵਿਖੇ 'ਜਮ ਜੰਦਾਰ' ਦੇ ਹਵਾਲੇ ਹੁੰਦੇ ਹਨ (ਯਥਾ :- "**ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ॥**") (ਗਉ:ਚੇਤੀ:੧:ਚਉ-੧੪)

## ੧੭: (ਕੈਂਹਾਂ ਅਰ ਸੰਖ ਤੋਂ ਮਨਮੁਖ)।

੧. ਉਜਲ ਕੈਹਾਂ ਚਿਲਕਣਾ ਥਾਲੀ ਜੇਵਣਿ ਜੂਠੀ ਹੋਵੈ।
੨. ਜੂਠਿ ਸੁਆਹੂ ਮਾਂਜੀਐ ਗੰਗਾ ਜਲ ਅੰਦਰਿ ਲੈ ਧੋਵੈ।
੩. ਬਾਹਰੁ ਸੁਚਾ ਧੋਤਿਆਂ ਅੰਦਰਿ ਕਾਲਖ ਅੰਤਿ ਵਿਗੋਵੈ।
੪. ਮਨਿ ਜੂਠੇ ਤਨਿ ਜੂਠਿ ਹੈ ਥੁਕਿ ਪਵੈ ਮੁਹਿ ਵਜੈ ਰੋਵੈ।
੫. ਸਾਧ ਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹੀ ਗਲਾਂ ਗੋਵੈ।
੬. ਗਲੀ ਤ੍ਰਿਪਤ ਨ ਹੋਵਈ ਖੰਡੁ ਖੰਡੁ ਕਰਿ ਸਾਉ ਨ ਭੋਵੈ।
੭. ਮਖਨੁ ਖਾਇ ਨ ਨੀਰੁ ਵਿਲੋਵੈ॥੧੭॥

**ਪਦਾਰਥ**-(ਜੇਵਣਿ-ਖਾਣ ਨਾਲ। ਜੂਠਿ=ਅਪਵਿੱਤ੍ਰ। ਵਿਗੋਵੈ=ਖਰਾਬ ਹੁੰਦਾ ਹੈ। (ਗਲਾਂ ਗੋਵੈ=ਬਕ ਬਕ ਕਰਣਾ। ਸਾਉ ਨ ਭੋਵੈ=ਸ੍ਵਾਦ ਨਹੀਂ ਹੁੰਦਾ। (ਨੀਰੁ ਵਿਲੋਵੈ=ਪਾਨੀ ਰਿੜਕਣ ਨਾਲ।

**ਅਰਥ**-੧.ਕੈਂਹਾਂ ਨਾਮੇਂ ਧਾਤੂ ਵੱਡਾ 'ਉੱਜਲਾ' (ਚਿੱਟਾ) ਅਰ ਚਿਲਕਦਾ ਹੈ, ਰੋਟੀ ਜੇਵਣ ਨਾਲ ਥਾਲੀ ਜੂਠੀ ਹੋ ਜਾਂਦੀ ਹੈ। ੨.ਜੂਠ ਸੁਆਹ ਨਾਲ ਮਾਂਜੀ ਜਾਂਦੀ ਹੈ, ਫੇਰ ਉਸਨੂੰ (ਕਰਮ ਕਾਂਡੀ ਲੋਕ) ਗੰਗਾ ਜਲ ਦੇ ਅੰਦਰ ਬੀ ਧੋਂਦੇ ਹਨ। ੩.ਬਾਹਰੋਂ ਤਾਂ ਧੋਤਾ ਹੋਇਆ ਸੁਚਾ ਹੋ ਜਾਂਦਾ ਹੈ (ਪਰੰਤੂ) ਅੰਦਰੋਂ ਕਾਲਾ ਤੇ ਅੰਤ ਉਸ ਦਾ ਖ਼ਰਾਬ ਹੈ, (ਯਥਾ :- "**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥**" (ਸੂਹੀ:ਮ:੧) ਅੱਗੇ ਚੌਥੀ ਤੁਕ ਵਿਖੇ ਸੰਖ ਦਾ ਦ੍ਰਿਸ਼ਟਾਂਤ ਦਿੰਦੇ ਹਨ)। ੪.ਮਨ ਦਾ ਬੀ ਜੂਠਾ ਹੈ, (ਭਾਵ ਪੋਲਾ ਹੈ) ਤੇ ਤਨ ਦਾ ਭੀ ਜੂਠਾ ਹੈ (ਕਿਉਂ ਜੋ ਵਜਾਉਣ ਵੇਲੇ (ਉਸਦੇ) ਮੂੰਹ ਵਿਖੇ ਥੁੱਕਾਂ ਪੈਂਦੀਆਂ ਹਨ ਤੇ ਰੋਂਦਾ ਹੈ (ਕਿ ਹਾਇ ਮੈਂ ਕਿਉਂ ਸਮੁੰਦਰੋਂ ਨਿਕਲਿਆ)। ੫.ਸਾਧ ਸੰਗਤ ਵਿਚ ਗੁਰੂ ਦਾ ਸ਼ਬਦ ਸੁਣਕੇ ਕਪਟ ਸਨੇਹੀ ਕੇਵਲ ਗੱਲਾਂ ਹੀ ਕਰਦੇ ਹਨ, (ਪਰ ਗੱਲਾਂ ਨਾਲ ਕੀ ਬਣਦਾ ਹੈ)। ੬.(ਜਿਕੁਰ) ਖੰਡ ਖੰਡ ਆਖਦੇ ਰਹੋ (ਤੇ ਮੂੰਹ ਵਿਖੇ ਨ ਪਾਓ ਤਾਂ) ਸਵਾਦ ਨਾ ਆਵੇਗਾ, (ਇੱਕੁਰ) ਗੱਲਾਂ ਨਾਲ (ਆਤਮਾ ਦੀ) ਤ੍ਰਿਪਤੀ ਨਹੀਂ ਹੁੰਦੀ। ੭.(ਯਾ) ਪਾਣੀ ਦੇ ਰਿੜਕਣ ਨਾਲ (ਕਦੇ) ਮੱਖਣ ਨਹੀਂ (ਕੋਈ) ਖਾ ਸਕਦਾ।

## ੧੮. (ਅਰਿੰਡ ਕਨੇਰ-ਕਪਟ ਸਨੇਹੀ)।

੧. ਰੁਖਾਂ ਵਿਚਿ ਕੁਰੁਖ ਹਨਿ ਦੋਵੇਂ ਅਰੰਡ ਕਨੇਰ ਦੁਆਲੇ।
੨. ਅਰੰਡ ਫਲੈ ਅਰਡੋਲੀਆਂ ਫਲ ਅੰਦਰਿ ਬੀਅ ਚਿਤਮਿਤਾਲੇ।

੩. ਨਿਬਹੈ ਨਾਹੀਂ ਨਿਜੜਾ ਹਰਵਰਿ ਆਈ ਹੋਇ ਉਚਾਲੇ।
੪. ਕਲੀਆਂ ਪਵਨਿ ਕਨੇਰ ਨੋ ਦੁਰਮਤਿ ਵਿਚਿ ਦੁਰਗੰਧਿ ਦਿਖਾਲੇ।
੫. ਬਾਹਰੁ ਲਾਲੁ ਗੁਲਾਲੁ ਹੋਇ ਅੰਦਰਿ ਚਿਟਾ ਦੁਬਿਦਾ ਨਾਲੇ।
੬. ਸਾਧ ਸੰਗਤਿ ਗੁਰ ਸਬਦੁ ਸੁਣਿ ਗਣਤੀ ਵਿਚਿ ਭਵੈ ਭਰ ਨਾਲੇ।
੭. ਕਪਟ ਸਨੇਹ ਖੇਹ ਮੁਹ ਕਾਲੇ॥੧੮॥

**ਪਦਾਰਥ**-(ਕਰੁੱਖ=ਭੈੜੇ ਰੁੱਖ। ਦੁਆਲੇ=ਚੌਫੇਰੇ। ਅਰਡੋਲੀਆਂ=ਡੋਡੀਆਂ।
(ਚਿਤਮਿਤਾਲੇ=ਚਿਤਰ ਮਿਤਰੇ। ਨਿਜੜਾ=ਜੜ੍ਹਾਂ ਰਹਿਤ।
(ਹਰਵਰਿ=ਥੜੀ ਪੌਣ ਦਾ ਬੁੱਲਾ। ਉਚਾਲੇ=ਟੁੱਟਣ ਲੱਗਦੇ ਹਨ।
(ਭਰ ਨਾਲੇ=ਭਾਰ ਨਾਲ। (ਅ) ਸਮੁੰਦਰ (ਭਰਨ+ਆਲਯ)।

**ਅਰਥ**- ੧.ਬ੍ਰਿਛਾਂ ਵਿਚ ਅਰਿੰਡ ਅਤੇ ਕਨੇਰ (ਖੇਤ ਦੇ) ਦੁਆਲੇ ਭੈੜੇ ਬ੍ਰਿਛ ਹਨ। (ਅੱਗੇ ਕਾਰਨ ਦੱਸਦੇ ਹਨ)। ੨.ਅਰਿੰਡ ਦੇ ਨਾਲ (ਅਰਡੋਲੀਆਂ) ਡੋਡੀਆਂ ਲੱਗਦੀਆਂ ਹਨ (ਉਸ) ਫਲ ਦੇ ਅੰਦਰ ਬੀਜ ਚਿੱਤਰੇ ਮਿੱਤਰੇ ਹੁੰਦੇ ਹਨ, (ਇਕ ਸਾਰ ਨਹੀਂ ਹੁੰਦੇ)। ੩.(ਅਰਿੰਡ ਬਾਹਲੇ ਚਿਰ ਤੀਕ) ਨਹੀਂ ਟਿਕਦਾ (ਕਿਉਂ ਜੋ) ਜੜ੍ਹਾਂ ਥੋਂ ਰਹਿਤ ਹੁੰਦਾ ਹੈ (ਜੜ੍ਹ ਡੂੰਘੀ ਨਹੀਂ ਹੁੰਦੀ), ਥੋੜੀ ਪੌਣ ਦੇ ਬੁੱਲੇ ਦੇ ਆਇਆਂ ਹੀ ਟੁੱਟਣ ਲਗ ਪੈਂਦਾ ਹੈ। (ਹੁਣ ਕਨੇਰ ਦਾ ਵਰਣਨ ਕਰਦੇ ਹਨ:-)। ੪.ਕਨੇਰ ਦੇ ਬੂਟੇ ਨੂੰ ਕਲੀਆਂ ਪੈਂਦੀਆਂ ਹਨ, ਪਰੰਤੂ (ਮਨਮੁਖ ਵਾਂਙ ਜੋ) ਦੁਰਮਤ ਵਿਚ (ਹੈ) ਭੈੜੀ ਗੰਧੀ ਹੀ ਦਿਖਾਲਦੀਆਂ ਹਨ। ੫.ਬਾਹਰੋਂ ਲਾਲ ਗੁਲਾਲ ਜਾਪਦੀਆਂ ਹਨ, ਅੰਦਰ ਉਹਨਾਂ ਦਾ ਚਿੱਟਾ ਹੈ (ਅਰਥਾਤ) ਦੁਬਿਧਾ ਦੇ ਨਾਲ (ਭਰਿਆ ਹੋਇਆ) ਹੈ, (ਬਾਹਰੋਂ ਲਾਲ ਪ੍ਰੇਮ ਦਾ ਰੰਗ ਤੇ ਅੰਦਰ ਚਿੱਟਾ ਖਾਲੀ ਥੋਥਾ ਬੇਅਸਰ ਹੈ)। (ਹੁਣ ਛੀਵੀਂ ਤੇ ਸੱਤਵੀਂ ਤੁਕ ਵਿਖੇ ਦਾਰਸ਼ਟਾਂਤ ਦੱਸਦੇ ਹਨ:-) ੬.(ਮਨਮੁਖ) ਸਾਧ ਸੰਗਤ ਵਿਖੇ ਗੁਰੂ ਦੇ ਸ਼ਬਦ ਨੂੰ ਤਾਂ ਸੁਣਦੇ ਹਨ (ਪਰੰਤੂ ਗ੍ਰਿਹਸਤ ਦੀਆਂ ਗਿਣਤੀਆਂ ਦੇ) ਭਾਰ ਨਾਲ ਭਰੇ ਹੋਏ ਪਏ ਭੌਂਦੇ ਹਨ, (ਜਾਂ ਸੰਸਾਰ ਸਮੁੰਦਰ ਵਿਚ ਗੋਤੇ ਖਾਂਦੇ ਹਨ)। ੭.ਝੂਠੇ ਪ੍ਰੇਮ ( ਹੋਣ ਕਰਕੇ ਉਨ੍ਹਾਂ ਦੇ) ਮੂੰਹ ਵਿਖੇ (ਇਥੇ ਪਾਪਾਂ ਦੀ) ਮਿੱਟੀ ਪੈਂਦੀ ਹੈ (ਤੇ ਅੱਗੇ ਜਮਪੁਰੀ ਵਿਖੇ) ਮੂੰਹ ਕਾਲੇ (ਜਾਂਦੇ) ਹਨ।

## ੧੯. (ਅੱਕ ਟਿੱਡਾ ਤੇ ਮਨਮੁਖ)।

੧. ਵਣ ਵਿਚਿ ਫਲੈ ਵਣਾਸਪਤਿ ਬਹੁ ਰਸ ਗੰਧ ਸੁਗੰਧ ਸੁਹੰਦੇ।
੨. ਅੰਬ ਸਦਾ ਫਲ ਸੋਹਣੇ ਆੜੂ ਸੇਵ ਅਨਾਰ ਫਲੰਦੇ।
੩. ਦਾਖ ਬਿਜਉਰੀ ਜਾਮਣੂ ਖਿਰਣੀ ਤੂਤ ਖਜੂਰਿ ਅਨੰਦੇ।
੪. ਪੀਲੂ ਪੇਝੂ ਬੇਰ ਬਹੁ ਕੇਲੇ ਤੇ ਅਖਰੋਟ ਬਣੰਦੇ।
੫. ਮੂਲਿ ਨ ਭਾਵਨਿ ਅਕਟਿਡਿ ਅੰਮ੍ਰਿਤ ਫਲ ਤਜਿ ਅਕਿ ਵਸੰਦੇ।
੬. ਜੇ ਥਣ ਜੋਕ ਲਵਾਈਐ ਦੁਧ ਨ ਪੀਐ ਲੋਹੂ ਗੰਦੇ।
੭. ਸਾਧ ਸੰਗਤਿ ਗੁਰੁ ਸਬਦੁ ਸੁਣਿ ਗਣਤੀ ਅੰਦਰਿ ਝਾਖ ਝਖੰਦੇ।
੮. ਕਪਟ ਸਨੇਹ ਨ ਥੇਹਿ ਜੜੰਦੇ॥੧੯॥

**ਪਦਾਰਥ**-(ਖਿਰਣੀ=ਫਲ ਹੁੰਦਾ ਹੈ ਨਿਮੋਲੀ ਵਰਗਾ। ਝਾਖ ਝਖੰਦੇ=ਝਖਾਂ ਮਾਰਦੇ।
(ਥੇਹਿ=ਟਿਕਾਣਾ

**ਅਰਥ**-੧.ਬਨ ਵਿਖੇ ਬਨਸਪਤੀ (ਬ੍ਰਿਛ ਬੂਟੇ)ਫਲਦੀ ਹੈ, ਬਹੁਤੇ (ਬ੍ਰਿਛ) ਰਸਾਂ ਵਾਲੇ ਅਰ ਸੁਗੰਧੀਆਂ

ਵਾਲੇ ਸ਼ੋਭਦੇ ਹਨ (ਅਗੇ ਨਾਮ ਦੱਸਦੇ ਹਨ)। ੨.ਅੰਬਾਂ ਨਾਲ ਸਦਾ ਸੋਹਣੇ ਫਲ ਲੱਗਦੇ ਹਨ, ਆੜੂ, ਸੇਵ ਅਰ ਅਨਾਰਾਂ ਦੇ (ਬ੍ਰਿਛ) ਫਲਦੇ ਹਨ। ੩.ਬਿਜੌਰ ਦੇਸ਼ ਦੀ ਦਾਖ, ਜਾਮਣੂ, ਖਿਰਣੀ, ਸੇਬ, ਤੂਤ, ਖਜੂਰਾਂ ਅਨੰਦ ਦਾਇਕ ਹਨ। ੪.ਪੀਲੂੰ, ਪੇਂਝੂ, ਬੇਰ, ਬਾਹਲੇ ਕੇਲੇ ਤੇ ਅਖਰੋਟ ਲਗਦੇ ਹਨ। ੫.ਅੱਕ ਦੇ ਟਿੱਡਿਆਂ ਨੂੰ (ਇਹ) ਮੂਲੋਂ ਚੰਗੇ ਨਹੀਂ ਲਗਦੇ, (ਓਹ) ਅੰਮ੍ਰਿਤ ਫਲਾਂ ਨੂੰ ਛੱਡਕੇ ਅੱਕਾਂ ਦੇ ਬੂਟਿਆਂ ਤੇ ਰਹਿੰਦੇ ਹਨ। ੬.(ਜਿਕੁਰ ਗਊ ਦੇ) ਥਣਾਂ ਪੁਰ ਜੋਕ ਲਗ ਜਾਵੇ ਤਾਂ ਉਹ ਦੁਧ ਨੂੰ ਛੱਡਕੇ ਗੰਦੇ ਲਹੂ ਦਾ ਹੀ ਪਾਨ ਕਰਦੀ ਹੈ। ੭.(ਤਿਵੇਂ ਮਨਮੁਖ ਲੋਕ) ਸੰਤਾਂ ਦੀ ਸੰਗਤ ਵਿਚ ਜਾਕੇ ਗੁਰੂ ਦੇ ਸ਼ਬਦ ਨੂੰ ਸੁਣਕੇ (ਬੀ) ਗਿਣਤੀਆਂ ਵਿਚ (ਰਹਿੰਦੇ ਤੇ ਵਿਸ਼ਯਾਂ ਦੀ) ਤੱਕ ਵਿਚ ਹੀ ਝਖਾਂ ਮਾਰਦੇ ਹਨ। ੮.(ਤਾਂਤੇ) 'ਕਪਟ ਸਨੇਹੀ' ਕਿਸੇ ਟਿਕਾਣੇ ਨੂੰ ਨਹੀਂ ਪਹੁੰਚ ਸਕਦੇ।

**ਭਾਵ**-ਉਂਞ ਤਾਂ ਗੁਰੂ ਦੇ ਪ੍ਰੇਮੀ ਅਖਾਉਂਦੇ ਹਨ ਪਰ ਜੋਕ ਵਾਂਗੂੰ ਗੰਦੇ ਲਹੂ ਰੂਪ ਵਿਸ਼ਿਆਂ ਦਾ ਹੀ ਧਿਆਨ ਰੱਖਦੇ ਹਨ, ਜਿੱਕੁਰ ਅੱਕਟਿੱਡਾ ਨਾਨਾ ਭਾਂਤ ਦੇ ਅੰਬਾਦਿਕ ਫਲ ਛਡਕੇ ਅੱਕ ਨੂੰ ਹੀ ਸੁਰਗ ਦਾ ਬੂਟਾ ਸਮਝਦਾ ਹੈ।

## ੨੦. (ਮਨਮੁਖ ਮਾਲਾ)।

੧. ਡਡੂ ਬਗਲੇ ਸੰਖ ਲਖ ਅਕ ਜਵਾਹੇ ਬਿਸੀਅਰ ਕਾਲੇ।
੨. ਸਿੰਬਲ ਘੁੱਘੂ ਚਕਵੀਆਂ ਕੜਛ ਹਸਤਿ ਲਖ ਸੰਢੀ ਨਾਲੇ।
੩. ਪਥਰ ਕਾਵ ਰੋਗੀ ਘਣੇ ਗਦਹਾ ਕਾਲੇ ਕੰਬਲ ਭਾਲੇ।
੪. ਕੈਹੈ ਤਿਲ ਬੂਆੜ ਲਖ ਅਕਤਿਡ ਅਰੰਡ ਤੁਮੇ ਚਿਤਰਾਲੇ।
੫. ਕਲੀ ਕਨੇਰ ਵਖਾਣੀਐ ਸਭ ਅਵਗੁਣ ਮੈ ਤਨਿ ਭੀਹਾਲੇ।
੬. ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸੁ ਨ ਰਿਦੇ ਸਮਾਲੇ।
੭. ਧ੍ਰਿਗੁ ਜੀਵਣੁ ਬੇਮੁਖ ਬੇਤਾਲੇ ॥੨੦॥

**ਪਦਾਰਥ**-(ਸੰਖ ਲਖ=ਲਖਾਂ ਸੰਖ। ਬਿਸੀਅਰ=ਸਰਪ ਜ਼ਹਿਰੀਲੇ। ਘੁੱਘੂ=ਉੱਲੂ। (ਕੜਛ=ਕੜਛੀਆਂ। ਹਸਤਿ=ਹਾਥੀ ਸੰਢੀ ਨਾਲੇ=ਸੰਢ ਨਾਰਾਂ, ਸੰਢ ਤੀਵੀਆਂ। (ਰੋਗੀ=(ਬੇ ਸੰਜਮੀ) ਰੋਗੀ। ਭਾਲੇ=ਰਿੱਛ। ਕੈਹੈਂ=ਕੈਹਾਂ ਨਾਮੇ ਧਾਤ। (ਚਿਤਰਾਲੇ=ਚਿੱਤ੍ਰ ਮਿੱਤ੍ਰ। ਕਲੀ ਕਨੇਰ=ਕਨੇਰ ਦੀ ਕਲੀ। ਭੀਹਾਲੇ=ਭਿਆਨਕ।

**ਅਰਥ**-(ਇਥੇ ਭਾਈ ਸਾਹਿਬ ਜੀ ਆਪਣੇ ਪੁਰ ਸਾਰੇ ਕਸੂਰ ਮਲਕੇ ਉੱਤਮੋਪਦੇਸ਼ ਦਵਾਰਾ ਅਸਮਦਾਇਕ ਜੀਵਾਂ ਨੂੰ ਉਪਦੇਸ਼ ਦੇਂਦੇ ਹਨ:-) ੧.ਡੱਡੂ, ਬਗਲੇ, ਲਖਾਂ ਸੰਖ, ਅੱਕਾਂ ਦੇ ਬੂਟੇ, ਜਵਾਹੇਂ, ਕਾਲੇ ਸਰਪ। ੨.ਸਿੰਮਲ ਦੇ ਬ੍ਰਿਛ, ਉੱਲੂ, ਚਕਵੀਆਂ, ਕੜਛੀਆਂ, ਲੱਖਾਂ ਹਾਥੀ, ਸੰਢ ਇਸਤਰੀਆਂ। ੩.ਪੱਥਰ, ਕਾਂ, ਬਹੁਤੇ ਰੋਗੀ, ਖੋਤੇ ਕਾਲੇ ਭੂਰੇ, ਤੇ ਰਿੱਛ। ੪.ਕੈਹਾਂ, ਬੂਆੜ ਨਾਮੇ ਲੱਖਾਂ ਤਿਲ, ਅੱਕਾਂ ਦੇ ਟਿੱਡੇ, ਅਰਿੰਡ ਬ੍ਰਿਛ, ਤੁੰਮੇ ਚਿੱਤ੍ਰ ਮਿੱਤ੍ਰ। ੫.ਅਤੇ ਕਨੇਰ ਦੀ ਕਲੀ ਕਹੀਦੀ ਹੈ, (ਉਹਨਾਂ) ਸਾਰਿਆਂ ਦੇ ਭਿਆਨਕ ਔਗੁਣ ਮੇਰੇ ਸਰੀਰ ਵਿਚ ਹਨ। ੬.(ਕਿਉਂਕਿ ਮੈਂ) ਸਾਧ ਸੰਗਤ ਵਿਚ ਗੁਰੂ ਦਾ ਸ਼ਬਦ ਸੁਣਕੇ ਗੁਰੂ ਦੇ ਉਪਦੇਸ਼ ਰਿਦੇ ਵਿਚ ਨਹੀਂ ਸੰਮ੍ਹਾਲੇ। ੭.(ਐਸੇ) ਬੇਮੁਖਾਂ ਬੇਤਾਲਿਆਂ ਦਾ ਜੀਉਣਾ ਧ੍ਰਿਗ ਹੈ।

**ਭਾਵ**-ਪਿਛੇ ਮਨਮੁਖਾਂ ਦਾ ਹਾਲ ਕਹਿ ਕਹਿ ਕੇ ਆਪਣੇ ਪਰ ਘਟਾਉਂਦੇ ਹਨ। ਇਸ ਵਿਚ ਦੋ ਕਾਰਨ ਹਨ, ਇਕ ਤਾਂ ਇਹ ਉਤਮ ਉਪਦੇਸ਼ ਹੈ, ਦੂਜੇ ਉਸ ਸੂਖਮ ਹੰਕਾਰ ਬ੍ਰਿਤੀ ਦੀ ਨਵਿਰਤੀ ਲਈ ਹੈ, ਜੋ ਭਾਈ ਸਾਹਿਬ ਜੀ ਵਰਗੇ ਗੁਰਮੁਖ ਡਰਦੇ ਹਨ ਕਿ ਪ੍ਰਸੰਗ ਪੂਰਬਕ ਬੀ ਕਿਸੇ ਦੀ ਨਿੰਦਾ ਭਾਸ਼ ਵਾਲਾ ਕਥਨ (ਜੇ ਯਥਾਰਥ ਬੀ ਹੋਵੇ) ਕੀਤਿਆਂ ਰਿਦੇ ਵਿਚ ਉਤਪਤ ਹੋ ਜਾਂਦੀ ਹੈ।


www.sikhbookclub.com

## ੨੧. (ਨਿੰਦਕਾਂ ਤੇ ਬੇਮੁਖਾਂ ਦੀ ਗਿਣਤੀ)।

੧. ਲਖ ਨਿੰਦਕ ਲਖ ਬੇਮੁਖਾਂ ਦੂਤ ਦੁਸਟ ਲਖ ਲੂਣ ਹਰਾਮੀ।
੨. ਸ੍ਵਾਮਿ ਧੋਹੀ ਅਕਿਰਤਿਘਣਿ ਚੋਰ ਜਾਰ ਲਖ ਲਖ ਪਹਿਨਾਮੀ।
੩. ਬ੍ਰਾਮ੍ਹਣ ਗਾਈਂ ਵੰਸ ਘਾਤ ਲਾਇਤਬਾਰ ਹਜਾਰ ਅਸਾਮੀ।
੪. ਕੂੜਿਆਰਿ ਗੁਰੁ ਗੋਪ ਲਖ ਗੁਨਹਗਾਰ ਲਖ ਲਖ ਬਦਨਾਮੀ।
੫. ਅਪਰਾਧੀ ਬਹੁ ਪਤਿਤ ਲਖ ਅਵਗੁਣਿਆਰ ਖੁਆਰ ਖੁਨਾਮੀ।
੬. ਲਖ ਲਿਬਾਸੀ ਦਗਾਬਾਜ ਲਖ ਸੈਤਾਨ ਸਲਾਮਿ ਸਲਾਮੀ।
੭. ਤੂੰ ਵੇਖਹਿ ਹਉ ਮੁਕਰਾਂ ਹਉ ਕਪਟੀ ਤੂੰ ਅੰਤਰਜਾਮੀ।
੮. ਪਤਿਤ ਉਧਾਰਣੁ ਬਿਰਦੁ ਸੁਆਮੀ ॥੨੧॥੧੭॥

**ਪਦਾਰਥ**-(ਸ੍ਵਾਮਿ ਧ੍ਰੋਹੀ=ਜੋ ਸਵਾਮੀ ਨਾਲ ਦਗਾ ਕਰਦੇ ਹਨ। ਪਹਿਨਾਮੀ=ਛਲਛਿਦ੍ਰ।
(ਬ੍ਰਾਮ੍ਹਣ=ਬ੍ਰਹਮ ਨੂੰ ਜਾਣਨ ਵਾਲੇ ਸੰਤ। ਲਾਇਤਬਾਰ=ਚੁਗਲ, ਬੇਇਤਬਾਰੇ।
(ਅਸਾਮੀ=ਐਬੀ ਲੋਕ। ਮੁਜਰਮ। ਖੁਨਾਮੀ=ਕਸੂਰੀ ਲੋਕ।ਲਿਬਾਸੀ=ਭੇਖੀ ਲੋਕ।
(ਸਲਾਮ ਸਲਾਮੀ=ਸਲਾਮਾ ਲੈਕਮ।

**ਅਰਥ**-੧.(ਹੁਣ ਭਾਈ ਸਾਹਿਬ ਜੀ ਭੈੜੇ ਪਸੂ ਪੰਛੀ ਬ੍ਰਿਛਾਂ ਥੋਂ ਭਿੰਨ ਮਨੁੱਖਾਂ ਵਿਖੇ ਜੋ ਅਵਗੁਣ ਹਨ, ਉਹ ਸਾਰੇ ਛੀ ਤੁਕਾਂ ਵਾਲੇ ਆਪਣੇ ਪੁਰ ਹੀ ਘਟਾਕੇ ਸਾਨੂੰ ਉਪਦੇਸ਼ ਦਿੰਦੇ ਹਨ)। ੧.ਲੱਖਾਂ ਨਿੰਦਕ, ਲੱਖਾਂ ਬੇਮੁਖ, ਲੱਖਾਂ ਦੂਤ, ਲੱਖਾਂ ਦੁਸ਼ਟ, ਲੱਖਾਂ ਲੂਣ-ਹਰਾਮੀ ਲੋਕ। ੨.ਸ੍ਵਾਮੀ ਨਾਲ ਧ੍ਰੋਹ ਕਰਨ ਵਾਲੇ ਅਕ੍ਰਿਤਘਣ, ਚੋਰ, ਯਾਰ, ਲੱਖਾਂ ਪਹਿਨਾਮੀਆਂ ਕਰਨ ਵਾਲੇ। ੩.ਸੰਤ, ਗਊ ਤੇ ਕੁਲ ਦੇ ਘਾਤਕ, ਬੇਇਤਬਾਰੇ ਹਜ਼ਾਰਾਂ ਐਬੀ ਲੋਕ। ੪.ਝੂਠੇ ਲੋਕ, ਗੁਰਨਿੰਦਕ, ਲੱਖਾਂ ਐਬਾਂ ਦੇ ਕਰਨਹਾਰੇ, ਲੱਖਾਂ ਬਦਨਾਮੀਆਂ ਦੇ ਉਠਾਉਣ ਵਾਲੇ। ੫.ਕਈ ਅਪਰਾਧੀ, ਲੱਖਾਂ ਪਾਪੀ, ਅਵਗੁਣਹਾਰੇ, 'ਖੁਆਰ' ਤੇ 'ਖੁਨਾਮੀ' ਦੂਸ਼ਨਾਂ ਦੇ ਧਾਰਨ ਵਾਲੇ। ੬.ਲੱਖਾਂ ਭੇਖੀ ਲੋਕ, ਛਲੀਏ, ਲੱਖਾਂ ਸ਼ੈਤਾਨੀਆਂ ਨਾਲ ਸਲਾਮਾ ਲੈਕਮ ਰੱਖਣ ਵਾਲੇ (ਗੱਲ ਕੀ ਉਕਤ ਐਬੀਆਂ ਦੇ ਜਿੰਨੇ ਐਬ ਗਿਣੇ ਹਨ ਉਹ ਮੇਰੇ ਵਿਚ ਹਨ। ਕਾਰਨ ਸੱਤਵੀਂ ਤੁਕ ਵਿਖੇ ਦੱਸਕੇ ਅੱਠਵੀਂ ਭੋਗ ਦੀ ਤੁਕ ਵਿਖੇ ਪ੍ਰਾਰਥਨਾ ਕਰਦੇ ਹਨ)। ੭.(ਹੇ ਵਾਹਿਗੁਰੂ ! ਤੂੰ ਹਾਜ਼ਰਾ ਹਜ਼ੂਰ) ਆਪ ਦੇਖਦਾ ਹੈਂ ਪਰ ਮੈਂ ਮੁਕਰਦਾ ਹਾਂ (ਕਿ ਮੈਂ ਪਾਪ ਨਹੀਂ ਕੀਤਾ, ਇਸ ਲਈ) ਮੈਂ ਕਪਟੀ ਹਾਂ ਤੂੰ ਅੰਤਰਜਾਮੀ ਹੈਂ। ੮.ਹੇ ਸੁਆਮੀ! ਤੇਰਾ ਬਿਰਦ ਪਤਿਤੋਧਾਰਣ ਹੈ(ਅਰਥਾਤ "**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**"(ਬਿਹਾ: ਮ: ੫-੪) ਇਸ ਕਰਕੇ ਸਾਡੇ ਬਚਾਉ ਦੀ ਇਹੋ ਹੀ ਸੂਰਤ ਹੈ ਕਿ ਆਪ ਆਪਣੇ ਬਿਰਦ ਦੀ ਲਾਜ ਜਾਣ ਕੇ ਬਖਸ਼ ਲਓ)।

**ਭਾਵ**-ਭਾਈ ਸਾਹਿਬ ਜੀ ਨੇ ਇਹ ਨਹੀਂ ਕਿਹਾ ਕਿ ਅਸੀਂ ਮੁਕਰਦੇ ਹਾਂ, ਕੇਵਲ ਆਪਣੇ ਪੁਰ ਹੀ ਔਗੁਣ ਰੱਖਕੇ ਲਿਖਿਆ ਹੈ ਕਿ ਤੂੰ ਦੇਖਹਿ 'ਹਉ' ਅਰਥਾਤ ਮੈਂ ਮੁਕਰਦਾ ਹਾਂ, 'ਇਕ ਬਚਨ' ਦਿੱਤਾ ਹੈ, ਇਸ ਲਈ ਉੱਤਮ ਉਪਦੇਸ਼ ਜਾਣ ਕਰ ਸਾਨੂੰ ਯੋਗ ਹੈ ਕਿ ਏਹ ਪੂਰਬੋਕਤ ਅਵਗੁਣ ਤਿਆਗਕੇ ਇਕ ਅਕਾਲ ਪੁਰਖ ਦੀ ਸ਼ਰਨ ਲੈਕੇ ਉਸ ਦੇ ਭਜਨ ਵਿਖੇ ਆਪਣੀ ਮੁਕਤੀ ਦਾ ਉਪਾਉ ਸਮਝੀਏ।

ਪਿਛਲੀ ਵਾਰ ਦੇ ਭਾਵ ਵਿਚ ਜੋ ਦੋ ਕਾਰਨ ਅਸਾਂ ਦੱਸੇ ਸੇ ਉਨ੍ਹਾਂ ਤੋਂ ਵੱਖਰਾ ਇਸ ਵਿਚ ਇਕ ਹੋਰ ਉਪਦੇਸ਼ ਹੈ ਕਿ ਭਾਵੇਂ ਅਸੀਂ ਐਸੇ ਪਾਪੀ ਹਾਂ ਪਰ ਓਹ ਪਤਿਤ ਪਾਵਨ ਬਖਸ਼ਿੰਦ ਹੈ, ਤਾਂਤੇ ਉਪਾਵ ਹੁਣ ਇਹ ਹੈ ਕਿ ਉਸ ਦੀ ਸ਼ਰਨ ਲੈਕੇ ਤ੍ਰਾਹ ਤ੍ਰਾਹ ਕਰੀਏ ਜੋ ਹੇ ਵਾਹਿਗੁਰੂ ! ਆਪਣੇ ਬਿਰਦ ਪਿਛੇ ਹੀ ਸਾਨੂੰ ਬਖਸ਼ ਲੈ।


www.sikhbookclub.com

# ਵਾਰ ੧੮.

ੴ ਸਤਿਗੁਰ ਪ੍ਰਸਾਦਿ॥

## ੧. (ਮੰਗਲਾ ਚਰਣ)!

੧. ਇਕ ਕਵਾਉ ਪਸਾਉ ਕਰਿ ਓਅੰਕਾਰ ਅਨੇਕ ਅਕਾਰਾ।
੨. ਪਉਣੁ ਪਾਣੀ ਬੈਸੰਤਰੋ ਧਰਤਿ ਅਗਾਸਿ ਨਿਵਾਸੁ ਵਿਥਾਰਾ।
੩. ਜਲ ਥਲ ਤਰਵਰ ਪਰਬਤਾਂ ਜੀਅ ਜੰਤ ਆਗਣਤ ਅਪਾਰਾ।
੪. ਇਕ ਵਰਭੰਡੁ ਅਖੰਡੁ ਹੈ ਲਖ ਵਰਭੰਡ ਪਲਕ ਪਲਕਾਰਾ।
੫. ਕੁਦਰਤਿ ਕੀਮ ਨ ਜਾਣੀਐ ਕੇਵਡੁ ਕਾਦਰੁ ਸਿਰਜਣਹਾਰਾ।
੬ ਅੰਤ ਬਿਅੰਤ ਨ ਪਾਰਾਵਾਰਾ ॥੧॥

**ਪਦਾਰਥ**-(ਕਵਾਉ=ਵਾਕ। ਪਸਾਉ=ਪਸਾਰਾ। ਬੈਸੰਤਰੋ=ਅਗਨੀ। ਨਿਵਾਸੁ=ਘਰ। (ਵਿਥਾਰਾ=ਕੀਤਾ। ਵਰਭੰਡ=ਸ੍ਰੇਸ਼ਟ ਭਾਂਡਾ, ਈਸ਼੍ਵਰ। (ਅ) ਬ੍ਰਹਮੰਡ। (ਕੀਮ=ਕੀਮਤ। ਕਾਦਰ=ਕਰਤਾਰ।

**ਅਰਥ**-(ਅਠਾਰਵੀਂ ਵਾਰ ਦੇ ਮੁੱਢ ਵਿਖੇ ਮੰਗਲਾਚਰਣ ਕਰਦੇ ਹੋਏ ਈਸ਼੍ਵਰ ਦੀ ਬੇਅੰਤਤਾਈ ਦਾ ਵਰਣਨ ਕਰਦੇ ਹਨ) ੧.'ਓਅੰਕਾਰ' (ਪਰਮਾਤਮਾ) ਨੇ ਇਕ ਵਾਕ ਤੋਂ ਅਨੇਕ 'ਅਕਾਰੀ' (ਸਰੀਰ ਦਾ) ਪਸਾਰਾ ਕੀਤਾ ਹੈ। ੨.ਵਾਯੂ੧, ਜਲ ੨, ਅਗਨੀ ੩, ਪ੍ਰਿਥਵੀ ੪, ਅਕਾਸ਼ ੫, (ਏਹ ਪੰਚ ਤਤ ਰਚਕੇ) (ਨਿਵਾਸ ਵਿਥਾਰਾ) ਘਰ ਕੀਤਾ (ਅਥਵਾ ਇਨ੍ਹਾਂ ਦੇ ਮੇਲ ਦਾ ਪਸਾਰਾ ਪਸਾਰਿਆ)। ੩.ਜਲਾਂ, ਥਲਾਂ, ਤਰਵਰਾਂ, ਪਰਬਤਾਂ ਵਿਖੇ ਜੀਆ ਜੰਤ ਗਿਣਤੀ ਥੋਂ ਬਾਹਰ, (ਬੇਓੜਕ) ਰਖ ਦਿਤੇ। ੪.ਇਕ ('ਵਰਭੰਡ' ਕਹੀਏ) ਸ੍ਰੇਸ਼ਟ ਭਾਂਡਾ (ਭਾਵ ਆਧਾਰ ਰੂਪ ਆਤਮਾ) ਇਕ ਰਹਿੰਦਾ ਹੈ ਅਰ ਹੋਰ ਲੱਖਾਂ ਬ੍ਰਹਿਮੰਡਾਂ ਦਾ ਪ੍ਰਕਾਰ ਅੱਖ ਦੇ ਫੋਰ ਵਿਚ ਕਰ ਸਕਦਾ ਹੈ (**'ਹਰਨ ਭਰਨ ਜਾਕਾ ਨੇਤ੍ਰ ਫੋਰੁ'**-ਸੁਖਮਨੀ) ੫.ਕੁਦਰਤ (ਮਾਯਾ) ਦੀ ਕੀਮਤ ਨਹੀਂ ਲਖੀਦੀ, ਉਸਦਾ ਰਚਨਹਾਰ' 'ਕਾਦਰ' ਕਿੱਡਾਕੁ ਆਖੀਏ ? ੬.ਇਸੇ ਲਈ ਅੰਤ ਥੋਂ ਬੇਅੰਤ ਹੈ, (ਉਸਦਾ) ਉਰਾਰ ਪਾਰ ਨਹੀਂ ਲਖੀਦਾ। (ਭਾਵ, ਵਾਹਿਗੁਰੂ ਦੀ ਬੇਅੰਤਤਾਈ ਦਸੀ ਹੈ)।

## ੨. (ਉਹੋ ਹੀ)!

੧. ਕੇਵਡੁ ਵਡਾ ਆਖੀਐ ਵਡੇ ਦੀ ਵਡੀ ਵਡਿਆਈ।
੨. ਵਡੀਹੂ ਵਡਾ ਆਖੀਐ ਸੁਣਿ ਸੁਣਿ ਆਖਣੁ ਆਖ ਸੁਣਾਈ।
੩. ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ ਕਰੋੜ ਸਮਾਈ।
੪. ਇਕੁ ਕਵਾਉ ਪਸਾਵੁ ਜਿਸੁ ਤੋਲਿ ਅਤੋਲੁ ਨ ਤੁਲਿ ਤੁਲਾਈ।
੫. ਵੇਦ ਕਤੇਬਹੁ ਬਾਹਰਾ ਅਕਥ ਕਹਾਣੀ ਕਥੀ ਨ ਜਾਈ।
੬.ਅਬਿਗਤਿ ਗਤਿ ਕਿਵ ਅਲਖ ਲਖਾਈ ॥੨॥

**ਪਦਾਰਥ**-(ਆਖਣ=ਅਖਾਣ, ਪ੍ਰਸੰਗ। ਸਮਾਈ=ਗਿਣਤੀ। ਨ ਤੁਲਿ ਤੁਲਾਈ=ਨਹੀਂ (ਤੱਕੜੀ ਤੋਲ ਸਕਦੀ ਭਾਵ ਮਨ ਬਾਣੀ ਥੋਂ ਪਰੇ ਹੈ।
(ਅਬਿਗਤ ਗਤਿ=ਜਿਸ ਦਾ ਗਿਆਨ ਨ ਪਾਇਆ ਜਾਵੇ।

**ਅਰਥ**-੧.ਕਿੱਡਾ ਕੁ ਵਡਾ ਕਹੀਏ (ਉਸ) ਵਡੇ (ਪਰਮਾਤਮਾ) ਦੀ ਵਡੀ ਹੀ ਮਹਿਮਾ ਹੈ- "**ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥**" (ਸ: ਕਬੀਰ:੯੧) ਇਸ ਲਈ ਅੰਤ ਨੂੰ ਛਡਕੇ) । ੨.ਵਡਿਆਈ ਤੋਂ ਬੀ ਵਡਾ ਆਖਦੇ ਹਨ। (ਭਾਵ ਸਮਾਨ ਗਿਆਨ ਕਰਕੇ ਵਰਣਨ ਕਰਦੇ ਹਨ, ਉਸਦਾ ਵਿਸ਼ੇਖ ਗਿਆਨ ਕੋਈ ਨਹੀਂ ਜਾਣਦਾ ਕਿਉਂ ਜੋ ਨੇਤ੍ਰਾਂ ਦਾ ਵਿਖਯ ਨਹੀਂ ਹੈ, ਇਸ ਲਈ) ਸੁਣ ਸੁਣਕੇ ਅਖਾਣਾਂ ਨੂੰ ਆਖਕੇ ਸੁਣਾਉਂਦੇ ਹਨ,। ੩.ਰੋਮ ਰੋਮ ਵਿਖੇ ਕ੍ਰੋੜ ਕ੍ਰੋੜ ਬ੍ਰਹਿਮੰਡ ਦੀ ਗਿਣਤੀ ਕਰਕੇ (ਉਸ ਈਸ਼੍ਵਰ ਨੇ) ਰੱਖ ਛੱਡੀ ਹੈ। ੪.ਜਿਸਦੇ ਇਕ ਵਾਕ ਦਾ (ਇਹ) ਪਸਾਰਾ ਹੈ, ਉਹ ਤੋਲਣ ਥੋਂ ਅਤੋਲ ਹੈ, ਕੋਈ ਤੱਕੜੀ (ਉਸ ਨੂੰ) ਨਹੀਂ ਤੋਲ ਸਕਦੀ। ੫.ਬੇਦ ਕਤੇਬਾਂ ਥੋਂ ਬਾਹਰ ਹੈ, ਉਸ ਦੀ ਕਥਾ ਅਕੱਥ ਹੈ, ਕਿਸੇ ਥੋਂ ਕਥਨ ਨਹੀਂ ਕੀਤੀ ਜਾ ਸਕਦੀ (ਯਥਾ- "**ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥**" (ਆਸਾ: ਕਾਫੀ: ਮ:੫) ੬.ਜਿਸ ਦਾ ਗਿਆਨ ਨਹੀਂ ਪਾਇਆ ਜਾ ਸਕਦਾ, ਉਹ ਅਲੱਖ ਕਿੱਕੁਰ ਲਖਿਆ ਜਾਵੇ?

**ਭਾਵ**-ਗੱਲ ਕੀ ਈਸ਼੍ਵਰ ਭੌਤਕ ਇੰਦ੍ਰਿਆਂ ਦਾ ਵਿਖਯ ਨਹੀਂ ਹੈ, ਇਸ ਲਈ ਉਸਦਾ 'ਲਖਣਾ' ਦਰਸ਼ਨ ਕਠਨ ਹੈ, ਪ੍ਰੰਤੂ ਜਿਨ੍ਹਾਂ ਦੀ ਬੁੱਧੀ ਰੂਪ ਨੇਤ੍ਰਾਂ ਵਿਖੇ ਗੁਰੂ ਜੀ ਨੇ ਗਿਆਨ ਅੰਜਨ ਬਖਸ਼ਿਆ ਹੈ, ਓਹ ਲਖ ਸਕਦੇ ਹਨ। ਯਥਾ-"**ਗਿਆਨੁ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥**"(ਸੁਖਮਨੀ) ਵਾਹਿਗੁਰੂ ਕਰਤਾ ਸਾਖੀ ਹੈ, ਓਹ ਕ੍ਰਿਤ ਨਹੀਂ ਜੋ ਗਯਾਨ ਦਾ ਵਿਸ਼ਾ ਬਣੇ।ਆਤਮਾ ਨੂੰ ਆਤਮਾ ਕਰਕੇ ਆਤਮਾ ਦੇ ਵਸੀਲੇ ਆਤਮਾ ਆਤਮ ਤੋਂ ਅਭਿੰਨ ਅਨੁਭਵ ਕਰ ਸਕਦਾ ਹੈ, ਜਿਥੋਂ ਦੀ ਕਥਾ ਅਕੱਥ ਹੈ।

## ੩ . (ਕੁਦਰਤ ਵਿੱਚ ਕਾਰੀਗਰੀ ਹੈ)।

੧. ਜੀ ਉਪਾਇ ਤਨੁ ਸਾਜਿਆ ਮੁਹੁ ਅਖੀ ਨਕੁ ਕੰਨ ਸਵਾਰੇ।
੨. ਹਥ ਪੈਰ ਦੇ ਦਾਤਿ ਕਰਿ ਸਬਦ ਸੁਰਤਿ ਸੁਭ ਦਿਸਟਿ ਦੁਆਰੇ।
੩. ਕਿਰਤਿ ਵਿਰਤਿ ਪਰਕਿਰਤ ਬਹੁ ਸਾਸਿ ਗਿਰਾਸਿ ਨਿਵਾਸੁ ਸੰਜਾਰੇ।
੪. ਰਾਗ ਰੰਗ ਰਸ ਪਰਸ ਦੇ ਗੰਧ ਸੁਗੰਧ ਸੰਧਿ ਪਰਕਾਰੇ।
੫. ਛਾਦਨ ਭੋਜਨ ਬੁਧਿ ਬਲੁ ਟੇਕ ਬਿਬੇਕ ਵੀਚਾਰ ਵੀਚਾਰੇ।
੬. ਦਾਨੇ ਕੀਮਤ ਨਾ ਪਵੈ ਬੇਸ਼ੁਮਾਰ ਦਾਤਾਰ ਪਿਆਰੇ।
੭. ਲੇਖ ਅਲੇਖ ਅਸੰਖ ਅਪਾਰੇ॥੩॥

**ਪਦਾਰਥ**-(ਦੁਆਰੇ=੯ ਗੋਲਕਾਂ, ਸਰੀਰ ਦੇ ਨੌਂ ਰਸਤੇ:-ਦੋ ਅਖਾਂ, ਦੋ ਨਾਸਾਂ, ਦੋ ਕੰਨ, (ਮੂੰਹ ਤੇ ਦੋ ਮੈਲ ਦੇ ਇੰਦ੍ਰੇ। ਕਿਰਤਿ ਵਿਰਤਿ=ਉਪਜੀਵਕਾ ਦੀ ਕ੍ਰਿਯਾ।
(ਪਰਕਿਰਤ=ਪਰਾਈ ਸੇਵਾ, ਜਾਂ ਸੁਭਾਵਕ ਹੋਰ ਬਾਹਲੀਆਂ ਕ੍ਰਿਯਾ।
(ਸੰਜਾਰੇ=ਪਾਇਆ। ਸੰਧਿ ਪਰਕਾਰੇ=ਮੇਲਣ ਦੀ ਬਿਧਿ ਛਾਦਨ=ਬਸਤਰ।
(ਟੇਕ ਬਿਬੇਕ=ਗਿਆਨ ਦਾ ਬਲ ਜਾਂ ਆਸਰਾ।

**ਅਰਥ**-੧.ਜੀਵ ਉਪਾਵਣ ਲਈ ਦੇਹੀ ਨੂੰ ਸਾਜਕੇ ਮੂੰਹ (ਉਪਲਖਤ ਜੀਭ), ਅੱਖਾਂ, ਨੱਕ, ਕੰਨ (ਅਰ ਤੁਚਾ)ਸਵਾਰੇ ਹਨ। ੨.ਹੱਥ ਪੈਰ (ਆਦਿ) ਦੇਕੇ ਈਸ਼੍ਵਰ ਨੇ ਦਾਤ ਕੀਤੀ ਹੈ, ਸ਼ਬਦ ਦੀ ਸੁਰਤ (ਕੰਨਾਂ) ਦੁਆਰੇ, (ਨੇਤਰ ਗੋਲਕ)ਵਿਚ ਭਲੀ ਨਜ਼ਰ ਬਖਸ਼ੀ ਹੈ। ੩.(ਹੱਥਾਂ ਵਿਖੇ) ਵਿਰਤਿ ਦੀ

ਕ੍ਰਿਯਾ, ਤੇ ਹੋਰ ਬਾਹਲੀਆਂ ਕ੍ਰਿਯਾ ਪਾਈਆਂ, ਸਾਸ ਗਿਰਾਸ ਦਾ ਨਿਵਾਸ ਕੀਤਾ (ਅਰਥਾਤ ਸ੍ਵਾਸ ਬਾਹਰ ਤੇ ਅੰਦਰ ਆਵਣ ਜਾਣ ਲੱਗਾ)। ੪.ਰਾਗ ਰੰਗ, (ਰਾਗ ਦਾ ਆਨੰਦ) ਰਸ, ਸਪਰਸ਼ ਦਿੱਤਾ, ਗੰਧਾਂ ਵਿਚੋਂ ਸੁਗੰਧੀਆਂ ਦੇ ਮੇਲਣ ਦਾ ਪਰਕਾਰ (ਬਖਸ਼ਿਆ)। ੫.ਕੱਪੜੇ ਅਰ ਭੋਜਨ ਦਿਤੇ, ਬੁੱਧੀ ਅਰ ਬਲ (ਪਾਇਆ), (ਸਰੀਰ ਦੇ ਉਧਾਰ ਲਈ) ਗਿਆਨ ਦਾ ਆਸ਼੍ਰਯ ਦਿੱਤਾ; ਅਰ 'ਵੀਚਾਰ ਵੀਚਾਰੇ' (ਵਿਹਾਰਾਂ ਦੇ ਲਈ) ਸ਼ੁਭਾਸ਼ੁਭ ਬੀਚਾਰ ਦਿਤੇ। ੬.ਵਾਹਿਗੁਰੂ ਦੀਆਂ ਬਖਸ਼ਿਸ਼ਾਂ (ਦਾਤਾਂ) ਦੀ ਕੀਮਤ ਨਹੀਂ ਪੈ ਸਕਦੀ (ਤਦ ਓਹ) ਆਪ ਦਾਤਾਰ (ਕੇਡਾ) ਬੇਸ਼ੁਮਾਰ ਹੈ, (ਅਰ ਉਸ ਦਾ) ਪਿਆਰ ਬੀ ਅਨਗਿਣਤ ਹੈ।੭.ਲੇਖ ਤੋਂ ਅਲੇਖ ਹੈ, ਅਨਗਿਣਤ ਹੈ, ਅਰ ਪਾਰ ਰਹਿਤ ਹੈ।

## ੪. (ਕੁਦਰਤ ਲੇਖੈ ਵਿਚ ਹੈ)।

੧. ਪੰਜ ਤਤੁ ਪਰਵਾਣੁ ਕਰਿ ਖਾਣੀ ਚਾਰੇ ਜਗਤ ਉਪਾਇਆ।
੨. ਲਖ ਚਉਰਾਸੀ ਜੂਨਿ ਵਿਚ ਆਵਾਗਵਣ ਚਲਤੁ ਵਰਤਾਇਆ।
੩. ਇਕਸ ਇਕਸ ਜੂਨਿ ਵਿਚਿ ਜੀਅ ਜੰਤ ਅਨਗਣਤ ਵਧਾਇਆ।
੪. ਲੇਖੈ ਅੰਦਰਿ ਸਭ ਕੋ ਸਭਨਾ ਮਸਤਕਿ ਲੇਖੁ ਲਿਖਾਇਆ।
੫. ਲੇਖੈ ਸਾਸ ਗਿਰਾਸ ਦੇ ਲੇਖ ਲਿਖਾਰੀ ਅੰਤੁ ਨ ਪਾਇਆ।
੬. ਆਪਿ ਅਲੇਖ ਨ ਅਲਖ ਲਖਾਇਆ ॥੪॥

**ਪਦਾਰਥ**-(ਪਰਵਾਣੁ=ਵਜ਼ਨ। ਲਿਖਾਰੀ=ਲਿਖਣਹਾਰੇ, ਅਕਾਲ ਪੁਰਖ।

**ਅਰਥ**- ੧.ਪੰਜ ਤੱਤਾਂ ਦਾ ਅੰਦਾਜ਼ਾਂ ਕਰਕੇ (ਉਨਾਂ ਤੋਂ) ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦਾ ਜਗਤ ਉਤਪਤ ਕੀਤਾ ਹੈ। ੨.ਚੌਰਾਸੀ ਲਖ ਜੂਨੀਆਂ ਵਿਖੇ ਆਵਾਗੌਣ ਦਾ ਚਲਿੱਤ੍ਰ ਵਰਤਾਇਆ ਹੈ। ੩.ਇਕ ਇਕ ਜੋਨੀ ਵਿਖੇ ਜੀਅ ਜੰਤ ਬੇਸ਼ੁਮਾਰ ਵਧਾ ਦਿਤੇ ਹਨ। ੪.(ਫੇਰ) ਸਾਰੀ ਸ੍ਰਿਸ਼ਟੀ ਲੇਖੇ ਦੇ ਵਿਚ ਹੈ, ਸਾਰਿਆਂ ਦੇ ਮੱਥੇ ਪੁਰ ਲੇਖ ਲਿਖ ਦਿਤਾ ਹੈ। ੫.ਲੇਖੇ ਵਿਚ ਸਾਸ ਗਿਰਾਸ ਹਨ, ਉਸ ਲਿਖਾਰੀ (ਵਾਹਿਗੁਰੂ) ਦੇ ਲੇਖੇ ਦਾ ਅੰਤ ਕਿਸੇ ਨਹੀਂ ਪਾਇਆ-(''**ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ**'') (ਆਸਾ: ਮ:੧:ਚਉ ੧) ੬.ਆਪ (ਵਾਹਿਗੁਰੂ) ਅਲੇਖ ਹੈ (ਭਾਵ, ਉਸ ਦੇ ਸਿਰ ਪੁਰ ਕਰਮਾਂ ਦਾ ਲੇਖ ਨਹੀਂ ਫੇਰ) ਅਲਖ ਹੈ, (ਅਰਥਾਤ ਕਿਸੇ ਇੰਦ੍ਰਯ ਦਾ ਵਿਖਯ ਨਹੀਂ ਹੈ), ਕਿਸੇ ਨਹੀਂ (ਉਸ ਦਾ ਅੰਤ) ਲਖਿਆ॥

**ਭਾਵ**-''**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ**'' (ਜਪੁਜੀ) ਭਾਵ ਓਹ ਜਿੱਕੁਰ ਬਚਨ ਕਰਦਾ ਹੈ, ਉਹ ਸਭ ਆਗਿਆ ਪਾਲਨ ਕਰ ਰਹੇ ਹਨ, ਓਹ ਸਰਬ ਸ਼ਿਰੋਮਣ ਨਿਰਵਿਕਾਰ ਹੈ।

## ੫. (ਕੁਦਰਤ ਭੈ ਵਿਚ ਹੈ)।

੧. ਭੈ ਵਿਚਿ ਧਰਤਿ ਆਗਾਸੁ ਹੈ ਨਿਰਾਧਾਰ ਭੈ ਭਾਰ ਧਰਾਇਆ।
੨. ਪਉਣੁ ਪਾਣੀ ਬੈਸੰਤਰੋ ਭੈ ਵਿਚਿ ਰਖੈ ਮੇਲਿ ਮਿਲਾਇਆ।
੩. ਪਾਣੀ ਅੰਦਰਿ ਧਰਤਿ ਧਰਿ ਵਿਣੁ ਥੰਮ੍ਹਾ ਆਗਾਸੁ ਰਹਾਇਆ।
੪. ਕਾਠੈ ਅੰਦਰਿ ਅਗਨਿ ਧਰਿ ਕਰ ਪਰਫੁਲਤੁ ਸੁਫਲੁ ਫਲਾਇਆ।
੫. ਨਵੀ ਦੁਆਰੀ ਪਵਣੁ ਧਰਿ ਭੈ ਵਿਚਿ ਸੂਰਜੁ ਚੰਦ ਚਲਾਇਆ।
੬. ਨਿਰਭਉ ਆਪਿ ਨਿਰੰਜਨੁ ਰਾਇਆ ॥੫॥

**ਪਦਾਰਥ**-(ਨਿਰਾਧਾਰ=ਆਸ਼੍ਰਯ ਤੋਂ ਬਿਨਾਂ। ਆਗਾਸੁ=ਆਕਾਸ਼। ਕਾਠੈ=ਲੱਕੜੀ।
(ਨਵੀ ਦੁਆਰੀ=ਨੌਂ ਗੋਲਕਾਂ ਵਿਖੇ।

**ਅਰਥ**-੧.(ਅਕਾਲ ਪੁਰਖ ਨੇ ਆਪ) ਆਸ਼੍ਰਯ ਤੋਂ ਰਹਿਤ ਹੋਕੇ ਆਪਣੇ ਭਯ ਵਿਚ ਧਰਤੀ ਤੇ ਆਕਾਸ਼ ਰਖੇ ਹਨ। (ਅਰ ਸਾਰੀ ਸ੍ਰਿਸ਼ਟੀ ਨੂੰ) ਆਪਣੇ ਭੈ ਦੇ ਭਾਰ ਨਾਲ ਰਖਿਆ ਹੋਇਆ ਹੈ। ੨.ਵਾਯੂ, ਜਲ, ਅਗਨੀ, (ਆਦਿ ਸਾਰੇ ਤੱਤ) ਭਯ ਵਿਚ ਰਖਕੇ ਉਨ੍ਹਾਂ ਦਾ ਆਪੋ ਵਿਚ ਮੇਲ ਮਿਲਾ ਦਿਤਾ ਹੈ। ੩.ਪਾਣੀ ਦੇ ਅੰਦਰ ਧਰਤੀ ਰੱਖੀ ਹੈ, ਅਕਾਸ਼* ਥੰਮ੍ਹਿਆਂ ਦੇ ਬਿਨਾਂ ਹੀ ਰਖਿਆ ਹੋਇਆ ਹੈ; ੪.ਲੱਕੜੀ ਵਿਚ ਅੱਗ ਰੱਖੀ ਹੋਈ ਹੈ; ਫੇਰ ਬ੍ਰਿਛਾਂ ਨੂੰ 'ਪਰਫੁਲਤ' ਰੱਖਕੇ ਫਲਾਂ ਨਾਲ ਫਲਾਉਂਦਾ ਹੈ। ੫.ਨੌਂ ਦਵਾਰਿਆਂ ਵਿਖੇ ਪਵਣ ਰੱਖੀ ਹੋਈ ਹੈ (ਅਰਥਾਤ ਇਨਾਂ ਦੇ ਰਸਤੇ ਅੰਦਰ ਦੀਆਂ ਮੈਲਾਂ ਬਾਹਰ ਨਿਕਲਦੀਆਂ ਹਨ), ਸੂਰਜ ਤੇ ਚੰਦ ਭੀ ਭੈ ਵਿਚ ਚਲਾਏ ਹਨ। ੬.ਪਰ ਆਪ ਮਾਇਆ ਤੋਂ ਅਲੇਪ ਰਾਜਾ (ਵਾਹਿਗੁਰੂ) ਨਿਰਭਉ ਹੈ (ਪੌਣ ਬੀ ਸੂਖਮ ਤੱਤ ਹੈ, ਪੰਜਾਹ ਮੀਲ ਤੋਂ ਪਰੇ ਨਹੀਂ, ਪਰ ਅਕਾਸ਼ ਤੱਤ ਸਾਰੇ ਵਯਾਪਕ ਹੈ, ਪੱਛਮੀ ਵਿਦ੍ਵਾਨ ਬੀ ਹੁਣ ਅਕਾਸ਼ ਨੂੰ (Ether)ਈਥਰ ਨਾਮ ਕਰਕੇ ਮੰਨਦੇ ਹਨ)।

**ਭਾਵ**-"**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥**" (ਆਸਾ ਵਾਰ-੪) "**ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰ ਕਰਾਰਾ ॥**"(ਮਾਰੂ: ਮ:੫:੧) ਕੇਵਲ ਵਾਹਿਗੁਰੂ ਭੈ-ਰਹਿਤ ਹੈ, ਕਿਉਂਕਿ ਆਪ ਕਰਤਾਰ ਹੈ, ਕੀਤੀ ਹੋਈ ਉਸ ਦੇ ਭੈ ਵਿਚ ਹੈ। ਭੈ ਤੋਂ ਭਾਵ ਆਗਯਾ ਮੰਨਣ ਵਾਲੀ ਬ੍ਰਿਤੀ ਦਾ ਹੈ, ਜੋ ਚਾਹੇ ਗਯਾਨ ਦੀ ਕਿਸੇ ਅਵਸਥਾ ਵਿਚ ਹੋਵੇ, ਚਾਹੇ ਅਗਯਾਤ 'ਖਿਚ' ਮਾਤ੍ਰ ਦੀ ਦਸ਼ਾ ਵਿਚ ਹੋਵੇ, ਜੋ ਨਿਯਮਾਂਨੁਸਾਰ ਟੁਰੀ ਜਾਏ।

## ੬. (ਕਾਦਰ ਬੇਓੜਕ ਪੁਰ ਵ੍ਯਾਪਕ ਹੈ)।

੧. ਲਖ ਅਸਮਾਣ ਉਚਾਣਿ ਚੜਿ ਉਚਾ ਹੋਇ ਨ ਅੰਬੜਿ ਸਕੈ।
੨. ਊਚੀ ਹੂੰ ਊਚਾ ਘਣਾ ਥਾਉ ਗਿਰਾਉ ਨ ਨਾਉ ਅਥਕੈ।
੩. ਲਖ ਪਤਾਲ ਨੀਵਾਣਿ ਜਾਇ ਨੀਵਾ ਹੋਇ ਨ ਨੀਵੈ ਤਕੈ।
੪. ਪੂਰਬਿ ਪਛਮਿ ਉਤਰਾਧਿ ਦਖਣਿ ਫੇਰਿ ਚਉਫੇਰਿ ਨ ਢਕੈ।
੫. ਓੜਕ ਮੂਲੁ ਨ ਲਭਈ ਉਤਪਤਿ ਪਰਲਉ ਅਖਿ ਫਰਕੈ।
੬. ਫੁਲਾਂ ਅੰਦਰਿ ਵਾਸ ਮਹੱਕੈ ॥੬॥

**ਪਦਾਰਥ**-(ਉਚਾਣਿ=ਉਚਾਈ। ਅੰਬੜਿ ਸਕੈ=ਪਹੁੰਚ ਸਕਣਾ। ਗਿਰਾਉ=ਪਿੰਡ।
(ਅਥੱਕੈ=ਜੋ ਥਕਣ ਵਿਚ ਨਾ ਆਵੇ। ਨੀਵਾਣਿ=ਡੂੰਘਾਈ।
(ਨ ਨੀਵੈਂ ਤਕੈ=ਡੂੰਘੇ ਰੱਬ ਨੂੰ ਭਾਲ ਨਹੀਂ ਸਕਦਾ। ਢਕੈ=ਕੱਜਣਾ।
(ਓੜਕ=ਅੰਤ। ਉਸਪਤਿ=ਉਤਪਤੀ। ਮਹੱਕੈ=ਮਹਿਕਣਾ, ਵਿਆਪਕ ਹੋਣਾ।

**ਅਰਥ**-੧.ਲੱਖ ਅਸਮਾਨਾਂ†ਦੀ ਉਚਾਈ ਪੁਰ ਚੜ੍ਹ ਕੇ ਕੋਈ ਉਚਾ ਹੋ ਖੜੋਵੇ (ਪਰ ਉਸ ਉਚੇ ਹੋ ਖੜੋਵੇ (ਪਰ ਉਸ ਉਚੇ ਈਸ਼ੂਰ ਨੂੰ ਕੋਈ) ਪਹੁੰਚ ਨਹੀਂ ਸਕਦਾ (ਕਿਉਂ ਜੋ) ੨.ਸਭ ਤੋਂ ਉੱਚੇ ਲੋਕ ਜੋ ਹਨ (ਉਹ ਅਕਾਲ ਪੁਰਖ ਉਨ੍ਹਾਂ ਥੋਂ ਬੀ) ਬਹੁਤ ਉੱਚਾ ਹੈ, ਉਸ ਦੇ ਪਿੰਡ ਦਾ ਨਾ ਥਾਉਂ ਨਾ ਕੋਈ ਨਾਉਂ ਹੀ ਹੈ

*ਇਸ ਦਾ ਮਤਲਬ ਨੀਲ ਨਹੀਂ, ਪਰ ਪੰਜਵਾਂ ਤੱਤ ਅਕਾਸ਼ ਜੋ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ, ਅਰ ਫੇਰ ਨਿਆਸਰੇ ਹੈ।

†ਇਥੇ ਅਸਮਾਨ ਤੋਂ ਭਾਵ ਉਹ ਤਾਰਾ ਮੰਡਲ ਹੈ ਜੋ ਸਾਨੂੰ ਅੱਖ ਨਾਲ ਦਿਸਦਾ ਹੈ, ਜਦ ਉਥੇ ਪਹੁੰਚੀਏ ਤਾਂ ਇਕ ਹੋਰ ਮੰਡਲ ਇਸੇ ਵਾਂਙ ਅਗੇਰੇ ਦਿੱਸੇਗਾ ਐਉਂ ਜਿਓਂ ਜਿਓਂ ਨਿਸ਼ਾਨੇ ਤੇ ਪਹੁੰਚਦੇ ਜਾਓ, ਅੱਗੇ ਹੋਰ ਦਿੱਸੇਗਾ ਇਨ੍ਹਾਂ ਨੂੰ ਲੱਖ ਅਸਮਾਨ ਕਿਹਾ ਹੈ।

 www.sikhbookclub.com

(ਸਾਰੇ ਵਿਆਪਕ ਹੈ ਪਰ ਫੇਰ ਤੁਰ ਫਿਰਕੇ) ਥਕਦਾ ਨਹੀਂ (ਭਾਵ ਸਾਰੇ ਵਿਆਪਕ ਹੈ ਅਰ ਫੇਰ ਅਕਾਸ਼ਵਤ ਜੜ ਨਹੀਂ ਚੇਤਨ ਹੈ)। ੩.ਲੱਖਾਂ ਪਾਤਾਲਾਂ ਦੇ ਨਿਵਾਣਾਂ ਵਿਚ ਜਾਕੇ ਬੀ ਨੀਵਾਂ ਹੋ ਜਾਵੇ (ਫੇਰ ਬੀ) ਡੂੰਘੇ ਈਸ਼ਵਰ ਨੂੰ (ਕੋਈ) ਤੱਕ ਨਹੀਂ ਸੱਕੂ, (ਕਿਉਂ ਜੋ ਉਹ ਲੱਖਾਂ ਪਤਾਲਾਂ ਤੋਂ ਬੀ ਡੂੰਘਾ ਹੈ। ਅਗੇ ਚਾਰੇ ਲਾਭਾਂ ਦਾ ਵਰਣਨ ਹੈ) ੪.ਪੂਰਬ, ਪਛੋਂ, ਉਤੱਰ, ਦੱਖਣ ਦੇ ਚਉਫੇਰੇ ਫਿਰ ਰਿਹਾ ਹੈ, ਉਸਨੂੰ ਕੋਈ ਲਾਂਭ ਨਹੀਂ ਕੱਜ ਸਕਦੀ (ਜੇਕਰ ਪਰਿਛਿੰਨ ਅਰਥਾਤ ਅਲਪ ਵਸਤੂ ਹੋਵੇ ਤਦ ਦੇਸ਼ ਕਾਲ ਵਸਤੂ ਦੇ ਭੇਦ ਕਰਕੇ ਲੁਕ ਸਕਦੀ ਹੈ ਉਹ ਪਰਮਾਤਮਾ ਸਰਬ ਦੇਸ਼, ਸਰਬ ਕਾਲ, ਸਰਬ ਵਸਤੂ ਵਿਖੇ ਅਕਾਸ਼ ਵਤ ਵਯਾਪਕ ਹੋ ਰਿਹਾ ਹੈ ਇਸੇ ਕਰਕੇ ਉਸਦਾ) ੫.ਅੰਤ ਨਹੀਂ ਲੱਭਦਾ, ਉਤਪਤੀ ਅਤੇ ਪਰਲਯ ਅੱਖ ਦੇ ਫੇਰ ਵਿਖੇ ਕਰ ਸਕਦਾ ਹੈ। ੬.ਪਰ (ਜਿੱਕੁਰ) ਫੁਲਾਂ ਵਿਖੇ ਵਾਸ਼ਨਾਂ ਮਹਿਕ ਰਹੀ ਹੈ (ਅਜਿਹਾ ਹੀ ਈਸ਼ੁਰ ਸਾਰੇ ਪਦਾਰਥਾਂ ਵਿਖੇ ਵਿਆਪਕ ਹੋਕਰ ਮਹਿਕ ਰਿਹਾ ਹੈ, ਸੱਤਾ ਦੇ ਰਿਹਾ ਹੈ)।

**ਭਾਵ**-ਉਚੇ, ਨੀਵੇਂ, ਸੱਜੇ, ਖੱਬੇ, ਪੂਰਬ, ਪੱਛਮ ਸਾਰੇ ਵਿਆਪਕ ਹੈ, ਕਿਸੇ ਪਾਸੇ ਗਿਆਂ ਅੰਤ ਨਾ ਆਵੇਗਾ ਤੇ ਉਂਞ ਆਪਣੇ ਅੰਦਰ ਹੈ ਖੋਜੋ ਤਾਂ ਲੱਭ ਪਏਗਾ :-

ਯਥਾ-"**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ**"। (ਧਨਾ: ਮ:੯-੧)

## ੭. (ਕੁਦਰਤ ਦਾ ਭੇਤ ਕਾਦਰ ਜਾਣਦਾ ਹੈ)।

੧. ਓਅੰਕਾਰਿ ਅਕਾਰੁ ਕਰਿ ਥਿਤਿ ਨ ਵਾਰੁ ਨ ਮਾਹੁ ਜਣਾਇਆ।
੨. ਨਿਰੰਕਾਰੁ ਆਕਾਰੁ ਵਿਣੁ ਏਕੰਕਾਰੁ ਨ ਅਲਖੁ ਲਖਾਇਆ।
੩. ਆਪੇ ਆਪਿ ਉਪਾਇਕੈ ਆਪੇ ਅਪਣਾ ਨਾਉਂ ਧਰਾਇਆ।
੪. ਆਦਿ ਪੁਰਖੁ ਆਦੇਸੁ ਹੈ ਹੈਭੀ ਹੋਸੀ ਹੋਦਾ ਆਇਆ।
੫. ਆਦਿ ਨ ਅੰਤੁ ਬਿਅੰਤੁ ਹੈ ਆਪੇ ਆਪਿ ਨ ਆਪੁ ਗਣਾਇਆ।
੬. ਆਪੇ ਆਪੁ ਉਪਾਇ ਸਮਾਇਆ ॥੭॥

**ਪਦਾਰਥ**-(ਮਾਹੁ=ਮਹੀਨਾ। ਆਕਾਰੁ ਵਿਣੁ=ਸਰੂਪ ਤੋਂ ਬਿਨਾ ਹੈ।
(ਆਦੇਸੁ=ਨਮਸਕਾਰ।ਪਾਂਠਾਤ੍ਰ-ਆਦੇਸ਼=ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ।
(ਸਮਾਇਆ=ਆਪਣੇ ਵਿਖੇ ਲੀਨ ਕਰ ਲੈਂਦਾ ਹੈ।

**ਅਰਥ**-੧.(ਜਦ 'ਓਅੰਕਾਰ') ਬ੍ਰਹਮ ਨੇ (ਆਕਾਰ=) ਪਰਪੰਚ ਕੀਤਾ ਹੈ, ਤਦੋਂ ਥਿਤ ਵਾਰ ਅਰ ਮਹੀਨਾ (ਕੁਝ ਬੀ, ਕੋਈ ਬੀ) ਜਾਣਦਾ ਨਹੀਂ ਸੀ। ੨.('ਨਿਰੰਕਾਰ') ਪਰਮਾਤਮਾ ਸਰੂਪ ਤੋਂ ਬਿਨਾਂ (ਜੋਤੀ ਸਰੂਪ ਸੀ), (ਉਸ) 'ਏਕੰਕਾਰ' ਅਲਖ ਨੇ ਕਿਸੇ ਨੂੰ ਆਪਣਾ ਆਪ ਨਹੀਂ 'ਲਖਾਇਆ' (=ਦਸਿਆ)। ੩.ਆਪ (ਜਗਤ) ਉਤਪੰਨ ਕਰਕੇ ਆਪ ਹੀ ਆਪਣਾ ਨਾਉਂ (ਪਰਮੇਸ਼ਰ ਦਾ ਸਰਬ ਨਾਮ) ਧਰਾਇਆ ਸੀ (ਅਥਵਾ ਜੀਵਾਂ ਨੂੰ ਰਚਕੇ ਉਨ੍ਹਾਂ ਦੀ ਕਲਯਾਨ ਦਾ ਸਾਧਨ ਆਪਣਾ ਨਾਮ ਬੀ ਆਪ ਹੀ ਸਥਾਪਤ ਕੀਤਾ)। ੪.(ਓਹ ਵਾਹਿਗੁਰੂ ਸਰਬ ਦਾ) ਆਦਿ (ਕਾਰਨ) ਹੈ, ਨਮਸਕਾਰ ਹੋਵੇ ਸਾਡੀ ਉਸਨੂੰ ਜੋ ਹੁਣ ਹੈ, ਅਗੇ ਹੋਸੀ, ਤੇ (ਭੂਤ ਕਾਲ ਵਿਖੇ ਪਰੰਪਰਾ ਤੋਂ) ਹੁੰਦਾ ਆਇਆ ਹੈ। ੫.ਉਸਦਾ ਮੁੱਢ ਅਰ ਉਸਦਾ ਅੰਤ ਕੋਈ ਨਹੀਂ ਹੈ, (ਕਿਉਂ ਜੋ) ਓਹ ਬੇਅੰਤ ਹੈ, ਆਪੇ ਆਪ ਹੈ, ਪਰ ਜਤਾਉਂਦਾ ਨਹੀਂ। ੬.(ਸ੍ਰਿਸ਼ਟੀ) ਆਪ ਰਚਕੇ ਆਪੇ ਹੀ ਸਮਾਇ ਲੈਂਦਾ ਹੈ।

**ਭਾਵ**-"**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ**" ॥(ਜਪੁਜੀ) ਅਰਥਾਤ-ਥਿਤ ਵਾਰ ਨੂੰ ਜੋਗੀ ਸ਼ਿਵ ਬੀ ਨਹੀਂ ਲਖ ਸਕਦਾ, ਰੁਤ ਅਰ

ਮਹੀਨਾ ਕੋਈ ਬ੍ਰਹਮਾ ਜਾਂ ਵਿਸ਼ਨੂੰ ਬੀ ਨਹੀਂ ਜਾਣ ਸਕਦੇ, ਜਦ ਓਹ ਨਿਰੰਕਾਰ ਆਪਣੀ ਸ੍ਰਿਸ਼ਟੀ ਰਚਦਾ ਹੈ, ਉਸ ਦਾ ਸਮੱਗਰ ਭੇਤ ਆਪ ਹੀ ਓਹ ਜਾਣਦਾ ਹੈ।

## ੮. (ਕਾਦਰ ਕੀਤੇ ਤੋਂ ਅਗੰਮ ਹੈ)।

੧. ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਸਮਾਈ।
੨. ਕੇਵਡੁ ਵਡਾ ਆਖੀਐ ਕਿਤੁ ਘਰਿ ਵਸੈ ਕੇਵਡੁ ਜਾਈ।
੩. ਇਕੁ ਕਵਾਉ ਅਮਾਉਂ ਹੈ ਲਖ ਦਰੀਆਉ ਨ ਕੀਮਤਿ ਪਾਈ।
੪. ਪਰਵਦਗਾਰੁ ਅਪਾਰੁ ਹੈ ਪਾਰਾਵਾਰੁ ਨ ਅਲਖੁ ਲਖਾਈ।
੫. ਏਵਡੁ ਵਡਾ ਹੋਇਕੈ ਕਿਥੈ ਰਹਿਆ ਆਪੁ ਲੁਕਾਈ।
੬. ਸੁਰਿ ਨਰ ਨਾਥ ਰਹੇ ਲਿਵ ਲਾਈ ॥੮॥

**ਪਦਾਰਥ**-(ਵਰਭੰਡ=ਬ੍ਰਹਿਮੰਡ। ਸਮਾਈ=ਗਿਣਤੀ। ਜਾਈ=ਜਗ੍ਹਾ, ਥਾਂ
(ਅਮਾਉ=ਜੋ ਮਿਣਤੀ ਵਿਚ ਨਾ ਆਵੇ।

**ਅਰਥ**-੧.(ਇਕ ਇਕ) ਰੋਮ ਵਿਖੇ ਕਰੋੜ ਬ੍ਰਹਿਮੰਡ ਦੀ ਗਿਣਤੀ ਨੂੰ (ਉਸ ਪਰਮਾਤਮਾ ਨੇ) ਰਖਿਆ ਹੈ। ੨.(ਹੁਣ ਆਪ ਸੋਚੋ)। ਉਸਨੂੰ ਅਸੀਂ ਕਿੱਡਾ ਕੁ ਵਡਾ ਕਹੀਏ ਤੇ ਕਿਹੜੇ ਘਰ ਵਿਖੇ ਵਸਦਾ ਹੈ, ਤੇ ਕਿਹੜੀ ਉਸ ਦੀ ਜਗ੍ਹਾ ਹੈ? (ਭਾਵ ਜਿਸ ਦੇ ਇਕ ਵਾਕ ਦਾ ਹੀ ਅੰਤ ਨਹੀਂ ਹੈ, ਉਸ ਦੇ ਘਰ ਤੇ ਥਾਉਂ ਦਾ ਕੀ ਪਤਾ ਦੇਈਏ, ਯਥਾ:-"**ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥**" (ਆਸਾ: ਮ:੧ ਸੋਦਰ) ੩.ਤੇਰਾ ਇਕ ਵਾਕ ਮਿਣਤੀ ਵਿਚ ਨਹੀਂ ਆਉਂਦਾ (ਉਸ ਤੇਰੇ ਇਕ ਵਾਕ ਥੋਂ ਹੋਏ) ਲੱਖਾਂ ਦਰੀਆਵਾਂ ਦੀ ਕੀਮਤ ਨਹੀਂ ਪਾਈ ਜਾਂਦੀ (ਯਥਾ :-"**ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨਾ ਜਾਵਾ ਏਕ ਵਾਰ॥**") (ਜਪੁਜੀ) ੪.(ਹੇ ਅਕਾਲ ਪੁਰਖ ! ਤੂੰ) ਪਰਵਦਗਾਰ (ਸਭ ਦਾ ਪਾਲਕ) ਹੈਂ, ਅਪਾਰ ਹੈਂ, ਤੇਰਾ ਪਾਰਾਵਾਰ ਨਹੀਂ ਹੈ, ਨਾ ਅਲੱਖ ਦੀ ਲੱਖਤਾ ਹੀ ਹੋ ਸਕਦੀ ਹੈ। ੫.ਏਡਾ ਵੱਡਾ ਹੋਕੇ ਕਿਥੇ ਤੂੰ ਆਪਣਾ ਆਪ ਲੁਕਾ ਛਡਿਆ ਹੈ? ੬.ਦੇਉਤੇ, ਆਦਮੀ, ਜੋਗੀ ਲੋਕ ਲਿਵ ਲਾਕੇ (ਥੱਕ)ਰਹੇ, (ਅੰਤ ਨਹੀਂ ਪਾਯਾ)।

## ੯. (ਕਾਦਰ ਕੀਤੇ ਤੋਂ ਅਗੰਮ ਹੈ)।

੧. ਲਖ ਦਰੀਆਉ ਕਵਾਉ ਵਿਚਿ ਅਤਿ ਅਸਗਾਹ ਅਥਾਹ ਵਹੰਦੇ।
੨. ਆਦਿ ਨ ਅੰਤੁ ਬਿਅੰਤੁ ਹੈ ਅਗਮ ਅਗੋਚਰ ਫੇਰ ਫਿਰੰਦੇ।
੩. ਅਲਖੁ ਅਪਾਰੁ ਵਖਾਣੀਐ ਪਾਰਾਵਾਰੁ ਨ ਪਾਰ ਲਹੰਦੇ।
੪. ਲਹਰਿ ਤਰੰਗ ਨਿਸੰਗ ਲਚ ਸਾਗਰ ਸੰਗਮ ਰੰਗ ਰਵੰਦੇ।
੫. ਰਤਨ ਪਦਾਰਥ ਲਖ ਲਖ ਮੁਲਿ ਅਮੁਲਿ ਨ ਤੁਲਿ ਤੁਲੰਦੇ।
੬. ਸਦਕੇ ਸਿਰਜਣਹਾਰ ਸਿਰੰਦੇ ॥੯॥

**ਪਦਾਰਥ**-(ਕਵਾਉ=ਵਾਕ, ਜਾਂ ਪੁਸ਼ਾਕ ਭਾਵ ਸਰੀਰ। ਅਸਗਾਹ=ਜੋ ਗਾਹਿਆ ਨਾ
(ਜਾਵੇ, ਵਿਚਾਰ ਵਿਚ ਨਾ ਆਵੇ। ਲਹਿਰ=ਛੱਲਾਂ ਪਾਣੀ ਦੀਆਂ।
(ਤਰੰਗ=ਬੁਦਬੁਦੇ। ਰੰਗ ਰਵੰਦੇ=ਇਕ ਰੂਪ ਹੋ ਜਾਂਦੇ ਹਨ।
(ਸਦਕੇ=ਕੁਰਬਾਨ ਹੋਣਾ ਸਿਰੰਦਾ=ਸਿਰਜਨਹਾਰ।

**ਅਰਥ**-੧.(ਉਸਦੇ) ਵਾਕ (ਅਥਵਾ ਸਰੀਰ) ਵਿਖੇ ਲਖਾਂ ਦਰੀਆਉ (ਭਾਵ ਵਿਚ ਕਾਰਕ ਬੀ ਲੈਂਦੇ ਹਨ) ਅਤੀ ਡੂੰਘੇ ਤੇ ਅਥਾਹ ਵਹਿੰਦੇ ਹਨ। ੨.ਉਨ੍ਹਾਂ (ਦਰੀਆਵਾਂ) ਦਾ ਆਦਿ ਅੰਤ ਨਹੀਂ ਲਖੀਦਾ (ਇਸੇ ਕਰਕੇ) ਬੇਅੰਤ ਹਨ (ਕਿਉਂ ਜੋ ਦਸਮ ਗੁਰੂ ਜੀ ਬਚਨ ਕਰਦੇ ਹਨ-"**ਅਕਾਲ ਪੁਰਖ ਕੀ ਦੇਹ ਮੋ ਕੋਟਕ ਬਿਸਨ ਮਹੇਸ ॥ ਕੋਟ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕੋਟ ਜਲੇਸ ॥**" 'ਅਗੰਮ ਅਗੋਚਰ' (ਅਕਾਲ ਪੁਰਖ ਰੂਪੀ ਅਸਗਾਹ ਸਮੁੰਦ੍ਰ ਵਿਖੇ (ਘੁੰਮਣ ਘੇਰੀਆਂ ਖਾਂਦੇ ਹਨ। ੩.(ਉਹ) ਅਲੱਖ ਤੇ ਅਪਾਰ ਕਹੀਦਾ ਹੈ (ਉਸ ਦੇ) ਪਾਰਾਵਾਰ ਦਾ ਪਾਰ ਨਹੀਂ ਲੈ ਸਕਦੇ। ੪.ਲਹਿਰਾਂ ਦੇ ਤਰੰਗ, ਬੁਦਬੁਦੇ ਨਿਸਚੇ ਕਰਕੇ ਲੱਖਾਂ ਹੀ ਸਮੁੰਦਰ ਦੇ ਨਾਲ ਮਿਲਕੇ ਉਸ ਦੇ ਰੰਗ ਵਿਚ ਚਲਦੇ ਹਨ। ੫.ਕਈ ਲੱਖਾਂ ਰਤਨ ਪਦਾਰਥ ਹੁੰਦੇ ਹਨ, ਓਸ ਮੁੱਲ ਥੋਂ ਅਮੋਲਕ ਅਰ ਤੁੱਲਾਂ ਦੇ ਤੋਲਣ ਥੋਂ ਅਤੋਲ ਹੁੰਦੇ ਹਨ। (ਭਾਵ ਵੈਰਾਗ ਗਿਆਨਾਦਿਕ ਅਮੋਲਕ ਗੁਣ ਧਾਰਨ ਕਰਦੇ ਹਨ) ੬.ਸਿਰਜਣਹਾਰ ਤੋਂ ਅਸੀਂ ਕੁਰਬਾਨ ਜਾਂਦੇ ਹਾਂ। (ਅਗੇ ਇਸੇ ਨੂੰ ਹੋਰ ਪੁਸ਼ਟ ਕਰਦੇ ਹੈਨ)।

## ੧੦. (ਕਾਦਰ ਨਿਰਲੇਪ ਤੇ ਪੂਰਨ ਹੈ)।

੧. ਪਰਵਦਗਾਰੁ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ।
੨. ਰਾਜਿਕੁ ਰਿਜਕੁ ਸੰਬਾਹਿਦਾ ਸਭਨਾ ਦਾਤਿ ਕਰੇ ਅਣਮੰਗੀ।
੩. ਕਿਸੈ ਜਿਵੇਹਾ ਨਾਹਿ ਕੋ ਦੁਬਿਧਾ ਅੰਦਰਿ ਮੰਦੀ ਚੰਗੀ।
੪. ਪਾਰਬ੍ਰਹਮੁ ਨਿਰਲੇਪੁ ਹੈ ਪੂਰਨੁ ਬ੍ਰਹਮੁ ਸਦਾ ਸਹਲੰਗੀ।
੫. ਪਉਣ ਪਾਣੀ ਬੈਸੰਤਰੁ ਸੰਗੀ ॥੧੦॥

**ਪਦਾਰਥ**-(ਪਰਵਦਗਾਰ=ਪਾਲਣਦਾਰ। ਸੰਬਾਹਿਦਾ=ਪਹੁੰਚਾਉਂਦਾ।
(ਰਾਜਿਕੁ=ਰਿਜ਼ਕ ਦੇਣੇਹਾਰਾ। ਸਹਲੰਗੀ=ਮਿਲਿਆ ਹੋਇਆ।
(ਸਰਬੰਗੀ=ਸਭ ਨਾਲ ਮਿਲਤ।

**ਅਰਥ**-੧.ਪਾਲਣਾ ਕਰਨਹਾਰੇ ਦੀ ਸ਼ਲਾਘਾ ਕਰੀਏ (ਜਿਸ ਨੇ) ਨਾਨਾ ਰੰਗਾਂ ਦੀ ਸ੍ਰਿਸ਼ਟੀ ਰਚੀ ਹੈ। ੨.ਰੋਟੀ ਸਭ ਨੂੰ ਪਹੁੰਚਾਉਂਦਾ ਹੈ, ਸਭਨਾਂ ਨੂੰ ਅਣਮਗੀ ਦਾਤ ਕਰਦਾ ਹੈ। ੩.ਇਕ ਦੂਜੇ ਨਾਲ ਕਿਸੇ ਦਾ ਰੰਗ ਰੂਪ ਨਹੀਂ ਮਿਲ ਸਕਦਾ, ਦ੍ਵੈਤ ਦੇ ਅੰਦਰ (ਕੋਈ ਤਾਂ) ਮੰਦੀ (ਸ੍ਰਿਸ਼ਟੀ ਹੈ ਭਾਵ ਆਸੁਰੀ ਸੰਪਦਾ ਵਾਲੀ ਕੋਈ) ਚੰਗੀ ਦੈਵੀ ਸੰਪਦਾ ਵਾਲੀ ਹੈ (ਯਥਾ:- '**ਅਸੰਖ ਜਪ ਅਸੰਖ ਭਾਉ**' ਦੀਆਂ ਪੌੜੀਆਂ ਹਨ। ੪.(ਰਚਣਹਾਰ) ਪਰਮਾਤਮਾ ਸਭ ਤੋਂ ਨਿਰਲੇਪ ਹੈ, ਸਰਬ ਵਿਖੇ ਪੂਰਣ ਹੈ; ਅਰ ਸਰਬ ਨਾਲ ਸਦਾ ਮਿਲਿਆ ਹੋਇਆ ਹੈ। ੫.(ਫੇਰ) ਵਰਨਾਂ ਚਿਹਨਾਂ ਤੋਂ ਬਾਹਰ ਹੈ, ਸਭਨਾ ਦੇ ਅੰਦਰ ਸਰਬੰਗੀ (ਭਾਵ ਨਖ ਤੋਂ ਸ਼ਿਖਾ ਤੀਕ ਵਯਾਪਕ ਹੋਕੇ ਫੈਲ ਰਿਹਾ) ਹੈ। ੬.ਪਉਣ ਪਾਣੀ, ਅਤੇ ਬੈਸੰਤਰ (ਆਦਿ ਸਾਰਿਆਂ ਪੰਜਾਂ ਭੂਤਾਂ ਦਾ) 'ਸੰਗੀ' ਹੈ, (ਭਾਵ ਸਭ ਨਾਲ ਮਿਲਿਆ ਹੋਇਆ ਹੈ।

**ਭਾਵ**-ਪਰਮਾਤਮਾ ਦੀ ਸੱਤਾ ਬਾਝ ਕੋਈ ਤੱਤ ਆਪਣਾ ਕੰਮ ਨਹੀਂ ਕਰ ਸਕਦਾ। ਯਥਾ :- "**ਭੈ ਵਿਚਿ ਪਵਣੁ ਵਹੈ ਸਦਵਾਉ ॥ਭੈ ਵਿਚਿ ਚਲਹਿ ਲਖ ਦਰੀਆਉ ॥**" (ਆਸਾ: ਵਾਰ:੪) ਆਦਿਕ ਗੱਲ ਕੀ ਈਸ਼੍ਵਰ ਦੀ ਆਗਿਆ ਵਿਚ ਹੀ ਪਉਣ ਪਾਣੀ ਅਰ ਅੱਗ ਦੇ ਨਿਵਾਸੀ ਜੀਵਾਂ ਦੀ ਬੀ ਪਾਲਣਾ ਹੋ ਰਹੀ ਹੈ।

## ੧੧. (ਮਾਯਕ ਉਤਪਤੀ ਕਾਰਣ)।

੧. ਓਅੰਕਾਰਿ ਆਕਾਰੁ ਕਰਿ ਮਖੀ ਇਕ ਉਪਾਈ ਮਾਇਆ।
੨. ਤਿਨਿ ਲੋਅ ਚਉਦਹ ਭਵਣੁ ਜਲ ਥਲੁ ਮਹੀਅਲੁ ਛਲੁ ਕਰਿ ਛਾਇਆ।

੩. ਬ੍ਰਹਮਾ ਬਿਸਨ ਮਹੇਸ ਤ੍ਰੈ ਦਸ ਅਵਤਾਰ ਬਜਾਰਿ ਨਚਾਇਆ।
੪. ਜਤੀ ਸਤੀ ਸੰਤੋਖੀਆ ਸਿਧ ਨਾਥ ਬਹੁ ਪੰਥ ਭਵਾਇਆ।
੫. ਕਾਮ ਕਰੋਧ ਵਿਰੋਧ ਵਿਚਿ ਲੋਭ ਮੋਹੁ ਕਰਿ ਧ੍ਰੋਹ ਲੜਾਇਆ।
੬. ਹਉਮੈ ਅੰਦਰਿ ਸਭਕੋ ਸੇਰਹੁ ਘਟਿ ਨ ਕਿਨੈ ਅਖਾਇਆ।
੭. ਕਾਰਣੁ ਕਰਤੇ ਆਪੁ ਲੁਕਾਇਆ ॥੧੧॥

**ਪਦਾਰਥ**-ਆਕਾਰੁ=ਫੁਰਨਾ। ਮੱਖੀ=ਮਖਿਕਾ, ਚਮਕੀਲੀ। ਧ੍ਰੋਹ=ਛਲ, ਦਗੇਬਾਜ਼ੀ

**ਅਰਥ**-੧.'ਓਅੰਕਾਰ' ਪਰਮਾਤਮਾ ਨੇ (ਮਨ ਵਿਖੇ) ਫੁਰਨਾ ਕਰਕੇ (ਯਾ ਰੂਪ ਬਣਾਕੇ) ਇਕ ਮਾਇਆ ਦੀ ਮੱਖੀ ਉਤਪਤ ਕੀਤੀ। (ਮੱਖੀ ਕਹਿਣ ਥੋਂ ਭਾਵ ਇਹ ਹੈ ਕਿ ਇਕ ਜਗ੍ਹਾ ਟਿਕਦੀ ਨਹੀਂ, ਛਲ ਰੂਪ ਹੈ ਅਰ ਦੁਰਗੰਧੀ ਪੁਰ ਬਹੁਤ ਹੁੰਦੀ ਹੈ ਜਿਹਾ ਕਿ- **"ਮਾਖੀ ਰਾਮ ਕੀ ਤੂ ਮਾਖੀ ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥"**(ਸਾਰ: ਮ:੫) ਭਾਵ ਜਿਥੇ ਵਿਖਯ ਵਿਕਾਰ ਹੋਣ ਉਥੇ ਮਾਇਆ ਦਾ ਪ੍ਰਭਾਵ ਬਹੁਤ ਹੁੰਦਾ ਹੈ। ਅਗੇ ਦੂਜੀ ਤੁਕ ਵਿਖੇ ਇਸ ਥੋਂ ਜਗਤ ਦੀ ਉਤਪਤੀ ਦੱਸਦੇ ਹਨ)। ੨.ਤਿੰਨ ਲੋਕ ਚੌਦਾਂ ਭਵਨ* (ਸਾਰਾ ਸੰਸਾਰ) ਹੋਰ ਜਲ, ਥਲ, ਪ੍ਰਿਥਵੀ, ਅਕਾਸ਼, ਸਭਨਾ ਪਰ (ਮਾਇਆ ਨੇ) ਆਪਣੇ ਛਲ ਕਰਨ ਵਾਲੇ (ਰੂਪ) ਦੀ ਛਾਇਆ (ਕਰ ਰਖੀ ਹੈ)। ੩.ਬ੍ਰਹਮਾ ਬਿਸ਼ਨ ਅਰ ਸ਼ਿਵ ਇਹ ਤਿੰਨ (ਅਰ ਹੋਰ) ਦਸ ਅਵਤਾਰ ਹੋਏ, (ਉਨ੍ਹਾਂ ਨੇ) ਬਜ਼ਾਰਾਂ ਵਿਖੇ (ਆਪਣਾ ਨਾਚ) ਨਚਾਯਾ (ਭਾਵ ਲੋਕ ਰਾਸਾਂ ਪਾਕੇ ਅਵਤਾਰਾਂ ਨੂੰ ਨਚਾਕੇ ਤਮਾਸ਼ਾ ਦੇਖਣ ਲਗੇ। ਜਿਹਾਕੁ- **"ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ ਸਿਰ ॥ ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥"** (ਆਸਾ: ਵਾਰ-੫) ੪.ਜਤੀ, ਸਤੀ, ਸੰਤੋਖੀ ਲੋਕ, ਸਿਧ, (ਨੌ) ਨਾਥਾਂ ਨੂੰ ਬਾਹਲੇ ਪੰਥ (ਭੇਖਾਂ ਵਿਖੇ ਮਾਇਆ ਨੇ) ('ਭੌਤਲ'=) ਭੌਂਦੂ ਕਰ ਛਡਿਆ ਹੈ। ੫.ਕਾਮ ਕ੍ਰੋਧ (ਦੇ ਝਗੜਿਆਂ ਵਿਖੇ) ਲੋਭ ਤੇ ਮੋਹ ਦੀ(ਫਾਂਸੀ ਵਿਚ ਫਸੇ ਹੋਏ ਆਪੋ ਵਿਚ ਵਿਰੋਧ ਕਰਕੇ) ਧ੍ਰੋਹ ਕਰਕੇ ਲੜਦੇ ਹਨ। ੬.(ਸਿੱਧਾਂਤ) ਸਾਰਾ ਸੰਸਾਰ ਹਉਮੈ ਦੇ ਅੰਦਰ ਫਸਿਆ ਹੋਇਆ ਹੈ (ਫੇਰ ਬੀ) ਆਪ ਨੂੰ ਅਪੂਰਨ ਕਿਸੇ ਨਹੀਂ ਕਹਾਇਆ। (ਸਭ ਕੋਈ ਸੋਲਾਂ ਛਟਾਂਕ ਹੀ ਆਪ ਨੂੰ ਮੰਨਦਾ ਹੈ, ੧੫ ਛਟਾਂਕ ਕੋਈ ਨਹੀਂ ਮੰਨਦਾ)। ੭.(ਇਹ ਨਹੀਂ ਜਾਣਦੇ ਕਿ ਸਾਰੇ) ਕਾਰਣ ਕਰਤੇ ਨੇ ਆਪਣੇ ਹੱਥ ਲੁਕਾਏ ਹੋਏ ਹਨ (ਹੋਰ ਕਿਸੇ ਦੇ ਹੱਥ ਨਹੀਂ ਦਿਤੇ, ਯਥਾ:-**"ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥"** (ਸ: ਸਹਸ: ਮ:੧-੨)

## ੧੨. (ਹੁਕਮ)।

੧. ਪਾਤਿਸਾਹਾ ਪਾਤਿਸਾਹ ਹੈ ਅਬਚਲੁ ਰਾਜੁ ਵਡੀ ਪਾਤਸਾਹੀ।
੨. ਕੇਵਡੁ ਤਖਤੁ ਵਖਾਣੀਐ ਕੇਵਡੁ ਮਹਲੁ ਕੇਵਡੁ ਦਰਗਾਹੀ।
੩. ਕੇਵਡੁ ਸਿਫਤਿ ਸਲਾਹੀਐ ਕੇਵਡੁ ਮਾਲੁ ਮੁਲਖੁ ਅਵਗਾਹੀ।
੪. ਕੇਵਡੁ ਮਾਣੁ ਮਹਤੁ ਹੈ ਕੇਵਡੁ ਲਸਕਰ ਸੇਵ ਸਿਪਾਹੀ।
੫. ਹੁਕਮੈ ਅੰਦਰਿ ਸਭ ਕੋ ਕੇਵਡੁ ਹੁਕਮੁ ਨ ਬੇਪਰਵਾਹੀ।
੬. ਹੋਰਸੁ ਪੁਛਿ ਨ ਮਤਾ ਨਿਬਾਹੀ ॥੧੨॥

**ਪਦਾਰਥ**-(ਅਬਿਚਲੁ=ਅਬਿਨਾਸ਼ੀ। ਦਰਗਾਹੀ=ਮੁਸਾਹਿਬ। ਸਿਫਤਿ=ਉਸਤਤਿ। (ਅਵਗਾਹੀ=ਵਿਚਾਰੀਏ। (ਅ)ਬੇਅੰਤ। ਮਾਣੁ ਮਹਤੁ=ਵਡਾ ਪ੍ਰਤਾਪ।

*ਭਰ, ਭਵਰ, ਸ੍ਵਰ, ਮਹਰ, ਜਨ, ਤਪ, ਸਤ, ਅਤਲ, ਬਿਤਲ, ਸੁਤਲ, ਰਸਾਤਲ, ਤਲਾਤਲ, ਮਹਾਤਲ, ਪਤਾਲ।

(ਲਸਕਰ=ਫੌਜ। ਸੇਵ ਸਿਪਾਹੀ=ਸੇਵਾ ਦੇ ਸਿਪਾਹੀ ਭਾਵ ਨਿਜ ਦੇ ਸੇਵਕ
(ਬੇਪਰਵਾਹੀ=ਅਲਗ਼ਰਜ਼ੀ, ਨਿਰਿੱਛਤ।

**ਅਰਥ**-੧.(ਅਕਾਲ ਪੁਰਖ) ਪਾਤਸ਼ਾਹਾਂ ਦਾ ਬੀ ਪਾਤਸ਼ਾਹ ਹੈ (ਕਿਉਂ ਜੋ ਉਹ) ਅਟਲ ਰਾਜ ਤੇ ਵਡੀ ਵਡਿਆਈ ਵਾਲਾ ਹੈ। ੨.ਕਿੱਡਾਕੁ ਉਸਦਾ ਰਾਜ ਸਿੰਘਾਸਣ ਵਰਣਨ ਕਰੀਏ? ਕੇਡਾਕੁ ਰਾਜ ਮੰਦਰ ਅਰ ਕਿੰਨੇ ਕੁ ਵਡੇ (ਉਸਦੇ) ਦਰਗਾਹੀ (ਸਭਾ ਸ਼ਿੰਗਾਰ) ਮੁਸਾਹਿਬ। ੩.ਕੇਡੀਕੁ ਉਸਦੀ ਉਸਤਤਿ ਕਰੀਏ? ਕੇਡਾਕੁ ਮਾਲ ਅਰ ਉਸ ਦਾ ਮੁਲਖ ਵਿਚਾਰੀਏ (ਅਥਵਾ ਗਾਹਿਆ ਨਹੀ ਜਾਂਦਾ ਬੇਅੰਤ ਹੈ)। ੪.ਵੱਡਾ ਪ੍ਰਤਾਪ ਕਿੰਨਾਕੁ ਆਖੀਏ ਕਿੱਡਾਕੁ ਲਸ਼ਕਰ (ਗਿਣੀਏ) ਅਰ ਸੇਵਾ ਦੇ ਸਿਪਾਹੀ (ਕਿੰਨੇਕੁ ਕਥਨ ਕਰੀਏ)। (ਹੁਣ ਪੰਜਵੀਂ ਤੇ ਛੀਵੀਂ ਤੁਕ ਵਿਖੇ ਸਾਰਾ ਸਿੱਟਾ ਦੱਸਦੇ ਹਨ:-) ੫.ਉਸਦੇ ਹੁਕਮ ਦੇ ਅੰਦਰ ਸਾਰੇ ਹਨ, ਕੇਡਾ ਹੁਕਮ ਕਹੀਏ ਹੈ (ਭਾਵ ਅਤਯੰਤ ਹੈ, ਪਰ ਫੇਰ) (ਨਾ ਬੇ-ਪਰਵਾਹੀ=) ਅਲਗ਼ਰਜ਼ੀ ਨਹੀਂ ਕਰਦਾ। ੬.(ਫੇਰ ਅੰਤਰਜਾਮੀ ਅਰ ਸੁਤੇ ਆਧਾਰ ਐਡਾ ਹੈ ਕਿ ਇਤਨੇ ਵਡੇ ਰਾਜ ਦਾ ਪ੍ਰਬੰਧ ਹੋਰ)ਕਿਸੇ ਨਾਲ ਸਲਾਹ ਪੁੱਛਕੇ ਨਹੀਂ ਕਰਦਾ(ਆਪ ਹੀ ਸਰਬ ਸਮਰੱਥ ਹੈ)।

**ਭਾਵ**-ਇਸੇ ਲਈ ਸਵੱਯਾਂ ਵਿਖੇ 'ਬੇਵਜੀਰ ਬਡੇ ਧੀਰ' ਆਦਿ ਅਕਾਲ ਪੁਰਖ ਦੇ ਵਿਸ਼ੇਖਣ ਦਿੱਤੇ ਹਨ, ਜਿਹਾ ਕੁ- **ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ ਖੇਲੁ ਕੀਆ ਆਪਣੈ ਉਛਾਹਿ ਜੀਉ**'। (ਸਵ:ਮ:੪) ਅਰਥ-ਉਹ ਕਿਸੇ ਵਜ਼ੀਰ ਥੋਂ ਮਤਾ ਨਹੀਂ ਪੁੱਛਦਾ, ਵੱਡਾ ਧੀਰਜ, ਧਰਮ ਰੂਪ, ਅਲਖ ਅਤੇ ਅਗੰਮ ਹੈ; ਆਪਣੀ ਇਛਾ ਪੂਰਬਕ ਖੇਲ ਕਰਕੇ ਆਪ ਹੀ ਤਮਾਸ਼ਾ ਦੇਖ ਰਿਹਾ ਹੈ। "**ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ॥**" (ਬਿਹਾ: ਵਾਰ-੭) ਗੱਲ ਕੀ ਪਸਾਰਾ ਕਰਨ ਵੇਲੇ ਦੂਜੇ ਕੋਲੋਂ ਪੁੱਛਕੇ ਨਹੀਂ ਕੀਤਾ।

## ੧੩. (ਕੀਤੇ ਨੇ ਕਰਤਾ ਵਿਸਾਰਿਆ)।

੧. ਲਖ ਲਖ ਬ੍ਰਹਮੇ ਵੇਦ ਪੜਿ ਇਕਸ ਅਖਰ ਭੇਦੁ ਨ ਜਾਤਾ।
੨. ਜੋਗ ਧਿਆਨ ਮਹੇਸ ਲਖ ਰੂਪ ਨ ਰੇਖ ਨਾ ਭੇਖੁ ਪਛਾਤਾ।
੩. ਲਖ ਅਵਤਾਰ ਅਕਾਰ ਕਰਿ ਤਿਲੁ ਵੀਚਾਰੁ ਨ ਬਿਸਨ ਪਛਾਤਾ।
੪. ਲਖ ਲਖ ਨਉਤਨ ਨਾਉ ਲੈ ਲਖ ਲਖ ਸੇਖ ਵਿਸ਼ੇਖ ਨ ਤਾਤਾ।
੫. ਚਿਰੁ ਜੀਵਨੁ ਬਹੁ ਹੰਢਣੇ ਦਰਸਨ ਪੰਥ ਨ ਸਬਦੁ ਸਿਵਾਤਾ।
੬. ਦਾਤਿ ਲੁਭਾਇ ਵਿਸਾਰਨਿ ਦਾਤਾ ॥੧੩॥

**ਪਦਾਰਥ**-(ਅਖਰ=ਓਅੰਕਾਰ, ਜੋ ਨਾ ਖਰੇ='ਵਾਹਿਗੁਰੂ'। ਤਾਤਾ=ਖਾਹਸ਼, ਇੱਛਾ, ((ਅ) ਤੱਤ ਸਾਰ' ਬਹੁ ਹੰਢਣੇ=ਬਹੁਤ ਉਮਰ ਭੋਗਣ ਵਾਲੇ। (ਵਿਸ਼ੇਖ ਨ ਤਾਤਾ=ਵਿਸ਼ੇਖਤਾ ਦੀ ਇੱਛਾ ਨਹੀਂ, ਜਾਂ ਵਿਸ਼ੇਖ ਤੱਤ ਨ ਜਾਤਾ

**ਅਰਥ**-੧.ਲੱਖਾਂ ਬ੍ਰਹਮੇ ਲੱਖਾਂ ਵਾਰ ਵੇਦ ਪੜ੍ਹਦੇ ਹਨ ਪਰੰਤੂ ਇਕ 'ਅੱਖਰ' (ਅਕਾਲ ਪੁਰਖ) ਦਾ ਭੇਦ ਨਹੀਂ ਜਾਣਿਆਂ। ੨.ਪ੍ਰਣਾਯਾਮ ਕਰਕੇ ਲੱਖਾਂ ਸ਼ਿਵ ਧਿਆਨ ਧਰਦੇ ਹਨ (ਪਰੰਤੂ ਅਕਾਲ ਪੁਰਖ ਦਾ) ਰੂਪ ਰੇਖ ਅਰ ਭੇਖ ਨਹੀਂ ਪਛਾਣਿਆ। ੩.ਲੱਖਾਂ ਅਵਤਾਰਾਂ ਦੇ ਅਕਾਰ ਵਿਸ਼ਨੂੰ ਨੇ (ਧਾਰਨ) ਕੀਤੇ (ਪਰੰਤੂ ਉਸ ਦਾ) ਤਿਲ ਮਾਤ੍ਰ ਬੀ ਵਿਚਾਰ ਨਾ ਲੱਭਿਆ। ੪.ਕਈ ਲੱਖਾਂ ਸ਼ੇਸ਼ ਨਾਗਾਂ ਨੇ ਕਈ ਲੱਖਾਂ ਨਵੇਂ ਥੋਂ ਨਵੇਂ ਨਾਮ (ਰੋਜ਼) ਲੈ ਲੈ ਕੇ ਭੀ ਤੱਤ ਸਾਰ ਵਿਸ਼ੇਸ਼ ਨਾ (ਜਾਣਿਆ) ੫.ਚਿਰੰਜੀਵੀਆਂ ਨੇ ਬਹੁਤ ਕਾਲ ਆਯੂ ਬੀ ਭੋਗੀ ਪਰੰਤੂ (ਉਨ੍ਹਾਂ ਨੇ ਬੀ ਅਰ ਹੋਰ ਖਟ) ਦਰਸ਼ਨਾਂ, (ਬਾਰਾਂ) ਪੰਥਾਂ ਨੇ ਬੀ ਸ਼ਬਦ (ਬ੍ਰਹਮ) ਨੂੰ ਨਹੀਂ ਪਛਾਤਾ। ੬.ਕਿਉਂ ਕਿ ਦਾਤ (ਮਾਇਆ) ਵਿਚ ਲੁਭਾਇਮਾਨ ਹੋਕੇ ਦਾਤੇ ਨੂੰ ਵਿਸਾਰ ਦੇਂਦੇ ਹਨ।

## ੧੪. (ਕੌਤਾ ਕਰਤੇ ਨੂੰ ਕਿਵੇਂ ਪਾਵੇ ? ਗਾਡੀ ਰਾਹ)

੧. ਨਿਰੰਕਾਰ ਆਕਾਰੁ ਕਰਿ ਗੁਰ* ਮੂਰਤਿ ਹੁਇ ਧਿਆਨੁ ਧਰਾਇਆ।
੨. ਚਾਰਿ ਵਰਨ ਗੁਰ ਸਿਖ ਕਰਿ ਸਾਧ ਸੰਗਤਿ ਸਚਖੰਡੁ ਵਸਾਇਆ।
੩. ਵੇਦ ਕਤੇਬਹੁ ਬਾਹਰਾ ਅਕਥ ਕਥਾ ਗੁਰ ਸਬਦੁ ਸੁਣਾਇਆ।
੪. ਵੀਹਾ ਅੰਦਰਿ ਵਰਤਮਾਨੁ ਗੁਰਮੁਖਿ ਹੋਇ ਇਕੀਹ ਲਖਾਇਆ।
੫. ਮਾਇਆ ਵਿਚਿ ਉਦਾਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ।
੬. ਬਾਰਹ ਪੰਥ ਇਕਤ੍ਰ ਕਰਿ ਗੁਰਮੁਖਿ ਗਾਡੀ ਰਾਹੁ ਚਲਾਇਆ।
੭. ਪਤਿ ਪਉੜੀ ਚੜਿ ਨਿਜ ਘਰਿ ਆਇਆ ॥੧੪॥

**ਪਦਾਰਥ**-(ਆਕਾਰੁ=ਸਰੂਪ। ਗਾਡੀ ਰਾਹੁ=ਪੱਧਰਾ ਰਸਤਾ, ਸੌਖਾ। (ਪਤਿ ਪਉੜੀ=ਪਤੀ ਦੀ ਪ੍ਰਾਪਤੀ ਦੀ ਪੌੜੀ, ਭਾਵ ਭਗਤੀ, ਸਾਧ ਸੰਗਤ।

**ਅਰਥ**-੧.ਨਿਰੰਕਾਰ ਨੇ ਗੁਰੂ ਦਾ ('ਆਕਾਰ' ਕਹੀਏ) ਸਰੂਪ ਕਰਕੇ ਗੁਰ ਮੂਰਤ (ਗੁਰੂ ਨਾਨਕ ਦੇਵ ਨੂੰ ਜਗਤ ਵਿਖੇ ਭੇਜਿਆ, ਜਿਨ੍ਹਾਂ ਨੇ ਵਾਹਿਗੁਰੂ ਦਾ ਹੀ) ਧਯਾਨ ਧਰਵਾਇਆ। ੨.(ਗੁਰੂ ਨੇ) ਚਾਰ ਵਰਨਾਂ ਨੂੰ ਗੁਰੂ ਦੇ ਸਿੱਖ ਕਰਕੇ ਸਾਧ ਸੰਗਤ ਰੂਪੀ ਸੱਚ ਦਾ ਖੰਡ(ਧਰਤੀ ਉਤੇ)ਵਸਾ ਦਿੱਤਾ। ੩.ਵੇਦ ਕਤੇਬਾਂ ਤੋਂ ਬਾਹਰ ਅਕੱਥ ਜਿਸਦੀ ਕਥਾ ਹੈ (ਉਸ ਵਾਹਿਗੁਰੂ ਦਾ) ਗੁਰੂ ਜੀ ਨੇ ਸ਼ਬਦ ਦਾ ਉਪਦੇਸ਼ ਸੁਣਾਇਆ। ੪.(ਲੋਕੀਂ ਜੋ ਸ਼ਬਦ ਧਾਰਨ ਤੋਂ ਪਹਿਲਾਂ) ਵੀਹਾਂ ਵਿਚ ਵਰਤਮਾਨ ਸਨ (ਸੰਸਾਰ ਖੱਚਤ ਸਨ, ਹੁਣ) ਗੁਰਮੁਖ ਹੋਕੇ (ਉਨ੍ਹਾਂ ਨੂੰ)ਇਕ ਈਸ਼ਰ ਲਖਾ ਦਿੱਤਾ। ੫.ਮਾਇਆ ਵਿਚ ਉਦਾਸ ਰਹਿਕੇ ਨਾਮ, ਦਾਨ ਤੇ ਇਸ਼ਨਾਨ ਦ੍ਰਿੜ੍ਹ ਕੀਤਾ। ੬.(ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਦੇ) ਬਾਰਾਂ ਪੰਥ ਇਕੱਠੇ ਕਰਕੇ ਗੁਰਮੁਖਾਂ ਨੂੰ ਇਕ ਗਾਡੀ ਰਾਹ (ਅਰਥਾਤ ਪੱਧਰਾ ਤੇ ਸੁਖਾਲਾ ਮੁਕਤੀ ਦਾ ਰਾਹ) ਦੱਸਿਆ। ੭.ਪਤੀ (ਪ੍ਰਾਪਤੀ ਦੀ) ਪਉੜੀ ਚੜ੍ਹਕੇ ਨਿਜ ਸਰੂਪ ਵਿਚ ਇਸਥਿਤ ਹੋ ਗਿਆ।

**ਭਾਵ**-"**ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ**" (ਪ੍ਰਭਾ: ਮ:੧: ਚਉ-੧੬) ਅਰਥਾਤ (ਰਾਵਲ-) ਜੋਗੀ ਲੋਕ ਬਾਰਾਂ ਵਿੱਚ ਤੇ ਦਸਾਂ ਪੰਥਾਂ ਵਿਚ ਸੰਨਿਆਸੀ ਖਪ ਜਾਂਦੇ ਹਨ, ਭਾਵ ਅਤਮਾਂ ਦੀ ਪ੍ਰਾਪਤੀ ਕਠਨ ਹੈ। ਬਾਰਾਂ ਪੰਥਾਂ ਦੇ ਨਾਮ ਹੈਠ ਲਿਖੇ ਜਾਂਦੇ ਹਨ-ਰਾਵਲ, ਹੇਤੁ ਪੰਥ, ਪਾਵ ਪੰਥ, ਆਈ ਪੰਥ, ਗਮਯ ਪੰਥ, ਪਾਗਲ ਪੰਥ, ਗੁਪਾਲ ਪੰਥ, ਕੰਥੜੀ ਪੰਥ, ਬਨ ਪੰਥ, ਧ੍ਰੁਜ ਪੰਥ, ਚੋਲੀ ਪੰਥ, ਦਾਸ ਪੰਥ। ਸੰਨਿਆਸੀਆਂ ਦੇ ਦਸ ਪੰਥ, ਇਹ ਹਨ- ਤੀਰਥ, ਆਸ਼ਰਮ, ਬਨ, ਆਰੰਨਯ, ਗਿਰਿ, ਪਰਬਤ, ਸਾਗਰ, ਸੁਰੱਸ੍ਵਤੀ, ਭਾਰਤੀ, ਪੁਰੀ। ਗੱਲ ਕੀ ਉਕਤ ਪੰਥਾਂ ਵਿਖੇ ਵੱਡੀ ਕਠਨਤਾ ਦੇਖਕੇ ਗੁਰੂ ਜੀ ਨੇ 'ਨਾਮ' ਦਾ ਗਾਡੀ ਰਾਹ ਚਾਰੇ ਵਰਣਾਂ ਲਈ ਕਲਜੁਗ ਵਿਖੇ ਕੱਢਿਆ ਹੈ, ਏਹ ਰਾਹ ਪਤਿ ਦੀ ਪ੍ਰਾਪਤੀ ਦੀ ਪੌੜੀ ਹੈ, ਜੋ ਚੜ੍ਹਦਾ ਹੈ ਸੋ 'ਨਿਜ ਘਰਿ' ਸ੍ਵੈਸਰੂਪ ਵਿਖੇ ਸੁਗਮ ਹੀ ਪ੍ਰਾਪਤ ਹੋ ਜਾਂਦਾ ਹੈ। ਜਿਹਾ ਕੁ- "**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**"(ਜਪੁਜੀ) ਸੋ ਸੋਚੋ- "**ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ ਅਨਰੁਤ ਨਾਹੀ ਨਾਹੀ॥ਮਤੁ ਭਰਮ ਭੂਲਹ ਭੂਲਹੁ॥**"(ਬਸੰਤ: ਮ:੫:੧੮) ਜਿਹੜੇ ਇਸ ਗਾਡੀ ਰਾਹ ਪੁਰ ਚਲਦੇ ਹਨ, ਉਹਨਾਂ ਦਾ ਵਰਣਨ ਅਗਲੀ ਪੰਦਰ੍ਹਵੀ ਪੌੜੀ ਵਿਖੇ ਕਰਦੇ ਹਨ।

## ੧੫. (ਗਾਡੀ ਰਾਹ ਦੇ ਰਾਹੀ ਗੁਰਮੁਖ)।

੧. ਗੁਰਮੁਖਿ ਮਾਰਗਿ ਪੈਰ ਧਰਿ ਦੁਬਿਧਾ ਵਾਟ ਕੁਵਾਟ ਨ ਧਾਇਆ।
੨. ਸਤਿਗੁਰ ਦਰਸਨੁ ਦੇਖਿਕੈ ਮਰਦਾ ਜਾਂਦਾ ਨਦਰਿ ਨ ਆਇਆ।
੩. ਕੰਨੀ ਸਤਿਗੁਰ ਸਬਦੁ ਸੁਣਿ ਅਨਹਦ ਰੁਣ ਝੁਣਕਾਰੁ ਸੁਣਾਇਆ।

*ਇਥੇ ਗੁਰੂ ਪਦ ਦੇਹੁਰੀ ਦੀਪਕ ਨਯਾਇ ਦੋ ਵਾਰ ਲੀਤਾ ਜਾਂਦਾ ਹੈ।

੪. ਸਤਿਗੁਰ ਸਰਣੀ ਆਇਕੈ ਨਿਹਚਲੁ ਸਾਧੂ ਸੰਗਿ ਮਿਲਾਇਆ।
੫. ਚਰਣ ਕਵਲ ਮਕਰੰਦ ਰਸਿ ਸੁਖ ਸੰਪਟ ਵਿਚਿ ਸਹਜਿ ਸਮਾਇਆ।
੬. ਪਿਰਮ ਪਿਆਲਾ ਅਪਿਉ ਪੀਆਇਆ ॥੧੫॥

**ਪਦਾਰਥ**-(ਕੁਵਾਟ=ਖੋਟਾ ਰਸਤਾ। ਰੁਣ ਝੁਣਕਾਰੁ=ਇਕ ਰਸ ਸ਼ਬਦ ਅਭਯਾਸ ਦੇ ਵਿਚ (ਤਦਰੂਪ ਬ੍ਰਿਤੀ ਦਾ ਪਰਵਾਹ। ਸੁਖ ਸੰਪਟ=ਸੁਖ ਦਾ ਡੱਬਾ।

**ਅਰਥ**-੧.ਗੁਰਮੁਖ ਲੋਕ (ਪੂਰਬੋਕਤ ਨਾਮ ਦੇ ਗਾਡੀ) ਰਾਹ ਪੁਰ ਚਲਦੇ ਹਨ, ਦੁਬਿਧਾ ਦਾ ਰਸਤਾ ਖੋਟਾ ਰਸਤਾ ਹੈ, (ਉਥੇ) ਨਹੀਂ ਦੌੜਦੇ। ੨.ਸਤਿਗੁਰ ਦੇ ਦਰਸ਼ਨ ਦੇਖਣ ਕਰਕੇ (ਉਨ੍ਹਾਂ ਨੂੰ) ਮਰਦਾ ਜੰਮਦਾ ਨਜ਼ਰ ਨਹੀਂ ਆਉਂਦਾ (ਉਹ ਜਾਣਦੇ ਹਨ- **"ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥"**) (ਸੁਖਮਨੀ:੧੪) ੩.ਕੰਨੀ ਸਤਿਗੁਰੂ ਦੇ ਸ਼ਬਦ ਦੇ ਸੁਣਨ ਨਾਲ ਅਨਹਦ ਵਾਜੇ ਇਕ ਰਸ ਸੁਣਦੇ ਹਨ। ੪.ਸਤਿਗੁਰੂ ਦੀ ਸ਼ਰਣੀ ਆਕੇ ਸਾਧੂਆਂ ਦੀ ਸੰਗਤ ਵਿਖੇ ਅਚੱਲ ਹੋਕੇ ਮਿਲੇ ਰਹਿੰਦੇ ਹਨ। ੫.ਗੁਰੂ ਜੀ ਦੇ ਚਰਣ ਕਵਲਾਂ ਦੇ ਮਕਰੰਦ ਰਸ ਨੂੰ ਸੁੱਖਾਂ ਦਾ ਡੱਬਾ ਜਾਣਕੇ ਉਸੇ ਵਿਖੇ ਭੌਰੇ ਵਾਂਗੂ ਸਮਾਏ ਰਹਿੰਦੇ ਹਨ। ੬.ਪ੍ਰੇਮ ਰੂਪੀ ਅੰਮ੍ਰਿਤ ਦੇ ਪਿਆਲੇ ਨੂੰ ਪੀਕੇ ਸਦਾ ਅਲਮਸਤ ਰਹਿੰਦੇ ਹਨ।

**ਭਾਵ**-ਜਿਕੁਰ ਸ਼ਰਾਬ ਦੇ ਪਿਆਲੇ ਦੀ ਮਸਤੀ ਵਿਖੇ ਫਿਕਰ ਫਾਕੇ ਸਭ ਦੂਰ ਹੋ ਜਾਂਦੇ ਹਨ, ਗੁਰਮੁਖ ਗੁਰੂ ਚਰਣਾਰਬਿੰਦ ਦੇ ਪ੍ਰੇਮ ਪਿਆਲੇ ਨੂੰ ਪੀ ਕੇ ਸਦਾ ਬ੍ਰਹਮਾਨੰਦ ਵਿਖੇ ਮਗਨ ਰਹਿੰਦੇ ਹਨ, ਅਰ ਜੰਮਣ ਮਰਣ ਦੇਹ ਦੇ ਧਰਮ ਜਾਣ ਕੇ ਆਤਮਾਂ ਨੂੰ ਅਲੇਪ ਅਨੁਭਵ ਕਰਕੇ ਚਰਣਾਂ ਕਵਲਾਂ ਦੇ ਵਿਚ ਲੀਨ ਰਹਿੰਦੇ ਹਨ।

## ੧੬. (ਗੁਰਮੁਖ ਦਾ ਜੀਵਨ ਮੁਕਤ ਪਦ)।

੧. ਸਾਧ ਸੰਗਤਿ ਕਰਿ ਸਾਧਨਾ ਪਿਰਮ ਪਿਆਲਾ ਅਜਰੁ ਜਰਣਾ।
੨. ਪੈਰੀ ਪੈ ਪਾਖਾਕ ਹੋਇ ਆਪੁ ਗਵਾਇ ਜੀਵੰਦਿਆ ਮਰਣਾ।
੩. ਜੀਵਣ ਮੁਕਤਿ ਵਖਾਣੀਐ ਮਰਿ ਮਰਿ ਜੀਵਣੁ ਡੁਬਿ ਡੁਬਿ ਤਰਣਾ।
੪. ਸਬਦੁ ਸੁਰਤਿ ਲਿਵਲੀਣੁ ਹੋਇ ਅਪਿਓ ਪੀਅਣੁ ਤੈ ਅਉਚਰ ਚਰਣਾ।
੫. ਅਨਹਦ ਨਾਦ ਅਵੇਸ ਕਰਿ ਅੰਮ੍ਰਿਤ ਵਾਣੀ ਨਿਝਰੁ ਝਰਣਾਂ।
੬. ਕਰਣ ਕਾਰਣ ਸਮਰਥ ਹੋਇ ਕਾਰਣੁ ਕਰਣ ਨ ਕਾਰਣ ਕਰਣਾ।
੭. ਪਤਿਤ ਉਧਾਰਣ ਅਸਰਣ ਸਰਣਾ ॥੧੬॥

**ਪਦਾਰਥ**-(ਸਾਧਨਾ=ਮਿਹਨਤ। ਪਾਖਾਕ=ਚਰਨਾਂ ਦੀ ਧੂੜ। (ਅਉਚਰ=ਜੋ ਔਖਾ ਚਰਿਆ ਜਾਵੇ ਭਾਵ ਹੰਕਾਰ, ਪੰਜੇ ਵਿਸ਼ੇ। (ਚਰਣਾ=ਖਾ ਜਾਣਾ, ਭਾਵ ਅਭਾਵ ਕਰਨਾ। ਨਿਝਰੁ=ਇਕਰਸ।)

**ਅਰਥ**-੧.ਸਾਧ ਸੰਗਤ ਵਿਖੇ (ਜਿਨ੍ਹਾਂ ਪੁਰਖਾਂ ਨੇ) ਸਾਧਨਾ ਕੀਤੀ ਹੈ, ਪ੍ਰੇਮ ਦਾ ਅਜਰ ਪਿਆਲਾ (ਜਿਸ ਦਾ ਜਰਣਾ ਔਖਾ ਹੈ ਉਨ੍ਹਾਂ ਨੇ ਬੀ) ਜਰਿਆ ਹੈ। ੨.(ਕਿਉਂ ਜੋ ਉਹ ਗੁਰਾਂ ਦੀ) ਪੈਰੀਂ ਪੈਕੇ ਚਰਣ ਧੂੜ ਹੋਕੇ ਆਪਣਾ ਆਪ ਗਵਾ ਕੇ ਜੀਵਦਿਆਂ ਹੀ ਮੋਏ ਹਨ। ੩.ਜੀਵਣ ਮੁਕਤ ਉਹਨਾਂ ਨੂੰ ਆਖੀਦਾ ਹੈ (ਜੋ ਮਾਇਆ ਵਲੋਂ) ਮਰਕੇ (ਉਸ) ਮੌਤ ਤੋਂ (ਪਰਮੇਸ਼ਰ ਪ੍ਰੇਮ ਵਿਖੇ) ਜੀਉ ਪਏ, (ਅਤੇ ਵਾਹਿਗੁਰੂ ਪ੍ਰੇਮ ਵਿਚ) ਡੁੱਬ (ਕੇ, ਮਾਇਆ ਵਿਚਲੇ) ਡੋਬਿਆਂ (ਤੋਂ) ਤਰ ਪਏ ਹਨ। ੪.(ਗੁਰੂ ਦੇ) ਸ਼ਬਦ ਸੁਰਤ ਦੀ ਸਮਾਧੀ ਵਿਖੇ ਮਗਨ ਹੋ ਕੇ ਅੰਮ੍ਰਿਤ ਨੂੰ ਪੀਕੇ ਹੰਕਾਰ ਦਾ ਅਭਾਵ ਕਰ ਦਿੱਤਾ ਹੈ। ੫.ਅਨਹਦ ਨਾਦ (ਉਹ ਸ਼ਬਦ ਜੋ ਹਤ ਤੋਂ ਬਿਨਾ ਹੈ, ਸ਼ਬਦ ਬ੍ਰਹਮ) ਉਨ੍ਹਾਂ ਵਿਖੇ ਪਰਵੇਸ਼ ਹੋ ਗਿਆ ਹੈ, ਇਕ

ਰਸ ਅੰਮ੍ਰਿਤ ਬਾਣੀ ਝਰਦੀ ਹੈ। ੬.(ਫਲ ਇਹ ਕਿ ਓਹ ਪੁਰਖ) 'ਕਰਣ ਕਾਰਣ' ਸਮਰਥ ਹੋ ਜਾਂਦੇ ਹਨ, ਜੋ ਕਰਨਾ ਚਾਹੁਣ ਕਰ ਸਕਦੇ ਹਨ (ਪਰੰਤੂ) (ਆਪ ਕੁਝ) ਕਾਰਨ ਨਹੀਂ ਕਰਦੇ (ਭਾਵ ਈਸ਼ੂਰ ਦੇ ਭਾਣੇ ਪੁਰ ਭਾਈ ਭਿਖਾਰੀ ਵਾਂਙੂ ਸ਼ਾਕਰ ਰਹਿੰਦੇ ਹਨ)। ੭.ਪਤਿਤਾਂ ਦੇ ਉਧਾਰ ਕਰਣੇ ਵਾਲੇ ਹਨ (ਅਰ 'ਅਸਰਣ' ਕਹੀਏ) ਜਿਨ੍ਹਾਂ ਨੂੰ ਕੋਈ ਸ਼ਰਣ ਨਾ ਦੇ ਸਕੇ, (ਉਨ੍ਹਾਂ ਨੂੰ) ਸ਼ਰਣ ਦੇ ਕੇ (ਮੁਕਤ ਕਰ ਦੇਂਦੇ ਹਨ)।

## ੧੭. (ਗੁਰਮੁਖ ਦਾ ਤਰਨਾ ਤਰਨਾ)।

੧. ਗੁਰਮੁਖਿ ਭੈ ਵਿਚਿ ਜੰਮਣਾ ਭੈ ਵਿਚਿ ਰਹਿਣਾ ਭੈ ਵਿਚਿ ਚਲਣਾ।
੨. ਸਾਧ ਸੰਗਤਿ ਭੈ ਭਾਇ ਵਿਚਿ ਭਗਤਿ ਵਛਲੁ ਕਰਿ ਅਛਲੁ ਛਲਣਾ।
੩. ਜਲ ਵਿਚਿ ਕਵਲੁ ਅਲਿਪਤ ਹੋਇ ਆਸ ਨਿਰਾਸ ਵਲੇਵੈ ਵਲਣਾ।
੪. ਅਹਰਣਿ ਘਣ ਹੀਰੇ ਜੁਗਤਿ ਗੁਰਮਤਿ ਨਿਹਚਲੁ ਅਟਲੁ ਨ ਟਲਣਾ।
੫. ਪਰ ਉਪਕਾਰ ਵੀਚਾਰਿ ਵਿਚਿ ਜੀਅ ਦਇਆ ਮੋਮ ਵਾਗੀ ਢਲਣਾ।
੬. ਚਾਰਿ ਵਰਨ ਤੰਬੋਲ ਰਸੁ ਆਪੁ ਗਵਾਇ ਰਲਾਇਆ ਰਲਣਾ।
੭. ਵਟੀ ਤੇਲੁ ਦੀਵਾ ਹੋਇ ਬਲਣਾ ॥੧੭॥

**ਪਦਾਰਥ**-(ਵਲੇਵੈ ਵਲਣਾ=ਧੰਧਿਆਂ ਵਿਚ ਰਹਿਣਾ। ਘਣ=ਵਦਾਣ।
(ਢਲਣਾ=ਪੰਘਰਨਾ। ਰਲਾਇਆ ਰਲਣਾ=ਮੇਲ ਵਿਖੇ ਮਿਲਣਾ।

**ਅਰਥ**-੧.ਗੁਰਮੁਖ ਭੈ ਵਿਚ ਹੀ ਜੰਮਦੇ, ਭੈ ਵਿਚ ਰਹਿੰਦੇ ਅਰ ਭੈ ਵਿਚ ਹੀ ਮਰਦੇ ਹਨ। ੨.ਸਾਧ ਸੰਗਤ ਵਿਖੇ (ਦੈਵੀ) ਭੈ ਅਰ ਪ੍ਰੇਮਾਭਗਤੀ ਦੇ ਨਾਲ ਭਗਤ ਵਛਲ ਜੋ ਕਿਸੇ ਥੋਂ ਛਲਿਆ ਨਹੀਂ ਜਾ ਸਕਦਾ, ਉਸਨੂੰ ਛਲ ਲੈਂਦੇ ਹਨ (ਪ੍ਰਕਾਰ ਪਿਛੇ ਕਹਿ ਆਏ ਹਾਂ)। ੩.(ਕਾਰਣ ਇਹ ਕਿ) ਆਸਾ ਥੋਂ ਨਿਰਾਸ ਹੋਕੇ ਜਲ ਵਿਖੇ ਕਮਲ ਦੇ ਅਲੇਪ ਰਹਿਣ ਵਾਂਙੂ ਧੰਦਿਆਂ ਵਿਖੇ (ਅਲੇਪ) ਰਹਿੰਦੇ ਹਨ (ਪਰੰਤੂ ਕਈ ਸੱਟਾਂ ਵਜਦੀਆਂ ਹਨ, ਟੁੱਟਦੇ ਨਹੀਂ ਸਗੋਂ ਪੱਕੇ ਰਹਿੰਦੇ ਹਨ, ਸੋ ਦ੍ਰਿਸ਼ਟਾਂਤ ਦੇਂਦੇ ਹਨ)। ੪.ਅਹਿਰਣ ਅਤੇ ਵਦਾਣ ਵਿਚ ਹੀਰੇ ਦੀ ਤਰ੍ਹਾਂ ਅਟੱਲ ਰਹਿਕੇ ਗੁਰਮਤ ਵਿਚ ਨਿਹਚਲ ਹੋ ਕੇ ਟਲਦੇ ਨਹੀਂ (ਭਾਵ-ਹਰ ਤਰ੍ਹਾਂ ਦੇ ਕਸ਼ਟਾਂ ਤੇ ਦੁਖਾਂ ਨੂੰ ਸਹਿੰਦੇ ਹਨ)। ੫.ਪਰੋਪਕਾਰ ਤੇ ਵੀਚਾਰ ਵਿਖੇ, ਜੀਵ ਦਯਾ ਵਿਖੇ ਮੋਮ ਵਾਂਙੂ ਢਲ ਜਾਂਦੇ ਹਨ। ੬.ਚਾਰ ਵਰਣਾਂ ਦੇ ਪਾਨ ਦੇ ਬੀੜੇ ਦੇ ਰਸ ਵਾਂਙੂ ਆਪਾ ਭਾਵ ਗੁਵਾਕੇ, ਸਾਰੇ ਮੇਲਾਂ ਵਿਖੇ ਮਿਲ ਜਾਂਦੇ ਹਨ। (ਭਾਵ ਦ੍ਵੈਤ ਭਾਵ ਕਿਸੇ ਨਾਲ ਨਹੀਂ ਰਖਦੇ)। ੭.ਵੱਟੀ ਤੇਲ ਹੋਕੇ ਦੀਵੇ ਵਾਂਙੂ ਬਲਦੇ ਹਨ।

**ਭਾਵ**-ਸ਼ਰਧਾ ਦੀ ਵੱਟੀ ਤੇ ਪ੍ਰੇਮ ਦੇ ਤੇਲ ਨਾਲ ਆਪਣੇ ਪੁਰ ਕਸ਼ਟ ਦੀ ਅੱਗ ਸਹਾਰਕੇ ਬੀ ਲੋਕਾਂ ਨੂੰ ਪ੍ਰਕਾਸ਼ ਕਰਦੇ ਹਨ। ਵੱਟੀ ਤੇਲ ਦੀਵਾ ਸੰਸਾਰ ਨੂੰ ਚਾਨਣੇ ਦੇਂਦੇ ਹਨ। ਆਪ ਪ੍ਰਕਾਸ਼ ਰੂਪ ਹਨ ਤੇ ਕਸ਼ਟ ਜੋ ਝਲਦੇ ਹਨ ਉਸੇ ਵਿਚ ਉਨ੍ਹਾਂ ਦੀ ਖੂਬਸੂਰਤੀ ਹੈ,-"**ਦੀਵਾ ਮੇਰਾ ਇਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥**"(ਆਸਾ:ਮ:੧)

## ੧੮. (ਗੁਰਮੁਖਾਂ ਦੀ ਮੁਕਤੀ ਦੀ ਜੁਗਤਿ)।

੧. ਸਤੁ ਸੰਤੋਖੁ ਦਇਆ ਧਰਮੁ ਅਰਥ ਕਰੋੜਿ ਨ ਓੜਕੁ ਜਾਣੈ।
੨. ਚਾਰਿ ਪਦਾਰਥ ਆਖੀਅਨਿ ਹੋਇ ਲਖੂਣਿ ਨ ਪਲੁ ਪਰਵਾਣੈ।
੩. ਰਿਧੀ ਸਿੰਧੀ ਲਖ ਲਖ ਨਿਧਿ ਨਿਧਾਨ ਲਖ ਤਿਲੁ ਨ ਤੁਲਾਣੈ।
੪. ਦਰਸਨ ਦ੍ਰਿਸਟਿ ਸੰਜੋਗ ਲਖ ਸਬਦ ਸੁਰਤਿ ਲਿਵ ਲਖ ਹੈਰਾਣੈ।

੫. ਗਿਆਨ ਧਿਆਨ ਸਿਮਰਣ ਅਸੰਖ ਭਗਤਿ ਜੁਗਤਿ ਲਖਨੇਤ ਵਖਾਣੈ।
੬. ਪਿਰਮ ਪਿਆਲਾ ਸਹਜਿ ਘਰੁ ਗੁਰਮੁਖ ਸੁਖਫਲ ਚੋਜ ਵਿਡਾਣੈ।
੭. ਮਤਿ ਬੁਧਿ ਸੁਧਿ ਲਖ ਮੇਲ ਮਿਲਾਣੈ ॥੧੮॥

**ਪਦਾਰਥ**-(ਲਖੂਣਿ=ਕਈ ਲਖ। ਹੈਰਾਂਣੈ=ਅਰਜਾ ਚੋਜ ਵਿਡਾਣੈ=ਅਰਚਰਜ ਕੌਤਕ।

**ਅਰਥ**-੧.ਸਤ, ਸੰਤੋਖ, ਦਇਆ, ਧਰਮ, ਅਰਥ (ਧਨ ਆਦਿਕ ਪਦਾਰਥ) ਕਰੋੜਾਂ ਹੋਣ (ਜਿਨ੍ਹਾਂ ਦਾ) ਓੜਕ ਕਦੀਂ ਨਾਂ ਜਾਣ ਸਕੇ। ੨.ਅਰ ਚਾਰ ਪਦਾਰਥ (ਧਰਮ, ਅਰਥ, ਕਾਮ ਅਤੇ ਮੋਖ) ਕਹੀਦੇ ਹਨ (ਇਹੋ ਜਿਹੇ) ਲੱਖਾਂ ਹੀ ਵਿਦਮਾਨ ਹੋਣ (ਪਰੰਤੂ ਸਤਿਸੰਗਤ ਦੇ) ਪਲ ਮਾਤ੍ (ਮਿਲਾਪ) ਦੇ ਬਰਾਬਰ ਨਹੀਂ ਹਨ। ੩.ਰਿਧੀਆਂ, ਸਿਧੀਆਂ, ਲੱਖ ਹੋਣ, ਲਖਾਂ ਨਿਧੀਆਂ ਦੇ ਖ਼ਜ਼ਾਨੇ ਹੋਣ (ਪਰੰਤੂ ਪੂਰਬੋਕਤ ਆਨੰਦ ਦੇ ਇਕ) ਤਿਲ ਨਾਲ ਨਹੀਂ ਤੁਲਦੇ। ੪.(ਕਿਉਂ ਜੋ) ਦ੍ਰਿਸ਼ਟ ਦੇ ਸੰਜੋਗ ਕਰਕੇ ਦਰਸ਼ਨ ਨੂੰ ਦੇਖਕੇ (ਅਰ ਉਨਾਂ ਦੀ ਗੁਰੂ ਦੇ) ਸ਼ਬਦ ਦੀ ਸੁਰਤ ਵਿਖੇ ਸਮਾਧੀ ਨੂੰ ਵੇਖਕੇ (ਸਭ ਉਕਤ ਪਦਾਰਥ) ਹੈਰਾਨ ਹੁੰਦੇ ਹਨ। ੫.ਗਿਆਨ, ਧਿਆਨ, ਸਿਮਰਣ ਅਨਗਿਣਤ ਭਗਤੀ ਦੀਆਂ ਜੁਗਤਾਂ (ਡੌਲਾਂ) ਲਖਕੇ (ਸਾਰੇ) ਨੇਤਿ ਨੇਤਿ ਕਹਿੰਦੇ ਹਨ (ਕਿ ਸਾਥੋਂ ਇਨ੍ਹਾਂ ਦਾ ਅੰਤ ਨਹੀਂ ਆ ਸਕਦਾ)। ੬.ਪ੍ਰੇਮ ਦਾ ਪਿਆਲਾ ਸ਼ਾਂਤਿ ਦੇ ਘਰ ਵਿਖੇ ਪੀ ਕਰਕੇ ਜੋ ਗੁਰਮੁਖਾਂ ਨੂੰ ਸੁਖ ਫਲ ਪ੍ਰਾਪਤ ਹੋਇਆ ਹੈ (ਉਸਦਾ) ਚੋਜ ਅਚਰਜ ਰੂਪ ਹੈ। ੭.ਗੁਰਮੁਖਾਂ ਦੀ ਮਤ (ਵਿਵਹਾਰਕ ਅਕਲ), ਬੁੱਧਿ (ਸਦਾਚਾਰ, ਨੇਕੀ ਦੀ ਅਕਲ,) ਸੁਧਿ (ਗਿਆਨ ਦੀ ਅਕਲ) ('ਲਖ'=) ਵਾਹਿਗੁਰੂ ਦੇ ਮੇਲ ਵਿਚ ਮਿਲੀ ਹੋਈ ਹੈ (ਅਥਵਾ ਮਤਿ, ਬੁਧਿ, ਸੁਧੀਆਂ ਲੱਖਾਂ ਹੀ ਉਕਤ ਮੇਲ ਵਿਖੇ ਮਿਲਦੀਆਂ ਹਨ, ਭਾਵ ਏਹ ਬੀ ਉਸ ਆਨੰਦ ਦੇ ਬਰਾਬਰ ਨਹੀਂ ਹਨ)।

ਸੂਚਨਾ-ਇਸੇ ਸਿਧਾਂਤ ਨੂੰ ਪੱਕਾ ਕਰਨ ਲਈ ਅਗੇ ਟੋਰ ਆਰੰਭ ਕਰਦੇ ਹਨ।

## ੧੯. (ਸੱਚ ਸ੍ਰੇਸ਼ਟ ਆਚਾਰ ਹੈ)।

੧. ਜਪ ਤਪ ਸੰਜਮ ਲਖ ਲਖ ਹੋਮ ਜਗ ਨਈਵੇਦ ਕਰੋੜੀ।
੨. ਵਰਤ ਨੇਮ ਸੰਜਮ ਘਣੇ ਕਰਮ ਧਰਮ ਲਖ ਤੰਦੂ ਮਰੋੜੀ।
੩. ਤੀਰਥ ਪੁਰਬ ਸੰਜੋਗ ਲਖ ਪੁੰਨ ਦਾਨੁ ਉਪਕਾਰ ਨ ਓੜੀ।
੪. ਦੇਵੀ ਦੇਵ ਸਰੇਵਣੇ ਵਰ ਸਰਾਪ ਲਖ ਜੋੜ ਵਿਛੋੜੀ।
੫. ਦਰਸਨ ਵਰਨ ਅਵਰਨ ਲਖ ਪੂਜਾ ਅਰਚਾ ਬੰਧਨ ਤੋੜੀ।
੬. ਲੋਕ ਵੇਦ ਗੁਣ ਗਿਆਨ ਲਖ ਜੋਗ ਭੋਗ ਲਖ ਝਾੜਿ ਪਛੋੜੀ।
੭. ਸਚਹੁ ਓਰੈ ਸਭ ਕਿਹੁ ਲਖ ਸਿਆਣਪ ਸੱਭਾ ਥੋੜੀ।
੮. ਉਪਰਿ ਸਚੁ ਅਚਾਰੁ ਚਮੋੜੀ ॥੧੯॥

**ਪਦਾਰਥ**-(ਨਈਵੇਦ=ਠਾਕਰ ਨੂੰ ਭੋਗ ਲਗਾਉਣਾ। ਤੰਦੂ ਮਰੋੜੀ=ਤੰਦ ਦੀ ਵੱਟੀ।
(ਓੜੀ=ਅੰਤ। ਸਰੇਵਣੇ=ਸੇਵਾ। ਝਾੜਿ ਪਛੋੜੀ=ਝਾੜ ਕੇ ਪਿੱਛੇ ਕੀਤੇ।
(ਚਮੋੜੀ=ਚੰਮੜਿਆ ਭਾਵ ਰੱਖਿਆ ਹੈ। (ਅ) ਚੰਮੂ=ਸੈਨਾ।

**ਅਰਥ**-੧.ਜਪ (ਪਾਠ ਕਰਨਾ), ਤਪ (ਪੰਜ ਧੂਣੀਆਂ ਅਦਿਕ), ਸੰਜਮ (ਧਾਰਨਾ, ਧਯਾਨ, ਸਮਾਧੀ) ਲੱਖਾਂ ਤੇ ਲਖਾਂ ਹਵਨ, ਯੱਗ, ਅਰ ਠਾਕਰਾਂ ਨੂੰ ਕਰੋੜਾਂ ਭੋਗ ਲਗਾਉਣੇ, ੨.ਵਰਤੁ, ਨੇਮੁ, ਸੰਜਮੁ (ਪ੍ਰਹੇਜ਼ਗਾਰੀ) ਬਹੁਤ ਕਰਣੇ, ਕਰਮ ਧਰਮ ਲੱਖਾਂ ਹੀ (ਕੱਚੀ) ਤੰਦ ਦੀ ਮਰੋੜੀ ਦੇ ਵਾਂਗੂੰ ਹਨ (ਭਾਵ ਕੱਚੇ ਹਨ)। ੩.ਤੀਰਥਾਂ ਦੇ ਪੁਰਬਾਂ ਦੇ ਲੱਖਾਂ ਸੰਜੋਗਾਂ ਪੁਰ ਜੋ ਲਖ ਪੁੰਨ ਦਾਨ ਅਰ ਉਪਕਾਰ ਬੇਓੜਕ ਕੀਤੇ ਜਾਂਦੇ ਹਨ। ੪.ਦੇਵੀ ਦੇਵਤਿਆਂ ਦੀਆਂ ਸੇਵਾਂ (ਉਨ੍ਹਾਂ ਦੇ) ਵਰਾਂ ਕਰਕੇ ਸੰਜੋਗ ਦਾ ਹੋਣਾ, ਅਰ ਸਰਾਪ ਕਰਕੇ ਵਿਛੋੜਾ ਪੈ ਜਾਣਾ। ੫.(ਖਟ) ਦਰਸ਼ਨ (ਚਾਰ) ਵਰਨ ਤੇ ਅਵਰਨ (ਹੋਰ ਸਾਰੇ ਲੋਕਾਂ) ਦੀਆਂ ਪੂਜਾ ਅਰਚਾ ਦੇ ਬੰਧਨ (ਸਭੀ) ਤੋੜ ਦਿੱਤੇ ਹਨ। ੬.ਲੋਕ ਸ਼ਾਸਤ੍ਰ ਦੇ ਵੇਦਾਂ ਦੇ ਗੁਣ ਅਤੇ

ਗਿਆਨ ਲੱਖਾਂ ਹੀ ਜੋਗ, ਅਰ ਭੋਗ ਲੱਖਾਂ ਹੀ ਝਾੜਕੇ ਪਿੱਛੇ ਸੁੱਟ ਦਿਤੇ ਹਨ। ੭.(ਕਿਉਂਕਿ) ਸੱਚ ਥੋਂ ਉਰੇ ਹੀ ਸਾਰੇ (ਉਕਤ ਜਪ ਤਪਾਦਿ ਹਨ), ਲੱਖਾਂ ਸਿਆਣਪਾਂ ਸੱਚ ਦੇ ਅਗੇ ਥੋੜੀਆਂ ਹਨ (ਤੇ ਉਹਨ੍ਹਾਂ ਗੁਰਮੁਖਾਂ ਨੇ ਸੱਚ ਲੱਭ ਲਿਆ ਹੈ, ਹੁਣ ਛੇਕੜ ਦੀ ਅੱਠਵੀਂ ਤੁਕ ਵਿਖੇ ਹੋਰ ਪੱਕਾ ਕਰਦੇ ਹਨ)। ੮.ਸੱਚ ਦਾ ਕਰਮ (ਸਭਨਾਂ ਦੇ) ਉਪਰ ਰੱਖਯਾ ਹੈ (ਕਿ ਸੱਚ ਹੀ ਸਾਰੇ ਕਰਮਾਂ ਦਾ ਸ਼ਿਰੋਮਣੀ ਕਰਮ ਹੈ ਅਥਵਾ-ਸੱਚ ਦਾ ਆਚਾਰ ਸਭ ਤੋਂ ਉਪਰ ਹੈ ਤੇ ਹੋਰ ਸਾਰੇ ਜਪ ਤਪ ਇਕ 'ਚਮੋੜੀ'=ਚਮੜਾ ਜਾਂ ਚਤੁਰੰਗ ਦੀ ਸੈਨਾ ਹਨ।

**ਭਾਵ**-**"ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥"** (ਆਸਾ:ਵਾਰ-੧੦) ਸੱਚ ਹੀ ਕਰਮਾਂ ਦਾ ਸਾਰ ਲੱਖਾਂ ਰੋਗਾਂ ਦਾ ਦਾਰੂ ਹੈ, ਇਸੇ ਸੱਚ ਦੇ ਗ੍ਰਹਿਣ ਕਰਕੇ ਗੁਰਮੁਖਾਂ ਦੀ ਵਡਿਆਈ ਅਰ ਮਹਿਮਾ ਹੈ।

## ੨੦. (ਸੱਚਾ ਰਾਜ)।

੧. ਸਤਿਗੁਰ ਸਚਾ ਪਤਿਸਾਹੁ ਸਾਧ ਸੰਗਤਿ ਸਚੁ ਤਖਤੁ ਸੁਹੇਲਾ।
੨. ਸਚ ਸਬਦੁ ਟਕਸਾਲ ਸਚੁ ਅਸਟਧਾਤੁ ਇਕ ਪਾਰਸ ਮੇਲਾ।
੩. ਸਚਾ ਅਬਿਚਲੁ ਰਾਜੁ ਹੈ ਸਚੁ ਮਹਲੁ ਨਵਹਾਣਿ ਨਵੇਲਾ।
੪. ਸਚਾ ਹੁਕਮੁ ਵਰੱਤਦਾ ਸਚਾ ਅਮਰੁ ਸਚੋ ਰਸ ਕੇਲਾ।
੫. ਸਚੀ ਸਿਫਤਿ ਸਲਾਹ ਸਚੁ ਸਚੁ ਸਲਾਹਣੁ ਅੰਮ੍ਰਿਤ ਵੇਲਾ।
੬. ਸਚਾ ਗੁਰਮੁਖਿ ਪੰਥੁ ਹੈ ਸਚੁ ਉਪਦੇਸੁ ਨ ਗਰਬਿ ਗਹੇਲਾ।
੭. ਆਸਾ ਵਿਚਿ ਨਿਰਾਸ ਗਤਿ ਸੱਚਾ ਖੇਲੁ ਮੇਲੁ ਸਚੁ ਖੇਲਾ।
੮. ਗੁਰਮੁਖਿ ਸਿਖੁ ਗੁਰੂ ਗੁਰ ਚੇਲਾ ॥੨੦॥

**ਪਦਾਰਥ**-(ਸੁਹੇਲਾ=ਸੁਖ ਰੂਪ। ਅਬਿਚਲੁ=ਅਟੱਲ। ਨਵਹਾਣਿ=ਨਵੇਂ ਰੰਗ ਵਾਲਾ।
(ਨਵੇਲਾ=ਨਵੀਨ ਜਾਂ ਇਕ ਵੇਲਾ ਨਹੀਂ ਭਾਵ ਸਦਾ ਤੀਕ ਹੈ।
(ਸੱਚਾ ਅਮਰੁ=ਸੱਚਾ ਤੇ ਨਹੀਂ ਮਰਣ ਵਾਲਾ।
(ਕੇਲਾ=ਆਨੰਦ। ਗਹੇਲਾ=ਗ੍ਰਸੇ ਜਾਣਾ।

**ਅਰਥ**-(ਸਤਿਗੁਰੂ ਨੂੰ ਸੱਚੇ ਪਾਤਸ਼ਾਹ ਦੀ ਉਪਮਾ ਦੇਣ ਲਈ ਰੂਪਕ ਅਲੰਕਾਰ ਦਾ ਆਰੰਭ ਕਰਦੇ ਹਨ)। ੧.ਸਤਿਗੁਰੂ (ਗੁਰੂ ਅਰਜਨ ਦੇਵ ਜੀ) ਸਚੇ ਪਾਤਸ਼ਾਹ ਹਨ, ਸਾਧ ਸੰਗਤ ਰੂਪੀ ਸਚਾ ਸਿੰਘਾਸਨ ਸੁਖਦਾਈ ਹੈ। (ਭਾਵ ਹੋਰ ਤਖਤਾਂ ਵਿਖੇ ਮਾਯਕ ਵਿਹਾਰ ਹੈ ਇਸ ਵਿਖੇ ਆਤਮਾਂ ਦਾ ਸਦਾ ਆਨੰਦ ਹੈ)। ੨.(ਸੱਚੇ) ਸ਼ਬਦ ਦੀ ਟਕਸਾਲ ਸੱਚੀ ਹੈ ਅੱਠ ਧਾਤਾਂ (ਚਾਰ ਵਰਣ ਤੇ ਚਾਰ ਆਸ਼ਰਮਾਂ ਨੂੰ) ਇਕੋ ਜਿਹਾ ਪਾਰਸ ਦਾ ਮੇਲ ਹੈ (ਭਾਵ ਸਭ ਨੂੰ ਕੰਚਨ ਕਰਦਾ ਹੈ)। ੩.ਸੱਚਾ ਅਤੇ ਅਟੱਲ (ਸਤਿਗੁਰੂ) ਦਾ ਰਾਜ ਹੈ, ਸੱਚਾ ਐਤ ('ਨਵਹਾਣ'=) ਨਵੇਂ ਰੰਗ ਦਾ ਨਵੇਕਲਾ ਸੁੰਦਰ ਸਰੂਪ ਰੂਪੀ ਮਹਲ ਹੈ (ਅੰਤ੍ਰੀਵ ਅਰਥ ਇਹ ਹੈ ਕਿ ਸ੍ਵੈਸਰੂਪ ਵਿਖੇ ਬਿਰਾਜਮਾਨ ਰਹਿੰਦੇ ਹਨ)। ੪.ਹੁਕਮ ਭੀ ਸੱਚਾ ਹੈ (ਜੋ ਉਹ ਗੁਰੂ ਦਾ) ਮੰਨਦੇ ਹਨ, ਸੱਚਾ ਅਮਰ (ਹੁਕਮ ਹੈ, ਜੋ ਉਹਨਾਂ ਦਾ ਅਗੇ ਮੰਨਿਆ ਜਾਂਦਾ ਹੈ) ਅਰ ਸੱਚੇ ਰਸ ਦਾ ਆਨੰਦ ਲੈਂਦਾ ਹੈ। ੫.ਸੱਚੀ ਸਿਫ਼ਤ ਅਤੇ ਸ਼ਲਾਘਾ ਬੀ ਸੱਚੀ ਹੈ।(ਜੋ ਉਹ ਵਾਹਿਗੁਰੂ ਦੀ ਕਰਦੇ ਹਨ; ਪੁਨ :) ਅੰਮ੍ਰਿਤ ਵੇਲੇ ਸੱਚ ਦਾ ਸਲਾਹੁਣਾ ਹੁੰਦਾ ਹੈ। (ਭਾਵ ਤੜਕੇ ਉਠਕੇ ਬਾਣੀ ਪੜ੍ਹਦੇ ਹਨ ਸੱਚੇ ਰੱਬ ਦੀ)। ੬.ਗੁਰਮੁਖਾਂ ਦਾ ਪੰਥ ਸੱਚਾ ਹੈ, ਉਪਦੇਸ਼ ਸੱਚਾ ਹੈ, (ਹੋਰ ਪਾਤਸ਼ਾਹ ਵਾਂਙੂ) ਆਕੜ ਨਾਲ ਗ੍ਰਸੇ ਹੋਏ ਨਹੀਂ ਹਨ। ੭.ਆਸਾ ਵਿਖੇ ਨਿਸਾਰਸਤਾ ਦੀ ਉਹਨਾਂ ਦੀ ਚਾਲ ਹੈ, ਸੱਚਾ ਉਹਨਾਂ ਦਾ ਖੇਲ ਹੈ, (ਵਿਵਹਾਰ ਸੱਚਾ ਹੈ) ਮੇਲਾ ਭੀ ਸੱਚਾ ਮੇਲਦੇ ਹਨ, (ਜਿਸ ਨੂੰ ਮਿਲਣ ਦਾ ਉਪਕਾਰ ਕਰਦੇ ਤੇ ਸੱਚ ਦੀ ਸਾਂਝ ਕਰਦੇ ਹਨ)। ੮.ਗੁਰਾਂ ਵਲ ਜਿਨ੍ਹਾਂ ਦਾ ਮੁੱਖ ਹੈ (ਅਜਿਹੇ ਸਿੱਖ) ਗੁਰੂ ਰੂਪ ਹਨ ਅਰ 'ਗੁਰੂ ਜੀ' ਚੇਲਾ ਰੂਪ ਹਨ।

**ਭਾਵ**-ਜਿਕੁਰ ਗੁਰੂ ਅੰਗਦ ਜੀ ਕਮਾਈ ਕਰਕੇ ਗੁਰੂ ਦਾ ਸਰੂਪ ਹੋਏ ਅਰ ਗੁਰੂ ਜੀ ਨੇ ਚੇਲੇ ਦਾ ਰੂਪ ਹੋ ਕੇ ਅਗੇ ਜਗਤ ਦਾ ਉਧਾਰ ਕੀਤਾ, ਤਿਹਾ ਹੀ ਗੁਰਮੁਖ ਅਰ ਗੁਰੂ ਵਿਖੇ ਭੇਤ ਨਹੀਂ ਹੈ।

## ੨੧. (ਗੁਰਮੁਖਾਂ ਦੀ ਅਲੇਪਤਾ)।

੧. ਗੁਰਮੁਖਿ ਹਉਮੈ ਪਰਹਰੈ ਮਨਿ ਭਾਵੈ ਖਸਮੈ ਦਾ ਭਾਣਾ।
੨. ਪੈਰੀਂ ਪੈ ਪਾਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ।
੩. ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ।
੪. ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨਿ ਕਰੈ ਸੁਕਰਾਣਾ।
੫. ਰਾਜੀ ਹੋਇ ਰਜਾਇ ਵਿਚਿ ਦੁਨੀਆਂ ਅੰਦਰਿ ਜਿਉ ਮਿਹਮਾਣਾ।
੬. ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੋ ਕੁਰਬਾਣਾ।
੭. ਲੇਪ ਅਲੇਪ ਸਦਾ ਨਿਰਬਾਣਾ ॥੨੧॥

**ਪਦਾਰਥ**-(ਪਰਹਰੈ=ਛੱਡ ਦਿੰਦੇ ਹਨ। ਹੋਵਣਹਾਰ=ਭਾਵੀ। ਪਰਵਾਣਾ=ਸਿਰ ਮੱਥੇ, ਮੰਨਜ਼ੂਰ। (ਸੁਕਰਾਣਾ=ਸ਼ੁਕਰੀਆ ਧੰਨਵਾਦ। ਮਿਹਮਾਣਾ=ਪਰਾਹੁਣਾ। (ਕੁਦਰਤਿ ਕਾਦਰ ਨੋ=ਕਰਤਾਰ ਦੀ ਰਚਨਾ ਥੋਂ। ਨਿਰਬਾਣਾ=ਬੰਧਨ ਰਹਿਤ।

**ਅਰਥ**-੧.ਗੁਰਮੁਖ ਲੋਕ ਹਉਮੈਂ ਨਹੀਂ ਕਰਦੇ (ਕਿਉਂ ਜੋ ਉਹਨਾਂ ਦੇ) ਮਨ ਵਿਖੇ ਵਾਹਿਗੁਰੂ ਦਾ ਭਾਣਾ ਹੀ ਚੰਗਾ ਲਗਦਾ ਹੈ। ੨.(ਸਤਿਗੁਰੂ ਦੀ) ਚਰਨੀ ਪੈਕੇ ਚਰਨ ਧੂੜ ਬਣ ਗਏ ਹਨ (ਇਸ ਕਰਕੇ ਉਹ ਇਥੇ) ਨਿਮਾਣੇ (ਹਨ, ਪਰ) ਦਰਗਾਹ ਵਿਖੇ ਮਾਣ ਪਾਉਣਗੇ। ੩.ਵਰਤਮਾਨ ਵਿਖੇ ਜੋ ਭਾਵੀ ਵਰਤ ਰਹੀ ਹੈ ਉਹੋ (ਉਹਨਾਂ) ਪਰਵਾਨ ਕੀਤੀ ਹੈ। ੪.ਜੋ ਕੁਝ ਕਰਤਾਰ ਕਾਰਣ ਕਰਦਾ ਹੈ, ਉਸ ਨੂੰ ਸਿਰ ਪਰ ਰੱਖਕੇ ਮੰਨਕੇ ਸ਼ੁਕਰੀਆ ਕਰਦੇ ਹਨ। ੫.(ਵਾਹਿਗੁਰੂ ਦੀ) ਰਜ਼ਾਇ ਵਿਖੇ ਰਾਜ਼ੀ ਹੋਕੇ ਦੁਨੀਆਂ ਦੇ ਵਿਚ ਆਪ ਨੂੰ (ਚਾਰ ਦਿਨ ਦੇ) ਪਰਾਹੁਣੇ (ਵਾਂਗੂੰ ਮੰਨਦੇ ਹਨ)। ੬.ਅਚਰਜ ਰੂਪ ਨਿਰੰਕਾਰ ਦੇ 'ਵਿਸਮਾਦ' ਥੋਂ ਤੇ ਕਾਦਰ ਦੀ ਕੁਦਰਤ ਤੋਂ ਬਲਿਹਾਰ ਜਾਂਦੇ ਹਨ। ੭.(ਇਸੇ ਕਰਕੇ ਸਾਰੇ) 'ਲੇਪਾਂ' ਥੋਂ ਅਲੇਪ ਹੋਕੇ ਨਿਰਬੰਧਨ ਰਹਿੰਦੇ ਹਨ।

**ਭਾਵ**-**"ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ। ਸਭ ਘਟ ਭੀਤਰਿ ਹਾਟੁ ਚਲਾਵੈ॥"** (ਸੂਹੀ ਰਵਿ:੨) ਗੁਰਮੁਖ ਲੋਕ ਹਰ ਬਾਤ ਵਿਚ ਰਜ਼ਾ ਮੰਨਦੇ ਤੇ ਆਪ ਮਮਤਾ ਨੂੰ ਤਿਆਗਕੇ ਗ੍ਰਿਹਸਥ ਵਿਖੇ ਜਲ ਵਿਚ ਕਮਲ ਵਾਂਗੂੰ ਅਲਿਪਤ ਰਹਿਕੇ ਨਿਰਬੰਧਨ ਹੋ ਗਏ ਹਨ।

## ੨੨. (ਬੰਦੇ ਵਿਖੇ)।

੧. ਹੁਕਮੀ ਬੰਦਾ ਹੋਇਕੈ ਸਾਹਿਬੁ ਦੇ ਹੁਕਮੈ ਵਿਚਿ ਰਹਣਾ।
੨. ਹੁਕਮੈ ਅੰਦਰਿ ਸਭ ਕੋ ਸਭਨਾ ਆਵਟਣ ਹੈ ਸਹਣਾ।
੩. ਦਿਲੁ ਦਰੀਆਉ ਸਮਾਉ ਕਰਿ ਗਰਬੁ ਗਵਾਇ ਗਰੀਬੀ ਵਹਣਾ।
੪. ਵੀਹ ਇਕੀਹ ਉਲੰਘਿ ਕੈ ਸਾਧ ਸੰਗਤਿ ਸਿੰਘਾਸਣਿ ਬਹਣਾ।
੫. ਸਬਦ ਸੁਰਤਿ ਲਿਵਲੀਣ ਹੋਇ ਅਨਭਉ ਅਘੜ ਘੜਾਏ ਗਹਣਾ।
੬. ਸਿਦਕ ਸਬੂਰੀ ਸਾਬਤਾ ਸਾਕਰੁ ਸੁਕਰਿ ਨ ਦੇਣਾ ਲਹਣਾ।
੭. ਨੀਰਿ ਨ ਡੁਬਣੁ ਅਗਿ ਨ ਦਹਣਾ ॥੨੨॥

**ਪਦਾਰਥ**-(ਆਵਟਣ=ਸੇਕ, ਉਬਾਲਾ। ਸਮਾਉ ਕਰਿ=ਸਮਾਈ ਕਰੇ। ਵੀਹ ਇਕੀਹ=ਜੀਵ

(ਈਸ਼੍ਵਰ ਦੇ ਭੇਦ ਥੋਂ। ਅਨਭਉ=ਗਿਆਨ। ਸਿਦਕ=ਭਰੋਸਾ।
(ਸਬੂਰੀ=ਸਬਰ, ਸੰਤੋਖ। ਸਾਕਰੁ=ਸ਼ੁਕਰ ਕਰਨੇ ਵਾਲਾ। ਨੀਰ=ਪਾਣੀ, ਭਾਵ
(ਵਿਚ ਪਦਾਰਥ। ਅਗਿ=ਅਗਨੀ, ਭਾਵ ਵਿਚ ਤ੍ਰਿਸ਼ਨਾ।

**ਅਰਥ**-੧.ਹੁਕਮ ਦਾ ਦਾਸ ਹੋ ਕਰਕੇ (ਆਪਣੇ) ਸ੍ਵਾਮੀ ਦੇ ਹੁਕਮ ਵਿਖੇ ਰਹੇ (ਉਹ ਬੰਦਾ ਹੈ)। ੨.ਹੁਕਮ ਦੇ ਅੰਦਰ ਸਾਰਾ (ਸੰਸਾਰ) ਹੈ, (ਭਾਣੇ ਦਾ) ਸੇਕ ਸਭ ਕਿਸੇ ਨੂੰ ਸਹਾਰਨਾ ਬਣਦਾ ਹੈ। ੩.(ਇਸ ਲਈ) ਦਿਲ (ਨੂੰ) ਦਰਿਆਉ (ਕਰਕੇ) (ਸਭ ਸੇਕਾਂ ਦੀ) ਸਮਾਈ ਕਰੇ, ਹੰਕਾਰ ਨੂੰ ਛੱਡਕੇ ਗਰੀਬੀ ਵਿਖੇ ਚਲਣਾ ਕਰੇ। ੪.('ਵੀਹ') ਲੋਕ ('ਇਕੀਹ') ਪਰਲੋਕ (ਦੀ ਇੱਛਾ ਥੋਂ) ਲੰਘ ਕੇ ਸਾਧ ਸੰਗਤ ਰੂਪੀ ਸਿੰਘਾਸਣ ਵਿਚ ਬੈਠੇ (ਭਾਵ ਨਿਸ਼ਕਾਮ ਭਗਤੀ ਕਰੇ)। ੫.ਸ਼ਬਦ ਦੀ ਸੁਰਤ ਵਿਖੇ ਮਗਨ ਹੋਕੇ ਗੁਰੂ ਦੇ ਗਯਾਨ ਨਾਲ ਅਘੜ (ਮਨ ਦਾ ਜੋ)('ਗਹਿਣਾ'=) ਗ੍ਰਹਿਣ ਕਰਣਾ ਹੈ, (ਇਹੋ ਗਹਿਣਾ) ਘੜਾਵੇ (ਇਥੇ ਗਹਿਣਾ ਪਦ ਵਿਖੇ ਸ਼ਲੇਖਾਲੰਕਾਰ ਹੈ, ਪਕੜਨਾ ਤੇ ਜ਼ੇਵਰ)। ੬.ਭਰੋਸੇ ਅਤੇ ਸੰਤੋਖ ਵਿਖੇ ਸਾਬਤ ਰਹੇ (ਹਰ ਬਾਤ ਵਿਚ) ਸ਼ੁਕਰ ਕਰਨ ਵਾਲਾ ਰਹੇ, ਦੇਣਾ ਲੈਣਾ (ਸਿਵਾਇ) ਸ਼ੁਕਰ ਦੇ (ਹੋਰ ਕੋਈ ਨਾ ਕਰੇ)। ੭.(ਐਸੇ ਬੰਦੇ ਨੂੰ) ਪਾਣੀ ਵਿਚ ਡੁਬਣ ਨਹੀਂ ਤੇ ਅੱਗ ਵਿਚ ਸਾੜ ਨਹੀਂ, (ਯਥਾ-"**ਜਲ ਅਗਨੀ ਵਿਚ ਘਤਿਆ ਜਲੈ ਨ ਡੁਬੈ ਗੁਰਪਰਸਾਦਿ**") : (ਅਥਵਾ ਪਦਾਰਥਾਂ ਦੇ ਪਾਣੀ, ਅਰ ਤ੍ਰਿਸ਼ਨਾ ਜਾਂ ਈਰਖਾ ਦੀ ਅੱਗ ਐਸੇ ਗੁਰਮੁਖਾਂ ਨੂੰ ਨਹੀਂ ਪੋਂਹਦੇ)।

## ੨੩. (ਗੁਰੂ ਅਤੇ ਸਿੱਖ ਦੀ ਪ੍ਰੀਤੀ)।

੧. ਮਿਹਰ ਮੁਹਬਤਿ ਆਸਕੀ ਇਸਕੁ ਮੁਸਕੁ ਕਿਉ ਲੁਕੈ ਲੁਕਾਇਆ।
੨. ਚੰਦਨ ਵਾਸੁ ਵਣਾਸਪਤਿ ਹੋਇ ਸੁਗੰਧੁ ਨ ਆਪੁ ਗਣਾਇਆ।
੩. ਨਦੀਆ ਨਾਲੇ ਗੰਗ ਮਿਲਿ ਹੋਇ ਪਵਿਤੁ ਨ ਆਖਿ ਸੁਣਾਇਆ।
੪. ਹੀਰੇ ਹੀਰਾ ਬੇਧਿਆ ਅਣੀ ਕਣੀ ਹੋਇ ਰਿਦੈ ਸਮਦਇਆ।
੫. ਸਾਧ ਸੰਗਤਿ ਮਿਲਿ ਸਾਧ ਹੋਇ ਪਾਰਸ ਮਿਲਿ ਪਾਰਸ ਹੋਇ ਆਇਆ।
੬. ਨਿਹਚਉ ਨਿਹਚਲੁ ਗੁਰਮਤੀ ਭਗਤਿ ਵਛਲੁ ਹੋਇ ਅਛਲੁ ਛਲਾਇਆ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥੨੩॥੧੯॥

**ਪਦਾਰਥ**-(ਮਿਹਰ-ਕ੍ਰਿਪਾ। ਮੁਹਬਤਿ-ਪ੍ਰੀਤਿ। ਇਸ਼ਕ=ਲਗਨ। ਮੁਸਕੁ=ਕਸਤੂਰੀ।
(ਅਣੀ ਕਣੀ=ਵਰਮੇ ਦੀ ਅਣੀ ਵਿਚ ਹੀਰੇ ਦੀ ਕਣੀ। ਪਾਰਸ=ਭਾਵ ਵਿਚ ਗੁਰੂ।

**ਅਰਥ**-੧.(ਗੁਰੂ ਦੀ) ਮਿਹਰ (ਤੇ ਸਿੱਖ ਦੀ) ਮੁਹੱਬਤ, ਇਸ਼ਕ (ਦੇ ਦਰਜੇ ਦੀ ਅਰਥਾਤ ਉੱਚੀ) ਪ੍ਰੀਤਿ ਲੁਕਣ ਵਾਲੇ ਪਦਾਰਥ ਨਹੀਂ, (ਕਿਉਂਕਿ ਕਹਾਵਤ ਹੈ 'ਇਸ਼ਕ ਮੁਸ਼ਕ ਖਾਂਸੀ ਖੁਰਕ ਲੁਕਾਇਆਂ ਨਹੀਂ ਲੁਕਦੇ')। ੨.(ਜਿਕੂੰ) ਚੰਦਨ ਦੀ ਵਾਸ਼ਨਾ ਨਾਲ ਵਣਾਸਪਤੀ (ਚੰਦਨ) ਹੋਕੇ ਆਪਣਾ ਆਪ ਜਣਾਉਂਦੀ ਨਹੀਂ, (ਪ੍ਰੰਤੂ ਵਾਸ਼ਨਾ ਥੋਂ ਹੀ ਚੰਦਨ ਜਾਪਦੀ ਹੈ)। ੩.ਨਦੀਆਂ ਅਤੇ ਨਾਲੇ ਗੰਗਾ ਨਾਲ ਮਿਲਕੇ ਨਿਰਮਲ ਹੋ ਜਾਂਦੇ ਹਨ, (ਪਰ ਲੋਕਾਂ ਨੂੰ) ਆਖਕੇ ਟਾਹਰਾਂ ਨਹੀਂ ਮਾਰਦੇ (ਕਿ ਅਸੀਂ ਭੀ ਹੁਣ ਗੰਗਾ ਹੋ ਗਏ ਹਾਂ)। ੪.ਹੀਰੇ ਨਾਲ ਹੀਰਾ ਵਿੰਨ੍ਹਿਆ ਜਾਂਦਾ ਹੈ (ਪਰ ਜਦ ਵਰਮੇ ਦੀ) 'ਅਣੀ' ਪੁਰ ਹੀਰੇ ਦੀ ਕਣੀ ਰਿਦੇ ਵਿਖੇ ਸਮਾਇ ਜਾਂਦੀ ਹੈ, (ਅੰਤ੍ਰੀਵ ਅਰਥ ਇਹ ਹੈ ਕਿ ਗੁਰੂ ਜੀ ਜੀਭ ਰੂਪੀ ਵਰਮੇ ਦੀ ਅਣੀ ਪਰ ਨਾਮ ਦੀ ਕਣੀ ਰੱਖਕੇ ਜੱਗਜਾਸੂ ਨੂੰ ਵਿੰਨ੍ਹ ਦੇਂਦੇ ਹਨ, 'ਯਥਾ :-"**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥**") (ਸੋਰਠ: ਮ:੫-੨) ੫.ਸਾਧ ਸੰਗਤ ਨਾਲ ਮਿਲਕੇ ਸਾਧ ਹੋ ਜਾਂਦਾ ਹੈ, (ਮਾਨੋਂ) ਪਾਰਸ ਨਾਲ ਮਿਲਕੇ ਪਾਰਸ ਰੂਪ ਹੀ ਹੋ ਗਿਆ ਹੈ। ੬.ਗੁਰੂ ਦੀ ਅਚਲ ਮੱਤਿ ਨੂੰ ਨਿਹਚੇ ਨਾਲ ਪਾਕੇ (ਆਪ ਅਚਲ ਭਗਤੀ ਵਾਲਾ) ਹੋ ਜਾਂਦਾ ਹੈ, ਭਗਤ ਵਛਲ ਹੋਣ ਕਰਕੇ ਅਛਲ ਨੇ ਆਪ

ਨੂੰ ਛਲਾਇਆ ਹੈ। ੭.ਗੁਰਮੁਖ ਨੂੰ ਸੁਖ ਰੂਪੀ ਫਲ (ਮਿਲਦਾ ਹੈ, ਸਰੂਪ ਇਹ ਕਿ) ਅਲੱਖ ਵਾਹਿਗੁਰੂ ਨੇ (ਨਿਜ ਨੂੰ ਉਨ੍ਹਾਂ ਪਰ) ਲਖਾ ਦਿੱਤਾ ਹੈ।

**ਭਾਵ**-ਸੋ ਗਤੀ ਪਾ ਲੈਂਦਾ ਹੈ, ਕਿ ਵਾਹਿਗੁਰੂ, ਜੋ ਮੋਹਿਆ ਨਹੀਂ ਜਾਂਦਾ, ਭਗਤਾਂ ਦੇ ਪ੍ਰੇਮ ਵਿਚ ਆ ਜਾਂਦਾ ਹੈ, ਸੋ ਉਸ ਨਾਲ ਵਾਹਿਗੁਰੂ ਪਿਆਰ ਕਰਦਾ ਹੈ, ਇਹ ਪਦ ਪਾਉਂਦਾ ਹੈ। ਯਥਾ:-"**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥ ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥**" (ਸਰੰਗ: ਨਾਮ-੩)

# ਵਾਰ ੧੯.

ੴ ਸਤਿਗੁਰ ਪ੍ਰਸਾਦਿ॥

## ੧. (ਮੰਗਲਾ ਚਰਣ)।

੧. ਗੁਰਮੁਖਿ ਏਕੰਕਾਰੁ ਆਪਿ ਉਪਾਇਆ।
੨. ਓਅੰਕਾਰਿ ਅਕਾਰੁ ਪਰਗਟੀ ਆਇਆ।
੩. ਪੰਜ ਤਤ ਵਿਸਥਾਰੁ ਚਲਤੁ ਰਚਾਇਆ।
੪. ਖਾਣੀ ਬਾਣੀ ਚਾਰਿ ਜਗਤੁ ਉਪਾਇਆ।
੫. ਕੁਦਰਤਿ ਅਗਮ ਅਪਾਰੁ ਅੰਤੁ ਨ ਪਾਇਆ।
੬. ਸਚੁ ਨਾਉ ਕਰਤਾਰੁ ਸਚਿ ਸਮਾਇਆ॥੧॥

**ਪਦਾਰਥ**-(ਗੁਰਮੁਖਿ=ਗੁਰੂ ਸ੍ਰੇਸ਼ਟ। ਅਕਾਰੁ=ਸਰੂਪ।

**ਅਰਥ**-੧.ਗੁਰਮੁਖ (ਗੁਰੂ ਨਾਨਕ ਦੇਵ) ਨੂੰ ਆਪ ਪਰਮਾਤਮਾ ਨੇ ਉਤਪਤ ਕੀਤਾ ਹੈ (ਉਤਪਤ ਵਸਤੂ ਨਾਸ਼ ਮਾਨ ਹੁੰਦੀ ਹੈ, ਇਸ ਸ਼ੰਕਾ ਦੀ ਨਵਿਰਤੀ ਦੂਜੀ ਤੁਕ ਵਿਖੇ ਕਰਦੇ ਹਨ)। ੨.'ਓਅੰਕਾਰ' (ਪਰਮਾਤਮਾ) ਨੇ (ਆਪਣਾ) ਆਕਾਰ (ਹੀ ਪਾਪਾਂ ਦੇ ਭਾਰ ਨਿਵਾਰਣ ਲਈ) ਪਰਗਟ ਕੀਤਾ ਹੈ*। ੩.ਪੰਜ ਤੱਤਾਂ (ਅਪ**, ਤੇਜ, ਵਾਯੂ, ਪ੍ਰਿਥਮੀ ਅਤੇ ਅਕਾਸ਼) ਦਾ ਵਿਸਥਾਰ ਕਰਕੇ (ਚਲਿੱਤ੍ਰ) ਰਚਨਾ ਦਾ ਤਮਾਸ਼ਾ ਰਚ ਦਿੱਤਾ ਹੈ। ੪.(ਫੇਰ ਚਾਰ) ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ ਅਰ ਪਰਾ, ਪਸੰਤੀ, ਮੱਧਮਾ ਅਤੇ ਬੈਖਰੀ ਨਾਮਕ) ਚਾਰ ਬਾਣੀਆਂ ਦਾ ਜਗਤ ਰਚ ਦਿੱਤਾ। ੫.ਕੁਦਰਤ (ਉਸ ਦੀ) ਮਨ ਬਾਣੀ ਤੋਂ ਪਰੇ ਹੈ ਅਰ ਅਪਾਰ ਹੈ (ਜਿਸਦਾ) ਅੰਤ ਕਿਸੇ ਨਹੀਂ ਪਾਇਆ। ੬.(ਜਿਸ) ਕਰਤਾਰ ਦਾ ਨਾਮ ਸੱਚਾ ਹੈ (ਉਹੋ 'ਸੱਚਾ') ਪਰਮਾਤਮਾ (ਪਸਾਰੇ ਵਿਖੇ) ਵਿਆਪਕ ਹੈ।

**ਭਾਵ**-ਵਾਹਿਗੁਰੂ ਦੇ ਕਰਤਾ ਪੁਰਖ ਹੋਣ ਦੀ ਮਹਿਮਾ ਕਹੀ ਹੈ।

*(ਦੋਹ ਤੁਕਾਂ ਦਾ ਏਹ ਅਰਥ ਬੀ ਕਰਦੇ ਹਨ:-'ਗੁਰਮੁਖ' (ਸ੍ਰੇਸ਼ਟ ਸ਼ਬਦ ਦਾਤਾ) 'ਏਕੰਕਾਰ'' ਵਾਹਿਗੁਰੂ ਹੀ ਹੈ ਜਿਸ ਨੇ (ਨਿਰਗੁਣ ਤੋਂ) 'ਏਕੰਕਾਰ' ਆਪ ਬਣਾਯਾ (ਅਰ ਏਕੰਕਾਰ ਤੋਂ) ਓਅੰਕਾਰ ਦਾ ਰੂਪ ਪਰਗਟ ਹੋਇਆ; (ਇਸ ਤੋਂ ਅਗੇ ਸ੍ਰਿਸ਼ਟੀ ਦੀ ਰਚਨਾ ਦਾ ਹਾਲ ਹੈ)।** ਅਪ=ਜਲ

## ੨. (ਚੌਰਾਸੀ ਦੇ ਵਿਖੇ)।

੧. ਲਖ ਚਉਰਾਸੀਹ ਜੂਨਿ ਫੇਰਿ ਫਿਰਾਇਆ।
੨. ਮਾਣਸ ਜਨਮੁ ਦੁਲੰਭ ਕਰਮੀ ਪਾਇਆ।
੩. ਉਤਮੁ ਗੁਰਮੁਖਿ ਪੰਥੁ ਆਪੁ ਗਵਾਇਆ।
੪. ਸਾਧ ਸੰਗਤਿ ਰਹਰਾਸਿ ਪੈਰੀ ਪਾਇਆ।
੫. ਨਾਮੁ ਦਾਨੁ ਇਸਨਾਨੁ ਸਚੁ ਦਿੜਾਇਆ।
੬. ਸਬਦ ਸੁਰਤਿ ਲਿਵਲੀਣੁ ਭਾਣਾ ਭਾਇਆ ॥੨॥

**ਪਦਾਰਥ**-(ਦੁਲੰਭ=ਦੁਰਲੱਭ। ਰਹਰਾਸਿ=ਸੱਚਾ ਰਾਹ, ਰਹੁਰੀਤ।

**ਅਰਥ**-੧.ਚੌਰਾਸੀ ਲਖ ਜੋਨੀਆਂ ਦਾ ਫੇਰਾ ਫਿਰਾਇਆ ਹੈ (ਇਕ ਚੱਕਰ ਬਣਾਇਆ ਹੈ)। ੨.ਮਨੁੱਖਾ ਜਨਮ ਵੱਡਾ ਦੁਰਲੱਭ ਕਰਮਾਂ ਨਾਲ ਪਾਇਆ ਹੈ (**"ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥ ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ" ॥**) (ਮਾਰੂ: ਸੋਲ: ਮ:੫-੫) ੩.(ਮਨੁੱਖਾ ਜਨਮ ਵਿਖੇ) ਗੁਰਮੁਖਾਂ ਦਾ ਪੰਥ ਉੱਤਮ ਹੈ; (ਕਿਉਂ ਜੋ) ਆਪਾ ਭਾਵ ਗਵਾ ਦਿੱਤਾ ਹੈ। ੪.ਸਾਧ ਸੰਗਤਿ ਦੀ ਰਹੁਰੀਤ ਪੈਰੀਂ ਪੈਣਾ ਹੈ (ਭਾਵ ਨਿਰਭਿਮਾਨ ਰਹਿੰਦੇ ਹਨ)। ੫.ਨਾਮ, ਦਾਨ, ਇਸ਼ਨਾਨ ਅਤੇ ਸੱਚ ਦ੍ਰਿੜ੍ਹ ਕਰਾਉਂਦੇ ਹਨ (ਭਾਵ ਪਖੰਡ ਦੀ ਜੜ੍ਹੀਂ ਤੇਲ ਦੇਂਦੇ ਹਨ)। ੬.(ਗੁਰੂ ਨਾਨਕ ਦੇਵ ਜੀ ਦੇ) ਸ਼ਬਦ ਦੀ ਸੁਰਤ ਦੀ 'ਲਿਵ' ਵਿਖੇ ਲੀਨ ਹੋਕੇ (ਅਕਾਲ ਪੁਰਖ ਦੇ) ਭਾਣੇ ਪੁਰ ਪ੍ਰਸੰਨ ਹਨ।

ਸੂਚਨਾ-ਅਗੇ ਸਬੂਣੀ ਨਿਖਨਨ ਨਜਾਇ ਕਰਕੇ ਇਸੇ ਪ੍ਰਸੰਗ ਨੂੰ ਹੋਰ ਪੱਕਾ ਕਰਦੇ ਹਨ :-

## ੩. (ਚੱਲਣ ਜੁਗਤਿ - ਪਰਾਹੁਣਾ)।

੧. ਗੁਰਮੁਖਿ ਸੁਘੜੁ ਸੁਜਾਣੁ ਗੁਰ ਸਮਝਾਇਆ।
੨. ਮਿਹਮਾਣੀ ਮਿਹਮਾਣੁ ਮਜਲਸਿ ਆਇਆ।
੩. ਖਾਵਾਲੇ ਸੋ ਖਾਣੁ ਪੀਐ ਪੀਆਇਆ।
੪. ਕਰੈ ਨ ਗਰਬੁ ਗੁਮਾਣੁ ਹਸੈ ਹਸਾਇਆ।
੫. ਪਾਹੁਨੜਾ ਪਰਵਾਣੁ ਕਾਜੁ ਸੁਹਾਇਆ।
੬. ਮਜਲਸ ਕਰਿ ਹੈਰਾਣੁ ਉਠਿ ਸਿਧਾਇਆ ॥੩॥

**ਪਦਾਰਥ**-(ਸੁਘੜ=ਚਤੁਰ। ਮਿਹਮਾਣੀ=ਪਰਾਹੁਣਚਾਰੀ। ਮਿਹਮਾਣੁ=ਪਰਾਹੁਣਾ। (ਮਜਲਸਿ=ਸਭਾ, ਇਕੱਠ। ਕਾਜੁ ਸੁਹਾਇਆ=ਚੰਗਾ ਕੰਮ। ਹੈਰਾਣ=ਅਚਰਜ।

**ਅਰਥ**- ੧.ਗੁਰਮੁਖ ਲੋਕ ਗੁਰਾਂ ਦੇ ਸਮਝਾਏ ਹੋਣ ਕਰਕੇ ਚਤੁਰ ਅਤੇ ('ਸੁਜਾਣ') ਗਿਆਨਵਾਨ ਹਨ ਭਾਵ ਵਿਹਾਰ ਪਰਮਾਰਥ ਵਿਖੇ ਸੁਚੇਤ ਹਨ। ੨.(ਸੰਸਾਰ ਰੂਪ) ਮਿਹਮਾਣੀ ਵਿਚ (ਐਉਂ) ਹਨ (ਜਿਕੂੰ) ਪਰਾਹੁਣਾ ਮਜਲਸ ਵਿਚ ਆਯਾ ਹੈ। ੩.(ਜੋ ਘਰ ਦਾ ਮਾਲਕ) ਖਵਾਲਦਾ ਹੈ ਸੋ ਖਾਂਦੇ ਹਨ ਜੋ ਪਿਆਏ ਸੋ ਪੀਂਦੇ ਹਨ। ੪.ਆਪਣਾ ਗਰਬ ਤੇ ਗੁਮਾਨ ਨਹੀਂ ਕਰਦੇ (ਜਿੰਨਾ ਉਹ) ਹਸਾਵੇ ਹਸਦੇ ਹਨ (ਇਸ ਲਈ)। ੫.ਪਰਾਹੁਣਾ ਉਹ ਪ੍ਰਮਾਣੀਕ ਹੁੰਦਾ ਹੈ, (ਜੋ) ਚੰਗੇ ਕੰਮ ਕਰਦਾ ਹੈ (ਨਹੀਂ ਤਾਂ ਸ਼ਰਾਬੀ ਕਬਾਬੀ ਦੀ ਖਰਾਬੀ ਹੁੰਦੀ ਹੈ)। ੬.ਮਜਲਸ਼ ਨੂੰ (ਨੇਕ ਪਰਾਹੁਣਾ) ਹੈਰਾਨ ਕਰਕੇ (ਆਪਣੇ ਸ਼ੁਭ ਗੁਣਾਂ ਦੀ ਵਡਿਆਈ ਕਰਨ ਵਾਲੀ ਛੱਡਕੇ) ਚਲਿਆ ਜਾਂਦਾ ਹੈ।

**ਭਾਵ**-ਜੋ ਮਹਾਤਮਾ ਲੋਕ ਸੰਸਾਰ ਮਜਲਸ ਵਿਖੇ ਸ੍ਰੇਸ਼ਟ ਕੰਮ ਕਰ ਗਏ ਹਨ ਉਹਨਾਂ ਦੀਆਂ ਯਾਦਾਂ ਸਦਾ ਜੀਉਂਦੀਆਂ ਹਨ ਅਰ ਲੋਕ ਅਰਦਾਸਾਂ ਕਰਦੇ ਹਨ ਕਿ ਸਦੀਵ ਕਾਲ ਸਚ ਖੰਡ ਵਿਖੇ

ਨਿਵਾਸ ਰਹੇ। ਬੁਰਿਆਂ ਦਾ ਨਾਮ ਲੈਣ ਥੋਂ ਬੀ ਲੋਕ ਨੱਕ ਵੱਟਦੇ ਹਨ ਕਿ ਖਬਰੇ ਅੱਜ ਰੋਟੀ ਭੀ ਮਿਲਣੀ ਹੈ ਕਿ ਨਹੀਂ। ਉਹਨਾਂ ਪਸਾਰਿਆਂ ਨੇ ਆਪ ਨੂੰ ਪਰਾਹੁਣਾ ਜਾਣ ਕੇ ਨਿਰਬਾਹ ਕੀਤਾ ਸੀ।

## ੪. (ਚੱਲਣ ਜੁਗਤਿ - ਗੋਇਲ)।

੧. ਗੋਇਲੜਾ ਦਿਨ ਚਾਰਿ ਗੁਰਮੁਖਿ ਜਾਣੀਐ।
੨. ਮੰਝੀ ਲੈ ਮਿਹਵਾਰਿ ਚੋਜ ਵਿਡਾਣੀਐ।
੩. ਵਰਸੈ ਨਿਝਰ ਧਾਰਿ ਅੰਮ੍ਰਿਤ ਵਾਣੀਐ।
੪. ਵੰਝੁਲੀਐ ਝੀਗਾਰਿ ਮਜਲਸ ਮਾਣੀਐ।
੫. ਗਾਵਣਿ ਮਾਝ ਮਲਾਰਿ ਸੁਘੜੁ ਸੁਜਾਣੀਐ।
੬. ਹਉਮੈ ਗਰਬੁ ਨਿਵਾਰਿ ਮਨਿ ਵਸਿ ਆਣੀਐ।
੭. ਗੁਰਮੁਖਿ ਸਬਦੁ ਵੀਚਾਰਿ ਸਚਿ ਸਿਞਾਣੀਐ॥੪॥

**ਪਦਾਰਥ**-(ਗੋਇਲੜਾ=ਜਿੱਥੇ ਗੁੱਜਰ ਲੋਕ ਰੁੱਖਾਂ ਵਿਚ ਮਾਲ ਚਾਰਦੇ ਹਨ। (ਮਿਹਵਾਰਿ=ਮਾਹੀ ਮਹੀਆਂ ਵਾਲੇ। ਵਾਣੀਐ=ਵੰਨੀ, ਰੰਗ। (ਵੰਝੁਲੀਐ ਝੀਂਗਾਰ=ਬਾਂਸਰੀਆਂ ਦੀ ਧੁਨੀ।

**ਅਰਥ**-੧.(ਸੰਸਾਰ) ਚੰਹੁ ਦਿਨਾਂ ਲਈ ਗੋਇਲ ਵਾਸੇ (ਵਾਂਙੂ) ਗੁਰਮੁਖ ਜਾਣਦੇ ਹਨ। ੨.(ਗੋਇਲ ਵਾਸਾ ਕੀ ਹੈ?) ਮਾਹੀ ਲੋਕ ਮਹੀਆਂ (ਗਊਆਂ) ਲੈ ਜਾਂਦੇ ਹਨ (ਤੇ ਉਥੇ) ਵਡੇ ਅਚਰਜ ਕੌਤਕ ਕਰਦੇ ਹਨ (ਭਾਵ ਕਬੱਡੀਆਂ ਤੇ ਸੈਂਚੀਆਂ ਦੀਆਂ ਖੇਡਾਂ ਕਰਦੇ ਹਨ)। ੩.ਵਰਸਦੀ ਹੈ ਇਕ ਰਸ ਧਾਰਾ ਅੰਮ੍ਰਿਤ ਦੇ ਰੰਗ ਵਾਲੀ (ਭਾਵ ਉਥੇ ਵਡੇ ਨਿਰਮਲ ਜਲ ਦੀ ਧਾਰਾ ਦੇ ਮੀਂਹ ਵਰਸਦੇ ਹਨ)। ੪.(ਤਦੋਂ ਮਾਹੀ ਲੋਕ) ਵੰਝਲੀਆਂ ਦੀ ਧੁਨੀ ਲਾਕੇ ਮਜਲਸ ਵਿਖੇ ਮੌਜਾਂ ਮਾਣਦੇ ਹਨ। ੫.ਗਾਉਂਦੇ ਹਨ ਮਾਝ ਤੇ ਮਲ੍ਹਾਰ (ਰਾਗ) (ਓਹ ਜੋ ਵਿਚ) ਸੁਘੜ ਤੇ ਸੁਜਾਣ ਹਨ। (ਤਿਹਾ ਹੀ ਵਿਚਾਰਵਾਨ ਲੋਕ ਭਗਤੀ ਕਰਕੇ ਮਿਹਰ ਦਾ ਮੀਂਹ ਮੰਗਦੇ ਹਨ)। ੬.(ਤਿਵੇਂ ਹੀ ਗੁਰਮੁਖ ਲੋਕ) ਹਉਮੈਂ ਦੇ ਗਰਬ ਨੂੰ ਹਟਾਕੇ ਮਨ ਨੂੰ ਵੱਸ ਕਰਦੇ ਹਨ। ੭.(ਜਾਣਦੇ ਹਨ ਕਿ- "**ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥ ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥**" (ਸਿਰੀ: ਮ:੫) (ਇਸ ਲਈ) ਗੁਰਮੁਖ ਲੋਕ ਸ਼ਬਦ ਨੂੰ ਵੀਚਾਰਕੇ ਸੱਚ ਨੂੰ ਸਿਞਾਣਦੇ ਹਨ।

**ਭਾਵ**-ਗੁਰਮੁਖ ਸੰਸਾਰ ਵਿਚ ਚਿੱਤ ਖੋਭਕੇ ਕਦੇ ਨਹੀ ਰਹਿੰਦੇ, ਸਦਾ ਤਯਾਰੀ ਤੇ ਹਰਦਮ ਕੂਚ ਜਾਣਦੇ ਹਨ। ਸੁਰਤ ਸ਼ਬਦ ਵਿਚ ਪਰੋਕੇ ਉਚੇਰੇ ਰਹਿੰਦੇ ਹਨ।

## ੫. (ਚੱਲਣ ਜੁਗਤਿ- ਸਰਾਂ ਦਾ ਵਾਸਾ)।

੧. ਵਾਟ ਵਟਾਊ ਰਾਤਿ ਸਰਾਈਂ ਵਸਿਆ।
੨. ਉਠ ਚਲਿਆ ਪਰਭਾਤਿ ਮਾਰਗਿ ਦਸਿਆ।
੩. ਨਾਹਿ ਪਰਾਈ ਤਾਤਿ ਨ ਚਿਤਿ ਰਹਸਿਆ।
੪. ਮੁਏ ਨ ਪੁਛੈ ਜਾਤਿ ਵਿਵਾਹਿ ਨ ਹਸਿਆ।
੫. ਦਾਤਾ ਕਰੈ ਜੁ ਦਾਤਿ ਨ ਭੁਖਾ ਤਸਿਆ।
੬. ਗੁਰਮੁਖਿ ਸਿਮਰਣੁ ਵਾਤਿ ਕਮਲ ਵਿਗਸਿਆ॥੫॥

**ਪਦਾਰਥ**-ਵਾਟ ਵਟਾਊ=ਰਾਹ ਦਾ ਮੁਸਾਫਰ, ਯਾਤ੍ਰੀ, ਪਰਭਾਤ=ਪਹੁ ਫੁਟਣਾ। (ਮਾਰਗ ਦੱਸਿਆ=ਰਾਹ ਦਿੱਸ ਪਿਆ। ਤਾਤਿ=ਈਰਖਾ, ਹਿਰਸ।

(ਰਹਸਿਆ=ਆਨੰਦ। ਤਸਿਆ=ਤਿਹਾਇਆ।
(ਵਾਤਿ=ਮੁਖ। ਵਿਗਸਿਆ=ਖਿੜਿਆ।

**ਅਰਥ**-੧.ਰਸਤੇ ਜਾਂਦਾ ਹੋਇਆ ਯਾਤ੍ਰੀ ਰਾਤ ਨੂੰ ਸਰਾਇ ਵਿਖੇ ਵੱਸਿਆ। ੨.ਜਦ ਪਹੁ ਫੁਟੀ ਤੇ ਰਸਤਾ ਦਿੱਸ ਪਿਆ, ਉਠਕੇ ਤੁਰ ਪਿਆ। ੩.ਉਸ ਨੂੰ ਨਾ ਪਰਾਈ ਈਰਖਾ ਹੋਈ ਨਾ ਉਸ ਦਾ ਚਿੱਤ (ਪਰਾਈ ਖੁਸ਼ੀ ਪਰ) ਖੁਸ਼ ਹੋਇਆ (ਇਸ ਲਈ ਕਿ ਉਸ ਨੂੰ ਰਾਗ ਦ੍ਵੈਖ ਨਹੀਂ ਹੈ)। ੪.ਮੋਏ ਦੀ ਜਾਤ ਨਹੀਂ ਪੁੱਛੀ, (ਤੇ ਕਿਸੇ ਦਾ) ਵਿਵਾਹ (ਦੇਖਕੇ) ਨਾ ਹੱਸਿਆ। ੫.(ਤਿਵੇਂ ਗੁਰਮੁਖ ਸਰਾਂ ਦਾ ਵਾਸਾ ਜਾਣ ਅਲੇਪ ਰਹਿੰਦੇ ਹਨ, ਵਾਹਿਗੁਰੂ) ਦਾਤਾ ਜੋ ਦਾਤ ਕਰੇ ਲੈ ਲੈਂਦੇ ਹਨ, (ਇਹ ਨਹੀਂ ਕਹਿੰਦੇ ਕਿ ਅਸੀਂ) ਭੁਖੇ ਜਾਂ ਤਿਹਾਏ ਹਾਂ। ੬.ਗੁਰਮੁਖ (ਲੋਕ ਨਾਮ ਦਾ) ਸਿਮਰਣ ਕਰਦੇ ਹਨ, (ਇਸੇ ਲਈ ਉਹਨਾਂ ਦਾ 'ਵਾਤ ਕਮਲ' ਕਹੀਏ) ਮੁਖ ਕਮਲ (ਵਿਸ਼ੇਖ) ਖਿੜਿਆ ਰਹਿੰਦਾ ਹੈ।

**ਭਾਵ**-ਪਾਨੀ ਦਾ ਕਵਲ ਰਾਤ ਨੂੰ ਮੁੰਦਿਆ ਜਾਂਦਾ ਹੈ, ਗੁਰਮੁਖਾਂ ਦਾ ਕਮਲ ਸਦਾ ਹੀ ਪ੍ਰਸੰਨ ਰਹਿੰਦਾ ਹੈ, ਇਸੇ ਲਈ ਵਾਤ ਦਾ ਵਿਸ਼ੇਖਣ ਦਿਤਾ ਹੈ ਕਿ ਸਦਾ ਪ੍ਰਸੰਨ ਬਦਨ ਰਹਿੰਦੇ ਹਨ, ਅਰ ਆਪ ਨੂੰ ਚਾਰ ਦਿਨ ਦੇ ਯਾਤ੍ਰੀ ਮੰਨਕੇ ਮਮਤਾ ਥੋਂ ਉਦਾਸ ਰਹਿੰਦੇ ਹਨ। "**ਵਾਟ ਵਟਾਊ ਆਵੈ ਜਾਇ**" (ਰਾਮ:ਮ:੧) ਤਥਾ-"**ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ**" (ਆਸਾ: ਮ:੫) ਅਰਥਾਤ ਹੇ ਰਾਹੀ ਉਠਕੇ ਸਤਿਸੰਗ ਦੀ ਵੱਲ ਤੁਰ ਪਉ ਜੋ ਕਰਨਾ ਹੈ ਕਰ ਲੈ, ਚਿਰ ਨਾ ਲਾ।

## ੬. (ਚੱਲਣ ਜੁਗਤ -ਦੀਵਾਲੀ, ਤਾਰੇ, ਫੁਲ, ਤੀਰਥ, ਜਾਤ੍ਰੀ, ਹਰਚੰਦਉਰੀ।)

੧. ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।
੨. ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ।
੩. ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ।
੪. ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ।
੫. ਹਰਿਚੰਦਉਰੀ ਝਾਤਿ ਵਸਾਇ ਉਚਾਲੀਅਨਿ।
੬. ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ ॥੬॥

**ਪਦਾਰਥ**-(ਜਾਤਿ ਸਨਾਤਿ=ਵਡੇ ਛੋਟੇ, ਤਾਰਿਆਂ ਦੇ ਵਿਸ਼ੇਖਣ। ਅੰਬਰਿ=ਆਕਾਸ਼।
(ਬਾਗਾਤਿ=ਬਾਗ। ਚਾਲੀਅਨਿ=ਪੁਟੀਦੀਆਂ ਹਨ।
(ਉਚਾਲੀਅਨਿ=ਨਾਸ਼ ਕੀਤੀਆਂ ਜਾਂਦੀਆਂ ਹਨ। ਝਾਤਿ=ਨਜ਼ਰ ਮਾਰਣੀ, ਦਿਖਲਾਵੇ।

**ਅਰਥ**-੧.ਦੀਪਮਾਲਾ ਦੀ ਰਾਤ ਵਿਖੇ (ਘਰੋ ਘਰੀਂ) ਦੀਵੇ ਬਾਲੀਦੇ ਹਨ, (ਥੋੜੇ ਚਿਰ ਮਗਰੋਂ ਇਹ ਦੀਪਮਾਲਾ ਗੁੰਮ ਹੋ ਜਾਂਦੀ ਹੈ)। ੨.ਰਾਤ ਨੂੰ ਤਾਰੇ ਵਡੇ ਛੋਟੇ ਅਕਾਸ਼ ਵਿਖੇ ਚਮਕਦੇ ਹਨ, (ਦਿਨੇ ਉਹਨਾਂ ਦਾ ਖੁਰਾ ਖੋਜ ਨਹੀਂ ਦਿਸਦਾ)। ੩.ਫੁਲਾਂ ਦੀਆਂ ਬਗੀਚੀਆਂ (ਕੁਝ ਚਿਰ ਅਚਰਜ ਖਿੜਦੀਆਂ ਹਨ, ਪਰ ਝੱਟ ਹੀ ਉਹਨਾਂ ਥੋਂ) ਫੁਲ ਚੁਣ ਚੁਣਕੇ ਤੋੜ ਲਏ ਜਾਂਦੇ ਹਨ। ੪.ਯਾਤ੍ਰੀ ਤੀਰਥਾਂ ਪਰ ਜਾਂਦੇ (ਬੜੇ ਟੋਲਿਆਂ ਵਿਚ) ਅੱਖੀਂ ਦੇਖੀਦੇ ਹਨ, (ਪਰ ਛੇਤੀ ਹੀ ਤੀਰਥਾਂ ਪੁਰ ਉਹਨਾਂ ਦਾ ਮੁਸ਼ਕ ਨਹੀਂ ਰਹਿੰਦਾ)। ੫.ਹਰੀ ਚੰਦਉਰੀ ਦੇ (ਨਗਰ) ਦਿਖਲਾਵੇ ਮਾਤ੍ਰ ਦਿਖਾਕੇ (ਆਪ ਹੀ) ਉਜਾੜੀਦੇ ਹਨ, (ਇਸੇ ਪ੍ਰਕਾਰ ਜਗਤ ਥੋੜੇ ਚਿਰ ਦਾ ਆਨੰਦ ਹੈ- "**ਇਹ ਜੁ ਦੁਨੀਆਂ ਸਿਹਰੁ ਮੇਲਾ ਦਸਤਗੀਰੀ ਨਾਹਿਂ॥**") (ਤਿਲੰਗ: ਕਬੀਰ-੧) ੬.ਗੁਰਮੁਖਾਂ ਨੂੰ (ਆਤਮਾਨੰਤ ਰੂਪੀ) ਸੁਖ ਫਲ ਦੀ ਦਾਤ ਹੋਈ ਹੈ, (ਕਿਉਂ ਜੋ ਓਹ ਗੁਰੂ ਦੇ) ਸ਼ਬਦ ਨੂੰ ਯਾਦ ਕਰਦੇ ਹਨ।

**ਭਾਵ**-ਗੁਰਮੁਖ ਲੋਕ ਦੀਵਾਲੀ ਦੀ ਰਾਤ ਦੀ ਖੁਸ਼ੀ, ਤਾਰੇ, ਫੁਲ ਅਰ ਤੀਰਥ ਦੇ ਮੇਲਿਆਂ ਵਾਂਙੂ ਜਗਤ ਨੂੰ ਅਲਪ ਕਾਲ ਦੀ ਖੁਸ਼ੀ ਮੰਨਕੇ ਚਿਤ ਕਰਕੇ ਉਪਰਾਮ ਰਹਿੰਦੇ ਅਰ ਗੁਰੂ ਜੀ ਦੇ ਸ਼ਬਦ

ਦਾ ਸਿਮਰਣ ਕਰਦੇ ਰਹਿੰਦੇ ਹਨ, ਜਿਹਾ- **"ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥ ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥"** (ਗਉ: ਕਬੀਰ)

## ੭. (ਢੱਲਣ ਜੁਗਤਿ-ਪੇਕਾ)।

੧. ਗੁਰਮੁਖਿ ਮਨਿ ਪਰਗਾਸੁ ਗੁਰਿ ਉਪਦੇਸਿਆ।
੨. ਪੇਈਅੜੈ ਘਰਿ ਵਾਸੁ ਮਿਟੈ ਅੰਦੇਸਿਆ।
੩. ਆਸਾ ਵਿਚਿ ਨਿਰਾਸੁ ਗਿਆਨ ਅਵੇਸਿਆ।
੪. ਸਾਧ ਸੰਗਤਿ ਰਹਰਾਸਿ ਸਬਦਿ ਸੰਦੇਸਿਆ।
੫. ਗੁਰਮੁਖਿ ਦਾਸਨਿ ਦਾਸ ਮਤ ਪਰਵੇਸਿਆ।
੬. ਸਿਮਰਣ ਸਾਸ ਗਿਰਾਸ ਦੇਸ ਵਿਦੇਸਿਆ॥੭॥

**ਪਦਾਰਥ**-(ਪੇਈਅੜੈ=ਪੇਕਾ ਘਰ। ਅੰਦੇਸਿਆ=ਸੰਸੇ। ਅਵੇਸਿਆ=ਪ੍ਰਵੇਸ਼, ਨਿਵਾਸ। (ਵਿਦੇਸਿਆ=ਪਰਦੇਸ।

**ਅਰਥ**-੧.ਗੁਰਮੁਖਾਂ ਦੇ ਮਨ (ਵਿਖੇ ਜਿਨ੍ਹਾਂ ਨੂੰ) ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ ਪ੍ਰਕਾਸ਼ ਰਹਿੰਦਾ ਹੈ। ੨.(ਸੰਸਾਰ ਨੂੰ) ਪੇਕੇ ਘਰ ਦੇ ਵਾਸ ਵਾਂਙੂ (ਜਾਣਕੇ ਉਦਾਸ ਰਹਿੰਦੇ ਹਨ, ਹੋਰ ਸਭ) ਅੰਦੇਸੇ (ਉਹਨਾਂ ਦੇ) ਮਿਟ ਗਏ ਹਨ। ੩.ਆਸਾ ਵਿਖੇ ਨਿਰਾਸ ਰਹਿੰਦੇ ਹਨ, ਤੇ ਗਿਆਨ ਵਿਖੇ ਪ੍ਰਵੇਸ਼ ਕੀਤਾ ਹੈ। ੪.ਸਾਧ ਸੰਗਤ ਦਾ ਸੱਚਾ ਰਾਹ (ਫੜਕੇ ਗੁਰ) ਸ਼ਬਦ ਦੇ ਹੀ ਸੰਦੇਸੇ ਦਿੰਦੇ ਹਨ (ਭਾਵ ਨਾਮ ਜਪਾਉਂਦੇ ਹਨ)। ੫.ਗੁਰਮੁਖਾਂ ਨੇ ਆਪ ਨੂੰ ਦਾਸਾਂ ਦੇ ਦਾਸ ਮੰਨਕੇ (ਆਤਮ ਵਿਸ਼ੈਣੀ ਬੁੱਧੀ ਵਿਖੇ) ਪ੍ਰਵੇਸ਼ ਕੀਤਾ ਹੈ (ਭਾਵ ਵਿਸ਼ਯ ਵਾਸ਼ਨਾ ਦਾ ਪਰਿਤਯਾਗ ਕਰ ਛਡਿਆ ਹੈ)। ੬.(ਨਾਮ ਦਾ) ਸਿਮਰਣ ਸਾਸ ਗਿਰਾਸ ਕਰਦੇ ਹਨ, ਦੇਸ਼ ਵਿਖੇ ਰਹਿਕੇ ਬੀ ਵਿਦੇਸ਼ ਹੀ ਸਮਝਦੇ ਹਨ।

**ਭਾਵ**-ਚਿੱਤ ਕਰਕੇ ਉਪਰਾਮ ਰਹਿੰਦੇ ਹਨ, ਅਥਵਾ ਦੇਸ਼ ਭਾਵੇਂ ਪਰਦੇਸ਼ ਵਿਖੇ ਹੋਣ ਈਸ਼੍ਵਰ ਨੂੰ ਭੁਲਾਉਂਦੇ ਨਹੀਂ ਹਨ।

## ੮. (ਢੱਲਣ ਜੁਗਤਿ-ਬੇੜੀ ਪੂਰ, ਸੁਪਨਾ, ਛਾਯਾ)।

੧. ਨਦੀ ਨਾਵ ਸੰਜੋਗੁ ਮੇਲੁ ਮਿਲਾਇਆ।
੨. ਸੁਹਣੇ ਅੰਦਰਿ ਭੋਗੁ ਰਾਜੁ ਕਮਾਇਆ।
੩. ਕਦੇ ਹਰਖੁ ਕਦੇ ਸੋਗੁ ਤਰਵਰ ਛਾਇਆ।
੪. ਕਟੈ ਹਉਮੈ ਰੋਗੁ ਨ ਆਪੁ ਗਣਾਇਆ।
੫. ਘਰ ਹੀ ਅੰਦਰਿ ਜੋਗੁ ਗੁਰਮੁਖਿ ਪਾਇਆ।
੬. ਹੋਵਣਹਾਰ ਸੁ ਹੋਗੁ ਗੁਰ ਸਮਝਾਇਆ॥੮॥

**ਪਦਾਰਥ**-(ਨਾਵ ਸੰਜੋਗੁ=ਬੇੜੀ ਦਾ ਪੂਰ। ਸੁਹਣੇ=ਸੁਪਨਾ। ਤਰਵਰ ਛਾਇਆ=ਬ੍ਰਿਛ ਦੀ ਛਾਂ।

**ਅਰਥ**-੧.ਨਦੀ ਵਿਖੇ (ਜਿੱਕੁਰ) ਬੇੜੀ (ਦੇ ਪੂਰ) ਦਾ ਮੇਲ ਮਿਲਦਾ ਹੈ (ਬੇੜੀ ਦੇ ਪਾਰ ਹੋਣ ਤੀਕ ਰਹਿੰਦਾ ਹੈ, ਫੇਰ ਆਪੋ ਆਪਣੀ ਰਾਹੀਂ ਪੈਂਦੇ ਹਨ)। ੨.ਸੁਪਨੇ ਵਿਖੇ ਭੋਗ ਤੇ ਰਾਜ ਕਮਾਉਣਾ (ਜਾਗਣ ਤੋੜੀ ਰਹਿੰਦੇ ਹਨ)। ੩.(ਤਿਹਾ ਹੀ) ਬ੍ਰਿਛ ਦੀ ਛਾਯਾ ਵਾਂਙੂ ਕਦੇ ਹਰਖ ਕਦੇ ਸੋਗ ਹੁੰਦਾ ਹੈ (ਟਿਕਦਾ ਕੁਛ ਨਹੀਂ)। ੪.(ਜਿਨਾਂ ਸਤਿ ਪੁਰਖਾਂ ਦੇ) ਹਉਮੈ ਦੇ ਰੋਗ ਕਟੇ ਗਏ ਹਨ ਉਹ ਆਪਣੇ ਆਪ ਨੂੰ ਨਹੀਂ ਜਣਾਉਂਦੇ। ੫.ਘਰ ਵਿਖੇ ਹੀ (ਗਿਆਨ) ਜੋਗ ਗੁਰਮੁਖਾਂ ਨੇ ਪਾ ਲੀਤਾ ਹੈ। ੬.(ਜੋਗ

ਦਾ ਰੂਪ ਦੱਸਦੇ ਹਨ) ਜੋ ਹੋਣਹਾਰ ਹੈ (ਅਰਥਾਤ ਜੋ ਅਕਾਲ ਪੁਰਖ ਦਾ ਭਾਣਾ ਹੈ ਅਵੱਸੋਂ) ਹੋਣਾ ਹੀ ਹੈ (ਇਹੋ ਬੁੱਧੀ) ਗੁਰੂ ਜੀ ਨੇ ਸਮਝਾਈ ਹੈ। (''**ਮੇਰਾ ਕੀਆ ਕਛੂ ਨ ਹੋਇ॥ਕਰਿ ਹੈ ਰਾਮੁ ਹੋਇ ਹੈ ਸੋਇ॥**'') (ਭੈਰਉ-ਨਾਮ)

**ਭਾਵ**-ਉਕਤ ਪਉੜੀ ਦੇ ਨਦੀ ਦੇ ਪੂਰ ਆਦਿਕ ਤਿੰਨੇ ਦ੍ਰਿਸ਼ਟਾਤ ਜਗਤ ਦੀ ਅਨਿੱਤਤਾ ਪਰ ਮੰਨ ਕੇ ਜੋ ਅਕਾਲ ਪੁਰਖ ਦੇ ਭਾਣੇ ਪਰ ਚੱਲਦੇ ਹਨ, ਘਰ ਵਿਖੇ ਹੀ ਹਰੀ ਨੂੰ ਹਜ਼ੂਰ ਜਾਣ ਕੇ ਗਿਆਨ ਜੋਗ ਪਾ ਲੈਂਦੇ ਹਨ, ਉਹਨਾਂ ਦਾ ਆਨੰਦ ਅਗੇ ਦੱਸਦੇ ਹਨ।

## ੯. (ਚੱਲਣ ਜੁਗਤ-ਅਚਾਹਤਾ)।

੧. ਗੁਰਮੁਖਿ ਸਾਧੂ ਸੰਗੁ ਚਲਣੁ ਜਾਣਿਆ।
੨. ਚੇਤਿ ਬਸੰਤੁ ਸੁਰੰਗੁ ਸਭ ਰੰਗ ਮਾਣਿਆ।
੩. ਸਾਵਣ ਲਹਰਿ ਤਰੰਗ ਨੀਰੁ ਨੀਵਾਣਿਆ।
੪. ਸਜਣ ਮੇਲੁ ਸੁ ਢੰਗ ਚੋਜ ਵਿਡਾਣਿਆ।
੫. ਗੁਰਮੁਖਿ ਪੰਥੁ ਨਿਪੰਗੁ ਦਰਿ ਪਰਵਾਣਿਆ।
੬. ਗੁਰਮਤਿ ਮੇਲੁ ਅਭੰਗੁ ਸਤਿ ਸੁਹਾਣਿਆ॥੯॥

**ਪਦਾਰਥ**-(ਚੇਤਿ ਬਸੰਤ=ਬਹਾਰ ਦਾ ਮੌਸਮ, ਭਾਵ ਮਨੁੱਖਾ ਜਨਮ। ਸੁਰੰਗੁ=ਪ੍ਰੇਮ ਕਰਕੇ।
(ਸਾਵਣ=ਬਰਸਾਤ ਭਾਵ ਸਤਿਸੰਗ। ਲਹਰਿ ਤਰੰਗੁ=ਕਥਾ ਤੇ ਸ਼ਬਦ ਦੇ
(ਪਰਵਾਹ। ਨੀਰ=ਪਾਣੀ, ਭਾਵ ਉਪਦੇਸ਼। ਨਿਵਾਣਿਆ=ਨਿੰਮ੍ਰਤਾ।
(ਸੁਢੰਗ=ਚੰਗੇ ਢੰਗ ਵਾਲਾ। ਨਿਪੰਗੁ=ਚਿੱਕੜ ਥੋਂ ਰਹਿਤ, ਸ਼ੁੱਧ।

**ਅਰਥ**-੧.ਗੁਰਮੁਖ ਨੇ ਸਾਧੂਆਂ ਦੀ ਸੰਗਤ ਕਰਕੇ (ਇਸ ਜਹਾਨ ਫਾਨੀ ਥੋਂ) ਚਲਣਾ ਹੀ ਜਾਣ ਲੀਤਾ ਹੈ। ੨.(ਚੇਤ ਬਸੰਤ) ਮਨੁੱਖਾ ਜਨਮ ਦੇ ਸਾਰੇ ਆਨੰਦ ਪ੍ਰੇਮ ਕਰਕੇ ਮਾਣ ਲੀਤੇ ਹਨ (ਇਸ ਸਮਝ ਨਾਲ ਕਿ ਇਹ ਸਭ ਮਾਣੇ ਹੋਏ ਹਨ ਮਾਨਣ ਦੀ ਲੋੜ ਨਹੀਂ ਹੈ)। ੩.ਸਾਵਣ (ਮਹੀਨੇ) ਦੀਆਂ ਲਹਿਰਾ ਦੇ ਤ੍ਰੰਗ (ਭਾਵ ਬਰਖਾ ਰੁਤ ਦੀ ਮੌਜ ਭੀ ਮਾਣੀ ਹੈ ਇਹ ਜਾਣਕੇ ਕਿ) ਪਾਣੀ (ਸਦਾ) ਨੀਵਾਣਾ ਨੂੰ ਜਾਂਦਾ ਹੈ (ਤਿਵੇਂ ਮਨ ਨੇ ਭੋਗਾਂ ਤੋਂ ਅਤਿ ਨਿੰਮ੍ਰਤਾ ਨੂੰ ਜਾ ਕੇ ਖਲਾਸੀ ਪਾਉਣੀ ਹੈ, ਸੋ ਪਹਿਲਾਂ ਹੀ ਨਿੰਮ੍ਰਤਾ ਧਾਰਦੇ ਹਨ)। ੪.ਸੱਜਣਾਂ ਦਾ ਮੇਲ ਸੁੰਦਰ ਢੰਗ ਵਾਲਾ ਹੈ ਇਹ ਵੱਡਾ ਅਚਰਜ ਕੌਤਕ ਹੈ; ੫.(ਕਿਉਂ ਜੋ) ਗੁਰਮੁਖਾਂ ਦੇ ਰਸਤੇ (ਵਿਖੇ ਪਾਪਾਂ ਦਾ) ਪੰਖ ਨਹੀਂ ਹੈ, (ਇਸੇ ਕਰਕੇ ਈਸ਼ਵਰ ਦੇ) ਦਰਵਾਜ਼ੇ ਪਰ ਪ੍ਰਮਾਣੀਕ (ਪੰਥ) ਹੈ। ੬.ਗੁਰੂ ਦੀ ਸਿੱਖਯਾ ਦਾ ਜਿਨ੍ਹਾਂ ਨੂੰ ਮੇਲ ਹੋਇਆ ਹੈ ਉਹਨਾਂ ਨੂੰ ਇਕ-ਰਸ ਸੱਤਿ (ਵਾਹਿਗੁਰੂ) ਪਿਆਰਾ ਲਗਾ ਹੈ।

**ਭਾਵ**-ਚੇਤ ਬਸੰਤ ਦੇ ਰੰਗ ਜਿਕੂੰ ਆ ਕੇ ਟੁਰ ਜਾਂਦੇ ਹਨ, ਅਚਾਹ ਲੋਕ ਖਯਾਲ ਕਰ ਲੈਂਦੇ ਹਨ ਕਿ ਡਿੱਠੇ ਹੋਏ ਹਨ, ਕੀਹ ਖਚਿਤ ਹੋਣਾ ਹੈ, ਤਿਵੇਂ ਹੀ ਗੁਰਮੁਖ ਸਾਰੇ ਭੋਗਾਂ ਨੂੰ ਬਿਨਾਂ ਭੋਗੇ, ਭੋਗਿਆ ਖਿਆਲ ਕਰਕੇ ਆਤਮ ਰਸ ਵਿਚ ਰਹਿੰਦੇ ਹਨ, ਕਿਉਂਕਿ ਮਾਇਆ ਦੇ ਭੋਗ ਭੋਗਣ ਤੋਂ ਪਹਿਲੇ ਤੇ ਮਗਰੋਂ ਇਕੋ ਅਵਸਥਾ ਵਿਚ ਛੱਡਦੇ ਹਨ, ਛਿਨ ਭੰਗਰ ਹੁੰਦੇ ਹਨ।

## ੧੦. (ਜਨਮ ਦੀ ਸਫਲਤਾ)।

੧. ਗੁਰਮੁਖਿ ਸਫਲ ਜਨੰਮੁ ਜਗ ਵਿਚਿ ਆਇਆ।
੨. ਗੁਰਮਤਿ ਪੂਰ ਕਰੰਮ ਆਪੁ ਗਵਾਇਆ।
੩. ਭਾਉ ਭਗਤਿ ਕਰਿ ਕੰਮੁ ਸੁਖ ਫਲ ਪਾਇਆ।

੪. ਗੁਰ ਉਪਦੇਸੁ ਅਗੰਮੁ ਰਿਦੈ ਵਸਾਇਆ।
੫. ਧੀਰਜੁ ਧੁਜਾ ਧਰੰਮੁ ਸਹਜਿ ਸੁਭਾਇਆ।
੬. ਸਹੈ ਨ ਦੂਖ ਸਹੰਮੁ ਭਾਣਾ ਭਾਇਆ ॥੧੦॥

**ਪਦਾਰਥ**-(ਅਗੰਮੁ=ਅਕੱਥ। ਧੁਜਾ ਧਰੰਮੁ=ਧਰਮ ਦੀ ਧੁਜਾ। ਸਹੰਮੁ=ਕਸ਼ਟ।

**ਅਰਥ**-੧.ਗੁਰਮੁਖਾਂ ਨੇ ਜਗ ਵਿਖੇ ਆਕੇ ਆਪਣਾ ਜਨਮ (ਭਜਨ ਕਰਕੇ) ਸਫਲ ਕਰ ਲੀਤਾ ਹੈ। ੨.(ਕਿਉਂ ਜੋ) ਪੂਰਣ ਕਰਮਾਂ ਕਰਕੇ ਗੁਰੂ ਮਤ ਲੈ ਕੇ ਅਹੰਕਾਰ ਨੂੰ ਟਾਵਾ ਦਿੱਤਾ ਹੈ। ੩.ਪ੍ਰੇਮਾ ਭਗਤੀ ਦਾ ਕੰਮ ਕਰਕੇ (ਆਤਮ ਰੂਪੀ) ਸੁਖ ਫਲ ਪਾਇਆ ਹੈ। ੪.ਗੁਰੂ ਦਾ ਅਗੰਮ ਉਪਦੇਸ਼ ਰਿਦੇ ਵਿਖੇ ਵਸਾਇਆ ਹੈ। ੫.(ਇਸੇ ਕਰਕੇ) ਧੀਰਜ ਅਰ ਧਰਮ ਦੀ ਸਹਿਜ ਸੁਭਾਵ ਹੀ ਧੁਜਾ ਧਾਰੀ ਹੋਈ ਹੈ। ੬.ਦੁਖ ਅਰ ਕਸ਼ਟ ਨਹੀਂ ਸਹਾਰਦੇ,(ਕਿਉਂ ਜੋ ਵਾਹਿਗੁਰੂ ਦਾ) ਭਾਣਾ ਭਾਉਂਦਾ ਹੈ।

## ੧੧. (ਗੁਰਮੁਖ ਮਨ)।

੧. ਗੁਰਮੁਖ ਦੁਰਲਭ ਦੇਹ ਅਉਸਰੁ ਜਾਣਦੇ।
੨. ਸਾਧ ਸੰਗਤਿ ਅਸਨੇਹ ਸਭ ਰੰਗ ਮਾਣਦੇ।
੩. ਸਬਦ ਸੁਰਤਿ ਲਿਵਲੇਹ ਆਖਿ ਵਖਾਣਦੇ।
੪. ਦੇਹੀ ਵਿਚਿ ਬਿਦੇਹ ਸਚੁ ਸਿਞਾਣਦੇ।
੫. ਦੁਬਿਧਾ ਓਹੁ ਨ ਏਹੁ ਇਕੁ ਪਛਾਣਦੇ।
੬. ਚਾਰਿ ਦਿਹਾੜੇ ਥੇਹੁ ਮਨ ਵਿਚਿ ਆਣਦੇ ॥੧੧॥

**ਪਦਾਰਥ**-(ਅਉਸਰੁ=ਸਮਾ। ਅਸਨੇਹ=ਪ੍ਰੇਮ। ਲੇਹ=ਸਵਾਦ।
(ਬਿਦੇਹ=ਜੀਵਨ ਮੁਕਤੀ। ਥੇਹੁ=ਟਿਕਾਣਾ, ਸੰਸਾਰ।

**ਅਰਥ**-੧.ਗੁਰਮੁਖ ਲੋਕ ਦੇਹੀ ਨੂੰ ਦੁਰਲੱਭ ਔਸਰ ਪਛਾਣਦੇ ਹਨ, (**"ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬੀਚਾਰਿ ॥"**) (ਭੈਰਉ-ਕਬੀਰ) ਇਸ ਲਈ- **"ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥"**) (ਬਿਹਾ:ਮ:੪-ਛੰਡ ੫) ੨.(ਇਸ ਲਈ) ਸਤਿਸੰਗ ਵਿਖੇ ਪ੍ਰੇਮ ਕਰਕੇ ਸਾਰੇ ਆਨੰਦ ਮਾਣਦੇ ਹਨ। ੩.ਸ਼ਬਦ ਦੀ ਸੁਰਤ ਦੀ ਲਿਵ ਦੇ ਸੁਆਦ ਨੂੰ ਵਰਣਨ ਕਰਦੇ ਹਨ। ੪.ਦੇਹੀ ਵਿਚ ਬਿਦੇਹ (ਭਾਵ ਨਿਰਾਭਿਮਾਨ ਰਹਿੰਦੇ ਹਨ ਕਿਉਂ ਜੋ ਇਸ ਦੇ ਰਚਣਹਾਰ 'ਸਚ') ਕਰਤਾਰ ਨੂੰ ਸਿਞਾਣਦੇ ਹਨ। ੫.ਦੁਬਿਧਾ ਵਿਖੇ ਲੋਕ ਪਰਲੋਕ (ਦੀ ਵੀ ਪ੍ਰਵਾਹ) ਨਹੀਂ ਰਖਦੇ, ਇਕ (ਅਕਾਲ ਪੁਰਖ) ਨੂੰ ਹੀ ਪਛਾਣਦੇ ਹਨ! ੬.ਚਾਰ ਦਿਨਾਂ ਦਾ ('ਥੇਹ') ਸੰਸਾਰ ਹੈ, ਇਹੋ ਗੱਲ ਮਨ ਵਿਖੇ ਯਾਦ ਰਖਦੇ ਹਨ (ਅਰ ਝੂਠੇ ਸੰਸਾਰ ਵਿਖੇ ਬੰਧਾਇਮਾਨ ਨਹੀਂ ਹੁੰਦੇ ਹਨ)।

## ੧੨. (ਗੁਰਮੁਖਾਂ ਦੀ ਦੁਰਲੱਭਤਾ)।

੧. ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।
੨. ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।
੩. ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।
੪. ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।
੫. ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।
੬. ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥

**ਪਦਾਰਥ**-(ਵਿਰਲਾ=ਕੋਈ ਚੋਣਵਾਂ। ਸਵਾਰਿ=ਸਫਲਾਕੇ।

**ਅਰਥ**-੧.ਪਰੋਪਕਾਰੀ ਗੁਰਮੁਖ ਜਗਤ ਵਿਖੇ ਕੋਈ ਚੋਣਵਾਂ ਹੀ ਆਇਆ ਹੈ (ਯਥਾ :-"**ਹੈਨਿ ਵਿਰਲੇ ਨਾਹੀ ਘਣੇ ਫੈਲ* ਫਕੜੁ† ਸੰਸਾਰ**") (ਸ:ਵ:ਤ:ਵ:ਮ੧-੧੨) ੨.ਗੁਰਮੁਖਾਂ ਨੇ ਆਪਾ ਭਾਵ ਗਵਾ ਕੇ ਆਤਮ ਫਲ ਪਾ ਲੀਤਾ ਹੈ। ੩.ਗੁਰਮੁਖ ਲੋਕ ਸ਼ਬਦ ਤੇ ਸਾਖੀ ਸਿਖਾਂ ਨੂੰ ਸੁਣਾਉਂਦੇ ਹਨ (ਆਪ ਤਰਕੇ ਹੋਰਨਾਂ ਨੂੰ ਬੀ ਤਾਰਦੇ ਹਨ)। ੪.ਗੁਰਮੁਖਾਂ ਨੇ ਸ਼ਬਦ ਵੀਚਾਰ ਕੀਤਾ ਹੈ ਤੇ ਸੱਚ ਕਮਾਈ ਕੀਤੀ ਹੈ। ੫.ਸੱਚ (ਉਹਨਾਂ ਦੇ) ਰਿਦੇ ਵਿਚ ਹੈ, ਮੂੰਹ ਵਿਚ ਸੱਚ ਹੈ, ਤੇ ਸੱਚ ਹੀ (ਉਹਨਾਂ ਨੂੰ) ਚੰਗਾ ਲਗਦਾ ਹੈ। ੬.ਗੁਰਮੁਖਾਂ ਨੇ ਆਪਣਾ ਜਨਮ ਸੁਆਰ ਕੇ ਜਗਤ ਨੂੰ ਤਾਰਿਆ ਹੈ।

**ਭਾਵ**- ਉਹਨਾਂ ਨੇ ਸੱਚ ਦਾ ਹੀ 'ਕਮਾਇਆ' ਅਭਯਾਸ ਕੀਤਾ ਹੈ, ਇਸ ਲਈ ਆਪਣਾ ਜਨਮ ਸਫ਼ਲ ਕਰਕੇ ਸਾਰੇ ਜਗਤ ਦਾ ਉਧਾਰ ਕਰ ਸਕਦੇ ਹਨ। ਯਥਾ :-"**ਮੰਨੈ ਤਰੈ ਤਾਰੇ ਗੁਰੁ ਸਿਖ ॥**" (ਜਪੁਜੀ) ਅਰਥਾਤ :- ਮੰਨਣ ਕਰਨ ਵਾਲੇ ਗੁਰਮੁਖ ਆਪ ਤਰਕੇ ਹੋਰਨਾਂ ਨੂੰ ਗੁਰ ਸਿਖਯਾ ਦੇਕੇ ਤਾਰਦੇ ਹਨ।

## ੧੩. (ਗੁਰਮੁਖ ਕਰਨੀ)।

੧. ਗੁਰਮੁਖਿ ਆਪੁ ਗਵਾਇ ਆਪੁ ਪਛਾਣਿਆ।
੨. ਗੁਰਮੁਖਿ ਸਤਿ ਸੰਤੋਖੁ ਸਹਜਿ ਸਮਾਣਿਆ।
੩. ਗੁਰਮੁਖਿ ਧੀਰਜੁ ਧਰਮੁ ਦਇਆ ਸੁਖੁ ਮਾਣਿਆ॥
੪. ਗੁਰਮੁਖਿ ਅਰਥ ਵੀਚਾਰਿ ਸਬਦੁ ਵਖਾਣਿਆ॥
੫. ਗੁਰਮੁਖਿ ਹੋਂਦੇ ਤਾਣ ਰਹੈ ਨਿਤਾਣਿਆ॥
੬. ਗੁਰਮੁਖਿ ਦਰਗਹ ਮਾਣੁ ਹੋਇ ਨਿਮਾਣਿਆ॥੧੩॥

**ਪਦਾਰਥ**-(ਸਮਾਣਿਆ=ਤਦਾਕਾਰ ਹੋ ਗਏ। ਮਾਣਿਆ=ਭੋਗਿਆ।

**ਅਰਥ**-੧.ਗੁਰਮੁਖਾਂ ਨੇ ਆਪਾ ਭਾਵ ਗੁਵਾਕੇ (ਅਸਲੀ) ਆਪਣਾ ਆਪ ਪਛਾਣ ਲਿਆ ਹੈ। ੨.ਗੁਰਮੁਖਾਂ ਨੇ ਸਤਿ ਤੇ ਸੰਤੋਖ (ਧਾਰਨ ਕਰਕੇ) ਸਹਜਿ (ਸੁਖ) ਮਾਣ ਲਿਆ ਹੈ। ੩.ਗੁਰਮੁਖਾਂ ਨੇ ਧੀਰਜ, ਧਰਮ ਤੇ ਦਇਆ ਦਾ ਸੁਖ ਮਾਣਿਆ ਹੈ। ੪.ਗੁਰਮੁਖਾਂ ਨੇ (ਗੁਰਬਾਣੀ ਦੇ) ਅਰਥ ਦਾ ਵੀਚਾਰ ਕਰਕੇ ਸਭ ਦਾ ਵਖਯਾਨ (ਵਰਣਨ) ਕੀਤਾ ਹੈ। ੫.ਗੁਰਮੁਖ ਬਲ (ਜਾਂ ਵਸੀਕਾਰ) ਰੱਖਕੇ ਬੀ ਨਿਤਾਣੇ ਹੋ ਰਹੇ ਹਨ। ੬.ਗੁਰਮੁਖ 'ਦਰਗਾਹ' (ਈਸ਼੍ਵਰ ਦੀ ਨਯਾਇ ਸਭਾ) ਵਿਖੇ ਆਦਰ ਪਾਉਂਦੇ ਹਨ (ਕਿਉਂਕਿ ਇਥੇ ਆਪ ਨੂੰ) ਨਿਮਾਣਾ ਮੰਨਦੇ ਹਨ (ਅਗੇ ਵਡੀ ਮਹੱਤਤਾ ਨੂੰ ਪਹੁੰਚਦੇ ਹਨ)।

## ੧੪. (ਗੁਰਮੁਖ ਰਜ਼ਾ ਦੇ ਪੁਤਲੇ)।

੧. ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
੨. ਸੱਚੀ ਦਰਚਹ ਜਾਇ ਸਚਾ ਪਿੜ ਮਲਿਆ।
੩. ਗੁਰਮੁਖਿ ਭੋਜਨ ਭਾਉ ਚਾਉ ਅਲਲਿਆ।
੪. ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ।
੫. ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ।
੬. ਗੁਰਮੁਖਿ ਸਦੇ ਜਾਨਿ ਆਵਿਨ ਘਲਿਆ॥੧੪॥

*ਫੈਲ ਸੂਫ=ਬ੍ਰਹਮ ਗਯਾਨੀ। †ਫਕੜੁ=ਫਕੀਰ।

**ਪਦਾਰਥ**-(ਪਿੜ=ਦਾਵਾ, ਮੈਦਾਨ ਭਾਵ ਸਿਦਕ। ਅਲਲਿਆ=ਥਿਰ, ਅਡੋਲ।

**ਅਰਥ**-੧.ਗੁਰਮੁਖ ਆਪਣਾ ਜਨਮ ਸਵਾਰ ਕੇ (ਭਾਵ ਸਫਲ ਕਰਕੇ) ਪਰਲੋਕ ਨੂੰ ਪਧਾਰਦੇ ਹਨ। (ਉਥੇ ਜਾਕੇ ਕੀ ਕਰਦੇ ਹਨ)? ੨.ਸੱਚੀ ਈਸ਼੍ਵਰ ਦੀ ਨਗ਼ਾਇ ਸਭਾ ਵਿਖੇ ਸਚੇ ਸਿਦਕ ਦਾ ਪਿੜ ਮੱਲ ਬੈਠਦੇ ਹਨ, ("**ਆਵਣੁ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ**॥") (ਮਾਰੂ: ਮ:੫) ੩.ਗੁਰਮੁਖਾਂ ਦਾ ਪ੍ਰੇਮ ਦਾ ਭੋਜਨ (ਅਰ ਸ੍ਵੈ ਸਰੂਪਾਨੰਦ ਦਾ) ਚਾਉ ਸਦਾ ਅਡੋਲ ਤੇ ਥਿਰ ਹੈ। ੪.ਗੁਰਮੁਖਾਂ ਦਾ ਚਿੱਤ ਅਚੱਲ ਹੈ, (ਕਿਸੇ ਦਾ) ਹਿਲਾਇਆ ਹਿਲਦਾ ਨਹੀਂ ਹੈ। ੫.ਗੁਰਮੁਖ ਸੱਚ ਬੋਲਦੇ ਹਨ (ਪਰ ਉਹਨਾਂ ਦਾ ਸੱਚ) ਚੰਗੇ ਤੋਂ ਚੰਗਾ ਹੁੰਦਾ ਹੈ, (ਭਾਵ ਸੁਖਦਾਈ ਹੁੰਦਾ ਹੈ)। ੬.ਗੁਰਮੁਖ (ਅਕਾਲ ਪੁਰਖ ਦੇ) ਬੁਲਾਏ ਹੋਏ ਚਲੇ ਜਾਂਦੇ ਹਨ ਅਰ(ਉਸੇ ਦੇ) ਘੱਲੇ ਹੋਏ ਆ ਜਾਂਦੇ ਹਨ।

**ਭਾਵ**-ਅਕਾਲ ਪੁਰਖ ਦੀ ਆਗਿਆ ਵਿਖੇ ਸਾਰੀ ਸ੍ਰਿਸ਼ਟੀ ਜਾਣਦੇ ਹਨ, ਪੁੱਤ੍ਰ ਮਿੱਤ੍ਰ ਆਦਿ ਸਨਬੰਧੀਆਂ ਦੇ ਜਨਮ ਮਰਨ ਵਿਖੇ ਹਰਖ ਸ਼ੋਕ ਥੋਂ ਹੱਥ ਧੋ ਛੱਡੇ ਹੋਏ ਹਨ। ਹਰ ਤਰ੍ਹਾਂ ਰਜ਼ਾ ਪੁਰ ਥਿਰ ਹਨ।

## ੧੫. (ਗੁਰਮੁਖ ਗੁਣ)।

੧. ਗੁਰਮੁਖਿ ਸਾਧਿ ਅਸਾਧੁ ਸਾਧੁ ਵਖਾਣੀਐ।
੨. ਗੁਰਮੁਖਿ ਬੁਧਿ ਬਿਬੇਕ ਬਿਬੇਕੀ ਜਾਣੀਐ।
੩. ਗੁਰਮੁਖਿ ਭਾਉ ਭਗਤਿ ਭਗਤੁ ਪਛਾਣੀਐ।
੪. ਗੁਰਮੁਖਿ ਬ੍ਰਹਮ ਗਿਆਨੁ ਗਿਆਨੀ ਬਾਣੀਐ।
੫. ਗੁਰਮੁਖਿ ਪੂਰਣ ਮਤਿ ਸਬਦਿ ਨੀਸਾਣੀਐ।
੬. ਗੁਰਮੁਖਿ ਪਉੜੀ ਪਤਿ ਪਿਰਮ ਰਸੁ ਮਾਣੀਐ॥੧੫॥

**ਪਦਾਰਥ**-(ਅਸਾਧੁ=ਜੋ ਸਾਧੇ ਨਾ ਜਾਣ। ਬਿਬੇਕੀ=ਤੱਤ ਮਿਥਯਾ ਦੇ ਵਿਚਾਰ ਵਾਲੇ। (ਬਾਣੀਐ=ਬਾਣ ਹੈ, ਸੁਭਾਵ ਹੈ।

**ਅਰਥ**-੧.(ਕਾਮ ਕ੍ਰੋਧਾਦਿਕ ਪੰਚ ਦੂਤ ਜੋ ਕਿਸੇ ਥੋਂ) ਜਿੱਤੇ ਨਹੀਂ ਜਾਂਦੇ ਗੁਰਮੁਖਾਂ ਨੇ ('ਸਾਧ'=) ਵੱਸ ਕਰ ਲੀਤੇ ਹਨ, (ਇਸੇ ਕਰਕੇ) ਸਾਧੂ ਕਹੀਦੇ ਹਨ। ੨.ਗੁਰਮੁਖ ਲੋਕ ਵਿਚਾਰ ਦੀ ਬੁੱਧੀ (ਰਖਦੇ ਹਨ, ਇਸੇ ਕਰਕੇ ਉਹ) ਬਿਬੇਕੀ (ਵਿਦਵਾਨ) ਜਾਣੀਦੇ ਹਨ। ੩.ਗੁਰਮੁਖ ਪ੍ਰੇਮਾ ਭਗਤੀ (ਰੱਖਦੇ ਹਨ, ਇਸ ਲਈ), ਭਗਤ ਕਹੀਦੇ ਹਨ। ੪.ਗੁਰਮੁਖ ਬ੍ਰਹਮ ਗਿਆਨ (ਦੀ ਦ੍ਰਿਸ਼ਟੀ ਰਖਦੇ ਹਨ ਯਥਾ :- "**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣ ਹਾਰਾ ਪ੍ਰਭ ਬਿਨਾ ਨਹੀਂ ਜਾਣੀਐ ॥**" (ਬਿਲਾ: ਮ:੫: ਛੰਡ-੨) ਇਸ ਲਈ) ਬ੍ਰਹਮ ਗਿਆਨੀ ਸੁਭਾਵ ਹੈ। ੫.ਗੁਰਮੁਖਾਂ ਦੀ ਪੂਰਨ (ਅਰਥਾਤ ਆਤਮ ਵਿਸ਼ੈਣੀ, ਇਕ ਆਤਮਾ ਦੇ ਹੀ ਵਿਸ਼ੈ ਕਰਣ ਵਾਲੀ) ਬੁਧੀ ਹੈ, ਸਬਦ ਹੀ ਉਹਨਾਂ ਦੀ ਨਿਸ਼ਾਨੀ ਹੈ (ਕਿਉਂ ਜੋ ਉਨ੍ਹਾਂ ਦੇ ਵਾਕ ਈਸ਼੍ਵਰ ਸੰਬੰਧੀ ਹਨ, ਸੰਸਾਰਿਕ ਬਾਣੀ ਘੱਟ ਬੋਲਦੇ ਹਨ)। ੬.ਗੁਰਮੁਖ ਲੋਕ ਪਤ ਦੀ ਪਉੜੀ (ਪ੍ਰੇਮਾ ਭਗਤੀ, ਅਥਵਾ ਜੀਵਨ ਮੁਕਤੀ ਪੁਰ ਅਰੂੜ ਹੋਏ ਹਨ। ਇਸ ਲਈ 'ਪਿਰਮ ਰਸ') ਪਿਆਰੇ ਦੇ ਰਸ (ਆਨੰਦ) ਨੂੰ ਭੋਗਦੇ ਹਨ।

**ਭਾਵ**-"**ਏਤ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**" (ਜਪੁਜੀ) ਅਰਥਾਤ ਭਗਤੀ ਦਾ ਰਸਤਾ ਅਕਾਲ ਪੁਰਖ ਦੀ ਪ੍ਰਾਪਤੀ ਦੀ ਪਉੜੀ ਹੈ, ਜੋ ਚੜ੍ਹਦਾ ਹੈ ਇਕ ਈਸ਼੍ਵਰ ਦੇ ਨਾਲ ਅਭੇਦ ਹੋ ਜਾਂਦਾ ਹੈ, ਜਨਮ ਮਰਨ ਥੋਂ ਰਹਿਤ ਹੋ ਜਾਂਦਾ ਹੈ।

## ੧੬. (ਗੁਰਮੁਖ ਤੋਂ ਲਾਭ)।

੧. ਸਚੁ ਨਾਉਂ ਕਰਤਾਰ ਗੁਰਮੁਖਿ ਪਾਈਐ।
੨. ਗੁਰਮੁਖਿ ਓਅੰਕਾਰੁ ਸਬਦਿ ਧਿਆਈਐ।
੩. ਗੁਰਮੁਖਿ ਸਬਦੁ ਵੀਚਾਰੁ ਸਦਾ ਲਿਵ ਲਾਈਐ।
੪. ਗੁਰਮੁਖਿ ਸਚੁ ਅਚਾਰੁ ਸਚੁ ਕਮਾਈਐ।
੫. ਗੁਰਮੁਖਿ ਮੋਖ ਦੁਆਰੁ ਸਹਜਿ ਸਮਾਈਐ।
੬. ਗੁਰਮੁਖਿ ਨਾਮੁ ਅਧਾਰੁ ਨ ਪਛੋਤਾਈਐ ॥੧੬॥

**ਪਦਾਰਥ**-(ਸਬਦਿ=ਵਾਹਿਗੁਰੂ ਦਾ ਨਾਮ, ਬ੍ਰਹਮ। ਲਿਵ=ਸਮਾਧੀ। ਅਚਾਰੁ=ਕਰਤੱਬ।
(ਮੋਖ ਦੁਆਰੁ=ਮੁਕਤੀ ਦਾ ਦਰਵਾਜ਼ਾ।

**ਅਰਥ**-੧.ਵਾਹਿਗੁਰੂ ਦਾ ਸੱਚਾ ਨਾਮ ਗੁਰਮੁਖ ਤੋਂ ਪਾਈਦਾ ਹੈ? ੨.ਓਅੰਕਾਰ ਸ਼ਬਦ (ਮੂਲ ਮੰਤ੍ਰ) ਗੁਰਮੁਖ ਦੁਆਰਾ ਧਿਆਈਦਾ ਹੈ। ੩.ਗੁਰਮੁਖ ਤੋਂ ਸ਼ਬਦ ਦੀ ਵੀਚਾਰ (ਸਿੱਖਕੇ) ਸ਼ਬਦ ਵਿਚ ਸਦਾ ਲਿਵ ਲਾਈਦੀ ਹੈ। ੪.ਗੁਰਮੁਖ ਦੀ ਕਰਨੀ ਸੱਚ ਹੈ, (ਸੋ ਗੁਰਮੁਖ ਤੋਂ ਸਿਖ ਕੇ) ਸਚ ਕਮਾਈਏ। ੫.ਗੁਰਮੁਖ ਮੁਕਤੀ ਦੁਆਰਾ ਹੈ, (ਉਸ ਦੁਆਰਾ) ਸਹਜ ਪਦ ਵਿਚ ਸਮਾਈਏ। ੬.ਗੁਰਮੁਖ ਦੁਆਰਾ ਨਾਮ ਦਾ ਅਧਾਰ ਲਈਏ (ਜੋ ਅੰਤ) ਪਛੋਤਾਵਾ ਨਾ ਕਰੀਏ।

**ਭਾਵ**-ਗੁਰਮੁਖਾਂ ਦੀ ਰਾਹੀਂ ਕਰਤਾਰ ਦਾ ਸੱਚਾ ਨਾਮ ਪਾਈਦਾ ਹੈ, ਮੂਲ ਮੰਤ੍ਰ ਦਾ ਧਿਆਨ ਆਪ ਮਨ ਕਰਕੇ ਕਰਦੇ ਹਨ। ਉਸੇ ਦੇ ਵੀਚਾਰ ਵਿਚ ਹੀ 'ਲਿਵ' ਪ੍ਰੀਤ ਲਾਈ ਹੈ। ਸੱਚਾ ਹੀ ਉਨ੍ਹਾਂ ਦਾ ਕਰਤੱਬ ਹੈ- ਕਿਉਂ ਸੱਚ ਦਾ ਹੀ ਅਭਯਾਸ ਕਰਦੇ ਹਨ। ਮੁਕਤੀ ਦਾ ਦਰਵਾਜ਼ਾ ਗੁਰਮੁਖ ਹਨ। ਨਾਮ ਦਾ ਹੀ ਆਧਾਰ ਰੱਖਕੇ ਸੰਸਾਰਕ ਕਸ਼ਟਾਂ ਵਿਖੇ ਪਸ਼ਚਾਤਾਪ ਨਹੀਂ ਕਰਦੇ, ਜਿਕੁਰ ਕੁਈ ਪਹਾੜ ਪੁਰ ਚੜ੍ਹਿਆ ਹੋਇਆ ਕਿਸੇ ਹੇਠਲੀ ਝਾੜੀ ਨੂੰ ਅੱਗ ਲੱਗੀ ਹੋਈ ਦੇਖਦਾ ਹੈ। ਗਿਆਨਵਾਨ ਇਕੁਰ ਹੀ ਆਪ ਨੂੰ ਅਲੇਪ ਮੰਨਕੇ ਸਰੀਰਕ ਦੁਖ ਦਾ ਪਛੋਤਾਪ ਨਹੀਂ ਕਰਦਾ। ਗੁਰਮੁਖ ਉਹ ਲੋਕ ਹਨ ਜੋ ਗੁਰੂ ਵਲ ਸਨਮੁਖ ਹੋਏ ਹਨ, ਅਰਥਾਤ ਜੋ ਸੁਰਤ ਸ਼ਬਦ ਦੁਆਰਾ ਚੜ੍ਹਕੇ ਸਾਖੀ ਖੇਡ ਵਿਚ ਪਹੁੰਚੇ ਹਨ, ਉਹਨਾਂ ਦਾ ਕਰਨਾ, ਵੀਚਾਰ, ਲਿਵ ਸਭ ਨਾਮ ਹੁੰਦੀ ਹੈ, ਉਹਨਾਂ ਦੇ ਸਤਿਸੰਗਿ ਨਾਲ ਨਾਮ ਪ੍ਰਾਪਤ ਹੋਕੇ ਤੁਰਨਾ ਚਾਹੀਏ।

## ੧੭. (ਗੁਰਮੁਖ ਤੋਂ ਲਾਭ)।

੧. ਗੁਰਮੁਖਿ ਪਾਰਸੁ ਪਰਸਿ ਪਾਰਸੁ ਹੋਈਐ।
੨. ਗੁਰਮੁਖਿ ਹੋਇ ਅਪਰਸੁ ਦਰਸੁ ਅਲੋਈਐ।
੩. ਗੁਰਮੁਖਿ ਬ੍ਰਹਮ ਧਿਆਨੁ ਦੁਬਿਧਾ ਖੋਈਐ।
੪. ਗੁਰਮੁਖਿ ਪਰਧਨ ਰੂਪ ਨਿੰਦ ਨ ਗੋਈਐ।
੫. ਗੁਰਮੁਖਿ ਅੰਮ੍ਰਿਤੁ ਨਾਉ ਸਬਦੁ ਵਿਲੋਈਐ।
੬. ਗੁਰਮੁਖਿ ਹਸਦਾ ਜਾਇ ਅੰਤ ਨ ਰੋਈਐ ॥੧੭॥

**ਪਦਾਰਥ**-(ਪਰਸਿ=ਛੋਹਣਾ। ਅਪਰਸੁ=ਨਿਰਲੇਪ। ਅਲੋਈਐ=ਦੇਖਣਾ।
(ਗੋਈਐ=ਕਹਿਣਾ। ਵਿਲੋਈਐ=ਰਿੜਕਣਾ।

੧. ਗੁਰਮੁਖ (ਰੂਪੀ) ਪਾਰਸ ਨੂੰ ਛੋਹਕੇ ਪਾਰਸ ਹੋ ਜਾਈਦਾ ਹੈ। ੨.ਗੁਰਮੁਖ ਆਪ ਅਪਰਸ ਹਨ (ਭਾਵ ਕਿਸੇ ਦਾ ਕੁਸੰਗ ਨਹੀਂ ਕਰਦੇ) ਦਰਸ (ਰਿਦੇ ਰੂਪੀ ਸ਼ੀਸ਼ੇ) ਵਿਚ (ਭਗਵੰਤ ਦਾ ਦਰਸ਼ਨ) ਕਰਦੇ ਹਨ (ਯਾ ਅਸੀਂ ਗੁਰਮੁਖਾਂ ਦਾ ਦਰਸ਼ਨ ਕਰੀਏ,) ੩.(ਇਸੇ ਕਰਕੇ) ਉਨ੍ਹਾਂ ਦਾ ਬ੍ਰਹਮ ਵਿਖੇ ਹੀ ਧਿਆਨ ਹੈ ('ਦੁਬਿਧਾ') ਦ੍ਵੈਤ ਦੂਰ ਕੀਤੀ ਹੈ। ੪.ਪਰ ਧਨ, (ਪਰ ਇਸਤ੍ਰੀ) ਰੂਪ (ਵੱਲ ਨਹੀਂ ਤੱਕਦੇ ਤੇ) ਨਾ ਹੀ (ਕਿਸੇ ਦੀ) ਨਿੰਦਾ ਕਰਦੇ ਹਨ। ੫.ਗੁਰਮੁਖ ਅੰਮ੍ਰਿਤ ਨਾਮ ਦਾ (ਮੁਖੋਂ ਉਚਾਰ ਕਰਕੇ) ਗੁਰੂ ਦੇ ਸ਼ਬਦ ਨੂੰ ਰਿੜਕਦੇ (ਵਿਚਾਰਦੇ) ਰਹਿੰਦੇ ਹਨ। ਗੁਰਮੁਖ ਅੰਤ ਕਾਲ ਵਿਖੇ ਹਸਦੇ ਹੋਏ ਜਾਂਦੇ ਹਨ, ਰੋਂਦੇ ਨਹੀਂ।

**ਭਾਵ**-ਗੁਰਮੁਖ਼ ਅਗਯਾਨੀ ਜੀਵਾਂ ਵਾਂਗੂੰ ਵਿਰਲਾਪ ਨਹੀਂ ਕਰਦੇ ਜਾਂਦੇ। ਯਥਾ-ਸ੍ਰੀ ਮੁਖ ਵਾਕ- **"ਹੋਇ ਮੁਸਲਿਮੁ ਦੀਨੁ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥"** (ਮਾਝ: ਵਾਰ-੮) ਪਿਛੇ ਗੁਰਮੁਖ ਦੁਆਰਾ ਨਾਮੁ ਜਪਣ ਤੇ ਸਤਿਸੰਗ ਦੀ ਮਹਿਮਾ ਕਹੀ ਸੀ, ਇਥੇ ਖੋਲ੍ਹਕੇ ਕਾਰਣ ਦੱਸਦੇ ਹਨ ਕਿ ਗੁਮਰਮੁਖ ਪਾਰਸ ਹੈ, ਫਿਰ ਉਸ ਦੇ ਪਾਰਸ ਵਾਲੇ ਗੁਣ ਤੇ ਲੱਛਣ ਦੱਸਦੇ ਹਨ। ਜਿਵੇਂ ਪਾਰਸ ਦੇ ਸਤਿਸੰਗ ਨਾਲ ਪਾਰਸ ਹੋ ਸਕੀਦਾ ਹੈ, ਤਿਵੇਂ ਕੇਵਲ ਗੁਰਮੁਖ ਨੇ ਸੰਸਾਰ ਤੋਂ ਹਸਦੇ ਜਾਣਾ ਹੈ, ਇਸ ਲਈ ਗੁਰਮੁਖ ਨਾਲ ਛੋਹੀਏ ਤਾਂ ਜੋ ਪਾਰਸ ਹੋਕੇ ਅਸੀਂ ਬੀ ਸੰਸਾਰ ਤੋਂ ਹੱਸਦੇ ਜਾਈਏ।

## ੧੮. (ਗੁਰਮੁਖ ਦਾ ਸਰੂਪ)।

੧. ਗੁਰਮੁਖਿ ਪੰਡਿਤੁ ਹੋਇ ਜਗ ਪਰਬੋਧੀਐ।
੨. ਗੁਰਮੁਖਿ ਆਪੁ ਗਵਾਇ ਅੰਦਰੁ ਸੋਧੀਐ।
੩. ਗੁਰਮੁਖਿ ਸਤੁ ਸੰਤੋਖੁ ਨ ਕਾਮੁ ਕਰੋਧੀਐ।
੪. ਗੁਰਮੁਖਿ ਹੈ ਨਿਰਵੈਰੁ ਨ ਵੈਰ ਵਿਰੋਧੀਐ।
੫. ਚਹੁ ਵਰਨਾ ਉਪਦੇਸੁ ਸਹਜਿ ਸਮੁਧੀਐ।
੬. ਧੰਨੁ ਜਣੇਦੀ ਮਾਉ ਜੋਧਾ ਜੋਧੀਐ ॥੧੮॥

**ਪਦਾਰਥ**-(ਪਰਬੋਧੀਐ=ਗਿਆਨ ਦੇਣਾ। ਵਿਰੋਧੀਐ=ਵਿਸ਼ੇਖ ਵੈਰ, ਸਿਰ ਵੱਢਵਾਂ ਵੈਰ। (ਸਮੋਧੀਐ=ਸਮਾਵਣਾ। ਜੋਧਾ ਜੋਧੀਐ=ਜੋਧੀਆਂ ਵਿਚੋਂ ਜੋਧੇ ਹਨ।

**ਅਰਥ**-੧.ਗੁਰਮੁਖ ਪੰਡਤ ਹੋਕੇ ਜਗਤ ਨੂੰ ਗਯਾਨ ਦੇਂਦੇ ਹਨ। ੨.ਆਪਾ ਭਾਵ ਗਵਾ ਕੇ ਅੰਤਹਕਰਣ ਸ਼ੁਧ ਕਰਦੇ ਹਨ। ੩.ਗੁਰਮੁਖ ਸਤ ਤੇ ਸੰਤੋਖ (ਰਖਦੇ ਹਨ), ਕਾਮ ਕ੍ਰੋਧ (ਆਦਿ ਵਿਸ਼ੇ ਉਨ੍ਹਾਂ ਪਰ ਬਲ)ਨਹੀਂ(ਪਾਉਂਦੇ)। ੪.ਗੁਰਮੁਖ ਨਿਰਵੈਰ ਹੋਕੇ ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਦੇ। ੫.ਚਹੁੰ ਵਰਣਾਂ (ਵਿਚੋਂ ਕੋਈ ਆਵੇ ਸਭ ਨੂੰ) ਉਪਦੇਸ਼ ਦੇਕੇ ('ਸਹਜ') ਸ਼ਾਂਤੀ ਪਦ ਵਿਖੇ ਸਮਾਇ ਦਿੰਦੇ ਹਨ। ੬.ਉਹਨਾਂ ਦੀ ਜਣਨੇ ਵਾਲੀ ਮਾਤਾ ਧੰਨਤਾ ਯੋਗ ਹੈ (ਜਿਸਨੇ) ਜੋਧਿਆਂ ਵਿਚੋਂ ਵਡੇ ਸੂਰਮੇ ਨੂੰ ਜਨਮ ਦਿਤਾ ਹੈ।(ਯਥਾ-**"ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥"**) (ਆਸਾ ਫਰੀਦ-੧)

## ੧੯. (ਓਹੋ ਹੀ)।

੧. ਗੁਰਮੁਖਿ ਸਤਿਗੁਰ ਵਾਹ ਸਬਦਿ ਸਲਾਹੀਐ।
੨. ਗੁਰਮੁਖਿ ਸਿਫਤਿ ਸਲਾਹ ਸਚੀ ਪਤਿਸਾਹੀਐ।
੩. ਗੁਰਮੁਖਿ ਸਚੁ ਸਨਾਹੁ ਦਾਦਿ ਇਲਾਹੀਐ।
੪. ਗੁਰਮੁਖਿ ਗਾਡੀ ਰਾਹੁ ਸਾਚਿ ਨਿਬਾਹੀਐ।

੫. ਗੁਰਮੁਖਿ ਮਤਿ ਅਗਾਹੁ ਗਾਹਣਿ ਗਾਹੀਐ॥
੬. ਗੁਰਮੁਖਿ ਬੇਪਰਵਾਹ ਨ ਬੇਪਰਵਾਹੀਐ॥੧੯॥

**ਪਦਾਰਥ**-(ਵਾਹ=ਧੰਨਤਾ ਜੋਗ। ਸਨਾਹੁ=ਸੰਜੋਇ, (ਅ)ਸਨਾ=ਸਿਫਤ। (ਦਾਦਿ ਇਲਾਹੀਐ=ਪਰਮੇਸ਼ੁਰ ਦੀ ਬਖਸ਼ਿਸ਼ ਹੈ। ਗਾਡੀ ਰਹੁ=ਪੱਧਰਾ ਰਸਤਾ। (ਅਗਾਹੁ=ਡੂੰਘੀ।

**ਅਰਥ**-੧.ਗੁਰਮੁਖ ਸਤਿ ਰੂਪ (ਗੁਰ+ਵਾਹ=) ਵਾਹਿਗੁਰੂ ਸ਼ਬਦ ਨੂੰ ਸਲਾਹੁੰਦੇ ਹਨ। ੨.ਗੁਰਮੁਖਾਂ (ਨੂੰ) ਸਚੀ ਪਾਤਸ਼ਾਹੀ (ਪਰਮੇਸ਼ੁਰ ਦੀ) ਸਿਫਤ ਸਲਾਹ ਦੀ (ਮਿਲੀ ਹੈ। ਯਥਾ-"**ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥")** (ਜਪੁਜੀ)। ੩.ਗੁਰਮੁਖ ਨੂੰ ਸੱਚ ਦੀ ਸੰਜੋਅ ਪਰਮੇਸ਼ੁਰ ਦੀ ਦਾਤ ਮਿਲੀ ਹੈ। ੪.ਗੁਰਮੁਖਾਂ ਦਾ ਰਸਤਾ ਗਾਡੀ ਰਾਹ ਹੈ (ਖ਼ਤਰਨਾਕ ਨਹੀਂ ਹੈ) ਸੱਚ ਨੂੰ ਪੁਹੁੰਚਾ ਦੇਂਦਾ ਹੈ। ੫.ਗੁਰਮੁਖਾਂ ਦੀ ਬੁੱਧੀ ('ਅਗਾਹ') ਡੂੰਘੀ ਹੈ ਪਕੜਨ ਨਾਲ ਪਕੜੀ ਨਹੀਂ ਜਾਂਦੀ, (ਭਾਵ ਕੋਈ ਬਰਾਬਰੀ ਨਹੀਂ ਕਰ ਸਕਦਾ)। ੬.ਗੁਰਮੁਖ (ਲੋਕ ਆਪ) ਬੇਪਰਵਾਹ ਹਨ, (ਕਿਸੇ ਦੀ ਆਸ਼ਾ ਨਹੀਂ ਰਖਦੇ, ਪਰੰਤੂ ਕੋਈ ਸ਼ਰਧਾ ਧਾਰਕੇ ਸ਼ਰਨ ਆਵੇ ਤਾਂ ਉਸ ਤੋਂ) ਬੇਪਰਵਾਹੀ ਨਹੀਂ ਕਰਨੀ ਚਾਹੀਦੀ)।

## ੨੦. (ਓਹੋ ਹੀ)।

੧. ਗੁਰਮੁਖਿ ਪੂਰਾ ਤੋਲੁ ਨ ਤੋਲਣਿ ਤੋਲੀਐ।
੨. ਗੁਰਮੁਖਿ ਪੂਰਾ ਬੋਲੁ ਨ ਬੋਲਣਿ ਬੋਲੀਐ।
੩. ਗੁਰਮੁਖਿ ਮਤਿ ਅਡੋਲ ਨ ਡੋਲਣਿ ਡੋਲੀਐ।
੪. ਗੁਰਮੁਖਿ ਪਿਰਮ ਅਮੋਲ ਨ ਮੋਲਣਿ ਮੋਲੀਐ।
੫. ਗੁਰਮੁਖਿ ਪੰਥ ਨਿਰੋਲੁ ਨ ਰੋਲਣਿ ਰੋਲੀਐ।
੬. ਗੁਰਮੁਖਿ ਸਬਦੁ ਅਲੋਲੁ ਪੀ ਅੰਮ੍ਰਿਤ ਝੋਲੀਐ॥੨੦॥

**ਪਦਾਰਥ**-(ਤੋਲਣਿ=ਤੱਕੜੀ। ਪਿਰਮ=ਪ੍ਰੇਮ। ਨਿਰੋਲੁ=ਸੁਧ। ਅਲੋਲੁ=ਅਚੰਚਲ।

**ਅਰਥ**-੧.ਗੁਰਮੁਖਾਂ ਦਾ ਤੋਲ ਪੂਰਾ ਹੈ, ਤੱਕੜੀ ਪਰ ਤੋਲਿਆ ਨਹੀਂ ਜਾ ਸਕਦਾ (ਭਾਵ ਉਸ ਦਾ ਮੁੱਲ ਨਹੀਂ ਪਾਇਆ ਜਾਂਦਾ)। ੨.ਗੁਰਮੁਖਾਂ ਦਾ ਬਚਨ ਭੀ ਪੂਰਾ ਹੈ, (ਹੋਰ) ਬੋਲਣ (ਬਿਰਥਾ ਬਕਵਾਦ) ਨਹੀਂ ਬੋਲਦੇ। ੩.ਗੁਰਮੁਖਾਂ ਦੀ ਬੁਧੀ ਅਡੋਲ ਹੈ, (ਕਿਸੇ ਦੇ) ਡੁਲਾਵਨ ਨਾਲ ਡੋਲ ਨਹੀਂ ਜਾਂਦੀ। ੪.ਗੁਰਮੁਖਾਂ ਦਾ ਪ੍ਰੇਮ ਅਮੋਲਕ ਹੈ (ਕਿਸੇ) ਮੁਲ ਨਹੀਂ ਪਾ ਸਕੀਦਾ। ੫.ਗੁਰਮੁਖਾਂ ਦਾ ਪੰਥ ਸੁਧ ਹੈ, (ਕਿਸੇ ਦੇ) ਰੁਲਾਇਆਂ ਰੁਲਦਾ ਨਹੀਂ। ੬.ਗੁਰਮੁਖਾਂ ਦਾ ਸ਼ਬਦ ('ਅਲੋਲ'=) ਸਥਿਰ ਹੈ (ਵਿਸ਼ਿਆਂ ਦੇ ਬੂਰ ਨੂੰ) ('ਝੋਲੀਏ'=) ਹਟਾ ਕੇ (ਇਸ) ਅੰਮ੍ਰਿਤ ਦਾ ਪਾਨ ਕਰਨਾ (ਯੋਗ) ਹੈ।

**ਭਾਵ**-ਗੁਰਮੁਖ ਦੀ ਕਰਨੀ ਧਾਰਨ ਕਰਨੀ ਚਾਹੀਦੀ ਹੈ, ਏਹ ਬਾਰ ਬਾਰ ਲੱਛਣ ਏਸੇ ਨਮਿੱਤ ਕਹਿ ਰਹੇ ਹਨ ਕਿ ਜਗਜਾਸੂ ਨੂੰ ਉਪਦੇਸ਼ ਰੂਪ ਹੋਣ।

## ੨੧. (ਓਹੋ ਹੀ)॥

੧. ਗੁਰਮੁਖਿ ਸੁਖ ਫਲ ਪਾਇ ਸਭ ਫਲ ਪਾਇਆ।
੨. ਰੰਗੁ ਸੁਰੰਗੁ ਚੜਾਇ ਸਭ ਰੰਗ ਲਾਇਆ।
੩. ਗੰਧ ਸੁਗੰਧਿ ਸਮਾਇ ਬੋਹਿ ਬੁਹਾਇਆ।
੪. ਅੰਮ੍ਰਿਤ ਰਸ ਤ੍ਰਿਪਤਾਇ ਸਭ ਰਸ ਆਇਆ।


www.sikhbookclub.com

੫. ਸਬਦ ਸੁਰਤਿ ਲਿਵਲਾਇ ਅਨਹਦ ਵਾਇਆ।
੬. ਨਿਜ ਘਰਿ ਨਿਹਚਲ ਜਾਇ ਨ ਦਹਦਿਸਿ ਧਾਇਆ ॥੨੧॥੧੯॥

**ਪਦਾਰਥ**-(ਸੁਰੰਗ=ਚੰਗਾ ਰੰਗ, ਲਾਲ ਰੰਗ। ਬੁਹਾਇਆ=ਸੁਗੰਧਤ ਕੀਤਾ। ਵਾਇਆ=ਵਜਾਇਆ।

**ਅਰਥ**-੧.ਗਰਮੁਖਾਂ ਨੇ ਸੁਖ ਫਲ (ਆਤਮ ਫਲ) ਪਾ ਲੀਤਾ ਹੈ (ਇਸੇ ਵਿਚ) ਸਭ ਫਲ ਪਾ ਲੀਤੇ ਹਨ। ੨.(ਪਰਮਾਰਥ ਦੇ) ਸੋਹਣੇ ਰੰਗ ਵਾਲੀ ਭੂਮਕਾ ਚੜ੍ਹ ਗਈ ਹੈ, (ਜੀਵਨ ਪਦਵੀ ਪਾਈ ਹੈ) (ਇਸੇ ਵਿਚ) ਸਾਰੇ ਰੰਗ ਆ ਗਏ ਹਨ। ੩.(ਗੁਰਮੁਖਾਂ ਨੇ ਆਪਣੇ ਵਿਚ ਨਿਰਲੇਪਤਾ ਦੀ) ਗੰਧ, (ਅਰ ਉਪਕਾਰ ਦੀ) ਸੁਗੰਧ ਸਮਾਈ ਹੈ (ਤੇ ਹੋਰਨਾਂ ਨੂੰ ਓਸੇ) ਖੁਸ਼ਬੋ ਨਾਲ ਸੁਗੰਧਤ ਕਰ ਰਹੇ ਹਨ। ੪.ਅੰਮ੍ਰਿਤ ਰਸ ਨਾਲ ਤ੍ਰਿਪਤ ਹੋ ਗਏ ਹਨ (ਇਸੇ ਵਿਚ) ਸਾਰੇ ਰਸ ਆ ਗਏ ਹਨ। ੫.ਸਬਦ ਸੁਰਤ ਵਿਖੇ ਪ੍ਰੀਤ ਕਰਕੇ ('ਲਿਵ'=) ਤਾਰ ਲਾ ਰਖੀ ਹੈ ਤੇ ਅਨਹਦ ਵਾਜੇ (ਸੁਣੇ ਜਾਂਦੇ) ਹਨ। ੬.(ਇਸ ਦਾ ਫਲ ਅਗੇ ਅੰਤਲੀ ਤੁਕ ਵਿਖੇ ਦੱਸਦੇ ਹਨ) ਸਰੂਪ ਵਿਖੇ ਅਚੱਲ ਹੋ ਕੇ ਚਲੇ ਜਾਂਦੇ ਹਨ, ਦਸੋ ਦਿਸ਼ਾ ਵਿਖੇ ਨਹੀਂ ਦੌੜਦੇ।

**ਭਾਵ**-**"ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥"** (ਮਾਰੂ: ਮ:੫) ਗੁਰਮੁਖ ਸੁਖਫਲ ਦੇ ਰੰਗ ਵਿਚ ਤੇ ਨਿਜਾਨੰਦ ਵਿਚ ਤੇ ਪਰਉਪਕਾਰ ਵਿਚ ਅਲੇਪ ਖੇਡਦੇ ਹਨ।

# ਵਾਰ ੨੦.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾਚਰਣ-ਗੁਰੂ ਵਰਣਨ)

੧. ਸਤਿਗੁਰ ਨਾਨਕ ਦੇਉ ਆਪੁ ਉਪਾਇਆ।
੨. ਗੁਰ ਅੰਗਦੁ ਗੁਰ ਸਿਖੁ ਬਬਾਣੇ ਆਇਆ।
੩. ਗੁਰ ਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ।
੪. ਰਾਮਦਾਸੁ ਗੁਰ ਸਿਖੁ ਗੁਰ ਸਦਵਾਇਆ।
੫. ਗੁਰ ਅਰਜਨੁ ਗੁਰ ਸਿਖੁ ਪਰਗਟੀ ਆਇਆ।
੬. ਗੁਰ ਸਿਖੁ ਹਰਿ ਗੋਵਿੰਦੁ ਨ ਲੁਕੈ ਲੁਕਾਇਆ ॥੧॥

**ਪਦਾਰਥ**-(ਬਬਾਣੇ= ਬਾਬੇ ਦੀ(ਆਣ=)ਸ਼ਰਣ ਵਿਖੇ। ਪਰਗਟੀ ਆਇਆ=ਪ੍ਰਗਟ ਹੋਏ।

**ਅਰਥ**-੧.ਸਤਿਗੁਰ ਨਾਨਕ ਦੇਵ (ਜੀ ਨੂੰ ਵਾਹਿਗੁਰੂ ਨੇ) ਆਪ ਬਣਾਇਆ ਹੈ। ੨.ਗੁਰੂ ਅੰਗਦ ਜੀ ਗੁਰੂ ਦੇ ਸਿੱਖ ਹੋ ਕੇ ਬਾਬੇ ਦੀ ਸ਼ਰਣੀ ਆ ਪਏ, (ਗੱਲ ਕੀ ਆਪ ਬੀ ਬਾਬੇ ਜੀ ਦਾ ਰੂਪ ਹੋਏ)। ੩.(ਤੀਜੇ) ਗੁਰੂ ਅਮਰਦਾਸ ਜੀ ਗੁਰੂ ਦੇ ਸਿਖ ਹੋਏ (ਤੇ) ਸਤਿਗੁਰੂ (ਅੰਗਦ ਜੀ) ਨੂੰ ਪਿਆਰੇ ਲੱਗੇ। ੪.(ਚੌਥੇ) ਗੁਰੂ ਰਾਮਦਾਸ ਜੀ ਨੇ ਬੀ ਗੁਰ ਸਿਖ ਹੋ ਕੇ ਗੁਰੂ ਸਦਵਾਇਆ। ੫.(ਪੰਚਮ ਗੁਰੂ) ਗੁਰੂ ਅਰਜਨ ਜੀ ਗੁਰੂ ਦੇ ਸਿਖ ਹੋ ਕੇ ਪਰਗਟ ਹੋਏ (ਭਾਵ ਪੁੱਤਰ ਪੁਣੇ ਦਾ ਅਭਿਮਾਨ ਨਹੀਂ ਕੀਤਾ)। ੬.(ਛੀਵੇਂ) ਗੁਰੂ ਹਰਿਗੋਬਿੰਦ ਜੀ ਸਿਖ ਹੋਣ ਕਰਕੇ (ਗੁਰੂ ਹੋਏ ਜੋ ਕਿਸੇ ਦੇ) ਲੁਕਾਏ ਲੁਕ ਨਹੀਂ ਸਕਦੇ।

**ਭਾਵ**-ਗੁਰੂ ਨਾਨਕ ਜੀ ਨੂੰ ਵਾਹਿਗੁਰੂ ਨੇ ਆਪਣਾ ਸਿਖ ਬਣਾਇਆ ਅਤੇ ਸਾਰੇ ਗੁਰ ਸਿੱਖ ਹੋਣ ਕਰਕੇ ਗੁਰੂ ਹੋਏ। ਭਾਵੇਂ ਹ ਕਿ ਸਿੱਖੀ ਤੋਂ ਬਿਨਾਂ ਗੁਰਿਆਈ ਕਿਸੇ ਨੂੰ ਨਾ ਮਿਲੀ।

## ੨. (ਗੁਰਾਂ ਦੀ ਜੋਤਿ ਇੱਕ)।

੧. ਗੁਰਮੁਖਿ ਪਾਰਸੁ ਹੋਇ ਪੂਜ ਕਰਾਇਆ।
੨. ਅਸਟ ਧਾਤੁ ਇਕੁ ਧਾਤੁ ਜੋਤਿ ਜਗਾਇਆ।
੩. ਬਾਵਨ ਚੰਦਨੁ ਹੋਇ ਬਿਰਖੁ ਬੋਹਾਇਆ।
੪. ਗੁਰਸਿਖੁ ਸਿਉ ਗੁਰ ਹੋਇ ਸਚਰਜੁ ਦਿਖਾਇਆ।
੫. ਜੋਤੀ ਜੋਤਿ ਜਗਾਇ ਦੀਪੁ ਦੀਪਾਇਆ।
੬. ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ ॥੨॥

**ਪਦਾਰਥ**-(ਬੋਹਾਇਆ=ਬਹੁਤ, (ਅ) ਸੁਗੰਧਤ ਕਰਨਾ। ਦੀਪਾਇਆ=ਪ੍ਰਕਾਸ਼ਿਆ।

**ਅਰਥ**-੧.ਗੁਰਮੁਖ ਆਪ ਪਾਰਸ ਹੋ ਕੇ (ਸਿੱਖਾਂ ਨੂੰ) ਪੂਜਕ ਕਰ ਦੇਂਦੇ ਹਨ। ੨.ਅੱਠਾਂ ਧਾਤਾਂ ਦੀ ਇਕ ਧਾਤੂ (ਕਰਕੇ, ਜਾਤ ਵਰਣ ਅਭਿਮਾਨ ਗਵਾਕੇ) ਜੋਤਿ ਜਗਾ ਦੇਂਦੇ ਹਨ। ੩.(ਗੁਰਮੁਖ) ਬਾਵਨ ਚੰਦਨ ਹੋਕੇ ਹੋਰ ਬਿਰਖਾਂ ਨੂੰ ਸੁਗੰਧਿਤ ਕਰਦੇ ਹਨ। ੪.ਗੁਰੂ ਦੇ ਸਿਖ ਹੁੰਦੇ ਹਨ ਫੇਰ ਸਿਖੋਂ ਗੁਰੂ ਹੋਕੇ ਅਚਰਜ ਦੱਸਦੇ ਹਨ (ਕਿ ਜੋਤਿ ਇਕ ਤੇ ਮੂਰਤਾਂ ਦੋ ਭਾਸਦੀਆਂ ਹਨ। ਅਗੇ ਪੰਜਵੀਂ ਤੇ ਛੀਵੀ ਤੁਕ ਵਿਖੇ ਦੋ ਹੋਰ ਦ੍ਰਿਸ਼ਟਾਂਤ ਦੇ ਕੇ ਪੱਕਾ ਕਰਦੇ ਹਨ)। ੫.ਜੋਤਿ ਜੋਤਿ ਥੋਂ ਜਗਾਕੇ ਦੀਵੇ ਤੋਂ ਦੀਵਾ ਬਾਲ ਦੇਂਦੇ ਹਨ। ੬.ਪਾਣੀ ਵਿਚ ਪਾਣੀ ਵਾਂਙੂ ਮਿਲਦੇ ਨੂੰ ਮੇਲ ਲੈਂਦੇ ਹਨ।

**ਭਾਵ**-ਸ੍ਰੀ ਗੁਰੂ ਨਾਨਕ ਆਦਿ ਛੀ ਗੁਰੂ ਕਹਿਣ ਨੂੰ ਤਾਂ ਨਾਮ ਰੂਪ ਭਿੰਨ ਭਿੰਨ ਹਨ ਪਰੰਤੂ ਜੋਤਿ ਰੂਪ ਕਰ ਕੇ ਇਕ ਰੂਪ ਹੀ ਹਨ।

## ੩. (ਗੁਰਮੁਖ ਮਹਿਮਾ ਵਿਖੇ)।

੧. ਗੁਰਮੁਖਿ ਸੁਫਲੁ ਜਨੰਮੁ ਸਤਿਗੁਰੁ ਪਾਇਆ।
੨. ਗੁਰਮੁਖਿ ਪੂਰ ਕਰੰਮੁ ਸਰਣੀ ਆਇਆ।
੩. ਸਤਿਗੁਰ ਪੈਰੀ ਪਾਇ ਨਾਉ ਦਿੜਾਇਆ।
੪. ਘਰ ਹੀ ਵਿਚਿ ਉਦਾਸੁ ਨ ਵਿਆਪੈ ਮਾਇਆ।
੫. ਗੁਰ ਉਪਦੇਸੁ ਕਮਾਇ ਅਲਖੁ ਲਖਾਇਆ।
੬. ਗੁਰਮੁਖਿ ਜੀਵਨ ਮੁਕਤੁ ਆਪੁ ਗਵਾਇਆ ॥੩॥

**ਪਦਾਰਥ**-(ਸਫਲ ਜਨੰਮ=ਫਲ ਸਹਿਤ ਜਨਮ, ਭਾਵ ਮੁਕਤ ਹੋ ਗਏ ਹਨ।
(ਨਾ ਵਿਆਪੈ=ਦੁਖ ਨਹੀਂ ਦੇਂਦੀ।

**ਅਰਥ**-੧.ਗੁਰਮੁਖਾਂ ਦਾ ਜਨਮ (ਧਾਰਣਾ) ਸਫਲ ਹੈ (ਕਿਉਂ ਜੋ) ਸਤਿਗੁਰੂ ਜੀ (ਦਾ ਦਰਸ਼ਨ) ਪਾਇਆ ਹੈ। ੨.(ਇਸੇ ਵਾਸਤੇ) ਗੁਰਮੁਖ ਪੂਰੇ ਕਰਮਾਂ ਵਾਲੇ ਹਨ (ਕਿ ਸਤਿਗੁਰੂ ਜੀ ਦੀ) ਸ਼ਰਣ ਲੀਤੀ ਹੈ (ਸ਼ਰਣ ਦਾ ਫਲ ਕੀ ਹੈ?)। ੩.ਸਤਿਗੁਰਾਂ ਨੇ (ਆਪਣੀ) ਚਰਨੀ ਲਾਕੇ (ਅਕਾਲ ਪੁਰਖ ਦੇ) ਨਾਮ (ਦਾ ਉਪਦੇਸ਼) ਦ੍ਰਿੜ ਕਰਾਇਆ ਹੈ।) ਇਸ ਦਾ ਫਲ?) ੪.ਘਰ ਹੀ ਵਿਖੇ ਉਦਾਸ ਰਹਿੰਦੇ ਹਨ (ਉਨ੍ਹਾਂ ਨੂੰ) ਮਾਇਆ ਦੁਖ ਨਹੀਂ ਦਿੰਦੀ। (ਹੋਰ ਕੀ?) ੫.ਗੁਰ ਉਪਦੇਸ਼ ਦਾ ਅੱਭਯਾਸ ਕਰਕੇ (ਅੱਲਖ=) ਜੋ ਪਰਮਾਤਮਾ ਲਖਿਆ ਨਹੀਂ ਜਾਂਦਾ, ਲਖ ਲੀਤਾ ਹੈ। (ਕਿਉਂ ਜੋ ਗਿਆਨ ਵੈਰਾਗ ਦੇ ਨੇਤ੍ਰਾਂ ਨਾਲ ਤੁਰਤ ਅਵਯਕਤ ਆਤਮਾ ਨੂੰ ਲੱਭ ਲੈਂਦੇ ਹਨ ਜਿਹਾਕੁ **"ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥"**) (ਵਡ: ਮ:੫) ੬.ਗੁਰਮੁਖ ਜੀਵਨ ਮੁਕਤ ਹੋ ਰਹੇ ਹਨ (ਕਿਉਂ

ਜੋ) ਆਪਾ ਭਾਵ ਦੂਰ ਕਰ ਦਿਤਾ ਹੈ (ਇਸੇ ਦਾ ਅਨੁਵਾਦ ਅਗਲੀ ਚੌਥੀ ਪੌੜੀ ਵਿਖੇ ਬੀ ਕਰਦੇ ਹਨ)।

## ੪. (ਓਹੋ ਹੀ)।

੧. ਗੁਰਮੁਖਿ ਆਪੁ ਗਵਾਇ ਨ ਆਪੁ ਗਣਾਇਆ।
੨. ਦੂਜਾ ਭਾਉ ਮਿਟਾਇ ਇਕੁ ਧਿਆਇਆ।
੩. ਗੁਰ ਪਰਮੇਸਰੁ ਜਾਣਿ ਸਬਦੁ ਕਮਾਇਆ।
੪. ਸਾਧ ਸੰਗਤਿ ਚਲਿ ਜਾਇ ਸੀਸੁ ਨਿਵਾਇਆ।
੫. ਗੁਰਮੁਖਿ ਕਾਰ ਕਮਾਇ ਸੁਖ ਫਲੁ ਪਾਇਆ।
੬. ਪਿਰਮ ਪਿਆਲਾ ਪਾਇ ਅਜਰੁ ਜਰਾਇਆ ॥੪॥

**ਪਦਾਰਥ**-(ਦੂਜਾ ਭਾਉ=ਅਗਯਾਨ। ਪਿਰਮ ਪਿਆਲਾ=ਪ੍ਰੇਮ ਦਾ ਪਯਾਲਾ।

**ਅਰਥ**-੧.ਗੁਰਮੁਖਾਂ ਨੇ (ਮਨ ਕਰਕੇ) ਆਪਾ ਭਾਉ ਗਵਾ ਦਿਤਾ ਹੈ ਅਰ (ਤਨ ਕਰਕੇ) ਬੀ ਆਪ ਨੂੰ ਕੁਝ ਚੀਜ਼ ਨਹੀਂ ਗਿਣਦੇ। ੨.'ਦੂਜਾ ਭਾਉ' (ਅਗਯਾਨ) ਨੂੰ ਤਰਕ ਕੀਤਾ ਹੈ ਇਕ (ਅਕਾਲ ਪੁਰਖ) ਦਾ ਹੀ ਸਾਰੇ ਧਿਆਨ ਕਰਦੇ ਹਨ। ੩.ਗੁਰੂ ਨੂੰ ਪਰਮੇਸ਼ੁਰ (ਦਾ ਰੂਪ) ਜਾਣਕੇ ਸ਼ਬਦ ਦਾ ਅਭਯਾਸ ਕਰਦੇ ਹਨ (ਜਾਣਦੇ ਹਨ ਕਿ **'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ'**) (ਨਟ: ਮ:੪) ੪.(ਸਰੀਰ ਕਰਕੇ) ਸਾਧ ਸੰਗਤ ਵਿਖੇ ਜਾਕੇ ਸੀਸ ਨਿਵਾਉਂਦੇ ਹਨ (ਭਾਵ ਆਕੜ ਖਾਂ ਨਹੀਂ ਬਣਦੇ। ੫.ਗੁਰਮੁਖਾਂ ਦੀ 'ਕਾਰ' ਸੇਵਾ ਕਰਕੇ ਸੁਖ ਫਲ ਦੀ ਪ੍ਰਾਪਤੀ ਕਰਦੇ ਹਨ।੬.ਪ੍ਰੇਮ ਦਾ ਪਿਆਲਾ ਪੀ ਕੇ 'ਅਜਰ' ਨੂੰ ਜਰ ਜਾਂਦੇ ਹਨ।

## ੫. (ਗੁਰਮੁਖ ਨਿੱਤ ਕਰਮ)।

੧. ਅੰਮ੍ਰਿਤ ਵੇਲੇ ਉਠਿ ਜਾਗਿ ਜਗਾਇਆ।
੨. ਗੁਰਮੁਖਿ ਤੀਰਥ ਨਾਇ ਭਰਮੁ ਗਵਾਇਆ।
੩. ਗੁਰਮੁਖਿ ਮੰਤ ਸਮ੍ਹਾਲਿ ਜਾਪੁ ਜਪਾਇਆ।
੪. ਗੁਰਮੁਖਿ ਨਿਹਚਲੁ ਹੋਇ ਇਕ ਮਨਿ ਧਿਆਇਆ।
੫. ਮਥੈ ਟਿਕਾ ਲਾਲੁ ਨਿਸਾਣੁ ਸੁਹਾਇਆ।
੬. ਪੈਰੀ ਪੈ ਗੁਰ ਸਿਖ ਪੈਰੀ ਪਾਇਆ ॥੫॥

**ਪਦਾਰਥ**-(ਜਾਗਿ ਜਗਾਇਆ=ਆਪ ਜਾਗ ਜਾਗਕੇ ਹੋਰਨਾਂ ਨੂੰ ਜਗਾਉਣਾ। ਸਮ੍ਹਾਲਿ=ਸੋਧਕੇ।

**ਅਰਥ**-੧.ਪ੍ਰਾਤਾਕਾਲੇ ਉਠਕੇ (ਆਪ) ਜਾਗਕੇ (ਹੋਰਨਾਂ ਨੂੰ) ਸੁਚੇਤ ਕਰਦੇ ਹਨ। ੨.ਗੁਰਮੁਖ ਲੋਕ ਤੀਰਥ ਤੇ ਸ਼ਨਾਨ ਕਰਕੇ ਭਰਮ ਨੂੰ ਦੂਰ ਕਰਦੇ ਹਨ, (ਸਭ ਤੀਰਥ ਹੀ ਜਾਣਦੇ ਹਨ, ਤੀਰਥ ਦਾ ਭਰਮ ਨਹੀਂ ਰਖਦੇ)। ੩.ਗੁਰਮੁਖ ਲੋਕ (ਜਪੁਜੀ) ਮੰਤ੍ਰ ਨੂੰ ਆਪ ਸੋਧਕੇ ਜਪਦੇ ਅਰ (ਹੋਰਨਾਂ ਨੂੰ) ਜਪਣ ਦਾ ਉਪਦੇਸ਼ ਦਿੰਦੇ ਹਨ। ੪.(ਫੇਰ) ਗੁਰੂ ਦੀ ਸਿੱਖਯਾ ਨੂੰ ਧਾਰਨ ਕਰਕੇ ਅਚਲ ਹੋ ਇਕ ਮਨ ਨਾਲ (ਵਾਹਿਗੁਰੂ) ਧਯਾਉਂਦੇ ਹਨ। ੫.ਮਸਤਕ ਪੁਰ ਲਾਲ ਟਿਕਾ ਉਨ੍ਹਾਂ ਦਾ ਨਿਸ਼ਾਨ ਚਿੰਨ ਸ਼ੋਭਦਾ ਹੈ (**"ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥"**) ਨਾਮ ਦਾ ਹੀ ਲਾਲ ਟਿੱਕਾ ਸਮਝਦੇ ਹਨ)। ੬.ਪੈਰੀ ਪੈ' (ਆਪ ਬੋਲਕੇ) ਗੁਰੂ ਦੇ ਸਿਖਾਂ ਨੂੰ ਬੀ 'ਪੈਰੀਂ ਪੈਣਾ' ਦੱਸਦੇ ਹਨ।


www.sikhbookclub.com

## ੬. (ਗੁਰਸਿੱਖ ਕਮਾਈ)।

੧. ਪੈਰੀ ਪੈ ਗੁਰ ਸਿਖ ਪੈਰ ਧੁਆਇਆ।
੨. ਅੰਮ੍ਰਿਤਵਾਣੀ ਚਖਿ ਮਨੁ ਵਸਿ ਆਇਆ।
੩. ਪਾਣੀ ਪਖਾ ਪੀਹਿ ਭਠੁ ਝੁਕਾਇਆ।
੪. ਗੁਰਬਾਣੀ ਸੁਣਿ ਸਿਖਿ ਲਿਖਿ ਲਿਖਾਇਆ।
੫. ਨਾਮੁ ਦਾਨੁ ਇਸਨਾਨੁ ਕਰਮ ਕਮਾਇਆ।
੬. ਨਿਵ ਚਲਣੁ ਮਿਠ ਬੋਲ ਘਾਲਿ ਖਵਾਇਆ ॥੬॥

**ਪਦਾਰਥ**-(ਵਾਣੀ=ਵੰਨੀ। ਭਠੁ ਝੁਕਾਇਆ=ਲੰਗਰ ਵਿਖੇ ਬਾਲਣ ਪਾਉਂਦੇ ਹਨ।
(ਘਾਲਿ ਖਵਾਇਆ=ਦਸਾਂ ਨੌਹਾਂ ਦੀ ਮਜੂਰੀ ਕਰਦੇ ਹਨ।

**ਅਰਥ**-੧.ਗੁਰੂਸਿਖਾਂ ਦੀ ਪੈਰੀਂ ਹੱਥ ਲਾਕੇ, ਪੈਰ ਧੋਂਦੇ ਹਨ! ੨.ਉਸ ਚਰਣਾਂਮ੍ਰਿਤ ਦੀ ('ਵਾਣੀ'=) ਵੰਨਗੀ ਨੂੰ ਚੱਖਦੇ ਹਨ, (ਤੇ ਇਉਂ ਹੰਕਾਰੀ)ਮਨ ਵੱਸ ਹੋ ਜਾਂਦਾ ਹੈ। ੩.ਜਲ (ਦਾ ਭਰਣਾ), ਪੱਖਾ (ਝੱਲਣਾ), (ਚੱਕੀ) ਪੀਹਣੀ, (ਲੰਗਰ ਦੇ 'ਭੱਠ' ਕਹੀਏ) ਚੁੱਲ੍ਹੇ ਹੇਠ ਬਾਲਣ ਪਾਹੁਣ ਦੀ ਟਹਿਲ ਕਰਦੇ ਹਨ। ੪.(ਜਦ ਉਥੋਂ ਵੇਹਲ ਹੋਵੇ ਤਾਂ ਕੀ ਕਰਦੇ ਹਨ?) ਗੁਰੂ ਦੀ ਬਾਣੀ ਨੂੰ ਸੁਣਕੇ (ਉਸਦਾ ਅਰਥ ਤੇ ਰਹਿਣ) ਸਿੱਖਦੇ ਹਨ, (ਫੇਰ ਉਸ ਨੂੰ ਆਪ) ਲਿਖਕੇ (ਹੋਰਨਾਂ ਨੂੰ ਬੀ) ਲਿਖਾ ਦਿੰਦੇ ਹਨ। ੫.ਨਾਮ, ਦਾਨ ਤੇ ਇਸ਼ਨਾਨ (ਤਿੰਨਾਂ) ਕਰਮਾਂ ਦੀ ਕਮਾਈ ਕਰਦੇ ਹਨ। ੬.ਨਿਵਕੇ ਚੱਲਦੇ, ਮਿੱਠਾ ਬੋਲਦੇ, ਦਸਾਂ ਨੌਹਾਂ ਦੀ ਮਜੂਰੀ ਕਰਕੇ (ਆਪ ਛਕਦੇ ਤੇ ਹੋਰਨਾਂ) ਸਿੱਖਾਂ ਨੂੰ ਛਕਾਉਂਦੇ ਹਨ। (ਪ੍ਰਮਾਣ-"**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ॥**") (ਸਾਰੰ:ਵਾਰ:੨੨)

## ੭. (ਗੁਰਸਿੱਖਾਂ ਦੇ ਮੇਲ ਵਿਖੇ)।

੧. ਗੁਰਸਿੱਖਾਂ ਗੁਰ ਸਿਖ ਮੇਲਿ ਮਿਲਾਇਆ।
੨. ਭਾਇ ਭਗਤਿ ਗੁਰਪੁਰਬ ਕਰੇ ਕਰਾਇਆ।
੩. ਗੁਰਸਿਖ ਦੇਵੀ ਦੇਵ ਜਠੇਰੇ ਭਾਇਆ।
੪. ਗੁਰਸਿਖ ਮਾਂ ਪਿਉ ਵੀਰ ਕੁਟੰਬ ਸਖਾਇਆ।
੫. ਗੁਰਸਿਖ ਖੇਤੀ ਵਣਜੁ ਲਾਹਾ ਪਾਇਆ।
੬. ਹੰਸ ਵੰਸ ਗੁਰਸਿਖ ਗੁਰਸਿਖ ਜਾਇਆ ॥੭॥

**ਪਦਾਰਥ**-(ਜਠੇਰੇ=ਵਡਕੇ। ਵੀਰ=ਭਾਈ। ਵਣਜੁ=ਵਪਾਰ।

**ਅਰਥ**-੧.ਗੁਰੂ ਦੇ ਸਿੱਖਾਂ ਦਾ ਮੇਲ, ਗੁਰੂਸਿਖਾਂ ਨਾਲ ਹੀ (ਈਸ਼੍ਵਰ ਨੇ)ਮਿਲਾਇਆ ਹੈ। ੨.ਪ੍ਰੇਮਾ ਭਗਤਿ, ਗੁਰਪੁਰਬ ਕਰਦੇ, ਅਰ ਕਰਾਉਂਦੇ ਹਨ। ੩.ਗੁਰੂ ਦੇ ਸਿਖਾਂ ਨੂੰ ਹੀ ਦੇਵੀ ਦੇਵਤੇ ਅਰ ਵਡਕੇ ਸਮਝਦੇ ਹਨ। ੪.ਗੁਰ ਸਿੱਖਾਂ ਨੂੰ ਮਾਤਾ, ਪਿਤਾ, ਭਰਾ, ਕੁਟੰਬ ਸੱਭੋ ਕੁਝ (ਜਾਣਦੇ ਹਨ)। ੫.ਗੁਰੂ ਦੇ ਸਿੱਖ ਨੂੰ ਹੀ ਖੇਤ ਵਣਜ ਜਾਣਕੇ ਲਾਭ ਪਾਉਂਦੇ ਹਨ। ("**ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥ ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥**") (ਸੋਰਠ: ਮ:੫) ੬.ਗੁਰੂ ਦੇ ਸਿਖ ਹੰਸਾਂ ਦੀ ਵੰਸ (ਵਾਂਙ ਅੰਦਰੋਂ ਬਾਹਰੋਂ ਨਿਰਮਲ ਹਨ), ਗੁਰ ਸਿੱਖ ਦੇ ਜਾਏ (ਹੋਣ ਕਰਕੇ ਸਾਰੇ ਹੰਸ ਹਨ)।

## ੮. (ਸ਼ਗੁਨਾਂ ਦੇ ਵਿਚਾਰ ਵਿਖੇ)।

੧. ਸਜਾ ਖਬਾ ਸਉਣੁ ਨ ਮੰਨਿ ਵਸਾਇਆ।
੨. ਨਾਰਿ ਪੁਰਖ ਨੋ ਵੇਖਿ ਨ ਪੈਰੁ ਹਟਾਇਆ।
੩. ਭਾਖ ਸੁਭਾਖ ਵੀਚਾਰਿ ਨ ਛਿਕ ਮਨਾਇਆ।
੪. ਦੇਵੀ ਦੇਵ ਨ ਸੇਵ, ਨ ਪੂਜ ਕਰਾਇਆ।
੫. ਭੰਭਲ ਭੂਸੇ ਖਾਇ ਨ ਮਨ ਭਰਮਾਇਆ।
੬. ਗੁਰਸਿੱਖ ਸਚਾ ਖੇਤੁ ਬੀਜੁ ਫਲਾਇਆ ॥੮॥

**ਪਦਾਰਥ**-(ਸਜਾ ਖਬਾ=ਭਲਾ ਬੁਰਾ। ਸਉਣੁ=ਸ਼ਗਨ। ਭਾਖ ਸੁਭਾਖ=ਬੋਲ ਕੁਬੋਲ।
(ਭੰਬਲ ਭੂਸੇ=ਘਬਰਾਹਟ, ਦੁਚਿੱਤਾ ਚਿੱਤ।

**ਅਰਥ**-੧.ਭਲਾ ਬੁਰਾ ਸ਼ਗਲ ਗੁਰਮੁਖ ਲੋਕ ਮਨ ਵਿਖੇ ਨਹੀਂ ਰੱਖਦੇ। ੨.ਇਸਤ੍ਰੀ ਪੁਰਖਾਂ ਵੱਲ ਵੇਖਕੇ ਆਪਣਾ ਪੈਰ (ਪਿੱਛੇ) ਨਹੀਂ ਹਟਾਉਂਦੇ (ਭਾਵ ਸ਼ਗਨ ਕੁਸ਼ਗਨ, ਨਹੀਂ ਜਾਣਦੇ)। ੩.ਬੋਲ ਕੁਬੋਲ (ਜਾਨਵਰ ਦੇ ਬੋਲਾਂ ਤੋਂ ਸ਼ਗਨ ਵਿਚਾਰੀਦੇ ਹਨ) ਅਤੇ ਨਿੱਛ ਦਾ ਵਿਚਾਰ ਨਹੀਂ ਕਰਦੇ। ੪.ਦੇਵੀ ਦੇਵਤਿਆਂ ਨੂੰ ਨਹੀਂ ਸੇਂਵਦੇ ਨਾ ਪੂਜਾ ਕਰਦੇ ਹਨ। ੫.(ਵਾਹਿਗੁਰੂ ਤੋਂ ਛੁੱਟ ਕਿਸੇ ਲਈ) ਨਾ ਮਨ ਭਰਮਾਉਂਦੇ ਹਨ ਨਾ ਭੰਬਲ ਭੂਸੇ ਖਾਂਦੇ ਹਨ। ੬.(ਐਸੇ) ਗੁਰੂ ਦੇ ਸਿੱਖ ਸੱਚਾ ਖੇਤ ਹਨ (ਜਿਥੇ ਸ਼ਰਧਾ ਦਾ) ਬੀਜ ਪਾਇਆ ਫਲਦਾ ਹੈ।

## ੯. (ਸੱਚਖੰਡ ਦੇ ਵਿਖੇ)।

੧. ਕਿਰਤਿ ਵਿਰਤਿ ਮਨੁ ਧਰਮੁ ਸਚੁ ਦਿੜਾਇਆ।
੨. ਸਚੁ ਨਾਉ ਕਰਤਾਰ ਆਪੁ ਉਪਾਇਆ।
੩. ਸਤਿਗੁਰ ਪੁਰਖੁ ਦਇਆਲੁ ਦਇਆ ਕਰਿ ਆਇਆ।
੪. ਨਿਰੰਕਾਰ ਆਕਾਰੁ ਸਬਦੁ ਸੁਣਾਇਆ।
੫. ਸਾਧ ਸੰਗਤਿ ਸਚੁ ਖੰਡ ਥੇਹੁ ਵਸਾਇਆ।
੬. ਸਚਾਂ ਤਖਤੁ ਬਣਾਇ ਸਲਾਮੁ ਕਰਾਇਆ ॥੯॥

**ਪਦਾਰਥ**-(ਵਿਰਤਿ=ਉਪਜੀਵਕਾ। ਥੇਹੁ=ਨਗਰ।

**ਅਰਥ**-੧.(ਇਸ ਵਿਖੇ ਸਿੱਖ) ਧਰਮ ਦੀ ਉਪਜੀਵਕਾ ਦੀ ਕਿਰਤ ਕਰਦੇ ਅਰ ਸੱਚ ਨੂੰ ਦ੍ਰਿੜ ਰਖਦੇ ਹਨ। ੨.(ਜਾਣਦੇ ਹਨ ਕਿ) ਸੱਚਾ ਨਾਮ ਕਰਤਾਰ ਦਾ ਹੈ, ਆਪ (ਈਸ਼ਵਰ ਨੇ) ਉਤਪਤ ਕੀਤਾ ਹੈ, (ਭਾਵ ਉਸ ਨੂੰ ਚੇਤੇ ਰਖਦੇ ਹਨ)। ੩.ਸਤਿਗੁਰ ਪੁਰਖ ਦਿਆਲ (ਆਪ) ਦਇਆ ਕਰਕੇ (ਉਥੇ) ਦਰਸ਼ਨ ਦਿੰਦੇ ਹਨ। ੪.ਨਿਰੰਕਾਰ ਤੇ ਆਕਾਰ ਦਾ ਸ਼ਬਦ ਸੁਣਾਉਂਦੇ ਹਨ (ਯਥਾ :- "**ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾਧਾਰਿ ਜਿਨ ਸਗਲੀ ਮੋਹੀ ॥**") (ਸੁਖਮਨੀ) ੫.ਸਾਧ ਸੰਗਤ ਰੂਪੀ ਸਚਖੰਡ ਦਾ ('ਥੇਹ') ਨਗਰਿ (ਆਪ ਨਿਰੰਕਾਰ ਨੇ) ਵਸਾਇਆ ਹੈ। ੬.(ਸਾਧ ਸੰਗਤ ਹੀ) ਸਚਾ ਤਖਤ ਹੈ (ਸਾਰਾ ਜਗਤ) ਸਲਾਮੀ ਕਰਦਾ ਹੈ (ਭਾਵ ਸਾਰੇ ਨਮਸਕਾਰਾਂ ਕਰਦੇ ਹਨ)।

## ੧੦. (ਸਾਧ ਸੰਗਤ ਦੀ ਸੇਵਾ)।

੧. ਗੁਰ ਸਿਖਾ ਗੁਰ ਸਿਖ ਸੇਵਾ ਲਾਇਆ।

੨. ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ।
੩. ਤਪੜੁ ਝਾੜਿ ਵਿਛਾਇ ਧੂੜੀ ਨਾਇਆ।
੪. ਕੋਰੇ ਮਟ ਅਣਾਇ ਨੀਰੁ ਭਰਾਇਆ।
੫. ਆਣਿ ਮਹਾ ਪਰਸਾਦੁ ਵੰਡਿ ਖੁਵਾਇਆ॥੧੦॥

**ਪਦਾਰਥ**-(ਤਪੜੁ=ਬਿਸਤਰਾ। ਧੂੜੀ=ਚਰਣ ਧੂੜ। ਮਹਾ ਪਰਸਾਦ=ਕੜਾਹ ਪ੍ਰਸਾਦ।

**ਅਰਥ**-੧.ਗੁਰੂ ਦੇ ਸਿੱਖ ਨੇ ਸਿੱਖਾਂ ਨੂੰ ਗੁਰਾਂ ਦੀ ਸੇਵਾ ਵਿਖੇ ਲਾ ਛਡਿਆ ਹੈ। ੨.ਸਾਧ ਸੰਗਤ ਦੀ ਸੇਵਾ ਕਰਕੇ ਸੁਖ ਫਲ ਪਾ ਲਿਆ। ੩.(ਸੇਵਾ ਕੀ ਹੈ? ਸਾਧ ਸੰਗਤ ਦੇ ਬੈਠਣ ਦਾ) ਤੱਪੜ ਝਾੜ ਝੰਬਕੇ ਵਿਛਾਉਂਦੇ ਹਨ ਅਰ ਚਰਣ ਧੂੜੀ ਵਿਖੇ ਨਹਾਉਂਦੇ ਹਨ। ੪.ਕੋਰੇ ਮਟਕੇ ਮੰਗਵਾਕੇ (ਗੁਰੂ ਦੀ ਛਬੀਲ ਲਈ) ਜਲ ਨਾਲ ਭਰ ਛੱਡਦੇ ਹਨ। (ਕਿ ਉਹਨਾਂ ਵਿਖੇ ਜਲ ਠੰਢਾ ਰਹੇ)। ੫.ਮਹਾਂ ਪਰਸ਼ਾਦ ਮੰਗਵਾਕੇ (ਸਾਧ ਸੰਗਤ ਵਿਖੇ) ਵੰਡਕੇ (ਆਪ ਖਾਂਦੇ ਤੇ ਹੋਰਨਾਂ ਨੂੰ) ਖੁਲਾਉਂਦੇ ਹਨ।

## ੧੧. (ਬੁਰੇ ਨਾਲ ਭਲਾ ਕਰਨ ਦੇ ਵਿਖੇ)।

੧. ਹੋਇ ਬਿਰਖੁ ਸੰਸਾਰੁ ਸਿਰ ਤਲਵਾਇਆ।
੨. ਨਿਹਚਲੁ ਹੋਇ ਨਿਵਾਸੁ ਸੀਸੁ ਨਿਵਾਇਆ।
੩. ਹੋਇ ਸੁਫਲ ਫਲ ਸਫਲੁ ਵਟ ਸਹਾਇਆ।
੪. ਸਿਰਿ ਕਰਵਤੁ ਧਰਾਇ ਜਹਾਜੁ ਬਣਾਇਆ।
੫. ਪਾਣੀ ਦੇ ਸਿਰਿ ਵਾਟ ਰਾਹੁ ਚਲਾਇਆ।
੬. ਸਿਰਿ ਕਰਵਤੁ ਧਰਾਇ ਸੀਸ ਚੜਾਇਆ ॥੧੧॥

**ਪਦਾਰਥ**-(ਸਿਰ ਤਲਵਾਇਆ=ਮੂਧੇ ਸਿਰ। ਵਟ=ਵੱਟੇ, ਢੀਮਾਂ। ਕਰਵਤੁ=ਆਰਾ।

**ਅਰਥ**-੧.(ਗੁਰੂ ਦਾ ਸਿੱਖ) ਮੂਧੇ ਸਿਰ ਹੋਕੇ (ਅਰਥਾਤ ਸਿਰ=ਮੁੰਢ ਹੇਠ ਤੇ ਟਾਹਣੀਆਂ ਰੂਪੀ ਪੈਰ ਉੱਚੇ ਕਰਕੇ) ਸੰਸਾਰ ਵਿਚ ਬਿਰਛ ਵਾਂਙੂੰ ਬਣੇ। ੨.(ਬ੍ਰਿਛ ਵਾਂਙ ਮਨ ਦਾ) ਨਿਵਾਸ ਨਿਹਚਲ ਹੋਵੇ ਤੇ ਸੀਸ (ਨਿੰਮ੍ਰਤਾ ਨਾਲ) ਨਿਵਿਆ ਰਹੇ। ੩.ਚੰਗੇ ਫਲਾਂ ਨਾਲ ਫਲੀਭੂਤ ਹੋਕੇ ਵੱਟੇ ਸਹਾਰੇ। ੪.ਤ੍ਰਖਾਣ ਦਾ ਆਰਾ (ਬ੍ਰਿਛ ਵਾਂਙ) ਸਿਰ ਪੁਰ ਰਖਾਕੇ (ਆਪਣੇ ਤੋਂ) ਜਹਾਜ਼ ਬਣਵਾਵੇ (ਸਾਧਨ ਸੰਪੰਨ ਹੋਕੇ ਉਪਕਾਰ ਕਰੇ)। ੫.ਪਾਣੀ ਦੇ ਸਿਰ ਤੇ ਰਸਤਾ ਬਣਾਕੇ ਪੈਂਡਾ ਮੁਕਾਵੇ (ਭਾਵ ਭੈਜਲ ਸੰਸਾਰ ਦੇ ਉਤੋਂ ਦੀ ਵਗੇ, ਵਿਚ ਨਾ ਡੁੱਬੇ)। ੬.ਜਿਸ (ਤ੍ਰਖਾਣ ਪਾਸੋਂ) ਸਿਰ ਤੇ ਆਰਾ ਧਰਾਇਆ ਸੀ ਉਸ ਨੂੰ ਬੀ ਸੀਸ ਤੇ ਚੜ੍ਹਾਕੇ (ਜਹਾਜ਼ ਰੂਪ ਹੋਕੇ ਪਾਰ) ਕਰੇ।

**ਭਾਵ**-ਬਿਰਛ ਪਰੋਪਕਾਰ ਦੀ ਮੂਰਤ ਹੈ, ਇਕ ਤਾਂ ਵੱਟੇ ਮਾਰਨ ਵਾਲਿਆਂ ਦੀ ਉਦਰ ਪੂਰਨਾ ਕਰਦਾ ਹੈ, ਦੂਜੇ ਚੀਰਨ ਵਾਲੇ ਨੂੰ ਸਿਰ ਪੁਰ ਧਾਰਨ ਕਰਕੇ ਨਦੀਓਂ ਪਾਰ ਕਰਦਾ ਹੈ, ਇਤਯਾਦਿਕ ਬਿਰਛ ਵਿਖੇ ਹਜ਼ਾਰਾਂ ਗੁਣ ਹਨ। ਗੁਰੂ ਜੀ ਲਿਖਦੇ ਹਨ-''**ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥**''(ਮਾਰੂ:ਮ:੫:ਅਸ਼ਟ-੩) ਆਦਿ, ਤਿਹਾ ਹੀ ਗੁਰਮੁਖ ਲੋਕ ਬਿਰਖ ਵਾਙੂ ਬੁਰੇ ਦਾ ਬੀ ਭਲਾ ਕਰਦੇ ਹਨ।

## ੧੨. (ਓਹੋ ਹੀ)।

੧. ਲੋਹੇ ਤਛਿ ਤਛਾਇ ਲੋਹਿ ਜੜਾਇਆ।
੨. ਲੋਹਾ ਸੀਸੁ ਚੜਾਇ ਨੀਰਿ ਤਰਾਇਆ।
੩. ਆਪਨੜਾ ਪੁਤੁ ਪਾਲਿ ਨ ਨੀਰਿ ਡੁਬਾਇਆ।

੪. ਅਗਰੈ ਡੋਬੈ ਜਾਣਿ ਡੋਬਿ ਤਰਾਇਆ।
੫. ਗੁਣ ਕੀਤੇ ਗੁਣ ਹੋਇ ਜਗੁ ਪਤੀਆਇਆ।
੬. ਅਵਗੁਣ ਸਹਿ ਗੁਣੁ ਕਰੈ ਘੋਲਿ ਘੁਮਾਇਆ ॥੧੨॥

**ਪਦਾਰਥ**-(ਤਛਿ ਤਛਾਇ=ਕੱਟ ਵੱਢਕੇ ਸਾਫ ਕਰਨਾ। ਨੀਰਿ=ਪਾਣੀ। (ਪਤੀਆਇਆ=ਪ੍ਰਤੀਤ ਕਰਨੀ। ਘੋਲਿ ਘੁਮਾਇਆ=ਵਾਰਨੇ ਜਾਣਾ।

**ਅਰਥ**-੧.(ਕਾਠ ਨੂੰ) ਲੋਹੇ (ਅਰਥਾਤ ਤੇਸੇ ਆਦਿਕ ਹਥਿਆਰਾਂ) ਨਾਲ ਕੱਟ ਵੱਢਕੇ (ਫਿਰ) ਲੋਹੇ ਨਾਲ ਹੀ ਜੜ ਦਿੰਦੇ ਹਨ। ੨.(ਪਰ ਬ੍ਰਿੱਛ) ਲੋਹੇ ਨੂੰ ਸਿਰ ਪੁਰ ਚਾੜ੍ਹਕੇ ਪਾਣੀ ਵਿਚੋਂ ਤਾਰ ਦਿੰਦਾ ਹੈ, (ਵੈਰੀ ਦਾ ਭਲਾ ਕਰਦਾ ਹੈ)। ੩.ਆਪਣੇ ਪੁਤ੍ਰ (ਅਰਥਾਤ ਬ੍ਰਿੱਛ) ਨੂੰ ਪਾਲਕੇ ਜਲ ਨਹੀਂ ਡੋਬਦਾ। (ਪ੍ਰਸ਼ਨ=ਭਲਾ ਜੀ ਅਗਰ ਨੂੰ ਕਿਉਂ ਡੋਬਦਾ ਹੈ?) ੪.(ਉਤਰ) ਅਗਰ ਨੂੰ ਜਾਣਕੇ ਡੋਬਦਾ ਹੈ (ਮਾਨੋ) ਡੋਬਕੇ ਤਾਰਦਾ ਹੈ (ਭਾਵ ਕੀਮਤ ਵਧਾਉਂਦਾ ਹੈ)। ੫.(ਇਹ) ਗੁਣ ਕਰਨੇ ਪਰ ਗੁਣ ਹੁੰਦਾ ਹੈ (ਇਸ ਪਰ ਸਾਰਾ) ਜਗਤ ਪ੍ਰਤੀਤ ਰਖਦਾ ਹੈ। (ਭਾਵ ਭਲੇ ਨਾਲ ਤਾਂ ਸਭ ਕੋਈ ਭਲਾ ਕਰਦਾ ਹੈ ਪਰੰਤੂ ਜੋ) ੬.ਅਵਗੁਣ ਸਹਾਰਕੇ ਉਪਕਾਰ ਕਰੇ (ਉਸ ਉਪਰੋਂ ਅਸੀਂ) ਬਲਿਹਾਰ ਜਾਂਦੇ ਹਾਂ।

**ਭਾਵ**-"**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥ਆਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁੰਮਿ॥**"(ਸ:ਫਰੀਦ-੭)ਸੰਤ ਲੋਕ ਆਪਣੇ ਵੈਰੀਆਂ ਦੇ ਬੀ ਪੈਰ ਚੁੰਮ ਕੇ ਘਰ ਜਾਂਦੇ ਹਨ, ਜਿਹਾ ਕੁ ਇਕ ਸੰਤ ਦੇ ਸਿਰ ਪੁਰ ਕਿਸੇ ਨੇ ਸਵੇਰ ਦੇ ਵੇਲੇ ਕੂੜੇ ਦੀ ਭਰੀ ਹੋਈ ਬਾਟੀ ਸੁੱਟੀ, ਸੰਤ ਨੇ ਆਪਣਾ ਸਿਰ ਮੂੰਹ ਝਾੜਕੇ ਉਸ ਦਾ ਧੰਨਵਾਦ ਕੀਤਾ ਕਿ ਤੁਸਾਂ ਮੇਰੇ ਸਿਰ ਪੁਰ ਠੰਡੀ ਚੀਜ਼ ਪਾਈ ਹੈ, ਮੇਰੇ ਕਰਮ ਤਾਂ ਅੱਗ ਦੇ ਲਾਇਕ ਸਨ। ਅਗਰ ਨੂੰ ਡੋਬਣ ਤੋਂ ਇਹ ਭਾਵ ਲੈਂਦੇ ਹਨ ਕਿ ਜੋ ਜਗਯਾਸੂ ਚਤੁਸ਼ਟੇ ਸਾਧਨ ਸੰਪਨ ਹੋ ਜਾਂਦੇ ਹਨ ਉਨ੍ਹਾਂ ਨੂੰ ਆਪਣੇ ਵਿਖੇ ਮਿਲਾਕੇ ਬ੍ਰਹਮਾਨੰਦ ਦੀਆਂ ਡੁਬਕੀਆਂ ਲਵਾਉਂਦੇ ਹਨ, ਤਾਂਕਿ ਉਹ ਜੀਵਨ ਮੁਕਤੀ ਦੀ ਕੀਮਤ ਪਾ ਲੈਣ।'ਅਗਰ' ਲਕੜ ਪਾਣੀ ਵਿਚ ਡੁਬਦੀ ਹੈ,ਇਹੋ ਸੁੱਚੇ ਅਗਰ ਦੀ ਪਛਾਣ ਹੈ,ਸੋ ਉਸ ਨੂੰ ਡੋਬਣਾ ਉਸ ਦੀ ਕਦਰ ਪਵਾਉਣੀ ਹੈ।

## ੧੩. (ਹੁਕਮ ਦੇ ਮੰਨਣ ਵਿਖੇ)।

੧. ਮੰਨੈ ਸਤਿਗੁਰ ਹੁਕਮੁ ਹੁਕਮਿ ਮੰਨਾਇਆ।
੨. ਭਾਣਾ ਮੰਨੈ ਹੁਕਮਿ ਗੁਰ ਫੁਰਮਾਇਆ।
੩. ਪਿਰਮ ਪਿਆਲਾ ਪੀਵ ਅਲਖੁ ਲਖਾਇਆ।
੪. ਗੁਰਮੁਖਿ ਅਲਖੁ ਲਖਾਇ ਨ ਅਲਖੁ ਲਖਾਇਆ।
੫. ਗੁਰਮੁਖਿ ਆਪੁ ਗਵਾਇ ਨ ਆਪੁ ਗਣਾਇਆ।
੬. ਗੁਰਮੁਖਿ ਸੁਖ ਫਲੁ ਪਾਇ ਬੀਜ ਫਲਾਇਆ॥੧੩॥

**ਪਦਾਰਥ**-(ਪਿਰਮ ਪਿਆਲਾ=ਪ੍ਰੇਮ ਦਾ ਪਿਆਲਾ।

**ਅਰਥ**-੧.(ਜੋ) ਸਤਿਗੁਰੂ ਦਾ ਹੁਕਮ ਮੰਨਦਾ ਹੈ, (ਉਸ ਨੇ) ਆਪਣਾ ਹੁਕਮ ਮਨਾਇਆ ਹੈ, (ਜਿਹਾ ਕੁ ਸ੍ਰੀ ਗੁਰੂ ਅੰਗਦ ਜੀ ਨੇ ਟਹਿਲੋਂ ਮਹਿਲ ਪਾ ਲੀਤਾ ਹੈ, ਤਿਹਾ ਹੀ ਸਰਬ ਸ਼ਿਰੋਮਣੀ ਗੁਰੂ ਹੁੰਦਾ ਹੈ)। ੨.(ਗੁਰੂ ਦਾ ਹੁਕਮ ਕੀ ਹੈ?) ਗੁਰੂ (ਇਹ ਹੁਕਮ) ਫੁਰਮਾਉਂਦੇ ਹਨ ਕਿ ਪਰਮੇਸ਼ਰ ਦਾ ਭਾਣਾ ਮੰਨਣਾ ਜੋਗ ਹੈ। ੩.(ਸੋ ਜਿਨ੍ਹਾਂ ਭਾਣਾ ਮੰਨਿਆ ਹੈ) ਓਹ ਪ੍ਰੇਮ ਦਾ ਪਿਆਲਾ ਪੀਕੇ ਅਲਖ (ਅਰਥਾਤ ਜੋ ਮਨ ਬਾਣੀ ਥੋਂ ਪਰੇ ਵਾਹਿਗੁਰੂ ਹੈ ਉਸਨੂੰ) ਲਖ ਲੈਂਦੇ ਹਨ। ੪.ਗੁਰਮੁਖ ਲੋਕ ਅਲਖ ਨੂੰ ਲਖਕੇ ਅਲਖ ਨੂੰ ਲਖਾਉਂਦੇ ਨਹੀਂ (ਕਿ ਅਸਾਂ ਪਾ ਲਿਆ ਹੈ :-"**ਕਾਂਏ ਰੇ ਬਕਬਾਦੁ ਲਾਇਓ ॥ ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥**" (ਟੋਡੀ: ਨਾਮ-੧) ਪੁਨਾ:"**ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ**") (ਗਉ ਕਬੀਰ) .੫.ਗੁਰਮੁਖ ਆਪਾ ਭਾਵ ਗਵਾਕੇ ਆਪਣਾ ਆਪ ਪ੍ਰਗਟ ਨਹੀਂ ਕਰਦੇ (**ਜਿਨ੍ ਪਟ ਅੰਦਰਿ ਬਾਹਰਿ ਗੁਦੜੁ ਤੇ**

ਭਲੇ ਸੰਸਾਰੁ")। (ਆਸਾ: ਵਾਰ-੨੦) ੬.ਗੁਰਮੁਖਾਂ ਨੇ ਸੁਖੈਨ ਹੀ ਫਲ ਪਾਕੇ ਬੀਜ ਨੂੰ ਫਲੀਭੂਤ ਕੀਤਾ ਹੈ, (ਅਰਥਾਤ ਕਈ ਹਜ਼ਾਰ ਗੁਣਾ ਹੋਕੇ ਨਾਮ ਦਾ ਬੀਜ ਫੈਲਾ ਦਿੱਤਾ ਹੈ)।

## ੧੪. (ਚੇਲੇ ਦੇ ਪ੍ਰੇਮ ਵਿਖੇ)।

੧. ਸਤਿਗੁਰ ਦਰਸਨੁ ਦੇਖਿ ਧਿਆਨੁ ਧਰਾਇਆ।
੨. ਸਤਿਗੁਰ ਸਬਦ ਵੀਚਾਰਿ ਗਿਆਨੁ ਕਮਾਇਆ।
੩. ਚਰਣ ਕਵਲ ਗੁਰ ਮੰਤੁ ਚਿਤਿ ਵਸਾਇਆ।
੪. ਸਤਿਗੁਰ ਸੇਵ ਕਮਾਇ ਸੇਵ ਕਰਾਇਆ।
੫. ਗੁਰ ਚੇਲਾ ਪਰਚਾਇ ਜਗ ਪਰਚਾਇਆ।
੬. ਗੁਰਮੁਖਿ ਪੰਥੁ ਚਲਾਇ ਨਿਜ ਘਰਿ ਛਾਇਆ॥੧੪॥

**ਪਦਾਰਥ**-(ਪਰਚਾਇ=ਪ੍ਰੀਤ ਕਰਨੀ। ਛਾਇਆ=ਸਥਿਤ ਹੋਣਾ।

**ਅਰਥ**-੧.ਸਤਿਗੁਰਾਂ ਦਾ ਦਰਸ਼ਨ (ਨੇਤ੍ਰਾਂ ਨਾਲ) ਦੇਖ ਕੇ (ਮਨ ਵਿਖੇ ਚੇਲਾ) ਧ੍ਯਾਨ ਧਾਰਦਾ ਹੈ (ਭਾਵ ਸਾਰੇ ਸਤਿਗੁਰੂ ਨੂੰ ਪੂਰਣ ਜਾਣਦਾ ਹੈ)। ੨.ਸਤਿਗੁਰਾਂ ਦੇ ਸ਼ਬਦ ਨੂੰ ਵੀਚਾਰਕੇ ਗਿਆਨ ਦਾ ਅਭ੍ਯਾਸ ਕਰਦਾ ਹੈ (ਭਾਵ ਨਿਧ੍ਯਾਸਨ ਕਰਦਾ ਹੈ)। ੩.ਸਤਿਗੁਰੂ ਦੇ ਚਰਣ ਕਮਲ ਅਰ ਮੰਤ੍ਰ ਨੂੰ ਚਿੱਤ ਵਿਖੇ ਵਸਾਯਾ ਹੈ, (ਭਾਵ ਕਦੇ ਤਿਆਗ ਨਹੀਂ ਕਰਦਾ। ਫਲ ਕੀ ਹੈ ?)। ੪.ਸਤਿਗੁਰੂ ਜੀ ਦੀ ਸੇਵਾ ਕਮਾਕੇ ਆਪਣੀ ਸੇਵਾ ਕਰਾਉਂਦਾ ਹੈ(ਭਾਵ ਗੁਰੂ ਰੂਪ ਹੋ ਜਾਂਦਾ ਹੈ)। (ਸੇਵਾ ਦਾ ਰੂਪ ਕੀ ਹੈ ?) ੫.ਗੁਰੂ ਨੂੰ ਚੇਲਾ ਪ੍ਰਸੰਨ ਕਰਕੇ ਜਗਤ ਨੂੰ ਪਰਚਾਉਂਦਾ (ਅਰਥਾਤ ਪ੍ਰਸੰਨ ਕਰਦਾ ਹੈ)। (ਹੋਰ ਕੀ ਹੁੰਦਾ ਹੈ ?) ੬.ਗੁਰਮੁਖ ਦਾ ਪੰਥ ਚਲਾਕੇ ਆਪ ਨਿਜ ਘਰ (ਕਹੀਏ ਸ੍ਵੈ-ਸਰੂਪ) ਵਿਖੇ ਛਾਇ ਜਾਂਦਾ ਹੈ, (ਭਾਵ ਜੀਵਨ ਮੁਕਤ ਹੋ ਜਾਂਦਾ ਹੈ)।

## ੧੫. (ਜੋਗ ਦੀ ਜੁਗਤੀ ਵਿਖੇ)।

੧. ਜੋਗ ਜੁਗਤਿ ਗੁਰ ਸਿਖ ਗੁਰ ਸਮਝਾਇਆ।
੨. ਆਸਾ ਵਿਚਿ ਨਿਰਾਸੁ ਨਿਰਾਸੁ ਵਲਾਇਆ।
੩. ਥੋੜਾ ਪਾਣੀ ਅੰਨੁ ਖਾਇ ਪੀਆਇਆ।
੪. ਥੋੜਾ ਬੋਲਣ ਬੋਲ ਨ ਝਖਿ ਝਖਾਇਆ।
੫. ਥੋੜੀ ਰਾਤੀ ਨੀਦ ਲ ਮੋਹਿ ਫਹਾਇਆ।
੬. ਸੁਹਣੇ ਅੰਦਰਿ ਜਾਇ ਨ ਲੋਭ ਲੁਭਾਇਆ॥੧੫॥

**ਪਦਾਰਥ**-(ਵਲਾਇਆ=ਸਮਾ ਬਿਤੀਤ ਕਰਨਾ। ਝਖਿ=ਝਖਾਂ ਮਾਰਨੀਆਂ, ਖਿਰਥਾ ਬਕਨਾ। (ਸੁਹਣੇ=ਸੁਪਨਾ।

**ਅਰਥ**-੧.ਗੁਰੂ ਦੇ ਸਿੱਖਾ ਨੂੰ ਜੋਗ ਦੀ ਜੁਗਤੀ ਗੁਰੂ ਜੀ ਨੇ ਸਮਝਾਈ ਹੈ (ਉਹ ਇਹ ਏ:-) ੨.ਆਸਾ ਦੇ ਵਿਚ ਨਿਰਾਸ ਰਹਿਕੇ ਨਿਰਾਸਤਾ ਵਿਚ ਹੀ ਸਮਾਂ ਬਿਤੀਤ ਕਰਦੇ ਹਨ। ੩.ਥੋੜਾ ਅੰਨ ਖਾਂਦੇ ਅਤੇ ਥੋੜਾ ਪਾਣੀ ਪੀਂਦੇ ਹਨ (ਕਿਉਂ ਜੋ ਬਾਹਲਾ ਪੇਟੂ ਬਣਨ ਨਾਲ ਭਜਨ ਘੱਟ ਹੁੰਦਾ ਹੈ, ਜਿਹਾ ਕੁ, "**ਅੰਨ ਪਾਣੀ ਥੋੜਾ ਖਾਇਆ**") ੪.ਥੋੜਾ ਬੋਲ ਬੋਲਦੇ ਹਨ, ਵਾਧੂ ਬਕਵਾਸ ਨਹੀਂ ਕਰਦੇ। ੫.ਰਾਤ ਨੂੰ ਨੀਂਦ ਬੀ ਥੋੜੀ ਕਰਦੇ ਹਨ ਤੇ ('ਮੋਹ' ਕਹੀਏ) ਅਗ੍ਯਾਨ ਵਿਖੇ ਫਸਦੇ ਨਹੀਂ ਹਨ (ਭਾਵ ਵਿਸ਼ਿਆਂ

ਥੋਂ ਉਬਪਰਾਮ ਰਹਿੰਦੇ ਹਨ)। ੬.ਸੁਪਨ (ਅਵਸਥਾ) ਵਿਖੇ ਜਾਕੇ ਬੀ ਲੋਭ ਵਿਖੇ ਲੁਭਾਇਮਾਨ ਨਹੀਂ ਹੁੰਦੇ; (ਉਹਨਾਂ ਦਾ ਸੁਪਨ ਵਿਖੇ ਬੀ ਸ਼ਬਦ ਜਾਂ ਸਤਿਸੰਗ ਵੱਲ ਹੀ ਚਿੱਤ ਲੱਗਾ ਰਹਿੰਦਾ ਹੈ ਅਥਵਾ 'ਸੋਹਣੇ' ਕਹੀਏ ਸੁੰਦਰ ਪਦਾਰਥ ਵਿਖੇ ਜਾਂ ਪਰ ਨਾਰੀਆਂ ਵਿਖੇ ਜਾ ਕੇ ਬੀ ਬਚੇ ਰਹਿੰਦੇ ਹਨ, ਮੋਹ ਵਿਖੇ ਨਹੀਂ ਫਸਦੇ)।

**ਭਾਵ**- ਜੋਗ ਦੀ ਜੁਗਤ ਜੋ ਪਹਿਲੀ ਤੁਕ ਵਿਚ ਕਹੀ ਸੀ ਉਸ ਦਾ ਰੂਪ ਅਗਲੀ ਪੌੜੀ ਵਿਚ ਹੈ।

## ੧੬. (ਓਹੋ ਹੀ)।

੧. ਮੁੰਦ੍ਰਾ ਗੁਰ ਉਪਦੇਸੁ ਮੰਤ੍ਰ ਸੁਣਾਇਆ।
੨. ਖਿੰਥਾ ਖਿਮਾ ਸਿਵਾਇ ਝੋਲੀ ਪਤਿ ਮਾਇਆ।
੩. ਪੈਰੀ ਪੈ ਪਾਖਾਕ ਬਿਭੂਤ ਬਣਾਇਆ।
੪. ਪਿਰਮ ਪਿਆਲਾ ਪਤ ਭੋਜਨ ਭਾਇਆ।
੫. ਡੰਡਾ ਗਿਆਨ ਵਿਚਾਰੁ ਦੂਤ ਸਿਧਾਇਆ।
੬. ਸਹਜ ਗੁਫਾ ਸਤਸੰਗ ਸਮਾਧ ਸਮਾਇਆ ॥੧੬॥

**ਪਦਾਰਥ**-(ਮੁੰਦ੍ਰਾ=ਕੰਨ ਦੀਆਂ ਮੁੰਦ੍ਰਾਂ। ਖਿੰਥਾ=ਖਫਨੀ। ਪਤ=ਭਾਵ ਗਿਆਨ। (ਸਿਧਾਇਆ=ਸਿੱਧ ਕੀਤੇ, ਵੱਸ ਕੀਤੇ। ਗੁਫਾ=ਏਕਾਂਤ, ਕੁੰਜ ਵਾਸ।

**ਅਰਥ**-੧.(ਜੋਗੀ ਦੀਆਂ) ਮੁੰਦਰਾਂ (ਕਿਹੜੀਆਂ ਹਨ?) ਗੁਰੂ ਨੇ (ਜੋ ਆਪਣੇ) ਉਪਦੇਸ਼ ਦਾ ਮੰਤ੍ਰ ਸੁਣਾਇਆ ਹੈ (ਇਹੋ ਉਨ੍ਹਾਂ ਦੀਆਂ ਮੁੰਦਰਾਂ ਹਨ, ਭਾਵ ਗੁਰੂ ਦਾ ਸ਼ਬਦ ਕੀਰਤਨ ਵੱਡੇ ਪ੍ਰੇਮ ਨਾਲ ਸ਼੍ਰਵਣ ਕਰਦੇ ਹਨ)। ੨.ਖਿਮਾਂ ਦੀ ਖਿੰਥਾ (ਖਫਨੀ) ਸਿਵਾਕੇ (ਗਲ ਪਾਈ ਹੈ ਅਰ ਪਤ ਕਹੀਏ ਪਰਮਾਰਥ) ਦੀ ਇੱਜ਼ਤ ਜੋ ਮਾਇਆ ਵਿਖੇ ਬਣੀ ਰਹਿਣੀ ਹੈ ਏਹੋ ਝੋਲੀ ਹੈ। ੩.(ਸਭ ਦੇ) ਪੈਰਾਂ ਦੀ ਧੂੜ ਹੋਕੇ ਜੋ ਪੈਰੀਂ ਪੈਂਦੇ ਹਨ (ਏਹੋ ਉਨ੍ਹਾਂ ਗੁਰੂ ਦੇ ਸਿੱਖਾਂ ਦੀ) ਬਿਭੂਤ ਹੈ (ਹੋਰ ਸੁਆਹ ਪਿੰਡੇ ਪੁਰ ਨਹੀਂ ਮਲਦੇ। ੪.ਪ੍ਰੇਮ ਦਾ ਪਿਆਲਾ ਰਖਦੇ ਹਨ (ਅਰ 'ਪਤ' ਕਹੀਏ) ਗਿਆਨ ਦਾ ਭੋਜਨ ਭਾਉਂਦਾ ਹੈ। ੫.ਗਿਆਨ ਦਾ ਵਿਚਾਰ (ਕਰਦੇ ਰਹਿੰਦੇ ਹਨ ਏਹੋ) ਡੰਡਾ (ਹੱਥ ਵਿਖੇ ਰਖਦੇ ਹਨ ਇਸੇ ਕਰਕੇ) "ਦੂਤ" (ਕਾਮਾਦਿਕਾਂ ਨੂੰ) ਵੱਸ ਵਿਖੇ ਰਖਦੇ ਹਨ (ਕਿਉਂ ਜੋ ਦੋਖ ਦ੍ਰਿਸ਼ਟੀ ਦਾ ਵਿਚਾਰ ਰਖਦੇ ਹਨ)। ੬.ਸ਼ਾਂਤੀ ਦੀ ਗੁਫ਼ਾ ਬਣਾਈ ਹੈ (ਤੇ) ਸਤਿਸੰਗ ਦੀ ਸਮਾਧੀ ਵਿਖੇ ਸਮਾਉਂਦੇ ਹਨ।

**ਭਾਵ**-ਸਤਿਸੰਗ ਵਿਚ ਕਥਾ ਕੀਰਤਨ ਵਿਖੇ ਮਗਨ ਰਹਿੰਦੇ ਹਨ-"**ਮੰਤ੍ਰ ਮਿਲੈ ਕਿਛੁ ਸੁਨੀਐ ਕਹੀਐ ॥ ਮਿਲੈ ਅਸੰਭੁ ਮਸਟਿ ਕਰਿ ਰਹੀਐ ॥**"(ਗੌਂਡ:ਕਬੀਰ-੧) ਪੁਨਾ :"**ਸਾਧ ਸੰਗਤਿ ਕੀ ਭੀਰ ਤਉ ਪਾਈ ਮਉ ਨਾਨਕ ਹਰਿ ਸੰਗਿ ਮਿਰੀਆ ॥**" (ਸਾਰੰ:ਮ:੫:ਦੁਪਦੇ:੧) ਅਰਥਾਤ ਸਤਿਸੰਗ ਦੇ ਮਿਲਾਪ ਵਿਖੇ ਹੀ ਮਿਲਾਪ ਹੁੰਦਾ ਹੈ। ਅੱਗੇ ਬੀ ਜੁਗਤ ਦਾ ਹੀ ਵਿਚਾਰ ਚਲਦਾ ਹੈ।

## ੧੭. (ਓਹੋ ਹੀ)।

੧. ਸਿੰਙੀ ਸੁਰਤਿ ਵਿਸੇਖੁ ਸਬਦੁ ਵਜਾਇਆ।
੨. ਗੁਰਮੁਖਿ ਆਈ ਪੰਥੁ ਨਿਜਘਰੁ ਪਾਇਆ।
੩. ਆਦਿ ਪੁਰਖੁ ਆਦੇਸੁ ਅਲਖੁ ਲਖਾਇਆ।
੪. ਗੁਰ ਚੇਲੇ ਰਹਰਾਸਿ ਮਨੁ ਪਰਚਾਇਆ।
੫. ਵੀਹ ਇਕੀਹ ਚੜ੍ਹਾਇ ਸਬਦੁ ਮਿਲਾਇਆ ॥੧੭॥

**ਪਦਾਰਥ**-(ਸਿੰਙੀ=ਜੋਗੀਆਂ ਦਾ ਧੂਤਾ ਜਿਹਾ। ਆਈ ਪੰਥ=ਵਿਸ਼ੇਖ ਪੰਥ।)

**ਅਰਥ**-੧.(ਜੋਗੀ ਸਿੰਙੀ ਵਜਾਉਂਦੇ ਹਨ ਗੁਰਮੁਖਾਂ ਦੀ 'ਸੁਰਤ' ਕਹੀਏ) ਭਗਵੰਤ ਗਿਆਤ ਦੀ ਸਿੰਙੀ

ਹੈ, ਸ਼ਬਦ (ਦਾ ਜੋ ਉਚਾਰ ਕਰਦੇ ਹਨ ਏਹੋ ਉਸਦਾ) ਵਿਸ਼ੇਖ ਵਾਜਾ (ਭਾਵ ਸ਼ਬਦ) ਹੈ ੨.(ਪੁਨਾ) ਗੁਰਮੁਖਾਂ (ਦਾ ਮੇਲ ਹੀ ਉਨ੍ਹਾਂ ਦਾ) ਆਈ ਪੰਥ ਹੈ ਭਾਵ ਮਾਇਆ ਵਿਚ ਸਰੂਪ ਨੂੰ ਪਰਾਪਤ ਹੁੰਦੇ ਹਨ, 'ਨਿਜ ਘਰ') ਹਿਰਦੇ ਵਿਚੋਂ ਹੀ (ਈਸ਼ੁਰ ਨੂੰ) ਲੱਭਦੇ ਹਨ (ਭਾਵ ਜੋਗੀਆਂ ਵਾਕੂੰ ਬਾਹਰ ਨਹੀਂ ਭਟਕਦੇ- **"ਬਾਹਰਿ ਢੂਢਨ ਤੇ ਛੂਟਿ ਪਰੇ ਗੁਰ ਘਰਿ ਹੀ ਮਾਹਿ ਦਿਖਾਇਆ ਥਾ ॥"**) (ਮਾਰੂ: ਮ:੫) ੩.ਆਦਿ ਪੁਰਖ ਨੂੰ ਹੀ ਨਮਸ਼ਕਾਰ ਕਰਦੇ ਹਨ (ਇਸ ਦਾ ਫਲ) ਅਲਖ (ਵਸਤੂ) ਨੂੰ ਲਖ ਲੈਂਦੇ ਹਨ। ੪.ਗੁਰੂ ਨੇ ਚੇਲੇ ਦਾ ਮਨ ਸੱਚੇ ਰਸਤੇ ਪਰ ਪਰਚਾ ਦਿੱਤਾ ਹੈ। ੫.ਇਸ ਕਰਕੇ ਵੀਹ ਇਕੀਹ (ਤੁਰੀਆ ਦੀ ਰੰਗਣ) ਚੜ੍ਹ ਗਈ ਹੈ, (ਉਹ ਕੀ ਹੈ?) 'ਸ਼ਬਦ ਦਾ ਮਿਲਾਪ ਹੋ ਗਿਆ ਹੈ।'

**ਭਾਵ**-ਬ੍ਰਹਮ ਵਿਖੇ ਅਭੇਦ ਹੋ ਗਏ ਹਨ-**"ਜਿਉ ਜਲੁ ਮਹਿ ਜਲੁ ਆਇ ਖਟਾਨਾ ॥ਤਿਉ ਜੋਤੀ ਸੰਗਿ ਜੋਤਿ ਸਮਾਨਾ ॥"** (ਸੁਖਮਨੀ-੧੧)

## ੧੮. (ਚਉਪੜਿ ਦੀ ਬਾਜ਼ੀ)।

੧. ਗੁਰ ਸਿਖ ਸੁਣਿ ਗੁਰ ਸਿਖ ਸਿਖ ਸਦਾਇਆ।
੨. ਗੁਰ ਸਿਖੀ ਗੁਰ ਸਿਖ ਸਿਖ ਸੁਣਾਇਆ।
੩. ਗੁਰ ਸਿਖ ਸੁਣਿ ਕਰਿ ਭਾਉ ਮੰਨਿ ਵਸਾਇਆ।
੪. ਗੁਰ ਸਿਖਾ ਗੁਰ ਸਿਖ ਗੁਰ ਸਿਖ ਭਾਇਆ।
੫. ਗੁਰ ਸਿਖ ਗੁਰ ਸਿਖ ਸੰਗ ਮੇਲ ਮਿਲਾਇਆ।
੬. ਚਉਪੜਿ ਸੋਲਹ ਸਾਰ ਜੁਗ ਜਿਣਿ ਆਇਆ ॥੧੮॥

**ਪਦਾਰਥ**-(ਸੋਲਹ ਸਾਰ=ਸੋਲਾਂ ਨਰਦਾਂ। ਜੁਗ=ਜੋਟਾ, ਭਾਵ ਗੁਰੂ ਤੇ ਸਿਖ।

**ਅਰਥ**-੧.ਗੁਰੂ ਦੀ 'ਸਿਖਯਾ' (ਉਪਦੇਸ਼) ਨੂੰ ਸੁਣਕੇ ਗੁਰੂ ਦੇ ਸਿਖਾਂ ਨੇ (ਆਪ ਨੂੰ) ਸਿਖ ਸਦਾਇਆ (ਭਾਵ ਨਿੰਮ੍ਰੀ ਭੂਤ ਹੋਏ)। ੨.(ਫੇਰ) ਗੁਰ ਸਿਖੀ ਨੂੰ ਗੁਰੂ ਪਾਸੋਂ ਸਿਖਕੇ ਹੋਰ ਸਿਖਾਂ ਨੂੰ ਅਗੇ ਸੁਣਾਇਆ (ਭਾਵ ਦੀਵਾ ਜਗਾਕੇ ਪੜੋਪੇ ਹੇਠ ਨਹੀਂ ਲੁਕਾਇਆ, ਲੋਕਾਂ ਨੂੰ ਚਾਨਣ ਕੀਤਾ)। ੩.ਗੁਰ ਸਿਖਾਂ ਨੇ ਪ੍ਰੇਮ ਕਰਕੇ ਸੁਣਿਆ ਅਤੇ ਮਨ ਵਿਖੇ ਨਿੱਧਯਾਸਨ ਕਰ ਲੀਤਾ (ਉਹ ਕੀ ਹੈ?) ੪.ਗੁਰੂ ਦੇ ਸਿਖਾਂ ਨੂੰ ਗੁਰ ਸਿਖਾਂ ਦਾ (ਤੇ ਪਰਮੇਸਰ ਦਾ ) ਭਾਣਾ ਚੰਗਾ ਲੱਗਾ ਹੈ। ੫.(ਉਹਨਾਂ) ਗੁਰ ਸਿਖਾਂ ਨੇ ਗੁਰੂ ਦੇ ਸਿਖਾਂ ਨਾਲ ਮੇਲ ਮਿਲਾਇਆ (ਭਾਵ ਸਾਕ ਸਨਬੰਧ ਉਹਨਾਂ ਵਿਖੇ ਹੀ ਕਰਦੇ ਹਨ, ਹੋਰ ਗ਼ੈਰ ਕੌਮਾਂ ਸਰਵਰੀਆਂ ਆਦਿਕਾਂ ਵਿਖੇ ਨਹੀਂ ਧੱਕੇ ਖਾਂਦੇ)। (ਫਲ ਕੀ ਹੈ?) ੬.ਸੋਲਾਂ ਨਰਦਾਂ ਵਾਲੀ ਚਉਪੜ (ਦੀ ਬਾਜ਼ੀ) ਨੂੰ (ਜੁਗ ਕਹੀਏ) ਜੋਟਾ (ਗੁਰ ਸਿਖ, ਵਕਤਾ ਅਤੇ ਸ਼੍ਰੋਤਾ ਹੀ) ਜਿਤਕੇ (ਘਰ) ਆਉਂਦਾ ਹੈ।

**ਭਾਵ**-ਇਕ ਵਰਣ ਵਿਖੇ ਚਾਰ ਚਾਰ ਆਸ਼੍ਰਮ ਹਨ, ਇਹੋ ਸੋਲਾਂ ਨਰਦਾਂ ਵਾਲਾ ਜਗਤ ਰੂਪ ਚਉਪੜ ਦੀ ਬਾਜੀ ਹੈ, ਇਸ ਨੂੰ ਜੋੜਾ ਹੀ ਜਿੱਤਦਾ ਹੈ, ਗੱਲ ਕੀ ਜੋ ਆਪ ਵਿਖੇ ਮੇਲ ਰੱਖਦੇ ਹਨ ਅਰ ਪ੍ਰੀਤ ਨਾਲ ਕਥਾ ਕੀਰਤਨ ਸੁਣਦੇ ਹਨ ਜਨਮ ਮਰਨ ਥੋਂ ਛੁਟ ਜਾਂਦੇ ਹਨ, ਨਹੀਂ ਤਾਂ ਫੇਰ ਚਉਰਾਸੀ ਘਰ ਨਰਦ ਵਾਸਤੇ ਤਿਆਰ ਹਨ। ਜਿਹਾ ਕੁ ਇਕ ਕਵੀ ਦਾ ਵਾਕ ਹੈ। ਦੋਹਾ="ਸਾਰੀ ਚੌਰਾਸੀ ਭੂਮੀ ਪਗ ਪਰ ਅਟਕੀ ਆਇ ॥ਜਉ ਪਗ ਪਰੇ ਤਾਂ ਉਬਰੇ ਨਹੀਂ ਫਿਰ ਚੌਰਾਸੀ ਖਾਇ ॥"ਜੇ ਕਰ ਨਰਦ ਪੁਰ ਪਉਆ ਪੈ ਜਾਵੇ ਤਾਂ ਬਚ ਰਹਿੰਦੀ ਹੈ। ਅੰਤ੍ਰੀਵ- ਜੇਕਰ ਜੀਵ ਰੂਪੀ ਨਰਦ ਸਾਧ ਸੰਗਤ ਦੀ ਪੈਰੀਂ ਪੈ ਜਾਵੇ ਤਾਂ ਬਚੇਗੀ ਨਹੀਂ ਤਾਂ ਫੇਰ ਚਉਰਾਸੀ ਰੂਪ ਜੂਨੀਆਂ ਦੀ ਫਾਸੀ ਵਿਖੇ ਫਿਰੂ।

ਅਗੇ ਸ਼ਤਰੰਜ ਦੀ ਖੇਲ ਆਰੰਭਦੇ ਹਨ :-


www.sikhbookclub.com

## ੧੯. (ਸ਼ਤਰੰਜ ਦੀ ਖੇਲ)।

੧. ਸ਼ਤਰੰਜ ਬਾਜੀ ਖੇਲੁ ਬਿਸਾਤਿ ਬਣਾਇਆ।
੨. ਹਾਥੀ ਘੋੜੇ ਰਥ ਪਿਆਦੇ ਆਇਆ।
੩. ਹੁਇ ਪਾਤਿਸਾਹੁ ਵਜੀਰ ਦੁਇ ਦਲ ਛਾਇਆ।
੪. ਹੋਇ ਗਡਾਵਡਿ ਜੋਧਿ ਜੁਧੁ ਮਚਾਇਆ।
੫. ਗੁਰਮੁਖਿ ਚਾਲ ਚਲਾਇ ਹਾਲ ਪੁਜਾਇਆ।
੬. ਪਾਇਕ ਹੋਇ ਵਜੀਰੁ ਗੁਰਿ ਪਹੁੰਚਾਇਆ॥੧੯॥

**ਪਦਾਰਥ**-(ਬਿਸਾਤਿ=ਸਮੱਗ੍ਰੀ, ਚੌਕ। ਗੜਾਵੜਿ=ਆਪੋ ਵਿਚ ਖਹਿਕੇ।ਪਾਇਕ=ਦਾਸ, ਪਿਆਦਾ।

**ਅਰਥ**-੧.ਸ਼ਤਰੰਜ ਦੀ ਬਾਜ਼ੀ ਦੀ ਖੇਡ ਦਾ ('ਖਿਸਾਤ') ਚੌਕ ਅਥਵਾ ਕਪੜਾ (ਸਮੱਗ੍ਰੀ) (ਈਸ਼੍ਵਰ ਨੇ) ਰਚੀ ਹੈ।੨.(ਉਸ ਵਿਖੇ)'ਹਾਥੀ' (ਗਿਆਨੀ) 'ਘੋੜੇ' (ਕਰਮ ਕਾਂਡੀ) 'ਰਥ' (ਉਪਾਸ਼ਨਾ ਵਾਲੇ), ਪਿਆਦੇ (ਜਗਯਾਸੂ) ਆਏ ਹਨ। ੩.ਪਾਤਸ਼ਾਹ ('ਵਾਹਿਗੁਰੂ ਹੈ') ਵਜ਼ੀਰ (ਸਤਿਗੁਰੂ ਹਨ) ਦੋ ਫੌਜਾਂ (ਗੁਰਮੁਖਾਂ ਦੀਆਂ) ਸਜ ਰਹੀਆਂ ਹਨ (ਭਾਵ ਕੋਈ ਪਰਵਿਰਤ ਤੇ ਕੋਈ ਨਿਰਵਿਰਤ ਦੇ ਕੰਮ ਕਰਦਾ ਹੈ)। ੪.ਆਪੋ ਵਿਚ ਜੋਧੇ ਖਹਿਕੇ ਘਮਸਾਨ ਕਰਦੇ ਹਨ (ਗਲ ਕੀ ਇਕ ਦੂਜੇ ਥੋਂ ਅੱਗੇ ਵਧਣ ਦਾ ਉਪਾਵ ਕਰਦੇ ਹਨ)। ੫.ਪਰੰਤੂ (ਸਭਨਾਂ ਸੂਰਮਿਆਂ ਵਿਚੋਂ) ਗੁਰਮੁਖਾਂ ਨੇ ਆਪਣੀ ('ਚਾਲ') ਸਿੱਕਾ ਤੋਰਦੇ 'ਹਾਲ' (ਵਰਤਮਾਨ ਦੀ ਮਨੁਖਾ ਦੇਹ) ਨੂੰ ਸਫਲ ਕਰ ਲੀਤਾ ਹੈ, (ਪਰਕਾਰ ਅੱਗੇ ਦੱਸਦੇ ਹਨ):-੬.ਵਜ਼ੀਰ (ਗੁਰੂ) ਦੇ ਜੇਹੜੇ (ਪਾਇਕ ਕਹੀਏ ਪਿਆਦੇ ਅਥਵਾ) ਦਾਸ ਹੋਏ ਹਨ ਉਹਨਾਂ ਨੂੰ) ਗੁਰੂ ਨੇ ਅਕਾਲ ਪੁਰਖ ਨਾਲ ਮੇਲ ਕਰਾ ਦਿਤਾ ਹੈ, (ਕਿਉਂ ਜੋ ਵਜੀਰ ਬਾਝ ਪਾਤਸ਼ਾਹ ਦਾ ਮੇਲ ਕਠਨ ਹੈ, ਇਸ ਲਈ ਪੰਚਮ ਗੁਰੂ ਗੁਰ ਅਰਜਨ ਦੇਵ ਜੀ ਦੀ ਸ਼ਰਨ ਬਾਝ ਈਸ਼੍ਵਰ ਦੀ ਪ੍ਰਾਪਤੀ ਔਖੀ ਹੈ)।

**ਭਾਵ**-ਸ਼ਤਰੰਜ ਵਿਚ ਪਯਾਦਾ ਟੁਰਦਾ ਟੁਰਦਾ ਜੇ ਵਜ਼ੀਰ ਦੇ ਘਰ ਵਿਚ ਪਹੁੰਚੇ ਤਾਂ ਵਜ਼ੀਰ ਹੋ ਜਾਂਦਾ ਹੈ।ਤਿਵੇਂ ਦਾਸ ਭਾਵ ਵਾਲਾ ਸਿਖ ਆਸੁਰੀ ਸੰਪਦਾ ਨੂੰ ਮਾਰਦਾ ਮਾਰਦਾ ਗੁਰਮੁਖ ਹੋ ਜਾਂਦਾ ਹੈ।

## ੨੦. (ਭੈ ਦੇ ਵਿਖੇ)।

੧. ਭੈ ਵਿਚਿ ਨਿਮਣਿ ਨਿਮਿ ਭੈ ਵਿਚਿ ਜਾਇਆ।
੨. ਭੈ ਵਿਚਿ ਗੁਰਮੁਖਿ ਪੰਥਿ ਸਰਣੀ ਆਇਆ।
੩. ਭੈ ਵਿਚਿ ਸੰਗਤਿ ਸਾਧ ਸਬਦੁ ਕਮਾਇਆ।
੪. ਭੈ ਵਿਚਿ ਜੀਵਨੁ ਮੁਕਤਿ ਭਾਣਾ ਭਾਇਆ।
੫. ਭੈ ਵਿਚਿ ਜਨਮੁ ਸਵਾਰਿ ਸਹਜਿ ਸਮਾਇਆ।
੬. ਭੈ ਵਿਚਿ ਨਿਜਿ ਘਰਿ ਜਾਇ ਪੂਰਾ ਪਾਇਆ॥੨੦॥

**ਅਰਥ**-੧.(ਈਸ਼੍ਵਰ ਦੇ) ਡਰ ਵਿਖੇ ਜੀਵ (ਗਰਭ ਵਿਖੇ 'ਨਿਮਦਾ'=) ਟਿਕਦਾ ਹੈ, ਅਰ ਭੈ ਵਿਚ ਹੀ ਜਮਦਾ ਹੈ। ੨.(ਫੇਰ) ਭੈ ਵਿਚ ਹੀ ਗੁਰਮੁਖਾਂ ਦੇ ਪੰਥ ਵਿਚ ਆਕੇ ਵਾਹਿਗੁਰੂ ਦੀ ਸ਼ਰਣ ਪੈਂਦਾ ਹੈ। ੩.ਭੈ ਵਿਚ ਹੀ ਜੀਵ ਸਾਧ ਸੰਗਤ ਵਿਚ ਸ਼ਬਦ ਦਾ ਅਭਯਾਸ ਕਰਦਾ ਹੈ। ੪.ਭੈ ਵਿਚ ਹੀ ਜੀਵਨ ਮੁਕਤ ਹੁੰਦਾ ਹੈ, (ਅਰ ਅਕਾਲ ਪੁਰਖ ਦਾ) ਭਾਣਾ ਮਿੱਠਾ ਲਗਦਾ ਹੈ। ੫.ਭੈ ਵਿਚ ਹੀ ਜਨਮ ਸਵਾਰਕੇ ਸ਼ਾਂਤਿ ਪਦ (ਅਥਵਾ ਸਰੂਪ) ਵਿਖੇ ਸਮਾਉਂਦਾ ਹੈ। ੬.ਭੈ ਵਿਚਿ ਹੀ ਨਿਜ ਘਰ ਵਿਖੇ ਜਾਕੇ ਪੂਰਣ (ਅਕਾਲ ਪੁਰਖ ਦਾ ਦਰਸ਼ਨ) ਪਾਉਂਦਾ ਹੈ।

 www.sikhbookclub.com

**ਭਾਵ**-ਉਸਦੀ ਪੁਰੀ ਸੱਚਖੰਡ ਵਿਖੇ ਨਿਵਾਸ ਕਰਦਾ ਹੈ। "**ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥**" (ਆਸਾ:ਵਾਰ-੪) ਇਥੇ ਭੈ ਦਾ ਅਰਥ ਵਾਹਿਗੁਰੂ ਦੇ ਰਚੇ ਨਿਯਮ ਹਨ। ਨਿਯਮੋਂ ਬਾਹਰ ਖੁਨਾਮੀਆਂ ਹਨ, ਨਿਯਮ ਸਭ ਦੇ ਸਿਰ ਤੇ ਹੈ।

## ੨੧. (ਗੁਰ ਉਸਤੁਤਿ ਵਿਖੇ)।

੧. ਗੁਰ ਪਰਮੇਸੁਰ ਜਾਣਿ ਸਰਣੀ ਆਇਆ।
੨. ਗੁਰ ਚਰਣੀ ਚਿਤੁ ਲਾਇ ਨ ਚਲੈ ਚਲਾਇਆ।
੩. ਗੁਰਤਤਿ ਨਿਹਚਲ ਹੋਇ ਨਿਜ ਪਦੁ ਪਾਇਆ।
੪. ਗੁਰਮੁਖਿ ਕਾਰ ਕਮਾਇ ਭਾਣਾ ਭਾਇਆ।
੫. ਗੁਰਮੁਖਿ ਆਪੁ ਗਵਾਇ ਸਚਿ ਸਮਾਇਆ।
੬. ਸਫਲੁ ਜਨਮੁ ਜਗਿ ਆਇ ਜਗਤੁ ਤਰਾਇਆ॥੨੧॥੨੦॥

**ਅਰਥ**-(ਵੀਹਵੀਂ ਵਾਰ ਦੀ ਸਮਾਪਤੀ ਵਿਖੇ ਗੁਰੂ ਉਸਤਤਿ ਰੂਪ ਅੰਤ ਮੰਗਲਾਚਰਣ ਕਰਦੇ ਹਨ:-)੧.ਪਰਮੇਸ਼ੁਰ (ਦਾ ਸਰੂਪ) ਜਾਣਕੇ (ਜੋ ਕੋਈ) ਗੁਰ (ਅਰਜਨ ਦੇਵ)ਜੀ ਦੀ ਸਰਣ ਆਇਆ ਹੈ। ੨.ਓਹ ਗੁਰੂ ਦੇ ਚਰਨਾਂ ਵਿਖੇ ਮਨ ਨੂੰ ਟਿਕਾਕੇ ਕਿਸੇ ਦਾ ਚਲਾਇਆ (ਪਰੇਰਿਆ) ਹੋਇਆ ਚਲਾਇਮਾਨ ਨਹੀਂ ਹੁੰਦਾ। ੩.ਗੁਰੂ ਜੀ ਦੀ ਸਿਖਯਾ ਵਿਖੇ ਅਚਲ ਹੋਕੇ ਸ੍ਵੈ-ਸਰੂਪ ਦੀ ਪ੍ਰਾਪਤੀ ਕਰਦਾ ਹੈ। ੪.ਗੁਰਮੁਖਾਂ ਵਾਲੀ ਕਾਰ ਕਮਾਕੇ (ਈਸ਼ੁਰ ਦਾ ) ਭਾਣਾ ਹੀ ਚੰਗਾ ਜਾਣਦਾ ਹੈ। ੫.ਗੁਰੂ ਦੁਆਰੇ ਹੋਕੇ ਅੰਹਕਾਰ ਨੂੰ ਦੂਰ ਕਰਕੇ ਸੱਚ ਨਾਲ ਪ੍ਰੇਮ ਕਰਦਾ ਹੈ। ੬.(ਉਸ ਦਾ) ਆਉਣਾ ਜਗਤ ਵਿਚ ਸਫਲ ਹੈ, (ਕਿਉਂਕਿ ਆਪ ਤਰਿਆ ਹੈ ਤੇ ਉਸ ਨੇ) ਜਗਤ ਨੂੰ ਤਾਰਿਆ ਹੈ।

# ਵਾਰ ੨੧.

ੴ ਸਤਿਗੁਰ ਪ੍ਰਸਾਦਿ॥

## ੧. (ਪਉੜੀ, ਮੰਗਲਾਚਰਨ, ਵਾਹਿਗੁਰੂ, ਗੁਰੂ ਮਹਿਮਾ)।

੧. ਪਾਤਿਸਾਹੁ ਪਾਤਿਸਾਹੁ ਸਤਿ ਸੁਹਾਣੀਐ।
੨. ਵਡਾ ਬੇ ਪਰਵਾਹੁ ਅੰਤੁ ਨ ਜਾਣੀਐ।
੩. ਲਉਬਾਲ਼ੀ ਦਰਗਾਹ ਆਖਿ ਵਖਾਣੀਐ।
੪. ਕੁਦਰਤਿ ਅਗਮੁ ਅਥਾਹੁ ਚੋਜ ਵਿਡਾਣੀਐ।
੫. ਸੱਚੀ ਸਿਫਤਿ ਸਲਾਹ ਅਕਥ ਕਹਾਣੀਐ।
੬. ਸਤਿਗੁਰ ਸਚੇ ਵਾਹੁ ਸਦ ਕੁਰਬਾਣੀਐ॥੧॥

**ਅਰਥ**-੧.ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਸੱਤਿ ਹੈ, ਤੇ ਸੁੰਦਰਤਾ ਵਾਲਾ ਹੈ। ੨.ਬਹੁਤ ਬੇਪਰਵਾਹ ਹੈ (ਉਸਦਾ) ਅੰਤ ਨਹੀਂ ਲੱਝਦਾ। ੩.(ਉਸਦੀ) ਦਰਗਾਹ ਬੇਪਰਵਾਹ ਹੈ, (ਬੇਪਰਵਾਹ ਕਰਕੇ ਹੀ ਉਸ ਦਰਗਾਹ ਨੂੰ) ਵਰਣਨ ਕਰਦੇ ਹਨ। ੪.(ਆਪ ਕਾਦਰ ਤੇ ਬੇਅੰਤ ਹੈ, ਪਰ ਸਾਡੇ ਜੀਵਾਂ

ਲਈ ਉਸਦੀ) ਕੁਦਰਤ ਬੀ ਅਗੰਮ ਤੇ ਅਥਾਹ ਹੈ, ਕੌਤਕ ਉਸ ਦੇ ਅਚਰਜ ਹਨ। ੫.(ਉਸਦੀ) ਕੀਰਤੀ ਤੇ ਮਹਿਮਾ (ਜਿੰਨੀ ਕਰੀਏ) ਸਚੀ ਹੈ, (ਉਸਦੀ) ਕਹਾਣੀ ਵਰਣਨ ਕਰਨ ਤੋਂ ਬਾਹਰ ਹੈ। ੬.ਸੱਚੇ 'ਸੱਤ+ਗੁਰ' ਤੋਂ ਸਦਾ ਕੁਰਬਾਨ ਜਾਈਏ।

**ਭਾਵ**-ਇਹ ਪਉੜੀ ਮੰਗਲਾਚਰਣ ਰੂਪ ਹੈ, ਇਸ ਵਿਚ ਅਕਾਲ ਪੁਰਖ ਤੇ ਸਤਿਗੁਰੂ ਜੀ ਦੀ ਉਸਤੁਤੀ ਹੈ। ਅਖੀਰਲੀ ਤੁਕ ਵਿਚ ਲਫਜ਼ ''ਗੁਰੁ'' ਨੂੰ ਦੇਹੁਰੀ ਦੀਪਕ ਰੱਖਕੇ 'ਸੱਤ' ਤੇ 'ਵਾਹ' ਦੋ ਪਦ ਵਿਸ਼ੇਸ਼ਣ ਅੱਡ ਅੱਡ ਰੱਖੇ ਹਨ। ਜੇ ਗੁਰੂ ਪਹਿਲੇ ਵਾਹ ਨਾਲ ਲਾ ਦਿਓ ਤਾਂ 'ਵਾਹਿਗੁਰੂ' ਬਣ ਜਾਵੇਗਾ, ਮੰਗਲਾਚਰਣ ਪਰਮੇਸ਼ਰ ਦਾ ਹੋ ਗਿਆ। ਤੇ ਜੇ ਗੁਰੂ ਦੇ ਪਿਹਲੇ 'ਸਤਿ' ਲਾ ਦਿਤਾ, ਤਾਂ ਵਾਹਿਗੁਰੂ ਤੇ ਸਤਿਗੁਰੂ ਦੀ ਸਾਂਝੀ ਮਹਿਮਾ ਪਰ ਹਨ।

## ੨. (ਆਦਿ ਪੁਰਖ ਮਹਿਮਾ)।

੧. ਬ੍ਰਹਮੇ ਬਿਸਨ ਮਹੇਸ ਲਖ ਧਿਆਇਦੇ।
੨. ਨਾਰਦ ਸਾਰਦ ਸੇਸ ਕੀਰਤਿ ਗਾਇਦੇ।
੩. ਗਣ ਗੰਧਰਬ ਗਣੇਸ ਨਾਦ ਵਜਾਇਦੇ।
੪. ਛਿਅ ਦਰਸਨ ਕਰਿ ਵੇਸ ਸਾਂਗ ਸਣਾਇਦੇ।
੫. ਗੁਰ ਚੇਲੇ ਉਪਦੇਸ ਕਰਮ ਕਮਾਇਦੇ।
੬. ਆਦਿ ਪੁਰਖੁ ਆਦੇਸੁ ਪਾਰ ਨ ਪਾਇਦੇ ।।੨।।

**ਪਦਾਰਥ**-(ਸਾਰਦ=ਸੁਰੱਸ੍ਵਤੀ। ਸੇਸ=ਸ਼ੇਸ਼ ਨਾਗ। ਕੀਰਤਿ=ਸ਼ੋਭਾ। ਨਾਦ=ਵਾਜੇ।

**ਅਰਥ**-੧.(ਗੁਰੂ ਨਾਨਕ ਦੇਵ ਜੀ ਦੇ ਪਾਤਸ਼ਾਹ ਦੇ ਅੱਗੇ) ਬ੍ਰਹਮਾ, ਬਿਸ਼ਨੁ, ਸ਼ਿਵ ਆਦਿ ਲੱਖਾਂ ਧਿਆਨ ਕਰਣਹਾਰੇ (ਮੁਸਾਹਿਬ ਹਨ)। ੨.ਨਾਰਦ ਰਿਖੀ, ਸੁਰੱਸ੍ਵਤੀ ,ਸ਼ੇਸ਼ ਨਾਗ (ਭੱਟਾਂ ਵਾਂਙੂ) ਜਸ ਗਾਉਂਦੇ ਹਨ। ੩.ਗਣ (ਨੰਦੀ, ਭ੍ਰਿੰਗੀ ਆਦਿ) ਗੰਧਰਬ ਤੇ ਗਣੇਸ਼ ਵਾਜੇ ਵਜਾਉਂਦੇ ਹਨ। ੪.ਛੀ ਦਰਸ਼ਨ (ਜੋਗੀ ਜੰਗਮ ਆਦਿ ਅਨੇਕ) ਵੇਸ਼ ਕਰਕੇ (ਆਪ ਦੇ ਅੱਗੇ) ਸਾਂਗ ਬਣਾਉਂਦੇ ਹਨ (ਤਮਾਸ਼ਾ ਕਰਨ ਲਈ)। ੫.ਗੁਰੂ ਚੇਲਿਆਂ ਨੂੰ ਉਪਦੇਸ਼ ਦੇਂਦੇ ਹਨ (ਤੇ ਚੇਲੇ ਦੱਸੇ ਹੋਏ) ਕਰਮ ਕਮਾਉਂਦੇ ਹਨ। ੬.ਆਦਿ ਪੁਰਖ ਨੂੰ ਨਮਸ਼ਕਾਰ ਹੈ,(ਕੋਈ ਉਸ ਦਾ)ਪਾਰ ਨਹੀਂ ਪਾਉਂਦੇ।

**ਭਾਵ**-ਏਥੇ ਬੀ ਉਹੋ ਹੀ ਬਾਤ ਹੈ ਕਿ ਇਹ ਮਹਿਮਾ ਵਾਹਿਗੁਰੂ ਅਰ ਗੁਰੂ ਦੋਹਾਂ ਵੱਲ ਲੱਗ ਸਕਦੀ ਹੈ। ਜਿਨ੍ਹਾਂ ਦੇ ਨਾਮ ਗਿਣਕੇ ਕਿਹਾ ਹੈ ਕਿ ਪਾਰ ਨਹੀਂ ਪਾ ਸਕਦੇ, ਇਸਦਾ ਕਾਰਨ ਇਹ ਹੈ ਕਿ ਇਹ ਸਾਰੇ ਇਕ ਇਕ ਅੰਗ ਵਿਚ ਇਕ ਇਕ ਗੁਣ ਵਿਚ ਹੋਰ ਸ੍ਰਿਸ਼ਟੀ ਨਾਲੋਂ ਵਿਸ਼ੇਸ਼ ਹਨ। ਸਰਬ ਗੁਣ ਸੰਪੰਨ ਕੇਵਲ ਵਾਹਿਗੁਰੂ ਹੀ ਹੈ। ਇਸ ਕਰਕੇ ਕੀਤੇ ਹੋਏ ਥੋੜੇ ਗੁਣ ਸੰਪੰਨ ਹਨ, ਓਹ ਕਹਰਨਹਾਰ ਸਰਬ ਗੁਣ ਸੰਪੰਨ ਨੂੰ ਕਿੱਕੁਰ ਜਾਣਨ। ਤੇ ਜੇ ਗੁਰੂ ਨਾਨਕ ਜੀ ਵਲ ਲੱਗੇ ਤਦ ਇਹ ਹੈ ਕਿ ਏਹ ਸਾਰੇ ਪੂਰਨ ਗਯਾਨ ਨੂੰ ਇਸ ਦੀ ਅਸਲ ਨਿਰੋਲਤਾ ਵਿਚ ਨਹੀਂ ਸਮਝ ਸਕੇ, ਜੈਸਾ ਕਿ ਗੁਰੂ ਨਾਨਕ ਦੇਵ ਜੀ ਨੇ ਸਮਝਿਆ ਅਰ ਸੰਸਾਰ ਨੂੰ ਦੱਸਿਆ।

## ੩, (ਆਦਿ ਪੁਰਖ ਮਹਿਮਾ)।

੧. ਪੀਰ ਪੈਕੰਬਰ ਹੋਇ ਕਰਦੇ ਬੰਦਗੀ।
੨. ਸੇਖ ਮਸਾਇਕ ਹੋਇ ਕਰਿ ਮੁਹਿਛੰਦਗੀ।
੩. ਗਉਸ ਕੁਤਬ ਕਈ ਲੋਇ ਦਰ ਬਖਸੰਦਗੀ।

੪. ਦਰ ਦਰਵੇਸ ਖਲੋਇ ਮਸਤ ਮਸੰਦਗੀ।
੫. ਵਲੀ ਉਲਹ ਸੁਣਿ ਸੋਇ ਕਰਨਿ ਪਸੰਦਗੀ।
੬. ਦਰਗਹ ਵਿਰਲਾ ਕੋਇ ਬਖਤ ਬਲੰਦਗੀ ॥੩॥

**ਪਦਾਰਥ**-(ਬੰਦਗੀ=ਨਿੰਮ੍ਰਤਾ, ਭਜਨ। ਮਸਾਇਕ=ਮੁਸ਼ੱਕਤ ਕਰਣਹਾਰੇ, ਮਿਹਨਤੀ।
((ਅ) ਸ਼ੇਖ ਦਾ ਬਹੁ ਬਚਨ, ਮਸ਼ਾਇਖ ਮੁਹਛੰਦਗੀ=ਮੁਥਾਜੀ, ਮਿੰਨਤ ਦਾਰੀ।
(ਮਸੰਦਗੀ=ਮਸੰਦ ਪੁਣਾ, ਅਵਧੂਤ। ਪਸੰਦਗੀ=ਪਸੰਦ ਕਰਣਾ, ਕਬੂਲੀਅਤ।
(ਗਉਸ ਕੁਤਬ=ਮੁਸਲਮਾਨੀ ਮਤ ਦੇ ਆਚਾਰਜ।

**ਅਰਥ**-੧.(ਮੁਸਲਮਾਨਾਂ ਦੇ) ਪੀਰ ਪੈਕੰਬਰ ਹੋਕੇ (ਆਦਿ ਪੁਰਖ ਦੀ) ਬੰਦਗੀ ਕਰਦੇ ਹਨ। ੨.ਸ਼ੇਖ, ਅਤੇ ਮਸ਼ਾਇਕ ਮੁਥਾਜੀ ਕੱਢਦੇ ਹਨ। ੩.ਗਉਸ ਅਤੇ ਕੁਤਬ (ਆਦਿ) ਕਈ ਲੋਕ ਦਰਗਾਹ ਤੋਂ ਬਖਸ਼ਿਸ਼ ਮੰਗਦੇ ਹਨ, ੪.(ਕਈ ਲੋਕ ਦਰਗਾਹ ਦੇ) ਦਰਵਾਜ਼ੇ ਪਰ ਫਕੀਰ ਹੋ ਖਲੋਤੇ ਮਸਤ ਤੇ ਅਵਧੂਤ (ਰੂਪ) ਹੋ ਰਹੇ ਹਨ। ੫.ਅੱਲਹ ਦੇ ਵਲੀ (ਇਕ ਦਰਜੇ ਦੇ ਸਾਈਂ ਲੋਕ) (ਸੋਇ-) ਸੋਭਾ ਸੁਣਕੇ ਪ੍ਰਸੰਨ ਹੁੰਦੇ ਹਨ। (ਯਥਾ :- **ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ**)। (ਰਾਮ: ਵਾਰ:੧੭) ੬.ਦਰਗਹ ਵਿਖੇ ਉੱਚੇ ਭਾਗਾਂ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ।

**ਭਾਵ**- ਸਹਿਬ ਸ੍ਰੀ ਗੁਰੂ ਨਾਨਕ ਜਿਹਾ ਇਕ ਸਤਿਗੁਰੂ ਨਾਨਕ ਹੀ ਹੈ।

## ੪. (ਕਾਦਰ ਨੂੰ ਕੀੜੇ ਨਹੀਂ ਜਾਣਦੇ)।

੧. ਸੁਣਿ ਆਖਾਣਿ ਵਖਾਣੁ ਆਖਿ ਵਖਾਣਿਆ।
੨. ਹਿੰਦੂ ਮੁਸਲਮਾਣੁ ਨ ਸਚੁ ਵਿਞਾਣਿਆ।
੩. ਦਰਗਹ ਪਤਿ ਪਰਵਾਣੁ ਮਾਣੁ ਨਿਮਾਣਿਆ।
੪. ਵੇਦ ਕਤੇਬ ਕੁਰਾਣੁ ਨ ਆਖਰੁ ਜਾਣਿਆ।
੫. ਦੀਨ ਦੁਨੀ ਹੈਰਾਣੁ ਚੋਜੁ ਵਿਡਾਣਿਆ।
੬. ਕਾਦਰ ਨੋ ਕੁਰਬਾਣੁ ਕੁਦਰਤਿ ਮਾਣਿਆ ॥੪॥

**ਪਦਾਰਥ**-(ਆਖਾਣਿ ਵਖਾਣੁ=ਅਖਾਣਾ ਦੇ ਕਥਨ, ਸ਼ਾਸਤ੍ਰਾਂ ਦੇ ਵਰਣਨ। ਆਖਰੁ=ਓੜਕ, ਅੰਤ।
(ਪਾ:-'ਆਖਰ'। ਚੋਜ=ਕੌਤਕ। ਵਿਡਾਣਿਆ=ਅਚਰਜ। ਕੁਦਰਤਿ=ਪਰਪੰਚ, ਸ਼ਕਤੀ।

**ਅਰਥ**-੧.(ਲੋਕ) 'ਅਖਾਣਾ' (ਧਰਮ ਪੁਸਤਕਾਂ ਦੇ) ਵਰਣਨ ਸੁਣ ਸੁਣ ਕੇ ਆਖਕੇ (ਵਿਸਥਾਰ ਕਰਕੇ) ਵਖਾਣਦੇ ਹਨ (ਭਾਵ ਲੋਕਾਂ ਨੂੰ ਸੁਣਾਉਂਦੇ ਹਨ)। ੨.ਹਿੰਦੂ ਅਤੇ ਮੁਸਲਮਾਨਾਂ ਨੇ ਸਚੇ ਨੂੰ ਨਹੀਂ ਪਛਾਣਿਆਂ (ਕਿਉਂਕਿ ਹਉਮੈ ਅਤੀਤ ਹੋਕੇ ਖੋਜ ਨਹੀਂ ਕੀਤੀ)। ੩.(ਈਸ਼੍ਵਰ ਦੀ) ਅਦਾਲਤ ਵਿਖੇ (ਉਸਦੀ) ਪਤ ਪਰਵਾਨ ਪਈ ਹੈ (ਜਿਸ ਨੇ) ਮਾਣ ਵਾਲੇ (ਹੋਕੇ) ਨਿਮਾਣਾਪਨ ਅਖਤਿਆਰ ਕੀਤਾ। ੪.ਵੇਦ, ਕਤੇਬ, ਅਰ ਕੁਰਾਨ ਨੇ (ਆਖਰ) ਓੜਕ ਨਹੀਂ ਜਤਾ (**"ਕੋਈ ਨਾ ਜਾਣੈ ਤੇਰਾ ਕੇਤਾ ਕੇਵਡੁ ਚੀਰਾ।"** (ਆਸਾ: ਮ:੧-ਚਉ-੧) ਕਿਉਂਕਿ ਇਹ ਹੱਦ ਵਾਲੇ ਹਨ, ਵਾਹਿਗੁਰੂ ਬੇਹੱਦ ਹੈ)। ੫.ਦੀਨ ਅਤੇ ਦੁਨੀਆਂ (ਭਾਵ ਲੋਕ ਪਰਲੋਕ ਨਿਵਾਸੀ ਸਾਰੇ) ਹੈਰਾਨ ਹੋਕੇ (ਪੰਜੇ ਉਂਗਲੀਆਂ ਮੂੰਹ ਵਿਚ ਪਾਉਂਦੇ ਹਨ, ਕਿ ਉਸ ਦੇ) ਕੌਤਕ ਵਡੇ ਅਚਰਜ ਰੂਪ ਹਨ। ੬.(ਤਾਂਤੇ ਸ੍ਰਿਸ਼ਟੀ ਦੇ ਕਾਦਰ) ਰਚਣਹਾਰ ਥੋਂ (ਅਸੀਂ) ਕੁਰਬਾਨ (=ਵਾਰਨੇ) ਜਾਂਦੇ ਹਾਂ, (ਜੋ ਆਪਣੀ ਕੁਦਰਤ ਦਾ ਆਪ ਮਾਣ) ਆਸਰਾ (ਕਾਰਨ) ਹੈ।


www.sikhbookclub.com

## ੫. (ਰਸਾਂ ਦੇ ਪਸਾਰੇ ਮਹਲ ਤੋਂ ਦੂਰ ਹਨ)।

੧. ਲਖ ਲਖ ਸਰੂਪ ਅਨੂਪ ਸਿਧਾਵਹੀ।
੨. ਰੰਗ ਬਿਰੰਗ ਸੁਰੰਗ ਤਰੰਗ ਬਣਾਵਹੀ।
੩. ਰਾਗ ਨਾਦ ਵਿਸਮਾਦ ਗੁਣ ਨਿਧਿ ਗਾਵਹੀ।
੪. ਰਸ ਕਸ ਲਖ ਸੁਆਦ ਚਖਿ ਚਖਾਵਹੀ।
੫. ਗੰਧ ਸੁਗੰਧ ਕਰੋੜਿ ਮਹ ਮਹਕਾਵਹੀ।
੬. ਗੈਰ ਮਹਲਿ ਸੁਲਤਾਨ ਮਹਲ ਨ ਪਾਵਹੀ ॥੫॥

**ਪਦਾਰਥ**-(ਸਿਧਾਵਹੀ=ਮਰ ਜਾਂਦੇ ਹਨ। ਪਾਠ-ਧਿਆਵਹੀ। ਤਰੰਗ=ਕੌਤਕ। ਵਿਸਮਾਦ=ਅਚਰਜ। (ਗੁਣ ਨਿਧਿ=ਗੁਣਾਂ ਦਾ ਸਮੁੰਦ੍ਰ। ਮਹ ਮਹਿਕਾਵਹੀ=ਧਰਤੀ ਨੂੰ ਸੁਗੰਧਤ (ਕਰਦੇ ਹਨ। ਗੈਰ ਮਹਿਲ=ਮਹਿਲ ਥੋਂ ਦੂਰ, ਸਰੂਪ ਪ੍ਰਾਪਤੀ ਤੋਂ ਠੀਕ ਉਲਟ।

**ਅਰਥ**-੧.ਕਈ ਲੱਖਾਂ ਸੁਹਣੇ ਰੂਪ ਅਨੂਪ (ਜਿਨ੍ਹਾਂ ਦੀ ਉਪਮਾਂ ਵਾਸਤੇ ਕੋਈ ਉਪਮਾਨ ਨਹੀਂ ਹੈ) ('ਸਿਧਾਵਹੀ'=) ਮਰ ਜਾਂਦੇ ਹਨ। ੨.(ਈਸ਼੍ਵਰੀਯ ਰਚਨਾ ਵਿਖੇ ਕਈ ਤਰ੍ਹਾਂ ਦੇ) ਰੰਗ, ਰੰਗਾਂ ਤੋਂ ਬਿਨਾਂ, ਅਰ ਸੁਹਣੇ ਰੰਗਾਂ ਵਾਲੇ ਹੋਕੇ ਕੌਤਕ ਕਰਦੇ ਹਨ। ੩.ਕਈ ਰਾਗ ਕਈ ਵਾਜੇ ਅਸਚਰਜ ਰੂਪ ਹਨ ਜੋ (ਗੁਣ ਨਿਧਿ) ਗੁਣਾਂ ਦੇ ਸਮੁੰਦ੍ਰ (ਅਕਾਲ ਪੁਰਖ) ਨੂੰ ਗਾਇਨ ਕਰਦੇ ਹਨ। ੪.ਕਈ ਰਸਾਂ ਕਸਾਂ ਦੇ ਲੱਖ ਸੁਵਾਦਾਂ ਨੂੰ (ਆਪ) ਚੱਖਕੇ (ਹੋਰਾਂ ਨੂੰ) ਚਖਾਂਵਦੇ ਹਨ (ਭਾਵ ਕਈਆਂ ਨੂੰ ਭੋਜਨਾਂ ਦਾ ਹੀ ਵਿਸ਼ਾ ਪੈ ਰਿਹਾ ਹੈ)। ੫.ਕਰੋੜਾਂ ਸੁਗੰਧੀਆਂ ਵਿਖੇ ਲਗ ਰਹੇ ਹਨ (ਅਜਿਹਾਂ ਕਿ ਜਿਥੇ ਬੈਠਦੇ ਹਨ) ਧਰਤੀ ਨੂੰ ਮਹਿਕਾ ਦਿੰਦੇ ਹਨ। ੬.(ਜੋ ਲੋਕ ਵਿਸ਼ਯਾਂ ਵਿਕਾਰਾਂ ਵਿਖੇ ਲੱਗਕੇ ਪਰਮੇਸ਼ੁਰ ਦੇ) ਮਹਲ ਥੋਂ ਗੈਰ ਹੋ ਗਏ ਹਨ (ਓਪਰੇ ਯਾ ਦੂਰ ਹੋ ਗਏ ਹਨ, ਓਹ ਲੋਕ) ਮਹਲ ਨੂੰ ਨਹੀਂ ਪਾਉਂਦੇ (ਭਾਵ ਜਿਨ੍ਹਾਂ ਨੇ ਸਾਂਈਂ ਨਾਲ ਨੇਹੁੰ ਨਹੀਂ ਲਾਇਆ ਤੇ ਇਨ੍ਹਾਂ ਵਿਸ਼ਯਾਂ ਵਿਚ ਲਗ ਰਹੇ ਹਨ ਓਹ ਸਰੂਪ ਨੂੰ ਪ੍ਰਾਪਤ ਹੋਣ ਦੀ ਥਾਂ ਸਰੂਪ ਪ੍ਰਾਪਤੀ ਤੋਂ ਦੂਰ ਹੋ ਜਾਣਗੇ, ਅਥਵਾ 'ਗੈਰ ਮਹਿਲ ਸੁਲਤਾਨ' ਕਹੀਏ ਪਾਤਸ਼ਾਹ ਦੇ ਮਹਲ ਥੋਂ ਬਾਝ ਕਿਧਰੇ ਜਗ੍ਹਾ ਨਹੀਂ ਪਾਉਂਦੇ, ਜੂਨੀਆਂ ਵਿਚ ਭਟਕਦੇ ਰਹਿੰਦੇ ਹਨ)।

## ੬. (ਦ੍ਵੈਤ ਤੇ ਏਕਤਾ)।

੧. ਸਿਵ ਸਕਤੀ ਦੇ ਮੇਲੁ ਦੁਬਿਧਾ ਹੋਵਈ।
੨. ਤ੍ਰੈਗੁਣ ਮਾਇਆ ਖੇਲੁ ਭਰਿ ਭਰਿ ਧੋਵਈ।
੩. ਚਾਰਿ ਪਦਾਰਥ ਭੇਲੁ ਹਾਰੁ ਪਰੋਵਈ।
੪. ਪੰਜਿ ਤਤ ਪਰਵੇਲ ਅੰਤਿ ਵਿਗੋਵਈ।
੫. ਛਿਅ ਰੁਤਿ ਬਾਰਹ ਮਾਹ ਹਸਿ ਹਸਿ ਰੋਵਈ।
੬. ਰਿਧਿ ਸਿਧਿ ਨਵ ਨਿਧਿ ਨੀਦ ਨ ਸੋਵਈ ॥੬॥

**ਪਦਾਰਥ**-(ਸਕਤੀ=ਮਾਇਆ। ਦੁਬਿਧਾ=ਜਗਤ। ਭੇਲੁ=ਮਿਲਣਾ। (ਪਰਵੇਲ=ਪੁਤਲਾ। ਵਿਗੋਵਈ=ਨਾਸ਼ ਹੁੰਦੇ ਹਨ।

**ਅਰਥ**-੧.ਸ਼ਿਵ ਸਕਤੀ ਦੇ ਮੇਲ ਤੋਂ ਦੋ ਬਿਧਾਂ ਹੋ ਰਹੀਆਂ ਹਨ।(ਸ਼ਿਵ=ਉਹ ਸ਼ਕਤੀ ਜੋ ਚੇਤਨ ਰੂਪ ਹੈ* ਸ਼ਕਤੀ=ਉਹ ਸ਼ਕਤੀ† ਜੋ ਜੜ੍ਹ ਹੈ, ਤੀਜਾ ਇਸ ਸ਼ਕਤੀ ਦਾ ਸਥੂਲ ਰੂਪ ਪ੍ਰਕ੍ਰਿਤੀ‡ ਹੁੰਦੀ ਹੈ,

*Intelligence †Force ‡Matter.

ਜਿਨ੍ਹਾਂ ਤੋਂ ਸੰਸਾਰ ਦੀ ਕਾਰ ਚਲ ਰਹੀ ਹੈ, ਜੋ ਦੁਖਿਧਾ ਰੂਪ ਹੈ। ਇਕ ਰੂਪ ਹੋਵੇ ਤਦ ਸੰਸਾਰ ਦਾ ਇਹ ਪ੍ਰਕਾਸ਼ ਨਹੀਂ ਰਹਿੰਦਾ)। ੨.ਤ੍ਰਿਗੁਣੀ (ਰਜੋ, ਤਮੋ, ਸਤੋ ਰੂਪ) ਮਾਇਆ ਦਾ ਖੇਲ ਹੋਇਆ (ਲੋਕ ਅਵਗੁਣਾਂ ਨਾਲ ਆਪ ਨੂੰ) ਭਰ ਭਰ ਕੇ ਧੋਣ ਲਗ ਪਏ (ਭਾਵ ਰਜੋ, ਤਮੋ ਵਾਲੇ ਭਰਦੇ, ਅਤੇ ਸਤੋ ਗੁਣਾਂ ਵਾਲੇ ਪਾਪਾਂ ਨੂੰ ਧੋਂਦੇ ਹਨ)। ੩.ਚਾਰ (ਧਰਮ, ਅਰਥ, ਕਾਮ, ਮੋਖ) ਪਦਾਰਥਾਂ ਨੂੰ ਮਿਲਾਕੇ ਹਾਰ ਵਾਂਗੂੰ (ਗਲ ਵਿਖੇ) ਪਰੋਂਦੇ (ਭਾਵ ਇਥੇ ਸੁਖੀ, ਅਰ ਅੰਤ ਨੂੰ ਮੁਕਤ ਪਾਉਂਦੇ ਹਨ)। ੪.(ਨਹੀਂ ਤਾਂ ਤਮੋ ਗੁਣੀ ਲੋਕ) ਪੰਜ ਤੱਤਾਂ ਦੇ ਪੁਤਲੇ ਅੰਤ ਨੂੰ ਵਿਸ਼ੇਖ ਕਰ ਨਾਸ਼ ਹੁੰਦੇ ਹਨ (ਭਾਵ ਬਾਰ ਬਾਰ ਜਨਮ ਧਾਰਦੇ ਹਨ। ਫੇਰ ਕੀ ਹੁੰਦਾ ਹੈ?) ੫.ਬਾਰਾਂ ਮਹੀਨਿਆਂ ਦੀਆਂ ਛੀ ਰੁਤਾਂ ਵਿਖੇ ਹੀ ਹੱਸ ਹੱਸਕੇ ਰੋਂਦੇ ਹਨ। ੬.(ਕਿਉਂਕਿ ਦੁਬਿਧਾ ਵਿਚ ਹਨ, ਇਕ ਨਾਲ ਲਿਵ ਨਹੀਂ, ਭਾਵੇਂ ਸਿਧ ਬੀ ਹੋ ਜਾਣ ਅਰ) ਰਿੱਧਾਂ ਸਿੱਧਾਂ ਤੇ ਨੌ ਨਿਧਾਂ ਬੀ(ਪਾ ਲੈਣ ਤਦ ਬੀ) ਨਿਰਵਿਕਲਪ ਵਿਖੇ ਨਹੀਂ ਸੌਂਦੇ।

**ਭਾਵ**-ਦੁਬਿਧਾ ਵਿਚ ਸੁਖ ਕਿਤੇ ਨਹੀਂ ਹੈ। ਏਕਤਾ ਵਿਚ ਸੁਖ ਹੈ। ਏਕਤਾ ਵਿਚ ਤਾਂ ਪਹੁੰਚੇ ਜੇ ਦ੍ਰਿਸ਼ਟਮਾਨ ਨਾਲ ਪਿਆਰ ਛੱਡੇ ਤੇ ਦ੍ਰਿਸ਼ਟਾ ਵਿਚ ਪਿਆਰ ਪਾਵੇ। ਅੱਗੇ ਇਸ ਦਾ ਵੇਰਵਾ ਕਹਿਣੇਗੇ।

## ੭. (ਭਾਉ ਭਗਤਿ ਤੋਂ ਬਿਨਾਂ ਸਭ ਫੋਕਟ ਹੈ)।

੧. ਸਹਸ ਸਿਆਣਪ ਲਖ ਕੰਮਿ ਨ ਆਵਹੀ।
੨. ਗਿਆਨ ਧਿਆਨ ਉਨਮਾਨੁ ਅੰਤੁ ਨ ਪਾਵਹੀ।
੩. ਲਖ ਸਸੀਅਰ ਲਖ ਭਾਨੁ ਅਹਿਨਿਸਿ ਧਿਆਵਹੀ।
੪. ਲਖ ਪਰਕਿਰਤ ਪਰਾਣ ਕਰਮ ਕਮਾਵਹੀ।
੫. ਲਖ ਲਖ ਗਰਬ ਗੁਮਾਨ ਲਜ ਲਜਾਵਹੀ।
੬. ਲਖ ਲਖ ਦੀਨ ਇਮਾਨ ਤਾੜੀ ਲਾਵਹੀ।
੭. ਭਾਉ ਭਗਤਿ ਭਗਵਾਨ ਸਚਿ ਸਮਾਵਹੀ॥੭॥

**ਪਦਾਰਥ**-(ਸਿਆਣਪ=ਚਤੁਰਾਈਆਂ। ਉਨਮਾਨ=ਉਨਮਨੀ, ਮਸਤ ਅਵਸਥਾ ਵਾਲੇ,
(ਸੁਖੋਪਤੀ ਦੇ ਅੰਤ ਦੀ ਦਸ਼ਾ। (ਅ) ਅਨੁਮਾਨ ਕਰਨ ਵਾਲੇ ਨਯਾਯਕ ਯਾ
(ਯੋਗ ਪਦ ਵਾਲੇ। ਸਸੀਅਰ=ਚੰਦ੍ਰਮਾਂ। ਭਾਨੁ=ਸੂਰਜ।
(ਪਰਕਿਰਤ ਪਰਾਨ=ਮਾਯਾ ਦਾ ਰੂਪ,ਮਾਯਾ ਪਰਾਇਣ।

**ਅਰਥ**-੧.ਹਜ਼ਾਰਾਂ ਲੱਖਾਂ ਚਤੁਰਾਈਆਂ ਕੰਮ ਨਹੀਂ ਆਉਂਦੀਆਂ (**"ਸਹਸ ਸਿਆਣਪਾ ਲਖ ਹੋਹਿ ਤਾਂ ਇਕੁ ਨਾ ਚਲੈ ਨਾਲਿ॥"**) (ਜਪੁਜੀ) ੨.ਕਈ ਗਿਆਨੀ, ਕਈ ਧਿਆਨੀ, ਕਈ ਉਨਮਾਨੀ ਬੀ ਅੰਤ ਨਹੀਂ ਪਾ ਸਕਦੇ। ੩.ਲੱਖਾਂ ਚੰਦ੍ਰਮਾਂ, ਲੱਖਾਂ ਸੂਰਜ, ਰਾਤ ਦਿਨ (ਅਕਾਲ ਪੁਰਖ ਨੂੰ) ਧਿਆਉਂਦੇ ਹਨ (ਅਰਖਾਤ ਪ੍ਰੇਮ ਦੇ ਅਨੁਭਵ ਬਿਨਾਂ ਉਸ ਦੀ ਮਹਿਮਾ ਦਾ ਪ੍ਰਕਾਸ਼ ਕਰ ਰਹੇ ਹਨ)। ੪.ਲੱਖਾਂ ਮਾਇਆ ਪਰਾਇਣ ਹੋਕੇ ਕਰਮਾਂ ਨੂੰ ਕਰਦੇ ਹਨ (ਭਾਵ ਯੱਗ, ਤੱਪ, ਮਾਯਾ ਹਿਤ ਕਰਦੇ ਹਨ)। ੫.ਲੱਖਾਂ (ਲੋਕ) ਹੰਕਾਰ ਤੇ ਮਗ਼ਰੂਰੀ ਵਿਖੇ ਫਸੇ ਹੋਏ ਹਨ (ਅਰ) ਲਖਾਂ ਹੀ ਲੱਜਾ (ਕਰਕੇ ਸਿਰ ਨੀਵਾਂ ਕਰਦੇ ਹਨ ਕਿ ਅਸੀਂ ਕੁਝ ਚੀਜ਼ ਨਹੀਂ ਹਾਂ)। ੬.ਲੱਖਾਂ ਦੀਨ ਤੇ ਈਮਾਨ ਵਾਲੇ ਹੋ ਕੇ ਤਾੜੀ ਲਾਉਂਦੇ ਹਨ। ੭.ਪਰ ਜੋ ਭਗਵਾਨ ਦੀ ਪ੍ਰੇਮਾ ਭਗਤੀ ਕਰਦੇ ਹਨ। (ਉਹੋ ਹੀ) ਸਚ (ਸਰੂਪ) ਵਿਖੇ ਸਮਾਉਂਦੇ ਹਨ।

**ਭਾਵ**-'ਧਿਆਵਹੀ' ਦਾ ਪਾਠਾਂਤਰ 'ਧਾਵਹੀ'=ਦੌੜਦੇ ਹਨ। ਲੱਖਾਂ ਚੰਦ ਸੂਰਜ ਦਿਨ ਰਾਤ ਦੌੜਦੇ ਹਨ, ਪਰ ਅੰਤ ਨਹੀਂ ਮਿਲਦਾ। ਕਿਉਂ ? ਉਹ ਤੇਲੀ ਦੇ ਬਲਦ ਵਾਂਙੂ ਆਪਣੇ ਚੱਕ੍ਰਾਂ ਵਿਚ ਘੁੰਮਦੇ ਹਨ, ਫੇਰ ਜੜ੍ਹ ਹਨ। ਭਾਵ ਇਹ ਕਿ ਲੱਖਾਂ ਅਚੇਤ ਕ੍ਰਿਆ ਕਰ ਰਹੇ ਹਨ, ਜਿਨ੍ਹਾਂ ਦਾ ਲਾਭ

ਪਰਮੇਸ਼ੁਰ ਪ੍ਰਾਪਤ ਨਹੀਂ।

## ੮. (ਭਾਉ ਭਗਤਿ ਤੋਂ ਬਿਨਾਂ ਪਰਚੇ)।

੧. ਲਖ ਪੀਰ ਪਤਿਸਾਹ ਪਰਚੇ ਲਾਵਹੀ।
੨. ਜੋਗ ਭੋਗ ਲਖ ਰਾਹ ਸੰਗਿ ਚਲਾਵਹੀ।
੩. ਦੀਨ ਦੁਨੀ ਅਸਗਾਹ ਹਾਥ ਨ ਪਾਵਹੀ।
੪. ਕਟਕ ਮੁਰੀਦ ਪਨਾਹ ਸੇਵ ਕਮਾਵਹੀ।
੫. ਅੰਤਿ ਨ ਸਿਫਤਿ ਸਲਾਹ ਆਖਿ ਸੁਣਾਵਹੀ।
੬. ਲਉਬਾਲੀ ਦਰਗਾਹ ਖੜੇ ਧਿਆਵਹੀ ॥੮॥

**ਪਦਾਰਥ**-(ਪਰਚੇ=ਕਰਾਮਾਤਾਂ। ਸੰਗ=ਜਮਾਤ, ਮੰਡਲੀਆਂ। ਹਾਥ=ਅੰਤ। (ਕਟਕ=ਸਮੂਹ। ਪਨਾਹ=ਸ਼ਰਣ। ਲਉਬਾਲੀ=ਬੇਪਰਵਾਹ।

**ਅਰਥ**-੧.ਲੱਖਾਂ ਪੀਰਾਂ ਦੇ ਪਾਤਸ਼ਾਹ (ਭਾਵ ਵਡੇ ਪੀਰ) ਕਰਾਮਾਤਾਂ ਲਾਉਣੇ ਕਰਕੇ (ਲੋਕਾਂ ਨੂੰ) ਪਰਚਾਉਂਦੇ ਹਨ। ੨.ਜੋਗ ਅਤੇ ਭੋਗ ਵਿਖੇ ਲੱਖਾਂ ਰਾਹ ਕੱਢਕੇ ਮੰਡਲੀਆਂ ਬਣਾਉਂਦੇ ਹਨ (ਭਾਵ ਕਈ ਜੋਗ ਨੂੰ ਅਤੇ ਕਈ ਭੋਗ ਨੂੰ ਹੀ ਮੁੱਖ ਰਖਦੇ ਹਨ, ਉਹ ਇਹ ਆਖਦੇ ਹਨ ਦੋਹਾ :-'ਮਾਨਸ ਕੋ ਅਵਤਾਰ ਧਰ ਕਰ ਲੈ ਮੌਜ ਬਹਾਰ ॥ ਨਰਕ ਸੁਰਗ ਕੇ ਸੀਸ ਪਰ ਮਾਰ ਪੰਜਾਰ ਹਜ਼ਾਰ ॥'')। ੩.(ਏਹ ਲੋਕ ਬੀ) ਨਾ ਦੀਨ ਨਾ ਦੁਨੀਆਂ ਦਾ ਅੰਤ ਪਾ ਸਕਦੇ ਹਨ, (ਕਿਉਂ ਕਿ ਇਨ੍ਹਾਂ ਲਈ ਦੀਨ ਦੁਨੀ ਦੁਵੇਂ) ਅਸਗਾਹ ਹਨ। ੪.ਕਈ 'ਮੁਰੀਦਾਂ' ਦੇ ਸਮੂਹ (ਪੀਰ ਦੀ) ਸ਼ਰਣ ਲੈਕੇ ਸੇਵਾ ਹੀ ਕਰਦੇ ਹਨ। ੫.ਉਸ ਦੀ ਸਿਫਤ ਦੇ ਸਲਾਹੁਣ ਦਾ ਕੁਝ ਅੰਤ ਨਹੀਂ ' (ਕਈ ਏਹ ਬਾਤ) ਆਖਕੇ ਸੁਣਉਂਦੇ ਹਨ। ੬.ਕਈ ਬੇਪਰਵਾਹ (ਅਕਾਲ ਪੁਰਖ ਦੀ) ਦਰਗਾਹ ਅੱਗੇ ਖੜੋਕੇ ਧਿਆਉਂਦੇ ਹਨ।

**ਭਾਵ**-ਭਾਵ ਪਿਛਲਾ ਹੀ ਹੈ, ਅੰਤਮ ਤੁਕ ਵਾਲਾ ਨਹੀਂ ਹੈ, ਕਿ ਭਾਉ ਭਗਤਿ ਹੀ ਸ੍ਰੇਸ਼ਟ ਹੈ। ਪਿਛਲੀ ਪਉੜੀ ਦੀ ਅੰਤਲੀ ਤੁਕ ਤੋਂ ਪਹਿਲੇ ਜੋ ਭਾਵ ਹੈ, ਉਸੇ ਦੀ ਲੜੀ ਟੁਰੀ ਜਾਂਦੀ ਹੈ।

## ੯. (ਭਾਉ ਭਗਤਿ ਤੋਂ ਬਿਨਾਂ ਪਰਚੇ)।

੧. ਲਖ ਸਾਹਿਬਿ ਸਿਰਦਾਰ ਆਵਣ ਜਾਵਣੇ।
੨. ਲਖ ਵਡੇ ਦਰਬਾਰ ਬਣਤ ਬਣਾਵਣੇ।
੩. ਦਰਬ ਭਰੇ ਭੰਡਾਰ ਗਣਤ ਗਣਾਵਣੇ।
੪. ਪਰਵਾਰੈ ਸਾਧਾਰ ਬਿਰਦ ਸਦਾਵਣੇ।
੫. ਲੋਭ ਮੋਹ ਅਹੰਕਾਰ ਧੋਹ ਕਮਾਵਣੇ।
੬. ਕਰਦੇ ਚਾਰਿ ਵੀਚਾਰਿ ਦਹਦਿਸਿ ਧਾਵਣੇ।
੭. ਲਖ ਲਖ ਬੁਜਰਕਵਾਰ ਮਨ ਪਰਚਾਵੇ ॥੯॥

**ਪਦਾਰਥ**-(ਬਣਤ=ਸਜਾਵਟਾਂ, ਜਲਸੇ। ਗਣਤ=ਹਿਸਾਬ। ਬਿਰਦ=ਪਦਵੀ, ਨਾਮ। (ਧੋਹ=ਕਪਟ। ਬੁਜਰਕਵਾਰ=ਬਜ਼ੁਰਗੀ ਵਾਲੇ ਮਹੰਤ।

**ਅਰਥ**-੧.ਲੱਖਾਂ 'ਸਾਹਿਬ' (ਸਭਾ ਸ਼ਿੰਗਾਰ) (ਲੱਖਾਂ 'ਸਰਦਾਰ') ਰਈਸ ਲੋਕ ਆਂਵਦੇ ਜਾਂਦੇ ਹਨ। ੨.ਲੱਖਾਂ ਵਡੇ ਦਰਬਾਰ ਅਰ ਜਲਸੇ ਕਰਦੇ ਹਨ। ੩.(ਕਈ) ਮਾਯਾ ਦੇ ਭੰਡਾਰੇ ਭਰਕੇ ਗਿਣਤੀਆਂ ਹੀ ਗਿਣਾਉਂਦੇ ਰਹਿੰਦੇ ਹਨ।੪.ਆਪਣੀ ਪਦਵੀ 'ਪਰਵਾਰੈ ਸਾਧਾਰ' ਸਦਾਉਂਦੇ ਹਨ* (ਕਿ ਅਸੀਂ

*ਇਹ ਬੀ ਮਾਯਾ ਵਿਚ ਹੀ ਹਨ।

ਸਾਰੇ ਪਰਵਾਰ ਦੇ ਸ਼ੁੱਧ ਕਰਨ ਵਾਸਤੇਂ ਆਏ ਹਾਂ, (ਮਇਆ ਵਾਸਤੇ ਨਹੀਂ ਆਏ)। ੫.(ਕਈ) ਲੋਭ, ਮੋਹ, ਹੰਕਾਰ ਤ ਛਲਾਂ (ਵਿਚ ਹੀ ਉਮਰ ਕੱਟਦੇ) ਹਨ। ੬.ਕਈ ਸੁੰਦਰ ਵੀਚਾਰ ਵਿਚ ਲੱਗਦੇ ਦਸੋਂ ਦਿਸ਼ਾ ਵਿਖੇ ਦੌੜਦੇ ਫਿਰਦੇ ਹਨ (ਕਿ ਕਿਸੇ ਪਾਸੇ ਹੀ ਲਾਭ ਹੋਵੇ)। ੭.ਲੱਖਾਂ ਬਜ਼ੁਰਗੀ ਵਾਲੇ ਮਹੰਤ ਲੋਕਾਂ ਦੇ ਮਨਾਂ ਨੂੰ ਪਰਚਾਉਂਦੇ ਹਨ। (ਅਥਵਾ ਲੱਖਾਂ ਹੀ ਐਸੇ ਮਨਾਂ ਨੂੰ ਪਰਚਾਉਣ ਵਾਲੇ ਹਨ, ਪਰ ਵਾਹਿਗੁਰੂ ਦੀ ਮਿਵਾਣ ਵਲੋਂ ਉਨ੍ਹਾਂ ਦੇ ਮਨਾਂ ਪਰ ਪਾਠਾਂਤ੍ਰ-'ਬਜਰ ਕਵਾਰ'-ਪੱਥਰ ਦੇ ਦਰਵਾਜ਼ੇ ਲਗੇ ਹੋਏ ਹਨ)।

## ੧੦. (ਭਾਉ ਭਗਤਿ ਤੋਂ ਛੁੱਟ ਹੋਰ ਪਰਦੇ)।

੧. ਲਖ ਦਾਤੇ ਦਾਤਾਰ ਮੰਗਿ ਮੰਗਿ ਦੇਵਹੀ।
੨. ਅਉਤਰਿ ਲਖ ਅਵਤਾਰ ਕਾਰ ਕਰੇਵਹੀ।
੩. ਅੰਤੁ ਨ ਪਾਰਾਵਾਰ ਖੇਵਟ ਖੇਵਹੀ।
੪. ਵੀਚਾਰੀ ਵੀਚਾਰਿ ਭੇਤੁ ਨ ਦੇਵਹੀ।
੫. ਕਰਤੂਤੀ ਆਚਾਰਿ ਕਰਿ ਜਸੁ ਲੇਵਹੀ।
੬. ਲਖ ਲਖ ਜੇਵਣਹਾਰ ਜੇਵਣ ਜੇਵਹੀ।
੭. ਲਖ ਦਰਗਹ ਦਰਬਾਰ ਸੇਵਕ ਸੇਵਹੀ॥੧੦॥

**ਪਦਾਰਥ**-(ਅਉਤਰਿ=ਅਵਤਾਰ ਧਾਰਨਾ। ਖੇਵਟ=ਮਲਾਹ। ਖੇਵਹੀ=ਚੱਪੇ ਲਾਉਂਦੇ ਹਨ। (ਜੇਵਣਹਾਰ=ਰਸੋਈਏ। ਜੇਵਣ=ਰਸੋਈ। ਦਰਗਹ ਦਰਬਾਰ=ਹਜ਼ੂਰੀ ਕਚਹਿਰੀ ਜਾਂ ਸਭਾ।

**ਅਰਥ**-੧.ਲੱਖਾਂ ਦਾਨ ਕਰਨ ਵਾਲੇ ਦਾਤੇ ਮੰਗਣ ਵਾਲਿਆਂ ਨੂੰ ਮੰਗੀ (ਚੀਜ਼) ਦੇਂਦੇ ਹਨ। (ਪੁਨਾ:) ੨.ਲੱਖਾਂ ਅਵਤਾਰ ਅਵਤਾਰ ਧਾਰਕੇ ਕੰਮ ਕਰਦੇ ਹਨ। ੩.ਮਲਾਹ ਲੋਕ (ਆਗੂ) ਚੱਪੇ ਲਾਉਂਦੇ ਹਨ, ਪਰ ਅੰਤ ਦਾ ਪਾਰਾਵਾਰ ਨਹੀਂ ਆਉਂਦਾ (ਬੁੱਧੀ ਦੀ ਬੇੜੀ ਅੱਗੇ ਅੱਗੇ ਚਲ ਨਹੀਂ ਸਕਦੀ)। ੪.ਵੀਚਾਰ ਕਰਨਹਾਰੇ ਵਿਚਾਰਦੇ ਹਨ, (ਪਰੰਤੂ) ਭੇਤ ਨਹੀਂ ਦੇ ਸਕਦੇ; ੫.ਕਰਤੂਤਾਂ ਕਰਨਹਾਰੇ 'ਆਚਾਰ' (ਯੱਗ ਆਦਿਕ) ਵਡੇ ਕਰਮ ਕਰਕੇ ਜਸ ਲੈਂਦੇ ਹਨ। ੬.ਲੱਖਾਂ ਖਵਾਲਣ ਵਾਲੇ ਲੱਖਾਂ ਰਸੋਈਆਂ ਕਰਕੇ (ਲੋਕਾਂ ਨੂੰ) ਖਵਾਉਂਦੇ ਹਨ। ੭.ਲੱਖਾਂ (ਪਾਤਸ਼ਾਹ) ਦੇ ਦਰਬਾਰ ਤੇ ਕਚਹਿਰੀਆਂ ਦੇ ਸੇਵਕ ਹੋਕੇ ਸੇਵਾ ਕਰਦੇ ਹਨ, (**"ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥"**) (ਆਸਾ: ਮ:੪:-ਸੋਦਰ-੨)

**ਭਾਵ**-ਪਰ ਕੋਈ ਅੰਤ ਨਹੀਂ ਪਾ ਸਕਿਆ, ਅਰ ਭਾਉ ਭਗਤੀ ਵਾਲਿਆਂ ਦੇ ਰਸ ਨੂੰ ਨਹੀਂ ਪਹੁੰਚ ਸਕਿਆ।

## ੧੧. (ਭਾਉ ਭਗਤਿ ਤੋਂ ਛੁੱਟ ਹੋਰ ਪਰਦੇ)।

੧. ਸੂਰ ਵੀਰ ਵਰੀਆਮ ਜੋਰੁ ਜਣਾਵਹੀ।
੨. ਸੁਣਿ ਸੁਣਿ ਸੁਰਤੇ ਲਖ ਆਖਿ ਸੁਣਾਵਹੀ।
੩. ਖੋਜੀ ਖੋਜਨਿ ਖੋਜਿ ਦਹਿਦਿਸਿ ਧਾਵਹੀ।
੪. ਚਿਰ ਜੀਵੈ ਲਖ ਹੋਇ ਨ ਓੜਕੁ ਪਾਵਹੀ।
੫. ਖਰੇ ਸਿਆਣੇ ਹੋਇ ਨ ਮਨੁ ਸਮਝਾਵਹੀ।
੬. ਲਉਬਾਲੀ ਦਰਗਾਹ ਚੋਟਾ ਖਾਵਹੀ॥੧੧॥

**ਪਦਾਰਥ**-(ਵਰੀਆਮ=ਅਤਿਰਥੀ, ਜੋ ਹਜ਼ਾਰ ਨਾਲ ਲੜੇ, ਬਹੁਤ ਬਹਾਦਰ। (ਸੁਰਤੇ=ਸ਼੍ਰੋਤੇ। ਚੋਟਾਂ=ਸਜ਼ਾਵਾਂ।

**ਅਰਥ**-੧.(ਸੂਰਬੀਰ) ਬਲੀ ਸੂਰਮੇ ਅਰ 'ਅਤਿਰਥੀ' (ਆਪੋ ਆਪਣਾ) ਬਲ ਦੱਸਦੇ ਹਨ। ੨.ਲੱਖਾਂ ਸ਼੍ਰੋਤੇ (ਧਰਮ ਪੁਸਤਕਾਂ ਨੂੰ) ਸੁਣ ਸੁਣਕੇ (ਫੇਰ) ਆਖਕੇ ਵਯਾਖਯਾਨ ਕਰਦੇ ਹਨ। ੩.ਲੱਖਾਂ ਖੋਜੀ ਖੋਜਾਂ ਨੂੰ ਖੋਜਦੇ ਹੋਏ ਦਸੋਂ ਦਿਸ਼ਾ ਨੂੰ ਦੌੜਦੇ ਹਨ। ੪.ਲੱਖਾਂ ਚਿਰ ਕਾਲ ਜੀਵਣ ਵਾਲੇ (ਮਾਰਕੰਡੇਯ ਆਦਿਕ ਲੋਕ ਪ੍ਰਸਿੱਧ ਜੀਵੇ) ਹੋਕੇ (ਬੀ ਰੱਬ ਦਾ) ਓੜਕ ਨਹੀਂ ਪਾਉਂਦੇ। ੫.ਬਾਹਲੇ 'ਸਿਆਣੇ'(ਚਤੁਰ ਹੋਏ ਲੋਕਾਂ ਨੂੰ ਤਾਂ ਸਮਝੌਤੀਆਂ ਦਿੰਦੇ, ਪਰੰਤੂ ਆਪਣੇ)ਮਨ ਨੂੰ ਸਮਝਾ ਨਹੀਂ ਸਕਦੇ। ੬.ਬੇਪਰਵਾਹ (ਵਾਹਿਗੁਰੂ ਦੀ) ਦਰਗਾਹ ਵਿਖੇ ਉਹ ਲੋਕ ਸਜ਼ਾਵਾਂ ਪਾਉਂਦੇ ਹਨ।

**ਭਾਵ**-ਉਹੋ ਹੀ ਭਾਵ ਹੈ। ਸੁਰਤ ਦੇ ਉਨ੍ਹਾਂ ਪਰਚਾਵਿਆਂ ਦੀ ਗੇਣਤੀ ਹੈ ਜਿਸ ਵਿਚ ਲੱਗਕੇ ਲੋਕ ਦੁਬਿਧਾ ਤੋਂ ਪਾਰ ਨਹੀਂ ਹੋ ਸਕਦੇ, ਅਰ ਪ੍ਰੇਮਾ ਭਗਤੀ ਦੇ ਨਾ ਹੋਣ ਕਰਕੇ ਏਕਤਾ ਪਰ ਨਹੀਂ ਆ ਸਕਦੇ।

## ੧੨. (ਖ਼ੁਦੀ ਦੇ ਦੁੱਖ, ਸਬਰ ਦੇ ਸੁੱਖ)।

੧. ਹਿਕਮਤਿ ਲਖ ਹਕੀਮ ਚਲਣ ਬਣਾਵਹੀ।
੨. ਆਕਲ ਹੋਇ ਫਹੀਮ ਮਤੇ ਮਤਾਵਹੀ।
੩. ਗ਼ਾਫਲ ਹੋਇ ਗਨੀਮ ਵਾਦ ਵਧਾਵਹੀ।
੪. ਲੜਿ ਲੜਿ ਕਰਨਿ ਮੁਹੀਮ ਆਪੁਖ਼ ਗਣਾਵਹੀ।
੫. ਹੋਇ ਜਦੀਦ ਕਦੀਮ ਨ ਖੁਦੀ ਮਿਟਾਵਹੀ।
੬. ਸਾਬਰ ਹੋਇ ਹਲੀਮ ਆਪੁ ਗਵਾਵਹੀ॥੧੨॥

**ਪਦਾਰਥ**-(ਹਕੀਮ=ਵੈਦ ਲੋਕ। ਚਲਣ=ਪਸਾਰੇ। (ਅ)ਸ਼ਫਾਖਾਨੇ। ਆਕਲ=ਅਕਲੱਖੇ ਲੋਕ।
(ਫਹੀਮ=ਫਹਿਮ ਵਾਲੇ, ਸਮਝਦਾਰ। ਮਤੇ=ਸਲਾਹਾਂ ਮਤਾਵਹੀ=ਪਕਾਉਂਦੇ ਹਨ।
(ਗਨੀਮ=ਦੁਸ਼ਮਨ। ਵਾਦ=ਝਗੜੇ। ਮੁਹੀਮ=ਮੁਹਿੰਮਾਂ, ਲੜਾਈਆਂ।
(ਜਦੀਦ=ਨਵੇਂ ਲੋਕ। ਕਦੀਮ=ਪ੍ਰਾਚੀਨ ਲੋਕ। ਖੁਦੀ=ਹੰਕਾਰ।
(ਸਾਬਰ=ਸੰਤੋਖੀ। ਹਲੀਮ=ਖਿਮਾਂ ਕਾਰਕ, ਸਹਿਣਸ਼ੀਲ।

**ਅਰਥ**-੧.ਲੱਖਾਂ ਹਕੀਮ ਲੋਕ 'ਹਿਕਮਤ' (ਅਰਥਾਤ ਚਕਿਤਸਾ) ਦੇ ਚਲਿੱਤ੍ਰ ਬਣਾਉਂਦੇ ਹਨ (ਚੰਗੇ ਨੁਸਖ਼ੇ, ਯਾ ਇਲਾਜ ਲਈ ਦਾਰੂ ਬਣਾਉਂਦੇ ਹਨ)। ੨.(ਕਈ) ਬੁੱਧੀਮਾਨ ਸੋਚ ਵਿਚਾਰ ਵਾਲੇ ਹੋਕੇ ਮਤੇ ਪਕਾਉਂਦੇ ਹਨ (ਕਿ ਰਾਜ ਦੀ ਉੱਨਤੀ ਕਿੱਕੁਰਾਂ ਹੋਵੇ?)। ੩.ਕਈ ਗ਼ਫ਼ਲਤ ਕਰ ਕੇ (ਅਨਗਹਿਲੇ ਹੋਕੇ) ਵੈਰ ਤੇ ਝਗੜਾ ਵਧਾ ਲੈਂਦੇ ਹਨ। (ਅਥਵਾ-ਪਾਤਸ਼ਾਹ ਜੋ ਗ਼ਾਫ਼ਲ ਹੋਵੇ ਉਸ ਦੇ ਦੇਸ਼ ਵਿਚ ਝਗੜੇ ਵਧਦੇ ਹਨ)। ੪.(ਕਈ) ਲੜ ਲੜਕੇ ਮੁਹਿੰਮਾਂ ਕਰਕੇ ਤੇ ਆਪਣਾ ਆਪ ਦੱਸਦੇ ਹਨ (ਕਿ ਅਸੀਂ ਵੱਡੇ ਜੋਧੇ ਹਾਂ)। ੫.ਨਵੀਂ ਉਮਰ ਤੋਂ ਲੈ ਬੁੱਢੇ ਹੋ ਜਾਂਦੇ ਹਨ, (ਪਰ) ਖ਼ੁਦੀ ਨਹੀ ਗੁਆਉਂਦੇ (ਇਸ ਕਰਕੇ ਦੁਖੀ ਰਹਿੰਦੇ ਹਨ, ਕਿਉਂ ਜੋ "**ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥**") (ਗਉ: ਮ:੫: ਬਾ: ਅਖ-੪੯) ੬.(ਜਿਹੜੇ) ਸੰਤੋਖ ਨੂੰ ਧਾਰਕੇ ਸਹਿਣਸ਼ੀਲ ਹੋਏ ਹਨ, (ਓਹ) ਆਪਣਾ ਆਪ ਗੁਆ ਦਿੰਦੇ ਹਨ।

**ਭਾਵ**-ਆਪ ਗਵਾ ਕੇ ਸੰਤੋਖ ਤੇ ਸਹਿਨਸ਼ੀਲਤਾ ਬਿਨਾਂ ਬੀਰਤਾ ਅਰ ਅਕਲ ਕੁਝ ਲਾਭਦਾਇਕ ਨਹੀਂ ਹੈ।

## ੧੩. (ਖ਼ੁਦੀ ਮਿਟੇ ਤਾਂ ਗਤੀ ਹੈ)।

੧. ਲਖ ਲਖ ਪੀਰ ਮੁਰੀਦ ਮੇਲ ਮਿਲਾਵਹੀ।

੨. ਸੁਹਦੇ ਲਖ ਸਹੀਦ ਜਾਰਤ ਲਾਵਹੀ।
੩. ਲਖ ਰੋਜੇ ਲਖ ਈਦ ਨਿਵਾਜ ਕਰਾਵਹੀ।
੪. ਕਰਿ ਕਰਿ ਗੁਫਤ ਸੁਨੀਦ ਮਨ ਪਰਚਾਵਹੀ।
੫. ਹੁਜਰੇ ਕੁਲਫ ਕੁਲੀਦ ਜੁਹਦ ਕਮਾਵਹੀ।
੬. ਦਰਿ ਦਰਵੇਸ ਰਸੀਦ ਆਪੁ ਜਣਾਵਹੀ॥੧੩॥

**ਪਦਾਰਥ**-(ਸੁਹਦੇ=ਕਾਇਰ, ਗਰੀਬ। ਸਹੀਦ=ਦੀਨ ਲਈ ਮਰਨ ਵਾਲੇ, ਬਲੀ। (ਗੁਫਤ ਸੁਨੀਦ=ਕਹਿਣਾ ਸੁਣਨਾ,ਉੱਤ੍ਰ ਪ੍ਰਸ਼ਨ। ਹੁਜਰੇ=ਮੰਦਰ ਕੁਲਫ=ਜੰਦਰਾ। (ਕੁਲੀਦ=ਕੁੰਜੀ। ਜੁਹਦ=ਪ੍ਰਹੇਜ਼ਗਾਰੀ, ਤਯਾਗ। ਰਸੀਦ=ਪਹੁੰਚੇ ਹੋਏ।

**ਅਰਥ**-੧.ਲੱਖਾਂ ਪੀਰ ਲੱਖਾਂ ਮੁਰੀਦਾਂ ਦੇ ਮੇਲ ਮਿਲਾਉਂਦੇ (ਭਾਵ ਇਕੱਠ ਕਰ ਬੈਠਦੇ ਹਨ)। ੨.ਲੱਖਾਂ ਸ਼ੁਹਦੇ ਲੱਖਾਂ ਸ਼ਹੀਦਾਂ (ਦੀਆਂ ਕਬਰਾਂ ਪਰ) ਜ਼ਯਰਤਾਂ (ਮੇਲੇ) ਲਾਉਂਦੇ ਹਨ। ੩.ਲੱਖਾਂ ਰੋਜ਼ੇ, ਲੱਖਾਂ ਈਦਾਂ, ਅਤੇ ਨਿਮਾਜ਼ਾਂ ਕਰਾਉਂਦੇ ਹਨ। ੪.(ਹੋਰ ਕਈ) ਉਤੱਰ ਪ੍ਰਸ਼ਨ ਕਰ ਕਰਕੇ ਮਨਾਂ ਨੂੰ ਬਹਿਲਾਉਂਦੇ (ਭਾਵ ਸਮਾਂ ਕੱਟਦੇ) ਹਨ। ੫.(ਮਨ ਰੂਪ) ਮੰਦਰ ਦੇ ਜੰਦਰੇ ਦੀ ਕੁੰਜੀ (ਜ਼ੁਹਦ) ਤਯਾਗ ਕਮਾਉਂਦੇ ਹਨ। ੬.(ਪਰੰਤੂ ਪਰਮੇਸ਼ੁਰ ਦੇ) ਦਰਵਾਜ਼ੇ ਪਰ ਪਹੁੰਚ (ਉਨ੍ਹਾਂ ਦੀ ਹੈ ਜੋ) ਆਪ ਜਣਾਉਂਦੇ ਹਨ (ਪਰ ਜਿੰਨ੍ਹਾਂ ਦੀ ਖ਼ੁਦੀ ਮਿਟ ਗਈ ਹੈ)।

## ੧੪. (ਦੁਨੀਆਦਾਰ ਡਰਾਵਣੇ ਹਨ)।

੧. ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ।
੨. ਵਡੇ ਦੁਨਆਦਾਰ ਨਾਉ ਗਣਾਵਣੇ।
੩. ਕਰਿ ਗੜ੍ਹ ਕੋਟ ਹਜਾਰ ਰਾਜ ਕਮਾਵਣੇ।
੪. ਲਖ ਲਖ ਮਨਸਬਦਾਰ ਵਜਹ ਵਧਾਵਣੇ।
੫. ਪੂਰ ਭਰੇ ਅਹੰਕਾਰ ਆਵਨ ਜਾਵਣੇ।
੬. ਤਿਤੁ ਸਚੇ ਦਰਬਾਰ ਖਰੇ ਡਰਾਵਣੇ॥੧੪॥

**ਪਦਾਰਥ**-(ਵਿਛਾਵਣੇ=ਦਰੀਆਂ ਆਦਿਕ। ਦੁਨੀਆਦਾਰ=ਮਾਯਾਵੀ, ਧਨੀ। (ਮਨਸਬਦਾਰ=ਅਹੁਦੇਦਾਰੁ। ਵਜਹ=ਮਾਹਵਾਰੀ ਤਨਖਾਹ।

**ਅਰਥ**-੧.(ਦੁਨੀਆਦਾਰ) ਲੋਕ ਉੱਚੇ ਮੰਦਰਾਂ ਨੂੰ ਉਸਾਰਕੇ (ਦਰੀਆਂ ਗਲੀਚੇ ਆਦਿ) ਬਿਸਤਰੇ ਵਿਛਾਂਵਦੇ ਹਨ। ੨.ਵਡੇ ਦੁਨੀਆਂਦਾਰ ਹੋਕੇ (ਆਪਣੇ) ਨਾਮ ਗਣਾਉਂਦੇ (ਭਾਵ ਕੋਈ ਆਪ ਨੂੰ ਲਖਪਤੀ ਕੋਈ ਕਰੋੜਪਤੀ ਸਦਾਉਂਦਾ ਹੈ)। ੩.ਕਿਲ੍ਹੇ ਤੇ ਕੋਟ ਹਜ਼ਾਰਾਂ ਬਣਵਾਕੇ ਰਾਜ ਕਰਦੇ ਹਨ। ("**ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ ॥**")। (ਮਾਰੂ: ਕਬੀਰ-੬) ੪.ਲੱਖਾਂ ਅਹੁਦੇਦਾਰ ਲੱਖ (ਰੁਪਯੇ ਤੀਕ ਆਪਣੀਆਂ) ਮਾਹਵਾਰੀ ਤਲਬਾਂ ਵਧਵਾ ਲੈਂਦੇ ਹਨ। ੫.(ਪਰ ਐਸੇ)। ਪੂਰਾਂ ਦੇ ਪੂਰ ਅਹੰਕਾਰ ਨਾਲ ਭਰੇ ਹੋਏ ਜੰਮਦੇ ਮਰਦੇ ਰਹਿੰਦੇ ਹਨ,। ੬.(ਏਹ) ਉਸ (ਅਕਾਲ ਪੁਰਖ ਦੇ) ਸੱਚੇ ਦਰਬਾਰ ਵਿਚ ਖਰੇ ਭਿਆਨਕ ਰੂਪ ਹੁੰਦੇ ਹਨ।

**ਭਾਵ**-ਸੰਸਾਰ ਦੇ ਵੱਡੇ ਹੰਕਾਰੀ ਹੋਣ ਕਰਕੇ ਥਾਉਂ ਨਹੀਂ ਪਾਉਂਦੇ।

## ੧੫. (ਪਖੰਡ)।

੧. ਤੀਰਥ ਲਖ ਕਰੋੜਿ ਪੁਰਬੀ ਨਾਵਣਾ।

੨. ਦੇਵੀ ਦੇਵ ਸਥਾਨ ਸੇਵ ਕਰਾਵਣਾ।
੩. ਜਪ ਜਪ ਸੰਜਮ ਲਖ ਸਾਧਿ ਸਧਾਵਣਾ।
੪. ਹੋਮ ਜਗ ਨਈਵੇਦ ਭੋਗ ਲਗਾਵਣਾ।
੫. ਵਰਤ ਨੇਮ ਲਖ ਦਾਨ ਕਰਮ ਕਮਾਵਣਾ।
੬. ਲਉਬਾਲੀ ਦਰਗਾਹਿ ਪਖੰਡ ਨ ਜਾਵਣਾ।੧੫॥

**ਪਦਾਰਥ**-(ਪੁਰਬੀ=ਪਵਿਤ੍ਰ ਦਿਨ। ਨਈਵੇਦ=ਲੱਡੂ ਪੇੜਾ ਆਦਿ ਠਾਕਰ ਭੋਗ। (ਲਉਬਾਲੀ=ਬੇਪਰਵਾਹ, ਅਕਾਲ ਪੁਰਖ।

**ਅਰਥ**-੧.ਲੱਖਾਂ ਕਰੋੜਾਂ (ਵਾਰ)ਤੀਰਥਾਂ ਪੁਰ ਪੁਰਬੀਆਂ ਦੇ ਇਸ਼ਨਾਨ ਕਰਨੇ। ੨.ਦੇਵੀ ਦੇਵਤਿਆਂ ਦੇ ਮੰਦਰਾਂ ਵਿਖੇ ਜਾਕੇ ਸੇਵਾ ਟਹਿਲ ਕਰਨੀ। ੩.(ਲੱਖਾਂ) ਜਪ, ਤਪ, ਲੱਖਾਂ ਸੰਜਮ, ਲੱਖਾਂ ਸਾਧਨਾਂ ਸਾਧਣੀਆਂ। ੪.ਹੋਮ, ਯੱਗ, ਨਈਵੇਦ (ਅਤੇ ਠਾਕਰਾਂ ਨੂੰ) ਭੋਗ ਲਗਾਉਣੇ। ੫.ਲੱਖਾਂ ਵਰਤ ਨੇਮ, ਦਾਨ (ਆਦਿ) ਕਰਮ ਕਰਨੇ । ੬.(ਉਸ) ਬੇਪਰਵਾਹ (ਅਕਾਲ ਪੁਰਖ ਦੀ) ਸਭਾ ਵਿਖੇ ਏਹ ਪਖੰਡ ਹਨ, (ਨਾਲ) ਨਹੀਂ ਜਾਣੇ।

**ਭਾਵ**-ਸ੍ਰੀ ਮੁਖ ਵਾਕ ਹੈ: "**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥**" (ਸੂਹੀ: ਮ:੫) ਪੁਨਾ:-"**ਜਗ ਮਹਿ ਬਕਤੇ ਦੂਧਾ ਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥**"(ਗੌਂਡ: ਕਬੀਰ-੧੧) ਏਹ ਕਰਮ ਸਾਰੇ ਪਖੰਡ ਹਨ, ਦਰਗਾਹ ਵਿਚ ਸੱਚ ਜਾਂਦਾ ਹੈ।

## ੧੬. (ਬੰਦਾ ਸਭ ਤੋਂ ਉੱਚਾ ਹੈ)।

੧. ਪੌਪਲੀਆ ਭਰਨਾਲਿ ਲਖ ਤਰੰਦੀਆਂ।
੨. ਓੜਕ ਓੜਕ ਭਾਲਿ ਸੁਧਿ ਨ ਲਹੰਦੀਆਂ।
੩. ਅਨਲਮਨਲ ਕਰਿ ਖਿਆਲ ਉਮਰਿ ਉਡੰਦੀਆਂ।
੪. ਉਛਲਿ ਕਰਨਿ ਉਛਾਲ ਨ ਉਭਿ ਚੜੰਦੀਆਂ।
੫. ਲਖ ਅਗਾਸ ਪਤਾਲ ਕਰਿ ਮੁਹਛੰਦੀਆਂ।
੬. ਦਰਗਹ ਇਕ ਰਵਾਲ ਬੰਦੇ ਬੰਦੀਆਂ॥੧੬॥

**ਪਦਾਰਥ**-(ਪੌਪਲੀਆਂ=ਸਰਨਾਈਆਂ, ਬੇੜੀਆਂ। ਭਰਨਾਲਿ=ਸਮੁੰਦ੍ਰ। ਅਨਲਮਨਲ=ਇਕ) (ਪੰਖੀ, ਕਾਵਿ ਸੰਕੇਤਕ ਪੱਖੀ ਹੈ ਜੋ ਉਡਦਾ ਹੀ ਰਹਿੰਦਾ ਹੈ,ਅੰਡੇ ਬੀ ਅਕਾਸ਼ (ਵਿਚ ਦੇਂਦਾ ਮੰਨਿਆ ਹੈ। ਉਮਰਿ=ਖੁਸ਼ੀ ਨਾਲ। ਰਵਾਲ=ਕਿਣਕਾ ਭਰ।

**ਅਰਥ**-੧.ਲੱਖਾਂ ਸਰਨਾਈਆਂ (ਜਾਂ ਬੇੜੀਆਂ) ਸਮੁੰਦਰ ਵਿਖੇ ਤਰਦੀਆਂ ਹਨ।੨.(ਸਮੁੰਦਰ ਦੇ) ਅੰਤ ਨੂੰ ਓੜਕ (ਜਤਨ) ਨਾਲ ਭਾਲਦੀਆਂ ਹਨ, (ਪਰੰਤੂ 'ਸੁਧ') ਸਾਰ ਨਹੀਂ ਲੈਂਦੀਆਂ। ੩.ਅਨਲ ਮਨਲ (ਪੱਛੀ ਅਕਾਸ਼ ਦੇ ਅੰਤ ਲੈਣ ਦੇ) ਖਿਆਲ ਵਿਚ ਖੁਸ਼ੀ ਨਾਲ ਉਡਦੇ ਰਹਿੰਦੇ ਹਨ। ੪.(ਅਰ ਉਨ੍ਹਾਂ ਦਾ ਅੰਡਾ ਬੀ ਉਤਾਹਾਂ ਨੂੰ) ਉਛਲਕੇ ਛਾਲਾਂ ਮਾਰਦਾ ਹੈ, ਪਰੰਤੂ ('ਉਭ') ਅਕਾਸ਼ (ਦੇ ਅੰਤ ਨੂੰ) ਨਹੀਂ ਚੜ੍ਹਦੇ। ੫.ਲੱਖਾਂ ਅਕਾਸ਼ ਪਤਾਲ (ਅਕਾਲ ਪੁਰਖ ਦੀਆਂ) ਮੁਥਾਜੀਆਂ ਕੱਢਦੇ ਹਨ)। (ਭਾਵ ਅਕਾਸ਼ ਪਤਾਲ ਨਿਵਾਸੀ ਲੋਕ ਲਖਾਂ ਹੀ ਨਿੰਮ੍ਰਤਾ ਨਾਲ ਦੰਦੀਆਂ ਵਿਲਕਦੇ ਹਨ)।੬.(ਅਕਾਲ ਪੁਰਖ ਦੀ) ਦਰਗਾਹ ਦੇ ਬੰਦੇ ਅਰ ਬੰਦੀਆਂ (ਦਾਸ ਦਾਸੀਆਂ ਅਗੇ ਏਹ) ਇਕ ਸਵਾਲ (ਕਿਣਕੇ) ਦੇ ਸਮਾਨ ਹਨ।

## ੧੭. (ਈਸ਼੍ਵਰੀ ਸ਼ਕਤੀ)।

੧. ਤ੍ਰੈਗੁਣ ਮਾਇਆ ਖੇਲੁ ਕਰਿ ਦੇਖਾਲਿਆ।
੨. ਖਾਣੀ ਬਾਣੀ ਚਾਰਿ ਚਲਤੁ ਉਠਾਲਿਆ।
੩. ਪੰਜਿ ਤਤ ਉਤਪਤਿ ਬੰਧਿ ਬਹਾਲਿਆ।
੪. ਛਿਅ ਰੁਤਿ ਬਾਰਹ ਮਾਹ ਸਿਰਜਿ ਸਮ੍ਹਾਲਿਆ।
੫. ਅਹਿਨਿਸ ਸੂਰਜ ਚੰਦੁ ਦੀਵੇ ਬਾਲਿਆ।
੬. ਇਕ ਕਵਾਉ ਪਸਾਉ ਨਦਰਿ ਨਿਹਾਲਿਆ॥੧੭॥

**ਪਦਾਰਥ**-(ਖੇਲੁ=ਪਸਾਰਾ ਚਲਤੁ=ਕੌਤਕ। ਬੰਧਿ=ਨਿਯਮ।
(ਸਿਰਜਿ=ਰਚਕੇ। ਸਮ੍ਹਾਲਿਆ=ਸੰਭਾਲ ਕੀਤੀ। ਕਵਾਉ=ਵਾਕ।

**ਅਰਥ**-੧.ਮਾਯਾ ਦ੍ਵਾਰੇ ਤਿੰਨ ਗੁਣ (ਰਜੋ, ਤਮੋ, ਸਤੋ) ਦਾ ਖੇਲ ਕਰਕੇ ਦਿਖਾਇਆ ਹੈ। ੨.(ਚਾਰ) ਖਾਣੀਆਂ (ਅੰਡਜ, ਜੇਰਜ, ਸ੍ਵੇਤਜ, ਅਤੇ ਉਤਭੁਜ) ਚਾਰੇ ਬਾਣੀਆਂ (ਪਰਾ, ਪਸੰਤੀ, ਮੱਧਮਾ, ਅਤੇ ਬੈਖਰੀ) ਦਾ ਕੌਤਕ ਬਣਾਇਆ ਹੈ। ੩.ਪੰਜ ਤਤ (ਅਪ, ਤੇਜ, ਵਾਯੂ, ਪ੍ਰਿਥਵੀ, ਅਕਾਸ਼) ਉਤਪਤ ਕਰਕੇ (ਉਨ੍ਹਾਂ ਦਾ) ਨਿਯਮ ਬੰਨ੍ਹ ਦਿੱਤਾ ਹੈ। ੪.ਛੀ ਰੁਤਾਂ ਅਤੇ ਬਾਰਾਂ ਮਹੀਨੇ ਰਚਕੇ ਸਮ੍ਹਾਲ ਕੀਤੀ (ਭਾਵ ਵਕਤ ਦਾ ਕੌਤਕ ਰਚਕੇ ਇਸਦਾ ਸਰੰਜਾਮ ਤੇ ਨਿਯਮ ਬੀ ਬੰਨ੍ਹ ਦਿੱਤੇ, ਕਿਉਂਕਿ ਪ੍ਰਕਿਰਤੀ ਦਾ ਖੇਲ ਇਸ ਬਿਨ ਨਿਭਦਾ ਨਹੀਂ)। ੫.ਦਿਨ (ਦੇ ਲਈ) ਸੂਰਜ (ਤੇ) ਰਾਤ (ਦੇ ਚਾਨਣ ਲਈ) ਚੰਦ ((ਮਾਨੋਂ ਦੋ) ਦੀਵੇ ਬਾਲੇ ਹਨ। ੬.(ਏਹ ਸਾਰਾ ਪਸਾਰਾ) ਇਕ ਬਚਨ ਥੋਂ ਪਸਾਰਕੇ (ਆਪ) ਨਦਰ ਨਾਲ ਡਿੱਠਾ (**'ਕਰਿ ਆਸਣੁ ਡਿਠੋ ਚਾਉ'**)।(ਆਸਾ: ਵਾਰ)

## ੧੮. (ਆਪ ਅਲੇਪ ਹੈ)।

੧. ਕੁਦਰਤਿ ਇਕੁ ਕਵਾਉ ਥਾਪ ਉਥਾਪਦਾ।
੨. ਤਿਦੂੰ ਲਖ ਦਰੀਆਉ ਨ ਓੜਕੁ ਜਾਪਦਾ।
੩. ਲਖ ਬ੍ਰਹਮੰਡ ਸਮਾਉ ਨ ਲਹਿਰ ਵਿਆਪਦਾ।
੪. ਕਰਿ ਕਰਿ ਵੇਖੈ ਚਾਉ ਲਖ ਪਰਤਾਪਦਾ।
੫. ਕਉਣੁ ਕਰੈ ਅਰਥਾਉ ਵਰ ਨ ਸਰਾਪ ਦਾ।
੬. ਲਹੈ ਨ ਪਛੋਤਾਉ ਪੁੰਨੁ ਨ ਪਾਪ ਦਾ॥੧੮॥

**ਪਦਾਰਥ**-(ਦਰੀਆਉ=ਭਾਵ ਬ੍ਰਹਮਾਦਿਕ ਦੇਵਤੇ। ਸਮਾਉ=ਸਮਾਈ।
(ਪਰਤਾਪਦਾ=ਪ੍ਰਕਾਸ਼ ਦੇ ਰਿਹਾ ਹੈ। ਅਰਥਾਉ=ਸਿੱਧਾਂਤ।

**ਅਰਥ**-੧.ਸ੍ਰਿਸ਼ਟੀ ਨੂੰ ਇਕ ਵਾਕ ਨਾਲ ਥਾਪਕੇ ਫੇਰ (ਉਥਾਪ ਕਹੀਏ) ਨਾਸ਼ ਕਰ ਦਿੰਦਾ ਹੈ। ੨.ਉਸੇ (ਅਕਾਲ ਪੁਰਖ) ਤੋਂ ਲੱਖਾਂ ਦਰੀਆਉ (ਫਰਿਸ਼ਤੇ, ਦੇਉਤੇ ਆਦਿ ਉਚੇਰੀ ਸ੍ਰਿਸ਼ਟੀ ) ਦਾ ਅੰਤ (ਕੋਈ) ਨਹੀਂ ਪਾ ਸਕਦਾ। ੩.ਉਸਦੇ (ਇਕ ਇਕ ਰੋਮ ਵਿਖੇ) ਲੱਖਾਂ ਬ੍ਰਹਮੰਡਾਂ ਦੀ ਸਮਾਈ ਹੈ (ਤੇ ਆਪ ਉਸਨੂੰ ਕੋਈ) ਲਹਿਰ ਨਹੀਂ ਵਿਆਪਦੀ (ਭਾਵ, ਆਪ ਕਦੇ ਬਦਲਦਾ ਨਹੀਂ, ਇਕ ਰਸ ਤ੍ਰੈਕਾਲ ਅਬਾਧ ਰੂਪ ਰਹਿੰਦਾ ਹੈ)। ੪.(ਉਹ ਆਪਣੀ ਰਚਨਾਂ ਨੂੰ) ਕਰ ਕਰਕੇ ਚਾਉ ਨਾਲ ਦੇਖਦਾ ਅਰ ਲੱਖਾਂ ਨੂੰ ਪ੍ਰਤਾਪਵਾਨ ਕਰ ਰਿਹਾ ਹੈ। ੫.ਕੌਣ ਉਸਦੇ (ਅਰਥਾਉ ਅੰਤ ਨੂੰ ਜਾਂ) ਸਿੱਧਾਂਤ ਨੂੰ ਦੱਸ ਸਕਦਾ ਹੈ, ਉਸਨੂੰ ਨਾ ਵਰ ਦਾ ਨਾ ਸਰਾਪ ਦਾ (ਅਤੇ) ੬.ਨਾ ਪੁੰਨ ਦਾ ਨਾ ਪਾਪ ਦਾ ਪਛੋਤਾਉ ਹੈ।

**ਭਾਵ**-ਉਸਨੂੰ ਵਰ ਤੋਂ ਪੁੰਨ ਦੀ ਖੁਸ਼ੀ ਅਰ ਸਰਾਪ ਅਤੇ ਪਾਪ ਦਾ ਪਛੁਤਾਵਾ ਨਹੀਂ ਹੈ, ਕਿਉਂ ਕਿ ਓਹ ਸ੍ਰਿਸ਼ਟੀ ਦੇ ਕਰਮਾਂ ਦਾ ਫਲ ਪ੍ਰਦਾਤਾ ਹੈ ਤੇ ਆਪ ਤ੍ਰਿਗੁਣ ਅਤੀਤ ਹੈ।

## ੧੯. (ਕੁਦਰਤ ਤੇ ਕਾਦਰ ਬੇਅੰਤ ਅਸਗਾਹ ਹੈ)।

੧. ਕੁਦਰਤਿ ਅਗਮੁ ਅਥਾਹੁ ਅੰਤੁ ਨ ਪਾਈਐ।
੨. ਕਾਦਰੁ ਬੇਪਰਵਾਹ ਕਿਨ ਪਰਚਾਈਐ।
੩. ਕੇਵਡੁ ਹੈ ਦਰਗਾਹ ਆਖਿ ਸੁਣਾਈਐ।
੪. ਕੋਇ ਨ ਦਸੈ ਰਾਹੁ ਕਿਤੁ ਬਿਧਿ ਜਾਈਐ।
੫. ਕੇਵਡੁ ਸਿਫਤਿ ਸਲਾਹ ਕਿਉ ਕਰਿ ਧਿਆਈਐ।
੬. ਅਬਿਗਤਿ ਗਤਿ ਅਸਗਾਹੁ ਨ ਅਲਖੁ ਲਖਾਇਆ ॥੧੯॥

**ਪਦਾਰਥ**-(ਕਾਦਰ=ਕਰਤਾ। ਅਸਗਾਹੁ=ਜਿਸ ਦਾ ਅੰਤ ਨਾ ਹੋਵੇ।

**ਅਰਥ**-੧.(ਅਕਾਲ ਪੁਰਖ ਦੀ) ਰਚਨਾ ਅਗੰਮ ਤੇ ਅਥਾਹ ਹੈ (ਉਸਦਾ) ਅੰਤ ਨਹੀਂ ਪਾਇਆ ਜਾਂਦਾ। ੨.ਕਰਤਾ ਬੇਪਰਵਾਹ ਹੈ (ਉਸ ਨੂੰ) ਕੌਣ ਪਰਚਾ ਸਕਦਾ ਹੈ, (ਭਾਵ ਕਿਸੇ ਦੇ ਵੱਸ ਵਿਖੇ ਨਹੀਂ ਆ ਸਕਦਾ। ਯਥਾ ਸ੍ਰੀ ਮੁਖਵਾਕ:-"**ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥ ਨਾ ਤੂ ਆਵਹਿ ਵਸਿ ਧਰਤੀ ਧਾਈਐ ॥**") (ਰਾਮ: ਵਾਰ-੧੦) ੩.(ਉਸਦੀ) ਕਚਹਿਰੀ ਕਿੱਡੀਕੁ ਹੈ ਆਖਕੇ ਸੁਣਾਓ ਤਾਂ ਸਹੀ? ੪.ਕੋਈ ਰਾਹ ਨਹੀਂ ਦੱਸ ਸਕਦਾ, ਕਿੱਕੁਰ (ਉਥੇ) ਜਾਈਏ।੫.ਕਿੱਡੀਕੁ (ਉਸਦੀ) ਸਿਫਤ (ਬਾਣੀ ਕਰਕੇ) ਸਲਾਹੀਏ ਅਤੇ ਧਿਆਈਏ ਕਿਕੂੰ (ਮਨ ਉਥੇ ਪਹੁੰਚ ਨਹੀਂ ਸਕਦਾ) ੬.(ਉਸਦੀ) ਗਤਿ (ਗਯਾਨ ਅਥਵਾ ਪ੍ਰਾਪਤੀ) ਕਠਨ ਅਤੇ ਅਸਗਾਹ ਹੈ, (ਉਹ ਅਲਖ ਹੈ ਨਹੀਂ ਲਖਿਆ ਜਾਂਦਾ।

(ਅੱਗੇ ਪ੍ਰਾਪਤੀ ਦਾ ਰਸਤਾ ਦੱਸਣਗੇ।)

## ੨੦. (ਗੁਰ ਪ੍ਰਸਾਦਿ)।

੧. ਆਦਿ ਪੁਰਖੁ ਪਰਮਾਦਿ ਅਚਰਜੁ ਆਖੀਐ।
੨. ਆਦਿ ਅਨੀਲੁ ਅਨਾਦਿ ਸਬਦੁ ਨ ਸਾਖੀਐ।
੩. ਵਰਤੈ ਆਦਿ ਜੁਗਾਦਿ ਨ ਗਲੀ ਗਾਖੀਐ।
੪. ਭਗਤਿ ਵਛਲੁ ਅਛਲਾਦਿ ਸਹਜਿ ਸੁਭਾਖੀਐ।
੫. ਉਨਮਨਿ ਅਨਹਦਿ ਨਾਦਿ ਲਿਵ ਅਭਿਲਾਖੀਐ।
੬. ਵਿਸਮਾਦੈ ਵਿਸਮਾਦ ਪੂਰਨ ਪਾਖੀਐ।
੭. ਪੂਰੇ ਗੁਰ ਪਰਸਾਦਿ ਕੇਵਲ ਕਾਖੀਐ ॥੨੦॥੨੧॥

**ਪਦਾਰਥ**-(ਪਰਮਾਦਿ=ਸਭ ਦਾ ਆਦ ਕਾਰਣ ਹੈ। ਅਨੀਲ=ਅਣਗਿਣਤ, ਅਕਲੰਕ, (ਅਰੰਗ ਗਾਖੀਐ=ਗਾਹੀਦਾ, ਵਿਚਾਰੀਦਾ। ਅਛਲਾਦਿ=ਅਛਲ ('ਦੇਵਤਿਆਂ) (ਦੀ ਆਦ ਹੈ।ਪਾਖੀਐ=ਪੱਖ ਵਾਲਾ। ਕਾਖੀਐ=ਚਾਹੀਏ, ਭਾਵ ਮਿਲੀਦਾ ਹੈ।

**ਅਰਥ**-੧.ਆਦਿ ਪੁਰਖ ਹੈ (ਪਰੰਤੂ ਉਸਦੀ ਆਦਿ ਦਾ ਸਮਯ ਨਾ ਮਿਲਣੇ ਕਰ) ਪਰਮਾਦਿ (ਕਹੀਦਾ ਹੈ) (ਆਦਿ ਨਾ ਹੋਣ ਕਰਕੇ) ਅਚਰਜ (ਆਉਂਦਾ ਹੈ ਤਦ ਅਚਰਜ ਰੂਪ ਹੀ) ਕਹੀਦਾ ਹੈ।

 www.sikhbookclub.com

੨.ਆਦਿ ਹੈ, ਅਕਲੰਕ ਹੈ, ਆਦਿ ਤੋਂ ਰਹਿਤ ਹੈ, (ਕੋਈ ਸਾਖੀ ਨਹੀਂ ਦੇ ਸਕਦਾ ਕਿ ਕਿਹਾ ਹੈ। ਜੇ ਕਹੋ ਕਿ ਹੋਰ ਪ੍ਰਮਾਣ ਤਾਂ ਨਹੀਂ ਪਰ ਸਬਦ ਪ੍ਰਮਾਣ ਤਾਂ ਹੈ; ਕਹਿੰਦੇ ਹਨ ਉਹ ਬੀ ਤਾਂ ਨੇਤਿ ਨੇਤਿ ਕਹਿਕੇ ਹੀ ਖਹਿੜਾ ਛੁਡਾਂਦੇ ਹਨ, ਤਾਂ ਤੇ) ਸਬਦ (ਪ੍ਰਮਾਣ ਬੀ) ਸਾਖੀ ਨਹੀਂ ਭਰ ਸਕਦਾ। ੪.ਆਦਿ ਜੁਗਾਦਿ ਵਿਖੇ ਵਰਤ ਰਿਹਾ ਹੈ (ਇਹ ਹੈ ਸਦਾ, ਪਰ) ਗੱਲਾਂ ਨਾਲ ਵਿਚਾਰਿਆ ਨਹੀਂ ਜਾਂਦਾ। ੪.ਭਗਤਾਂ ਦਾ ਪਿਆਰਾ ਹੈ (ਉਹ ਆਪ) ਆਦ ਥੋਂ ਅਛਲ ਹੈ ਸਹਿਜ (ਯਥਾਰਥ ਹੈ, ਅਵਸਥਾ ਅਤੀਤ) ਕਹੀਦਾ ਹੈ। ੫.(ਜਦ) ਉਨਮਨ (ਤੁਰੀਆ ਪਦ) ਵਿਖੇ ਅਨਹਤ ਸਬਦ ਦੀ ਲਿਵ (ਲੱਗਦੀ ਹੈ, ਤਦ) ਅਭਿਲਾਖੀਦਾ ਹੈ (ਆਨੰਦ ਵਿਚ ਹੋਈਦਾ ਹੈ। ਭਾਵ ਉਸ ਆਨੰਦ ਤੋਂ ਅੱਕੀਦਾ ਨਹੀਂ, ਸਦਾ ਅਭਿਲਾਖ ਪਜਾਰੀ ਲਗਦੀ ਹੈ))। ੬.(ਤਦੋਂ ਕੀ ਹੋਈਦਾ ਹੈ?) (ਆਪ ਵਾਹਿਗੁਰੂ) ਅਚਰਜ ਰੂਪ ਹੈ, ਪੂਰੇ ਪੱਖ ਵਾਲਾ ਹੈ (ਉਸ ਵਿਖੇ ਵਿਸਮਾਦ) ਅਚਰਜ (ਹੋਈਦਾ) ਹੈ। ੭.ਕੇਵਲ (ਇਕ) ਪੂਰਣ ਗੁਰੂ (ਨਾਨਕ ਦੇਵ) ਦੀ ਕ੍ਰਿਪਾ ਹੀ (ਉਸਦੀ ਪ੍ਰਾਪਤੀ ਦਾ ਸਾਧਨ) ਚਾਹੀਏ, (ਕਿਉਂ ਜੋ ਇਸੇ ਕਰ ਕੇ ਮਿਲ ਸਕਦਾ ਹੈ।

**ਭਾਵ**-ਜਿੱਕੁਰ ਮਲਾਹ ਬਾਝ ਬੇੜੀ ਦਾ ਪਾਰ ਹੋਣਾ ਕਠਨ ਹੈ ਉੱਕਰ ਹੀ ਪੂਰੇ ਗੁਰੂ ਦੀ ਕ੍ਰਿਪਾ ਬਾਝ ਪਰਮਾਤਮਾਂ ਦਾ ਮੇਲ ਅਸੰਭਵ ਹੈ, ਇਸ ਲਈ "**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ**", (ਨਟ:ਮ:੪) ਗੁਰੂ ਜੀ ਦੀ ਬਾਣੀ ਪੁਰ ਨਿਰੰਤਰ ਭਰੋਸਾ ਰੱਖਦੇ ਗੁਰਮੁਖ ਦਾ ਸਤਿਸੰਗ ਕਰਕੇ, ਗੁਰੂ ਨਾਨਕ ਦੇਵ ਦੀ ਕ੍ਰਿਪਾ ਪ੍ਰਾਪਤ ਕਰਕੇ ਮੇਲ ਲੱਝਦਾ ਹੈ।

# ਵਾਰ ੨੨.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾ ਚਰਣ। ਈਸ਼੍ਵਰੀ ਰਚਨਾ)।

੧. ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।
੨. ਹੋਆ ਏਕੰਕਾਰੁ ਆਪੁ ਉਪਾਇਆ।
੩. ਓਅੰਕਾਰਿ ਅਕਾਰੁ ਚਲਿਤੁ ਰਚਾਇਆ।
੪. ਸਚੁ ਨਾਉ ਕਰਤਾਰ ਬਿਰਦੁ ਸਦਾਇਆ।
੫. ਸਚਾ ਪਰਵਦਗਾਰੁ ਤ੍ਰੈ-ਗੁਣ ਮਾਇਆ।
੬. ਸਿਰਠੀ ਸਿਰਜਣਹਾਰ ਲੇਖਿ ਲਿਖਾਇਆ।
੭. ਸਭਸੈ ਦੇ ਆਧਾਰੁ ਨ ਤੋਲਿ ਤੁਲਾਇਆ।
੮. ਲਿਖਿਆ ਥਿਤਿ ਨ ਵਾਰੁ ਮਾਹ ਜਣਾਇਆ।
੯. ਵੇਦ ਕਤੇਬ ਵੀਚਾਰੁ ਨ ਆਖਿ ਸੁਣਾਇਆ ॥੧॥

**ਪਦਾਰਥ**-(ਨਿਰਾਧਾਰ=ਆਸਰੇ ਤੋਂ ਬਾਝ ਏਕੰਕਾਰੁ=ਕੇਵਲ ਇਕ। ਕਾਰ=ਕੇਵਲ (ਪਰਵਦਗਾਰੁ=ਪਾਲਣੇਹਾਰ। ਸਿਰਠੀ=ਰਚਨਾ। ਸ੍ਰਿਸ਼ਟੀ।

**ਅਰਥ**-੧.(ਵਾਹਿਗੁਰੂ) ਕਿਸ ਦੇ ਆਸ਼੍ਰਯ ਨਹੀਂ ਅਕਾਰ ਤੋਂ ਰਹਿਤ ਹੈ (ਉਸ) ਅਲੱਖ ਨੇ (ਆਪਣਾ ਆਪ) ਲਖਾਇਆ ਨਹੀਂ ਹੈ। ੨.ਵਾਹਿਗੁਰੂ ਨਿਰਾਕਾਰ ਸੀ, (ਉਸ ਨਿਰਾਕਾਰ ਤੋਂ) ਏਕੰਕਾਰ ਹੋਇਅ, (ਕਿਸੇ ਦੇ ਕੀਤਿਆਂ ਨਹੀਂ ਉਸਨੇ ਆਪਣਾ ਇਹ ਰੂਪ) ਆਪ ਉਪਾਇਆ । ੩.(ਏਕੰਕਾਰ ਤੋਂ) ਓਅੰਕਾਰ ਰੂਪ ਦਾ ਕੌਤਕ ਰਚਿਆ (ਸ਼ਬਦ ਬ੍ਰਹਮ ਹੋਇਆ)। ੪.(ਓਅੰਕਾਰ ਤੋਂ) ਸਤਿਨਾਮ (ਹੋਇਆ ਅਰ ਇਸ ਤੋਂ) ਕਰਤਾ ਪੁਰਖ (ਹੋਣ ਕਰਕੇ ਭਗਤ ਵਛਲ) ਬਿਰਦ ਸਦਵਾਯਾ। ੫.(ਪਰ ਅਪ ਕੁਝ ਹੋਰ ਫੇਰ ਨਹੀ ਖਾ ਗਿਆ ਉਹੋ ਨਿਰਾਕਾਰ ਸਤਿ ਸਰੂਪ ਰਿਹਾ) ਸੱਚਾ (ਓਹੋ ਤ੍ਰੈਕਾਲ ਅਬਾਧ ਰੂਪ ਵਾਲਾ ਰਹਿਕੇ ਹੁਣ ਨਾਲ) ਪਾਲਣ ਵਾਲਾ (ਸਦਵਾਇਆ, ਪਰ ਫੇਰ ਤ੍ਰਿਗੁਣਾਤੀਤ ਰਿਹਾ) ਤਿੰਨ ਗੁਣਾ ਵਿਚ ਮਾਇਆ ਹੈ (ਆਪ ਨਹੀਂ)। ੬.(ਤ੍ਰੈ-ਗੁਣਾਂ ਵਿਚ ਹੋਣ ਕਰਕੇ) ਸ੍ਰਿਸ਼ਟੀ ਨੇ ਸਿਰਜਣਹਾਰ ਤੋਂ ਲੇਖ ਲਿਖਵਾਇਆ (ਕਿ ਕਰਮਾਂ ਦਾ ਬਦਲਾ ਪਾਵਾਂਗੇ, ਜੇ ਇਹ ਹੁਕਮ ਨਾ ਹੁੰਦਾ ਤਦ ਸੰਸਾਰ ਚਲਦਾ ਹੀ ਨਾ)।੭.(ਕਰਮਾਂ ਦੇ ਫਲ ਦਾ ਨਿਯਮ ਬੰਨ੍ਹਕੇ) ਆਸਰਾ ਸਭ ਨੂੰ ਦੇਂਦਾ ਹੈ (ਭਾਵ ਪਾਲਨਾ ਸਭ ਦੀ ਕਰਦਾ ਹੈ ਇਸ ਵਿਚ ਕਿਸੇ ਦਾ) ਤੋਲ ਨਹੀਂ ਤੋਲਦਾ। (**ਭਾਵ**-"**ਦੀਨ ਦਇਆਲ ਦਇਆ ਨਿਧ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ** ।।" ਭਲੇ ਬੁਰੇ ਸਭ ਦੀ ਪਾਲਣਾ ਕਰਦਾ ਹੈ)। ੮.(ਇਸ ਰਚਨਾਂ ਦੇ ਰਚਨ ਦਾ) ਥਿੱਤ ਵਾਰ ਨਹੀਂ ਲਿਖਿਆ, ਨਾ ਮਹੀਨਾ ਹੀ ਜਣਾਇਆ ਹੈ। ੯.ਵੇਦਾਂ ਕਤੇਬਾਂ (ਤੇ ਹੋਰ) ਵੀਚਾਰਾਂ ਨੇ ਵੀ (ਏਹ ਗੱਲ) ਨਹੀਂ ਦੱਸੀ।

**ਭਾਵ**-ਵਾਹਿਗੁਰੂ ਦੇ ਨਿਰਗੁਣ ਰੂਪ ਤੋਂ ਸਰਗੁਣ ਹੋਣ ਅਰ ਸਰਗੁਣ ਹੋਕੇ ਸ੍ਰਿਸ਼ਟੀ ਰਚਨਾਂ ਕਰਨ ਦਾ ਜ਼ਿਕਰ ਮਹਿਮਾਂ ਦੇ ਢੰਗ ਪਰ ਕੀਤਾ ਹੈ। ਨਿਰੰਕਾਰ ਤੋਂ ੧,੧ ਤੋਂ ਓਅੰ, ਓਅੰ ਤੋਂ ਸਤਿਨਾਮ, ਸਤਿਨਾਮ ਤੋਂ ਕਰਤਾ ਪੁਰਖ ਆਦਿ ਉਸ ਦੇ ਅਕ੍ਰਿਤਮ ਨਾਮਾ ਦੀ ਪ੍ਰਸੰਗਲੀ ਸੂਖਮਤਾ ਦੇ ਲਿਹਾਜ ਨਾਲ ਕਹੀ ਹੈ, ਜੋ ਸਰੂਪ ਲੱਖਣ ਹੋਕੇ ਨਾਮ ਤੱਕ ਅਰ ਕਰਤਾ ਪੁਰਖ ਪਰਵਦਗਾਰ ਤਟਸਥ ਲੱਖਣ ਹੋਕੇ ਉਸੇ ਨੂੰ ਜਣਾਉਂਦੀ ਹੈ। ਭੇਦ ਵਿਚ ਇਹ ਹੈ ਕਿ ਪਹਿਲੇ ਪਿੱਛੋਂ ਮੱਧ ਵਿਚ ਆਪ ਸਦਾ ਤ੍ਰੈਕਾਲ ਅਬਾਧ, ਇਕੋ ਰਸ, ਇਕ ਰੂਪ ਹੈ; ਇਹ ਨਾ ਸਮਝਣਾ ਕਿ ਉਸ ਦੇ ਸਰੂਪ ਵਿਚ ਕੋਈ ਫਰਕ ਪੈ ਜਾਂਦਾ ਹੈ।

## ੨. (ਈਸ਼੍ਵਰੀ ਬਲ)।

੧. ਨਿਰਾਲੰਬੁ ਨਿਰਬਾਣੁ ਬਾਣੁ ਚਲਾਇਆ।
੨. ਉਡੈ ਹੰਸ ਉਚਾਣੁ ਕਿਨਿ ਪਹੁਚਾਇਆ।
੩. ਖੰਭੀ ਚੋਜ ਵਿਡਾਣੁ ਆਣਿ ਮਿਲਾਇਆ।
੪. ਧ੍ਰੂ ਚੜ੍ਹਿਆ ਅਸਿਮਾਣਿ ਨ ਟਲੈ ਟਲਾਇਆ।
੫. ਮਿਲੈ ਨਿਮਾਣੈ ਮਾਣੁ ਆਪੁ ਗਵਾਇਆ।
੬. ਦਰਗਹ ਪਤਿ ਪਰਵਾਣੁ ਗੁਰਮੁਖਿ ਧਿਆਇਆ॥੨॥

**ਪਦਾਰਥ**-(ਨਿਰਲੰਬੁ=ਨਿਰਾਸ਼੍ਰਯ। ਨਿਰਬਾਣੁ=ਨਿਰਬੰਧਨ। ਬਾਣੁ=ਤੀਰ, ਭਾਵ ਵਿਚ ਧ੍ਰੂ (ਭਗਤ। ਉਜਾਣ=ਅਕਾਸ਼। ਖੰਭੀ=ਪਰਾਂ ਵਿਖੇ। ਵਿਡਾਣ=ਅਚਰਜ।

**ਅਰਥ**-ਪ੍ਰਸ਼ਨ-੧.ਨਿਰਆਸਰੇ ਤੇ ਨਿਰਬੰਧ ਬਾਣ (ਕਿਸ ਨੇ) ਚਲਇਆ? ੨.ਹੰਸ ਉਚਾਈ ਨੂੰ ਉਡਦਾ ਹੈ (ਉਸ ਨੂੰ ਮਾਨ ਸਰੋਵਰ ਉਤੇ) ਕਿਸ ਨੇ ਪਹੁੰਚਾਇਆ ਹੈ?

(ਉੱਤਰ)-੩.(ਉਸਦੇ) ਖੰਬਾਂ ਦਾ ਅਚਰਜ ਕੌਤਕ ਹੈ (ਜਿਨ੍ਹਾਂ ਨੇ ਮਾਨ ਸਰੋਵਰ ਫੇਰ) ਆਣ ਮਿਲਾਇਆ ਹੈ। ੪.(ਐਉਂ ਹੀ ਤਾਂ) ਧ੍ਰੂ ਅਸਮਾਨ ਤੇ ਚੜ੍ਹਿਆ ਹੈ (ਜੋ ਕਿਸੇ ਦਾ) ਟਾਲਿਆ ਟਲ ਨਹੀਂ ਸਕਦਾ।

(ਸਿੱਧਾਂਤ) ੫.(ਜਿਸਨੇ) ਆਪਣਾ ਆਪ ਗੁਆ ਦਿਤਾ ਹੈ (ਉਸ) ਨਿਮਾਣੇ ਨੂੰ (ਦਰਗਾਹ ਵਿਚ) ਮਾਣ ਮਿਲਦਾ ਹੈ।
(ਸਾਧਨ) ੬.(ਜਿਸਨੇ) ਗੁਰਮੁਖ ਦੁਅਰਾ (ਵਾਹਿਗੁਰੂ) ਨੂੰ ਧਿਆਇਆ ਹੈ , ਦਰਗਾਹ ਵਿਚ ਪਤ (ਉਸੇ ਦੀ) ਪਰਵਾਨ ਪਈ ਹੈ।

ਭਾਵ-ਧ੍ਰੂ ਭਗਤ ਨੇ ਨਿਰਹੰਕਾਰ ਹੋਕੇ ਨਿੰਮ੍ਰਤਾ ਦੀ ਕਮਾਨ ਉਤੇ ਪਰਮੇਸੁਰ, ਸਿਮਰਨ ਦਾ ਤੀਰ ਭਗਤੀ ਭਰੋਸੇ ਦੇ ਬਲ ਨਾਲ ਚਲਾਇਆ, ਉਹ ਅਮਰਾਪਦ ਨੂੰ ਪਹੁੰਚਿਆ, ਧ੍ਰੂ ਤੋਂ ਮਤਲਬ ਧ੍ਰੂ ਤਾਰਾ ਨਹੀਂ ਹੈ, ਧ੍ਰੂ ਭਗਤ ਹੈ, ਜਿਸ ਦੇ ਨਾਮ ਤੇ ਤਾਰੇ ਦਾ ਨਾਮ ਹੈ। ਫੇਰ ਦ੍ਰਿਸ਼ਟਾਂਤ ਹੰਸ ਦਾ ਦੇਂਦੇ ਹਨ ਕਿ ਓਹ ਅੱਕਾਸ਼ ਵਿਚ ਉਡਦਾ ਕਿਸ ਤਰ੍ਹਾਂ ਮਾਨਸਰ ਪਹੁੰਚਦਾ ਹੈ? ਉਹ ਨਿਮ੍ਰਤਾ ਨਾਲ ਉਸਦੇ ਖੰਭ ਆਸਮਾਨੀ ਲੈ ਜਾਂਦੇ ਹਨ। ਖੰਭ ਹੀ ਫੇਰ ਮਾਨਸਰ ਪਹੁੰਚਾਉਂਦੇ ਹਨ। ਖੰਭ ਖੰਭਿਆਂ ਵਾਂਗੂੰ ਆਕੜੇ ਨਹੀਂ ਹੁੰਦੇ, ਸਗੋਂ ਉੱਞ ਬਲਦਾਰ ਤੇ ਉੱਞ ਨਿਵੇਂ ਹੋਏ ਹੁੰਦੇ ਹਨ। ਤਿਵੇਂ ਜੋ ਹੰਕਾਰ ਦੇ ਗਡੇ ਚੜ੍ਹੇ ਹੋਏ ਹਨ ਉਨ੍ਹਾਂ ਨੂੰ ਹੰਕਾਰ ਦਾ ਨੀਵੀਆਂ ਕਰਨਾ ਹੀ ਅਮਰਾ ਪੁਰੀ ਲੈ ਜਾਏਗਾ (ਯਥਾ :- **"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ"**)(ਆਸਾ ਵਾਰ-੭) ਸਿਧਾਂਤ ਵਿਚ ਕਹਿੰਦੇ ਹਨ ਨਿਮਾਣੇ ਹੋਵੋ ਤਾਂ ਮਾਣ ਪਾਓ ਤੇ ਵਾਹਿਗੁਰੂ ਨੂੰ ਧਿਆਓ।

## ੩. (ਈਸ਼੍ਵਰੀ ਬਲ)।

੧. ਓੜਕੁ ਓੜਕੁ ਭਾਲਿ ਨ ਓੜਕੁ ਪਾਇਆ।
੨. ਓੜਕ ਭਾਲਣਿ ਗਏ ਸਿ ਫੇਰ ਨ ਆਇਆ।
੩. ਓੜਕ ਲਖ ਕਰੋੜਿ ਭਰਮਿ ਭੁਲਾਇਆ।
੪. ਆਦੁ ਵਡਾ ਵਿਸਮਾਦੁ ਨ ਅੰਤੁ ਸੁਣਾਇਆ।
੫. ਹਾਥਿ ਨ ਪਾਰਾਵਾਰੁ ਲਹਰੀ ਛਾਇਆ।
੬. ਇਕੁ ਕਵਾਉ ਪਸਾਉ ਨ ਅਲਖੁ ਲਖਾਇਆ।
੭. ਕਾਦਰੁ ਨੋ ਕੁਰਬਾਣੁ ਕੁਦਰਤਿ ਮਾਇਆ।
੮. ਆਪੇ ਜਾਣੈ ਆਪੁ ਗੁਰ ਸਮਝਾਇਆ ॥੩॥

**ਪਦਾਰਥ**-(ਓੜਕੁ=ਜਤਨ ਨਾਲ। ਓੜਕੁ=ਅੰਤ। ਵਿਸਮਾਦੁ=ਅਚਰਜ ਰੂਪ। (ਹਾਥਿ=ਹੱਥ, ਭਾਵ ਅੰਤ। ਲਹਰੀ=ਲਹਿਰਾਂ, ਆਨੰਦ ਦੇ ਹੁਲਾਰੇ।

**ਅਰਥ**-੧.ਜਤਨ ਨਾਲ (ਅਕਾਲ ਪੁਰਖ ਰੂਪ ਸਮੁੰਦਰ ਦੇ) ਅੰਤ ਨੂੰ ਲੱਭਣ ਗਏ, (ਪਰੰਤੂ) ਓੜਕ (ਅੰਤ) ਹੱਥ ਨਾ ਆਇਆ। ੨.(ਜੋ) ਓੜਕ ਨੂੰ ਭਾਲਣ ਗਏ ਓਹ ਫੇਰ ਆਏ ਹੀ ਨਹੀਂ। ੩.(ਤੇ ਹੋਰ) ਲੱਖਾਂ ਕ੍ਰੋੜਾਂ ਨੂੰ ਓੜਕ (ਦੀ ਭਾਲ) ਨੇ ਭਰਮ ਵਿਚ ਭੁਲਾ ਦਿੱਤਾ। ੪.ਆਦ ਵੱਡਾ ਅਸਚਰਜ ਰੂਪ ਹੈ (ਤੇ) ਅੰਤ ਸੁਣਾਇਆ ਹੀ ਨਾ। ੫.(ਅਕਾਲ ਰੂਪ ਸਾਗਰ ਦੇ) ਪਾਰਾਵਾਰ ਦਾ ਕੋਈ ਅੰਤ ਨਹੀਂ ਹੈ (ਆਨੰਦ ਦੀਆਂ) ਲਹਿਰਾਂ ਨਾਲ ਛਾ ਰਿਹਾ ਹੈ। ੬.(ਉਸ ਨੇ) ਇਕ ਵਾਰ ਥੋਂ ਹੀ ਪਸਾਰਾ ਕਰ ਦਿਤਾ ਹੈ (ਫੇਰ) ਆਪ ਅਲਖ ਹੋ ਰਿਹਾ ਹੈ (ਕਿਸੇ ਨੂੰ) ਲਖਾਇਆ ਨਹੀਂ। ੭.ਉਸ ਕਰਤਾਰ ਥੋਂ (ਅਸੀਂ) ਵਾਰਨੇ ਜਾਂਦੇ ਹਾਂ ਜਿਸ ਦੀ ਮਾਇਆ ਦੀ (ਇਡੀ) ਕੁਦਰਤ (ਸ਼ਕਤੀ) ਹੈ; (ਕੋਈ ਜਾਣਦਾ ਹੈ ਕਿ ਨਹੀਂ?) ੮.ਆਪਣੀ ਸ਼ਕਤੀ ਨੂੰ ਆਪ ਹੀ ਜਾਣਦਾ ਹੈ (ਇਹ ਗੱਲ ਬੀ ਉਹੋ ਹੀ ਜਾਣਦਾ ਹੈ ਜਿਸ ਨੂੰ) ਗੁਰੂ ਨੇ ਸੂਝ ਪਾਈ ਹੈ।

**ਭਾਵ**-ਇਕ ਤਾਂ ਓਹ ਹਨ ਜੋ ਅੰਤ ਭਾਲਣ ਗਏ ਬਿਅੰਤ ਦੇ ਚਰਨਾਂ ਵਿਚ ਹੀ ਰਹੇ (ਅੰਤ ਕੋ ਚਾਹਣ ਜੋ ਗਏ ਸੋ ਆਏ ਅੰਤ ਗਵਾਇ) ਦੂਜੇ ਓਹ ਜੋ ਭਰਮਕੇ ਅੰਤ ਨਾ ਪਾਕੇ ਮੁੜ ਆਏ, ਫੇਰ

ਆਧੁਨਿਕ ਵੇਦਾਂਤੀ ਯਾ ਨਾਸਤਕ ਹੋ ਗਏ। ਯਾ ਬ੍ਰਹਮਾਦਕਾਂ ਦੀਆਂ ਕਥਾਂ ਹਨ ਕਿ ਭਾਲਣ ਗਏ ਤੇ ਅੰਤ ਨਾ ਲੱਭਾ, ਹਾਰਕੇ ਮੁੜ ਆਏ, ਕਿਸੇ ਨੇ ਥਹੁ ਨਾਂ ਦਿੱਤਾ। ਜੇ ਦਿੱਤਾ ਤਾਂ ਬਸ ਏਨਾ ਕਿ ਅਚਰਜ ਹੈ। ਕਾਰਨ ਕੀ? ਕਿ ਕਰਤੇ ਨੇ ਆਪ ਲਖਾਇਆ ਨਹੀਂ, ਤੇ ਉੱਞ ਕੁਦਰਤ ਵਿਚ ਸਮਾ ਰਿਹਾ ਹੈ, ਉਸਦੇ ਕਰਤਬ ਵੇਖ ਵੇਖਕੇ ਕੁਰਬਾਨ ਹੋਵੋ ਕਿ ਧੰਨੁ ਤੂੰ ਹੈਂ! ਇਹ ਭੇਤ ਗੁਰੂ ਜੀ ਨੇ ਸੁਖ ਲੈਣ ਦਾ ਸਮਝਾ ਦਿਤਾ ਹੈ।

## ੪. (ਸ੍ਰਿਸ਼ਟੀ ਰਚਨਾ)।

੧. ਸਚਾ ਸਿਰਜਣਿਹਾਰੁ ਸਚੁ ਸਮਾਇਆ।
੨. ਸਚਹੁ ਪਉਣੁ ਉਪਾਇ ਘਟਿ ਘਟਿ ਛਾਇਆ।
੩. ਪਵਣਹੁ ਪਾਣੀ ਸਾਜਿ ਸੀਸੁ ਨਿਵਾਇਆ।
੪. ਤੁਲਹਾ ਧਰਤਿ ਬਣਾਇ ਨੀਰ ਤਰਾਇਆ
੫. ਨੀਰਹੁ ਉਪਜੀ ਅਗਿ ਵਣਖੰਡੁ ਛਾਇਆ।
੬. ਅਗੀ ਹੋਦੀ ਬਿਰਖੁ ਸੁਫਲ ਫਲਾਇਆ
੭. ਪਉਣੁ ਪਾਣੀ ਬੈਸੰਤਰੁ ਮੇਲਿ ਮਿਲਾਇਆ।
੮. ਆਦਿ ਪੁਰਖੁ ਆਦੇਸ ਖੇਲੁ ਰਚਾਇਆ ॥੪॥

**ਪਦਾਰਥ**-(ਸਿਰਜਣਿਹਾਰ=ਰਚਣੇਹਾਰਾ। ਤੁਲਹਾ=ਆਸਰਾ। ਵਣਖੰਡੁ=ਬਨਾਸਪਤੀ। (ਬੈਸੰਤਰੁ=ਅਗਨੀ।

**ਅਰਥ**-੧.(ਜਗਤ ਦਾ) ਰਚਣਹਾਰ ਸੱਚਾ ਹੈ ਅਰ ਸੱਚ ਰੂਪ ਹੋਕੇ (ਰਚਨਾ ਵਿਖੇ) ਸਮਾਇ ਰਿਹਾ ਹੈ (ਯਥਾ :-"**ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥**") (ਸੁਖਮਨੀ) ੨.ਸੱਚ ਥੋਂ ਵਾਯੂ ਬਣਾਇਆ ਜੋ ਘਟਾਂ ਘਟਾਂ ਵਿਖੇ (ਪ੍ਰਾਣ ਰੂਪ ਹੋਕੇ) ਛਾਇ ਰਿਹਾ ਹੈ। ੩.ਪੌਣ ਥੋਂ ਜਲ ਬਣਾਇਆ, (ਜਲ ਨੇ) ਸੀਸ ਨਿਵਾ ਦਿੱਤਾ। (ਯਥਾ:-"**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥**") (ਸਿਰੀ: ਮ:੧-੧੫) ੪.(ਪਾਣੀ ਦੇ ਟਿਕਣ ਲਈ ਧਰਤੀ ਦੀ ਲੋੜ ਸੀ, ਇਸ ਲਈ ਪਾਣੀ ਅਰ ਹੋਰ ਚੀਜ਼ਾਂ ਲਈ) ਆਸਰਾ ਰੂਪ ਧਰਤ ਬਣਾਈ (ਤੇ) ਪਾਣੀ (ਸਾਰੇ, ਉਸ ਉਤੇ) ਤਾਰਿਆ। (ਤਾਰਿਆ ਦਾ ਭਾਵ ਇਹ ਕਿ ਪਾਣੀ ਨੀਵਾਂ ਜਾਂਦਾ ਸੀ, ਚਾਹੀਦਾ ਸੀ ਕਿ ਭਾਰੀ ਧਰਤ ਵਿਚ ਡੁਬ ਜਾਂਦਾ, ਤੇ ਹੁੰਦਾ ਇਹ ਹੈ ਕਿ ਧਰਤੀ ਪਾਣੀ ਜਦ ਕੱਠੇ ਹੋਣ ਤਦ ਪਾਣੀ ਤਰਦਾ ਹੈ। ਇਹ ਭਾਈ ਸਾਹਿਬ ਜੀ ਦ੍ਰਿਸ਼ਟਾਂਤ ਤੇ ਅਲੰਕਾਰ ਦੁਆਰਾ ਦੱਸਦੇ ਹਨ ਕਿ ਨਿੰਮ੍ਰਤਾ ਦਾ ਫਲ ਹੈ)। ੫.ਪਾਣੀ ਤੋਂ ਅੱਗ ਪੈਦਾ ਹੋਈ, ਜੋ ('ਖੰਡ') ਮਹਾਂ ਦੀਪ (ਤੇ ਉਨ੍ਹਾਂ ਪਰ) ਬਨ ਛਾ ਗਏ। (ਭਾਵ ਸਮੁੰਦਰਾਂ ਵਿਚ ਬੜਵਾ ਅਗਨੀ ਦੇ ਬਲ ਨਾਲ ਬੜੇ ਬੜੇ ਮਹਾਂਦੀਪ ਬਣ ਗਏ ਜੋ ਫੇਰ ਪਾਣੀ ਕਰਕੇ ਹੀ ਬਨਾਂ ਨਾਲ ਛਾ ਗਏ। ਨੀਰ ਤੋਂ ਅੱਗ ਉਪਜਣ ਦਾ ਭਾਵ ਬੜਵਾ ਅਗਨੀ ਹੈ, ਯਾ ਸ਼ਾਇਦ ਇਹ ਭਾਵ ਹੋਵੇ ਕਿ ਪਾਣੀ ਜਿਨ੍ਹਾਂ ਦੋ ਪਦਾਰਥਾਂ ਤੋਂ ਬਣਦਾ ਹੈ ਉਨ੍ਹਾਂ ਵਿਚੋਂ ਇਕ ਬਲਣ ਵਾਲਾ ਤੇ ਇਕ ਬਾਲਨ ਵਾਲਾ ਹੈ, ਕਿ ਉਨ੍ਹਾਂ ਨੇ ਹੀ ਕਿਸੇ ਹੋਰ ਸ਼ਕਲ ਵਿਚ ਅੱਗ ਪ੍ਰਗਟ ਕੀਤੀ। ਤੀਜਾ ਭਾਵ ਇਹ ਹੋ ਸਕਦਾ ਹੈ ਕਿ ਪਹਿਲੀ ਧਰਤੀ ਜਦ ਬਣੀ ਹੈ ਅਣਬੁੱਝ ਕਲੀ ਵਤ ਕਠਨ ਅਰ ਜਲ ਹੀਨ ਸੀ, ਜਦ ਜਲ ਪਿਆ ਤਾਂ ਉਸ ਦੇ ਮੇਲ ਨਾਲ ਅੱਗ ਨਿਕਲੀ, ਫੇਰ ਜਦ ਧਰਤ ਠਰ ਗਈ, ਪਾਣੀ ਸਮਾ ਗਿਆ, ਜਦ ਜੰਗਲ ਬਣੇ)। ੬.(ਇਸ ਤੋਂ) ਅਗੋਂ (ਫੇਰ) ਚੰਗੇ ਫਲਾਂ (ਨਾਲ) ਫਲਣ ਵਾਲੇ ਬ੍ਰਿੱਛ ਹੋਏ। ੭.(ਏਹ ਸਭ ਕੁਝ) ਪੌਣ ਪਾਣੀ ਤੇ ਬੈਸੰਤਰ ਦਾ ਮੇਲ ਮਿਲਾਯਾ ਹੈ

(ਏਹ ਜੋ ਤ੍ਰਿਭਵਣ ਨਜ਼ਰ ਪੈਂਦਾ ਹੈ)। ੮.(ਉਸ) ਆਦਿ ਪੁਰਖ ਨੂੰ ਨਮਸਕਾਰ ਹੈ (ਜਿਸ ਨੇ ਇਹ) ਖੇਲ ਰਚਾਇਆ ਹੈ।

**ਭਾਵ**-ਮਦਾਰੀ ਲੋਕਾਂ ਦੀ ਰਚਨਾਂ ਵੇਖਕੇ ਬੁੱਧੀ ਨਿਕਾਰੀ ਹੋਕੇ ਭਾਰੀ ਚੱਕ੍ਰਿਤ ਹੋ ਜਾਂਦੀ ਹੈ, ਭਲਾ ਉਸ ਸੱਚੇ ਕਾਰੀਗਰ ਦੀ ਰਚਨਾ ਦਾ ਕੌਣ ਅੰਤ ਪਾ ਸਕੇ, ਇਸ ਲਈ ਨਮਸਕਾਰ ਹੀ ਬੱਸ ਹੈ।

ਰਚਨਾ ਦਾ ਕੰਮ ਜੋ ਲਿਖਿਆ ਹੈ, ਸੋ ਇਹ ਹੈ:-ਸਚੇ ਰੱਬ ਤੋਂ ਪਹਿਲੇ ਪਉਣ ਵਤ ਸੂਖਮ ਸ਼ਕਤੀ ਪੈਦਾ ਹੁੰਦੀ ਹੈ, ਇਸ ਸ਼ਕਤੀ ਦੇ ਅੱਡ ਅੱਡ ਦਰਜੇ ਹਨ, ਜਿਨ੍ਹਾਂ ਦਾ ਨਾਮ ਆਦਿ ਤੱਤ ਹੈ, ਇਹ ਤੱਤ ਅਕਸਰ ਪੌਣ ਰੂਪ ਹਨ। ਦੋ ਪੌਣ ਰੂਪ ਤੱਤ ਐਸੇ ਹਨ ਕਿ ਜਦ ਓਹ ਮਿਲਦੇ ਹਨ ਤਾਂ ਪਾਣੀ ਬਣ ਜਾਂਦਾ ਹੈ। ਧਰਤੀਆਂ ਪਹਿਲੇ ਸੂਰਜ ਵਤ ਤਪਤ ਹੁੰਦੀਆਂ ਹਨ, ਜਦ ਠਰ ਜਾਂਦੀਆਂ ਹਨ, ਤਾਂ ਉਨ੍ਹਾਂ ਵਿਚ ਪਾਣੀ ਦੀ ਬੂੰਦ ਨਹੀਂ ਹੁੰਦੀ, ਜਦ ਪਾਣੀ ਪੈਂਦਾ ਹੈ ਤਾਂ ਦੋਹਾਂ ਦੇ ਮੇਲ ਤੋਂ ਅੱਗ ਪੈਦਾ ਹੁੰਦੀ ਹੈ, ਧਰਤੀ ਨਰਮ ਹੋ ਜਾਂਦੀ ਹੈ, ਤਾਂ ਫੇਰ ਬ੍ਰਿਛ ਉੱਗਦੇ ਹਨ। ਓਹ ਵੀ ਨੀਰ ਦੇ ਮੇਲ ਨਾਲ, ਉਨ੍ਹਾਂ ਵਿਚ ਸੂਰਜਾਂ ਦੇ ਤੇਜ ਕਰ ਅੱਗ ਬਾਲਣ ਦਾ ਸਾਮਾਨ ਕੱਠਾ ਹੋ ਜਾਂਦਾ ਹੈ। ਏਸ ਤਰ੍ਹਾਂ ਅਗਨੀ, ਪਉਣ, ਧਰਤੀ ਆਦਿਕ ਦੇ ਅੱਡ ਅੱਡ ਮੇਲਾਂ ਤੋਂ ਸਾਰੀ ਸ੍ਰਿਸ਼ਟੀ ਬਣ ਜਾਂਦੀ ਹੈ।

## ੫. (ਰਚਨਾ)।

੧. ਕੇਵਡੁ ਆਖਾ ਸਚੁ ਸਚੇ ਭਾਇਆ।
੨. ਕੇਵਡੁ ਹੋਆ ਪਉਣੁ ਫਿਰੈ ਚਉਵਾਇਆ।
੩. ਚੰਦਣ ਵਾਸੁ ਨਿਵਾਸੁ ਬਿਰਖ ਬੋਹਾਇਆ।
੪. ਖਹਿ ਖਹਿ ਵੰਸੁ ਗਵਾਇ ਵਾਸੁ ਜਲਾਇਆ।
੫. ਸਿਵ ਸਕਤੀ ਸਹਲੰਗੁ ਅੰਗੁ ਜਣਾਇਆ।
੬. ਕੋਇਲ ਕਾਉ ਨਿਆਉ ਬਚਨ ਸੁਣਾਇਆ।
੭. ਖਾਣੀ ਬਾਣੀ ਚਾਰਿ ਸਾਹ ਗਣਾਇਆ।
੮. ਪੰਜ ਸਬਦ ਪਰਵਾਣੁ ਨੀਸਾਣੁ ਖਜਾਇਆ ॥੫॥

**ਪਦਾਰਥ**-(ਚਉਵਾਇਆ=ਚੌਫੇਰੇ। ਬੋਹਾਇਆ=ਸੁਗੰਧਿਤ ਕੀਤਾ। ਸਹਲੰਗੁ=ਮੇਲ। ਅੰਗੁ=ਗੁਣ।

**ਅਰਥ**-੧.ਕਿੱਡਾਕੁ ਵੱਡਾ ਮੈਂ ਸੱਚ ਦਾ ਵਰਣਨ ਕਰਾਂ (ਜੋ) ਸੱਚੇ (ਅਕਾਲ ਪੁਰਖ) ਨੂੰ ਭਾਉਂਦਾ ਹੈ? ੨.ਕਿੱਡਾਕੁ ਪੌਣ ਹੋਇਆ ਹੈ ਜੋ ਚੌਫੇਰੇ ਵਗ ਰਿਹਾ ਹੈ। ੩.ਚੰਦਨ ਵਿਖੇ ਵਾਸ ਦਾ ਨਿਵਾਸ ਕੀਤਾ ਹੈ ਜੋ ਬਿਰਛਾਂ ਨੂੰ ਸੁਗੰਧਤ ਕਰ ਰਿਹਾ ਹੈ (ਭਾਵ ਸਤੋਗੁਣੀ ਲੋਕ ਸਤਿ ਦਾ ਉਪਦੇਸ਼ ਕਰਦੇ ਹਨ।) ੪.ਵਾਂਸਾਂ (ਵਾਂਙੂ ਤਮੋਗੁਣੀ ਲੋਕ) ਖਹਿ ਖਹਿ ਕੇ ਆਪੋ ਵਿਚ ਮਰਦੇ ਤੇ ਜਲਕੇ ਕੁਲ ਦਾ ਨਾਸ਼ ਕਰ ਦੇਂਦੇ ਹਨ। ੫.ਸ਼ਿਵ ਸ਼ਕਤੀ ਮਿਲਕੇ ਆਪੋ ਆਪਨਾ ਗੁਣ ਦੱਸਦੇ ਹਨ (ਸ਼ਿਵ-ਚੰਦਨ ਦੀ ਸੀਤਲਤਾ ਤੇ ਸ਼ਕਤੀ-ਵਾਂਸਾਂ ਦੀ ਅੱਗ)। ੬.ਕੋਇਲ ਅਤੇ ਕਾਂ ਦਾ ਨਿਆਉਂ (ਪਛਾਣ) ਬੋਲੀ ਬੋਲਣ ਥੋਂ (ਹੋ ਜਾਂਦਾ ਹੈ), (ਮਾਯਾ ਵਿਚ ਫਸੇ ਜੀਵ ਗੁਰੂ ਕੋਇਲ ਦੀ ਬਾਣੀ ਸੁਣਕੇ ਸਤਿਸੰਗ ਵਿਚ ਜਾ ਰਲਦੇ ਹਨ)। ੭.ਚਾਰ ਖਾਣੀ ਦੀ ਬਾਣੀ (ਬਣਾਉਤ) ਕੀਤੀ ਹੈ, ਉਹਨਾਂ ਵਿਖੇ ਸਾਹ ਗਿਣਕੇ ਪਾਏ ਹਨ। ੮.ਪੰਜ ਸ਼ਬਦ ਪਰਵਾਨ ਹਨ; (ਜਿਨ੍ਹਾਂ ਦਾ) ਵੱਜਣਾ ਪ੍ਰਗਟ ਹੈ।

**ਭਾਵ**-ਪਰਮੇਸ਼ੁਰ ਦੀ ਰਚਨਾਂ ਦੀ ਗਿਣਤੀ ਹੈ, ਉਸ ਵਿਚ ਭਲੇ, ਬੁਰੇ ਦੀ ਪਛਾਣ ਬੋਲੀ ਦੱਸੀ ਹੈ। ਸਬਦ ਦੋ ਪ੍ਰਕਾਰ ਦਾ ਹੈ। ਇਕ ਆਹਤ ਤੇ ਇਕ ਅਨਾਹਤ। ਜੋ ਆਹਤ ਹੈ ਉਹ ਪ੍ਰਕ੍ਰਿਤੀ ਦਾ ਖੇਲ ਹੈ। ਉਹ ਸ਼ਬਦਾ ਜਿਵੇਂ ਕੁਦਰਤ ਵਿਚ ਜੀਵਾਂ ਤੇ ਵਰਤਣ ਵਿਵਹਾਰ ਵਿਚ ਹੋ ਰਿਹਾ ਹੈ ਪੰਜ ਤਰ੍ਹਾਂ ਦਾ ਹੈ। ਜਦ ਵਿਗਯਾਨ ਆਸਰੇ ਉਸ ਨੂੰ ਪਰਖੀਦਾ ਹੈ ਤਾਂ ਉਸਦੇ ਮੁਖ ਤ੍ਰੈ ਦਰਜੇ ਤੇ ਫੇਰ ਸੱਤ ਲੱਭਦੇ ਹਨ, ਜਿਨ੍ਹਾਂ ਨੂੰ ਸਤ ਸੁਰਾਂ ਕਹਿੰਦੇ ਹਨ। ਅਨਾਹਤ ਸ਼ਬਦ ਆਤਮਾਂ ਤੋਂ ਹੁੰਦਾ ਹੈ, ਉਹ ਦੂਈ

ਦੀ ਲੋੜ ਨਹੀਂ ਰਖਦਾ। ਓਹ ਕੰਨਾਂ ਦਾ ਵਿਸ਼ਾ ਨਹੀਂ ਹੈ, ਇਸ ਕਰਕੇ ਉਸ ਦਾ ਸੁਣਨੇ ਦਾ ਤਰੀਕਾ ਸਿਮਰਨ ਹੈ।"**ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥**" (ਸੁਖਮਨੀ) ਉਹ ਪਹਿਲੇ ਪੰਜ ਪ੍ਰਕਾਰ ਦਾ ਹੁੰਦਾ ਹੈ, ਫੇਰ ਸ਼ਬਦ ਬ੍ਰਹਮ ਦੀ ਏਕਤਾ ਵਿਚ ਤੇ ਓਥੋਂ ਨਿਰਾਕਾਰ ਵਿਚ ਲੈ ਜਾਂਦਾ ਹੈ।

## ੬. (ਸਾਧ ਲੱਖਣ)।

੧. ਰਾਗ ਨਾਦ ਸੰਬਾਦ ਗਿਆਨੁ ਚੇਤਾਇਆ।
੨. ਨਉ ਦਰਵਾਜੇ ਸਾਧਿ ਸਾਧੁ ਸਦਾਇਆ।
੩. ਵੀਹ ਇਕੀਹ ਉਲੰਘਿ ਨਿਜ ਘਰਿ ਆਇਆ।
੪. ਪੂਰਕ ਕੁੰਭਕ ਰੇਚਕ ਤ੍ਰਾਟਕ ਧਾਇਆ।
੫. ਨਿਉਲੀ ਕਰਮ ਭੁਯੰਗੁ ਆਸਣ ਲਾਇਆ।
੬. ਇੜਾ ਪਿੰਗੁਲਾ ਝਾਗ ਸੁਖਮਨਿ ਛਾਇਆ।
੭. ਖੇਚਰ ਭੂਚਰ ਚਾਚਰ ਸਾਧਿ ਸਧਾਇਆ।
੮. ਸਾਧ ਅਗੋਚਰ ਖੇਲੁ ਉਨਮਨਿ ਆਇਆ ॥੬॥

**ਪਦਾਰਥ**-(ਸੰਬਾਦ=ਚਰਚਾ। ਸਾਧਿ=ਰੋਕ ਕੇ। ਵੀਹ=ਸੰਸਾਰ। ਇਕੀਹ=ਈਸ਼੍ਵਰ। (ਤ੍ਰਾਟਕ=ਤਿੰਨ ਨਾੜੀਆਂ। ਭੁਯੰਗੁ=ਕੰਗਰੋੜ ਨਾੜੀ। ਚਾਚਰ=ਜੋਗ ਦੀ ਮੁੱਦ੍ਰਾ।

**ਅਰਥ**-੧.ਰਾਗ, ਸ਼ਬਦ 'ਸੰਬਾਦ' (ਆਪੋ ਵਿਚ ਪ੍ਰਸ਼ਨੋਤਰ) (ਪਰਮਾਤਮਾ ਸੰਬੰਧੀ) ਗਿਆਨ ਦੀ ਹੀ ਚਿਤਾਵਨੀ ਰਖਦੇ ਹਨ। ੨.ਨੌਂ ਗੋਲਕਾਂ ਨੂੰ ('ਸਾਧ' ਸੰਸਾਰ ਵਲੋਂ) ਰੋਕ ਕੇ ਸਾਧੂ ਸਦਾਉਂਦੇ ਹਨ। ੩.ਜੀਵ ਈਸ਼੍ਵਰ ਦੋਵੇਂ (ਆਪੇਖਕ ਪਦਾਂ ਤੋਂ) ਲੰਘ ਕੇ (ਇਕ ਨਿਜ ਘਰ) ਸ੍ਵੈ ਸਰੂਪ ( ਦੀ ਪਛਾਣ)। ਵਿਚ ਆਉਂਦੇ ਹਨ( ਅਥਵਾ ਗਿਣਤੀ ਅਗਿਣਤੀ ਦੁਹਾਂ ਤੋਂ ਲੰਘਕੇ ਆਪਣੇ ਸਰੂਪ ਨੂੰ ਪਹੁੰਚੇ)। ੪.ਪੂਰਕ, ਕੁੰਭਕ, ਰੇਚਕ (ਤਿੰਨਾਂ ਨਾੜੀਆਂ ਯਾ ਪ੍ਰਣਾਯਾਮਾਂ ਦੀ 'ਤ੍ਰਾਟਕ') ਤ੍ਰਿਕੁਟੀ ਵੱਲ (ਮਨ) ਦੌੜਦਾ ਹੈ (ਪੂਰਕ=ਸੁਵਾਸਾਂ ਦਾ ਚੜ੍ਹਾਉਣਾ, ਰੇਚਕ=ਉਤਾਰਨਾ, ਕੁੰਭਕ=ਠਹਿਰਾਵਣਾ)। ੫.(ਨਿਵਲੀ ਕਰਮ ਕਹੀਏ) ਸਰੀਰ ਨੂੰ ਸੋਧਕੇ ਭੁਯੰਗਮ (ਨਾੜੀ ਦੁਆਰੇ ਸੁਰਤ ਚਾੜ੍ਹਕੇ ਦਸਮ ਦੁਆਰ ਵਿਖੇ) ਆਸਣ ਲਾਉਂਦੇ ਹਨ। ੬.'ਇੜਾ' (ਸੱਜੀ), 'ਪਿੰਗਲਾ' (ਖੱਬੀ ਨਾਸ ਦੁਆਰੇ) 'ਝਾਗ' (ਸੁਵਾਸਾਂ ਨੂੰ ਚੜ੍ਹਾ ਉਤਾਰਕੇ ਫੇਰ 'ਸੁਖਮਨਾ') ਦਸਮ ਦੁਆਰ ਦੀ (ਤੀਜੀ ਸੁਰ ਵਿਖੇ 'ਛਾਇਆ') ਸਮਾਧੀ ਲਾ ਦਿੰਦੇ ਹਨ। ੭.ਖੇਚਰੀ, ਭੂਚਰੀ, ਚਾਚਰੀ (ਅਗੋਚਰੀ, ਉਨਮਨੀ, ਨਾਮੇ ਜੋਗੁ ਦੀਆਂ ਪੰਜ ਮੁੰਦ੍ਰਾਂ ਜੋਗੀ ਲੋਕ) ਸਾਧ ਲੈਂਦੇ ਹਨ ਤੇ ਸਾਧ ਸਦਾਉਂਦੇ ਹਨ, ੮.ਸਾਧ ਲੋਕ 'ਅਗੋਚਰ ਖੇਲ' ਹੋਕੇ (ਅਰਥਾਤ ਸ਼ਬਦ, ਸਪਰਸ਼, ਰੂਪ, ਰਸ, ਗੰਧ, ਇੰਦ੍ਰੀਆਂ ਦੇ ਖੇਲ ਤੋਂ ਰਹਿਤ ਹੋਕੇ (ਉਨਮਨ)ਤੁਰੀਆ ਅਵਸਥਾ ਵਿਚ ਆ ਜਾਂਦੇ ਹਨ (ਅਥਵਾ ਖੇਚਰ=ਅਕਾਸ਼, ਭੂਚਰ=ਪ੍ਰਿਥਵੀ, ਚਾਚਰ=ਪੌਣ, ਉਨਮਨ=ਜਲ, ਅਗੋਚਰ=ਅਗਨੀ ਏਹ ਪੰਜ ਤੱਤ ਸਿੱਧ ਕਰ ਲੀਤੇ ਭਾਵ ਸਰੀਰ ਦੀ ਇੱਛਾ ਨਹੀਂ ਰੱਖਦੇ, ਅਜਿਹੇ ਸਾਧ ਸਦਾਉਂਦੇ ਹਨ)।

**ਭਾਵ**-ਸਾਧ ਨਾਮ ਹੈ ਜੋ ਸਾਧੇ, ਰੋਕੇ ਬ੍ਰਿਤੀਆਂ ਨੂੰ, ਚਾਹੇ ਕਿਸੇ ਯਤਨ ਨਾਲ ਰੋਕੇ। ਕੋਈ ਰਾਗ ਨਾਲ,ਕੋਈ ਨਾਦ ਨਾਲ,ਕੋਈ ਗਯਾਨ ਨਾਲ,ਕੋਈ ਸਰੀਰ ਦੇ ਰਸਤੇ ਰੋਕੇ, ਕੋਈ ਪ੍ਰਣਾਯਾਮ ਕਰਕੇ, ਕੋਈ ਨਿਉਲੀ ਕਰਮ ਆਦਿ (ਹਠ ਕਰਕੇ) ਕੋਈ ਆਸਨ ਸਾਧਕੇ, ਕੋਈ ਮੁੰਦ੍ਰਾ ਸਾਧ ਕੇ ਸਾਧੂ ਹੋਣ ਦਾ ਪਰਯਤਨ ਕਰਦੇ ਹਨ। ਭਾਈ ਸਾਹਿਬ ਜੀ ਕਹਿੰਦ ਹਨ ਕਿ ਸਾਧੂ ਦਾ ਖੇਲ ਅਗੋਚਰ ਹੈ, ਇੰਦ੍ਰੀਆਂ ਅਗੋਚਰ ਨਹੀਂ, ਕਿਉਂਕਿ ਉਹ ਤੁਰੀਆ ਪਦ ਵਿਚ ਖੇਲਦਾ ਹੈ, ਜੋ ਉੱਪਰ ਕਹੇ ਬਾਹਰਲੇ ਲੱਛਣ ਦਿੱਸਣ ਸੋ ਸਾਧ ਦੇ ਲਖਾਇਕ ਨਹੀਂ ਹੋ ਸਕਦੇ।

ਇੜਾ ਪਿੰਗਲਾ ਸੁਖਮਨਾ, ਏ ਤ੍ਰੈ ਨਾੜੀਆਂ ਸਾਸ ਰੋਕਣ ਵਾਲੇ ਸੱਜੀ ਖੱਬੀ ਨਾਸਕਾ ਤੇ

ਵਿਚਲੀ ਥਾਂ ਜਾਣਦੇ ਹਨ ਅਤੇ ਸਥੂਲ ਪ੍ਰਾਣ ਦੀ ਆਵਾਜਾਈ ਇਧਰ ਹੋਣ ਕਰਕੇ ਪ੍ਰਾਣਾਯਾਮ ਇਸ ਪਾਸੇ ਖਯਾਲ ਰੱਖਕੇ ਹੁੰਦਾ ਹੈ, ਪਰ ਸੂਖਮ ਪ੍ਰਾਣ ਜੋ ਸੰਸਾਰ ਵਿਚ ਆਸਰਾ ਰੂਪ ਹਨ, ਉਨ੍ਹਾਂ ਦਾ ਰੋਕਣਾ ਕੰਗ੍ਰੋੜ ਵਿਚ ਹੁੰਦਾ ਹੈ। ਕੰਗ੍ਰੋੜ ਦੇ ਮੁਹਰੇ ਇਕ ਦੂਜੇ ਨਾਲ ਜੁੜੇ ਹੇਠ ਤੋਂ ਉਪਰ ਨਖਾਅ. ਅਰਥਾਤ ਹਰਾਮ ਮਗ਼ਜ਼ ਤਕ ੦੦ ਇਸ ਸ਼ਕਲ ਦੇ ਹਨ, ਇਕ ਦੂਜੇ ਨਾਲ ਜੁੜੇ ਹਨ। ਇਕ ਛੇਕ ਇੜਾ ਹੈ, ਦੂਜਾ ਪਿੰਗਲਾ। ਇਨ੍ਹਾਂ ਵਿਚ ਐਸਾਬ (ਯਾ ਪਠਨਾੜੀਆਂ) ਦਾ ਸਿਲਸਿਲਾ ਹੈ, ਜਿਨ੍ਹਾਂ ਦੁਆਰਾ ਹਿਸ ਤੇ ਹਰਕਤ ਸਾਰੇ ਸਰੀਰ ਵਿਚ ਵਸਦੀ ਹੈ। ਸੁਰਤ ਸਰੀਰ ਵਿਚ ਇਨ੍ਹਾਂ ਐਸਾਬਾਂ ਦੁਆਰੇ ਕੰਮ ਕਰਦੀ ਹੈ, ਪਰ ਅੰਤ੍ਰੀਵ ਪ੍ਰਾਣਾਯਾਮ ਨਾਲ ਕੰਗ੍ਰੋੜ ਦੇ ਵਿਚਕਾਰ ਜੋ ਦੋਹਾਂ ਮੋਰੀਆਂ ਦੇ ਵਿਚ ਗੱਠ ਜਿਹੀ ਹੈ, ਇਸ ਦੇ ਅੰਦਰ ਇਕ ਸੂਖਮ ਅਦ੍ਰਿਸ਼ਯ ਛੇਕ ਹੈ ਸੋ ਖੁਲ੍ਹ ਜਾਂਦਾ ਹੈ: ਹੇਠਾਂ ਕੁੰਡਲਨੀ ਸ਼ਕਲ ਦੀ ਪਠਨਾੜੀ ਨੇ ਮੂੰਹ ਬੰਦ ਕੀਤਾ ਹੈ। ਸੋ ਖੁਲ੍ਹ ਜਾਂਦੀ ਹੈ ; "**ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖ ਮਚਾ॥**" (ਸਵਈਏ ਮ:੪ ਕੇ) ਫੇਰ ਸੁਰਤ ਪਠਨਾੜੀਆਂ ਦੀ ਮਦਦ ਤੋਂ ਬਿਨਾਂ ਇਸ ਨਾੜੀ (ਸੁਖਮਨਾਂ) ਵਿਚ ਵੜਕੇ ਸਰੀਰ ਦੇ ਇੰਦ੍ਰਿਆਂ ਤੋਂ ਬਿਨਾਂ ਕੰਮ ਕਰਦੀ ਹੈ, ਹੇਠ ਤੋਂ ਉਪਰ ਤਕ ਦਿਮਾਗ ਦੇ ਵਿਚ ਤ੍ਰਿਕੋਣਾ ਜਿਹਾ ਵਿਹਲਾ ਥਾਉਂ ਹੈ, ਜਿਥੋਂ ਤਕ ਏਸ ਸੁਖਮਨਾਂ ਦਾ ਥਾਂ ਹੈ, ਉਸਨੂੰ ਦਸਮ ਦੁਆਰ ਕਹੀਦਾ ਹੈ। ਸੁਰਤ ਏਥੇ ਪਹੁੰਚਕੇ ਨਾਮ ਦੇ ਰਸ ਵਿਚ ਨਿਮਗਨ ਹੋ ਜਾਂਦੀ ਹੈ, ਅਰ ਪਾਰਦਰਸ਼ਕ ਤੇ ਦਿੱਬ ਦ੍ਰਿਸ਼ਟਿ ਹੋ ਜਾਂਦੀ ਹੈ, ਏਹ ਅੰਤ੍ਰੀਵ ਪ੍ਰਾਣਾਯਾਮ ਦਾ ਪ੍ਰਕਾਰ ਹੈ।

## ੭. (ਜੋਗ)।

੧. ਤ੍ਰੈਸਤੁ ਅੰਗੁਲ ਲੈ ਮਨੁ ਪਵਣੁ ਮਿਲਾਇਆ।
੨. ਸੋਹੰ ਸਹਜਿ ਸੁਭਾਇ ਅਲਖ ਲਖਾਇਆ।
੩. ਨਿਝਰਿ ਧਾਰਿ ਚੁਆਇ ਅਪਿਉ ਪੀਆਇਆ।
੪. ਅਨਹਦ ਧੁਨਿ ਲਿਵਲਾਇ ਨਾਦ ਵਜਾਇਆ।
੫. ਅਜਪਾ ਜਾਪੁ ਜਪਾਇ ਸੁੰਨ ਸਮਾਇਆ।
੬. ਸੁੰਨਿ ਸਮਾਧਿ ਸਮਾਇ ਆਪੁ ਗਵਾਇਆ।
੭. ਗੁਰਮੁਖਿ ਪਿਰਮ ਚਖਾਇ ਨਿਜ ਘਰੁ ਛਾਇਆ।
੮. ਗੁਰ ਸਿਖਿ ਸੰਧਿ ਮਿਲਾਇ ਪੂਰਾ ਪਾਇਆ॥੭॥

**ਪਦਾਰਥ**-(ਤ੍ਰੈਸਤੁ ਅੰਗੁਲ=ਦਸ ਅੰਗੁਲ ਪ੍ਰਮਾਣ। ਨਿਝਰਿ=ਇਕ ਰਸ। (ਅਪਿਉ=ਅੰਮ੍ਰਿਤ। ਪਿਰਮ=ਪ੍ਰੇਮ ਰਸ। ਸੰਧਿ=ਮਿਲੌਨੀ।

**ਅਰਥ**-੧.ਦਸ ਅੰਗੁਲੀ ਪ੍ਰਮਾਨ (ਸੁਆਸ ਬਾਹਰ ਜਾਕੇ ਫੇਰ ਅੰਦਰ ਆਉਂਦੇ ਹਨ) ਉਨ੍ਹਾਂ ਵਿਖੇ ਮਨ ਤੇ ਪਵਣ ਨੂੰ ਮਿਲਾਇਆ। ੨.(ਇਸ ਪ੍ਰਕਾਰ ਸੋਲਾਂ ਵਾਰ) ਸੋਹੰ (ਮੰਤ੍ਰ ਦਾ ਜਾਪ ਕਰਦੇ ਪ੍ਰਾਣ ਚੜ੍ਹਾਉਂਦੇ ਹਨ, ਜਦ ਪ੍ਰਾਣਾਯਾਮ ਸਿੱਧ ਹੋ ਜਾਂਦਾ ਹੈ ਤਦ) ਸਹਿਜ ਸੁਭਾ ਹੀ ਅਲਖ ਲਖਿਆ (ਜਾਣਦੇ ਹਨ)। ੩.ਇਕ ਰਸ (ਦਸਮ ਦੁਆਰ ਵਿਚੋਂ) ਅੰਮ੍ਰਿਤ ਦੀ ਬੂੰਦ ਡਿਗਦੀ ਹੈ (ਉਸ ਨੂੰ ਯੋਗੀਸ਼੍ਵਰ ਲੋਕ) ਪਾਨ ਕਰਦੇ ਹਨ। ੪.(ਫੇਰ) ਇਕ ਰਸ ਧੁਨੀ ਵਾਲੇ ਵਾਜੇ (ਦਸਮੇ ਦੁਆਰ ਦੇ) ਲਿਵ ਲਾਕੇ (ਸੁਣਦੇ) ਹਨ। ੫.'ਅਜਪਾ ਜਾਪ' (ਓਅੰ ਸੋਹੰ ਮੰਤ੍ਰ ਦਾ ਜਾਪ ਕਰਕੇ ਭਾਵ ਹੋਠ ਫਰਕਣ ਥੋਂ ਬਾਝ, ਹ੍ਰਿਦਯ ਦੀ ਬ੍ਰਿਤੀ ਨਾਲ) ਜਪਕੇ (ਸੁੰਨ) ਅਫੁਰ ਪਦ ਵਿਖੇ ਮਿਲ ਜਾਂਦੇ ਹਨ। ੬.('ਸੁਨ ਸਮਾਧ'=) ਨਿਵਾਤ ਦੀਪਵਤ ਚਿਤ ਹੋਕੇ ਆਪਣਾ ਆਪ ਭੁਲਾਇਆ ਹੈ। ੭.(ਪਰ) ਗੁਰਮੁਖ ਲੋਕ ਪ੍ਰੇਮ ਰਸ ਨੂੰ ਚੱਖਕੇ ਸ੍ਵੈਸਰੂਪ ਵਿਖੇ ਛਾਇ ਰਹੇ ਹਨ। ੮.ਗੁਰੂ ਅਤੇ ਸਿਖ ਦੀ ਮਿਲੌਣੀ ਦੇ ਮਿਲਣ ਕਰਕੇ ਪੂਰਣ (ਪ੍ਰਮਾਤਮਾ ਦੀ) ਪ੍ਰਾਪਤੀ ਹੋ ਜਾਂਦੀ ਹੈ।

**ਭਾਵ**-ਕਰਮ ਯੋਗ ਦੇ ਹਠ ਤੇ ਸਹਿਜ ਤ੍ਰੀਕੇ ਦਾ ਹਾਲ ਕਹਿਕੇ ਸੱਤਵੀਂ ਤੁਕ ਵਿਚ ਗੁਰਮੁਖਾਂ ਦਾ ਸੌਖਾ ਰਾਹ ਦੱਸਿਆ ਹੈ, ਜਿਸ ਵਿਚ ਅੰਗਾਂ ਪ੍ਰਤਯੰਗਾਂ ਦੇ ਸਾਧਨਾਂ ਦੀ ਲੋੜ ਨਹੀਂ ਕੇਵਲ ਮਨੋਂ ਸੱਚਾ ਪ੍ਰੇਮ ਕਰਨ ਦੀ ਲੋੜ ਹੈ।

ਸੂਚਨਾ : ਗੁਰ ਸਿਖ ਸੰਧਿ ਦਾ ਅੱਗੇ ਕਥਨ ਕਰਦੇ ਹਨ :-

## ੮, (ਗੁਰੂ ਅਤੇ ਸਿੱਖ)।

੧. ਜੋਤੀ ਜੋਤਿ ਜਗਾਇ ਦੀਵਾ ਬਾਲਿਆ।
੨. ਚੰਦਨ ਵਾਸੁ ਨਿਵਾਸੁ ਵਣਸਪਤਿ ਫਾਲਿਆ।
੩. ਸਲਲੈ ਸਲਲ ਸੰਜੋਗੁ ਤ੍ਰਿਬੇਣੀ ਚਾਲਿਆ।
੪. ਪਵਣੈ ਪਵਣੁ ਸਮਾਇ ਅਨਹਦੁ ਭਾਲਿਆ।
੫. ਹੀਰੈ ਹੀਰਾ ਬੇਧਿ ਪਰੋਇ ਦਿਖਾਲਿਆ।
੬. ਪਥਰੁ ਪਾਰਸੁ ਹੋਇ ਪਾਰਸੁ ਪਾਲਿਆ।
੭. ਅਨਲ ਪੰਖ ਪੁਤੁ ਹੋਇ ਪਿਤਾ ਸਮ੍ਹਾਲਿਆ।
੮. ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ॥੮॥

**ਪਦਾਰਥ**-(ਫਾਲਿਆ=ਫੈਲਿਆ। ਸਲਲ=ਜਲ।ਪਾਲਿਆ=ਪਾ ਕਰਕੇ। ਅਨਲ=ਅਕਾਸ਼ੀ ਪੰਖੀ।

**ਅਰਥ**-੧.(ਗੁਰੂ ਸਿੱਖ ਦੀ ਸੰਧਿ ਦਾ ਇਹ ਦ੍ਰਿਸ਼ਟਾਂਤ ਹੈ, ਜਿਕੁਰ ਦੀਵੇ ਤੋਂ) ਦੀਵਾ ਜਗਦਾ ਹੈ (ਤਿਵੇਂ) ਜੋਤ ਤੋਂ ਜੋਤ ਜਗਦੀ ਹੈ। ੨.(ਪੁਨਾ: ਜਿੱਕੁਰ) ਬਨਸਪਤੀ ਚੰਦਨ ਦੀ ਵਾਸ਼ਨਾ ਦੇ ਨਿਵਾਸ ਨਾਲ (ਚੰਦਨ ਰੂਪ) ਫੈਲਦੀ ਹੈ। ੩.(ਪੁਨਾ:-ਜਿੱਕੁਰ) ਪਾਣੀ (ਗੰਗਾ, ਜਮਨਾ, ਸੁਰਸਤੀ ਦੇ) ਪਾਣੀਆਂ ਨਾਲ ਮਿਲਕੇ ਤ੍ਰਿਬੈਣੀ ਰੂਪ ਹੋ ਜਾਂਦੇ ਹਨ। ੪.(ਪੁਨਾ: ਜਿੱਕੁਰ ਸ਼ਬਦ ਦੀ) ਪੌਣ ਪੌਣ ਵਿਚ ਸਮਾਉਂਦੀ (ਯਾ ਜਿੱਕੂੰ) ਅਨਹਦ ਸ਼ਬਦਾਂ ਦਾ ਮਿਲਾਪ ਹੈ। ੫.(ਪੁਨਾ: ਜਿੱਕੂੰ) ਹੀਰਾ ਹੀਰੇ ਨਾਲ ਵਿੰਨ੍ਹਕੇ (ਮਾਲਾ ਵਿਚ) ਪ੍ਰੋ ਦਿਖਾਲਦਾ ਹੈ। ੬.(ਪੁਨਾ: ਜਿੱਕੂੰ।) ਪਾਰਸ ਨੂੰ ਪਾਕੇ ਪੱਥਰ ਪਾਰਸ ਹੋ ਜਾਂਦਾ ਹੈ। ੭.(ਪੁਨਾ: ਜਿਕੂੰ) ਅਨਲ ਪੰਖੀ ਦਾ ਪੁੱਤ (ਅਕਾਸ਼ ਵਿਚ) ਜੰਮਕੇ ਪਿਤਾ ਨੂੰ ਸੰਮ੍ਹਾਲ ਲੈਂਦਾ ਹੈ (ਭਾਵ ਬਿੰਦੀ ਸੰਤਾਨ ਹੋਕੇ ਨਾਦੀ ਪੁੱਤ ਬਣ ਜਾਂਦਾ ਹੈ)। ੮.(ਪੁਨਾ: ਐਉਂ ਜਿੱਕੂੰ) ਸਹਿਜ ਸੁਖਾਲੇ ਬ੍ਰਹਮ ਨੂੰ ਬ੍ਰਹਮ ਮਿਲ ਪਿਆ (ਕਹੀਏ)।

ਦੂਸਰਾ ਅਰਥ-ਇਸ ਪੌੜੀ ਦਾ ਐਉਂ ਅਰਥ ਭੀ ਕਰਦੇ ਹਨ।:-

੧.(ਪਹਿਲੇ ਗੁਰੂ ਨਾਨਕ ਜੀ ਨੇ ਆਪਣੀ) ਜੋਤ (ਪ੍ਰਕਾਸ਼) ਨਾਲ ਪ੍ਰਕਾਸ਼ ਮਿਲਾਕੇ (ਗੁਰੂ ਅੰਗਦ ਰੂਪ ਦੀਪਕ) ਜਗਾਇਆ। ੨.(ਗੁਰੂ ਅੰਗਦ ਜੀ ਨੇ) ਚੰਦਨ ਦੀ ਵਾਸ ਦੇ ਸਮਾਵਣ ਵਾਂਗੂੰ ਜਗਤ ਵਿਚ (ਨਾਮ ਦੀ ਵਾਸ਼ਨਾ) ਫੈਲਾਈ। ੩.ਸਲਲ (ਜਦ ਜਲ ਰੂਪ ਅਮਰਦਾਸ) ਦਾ (ਗੁਰੂ) ਜਲ ਨਾਲ ਸੰਜੋਗ ਹੋਇਆ ਤਦ ਤ੍ਰਿਬੇਣੀ ਚੱਲ ਪਈ (ਭਾਵ ਤਿੰਨ ਗੁਰੂ ਇਕ ਰੂਪ ਹੋ ਗਏ)। ੪.ਜਦ ਪੌਣ ਵਿਖੇ ਪੌਣ ਮਿਲੀ (ਭਾਵ ਗੁਰੂ ਰਾਮਦਾਸ ਦਾ ਮੇਲ ਹੋਇਆ ਤਦ) ਅਨਹਦ ਕਹੀਏ ਬੇਹੱਦ (ਸਿੱਖੀ) ਤੁਰ ਪਈ (ਤੇ ਨਾਮ ਦੇ ਪ੍ਰਵਾਹ ਸ੍ਰੀ ਦਰਬਾਰ ਸਾਹਿਬ ਵਿਖੇ ਤੁਰ ਪਏ)। ੫.ਹੀਰੇ ਨਾਲ ਹੀਰਾ ਵੇਧ ਕੇ (ਭਾਵ ਗੁਰੂ ਰਾਮਦਾਸ ਨੇ ਗੁਰੂ ਅਰਜਨ ਦੇਵ ਪੁੱਤ੍ਰ ਨੂੰ ਆਪਣੇ ਤੁਲ ਕਰਕੇ) ਜਗਤ ਨੂੰ ਦੱਸ ਦਿੱਤਾ। ੬.(ਇਨ੍ਹਾਂ ਗੁਰੂ ਪੰਚਮ ਨਾਲ ਮਿਲਕੇ ਖਲ ਮੂੜ ਰੂਪ) ਪੱਥਰ (ਹਿਰਦੇ ਵਾਲੇ ਲੋਕ) ਬੀ ਪਾਰਸ ਨੂੰ ਪਾਕੇ ਪਾਰਸ ਹੋ ਗਏ। ੭.(ਹੁਣ ਆਪ ਗੁਰ ਪੰਚਮ ਲਾਹੌਰ ਜਾ ਜਦ ਅੰਤਰ ਧਿਆਨ ਹੋਏ, ਗੁਰੂ ਹਰਗੋਬਿੰਦ ਜੀ ਨੇ) ਅਨਲ ਪੰਖੀ ਦੇ ਪੁਤ੍ਰ ਵਾਗੂੰ (ਜਿੱਕੁਰ ਉਹ ਅਕਾਸ਼ੋਂ ਡਿੱਗਦਾ ਹੀ ਅੰਡੇ ਵਿਚੋਂ ਫਟਕੇ ਪਿਉ ਨੂੰ ਪਾ ਲੈਂਦਾ ਹੈ) ਪਿਤਾ ਦੇ ਗੁਰੂ ਪਦ ਨੂੰ ਸਮ੍ਹਾਲ ਲੀਤਾ (ਭਾਵ ਤਦਰੂਪ ਹੋਕੇ ਮੀਰੀ ਅਤੇ ਪੀਰੀ

ਦੇ ਪੂਰੇ ਧਨੀ ਬਣ ਗਏ)। ੮.(ਅਜਿਹਾ ਕਿ) ਬ੍ਰਹਮ (ਜੀਵ ਦਾ) ਮੇਲ ਕਰਕੇ ਸਹਜੇ ਹੀ (ਜਗਤ ਨੂੰ) ਮੁਖੀ ਕਰ ਦਿੱਤਾ, (ਭਾਵ ਸਭਨਾਂ ਦੇ ਦੁਖ ਰੋਗ ਦੂਰ ਕਰ ਦਿੱਤੇ।)

**ਭਾਵ**-ਪ੍ਰਸੰਗ ਅਨੁਸਾਰ ਭਾਵ ਇਹ ਹੈ ਕਿ ਗੁਰੂ ਸਿਖੀ ਦੀ ਸੰਧ ਦਾ ਪ੍ਰਕਾਰ ਦੱਸਦੇ ਹਨ ਕਿ ਇਕ ਸੁਰਤ ਆਰੂੜ ਦੇ ਸਤਿਸੰਗ ਤੋਂ ਦੂਸਰੇ ਦੀ ਸੁਰਤ ਆਪਣੇ ਸੁਖ ਅਸਥਾਨ ਦੇ ਰਾਹੇ ਟੁਰ ਪੈਂਦੀ ਹੈ। ਜਿੱਕੂੰ ਚੰਦਨ ਆਪਣੀ ਮੁਸ਼ਕ ਭਰ ਦੇਂਦਾ ਹੈ, ਤਿਕੂੰ ਸੁਰਤ ਆਰੂੜ ਪੁਰਸ਼ ਦੂਸਰੇ ਵਿਚ ਨਾਮ ਦੀ ਮੁਸ਼ਕ ਭਰ ਦੇਂਦਾ ਹੈ। ਬਾਕੀ ਸਾਰੇ ਦ੍ਰਿਸ਼ਟਾਂਤ ਇਸ ਆਤਮ ਮੇਲ ਤੇ ਦਾਤ ਪਰਥਾਇ ਕਥਨ ਕੀਤੇ ਹਨ। ਏਹ ਪ੍ਰੇਮ ਯੋਗ ਯਾ ਭਗਤੀ ਯੋਗ ਦਾ ਹਾਲ ਦੱਸਿਆ ਹੈ।

## ੯, (ਈਸ਼੍ਵਰੀ ਸਭੂਤੀ)।

੧. ਕੇਵਡੁ ਇਕੁ ਕਵਾਉ ਪਸਾਉ ਕਰਾਇਆ।
੨. ਕੇਵਡੁ ਕੰਡਾ ਤੋਲੁ ਤੋਲਿ ਤੁਲਾਇਆ।
੩. ਕਰਿ ਬ੍ਰਹਮੰਡ ਕਰੋੜਿ ਕਵਾਉ ਵਧਾਇਆ।
੪. ਲਖ ਲਖ ਧਰਤਿ ਅਗਾਸਿ ਅਧਰ ਧਰਾਇਆ।
੫. ਪਉਣੁ ਪਾਣੀ ਬੈਸੰਤਰੁ ਲਖ ਉਪਾਇਆ।
੬. ਲਖ ਚਉਰਾਸੀਹ ਜੋਨਿ ਖੇਲੁ ਰਚਾਇਆ।
੭. ਜੋਨਿ ਜੋਨਿ ਜੀਅ ਜੰਤ ਅੰਤੁ ਨ ਪਾਇਆ।
੮. ਸਿਰਿ ਸਿਰਿ ਲੇਖੁ ਲਿਖਾਇ ਅਲੇਖੁ ਧਿਅਇਆ ॥੯॥

**ਪਦਾਰਥ**-(ਕਵਾਉ=ਵਾਕ। ਕੰਡਾ=ਛੋਟੀ ਤੱਕੜੀ। ਅਧਰ=ਨਿਰਾਸ਼੍ਰਯ।

**ਅਰਥ**-੧.(ਉਹ) ਇਕ ਵਾਕ ਕਿੱਡਾਕੁ ਹੈ (ਜਿਸ ਤੋਂ) ਪਸਾਰਾ ਪਸਰਿਆ ਹੈ ? ੨.ਕਿੱਡਾ ਵਡਾ ਤੋਲਨ ਵਾਲਾ ਕੰਡਾ ਹੈ (ਜਿਸ ਪਰ) ਤੋਲ ਤੋਲਿਆ ਹੈ ? ੩.ਸ਼ਬਦ ਨਾਲ ਕ੍ਰੋੜਾਂ ਬ੍ਰਹਮੰਡਾਂ ਦਾ ਵਾਧਾ ਵਧਾਇਆ ਹੈ। ੪.ਲੱਖਾਂ ਧਰਤੀਆਂ ਨਿਰਾਸਰੇ, ਲੱਖਾਂ ਅਕਾਸ਼ਾਂ ਵਿਚ ਧਰੀਆਂ ਹਨ। ੫.ਲੱਖਾਂ (=ਅਮਿੱਤ) ਪੌਣ, ਪਾਣੀ, ਅਗਨੀ ਉਤਪਤ ਕੀਤੇ ਹਨ। ੬.ਚੁਰਾਸੀ ਲੱਖ ਜੂਨ ਦਾ ਖੇਲ ਰਚਾਇਆ ਹੈ। ੭.ਜੂਨ ਜੂਨ ਵਿਚ ਹੋਰ ਜੀਅ ਜੰਤ ਹਨ (ਜੈਸੇ ਕੁੱਤੇ ਪਰ ਚਿੱਚੜ) ਅੰਤ ਨਹੀਂ ਹੈ। ੮.ਸਭਸਿਰਾਂ ਪਰ ਉਸ ਨੇ ਲੇਖ ਲਿਖਿਆ ਹੈ, (ਪਰ ਆਪ) ਅਲੇਖ ਹੈ (ਅਸਾਂ ਓਸ ਨੂੰ) ਧਿਆਇਆ ਹੈ।

**ਭਾਵ**-ਪਰਮਾਤਮਾਂ ਨੇ ਇਕ ਵਾਕ ਥੋਂ ਪਸਾਰਾ ਕਰ ਦਿਤਾ ਹੈ, ਓਹ ਪਸਾਰਾ ਅਤੋਲ ਹੈ, ਨਾ ਕੋਈ ਕੰਡਾ, ਨਾ ਕੋਈ ਤੱਕੜੀ ਉਸ ਦੇ ਤੋਲ ਨੂੰ ਤੋਲ ਸਕਦੀ ਹੈ। ਭਾਵ ਰਿਖੀ ਮੁਨੀ ਜਾਂ ਬ੍ਰਹਮਾਦਿਕਾਂ ਦੀ ਬੁੱਧੀ ਬੀ ਨਹੀਂ ਪਹੁੰਚ ਸਕਦੀ। ਕ੍ਰੋੜਾਂ ਬ੍ਰਹਮੰਡ ਉਸੇ ਇਕ ਵਾਕ ਥੋਂ ਵਧਾ ਦਿਤੇ ਹਨ। ਧਰਤੀ ਅਤੇ ਅਕਾਸ਼ ਨਿਰਾਸ਼੍ਰੇ ਰਖੇ ਹੋਏ ਹਨ। ਲੱਖਾਂ ਪੌਣ, ਜਲ, ਅਗਨੀ, ਚੌਰਾਸੀ ਲੱਖ ਜੋਨੀ ਦਾ ਕੌਤਕ ਰਚ ਛਡਿਆ ਹੈ। ਪੁਨਾ:- ਇਕ ਇਕ ਜੋਨੀ ਵਿਖੇ ਕਈ ਜੀਵ ਜੰਤਾਂ ਦਾ ਹੀ ਅੰਤ ਨਹੀਂ ਆ ਸਕਦਾ। ਫੇਰ ਹਰ ਇਕ ਦੇ ਸਿਰ ਪੁਰ ਲੇਖ ਲਿਖ ਦਿਤਾ ਹੈ, ਆਪ ਅਲੇਖ ਰੂਪ ਹੈ ਸਾਰੇ ਉਸੇ ਦਾ ਧਿਆਨ ਕਰਦੇ ਹਨ। ਗੱਲ ਕੀ ਅਨੰਤ ਸ਼ਕਤੀਮਾਨ ਪਰਮਾਤਮਾਂ ਸਰਬੋਪਰੀ ਬਿਰਾਜਮਾਨ ਹੈ।

## ੧੦. (ਗੁਰਮੁਖ ਮਾਰਗ)।

੧. ਸਤਿਗੁਰ ਸਚਾ ਨਾਉ ਆਖਿ ਸੁਣਾਇਆ।
੨. ਗੁਰ ਮੂਰਤਿ ਸਚੁ ਥਾਉ ਧਿਆਨੁ ਧਰਾਇਆ।
੩. ਸਾਧ ਸੰਗਤਿ ਅਸਰਾਉ ਸਚਿ ਸੁਹਾਇਆ।

੪. ਦਰਗਹ ਸਚੁ ਨਿਆਉ ਹੁਕਮੁ ਚਲਾਇਆ।
੫. ਗੁਰਮੁਖਿ ਸਚੁ ਗਿਰਾਉ ਸਬਦ ਵਸਾਇਆ।
੬. ਮਿਟਿਆ ਗਰਬੁ ਗੁਆਉ ਗਰੀਬੀ ਛਾਇਆ।
੭. ਗੁਰਮਤਿ ਸਚੁ ਹਿਆਉ ਅਜਰੁ ਜਰਾਇਆ।
੮. ਤਿਸੁ ਬਲਿਹਾਰੇ ਜਾਉ ਸੁ ਭਾਣਾ ਭਾਇਆ ॥੧੦॥

**ਪਦਾਰਥ**-(ਅਸਰਾਉ=ਆਸ਼੍ਰਯ। ਗਿਰਾਉ=ਪਿੰਡ, ਗ੍ਰਾਮ। ਗੁਆਉ=ਗਵਾਕੇ। ਹਿਆਉ=ਰਿਦਾ।

**ਅਰਥ**-੧.ਸਤਿਗੁਰੂ ਨੇ ਆਖਕੇ ਸੱਚਾ ਨਾਮ ਸੁਣਾ ਦਿਤਾ ਹੈ। (ਕਿ ਵਾਹਿਗੁਰੂ ਦਾ ਜਾਪ ਕਰੋ, ਜਿਹਾਕੁ ਜਪੁਜੀ ਦੇ ਮੁੱਢ ਵਿਖੇ ਹੈ)। ੩.ਗੁਰੂ ਜੀ ਦੀ ਮੂਰਤੀ ਸੱਚਾ ਥਾਉਂ ਹੈ ਧਯਾਨ ਧਾਰਨ ਲਈ। ੩.ਸਾਧ ਸੰਗਤ ਦਾ ਆਸ਼੍ਰਯ ਸੱਚਾ ਹੈ ਅਰ ਸੁਭਾਇਮਾਨ ਹੈ। ੪.ਦਰਗਾਹ ਵਿਖੇ ਸੱਚਾ ਨਿਆਉਂ ਹੁੰਦਾ ਹੈ, (ਉਥੇ ਇਕੋ) ਹੁਕਮ ਚਲਦਾ ਹੈ (**"ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰਵਾਰਿ ॥"**) (ਮਾਝ ਵਾਰ:੧੨) ੫.ਗੁਰਮੁਖਾਂ ਦਾ (ਗਿਰਾਉਂ) ਗ੍ਰਾਮ ਸੱਚਾ ਹੈ (ਉਥੇ) ਸ਼ਬਦ ਦਾ ਨਿਵਾਸ ਹੈ (**"ਨੀਕੀ ਸਾਧ ਸੰਗਾਨੀ ॥ ਰਹਾਉ ॥ ਪਹਰ ਮੂਰਤ ਪਲ ਗਾਵਤ ਗੋਵਿੰਦ ਗੋਵਿੰਦ ਵਖਾਨੀ॥"** (ਆਸਾ: ਮ:੫:-੧੩੫) ਇਹ ਗਿਰਾਉਂ ਕਿਸ ਨੂੰ ਮਿਲਦਾ ਹੈ?)। ੬.ਜਿਸ ਨੇ ਗਰਬ ਗੁਆਕੇ ਗਰੀਬੀ ਨੂੰ (ਰਿਦੇ ਵਿਖੇ) ਵਸਾਇਆ ਹੈ। ੭.(ਜਿਨ੍ਹਾਂ ਗੁਰੂ ਦੀ) ) ('ਮਤਿ') ਸਿੱਖਯਾ ਧਾਰੀ ਹੈ ਉਨ੍ਹਾਂ ਦਾ ਰਿਦਾ ਸੱਚਾ ਹੈ ਅਰ ਅਰਜ ਨੂੰ ਉਨ੍ਹਾਂ ਨੇ ਜਰ ਲੀਤਾ ਹੈ। ੮.(ਇਸੇ ਕਾਰਨ) ਮੈਂ ਉਸ ਥੋਂ ਵਾਰਨੇ ਜਾਂਦਾ ਹਾਂ, ਜਿਸ ਨੂੰ (ਸਤਿਗੁਰੂ ਦਾ) ਭਾਣਾ, ਚੰਗਾ ਲਗਦਾ ਹੈ।

## ੧੧. (ਗੁਰਮੁਖ ਪਰਮ ਪਦ)।

੧. ਸਚੀ ਖਸਮ ਰਜਾਇ ਭਾਣਾ ਭਾਵਣਾ।
੨. ਸਤਿਗੁਰ ਪੈਰੀ ਪਾਇ ਆਪੁ ਗਵਾਵਣਾ।
੩. ਗੁਰ ਚੇਲਾ ਪਰਚਾਇ ਮਨੁ ਪਤੀਆਵਣਾ।
੪. ਗੁਰਮੁਖਿ ਸਹਜਿ ਸੁਭਾਇ ਅਲਖ ਲਖਾਵਣਾ।
੫. ਗੁਰਸਿਖ ਤਿਲ ਨ ਤਮਾਇ ਕਾਰ ਕਮਾਵਣਾ।
੬. ਸਬਦ ਸੁਰਤਿ ਲਿਵਲਾਇ ਹੁਕਮੁ ਮਨਾਵਣਾ।
੭. ਵੀਹ ਇਕੀਹ ਲੰਘਾਇ ਨਿਜ ਘਰਿ ਜਾਵਣਾ।
੮. ਗੁਰਮੁਖਿ ਸੁਖ ਫਲ ਪਾਇ ਸਹਜਿ ਸਮਾਵਣਾ॥੧੧॥

**ਪਦਾਰਥ**-(ਰਜਾਇ=ਆਗਯਾ। ਪਰਚਾਇ=ਪ੍ਰਸੰਨ ਕਰਕੇ। ਤਮਾਇ=ਲਾਲਸਾ।

**ਅਰਥ**-੧.ਅਕਾਲ ਪੁਰਖ ਦੀ ਆਗਯਾ (ਉਹ) ਸੱਚੀ ਜਾਣਦੇ ਹਨ ਤੇ ਭਾਣੇ ਨੂੰ ਪਸਿੰਦ ਕਰਦੇ ਹਨ। ੨.(ਉਹ ਆਪ ਨੂੰ) ਸਤਿਗੁਰ ਦੀ ਚਰਨੀਂ ਡੇਗਕੇ ਆਪਾ ਭਾਵ ਗੁਆ ਦੇਂਦੇ ਹਨ। ੩.ਸਿੱਖ ਗੁਰੂ ਨੂੰ (ਪਹਿਲੇ ਸੇਵਾ ਨਾਲ ਰਜ਼ਾ ਮੰਨਕੇ ਜਦ) ਪ੍ਰਸੰਨ ਕਰਦਾ ਹੈ (ਫੇਰ ਗੁਰੂ ਦਾ) ਮਨ ਬੀ ਪਤੀਜਦਾ ਹੈ। ੪.(ਫੇਰ ਸਿੱਖ) ਗੁਰੂ ਦੁਆਰਾ ਸਹਿਜ ਸੁਭਾਵ ਹੀ ਅਲਖ ਨੂੰ ਲਖ ਲੈਂਦਾ ਹੈ। ੫.ਗੁਰੂ ਦਾ ਸਿਖ ਤਿਲ ਜਿੰਨਾ ਲੋਭ ਬੀ ਨਾ ਰੱਖਕੇ ਕੰਮ ਕਰਦਾ ਹੈ। ੬.ਸ਼ਬਦ ਸੁਰਤ ਵਿਖੇ ਲਿਵ ਲਾਕ ਹੁਕਮ ਦਾ ਮੰਨਣਾ ਕਰਦਾ ਹੈ। ੭.(ਉਹ) ਵੀਹ (ਰਜੋ, ਤਮੋ, ਦੀਆਂ ਸਾਰੀਆਂ-ਪੌੜੀਆਂ) ਲੰਘ ਕੇ ਇਕੀਹ (ਸਤੋਂ ਤੋਂ ਅੱਗੇ ਜਾਕੇ) ਸ੍ਵੈਸਰੂਪ ਵਿਚ ਪਹੁੰਚਦੇ ਹਨ। ੮.(ਐਉਂ) ਗੁਰਮੁਖ (ਹੋਕੇ) ਸੁਖ ਫਲ ਪਾ ਕੇ ਸਹਿਜ ਵਿਚ ਸਮਾਉਂਦੇ ਹਨ।

## ੧੨. (ਗੁਰੂ ਅੰਗਦ ਵਿਖੇ)।

੧. ਇਕੁ ਗੁਰੂ ਇਕੁ ਸਿਖੁ ਗੁਰਮੁਖਿ ਜਾਣਿਆ।
੨. ਗੁਰ ਚੇਲਾ ਗੁਰ ਸਿਖੁ ਸਚਿ ਸਮਾਣਿਆ।
੩. ਸੋ ਸਤਿਗੁਰ ਸੋ ਸਿਖੁ ਸਬਦੁ ਵਖਾਣਿਆ।
੪. ਅਚਰਜ ਭੂਤ ਭਵਿਖੁ ਸਚੁ ਸੁਹਾਣਿਆ।
੫. ਲੇਖੁ ਅਲੇਖੁ ਅਲਿਖੁ ਮਾਣੁ ਨਿਮਾਣਿਆ।
੬. ਸਮਸਰਿ ਅੰਮ੍ਰਿਤੁ ਵਿਖੁ ਨ ਆਵਣ ਜਾਣਿਆ।
੭. ਨੀਸਾਣਾ ਹੋਇ ਲਿਖੁ ਹਦ ਨੀਸਾਣਿਆ।
੮. ਗੁਰ ਸਿਖਹੁ ਗੁਰ ਸਿਖੁ ਹੋਇ ਹੈਰਾਣਿਆ॥੧੨॥

**ਪਦਾਰਥ**-(ਸੁਹਾਣਿਆ=ਸੁਭਾਇਮਾਨ। ਅਲਿਖ=ਜੋ ਲਿਖਤ ਵਿਚ ਨਾ ਆਵੇ।
(ਨੀਸਾਣਾ=ਪ੍ਰਗਟ।

**ਅਰਥ**-੧.ਇਕ ਗੁਰੂ (ਨਾਨਕ ਗੁਰੂ ਹਨ, ਅਰਥਾਤ ਸ਼ਿਰੋਮਣੀ ਗੁਰੂ ਹਨ, ਤਿਹਾ ਹੀ) ਇਕ ਸਿਖ (ਗੁਰੂ ਅੰਗਦ ਹੈ, ਇਸ ਭੇਤ ਨੂੰ, ਕਿ ਪੂਰਨ ਅਵਸਥਾ ਗੁਰ ਸਿੱਖੀ ਦੀ ਇਨ੍ਹਾਂ ਵਿਚ ਘਟੀ ਹੈ) ਗੁਰਮੁਖ ਲੋਕਾਂ ਜਾਣਿਆ ਹੈ। ੨.ਗੁਰ ਚੇਲਾ (ਕਹੋ) ਭਾਵੇਂ ਗੁਰਸਿਖ (ਕਹੋ ਭਾਵ ਇਕ ਰੂਪ ਹੋਕੇ) ਸੱਚ ਵਿਖੇ ਸਮਾ ਗਏ ਹਨ। ੩.ਸੋਈ 'ਸਤਿਗੁਰ' (ਗੁਰੂ ਨਾਨਕ) ਸੋਈ ਸਿਖ (ਅੰਗਦ ਹੀ) ਸ਼ਬਦ (ਰੂਪ ਦੋ) ਵਖਾਣ ਕੀਤੇ ਗਏ ਹਨ। ੪.(ਅਚਰਜ ਰੂਪ) ਭੂਤ (ਕਾਲ ਵਿਚ ਸੀ ਉਨ੍ਹਾਂ ਦਾ ਅਤੇ) ਭਵਿੱਖਤ (ਵਿਚ ਭੀ) ਅਚਰਜ ਰੂਪ ਹੈ, ਸੱਚ (ਦੋਹਾਂ ਨੂੰ ਤਿੰਨਾਂ ਕਾਲਾਂ ਵਿਖੇ) ਪਜਾਰਾ ਲਗਾ ਹੈ (ਭਾਵ ਕਦੇ ਨਾਸੀ ਨਹੀਂ ਹਨ)। ੫.ਲੇਖੇ ਥੋਂ ਅਲੇਖ ਹਨ, ਨਿਮਾਣਿਆਂ ਦੇ ਮਾਣ ਅਲੇਖ ਹਨ (ਅਥਵਾ ਨਿਮਾਣਿਆਂ ਦੇ ਮਾਣ ਅਲਿੱਖ ਹਨ ਕਿ ਲਿਖਤ ਵਿਖੇ ਨਹੀਂ ਆ ਸਕਦੇ)। ੬.(ਉਨ੍ਹਾਂ ਨੂੰ) ਅੰਮ੍ਰਿਤ ਅਤੇ ਵਿਖ ਬਰਾਬਰ ਹੈ, ਆਵਾਗਵਨ ਵਿਚ ਨਹੀਂ ਹਨ। ੭.(ਜੋ) ਪ੍ਰਗਟ ਹੋਕੇ (ਹਰੀ ਦਾ ਜਸ) ਲਿਖਦੇ ਹਨ (ਅਰਥਾਤ ਧਾਰਨ ਕਰਦੇ ਹਨ ਉਹ 'ਹਦ ਨੀਸਾਣਿਆਂ' ਕਹੀਏ) ਅਤਿ ਪ੍ਰਗਟ ਹੋ ਜਾਂਦੇ ਹਨ (ਭਾਵ ਚਾਰ ਕੁੰਟਾਂ ਵਿਖੇ ਵਿਦਤ ਹੁੰਦੇ ਹਨ)।੮.ਸਿਖ ਥੋਂ ਗੁਰੂ ਦਾ ਰੂਪ ਬਣ ਜਾਣਾ(ਵੇਖਕੇ) ਗੁਰੂ ਸਿੱਖ ਹੈਰਾਨ ਹੋ ਗਏ।

**ਭਾਵ**-ਗੁਰੂ ਨਾਨਕ ਤੇ ਗੁਰੂ ਅੰਗਦ ਆਦ ਵਿਚ ਇਕ ਜੋਤ ਹਨ। ਪੂਰਨ ਗੁਰਤਾ ਗੁਰੂ ਨਾਨਕ ਨੇ ਤੇ ਪੂਰਨ ਸਿੱਖੀ ਗੁਰੂ ਅੰਗਦ ਨੇ ਦਿਖਾਈ, ਤੇ ਫੇਰ ਗੁਰੂ ਸਿਖ ਤੇ ਸਿਖ ਗੁਰੂ ਹੋ ਕੇ ਆਪਣੇ ਆਦਿ ਤੁਲ ਪਦ ਦਾ ਪ੍ਰਗਟ ਪ੍ਰਕਾਸ਼ ਦਿਖਾ ਦਿਤਾ, ਦੋਵੇਂ ਗੁਰੂ ਪੂਰੇ ਗੁਰ ਅਵਤਾਰ ਸੇ।

## ੧੩. (ਗੁਰਮੁਖਾਂ ਦੇ ਲੱਛਣ ਤੇ ਧੂੜ ਦਾ ਪ੍ਰਤਾਪ)।

੧. ਪਿਰਮ ਪਿਆਲਾ ਪੂਰਿ ਅਪਿਓ ਪੀਆਵਣਾ।
੨. ਮਹਰਮੁ ਹਕੁ ਹਜੂਰਿ ਅਲਖੁ ਲਖਾਵਣਾ।
੩. ਘਟ ਅਵਘਟ ਭਰਪੂਰਿ ਰਿਦੈ ਸਮਾਵਣਾ।
੪. ਬੀਅਹੁ ਹੋਇ ਅੰਗੂਰੁ ਸੁਫਲਿ ਸਮਾਵਣਾ।
੫. ਬਾਵਨ ਹੋਇ ਠਰੂਰ ਮਹਿ ਮਹਿਕਾਵਣਾ।
੬. ਚੰਦਨ ਚੰਦ ਕਪੂਰ ਨ ਮੇਲਿ ਮਿਲਾਵਣਾ।
੭. ਸ਼ਸੀਅਰ ਅੰਦਰਿ ਸੂਰ ਤਪਤਿ ਬੁਝਾਵਣਾ।
੮. ਚਰਣ ਕਵਲ ਦੀ ਧੂਰਿ ਮਸਤਕਿ ਲਾਵਣਾ।

੯. ਕਾਰਣ ਲਖ ਅੰਕੂਰ ਕਰਣੁ ਕਰਾਵਣਾ।
੧੦.ਵਜਨਿ ਅਨਹਦ ਤੂਰ ਜੋਤਿ ਜਗਾਵਣਾ॥੧੩॥

**ਪਦਾਰਥ**-(ਪੂਰਿ=ਲਬਾਲਬ।ਅਪਿਓ=ਅੰਮ੍ਰਿਤ। ਮਹਿਰਮੁ=ਮਿੱਤ੍ਰ, ਵਾਕਫ। ਹਕ=ਸੱਚਾ,ਖ਼ੁਦਾ। (ਠਰੂਰ=ਸੀਤਲ। ਮਹਿ ਮਹਿਕਾਵਣਾ=ਧਰਤੀ ਸੁਗੰਧਿਤ ਕਰਣੀ।

**ਅਰਥ**-੧.ਪ੍ਰੇਮ ਰੂਪੀ ਅੰਮ੍ਰਿਤ ਦਾ ਪਿਆਲਾ ਲਬਾਲਬ (ਜਿਨ੍ਹਾਂ ਨੇ) ਪੀਤਾ ਹੈ, ੨.ਓਹ ਹਰ ਜਗਹ ਮੌਜੂਦ ਖ਼ੁਦਾ ਦੇ 'ਮਹਿਰਮ' ਹੋ ਗਏ ਹਨ ਅਰ ਅਲਖ ਨੂੰ ਲਖ ਗਏ ਹਨ। ੩.(ਜਾਣਦੇ ਹਨ) ਕਿ ਘਟਾਂ ਤੇ ਅਵਘਟਾਂ ਵਿਖੇ ਪੂਰਨ ਹੋਕੇ ਹਿਰਦੇ ਵਿਖੇ ਸਮਾਇ ਰਿਹਾ ਹੈ। ੪.(ਜਿਨ੍ਹਾਂਦੇ ਰਿਦੇ ਦੇ ਵਿਖੇ ਗੁਰੂ ਸਬਦ) ਬੀਜ ਦਾ ਅੰਗੂਰ ਨਿਕਲਦਾ ਹੈ ਉਹਨੂੰ 'ਸੁਫਲ' (ਕਹੀਏ ਗਯਾਨ ਵੈਰਾਗ ਦੇ) ਫਲ ਲਗਦੇ ਹਨ। ੫.(ਉਹ) ਬਾਵਨ ਚੰਦਨ ਵਾਂਗੂੰ ਸੀਲ ਹੋਕੇ ਧਰਤੀ ਨੂੰ ਸੁਗੰਧਿਤ ਕਰਦੇ ਹਨ। ੬.ਚੰਦਨ, ਚੰਦ੍ਰਮਾ, ਤੇ ਕਪੂਰ (ਇਹ ਤਿੰਨ ਸੀਤਲ ਹਨ, ਪ੍ਰੰਤੂ) ('ਨ ਮੇਲ ਮਿਲਾਵਣਾ') ਉਨ੍ਹਾਂ ਦੀ ਖਰੋਬਰੀ ਨਹੀਂ ਕਰਦੇ। ੭.ਸੂਰਜ ਦੀ ਤਪਤ ਨੂੰ ਚੰਦ੍ਰਮਾਂ ਵਾਂਗੂੰ ਬੁਝਾ ਦਿੰਦੇ ਹਨ (ਭਾਵ ਵਿਸ਼ੇ ਵਿਕਾਰਾਂ ਦੀ ਤਪਤ ਦਾ ਖੁਰਾ ਖੋਜ ਉਡਾ ਦਿੰਦੇ ਹਨ)। ੮.(ਅਜਿਹੇ) ਗੁਰਮੁਖਾਂ ਦੀ ਚਰਨ ਧੂੜ ਮੱਥੇ ਪਰ ਲਾਵਣੀ ਚਾਹੀਦੀ ਹੈ। (ਪ੍ਰਮਾਣ-"**ਤੇਰਿਆ ਸੰਤਾਂ ਜਾਚਉ ਚਰਣ ਰੇਨ ॥ ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ॥**") (ਬਸੰਤ: ਮ:੫) ੯.(ਕਿਉਂ ਜੋ) ਲੱਖਾਂ ਅੰਗੂਰਾਂ ਦਾ ਕਾਰਣ ਹੋਕੇ ਕਾਰਜ ਕਰਦੀ ਹੈ (ਕਿਉਂ ਜੋ ਧੂੜੀ, ਮਿੱਟੀ ਬਾਝ ਬੀਜ ਦਾ ਉਗਣਾ ਅਸੰਭਵ ਹੈ)। ੧੦.ਵੱਜ ਪੈਂਦੇ ਹਨ ਅਨਾਹਦ ਵਾਜੇ (ਤੇ) ਜਾਗ ਪੈਂਦੀ ਹੈ ਜੋਤਿ (ਪਰਮੇਸ਼ਰ ਦੀ)

## ੧੪. (ਗੁਰਮੁਖਾਂ ਦੇ ਲੱਛਣ ਤੇ ਧੂੜ ਦਾ ਪ੍ਰਤਾਪ)।

੧. ਇਕ ਕਵਾਉ ਅਤੋਲੁ ਕੁਦਰਤਿ ਜਾਣੀਐ॥
੨. ਓਅੰਕਾਰੁ ਅਬੋਲੁ ਚੋਜ ਵਿਡਾਣੀਐ॥
੩. ਲਖ ਦਰੀਆਉ ਅਲੋਲੁ ਪਾਣੀ ਆਣੀਐ॥
੪. ਹੀਰੇ ਲਾਲ ਅਮੋਲੁ ਗੁਰ ਸਿਖ ਜਾਣੀਐ॥
੫. ਗੁਰਮਤਿ ਅਚਲ ਅਡੋਲ ਪਤਿ ਪਰਵਾਣੀਐ॥
੬. ਗੁਰਮੁਖਿ ਪੰਥ ਨਿਰੋਲੁ ਸਚੁ ਸੁਹਾਣੀਐ॥
੭. ਸਾਇਰ ਲਖ ਢੰਢੋਲ ਸਬਦੁ ਨੀਸਾਣੀਐ॥
੮. ਚਰਣ ਕਵਲ ਰਜ ਘੋਲਿ ਅੰਮ੍ਰਿਤ ਵਾਣੀਐ॥
੯. ਗੁਰਮੁਖਿ ਪੀਤਾ ਰਜ ਅਕਥ ਕਹਾਣੀਐ॥੧੪॥

**ਪਦਾਰਥ**-(ਕਵਾਉ=ਵਾਕਯ। ਅਬੋਲੁ=ਬਚਨਾਂ ਥੋਂ ਬਾਹਰ। (ਅਲੋਲੁ=ਅਡੋਲ, ਅੰਮ੍ਰਿਤ। ਸਾਇਰ=ਕਵੀਸ਼ਰ।

**ਅਰਥ**-੧.ਇਕ ਵਾਕਯ ਤੋਲਣ ਤੋਂ ਬਾਹਰਾ ਹੈ (ਤਿਵੇਂ ਹੀ) ਕੁਦਰਤ (ਨੂੰ ਬੀ) ਅਤੋਲ ਹੀ ਜਾਣੀਏਂ (ਜੋ ਉਸ ਤੋਂ ਬਣੀ ਹੈ)।੨.(ਇਸ ਦਾ ਕਾਰਕ)'ਓਅੰਕਾਰ' ਹੈ, ਬਚਨ ਥੋਂ ਬਾਹਰਾ ਹੈ, (ਉਸਦੇ) ਚੋਜ ਅਚਰਜ ਰੂਪ ਹਨ, (ਓਹ ਕੀ ਹਨ?) ੩.ਲੱਖਾਂ ਦਰਿਆਵ ਅੰਮ੍ਰਿਤ ਪਾਣੀ ਲਿਆਉਂਦੇ ਹਨ। (ਭਾਵ ਕਈ ਲੱਖਾਂ ਗੁਰੂ ਦੇ ਸਿਖ ਨਾਮ ਰੂਪ ਅਚੰਚਲ ਜਲ ਅੰਮ੍ਰਿਤ ਨਾਲ ਭਰੇ ਹੋਏ ਹਨ)।੪.ਅਮੋਲਕ ਹੀਰੇ ਲਾਲ ਰੂਪ ਬੀ ਗੁਰੂ ਦੇ ਸਿੱਖ ਹਨ, (ਓਹ ਕਿਹੇ ਹਨ?) ੫.ਗੁਰੂ ਦੀ ਸਿੱਖਯਾ ਲੈ ਕੇ (ਮਨ ਬਾਣੀ ਕਰਕੇ) ਅਚੱਲ ਤੇ ਅਡੋਲ ਹੋ ਰਹੇ ਹਨ (ਇਸੇ ਕਰਕੇ ਉਨ੍ਹਾਂ ਦੀ) ਪਤ ਪਰਵਾਣ ਪਈ ਹੈ। ੬.ਗੁਰਮੁਖਾਂ ਦਾ ਮਾਰਗ ਨਿਰੋਲ (ਕਾਮਾਦਿਕ ਚੋਰਾਂ ਦੇ ਰੌਲੇ ਥੋਂ ਰਹਿਤ) ਹੈ, ਸਚ ਸੁਹਣਾ

ਲਗਦਾ ਹੈ (ਐਸਾ ਪੰਥ ਹੈ)। ੭.ਕਵੀ (ਸਾਂਈ ਲੋਕ) ਲੱਖਾਂ ਹੀ ਢੂੰਡੇ (ਪਰ) ਸ਼ਬਦ ਦੀ ਨਿਸਾਣੀ (ਵਾਲੇ ਪੂਰਨ ਹੁੰਦੇ ਹਨ; ਜੋ ਵਿਰਲੇ ਹਨ)। ੮.ਉਨ੍ਹਾਂ ਦੀ ਧੂੜੀ ਘੋਲੀ ਹੋਈ ਅੰਮ੍ਰਿਤ ਵਰਗੀ ਹੈ। ੯.ਗੁਰਮੁਖਾਂ ਨੇ (ਇਸਨੂੰ) ਰਜ ਕੇ ਪੀਤਾ ਹੈ, (ਇਸਦੀ) ਕਥਾ ਅਕੱਥ ਹੈ।

## ੧੫. (ਅਕੱਥ ਹੈ ਵਾਹਿਗੁਰੂ)।

੧. ਕਾਦਰੁ ਨੋ ਕੁਰਬਾਣੁ ਕੀਮ ਨ ਜਾਣੀਐ।
੨. ਕੇਵਡੁ ਵਡਾ ਹਾਣੁ ਆਖਿ ਵਖਾਣੀਐ।
੩. ਕੇਵਡੁ ਆਖਾ ਤਾਣੁ ਮਾਣੁ ਨਿਮਾਣੀਐ।
੪. ਲਖ ਜਿਮੀ ਅਸਮਾਣ ਤਿਲੁ ਨ ਤੁਲਾਣੀਐ।
੫. ਕੁਦਰਤਿ ਲਖ ਜਹਾਨੁ ਹੋਇ ਹੈਰਾਣੀਐ।
੬. ਸੁਲਤਾਨਾ ਸੁਲਤਾਨ ਹੁਕਮੁ ਨੀਸਾਣੀਐ।
੭. ਲਖ ਸਾਇਰ ਨੈਸਾਣ ਬੂੰਦ ਸਮਾਣੀਐ।
੮. ਕੂੜ ਅਖਾਣ ਵਖਾਣ ਅਕਥ ਕਹਾਣੀਅ ॥੧੫॥

**ਪਦਾਰਥ**-(ਕਾਦਰੁ=ਕਰਤਾ। ਕੀਮ=ਕੀਮਤ। ਹਾਣੁ=ਸਦਰਸ਼ ਜਾਂ ਉਮਰ। (ਸਾਇਰ=ਸਮੁੰਦ੍ਰ। ਨੈਸਾਣ=ਨਦੀਆਂ।

**ਅਰਥ**-੧.(ਪਰਪੰਚ ਦੇ) ਕਰਤਾ ਤੋਂ ਕੁਰਬਾਣ (ਜਾਂਦੇ ਹਾਂ ਜਿਸਦੀ) ਕੀਮਤ ਨਹੀਂ ਪਾਈ ਜਾਂਦੀ। ੨.ਕੇਡੀਕੁ ਵੱਡੀ ਉਸ ਦੀ ਉਮਰ ਆਖਕੇ ਵਖਾਣੀਐ ("**ਕੇਵਡੁ ਵਡਾ ਡੀਠਾ ਹੋਇ**")। (ਆਸਾ: ਮ:੧-ਚਉ-੧) ੩.ਕਿੱਡਾਕੁ ਉਸ ਦਾ ਬਲ ਦੱਸੀਏ (ਹਾਂ, ਇਹ ਦੱਸਦੇ ਹਾਂ ਕਿ ਉਹ) ਨਿਮਾਣਿਆਂ ਦਾ ਮਾਣ ਹੈ। ੪.ਲੱਖਾਂ ਧਰਤੀ ਅਕਾਸ਼ ਉਸਦੇ ਇਕ ਤਿਲ ਦੇ ਤੋਲ ਦੇ ਸਮਾਨ ਨਹੀਂ ਹਨ। ੫.ਕੁਦਰਤ (ਰਚਨਾ) ਵਿਚ ਲੱਖਾਂ ਜਹਾਨ ਹਨ, (ਜਿਨ੍ਹਾਂ ਨੂੰ ਵੇਖਕੇ) ਹੈਰਾਨ ਰਹਿ ਜਾਈਦਾ ਹੈ। ੬.(ਉਹ ਕਰਤਾ) ਸੁਲਤਾਨਾਂ ਦਾ ਸੁਲਤਾਨ ਹੈ, ਹੁਕਮ (ਉਸਦਾ) ਪ੍ਰਗਟ ਹੈ। ੭.ਲੱਖਾਂ ਸਮੁੰਦ੍ਰ ਅਤੇ ਨਦੀਆਂ ਉਸਦੇ ਇਕ ਬੂੰਦ ਦੇ ਸਮਾਨ ਹਨ। ੮.(ਜਿਹੜੇ ਆਖਣ ਭਾਈ ਐਡਾ ਹੈ) ਉਨ੍ਹਾਂ ਦੇ ਕਥਨ ਕੂੜੇ ਵਖਯਾਨ ਹਨ, (ਕਿਉਂਕਿ ਉਸ ਦੀ) ਕਹਾਣੀ ਅਕੱਥ ਹੈ।

## ੧੬. (ਗੁਰਮੁਖ ਰਹਿਣੀ)।

੧. ਚਲਣੁ ਹੁਕਮੁ ਰਜਾਇ ਗੁਰਮੁਖਿ ਜਾਨਿਆ।
੨. ਗੁਰਮੁਖਿ ਪੰਥਿ ਚਲਾਇ ਚਲਣੁ ਭਾਨਿਆ।
੩. ਸਿਦਕ ਸਬੂਰੀ ਪਾਇ ਕਰਿ ਸੁਕਰਾਨਿਆ
੪. ਗੁਰਮੁਖਿ ਅਲਖੁ ਲਖਾਇ ਚੋਜ ਵਿਡਾਨਿਆ।
੫. ਵਰਤਣ ਬਾਲ ਸੁਭਾਇ ਆਦਿ ਵਖਾਨਿਆ।
੬. ਸਾਧ ਸੰਗਤਿ ਲਿਵ ਲਾਇ ਸਚੁ ਸੁਹਾਨਿਆ।
੭. ਜੀਵਨ ਮੁਕਤਿ ਕਰਾਇ ਸਬਦਿ ਸਿਵਾਨਿਆ।
੮. ਗੁਰਮੁਖਿ ਆਪੁ ਗਵਾਇ ਆਪੁ ਪਛਾਨਿਆ ॥੧੬॥

**ਪਦਾਰਥ**-(ਰਜਾਇ=ਰਜ਼ਾਈ, ਵਾਹਿਗੁਰੂ। ਸਬੂਰੀ=ਸੰਤੋਖ। ਸੁਕਰਾਨਿਆ=ਧੰਨਵਾਦ।

**ਅਰਥ**-੧.ਗੁਰਮੁਖਾਂ ਨੇ ਜਾਨਿਆਂ ਹੈ ਕਿ ਰਜ਼ਾਈ (ਵਾਹਿਗੁਰੂ) ਦੇ ਹੁਕਮ ਵਿਚ ਚੱਲਣਾ ਹੈ। (ਅਥਵਾ ਚੱਲਣਾ ਹੀ ਗੁਰਮੁਖਾਂ ਨੇ ਜਾਨਿਆ ਹੈ)। ੨.ਗੁਰਮੁਖਾਂ ਨੇ (ਏਹੋ) ਪੰਥ ਤੋਰਿਆ ਹੈ (ਕਿ ਵਾਹਿਗੁਰੂ ਦੇ) ਭਾਣੇ

ਵਿਖੇ ਚੱਲਣਾ (ਹੀ ਸ੍ਰੇਸ਼ਟ ਹੈ)। ੩.ਭਰੋਸਾ ਅਤੇ ਸੰਤੋਖ ਨੂੰ ਪਾਕੇ ਪਰਮਾਤਮਾ ਦਾ ਧੰਨਵਾਦ ਕਰਨਾ (ਹੀ ਸ੍ਰੇਸ਼ਟ ਹੈ)। ੪.ਐਉਂ ਗੁਰਮੁਖ ਪਰਮਾਤਮਾਂ ਨੂੰ ਲਖ ਲੈਂਦੇ ਹਨ; (ਇਹ) ਵੱਡਾ ਅਸਚਰਜ ਕੌਤਕ ਹੈ (ਕਿ ਫਿਰ ਬੀ) ੫.ਬਾਲਕਾਂ ਵਤ ਸੁਭਾਵ ਰਖਦੇ ਹਨ (ਇਹ) ਆਦ ਥੋਂ ਵਖਾਣ ਕੀਤਾ ਹੈ (ਭਾਵ ਉਨ੍ਹਾਂ ਦਾ ਜਮਾਦਰੂ ਸੁਭਾਉ ਹੈ, ਨਿਰਮਾਨ ਬਾਲ ਵਤ ਰਹਿੰਦੇ ਹਨ। ਅਥਵਾ ਹਰਖ ਸੋਗ ਤੋਂ ਅਤੀਤ ਹਨ)। ੬.ਸਾਧ ਸੰਗਤ ਵਿਖੇ 'ਲਿਵ' (ਪ੍ਰੀਤ) ਲਾਈ ਰਖਦੇ ਹਨ, ਤੇ ਸੱਚ ਉਨ੍ਹਾਂ ਨੂੰ ਸੁਹਾਉਂਦਾ ਹੈ। ੭.ਜੀਵਨ ਮੁਕਤ ਹੋਕੇ ਸਬਦ ਬ੍ਰਹਮ ਨੂੰ ਹੀ ਸਾਰੇ ਪਛਾਣਦੇ ਹਨ। ੮.ਆਪਾ ਭਾਵ ਗਵਾਕੇ ਆਪਣਾ ਆਪ ਗੁਰਮੁਖਾਂ ਨੇ ਆਪ ਪਛਾਣ ਲਿਆ ਹੈ, (ਅਰ ਸੱਚ ਉਨ੍ਹਾਂ ਨੂੰ ਸੁਹਾਵੁੰਦਾ ਹੈ, ਸੱਚ ਕਹਿ ਤਾਂ ਬਥੇਰੇ ਲੈਂਦੇ ਹਨ ਪਰ ਸੱਚ ਸੁਣਕੇ ਸੁਹਾਵਣਾ ਗੁਰਮੁਖਾਂ ਨੂੰ ਹੀ ਲਗਦਾ ਹੈ)।

## ੧੭. (ਸਤਿਗੁਰ ਮਹਿਮਾ)।

੧. ਅਬਿਗਤਿ ਗਤਿ ਅਸਗਾਹ ਆਖਿ ਵਖਾਣੀਐ।
੨. ਗਹਰ ਗੰਭੀਰ ਅਥਾਹ ਹਾਥਿ ਨ ਆਣੀਐ।
੩. ਬੂੰਦ ਲਖ ਪਰਵਾਹਿ ਹੁਲੜ ਵਾਣੀਐ।
੪. ਗੁਰਮੁਖਿ ਸਿਫਤਿ ਸਲਾਹ ਅਕਥ ਕਹਾਣੀਐ।
੫. ਪਾਰਾਵਾਰੁ ਨ ਰਾਹੁ ਬਿਅੰਤੁ ਸੁਹਾਣੀਐ।
੬. ਲਉਬਾਲੀ ਦਰਗਾਹ ਨ ਆਵਣ ਜਾਣੀਐ।
੭. ਵਡਾ ਵੇਪਰਵਾਹ ਤਾਣੁ ਨਿਤਾਣੀਐ।
੮. ਸਤਿਗੁਰ ਸਚੇ ਵਾਹੁ ਹੋਇ ਹੈਰਾਣੀਐ ॥੧੭॥

**ਪਦਾਰਥ**-(ਹੁਲੜ ਵਾਣੀਐ=ਹੜਾਂ ਵਾਲੇ ਭਾਰੇ ਨਦ। ਲਉਬਾਲੀ=ਬੇਪਰਵਾਹ।

**ਅਰਥ**-੧.ਅਬਿਗਤ ਅਤੇ ਅਥਾਹ ਗਤੀ ਕਹਿਕੇ ਵਖਾਣੀਦੀ ਹੈ; ੨.ਡੂੰਘੀ ਤੇ ਗੰਭੀਰ ਹੈ, ਹਾਥ ਕਿਸੇ ਨਹੀਂ ਪਾਇਆ। ੩.ਇਕ ਬੂੰਦ ਥੋਂ ਲੱਖਾਂ ਪਰਵਾਹ ਤੇ ਹੜ੍ਹਾਂ ਵਾਲੇ ਮਹਾਂ ਨਦ ਬਣਦੇ ਹਨ। ੪.(ਇਸ ਲਈ) ਗੁਰਮੁਖਾਂ ਦੀ ਸਿਫਤ ਸ਼ਲਾਘਾ ਦੀ ਅਕੱਥ ਕਹਾਣੀ ਹੈ; ੫.ਉਨ੍ਹਾਂ ਦੇ ਰਾਹ ਦਾ ਪਾਰਾਵਾਰ ਨਹੀਂ, ਬਿਅੰਤ ਹੈ ਅਤੇ ਸੁਭਾਇਮਾਨ ਹੈ, ੬.'ਦਰਗਾਹ' (ਸਾਧ ਸੰਗਤ) ਬੇਪਰਵਾਹ ਆਵਣ ਜਾਣ ਤੋਂ ਰਹਿਤ ਹੈ। ੭.ਵਡਾ ਬੇਪਰਵਾਹ ਹੈ, ਨਿਤਾਣਿਆਂ ਨੂੰ ਤਾਣ ਦਿੰਦਾ ਹੈ। ੮.(ਅਜਿਹੇ) ਸੱਚੇ ਸਤਿਗੁਰੂ ਧੰਨ ਹਨ (ਵੱਡੇ ਵੱਡੇ ਲੋਕ) ਹੈਰਾਣ ਹੁੰਦੇ ਹਨ (ਕਿ ਸਤਿਗੁਰੂ ਵੱਡੇ ਦਿਆਲੂ ਤੇ ਨਿਤਾਣਿਆਂ ਦੀ ਕਲਜਾਣ ਕਰਨ ਹਾਰੇ ਹਨ)।

## ੧੮. (ਸਾਧ ਸੰਗਤ ਸੱਚਖੰਡ ਹੈ)।

੧. ਸਾਧ ਸੰਗਤਿ ਸਚ ਖੰਡੁ ਗੁਰਮੁਖਿ ਜਾਈਐ।
੨. ਸਚੁ ਨਾਉ ਬਲਵੰਡੁ ਗੁਰਮੁਖਿ ਧਿਆਈਐ।
੩. ਪਰਮ ਜੋਤਿ ਪਰਚੰਡੁ ਜੁਗਤਿ ਜਗਾਈਐ।
੪. ਸੋਧਿ ਡਿਠਾ ਬ੍ਰਹਮੰਡੁ ਲਵੈ ਨ ਲਾਈਐ।
੫. ਤਿਸੁ ਨਾਹੀ ਜਮ ਡੰਡੁ ਸਰਣਿ ਸਮਾਈਐ।
੬. ਘੋਰ ਪਾਪ ਕਰਿ ਖੰਡੁ ਨਰਕਿ ਨ ਪਾਈਐ।
੭. ਚਾਵਲ ਅੰਦਰਿ ਵੰਡੁ ਉਬਰਿ ਜਾਈਐ।

੮. ਸਚਹੁ ਸਚੁ ਅਖੰਡੁ ਕੂੜੁ ਛੁਡਾਈਐ॥੧੮॥

**ਪਦਾਰਥ**-(ਬਲਵੰਡ=ਬਲਵਾਨ, ਵਾਹਿਗੁਰੂ। ਪਰਚੰਡ=ਪਰਮ ਤੀਖਣ। (ਵੰਡ=ਕੋਰੜੂ ਦਾਨਾ, ਛਿੱਲੜ, ਤੋਹ ਵਾਲਾ ਚਾਵਲ।

**ਅਰਥ**-੧.ਸਾਧ ਸੰਗਤ ਸੱਚਾ ਖੰਡ ਹੈ (ਉਥੇ) ਗੁਰਮੁਖ ਲੋਕ ਜਾਂਦੇ ਹਨ (ਉਥੇ ਜਾਕੇ ਕੀ ਕਰਦੇ ਹਨ?)। ੨.ਗੁਰਮੁਖ (ਉਥੇ) ਵਾਹਿਗੁਰੂ ਦਾ ਸੱਚਾ ਨਾਮ ਜਪਦੇ ਹਨ। ੩.(ਗੁਰੂ ਦੀ ਦੱਸੀ) ਜੁਗਤ ਨਾਲ (ਵਾਹਿਗੁਰੂ ਦੀ) ਪਰਮ ਜੋਤ ਦਾ ਪ੍ਰਕਾਸ਼ ਜਗਾਉਂਦੇ ਹਨ, (ਭਾਵ ਜੋਤਿ ਸਰੂਪ ਪਰਮਾਤਮਾਂ ਦਾ ਰਿਦੇ ਵਿਖੇ ਚਿੰਤਨ ਕਰਦੇ ਹਨ)। ੪.(ਕਿਉਂ ਜੋ ਉਨ੍ਹਾ ਨੇ ਸਾਰੇ) ਬ੍ਰਹਮਾਂਡ ਵਿਖੇ (ਸੋਧਿ) ਵਿਚਾਰ ਕੇ ਡਿੱਠਾ ਹੈ, (ਕਿ ਉਸਦੇ ਸਮਾਨ) ਹੋਰ ਕੋਈ ਨਹੀਂ। ੫.ਐਸੇ (ਸਤਿਸੰਗੀ) ਨੂੰ ਜਮ ਦੰਡ ਨਹੀਂ ਹੈ, ਉਹ ਸ਼ਰਣ (ਪ੍ਰਭੂ ਦੀ) ਵਿਚ ਸਮਾਇਆ ਹੈ, ੬.ਉਸ ਦੇ ਘੋਰ ਪਾਪ ਖੰਡੇ ਜਾਂਦੇ ਹਨ, (ਉਹ) ਨਰਕਾਂ ਵਿਚ ਨਹੀਂ ਪਾਇਆ ਜਾਂਦਾ; (ਪਰੰਤੂ ਕੂੜੇ ਲੋਕ ਉਥੇ ਨਹੀਂ ਟਿਕ ਸਕਦੇ, ਦ੍ਰਿਸ਼ਟਾਂਤ=ਜਿੱਕੁਰ) ੭.ਚਾਵਲਾਂ ਵਿਚੋ ਵੰਡ (ਛੱਟਿਆਂ) ਉੱਭਰ ਆਉਂਦੇ ਹਨ, ਤੇ ਕੱਢੇ ਜਾਂਦੇ ਹਨ। ੮.ਅਖੰਡ ਸੱਚ ਦੇ (ਭਾਵ ਸਤਿਸੰਗ ਦੇ) ਵਿਚੋਂ ਝੂਠੇ ਕੱਢੇ ਜਾਂਦੇ ਹਨ।

## ੧੯. (ਗੁਰਸਿੱਖ ਰਹਿਣੀ)।

੧. ਗੁਰ ਸਿਖਾ ਸਾਬਾਸ ਜਨਮੁ ਸਵਾਰਿਆ।
੨. ਗੁਰ ਸਿਖਾ ਰਹਰਾਸਿ ਗੁਰੂ ਪਿਆਰਿਆ।
੩. ਗੁਰਮੁਖਿ ਸਾਸਿ ਗਿਰਾਸ ਨਾਉ ਚਿਤਾਰਿਆ।
੪. ਮਾਇਆ ਵਿਚਿ ਉਦਾਸੁ ਗਰਬੁ ਨਿਵਾਰਿਆ।
੫. ਗੁਰਮੁਖਿ ਦਾਸਨਿ ਦਾਸਿ ਸੇਵ ਸੁਚਾਰਿਆ।
੬. ਵਰਤਨਿ ਆਸ ਨਿਰਾਸ ਸਬਦੁ ਵੀਚਾਰਿਆ।
੭. ਗੁਰਮੁਖਿ ਸਹਜਿ ਨਿਵਾਸੁ ਮਨ ਹਠ ਮਾਰਿਆ।
੮. ਗੁਰਮੁਖਿ ਮਨਿ ਪਰਗਾਸੁ ਪਤਿਤ ਉਧਾਰਿਆ॥੧੯॥

**ਪਦਾਰਥ**-(ਸੁਚਾਰਿਆ=ਸ੍ਰੇਸ਼ਟ ਆਚਾਰਾਂ ਵਾਲੇ।

**ਅਰਥ**-੧.ਗੁਰਸਿੱਖਾਂ ਨੂੰ ਸ਼ਾਬਾਸ਼ ਹੈ (ਜਿਨ੍ਹਾਂ ਨੇ ਆਪਣਾ) ਜਨਮ ਸਵਾਰ ਲੀਤਾ ਹੈ। ੨.ਗੁਰ ਸਿੱਖਾਂ ਦਾ ਰਸਤਾ ਸਿੱਧਾ ਹੈ (ਕਿ ਉਨ੍ਹਾਂ ਨੇ) ਗੁਰੂ ਨੂੰ ਪਯਾਰ ਕੀਤਾ ਹੈ। ੩.ਗੁਰਮੁਖ (ਹੋਕੇ ਉਨ੍ਹਾਂ ਨੇ ਪਰਮੇਸ਼ੁਰ ਦੇ) ਨਾਮ ਨੂੰ ਸਾਸ ਗਿਰਾਸ ਯਾਦ ਕੀਤਾ ਹੈ। ੪.ਮਾਇਆ ਵਿਚ ਉਦਾਸ ਰਹਿਕੇ ਹੰਕਾਰ ਦੂਰ ਕੀਤਾ ਹੈ। ੫.ਦਾਸਾਂ ਦੇ ਦਾਸ ਹੋਕੇ ਗੁਰਮੁਖਾਂ ਨੇ ਸੇਵਾ ਦਾ ਭਲਾ ਕੰਮ ਕੀਤਾ ਹੈ। ੬.ਆਸਾ ਵਿਚ (ਫੇਰ ਬੀ) ਨਿਰਾਸ ਹੀ ਵਰਤਨਗੇ ਅਰ ਸ਼ਬਦ ਦੀ ਵੀਚਾਰ ਕਰਨਗੇ। ੭.ਗੁਰਮੁਖਾਂ ਦਾ ਨਿਵਾਸ ਸਹਿਜ ਵਿੱਚ ਹੋਵੇਗਾ (ਕਿਸੇ ਬਾਤ ਵਿੱਚ) ਹਠ ਮਨ ਵਿਚ ਨਹੀਂ ਧਾਰਨਗੇ। ੮.ਗੁਰਮੁਖਾਂ ਦੇ ਮਨ ਵਿੱਚ (ਵਾਹਿਗੁਰੂ ਦਾ) ਪਰਗਾਸ ਹੋ ਜਾਏਗਾ (ਫੇਰ ਉਨ੍ਹਾਂ ਥੋਂ) ਪਤਿਤ ਉਧਾਰ ਪਾਉਣਗੇ।

**ਭਾਵ**-ਗੁਰ ਸਿੱਖ, ਜਿਨ੍ਹਾਂ ਜਨਮ ਸਵਾਰਿਆ ਹੈ, ਧੰਨਤਾ ਯੋਗ ਹਨ। ਪੁਨਾ :-ਉਨ੍ਹਾਂ ਦਾ ਰਸਤਾ ਸੱਚਾ ਹੈ, ਸਾਸ ਗਿਰਾਸ ਅਰਥਾਤ ਤੁਰਦੇ ਫਿਰਦੇ ਭੋਜਨ ਪਾਉਂਦੇ ਨਾਮ ਹੀ ਜਪਦੇ ਹਨ, ਫੇਰ ਮਾਇਆ ਵਿਚ ਉਦਾਸੀਨ ਬ੍ਰਿਤੀ ਰੱਖਕੇ ਹੰਕਾਰ ਨੂੰ ਨੇੜੇ ਨਹੀਂ ਆਉਣ ਦੇਂਦੇ। ਪੁਨਾ:- ਗੁਰਮੁਖਾਂ ਦੀ ਸੇਵਾ ਵਿਖੇ ਦਾਸਾਂ ਦੇ ਦਾਸ ਹੋ ਕੇ ਮਨ ਲਾਉਂਦੇ ਹਨ, ਭਲੇ ਆਚਾਰ ਕਰਦੇ ਹਨ, ਸਹਿਜ ਪਦ ਵਿਖੇ ਹਠ ਨਹੀਂ ਧਾਰਦੇ, ਇਸੇ ਕਰਕੇ ਉਨ੍ਹਾਂ ਦੇ ਮਨ ਵਿਖੇ ਸਦਾ ਆਤਮਾ ਦਾ ਪ੍ਰਕਾਸ਼ ਰਹਿੰਦਾ ਹੈ ਅਰ ਪਾਪੀ ਲੋਕ ਉਨ੍ਹਾਂ ਦਾ ਦਰਸ਼ਨ ਕਰਕੇ ਉਧਰ ਜਾਂਦੇ ਹਨ, "**ਸਾਧ ਕੈ ਸੰਗਿ ਨਹੀਂ ਕਛੁ ਘਾਲਿ ॥ ਦਰਸਨੁ ਭੇਟਤ ਹੋਤ ਨਿਹਾਲ ॥**" (ਸੁਖਮਨੀ-੭-੫)

## ੨੦. (ਗੁਰਮੁਖ ਰਹਿਣੀ)।

੧. ਗੁਰ ਸਿਖਾ ਜੈਕਾਰੁ ਸਤਿਗੁਰ ਪਾਇਆ।
੨. ਪਰਵਾਰੈ ਸਾਧਾਰੁ ਸਬਦੁ ਕਮਾਇਆ।
੩. ਗੁਰਮੁਖਿ ਸਚੁ ਅਚਾਰੁ ਭਾਣਾ ਭਾਇਆ।
੪. ਗੁਰਮੁਖਿ ਮੋਖ ਦੁਆਰੁ ਆਪੁ ਗਵਾਇਆ।
੫. ਗੁਰਮੁਖਿ ਪਰਉਪਕਾਰ ਮਨੁ ਸਮਝਾਇਆ।
੬. ਗੁਰਮੁਖਿ ਸਚੁ ਆਧਾਰ ਸਚਿ ਸਮਾਇਆ।
੭. ਗੁਰਮੁਖਾਂ ਲੋਕਾਰੁ ਲੇਪੁ ਨ ਲਾਇਆ।
੮. ਗੁਰਮੁਖਿ ਏਕੰਕਾਰੁ ਅਲਖੁ ਲਖਾਇਆ ॥੨੦॥

**ਪਦਾਰਥ**-(ਸਾਧਾਰੁ=ਉਧਾਰੁ ਕਰਨਾ। ਆਚਾਰੁ=ਕਰਤੱਖ। ਲੋਕਾਰੁ=ਲੋਕ ਲਾਜ।

**ਅਰਥ**-੧.ਗੁਰੂ ਦੇ ਸਿੱਖਾ ਦੀ (ਜਿਨ੍ਹਾਂ ਨੇ) ਸਤਿਗੁਰੂ (ਨਾਨਕ ਜੀ ਦਾ ਦਰਸ਼ਨ) ਪਾਇਆ ਹੈ, ਜਯ ਜਯ ਹੋਵੇ। ੨.(ਕਿਉਂ ਜੋ ਉਨ੍ਹਾਂ ਨੇ) ਗੁਰੂ ਦਾ ਸ਼ਬਦ ਕਮਾਕੇ ਸਾਰੇ ਪਰਵਾਰ ਦਾ ਉਧਾਰ ਕੀਤਾ ਹੈ। ੩.(ਜਿਨ੍ਹਾਂ) ਗੁਰਮੁਖਾਂ ਨੂੰ (ਅਕਾਲ ਪੁਰਖ ਦਾ) ਭਾਣਾ ਮਿੱਠਾ ਲਗਦਾ ਹੈ, (ਉਨ੍ਹਾਂ ਦੀ) ਕਰਨੀ ਸੱਚ ਦੀ ਹੋ ਗਈ ਹੈ। ੪.ਗੁਰਮੁਖ ਮੁਕਤੀ ਦਾ ਵਸੀਲਾ ਹਨ, (ਕਿਉਂਕਿ) (ਉਨ੍ਹਾਂ) ਆਪਾ ਭਾਵ ਗਵਾ ਦਿਤਾ ਹੈ, (ਜਿਸ ਤਰ੍ਹਾਂ ਦਰਵਾਜ਼ੇ ਨੇ ਆਪਣੇ ਵਿਚੋਂ ਕੰਧ ਰੂਪ ਹਉਮੈ ਕੱਢਕੇ ਰਾਹ ਖੋਲ੍ਹ ਦਿਤਾ ਹੁੰਦਾ ਹੈ ਤੇ ਡਾਟ ਦੇ ਆਸਰੇ ਖੜਾ ਹੁੰਦਾ ਹੈ, ਇਸੀ ਤਰ੍ਹਾਂ ਗੁਰਮੁਖ ਚੜ੍ਹਦੀਆਂ ਕਲਾਂ ਦੇ ਆਸਰੇ ਖੜਾ ਹੈ)। ੫.ਗੁਰਮੁਖ ਪਰਉਪਕਾਰ ਕਰਦੇ ਹਨ, (ਇਹੋ) ਮਨ ਨੂੰ ਸਮਝਾਉਂਦੇ ਹਨ (ਕਿ ਨਿਰਾਸ ਤੇ ਨਿਸ਼ਕਾਮ ਰਹਿਕੇ ਉਪਕਾਰ ਕਰ)। ੬.ਗੁਰਮੁਖ ਸੱਚ ਦਾ ਆਸ਼੍ਰਯ ਲੈਕੇ ਸੱਚ ਵਿਖੇ ਸਮਾ ਜਾਂਦੇ ਹਨ। ੭.(ਗੁਰਮੁਖਾਂ ਨੂੰ ਲੋਕ-ਲੱਜਾ ਦਾ ਲੇਪ ਨਹੀਂ ਲਗਦਾ (ਭਾਵ ਲੋਕ ਲੱਜਾ ਛੱਡ ਕੇ ਭਗਵੰਤ ਪਰਾਯਣ ਰਹਿੰਦੇ ਹਨ। ਅਥਵਾ ਪੱਛਮੀ ਦੇਸ਼ ਵਿਖੇ ਲੋਕਾਰ ਲੋਈ ਦਾ ਵਾਚਕ ਹੈ, ਇਥੇ ਭਾਵ ਵਿਚ ਗੋਦੜੀ ਦਾ ਅਰਥ ਲੈਂਦੇ ਹਨ ਕਿ ਗੁਰਮੁਖਾਂ ਦੀ ਗੋਦੜਹੀ ਨੂੰ ਲੋਕਕ ਕਲੰਕ ਨਹੀਂ ਲਗਦਾ)। ੮.ਗੁਰਮੁਖਾਂ ਨੂੰ ਅਲਖ (ਵਾਹਿਗੁਰੂ ਨੇ ਆਪਣਾ) ਏਕੰਕਾਰ (ਸਰੂਪ) ਲਖਾ ਦਿਤਾ ਹੈ।

## ੨੧. (ਗੁਰਮੁਖ ਸਰੂਪ)।

੧. ਗੁਰਮੁਖਿ ਸਸੀਅਰ ਜੋਤਿ ਅੰਮ੍ਰਿਤ ਵਰਸਣਾ।
੨. ਅਸਟ ਧਾਤੁ ਇਕ ਧਾਤੁ ਪਾਰਸੁ ਪਰਸਣਾ।
੩. ਚੰਦਨ ਵਾਸ ਨਿਵਾਸੁ ਬਿਰਖ ਸੁਦਰਸਣਾ।
੪. ਗੰਗ ਤਰੰਗ ਮਿਲਾਪੁ ਨਦੀਆਂ ਸਰਸਣਾ।
੫. ਮਾਨ ਸਰੋਵਰ ਹੰਸ ਨ ਤ੍ਰਿਸਨਾ ਤਰਸਣਾ।
੬. ਪਰਮ ਹੰਸ ਗੁਰ ਸਿਖ ਦਰਸ ਅਦਰਸਣਾ।
੭. ਚਰਣ ਸਰਣ ਗੁਰਦੇਵ ਪਰਸ ਅਪਰਸਣਾ।
੮. ਸਾਧ ਸੰਗਤਿ ਸਚ ਖੰਡੁ ਅਮਰ ਨ ਮਰਸਣਾ॥੨੧॥੨੨॥

**ਪਦਾਰਥ**-(ਸੁਦਰਸਣਾ=ਅਪਣੇ ਵਰਗਾ, ਸ੍ਵੈ ਸਦਰਸ਼। ਅਦਰਸਣਾ=ਸ਼ੀਸ਼ੇ ਵਤ ਸੁਧ ਅੰਤਸ਼ਕਰਣ।

**ਅਰਥ**-੧.ਗੁਰਮੁਖਾਂ ਦੀ ਜੋਤ ਚੰਦ੍ਰਮਾ ਵਤ ਹੈ, (ਉਸ ਵਿਚੋਂ) ਅੰਮ੍ਰਿਤ (ਨਾਮ) ਦੀ ਵਰਖਾ ਹੁੰਦੀ ਹੈ। ੨.(ਓਹ) ਪਾਰਸ (ਵਾਂਙੂੰ) ਪਰਸਕੇ ਅੱਠਾਂ ਧਾਤਾਂ ਨੂੰ ਇਕ ਧਾਤ (ਸੋਨਾ ਕਰ ਦਿੰਦੇ ਹਨ)। ੩.(ਗੁਰਮੁਖ) ਚੰਦਨ ਦੀ ਵਾਸ਼ਨਾ (ਵਾਸ ਨਿਵਾਸ ਕਹੀਏ) ਨਾਲ ਦੇ (ਬਿਰਛਾਂ ਨੂੰ) ਆਪਣੇ ਵਰਗਾ (ਚੰਦਨ) ਕਰਦੀ ਹੈ। ੪.(ਗੁਰਮੁਖ) ਗੰਗਾ (ਵਾਂਙੂੰ ਆਪਣੇ) ਤਰੰਗਾ ਦੇ ਮਿਲਾਪ ਨਾਲ (ਹੋਰ) ਨਦੀਆਂ ਨੂੰ (ਆਪਣੇ ਜਿਹਾ ਕਰਦੇ ਹਨ)। ੫.ਮਾਨ ਸਰੋਵਰ ਦੇ ਹੰਸ (ਗੁਰਮੁਖਾਂ ਦੇ ਦਰਸ਼ਨ) ਦੀ ਤ੍ਰਿਸ਼ਨਾ ਤਰਸਦੇ ਹਨ, (ਭਾਵ ਇਧਰ ਮਹਾਤਮਾਂ ਲੋਕ ਭੀ ਗੁਰਮੁਖ ਮਿਲਾਪ ਨੂੰ ਤਰਸਦੇ ਹਨ)। ੬.ਗੁਰਸਿੱਖ ਪਰਮ ਹੰਸ ਹਨ, (ਉਨ੍ਹਾਂ ਦਾ) ਦਰਸ਼ਨ (ਓਹ ਲੋਚਦੇ ਹਨ ਜੋ ਆਪ) ਕਿਸੇ ਨੂੰ ਦਰਸ਼ਨ ਨਹੀਂ ਦੇਂਦੇ (ਅਥਵਾ ਸ਼ੀਸ਼ੇ ਵਤ ਸ਼ੁੱਧ ਹਿਰਦੇ ਦਰਸ਼ਨ ਪਾਉਂਦੇ ਹਨ)। ੭.(ਉਹਨਾਂ ਨੇ) ਗੁਰਾਂ ਦੇ ਚਰਨ ਕਮਲਾਂ ਦੀ ਸ਼ਰਣ ਲੀਤੀ ਹੈ, ਓਹ (ਭਾਵੇਂ) ਅਪਰਸਣਾ ਕਹੀਏ ਨੀਚ ਜਾਤ ਹਨ, (ਪ੍ਰੰਤੂ) ਪਰਸਣ ਦੇ ਲਾਇਕ ਹੋ ਗਏ ਹਨ, (ਭਾਵ "**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥**" (ਸੂਹੀ:ਮ:੪-੮) ਨੀਚ ਜਾਤੋਂ ਉੱਚੀ ਜਾਤ ਵਾਲੇ ਹੋ ਜਾਂਦੇ ਹਨ, ਕਿਉਂ ਜੋ) ੮.ਸਾਧ ਸੰਗਤ ਸੱਚਾ ਖੰਡ ਹੈ (ਜੋ ਉਸ ਨੂੰ ਪ੍ਰਾਪਤ ਹੁੰਦੇ ਹਨ) ਅਮਰ ਹੋ ਕੇ ਕਦੇ ਮਰਦੇ ਨਹੀਂ ("**ਆਵਣ ਜਾਣ ਰਹਿਓ**")।

# ਵਾਰ ੨੩.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾਚਰਨ, ਗੁਰੂ)

੧. ਸਤਿ ਰੂਪ ਗੁਰੁ ਦਰਸਨੋ ਪੂਰਨ ਬ੍ਰਹਮੁ ਅਚਰਜੁ ਦਿਖਾਇਆ।
੨. ਸਤਿਨਾਮੁ ਕਰਤਾ ਪੁਰਖੁ ਪਾਰਬ੍ਰਹਮੁ ਪਰਮੇਸਰੁ ਧਿਆਇਆ।
੩. ਸਤਿਗੁਰ ਸਬਦ ਗਿਆਨੁ ਸਚੁ ਅਨਹਦ ਧੁਨਿ ਵਿਸਮਾਦੁ ਸੁਣਾਇਆ।
੪. ਗੁਰਮੁਖ ਪੰਥੁ ਚਲਾਇਓਨੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
੫. ਗੁਰ ਸਿਖ ਦੇ ਗੁਰ ਸਿਖ ਕਰਿ ਸਾਧ ਸੰਗਤਿ ਸਚੁਖੰਡੁ ਵਸਾਇਆ।
੬. ਸਚੁ ਰਾਸਿ ਰਹਿਰਾਸਿ ਦੇ ਸਤਿਗੁਰ ਸਿਖ ਦੇ ਪੈਰੀ ਪਾਇਆ।
੭. ਚਰਣ ਕਵਲ ਪਰਤਾਪੁ ਜਣਾਇਆ ॥੧॥

**ਪਦਾਰਥ**-(ਗੁਰਸਿਖ=ਗੁਰੂ ਸਿਖ੍ਯਾ। ਰਹਿਰਾਸਿ=ਸੱਚਾ ਰਸਤਾ।

**ਅਰਥ**-੧.ਗੁਰੂ (ਨਾਨਕ ਦੇਵ) ਦਾ ਦਰਸ਼ਨ ਸੱਤ ਸਰੂਪ ਹੈ (ਜਿਨ੍ਹਾਂ ਨੇ) ਪਾਰਬ੍ਰਹਮ ਅਚਰਜ ਰੂਪ ਦੱਸਿਆ ਹੈ। ੨.(ਆਪ ਨੇ) ਸਤਿਨਾਮ ਕਰਤਾ ਪੁਰਖ (ਦਾ ਮੰਤ੍ਰ ਦੱਸ ਕੇ) ਪਾਰਬ੍ਰਹਮ ਪਰਮੇਸ਼ੁਰ ਦਾ ਸਿਮਰਨ (ਦ੍ਰਿੜ੍ਹ ਕਰਾਇਆ ਹੈ। ੩.ਸਤਿਗੁਰੂ ਦਾ ਸ਼ਬਦ ਅਰ ਗਿਆਨ ਸੱਚਾ ਹੈ, (ਉਸ ਸ਼ਬਦ ਨਾਮ ਦੀ) ਅਨਹਦ ਧੁਨੀ ਦੇ ਅਚਰਜ ਵਾਜਿਆਂ ਦਾ ਸ਼ਬਦ (ਸ਼ਬਦ ਬ੍ਰਹਮ ਤਕ ਸਿਮਰਨ ਨਾਲ ਪੁਚਾਯਾ ਹੈ) ਸੁਣਾਇਆ ਹੈ। ("**ਪ੍ਰਭ ਕੈ ਸਿਮਰਨ ਅਨਹਦ ਝੁਨਕਾਰ**") (ਸੁਖਮਨੀ) ੪.ਉਨ੍ਹਾਂ ਨੇ ਗੁਰਮੁਖ ਪੰਥ ਤੋਰ ਕੇ ਨਾਮ ਦਾਨ ਇਸ਼ਨਾਨ ਦ੍ਰਿੜ ਕਰਾਇਆ ਹੈ। ੫.ਗੁਰੂ ਸਿੱਖ੍ਯਾ ਦੇਕੇ 'ਗੁਰੂ ਸਿੱਖ' (ਗੁਰੂ ਅੰਗਦ) ਨੂੰ ਥਾਪ

ਕਰਕੇ ਸਾਧ ਸੰਗਤ ਰੂਪੀ ਸੱਚਾ ਖੰਡ ਵਸਾ ਦਿਤਾ ਹੈ। ੬.(ਗੁਰੂ ਅੰਗਦ ਜੀ ਨੇ) ਸਚੀ ਪੂੰਜੀ ਦੇ ਕੇ ਅਰ ਸਚਾ ਰਸਤਾ ਦੱਸਕੇ 'ਸਤਿਗੁਰੂ' (ਗੁਰੂ ਨਾਨਕ) ਦੀ ਚਰਨੀ ਗੁਰ ਸਿਖਾਂ ਨੂੰ ਲਾਇਆ ਹੈ! ੭.(ਅਤੇ) ਚਰਣ ਕਮਲਾਂ ਦਾ ਪ੍ਰਤਾਪ (ਸਿੱਖਾਂ ਨੂੰ) ਦੱਸਿਆ (ਕਿ ਗੁਰੂ ਜੀ ਦੇ ਚਰਨਾਂ ਦੇ ਪ੍ਰਤਾਪ ਕਰਕੇ ਹੀ ਸਾਡੀ ਉੱਨਤੀ ਤੇ ਬ੍ਰਿਧੀ ਹੈ)।

## ੨.(ਤੀਰਥ ਸਾਧੂ):

੧. ਤੀਰਥ ਨ੍ਹਾਤੈ ਪਾਪ ਜਾਨਿ ਪਤਿਤ ਉਧਾਰਣ ਨਾਉ ਧਰਾਇਆ।
੨. ਤੀਰਥ ਹੋਨ ਸਕਾਰਥੇ ਸਾਧ ਜਨਾ ਦਾ ਦਰਸਨੁ ਪਾਇਆ।
੩. ਸਾਧ ਹੋਏ ਮਨ ਸਾਧਿਕੈ ਚਰਣ ਕਵਲ ਗੁਰ ਚਿਤਿ ਵਸਾਇਆ
੪. ਉਪਮਾ ਸਾਧ ਅਗਾਧਿ ਬੋਧ ਕੋਟ ਮਧੇ ਕੋ ਸਾਧੁ ਸੁਣਾਇਆ।
੫. ਗੁਰੁਸਿਖ ਸਾਧ ਅਸੰਖ ਜਗਿ ਧਰਮਸਾਲ ਥਾਇ ਥਾਇ ਸੁਹਾਇਆ।
੬. ਪੈਰੀ ਪੈ ਪੈਰ ਧੋਵਣੇ ਚਰਣੋਦਕੁ ਲੈ ਪੈਰੁ ਪੁਜਾਇਆ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥੨॥

**ਪਦਾਰਥ**-(ਸਕਾਰਥੇ=ਸਫਲ। ਅਗਾਧ ਬੋਧ=ਡੂੰਘਾ ਵਿਚਾਰ, ਤਤ ਮਿਥਿਆ ਵਿਵੇਚਨ।

**ਅਰਥ**-੧.ਤੀਰਥਾਂ ਵਿਖੇ ਇਸ਼ਨਾਨ ਕੀਤਿਆਂ ਪਾਪ ਚਲੇ ਜਾਣੇ (ਮੰਨਕੇ ਲੋਕਾਂ ਨੇ ਇਸ ਕਾਰਣ ਉਨ੍ਹਾਂ ਦਾ)ਨਾਮ ਪਤਿਤ ਉਧਾਰਣ ਧਰ ਦਿੱਤਾ ਹੈ। ੨.(ਪਰੰਤੂ) ਤੀਰਥ (ਆਪ ਤਦ) 'ਸਕਾਰਥੇ' ਹੁੰਦੇ ਹਨ (ਜਦ) ਸਾਧ ਜਨਾ ਦਾ ਦਰਸ਼ਣ ਪਾ ਲੈਣ ਤਾਂ (ਕਿਉਂ ਜੋ ਉਨ੍ਹਾਂ ਦੇ ਪਾਪ ਸਾਧੂ ਦੂਰ ਕਰਦੇ ਹਨ, ਯਥਾ-ਸ੍ਰੀ ਮੁਖ ਵਾਕ:- "**ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥**")(ਮਲਾ:ਮ:੪:ਚਉ ੨) ੩.(ਹੁਣ ਕੋਈ ਪੁੱਛੇ ਕਿ) ਸਾਧੂ (ਕੇਹੜੇ) ਹਨ? (ਉੱਤਰ) ਜੋ ਮਨ ਨੂੰ ਸਾਧਕੇ ਗੁਰੂ (ਨਾਨਕ ਦੇਵ ਜੀ) ਦੇ ਚਰਣ ਕਮਲਾਂ ਵਿਖੇ ਚਿਤ ਵਸਾ ਛਡਦੇ ਹਨ (ਭਾਵ ਕਦੇ ਆਪ ਥੋਂ ਭਿੰਨ ਨਹੀਂ ਹੋਣ ਦੇਂਦ)। ੪.ਸਾਧ ਦੀ ਉਪਮਾਂ ਡੂੰਘੇ ਵਿਚਾਰ ਵਾਲੀ ਹੈ ਕ੍ਰੋੜਾਂ ਵਿਚ ਕੋਈ (ਇਕ ਅਜਿਹਾ) ਸਾਧੂ ਸੁਣੀਦਾ ਹੈ। (ਯਥਾ :-"**ਤੇਰਾ ਜਨੁ ਏਕੁ ਆਧੁ ਕੋਈ॥**" (ਕੇਦਾ:ਕਬੀ-੧) ਪੁਨਾ :-"**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥**") (ਗੂਜ:ਮ:੫:ਚਉ.੧) ੫.ਗੁਰੂ (ਨਾਨਕ ਦੇਵ ਜੀ) ਦੇ ਸਿਖ (ਅਤੇ ਸਾਧੂ) ਅਨਗਿਣਤ ਜਗਤ ਵਿਖੇ ਹਨ, (ਕਿਉਂ ਜੋ) ਧਰਮਸਾਲ (ਰੂਪ ਤੀਰਥ) ਜਗਾ ਜਗਾ ਸ਼ੋਭ ਰਹੇ ਹਨ। ੬.'ਪੈਰੀਂ ਪੇਕੇ' ਗੁਰੂ ਸਿਖਾਂ ਦੇ ਪੈਰ ਧੋਕੇ ਚਰਣੋਦਕ ਲੈਂਦੇ ਹਨ (ਅਰ ਉਨ੍ਹਾਂ ਦੇ) ਚਰਣ ਪੂਜਦੇ ਹਨ। ੭.(ਅਜਿਹੇ ਗੁਰਮੁਖਾਂ ਨੇ) ਅਲਖ ਪਰਮਾਤਮਾਂ ਨੂੰ ਲਖ ਲੀਤਾ (ਇਸ ਲਈ) ਗੁਰਮੁਖਾਂ ਨੂੰ ਸੁਖ ਫਲ ਦੀ ਪ੍ਰਾਪਤੀ ਹੋਈ ਹੈ (ਜੋ ਧਰਮਸਾਲਾਂ ਵਿਖੇ ਸੇਵਾ ਭਗਤੀ ਕਰ ਰਹੇ ਹਨ, ਯਥਾ:-"**ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ॥**")! (ਭਾ:ਗੁ:)

## ੩. (ਧੂੜੀ)!

੧. ਪੰਜਿ ਤਤ ਉਤਪਤਿ ਕਰ ਗੁਰਮੁਖਿ ਧਰਤੀ ਆਪੁ ਗਵਾਇਆ।
੨. ਚਰਣ ਕਵਲ ਸਰਣਾਗਤੀ ਸਭ ਨਿਧਾਨ ਸਭੇ ਫਲ ਪਾਇਆ।
੩. ਲੋਕ ਵੇਦ ਗੁਰ ਗਿਆਨ ਵਿਚਿ ਸਾਧੂ ਧੂੜਿ ਜਗਤੁ ਤਰਾਇਆ।
੪. ਪਤਿਤ ਪੁਨੀਤ ਕਰਇਕੈ ਪਾਵਨ ਪੁਰਖ ਪਵਿਤ੍ਰ ਕਰਾਇਆ।

੫. ਚਰਣੋਦਕ ਮਹਿਮਾ ਅਮਿਤ ਸੇਖ ਸਹਸ ਮੁਖਿ ਅੰਤੁ ਨ ਪਾਇਆ।
੬. ਧੂੜੀ ਲੇਖੁ ਮਿਟਾਇਆ ਚਰਣੋਦਕ ਮਨੁ ਵਸਿਗਤਿ ਆਇਆ।
੭. ਪੈਰੀ ਪੈ ਜਗੁ ਚਰਨੀ ਲਾਇਆ॥੩॥

**ਪਦਾਰਥ**-(ਨਿਧਾਨ=ਪਦਾਰਥ। ਅਮਿਤ=ਅਨੰਤ। ਸੇਖ=ਸ਼ੇਖਨਾਗ।

**ਅਰਥ**-੧.ਪੰਜ ਤੱਤ (ਅਪੁ, ਤੇਜ, ਵਾਯੂ, ਅਕਾਸ਼, ਪ੍ਰਿਥਵੀ, ਈਸ਼੍ਵਰ ਨੇ) ਉਤਪਤ ਕੀਤੇ ਹਨ ਇਨ੍ਹਾਂ ਵਿਚੋਂ ਗੁਰਮੁਖਾਂ ਨੇ ਧਰਤੀ ਦਾ ਗੁਣ ਲੈਕੇ ਆਪਣਾ ਆਪ ਗਵਾ ਦਿੱਤਾ ਹੈ (ਅੱਗੇ ਫਲ ਦੱਸਦੇ ਹਨ।) ੨.ਚਰਣ ਕਮਲਾਂ ਦੀ ਸ਼ਰਨ ਲੈਣ ਨਾਲ (ਗੁਰਮੁਖਾਂ ਨੇ) ਸਾਰੇ ਪਦਾਰਥ (ਅਰ ਹੋਰ) ਸਾਰੇ ਫਲ ਪਾ ਲੀਤੇ ਹਨ। ੩.ਲੋਕਾਂ,' ਧਰਮ ਪੁਸਤਕਾਂ, ਅਰ ਗੁਰੂ ਜੀ ਦੇ ਗਿਆਨ ਵਿਖੇ ਸਾਧੂ ਦੀ ਧੂੜੀ ਨੇ ਜਗਤ ਤਾਰਿਆ ਹੈ। ੪.ਪਾਪੀਆਂ ਨੂੰ ਪਿਵਤ੍ਰ ਕਰਕੇ, ਪਵਿਤ੍ਰ ਪੁਰਖਾਂ ਨੂੰ ਬੀ ਪਵਿਤ੍ਰ ਕਰਦੀ ਹੈ (ਗੱਲ ਕੀ ਪਾਵਨ ਪੁਰਖ ਬੀ ਇਸੇ ਧੂੜੀ ਨਾਲ ਹੀ ਪਵਿਤ੍ਰ ਰਹਿੰਦੇ ਹਨ)। ੫.ਚਰਣਾਂਮ੍ਰਿਤ ਦੀ ਮਹਿਮਾਂ ਦਾ ਅੰਤ ਹੀ ਨਹੀਂ ਹੈ। ਹਜ਼ਾਰ ਮੂੰਹ ਵਾਲਾ ਸ਼ੇਖ ਨਾਗ ਬੀ ਅੰਤ ਨਹੀਂ ਪਾ ਸਕਦਾ। ੬.(ਸਾਧ ਸੰਗਤ ਦੇ ਚਰਣਾਂ ਦੀ) ਧੂੜ ਨਾਲ ਲੇਖ (ਕੁਲੇਖ) ਮਿਟ ਜਾਂਦੇ ਹਨ, ਅਰ ਚਰਣਾਂਮ੍ਰਿਤ ਲੈਣ ਨਾਲ ਮਨ ਵੱਸ ਆ ਜਾਂਦਾ ਹੈ। ੭.(ਗੁਰੂ ਦੀ) ਪੈਰੀਂ ਪੈਕੇ (ਸਾਰੇ) ਜਗਤ ਨੂੰ ਪੈਰੀਂ ਪਾ ਲੀਤਾ (ਯਥਾ:-"**ਮੇਰੈ ਮਾਥੈ ਲਾਗੀ ਲੇ ਧੂਰਿ ਗੁਬਿੰਦ ਚਰਨਨ ਕੀ॥**") (ਧਨਾ:ਨਾਮ)

## ੪. (ਗੰਗਾ ਦੇ ਦ੍ਰਿਸ਼ਟਾਂਤ ਤੋਂ ਉਪਦੇਸ਼)।

੧. ਚਰਣੋਦਕੁ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ।
੨. ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ।
੩. ਤਿਹੁ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜਾਈ।
੪. ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ।
੫. ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ।
੬. ਸਾਧੂ ਧੂੜਿ ਦੁਲੰਭ ਹੈ ਸਾਧ ਸੰਗਤਿ ਸਤਿਗੁਰੁ ਸਰਣਾਈ।
੭. ਚਰਣ ਕਵਲ ਦਲ ਕੀਮ ਨ ਪਾਈ॥੪॥

**ਪਦਾਰਥ**-(ਸੁਰਸਰੀ=ਗੰਗਾ। ਪਰਵਾਣੁ=ਪ੍ਰਮਾਣੀਕ। ਸਰੇਵਦੇ=ਸੇਵੀਦੇ ਹਨ।

**ਅਰਥ**-੧.(ਲੋਕ ਪ੍ਰਸਿੱਧ ਕਥਾ ਹੈ ਕਿ) ਗੰਗਾ (ਬਾਵਨ ਦੇ ਚਰਨਾਂ) ਦਾ ਚਰਣਾਮ੍ਰਿਤ ਹੋਣ ਕਰਕੇ ਬੈਕੁੰਠ ਛਡ ਕੇ ਧਰਤੀ ਵਿਖੇ ਆਈ। ੨.ਨੌਂ ਸੈ ਨੜਿੰਨਵੇਂ ਨਦੀ ਤੇ ਅਠਾਹਠ ਤੀਰਥਾਂ ਨੇ ਗੰਗਾ ਵਿਖੇ ਸਮਾਈ ਕੀਤੀ, (ਗੰਗਾ ਸ਼ਨਾਨ ਦਾ ਫਲ ਸਭ ਤੋਂ ਸ਼੍ਰੇਸ਼ਟ ਮੰਨਦੇ ਹਨ)। ੩.ਤਿੰਨਾਂ ਲੋਕਾਂ ਵਿਖੇ ਪ੍ਰਮਾਣੀਕ ਹੋਈ (ਅਰਥਾਤ ਉਸ ਦੀਆਂ ਤਿੰਨ ਧਾਰਾਂ ਹੋ ਗਈਆਂ, ਪਾਤਾਲ ਧਾਰਾ ਦਾ ਨਾਮ ਭੋਗਾਵਤੀ, ਸੁਰਗ ਧਾਰਾਂ ਦਾ ਨਾਮ ਅਮਰਾਵਤੀ, ਅਰ ਭੂਲੋਕ ਵਿਖੇ ਗੰਗਾ ਨਾਮ ਕਹੀਦਾ ਹੈ, ਇਸੇ ਨੂੰ) ਸ਼ਿਵ ਨੇ ਲੈ ਕੇ ਸਿਰ ਪੁਰ ਰੱਖਿਆ। ੪.ਦੇਵੀਆਂ ਅਰ ਦੇਵਤੇ ਸੇਂਵਦੇ ਹਨ, ਜੈ ਜੈ ਕਾਰ ਹੁੰਦੇ ਅਰ ਵੱਡੀ ਸੋਭਾ ਹੁੰਦੀ ਹੈ। ੫.(ਪਰ) ਲੱਖਾਂ ਬੈਕੁੰਠ ਅਰ ਲੱਖਾਂ ਬੈਕੁੰਠਾਂ ਦੇ ਸੁਆਮੀ (ਇਸ) ਗੰਗਾ ਸਮੇਤ ਲਿਵ ਲਾ ਕੇ (ਧਯਾਨ ਕਰਕੇ ਇਹ ਗੱਲ ਆਖਦੇ ਹਨ ਕਿ) ੬.ਸੰਤਾਂ ਦੇ ਚਰਣਾਂ ਦੀ ਧੂੜ ਵੱਡੀ ਹੀ ਦੁਰਲੱਭ ਹੈ, (ਜੋ) ਸਤਿਗੁਰੂ ਅਤੇ ਸਾਧ ਸੰਗਤ (ਦੀ) ਸ਼ਰਨ ਆਉਣ (ਦਾ ਨਾਮ ਹੈ)। ੭.ਚਰਣ ਕਵਲਾਂ ਦੇ ਇਕ ਦਲ (ਪੱਤ੍ਰ) ਦੀ ਕੀਮਤ ਨਹੀਂ (ਕਿਸੇ) ਪਾਈ।

**ਭਾਵ**-ਗੰਗਾ ਨੂੰ ਅਤੀ ਪਵਿਤ੍ਰ ਮੰਨਿਆ ਜਾਂਦਾ ਹੈ, ਭਾਈ ਸਾਹਿਬ ਜੀ ਇਸੇ ਵਿਚੋਂ ਦ੍ਰਿਸ਼ਟਾਂਤ ਕੱਢਦੇ ਹਨ। ਚਰਣੋਦਕ ਬਣਨ ਕਰਕੇ ਗੰਗਾ ਨੂੰ ਲੋਕਾਂ ਪਵਿਤ੍ਰ ਜਾਤਾ, ਪਰ ਗੁਰੂ ਦੇ ਚਰਨਾਂ ਦੀ

ਧੂੜ ਐਸੇ ਤੀਰਥਾਂ ਅਤੇ ਬੈਕੁੰਠ ਸੁਆਮੀਆਂ ਤੋਂ ਵੀ ਲੋਚੀ ਜਾਂਦੀ ਹੈ। ਤਾਂਤੇ ਸਾਧ ਸੰਗਤ ਦੀ ਸ਼ਰਨ ਆਓ, ਇਹੋ ਪੂੜੀ ਹੈ, ਜੋ ਮਨ ਨੂੰ ਸੰਤਾਂ ਦੇ ਚਰਣਾਂ ਵਿਚ ਲਿਟਾ ਦੇਣਾ ਹੈ।

## ੫. (ਗੁਰਮੁਖਾਂ ਦੇ ਸੁਖ ਫਲ ਦੀ ਵਡਿਆਈ)।

੧. ਚਰਣ ਸਰਣਿ ਜਿਸੁ ਲਖਮੀ ਲਖ ਕਲਾ ਹੋਇ ਲਖੀ ਨ ਜਾਈ।
੨. ਰਿਧਿ ਸਿਧਿ ਨਿਧਿ ਸਭ ਗੋਲੀਆਂ ਸਾਧਿਕ ਸਿਧ ਰਹੇ ਲਪਟਾਈ।
੩. ਚਾਰਿ ਵਰਨ ਛਿਅ ਦਰਸਨਾ ਜਤੀ ਸਤੀ ਨਉ ਨਾਥ ਨਿਵਾਈ।
੪. ਤਿੰਨ ਲੋਅ ਚੋਦਹ ਭਵਨ ਜਲਿ ਥਲਿ ਮਹੀਅਲ ਛਲੁ ਕਰਿ ਛਾਈ।
੫. ਕਵਲਾਸਣੁ ਕਵਲਾਪਤੀ ਸਾਧ ਸੰਗਤਿ ਸਰਣਾਗਤਿ ਆਈ।
੬. ਪੈਰੀ ਪੈ ਪਾਖਾਕ ਹੋਇ ਆਪੁ ਗਵਾਇ ਨ ਆਪੁ ਗਣਾਈ।
੭. ਗੁਰਮੁਖਿ ਸੁਖੁ ਫਲੁ ਵਡੀ ਵਡਿਆਈ ॥੫॥

**ਪਦਾਰਥ**-(ਗੋਲੀਆਂ=ਦਾਸੀਆਂ, ਟਹਿਲਣਾਂ। ਸਾਧਿਕ=ਸਾਧਨਾ ਕਰਨ ਵਾਲੇ। (ਕਵਲਾ=ਲਛਮੀ। ਕਵਲਾਪਤੀ=ਵਿਸ਼ਨੂੰ।

**ਅਰਥ**-(ਇਥੇ ਚਾਰ ਤੁਕਾਂ ਵਿਖੇ ਲੱਛਮੀ ਦੀ ਵਿਸ਼ੇਸ਼ਤਾ ਵਰਣਨ ਕਰਕੇ ਫੇਰ ਤਿੰਨ ਤੁਕਾਂ ਵਿਖੇ ਗੁਰਮੁਖਾਂ ਦੀ ਸ਼ੋਭਾ ਦੱਸਦੇ ਹਨ) ੧. ਜਿਸ ਲਖਮੀ ਦੀ ਚਰਣ ਸ਼ਰਣ ਵਿਖੇ ਲਖਾਂ 'ਕਲਾਂ' ਹਨ (ਅਜੇਹੀ) ਹੋਕੇ (ਕਿਸੇ ਥੋਂ) ਲਖੀ ਨਹੀਂ ਜਾਂਦੀ। ੨.(ਕਿਉ ਜੋ) ਰਿਧਾਂ ਸਿਧਾਂ ਨੌਂ ਨਿਧਾਂ ਸਾਰੀਆਂ ਟਹਿਲਣਾਂ ਹਨ, ਸਾਧਨਾ ਕਰਨ ਵਾਲੇ ਅਤੇ ਸਿੱਧ (ਲੋਕ ਉਸੇ ਲੱਛਮੀ ਨਾਲ ਹੀ) ਲਪਟ ਰਹੇ ਹਨ (ਭਾਵ ਸਾਰੇ ਮਾਯਾ ਦੇ ਦਾਸ ਹਨ)। ੩.(ਜਿਸ ਨੇ) ਚਾਰੇ ਵਰਣ, ਛੀ ਦਰਸ਼ਨ, ਜਤੀ ਸਤੀ ਅਰ ਨੌਂ ਨਾਥ ਬੀ ਨਿਵਾ ਲੀਤੇ ਹਨ। ੪.ਤਿੰਨਾਂ ਲੋਕਾ, ਚੌਦਾਂ ਬ੍ਰਹਮੰਡਾਂ, ਜਲਾਂ, ਥਲਾਂ, ਪ੍ਰਿਥਵੀ, ਪਾਤਾਲਾਂ ਵਿਚ ਛਲ ਕਰਕੇ ਛਾਇ ਰਹੀ ਹੈ। ੫.ਉਹ 'ਕਵਲਾਂ' (ਲਛਮੀ) ਕਮਲਾਪਤ (ਵਿਸ਼ਨੂੰ) ਦੇ ਸਣੇ ਸਾਧ ਸੰਗਤ ਦੀ ਸ਼ਰਣ ਵਿਖੇ ਆਈ ਹੈ। ੬.ਪੈਰੀਂ ਪੈ ਕੇ ਪੈਰਾਂ ਦੀ ਖਾਕ ਧੂੜ ਹੋ ਕੇ ਆਪਣਾ ਆਪ ਗਵਾ ਦਿਤਾ ਹੈ। ੭.(ਇਹ) ਗੁਰਮੁਖਾਂ ਦੇ ਸੁਖ ਫਲ (ਵੈਰਾਗ) ਦੀ ਵਡੀ ਸ਼ੋਭਾ ਹੈ (ਕਿ ਮਾਯਾ ਨੂੰ ਬੀ ਆਪਣੇ ਚਰਣਾਂ ਦੀ ਦਾਸੀ ਕਰ ਲੈਂਦੇ ਹਨ)

**ਭਾਵ**-ਸ੍ਰੀ ਗੁਰੂ ਗ੍ਰੰਥ ਜੀ ਦਾ ਵਾਕ- **"ਜਬ ਇਸਤੇ ਇਹੁ ਹੋਇਓ ਜਉਲਾ ॥ ਪੀਛੈ ਲਾਗਿ ਚਲੀ ਉਠਿ ਕਉਲਾ ॥"** (ਗਉ:ਮ:੫:ਅਸ਼ਟ-੧) ਤਾਤਪਰਜ ਇਹ ਹੈ ਕਿ ਜਗਤ ਤਾਂ ਲਖਮੀ ਪਿੱਛੇ ਮਰ ਰਿਹਾ ਹੈ, ਪਰ ਗੁਰਮੁਖ ਲੋਕ ਇਸ ਤੋਂ ਅਚਾਹ ਹਨ। ਅਚਾਹ ਹੋਣ ਕਰਕੇ ਮਾਯਾ ਉਹਨਾਂ ਦੇ ਬਹੁਤ ਢੁਕਦੀ ਹੈ, ਉਸ ਨੂੰ ਉਹ ਸਾਧ ਸੰਗਤ ਦੀ ਸੇਵਾ ਵਿਚ ਲਾ ਦੇਂਦੇ ਹਨ। ਕਵਲਾਪਤੀ ਤੋਂ ਇਥੇ ਮਤਲਬ ਵਾਹਿਗੁਰੂ ਤੋਂ ਨਹੀਂ, ਪਰ ਵਿਸ਼ਨੂੰ ਤੋਂ ਹੀ ਹੈ ਜੋ ਤਿੰਨ ਆਦਿ ਦੇਵਤਿਆਂ ਵਿਚੋਂ ਹੈ, ਕਿਉਂਕਿ ਸਾਧ ਸੰਗਤ ਅੱਗੇ ਉਸ ਨੂੰ ਭੀ ਨਿਉਣਾ ਪੈਂਦਾ ਹੈ। ਸਾਧੂ ਨਿਰਇੱਛਤ ਹਨ, ਵਿਸ਼ਨੂੰ ਨੂੰ ਸੰਸਾਰ ਪਾਲਣ ਦੀ ਇੱਛਾ ਹੈ। ਕਥਨ ਅਲੰਕਾਰਕ ਹਨ, ਤਾਤਪਰਜ ਕੇਵਲ ਇਹ ਹੈ ਕਿ ਗੁਰਮੁਖ ਸਭ ਇੱਛਾ ਤੋਂ ਅਤੀਤ ਹਨ, ਮਾਯਾ ਰੁਲਦੀ ਫਿਰਦੀ ਹੈ, ਪਰਵਾਹ ਨਹੀਂ ਕਰਦੇ। ਅੱਗੇ ਹੁਣ ਕੁਝ ਲੋਕ ਪ੍ਰਸਿੱਧ ਅਰ ਆਮ ਤਸਲੀਮ ਕੀਤੀਆਂ ਕਥਾ ਵਾਰਤਾ ਦ੍ਰਿਸ਼ਟਾਂਤ ਦੇ ਢੰਗ ਤੇ ਦੱਸਕੇ ਆਪਣਾ ਉਪਦੇਸ਼ ਸਿਧ ਕਰਨਗੇ ਕਿ ਕਿੱਕੂੰ ਕਮਲਾ ਤੇ ਕਮਲਾਪਤੀ ਸਾਧ ਸੰਗਤ ਦੇ ਮਗਰ ਲਗੇ ਹਨ। ਇਨ੍ਹਾਂ ਕਥਾ ਦੀ ਸਭ੍ਯਤਾ ਦਾ ਏਥੇ ਜ਼ਿਕਰ ਨਹੀਂ, ਕੇਵਲ ਲੋਕਾਂ ਦੀਆਂ ਮੰਨੀਆਂ ਕਹਾਣੀਆਂ ਤੋਂ ਹੀ ਉਨ੍ਹਾਂ ਨੂੰ ਭੁਲੇਖੇ ਤੋਂ ਕੱਢਕੇ ਅਸੂਲ ਦੀ ਗੱਲ ਸਮਝਾਉਣੇ ਦਾ ਪ੍ਰਯੋਜਨ ਹੈ।

## ੬. (ਬਲਿ ਤੋਂ ਚਰਨ ਕਮਲਾਂ ਦੀ ਮਹਿਮਾ)।

੧. ਬਾਵਨ ਰੂਪੀ ਹੋਇਕੈ ਬਲਿ ਛਲਿ ਅਛਲਿ ਆਪੁ ਛਲਾਇਆ।
੨. ਕਰੌ ਅਢਾਈ ਧਰਤਿ ਮੰਗਿ ਪਿਛੇ ਦੇ ਵਡ ਪਿੰਡੁ ਵਧਾਇਆ।
੩. ਦੁਇ ਕਰੁਵਾ ਕਰਿ ਤਿੰਨਿ ਲੋਅ ਬਲਿ ਰਾਜੇ ਫਿਰਿ ਮਗਰੁ ਮਿਣਾਇਆ।
੪. ਸੁਰਗਹੁ ਚੰਗਾ ਜਾਣਿਕੈ ਰਾਜੁ ਪਤਾਲ ਲੋਕ ਦਾ ਪਾਇਆ।
੫. ਬ੍ਰਹਮਾ ਬਿਸਨੁ ਮਹੇਸੁ ਤ੍ਰੈ ਭਗਤ ਵਛਲ ਦਰਵਾਨ ਸਦਾਇਆ।
੬. ਬਾਵਨ ਲਖ ਸੁਪਾਵਨਾ ਸਾਧ ਸੰਗਤਿ ਰਜ ਇਛ ਇਛਾਇਆ।
੭. ਸਾਧ ਸੰਗਤਿ ਗੁਰ ਚਰਨ ਧਿਆਇਆ ॥੬॥

**ਪਦਾਰਥ**-(ਅਛਲਿ=ਜੋ ਛਲਿਆ ਨਾ ਜਾਵੇ। ਕਰੌ=ਉਲਾਂਘ। ਪਿੰਡੁ=ਸਰੀਰ। (ਮਗਰ=ਪਿੱਠ, ਭਾਵ ਸਰੀਰ। ਦਰਵਾਨ=ਡੇਉਢੀ ਬਰਦਾਰ।

**ਅਰਥ**-੧.ਬਾਵਨ (ਅਰਥਾਤ ਨਿੱਕਾ ਜਿਹਾ) ਰੂਪ ਧਾਰਕੇ ਰਾਜਾ ਬਲੀ ਨੂੰ ਛਲਦਾ ਹੋਇਆ ਛਲਨ ਵਿਚ (ਨਾਂ-ਕਾਮਯਾਬ ਹੋਕੇ) ਆਪ ਨੂੰ ਛਲਾ ਬੈਠਾ। ੨.ਪਹਿਲੇ (ਰਾਜਾ ਪਾਸੋਂ) ਅਢਾਈ ਉਲਾਂਘਾਂ ਜ਼ਮੀਨ ਮੰਗੀ ਪਿੱਛੋਂ ਵਡਾ ਸਰੀਰ ਵਧਾ ਲੀਤਾ (ਅਜਿਹਾ ਕਿ) ੩.ਦੋ ਉਲਾਂਘਾਂ ਵਿਚ ਤਿੰਨੇ ਲੋਕ (ਮਿਣ ਲੀਤੇ ਪਿਛੇ ਅੱਧੀ ਉਲਾਂਘ ਦੇ ਬਦਲੇ) ਰਾਜੇ ਦਾ ਸਰੀਰ ਮਿਣਿਆਂ (ਕਿਉਂ ਜੋ ਇਹ ਦਾਨ ਤੋਂ ਬਹਰਾ ਹੈਸੀ)। ੪.(ਹੁਣ ਰਾਜਾ ਬਲਿ ਨੇ) ਸੁਰਗ ਨਾਲੋਂ ਪਤਾਲ (ਭਾਵ ਨਿੰਮ੍ਰਤਾ ਧਾਰਨੀ) ਦਾ ਰਾਜ ਚੰਗਾ ਜਾਣਕੇ ਲੀਤਾ (ਜਦ ਬਾਵਨ ਮੁੜਨ ਲੱਗਾ ਤਦ ਬਲੀ ਨੇ ਕਿਹਾ ਕਿ ਤੂੰ ਕਿੱਥੇ ਜਾਂਦਾਂ ਹੈਂ? ਆਪਣਾ ਬਚਨ ਯਾਦ ਰੱਖਕੇ ਮੇਰੇ ਬੂਹੇ ਬੈਠ)। ੫.(ਹੁਣ) ਤਿੰਨਾਂ ਬ੍ਰਹਮਾ, ਵਿਸ਼ਨੂੰ, ਸ਼ਿਵ ਨੂੰ (ਵਾਰੀ ਵਾਰੀ ਸਿਰ) ਪਹਿਰੇਦਾਰ ਸਦਾਉਣਾ ਪਿਆ ਭਗਤ ਵਛਲ (ਹੋਣ ਕਰਕੇ)। ੬.ਬਾਵਨ ਵਰਗੇ ਲੱਖਾਂ ਪਵਿੱਤ੍ਰਾਂ ਨੇ ਸਾਧ ਸੰਗਤ ਦੀ ਧੂੜੀ ਦੀ ਇੱਛਾ ਕੀਤੀ ਹੈ (ਕਿ ਕਿਵੇਂ ਪ੍ਰਾਪਤ ਹੋਏ)। ੭.ਸਾਧ ਸੰਗਤ ਅਰ ਗੁਰੂ ਦੇ ਚਰਨਾਂ ਨੂੰ ਧਿਆਇਆ ਹੈ।

**ਭਾਵ**-ਪਹਿਲੇ ਬਲ ਰਾਜੇ ਦੀ ਕਥਾ ਦੱਸਕੇ ਫੇਰ ਆਪਣਾ ਸਿੱਧਾਂਤ ਕਹਿੰਦੇ ਹਨ ਕਿ ਕਮਲਾ ਪਤੀ ਜੋ ਐਡਾ ਸੀ, ਇੰਦ੍ਰ ਦੇ ਪੱਖ ਦੀ ਇੱਛਾ ਰੱਖਣ ਵਾਲਾ ਹੋਣ ਕਰਕੇ ਭਗਤ ਦੇ ਸਾਮ੍ਹਣੇ, ਜਿਸਨੇ ਨਿੰਮ੍ਰਤਾ ਧਾਰੀ, ਉਸਦਾ ਪਹਿਰੇਦਾਰ ਬਣਿਆ। ਸਿੱਧਾਂਤ ਇਹ ਹੈ ਕਿ ਸਾਧ ਸੰਗ ਦੀ ਰਜ ਪਵਿੱਤ੍ਰ ਕਰਨੇ ਵਾਲੀ ਵਸਤੂ ਹੈ, ਇਸ ਕਰਕੇ ਉਸ ਦੀ ਇੱਛਾ ਕਰਦਾ ਹੈ ਕਿ ਮੈਂ ਇਸ ਤਰ੍ਹਾਂ ਫੇਰ ਨਾਂ ਫਸਾਂ

## ੭. (ਪਰਸਰਾਮ ਅਵਤਾਰ)।

੧. ਸਹਸ ਬਾਹੁ ਜਮਦਗਨਿ ਘਰਿ ਹੋਇ ਪਰਾਹੁਣਾਚਾਰੀ ਆਇਆ।
੨. ਕਾਮਧੇਨੁ ਲੋਭਾਇਕੈ ਜਮਦਗਨੈ ਦਾ ਸਿਰੁ ਵਢਵਾਇਆ।
੩. ਪਿਟਦੀ ਸੁਣਿਕੈ ਰੈਣੁਕਾ ਪਰਸਰਾਮ ਧਾਈ ਕਰਿ ਧਾਇਆ।
੪. ਇਕੀਹਵਾਰ ਕਰੋਧ ਕਰਿ ਖਤ੍ਰੀ ਮਾਰਿ ਨਿਖਤੁ ਗਵਾਇਆ।
੫. ਚਰਣ ਸਰਣਿ ਫੜਿ ਉਬਰੇ ਦੂਜੇ ਕਿਸੈ ਨ ਖੜਗੁ ਉਚਾਇਆ।
੬. ਹਉਮੈ ਮਾਰਿ ਨ ਸਕੀਆ ਚਿਰੰਜੀਵ ਹੋਇ ਆਪੁ ਜਣਾਇਆ।
੭. ਚਰਣ ਕਵਲ ਮਕਰੰਦ ਨ ਪਾਇਆ ॥੭॥

**ਪਦਾਰਥ**-(ਸਹਸ ਬਾਹੁ=ਹਜ਼ਾਰ ਭੁਜਾਂ ਵਾਲਾ। ਜਮਦਗਨਿ=ਰਿਖੀ ਦਾ ਨਾਮ ਹੈ। (ਪਰਾਹੁਣਚਾਰੀ=ਪਰਾਹੁਣਾ ਹੋਕੇ ਰੇਣੁਕਾ=ਪਰਸਰਾਮ ਦੀ ਮਾਤਾ।

(ਨਿਖਤੁ=ਨਿਖਤ੍ਰਾਇਣ, ਖਤ੍ਰੀਆਂ ਤੋਂ ਰਹਿਤ।

**ਅਰਥ**-੧.ਸਹਸਬਾਹੁ (ਨਾਮੇ ਰਾਜਾ ਜਿਸ ਦੀਆਂ ਹਜ਼ਾਰ ਬਾਹਾਂ ਸਨ) ਜਮਦਗਨੀ (ਨਾਮੇ ਰਿਖੀ ਪਾਸ, ਜੋ ਉਸਦਾ ਸਾਂਢੂ ਬੀ ਸੀ) ਪਰਾਹੁਣਾ ਬਣਕੇ (ਬਣ ਵਿਖੇ ਇਕ ਦਿਨ ਫੌਜ ਸਮੇਤ) ਆ ਉਤਰਿਆ। ੨.ਲਲਚਾਕੇ ਕਾਮਧੇਨ ਗਊ (ਰਿਖੀ ਪਾਸ ਵੇਖਕੇ ਮੰਗੀ, ਨਾ ਮਿਲਣ ਪਰ) ਜਮਦਗਨੀ ਦਾ ਸਿਰ ਵਢਵਾ ਦਿੱਤਾ। ੩.(ਤੁਣ ਪਰਸਰਾਮ ਦੀ ਮਾਂ) ਰੇਣੁਕਾ(ਰੰਡੀ ਹੋਣ ਕਰਕੇ) ਪਿੱਟਣ ਲੱਗੀ, ਪਰਸ ਰਾਮ (ਸੁਣਦਾ ਹੀ) ਦੌੜਕੇ ਆਇਆ। ੪.(ਪਰਸਰਾਮ ਨੇ ) ੨੧ ਵਾਰੀ ਕ੍ਰੋਧ ਕਰਕੇ ਖੱਤ੍ਰੀ ਮਾਰਕੇ ਨਿਹਖੱਤ੍ਰਾਇਣ ਕਰ ਦਿਤਾ (ਪ੍ਰੰਤੂ ਓਹ ਬੀ ਹਉਮੈ ਨਾ ਮਾਰ ਸਕਿਆ)। ੫.ਜਿਨ੍ਹਾਂ ਨੇ (ਪਰਮੇਸ਼ਰ ਦੇ) ਚਰਨਾਂ ਦੀ ਸ਼ਰਨ ਫੜੀ ਸੋ ਬਚੇ (ਰਾਮਚੰਦ੍ਰ ਪਰਿਵਾਰ ਸਮੇਤ ਪਰਮੇਸ਼ੁਰ ਭਗਤ ਹੋਣ ਕਰਕੇ ਪਰਸਰਾਮ ਤੋਂ ਬਚ ਰਹੇ ਸੇ, ਐਸੇ ਹੀ ਰਾਜਾ ਅਗੁਟ ਸਿੰਧ ਦੇ, ਪਰਜਾ ਤੇ ਸ਼ਰਨਾਗਤਾਂ ਸਮੇਤ ਬਚੇ, ਐਸੇ ਹੀ ਜਨਕ ਭਗਤ ਅਰ ਹੋਰ ਵਾਹਿਗੁਰੂ ਚਰਨਾਂ ਦੇ ਸ਼ਰਨਾਗਤ) ਹੋਰ ਕਿਸੇ ਨੇ ਉਸ (ਕਾਤਲ) ਦੇ ਸਾਮ੍ਹਣੇ ਤਲਵਾਰ ਉੱਚੀ ਨਹੀਂ ਕੀਤੀ। ੬.(ਇੱਡਾ ਬਲੀ ਹੋਕੇ ਪਰਸਰਾਮ) ਹਉਮੈ ਨਾ ਮਾਰ ਸਕਿਆ, ਵਡੀ ਉਮਰਾ ਹੋ ਕੇ ਆਪੇ ਦਾ ਹੰਕਾਰ ਕਰਦਾ ਰਿਹਾ। ੭.ਚਰਨਾਂ ਕਮਲਾ ਦਾ ਮਕਰੰਦ ਰਸ ਨਾ ਪਾਇਅ (ਹਉਮੈ ਵਿਚ ਹੀ ਦੁਖੀ ਗਿਆ)।

## ੮. (ਰਾਮ ਚੰਦ੍ਰ ਤੋਂ ਧੂੜੀ ਦਾ ਉਪਦੇਸ਼)।

੧. ਰੰਗ ਮਹਲ ਰੰਗ ਰਾਗ ਵਿਚਿ ਦਸਰਥੁ ਕਉਸਲਿਆ ਰਲੀਆਲੇ।
੨. ਮਤਾ ਮਤਾਇਨਿ ਆਪ ਵਿਚਿ ਚਾਇ ਚਈਲੇ ਖਰੇ ਸੁਖਾਲੇ।
੩. ਘਰਿ ਅਸਾੜੈ ਪੁਤੁ ਹੋਇ ਨਾਉ ਕਿ ਧਰੀਐ ਬਾਲਕ ਖਾਲੇ।
੪. ਰਾਮ ਚੰਦੁ ਨਾਉਂ ਲੈਂਦਿਆਂ ਤਿਨਿ ਹਤਿਆ ਤੇ ਹੋਇ ਨਿਰਾਲੇ।
੫. ਰਾਮ ਰਾਜ ਪਰਵਾਣ ਜਗਿ ਸਤ ਸੰਤੋਖ ਧਰਮ ਰਖਵਾਲੇ।
੬. ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ।
੭. ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ।
੮. ਸਾਧ ਸੰਗਤਿ ਪਗ ਧੂੜਿ ਨਿਹਾਲੇ॥੮॥

**ਪਦਾਰਥ**-(ਰੰਗ ਮਹਲ=ਰਣਵਾਸ। ਰਲੀਆਲੇ=ਗਰਭਵਤੀ ਹੋਈ।
(ਮਤਾ ਮਤਾਇਨਿ=ਸਲਾਹ ਕਰਨ ਲੱਗੇ। ਚਾਇ ਚਈਲੇ=ਖੁਸ਼ੀ ਨਾਲ ਮਸਤ।
(ਖਾਲੇ =ਸੰਬੋਧਨ, ਹੇ ਇਸਤ੍ਰੀ।ਤਿਨਿ ਹਤਿਆ=ਸ੍ਰਵਣ ਤੇ ਉਸ ਦੇ ਮਾਂ ਪਿਉ।
(ਰਾਮਾਇਣੁ=ਰਾਮ+ਆਇਨ=ਪਰਮੇਸ਼ੁਰ ਦਾ ਘਰ (ਅ)ਪਰਮੇਸਰ ਦਾ ਆਸਰਾ।

**ਅਰਥ**-੧.ਦਸਰਥ ਦੇ ਰਣਵਾਸ ਵਿਖੇ (ਜਿਥੇ) ਵਡੇ ਰਾਗ ਰੰਗ(ਹੁੰਦੇ ਸਨ)ਕੋਸ਼ੱਲਿਆ (ਪਟਰਾਣੀ) ਗਰਭਵਤੀ ਹੋਈ। ੨.ਆਪੋ ਵਿਚ ਸਾਲਾਹਾਂ ਕਰਨ, ਚਾਉ ਭਰੇ ਹੋਏ, ਖਰੇ ਸੁਖੀ ਹੋਏ ਹੋਏ। ੩.(ਹੇ ਪਿਆਰੀ) ਇਸਤ੍ਰੀ! ਜੇ ਸਾਡੇ ਘਰ ਪੁੱਤਰ ਹੋਵੇ ਤਾਂ ਅਸੀਂ ਉਸ ਬਾਲਕ ਦਾ ਕੀ ਨਾਉਂ ਧਰੀਏ? ੪.(ਇਸਤ੍ਰੀ ਨੇ ਕਿਹਾ, ਐਸਾ ਨਾਮ ਧਰੋ ਜੋ ਪਰਮੇਸ਼ੁਰ ਦਾ ਨਾਮ ਹੋਵੇ, ਤਾਂਕਿ ਅਜਾਮਲ ਵਾਂਗੂੰ ਸਾਡੇ ਪਾਪ ਵੀ ਧੋਤੇ ਜਾਣ, ਤਾਂਤੇ) ਰਾਮਚੰਦ੍ਰ ਨਾਉਂ (ਰੱਖਿਆ, ਜਿਸਦੇ) ਲੀਤਿਆਂ ਤਿੰਨ ਹੱਤਿਆਂ ਤੋਂ ਨਿਰਮਲ ਹੋਏ। ੫.ਰਾਮ ਦਾ ਰਾਜ ਜੱਗ ਪ੍ਰਵਾਣ ਹੋਇਆ, (ਕਿਉਂਕਿ ਰਾਮ ਜੀ) ਸਤ ਸੰਤੋਖ ਧਰਮ ਦੇ ਰਖਵਾਲੇ (ਹੋਕੇ ਰਾਜ ਕਰਦੇ ਸੇ)। ੬.ਆਪ ਮਾਯਾ ਵਿਚ ਉਦਾਸ ਹੋਕੇ (ਨਿੰਮ੍ਰਤਾ ਧਾਰੀ ਸੇ ਕਿ) ਵਸ਼ਿਸ਼ਟ ਗੁਰੂ (ਪਾਸ) ਬਹਾਲ ਕੇ (ਕਥਾ ਵਾਰਤਾ) ਪੁਰਾਤਣ (ਕਰਦਾ ਸੀ ਤਾਂ ਨਿੰਮ੍ਰਤਾ ਨਾਲ) ਸੁਣਦੇ ਸੇ। ੭.(ਜਗਤ ਵਿਚ ਇਹੋ ਪ੍ਰਚਾਰ ਕੀਤਾ ਕਿ) ਪ੍ਰਮੇਸ਼ਰ (ਸਭ ਦਾ) ਆਸਰਾ ਹੈ (ਇਸ

ਭਗਤੀ ਕਰਕੇ ਇਨ੍ਹਾਂ ਦੇ) ਪੈਰਾਂ ਨਾਲ ਲੱਗਕੇ ਸਿਲਾ ਓਸੇ ਵੇਲੇ ਤਰ ਗਈ। ੮.(ਰਾਮਚੰਦ੍ਰ ਜੀ) ਸਾਧ ਸੰਗਤ ਦੇ ਪੈਰਾਂ ਦੀ ਧੂੜ ਨੂੰ ਯਾਚਦੇ ਸਨ। (ਜੈਸਾ:-ਬਨ ਵਿਚ ਜਾਕੇ ਤਪੀਆਂ ਦੇ ਚਰਨ ਧੋਂਦੇ ਰਹੇ)।

**ਭਾਵ**-ਭਾਈ ਸਾਹਿਬ ਜੀ ਨੇ ਰਾਮਚੰਦ੍ਰ ਜੀ ਦੇ ਪ੍ਰਤਾਪ ਦਾ ਕਾਰਨ ਬੀ ਉਨ੍ਹਾਂ ਦੀ ਭਗਤੀ ਨਿੰਮ੍ਰਤਾ ਤੇ ਸਾਧੂ ਚਰਣ ਰਜ ਦੀ ਯਾਚਨਾ ਸਿੱਧ ਕੀਤੀ ਹੈ।

## ੯, (ਕ੍ਰਿਸ਼ਨ ਚੰਦ੍ਰਾਵਤਾਰ)।

੧. ਕਿਸਨ ਲੈ ਅਵਤਾਰੁ ਜਗਿ ਮਹਮਾ ਦਸਮ ਸਕੰਧੁ ਵਖਾਣੈ।
੨. ਲੀਲਾ ਚਲਤ ਅਚਰਜ ਕਰਿ ਜੋਗੁ ਭੋਗ ਰਸ ਰਲੀਆ ਮਾਣੈ।
੩. ਮਹਾ ਭਾਰਥੁ ਕਰਵਾਇਓਨੁ ਕੈਰੋ ਪਾਡੋ ਕਰਿ ਹੈਰਾਣੈ।
੪. ਇੰਦ੍ਰਾਦਿਕ ਬ੍ਰਹਮਾਦਿਕਾ ਮਹਿਮਾ ਮਿਤਿ ਮਿਰਜਾਦ ਨ ਜਾਣੈ।
੫. ਮਿਲੀਆ ਟਹਲਾ ਵੰਡਿਕੈ ਜਗਿ ਰਾਜਸੂ ਰਾਜੇ ਰਾਣੈ।
੬. ਮੰਗ ਲਈ ਹਰਿ ਟਹਲ ਏਹ ਪੈਰ ਧੋਇ ਚਰਣੋਦਕੁ ਮਾਣੈ।
੭. ਸਾਧ ਸੰਗਤਿ ਗੁਰ ਸਬਦੁ ਸਿਞਾਣੈ ॥੯॥

**ਪਦਾਰਥ**-(ਦਸਮ ਸਕੰਧੁ=ਭਾਗਵਤ ਪੁਰਾਣ ਦਾ ਦਸਵਾਂ ਸਕੰਧ। ਰਸ ਰਲੀਆ=ਆਨੰਦ, (ਖੁਸ਼ੀਆਂ। ਮਹਾ ਭਾਰਥੁ=ਵੱਡਾ ਯੁੱਧ। ਮਿਰਜਾਦ=ਮਰਿਯਾਦਾ, ਹੱਦ।

**ਅਰਥ**-੧.ਕ੍ਰਿਸ਼ਨ ਨੇ ਜਗਤ ਵਿਖੇ (ਵਾਸਦੇਵ ਦੇਵਕੀ ਦੇ ਘਰ) ਅਵਤਾਰ ਲੀਤਾ (ਭਾਗਵਤ ਦੇ) ਦਸਮੇਂ ਪੁਰਬ ਵਿਖੇ (ਇਹ ਕਥਾ ਤੇ) ਮਹਿਮਾਂ ਲਿਖੀ ਹੈ। ੨.ਅਚਰਜ ਕੌਤਕ ਦੇ ਚਲਿਤ ਕਰਕੇ ਜੋਗ, ਭੋਗ ਤੇ ਆਨੰਦ ਖੁਸ਼ੀਆਂ ਮਾਣੀਆਂ। ੩.ਕੈਰਵਾਂ ਅਰ ਪਾਡਵਾਂ ਦਾ ਵੱਡਾ ਭਾਰੀ ਸੰਗ੍ਰਾਮ ਕਰਾਕੇ ਉਹਨਾਂ ਨੂੰ ਹੈਰਾਨ ਕਰ ਦਿਤਾ। ੪.(ਕ੍ਰਿਸ਼ਨ ਉਪਾਸ਼ਕਾਂ ਦਾ ਭਰੋਸਾ ਹੈ ਕਿ) ਇੰਦ੍ਰ ਆਦਿ, ਬ੍ਰਹਮਾ ਆਦਿ ਮਹਿਮਾ ਦੀ ਮਿਤਿ ਤੇ ਮਿਰਜਾਦਾ ਨਹੀਂ ਜਾਣਦੇ, (ਪਰ ਭਾਈ ਸਾਹਿਬ ਜੀ ਦੱਸਦੇ ਹਨ ਕਿ ਇੱਡੇ ਵੱਡੇ ਕਹਿਲਾਉਣ ਵਾਲੇ ਕ੍ਰਿਸ਼ਨ ਜੀ ਨੇ ਬੀ) ੫.ਜਦ (ਯੁਧਿਸ਼ਟਰ ਦੇ) ਰਾਜਸੂ ਨਾਮੇ ਯੱਗ ਵਿਖੇ ਰਾਜਿਆਂ ਤੇ ਰਾਣੀਆਂ ਨੂੰ ਟਹਿਲਾਂ ਮਿਲਣ ਲੱਗੀਆਂ (ਤਦ) ੬.ਇਹ ਟਹਿਲ ਕ੍ਰਿਸ਼ਨ ਨੇ ਮੰਗ ਲਈ ਕਿ ਮੈਂ ਚਰਨ ਧੋਵਾਂਗਾ ਅਰ ਚਰਣੋਦਕ ਦੀ ਮੌਜ ਲਵਾਂਗਾ। ੭.(ਤਾਂ ਜੋ ਇਸ ਨਿੰਮ੍ਰਤਾ ਦੇ ਪ੍ਰਤਾਪ ਕਰਕੇ) ਸਾਧ ਸੰਗਤ ਅਰ ਗੁਰੂ ਦੇ ਸ਼ਬਦ ਨੂੰ ਪਛਾਣ ਲਵੇ।

**ਭਾਵ**-ਸਾਰੇ ਅਵਤਾਰਾਂ ਨੂੰ ਗੁਰੂ ਧਾਰਨੇ ਪਏ ਸੇ, ਕਿਉਂਕਿ ਓਹ ਗੁਰੂ ਹੋ ਕੇ ਨਹੀਂ ਆਏ ਸੇ, ਪਰ ਗੁਰੂ ਨਾਨਕ ਦੇਵ ਜੀ ਧੁਰੋਂ ਹੀ ਗੁਰੂ ਅਵਤਾਰ ਆਏ ਸੇ, ਇਸ ਕਰਕੇ ਉਹਨਾਂ ਦਾ ਗੁਰੂ ਇਕੋ ਆਦ ਪੁਰਖ ਹੀ ਸੀ। ਕ੍ਰਿਸ਼ਨ ਜੀ ਦੇ ਜੀਵਨ ਵਿਚੋਂ ਇਹ ਨਿੰਮ੍ਰਤਾ ਦੇ ਵਾਕਯ ਦਾ ਕਥਨ ਕਰਕੇ ਕੈਮੁਤਕ ਨਯਾਯ ਅਨੁਸਾਰ ਉਪਦੇਸ਼ ਦੇਂਦੇ ਹਨ ਕਿ ਜਿਸ ਕ੍ਰਿਸ਼ਨ ਨੂੰ ਕ੍ਰੋੜਾਂ ਆਦਮੀ ਅਵਤਾਰ ਮੰਨਦੇ ਹਨ, ਉਸ ਨੇ ਗੁਰੂ ਸ਼ਬਦ ਦੀ ਪਛਾਣ ਅਰਥ ਐਸੀ ਨੀਵੀਂ ਟਹਿਲ ਧਾਰਨ ਕੀਤੀ, ਤਾਂਤੇ ਹਰ ਕਿਸੇ ਨੂੰ ਨਿੰਮ੍ਰਤਾ ਧਾਰਨੀ ਚਾਹੀਏ। ਇਹ ਜੋ ਪ੍ਰਸੰਗ ਹਨ ਸੋ ਭਾਈ ਸਾਹਿਬ ਜੀ ਮਤਾਂਵਲੰਬੀਆਂ ਦੇ ਮੰਨੇ ਹੋਏ ਲਿਖਦੇ ਹਨ, ਆਪ ਹੇਰਾ ਫੇਰੀ ਨਹੀਂ ਕਰਦੇ, ਕਿਉਂਕਿ ਇਤਿਹਾਸ ਨਹੀਂ ਲਿਖ ਰਹੇ ਉਪਦੇਸ਼ ਕਰ ਰਹੇ ਹਨ ਅਰ ਦ੍ਰਿਸ਼ਟਾਂਤ ਦੇ ਰਹੇ ਹਨ। ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਲਈਦਾ ਹੈ। ਹੋਰ ਜਗ੍ਹਾ ਅਵਤਾਰਾਂ ਦੇ ਹੰਕਾਰ ਦਾ ਕਥਨ ਕਰਨਗੇ, ਤਦ ਇਕੋ ਅੰਗ ਹੰਕਾਰ ਦਾ ਉਪਦੇਸ਼ ਨਮਿੱਤ ਲੈਣਾ ਪਵੇ ਗਾ, ਏਥੇ ਆਪ ਦੇ ਨਿੰਮ੍ਰਤਾ ਕਰਨੇ ਦੇ ਲਾਭ ਯਾ ਨਾ ਕਰਨ ਦੀ ਹਾਨੀ ਦਾ ਇਕ ਅੰਗ ਲੈ ਰਹੇ ਹਨ।

ਸੂਚਨਾ-ਇਹ ਚਰਣੋਦਕ ਦੀ ਰੀਤਿ ਗੁਰੂ ਨਾਨਕ ਦੇਵ ਜੀ ਨੇ ਦਸਵਾਂ ਜਾਮਾਂ ਧਾਰਕੇ ਖੰਡੇ ਦੇ ਅੰਮ੍ਰਿਤ ਦੀ ਰੀਤਿ ਵਿਚ ਬਦਲ ਦਿਤੀ। ਸਿੱਖ ਲੋਕ ਹੁਣ ਗੁਰੂ ਹੁਕਮ ਵਿਚ ਖੰਡੇ ਦਾ ਅੰਮ੍ਰਿਤ ਛਕਦੇ ਹਨ, ਪਰ ਨਿੰਮ੍ਰਤਾ, ਸਾਧ ਸੰਗਤ ਦੀ ਟਹਿਲ ਉਸੇ ਤਰ੍ਹਾਂ ਵਿਦਤ ਹੈ।

## ੧੦. (ਅਵਤਾਰ ਸੁਲਭ, ਦਰਸ਼ਨ ਗੁਰ ਦੁਰਲੱਭ)।

੧. ਮਛ ਰੂਪ ਅਵਤਾਰੁ ਧਰਿ ਪੁਰਖਾਰਥੁ ਕਰਿ ਵੇਦ ਉਧਾਰੇ।
੨. ਕਛੁ ਰੂਪ ਹੁਇ ਅਵਤਾਰੇ ਸਾਗਰੁ ਮਥਿ ਜਗਿ ਰਤਨ ਪਸਾਰੇ।
੩. ਤੀਜਾ ਕਰਿ ਬੈਰਾਹ ਰੂਪੁ ਧਰਤਿ ਉਧਾਰੀ ਦੈਤ ਸੰਘਾਰੇ।
੪. ਚਉਥਾ ਕਰਿ ਨਰਸਿੰਘ ਰੂਪੁ ਅਸੁਰੁ ਮਾਰਿ ਪ੍ਰਹਿਲਾਦ ਉਬਾਰੇ।
੫. ਇਕਸੇ ਹੀ ਬ੍ਰਹਮੰਡ ਵਿਚਿ ਦਸ ਅਵਤਾਰ ਲਏ ਅਹੰਕਾਰੇ।
੬. ਕਰਿ ਬ੍ਰਹਮੰਡ ਕਰੋੜਿ ਜਿਨਿ ਲੂੰਅ ਲੂੰਅ ਅੰਦਰਿ ਸੰਜਾਰੇ।
੭. ਲਖ ਕਰੋੜਿ ਇਵੇਹਿਆ ਉਅੰਕਾਰ ਅਕਾਰ ਸਵਾਰੇ।
੮. ਚਰਣ ਕਮਲ ਗੁਰ ਅਗਮ ਅਪਾਰੇ॥੧੦॥

**ਪਦਾਰਥ**-(ਪੁਰਖਾਰਥੁ=ਜਤਨ।ਬੈਰਾਹ=ਸੂਕਰ ਰੂਪ। ਅਸੁਰੁ=ਦੈਂਤ। ਲੂੰਅ=ਰੋਮ। ਸੰਜਾਰੇ=ਸਮਾਏ।

**ਅਰਥ**-੧.ਮੱਛ ਰੂਪ ਦਾ ਅਵਤਾਰ ਧਾਰਕੇ ਮਿਹਨਤ ਕਰਕੇ ਵੇਦਾਂ ਦਾ ਉਧਾਰ ਕੀਤਾ।੨.(ਫੇਰ) ਕੱਛੂ ਰੂਪ ਧਾਰਕੇ ਸਮੁੰਦਰ ਰਿੜਕਿਆ ਜਗਤ ਵਿਚ (ਚੌਦਾਂ) ਰਤਨ ਪਸਾਰੇ। ੩.ਤੀਜਾ ਸੂਕਰ ਰੂਪ ਧਾਰਕੇ ਧਰਤੀ ਦੀ ਰੱਛਾ ਕੀਤੀ ਤੇ ਦੈਂਤ ਮਾਰੇ। ੪.ਚੌਥਾ ਨਰਸਿੰਘ ਦਾ ਰੂਪ ਧਾਰਕੇ ਰਾਖਸ਼ ਮਾਰਕੇ ਪ੍ਰਹਿਲਾਦ ਦੀ ਰੱਛਾ ਕੀਤੀ। ੫.(ਇਸ)ਇਕੋ ਬ੍ਰਹਮੰਡ ਵਿਖੇ ਦਸ ਅਵਤਾਰ ਹੰਕਾਰ ਨਾਲ ਲੀਤੇ। ੬.(ਜਿਸ ਨੇ ਐਸੇ) ਕਰੋੜਾਂ ਬ੍ਰਹਿਮੰਡ ਇਕ ਇਕ ਰੋਮ ਵਿਖੇ ਸੰਜਰੇ ਹੋਏ ਹਨ। ੭.ਏਹੋ ਜੇਹੇ ਸਰੂਪ ਉਅੰਕਾਰ ਪਰਮਾਤਮਾਂ ਨੇ ਲੱਖਾਂ ਕਰੋੜਾਂ ਸਵਾਰ ਛਡੇ ਹਨ। ੮.ਪਰ ਗੁਰੂ ਦੇ ਚਰਨ ਕਮਲ ਅਗੰਮ ਤੇ ਅਪਾਰ ਹਨ, (ਜਿਨ੍ਹਾਂ ਦੀ ਰੀਸ ਨਹੀਂ ਹੋ ਸਕਦੀ)

**ਭਾਵ**-ਪਹਿਲੇ ਪ੍ਰਸਿੱਧ ਲੋਕਾਂ ਦੇ ਨਿਸ਼ਚੇ ਮੂਜਬ ਅਵਤਾਰਾਂ ਦਾ ਕਥਨ ਕਰਕੇ ਦੱਸਦੇ ਹਨ ਕਿ ਲੋਕ ਤਾਂ ਇਨ੍ਹਾਂ ਨੂੰ ਬੜੀ ਗਲ ਸਮਝਦੇ ਹਨ ਕਿ ਬ੍ਰਹਿਮੰਡ ਵਿਚ ਦਸ ਅਵਤਾਰ ਹੋਏ ਪਰ ਵਾਹਿਗੁਰੂ ਨੇ ਅਣਗਿਣਤ ਬ੍ਰਹਿਮੰਡ ਰਚੇ ਹੋਏ ਹਨ, ਅਰ ਐਸੇ ਸਰੂਪ ਅਣਗਿਣਤ ਰਚੇ ਪਏ ਹਨ, ਭਾਵ ਕੀ ਕਿ ਏਹ ਅਵਤਾਰ ਕੋਈ ਦੁਰਲੱਭ ਵਸਤੂ ਨਹੀਂ, ਬ੍ਰਹਿਮੰਡ ਵਿਚ ਬਹੁਤੇਰੀ ਹੈ! ਦੁਰਲੱਭ ਹਨ ਤਾਂ ਗੁਰੂ ਦੇ ਚਰਨ ਕਮਲ ਦੁਰਲੱਭ ਹਨ, ਕਿਉਂਕਿ ਵਾਹਿਗੁਰੂ ਦੀ ਤਰ੍ਹਾਂ ਗੁਰੂ ਬੀ ਇਕੋ ਹੈ। "**ਗੁਰੂ ਪਰਮੇਸਰੁ ਏਕੋ ਜਾਣੁ॥**" (ਗੌਂਡ ਮ:੫) ਉਸਦੇ ਚਰਨ ਕਮਲ ਹਿਰਦਾ ਪੂਰਾ ਨਿਰਮਲ ਹੋਏ ਬਾਝ ਨਹੀਂ ਲੱਭਦੇ।

## ੧੧. (ਚਰਣ ਗੁਰ ਸਭ ਤੋਂ ਸ਼੍ਰੇਸ਼ਟ)।

੧. ਸਾਸਤ੍ਰ ਵੇਦ ਪੁਰਾਣ ਸਭ ਸੁਣਿ ਸੁਣਿ ਆਖਣੁ ਆਖਿ ਸੁਣਾਵਹਿ।
੨. ਰਾਗ ਨਾਦ ਸੰਗੀਤ ਲਖ ਅਨਹਦ ਧੁਨਿ ਸੁਣਿ ਗੁਣ ਗਾਵਹਿ।
੩. ਸੇਖ ਨਾਗ ਲਖ ਲੋਮਸਾ ਅਬਿਗਤਿ ਗਤਿ ਅੰਦਰਿ ਲਿਵਲਾਵਹਿ।
੪. ਬ੍ਰਹਮੇ ਬਿਸਨੁ ਮਹੇਸ ਲਖ ਗਿਆਨ ਧਿਆਨੁ ਤਿਲੁ ਅੰਤੁ ਨਾ ਪਾਵਹਿ।
੫. ਦੇਵੀ ਦੇਵ ਸਰੇਵਦੇ ਅਲਖ ਅਭੇਵ ਨ ਸੇਵ ਪੁਜਾਵਹਿ।
੬. ਗੋਰਖ ਨਾਥ ਮਛੰਦ੍ਰ ਲਖ ਸਾਧਿਕ ਸਿਧਿ ਨੇਤ ਕਰਿ ਧਿਆਵਹਿ।
੭. ਚਰਣ ਕਮਲ ਗੁਰੁ ਅਗਮ ਅਲਵਹਿ ॥੧੧॥

**ਪਦਾਰਥ**-(ਸੰਗੀਤ=ਰਾਗ ਵਿਦਯਾ। ਲੋਮਸ=ਇਕ ਚਿਰੰਜੀਵੀ ਰਿਖੀ।)
(ਸਰੇਵਦੇ=ਸੇਂਵਦੇ ਹਨ। ਅਭੇਵ=ਜਿਸ ਦਾ ਭੇਦ ਨ ਲਖਿਆ ਜਾਏ।)

**ਅਰਥ**-(ਇਸ ਪਉੜੀ ਵਿਖੇ ਬੀ ਗੁਰ ਚਰਣਾਰਵਿੰਦ ਦੀ ਮਹਿਮਾ ਕਰਦੇ ਹਨ)। ੧.(ਛੀ) ਸ਼ਾਸਤ੍ (ਚਾਰ) ਵੇਦ (ਅਠਾਰਾਂ) ਪੁਰਾਣ ਸੱਭੇ ਬੁੱਧੀਮਾਨਾਂ ਤੋਂ ਸੁਣ ਸੁਣ ਕੇ ਕਥਾ ਵਖਯਾਨ ਕਰਦੇ ਹਨ। ੨.ਕਈ (ਰਾਗੀ ਲੋਕ) ਰਾਗਾਂ ਦੇ ਸ਼ਬਦ ਕਰਕੇ, ਕਈ ਸੰਗੀਤ (ਧ੍ਰੁਪਤ, ਸਰਗਮਾਂ ਤੇ ਤਰਾਨਿਆਂ) ਵਿਚ ਇਕ ਰਸ ਧੁਨੀ ਨਾਲ ਗੁਣਾਨੁਵਾਦ ਕਰਦੇ ਹਨ। ੩.ਲੱਖਾਂ ਸ਼ੇਖ ਨਾਗ ਲੱਖਾਂ ਲੋਮਸ ਰਿਖੀ 'ਅਬਿਗਤ'(ਅਕਾਲ ਪੁਰਖ) ਦੀ ਗਤੀ ਗਯਾਨ ਵਿਚ ਲਿਵ ਲਾਉਂਦੇ ਹਨ। ੪.(ਲੱਖਾਂ) ਬ੍ਰਹਮੇ, ਬਿਸ਼ਨੁ, ਸ਼ਿਵ ਲੱਖਾਂ ਹੀ ਗਿਆਨ ਧਿਆਨ ਦਾ ਤਿਲ ਮਾਤ੍ ਬੀ ਅੰਤ ਨਹੀਂ ਪਾ ਸਕਦੇ। ੫.ਦੇਵੀਆਂ ਦੇਵਤੇ ਅਲੱਖ ਪਰਮਾਤਮਾਂ ਦਾ ਭੇਤ ਨਹੀਂ ਪਾ ਸਕਦੇ ਅਰ ਸੇਵਾ ਕਰਕੇ ਉਸ ਨੂੰ ਪਹੁੰਚ ਨਹੀਂ ਸਕਦੇ। ੬.ਲੱਖਾਂ ਗੋਰਖ ਨਾਥ, ਲੱਖਾਂ ਮਛੰਦਰ, ਲੱਖਾਂ ਸਾਧਕ, ਲੱਖਾਂ ਸਿੱਧ, ਨੇਤਿ ਨੇਤਿ ਕਰਕੇ ਚਿੰਤਨ ਕਰਦੇ ਹਨ। ੭.(ਪਰੰਤੂ ਇਹੀ) ਆਖਦੇ ਹਨ ਕਿ ਗੁਰੂ ਦੇ ਚਰਨ ਕਵਲ ਅਗੰਮ ਹਨ।

**ਭਾਵ**-ਸਾਰੇ ਵਡੇ ਵਡੇਰੇ ਗਿਣਕੇ ਦੱਸੇ ਹਨ ਕਿ ਵਾਹਿਗੁਰੂ ਦਾ ਅੰਤ ਨਹੀਂ ਪਾ ਸਕਦੇ, ਪਰ ਸਾਰੇ ਏਹ ਕਹਿੰਦੇ ਹਨ ਕਿ ਗੁਰੂ ਦੇ ਚਰਨਾਂ ਕਮਲਾਂ ਦੀ ਮਹਿਮਾ ਨਹੀਂ ਕਹੀ ਜਾਂਦੀ। ਇਹ ਪੌੜੀ ਦੱਸਦੀ ਹੈ ਕਿ ਭਾਈ ਸਾਹਿਬ ਜੀ ਵਾਹਿਗੁਰੂ ਨੂੰ ਸਭ ਤੋਂ ਉੱਚਾ ਜਾਣਦੇ ਹਨ, ਜਿਨ੍ਹਾਂ ਦੇ ਦ੍ਰਿਸ਼ਟਾਂਤ ਦੇ ਰਹੇ ਹਨ, ਉਨ੍ਹਾਂ ਨੂੰ ਵਾਹਿਗੁਰੂ ਦੇ ਖੋਜੀ ਕਹਿੰਦੇ ਹਨ, ਪਰ ਵਾਹਿਗੁਰੂ ਨੂੰ "੧." ਕਰਕੇ ਅਲੱਖ ਤੇ ਅਗੰਮ ਮੰਨਦੇ ਹਨ। ਗੁਰੂ ਨੂੰ ਉਸ ਵਾਹਿਗੁਰੂ ਤੋਂ ਦੂਸਰੇ ਦਰਜੇ ਤੇ ਸਮਝਦੇ ਹਨ, ਅਤੇ ਹੋਰ ਸਭ ਆਵ੍ਤਾਰ, ਦੇਵਤੇ, ਰਿਖੀ, ਬ੍ਰਹਮੇ, ਸ਼ੇਖਨਾਗ, ਧਰਮ ਪੁਸਤਕ ਤੇ ਕੁਦਰਤੀ ਚਮਤਕਾਰ ਹੇਠਲੇ ਦਰਜੇ ਰਖਦੇ ਹਨ, ਕਿਉਂਕਿ ਜੀਵ ਜਗਯਾਸੂ ਹੋਕੇ ਪਰਮਾਤਮਾ ਦੀ ਤਲਾਸ਼ ਕਰਦਾ ਹੈ ਤੇ ਗੁਰੂ ਪਰਮਾਤਮਾ ਨਾਲ ਮਿਲਾਉਂਦਾ ਹੈ, ਸੋ ਪਤੀ ਪਰਮੇਸ਼ਰ ਤੇ ਇਸਤ੍ਰੀ ਜਗਯਾਸੂ ਤੇ ਮੇਲਣ ਵਾਲੇ ਮਿਤ੍ ਵਿਚੋਲੇ, ਤ੍ਰੈਏ ਸਿੱਧੇ ਪਰਸਪਰ ਸੰਬੰਧ ਤੇ ਮੇਲ ਰਖਦੇ ਹਨ। ਬਾਕੀ ਜੋ ਹਨ ਕਿਸੇ ਤ੍ਰੀਕੇ ਵਿੰਗ, ਇਸ਼ਾਰੇ ਯਾ ਆਸਰੇ ਸੇਤੀ ਕੁਛ ਸਹਾਇਕ ਹੁੰਦੇ ਹਨ,, ਇਸ ਕਰਕੇ ਉਨ੍ਹਾਂ ਦੀ ਥਾਂ ਹੇਠਾਂ ਹੈ।

## ੧੨. (ਉਚ ਆਦਰ ਯੋਗ ਨਹੀਂ)।

੧. ਮਥੈ ਤਿਵੜੀ ਬਾਮਣੈ ਸਉਹੇ ਆਏ ਮਸਲਤਿ ਫੇਰੀ।
੨. ਸਿਰੁ ਉਚਾ ਅਹੰਕਾਰ ਕਰਿ ਵਲ ਦੇ ਪਗ ਵਲਾਏ ਡੇਰੀ।
੩. ਅਖੀਂ ਮੂਲਿ ਨ ਪੂਜੀਅਨਿ ਕਰਿ ਕਰਿ ਵੇਖਨਿ ਮੇਰੀ ਤੇਰੀ।
੪. ਨਕੁ ਨ ਕੋਹੀ ਪੂਜਦਾ ਖਾਇ ਮਰੋੜੀ ਮਣੀ ਘਨੇਰੀ।
੫. ਉਚੇ ਕੰਨ ਨ ਪੂਜੀਅਨਿ ਉਸਤਤਿ ਨਿੰਦਾ ਭਲੀ ਭਲੇਰੀ।
੬. ਬੋਲਹੁ ਜੀਭ ਨ ਪੂਜੀਐ ਰਸ ਕਸ ਬਹੁ ਚਖੀ ਦੰਦ ਘੇਰੀ।
੭. ਨੀਵੇ ਚਰਣ ਪੂਜ ਹਥ ਕੇਰੀ॥੧੨॥

**ਪਦਾਰਥ**-(ਤਿਵੜੀ=ਤਿੰਨ ਵੱਟ। ਸਉਹੇ=ਸਾਮ੍ਹਣੇ। ਮਸਲਤਿ ਫੇਰੀ=ਸਲਾਹ ਬਦਲਨੀ, (ਕੰਮ ਦਾ ਵਿਗੜਨਾ। ਡੇਰੀ=ਵਿੰਗੀ। ਮੇਰੀ ਤੇਰੀ=ਮੇਰ ਤੇਰ। ਮਣੀ=ਮਣੋਂਤ। (ਭਲੀ ਭਲੇਰੀ=ਭਲੀ ਬੁਰੀ। ਕੇਰੀ=ਕਰਕੇ। ਨਾਲ।

**ਅਰਥ**-੧.ਮੱਥੇ ਤੇ ਤ੍ਰਿਊੜੀ ਵਾਲਾ ਬ੍ਰਾਹਮਣ ਜੇ ਸਾਹਮਣਿਓਂ ਮਿਲ ਪਵੇ (ਤਦ ਲੋਕ) ਸਲਾਹ ਫੇਰ ਲੈਂਦੇ ਹਨ (ਭਾਵ ਤੁਰਣ ਤੋਂ ਹਟ ਜਾਂਦੇ ਹਨ ਕਿ ਇਹ ਅਪਸ਼ਗਨ ਹੈ। ਸੋ ਮੱਥਾ ਪੂਜਿਆ ਨਹੀਂ ਜਾਂਦਾ)। ੨.(ਸਿਰ) ਹੰਕਾਰੁ ਕਰਕੇ ਉੱਚਾ ਹੈ (ਰੱਸੇ ਵਾਙੂੰ) ਵੱਟ ਚਾੜ੍ਹਕੇ ਵਿੰਗੀ ਪੱਗ ਬੰਨ੍ਹਦਾ ਹੈ (ਤਾਂਤੇ ਨਹੀਂ ਪੂਜੀਦਾ)। ੩.ਅੱਖਾਂ ਮੂਲ ਨਹੀਂ ਪੂਜੀਦੀਆਂ ਕਿਉਂ ਜੋ ਉਹ ਮੇਰੀ ਤੇਰੀ (ਦ੍ਵੈਤ ਨਾਲ)

ਵੇਖਦੀਆਂ ਹਨ। ੪.ਨੱਕ ਨੂੰ ਭੀ ਕੋਈ ਨਹੀਂ ਪੂਜਦਾ (ਆਪ ਥੋਂ ਨੀਵੇਂ ਨੂੰ ਵੇਖਕੇ) ਮਰੋੜੀ ਚਾੜਦਾ ਹੈ (ਉਸ ਵਿਚ ਮੈਂ ਦੀ) ਮਣੀ ਘਣੀ ਵੜੀ ਹੋਈ ਏ। ੫.ਉੱਚੇ ਕੰਨ (ਭੀ) ਨਹੀਂ ਪੂਜੀਦੇ (ਕਿਉਂਕਿ ਲੋਕਾਂ ਦੀ) ਉਸਤਤ ਨਿੰਦਾ ਭਲੀ ਬੁਰੀ ਸੁਣਦੇ ਰਹਿੰਦੇ ਹਨ। ੬.ਜੀਭ (ਇਸ ਲਈ) ਨਹੀਂ ਪੂਜੀਦੀ ਕਿ (ਇਕ ਤਾਂ) ਬਾਹਲਾ ਬੜ ਬੜ ਕਰਦੀ ਹੈ, ਦੂਜੇ ਬਾਹਲੇ ਰਸਾਂ ਕਸਾਂ ਦੇ ਸੁਾਦ ਲੈਣ ਲਈ ਦੰਦਾਂ ਵਿਚ ਘੇਰੀ ਰਹਿੰਦੀ ਹੈ। ੭.ਚਰਨ ਨੀਵੇਂ ਹਨ, (ਇਸ ਲਈ) ਹੱਥਾਂ ਨਾਲ ਪੂਜੀਦੇ ਹਨ।

**ਭਾਵ**-ਉਚੇ ਹੋਣ ਤੇ ਆਦਰ ਯੋਗ ਨਹੀਂ ਹੋਈਦਾ, ਕਿਉਂਕਿ ਉੱਚੇ ਹੋਇਆਂ ਹੰਕਾਰ, ਦ੍ਵੈਤ, ਘ੍ਰਿਣਾ, ਉਸਤਤ, ਨਿੰਦਾ, ਬਕਵਾਸ, ਸੁਆਦ, ਕੁਸੰਗ ਆਦਿ ਦੂਸ਼ਣ ਪੈ ਜਾਂਦੇ ਹਨ! ਨਿੰਮ੍ਰਤਾ ਧਾਰਨ ਨਾਲ ਪਰਉਪਕਾਰ ਵਲ ਤੁਰਨਾ ਤੇ ਸਤਿਸੰਗ ਵਿਚ ਚਲ ਚਲ ਜਾਣਾ ਆਦਿ ਗੁਣ ਆ ਜਾਂਦੇ ਹਨ! ਇਸ ਕਰਕੇ ਨੀਚ ਜਾਤੀ ਭਗਤ ਸਤਿਕਾਰ ਯੋਗ ਹਨ, ਪਰ ਉੱਚ ਕੁਲ ਬ੍ਰਾਹਮਣ ਆਦਰ ਯੋਗ ਨਹੀਂ, ਐਥੋਂ ਤਕ ਕਿ ਬ੍ਰਾਮਣਾਂ ਦੇ ਆਪਣੇ ਉਪਾਸ਼ਕਾਂ ਦੇ ਜਦ ਕੰਮ ਕਰਨ ਚੱਲਿਆਂ ਓਹ ਮੱਥੇ ਲੱਗ ਪੈਣ ਤਾਂ ਪਿੱਛੇ ਮੁੜ ਜਾਂਦੇ ਹਨ। ਤਾਂਤੇ ਉਚਿਤਾ ਆਦਰ ਯੋਗ ਨਹੀਂ ਨਿੰਮ੍ਰਤਾ ਆਦਰ ਯੋਗ ਹੈ।

## ੧੩. (ਬੱਕਰੀ ਦੇ ਅਲੰਕਾਰ ਤੋਂ ਉਪਦੇਸ਼);

੧. ਹਸਤਿ ਅਖਾਜੁ ਗੁਮਾਨ ਕਰਿ ਸੀਹੁ ਸਤਾਣਾ ਕੋਈ ਨ ਖਾਈ।
੨. ਹੋਇ ਨਿਮਾਣੀ ਬਕਰੀ ਦੀਨ ਦੁਨੀ ਵਡਿਆਈ ਪਾਈ।
੩. ਮਰਣੈ ਪਰਣੈ ਮੰਨੀਐ ਜਗਿ ਭੋਗਿ ਪਰਵਾਣੁ ਕਰਾਈ।
੪. ਮਾਸੁ ਪਵਿਤ ਗ੍ਰਿਹਸਤ ਨੋ ਆਂਦਹੁ ਤਾਰ ਵੀਚਾਰਿ ਵਜਾਈ।
੫. ਚਮੜੇ ਦੀਆਂ ਕਰਿ ਜੁਤੀਆਂ ਸਾਧੂ ਚਰਣ ਸਰਣਿ ਲਿਵਲਾਈ।
੬. ਤੂਰ ਪਖਾਵਜ ਮੜੀਦੇ ਕਰੀਤਨੁ ਸਾਧ ਸੰਗਤਿ ਸੁਖਦਾਈ।
੭. ਸਾਧ ਸੰਗਤਿ ਸਤਿਗੁਰ ਸਰਣਾਈ॥੧੩॥

**ਪਦਾਰਥ**-(ਹਸਤਿ=ਹਾਥੀ। ਅਖਾਜੁ=ਅਪਵਿੱਤ੍ਰ। ਸੀਹੁ ਸਤਾਣਾ=ਬਲੀ ਸ਼ੇਰ।
(ਨਿਮਾਣੀ=ਨਿਰਮਾਣ। ਪਰਣੈ=ਵਿਆਹ। ਆਂਦੁਹ=ਆਂਦਰਾਂ ਤੋਂ।
(ਤੂਰ=ਮ੍ਰਿਦੰਗ। ਤਾਰ=ਤਾਰਾਂ।

**ਅਰਥ**-੧.ਹਾਥੀ (ਦਾ ਮਾਸ) ਅਪਵਿੱਤ੍ਰ ਹੈ (ਇਸ ਲਈ ਕਿ ਇਸ ਵਿਖੇ) ਗੁਮਾਨ ਵੱਡਾ ਹੈ, ਸ਼ੇਰ ਨੂੰ ਆਪਣੇ ਤਾਣ (ਦਾ ਗੁਮਾਨ ਹੈ, ਇਸ ਲਈ ਉਸਨੂੰ ਬੀ) ਕੋਈ ਨਹੀਂ ਖਾਂਦਾ! ੨.ਬੱਕਰੀ ਨਿਰਮਾਣ ਹੈ ਇਸ ਲਈ ਦੋਹਾਂ ਲੋਕਾਂ ਵਿਖੇ ਇਸ ਦੀ ਸ਼ੋਭਾ ਹੈ। ੩.ਮਰਣੇ ਤੇ ਪਰਣੇ ਵਿਖੇ ਮੰਨੀ ਦੀ ਹੈ, ਜੱਗ ਅਰ ਵਡੇ ਖਾਣਿਆਂ ਵਿਖੇ ਪ੍ਰਮਾਣੀਕ ਹੈ, ੪.ਗ੍ਰਿਹਸਤੀ ਵਾਸਤੇ ਇਸ ਦਾ ਮਾਸ ਪਵਿਤ੍ਰ (ਮੰਨਿਆ) ਹੈ; ਆਂਦਰਾਂ ਤੋਂ ਤਾਰ (ਤੰਦੀ ਬਣਦੀ ਹੈ ਜੋ) ਵੀਚਾਰਵਾਨ (ਸਾਧੂ ਬੀ) ਵਜਦੀ (ਸੁਣਕ ਮਗਨ ਹੁੰਦੇ ਹਨ)। ੫.(ਇਸਦੇ) ਚਮੜੇ ਦੀਆਂ(ਨਰਮ) ਜੁਤੀਆਂ (ਬਣਦੀਆਂ ਹਨ) ਸਾਧੂ ਸ਼ਰਣ ਵਿਚ ਲਿਵ ਲਾਉਣ ਵਾਲੇ ਚਰਨੀ(ਪਹਿਨਦੇ ਹਨ)। ੬.(ਫੇਰ ਇਸ ਦੇ ਚਮੜੇ ਨਾਲ) ਮ੍ਰਿਦੰਗ ਤੇ ਜੋੜੀਆਂ ਮੜ੍ਹੀਆਂ ਜਾਂਦੀਆਂ ਹਨ, ਸਾਧ ਸੰਗਤਿ ਵਿਖੇ ਕੀਰਤਨ (ਤੇ ਸ਼ਬਦਾਂ ਦੀ ਵਰਖਾ ਵਿਚ ਇਹ) ਸੁਖ-ਦਾਇਕ ਹੁੰਦੇ ਹਨ। ੭.ਸਤਿਸੰਗ ਦੀ ਸ਼ਰਨ (ਆਉਣਾ) ਸਤਿਗੁਰ ਦੀ ਸ਼ਰਨ (ਆਉਣਾ ਹੈ)।

**ਭਾਵ**-ਇਹ ਦ੍ਰਿਸ਼ਟਾਂਤ ਅਲੰਕਾਰ ਹੈ। ਆਪਣੀ ਵਿਦਯਾ ਤੋਂ ਨਾਵਾਕਫ਼ ਇਸਨੂੰ ਨਜਾਯ ਦੀ ਯੁਕਤੀ ਸਮਝਕੇ ਭੁਲੇਖਾ ਨਾ ਖਾਣ। ਬੱਕਰੀ ਦਾ ਮਰਨਾ ਪਰਉਪਕਾਰ ਖਾਤਰ ਦੁਖ ਸਹਿਣ ਦਾ ਅਲੰਕਾਰ ਹੈ। ਹਾਥੀ ਸ਼ੇਰ ਦਾ ਬਚ ਰਹਿਣਾ ਤੇ ਬੱਕਰੀ ਦਾ ਮਰ ਜਾਣਾ ਮਤਲਬ ਨਹੀਂ, ਤੇ ਨਾਂ ਹੀ ਮਾਸ ਖਾਣਾ ਕੇਹੜਾ ਵਿਹਤ ਹੈ? ਇਸ ਵਿਸ਼ੇ ਉਤੇ ਚਰਚਾ ਹੈ।

## ੧੪. (ਮਾਣਸ ਦੇਹੀ)।

੧. ਸਭ ਸਰੀਰ ਅਕਾਰਥੇ ਅਤਿ ਅਪਵਿੱਤ੍ਰ ਸੁ ਮਾਣਸ ਦੇਹੀ।
੨. ਬਹੁ ਬਿੰਜਨ ਮਿਸਟਾਨ ਪਾਨ ਹੁਇ ਮਲ ਮੂਤ੍ਰ ਕਸੂਤ੍ਰ ਇਵੇਹੀ।
੩. ਪਾਟ ਪਟੰਬਰ ਵਿਗੜਦੇ ਪਾਨ ਕਪੂਰ ਕੁਸੰਗ ਸਨੇਹੀ।
੪. ਚੋਆ ਚੰਦਨੁ ਅਰਗਜਾ ਹੁਇ ਦੁਰਗੰਧ ਸੁਗੰਧ ਹੁਰੇਹੀ।
੫. ਰਾਜੇ ਰਾਜ ਕਮਾਵਦੇ ਪਾਤਿਸਾਹ ਖਹਿ ਮੁਏ ਸਭੇਹੀ।
੬. ਸਾਧ ਸੰਗਤਿ ਗੁਰੁ ਸਰਣਿ ਵਿਣੁ ਨਿਹਫਲੁ ਮਾਣਸ ਦੇਹ ਇਵੇਹੀ।
੭. ਚਰਣ ਸਰਨਿ ਮਸਕੀਨੀ ਜੇਹੀ॥੧੪॥

**ਪਦਾਰਥ**-(ਅਕਾਰਥੇ=ਅਪਵਿੱਤ੍ਰ। ਬਿੰਜਨ=ਭੋਜਨ। ਮਿਸਟਾਨ=ਮਿੱਠੇ ਭੋਜਨ। ਕਸੂਤ੍ਰ=ਭੈੜੇ। (ਕੁਸੰਗ ਸਨੇਹੀ=ਖੋਟੀ ਸੰਗਤ। ਹੁਰੇਹੀ=ਹੋਰ ਬੀ। ਖਹਿ ਮੁਏ=ਲੜ ਮੋਏ।

**ਅਰਥ**-੧.ਸਾਰੇ ਸਰੀਰ ਅਕਾਰਥੇ ਹਨ; ਵਡੀ ਅਪਵਿੱਤ੍ਰ (ਇਕ) ਮਨੁੱਖਾ ਦੇਹ ਹੈ। (ਪਰੰਤੂ ਇਸ ਵਿਚ) ੨.ਬਹੁਤੇ ਭੋਜਨ ਤੇ ਮਿੱਠੇ ਸ਼ਰਬਤ, ਮਲ ਮੂਤ੍ਰ ਹੋਕੇ ਐਵੇਂ ਹੀ ਕਸੂਤ ਹੋ ਜਾਂਦੇ ਹਨ। ੩.ਪੱਟ ਦੇ ਕਪੜੇ (ਪਹਿਰਣ ਨਾਲ) ਮੈਲੇ ਹੋ ਜਾਂਦੇ ਹਨ, ਪਾਨਾਂ ਦੇ ਬੀੜੇ, (ਦੇਹ ਦੇ) ਕੁਸੰਗ ਨਾਲ ਮਿਲਕੇ ਕਰੂਪ ਹੋ ਜਾਂਦੇ ਹਨ। ੪.ਚੋਆ, ਚੰਦਨ, ਅਰਗਜਾ ਤੇ ਹੋਰ ਸੁਗੰਧੀਆਂ ਬੀ ਦੁਰਗੰਧ ਹੁੰਦੀਆਂ ਹਨ। ੫.ਰਾਜੇ ਰਾਜ ਕਰਦੇ ਹੋਏ, ਪਾਤਸ਼ਾਹ ਸਾਰੇ ਹੀ (ਹਉਮੈ ਨਾਲ) ਆਪੋ ਵਿਚ ਖਹਿ ਖਹਿ ਕੇ ਮਰਦੇ ਹਨ। ੬.ਸਾਧ ਸੰਗਤ ਅਰ ਗੁਰੂ ਦੇ ਸ਼ਬਦ ਥੋਂ ਬਿਨਾਂ ਮਨੁੱਖਾ ਦੇਹ ਐਂਵੇ ਹੀ ਨਿਹਫਲ ਹੈ। ੭.(ਪਰ) ਚਰਣਾਂ ਦੀ ਸ਼ਰਣ ਲੈਕੇ (ਜਿਨ੍ਹਾਂ) ਗਰੀਬੀ (ਫੜੀ ਹੈ, ਉਨ੍ਹਾਂ) ਜਿਹੀ (ਸਫਲਤਾ ਕਿਸੇ ਦੀ ਨਹੀਂ)।

**ਭਾਵ**-ਮਨੁੱਖਾ ਦੇਹ ਬੁੱਧੀ ਹੋਣ ਕਰਕੇ ਸਭ ਦੇਹਾਂ ਤੋਂ ਉੱਚੀ ਹੈ, ਪਰ ਤਾਂ ਜੇ ਇਸ ਵਿਚ ਗ਼ਰੀਬੀ ਧਾਰਕੇ ਸਤਿਸੰਗ ਤੇ ਸ਼ਬਦ ਦੀ ਕਮਾਈ ਕੀਤੀ ਜਾਵੇ, ਨਹੀਂ ਤਾਂ ਇਹ ਪਸ਼ੂਆਂ ਤੋਂ ਚੰਗੀ ਕੀ ਹੋਣੀ ਹੈ? ਖਾਣ, ਪਹਿਨਣ, ਸੁਗੰਧ ਆਦਿ ਪਦਾਰਥਾਂ ਨੂੰ ਅਪਵਿੱਤ੍ਰ ਕਰਨੇ ਵਾਲੀ ਪਸ਼ੂ ਜੂਨੀ ਹੈ। ਕਿਉਂਕਿ ਜੇ ਪਰਮਾਰਥ ਨਹੀਂ ਲੱਭਿਆ ਤਦ ਖਾਣ ਪਾਣ ਆਦਿ ਸਾਰੇ ਕਾਰਜ ਪਸ਼ੂਆਂ ਤੁੱਲ ਹਨ। ਵਡਿਆਈ ਕੀ ਹੈ?

## ੧੫. (ਭਗਤਾਂ ਦੇ ਨਾਮ)।

੧. ਗੁਰਮੁਖਿ ਸੁਖ ਫਲੁ ਪਾਇਆ ਸਾਧ ਸੰਗਤਿ ਗੁਰਸਰਣਾਈ ਆਏ।
੨. ਧ੍ਰੂ ਪ੍ਰਹਿਲਾਦੁ ਵਖਾਣੀਅਨਿ ਅੰਬਰੀਕੁ ਬਲਿ ਭਗਤਿ ਸਬਾਏ।
੩. ਸੈਨਕਾਦਿਕ ਜੈਦੇਉ ਜਗਿ ਬਾਲਮੀਕੁ ਸਤਿਸੰਗ ਤਰਾਏ।
੪. ਬੇਣਿ ਤਿਲੋਚਨੁ ਨਾਮਦੇਉ ਧੰਨਾ ਸਧਨਾ ਭਗਤ ਸਦਾਏ।
੫. ਭਗਤੁ ਕਬੀਰੁ ਵਖਾਣੀਐ ਜਨ ਰਵਿਦਾਸੁ ਬਿਦਰ ਗੁਰੁ ਭਾਏ।
੬. ਜਾਤਿ ਅਜਾਤਿ ਸਨਾਤਿ ਵਿਚਿ ਗੁਰਮੁਖਿ ਚਰਨ ਕਵਲ ਚਿਤੁ ਲਾਏ।
੭. ਹਉਮੈ ਮਾਰੀ ਪ੍ਰਗਟੀ ਆਏ ॥੧੫॥

**ਪਦਾਰਥ**-(ਬਲਿ=ਖਲ ਰਾਜਾ। ਗੁਰੁ ਭਾਏ=ਗੁਰ ਅਨੁਸਾਰ। ਸਨਾਤਿ=ਨੀਚ। (ਪ੍ਰਗਟੀ ਆਏ=ਉਜਾਗਰ ਹੋਏ।

**ਅਰਥ**-(ਭਗਤ ਜਿਹੜੇ ਗ੍ਰੰਥਾਂ ਵਿਖੇ ਪਰਗਟ ਹਨ ਯਾ ਲੋਕ ਪ੍ਰਸਿੱਧ ਹਨ ਉਹਨਾਂ ਦੇ ਨਾਮ ਸੰਖੇਪ

ਨਾਲ ਲਿਖਦੇ ਹਨ)।੧.ਗੁਰਮੁਖਾਂ ਨੇ ਸੁਖ ਫਲ ਪਲ ਲੀਤਾ ਹੈ,ਜਿਹੜੇ ਸਾਧ ਸੰਗਤ(ਨਾਲ ਮਿਲਕੇ) ਸ੍ਰੀ ਗੁਰੂ ਜੀ ਦੀ ਸ਼ਰਣੀਂ ਆਏ ਹਨ( ਸੋ ਹੇਠਲੀਆਂ ਚਾਰ ਤੁਕਾਂ ਵਿਖੇ ਦੱਸਦੇ ਹਨ)। ੨.ਧ੍ਰੂ, ਪ੍ਰਹਿਲਾਦ, ਅੰਬਰੀਕ, ਬਲ, ਸਾਰੇ ਭਗਤ ਕਹੀਦੇ ਹਨ। ੩.ਸਨਕਾਦਿਕ, ਜੈਦੇਵ, ਬਾਲਮੀਕ, ਜਗ ਵਿਚ ਸਤਸੰਗਤਿ ਨੇ ਤਾਰੇ। ੪.ਬੇਣੀ, ਤ੍ਰਿਲੋਚਨ, ਨਾਮਦੇਉ, ਧੰਨਾ, ਸਧਨਾ ਭਗਤ ਸਦਾਏ। ੫.ਕਬੀਰ ਭਗਤ ਕਹੀਦਾ ਹੈ, ਜਨ ਰਵਿਦਾਸ, ਬਿਦਰ ਗੁਰੂ ਨੂੰ ਭਾਏ, ੬.(ਇਨ੍ਹਾਂ ਵਿਚੋਂ) ਕਈ ਨੀਵੀਂ ਜਾਤ ਵਾਲੇ, ਕਈ ਚਮਾਰ (ਆਦਿ) ਹਨ, ਪਰੰਤੂ (ਉਨ੍ਹਾਂ ਨੇ) ਗੁਰਮੁਖਾਂ ਦੇ ਚਰਣ ਕਵਲਾਂ ਵਿਖੇ ਚਿੱਤ ਲਾਇਆ, ੭.ਹਉਮੈ ਮਾਰੀ ਗਈ ਤੇ ਪ੍ਰਗਟ ਹੋ ਗਏ।

**ਭਾਵ**-ਭਗਤਾਂ ਦੇ ਨਾਮ ਗਿਣੇ ਹਨ, ਜਿਨ੍ਹਾਂ ਨੇ ਹਉਮੈ ਰੋਗ ਤੋਂ ਛੁੱਟਕੇ ਸੁਖ ਪਾਯਾ। ਇਹ ਪ੍ਰਤੱਖ ਦ੍ਰਿਸ਼ਟਾਂਤ ਲਈ ਵਰਣਨ ਕੀਤੇ ਹਨ।

## ੧੬. (ਹਿੰਦੂ ਮੁਸਲਮਾਨਾਂ ਦੀ ਫਕੜ)।

੧. ਲੋਕ ਵੇਦ ਸੁਣਿ ਆਖਦਾ ਸੁਣਿ ਗਿਆਨੀ ਗਿਆਨੁ ਵਖਾਣੈ।
੨. ਸੁਰਗ ਲੋਕ ਸੁਣ ਮਾਤ ਲੋਕ ਸੁਣਿ ਸੁਣਿ ਸਾਤ ਪਤਾਲੁ ਨ ਜਾਣੈ।
੩. ਭੂਤ ਭਵਿਖ ਨ ਵਰਤਮਾਨ ਆਦਿ ਮਧਿ ਅੰਤ ਹੋਏ ਹੈਰਾਣੈ।
੪. ਉਤਮ ਮਧਮ ਨੀਚ ਹੋਇ ਸਮਝਿ ਨ ਸਕਨਿ ਚੋਜ ਵਿਡਾਣੈ।
੫. ਰਜ ਗੁਣ ਤਮ ਗੁਣ ਆਖੀਐ ਸਤਿ ਗੁਣ ਸੁਣ ਆਖਾਣ ਵਖਾਣੈ।
੬. ਮਨ ਬਚ ਕਰਮ ਸਿ ਭਰਮਦੇ ਸਾਧ ਸਗਤਿ ਸਤਿਗੁਰ ਨ ਸਿਞਾਣੈ।
੭. ਫਕੜੁ ਹਿੰਦੂ ਮੁਸਲਮਾਣੈ॥੧੬॥

**ਪਦਾਰਥ**-(ਚੋਜ ਵਿਡਾਣੈ=ਅਸਚਰਜ ਕੌਤਕ। ਫਕੜੁ=ਨਿੰਦਕ, ਵਿਅਰਥ।

**ਅਰਥ**-੧.(ਬੁਧੀਮਾਨ) ਲੋਕਾਂ ਤੋਂ ਸੁਣਕੇ ਵੇਦ ਆਖਦਾ ਹੈ, ਸੁਣ ਸੁਣ (ਕੇ ਹੀ) ਗਿਆਨੀ ਲੋਕ ਗਿਆਨ ਕਰਦੇ ਹਨ। ੨.ਸੁਰਗ ਦੇ ਲੋਕ ਸਣੇ ਮਾਤਲੋਕ ਦੇ ਸੱਤੇ ਪਤਾਲਾਂ ਦੇ ਲੋਕ ਬੀ ਸੁਣ ਸੁਣ ਕੇ (ਉਸਨੂੰ) ਜਾਣਦੇ ਨਹੀਂ। ੩.ਭੂਤ, ਭਵਿੱਖਤ ਅਤੇ ਵਰਤਮਾਨ ਵਿਖੇ ਆਦ ਮੱਧ ਅੰਤ ਤੀਕ ਹੈਰਾਨ ਹੋ ਰਹੇ ਹਨ। ੪.ਉਤਮ, ਮਧਮ ਅਤੇ ਨੀਚ ਹੋਕੇ (ਤਿਨ ਦਸ਼ਾ ਦੇ ਲੋਕ) ਉਸ ਪਰਮਾਤਮਾ ਦੇ ਅਚਰਜ ਕੌਤਕਾਂ ਨੂੰ ਸਾਰੇ ਸਮਝ ਨਹੀਂ ਸਕਦੇ। ੫.ਰਜੋ ਗੁਣੀ (ਰਾਜੇ), ਤਮੋਗੁਣੀ (ਦੈਂਤ ਦਾਨਵ) ਸਤੋ ਗੁਣੀ (ਦੇਵਤੇ) ਬੀ ਸੁਣ ਸੁਣਕੇ ਅਖਾਣਾਂ ਨੂੰ ਆਖਦੇ ਹਨ। ੬.ਮਨ ਬਾਣੀ ਅਰ ਸਰੀਰ ਕਰਕੇ ਭਰਮ ਰਹੇ ਹਨ, ਕਿਉਂ ਜੋ ਸਾਧ ਸੰਗਤ ਵਿਖੇ ਮਿਲਕੇ 'ਸਤਿਗੁਰੂ' (ਸ੍ਰੀ ਗੁਰੂ ਨਾਨਕ ਦੇਵ) ਨੂੰ ਨਹੀਂ ਪਛਾਣਦੇ; ੭.(ਏਸੇ ਕਰਕੇ) ਹਿੰਦੂ ਅਤੇ ਮੁਸਲਮਾਨ (ਦੋਵੇਂ ਹੀ) ਫੱਕੜ ਹਨ, (ਭਾਵ ਨਿੰਦਕ ਅਤੇ ਵਯਰਥ ਹਨ)।

**ਭਾਵ**-ਸੁਣ ਸੁਣਕੇ ਗੱਪਾਂ ਮਾਰ ਰਹੇ ਹਨ। ਸ਼ਰਨ ਗੁਰੂ ਦੀ ਪੈ ਕੇ ਹਉਮੈ ਕਿਸੇ ਨਹੀਂ ਮਾਰੀ। ਵਿਅਰਥ ਹੰਕਾਰ ਕਰ ਰਹੇ ਹਨ। ਹਮ ਹਿੰਦੂ ਹੈਂ, ਹਮ ਮੁਸਲਮਾਨ ਹੈਂ। ਇਸ ਕਰਕੇ ਸਭ ਫੱਕੜ ਹਨ। ਕਰਣੀ ਪਰਵਾਨ ਹੈ, ਸੋ ਨਹੀਂ ਕਰਦੇ। ਸ੍ਰੇਸ਼ਟ ਕਰਨੀ ਸਾਧ ਸੰਗ, ਗੁਰ ਸ਼ਰਨ, ਗੁਰ ਸ਼ਬਦ ਕਮਾਈ ਹੈ, ਜੋ ਕਰ ਰਹੇ ਹਨ ਸੋ ਸਫਲ, ਜੋ ਨਹੀਂ ਕਰਦੇ ਅਫਲ ਮਨੁਖਾ ਦੇਹੀ ਖੋ ਰਹੇ ਹਨ। ਯਥਾ-'**ਜਗੁ ਕਊਆ ਮੁਖਿ ਚੁੰਚ ਗਿਆਨ॥**" (ਬਿਲਾ:ਮ:੩:ਅਸ਼ਟ-੧)

## ੧੭, (ਜੁੱਗਾਂ ਦੇ ਧਰਮ)।

੧. ਸਤਿਜੁਗਿ ਇਕੁ ਵਿਗਾੜਦਾ ਤਿਸੁ ਪਿਛੈ ਫੜਿ ਦੇਸੁ ਪੀੜਾਏ।

੨. ਤ੍ਰੇਤੈ ਨਗਰੀ ਵਗਲੀਐ ਦੁਆਪੁਰਿ ਵੰਸੁ ਨਰਕਿ ਸਹਮਾਏ।
੩. ਜੋ ਫੇੜੈ ਸੋ ਫੜੀਦਾ ਕਲਿਜੁਗਿ ਸਚਾ ਨਿਆਉ ਕਰਾਏ।
੪. ਸਤਿਜੁਗ ਸਤੁ ਤ੍ਰੇਤੈ ਜੁਗਾ ਦੁਆਪਰਿ ਪੂਜਾ ਚਾਰਿ ਦਿੜਾਏ।
੫. ਕਲਿਜੁਗਿ ਨਾਉ ਅਰਾਧਣਾ ਹੋਰ ਕਰਮ ਕਰਿ ਮੁਕਤਿ ਨ ਪਾਏ।
੬. ਜੁਗਿ ਜੁਗਿ ਲੁਣੀਐ ਬੀਜਿਆ ਪਾਪੁ ਪੁੰਨੁ ਕਰਿ ਦੁਖ ਸੁਖ ਪਾਏ।
੭. ਕਲਿਜੁਗਿ ਚਿਤਵੈ ਪੁੰਨ ਫਲੁ ਪਾਪਹੁ ਲੇਪੁ ਅਧਰਮੁ ਕਮਾਏ।
੮. ਗੁਰਮੁਖਿ ਸੁਖ ਫਲੁ ਆਪੁ ਗਵਾਏ ॥੧੭॥

**ਪਦਾਰਥ**-ਵਿਗਾੜਦਾ=ਪਾਪ ਕਰਦਾ। ਪੀੜਾਏ=ਪੀੜੀਦਾ ਸੀ।
(ਵਗਲੀਐ=ਘੇਰੀਦਾ ਸੀ। ਲੁਣੀਐ=ਕੱਟੀਦਾ ਹੈ।

**ਅਰਥ**-੧.ਸਤਿਜੁਗ ਵਿਚ ਇਕ ਜਣਾ ਪਾਪ ਕਰਦਾ ਸੀ, ਉਸ ਦੀ ਹੁੰਦੀ ਸਾਰਾ ਦੇਸ਼ ਪੀੜੀਦਾ ਸੀ। ੨.ਤ੍ਰੇਤੈ ਵਿਖੇ ਸਾਰੀ ਨਗਰੀ ਫੜੀਦੀ ਸੀ, ਦੁਆਪਰ ਵਿਖੇ ਸਾਰੀ ਵੰਸ਼ ਨਰਕ (ਕੈਦ ਵਿਚ) ਜਾਂਦੀ ਸੀ। ੩.ਕਲਜੁਗ ਵਿਖੇ ਜੋ ਪਾਪ ਕਰੇ, ਫੜੀਦਾ ਹੈ, (ਇਸੇ ਕਰਕੇ) ਸੱਚਾ ਨਿਆਉਂ ਕੀਤਾ ਜਾਂਦਾ ਹੈ। (**"ਸਤਜੁਗੁ ਤ੍ਰੇਤਾ ਦੁਆਪੁਰ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥ ਅਹਿਕਰੁ ਕਰੇ ਸੁ ਅਹਿਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥"**) (ਆਸਾ:ਮ:੫) ੪.ਸਤਜੁਗ ਵਿਖੇ ਸਤਿ ਬੋਲਣ ਨਾਲ, ਤ੍ਰੇਤੇ ਵਿਖੇ ਜੱਗਾਂ ਕਰਨ ਨਾਲ, ਦ੍ਵਾਪਰ ਵਿਖੇ ਪੂਜਾ ਦੇ ਕਰਤਬਾਂ ਦੀ ਦ੍ਰਿੜਤਾ ਕਰਾਂਦੇ ਸੀ। (**"ਸਤਿਜੁਗ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ॥"**(ਗਉ:ਰਵਿ-੧) ਪੁਨਾ:-"**....ਕਲਿ ਕੇਵਲ ਨਾਮ ਅਧਾਰ॥"**) (ਗਉ:ਰਵਿ) ੫.ਕਲਿਜੁਗ ਵਿਖੇ ਇਕ ਨਾਮ ਦੀ ਅਰਾਧਣਾਂ (ਮੁੱਖ ਕਰਮ ਹੈ) ਹੋਰ ਕਰਮਾਂ (ਧਰਮਾਂ) ਕਰਕੇ ਮੁਕਤੀ ਨਹੀਂ ਮਿਲਦੀ।੬.(ਜੁਗਾਂ ਜੁਗਾਂ ਵਿਖੇ ਜਿਹਾ ਕੋਈ ਪਾਪ ਪੁੰਨ ਬੀਜਦਾ (ਉਸ ਦਾ ਫਲ) ਦੁਖ ਜਾਂ ਸੁਖ ਕਟਦਾ ਸੀ (ਪਰੰਤੂ ਕਲਿਜੁਗ ਦੀ ਇਕ ਹੋਰ ਗੱਲ ਵੱਡੀ ਚੰਗੀ ਹੈ) ੭.ਕਿ ਕਲਿਜੁਗ ਵਿਖੇ ਪੁੰਨ ਦੇ ਚਿਤਵਿਆਂ ਫਲ ਹੋ ਜਾਂਦਾ ਹੈ ਅਰ ਪਾਪ ਦਾ ਲੇਪ ਅਧਰਮ ਦੇ ਕਮਾਇਆਂ ਹੀ ਹੁੰਦਾ ਹੈ। ੮.(ਪਰ) ਸੁਖ ਰੂਪੀ ਫਲ ਆਪਾ ਭਾਵ ਗਵਾਕੇ ਗੁਰਮੁਖ (ਪਦ ਵਿਖੇ) ਹੈ।

**ਭਾਵ**-ਪਿਛਲੇ ਜੁਗਾਂ ਦਾ ਅਨਯਾਯ ਦੱਸਕੇ ਅੱਜ ਕੱਲ ਦਾ ਨਿਆਉਂ ਪ੍ਰਗਟ ਕਰਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਜੁਗਾਂ ਵਿਚ ਕਰੜੇ ਦੰਡਾਂ ਦੇ ਕਾਰਨ ਪਾਪ ਤਾਂ ਘੱਟ ਹੁੰਦਾ ਸੀ, ਪਰ ਅਨਯਾਯ ਅਤਿ ਸੀ। ਹੁਣ ਨਯਾਯ ਵਧੀਕ ਹੈ, ਪਰ ਨਯਾਯ ਦੀ ਖੋਜ ਵਿਚ ਅਰ ਬੇਗੁਨਾਹ ਦੀ ਰੱਖਯਾ ਦੇ ਯਤਨ ਵਿਚ ਕਈ ਵੇਰ ਪਾਪੀ ਛੁੱਟ ਜਾਂਦੇ ਹਨ ਅਰ ਪਾਪ ਵਧ ਜਾਂਦਾ ਹੈ, ਪਰ ਬੁਧੀ ਤੀਖਣ ਹੋ ਜਾਣ ਕਰਕੇ ਤਾਮਸੀ ਤਪਾਂ ਤੇ ਰਾਜਸੀ ਕਰਮਾਂ ਦੀ ਲੋੜ ਨਹੀਂ, ਕੇਵਲ ਮਾਨਸੀ ਧਰਮ "ਨਾਮ" ਜੋ ਪ੍ਰੇਮਾ ਭਗਤੀ ਦਾ ਪੁਸ਼ਪ ਹੈ ਸਦਗਤੀ ਕਰਾਉਣ ਲਈ ਸਮਰੱਥ ਹੈ।

## ੧੮. (ਧਰਮ ਧਉਲ ਦਾ ਅਲੰਕਾਰ)।

੧. ਸਤਜੁਗ ਦਾ ਅਨਿਆਉ ਵੇਖਿ ਧਉਲ ਧਰਮੁ ਹੋਆ ਉਡੀਣਾ।
੨. ਸੁਰਪਤਿ ਨਰਪਤਿ ਚਕ੍ਵੈ ਰਖਿ ਨ ਹੰਘਨਿ ਬਲ ਮਤਿ ਹੀਣਾ।
੩. ਤ੍ਰੇਤੇ ਖਿਸਿਆ ਪੈਰੁ ਇਕੁ ਹੋਮ ਜਗ ਜਗੁ ਥਾਪਿ ਪਤੀਣਾ।
੪. ਦੁਆਪੁਰਿ ਦੁਇ ਪਗ ਧਰਮ ਦੇ ਪੂਜਾ ਚਾਰ ਪਖੰਡੁ ਅਲੀਣਾ।
੫. ਕਲਿਜੁਗ ਰਹਿਆ ਪੈਰ ਇਕੁ ਹੋਇ ਨਿਮਾਣਾ ਧਰਮ ਅਧੀਣਾ।
੬. ਮਾਣੁ ਨਿਮਾਣੇ ਸਤਿਗੁਰੂ ਸਾਧ ਸੰਗਤਿ ਪਰਗਟ ਪਰਬੀਣਾ।
੭. ਗੁਰਮੁਖ ਧਰਮ ਸਪੂਰਣੁ ਰੀਣਾ ॥੧੮॥

**ਪਦਾਰਥ**-(ਧਉਲ=ਬੈਲ। ਉਡੀਣਾ=ਗ਼ਮਗੀਨ, ਉਦਾਸ। ਚਕ੍ਵੈ=ਚੱਕ੍ਰਵਰਤੀ।
(ਹੰਘਨਿ=ਸਕਨਾ। ਪਤੀਣਾ=ਪਤੀਜ ਗਏ। ਅਲੀਣਾ=ਮਸਤ ਹੋਣਾ।
(ਅਧੀਣਾ=ਗ਼ਰੀਬ,ਬੇਬਸ। ਪਰਬੀਣਾ=ਚਤੁਰ, ਸ਼ਿਰੋਮਣ।
(ਸਪੂਰਣੁ ਰੀਣਾ=ਨਿੰਮ੍ਰਤਾ ਜਰ ਅਥਵਾ ਰੇਣ ਕਰ ਪੂਰਾ ਕੀਤਾ।

**ਅਰਥ**-੧.ਸਤਿਜੁਗ ਵਿਖੇ (ਇਕ ਦੇ ਪਾਪ ਦੇ ਬਦਲੇ ਦੇਸ਼ ਨੂੰ ਪੀੜੀਦਾ) ਅਨਿਆਉ ਵੇਖਕੇ ਧਰਮ ਬੈਲ ਉਦਾਸੀਨ ਹੋ ਗਿਆ ੨.(ਅਜਿਹਾ ਕਿ) 'ਸੁਰਪਤ' (ਇੰਦ੍) ਤੇ ਚੱਕ੍ਰਵਰਤੀ ਰਾਜੇ ਬੀ ਸੰਭਾਲ ਨਾ ਸਕੇ, ਬਲ ਅਤੇ ਬੁਧੀ ਤੋਂ ਹੀਣਾ ਹੋ ਗਿਆ। ੩.ਤ੍ਰੇਤੇ ਜੁਗ ਵਿਖੇ ਧਰਮ ਬੈਲ ਦਾ ਇਕ ਪੈਰ ਖਿਸਕ ਗਿਆ, ਹੋਮ ਅਤੇ ਜੱਗਾਂ ਦਾ ਥਾਪ ਥਾਪਕੇ ਲੋਕ ਪਤੀਜ ਗਏ। ੪.ਦੁਆਪਰ ਵਿਖੇ ਧਰਮ ਦੇ ਦੋ ਪੈਰ (ਹੋਰ ਘਟ ਗਏ: ਲੋਕ) ਪੂਜਾਚਾਰਾਂ ਦੇ ਪਖੰਡਾਂ ਵਿਖੇ ਮਸਤ ਹੋ ਗਏ। ੫.ਕਲਜੁਗ ਵਿਖੇ ਇਕੋ ਪੈਰ ਰਹਿ ਗਿਆ, ਧਰਮ ਨਿਮਾਣਾ ਹੋਕੇ ਅਧੀਨ ਹੋ ਗਿਆ। ੬.ਨਿਮਾਣਿਆਂ ਨੂੰ ਮਾਣ ਦੇਣ ਹਾਰੇ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ) ਨੇ ਪਰਬੀਣ (ਤਤ ਮਿਥਯਾ ਤੇ ਨਯਾਯ ਜੀਵਨ ਵਾਲੀ ਰੀਤ) ਸਾਧ ਸੰਗਤ ਤੇ ਪ੍ਰਗਟ ਕੀਤੀ। ੭.ਧਰਮ (ਜੋ) ਕਿਣਕੇ ਕਿਣਕੇ ਹੁੰਦਾ ਜਾਂਦਾ ਸੀ (ਉਹ) ਗੁਰਮੁਖਾਂ ਦਵਾਰੇ "ਸੰਪੂਰਣ' (ਚਾਰ ਪੈਰਾਂ ਵਾਲਾ ਸਾਬਤ) ਕਰ ਦਿਤਾ।

**ਭਾਵ**-ਧਰਮ ਦੀ ਉਦਾਸੀ ਦੱਸਦੇ ਹਨ ਕਿ ਸਤਿਜੁਗ ਵਿਚ ਸੱਤ ਤਾਂ ਸੀ, ਪਰ ਇਸ ਭੈ ਕਰਕੇ ਸੀ ਕਿ ਦੇਸ਼ ਮਾਰਿਆ ਜਾਏਗਾ, ਸੋ ਇਹ ਅਨਯਾਯ ਸੀ। ਧਰਮ ਵਿਚ ਅਨਯਾਯ ਨਹੀਂ ਰਹਿ ਸਕਦਾ, ਸੋ ਉਹ ਧਰਮ ਉਦਾਸ ਅਰ ਲੰਙਾ ਹੋ ਗਿਆ। ਦੇਉਤੇ ਰਾਜੇ ਉਸ ਨੂੰ ਸਾਬਤ ਨਾ ਰਖ ਸਕੇ ਕਿਉਂਕਿ ਸਭ ਅਨਯਾਯ ਕਰਦੇ ਸੇ, ਫੇਰ ਤ੍ਰੇਤੇ ਵਿਚ ਧਰਮ ਨੂੰ ਸਾਬਤ ਕਰਨ ਦਾ ਇਲਾਜ ਹੋਮ ਜੱਗ ਬਣਾਇਆ। ਇਸ ਵਿਚ ਭਾਉ ਭਗਤੀ ਨਹੀਂ ਸੀ ਕੇਵਲ ਲੋਕਾਚਾਰ ਕਰਮ ਸੀ, ਅਰ ਹਿੰਸਾ ਤੇ ਹਉਮੈ ਹੋਰ ਵਧ ਗਈ, ਇਸ ਕਰਕੇ ਧਰਮ ਹੋਰ ਨਜੂਨ ਹੋ ਗਿਆ ਜਿਸ ਵਿਚ ਅਨਯਾਯ ਅੱਗੇ ਸੀ ਹੁਣ (ਨਰਮੇਧ ਆਦਿ) ਹਿੰਸਾ ਤੇ ਹਉਮੈ ਦੇ ਘਾਟੇ ਹੋਰ ਪੈ ਗਏ। ਦੁਆਪਰ ਵਿਚ ਪੱਥਰ ਪੂਜਾ ਜਾਰੀ ਹੋਈ। ਇਹ ਹੋਰ ਘਾਟਾ ਪਿਆ ਕਿ ਈਸ਼੍ਵਰ ਦਾ ਸ਼ਰੀਕਾ ਪੈਦਾ ਹੋਇਆ, ਇਸ ਪੂਜਾ ਵਿਚ ਪੁਜਾਰੀਆਂ ਨੇ ਪਖੰਡ ਰਲਾ ਦਿਤੇ, ਸੋ ਹੁਣ ਬੇਮੁਖਤਾ ਅਰ ਪਖੰਡ ਧਰਮ ਵਿਚ ਰਲ ਗਏ, ਧਰਮ ਦਾ ਇਕ ਪੈਰ ਹੋਰ ਟੁੱਟ ਗਿਆ। ਇਸ ਘਾਟੇ ਵਿਚ ਧਰਮ ਨਿਮਾਣਾ ਹੋ ਗਿਆ। ਤਦ ਗੁਰੂ ਨਾਨਕ ਜੀ ਨੇ ਪ੍ਰਗਟ ਹੋਕੇ ਚਾਰੇ ਪੈਰ ਪੂਰਣ ਕਰ ਦਿਤੇ ਅਰਥਾਤ "ਸਤਿ, ਸੰਤੋਖ, ਵੀਚਾਰ, ਨਾਮ" ਚਾਰੇ ਅੰਗ ਧਰਮ ਦੇ ਸਪੂਰਣ ਕਰ ਦਿਤੇ। ਸਤਿਜੁਗ ਦਾ ਅਨਯਾਯ ਹਟਾਕੇ ਨਿਰੋਲ ਸਤਿ ਰਖਿਆ, ਤ੍ਰੇਤੇ ਦੇ ਹੋਮ ਜਗ ਦੀਆਂ ਘਬਰਾਹਟਾਂ ਤੇ ਲੜਨ ਭਿੜਨ ਦੇ ਟੰਟੇ ਹਟਾਕੇ ਸੰਤੋਖੁ ਦਿਤਾ, ਦੁਆਪਰ ਦੇ ਪਖੰਡ ਦੂਰ ਕਰਣ ਲਈ ਵੀਚਾਰ, ਤੇ ਮੁਕਤੀ ਲਈ ਨਾਮ ਬਖਸ਼ਿਆ। ਤਾਤਪਰਜ ਇਹ ਕਿ ਸਿਖ ਵਿਚ ਚਾਰ ਗੁਣ ਹੋਣ ਤਦ ਉਹ ਧਰਮੀ ਸਿੱਖ ਹੈ। ਨਾਮ ਨਾਲ ਮੁਕਤ ਹੋਵੇਗਾ, ਵੀਚਾਰ ਨਾਲ ਪਖੰਡ ਤੋਂ ਬਚੇਗਾ, ਤੱਤ ਮਿਥਯਾ ਸਮਝੇਗਾ, ਸੰਤੋਖ ਨਾਲ ਅਹਿੱਲ ਰਹੇਗਾ, ਕਿਸੇ ਰਿਧੀ ਸਿੱਧੀ ਪ੍ਰੀਖਯਾ ਕਰ ਭਰਮੇਗਾ ਨਹੀਂ, ਭਰੋਸਾ ਸ਼ਰਧਾ ਅਟੱਲ ਰਹੇਗੀ, ਸੱਤ ਕਰਕੇ ਸੱਤ ਵਸਤੂ ਨੂੰ ਜਾਣ ਲਏਗਾ, ਅਰ ਜਨਮ ਮਰਣ ਤੋਂ ਛੁੱਟਕੇ ਸਤ ਸਰੂਪ ਵਿਚ ਸੱਤ ਰੂਪ ਹੋਕੇ 'ਸੇਵਕ ਥਿਰ ਹੋਸੀ' ਦੇ ਪਦ ਨੂੰ ਪਹੁੰਚੇਗਾ।

## ੧੯. (ਗੁਰਮੁਖਿ ਪੰਥ)।

੧. ਚਾਰਿ ਵਰਨਿ ਇਕ ਵਰਨਿ ਕਰਿ ਵਰਨ ਅਵਰਨ ਸਾਧ ਸੰਗੁ ਜਾਪੈ।
੨. ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਥਾਪੈ।
੩. ਬਾਰਹ ਪੰਥ ਮਿਟਾਇਕੈ ਗੁਰਮੁਖਿ ਪੰਥ ਵਡਾ ਪਰਤਾਪੈ।
੪. ਵੇਦ ਕਤੇਬਹੁ ਬਾਹਰਾ ਅਨਹਦ ਸਬਦੁ ਅਗੰਮ ਅਲਾਪੈ।


www.sikhbookclub.com

੫. ਪੈਰੀ ਪੈ ਪਾਖਾਕ ਹੋਇ ਗੁਰ ਸਿਖਾ ਰਹਿਰਾਸ ਪਛਾਪੈ।
੬. ਮਾਇਆ ਵਿਚਿ ਉਦਾਸੁ ਕਰਿ ਆਪੁ ਗਵਾਏ ਜਪੈ ਅਜਾਪੈ।
੭. ਲੰਘ ਨਿਕਥੈ ਵਰੈ ਸਰਾਪੈ ॥੧੯॥

**ਪਦਾਰਥ**-(ਅਵਰਨ=ਭੈੜਾ ਵਰਣ। ਅਲਾਪੈ=ਉਚਾਰਨ ਕਰਦੇ ਹਨ। ਪਛਾਪੈ=ਪਛਾਣੀਦੀ ਹੈ। (ਅਜਾਪੈ=ਅਕਾਲ, ਪੂਰਨ ਜੋ ਮਨ ਬਾਣੀ ਤੋਂ ਪਰੇ ਹੈ। ਨਿਕਥੈ=ਨਿਕਲ ਗਏ।

**ਅਰਥ**-੧.ਚਾਰ ਵਰਣ (ਖਤ੍ਰੀ, ਬ੍ਰਾਹਮਣ, ਸੂਦ, ਵੈਸ,) ਦਾ ਇਕ ਵਰਣ ਕਰਕੇ ਵਰਣ ਭਾਵੇ ਅਵੌਰਣ ਹੋਵੇ ਸਾਧ ਸੰਗਤ ਹੀ ਜਾਣੀਦੇ ਹਨ। ੨.ਛੀ ਰੁਤਾਂ (ਰੂਪੀ) ਛੀ ਦਰਸ਼ਨਾਂ ਵਿਖੇ ਗੁਰਮੁਖ ਦਰਸ਼ਨ (ਮਤ) ਸੂਰਜ ਵਾਂਙ ਸਥਾਪਨ ਹੋਇਆ। ੩.ਬਾਰਾਂ ਪੰਥ (ਜੋਗੀਆਂ ਦਾ ਝਗੜਾ) ਮਿਟਾਕੇ ਗੁਰਮੁਖ ਪੰਥ ਵਡੇ ਪ੍ਰਤਾਪ ਵਾਲਾ (ਬਣਾਇਆ ਹੈ)। ੪.ਇਹ ਪੰਥ ਵੇਦਾਂ ਕਤੇਬਾਂ ਥੋਂ ਬਾਹਰ ਹੈ, (ਕਿਉਂ ਜੋ) ਏਹ ਅਨਹਦ ਸ਼ਬਦ ਦਵਾਰਾ 'ਅਗੰਮ' (ਅਕਾਲ ਪੁਰਖ) ਦਾ ਹੀ ਉਚਾਰਨ ਕਰਦੇ ਹਨ। ੫.ਪੈਰੀਂ ਪੈਣਾ ਪੈਰਾਂ ਦੀ ਧੂੜੀ ਹੋਣਾ (ਇਹ) ਗੁਰ ਸਿਖਾਂ ਦੀ ਰਹੁ ਰੀਤਿ ਪਛਾਣੀਦੀ ਹੈ। ੬.ਮਾਯਾ ਦੇ ਵਿਚ ਹੀ ਉਦਾਸ ਰਹਿਕੇ ਆਪਾ ਭਾਵ ਹਟਾ ਅਜਪਾ ਜਾਪ ਦਵਾਰੇ ਜਾਪ ਕਰਦੇ ਹਨ। ੭.ਵਰ ਸਰਾਪ (ਸਿੱਧੀਆਂ ਆਦਿ) ਤੋਂ ਲੰਘਕੇ (ਗੁਰਮੁਖ ਪੰਥ ਹੈ)।

**ਭਾਵ**-ਜਾਪ ਤਿੰਨ ਪ੍ਰਕਾਰ ਦਾ ਹੁੰਦਾ ਹੈ-ਇਕ ਬੈਖਰੀ, ਉਹ ਹੈ ਜੋ ਦੂਜਾ ਸੁਣ ਸਕੇ, ਉਪਾਸੂ ਉਹ ਹੈ ਜੋ ਹੋਠ ਤੇ ਜੀਭ ਹਿੱਲੇ, ਪਰੰਤੂ ਆਪ ਹੀ ਸੁਣ ਸਕੇ, ਤੀਜਾ ਮਾਨਸਿਕ ਜਾਪ ਉਹ ਹੈ ਜੋ ਤੁਕਾਂ ਦਾ ਪਾਠ ਅਰ ਅਰਥ ਸਮਝਕੇ ਮਨ ਨਾਲ ਪੜ੍ਹੇ, ਇਹ ਪਾਠ ਪਹਿਲੇ ਦੋਹਾਂ ਨਾਲੋਂ ਸ਼੍ਰੇਸ਼ਟ ਹੈ, ਪਰੰਤੂ ਗੁਰ ਸ਼ਬਦਾਂ ਦਾ ਕੀਰਤਨ ਬੈਖਰੀ ਵਿਚ ਹੀ ਸ਼੍ਰੇਸ਼ਟ ਹੈ, ਜਿਹਾਕੂ ਸ੍ਰੀ ਦਰਬਾਰ ਸਾਹਿਬ ਜੀ ਆਦਿ ਗੁਰਦਵਾਰਿਆਂ ਵਿਖੇ ਰਾਗੀ ਲੋਕ ਉਚਾਰਣ ਕਰਦੇ ਹਨ। ਅਥਵਾ ਅਜਪੈ ਦਾ ਅਰਥ ਅਕਾਲ ਪੁਰਖ ਪੁਰ ਖੀ ਲਾਉਂਦੇ ਹਨ ਕਿ ਕੇਵਲ ਅਕਾਲ ਦਾ ਹੀ ਜਪ ਕਰਦੇ ਹਨ। ਅਥਵਾ ਅਜਪੈ ਦਾ ਅਰਥ ਅਕਾਲ ਪੁਰਖ ਪੁਰ ਬੀ ਲਾਉਂਦੇ ਹਨ ਕਿ ਕੇਵਲ ਅਕਾਲ ਦਾ ਹੀ ਜਪ ਕਰਦੇ ਹਨ। ਇਸ ਦਾ ਫਲ ਇਹ ਹੈ ਕਿ ਓਹ ਗੁਰਮੁਖ ਲੋਕ ਵਰ ਸਰਾਪ ਥੋਂ ਲੰਘ ਨਿਕਲਦੇ ਹਨ, ਉਨ੍ਹਾਂ ਨੂੰ ਹੋਰ ਦੇ ਵਰ ਸਰਾਪ ਦੀ ਕੁਝ ਇੱਛਾ ਨਹੀਂ ਹੈ, ਕਿਉਂ ਜੋ ਸਭ ਨਾਲ ਸਮ ਦ੍ਰਿਸ਼ਟੀ ਰਖਦੇ ਹਨ, ਯਥਾ-"**ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ॥**" (ਸਹਸ:ਸਲੋਕ-੨੭) ਅਰਥ-ਇਕ ਨਾਨਾ ਪ੍ਰਕਾਰ ਦੇ ਮਿਸ਼ਟ ਭੋਜਨ ਲਈ, ਦੂਜਾ ਤਲਵਾਰ ਮਾਰਣ ਲਈ ਖੜਾ ਹੈ, ਪਹਿਲੇ ਨੂੰ ਵਰ ਦੂਜੇ ਨੂੰ ਸਰਾਪ ਦੀ ਕੁਝ ਭਾਵਣੀ ਨਹੀਂ ਰਖਦੇ, ਭਾਵ ਆਪਾ ਮਿਟਾਕੇ ਜੀਵਨ ਮੁਕਤ ਹੋ ਰਹੇ ਹਨ।

## ੨੦. (ਰਾਜਾ ਰੰਕ ਬਰਾਬਰ)।

੧. ਮਿਲਦੇ ਮੁਸਲਮਾਨ ਦੁਇ ਮਿਲਿ ਮਿਲਿ ਕਰਨਿ ਸਲਾਮਾਲੇਕੀ।
੨. ਜੋਗੀ ਕਰਨਿ ਅਦੇਸ ਮਿਲਿ ਆਦਿ ਪੁਰਖੁ ਆਦੇਸੁ ਵਿਸੇਖੀ।
੩. ਸੰਨਿਆਸੀ ਕਰਿ ਓਨਮੋ ਓਨਮ ਨਾਰਾਇਣ ਬਹੁ ਭੇਖੀ।
੪. ਬਾਮ੍ਹਣ ਨੋ ਕਰਿ ਨਮਸਕਾਰ ਕਰਿ ਆਸੀਰ ਵਚਨ ਮੁਹੁ ਦੇਖੀ।
੫. ਪੈਰੀ ਪਵਣਾ ਸਤਿਗੁਰੂ ਗੁਰ ਸਿਖਾ ਰਹਿਰਾਸ ਸਰੇਖੀ।
੬. ਰਾਜਾ ਰੰਕੁ ਬਰਾਬਰੀ ਬਾਲਕ ਬਿਰਧ ਨ ਭੇਦੁ ਨਿਮੇਖੀ।
੭. ਚੰਦਨ ਭਗਤਾ ਰੂਪ ਨ ਰੇਖੀ ॥੨੦॥

**ਪਦਾਰਥ**-(ਸਲਾਮਾਲੇਕੀ=ਸਲਾਮ ਅਲੈਕਮ। ਰਹਿਰਾਸ=ਰਹੁਰੀਤ, ਜਾਂ ਸੱਚਾ ਰਾਹ। (ਸਰੇਖੀ=ਸ਼੍ਰੇਸ਼ਟ। ਨਿਮੇਖੀ=ਰੰਚਕ ਮਾਤ੍ਰ।

**ਅਰਥ**-੧.(ਜਦ)ਦੋ ਮੁਸਲਮਾਨ (ਆਪੋ ਵਿਚ) ਮਿਲਦੇ ਹਨ ਤਾਂ ਮਿਲਕੇ ਸਲਾਮਾਲੈਕਮ ਕਰਦੇ

ਹਨ। ੨.ਜੋਗੀ ਮਿਲਦੇ ਹਨ (ਇਕ) ਆਦੇਸ (ਨਮਸਕਾਰ) ਕਹਿੰਦਾ ਹੈ (ਦੂਜਾ) 'ਆਦ ਪੁਰਖ ਆਦੇਸ' ਕਹਿੰਦਾ ਹੈ (ਕਿ ਪਰਮਾਤਮਾ ਕੋ ਨਾਮਸਕਾਰ ਹੋਵੇ)। ੩.ਜਦ ਸੰਨਯਾਸੀ (ਆਪੋ ਵਿਚ ਟੱਕਰਦੇ ਹਨ) (ਇਕ) ਓਨਮ: ਕਹਿੰਦਾ ਹੈ (ਕਿ ਓਅੰ ਨੂੰ ਨਮਸਕਾਰ ਹੋਵੇ, ਦੂਜਾ) ਓਂਨਮੋ ਨਾਰਾਇਣ ਕਹਿੰਦਾ ਹੈ (ਕਿ ਨਾਰਾਇਣ ਕੋ ਨਮਸਕਾਰ ਹੋਵੇ)। ੪.ਬ੍ਰਾਹਮਣ ਨੂੰ (ਜੇ ਕੋਈ) ਨਮਸਕਾਰ ਕਹਿੰਦਾ ਹੈ ਉਹ ਅਗੋਂ ਮੂੰਹ ਦੇਖਕੇ ਆਸ਼ੀਰਬਾਦ ਦਾ ਬਚਨ ਕਹਿੰਦਾ ਹੈ। (ਹੁਣ ਪੰਜਵੀਂ ਤੇ ਛੀਵੀਂ ਤੁਕ ਵਿਖੇ 'ਸਤਿਗੁਰੂ' ਗੁਰੂ ਨਾਨਕ ਦੇਵ ਜੀ ਦੀ ਰਹੁ ਰੀਤਿ ਦੱਸਦੇ ਹਨ)। ੫.('ਭਾਈ ਜੀ) ਪੈਰੀਂ ਪੈ' ਸਤਿਗੁਰੂ ਜੀ ਨੇ ਇਹ ਗੁਰਸਿੱਖਾਂ ਦੀ ਸ੍ਰੇਸ਼ਟ ਰਹੁ ਰੀਤ ਚਲਾਈ। ੬.ਇਸ ਵਿਖੇ ਰਾਜਾ ਰੰਕ ਬਰਾਬਰ ਹੈ, ਬਾਲਕ ਬਿਰਧ ਵਿਖੇ ਭੇਦ ਰੰਚਕ ਨਹੀਂ ਹੈ। ੭.ਚੰਦਨ ਰੂਪ ਭਗਤਾਂ ਵਿਚ ਰੂਪ ਰੇਖ ਨਹੀਂ ਹੈ!

**ਭਾਵ**-ਹੋਰਨਾਂ ਦੇ ਬੋਲ ਚਾਲਾਂ ਵਿਚ ਵੱਧ ਘਟ ਭੇਦ ਹਨ, ਪਰ ਗੁਰੂ ਜੀ ਨੇ ''ਪੈਰੀਂ ਪਉਣਾ ਜਗ ਵਰਤਾਯਾ'' ਇਹ ਰੀਤ ਇਕ ਤੁੱਲ ਚਲਾਈ। ਦਸਵੇਂ ਜਾਮੇ ਵਿਚ ਗੁਰੂ ਨਾਨਕ ਦੇਵ ਜੀ ਨੇ 'ਪੈਰੀਂ ਪੈ' ਦੀ ਥਾਂ 'ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ' ਦੀ ਰੀਤਿ ਤੋਰੀ। ਇਸ ਕਰਕੇ ਕਿ ਇਹ ਆਦਿ ਰੂਪ 'ਪੈਰੀਂ ਪੈ' ਦੀ ਥਾਂ ਸੀ, ਇਸ ਵਿਚ ਉਹੋ ਹੁਕਮ ਰਖਿਆ ਕਿ ਰਾਜਾ ਰੰਕ, ਬਾਲਕ ਬ੍ਰਿਧ, ਵਡੇ ਛੋਟੇ ਸਭ ਫਤਹ ਗਜਾਇਆ ਕਰਨ, ਇਸ ਚੰਦਨ ਬਿਰਖ ਵਿਚ ਰੂਪ ਰੇ ਖ ਦੇ ਭਿੰਨ ਭੇਤ ਦੀ ਲੋੜ ਨਹੀਂ ਹੈ!

## ੨੧, (ਨਿੰਮ੍ਰਤਾ ਦੇ ਦ੍ਰਿਸ਼ਟਾਂਤ)।

੧. ਨੀਚਹੁ ਨੀਚੁ ਮਦਾਵਣਾ ਗੁਰ ਉਪਦੇਸੁ ਕਮਾਵੈ ਕੋਈ।
੨. ਤ੍ਰੈ ਵੀਹਾਂ ਦੇ ਦੰਮ ਲੈ ਇਕੁ ਰੁਪਈਆ ਹੋਛਾ ਹੋਈ;
੩. ਦਸੀਂ ਰਪਯੀਂ ਲਈਦਾ ਇਕੁ ਸੁਨਈਆ ਹਉਲਾ ਸੋਈ;
੪. ਸਹਸ ਸੁਨਈਏ ਮੁਲੁ ਕਰਿ ਲਯੈ ਹੀਰਾ ਹਾਰ ਪਰੋਈ!
੫. ਪੈਰੀ ਪੈ ਪਾਖਾਕ ਹੋਇ ਮਨ ਬਚ ਕਰਮ ਭਰਮ, ਭਉ, ਖੋਈ।
੬. ਹੋਇ ਪੰਚਾਇਣੁ ਪੰਜਿ ਮਾਰ ਬਾਹਰਿ ਜਾਂਦਾ ਰਖਿ ਸਗੋਈ।
੭. ਬੋਲ ਅਮੋਲ ਸਾਧ ਜਨ ਓਈ ॥੨੧॥੨੩॥

**ਪਦਾਰਥ**-(ਤ੍ਰੈ ਵੀਹਾਂ=ਸੱਠ ਪੈਸੇ ਜਾਂ ਤੀਹ ਟਕੇ। ਹੋਛਾ=ਛੋਟਾ। ਸੁਨਈਆ=ਬੁਤਕੀ ਜਾਂ ਮੋਹਰ। (ਪੰਚਾਇਣੁ=ਸਤਿਸੰਗ, ਸ਼ਿਰੋਮਣੀ। ਰਖਿ ਸਗੋਈ=ਮਨ ਦਾ ਰੋਕਣਾ।

**ਅਰਥ**-੧.ਨੀਚ ਥੋਂ ਨੀਚ (ਆਪ ਨੂੰ) ਸਾਦਉਣਾ ਚਾਹੀਦਾ ਹੈ (ਪਰੰਤੂ ਇਹ) ਗੁਰੂ ਜੀ ਦਾ ਉਪਦੇਸ਼ ਕੋਈ ਹੀ ਕਮਾਉਂਦਾ ਹੈ। ੨.(ਦ੍ਰਿਸ਼ਟਾਂਤ) 'ਤ੍ਰੈ ਵੀਹਾਂ'' (ਸੱਠ) ਪੈਸੇ (ਅਥਵਾ ਤੀਹ ਟਕੇ) ਦੇਕੇ ਇਕ ਰੁਪਈਆ ਲਈਏ ਤਾਂ (ਭਾਰ 'ਹੋਛਾ' ਅਰਥਾਤ) ਹੌਲਾ ਹੋ ਜਾਂਦਾ ਹੈ। (ਭਾਰ ਇਕ ਤੋਲਾ ਰਹਿ ਜਾਂਦਾ ਹੈ। ਤਥਾ) ੩.ਦਸ ਰੁਪਏ ਦੇ ਕੇ ਇਕ ਸੁਨਈਆ (ਮੋਹਰ) ਲਈਏ (ਦਸਵਾਂ ਹਿੱਸਾ ਭਾਰ ਹੋਰ) ਹਲਕਾ ਹੋ ਜਾਂਦਾ ਹੈ। ੪.ਹਜ਼ਾਰ ਮੋਹਰ ਦਾ ਮੁੱਲ ਕਰਕੇ ਇਕ ਹੀਰਾ ਲਈਏ ਉਹ (ਭਾਰ ਐਡਾ ਹੌਲਾ ਹੋ ਜਾਂਦਾ ਹੈ ਕਿ ਰਾਣੀਆਂ ਦੇ) ਹਾਰ ਵਿਚ ਪ੍ਰੋਤਾ ਜਾਂਦਾ ਹੈ। ੫.(ਅਜਿਹਾ ਹੀ) ਜੋ ਪੈਰਾਂ ਦੀ ਖਾਕ ਹੋ ਕੇ ਪੈਰੀਂ ਪੈਂਦੇ ਹਨ ਅਰ ਮਨ ਬਚ ਕਰਮ ਕਰਕੇ ਭਰਮ ਭਉ ਨਹੀਂ ਰਖਦੇ, ੬.ਸਤਿਸੰਗ ਵਿਖੇ (ਪ੍ਰਾਪਤ ਹੋਕੇ) ਪੰਜ ਇੰਦ੍ਰਯ (ਅਥਵਾ ਕਾਮਾਦਿਕ ਵਿਖਯ) ਮਾਰਕੇ ਬਾਹਰ ਜਾਂਦਾ (ਮਨ) ਰੋਕ ਰਖੇ, ੭.ਉਹ ਸਾਧੂ (ਜਨ ਹੈ ਉਸ ਦੇ) ਬੋਲ (ਮਹਿਮਾਂ) ਅਮੋਲ ਹੈ (ਹੀਰੇ ਤੋਂ ਬੀ ਵਧੀਕ ਮਹਿੰਗਾ ਹੈ)।

**ਭਾਵ**-ਇਥੇ ਨਿੰਮ੍ਰਤਾ ਲਈ ਇਕ ਇਹ ਦ੍ਰਿਸ਼ਟਾਂ ਦੇਂਦੇ ਹਨ ਕਿ ਜਯੋਂ ਜਯੋਂ ਸ਼ੈ ਕੀਮਤੀ ਹੈ ਤਿਉਂ ਤਿਉਂ ਛੋਟੀ ਹੈ। ਤਿਵੇਂ ਹੀ ਜਿਉਂ ਮਨੁੱਖ ਗੁਣਾਂ ਵਾਲਾ ਕਦਰ ਯੋਗ ਹੈ ਤਿਉਂ ਤਿਉਂ

ਨਿੰਮ੍ਰੀ ਭੂਤ ਹੈ। ਇਸ ਪਉੜੀ ਵਿਚੋਂ ਇਕ ਦੋ ਸਿੱਕਿਆਂ ਬਾਬਤ ਪਤੇ ਲਗਦੇ ਹਨ :-

(੧) ਇਕ ਤਾਂ ਇਹ ਕਿ ਭਾਈ ਸਾਹਿਬ ਜੀ ਦੇ ਸਮੇਂ ''ਦੰਮ'' ਕੋਈ ਸਿੱਕਾ ਪੈਸੇ ਦੇ ਕਰੀਬ ਦਾ ਸੀ, ਜੋ ੬੦ ਦਾ ਰੁਪੱਯਾ ਹੁੰਦਾ ਸੀ, ਜੇ ਇਹਦੇ ਆਨੇ ਗਿਣਦੇ ਹੋਣਗੇ ਤਾਂ) ੧੫ ਬਣਦੇ ਹਨ।

(੨) ਸੁਨਈਆ ਨਾਮੇ ਸੋਨੇ ਦਾ ਸਿੱਕਾ ਜਾਰੀ ਸੀ ਜੋ ੧੦) ਦਾ ਹੁੰਦਾ ਸੀ, ਜੋ ਅਸ਼ਰਫੀ ਤੋਂ ਇਲਾਵਾ ਮੁਵੱਲੇ ਭਾ ਕਰਕੇ ਅਜ ਕਲ ਦੇ ਸ਼ਾਇਦ ਪੌਂਡ ਦੇ ਬਰਾਬਰ ਹੋਵੇ। ਮੋਹਰ ਅਸ਼ਰਫੀ ਤੋਂ ਇਲਾਵਾ ਇਕ ਸਿੱਕਾ ਸੁਨੱਯਾ ਸੀ ਜੋ ੧੦) ਦਾ ਹੁੰਦਾ ਸੀ।

(੩)ਭਾਈ ਸਾਹਿਬ ਜੀ ਨੇ ਇਸ ਗਲਤੀ ਤੋਂ ਬਚਾਉਣ ਲਈ ਕਿ ਹੀਰੇ ਨੂੰ ਕੋਈ ਸਿੱਕਾ ਨਾ ਸਮਝੇ, ਓਥੇ ਮੋਲ ਕਹਿ ਦਿਤਾ ਹੈ ਕਿ ਹੀਰੇ ਦਾ ਮੁਕਰਰ ਮੁੱਲ ਨਹੀਂ ਹੈ-ਉਹ ਮੁੱਲ ਕਰਕੇ ਲਈਦਾ ਹੈ।

# ਵਾਰ ੨੪.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾ ਚਰਨ)।

੧. ਨਾਰਾਇਣ ਨਿਜ ਰੂਪੁ ਧਰਿ ਨਾਥਾ ਨਾਥ ਸਨਾਥ ਕਰਾਇਆ।<br>
੨. ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰੁ ਬਣਾਇਆ।<br>
੩. ਕਰਤਾ ਪੁਰਖੁ ਵਖਾਣੀਐ ਕਾਰਣੁ ਕਰਣੁ ਬਿਰਦੁ ਬਿਰਦਾਇਆ।<br>
੪. ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖੁ ਲਖਾਇਆ।<br>
੫. ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।<br>
੬. ਧਰਮ ਸਾਲ ਕਰਤਾਰ ਪੁਰੁ ਸਾਧ ਸੰਗਤਿ ਸਚਖੰਡ ਵਸਾਇਆ।<br>
੭. ਵਾਹਿਗੁਰੂ ਗੁਰ ਸਬਦੁ ਸੁਣਾਇਆ ॥੧॥

**ਪਦਾਰਥ**-(ਨਾਥਾਨਾਥ=ਨਾਥ ਅਤੇ ਅਨਾਥ। ਸਨਾਥ=ਕ੍ਰਿਤਾਰਥ। (ਬਿਰਦ ਬਿਰਦਾਇਆ=ਵਡੇ ਧਰਮ ਵਾਲਾ।

**ਅਰਥ**-੧.ਨਾਰਾਯਣ ਨੇ ਆਪਣਾ ਰੂਪ ਧਾਰਕੇ ਨਾਥਾਂ ਅਤੇ ਅਨਾਥਾਂ ਨੂੰ ਕ੍ਰਿਤਾਰਥ ਕਰਾਇਆ ਹੈ। ੨.ਜੋ ਨਿਰੰਕਾਰ ਨਰਾਂ ਦਾ ਪਤੀ ਅਰ ਰਾਜਿਆਂ ਦਾ ਰਾਜਾ ਹੈ (ਉਮਨੇ) ਆਕਾਰ ਬਨਾਯਾ ਹੈ, ੩.ਕਰਤਾ ਪੁਰਖ ਕਹੀਦਾ ਹੈ, ਕਾਰਣਾਂ ਦਾ ਕਰਨਹਾਰਾ ਵੱਡੇ ਬਿਰਦ (ਧਰਮ) ਵਾਲਾ ਹੈ। ੪.ਦੇਵੀਆਂ ਦੇਵਤਿਆਂ ਦਾ ਸ਼ਿਰੋਮਣੀ ਦੇਵ ਅਲਖ ਤੇ ਅਭੇਵ ਹੈ,(ਕਿਸੇ)ਨਾਂ ਲਖੇ ਜਾਣ ਵਾਲੇ ਨੂੰ ਬੀ (ਉਸ ਅਲਖ ਤੇ ਨਿਜ ਨੂੰ) ਨਹੀਂ ਲਖਾਇਆ। ੫.ਸਤਿ ਸਰੂਪ (ਵਾਹਿਗੁਰੂ) ਸਤਿਨਾਮ (ਕਰਤਾ ਪੁਰਖ ਦਾ ਉਪਦੇਸ਼) ਦੇਕੇ ਸਤਗੁਰੂ ਨਾਨਕ ਦੇਉ ਨੇ ਜਪਾਇਆ। ੬.ਧਰਮਸਾਲਾ ਕਰਤਾਰ ਪੁਰ ਵਿਖੇ ਬਣਾਕੇ ਸਾਧ ਸੰਗਤ ਰੂਪੀ ਸਚਖੰਡ ਵਸਾ ਦਿਤਾ। ੭.ਵਾਹਿਗੁਰੂ (ਮੰਤ੍ਰ ਦੱਸਕੇ) ਗੁਰੂ ਜੀ ਨੇ ਸ਼ਬਦ ਦਾ (ਉਪਦੇਸ਼) ਸੁਣਾਇਆ। ਯਥਾ:-''**ਅਬ ਕਲੂ ਆਇਓਰੇ॥ ਇਕੁ ਨਾਮੁ ਬੋਵਹੁ ਬੋਵਹੁ ॥ ਅਨ ਰੂਤਿ ਨਾਹੀ ਨਾਹੀ॥ ਮਤਿ ਭਰਮਿ ਭੂਲਹੁ ਭੂਲਹੁ ॥**'' (ਬਸੰਤ:ਮ:੫-੧੯) ਕਲਿਜੁਗ ਵਿਖੇ ਇਕ ਵਾਹਿਗੁਰੂ ਮੰਤ੍ਰ ਦੇ ਜਪ ਕਰਨ ਨਾਲ ਹੀ ਮੁਕਤੀ ਹੁੰਦੀ ਹੈ)।

## ੨. (ਜਗਤ ਗੁਰੂ)।

੧. ਨਿਹਚਲ ਨੀਉ ਧਰਾਈਓਨੁ ਸਾਧ ਸੰਗਤਿ ਸਚਖੰਡ ਸਮੇਉ।
੨. ਗੁਰਮੁਖਿ ਪੰਥੁ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਮੇਉ।
੩. ਸਚਿ ਸਬਦਿ ਆਰਾਧੀਐ ਅਗਮ ਅਗੋਚਰੁ ਅਲਖ ਅਭੇਉ।
੪. ਚਹੁ ਵਰਨਾ ਉਪਦੇਸਦਾ ਛਿਅ ਦਰਸਨ ਸਭਿ ਸੇਵਕ ਸੇਉ।
੫. ਮਿਠਾ ਬੋਲਣੁ ਨਿਵ ਚਲਣੁ ਗੁਰਮੁਖਿ ਭਾਉ ਭਗਤਿ ਅਰਥੇਉ।
੬. ਆਦਿ ਪੁਰਖੁ ਆਦੇਸੁ ਹੈ ਅਬਿਨਾਸੀ ਅਤਿ ਅਛਲ ਅਛੇਉ।
੭. ਜਗਤੁ ਗੁਰੂ ਗੁਰੁ ਨਾਨਕ ਦੇਉ ॥੨॥

**ਪਦਾਰਥ**-(ਸਮੇਉ=(ਸਮ+ਏਵ) 'ਸੰ' ਭਲੀ ਪ੍ਰਕਾਰ, 'ਏਵ' ਨਿਸ਼ਚੇ ਕਰ। (ਅਮੇਉ=ਅਮਾਪ। ਅਭੇਉ=ਜਿਸ ਦਾ ਭੇਦ ਨ ਲਖੀਏ। ਸੇਉ=ਸੇਵਜ, ਸੇਵਾ ਯੋਗਜ। (ਅਰਥੇਉ=ਅਰਥੀਏ, ਲੋੜਵੰਦ। ਅਛੇਉ=ਛੇਦਨੇ ਤੋਂ ਰਹਿਤ।

**ਅਰਥ**-(ਇਥੇ ਛੀ ਤੁਕਾਂ ਗੁਰੂ ਨਾਨਕ ਦੇਵ ਜੀ ਦਾ ਵਿਸ਼ੇਖਣ ਹਨ ਅਰ ਸਤਵੀਂ ਤੁਕ ਵਿਖੇ ਜਗਤ ਗੁਰੂ ਨਾਨਕ ਦੇਵ ਜੀ ਵਿਸ਼ੇਖਜ ਹਨ)। ੧.ਅਟਲ ਨੀਵ ਸਾਧ ਸੰਗਤ ਰੂਪੀ ਸਚੇ ਖੰਡ ਦੀ ਭਲੀ ਪ੍ਰਕਾਰ ਨਿਸ਼ਚੇ ਕਰਕੇ ਧਰਾਈ। ੨.ਅਰ ਗੁਰਮੁਖਾਂ ਦਾ ਪੰਥ ਤੋਰਿਆ (ਉਹ ਪੰਥ) ਸੁਖਾਂ ਦਾ ਸਾਗਰ ਮਿਣਿਆ ਨਹੀਂ ਜਾਂਦਾ। ੩.ਉਥੇ ਸਚੇ ਸ਼ਬਦ ਦੀ ਅਰਾਧਨਾ ਹੁੰਦੀ ਹੈ (ਓਹ ਕਿਹਾ ਸੱਚਾ ਸ਼ਬਦ ਹੈ) ਅਗਮ ਅਗੋਚਰ ਅਲਖ ਅਤੇ ਅਭੇਵ ਹੈ। ੪.ਚਹੁੰ ਵਰਣਾਂ, ਛੀ ਦਰਸ਼ਨਾਂ, ਸੇਵਕ ਅਰ ਸੇਵਜ (ਭਾਵ ਛੋਟੇ ਵੱਡੇ ਸਭ) ਨੂੰ ਉਪਦੇਸ਼ ਦੇਂਦਾ ਹੈ। ੫.ਮਿੱਠਾ ਬੋਲਣਾ, ਨਿਵਕੇ ਚਲਣਾ, (ਤੇ) ਪ੍ਰੇਮਾ ਭਗਤੀ ਅਰਥੀਏ ਹੋਣਾ (ਏਹ) ਗੁਰਮੁਖਾਂ (ਦੇ ਲੱਛਣ ਹਨ), (ਭਾਵ ਸਦਾ ਈਸ਼੍ਵਰ ਵਿਖੇ ਅਨਿੰਨ ਭਗਤੀ ਰਖਦੇ ਹਨ)। ੬.ਆਦ ਪੁਰਖ ਨੂੰ ਆਦੇਸ ਹੈ ਜੋ ਨਾਸ਼ ਤੋਂ ਰਹਿਤ ਹੈ (ਜਿਸ ਦੀ ਗਤੀ) ਅਛਲ ਅਤੇ ਅਛੇਦ ਹੈ। ੭.ਅਜਿਹੇ ਜਗਤ ਦੇ ਗੁਰੂ, ਗੁਰੂ ਨਾਨਕ ਦੇਵ ਹਨ, (ਯਥਾ:-"**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ।**") (ਸੋਰਠ:ਮ:੫)

## ੩. (ਸੱਚਾ ਪਾਤਸ਼ਾਹ)।

੧. ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ।
੨. ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹ ਮੁਹਾਬਾ।
੩. ਬੇਸੁਮਾਰ ਨਿਰੰਕਾਰੁ ਹੈ ਅਲਖ ਅਪਾਰੁ ਅਲਾਹ ਸਿਞਬਾ।
੪. ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ।
੫. ਅਗਮ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ।
੬. ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ।
੭. ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨਾ ਜੋਰ ਜਰਾਬਾ।
੮. ਜਾਹਰ ਪੀਰ ਜਗਤੁ ਗੁਰੁ ਬਾਬਾ ॥੩॥

**ਪਦਾਰਥ**-(ਸਹਾਬਾ=ਸਾਹਿਬੀ। ਮੁਹਾਬਾ=ਮੁਥਾਜੀ,(ਅ)ਭਯ। ਸਿਞਾਬਾ=ਸਿਆਣੀਦਾ ਹੈ। (ਨਾਜਰੁ=ਪ੍ਰਤੱਖ। ਸੋਰ ਸਰਾਬਾ=ਡੰਡਰੌਲਾ। ਆਦਬਲ=ਨਯਾਈਂ। ਜਰਾਬਾ=ਦੁਖ।

**ਅਰਥ**-੧.ਸਤਿਗੁਰੁ(ਨਾਨਕ ਦੇਵ) ਸੱਚਾ ਪਾਤਸ਼ਾਹ ਹੈ, (ਕਿਉਂ ਜੋ) ਬੇਪਰਵਾਹ ਅਰ ਅਥਾਹ ਸਾਹਿਬੀ ਵਾਲਾ ਹੈ। ੨.(ਇੱਡਾ ਹੋਕੇ ਫੇਰ ਉਸ ਦਾ) ਨਾਮ ਗਰੀਬ ਨਿਵਾਜ ਹੈ (ਗ਼ਰੀਬਾਂ ਪੁਰ ਦਯਾ ਕਰਦਾ ਹੈ) ਆਪ ਕਿਸੇ ਦਾ ਮੁਥਾਜ ਨਹੀਂ ਹੈ, ਨਾ ਕਿਸੇ ਦਾ ਮੋਹ ਹੈ ਨਾ ਕਿਸੇ ਦਾ ਭਯ ਹੈ।

੩.ਨਿਰੰਕਾਰ ਬੇਅੰਤ, ਅਲੱਖ ਅਪਾਰ ਹੈ, (ਉਸ) ਅੱਲਾਹ(ਵਾਹਿਗੁਰੂ ਨੂੰ ਗੁਰੂ ਨਾਨਕ ਨੇ ਹੀ) ਸਿਞਾਣਿਆ ਹੈ। ੪.ਉਸਦੀ ਪਾਤਿਸ਼ਾਹੀ ਪੱਕੀ ਹੈ ਤੇ ਸਦਾ ਰਹਿਣ ਵਾਲੀ ਹੈ, (ਕਿਉਂ ਕਿ ਉਸ ਦਾ) ਹਾਜ਼ਰ (ਨਾਲ ਨੇਹੁੰ ਹੈ ਜੋ) ਵੇਦ ਕਤੇਬਾਂ ਵਿਚ ਪ੍ਰਤੱਖ ਨਹੀਂ (**"ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥"**) (ਆਸਾ:ਮ:੫) ੫.(ਫੇਰ ਉਹ) ਅਗੰਮ ਅਡੋਲ ਤੇ ਅਤੋਲ ਹੈ ਕੋਈ ਡੰਡੀ ਤੇ ਛਾਬਾ ਨਹੀਂ ਹੈ ਜਿਸ ਨਾਲ ਤੋਲੀਏ। ੬.('ਇਕਛੱਤ' ਕਹੀਏ) ਏਕ ਛੱਤ੍ਰ ਰਾਜ ਕਰਦਾ ਹੈ ਕੋਈ ਵੈਰੀ ਨਹੀਂ ਜੋ ਉਸ ਦੇ ਰਾਜ ਵਿਖੇ ਸ਼ੋਰ ਸ਼ਰਾਬਾ (ਅਰਥਾਤ ਡੰਡਰੌਲਾ) ਪਾਕੇ (ਰੱਯਤ ਨੂੰ ਦੁਖ ਦੇਵੇ)। ੭.ਆਪ (ਸਤਿਗੁਰੂ ਜੀ) ਨਿਆਈ ਹਨ, ਪੂਰਾ ਨਯਾਇ ਕਰਦੇ ਹਨ, ਕੋਈ ਜ਼ਾਲਮ ਜ਼ੁਲਮ ਨਹੀਂ ਕਰਦਾ, (ਇਸੇ ਕਰਕੇ) ਜ਼ੋਰ ਤੇ 'ਜ਼ਰਾਬਾ' (ਕਸ਼ਟ ਕਿਸੇ ਨੂੰ) ਨਹੀਂ ਹੋ ਸਕਦਾ। ੮.ਬਾਬਾ (ਨਾਨਕ) ਗੁਰੂ ਤੇ ਪੀਰ(ਨਾਨਕ ਕਰਕੇ)ਪ੍ਰਸਿਧ ਹੈ(ਯਾ ਜ਼ਾਹਰਾ ਪੀਰ ਜਗਤ ਦਾ ਗੁਰੂ ਬਾਬਾ ਹੀ ਹੈ)।

**ਭਾਵ**-ਸਤਿਗੁਰੂ ਨਾਨਕ ਦੇਵ ਜੀ ਦੇ ਗੁਣਾਂ ਦਾ ਕਥਨ ਹੈ।

## ੪. (ਸੱਚਾ ਪਾਤਸ਼ਾਹ)।

੧. ਗੰਗ ਬਨਾਰਸ ਹਿੰਦੂਆਂ ਮੁਸਲਮਾਣਾਂ ਮਕਾ ਕਾਬਾ।
੨. ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ।
੩. ਭਗਤਿ ਵਛਲੁ ਹੋਇ ਆਇਆ ਪਤਿਤ ਉਧਾਰਣੁ ਅਜਬੁ ਅਜਾਬਾ।
੪. ਚਾਰਿ ਵਰਨ ਇਕ ਵਰਨ ਹੋਇ ਸਾਧਿ ਸੰਗਤਿ ਮਿਲਿ ਹੋਇ ਤਰਾਬਾ।
੫. ਚੰਦਨੁ ਵਾਸੁ ਵਣਾਸਪਤਿ ਅਵਲਿ ਦੋਮ ਨ ਸੇਮ ਖਰਾਬਾ।
੬. ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੇ ਜਵਾਬਾ।
੭. ਜਾਹਰ ਪੀਰੁ ਜਗਤੁ ਗੁਰ ਬਾਬਾ ॥੪॥

**ਪਦਾਰਥ**-(ਬਨਾਰਸ=ਕਾਸ਼ੀ। ਅਜਬੁ ਅਜਾਬਾ=ਅਚਰਜ ਤੋਂ ਅਚਰਜ ਰੂਪ।
(ਤਰਾਬਾ=ਤਰਨਾ। ਜਵਾਬਾ=ਉਤਰ।

**ਅਰਥ**-੧.ਹਿੰਦੂ ਲੋਕ ਗੰਗਾ ਤੇ ਕਾਸ਼ੀ (ਥੋਂ ਮੁਕਤੀ ਮੰਨਦੇ ਹਨ) ਮੁਸਲਮਾਨ ਲੋਕ ਮੱਕੇ ਕਾਅਬੇ (ਤੇ ਮਦੀਨੇ ਦੀ ਜ਼ਯਾਰਤ ਕਰਦੇ ਹਨ)। ੨.ਬਾਬੇ ਨਾਨਕ ਦਾ ਜਸ ਘਰ ਘਰ ਵਿਖੇ ਹੈ। ਤਾਲ ਕੈਂਸੀਆਂ, ਜੋੜੀਆਂ (ਮ੍ਰਦੰਗ ਤੇ) ਰਬਾਬ (ਕੀਰਤਨ ਵਿਚ) ਪਏ ਵਜਦੇ ਹਨ (ਭਾਵ ਇਕ ਥਾਂ ਨਹੀਂ ਘਰ ਘਰ ਮੁਕਤੀ ਦੱਸੀ ਹੈ)। ੩.ਭਗਤ ਵੱਛਲ ਹੋ ਕੇ (ਸਚਖੰਡ ਤੋਂ) ਆਇਆ ਹੈ, ਪਾਪੀਆਂ ਦੇ ਉਧਾਰ ਕਰਣਹਾਰਾ ਹੈ, ਪਰ ਅਚਰਜ ਤੋਂ ਅਚਰਜ ਹੈ (ਕਿ ਅਵਤਾਰ ਸ਼ਿਰੋਮਣੀ ਗੁਰ ਅਵਤਾਰ ਹੈ ਅਰ ਫੇਰ ਨਿਰਮਾਣ ਹੈ)। ੪.(ਜਿਸ ਦੇ ਉਪਕਾਰ ਨਾਲ) ਚਾਰ ਵਰਣਾਂ ਦੇ ਲੋਕ ਇਕ ਵਰਣ ਦੇ ਸਾਧ ਸੰਗਤ (ਦੇ ਜਹਾਜ਼ ਵਿਚ ਬੈਠਕੇ) ਤਰਦੇ ਹਨ। ੫.(ਜਿਕੂੰ) ਚੰਦਨ ਦੀ ਵਾਸ਼ਨਾ ਕਰਕੇ ਵਣਾਸਪਤੀ ਚੰਦਨ ਹੁੰਦੀ ਹੈ (ਉਸ ਵਿਚ) ਅੱਵਲ ਦੋਮ ਸੇਮ (ਤੀਜੇ ਦਰਜੇ) ਦੀ ਖਰਾਬੀ ਨਹੀਂ ਹੁੰਦੀ (ਭਾਵ ਸਭ ਪ੍ਰਕਾਰ ਦੀ ਤ੍ਰਿਕੁਟੀ ਦੂਰ ਹੋ ਜਾਂਦੀ ਹੈ), (ਸ੍ਰੀ ਗੁਰੂ ਪ੍ਰਮਾਣ **"ਦੋਮ ਨ ਸੇਮ ਏਕ ਸੋ ਆਹੀ"** (ਗਉ:ਰਵਿ-੨) ਅਰਥਾਤ ਸਤਿਸੰਗ ਵਿਖੇ ਦ੍ਵੈਤ ਤੇ ਤਿੰਨ ਗੁਣ ਨਹੀਂ ਹਨ, ਇਕ ਪਰਮੇਸ਼ੁਰ ਹੀ ਪੂਰਨ ਹੈ)। ੬.ਸਭ ਕੋਈ (ਗੁਰੂ ਨਾਨਕ ਦੇ) ਹੁਕਮ ਵਿਖੇ ਹੈ, ਕਿਸ ਦੀ ਵਾਹ ਹੈ ਕਿ ਕੋਈ ਅਗੇ ਜਵਾਬ ਦੇ ਸੱਕੇ? ੭.ਜ਼ਾਹਰਾ ਪੀਰ (ਮੁਸਲਮਾਨਾਂ ਵਿਖੇ, ਅਰ ਹਿੰਦੂਆਂ ਵਿਚ) ਜਗਤ ਗੁਰੂ, ਬਾਬਾ ਨਾਨਕ ਹੈ (ਭਾਵ ਗੁਰੂਆਂ ਦਾ ਭੀ ਗੁਰੂ ਹੈ)।


www.sikhbookclub.com

## ੫. (ਗੁਰੂ ਅੰਗਦ ਜੀ ਆਗਮਨ)।

੧. ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ।
੨. ਗਹਿਰ ਗੰਭੀਰੁ ਗਹੀਰੁ ਗੁਣੁ ਗੁਰਮੁਖਿ ਗੁਰੁ ਗੋਬਿੰਦੁ ਸਦਾਇਆ।
੩. ਦੁਖ ਸੁਖ ਦਾਤਾ ਦੇਣਿਹਾਰੁ ਦੁਖ ਸੁਖ ਸਮਸਰਿ ਲੇਪੁ ਨ ਲਾਇਆ।
੪. ਗੁਰ ਚੇਲਾ ਚੇਲਾ ਗੁਰੂ ਗੁਰੁ ਚੇਲੇ ਪਰਚਾ ਪਰਚਾਇਆ।
੫. ਬਿਰਖਹੁ ਫਲੁ ਫਲ ਤੇ ਬਿਰਖੁ ਪਿਉ ਪੁਤਹੁ ਪੁਤੁ ਪਿਉ ਪਤੀਆਇਆ।
੬. ਪਾਰਬ੍ਰਹਮੁ ਪੂਰਨੁ ਬ੍ਰਹਮੁ ਸਬਦੁ ਸੁਰਤਿ ਲਿਵ ਅਲਖ ਲਖਇਆ।
੭. ਬਾਬਾਣੈ ਗੁਰ ਅੰਗਦੁ ਆਇਆ ॥੫॥

**ਪਦਾਰਥ**-(ਅੰਗਹੁ=ਸਰੀਰ ਥੋਂ। ਲੇਪੁ=ਦਾਗ। ਪਰਚਾ=ਪ੍ਰੇਮ। ਪਰਚਾਇਆ=ਲਗਾਇਆ।
(ਬਾਬਾਦੇ=ਬਾਬੇ ਪਾਸ ਜਾਂ ਬਾਬੇ ਦੇ ਰੂਪ ਵਿਖੇ।

**ਅਰਥ**-੧.(ਬਾਬੇ ਨੇ ਆਪਣੇ) ਸਰੀਰ ਤੋਂ ਸਰੀਰ ਉਤਪਤ ਕੀਤਾ (ਮਾਨੋਂ) ਗੰਗਾ ਥੋਂ ਤਰੰਗ ਉਠਾਇਆ। ੨.ਗਹਿਰ ਗੰਭੀਰ (ਡੂੰਘੇ ਤੋਂ ਡੂੰਘਾ) ਗਹਿਰੇ ਗੁਣਾਂ ਵਾਲਾ, ਗੁਰਮੁਖਾਂ ਨੇ ਉਸ ਨੂੰ ਗੁਰੂ ਤੇ ਗੋਬਿੰਦ ਦਾ ਰੂਪ ਹੀ ਸੱਦਿਆ। ੩.ਦੁਖਾਂ ਦਾ ਬੀ ਦਾਤਾ ਅਰ ਸੁਖਾਂ ਦਾ ਬੀ ਦੇਣਹਾਰ (ਓਹੀ ਹੈ), ਦੁਖ ਤੇ ਸੁਖ ਉਸ ਨੂੰ ਇਕੋ ਜਿਹਾ ਹੈ ਕੋਈ ('ਲੇਪ') ਦਾਗ ਨਹੀਂ ਲਗਦਾ। ੪.ਗੁਰੂ (ਨਾਨਕ ਤੇ) ਚੇਲੇ (ਅੰਗਦ) ਨੇ ਅਜਿਹਾ ('ਪਰਚਾ') ਪ੍ਰੇਮ ਲਾਇਆ ਕਿ ਗੁਰੂ ਚੇਲਾ ਅਰ ਚੇਲਾ ਗੁਰੂ ਬਣ ਗਿਆ। ੫.(ਦ੍ਰਿਸ਼ਟਾਂਤ) ਬ੍ਰਿਛੋਂ ਫਲ ਤੇ ਫਲੋਂ ਬ੍ਰਿਛ, ਪਿਉ ਪੁਤ ਥੋਂ (ਪਤੀਜਿਆ) ਤੇ ਪੁਤ ਪਿਤਾ ਪੁਰ ਪਤੀਜਿਆ। ੬.ਪਾਰਬ੍ਰਹਮ ਪੂਰਨ ਬ੍ਰਹਮ ਨੂੰ ਸ਼ਬਦ ਦੀ ਸੁਰਤ ਵਿਖੇ ਲਿਵ ਲਗਾਕੇ ਅਲਖ ਲਖਾ ਦਿਤਾ। ੭.(ਐਉਂ) ਬਾਬੇ ਦੇ (ਘਰ) ਸਰੂਪ ਵਿਚ ਗੁਰੂ ਅੰਗਦ ਆਇਆ, (ਭਾਵ ਇਕ ਰੂਪ ਹੋਇਆ)।

## ੬. (ਗੁਰੂ ਅੰਗਦ ਪ੍ਰਕਾਸ਼)।

੧. ਪਾਰਸੁ ਹੋਆ ਪਾਰਸਹੁ ਸਤਿਗੁਰ ਪਰਚੇ ਸਤਿਗੁਰੁ ਕਹਿਣਾ।
੨. ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤਿ ਵਿਚਿ ਰਹਿਣਾ।
੩. ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ।
੪. ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਸਮਹਣਾ।
੫. ਅਪਿਉ ਪੀਅਣ ਨਿਝਰੁ ਝਰਣੁ ਅਜਰੁ ਜਰਣੁ ਅਸਹੀਅਣੁ ਸਹਣਾ।
੬. ਸਚੁ ਸਮਾਣਾ ਸਚੁ ਵਿਚਿ ਗਾਡੀ ਰਾਹੁ ਸਾਧ ਸੰਗਿ ਵਹਣਾ।
੭. ਬਾਬਾਣੈ ਘਰਿ ਚਾਨਣੁ ਲਹਣਾ ॥੬॥

**ਪਦਾਰਥ**-(ਕਹਣਾ=ਕਹਾਇਆ। ਦਹਣਾ=ਨਾਸ਼ ਹੋਏ। ਅਪਿਉ=ਅੰਮ੍ਰਿਤ।
(ਨਿਝਰੁ ਝਰਣੁ=ਇਕ ਰਸ ਝਰਨਾ। ਅਸਹੀਅਣੁ=ਜੋ ਨਾ ਸਹਾਰਿਆ ਜਾਵੇ।
(ਵਹਣਾ=ਚਲਣਾ। ਬਾਬਾਣੈ ਘਰ=ਬਾਬੇ ਦੇ ਸਰੂਪ ਦਾ।

**ਅਰਥ**-੧.(ਗੁਰੂ ਨਾਨਕ) ਪਾਰਸ ਥੋਂ (ਲਹਿਣਾ) ਪਾਰ ਹੋਯਾ, ਸਤਿਗੁਰੂ ਨਾਲ ਪ੍ਰੇਮ ਲਾਕੇ ਸਤਿਗੁਰੂ ਕਹਾਇਆ। ੨.ਚੰਦਨ ਥੋਂ ਚੰਦਨ ਹੋਕੇ ਗੁਰੂ ਉਪਦੇਸ਼ ਦੀ ਰਹਿਤ ਵਿਖੇ ਰਹਿਣ ਲਗਾ। ਜੋਤ ਵਿਖੇ ਜੋਤ ਸਮਾ ਗਈ ਗੁਰਮਤ ਦੇ ਸੁਖ ਨੇ ਦੁਰਮਤ ਦਾ ਦੁਖ ਦੂਰ ਕਰਨ (ਵਾਲੀ ਤਾਕਤ ਪਾ ਦਿਤੀ। ਭਾਵ ਦੋ ਹੋ ਸਕਦੇ ਹਨ, ਇਕ ਤਾਂ ਇਹ ਕਿ ਪੱਥਰ ਪੂਜਾ ਆਦਿ ਹਟ ਗਈ ਤੇ ਦੂਜਾ ਜੋ ਵਧੀਕ ਯੋਗ ਪ੍ਰਤੀਤ ਦੇਂਦਾ ਹੈ ਇਹ ਹੈ ਕਿ ਗੁਰ ਨਾਨਕ ਦੀ ਜੋ ਗੁਰਮਤਿ ਸੀ, ਜੋ ਦੁਰਮਤ ਨੂੰ ਦੂਰ ਕਰਦੀ ਸੀ,

ਉਹੋ ਤਾਕਤ ਗੁਰੂ ਅੰਗਦ ਨੂੰ ਹੋ ਗਈ, ਭਾਵ ਸੰਸਾਰ ਤਾਰਕ ਹੋ ਗਏ ਕਿਉਂਕਿ ਜਦ ਜੋਤਿ ਵਿਚ ਜੋਤਿ ਸਮਾ ਗਈ ਫੇਰ ਹੁਣ ਕੀ ਫਰਕ ਰਿਹਾ)। ੪.ਅਚਰਜ ਨੂੰ ਅਚਰਜ ਮਿਲਿਆ, ਵਿਸਮਾਦ ਵਿਚ ਵਿਸਮਾਦ ਸਮਾਇਆ (ਭਾਵ ਗੁਰੂ ਅੰਗਦ ਜੀ ਜੋ ਆਪ ਬੀ ਅਵਤਾਰ ਹੀ ਸੇ, ਅਰ ਜਾਣਕੇ ਪਰਦੇ ਵਿਚ ਰਖੇ ਗਏ ਸੇ ਕਿ ਜੀਵਾਂ ਵਾਂਗੂੰ ਰਹਿਕੇ ਗੁਰੂ ਨਾਨਕ ਦੀ ਭਗਤੀ ਕਰਕੇ ਪ੍ਰਸਿੱਧ ਹੋਣ, ਤਾਂਕਿ ਸੰਸਾਰ ਨੂੰ ਭਗਤੀ ਦਾ ਵੱਲ ਆਵੇ, ਉਹ ਭੇਤ ਖੋਲ੍ਹਦੇ ਹਨ ਕਿ ਗੁਰੂ ਅੰਗਦ ਜੀ ਬੀ ਅਚਰਜ ਰੂਪ ਸੇ, ਅਵਤਾਰ ਹੋਕੇ ਜੀਵਾਂ ਵਿਚ ਰਖੇ ਗਏ ਸੇ, ਫੇਰ ਭਗਤੀ ਕਰਕੇ ਗੁਰ ਅਵਤਾਰ ਨੂੰ ਜਦ ਪ੍ਰਾਪਤ ਹੋਏ ਤਦ ਅਚਰਜ ਨੂੰ ਅਚਰਜ ਮਿਲ ਗਿਆ ਭਾਵ ਇਕ ਪੱਲੇ ਦੀਆਂ ਦੋ ਸ਼ੈਆਂ ਮਿਲ ਪਈਆਂ। ਕਈ ਲੋਕ ਗੁਰੂ ਅੰਗਦ ਜੀ ਨੂੰ ਲੇਸ਼ ਅਵਤਾਰ ਕਹਿੰਦੇ ਹਨ, ਇਹ ਤੁਕ ਉਸ ਖਿਆਲ ਦੀ ਤਰਦੀਦ ਕਰਦੀ ਹੈ। ਦਸਮ ਗੁਰੂ ਜੀ ਨੇ ਬੀ ਇਸੇ ਕਰਕੇ ਕਿਹਾ, 'ਏਕ ਰੂਪ ਕਿਨਹੂੰ ਪਹਚਾਨਾ', ਭਾਈ ਸਾਹਿਬ ਜੀ ਬੀ ਇਹੋ ਦੱਸ ਗਏ ਹਨ। ਸਾਰੇ ਗੁਰੂ ਇਕ ਰੂਪ ਹਨ। ਅਰ ਜੋ ਪਹਿਲੀ ਅਵਸਥਾ ਮਾਮੂਲੀ ਜੀਵਾਂ ਵਾਲੀ ਸੀ ਸੋ ਭਗਤੀ ਮਾਰਗ ਦਾ ਪਰਤੱਖ ਨਮੂਨਾ ਬਣਨ ਲਈ ਸੀ। ਨਹੀਂ ਤਾਂ ਤੀਜੇ ਗੁਰਾਂ ਦੇ ਚਰਨ ਵਿਚ ਪਦਮ ਹੋਣ ਦਾ ਕੀ ਮਤਲਬ ਹੈ? ਦੂਜੇ ਗੁਰਾਂ ਨੂੰ ਪਹਿਲੋਂ ਹੀ 'ਆ ਭਾਈ ਲਹਿਣਾ ਤੂੰ ਲਹਿਣਾ ਤੇ ਅਸਾਂ ਦੇਣਾ' ਕਹਿਣ ਦਾ ਭਾਵ ਇਹੋ ਸੀ ਕਿ ਅਵਤਾਰ ਤਾਂ ਓਹ ਸੇ, ਪਰ ਉਪਰ ਕਥੇ ਪ੍ਰਯੋਜਨ ਲਈ ਹੋਰ ਜਾਮੇਂ ਵਿਚ ਸੇ। ਸੰਸਾਰ ਵਿਚ ਪਾਖੰਡ ਤੇ ਬ੍ਰਹਮ ਗਯਾਨ ਵੱਖਰਾ ਸੀ, ਸਚੀ ਭਗਤੀ ਨਹੀਂ ਸੀ ਅਰ ਉਹ ਬਿਨਾਂ ਨਮੂਨਾ ਦੱਸੇ ਦੇ ਫੈਲ ਨਹੀਂ ਸਕਦੀ ਸੀ) ੫.(ਗੁਰੂ ਅੰਗਦ ਜੀ) ਅੰਮ੍ਰਿਤ ਪੀਣ,(ਕਿਕੂੰ ਕਹਿੰਦੇ ਉਨ੍ਹਾਂ ਥੋਂ ਨਾਮ ਅੰਮ੍ਰਿਤ ਦੇ) ਝਰਣੇ ਵਹਿ ਤੁਰੇ। ਅਜਰ ਨੂੰ (ਫੇਰ) ਜਰਨ, ਨਾ ਸਹੀ ਜਾਣ ਵਾਲੀ ਦਾਤ ਨੂੰ ਉਹੋ ਰੂਪ ਹੋਣ ਕਰਕੇ ਸਹਿਣ (ਭਾਵ ਸਮਾਉਣ)। ੬.(ਫੇਰ ਉਸੇ ਗੱਲ ਦੀ ਪੁਸ਼ਟੀ ਹੈ) ਸਚ ਵਿਚ ਸਚ ਸਮਾ ਗਿਆ, (ਉਹੋ) ਗਾਡੀ ਰਾਹ ਸਾਧ ਸੰਗ ਦਾ ਵਹਿ ਰਿਹਾ (ਜਾਰੀ ਰਿਹਾ)। (ਭਾਵ ਗੁਰੂ ਅੰਗਦ ਜੀ ਸੱਚੇ ਸੇ। ਗੁਰੂ ਨਾਨਕ ਜੀ ਸੱਚ ਨੇ ਇਕ ਥਾਂ ਸਿਖੀ ਦੀ ਅਵਧੀ ਦੂਜੇ ਥਾਂ ਗੁਰਿਆਈ ਦੀ ਅਵਧੀ ਕਰ ਦਿਖਾਉਣੀ ਸੀ ਸੋ ਕਰ ਵਿਖਾਈ। ਜੇ ਅੰਗਦ ਜੀ ਸੱਚ ਪਹਿਲੇ ਹੀ ਸਨ ਤਾਂ ਸਚ ਨਾਨਕ ਨੇ ਮਥਾ ਟੇਕਕੇ ਚੇਲੇ ਨੂੰ ਗੁਰੂ ਕਿਹਾ, ਜੇ ਅੰਗਦ ਜੀ ਪਹਿਲਾਂ ਜੀਵ ਹੁੰਦੇ ਤਾਂ ਗੁਰੂ ਮੱਥਾ ਕਿਵੇਂ ਟੇਕਦਾ ? ਕਿਉਂਕਿ ਜਦੋਂ ਦਸਵੇਂ ਜਾਮੇ ਵਿਚ ਜੀਵਾਂ ਨੂੰ ਗੁਰਿਆਈ ਦੇਣ ਦਾ ਵੇਲਾ ਆਇਆ ਤਦ ਸਾਰੀ ਸਿੱਖੀ ਵਿਚੋਂ ਪੰਜ ਹਉਮੈ ਅਤੀਤ ਜੀਵ ਚੁਣੇ, ਉਨ੍ਹਾਂ ਨੂੰ ਅੰਮ੍ਰਿਤ ਨਾਲ ਤਦਰੂਪ ਕੀਤਾ, ਫੇਰ ਬੀ ਗੁਰਤਾਈ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਕਰਕੇ ਦਿੱਤੀ। ਇਕ ਨੂੰ ਸੁਤੰਤ੍ਰ ਗੁਰੂ ਪਦ ਨਹੀਂ ਮਿਲਿਆ ਕਿਉਂਕਿ ਉਹ ਗੁਰਅਵਤਾਰ ਨਹੀਂ ਸੇ। ਉਹ ਕਰਣੀ ਵਾਲੇ ਪੂਰਨ ਸਿਖ ਸੇ. ਪਹਲਾਂ ਹੀ ਪੈਰੀਂ ਪਦਮ ਲੈਕੇ ਨਹੀ ਅਵਤਰੇ ਸੇ)। ੭.ਬਾਬੇ (ਦੇ) ਸਰੂਪ (ਦਾ) ਪ੍ਰਕਾਸ਼ ਲਹਿਣਾ ਹੈ, (ਭਾਵ, ਬਾਬਾ ਭੀ ਪ੍ਰਕਾਸ਼ ਸਰੂਪ ਹੈ, ਲਹਿਣਾ ਬੀ ਪ੍ਰਕਾਸ਼ ਸਰੂਪ ਹੈ)

## ੭. (ਗੁਰੂ ਅੰਗਦ ਸਪੁਤ੍ਰ)।

੧. ਸਬਦੈ ਸਬਦੁ ਮਿਲਾਇਆ ਗੁਰਮੁਖਿ ਅਘੜੁ ਘੜਾਏ ਗਹਣਾ।
੨. ਭਾਇ ਭਗਤਿ ਭੈ ਚਲਣਾ ਆਪੁ ਗਵਾਇ ਨ ਖਲਹਲੁ ਖਹਣਾ।
੩. ਦੀਨ ਦੁਨੀ ਦੀ ਸਾਹਿਬੀ ਗੁਰਮਖਿ ਗੋਸ ਨਸੀਨੀ ਬਹਣਾ।
੪. ਕਾਰਣ ਕਰਣ ਸਮਰਥ ਹੈ ਹੋਇ ਅਛਲੁ ਛਲ ਅੰਦਰਿ ਛਹਣਾ।
੫. ਸਤੁ ਸੰਤੋਖੁ ਦਇਆ ਧਰਮ ਅਰਥ ਵੀਚਾਰਿ ਸਹਜਿ ਘਰਿ ਘਹਣਾ।
੬. ਕਾਮ ਕ੍ਰੋਧੁ ਵਿਰੋਧੁ ਛਡਿ ਲੋਭ ਮੋਹੁ ਅਹੰਕਾਰਹੁ ਤਹਣਾ।
੭. ਪੁਤੁ ਸਪੁਤੁ ਬਬਾਣੇ ਲਹਣਾ ॥੭॥

**ਪਦਾਰਥ**-(ਖਲਹਲੁ=ਖੜਬੜਾਟ। ਗੋਸ ਨਸੀਨੀ=ਏਕਾਂਤ ਸੇਵਨ। ਛਹਣਾ=ਛਪਣਾ। (ਘਹਣਾ=ਘਸਾਉਣਾ। ਤਹਣਾ=ਤ੍ਰੱਸਨਾ=ਨੱਸਣਾ।

**ਅਰਥ**-੧.ਸ਼ਬਦ ਵਿਖੇ ਸ਼ਬਦ ਮਿਲਾਇਆ (ਦੇਖੋ ਹੁਣ) ਗੁਰਮੁਖ ਅਘੜ ਗਹਿਣਾ ਘੜਾਉਂਦਾ ਹੈ (ਭਾਵ ਗੁਰੂ ਅੰਗਦ ਜੋ ਅਗੇ ਘੜਿਆ ਹੋਇਆ ਹੈ, ਜਿਸਦਾ ਹੁਣ ਕੀ ਘੜਨਾ ਹੈ, ਉਸ ਨੂੰ ਗੁਰੂ ਨਾਨਕ ਘੜਦਾ ਹੈ, ਇਹੋ ਅਚਰਜ ਨੂੰ ਅਚਰਜ ਮਿਲਿਆ! ਹੁਣ ਘੜਨ ਦਾ ਪ੍ਰਕਾਰ ਦੱਸਦੇ ਹਨ ਕਿ ਕਿੱਕੁਰਾਂ?) ੨.ਪ੍ਰੇਮਾ ਭਗਤੀ ਅਤੇ ਭੈ ਵਿਖੇ ਚਲਿਆ, ਆਪਾ ਭਾਵ ਗਵਾ ਕੇ ਖੜਬੜਾਟ ਵਿਚ ਨਾਂ ਖਪਿਆ, (ਅਨਿੰਨ ਭਗਤੀ ਕੀਤੀ)। ੩.('ਦੀਨ ਦੁਨੀ' ਦੀ ਅਰਥਾਤ) ਲੋਕ ਪਰਲੋਕ ਦੀ ਸਾਹਿਬੀ (ਪਾਸ ਹੋਵੇ ਫੇਰ) ਗੁਰਮੁਖ ਹੋਕੇ ਏਕਾਂਤ ਬਹਿਣਾ (ਕੀਤਾ)। ੪.ਕਰਣ ਕਾਰਣ ਸਮਰਥ ਹੋਕੇ, ਅਛਲ ਹੋਕੇ, ਛਲ ਰੂਪ ਦੁਨੀਆਂ ਵਿਖੇ ਛਿਪਿਆ ਰਿਹਾ,। ੫.ਸਤਿ ਸੰਤੋਖਾਦਿਕ ਗੁਣਾ ਵਿਖੇ ਧਰਮ ਤੇ ਅਰਥ ਨੂੰ ਵੀਚਾਰਕੇ ਸਹਜ ਘਰ ਵਿਖੇ ਪ੍ਰਵੇਸ਼ ਹੋਏ। ੬.ਕਾਮ ਕ੍ਰੋਧ, ਵਿਰੋਧ ਛੱਡਕੇ ਲੋਭ, ਮੋਹ, ਹੰਕਾਰ ਨੂੰ ਤਾਹ ਦੇਣਾ (ਇਹ ਸਹਿਜ ਦਾ ਸਰੂਪ ਹੈ, ਪਹਿਲੇ ਸਹਿਜ ਦਾ ਵਿਧਿ ਸਰੂਪ ਵਿਚ ਰੂਪ ਕਿਹਾ ਸੀ-ਸਤ, ਸੰਤੋਖ, ਦਇਆ, ਧਰਮ, ਅਰਥ, ਵੀਚਾਰ ਹੋਣ, ਹੁਣ ਨਿਖੇਧੀ ਰੂਪ ਕਿਹਾ ਨੇ-ਕਾਮ, ਕ੍ਰੋਧ, ਵਿਰੋਧ, ਲੋਭ, ਮੋਹ, ਹੰਕਾਰ ਦਾ ਅਭਾਵ ਹੋਣ)। ੭.ਅਜਿਹੇ ਸਪੁੱਤ੍ਰ ਪੁੱਤ੍ਰ ਬਾਬੇ (ਦੇ ਘਰ) ਵਿਖੇ 'ਲਹਿਣਾ' ਜੀ ਹੋਏ।

## ੮. (ਗੁਰ ਅੰਗਦ ਸਪੁਤ੍ਰ)।

੧. ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
੨. ਜੋਤੀ ਜੋਤਿ ਜਗਾਈਆਨੁ ਦੀਵੇ ਤੇ ਜਿਉ ਦੀਵਾ ਬਲਿਆ।
੩. ਹੀਰੈ ਹੀਰਾ ਬੇਧਿਆ ਛਲੁ ਕਰਿ ਅਛਲੀ ਅਛਲੁ ਛਲਿਆ।
੪. ਕੋਈ ਬੁਝਿ ਨ ਹੰਘਈ ਪਾਣੀ ਅੰਦਰਿ ਪਾਣੀ ਰਲਿਆ।
੫. ਸਚਾ ਸਚੁ ਸੁਹਾਵੜਾ ਸਚੁ ਅੰਦਰਿ ਸਚੁ ਸਚਹੁ ਢਲਿਆ।
੬. ਨਿਹਚਲੁ ਸਚਾ ਤਖਤੁ ਹੈ ਅਬਿਚਲ ਰਾਜ ਨ ਹਲੈ ਹਲਿਆ।
੭. ਸਚ ਸਬਦੁ ਗੁਰਿ ਸਉਪਿਆ ਸਚ ਟਕਸਾਲਹੁ ਸਿਕਾ ਚਲਿਆ।
੮. ਸਿਧ ਨਾਥ ਅਵਤਾਰ ਸਭ ਹਥ ਜੋੜਿਕੈ ਹੋਏ ਖਲਿਆ।
੯. ਸਚਾ ਹੁਕਮੁ ਸੁ ਅਟਲੁ ਨ ਟਲਿਆ ॥੮॥

**ਪਦਾਰਥ**-(ਅੰਗੁ=ਸਰੀਰ। ਹੰਘਈ=ਸਕਨਾ। ਸਚਹੁ ਢਲਿਆ=ਸਚਖੰਡ ਥੋਂ ਉਤਰਿਆ। (ਅਬਿਚਲ=ਨਾ ਹਿਲੱਣ ਵਾਲਾ। ਸਿੱਕਾ=ਮੁਹਰ।

**ਅਰਥ**-੧.ਗੁਰੂ ਅੰਗਦ (ਅਰਥਾਤ) ਗੁਰੂ (ਨਾਨਕ) ਦੇ ('ਅੰਗ') ਸਰੀਰ ਰੂਪੀ ਅੰਮ੍ਰਿਤ ਬਿਰਖ ਤੋਂ ਅੰਮ੍ਰਿਤ ਦਾ ਫਲ ਫਲਿਆ। ੨.(ਜੋਤ ਰੂਪ ਗੁਰੂ ਨਾਨਕ ਨੇ ਆਪਣੀ) ਜੋਤ ਤੋਂ ਜੋਤ ਜਗਾਕੇ (ਮਾਨੋਂ) ਦੀਵੇ ਤੋਂ ਦੀਵਾ ਬਾਲਿਆ। ੩.(ਆਪਣੇ ਸ਼ਬਦ ਦੇ) ਹੀਰੇ ਨਾਲ (ਮਨ ਰੂਪੀ) ਹੀਰਾ ਬੇਧਿਆ (ਮਾਨੋਂ) ਜਾਦੂ ਕਰਕੇ 'ਅਛਲੀ' (ਬਾਬਾ ਨਾਨਕ) ਨੇ 'ਅਛਲ' (ਅੰਗਦ) ਨੂੰ ਛਲ ਲੀਤਾ, (ਭਾਵ ਵਸੀਕਾਰ ਹੇਠ ਕਰ ਲੀਤਾ)। ੪.ਕੋਈ ਸਮਝ ਨੀਂ ਸਕਦਾ ਮਾਨੋਂ ਪਾਣੀ ਵਿਚ ਪਾਣੀ ਮਿਲ ਗਿਆ ਹੈ। ੫.ਸੱਚਾ (ਸੱਚ ਧਾਰਨ ਵਾਲਾ ਅਰ) ਸੱਚ ਸਦਾ ਹੀ ਸੁਹਾਵੜੇ ਹਨ, ਸੱਚ ਤੋਂ ਸੱਚ ਵਿਚ ਢਲਿਆ। (ਸੱਚ ਗੁਰੂ ਨਾਨਕ, ਸੱਚ ਗੁਰੂ ਅੰਗਦ, ਸੱਚ ਦੋਹਾਂ ਦਾ ਸੰਬੰਧ)। ੬.(ਇਸ ਕਰਕੇ 'ਨਿਹਚਲ') ਅਚਲ ਸੱਚਾ ਤਖਤ ਹੈ, ਅਟੱਲ ਰਾਜ ਹੈ, ਕਿਸੇ ਦਾ ਹਿਲਾਇਆ ਹਿਲ ਨਹੀਂ ਸਕਦਾ! ੭.ਸੱਚ ਸਬਦ' (ਸਤਿਨਾਮ ਕਰਤਾ ਪੁਰਖ) ਗੁਰੂ (ਨਾਨਕ) ਨੇ ਸਉਂਪਿਆ ਹੈ, ਜੋ ਸੱਚੀ ਟਕਸਾਲ ਥੋਂ 'ਸਿੱਕਾ' ਤੁਰ

ਪਿਆ। ੮.ਸਿੱਧ, ਨਾਥ, (ਸਾਰੇ) ਅਵਤਾਰ, ਹੱਥ ਜੋੜਕੇ ਖਲੋ ਗਏ (ਅਰ ਕਹਿਣ ਲੱਗੇ:-) ੯.(ਆਪ ਦੀ) ਆਗਯਾ ਸੱਚੀ ਅਰ ਅਟੱਲ ਹੈ, ਕਦੀ ਟਾਲੀ ਨਹੀਂ ਜਾਵੇਗੀ (ਅਸੀਂ ਸਾਰੇ ਆਪਦੇ ਅਧੀਨ ਹਾਂ)।

**ਭਾਵ**-ਇਥੇ ਬੀ ਉਹੋ ਬਾਤ ਹੈ, ਗੁਰੂ ਅੰਗਦ ਨੂੰ ਤੇ ਗੁਰੂ ਨਾਨਕ ਦੁਹਾਂ ਨੂੰ ਅਛਲ ਕਹਿਣਾ, ਦੋਹਾਂ ਨੂੰ ਸੱਚ ਕਹਿਣਾ, ਦੋਹਾਂ ਦੇ ਮੇਲ ਪਰ ਕਹਿਣਾ ਕਿ ਕੋਈ ਨਹੀਂ ਸਮਝ ਸਕਦਾ, ਸਾਫ ਸਿੱਧ ਕਰਦਾ ਹੈ ਕਿ ਭਾਈ ਸਾਹਿਬ ਜੀ ਦੋਹਾਂ ਨੂੰ ਪੂਰਨ ਅਵਤਾਰ ਸਿੱਧ ਕਰ ਰਹੇ ਹਨ। ਕੇਵਲ ਫਰਜ਼ ਜੁਦਾ ਸੇ, ਇਕ ਨੇ ਗੁਰਿਆਈ ਦਾ ਨਮੂਨਾ ਦੱਸਕੇ ਝੂਠੇ ਗੁਰੂ ਆਗੂਆਂ ਤੋਂ ਤ੍ਰਹਕਿਆਂ ਹੋਇਆਂ ਨੂੰ ਖਿੱਚਣ ਦਾ ਕੇਂਦਰ ਬਣਨਾ ਸੀ, ਦੂਏ ਨੇ ਖਿੱਚੇ ਜਾਣ ਦੀ ਭਗਤੀ ਦਾ ਮੁਕੰਮਲ ਨਮੂਨਾ ਜਗਤ ਨੂੰ ਦੱਸਣਾ ਸੀ ਕਿ ਐਉਂ ਭਗਤੀ ਕਰੀਦੀ ਹੈ।

## ੯. (ਗੁਰੂ ਅਮਰਦਾਸ)।

੧. ਅਛਲੁ ਅਛੇਦੁ ਅਭੇਦੁ ਹੈ ਭਗਤਿ ਵਛਲ ਹੋਇ ਅਛਲੁ ਛਲਾਇਆ।
੨. ਮਹਿਮਾ ਮਿਤਿ ਮਰਿਜਾਦ ਲੰਘਿ ਪਰਮਿਤਿ ਪਾਰਾਵਾਰੁ ਨ ਪਾਇਆ।
੩. ਰਹਰਾਸੀ ਰਹਰਾਸਿ ਹੈ ਪੈਰੀ ਪੈ ਜਗੁ ਪੈਰੀ ਪਾਇਆ।
੪. ਗੁਰਮੁਖਿ ਸੁਖਫਲੁ ਅਮਰ ਪਦੁ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲ ਲਾਇਆ।
੫. ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਉਪਾਇ ਸਮਾਇਆ।
੬. ਵਰਤਮਾਨ ਵੀਹਿ ਵਿਸਵੇ ਹੋਇ ਇਕੀਹ ਸਹਜਿ ਘਰਿ ਆਇਆ।
੭. ਸਚਾ ਅਮਰੁ ਅਮਹਿ ਵਰਤਾਇਆ ॥੯॥

**ਪਦਾਰਥ**-(ਅਛਲੁ ਛਲਾਇਆ=ਅਛਲ ਹੋਕੇ ਛਲਿਆ ਗਿਆ।
(ਰਹਰਾਸੀ ਰਹਰਾਸਿ=ਰਾਹਰੀਤਾਂ ਵਿਚੋਂ ਰਾਹਰੀਤ, ਸੱਚਾ ਰਾਹ।
(ਵਰਤਮਾਨ=ਸੰਸਾਰ। ਇਕੀਹ=ਇਕ ਦੀ 'ਈਹਾ' ਇੱਛਾ ਰੱਖਕੇ।
(ਅਮਰੁ=ਅਮਰਦਾਸ। ਅਮਰਿ=ਹੁਕਮ।

**ਅਰਥ**-(ਗੁਰੂ ਅਮਰਦਾਸ ਨੇ ਸੱਚਾ 'ਅਮਰ' ਹੁਕਮ ਵਰਤਾਇਆ ਹੈ। ਪਹਿਲੀ ਤੋਂ ਲੈ ਛੀਵੀਂ ਤੁਕ ਤੀਕ ਇਸ ਦਾ ਅਨੁਵਾਦ ਕਰਦੇ ਹਨ)। ੧.ਅਛਲ, ਅਛੇਦ, ਅਭੇਦ ਭਗਤ ਵਛਲ (ਆਦਿ) ਹੋਕੇ ਛਲਿਆ ਗਿਆ (ਭਾਵ ਭਗਤਾਂ ਦੇ ਅਧੀਨ ਹੋਕੇ ਗੁਰੂ ਅਵਤਾਰ ਕਲਿਜੁਗ ਵਿਖੇ ਧਾਰਨ ਕੀਤਾ)। ੨.ਮਹਿਮਾ ਹੱਦ ਅਰ ਮਰਿਜਾਦਾ ਥੋਂ ਲੰਘ ਗਈ, ਮਿਣਤੀ ਤੋਂ ਪਾਰ ਹੋਣ ਕਰਕੇ ਪਾਰਾਵਾਰ ਕਿਸੇ ਨਹੀਂ ਪਾਇਆ। ੩.ਸਿੱਧੇ ਰਸਤਿਆਂ ਵਿਚੋਂ ਸਿੱਧਾ ਰਸਤਾ ਮਾਂ ਰਹੁਰੀਤ ਗੁਰੂ ਦੀ ਹੈ, ਆਪ (ਗੁਰੂ ਅੰਗਦ ਦੀ) ਪੈਰੀਂ ਪੈਕੇ ਜਗਤ ਨੂੰ ਪੈਰੀਂ ਪਾਇਆ। ੪.ਗੁਰੂਦ੍ਵਾਰੇ ਸੁਖ ਫਲ ਅਮਰ ਪਦ (ਪਾਯਾ) ਅੰਮ੍ਰਿਤ ਬਿਰਖ ਨੂੰ ਅੰਮ੍ਰਿਤ ਫਲ ਲਗਾ, (ਭਾਵ ਦੂਜੀ ਪਾਤਸ਼ਾਹੀ ਤੋਂ ਤੀਜੀ ਤੁਰੀ)। ੫.ਗੁਰੂ ਚੇਲਾ (ਹੋਯਾ ਤੇ) ਚੇਲਾ ਗੁਰੂ ਹੋਯਾ, ਪੁਰਖ ਤੋਂ ਪੁਰਖ ਉਪਾਕੇ (ਪਹਿਲਾ) ਪੁਰਖ (ਗੁਰੂ ਅੰਗਦ ਤਦ) ਸਮਾਇਆ। ੬.(ਜਗਤ) ਵੀਹ ਵਿਸਵੇ ਵਿਚ ਵਰਤਮਾਨ ਹੈ (ਗੁਣਾਂ ਦੇ ਅਧੀਨ ਹੈ), (ਗੁਰੂ ਅਮਰ ਇਕ ਇੱਛਾ ਵਾਲੇ ਯਾ) ਤੁਰੀਆ ਆਰੂੜ੍ਹ ਹੋਕੇ ਸਹਜ ਘਰ ਆ ਗਏ। ੭.(ਸਚੇ ਗੁਰੂ) ਅਮਰ ਨੇ ਸੱਚਾ ਹੁਕਮ ਤੋਰਿਆ।

**ਭਾਵ**-ਗੁਰੂ ਅਮਰ ਦਾਸ ਜੀ ਦੀ ਮਹਿਮਾਂ ਬੀ ਉਸੇ ਤਰ੍ਹਾਂ ਹੈ। ਕਹਿੰਦੇ ਹਨ ਅੰਮ੍ਰਿਤ ਬਿਰਖ ਨੂੰ ਅੰਮ੍ਰਿਤ ਫਲ ਲੱਗਾ, ਇਸ ਤੋਂ ਸਾਫ ਸਿਧ ਹੈ ਕਿ ਉਹ ਪਹਿਲੇ ਭੀ ਅਵਤਾਰ ਹੀ ਸੇ, ਸਿਰਫ ਇਹ ਢੰਗ ਨਿਰਾਲਾ ਸੀ ਕਿ ਅਵਤਾਰ ਹੋਕੇ ਪਰਦਾ ਤਾਣੀ ਰਹੇ, ਤਾਂ ਜੋ ਭਗਤ ਪੰਥ ਮੁਕੰਮਲ ਦਾ ਨਮੂਨਾ ਪੇਸ਼ ਕਰੇ। ਗੁਰੂ ਅਮਰਦਾਸ ਜੀ ਦੇ ਚਰਨੀ ਅਵਤਾਰਤਾ ਦਾ ਚਿੰਨ੍ਹ ਪਦਮ ਵੀ ਕਹਿੰਦੇ ਹਨ ਕਿ

ਪਹਿਲੋਂ ਤੋਂ ਹੀ ਹੈਸੀ।

## ੧੦. (ਗੁਰੂ ਅਮਰਦਾਸ)।

੧. ਸਬਦੁ ਸੁਰਤਿ ਪਰਚਾਇਕੈ ਚੇਲੇ ਤੇ ਗੁਰੁ ਗੁਰੁ ਤੇ ਚੇਲਾ।
੨. ਵਾਣਾ ਤਾਣਾ ਆਖੀਐ ਸੁਤੁ ਇਕੁ ਦੁਇ ਕਪੜੁ ਮੇਲਾ।
੩. ਦੁਧਹੁ ਦਹੀ ਵਖਾਣੀਐ ਦਹੀਅਹੁ ਮਖਣੁ ਕਾਜੁ ਸੁਹੇਲਾ।
੪. ਮਿਸਰੀ ਖੰਡੁ ਵਖਾਣੀਐ ਜਾਣੁ ਕਮਾਦਹੁ ਰੇਲਾ ਪੇਲਾ।
੫. ਖੀਰਿ ਖੰਡੁ ਘਿਉ ਮੇਲਿ ਕਰਿ ਅਤਿ ਵਿਸਮਾਦੁ ਸਾਦ ਰਸ ਕੇਲਾ।
੬. ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗ ਸੁਹੇਲਾ।
੭. ਪੋਤਾ ਪਰਵਾਣੀਕੁ ਨਵੇਲਾ ॥੧੦॥

**ਪਦਾਰਥ**-(ਵਾਣਾ=ਪੇਟਾ। ਕਾਜੁ ਸੁਹੇਲਾ=ਹਰ ਕੰਮੀਂ ਸ਼ੋਭਨੀਕ। ਰੇਲਾ ਪੇਲਾ=ਗੁੜ ਸ਼ੱਕਰ। (ਰਸ ਕੇਲਾ=ਰਸ ਲੈਂਦੇ ਹਨ। ਸੁਰੰਗ=ਲਾਲ ਰੰਗ। ਸੁਹੇਲਾ=ਸੁਹਣਾ। (ਨਵੇਲਾ=ਨਵਾਂ ਜਾਂ ਨਾਦੀ, ਸੁਹਣਾ।

**ਅਰਥ**-੧.ਸ਼ਬਦ ਦੀ ਸੁਰਤ ਵਿਖੇ (ਮਨ ਨੂੰ) ਪਰਚਾਕੇ ਚੇਲਾ ਤੋਂ ਗੁਰੂ ਤੇ ਗੁਰੂ ਤੋਂ ਚੇਲਾ (ਇਕ ਰੂਪ ਹੋ ਗਏ)। ੨.ਜਿੱਕੁਰ ਪੇਟਾ ਅਤੇ ਤਾਣਾ (ਵਖੋ ਵਖ ਨਾਉਂ) ਕਹੀਦੇ ਹਨ ਸੂਤ ਇਕੋ ਹੈ ਜੋ ਮਿਲ ਕਰ ਕੱਪੜਾ ਹੁੰਦਾ ਹੈ (ਭਾਵ ਗੁਰੂ ਨਾਨਕ ਤੇ ਅੰਗਦ ਮਿਲਕੇ ਗੁਰੂ ਅਮਰ ਨਾਮ ਹੋਇਆ)। ੩.ਦੁੱਧ ਥੋਂ ਦਹੀ, ਦਹੀ ਤੋਂ ਮਖਣ ਨਿਕਲਕੇ ਸਾਰੇ ਕੰਮੀਂ ਸੋਭਦਾ ਹੈ। ੪.ਫੇਰ ਕਮਾਦ ਥੋਂ (ਰੋਲਾ ਪੇਲਾ) ਗੁੜ ਸ਼ੱਕਰ ਹੁੰਦੀ ਹੈ, ਉਸੇ ਥੋਂ ਮਿਸ਼ਰੀ ਖੰਡ ਨਿਕਲਦੀ ਹੈ। ੫.ਖੀਰ, (ਦੁਧ), ਖੰਡ, ਅਰ ਘਿਉ ਮਿਲਕੇ ਵਡੇ ਅਚਰਜ ਰਸ ਵਾਲੀ (ਤਸ਼ਮਈ ਬਣਦੀ ਹੈ) ਜਿਸ ਤੋਂ ਰਸ ਲੈਂਦੇ ਹਨ। ੬.ਪਾਨ, ਸੁਪਾਰੀ, ਤੇ ਕੱਥਾ ਮਿਲਕੇ ਚੂਨੇ ਦਾ (ਸੁਰੰਗ) ਲਾਲ ਰੰਗ ਸੁਹਣਾ ਲਿਕਲਦਾ ਹੈ। ੭.(ਗੁਰੂ ਨਾਨਕ ਜੀ ਦਾ) ਪ੍ਰਮਾਣੀਕ ਪੋਤ੍ਰਾ (ਗੁਰੂ ਅਮਰ) ਸੁਹਣਾ ਹੋਇਆ (ਅਥਵਾ ਨੌਤਨ=ਨਾਦੀ ਪੋਤ੍ਰਾ ਹੈ)।

## ੧੧.(ਗੁਰੂ ਅਮਰਦਾਸ)।

੧. ਤਿਲਿ ਮਿਲਿ ਫੁਲ ਅਮੁਲ ਜਿਉ ਗੁਰ ਸਿਖ ਸੰਧਿ ਸੁਗੰਧਿ ਫੁਲੇਲਾ।
੨. ਖਾਸਾ ਮਲਮਲਿ ਸਿਰੀਸਾਫੁ ਸਾਹ ਕਪਾਹ ਚਲਤ ਬਹੁ ਖੇਲਾ।
੩. ਗੁਰ ਮੂਰਤਿ ਗੁਰੁ ਸਬਦੁ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।
੪. ਦੁਨੀਆ ਕੂੜੀ ਸਾਹਿਬੀ ਸਚ ਮਣੀ ਸਚ ਗਰਬਿ ਗਹੇਲਾ।
੫. ਦੇਵੀ ਦੇਵ ਦੁੜਾਇਅਨੁ ਜਿਉ ਮਿਰਗਾਵਲਿ ਦੇਖਿ ਬਘੇਲਾ।
੬. ਹੁਕਮਿ ਰਜਾਈ ਚਲਣਾ ਪਿਛੇ ਲਗੇ ਨਕਿ ਨਕੇਲਾ।
੭. ਗੁਰਮੁਖਿ ਸਚਾ ਅਮਰਿ ਸੁਹੇਲਾ ॥੧੧॥

**ਪਦਾਰਥ**-(ਫੁਲੇਲਾ=ਚੰਬੇਲੀ। ਸੰਧਿ=ਮਿਲੌਨੀ। ਸਿਰੀਸਾਫੁ=ਕੱਪੜਾ ਇਕ ਤਰ੍ਹਾਂ ਦਾ। (ਸਾਹ=ਪਾਤਸ਼ਾਹ। ਸਚ ਮਣੀ=ਸਚੇ। ਸਚ ਗਰਬਿ=ਸੱਚਾ ਮਦ। (ਗਹੇਲਾ=ਮਸਤ। ਬਘੇਲਾ=ਸ਼ੇਰ। ਨਕੇਲਾ=ਨੱਕ ਦੀ ਲਗਾਮ।

**ਅਰਥ**-੧.ਤਿਲਾਂ ਦਾ ਫੁੱਲਾਂ ਨਾਲ ਮਿਲਣ ਕਰਕੇ ਅਮੋਲਕ ਸੁਗੰਧਿ ਵਾਲਾ ਫੁਲੇਲ ਬਣਦਾ ਹੈ, (ਤਿਵੇਂ ਹੀ) ਸਿਖ ਗੁਰੂ ਦੀ ਮਿਲੌਨੀ ਨਾਲ ਹੋ ਜਾਂਦਾ ਹੈ। ੨.ਖਾਸਾ, ਮਲਮਲ; ਸਿਰੀਸਾਫ ਆਦਿ

ਕੱਪੜਿਆਂ ਦੇ ਬਾਹਲੇ ਖੇਲ ਕਪਾਹ ਦੇ (ਹੀ ਰੂਪ ਹਨ ਤਿਹਾ ਹੀ) 'ਸਾਹ' (ਬ੍ਰਹਮ) ਦੇ 'ਚਲਿਤ' (ਕੌਤਕ) ਅਚਰਜ ਰੂਪ ਹਨ। ੩.ਗੁਰੂ ਦੀ ਮੂਰਤੀ ਗੁਰੂ ਦਾ ਸ਼ਬਦ ਹੈ (ਸ਼ਬਦ ਕਿਥੋਂ ਪ੍ਰਾਪਤ ਹੁੰਦਾ ਹੈ?) ਸਾਧ ਸੰਗਤ ਵਿਖੇ ਅੰਮ੍ਰਿਤ ਵੇਲੇ ਮਿਲੋ (ਭਾਵ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਆਸਾ ਦੀ ਵਾਰ ਸੁਣੋਂ)। (ਗੁਰੂ ਕਿਹੋ ਜਿਹੇ ਹਨ?) ੪.ਦੁਨੀਆਂ ਦੀ ਝੂਠੀ ਸਾਹਿਬੀ (ਜਾਣਦੇ ਹਨ) ('ਸਚਮਣੀ' ਅਰਥਾਤ) ਸੱਚੇ ਮਦ ਵਾਲੇ 'ਸੱਚੇ ਮਦ' ਵਿਖੇ ਮਸਤ ਹਨ। ੫.ਦੇਵੀਆਂ ਦੇਵਤੇ (ਗੁਰੂ ਪ੍ਰਤਾਪ ਦੇਖਕੇ ਇਉਂ) ਨੱਠ ਗਏ ਜਿੱਕੁਰ ਸ਼ੇਰ ਨੂੰ ਦੇਖਕੇ ਮਿਰਗਾਂ ਦੀ ਡਾਰ (ਰਫੂ ਚੱਕ੍ਰ ਹੋ ਜਾਂਦੀ ਹੈ)। ੬.ਰਜ਼ਾਈ (ਗੁਰੂ) ਦੇ ਹੁਕਮ ਵਿਖੇ ਪਿੱਛੇ ਲਗ ਕੇ ਇਉਂ ਤੁਰਦੇ ਹਨ (ਮਾਨੋਂ) ਨੱਕ ਨਕੇਲ (ਪ੍ਰੇਮ ਦੀ ਪਈ ਹੋਈ) ਹੈ। ੭.ਸੱਚਾ ਗੁਰਮੁਖ ਗੁਰੂ ਅਮਰਦਾਸ ਸੁਖ ਸਰੂਪ ਹੈ।

**ਭਾਵ**-ਜਿਕੂੰ ਫੁਲਾਂ ਦੀ ਵਾਸ਼ਨਾ ਤੇ ਫੁਲੇਲ ਦੀ ਵਾਸ਼ਨਾ ਇਕੋ ਖਜ਼ਾਨੇ ਦੀ ਇਕੋ ਸ਼ੈ ਦੋ ਥਾਈਂ ਵਸ ਰਹੀ ਹੈ, ਜਿਕੂ ਇਕ ਕਪਾਹ, ਖਾਸੇ, ਮਲਮਲ, ਸਿਰੀਸਾਫ ਸਭਨਾਂ ਵਿਚ ਵਸ ਰਹੀ ਹੈ, ਇਸ ਤਰ੍ਹਾਂ ਇਕੋ ਜੋਤ ਨਾਨਕ ਅੰਗਦ ਅਮਰ ਰੂਪ ਹੋਕੇ ਗੁਰਜਾਈ ਕਰ ਰਹੀ ਹੈ। ਉਸ ਗੁਰੂ ਦੀ ਪ੍ਰਾਪਤੀ ਸਾਧ ਸੰਗਤ ਵਿਚ ਹੈ, ਅਰ ਗੁਰੂ ਦੀ ਸਰੀਰਕ ਮੂਰਤ ਤੋਂ ਛੁਟ ਸ਼ਬਦ ਬੀ ਗੁਰੂ ਦੀ ਮੂਰਤ ਹੈ, ਜਿਨ੍ਹਾਂ ਨੂੰ ਏਹ ਪ੍ਰਾਪਤ ਹੈ, ਉਹ ਦੁਨੀਆ ਦੀ ਸਾਹਿਬੀ ਨੂੰ ਕੂੜ ਜਾਣਦੇ ਹਨ, ਓਹ ਸਚੀ ਮਣੀ ਸੱਚੇ ਮਦ (ਨਾਮ ਰਸ) ਵਿਚ ਸੱਚੇ ਗਰਬ (ਚੜ੍ਹਦੀਆਂ ਕਲਾਂ) ਵਿਚ ਖੇਡਦੇ ਹਨ। ਦੇਵੀ ਦੇਵਤੇ ਉਨ੍ਹਾਂ ਦੇ ਪ੍ਰਤਾਪ ਦੇ ਅੱਗੇ ਕੁਛ ਸ਼ੈ ਨਹੀਂ, ਮਗਰ ਨੱਠੇ ਫਿਰਦੇ ਹਨ, ਗੁਰੂ ਅਮਰਦਾਸ ਜੀ ਸੱਚੇ ਗੁਰੂ ਸਦਾ ਆਨੰਦ ਗੁਰਮੁਖ ਰੂਪ ਵਿਚ ਪ੍ਰਕਾਸ਼ ਰਹੇ ਹਨ।

## ੧੨. (ਗੁਰੂ ਅਮਰਦਾਸ)।

੧. ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ।
੨. ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ।
੩. ਖੋਲਿ ਖਜਾਨਾ ਸਬਦੁ ਦਾ ਸਾਧ ਸੰਗਤਿ ਸਚੁ ਮੇਲਿ ਮਿਲਾਇਆ।
੪. ਗੁਰ ਚੇਲਾ ਪਰਵਾਣੁ ਕਰਿ ਚਾਰਿ ਵਰਨ ਲੈ ਪੈਰੀ ਪਾਇਆ।
੫. ਗੁਰਮੁਖਿ ਇਕੁ ਧਿਆਈਐ ਦੁਰਮਤਿ ਦੂਜਾ ਭਾਉ ਮਿਟਾਇਆ।
੬. ਕੁਲਾ ਧਰਮ ਗੁਰਸਿਖ ਸਭ ਮਾਇਆ ਵਿਚਿ ਉਦਾਸੁ ਰਹਾਇਆ।
੭. ਪੂਰੇ ਪੂਰਾ ਥਾਟੁ ਬਣਾਇਆ॥੧੨॥

**ਪਦਾਰਥ**-(ਅਮਰ=ਹੁਕਮ। ਬੈਹਣਾ=ਸਿੰਘਾਸਣ। ਕੁਲਾ ਧਰਮ=ਕੁਲ ਦਾ ਧਰਮ। ਥਾਟੁ=ਬਣਾਉ।

**ਅਰਥ**-੧.ਸਤਿਗੁਰੂ (ਅੰਗਦ) ਤੋਂ ਸਤਿਗੁਰੂ (ਗੁਰੂ) ਅਮਰਦਾਸ ਹੋਇਆ ਅਰ ਅਚਰਜ ਹੁਕਮ (ਅਥਵਾ ਖੇਲ) ਵਰਤਾਇਆ।੨.ਸੋਈ ਰਾਜ ਤਿਲਕ, ਸੋਈ ਸਿੰਘਾਸਣ, ਸੋਈ ਸਚੇ (ਨਾਮ ਦਾ) ਹੁਕਮ ਚਲਾਇਆ। ੩.'ਸ਼ਬਦ ਦਾ ਖਜ਼ਾਨਾ' ਖੋਲ੍ਹ ਕੇ ਸਾਧ ਸੰਗਤ ਦਾ ਸੱਚਾ ਮੇਲ ਮਿਲਾ ਦਿਤਾ। ੪.ਚੇਲੇ ਨੂੰ ਗੁਰੂ ਨੇ ਪ੍ਰਮਾਣੀਕ ਕਰਕੇ ਚਾਰੇ ਵਰਣ ਲੈਕੇ (ਉਸਦੇ) ਚਰਣੀ ਲਾਏ। ੫.(ਚਾਰ ਵਰਨ ਕਿਹੜੇ ਜੋ ਖਹਿ ਖਹਿ ਮਰ ਰਹੇ ਸਨ? ਉੱਤਰ :- ਨਹੀਂ ਓਹ ਚਾਰ ਵਰਨਾਂ ਦੇ ਸਿਖ ਜਿਨ੍ਹਾਂ ਨੇ) ਖੋਟੀ ਬੁੱਧੀ ਵਾਲਾ ਦੂਜਾ ਭਾਉ ਮਿਟਾਕੇ ਗੁਰਮੁਖ ਹੋਕੇ ਇਕ (ਵਾਹਿਗੁਰੂ ਦੀ) ਅਰਾਧਨਾ ਕੀਤੀ ਸੀ। ੬.(ਫੇਰ ਕੇਹੜੇ ਸਿੱਖ, ਜੋ ਆਪਣੀਆਂ ਕੁਲਾਂ ਤੇ ਵਰਨ ਆਸ਼੍ਰਮ ਦੇ ਧਰਮਾਂ ਵਿਚ ਫਸੇ ਪਏ ਸਨ? ਉੱਤਰ: ਨਹੀਂ) ਸਾਰਿਆਂ ਸਿੱਖਾਂ ਦਾ ਕੁਲਾ ਧਰਮ (ਹੁਣ ਇਹ ਹੈ ਕਿ ਸਭ ਨੂੰ) ਮਾਯਾ ਵਿਚ ਉਦਾਸ ਰਖਿਆ। ੭.ਪੂਰੇ (ਗੁਰੂ ਅੰਗਦ ਜੀ ਨੇ ਆਪਣੇ ਸਚਖੰਡ ਪਯਾਨੇ ਤੋਂ ਮਗਰੋਂ ਲਈ) ਪੂਰਨ ਗੁਰੂ ਦਾ ਇੰਤਜ਼ਾਮ ਬਣਾ ਦਿਤਾ।

## ੧੩. (ਗੁਰੂ ਅਮਰਦਾਸ)।

੧. ਆਦਿ ਪੁਰਖੁ ਆਦੇਸੁ ਕਰਿ ਆਦਿ ਜੁਗਾਦਿ ਸਬਦ ਵਰਤਾਇਆ।
੨. ਨਾਮੁ ਦਾਨੁ ਇਸਨਾਨੁ ਦ੍ਰਿੜੁ ਗੁਰੁ ਸਿਖ ਦੇ ਸੈਂਸਾਰੁ ਤਰਾਇਆ।
੩. ਕਲੀ ਕਾਲ ਇਕ ਪੈਰ ਹੁਇ ਚਾਰ ਚਰਨ ਕਰਿ ਧਰਮੁ ਧਰਾਇਆ।
੪. ਭਲਾ ਭਲਾ ਭਲਿਆਇਅਹੁ ਪਿਉ ਦਾਦੇ ਦਾ ਰਾਹੁ ਚਲਾਇਆ।
੫. ਅਗਮ ਅਗੋਚਰ ਗਹਣਗਤਿ ਸਬਦ ਸੁਰਤਿ ਲਿਵ ਅਲਖੁ ਲਖਾਇਆ।
੬. ਅਪਰੰਪਰ ਅਗਾਧਿ ਬੋਧਿ ਪਰਮਿਤਿ ਪਾਰਾਵਾਰ ਨ ਪਾਇਆ।
੭. ਆਪੇ ਆਪਿ ਨ ਆਪੁ ਜਣਾਇਆ ॥੧੩॥

**ਪਦਾਰਥ**-(ਆਦਿ ਪੁਰਖ=ਗੁਰੂ ਨਾਨਕ। ਭੱਲਾ=ਜਾਤ ਗੁਰੂ ਅਮਰਦਾਸ ਜੀ ਦੀ।
(ਗਹਣਗਤਿ=ਕਠਨ ਗਤੀ। ਅਗਾਧਿ ਬੋਧਿ=ਡੂੰਘਾ ਗਿਆਨ।
(ਪਰਮਿਤਿ=ਮਿਤਿ ਥੋਂ ਪਰੇ, ਅਨੰਤ।

**ਅਰਥ**-(ਇਸ ਪੌੜੀ ਦੀਆਂ ਪਹਿਲੀਆਂ ਤਿੰਨ ਤੁਕਾਂ ਵਿਖੇ ਆਦਿ ਗੁਰੂ ਦਾ ਵਰਣਨ ਕਰਕੇ ਬਾਕੀ ਤੁਕਾਂ ਵਿਖੇ ਤੀਜੇ ਗੁਰਾਂ ਦਾ ਵਰਣਨ ਕਰਦੇ ਹਨ) ੧.'ਆਦਿ ਪੁਰਖ' (ਵਾਹਿਗੁਰੂ ਤੇ) 'ਗੁਰਆਦਿ' (ਨਾਨਕ) ਨੂੰ ਨਮਸਕਾਰ ਹੈ, (ਜਿਨ੍ਹਾਂ ਨੇ) ਮੁੱਢ ਅਰ ਜੁੱਗਾਂ ਦੇ ਮੁੱਢ ਤੋਂ ਸ਼ਬਦ ਹੀ ਵਰਤਾਯਾ। ੨.(ਵਾਹਿਗੁਰੂ ਨੇ ਗੁਰੂ ਨਾਨਕ ਨੂੰ ਅਰੇ ਗੁਰੂ ਨੇ ਸੰਸਾਰ ਨੂੰ) ਨਾਮ ਦਾਨ, ਇਸ਼ਨਾਨ ਦੀ ਦ੍ਰਿੜ੍ਹ ਗੁਰਸਿਖ੍ਯਾ ਦੇਕੇ (ਸਾਰੇ) ਸੰਸਾਰ ਨੂੰ ਤਾਰ ਦੱਤਾ। ੩.ਕਲੀ ਕਾਲ ਵਿਖੇ ਧਰਮ ਦੇ (ਚਾਰ ਪੈਰ ਅਰਥਾਤ ਤਪ, ਸੌਚ, ਦਾਨ, ਸਤ, ਵਿਚੋਂ) ਇਕ ਪੈਰ ਰਹਿੰਦਾ ਸੀ (ਆਪ ਨੇ) ਚਾਰੇ ਪੈਰ (ਏਹ:- ਸਤ, ਸੰਤੋਖ, ਵੀਚਾਰ, ਨਾਮ) ਸਾਬਤ* ਕਰ ਦਿਤੇ। ੪.ਭੱਲਾ (ਜਾਤ ਵਾਲੇ ਗੁਰੂ ਅਮਰਦਾਸ ਜੀ ਨੇ ਆਪਣਾ ਨਾਮ) ਭਲਿਆਈ ਕਰਕੇ ਭਲਾ ਹੀ ਕੀਤਾ, (ਕਿਉਂ ਜੋ) ਪਿਉ ਦਾਦੇ ਦਾ ਰਾਹ (ਪੂਰਾ) ਰਖਿਆ (ਭਾਵ ਗੁਰੂ ਨਾਨਕ ਅਤੇ ਗੁਰੂ ਅੰਗਦ ਜੀ ਦੀ ਸੰਪ੍ਰਦਾਯ ਜਿਉਂ ਦੀ ਤਿਉਂ ਰੱਖੀ)। ੫.ਅਗਮ ਅਗੋਚਰ ਤੇ ਗਹਣ ਗਤਿ ਵਾਲੇ ਅਲਖ (ਪਰਮਾਤਮਾ) ਨੂੰ ਸ਼ਬਦ ਸੁਰਤ ਦੀ ਲਿਵ ਨਾਲ (ਜਗਯਾਸੂਆਂ ਪ੍ਰਤਿ) ਲਖਾ ਦਿੱਤਾ। (ਭਾਵ ਹਸਤਾਮਲ ਵਤ ਆਤਮਾ ਦਾ ਦਰਸ਼ਨ ਕਰਾ ਦਿੱਤਾ)। ੬.(ਇਸੇ ਕਰਕੇ ਗੁਰੂ ਅਪਰੰਪਰ ਕਹੀਏ) ਪਰੇ ਤੋਂ ਪਰੇ ਹੈ ('ਅਗਾਧ') ਡੂੰਘੇ ਗਿਆਨ ਵਾਲਾ ਹੈ, ਮਿਤ ਤੋਂ ਪਰੇ ਹੈ, ਪਾਰਾਵਾਰ ਕੋਈ ਨਹੀਂ ਕਹਿ ਸਕਦਾ (ਕਿਉਂ ਜੋ ਪਾਰ ਵਾ ਉਰਾਰ ਨੂੰ ਪਾਰ ਵਾਲੇ ਉਰਾਰ ਤੇ ਪਾਰ ਕਹਿੰਦੇ ਹਨ)। ੭.(ਗੁਰੂ ਅਮਰਦਾਸ ਨੇ) ਆਪੇ ਆਪ (ਹੋਕੇ) ਆਪਣਾ ਆਪ ਨਹੀਂ ਜਣਾਇਆ।

## ੧੪. (ਗੁਰੂ ਰਾਮਦਾਸ)।

੧. ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗ ਵਰਤੈ ਵਰਤਾਰਾ।
੨. ਮਨਸਾ ਵਾਚਾ ਕਰਮਣਾ ਮਰਮੁ ਨ ਜਾਪੈ ਅਪਰ ਅਪਾਰਾ।
੩. ਦਾਤਾ ਭੁਗਤਾ ਦੈਆ ਦਾਨਿ ਦੇਵ ਸਥਲੁ ਸਤਿਸੰਗੁ ਉਧਾਰਾ।
੪. ਸਹਜ ਸਮਾਧਿ ਅਗਾਧਿ ਬੋਧਿ ਸਤਿਗੁਰੂ ਸਚੁ ਸਵਾਰਣਹਾਰਾ।
੫. ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।
੬. ਸਬਤ ਸੁਰਤਿ ਗੁਰ ਸਿਖੁ ਹੋਇ ਅਨਹਦ ਬਾਣੀ ਨਿਝਰਧਾਰਾ।
੭. ਤਖਤੁ ਬਖਤੁ ਪਰਗਟੁ ਪਾਹਾਰਾ ॥੧੪॥

*ਦੇਖੋ ਮੁੰਦਾਵਣੀ।

**ਪਦਾਰਥ**-(ਨਿਰਦੋਖੁ=ਦੋਖਾਂ ਥੋਂ ਰਹਿਤ। ਮਰਮੁ=ਭੇਤ। ਦੇਵ ਸਥਲੁ=ਹਰਿਮੰਦਰ। (ਜੁਹਾਰਾ=ਨਮਸਕਾਰ। ਬਖਤੁ=ਭਾਗਜ। ਪਾਹਾਰਾ=ਸੰਸਾਰ।

**ਅਰਥ**-੧.ਰਾਗ ਦ੍ਵੈਖ (ਅਰਥਾਤ ਕਿਸੇ ਨਾਲ ਪ੍ਰੀਤ ਅਰ ਦੂਜੇ ਨਾਲ ਵੈਰ ਰੱਖਣ) ਦੇ ਦੋਖਾਂ ਤੋ ਨਿਰਦੋਖ ਅਰ ('ਰਾਜ ਜੋਗ') ਗਯਾਨ ਜੋਗ ਦਾ ਵਰਤਾਰਾ ਵਰਤ ਰਿਹਾ ਹੈ। ੨.ਮਨ, ਬਾਣੀ, ਅਰ ਸਰੀਰ ਕਰਕੇ ਭੇਤ ਕਿਸੇ ਨਹੀਂ ਲੱਭਿਆ (ਕਿਉਂ ਜੋ ਆਪ) ਅਪਰ ਅਪਾਰ ਰੂਪ ਹਨ। ੩.(ਕਿਧਰੇ) ਦਇਆ ਕਰਕੇ ਦਾਨੀ ਕਹਾਕੇ ਦਾਤਾ ਹਨ (ਤੇ ਕਿਤੇ ਆਪ ਹੀ) ਭੁਗਤਾ ਹਨ। ਸਤਿਸੰਗ (ਜੁੜਨ ਲਈ ਅਰ ਸੰਸਾਰ ਦੇ) ਉਧਾਰ ਲਈ ਹਰਿਮੰਦਰ (ਦਾ ਮੁੱਢ ਕੀਤਾ)। ੪.(ਆਪ) ਸਤਿਗੁਰੂ ਸੱਚੇ ਦੇ ਸਵਾਰਣ ਹਾਰੇ ਸਹਜ ਸਮਾਧੀ ਅਗਾਧ ਬੋਧ (ਦਸ਼ਾ ਵਿਚ ਚਲੇ, ਭਾਵ ਅੰਤਰ ਧਯਾਨ ਹੋਣ ਲੱਗੇ)। ੫.ਗੁਰੂ ਅਮਰ ਜੀ ਨੇ ਗੁਰੂ ਰਾਮਦਾਸ ਦੀ ਆਪਣੀ ਜੋਤ ਤੋਂ ਜੋਤ ਜਗਾਕੇ ('ਜੁਹਾਰਾ') ਨਮਸਕਾਰ ਕੀਤੀ। ੬.(ਜਿਨ੍ਹਾਂ) ਗੁਰੂ ਦੇ ਸਿੱਖ ਹੋਕੇ ਸ਼ਬਦ ਸੁਰਤ (ਦੀ ਸੂਝ ਕੀਤੀ ਹੈ) ਅਨਾਹਦ ਬਾਣੀ ਦੀ ਇਕ ਰਸ ਧਾਰਾ (ਦਾ ਅਨੰਦ ਪਾਯਾ ਹੈ)। ਗੁਰਿਆਈ ਦੀ ਗੱਦੀ ਅਰ ਭਾਗਯ ਸਾਰੇ ਸੰਸਾਰ ਵਿਖੇ ਪ੍ਰਗਟ ਹੋ ਗਿਆ।

**ਭਾਵ**-ਅਨਾਹਦ ਸ਼ਬਦ ਜੋ ਬਾਰ ਬਾਰ ਵਾਰਾਂ ਵਿਚ ਆਉਂਦਾ ਹੈ, ਇਹ ਕੰਨਾਂ ਦੀ ਘੂੰ ਘੂੰ ਦਾ ਨਾਮ ਨਹੀਂ ਹੈ ਜੋ ਕੰਨ ਮੁੰਦਿਆਂ ਜਾਂ ਖੁਸ਼ਕੀ ਹੋਇਅ ਸੁਣੀਦਾ ਹੈ, ਇਹ ਤਾਂ ਆਹਤ ਸ਼ਬਦ ਹੈ। ਜੋ ਸ਼ਬਦ "ਹਤ" ਤੋਂ ਬਿਨਾਂ ਹੋਏ ਸੋ ਅਨਾਹਦ ਹੈ, ਉਹ ਵਾਹਿਗੁਰੂ ਦਾ ਜਾਪ ਜਦ ਪੂਰਾ ਰੂਪ ਹੋ ਜਾਂਦਾ ਹੈ ਤਦ ਆਪ ਹੀ ਆਪ ਜਾਰੀ ਰਹਿੰਦਾ ਹੈ। ਜੋ ਸ਼ਬਦ ਬ੍ਰਹਮ ਵਿਚ ਸੁਰਤ ਦੇ ਪਹੁੰਚਿਆਂ ਸ਼ਬਦ ਬ੍ਰਹਮ ਦਾ ਰੂਪ ਅਨੁਭਵ ਹੁੰਦਾ ਹੈ।

## ੧੫. (ਗੁਰੂ ਰਾਮਦਾਸ)।

੧. ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।
੨. ਗੁਰਮਤਿ ਜਾਗਿ ਜਗਾਇਦਾ ਕਲਿਜੁਗ ਅੰਦਰਿ ਕੌੜਾ ਸੋਤਾ।
੩. ਦੀਨ ਦੁਨੀ ਦਾ ਥੰਮੁ ਹੁਇ ਭਾਰੁ ਅਥਰਬਣ ਥੰਮ੍ਹਿ ਖਲੋਤਾ।
੪. ਭਉਜਲ ਭਉ ਨ ਵਿਆਪਈ ਗੁਰ ਬੋਹਿਥ ਚੜਿ ਖਾਇ ਨ ਗੋਤਾ।
੫. ਅਵਗੁਣ ਲੈ ਗੁਣ ਵਿਕਣੈ ਗੁਰ ਹਟ ਨਾਲੈ ਵਣਜ ਸਓਤਾ।
੬. ਮਿਲਿਆ ਮੂਲਿ ਨ ਵਿਛੁੜੈ ਰਤਨ ਪਦਾਰਥ ਹਾਰੁ ਪਰੋਤਾ।
੭. ਮੈਲਾ ਕਦੇ ਨ ਹੋਵਈ ਗੁਰ ਸਰਵਰਿ ਨਿਰਮਲ ਜਲ ਧੋਤਾ।
੮. ਬਾਬਾਣੈ ਕੁਲਿ ਕਵਲੁ ਅਛੋਤਾ॥੧੫॥

**ਪਦਾਰਥ**-(ਪੜਦਾਦਾ=ਗੁਰ ਨਾਨਕ। ਪੜੋਤਾ=ਪੋਤਰੇ ਦਾ ਪੁੱਤ੍ਰ, ਗੁਰੂ ਰਾਮਦਾਸ। (ਕੌੜਾ ਸੋਤਾ=ਉਥਾਰੇ ਦੀ ਨੀਂਦ, ਛਾਤੀ ਤੇ ਹੱਥ। ਅਥਰਬਣ=ਭਾਰੀ। (ਸਓਤਾ=ਸਫਲ। ਬਾਬਾਣੈ ਕੁਲਿ=ਬਾਬੇ ਕੀ ਕੁਲ। ਅਛੋਤਾ=ਨਿਰਲੇਪ।

**ਅਰਥ**-੧.ਪਿਤਾ (ਗੁਰੂ ਅਮਰ), ਦਾਦਾ (ਗੁਰੂ ਅੰਗਦ), ਪੜਦਾਦਾ (ਗੁਰੂ ਨਾਨਕ ਦੀ ਕੁਲ ਵਿਖੇ) ਉਹਨਾਂ ਵਰਗਾ ਪ੍ਰਮਾਣੀਕ ਪੜੋਤਾ ਹੋਇਆ। ੨.ਗੁਰੂ ਦੀ ਮਤ ਲੈ ਕੇ ਕਲਜੁਗ ਅੰਦਰ ਆਪ ਜਾਗਕੇ (ਹੋਰਨਾਂ ਨੂੰ) ਜਗਾਉਂਦੇ ਹਨ ਉਥਾਰੇ ਦੀ ਨੀਂਦ ਤੋਂ (ਅਥਵਾ ਨੀਂਦ ਤੋ ਜਗਾਉਣਾ ਕੌੜਾ ਲਗਦਾ ਹੈ, ਪਰ ਕੌੜੇ ਚਸ਼ਮੇ ਦਾ ਪਾਣੀ ਰੋਗ ਦੂਰ ਕਰਦਾ ਹੈ)। ੩.(ਦੀਨ ਦੁਨੀ) ਲੋਕ ਪ੍ਰਲੋਕ ਦਾ ਥੰਮ੍ਹ ਹੋਕੇ ਭਾਰੀ ਭਾਰ ਨੂੰ ਥੰਮ੍ਹ ਖਲੋਤਾ। ੪.(ਇਸ ਸਮੇਂ ਜਗਯਾਸੂ ਨੂੰ) ਸੰਸਾਰ ਦਾ ਭੈ ਨਹੀਂ ਵਿਆਪਦਾ, ਗੁਰੂ

ਦੇ ਜਹਾਜ਼ ਚੜ੍ਹ ਕੇ (ਫੇਰ) ਗੋਤਾ ਨਹੀਂ ਖਾਂਦਾ; ੫.ਅਉਗੁਣ ਲੈ ਕੇ (ਗੁਰੂ ਦੇ ਪਾਸ) ਗੁਣ ਵਿਹਾਝ ਲਈਦੇ ਹਨ, ਗੁਰੂ ਦੀ ਹੱਟੀ ਦਾ ਵਣਜ ਨਫੇਵੰਦਾ ਹੈ। ੬.ਰਤਨ ਪਦਾਰਥ (ਦੈਵੀ ਗੁਣਾਂ) ਦਾ ਪ੍ਰੋਤਾ ਹੋਇਆ ਹਾਰ (ਇਕ ਵਾਰੀ) ਮਿਲ ਜਾਵੇ ਤਾਂ ਫੇਰ ਨਹੀਂ ਵਿਛੜਦਾ (ਪ੍ਰਮਾਣ : **''ਸਖੀ ਵਸਿ ਆਇਅ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੇ''**) (ਗਉ:ਮ:੫) ੭.ਗੁਰੂ ਸਰੋਵਰ ਦਾ ਜਲ ਨਿਰਮਲ ਹੈ (ਇਸ ਵਿਖੇ) ਧੋਤਾ ਹੋਇਆ (ਮਨ) ਕਦੇ ਫੇਰ ਮੈਲਾ ਨਹੀਂ ਹੁੰਦਾ। ੮.ਗੁਰੂ ਨਾਨਕ ਦੀ ਕੁਲ ਵਿਚ (ਐਸੇ ਪਰਉਪਕਾਰੀ ਤੇ) ਨਿਰਲੇਪ ਕਵਲ (ਗੁਰੂ ਰਾਮਦਾਸ ਜੀ) ਹੋਏ।

**ਭਾਵ**-ਏਥੇ ਭੀ ਉਹੋ ਬਾਤ ਕਹੀ ਹੈ ਕਿ ਚੌਥੇ ਸਤਿਗੁਰੂ ਜੀ ਸਭ ਤਰ੍ਹਾਂ ਪਹਿਲੇ ਤਿੰਨਾਂ ਦੇ ਸਦਰਸ਼ ਸੇ।

## ੧੬. (ਗੁਰੂ ਰਾਮਦਾਸ)।

੧. ਗੁਰਮੁਖਿ ਮੇਲਾ ਸਚ ਦਾ ਸਚਿ ਮਿਲੈ ਸਚਿਆਰ ਸੰਜੋਗੀ।
੨. ਘਰਬਾਰੀ ਪਰਵਾਰ ਵਿਚਿ ਭੋਗ ਭੁਗਤਿ ਰਾਜੇ ਰਸੁ ਭੋਗੀ।
੩. ਆਸਾ ਵਿਚਿ ਨਿਰਾਸ ਹੋਇ ਜੋਗ ਜੁਗਤਿ ਜੋਗੀਸੁਰ ਜੋਗੀ।
੪. ਦੇਦਾ ਰਹੈ ਨ ਮੰਗੀਐ ਮਰੈ ਨ ਹੋਇ ਵਿਜੋਗ ਵਿਜੋਗੀ।
੫. ਆਧਿ ਬਿਆਧਿ ਉਪਾਧਿ ਹੈ ਵਾਇ ਪਿਤ ਕਫੁ ਰੋਗ ਅਰੋਗੀ।
੬. ਦੁਖੁ ਸੁਖੁ ਸਮਸਰਿ ਗੁਰਮਤਿ ਸੰਪੈ ਹਰਖ ਨ ਅਪਦਾ ਸੋਗੀ।
੭. ਦੇਹ ਬਿਦੇਹੀ ਲੋਗ ਅਲੋਗੀ॥੧੬॥

**ਪਦਾਰਥ**-(ਸਚਿਆਰ ਸੰਜੋਗੀ=ਸਚਿਆਰਾਂ (ਭਾਵ ਸੰਤਾਂ) ਦਾ ਮੇਲੀ। ਬਿਦੇਹੀ=ਦੇਹ (ਤੋਂ ਅਤੀਤ, ਮੁਕਤ ਸਰੂਪ। ਅਲੋਗੀ=ਲੋਕਾਂ ਤੋਂ ਅਤੀਤ, ਨਿਰਵਿਰਤ।

**ਅਰਥ**-੧.ਗੁਰਮੁਖਾਂ ਨੂੰ ਹੀ ਸੱਚ (ਪਰਮਾਤਮਾਂ) ਦਾ ਮਿਲਾਪ ਹੁੰਦਾ ਹੈ, (ਕਿਉਂਕਿ) ਸਚਆਰਾਂ ਦੇ ਸੰਜੋਗ ਨਾਲ ਹੀ ਸੱਚ ਪ੍ਰਾਪਤ ਹੁੰਦਾ ਹੈ। ੨.ਪਰਵਾਰ ਵਿਖੇ ਗੁਰੂ ਜੀ ਘਰਬਾਰੀ ਹੋਕੇ ਭੋਗਾਂ ਨੂੰ ਭੋਗਦੇ (ਜਾਪਦੇ ਅਰ) ਰਸ ਭੋਗੀ ਰਾਜੇ (ਪ੍ਰਤੀਤ ਹੁੰਦੇ ਹਨ), ੩.(ਪਰ ਅਸਲ ਵਿਚ) ਆਸਾ ਵਿਖੇ ਨਿਰਾਸ ਹੋਕੇ (ਰਹਿੰਦੇ ਹਨ) ਇਸ ਜੋਗ ਦੀ ਜੁਗਤੀ ਵਿਖੇ ਜੋਗੀਸ਼ਰ ਹੋਕੇ ਜੁੜਦੇ ਹਨ। ੪.ਦਾਨ ਦਿੰਦੇ ਰਹਿੰਦੇ ਹਨ (ਅਜਿਹਾ ਕਿ ਫੇਰ) ਮੰਗਦੇ ਨਹੀਂ, ਨਾ (ਦਾਤਾ ਜੀ) ਮਰਦੇ ਹਨ ਨਾ ਵਿਜੋਗ ਕਰਕੇ ਵਿਛੁੜਦੇ ਹਨ। ੫.ਆਧ, ਬਿਆਧ, ਉਪਾਧ ਤੋਂ ਰਹਿਤ ਵਾਇ, ਪਿਤ, ਕਫ ਆਦਿ ਰੋਗਾਂ ਥੋਂ ਅਰੋਗ ਹਨ। ੬.ਦੁਖ ਸੁਖ ਇਕ ਤੁਲ ਹਨ, ਗੁਰੂ ਦੀ ਮਤ (ਪਰ ਇਸਥਿਤੀ ਹੈ) ਦੌਲਤ ਨਾਲ ਖੁਸ਼ੀ ਯਾ ਅਪਦਾ ਸੋਗ ਦੋਵੇਂ ਨਹੀਂ। ੭.(ਗੁਰੂ ਰਾਮਦਾਸ ਜੀ) ਦੇਹ ਵਿਚ (ਵਸਦੇ ਹੋਏ) ਵਿਦੇਹੀ ਹਨ, (ਅਰ) ਲੋਕਾਂ (ਦੀ ਪਰਵਿਰਤੀ ਵਿਚ ਵਸਦੇ) ਨਿਰਵਿਰਤੀ ਵਿਚ ਹਨ।

## ੧੭. (ਗੁਰੂ ਰਾਮਦਾਸ)॥

੧. ਸਭਨਾ ਸਾਹਿਬੁ ਇਕੁ ਹੈ ਦੂਜੀ ਜਾਇ ਨ ਹੋਇ ਨ ਹੋਇਗੀ।
੨. ਸਹਜ ਸਰੋਵਰਿ ਪਰਮ ਹੰਸੁ ਗੁਰਮਤਿ ਮੋਤੀ ਮਾਣਕ ਚੋਗੀ।
੩. ਖੀਰ ਨੀਰ ਜਿਉ ਕੂੜੁ ਸਚੁ ਤਜਣੁ ਭਜਣੁ ਗੁਰ ਗਿਆਨ ਅਧੋਗੀ।
੪. ਇਕ ਮਨਿ ਇਕੁ ਅਰਾਧਣਾ ਪਰਿਹਰਿ ਦੂਜਾ ਭਾਉ ਦਰੋਗੀ।
੫. ਸਬਦ ਸੁਰਤਿ ਲਿਵ ਸਾਧਸੰਗਿ ਸਹਜਿ ਸਮਾਧਿ ਅਗਾਧਿ ਘਰੋਗੀ।
੬. ਜੰਮਣੁ ਮਰਣਹੁ ਬਾਹਰੇ ਪਰਉਪਕਾਰ ਪਰਮਪਰ ਜੋਗੀ।
੭. ਰਾਮਦਾਸ ਗੁਰ ਅਮਰ ਸਮੋਗੀ ॥੧੭॥

**ਪਦਾਰਥ**-(ਸਹਜ ਸਰੋਵਰਿ=ਸ਼ਾਂਤਿ ਦੇ ਤਲਾਉ। ਚੋਗੀ=ਚੁਗਣ ਵਾਲੇ।
(ਅਧੋਗੀ=ਅਧਿਕਾਰੀ ਧਾਰਣਾ। ਦਰੋਗੀ=ਝੂਠ। ਪਰਮਪਰ=ਪਰੇ ਤੋਂ ਪਰੇ।
(ਸਮੋਗੀ=ਸਮਾਇਆ।

**ਅਰਥ**-੧.ਸਾਰਿਆਂ ਦਾ ਸਵਾਮੀ ਇਕ (ਗੁਰੂ ਰਾਮਦਾਸ) ਹੈ, ਦੂਜੀ ਥਾਉਂ ਨਾ (ਪਿਛੇ) ਹੋਈ ਨਾ (ਕੋਈ ਅੱਗੇ) ਹੋਵੇਗੀ। ੨.ਸ਼ਾਂਤਿ (ਰੂਪ ਮਾਨ) ਸਰੋਵਰ ਹਨ, ਪੂਰਨਤਾ (ਰੂਪ) ਹੰਸ ਹਨ, ਗੁਰਮਤ (ਰੂਪੀ) ਉੱਥੇ ਮਾਣਕ ਤੇ ਮੋਤੀ ਚੋਗਾ ਹਨ। ੩.ਹੇ ਜਗਜਾਸੂ! ਪਾਣੀ ਤੇ ਦੁੱਧ ਵਾਂਗ ਝੂਠ ਤੇ ਸੱਚ ਹੈ (ਤੂੰ ਇਸ ਪੂਰਨ) ਗੁਰੂ ਦੇ ਗਜਾਨ ਦਾ ਅਧਿਕਾਰੀ ਹੋਕੇ (ਝੂਠ ਨੂੰ) ਛਡ ਅਰ ਸੱਚ ਨੂੰ ਗ੍ਰਹਿਣ ਕਰ ਲੈ। ੪.ਇਕ ਮਨ ਹੋਕੇ ਇਕ (ਵਾਹਿਗੁਰੂ)ਦੀ ਅਰਾਧਨਾ ਕਰ ਲੈ, ਦੂਜਾ ਭਾਉ, ਛਲ ਅਰ ਝੂਠ ਦੂਰ ਕਰ ਦੇਹ। ੫.(ਕਿਉਂਕਿ ਗੁਰੂ ਜੀ) ਸਬਦ ਸੁਰਤ ਦੀ ਲਿਵ ਵਿਖੇ ਸਾਧ ਸੰਗਤ ਵਿਖੇ ਸਹਿਜ ਪਦ ਦੀ ਸਮਾਧ ਦੇ ਡੂੰਘੇ (ਅਨੁਭਵ ਵਿਚ ਹਨ ਅਰ ਫੇਰ) ਘਰ ਬਾਰੀ ਹਨ (ਭਾਵ ਇਹ ਕਿ ਗੁਰੂ ਰਾਮਦਾਸ ਜੀ ਪੂਰਨ ਪੁਰਖ ਪਰਮਾਰਥ ਦੀ ਅਵਧਿ ਆਪ ਹਨ ਤੇ ਗ੍ਰਿਹਸਥੀ ਬੀ ਹਨ। ਇਸ ਕਰਕੇ ਸਭ ਕੁਝ ਜਾਣਦੇ ਹਨ)। ੬.(ਕਿਆ ਮਾਮੂਲੀ ਸਾਧੂ ਹਨ? ਨਹੀਂ ਓਹ ਪੂਰਨ ਪਦ ਤੇ ਗੁਰ ਅਵਤਾਰ ਹਨ) ਜਨਮ ਮਰਣ ਥੋਂ ਬਾਹਰ ਹਨ (ਕੇਵਲ) ਪਰੋਪਕਾਰ (ਵਾਸਤੇ ਅਵਤਾਰ ਧਾਰਦੇ ਹਨ, ਆਪ) ਪਰੇ ਥੋਂ ਪਰੇ ਜੁੜੀ ਹੋਈ ਦਸ਼ਾ ਵਿਚ ਹਨ (ਯਥਾ :-''**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**'') (ਸੂਹੀ:ਮ:੫) ੭.ਗੁਰੂ ਰਾਮਦਾਸ ਜੀ ਵਿਚ ਗੁਰੂ ਅਮਰਦਾਸ ਜੀ ਸਮਾ ਰਹੇ ਹਨ।

## ੧੮. (ਗੁਰੂ ਅਰਜਨ ਦੇਵ ਜੀ)।

੧. ਅਲਖ ਨਿਰੰਜਨੁ ਆਖੀਐ ਅਕਲ ਅਜੋਨਿ ਅਕਾਲ ਅਪਾਰਾ।
੨. ਰਵਿ ਸਸਿ ਜੋਤੀ ਉਦੋਤ ਲੰਘਿ ਪਰਮ ਜੋਤਿ ਪਰਮੇਸਰੁ ਪਿਆਰਾ।
੩. ਜਗ ਮਗ ਜੋਤਿ ਨਿਰੰਤਰੀ ਜਗ ਜੀਵਨ ਜਗ ਜੈ ਜੈ ਕਾਰਾ।
੪. ਨਮਸਕਾਰ ਸੰਸਾਰ ਵਿਚਿ ਆਦਿ ਪੁਰਖ ਆਦੇਸੁ ਉਧਾਰਾ।
੫. ਚਾਰਿ ਵਰਨ ਛਿਅ ਦਰਸਨਾ ਗੁਰਮੁਖਿ ਮਾਰਗਿ ਸਚੁ ਅਚਾਰਾ।
੬. ਨਾਮੁ ਦਾਨੁ ਇਸਨਾਨੁ ਦ੍ਰਿੜਿ ਗੁਰਮੁਖਿ ਭਾਇ ਭਗਤਿ ਨਿਸਤਾਰਾ।
੭. ਗੁਰ ਅਰਜਣੁ ਸਚੁ ਸਿਰਜਣਹਾਰਾ॥੧੮॥

**ਪਦਾਰਥ**-(ਨਿਰੰਜਨੁ=ਮਾਇਆ ਥੋਂ ਰਹਿਤ। ਅਕਲ=ਕਲਪਣਾ ਥੋਜ ਰਹਿਤ।
(ਨਿਰੰਤਰੀ=ਇਕ ਰਸ। ਸਚੁ ਅਚਾਰਾ=ਸਚੇ ਕਰਤਬ ਵਾਲਾ।

**ਅਰਥ**-੧.ਲਖਣ ਤੋਂ ਅਰ ਮਾਯਾ ਥੋਂ ਪਰੇ ਕਹੀਦੇ ਹਨ, ਅਕਲ, ਅਜੋਨੀ ਅਕਾਲ, (ਆਦਿ) ਅਪਾਰ (ਨਾਮ ਹਨ)। ੨.ਸੂਰਜ ਚੰਦ੍ਰਮਾਂ ਦੀ ਜੋਤ ਪ੍ਰਕਾਸ਼ ਦੇ ਉਦਯ ਹੋਣ ਥੋਂ ਉਪਰ ਪਰਮਜੋਤੀ ਪਰਮੇਸਰੁ ਹੀ ਪਜਾਰਾ ਹੈ। ੩.ਜਗਮਗ ਕਰਕੇ ਇਕ ਰਸ ਜੋਤ ਪ੍ਰਕਾਸ਼ ਰਹੀ ਹੈ, ਜਗਤ ਦੇ ਜੀਵਨ ਰੂਪ ਹਨ, (ਇਸੇ ਕਰਕੇ) ਜਗਤ ਜੈ ਜੈ ਕਾਰ ਕਰ ਰਿਹਾ ਹੈ। ੪.ਸੰਸਾਰ ਵਿਖੇ ਸਭ ਨਮਸਕਾਰਾਂ ਕਰਦੇ (ਸਰਬ ਸੰਤਾਂ ਦੇ)ਆਦਿ ਪੁਰਖ ਹਨ, (ਜੋ ਕੋਈ) ਨਮਸਕਾਰ ਕਰੇ ਉਧਾਰ (ਪਾਉਂਦਾ ਹੈ)। ੫.ਚਾਰ ਵਰਣਾਂ ਛੀ ਦਰਸ਼ਨਾਂ ਵਿਚੋਂ ਗੁਰਮੁਖ ਦਾ ਮਾਰਗ ਹੀ ਸੱਚੇ ਆਚਾਰ ਵਾਲਾ ਹੈ। ੬.(ਕਿਉਂ ਜੋ) ਗੁਰਮੁਖ (ਪੰਥ ਵਿਚ) ਨਾਮ ਦਾਨ ਤੇ ਇਸ਼ਨਾਨ ਦ੍ਰਿੜ੍ਹ ਕਰਦੇ ਹਨ ਅਤੇ ਪ੍ਰੇਮਾ ਭਗਤੀ ਨਾਲ ਨਿਸਤਾਰਾ ਪਾਉਂਦੇ ਹਨ (ਜੋ ਸਿੱਧੇ ਰਸਤੇ ਹਨ)। ੭.(ਇਨ੍ਹਾਂ ਸਾਰੀਆਂ ਦਾਤਾਂ ਲਈ) ਸ੍ਰੀ ਗੁਰੂ ਅਰਜਨ ਜੀ ਸੱਚੇ ਸਿਰਜਣਹਾਰ ਹਨ।

## ੧੯. (ਗੁਰੂ ਅਰਜਨ ਦੇਵ)।

੧. ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ।
੨. ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ।
੩. ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ।
੪. ਧੁਨਿ ਅਲਹਦਿ ਨਿਝਰੁ ਝਰੈ ਪੂਰਨ ਪ੍ਰੇਮ ਅਮਿਓ ਰਸ ਮਤਾ।
੫. ਸਾਧ ਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜੁ ਸਹਤਾ।
੬. ਸਚੁ ਨੀਸਾਣੁ ਦੀਬਾਣੁ ਸਚੁ ਸਚੁ ਤਾਣੁ ਸੁ ਮਾਣੁ ਮਹਤਾ।
੭. ਅਬਚਲੁ ਰਾਜੁ ਹੋਆ ਸਣਖਤਾ ॥੧੯॥

**ਪਦਾਰਥ**-(ਪੜਦਾਦਾ=ਗੁਰੂ ਅੰਗਦ। ਨਤਾ=ਪੋਤ੍ਰੇ ਦਾ ਪੋਤ੍ਰਾ, ਕੁਲ ਦੀ ਪੰਜਵੀਂ ਅੰਸ਼।
(ਬਖਤੁ=ਭਾਗ। ਸਪਤਾ=ਪਤ ਧਰਮ ਸਾਥ। ਸਹਤਾ=ਲਾਭਦਾਇਕ।
(ਮਹਤਾ=ਵਡਯਾਈ। ਸਣਖਤਾ=ਸ੍ਰੇਸ਼ਟ,(ਸ਼ਨਾਖਤ) ਗਯਾਨ ਵਾਲਾ।

**ਅਰਥ**- ੧.(ਗੁਰੂ ਰਾਮਦਾਸ) ਪਿਤਾ, ਦਾਦਾ (ਗੁਰੂ ਅਮਰ), ਪੜਦਾਦਾ (ਗੁਰੂ ਅੰਗਦ ਅਰ ਨਾਨਕ ਦੀ)ਕੁਲ ਦਾ ਦੀਵਾ ਅਜਰ ਤੇ ਅਮਰ(ਪੜਪੋਤਾ) ਪੰਜਵੀਂ ਥਾਉਂ ਗੁਰੂ ਅਰਜਨ ਜੀ ਹੋਏ। ੨.ਤਖਤ ਅਤੇ ਬਖਤ (ਭਾਗ) ਨੂੰ ਮੱਲ ਲੀਤਾ, ਸਬਦ ਸੁਰਤ ਦਾ ਪਤਵੰਤਾ ਵਪਾਰ ਕੀਤਾ। ੩.ਗੁਰਬਾਣੀ ਦਾ ਭੰਡਾਰ (ਖ਼ਜ਼ਾਨਾ ਗੁਰੂ ਗਰੰਥ ਸਾਹਿਬ) ਭਰ ਦਿੱਤਾ (ਸ੍ਰੀ ਦਰਬਾਰ ਸਾਹਿਬ ਵਿਖੇ ਅੱਠ ਪਹਿਰ) ਕਥਾ ਕੀਰਤਨ ਦੇ ਰੰਗ ਵਿਖੇ ਰੱਤੇ ਰਹਿੰਦੇ ਹਨ। ੪.ਇਕ ਰਸ ਬੇਹੱਦ ਧੁਨੀ ਝਰਦੀ ਹੈ, ਪੂਰਨ ਪ੍ਰੇਮ ਅੰਮ੍ਰਿਤ ਰਸ ਵਿਖੇ ਮਸਤ ਹਨ (ਭਾਵ ਕਥਾ ਕੀਰਤਨ ਵਿਖੇ, ਵੈਰਾਗ ਵਿਖੇ)। ੫.ਜਦ ਗੁਰ ਸਭਾ ਲੱਗਦੀ ਹੈ, ਰਤਨ ਪਦਾਰਥਾਂ ਦਾ ਵਣਜ ਲਾਭਦਾਇਕ ਹੁੰਦਾ ਹੈ । ੬.ਨੀਸਾਣ ਅਰ ਦੀਵਾਨ ਸੱਚਾ ਹੈ, ਮਾਣ ਤਾਣ ਅਰ ਮਹੱਤ (ਗੁਰੂ ਦੀ ਵਡਿਆਈ) ਸੱਚੀ ਹੈ। ੭.(ਗੁਰੂ ਅਰਜਨ ਜੀ ਦਾ) ਰਾਜ ਅਬਚਲ ਹੈ ਅਰ ('ਸਣਖੱਤਾ') ਸ੍ਰੇਸ਼ਟ ਹੈ।

## ੨੦. (ਗੁਰੂ ਅਰਜਨ ਦੇਵ ਜੀ) ।

੧. ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੇ ਅਗਣਤਾ।
੨. ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ।
੩. ਗੁਰਮੁਖਿ ਛਤ੍ਰ ਨਿਰੰਜਨੀ ਪੂਰਨ ਬ੍ਰਹਮ ਪਰਮਪਦ ਮਤਾ।
੪. ਵੇਦ ਕਤੇਬ ਅਗੋਚਰਾ ਗੁਰਮੁਖਿ ਸਬਦੁ ਸਾਧ ਸੰਗੁ ਸਤਾ।
੫. ਮਾਇਆ ਵਿਚਿ ਉਦਾਸੁ ਕਰਿ ਗੁਰੁ ਸਿਖ ਜਨਕ ਅਸਖ ਭਗਤਾ।
੬. ਕੁਦਰਤਿ ਕੀਮ ਨ ਜਾਣੀਐ ਅਕਥ ਕਥਾ ਅਬਿਗਤ ਅਬਿਗਤਾ।
੭. ਗੁਰਮੁਖਿ ਸੁਖ ਫਲੁ ਸਹਜ ਸੁਗਤਾ ॥੨੦॥

**ਪਦਾਰਥ**-(ਚਕ=ਦਿਸ਼ਾ। ਅਗਣਤਾ=ਅਨਗਿਣਤ। ਬਣਤਾ=ਬਣੌਤ।
(ਸਤਾ=ਸੱਚ ਰੂਪ ਹੈ। ਸੁਗਤਾ=ਭਲੀ ਰੀਤਿ ਵਾਲਾ।

**ਅਰਥ**-੧.ਚਾਰੇ ਚੱਕ (ਚਾਰੇ ਦਿਸ਼ਾਂ) ਗੁਰੂ ਜੀ ਨੇ ਅਧੀਨ ਕਰ ਲੀਤੇ ਹਨ, ਸਿੱਖਾਂ ਦੀਆਂ ਸੰਗਤਾਂ ਅਨਗਿਣਤ (ਵਹੀਰ ਪਾਈ) ਆਉਂਦੀਆਂ ਹਨ। ੨.ਲੰਗਰ ਗੁਰੂ ਦੇ ਹੁਕਮ ਨਾਲ ਚਲਦਾ ਹੈ, (ਕੁਝ ਤੋਟ ਨਹੀਂ ਹੁੰਦੀ) ਕਿਉਂ ਜੋ ਪੂਰੇ ਗੁਰੂ ਦੀ ਪੂਰੀ ਬਣੌਤ ਹੈ, (ਯਾ ਸ਼ਬਦ ਦਾ ਲੰਗਰ ਚਲਦਾ ਹੈ)।੩.ਗੁਰਮੁਖਾਂ ਦਾ ਛਤ੍ਰ ਨਿਰੰਜਨੀ ਹੈ(ਭਾਵ ਆਪ ਨਿਰਜੰਨ ਅਕਾਲ ਪੁਰਖ ਨੇ ਦਿੱਤਾ ਹੋਇਆ ਹੈ,

ਅਥਵਾ ਅਨਾਮੀ ਹੈ) ਪੂਰਣ ਬ੍ਰਹਮ ਦੇ ਪਰਮ ਪਦ ਵਿਖੇ ਮਸਤ ਰਹਿੰਦੇ ਹਨ। ੪.ਵੇਦਾਂ ਕਤੇਬਾਂ ਥੋਂ (ਮਹਿਮਾ) ਅਗੋਚਰ ਹੈ, ਗੁਰਮੁਖਾਂ ਦਾ ਸ਼ਬਦ ਹੈ, (ਜੋ) ਸਾਧ ਸੰਗਤ ਸਤਿ ਸਰੂਪ (ਵਿਚੋਂ ਪ੍ਰਾਪਤ ਹੁੰਦਾ ਹੈ)। ੫.ਗੁਰੂ ਜੀ (ਆਪਣੇ) ਸਿਖਾਂ ਨੂੰ ਮਾਯਾ ਵਿਖੇ ਹੀ ਉਦਾਸ ਕਰ ਦੇਂਦੇ ਹਨ, ਜਨਕ ਵਰਗੇ ਅਸੰਖਾਂ ਭਗਤ (ਆਪ ਨੇ ਬਣਾ ਦਿਤੇ ਹਨ)। ੬.(ਗੁਰੂ ਜੀ ਦੀ) ਕੁਦਰਤ ਅਰ ਕੀਮਤ ਨਹੀਂ ਪਾਈ ਜਾਂਦੀ, ਉਨ੍ਹਾਂ ਦੀ ਕਥਾ ਅਕੱਥ ਹੈ, (ਅਰ ਗਤੀ) ਅਬਿਗਤ ਤੋਂ ਅਬਗਤ ਹੈ, (ਭਾਵ ਵਡੀ ਦੁਰਗਮ ਅਰ ਕਠਨ ਸਮਝਣੀ ਹੈ)। ੭.(ਪਰ) ਗੁਰਮੁਖਾਂ ਨੂੰ ਸੁਖ ਫਲ ਦੀ ਪ੍ਰਾਪਤੀ ਸਹਿਜੇ ਅਰ ਭਲੀ ਰੀਤਿ ਨਾਲ ਹੁੰਦੀ ਹੈ।

## ੨੧. (ਗੁਰੂ ਅਰਜਨ ਜੀ ਤੋਂ ਗੁਰੂ ਹਿਰਗੋਬਿੰਦ)।

੧. ਹਰਖਹੁ ਸੰਗਹੁ ਬਾਹਰਾ ਹਰਣ ਭਰਣ ਸਮਰਥੁ ਸੰਰਦਾ।
੨. ਰਸ ਕਸ ਰੂਖ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
੩. ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
੪. ਗੁਰ ਗੋਵਿੰਦੁ ਗੋਵਿੰਦੁ ਗੁਰੁ ਹਿਰਗੋਵਿੰਦੁ ਸਦਾ ਵਿਗਸੰਦਾ।
੫. ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।
੬. ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ।
੭. ਗੁਰਸਿਖਿ ਲੈ ਗੁਰ ਸਿਖੁ ਚਲੰਦਾ॥੨੧॥

**ਪਦਾਰਥ**-(ਸਰੰਦਾ=ਸਿਰਜਨ ਵਿਚ। ਛੰਦਾ=ਛਲ, ਮੁਛੰਦਗੀ। (ਨਿਬਹੰਦਾ=ਨਿਬਾਹੁਣ ਵਾਲਾ। ਵਿਗਸੰਦਾ=ਪ੍ਰਸੰਨ ਬਦਨ, ਖਿੜੇ ਮੱਥ।

**ਅਰਥ**-੧.(ਗੁਰੂ) ਹਰਖ ਸੋਗ ਥੋਂ ਨਿਰਲੇਪ ਹਨ, ਹਰ ਲੈਣ, ਪੋਖਣ ਅਰ ਸਿਰਜਣ ਵਿਖੇ ਸਮਰੱਥ ਹਨ (ਭਾਵ ਤਿੰਨੇ ਕੰਮਾਂ ਵਿਚ ਸਮਰੱਥ ਗੁਰੂ ਹਨ)। ੨.ਰਸ, ਕਸ, ਰੂਪ, ਰੇਖ, ਰਾਗ, ਰੰਗ ਥੋਂ ਨਿਰਲੇਪ ਹਨ। ੩.ਗਿਆਨ ਦੀ ਗੋਸ਼ਟ (ਚਰਚਾ) ਥੋਂ ਅਵਿਖਯ ਹਨ। (ਕਿਉਂ ਨਹੀਂ ਸਮਝੇ ਜਾਂਦਾ?) ਬੁਧਿ, ਬਲ, ਬਚਨ, ਬਿਬੇਕ ਤੇ ਰੂਪ ਮੁਛੰਦਗੀ (ਉਥੇ ਨਹੀਂ ਚਲ ਸਕਦੇ)। ੪.ਗੁਰੂ ਗੋਬਿੰਦ (ਰੂਪ ਹੈ) ਗੋਬਿੰਦ ਗੁਰੂ ਰੂਪ ਹੈ, (ਐਸੇ ਇਕ ਮਿਕ ਵਾਲਾ) ਹਰਿਗੋਬਿੰਦ ਸਦਾ ਪ੍ਰਸੰਨ ਹੈ। ੫.ਅਚਰਜ ਨੂੰ ਅਚਰਜ ਅਰ ਵਿਸਮਾਦ ਨਾਲ ਵਿਸਮਾਦ ਦਾ ਮੇਲ ਮਿਲਦਾ ਹੈ (ਭਾਵ ਗੁਰੂ ਅਰਜਨ ਵਿਸਮਾਦ ਰੂਪ ਹਰਿਗੋਬਿੰਦ ਵਿਸਮਾਦ ਰੂਪ ਵਿਚ ਸਮਾਏ)। ੬.ਗੁਰਮੁਖਾਂ ਦੇ ਰਸਤੇ ਚੱਲਣਾ ਖੰਡੇ ਦੀ ਧਾਰਾ ਪੁਰ ਚੱਲਣ ਦੀ ਕਾਰ ਨਿਬਾਹੁਣ(ਵਾਲੇ ਆਪ ਹੀ ਹਨ, ਭਾਵ ਐਸੇ ਗੁਰੂ ਦੀ ਕ੍ਰਿਪਾ ਨਾਲ ਹੀ ਨਿਭ ਸਕਦਾ ਹੈ)। ੭.ਗੁਰਾਂ ਦੀ ਸਿਖਯਾ ਲੈਕੇ (ਜੋ) ਗੁਰ ਸਿਖ ਚਲਦਾ ਹੈ (ਉਹ ਮੰਜ਼ਲ ਪੁਰ ਪਹੁੰਚ ਜਾਂਦਾ ਹੈ)।

**ਭਾਵ**-ਜਿਕੂੰ ਪਿਛਲੇ ਗੁਰੂ ਸਾਹਿਬਾਂ ਦੀ ਸ਼ਾਨ ਵਿਚ ਕਿਹਾ ਸੀ ਅਚਰਜ ਨੂੰ ਅਚਰਜ, ਵਿਸਮਾਦ ਨੂੰ ਵਿਸਮਾਦ ਤੇ ਜੋਤਿ ਨੂੰ ਜੋਤਿ ਮਿਲੀ। ਇਸੇ ਤਰ੍ਹਾਂ ਏਥੇ ਕਿਹਾ ਹੈ। ਜੋ ਗੁਰੂ ਅਰਜਨ ਨੂੰ ਅੰਸਾ ਅਵਤਾਰ ਤੇ ਗੁਰੂ ਹਰਗੋਬਿੰਦ ਨੂੰ ਪੂਰਨ ਅਵਤਾਰ ਕਹਿਕੇ ਬੇ-ਅਦਬੀ ਕਰਦੇ ਹਨ, ਵੇਖ ਲੈਣ ਕਿ ਗੁਰੂ ਅਰਜਨ ਤੇ ਗੁਰੂ ਹਰਗੋਬਿੰਦ ਇਕ ਰੂਪ ਹਨ, ਅਰ ਹਰਗੋਬਿੰਦ ਜੀ ਨੂੰ ਗੁਰਿਆਈ ਉਹਨਾਂ ਲਫਜ਼ਾਂ ਵਿਚ ਦੇਂਦੇ ਹਨ ਕਿ ਵਿਸਮਾਦ ਨੂੰ ਵਿਸਮਾਦ ਮਿਲਿਆ, ਕੋਈ ਫਰਕ ਨਹੀਂ ਦੱਸਦੇ।

## ੨੨. (ਗੁਰੂ ਦੀ ਮਹਿੰਮਾਂ, ਸਿੱਖ ਨੂੰ ਉਪਦੇਸ਼)।

੧. ਹੰਸਹੁ ਹੰਸ ਗਿਆਨੁ ਕਰਿ ਦੁਧੈ ਵਿਚਹੁ ਕਢੈ ਪਾਣੀ।
੨. ਕਛਹੁ ਕਛੁ ਧਿਆਨਿ ਧਰਿ ਲਹਰਿ ਨ ਵਿਆਪੈ ਘੁੰਮਣਵਾਣੀ।

੩. ਕੂੰਜਹੁ ਕੂੰਜੁ ਵਖਾਣੀਐ ਸਿਮਰਣੁ ਕਰਿ ਉਡੈ ਅਸਮਾਣੀ।
੪. ਗੁਰਪਰਚੈ ਗੁਰ ਜਾਣੀਐ ਗਿਆਨਿ ਧਿਆਨਿ ਸਿਮਰਣਿ ਗੁਰਬਾਣੀ।
੫. ਗੁਰ ਸਿਖ ਲੈ ਗੁਰਸਿਖ ਹੋਇ ਸਾਧ ਸੰਗਤਿ ਜਗ ਅੰਦਰਿ ਜਾਣੀ।
੬. ਪੈਰੀ ਪੈ ਪਾਖਾਕ ਹੋਇ ਗਰਬੁ ਨਿਵਾਰਿ ਗਰੀਬੀ ਆਣੀ।
੭. ਪੀ ਚਰਣੋਦਕੁ ਅੰਮ੍ਰਿਤ ਵਾਣੀ॥੨੨॥

**ਪਦਾਰਥ**-(ਹੰਸਹੁ=ਹੰਸਾਂ ਵਿਚੋਂ। ਕਛਹੁ=ਕਛੂਆਂ ਵਿਚੋਂ। ਘੁੰਮਣਵਾਣੀ=ਘੁੰਮਣ ਘੇਰੀ। (ਕੂੰਜਹੁ=ਕੂੰਜਾਂ ਵਿਚੋਂ। ਅਸਮਾਣੀ=ਅਕਾਸ਼ਾਂ ਵਿਖੇ। ਪਰਚੈ=ਪ੍ਰੇਮ।

**ਅਰਥ**-੧.ਹੰਸਾਂ (ਗੁਰਮੁਖਾਂ) ਵਿਚੋਂ (ਗੁਰੂ ਉਹ) ਹੰਸ ਹਨ (ਜਿਹੜੇ) ਗਯਾਨ ਕਰਕੇ ਦੁਧ ਵਿਚੋਂ ਪਾਣੀ (ਝੂਠ) ਅੱਡ ਕਰ ਦਿੰਦੇ ਹਨ। ੨.ਕੱਛੂਆਂ ਵਿਚ (ਗੁਰੂ ਜੀ ਉਸ) ਕੱਛੂ (ਵਤ ਹਨ ਜੋ) ਧਯਾਨ ਕਰਕੇ (ਸਿੱਖਾਂ ਨੂੰ ਪਾਲਦੇ ਹਨ, ਇਸ ਕਰਕੇ ਉਨ੍ਹਾਂ ਨੂੰ ਮਾਯਾ ਦੀ) ਘੁੰਮਣਘੇਰੀ ਦੀ ਲਹਿਰ ਨਹੀਂ ਵਯਾਪ ਸਕਦੀ (ਯਥਾ-"**ਕੂਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥........ਕਹੈ ਧੰਨਾ ਪੂਰਨ ਤਾਹੂ ਕੋ ਮਤ ਕੋ ਜੀਅ ਡਰਾਂਹੀ॥**") (ਆਸਾ:ਧਨਾ:੩) ੩.(ਗੁਰੂ) ਕੂੰਜਾਂ ਵਿਚੋਂ (ਉਸ) ਕੂੰਜ ਵਾਂਗੂੰ ਕਹੀਦੇ ਹਨ ਜੋ ਅਸਮਾਨਾਂ ਨੂੰ ਉਡਦੀ ਫਿਰਦੀ (ਬਚਿਆਂ ਨੂੰ)ਚਿੰਤਨ ਕਰਦੀ ਹੈ। ੪.ਗੁਰੂ ਨਾਨਕ ਪ੍ਰੇਮ ਰੱਖੀਏ ਗੁਰੂ ਜੀ (ਦੀ ਬਾਣੀ ਦੁਆਰਾ) ਗਿਆਨ ਧਿਆਨ, (ਅਰ ਪਰਮਾਤਮਾਂ ਦਾ) ਸਿਮਰਨ ਗੁਰਬਾਣੀ (ਦੁਆਰਾ ਕਰੀਏ) (ਪੰਜਵੀਂ ਤੋਂ ਸਤਵੀਂ ਤੁਕ ਤੀਕ ਸਿਖ ਦਾ ਲੱਛਣ ਦੱਸਦੇ ਹਨ)। ੫.ਗੁਰੂ ਦੀ ਸਿਖਯਾ ਲੈਕੇ ਗੁਰਸਿਖ ਹੋਣ (ਆਪ ਹੁਦਰੇ ਨਾ ਹੋਣ) ਸਾਧ ਸੰਗਤ ਵਿਚ ਜਗਤ ਵਿਖੇ ਜਾਵਣ (ਭਾਵ ਜਿਥੇ ਦੇਖਣ, ਸਤਿਸੰਗ ਕਰਣ ਉਥੇ ਜਾਕੇ)। ੬.ਪੈਰੀ ਪੌਣਾ ਕਰਣ, ਗਰਬ ਦੂਰ ਕਰਕੇ ਖ਼ਾਕ ਬਰਾਬਰ ਆਪ ਨੂੰ ਮੰਨਕੇ ਗਰੀਬੀ (ਮਨ ਵਿਖੇ) ਰੱਖਣ। ੭.ਗੁਰੂ ਜੀ ਦਾ ਚਰਣਾਂਮ੍ਰਿਤ ਅੰਮ੍ਰਿਤ ਦੀ ਵੰਨੀ ਵਾਲਾ ਛਕਣ।

## ੨੩. (ਗੁਰੂ ਅਰਜਨ ਜੀ ਦਾ ਜੋਤੀ ਜੋਤ)।

੧. ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
੨. ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।
੩. ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।
੪. ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।
੫. ਗੁਰ ਉਪਦੇਸ਼ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।
੭. ਗੁਰ ਅਰਜਨ ਵਿਟਹੁ ਕੁਰਬਾਣੀ॥੨੩॥

**ਪਦਾਰਥ**-(ਰਹਿਦੇ=ਸਦਾ ਸਥਿਰ। ਮੀਨ ਕੁਲੀਨ=ਮੱਛੀ ਦੀ ਕੁਲ ਵਾਂਗੂੰ। ((ਅ) ਮੀਨਕ ਲੀਨ=ਛੋਟੀ ਮੱਛੀ ਵਾਂਗੂੰ ਲੀਨ। ਹੇਤੁ=ਖਾਤਰ।

**ਅਰਥ**-੧.ਨਿਰਵਾਨ (ਜੋਤੀ ਜੋਤ ਸਮਾਉਣ) ਦੀ ਖ਼ਾਤਰ ਸਦਾ ਸਥਿਰ ਦਰਿਯਾਉ (ਵਾਹਿਗੁਰੂ) ਵਿਚ ਗੁਰੂ ਜੀ ਮੱਛੀ (ਦੇ ਦਰਿਯਾਉ ਵਿਚ ਲੀਨ ਰਹਿਣ) ਵਾਂਗੂੰ ਲੀਨ ਹੋਏ*। ੨.(ਵਾਹਿਗੁਰੂ ਦਾ) ਦਰਸ਼ਨ ਕਰਕੇ ਪਤੰਗੇ ਵਾਂਗੂੰ (ਗੁਰੂ ਜੀ ਦੀ) ਜੋਤ ਜੋਤੀ (ਅਕਾਲ ਪੁਰਖ) ਵਿਚ ਸਮਾ ਗਈ।

*ਐਉਂ ਭੀ ਕਹਿੰਦੇ ਹਨ :-ਦਰਯਾਉ ਰੂਪ ਗੁਰੂ ਰਾਮਦਾਸ ਜੀ ਦੇ (ਹੇਤ) ਪ੍ਰੇਮ ਵਿਚ ਛੋਟੀ ਮੱਛੀ ਵਾਂਗੂੰ ਗੁਰੂ ਅਰਜਨ ਜੀ ਨਿਰਵਾਣ ਹੋਕੇ ਲੀਨ ਰਹਿੰਦੇ ਸਨ।

੩.(ਜਿਸ ਵੇਲੇ ਪੰਚਮ ਗੁਰੂ ਜੀ ਨੂੰ ਤਸੀਹਿਆਂ ਦੀ ਡਾਢੀ) ਭੀੜ ਪਈ (ਔਕੜ ਬਣੀ) ਉਸ ਵੇਲੇ ਭੀ (ਗੁਰੂ ਜੀ ਨੇ) ਜੀ ਵਿੱਚ ਹੋਰ ਕੁਝ ਨਹੀਂ ਲਿਆਂਦਾ, ਮ੍ਰਿਗ (ਜਿਸ ਤਰ੍ਹਾਂ ਪਕੜੀਨ ਲਗਾ ਘੰਡਾ ਹੇੜੇ ਦੇ ਨਾਦ ਪਰ ਮਸਤ ਰਹਿੰਦਾ ਹੈ, ਤਿਵੇਂ) ਸ਼ਬਦ ਸੁਰਤ ਦੀ ਲਿਵ ਵਿਖੇ ਰਹੇ। ੪.(ਜੋਤੀ ਜੋਤ ਸਮਾਉਣ ਤੋਂ ਪਹਿਲੀ ਰਾਤ ਬੜੀ ਕਸ਼ਟ ਭਰੀ ਸੀ, ਪਰ ਭਾਈ ਸਾਹਿਬ ਜੀ ਦਸਦੇ ਹਨ ਕਿ ਗੁਰੂ ਜੀ ਦੀ ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿਕੇ (ਮਾਨੋਂ) ਸੁਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ ਭਾਵ ਗੁਰੂ ਜੀ ਨੇ ਕਸ਼ਟ ਨਹੀਂ ਮੰਨਿਆਂ, ਸਹਜਾਨੰਦ ਵਿਚ ਹੀ ਰਹੇ)। ੫.(ਸ਼ੰਕਾ ਹੁੰਦੀ ਹੈ ਕਿ ਆਤਮ ਸੁਖ ਵਿਚ ਹੀ ਕੇਵਲ ਰਹੇ ? ਨਹੀਂ) ਗੁਰੂ ਜੀ ਨੂੰ ਉਪਦੇਸ਼ ਕਰਨਾ ਬੀ ਨਹੀਂ ਭੁਲਿਆ (ਅੰਤਮ ਸੁਆਸਾਂ ਤਕ ਬੀ) ਬਾਬੀਹੇ ਦੀ ਤਰਾਂ ਪੁਕਾਰ ਕੇ (ਸ਼ਬਦ ਦਾ) ਵਖ੍ਯਾਨ ਕਰਦੇ ਰਹੇ। ੬.ਗੁਰਮੁਖ (ਗੁਰੂ ਅਰਜਨ ਨੇ) ਪ੍ਰੇਮ ਰਸੁ ਸੁਖ ਰੂਪ ਫਲ, ਸਹਜ ਸਮਾਧ ਸਾਧ ਸੰਗਤ ਹੀ ਜਾਣੀ ਸੀ। ੭.ਮੈਂ ਗੁਰੂ ਅਰਜਨ ਤੋਂ ਕੁਰਬਾਨ ਹਾਂ (ਜਿਨਾਂ ਦੀ ਏਹ ਅਚਰਜ ਕਰਨੀ ਸੀ)।

**ਭਾਵ**-ਆਪਣੇ ਅੰਤ ਸਮੇਂ ਸਤਿਗੁਰੂ ਜੀ ਡੋਲੇ ਨਹੀਂ, ਦੁਖ ਕਲੇਸ਼ ਝੱਲੇ ਪਰ ਵਾਹਿਗੁਰੂ ਨਾਲ ਅਭੇਦ ਜੁੜੇ ਰਹੇ। ਅਤਿ ਖੇਦ ਵਾਲੀ ਸੱਚੀ ਕੁਰਬਾਨੀ ਦੀ ਸਾਖੀ ਸਾਰੇ ਵਿਦਤ ਹੀ ਹੈ। ਸਾਰਿਆਂ ਤੋਂ ਤਸੱਲੀ ਵਾਲੇ ਤੇ ਨੇੜੇ ਦੀ ਸੁਧ ਪੰਚਮ ਸਤਿਗੁਰਾਂ ਦੇ ਤਸੀਹਿਆਂ ਤੇ ਚਲਾਣੇ ਦੀ ਭਾਈ ਗੁਰਦਾਸ ਜੀ ਨੂੰ ਸੀ। ਆਪ ਨਿਜ ਦੀ ਵਾਕਫੀ ਤੋਂ ਦੱਸਦੇ ਹਨ ਕਿ ਜਦੋਂ ਸਤਿਗੁਰੂ ਜੀ ਨੂੰ ਭੀੜ ਆ ਪਈ ਤੇ ਕਸ਼ਟ ਮਿਲੇ ਤਦ ਬੀ ਆਪ ਸਾਈਂ ਵਿਚ ਲਿਵਲੀਨ ਰਹਿ ਕੇ ਸਚਖੰਡ ਨੂੰ ਪਧਾਰੇ।

## ੨੪. (ਗੁਰੂ ਹਰਗੋਬਿੰਦ)।

੧. ਪਾਰਬ੍ਰਹਮ ਪੂਰਨ ਬ੍ਰਹਮਿ ਸਤਿਗੁਰ ਆਪੇ ਆਪੁ ਉਪਇਆ।
੨. ਗੁਰੁ ਗੋਬਿੰਦੁ ਗੁਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ।
੩. ਪੁਤੁ ਪਿਅਹੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ।
੪. ਬਿਰਖਹੁ ਫਲੁ ਫਲ ਤੇ ਬਿਰਖ ਆਚਰਜਹੁ ਆਚਰਜੁ ਸੁਹਾਇਆ।
੫. ਨਦੀ ਕਿਨਾਰੇ ਆਖੀਆਨਿ ਪੁਛੇ ਪਾਰਾਵਾਰੁ ਨ ਪਾਇਆ।
੬. ਹੋਰਨਿ ਅਲਖੁ ਨ ਲਖੀਐ ਗੁਰੁ ਚੇਲੇ ਮਿਲਿ ਅਲਖੁ ਲਖਾਇਆ।
੭. ਹਰਿ ਗੋਵਿੰਦੁ ਗੁਰੂ ਗੁਰ ਭਾਇਆ ॥੨੪॥

**ਪਦਾਰਥ**-(ਪਾਰਬ੍ਰਹਮ=ਨਿਰਗੁਨ ਬ੍ਰਹਮ। ਪੂਰਨ ਬ੍ਰਹਮਿ=ਸਰਗੁਣ ਬ੍ਰਹਮ। (ਪਿਅਹੁ=ਪਿਉ ਥੋਂ। ਬਿਰਖਹੁ=ਬ੍ਰਿਛ ਥੋਂ, ਅਪਾਦਾਨ ਕਾਰਕ।

**ਅਰਥ**-੧.ਨਿਰਗੁਣ ਬ੍ਰਹਮ ਨੇ ('ਪੂਰਨ ਬ੍ਰਹਮ') ਸਰਗੁਣ ਮੂਰਤੀ ਸਤਿਗੁਰੂ (ਨਾਨਕ ਅਥਵਾ ਗੁਰੂ ਅਰਜਨ) ਦੀ ਆਪਣੇ ਆਪ ਥੋਂ ਉਤਪਤੀ ਕੀਤੀ। ੨.ਓਹੀ ਸਤਿਗੁਰੂ ਗੁਰੂ ਹਰਿਗੋਬਿੰਦ ਹੈ ਅਰ ਹਰਿਗੋਬਿੰਦ ਸਤਿਗੁਰੂ ਹੈ, ਨਾਮ ਦੋ ਹਨ, ਜੋਤ ਇਕ ਧਾਰੀ ਹੈ। ੩.ਪਿਉਂ ਥੋਂ ਪੁੱਤ ਪੁੱਤ ਥੋਂ ਪਿਉਂ, ਅਚਰਜ ਥੋਂ ਅਚਰਜ ਰੂਪ ਸੁਣਿਆ ਗਿਆ। ੪.ਬ੍ਰਿਛ ਥੋਂ ਫਲ, ਫਲ ਥੋਂ ਬ੍ਰਿਛ, ਅਚਰਜ ਥੋਂ ਅਚਰਜ ਰੂਪ ਸ਼ੋਭਨੀਕ ਹੋਯਾ। ੫.ਨਦੀ ਦੇ ਕੰਢੇ (ਦੋ) ਕਹੀਦੇ (ਹਨ, ਪਾਰ ਤੇ ਉਰਾਰ ਪਰੰਤੂ ਦੋਹਾਂ ਦਾ) ਪੁੱਛਣ ਤੇ ਪਾਰਾਵਾਰ ਨਹੀਂ ਲੱਭਦਾ, (ਕਿਉਂ ਜੋ ਪਾਰ ਵਾਲੇ ਉਰਾਰ ਨੂੰ ਪਾਰ, ਅਤੇ ਪਾਰ ਨੂੰ ਉਰਾਰ ਕਹਿੰਦੇ ਹਨ)। ੬.ਹੋਰਨਾਂ (ਲੋਕਾਂ ਵਿਚੋਂ ਕਿਸੇ ਨੇ) ਅਲੱਖ ਪਰਮਾਤਮਾ ਨੂੰ ਨਹੀਂ ਲਖਿਆ, (ਇਕ) ਚੇਲੇ (ਗੁਰੂ ਹਰਿਗੋਬਿੰਦ) ਨੇ ਗੁਰੂ (ਅਰਜਨ ਨਾਲ) ਮਿਲਕੇ ਅਲੱਖ ਨੂੰ ਲੱਖ ਲੀਤਾ ਹੈ। (ਚੇਲਾ ਕੌਣ ਹੈ? ਸੱਤਵੀਂ ਤੁਕ ਵਿਚ ਦੱਸਦੇ ਹਨ)। ੭.ਗੁਰੂ ਹਿਰਗੋਬਿੰਦ ਗੁਰੂ ਨੂੰ ਭਾਯਾ (ਗੁਰੂ ਅਰਜਨ ਨੂੰ ਚੰਗਾ ਲੱਗਾ)।

**ਭਾਵ**-ਪਿਛੇ ਹਰ ਗੁਰੂ ਜੀ ਦੇ ਪ੍ਰਸੰਗ ਵਿਚ ਸਭ ਗੁਰਾਂ ਦੀ ਤੁੱਲਤਾ ਦੇ ਇਸ਼ਾਰੇ ਕਰਦੇ ਰਹੇ ਹਨ। ਏਥੇ ਬੀ ਉਹੋ ਬਾਤ ਹੀ ਦੱਸੀ ਹੈ ਕਿ ਅਚਰਜ ਤੋਂ ਅਚਰਜ ਸ਼ੋਭਨੀਕ ਹੋਇਆ ਅਰ ਗੁਰੂ ਨੂੰ ਭਾਇਆ ਤਾਂ ਗੁਰੂ ਬਣਿਆ। ਛੀਏ ਗੁਰੂ ਇਕ ਰੂਪ ਇਕ ਜੋਤਿ ਸਨ, ਤੁੱਲ ਸਨ, ਕਿਸੇ ਹੀ ਰੂਪ ਵਿਖੇ ਵਿਖਮ ਨਹੀਂ ਸਨ।

## ੨੫. (ਸ਼੍ਰੇਸ਼ਟ ਗੁਰੂ ਵਰਣਨ)।

੧. ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।
੨. ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
੩. ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
੪. ਗੁਰੂ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ।
੫. ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।
੬. ਹਰਿ ਗੋਬਿੰਦ ਗੁਰ ਅਰਜਨਹੁ ਗੁਰੂ ਗੋਬਿੰਦੁ ਨਾਉਂ ਸਦਵਾਇਆ।
੭. ਗੁਰਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ।
੮. ਪੈਰੀ ਪਾਇ ਸਭ ਜਗਤੁ ਤਰਾਹਿਆ॥੨੫॥੨੪॥

**ਪਦਾਰਥ**-(ਆਕਾਰ=ਸਰੀਰ।ਤਰੰਗ=ਲਹਿਰ। ਦਰਪਨਿ=ਸ਼ੀਸ਼ਾ। ਤਰਾਇਆ=ਮੁਕਤ ਕੀਤਾ।

**ਅਰਥ**-੧.ਗੁਰੂ ਨਾਨਕ ਦੇਵ ਨਿਰੰਕਾਰ ਹਨ, ਨਿਰੰਕਾਰ ਨੇ ਹੀ (ਆਪਣਾ) ਆਕਾਰ ਬਣਾਯਾ ਹੈ, ੨.ਗੁਰੂ ਅੰਗਦ, (ਗੁਰ ਨਾਨਕ ਦੇ) 'ਅੰਗ' ਥੋਂ ਗੰਗਾ ਦੇ ਤਰੰਗ ਵਾਂਗ ਉਠਾਇਆ। ੩.ਗੁਰੂ ਅੰਗਦ ਤੋਂ ਗੁਰੂ ਅਮਰਦਾਸ ਜੀ ਜੋਤ ਸਰੂਪੀ ਕੌਤਕ ਸੁਨਾਯਾ। ੪.ਗੁਰੂ ਅਮਰਦਾਸ ਥੋਂ ਗੁਰੂ ਰਾਮਦਾਸ ਹੋਏ, (ਮਾਨੋਂ) ਅਨਹਦ ਨਾਦ ਥੋਂ ਸ਼ਬਦ ਸੁਨਾਯਾ। ੫.ਰਾਮਦਾਸਹੁੰ ਅਰਜਨ ਗੁਰੂ ਹੋਏ, ਜਿਕੱਰ ਸ਼ੀਸ਼ੇ ਵਿਚ ਪ੍ਰਤਿਬਿੰਬ ਦਿਖਾਈਦਾ ਹੈ। ੬.ਅਰਜਨ ਗੁਰੂ ਥੋਂ ਹਰਿਗੋਬਿਦ ਹੋਏ ਜਿਨ੍ਹਾਂ ਨੇ ਗੁਰੂ ਤੇ ਗੋਬਿੰਦ ਨਾਮ ਸਦਵਾਇਆ ਹੈ। ੭.ਗੁਰੂ ਦੀ ਮੂਰਤੀ ਗੁਰੂ ਕਾ ਸ਼ਬਦ ਹੈ, (ਜੋ) ਸਾਧ ਸੰਗਤ ਵਿਖੇ (ਸਦਾ) ਪ੍ਰਗਟ ਰਹਿੰਦੀ ਹੈ। (ਜਥਾ-"**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥**") (ਨਟ:ਮ:੪) ੮.(ਐਉਂ ਸਤਿਗੁਰਾਂ ਨੇ) ਪੈਰੀਂ ਪਾਕੇ ਸਾਰਾ ਜਗਤ ਤਾਰ ਦਿੱਤਾ ਹੈ।

**ਭਾਵ**-ਛੀਆਂ ਗੁਰੂ ਸਾਹਿਬਾਂ ਦੀ ਸਦਰਸ਼ਤਾ ਕਹੀ ਕਿ ਗੁਰੂ ਨਾਨਕ ਦੇਵ ਗੋਬਿੰਦ ਰੂਪ ਹੋਏ ਦੂਜੇ ਗੁਰੂ ਪਹਿਲੇ ਗੁਰੂ ਤੋਂ ਐਉਂ ਹੋਏ ਜਿਕੂੰ ਸਮੁੰਦਰ ਵਿਚ ਲਹਿਰਾਂ, ਇਹ ਬੀ ਤਦਰੂਪਤਾ ਹੀ ਹੋਈ। ਤੀਜੇ ਗੁਰੂ ਐਉਂ ਜਿਕੂੰ ਜੋਤ ਤੋਂ ਜੋਤ ਪ੍ਰਗਟਦੀ ਹੈ, ਇਹ ਬੀ ਤਦਰੂਪਤਾ ਹੋਈ। ਚੌਥੇ ਗੁਰੂ ਐਉਂ ਜਿਕੂੰ ਅਨਾਹਦ ਥੋਂ ਸ਼ਬਦ ਉੱਠਦਾ ਹੈ, ਇਹ ਬੀ ਤਦਰੂਪਤਾ ਹੋਈ। ਪੰਜਵੇਂ ਗੁਰੂ ਐਉਂ ਹੋਏ ਜਿਕੂੰ ਕੋਈ ਸ਼ੀਸ਼ੇ ਵਿਚ ਆਪਣਾ ਹੀ ਮੂੰਹ ਤੱਕੇ, ਇਥੇ ਭੀ ਭਿੰਨਤਾ ਕੋਈ ਨਾ ਰਹੀ ਤੇ ਛੀਵੇਂ ਗੁਰੂ ਜੀ ਪੰਜਵੇਂ ਤੋਂ ਉਸੇ ਤਰਾਂ ਹੀ ਹੋਏ। ਇਹ ਜੋ ਗੁਰੂ ਪਦ ਛੀ ਥਾਈਂ ਲੱਗਾ, ਇਹ ਇੱਕੋ 'ਗੋਬਿੰਦ ਰੂਪ' ਨੇ ਗੁਰੂ ਨਾਮ ਸਦਵਾਯਾ ਹੈ।

ਅੱਗੇ ਇਕ ਬਹੁਤ ਸੁੰਦਰ ਭੇਤ ਦੱਸਦੇ ਹਨ ਕਿ ਕਿਆ ਗੁਰੂ 'ਇਕ ਦੇਸ਼ੀ' ਹੈ, ਤੇ 'ਇਕ ਕਾਲੀ' ਹੈ। ਕਹਿੰਦੇ ਹਨ ਨਹੀਂ, ਗੁਰੂ ਕਾ ਸ਼ਬਦ, ਗੁਰੂ ਕੀ ਮੂਰਤ ਵਜੂਦ ਹੈ ਅਰ ਸਾਧ ਸੰਗ ਵਿਚ ਸਦਾ ਪ੍ਰਗਟ ਹੈ। ਤਾਂਤੇ ਗੁਰੂ ਦੀ ਪੀੜ੍ਹੀ ਸਦਾ ਸਦਾ ਚੱਲਦੀ ਹੈ, ਇਹ ਅਬਚਲ ਨੀਵ ਹੈ, ਨਿਤ ਨਿਤ ਇਕ ਰਸ ਰੂਪ ਹੈ।


www.sikhbookclub.com

# ਵਾਰ ੨੫.

ੴ ਸਤਿਗੁਰ ਪ੍ਰਸਾਦਿ ॥

## ੧. (ਖਸ਼ਟਮ ਗੁਰ ਮੰਗਲਾਚਰਣ)।

੧. ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸੁ ਕਰਾਇਆ।
੨. ਏਕੰਕਾਰੁ ਅਕਾਰ ਕਰਿ ਗੁਰੁ ਗੋਵਿੰਦੁ ਨਾਉ ਸਦਵਾਇਆ।
੩. ਪਾਰਬ੍ਰਹਮ ਪੂਰਨ ਬ੍ਰਹਮੁ ਨਿਰਗੁਣ ਸਰਗੁਣ ਅਲਖੁ ਲਖਾਇਆ।
੪. ਸਾਧ ਸੰਗਤਿ ਆਰਾਧਿਆ ਭਗਤਿ ਵਛਲੁ ਹੋਇ ਅਛਲੁ ਛਲਾਇਆ।
੫. ਓਅੰਕਾਰ ਅਕਾਰ ਕਰਿ ਇਕ ਕਵਾਉ ਪਸਾਉ ਪਸਾਇਆ।
੬. ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡੁ ਕਰੋੜਿ ਸਮਾਇਆ।
੭. ਸਾਧ ਜਨਾ ਗੁਰ ਚਰਨ ਧਿਆਇਆ ॥੧॥

**ਪਦਾਰਥ**-(ਆਦੇਸੁ=ਨਮਸਕਾਰ। ਗੁਰ ਗੋਵਿੰਦ=ਗੁਰੂ ਹਰਿਗੋਬਿੰਦ।
(ਭਗਤਿ ਵਛਲੁ=ਭਗਤਾਂ ਦਾ ਪਿਆਰਾ। ਪਸਾਉ=ਪਰਪੰਚ।)

**ਅਰਥ**-੧.ਆਦੀ ਪੁਰਖ (ਪਰਮਾਤਮਾਂ ਨੂੰ ਗੁਰੂ ਨੇ) ਆਦੇਸ ਕੀਤੀ ਹੈ, ਆਦਿ ਪੁਰਖ ਨੇ (ਗੁਰੂ ਨੂੰ) ਆਦੇਸ (ਨਮਸਕਾਰ ਸਾਰੇ ਜਗਤ ਥੋਂ) ਕਰਵਾਈ ਹੈ, (ਯਥਾ-"**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥**") (ਸ਼ੇ:ਫ:੯੫) ੨.ਇਕ ਨਿਰਾਕਾਰ ਨੇ ਸਰੂਪ ਰਚਕੇ ਗੁਰੂ ਹਰਿਗੋਬਿੰਦ ਨਾਮ ਸਦਾਇਆ। ੩.ਪਾਰਬ੍ਰਹਮ ਪੂਰਣ ਬ੍ਰਹਮ (ਅਰਥਾਤ) ਨਿਰਗੁਣ ਤੋਂ ਸਰਗੁਣ ਹੋਕੇ ਅਲਖ ਨੇ ਆਪਣਾ ਆਪ ਲਖਾ ਦਿੱਤਾ ਹੈ। ੪.(ਕੀ ਲੋੜ ਸੀ?) ਸਾਧ ਸੰਗਤ ਨੇ ਅਰਾਧਨਾ ਕੀਤੀ ਸੀ, ਭਗਤ ਵਛਲ ਹੋਣ ਕਰਕੇ ਅਛਲ ਹੋਕੇ ਬੀ ਆਪ ਨੂੰ ਛਲਾਇਆ। (ਭਾਵ ਭਗਤਾਂ ਪਿਛੇ ਅਵਤਾਰ ਧਾਰਕੇ ਜਗਤ ਦਾ ਉਧਾਰ ਕੀਤਾ। ਜਗਤ ਕਿੱਕੁਰ ਰਚਿਆ?) ੫.ਓਅੰਕਾਰ ਨੇ ਇਕ ਵਾਕ ਕਰਕੇ ਪਸਾਰਾ ਪਸਾਰ ਦਿਤਾ। ੬.(ਇਤਨਾ ਕਿ) ਇਕ ਇਕ ਰੋਮ ਵਿਖੇ ਕ੍ਰੋੜ ਕ੍ਰੋੜ ਬ੍ਰਹਿਮੰਡ ਦੀ ਸਮਾਈ ਕਰ ਛੱਡੀ ਹੈ। ੭.ਇਹ (ਲੱਖਤਾ ਕਿਸਨੂੰ ਹੁੰਦੀ ਹੈ? ਜਿਨ੍ਹਾਂ ਨੇ) ਸੰਤਾਂ ਦੀ ਸੰਗਤ ਕਰਕੇ ਗੁਰੂ ਜੀ ਦੇ ਚਰਨਾਂ ਨੂੰ ਧਿਆਇਆ ਹੈ।

## ੨. (ਗੁਰਮੁਖ ਮਾਰਗ)।

੧. ਗੁਰਮੁਖਿ ਮਾਰਗਿ ਪੈਰੁ ਧਰਿ ਦਹਿਦਿਸਿ ਬਾਰਹ ਵਾਟ ਨ ਧਾਇਆ।
੨. ਗੁਰ ਮੂਰਤਿ ਗੁਰ ਧਿਆਨ ਧਰਿ ਘਟਿ ਘਟਿ ਪੂਰਨ ਬ੍ਰਹਮੁ ਦਿਖਾਇਆ।
੩. ਸਬਦ ਸੁਰਤਿ ਉਪਦੇਸੁ ਲਿਵ ਪਾਰਬ੍ਰਹਮ ਗੁਰ ਧਿਆਨੁ ਜਣਾਇਆ।
੪. ਸਿਲਾ ਅਲੂਣੀ ਚਟਣੀ ਚਰਣ ਕਵਲ ਚਰਣੋਦਕੁ ਪਿਆਇਆ।
੫. ਗੁਰਮਤਿ ਨਿਹਚਲੁ ਚਿਤੁ ਕਰਿ ਸੁਖ ਸੰਪਟ ਵਿਚਿ ਨਿਜ ਘਰੁ ਛਾਇਆ।
੬. ਪਰ ਤਨ ਪਰ ਧਨ ਪਰਹਰੇ ਪਾਰਸ ਪਰਸਿ ਅਪਰਸੁ ਰਹਾਇਆ।
੭. ਸਾਧ ਅਸਾਧਿ ਸਾਧ ਸੰਗਿ ਆਇਆ ॥੨॥

**ਪਦਾਰਥ**-(ਮਾਰਗਿ =ਰਸਤਾ। ਬਾਰਹਵਾਟ=ਬਾਰਾਂ ਟੁਕੜੇ, ਬਾਰਾਂ ਰਸਤੇ।
(ਸਿਲਾ=ਪੱਥਰ ਦੀ ਪਟੜੀ। ਸੁਖ ਸੰਪਟ=ਸੁਖਾਂ ਦਾ ਡੱਬਾ।


www.sikhbookclub.com

(ਪਰਹਰੇ=ਤਿਆਗ ਦਿੱਤੇ। ਅਪਰਸੁ=ਜਗਤ ਵਲੋਂ ਅਲੇਪ।

**ਅਰਥ**-(ਜਿਸ ਨੇ) ਗੁਰਮੁਖਾਂ ਦੇ ਰਸਤੇ ਵਿਖੇ ਪੈਰ ਧਰਿਆ ਹੈ ਉਹ ਦਸੋ ਦਿਸ਼ਾ ਤੇ ਬਾਰਹਵਾਟ (ਬਿਪਤਾ) ਵਿਖੇ ਨਹੀਂ ਦੌੜਦਾ (ਅਥਵਾ ਜੋਗੀਆਂ ਦੇ ਬਾਰਾਂ ਪੰਥਾ ਵਿਖੇ ਜਾਂ 'ਬਾਰਾਂਵਾਟ' ਬਾਰਾਂ ਰਾਸਾਂ: ਮੀਨ ਮੇਖਾਦਿਕ ਨਿਛੱਤ੍ਰਾਂ ਦੇ ਭਰਮ ਵਿਖੇ ਨਹੀਂ ਫਸਦਾ)। ੨.(ਕਿਉਂ ਜੋ ਅਗੇ ਹੇਤੂ ਦੱਸਦੇ ਹਨ:-) ਗੁਰੂ ਦੀ ਮੂਰਤੀ ਵਿਖੇ ਗੁਰੂ (=ਵੱਡਾ) ਧਿਆਨ ਧਰਕੇ ਘਟ ਘਟ ਵਿਖੇ ਪੂਰਨ ਬ੍ਰਹਮ ਦਿੱਸ ਆਇਆ ਹੈ (**"ਕਤ ਜਾਈਐ ਰੇ ਘਰ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥"**) (ਬਸੰਤ:ਰਾਮਾਨੰਦ) ੩.(ਗੁਰੂ ਦੇ) ਸ਼ਬਦ ਦੀ ਸੁਰਤ ਅਰ ਗੁਰੂ ਦੇ ਉਪਦੇਸ਼ ਦੀ ('ਲਿਵ') ਸਮਾਧੀ ਨੇ ਪਾਰਬ੍ਰਹਮ ਦਾ ਗਿਆਨ ਜਣਾ ਦਿੱਤਾ ਹੈ। ੪.ਜਿਸ ਨੇ ਅਲੂਣੀ ਸਿਲਾ ਚੱਟਣੀ ਕੀਤੀ ਹੈ ਉਸ ਨੇ ਚਰਣ ਕਮਲਾਂ ਦਾ ਚਰਣੋਦਕ (ਆਪ ਪੀਕੇ ਹੋਰਨਾਂ ਨੂੰ) ਪਿਆਇਆ ਹੈ, (ਭਾਵ ਵਿਖਯਾਂ ਥੋਂ ਨਿਰਵਿਖਯ ਹੋ ਕੇ ਪ੍ਰੀਤ ਕੀਤੀ ਹੈ, ਫਲ ਕੀ ?)। ੫.ਗੁਰੂ ਦੀ ਮਤਿ ਕਰਕੇ, ਨਿਹਚਲ ਚਿਤ ਹੋ ਸੁਖਾਂ ਦੇ ਡੱਬੇ ਨਿਜ ਸਰੂਪ ਵਿਖੇ ਸਥਿਤ ਹੋ ਗਿਆ ਹੈ। ੬.ਪਾਰਸ (ਗੁਰੂ ਦੇ ਚਰਣ) ਪਰਸਕੇ ਪਰਤਨ (ਪਰ ਇਸਤ੍ਰੀ) 'ਪਰ ਧਨ' (ਪਰਾਏ ਪਦਾਰਥ) ਨੂੰ ਮਨੋਂ ਛੱਡਕੇ ਅਪਰਸ ਰਹਿੰਦਾ ਹੈ। ੭.(ਕਿਉਂ ਜੋ) ਸਾਧ ਸੰਗਤ ਵਿਖੇ ਆ ਕਰਕੇ ਅਸਾਧ (ਵਾਯੂ ਵਤ ਦੁਸ਼ਕਰ ਮਨ ਨੂੰ ਵਸੀਕਾਰ ਵਿਚ ਕਰ ਲੀਤਾ ਹੈ)।

## ੩. (ਗੁਰਮੁਖਾਂ ਦੀ ਬਿਧੀ)।

੧. ਜਿਉ ਵੜ ਬੀਉ ਸਜੀਉ ਹੋਇ ਕਰਿ ਵਿਸਥਾਰੁ ਬਿਰਖੁ ਉਪਜਾਇਆ।
੨. ਬਿਰਖਹੁ ਹੋਇ ਸਹਸ ਫਲ ਫਲ ਵਿਚ ਬਹੁ ਬੀਅ ਸਮਾਇਆ।
੩. ਦੁਤੀਆ ਚੰਦੁ ਅਗਾਸ ਜਿਉ ਆਦਿ ਪੁਰਖ ਆਦੇਸੁ ਕਰਾਇਆ।
੪. ਤਾਰੇ ਮੰਡਲ ਸੰਤ ਜਨ ਧਰਮ ਸਾਲ ਸਚਖੰਡ ਵਸਾਇਆ।
੫. ਪੈਰੀ ਪੈ ਪਾਖਾਕੁ ਹੋਇ ਆਪੁ ਗਵਾਇ ਨ ਆਪੁ ਜਣਾਇਆ।
੬. ਗੁਰਮੁਖਿ ਸੁਖ ਫਲੁ ਧ੍ਰੂ ਜਿਵੈ ਨਿਹਚਲ ਵਾਸ ਅਗਾਸ ਚੜ੍ਹਾਇਆ।
੭. ਸਭ ਤਾਰੇ ਚਉਫੇਰਿ ਫਿਰਾਇਆ ॥੩॥

**ਪਦਾਰਥ**-(ਵੜ=ਬੋਹੜ। ਸਜੀਉ=ਚੇਤਨ, ਪੁੰਗਰਨਾ। ਸਹਸ=ਹਜ਼ਾਰਾਂ। (ਆਦਿ ਪੁਰਖ=ਪਰਮਾਤਮਾਂ।

**ਅਰਥ**-੧.ਜਿਵੇਂ ਬੋਹੜ ਦਾ ਬੀਜ ਪੁੰਗਰਕੇ ਵਿਸਥਾਰ ਵਾਲਾ ਬ੍ਰਿਛ ਪੈਦਾ ਕਰਦਾ ਹੈ। ੨.ਬ੍ਰਿਛ ਥੋਂ ਹਜ਼ਾਰਾਂ ਫਲ ਹੁੰਦੇ ਹਨ, ਹਰੇਕ ਫਲ ਵਿਖੇ ਬਾਹਲੇ ਬੀਜ ਭਰੇ ਹੋਏ ਹੁੰਦੇ ਹਨ (ਦਾਰਸ਼ਟਾਂਤ-ਇਕ ਗੁਰਮੁਖ ਹਜ਼ਾਰਾਂ ਨੂੰ ਆਪਨੇ ਜਿਹਾ ਕਰ ਲੈਂਦਾ ਹੈ)। ੩.ਅਕਾਸ਼ ਵਿਖੇ ਦੂਜ ਦੇ ਚੰਦ ਵਾਂਙੂੰ 'ਆਦਿ ਪੁਰਖ' (ਸਭਨਾਂ ਥੋਂ) ਨਮਸਕਾਰਾਂ ਕਰਾਉਂਦਾ ਹੈ। ੪.ਸੰਤ ਤਾਰਿਆਂ ਦੇ ਮੰਡਲਾਂ ਵਾਂਙੂੰ ਧਰਮਸਾਲ ਸਚਖੰਡ (ਰੂਪ ਅਕਾਸ਼) ਵਿਖੇ ਵਸਦੇ ਹਨ। ੫.ਪੈਰਾਂ ਦੀ ਖ਼ਾਕ ਹੋਕੇ ਪੈਰੀਂ 'ਪੌਣਾ ਕਰਦੇ ਹਨ, (**ਭਾਵ**-ਅਹੰਕਾਰ ਨਹੀਂ ਕਰਦੇ) ਆਪਾ ਭਾਵ ਗਵਾਕੇ ਆਪਣਾ ਆਪ ਨਹੀਂ ਗਣਾਉਂਦੇ। ੬.ਗੁਰਮੁਖ ਧ੍ਰੂ ਭਗਤ ਵਾਂਙੂੰ (ਅਕਾਸ਼ ਰੂਪ) ਸੱਚ ਖੰਡ ਵਿਖੇ ਅਟੱਲ ਵਾਸ ਰਖਦੇ ਹਨ। ੭.ਸਾਰੇ ਤਾਰੇ ਉਨ੍ਹਾਂ ਦੀ ਪ੍ਰਕਰਮਾ ਕਰਦੇ ਹਨ।

## ੪. (ਭਗਤ ਨਾਮਦੇਵ)।

੧. ਨਾਮਾ ਛੀਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵਲਾਈ।
੨. ਖਤ੍ਰੀ ਬ੍ਰਹਮਣ ਦੇਹੁਰੈ ਉਤਮ ਜਾਤਿ ਕਰਨਿ ਵਿਡਆਈ।

੩. ਨਾਮਾ ਪਕੜਿ ਉਠਾਲਿਆ ਬਹਿ ਪਿਛਵਾੜੇ ਹਰਿ ਗੁਣ ਗਾਈ।
੪. ਭਗਤ 'ਵਛਲ ਆਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ।
੫. ਦਰਗਹ ਮਾਣੁ ਨਿਮਾਣਿਆ ਸਾਧ ਸੰਗਤਿ ਸਤਿਗੁਰ ਸਰਣਾਈ।
੬. ਉਤਮੁ ਪਦਵੀ ਨੀਚ ਜਾਤਿ ਚਾਰੇ ਵਰਣ ਪਏ ਪਗ ਆਈ।
੭. ਜਿਉ ਨੀਵਾਣਿ ਨੀਰੁ ਚਲਿ ਜਾਈ॥੪॥

**ਪਦਾਰਥ**-(ਦੇਹੁਰੇ=ਠਾਕਰਦਵਾਰੇ ਵਿਖੇ। ਪਿਛਵਾੜੈ=ਪਿੱਛੇ। (ਪੈਜ=ਅਬਰੋ, ਪ੍ਰਤੱਗਯਾ। ਪਗ=ਪੈਰ।)

**ਅਰਥ**-੧.ਨਾਮੇ ਨੇ, ਜੋ ਜਾਤ ਦਾ ਛੀਂਬਾ ਕਹੀਦਾ ਸੀ, ਪ੍ਰੇਮਾ ਭਗਤੀ ਵਿਖੇ ('ਲਿਵ') ਪ੍ਰੀਤਿ ਕੀਤੀ, ਗੁਰਮੁਖਾਂ (ਸਦਰਸ਼)। ੨.ਦੇਹੁਰੇ ਵਿਖੇ ਖੱਤ੍ਰੀ ਬ੍ਰਾਹਮਣ ਉੱਤਮ ਜਾਤ ਦੇ ਸ਼ੋਭਾ ਕਰਨ ਲੱਗੇ। ੩.(ਪੰਡਿਆਂ ਨੇ) ਨਾਮੇ ਨੂੰ ਫੜਕੇ ਬਾਹਰ ਕੱਢ ਦਿੱਤਾ, ਉਹ ਮੰਦਰ ਦੇ ਪਿਛਵਾੜੇ ਬੈਠ ਕੇ ਹਰੀ ਦਾ ਜਸ ਗਾਉਣ ਲੱਗਾ। ੪.(ਹਰੀ ਨੇ, ਜੋ) ਭਗਤ ਵਛਲ ਸਦਾਉਂਦਾ ਹੈ, ਦੇਹੁਰਾ ਫੇਰ ਕੇ ਪੈਜ ਰਖ ਦਿਤੀ। ੫.ਨਿਮਾਣਿਆਂ ਨੂੰ ਦਰਗਾਹ ਵਿਖੇ ਮਾਣ ਮਿਲਦਾ ਹੈ ਜੋ ਸਾਧ ਸੰਗਤ ਸਤਿਗੁਰੂ ਜੀ ਦੀ ਸ਼ਰਨ ਹਨ। ੬.ਉੱਚੀ ਪਦਵੀ ਵਾਲੇ (ਖੱਤ੍ਰੀ ਬ੍ਰਾਹਮਣ ਅਰ) ਨੀਚ ਜਾਤ ਵਾਲੇ (ਸ਼ੂਦ੍ਰ ਲੋਕ, ਗੱਲ ਕੀ) ਚਾਰੇ ਵਰਨ ਨਾਮੇਂ ਦੀ ਪੈਰੀਂ ਆ ਡਿੱਗੇ। (ਇਸ ਪੁਰ ਦ੍ਰਿਸ਼ਟਾਂਤ ਦਿੰਦੇ ਹਨ)।੭.ਜਿੱਕੁਰ ਪਾਣੀ ਨਿਵਾਣ ਨੂੰ ਤੁਰਕੇ ਜਾਂਦਾ ਹੈ*।

## ੫. (ਭਗਤਾਂ ਦੀ ਜਾਤ ਨਹੀਂ)।

੧. ਅਸੁਰ ਭਭੀਖਣੁ ਭਗਤੁ ਹੈ ਬਿਦਰੁ ਧ੍ਰੂ ਵਿਖਲੀ ਸਰਣਾਈ†।
੨. ਧੰਨਾ ਜਟੁ ਵਖਾਣੀਐ ਸਧਨਾ ਜਾਤਿ ਅਜਾਤਿ ਕਸਾਈ।
੩. ਭਗਤੁ ਕਬੀਰ ਜੁਲਾਹੜਾ ਨਾਮਾ ਛੀਂਬਾ ਹਰਿ ਗੁਣ ਗਾਈ।
੪. ਕੁਲਿ ਰਵਿਦਾਸੁ ਚਮਾਰੁ ਹੈ ਸੈਣੁ ਸਨਾਤੀ ਅੰਦਰਿ ਨਾਈ।
੫. ਕੋਇਲ ਪਾਲੈ ਕਾਵਣੀ ਅੰਤਿ ਮਿਲੈ ਆਪਣੇ ਕੁਲ ਜਾਈ।
੬. ਕਿਸ਼ਨੁ ਜਸੋਧਾਂ ਪਾਲਿਆ ਵਾਸਦੇਵ ਕੁਲ ਕਵਲ ਸਦਾਈ।
੭. ਘਿਅ ਭਾਂਡਾ ਨ ਵੀਚਾਰੀਐ ਭਗਤਾ ਜਾਤਿ ਸਨਾਤਿ ਨ ਕਾਈ।
੮. ਚਰਣ ਕਵਲ ਸਤਿਗੁਰ ਸਰਣਾਈ॥੫॥

**ਪਦਾਰਥ**-(ਅਸਰੁ=ਰਾਖਸ਼। ਵਿਖਲੀ=ਵੇਸਵਾ। ਘਿਅ ਭਾਂਡਾ=ਘਿਉ ਦਾ ਭਾਂਡਾ, ਕੁੱਪਾ।

**ਅਰਥ**-੧.ਰਾਖਸ਼ ਬਿਭੀਖਣ ਭਗਤ ਹੋਯਾ, ਬਿਰਦ, ਧ੍ਰੂ ਤੇ ਵੇਸ਼ਵਾ ਸ਼ਰਨੀ ਆਏ। ੨.ਧੰਨਾ ਭਗਤ ਜੱਟ ਕਹੀਦਾ ਹੈ, ਸਧਨਾਂ ਜ਼ਾਤਾਂ ਵਿਚੋਂ ਨੀਚ ਜਾਤ ਵਾਲਾ ਕਸਾਈ (ਹੋਇਆ ਹੈ)। ੩.ਕਬੀਰ ਭਗਤ ਜੁਲਾਹਾ, ਨਾਮਾ ਛੀਂਬਾ ਹੋਕੇ ਹਰੀ ਦੇ ਗੁਣ ਗਾਉਂਣ ਲੱਗਾ। ੪.ਚਮਿਆਰਾਂ ਦੀ ਕੁਲ ਵਿਚ ਰਵਿਦਾਸ ਹੋਇਆ ਹੈ, (ਸਨਾਤ) ਨੀਵੀਆਂ ਕੌਮਾਂ ਵਿਚੋਂ ਸੈਣ ਭਗਤ ਨਾਈ ਹੈ। (ਅੱਗੇ ਪੰਜਵੀਂ ਛੀਵੀਂ ਤੁਕ ਵਿਚ ਦੋ ਦ੍ਰਿਸ਼ਟਾਂਤ ਦੱਸਦੇ ਹਨ)। ੫.(ਜਿੱਕੁਰ) ਕਾਵਣੀ ਕੋਇਲ ਨੂੰ (ਆਪਣੀ) ਅੰਸ਼ ਜਾਣਕੇ)ਪਾਲਦੀ ਹੈ,(ਪਰੰਤੂ) ਅੰਤ ਨੂੰ ਉਹ ਆਪਣੇ (ਮਾਪਿਆਂ ਦੀ ਬੋਲੀ ਸੁਣਕੇ ਕੋਇਲਾਂ ਦੀ) ਕੁਲ ਵਿਖੇ ਜਾ ਮਿਲਦੀ ਹੇ। ੬.(ਕ੍ਰਿਸ਼ਨ) ਨੂੰ ਜਸੋਧਾਂ (ਗੁਜਰੀ ਨੇ ਬਾਰਾਂ ਵਰ੍ਹੇ) ਪਾਲਿਆ ਸੀ, ਪਰੰਤੂ ਵਾਸਦੇਵ ਦੀ ਕੁਲ ਦਾ ਕਵਲ ਹੀ ਕਹਿਲਾਇਆ(ਇਵੇਂ ਉਹ ਸਨਾਤ ਨਾ ਕਹਿਲਾਏ, ਭਗਤ ਕਹਿਲਾਏ)।

*ਭਗਤ ਜੀ ਦੇ ਪ੍ਰਸੰਗ ਲਈ ਪੜ੍ਹੋ 'ਭਗਮ ਨਾਮਦੇਵ' ਨਾਮੇ ਖਾ: ਟ੍ਰੈ: ਸੁ: ਦਾ ਟੈਕਟ।
†ਪਾ:-ਬਿਦਰਸੁ ਵਿਖਲੀ ਪਤਿ ਸਰਣਾਈ।

੭.ਜਿਵੇਂ ਘਿਉ ਦਾ ਭਾਂਡਾ ਨਹੀਂ ਵਿਚਾਰੀਦਾ (ਤਿਵੇਂ) ਭਗਤਾਂ ਦੀ (ਉਂਚੀ) ਜਾਂ ਨੀਵੀਂ ਜਾਤਿ ਕੋਈ ਨਹੀਂ ਵਿਚਾਰੀਦੀ, ਯਥਾ-(**"ਘਿਅ ਪਟ ਭਾਂਡਾ ਕਹੈ ਨ ਕੋਇ॥"**) (ਤਿਲੰਗ:ਮ:੧-੨) ੮.ਸਤਿਗੁਰੂ (ਗੁਰ ਨਾਨਕ ਦੇ) ਚਰਣਾਂ ਕਮਲਾਂ ਦੀ ਸ਼ਰਨ (ਲੈਣ ਦੇ ਕਾਰਣ ਸਦਾ ਉੱਤਮ ਹਨ, ਅੰਤ ਨੂੰ ਪਰਮ ਧਾਮ ਵਿਖੇ ਨਿਵਾਸ ਲੈਣਗੇ।)

## ੬. (ਨੀਚ ਥਾਉਂ ਉੱਤਮ ਵਸਤਾਂ ਦੇ ਦ੍ਰਿਸ਼ਟਾਂਤ)।

੧. ਡੇਮੂੰ ਖਖਰਿ ਮਿਸਰੀ ਮਖੀ ਮੇਲੁ ਮਖੀਰੁ ਉਪਾਇਆ।
੨. ਪਾਟ ਪਟੰਬਰ ਕੀੜਿਅਹੁ ਕੁਟਿ ਕੁਟਿ ਸਣੁ ਕਿਰਤਾਸੁ ਬਣਾਇਆ।
੩. ਮਲਮਲ ਹੋਇ ਵੜੇਵਿਅਹੁ ਚਿਕੜਿ ਕਵਲੁ ਭਵਰੁ ਲੋਭਾਇਆ।
੪. ਜਿਉ ਮਣਿ ਕਾਲੇ ਸਪ ਸਿਰਿ ਪਥਰੁ ਹੀਰੇ ਮਾਣਕ ਛਾਇਆ।
੫. ਜਾਣੁ ਕਥੂਰੀ ਮਿਰਗ ਤਨਿ ਨਾਉ ਭਗਉਤੀ ਲੋਹੁ ਘੜਾਇਆ।
੬. ਮੁਸਕੁ ਬਿਲੀਅਹੁ ਮੇਦੁ ਕਰਿ ਮਜਲਸ ਅੰਦਰਿ ਮਹ ਮਹਕਾਇਆ।
੭. ਨੀਚ ਜੋਨਿ ਉਤਮੁ ਫਲੁ ਪਾਇਆ॥੬॥

**ਪਦਾਰਥ**-(ਖੱਖਰਿ=ਡੇਮੂੰਆਂ ਦੇ ਘਰ। ਮਖੀਰੁ=ਸ਼ਹਿਤ। ਕਿਰਤਾਸੁ=ਕਾਗਤ।
(ਕਥੂਰੀ=ਕਸਤੂਰੀ। ਭਗਉਤੀ=ਸ੍ਰੀ ਸਾਹਿਬ, ਤਲਵਾਰ।
(ਮੁਸ਼ਕ=ਮੁਸ਼ਕ ਬਿਲਾਈ। ਮੇਦ=ਮਿੱਝ। ਮਹ ਮਹਕਾਇਆ=ਮਹਾਂ।
(ਮਹਿਕਣਾ, ਵੱਡੀ ਸੁਗੰਧੀ, (ਅ) ਧਰਤੀ ਮਹਿਕਣੀ। )

**ਅਰਥ**-੧.ਮਿਸਰੀ ਡੇਮੂੰਆਂ ਦੀ ਖੱਖਰੋਂ, ਮੱਖੀਆਂ ਦੇ ਮੇਲ ਤੋਂ ਸ਼ਹਿਤ ਉਤਪਤ ਹੁੰਦਾ ਹੈ। ੨.ਪੱਟ ਦੇ ਕਪੜੇ ਕੀੜਿਆਂ ਥੋਂ (ਬਣਦੇ ਹਨ, ਅਰ) ਸਣ ਨੂੰ ਕੁੱਟ ਕੁੱਟਕੇ ਕਾਗ਼ਤ ਬਣਾਉਂਦੇ ਹਨ। ੩.ਵੜੇਵਿਆਂ ਥੋਂ ਮਲਮਲ ਹੁੰਦੀ ਹੈ ਚਿੱਕੜ ਵਿਚੋਂ ਕਵਲ (ਅਜਿਹਾ ਸੋਹਣਾ ਹੁੰਦਾ ਹੈ ਜਿਸ ਪੁਰ)ਭਵਰੇ ਲੋਭਦੇ ਹਨ। ੪.ਜਿਕੂੰ ਕਾਲੇ ਸੱਪ ਦੇ ਸਿਰ ਮਣੀ ਅਰ ਪੱਥਰਾਂ ਵਿਖੇ ਹੀਰੇ ਤ ਮਾਣਕ ਸ਼ੋਭਦੇ ਹਨ। ੫.ਕਸਤੂਰੀ ਮਿਰਗਾਂ ਦੀ ਨਾਭੀ ਵਿਖੇ ਹੁੰਦੀ ਹੈ, ਲੋਹੇ ਥੋਂ ਤਲਵਾਰ ਘੜੀਦੀ ਹੈ।* ੬.ਬਿੱਲੀ ਦੀ ਮਿੱਝ ਥੋਂ ਮੁਸ਼ਕ ਬਿਲਾਈ ਹੁੰਦੀ ਹੈ, ਜਿਹੜੀ ਮਜਲਸਾਂ ਵਿਚ ਮਹਾਂ ਮਹਿਕਦੀ ਹੈ, ੭.(ਹੁਣ ਤਾਤਪਰਜ ਦੱਸਦੇ ਹਨ ਕਿ) ਨੀਚ ਜੋਨੀਆਂ ਸਨ (ਪਰ) ਉੱਤਮ ਫਲ ਪਾ ਲਿਆ, (ਤਿਹਾ ਹੀ ਭਗਤ ਜਨ ਨੀਚ ਜਾਤ ਹੋਕੇ ਬੀ ਉੱਚ ਫਲ ਨੂੰ ਅਜਿਹੇ ਪ੍ਰਾਪਤ ਹੋਏ ਕਿ ਅੱਜ ਤੀਕ ਗ੍ਰੰਥਾਂ ਵਿਖੇ ਚਲੇ ਆਉਂਦੇ ਹਨ)।

## ੭. (ਰਾਜਾ ਬਲਿ ਦਾ ਪ੍ਰਸੰਗ)।

੧. ਬਲਿ ਪੋਤਾ ਪ੍ਰਹਿਲਾਦ ਦਾ ਇੰਦਰ ਪੁਰੀ ਦੀ ਇਛ ਇਛੰਦਾ।
੨. ਕਰਿ ਸੰਪੂਰਣੁ ਜਗੁ ਸਉ ਇਕੁ ਇਕੋਤਰੁ ਜਗੁ ਕਰੰਦਾ।
੩. ਬਾਵਨ ਰੂਪੀ ਆਇਕੈ ਗਰਬੁ ਨਿਵਾਰੁ ਭਗਤ ਉਧਰੰਦਾ।
੪. ਇੰਦ੍ਰਾਸਣੁ ਨੋ ਪਰਹਰੈ ਜਾਇ ਪਤਾਲਿ ਸੁ ਹੁਕਮੀ ਬੰਦਾ।
੫. ਬਲਿ ਛਲਿ ਆਪੁ ਛਲਾਇਓਨੁ ਦਰਵਾਜ਼ੇ ਦਰਵਾਨ ਹੋਵੰਦਾ।
੬. ਸ੍ਵਾਂਤਿ ਬੂੰਦ ਲੈ ਸਿਪ ਜਿਉ ਮੋਤੀ ਚੁੰਭੀ ਮਰਿ ਸੁਹੰਦਾ।

*ਇਸ ਪਉੜੀ ਵਿਚੋਂ ਇਕ ਬੜਾ ਚੰਗਾ ਨੁਕਤਾ ਹੱਲ ਹੁੰਦਾ ਹੈ, 'ਭਗਉਤੀ' ਦਾ ਅਰਥ ਤਲਵਾਰ ਹੈ, ਅਰ ਸਿਖ ਉਸ ਵੇਲੇ ਇਸ ਦਾ ਅਰਥ ਭਗਉਤੀ ਜਾਣਦੇ ਸਨ ਜਦੋਂ ਅਜੇ ਜੰਗੀ ਜੀਵਨ ਕੁੱਖ ਵਿਚ ਸੀ।

੭. ਹੀਰੈ ਹੀਰਾ ਬੇਧਿ ਮਿਲੰਦਾ ॥੭॥

**ਪਦਾਰਥ**-(ਇਛੰਦਾ=ਲੋੜਵੰਦਾ ਸੀ। ਇਕੋਤਰ=ਇਕ ਪੁਰ ਸੌ। ਪਰਹਰੇ=ਤਿਆਗਕੇ। (ਦਰਵਾਨ=ਡੇਉਢੀ ਬਰਦਾਰ। ਸੁਹੰਦਾ=ਸ਼ੋਭਨੀਕ।)

**ਅਰਥ**-੧.ਪ੍ਰਹਿਲਾਦ ਦਾ ਪੋਤ੍ਰਾ (ਅਰਥਾਤ, ਵਿਰੋਚਨ ਦਾ ਪੁੱਤ੍ਰ ਰਾਜਾ) ਬਲਿ ਇੰਦ੍ਰ ਪੁਰੀ ਦੇ ਰਾਜ ਦੀ ਇੱਛਾ ਦਾ ਲੋੜਵੰਦ ਸੀ। ੨.ਇਕ ਸੌ ਜੱਗ ਸੰਪੂਰਣ ਕਰ ਚੁਕਾ ਸੀ ਅਰ ਇਕੋਤਰ ਸੌ ਪੂਰੇ ਕਰਨ ਲਈ ਇਕ (ਜੱਗ ਹੋਰ) ਕਰ ਰਿਹਾ ਸੀ। ੩.ਬਾਵਨ ਰੂਪ ਵਾਲੇ ਨੇ ਆਕੇ ਹੰਕਾਰ ਦੂਰ ਕਰਕੇ ਭਗਤ ਦਾ ਉਧਾਰ ਕਰ ਦਿੱਤਾ। ੪.ਇੰਦ੍ਰਾਸਣ (ਦੀ ਇੱਛਾ) ਨੂੰ ਛੱਡਕੇ, ਹੁਕਮੀ ਬੰਦਾ ਹੋ ਪਤਾਲ ਚਲਿਆ ਗਿਆ। ੫.ਬਲਿ ਨੂੰ ਛਲਦਾ ਹੋਇਆ ਆਪਣਾ ਆਪ ਛਲਾ ਬੈਠਾ, ਦਰਵਾਜ਼ੇ ਪਰ ਦਰਵਾਨ ਹੋ ਗਿਆ, (ਰਾਜਾ ਬਲਿ ਦੇ ਪਤਾਲ ਜਾਣ ਪੁਰ ਦ੍ਰਿਸ਼ਟਾਂਤ ਦਿੰਦੇ ਹਨ)। ੬.ਜਿਕੁਰ ਸਿੱਪ ਸ੍ਵਾਂਤਿ ਬੂੰਦ ਲੈਕੇ ਟੁੱਭੀ ਮਾਰਕੇ ਸ਼ੋਭਨੀਕ ਮੋਤੀ ਹੋ ਜਾਂਦਾ ਹੈ ੭.(ਤਿੱਕੁਰ ਬਲ ਭਗਤ ਦਾ ਮਨ) ਹੀਰੇ ਨਾਲ ਹੀਰੇ ਵਾਂਙੂ ਵਿੰਨ੍ਹਿਆ ਜਾਕੇ ਮਿਲ ਗਿਆ।

**ਭਾਵ**-ਇਸ ਪੌੜੀ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਬਲ ਦਾ ਪ੍ਰਸੰਗ ਇਕ ਅਲੰਕਾਰ ਵਿਚ ਵਰਣਨ ਹੈ, ਪਰ ਅਸਲ ਬਾਤ ਕੁਛ ਹੋਰ ਹੈ, ਉਹ ਇਹ ਹੈ ਕਿ ਪ੍ਰਹਿਲਾਦ ਜੈਸੇ ਅਨਿੰਨ ਭਗਤ ਦੀ ਕੁਲ ਵਿਚ ਬਲਿ ਭਗਤ ਹੋਕੇ ਫੇਰ ਸੁਰਗ ਦਾ ਇੱਛਾਵਾਨ ਹੋਇਅ ਸੀ, ਸੱਚਾ ਭਗਤ ਕੇਵਲ ਰਜੋ ਗੁਣ ਅਧੀਨ ਹੋਕੇ ਸੁਰਗਾਂ ਦੀ ਖਾਤਰ ਆਪਣਾ ਬਲ ਬੁਧ ਗਆਉਣ ਲੱਗਾ। ਭਗਤ ਵਛਲ ਨੇ ਐਸੀ ਕਿਰਪਾ ਕੀਤੀ ਕਿ ਉਸਦਾ ਏਹ ਰਜੋਗੁਣੀ ਮਾਨ ਤੋੜ ਦਿੱਤਾ, ਇਕ ਨਿੱਕੇ ਮਾੜੇ ਜਿਹੇ ਸਰੂਪ ਪਾਸੋਂ ਉਪਦੇਸ਼ ਕਰਾਯਾ, ਜਿਸ ਨੇ ਉਸ ਨੂੰ ਸੁਰਗ ਦੀ ਤੁੱਛਤਾ ਵੈਰਾਟ ਸਰੂਪ ਦਾ ਉਪਦੇਸ਼ ਕਰਕੇ ਸਮਝਾ ਦਿਤੀ ਕਿ ਇੰਦਰ ਦਾ ਰਾਜ ਕੀ ਲੈਣਾ ਹਈ, ਭਗਵੰਤ ਦਾ ਰਾਜ ਲੈ ਜਿਸਦੇ ਤਿੰਨ ਲੋਕ ਢਾਈ ਕਰਮਾਂ ਭਰ ਭੀ ਨਹੀਂ, ਜਿਸ ਦਾ ਵੈਰਾਟ ਰੂਪ ਐਸਾ ਹੈ, ਜੇ ਸੱਚ ਮੁਚ ਸਰੂਪ ਦੇਖੇਂ ਤਾਂ ਕੈਸਾ ਆਨੰਦ ਹੋਵੇ। ਤਦ ਬਲਿ ਨੇ ਇਸ ਦਾ ਸਾਧਨ ਪੁਛਿਆ, ਉਹ ਸਾਧਨ ਰਜੋਗੁਣੀ ਜੱਗ ਨਾ ਸੀ, ਪਰ ਸਤੋਗੁਣੀ ਨਿੰਮ੍ਰਤਾ ਸੀ, ਪਤਾਲ ਦਾ ਭਾਵ ਆਪਾ ਭਾਵ ਗੁਵਾਕੇ ਨਿੰਮ੍ਰੀ ਭੂਤ ਤੇ ਹਉਮੈਂ ਅਤੀਤ ਹੋਣ ਦਾ ਸੀ। ਹੁਣ ਜਦ ਸਚੇ ਭਗਤ ਨੇ ਇਕ ਦਮ ਹਉਮੈ ਛਡੀ ਤਦ ਪ੍ਰਾਪਤੀ ਤੋਂ ਅੰਸ਼ ਮਾਤ੍ਰ ਪਹਿਲੇ ਹਉਮੈਂ ਦੀ ਟੋਟ ਹੋਇਆ ਕਰਦੀ ਹੈ, ਉਸ ਟੋਟ ਵਿਚ ਸਭ ਕੁਝ ਨਾਸ਼ਵਾਨ ਹੋ ਪ੍ਰਤੱਖ ਭਾਸਦਾ ਹੈ, ਉਸ ਨਿਮਾਣੀ ਦਸ਼ਾ ਵਿਚ ਭਗਤ ਨੇ ਕਿਹਾ, ਮੇਰਾ ਕੌਣ ਹੈ? ਤਾਂ ਆਗਿਆ ਹੋਈ ਕਿ ਤੇਰਾ ਰਾਖਾ ਆਪ ਪਰਮੇਸੁਰ ਹੈ, ਇਹ ਦਰਵਾਨੀ ਕੀਤੀ। ਅੰਤ ਭਗਤ ਹੀਰੇ ਨਾਲ ਹੀਰੇ ਵਾਂਙੂ ਵਿੱਝਕੇ ਪਰਮਪਦ ਨੂੰ ਜਾ ਪਹੁੰਚਾ। ਇਹ ਅਲੰਕਾਰ ਦੇ ਪੁਸ਼ਾਕੇ ਹੇਠ ਅਸਲ ਸਰੀਰ ਸੀ ਜੋ ਭਾਈ ਜੀ ਨੇ ਖੋਜ ਦੱਸਿਆ ਹੈ।

## ੮. (ਕੀੜੀ)।

੧. ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ।
੨. ਗੁਰਮੁਖਿ ਮਾਰਗਿ ਚਲਣਾ ਇਕਤੁ ਖੱਡੂ ਸਹੰਸ ਸਮਾਏ।
੩. ਘਿਅ ਸਕਰ ਦੀ ਵਾਸ ਲੈ ਜਿਥੈ ਧਰੀ ਤਿਥੈ ਚਲਿ ਜਾਏ।
੪. ਡੁਲੈ ਖੰਡੁ ਜੁ ਰੇਤ ਵਿਚਿ ਖੰਡੂ ਦਾਣਾ ਚੁਣਿ ਚੁਣਿ ਖਾਏ।
੫. ਭ੍ਰਿੰਗੀ ਦੇ ਭੈ ਜਾਇ ਮਰਿ ਹੋਵੈ ਭ੍ਰਿੰਗੀ ਮਾਰਿ ਜੀਵਾਏ।
੬. ਅੰਡਾ ਕੱਛੂ ਕੂੰਜ ਦਾ ਆਸਾ ਵਿਚਿ ਨਿਰਾਸੁ ਵਲਾਏ।
੭. ਗੁਰਮੁਖਿ ਗੁਰੁ ਸਿਖੁ ਸੁਖ ਫਲ ਪਾਏ ॥੮॥

**ਪਦਾਰਥ**-(ਖੱਡੂ=ਖੁਡ, ਛੇਕੁ। ਸਹੰਸ=ਹਜ਼ਾਰ। ਵਾਸ=ਵਾਸ਼ਨਾ। ਅੰਡਾ=ਬੱਚਾ।)

**ਅਰਥ**-੧.ਕੀੜੀ ਨੀਵਿਆ ਤੋਂ ਨੀਵੀਂ ਸਦਾਉਂਦੀ ਹੈ, (ਕਿਉਂ ਜੋ ਨਿੱਕੀ ਹੋਕੇ) ਆਪਣਾ ਆਪ ਨਹੀਂ ਗਣਾਉਂਦੀ (ਜਾਂ ਕੀੜੀ ਵਾਂਗੂੰ ਨੀਚ ਤੋਂ ਨੀਚ ਸਦਾਕੇ ਆਪ ਜਣਾਏ)। ੨.(ਜਿਕੂੰ ਸੂੰਹੀਂ ਕੀੜੀ ਦੇ ਮਗਰ ਸਭ ਚਲਦੀਆਂ ਹਨ ਤਿਵੇਂ) ਗੁਰਮੁਖਾਂ ਦੇ ਮਾਰਗ ਪੁਰ ਚੱਲਣਾ ਚਾਹੀਏ (ਫੇਰ ਕੀੜੀ ਵਾਂਙੂੰ) ਇਕ ਖੁੱਡ ਵਿਚ ਹਜ਼ਾਰਾਂ ਦੀ ਸਮਾਈ ਕਰੇ (ਭਾਵ ਪਿਆਰ ਨਾਲ ਰਹਿਣ)। ੩.ਘਿਉ ਸ਼ੱਕਰ ਦੀ ਵਾਸ਼ਨਾ ਲੈਕੇ ਜਿਥੇ ਹੋਵੇ ਉਥੇ ਜਾ ਪਹੁੰਚਦੀ ਹੈ (ਤਿਵੇਂ ਸਤਿਸੰਗਤ ਵਿਚ ਪੁੱਜਕੇ ਜਾਏ)। ੪.(ਜੇਕਰ) ਰੇਤ ਵਿਖੇ ਖੰਡ ਡੁੱਲ੍ਹ ਪਵੇ ਉਥੋਂ ਬੀ ਚੁਣ ਚੁਣ ਕੇ ਖੰਡ ਦਾ ਦਾਨਾ ਹੀ ਖਾ ਲਵੇਗੀ। (**''ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇਕੈ ਖਾਇ॥''** (ਸ:ਕਬੀਰ-੨੩੮) ਭਾਵ ਗੁਰਮੁਖ ਲੋਕ ਕੀੜੀ ਹੋਕੇ ਗੁਣਾਂ ਰੂਪ ਖੰਡ ਰੇਤ ਵਿਖੇ ਰਲੀ ਹੋਈ ਬੀ ਚੁਣਕੇ ਧਾਰਨ ਕਰਦੇ ਹਨ, ਅਰਥਾਤ:-''**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥**'') (ਸੂਹੀ:ਮ:੧-੪) ੫.ਭ੍ਰਿੰਗੀ (ਕੀੜੇ ਦੇ) ਡਰ ਨਾਲ ਮਰਕੇ ਭ੍ਰਿੰਗੀ ਹੋਕੇ ਮਾਰ ਜੀਵਾਏ, (ਹੋਰ ਕੀੜਿਆਂ ਨੂੰ ਦੇਹਾਧਯਾਸੋਂ ਮਾਰਕੇ ਆਪਣੇ ਜਿਹਾ ਕਰਦੀ ਹੈ, ਦ੍ਰਿਸ਼ਟਾਂਤ-ਗੁਰਮੁਖ ਲੋਕ ਜੀਵਤ ਭਾਵ ਥੋਂ ਜਗਯਾਸੂ ਨੂੰ ਮਾਰਕੇ ਆਪਣੇ ਵਾਂਗੂੰ ਭਗਵੰਤ ਪਰਾਇਣ ਕਰਦੇ ਹਨ)। ੬.(ਜਿੱਕੁਰ) ਕੱਛੂ ਅਤੇ ਕੂੰਜ ਦੇ ਬੱਚੇ ਆਸਾ ਵਿਚ ਨਿਰਾਸ ਰਹਿੰਦੇ ਹਨ।੭.ਗੁਰਮੁਖ ਗੁਰ ਸਿਖਿਆ ਲੈਕੇ ''ਸੁਖ ਫਲ'' ਪਾਉਂਦੇ ਹਨ।

**ਭਾਵ**-ਭ੍ਰਿੰਗੀ ਦਾ ਦ੍ਰਿਸ਼ਟਾਂਤ ਲੋਕੋਕਤੀ ਹੈ, ਤਾਤਪਰਜ ਤਦਰੂਪ ਹੋਣ ਦਾ ਹੈ।

## ੯. (ਨਿੱਕੇ ਹੋਣ ਪੁਰ ਲੋਕ ਪ੍ਰਸਿੱਧ ਪ੍ਰਸੰਗ)।

੧. ਸੂਰਜ ਪਾਸਿ ਬਿਆਸੁ ਜਾਇ ਹੋਇ ਭੁਣਹਣਾ ਕੰਨਿ ਸਮਾਣਾ।
੨. ਪੜਿ ਵਿਦਿਆ ਘਰਿ ਆਇਆ ਗੁਰਮੁਖਿ ਬਾਲਮੀਕ ਮਨਿ ਭਾਣਾ।
੩. ਆਦਿ ਬਿਆਸ ਵਖਾਣੀਐ ਕਥਿ ਕਥਿ ਸਾਸਤ੍ਰ ਵੇਦ ਪੁਰਾਣਾ।
੪. ਨਾਰਦਿ ਮੁਨਿ ਉਪਦੇਸਿਆ ਭਗਤਿ ਭਾਗਵਤੁ ਪੜ੍ਹਿ ਪਤੀਆਣਾ।
੫. ਚਉਦਹ ਵਿਦਿਆ ਸੋਧਿਕੈ ਪਰਉਪਕਾਰੁ ਅਚਾਰੁ ਸੁਖਾਣਾ।
੬. ਪਰਉਪਕਾਰੀ ਸਾਧ ਸੰਗੁ ਪਤਿਤ ਉਧਾਰਣੁ ਬਿਰਦੁ ਵਖਾਣਾ।
੭. ਗੁਰਮੁਖਿ ਸੁਖ ਫਲੁ ਪਤਿ ਪਰਵਾਣਾ॥੯॥

**ਪਦਾਰਥ**-(ਭੁਣਹਣਾ=ਨਿੱਕੇ ਪਰਾਂ ਵਾਲਾ ਕੀੜਾ। ਪਤੀਆਣਾ=ਪਤੀਜਿਆ। (ਸੁਖਾਣਾ=ਸੁਖ ਪਾਇਆ। ਪਤਿ ਪਰਵਾਣਾ=ਪਤ ਪ੍ਰਵਾਨ ਹੋਈ।

**ਅਰਥ**-੧.ਬਿਆਸ ਦੇਵ ਸੂਰਜ ਦੇ ਕੋਲ ਜਾਕੇ ਨਿੱਕਾ ਜਿਹਾ ਕੀੜਾ ਰੂਪ ਧਾਰਕੇ (ਉੱਚੀ ਸ਼੍ਰਵਾ ਨਾਮੇ ਸੂਰਜ ਦੇ ਘੋੜੇ ਦੇ) ਕੰਨ ਵਿਚ ਵੜ ਬੈਠਾ (**ਭਾਵ**-ਇਹ ਕਿ ਨਿੱਕਾ ਬਣਕੇ ਅਧੀਨ ਹੋਕੇ ਕਿਸੇ ਗੁਣੀ ਤੋਂ ਵਿਦਯਾ ਪਾਈ, ਤੇ ਨਿਪੁੰਨ ਹੋਕੇ ਘਰ ਆਇਆ)। ੨.(ਬਾਲਮੀਕ ਬੀ ਨਿੰਮ੍ਰੀਭੂਤ ਹੋ) ਵਿੱਦਯਾ ਪੜ੍ਹਕੇ ਗੁਰਮੁਖ ਬਾਲਮੀਕ ਮਨ ਭਾਉਣਾ ਘਰ ਨੂੰ ਆਯਾ। ੩.ਆਦਿ ਵ੍ਯਾਸ ਨੇ ਮਥ ਮਥਕੇ ਸ਼ਾਸਤ੍ਰ ਵੇਦ ਪੁਰਾਂਣਾਂ (ਦੀਆਂ ਸੰਹਤਾਂ ) ਬਣਾ ਦਿੱਤੀਆਂ (ਪ੍ਰੰਤੂ ਸ਼ਾਂਤਿ ਨ ਆਈ), ੪.ਨਾਰਦਮੁਨੀ ਨੇ (ਇਸ ਨੂੰ) ਉਪਦੇਸ਼ ਦਿੱਤਾ ਕਿ ਭਗਵਤ ਦੀ ਭਗਤੀ ਪੜ੍ਹ, (ਇਸਨੂੰ ਪੜ੍ਹਕੇ ਉਹ) ਪਤੀਜਿਆ (ਭਾਵ ਸ਼ਾਂਤ ਆ ਗਈ) । ੫.ਚੌਦਾਂ ਵਿਦਯਾ ਸੋਧਕੇ ਪਰਉਪਕਾਰ ਦੇ ਆਚਾਰ ਵਿਚ ਸੁਖ ਪਾਇਆ। ੬.ਸਾਧ ਸੰਗਤ ਪਰਉਪਕਾਰੀ ਹੈ ਅਰ ਪਤਿਤਾਂ ਦਾ ਉਧਾਰ ਕਰਨਾ (ਸਾਧ ਸੰਗਤ ਦਾ) ਬਿਰਦ ਕਹੀਦਾ ਹੈ।੭.ਗੁਰਮੁਖਾਂ ਨੇ ਸੁਖ ਫਲ ਪਾਇਆ ਹੈ, (ਅਰ ਉਨ੍ਹਾਂ ਦੀ) ਪਤ ਪਰਵਾਣ ਹੋਈ ਹੈ।


www.sikhbookclub.com

## ੧੦. (ਸੁਕਦੇਵ)।

੧. ਬਾਰਹ ਵਰੇ ਗਰਭਾਸਿ ਵਸਿ ਜਮਦੇ ਹੀ ਸੁਕਿ ਲਈ ਉਦਾਸੀ।
੨. ਮਾਇਆ ਵਿਚਿ ਅਤੀਤ ਹੋਇ ਮਨ ਹਠ ਬੁਧਿ ਨ ਬੰਦਿਖਲਾਸੀ।
੩. ਪਿਤਾ ਬਿਆਸ ਪਰਬੋਧਿਆ ਗੁਰ ਕਰਿ ਜਨਕ ਸਹਜ ਅਭਿਆਸੀ।
੪. ਤਜਿ ਦੁਰਮਤਿ ਗੁਰਮਤਿ ਲਈ ਸਿਰ ਧਰਿ ਜੂਠਿ ਮਿਲੀ ਸਾਬਾਸੀ।
੫. ਗੁਰ ਉਪਦੇਸੁ ਆਵੇਸੁ ਕਰਿ ਗਰਬਿ ਨਿਵਾਰਿ ਜਗਤਿ ਗੁਰਦਾਸੀ।
੬. ਪੈਰ ਪੈ ਪਾਖਾਕ ਹੋਇ ਗੁਰਮਤਿ ਭਾਉ ਭਗਤਿ ਪਰਗਾਸੀ।
੭. ਗੁਰਮੁਖਿ ਸੁਖ ਫਲ ਸਹਜ ਨਿਵਾਸੀ॥੧੦॥

**ਪਦਾਰਥ**-(ਉਦਾਸੀ=ਵਿਰਕਤੀ। ਪਰਬੋਧਿਆ=ਉਪਦੇਸ਼ ਦਿਤਾ।ਸਹਿਜ ਅਭਿਆਸ=ਬ੍ਰਹਮਨੇਸ਼ਟੀ। (ਜੂਠ=ਜੂਠੀਆਂ ਪੱਲਤਾਂ। ਸਾਬਾਸੀ=ਧੰਨਤਾ।)

**ਅਰਥ**-੧.ਸੁਕਦੇਵ ਨੇ ਬਾਰਾਂ ਵਰਹੇ (ਮਾਤਾ ਦੇ) ਗਰਭ ਵਿਖੇ ਰਹਿਕੇ ਜੰਮਦੇ ਸਾਰ ਹੀ 'ਉਦਾਸੀ' ਲੀਤੀ। ੨.ਮਾਇਆ ਵਿਚ ਅਤੀਤ (ਵਿਰੱਕਤੀ ਤਾਂ) ਹੋਇਆ, (ਪ੍ਰਤੂੰ) ਮਨ ਦੀ ਹਠ ਬੁਧੀ ਦੀ ਬੰਦ ਖਲਾਸ ਨਾ ਹੋਈ। ੩.ਬਿਆਸ ਪਿਤਾ ਨੇ ਉਪਦੇਸ਼ ਦਿੱਤਾ ਕਿ ਜਨਕ, ਜਿਹੜਾ ਸਹਿਜ ਅਭ੍ਯਾਸੀ ਹੈ, (ਉਸਨੂੰ) ਗੁਰੂ ਧਾਰਨ ਕਰ। ੪.ਹੁਣ ਦੁਰਮਤਿ (ਹਠ) ਨੂੰ ਛੱਡਕੇ ਸਿਰ ਪੁਰ ਜੂਠੀਆਂ ਪੱਤਲਾਂ ਸਹਾਰ ਕਰ ਗੁਰੂ ਸਿੱਖਯਾ ਲੀਤੀ (ਤੇ ਗੁਰੂ ਪਾਸੋਂ 'ਸ਼ਾਬਾਸੀ'=) ਥਾਪੀ ਮਿਲੀ। ੫.ਗੁਰੂ ਦੇ ਉਪਦੇਸ਼ ਵਿਖੇ ਗਰਬ ਨੂੰ ਨਿਵਾਰਕੇ ਜਦ (ਜਗਤ ਗੁਰਦਾਸੀ=ਰਾਜਾ ਪ੍ਰੀਖਤ ਜਿਹੇ) ਜਗਤ ਦੇ ਪੂਜ੍ਯ ਨੇ ਦਾਸੀ ਭਾਵ ਗ੍ਰਹਿਣ ਕੀਤਾ (ਤਾਂ ਜਗਤ ਉਸ ਪੂਜ੍ਯ ਦਾ ਦਾਸ ਹੋਇਆ)। ੬.(ਦ੍ਰਿਸ਼ਟਾਂਤ) ਪੈਰੀ ਪੈਣਾ, ਪੈਰਾਂ ਦੀ ਖ਼ਾਕ ਹੋਣਾ, ਗੁਰਮਤ ਅਤੇ ਪ੍ਰੇਮਾ ਭਗਤੀ ਦਾ (ਗੁਰਮੁਖਾਂ ਨੇ) ਪ੍ਰਕਾਸ਼ ਕੀਤਾ, (ਭਾਵ ਉਪਦੇਸ਼ ਦਿੱਤਾ)। ੭.(ਅੰਤ ਨੂੰ) ਗੁਰਮੁਖਾਂ (ਦੇ ਸ਼ਾਂਤਿ ਸਰੂਪ) ਸੁਖ ਫਲ ਦੇ ਸਹਜੇ ਨਿਵਾਸੀ ਹੁੰਦੇ ਹਨ।

**ਭਾਵ**-ਸੁਕਦੇਵ ਦੀ ਕਥਾ ਤੋਂ ਕੇਵਲ ਇਹ ਅੰਗ ਲੈਣਾ ਹੈ ਕਿ ਵਿਰਕਤੀ ਹੋਕੇ ਭੀ ਮਨ ਹਠ ਰਿਹਾ, ਸੁਖ ਤਾਂ ਪਾਇਆ ਜਾਂ ਜਨਕ ਦੁਆਰੇ ਨਿੰਮ੍ਰਤਾ ਸਿੱਖੀ। ਕਹਿੰਦੇ ਹਨ ਜਦ ਸੁਕਦੇਵ ਪਿਤਾ ਦੀ ਆਗਯਾ ਮੰਨਕੇ ਜਨਕ ਨੂੰ ਗੁਰੂ ਧਾਰਨ ਗਿਆ ਸੀ ਤਾਂ ਗੁਰੂ ਨੇ ਕਿਹਾ ਕਿ ਜਦ ਤੀਕ ਨਾ ਬੁਲਾਈਏ ਬਾਹਰ ਖੜਾ ਰਹੇ, ਹੁਣ ਸੁਕਦੇਵ ਨੂੰ ਰਾਜ ਮੰਦਰ ਦੇ ਹੇਠ ਖੜੋਣਾ ਪਿਆ। ਜਦ ਬ੍ਰਹਮ ਭੋਜ ਹੋ ਚੁਕਾ ਤਾਂ ਜੂਠੀਆਂ ਪੱਤਲਾਂ ਸਿਰ ਪੈਣ ਲੱਗੀਆਂ, ਪਰੰਤੂ ਸੁਕਦੇਵ ਆਪਣਾ ਮਨ ਨਾ ਡੁਲਾਕੇ ਇਕ ਪੈਰ ਭੀ ਉਸ ਥਾਵੋਂ ਨਾ ਹਟਿਆ, **"ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆਂ ਤਿਲੁ ਨ ਡੁਲਾਵੈਗੋ॥"** (ਕਾਨੜਾ:ਮ:੪:ਅਸਟ-੨) ਗੱਲ ਕੀ ਸੁਕਦੇਵ ਦੀ ਸਹਿਣ ਸ਼ੀਲਤਾ ਦੇਖ ਕੇ ਪ੍ਰਸੰਨ ਹੋਕੇ ਭਾਉਣੀ ਪੂਰਨ ਕੀਤੀ* ।

## ੧੧. (ਗੁਰੂ ਸਿੱਖਾਂ ਦੀ ਵਿਸ਼ੇਖਤਾ)।

੧. ਰਾਜੁ ਜੋਗੁ ਹੈ ਜਨਕ ਦੇ ਵਡਾ ਭਗਤੁ ਕਰਿ ਵੇਦ ਵਖਾਣੈ।
੨. ਸਨਕਾਦਿਕ ਨਾਰਦ ਉਦਾਸ ਬਾਲ ਸੁਭਾਇ ਅਤੀਤ ਸੁਹਾਣੈ।
੩. ਜੋਗ ਭੋਗ ਲਖ ਲੰਘਿਕੈ ਗੁਰਸਿਖ† ਸਾਧ ਸੰਗਤਿ ਨਿਰਬਾਣੈ।

---

*ਇਥੇ ਸੁਕਦੇਵ ਤੋਂ ਵੱਡਾ ਜਨਕ ਸੀ, ਅਗਲੀ ਪੌੜੀ ਵਿਚ ਦਸਦੇ ਹਨ ਕਿ ਗੁਰਸਿਖ ਲਖਾਂ ਹੀ ਜਨਕ ਤੋਂ ਸ੍ਰੇਸ਼ਟ ਹੋਏ ਹਨ। †ਪਾ:-ਗੁਰਮੁਖਿ।

੪. ਆਪੁ ਗਣਾਇ ਵਿਗੁਚਣਾ ਆਪੁ ਗਵਾਏ ਆਪੁ ਸਿਞਾਣੈ।
੫. ਗੁਰਮੁਖਿ ਮਾਰਗੁ ਸਚ ਦਾ ਪੈਰੀ ਪਵਣਾ ਰਾਜੇ ਰਾਣੈ।
੬. ਗਰਬੁ ਗੁਮਾਨੁ ਵਿਸਾਰਿਕੈ ਗੁਰਮਤਿ ਰਿਦੈ ਗਰੀਬੀ ਆਣੈ।
੭. ਸਚੀ ਦਰਗਹ ਮਾਣੁ ਨਿਮਾਣੈ ॥੧੧॥

**ਪਦਾਰਥ**-(ਵੇਦ=ਉਹ ਪੁਸਤਕ ਜਿਨ੍ਹਾਂ ਵਿਚ ਪਰਮੇਸ਼ਰ ਦਾ ਕਥਨ ਹੋਵੈ (ਦੇਖੋ ਸ਼ਿਵ ਸੰਹਿਤਾ।) (ਅਤੀਤ=ਵਿਰਕਤੀ। ਨਿਰਬਾਣੈ=ਨਿਰਬੰਧਨ। ਵਿਗੁਚਣਾ=ਖਰਬ ਹੋਣਾ। (ਰਾਜੇ ਰਾਣੈ=ਵਡੇ ਛੋਟੇ। )

**ਅਰਥ**-੧.ਰਾਜਾ ਜਨਕ ਰਾਜ ਅਤੇ ਜੋਗ ਦੋਵੇਂ ਕਰਦਾ ਸੀ, ਵੱਡਾ ਭਗਤ ਕਰਕੇ ਵੇਦ ਨੇ ਵਰਣਨ ਕੀਤਾ ਹੈ, ੨.ਸਨਕਾਦਿਕ ਤੇ ਨਾਰਦ ਏਹ ਬਾਲ ਅਵਸਥਾ ਤੋਂ ਹੀ ਅਤੀਤ ਅਤੇ ਉਦਾਸ ਰਹੇ, (ਇਹੋ ਦਸ਼ਾ) ਚੰਗੀ ਲੱਗਦੀ ਰਹੀ, ੩.ਪਰੰਤੂ ਗੁਰੂ ਦੇ ਸਿੱਖ ਲੱਖਾਂ ਹੀ ਰਾਜ ਅਤੇ ਜੋਗਾਂ ਨੂੰ ਲੰਘਕੇ ਸਾਧ ਸੰਗਤ ਵਿਖੇ (ਨਿਰਬਾਣੈ) ਨਿਰਬੰਧਨ ਰਹਿੰਦੇ ਹਨ (ਕਾਰਨ ਇਹ ਕਿ ਜੋ) ੪.ਆਪਣਾ ਆਪ ਗਿਣਾਉਂਦੇ ਹਨ ਖਰਾਬ ਹੁੰਦੇ ਹਨ, (ਪਰ ਜੋ) ਹੰਕਾਰ ਦਾ ਤਯਾਗ ਕਰਦੇ ਹਨ ਓਹ ਆਪਣਾ ਆਪ ਸਿਞਾਣਦੇ ਹਨ। (**ਭਾਵ**-ਸਰੂਪ ਦੀ ਲੱਖਤਾ ਹੋ ਜਾਂਦੀ ਹੈ)। ੫.ਇਸੇ ਲਈ ਗੁਰਮੁਖਾਂ ਦਾ ਰਸਤਾ ਸਚ ਦਾ ਹੈ, (ਰਾਜੇ) ਵੱਡੇ ਅਤੇ (ਰਾਣੇ) ਛੋਟੇ (ਸਾਰੇ) ਪੈਰੀਂ ਆ ਪੈਂਦੇ ਹਨ। ੬.(ਓਹ ਬੀ) ਗਰਬ ਤੇ ਗੁਮਾਨ ਨੂੰ, (ਮਨੋਂ ਤਨੋਂ) ਹਟਾਕੇ ਗੁਰਮਤ ਅਤੇ ਗਰੀਬੀ ਨੂੰ ਰਿਦੇ ਵਿਖੇ ਧਾਰਦੇ ਹਨ, (ਫਲ ਇਹ ਹੁੰਦਾ ਹੈ) ੭.ਕਿ ਸੱਚੀ ਦਰਗਾਹ ਵਿਖੇ (ਇਨ੍ਹਾਂ) ਨਿਮਾਣਿਆਂ ਨੂੰ ਮਾਣ (ਆਦਰ) ਮਿਲਦਾ ਹੈ।

## ੧੨. (ਚਰਣੋਦਿਕ ਵਿਸ਼ੇਖਤਾ)।

੧. ਸਿਰੁ ਉਚਾ ਅਭਿਮਾਨੁ ਵਿਚਿ ਕਾਲਖ ਭਰਿਆ ਕਾਲੇ ਵਾਲਾ।
੨. ਭਰਵਟੇ ਕਾਲਖ ਭਰੇ ਪਿਪਣੀਆਂ ਕਾਲਖ ਸੂਰਾਲਾ।
੩. ਲੋਇਣ ਕਾਲੇ ਜਾਣੀਅਨਿ ਦਾੜ੍ਹੀ ਮੁਛਾ ਕਰਿ ਮੁਹ ਕਾਲਾ।
੪. ਨਕ ਅੰਦਰਿ ਨਕ ਵਾਲ ਬਹੁ ਲੂੰਇ ਲੂੰਇ ਕਾਲਖ ਬੇਤਾਲਾ।
੫. ਉਚੇ ਅੰਗ ਨ ਪੂਜੀਅਨਿ ਚਰਣ ਧੂੜਿ ਗੁਰਮੁਖਿ ਧਰਮਸਾਲਾ।
੬. ਪੈਰਾ ਨਖ ਮੁਖ ਉਜਲੇ ਭਾਰੁ ਉਚਾਇਨਿ ਦੇਹੁ ਦੁਰਾਲਾ।
੭. ਸਿਰ ਧੋਵਣੁ ਅਪਵਿੱਤ੍ਰ ਹੈ ਗੁਰਮੁਖਿ ਚਰਣੋਦਕ ਜਗ ਭਾਲਾ।
੮. ਗੁਰਮੁਖਿ ਸੁਖ ਫਲ ਸਹਜੁ ਸੁਖਾਲਾ ॥੧੨॥

**ਪਦਾਰਥ**-(ਭਰਵਟੇ=ਭੌਹਾਂ। ਕਾਲਖ=ਸਯਾਹੀ। ਪਿਪਣੀਆਂ=ਝਿੰਮਣੀਆਂ, ਪਲਕਾਂ। (ਸੂਰਾਲਾ=ਸੂਲਾਂ ਸਮਾਨ ਤਿੱਖੀਆਂ। ਬੇਤਾਲਾ=ਬੇਢੰਗੇ ਦੁਰਾਲਾ=ਭਾਰੀ ਦੁਖਾਂ ਦਾ ਘਰ।

**ਅਰਥ**-੧.ਸਿਰ ਹੰਕਾਰ ਵਿਚ ਉੱਚਾ ਹੈ, ਕਾਲਖ ਦਾ ਭਰਿਆ ਕਾਲੇ ਵਾਲਾਂ ਵਾਲਾ ਹੈ। ੨.ਭਰਵੱਟੇ ਕਾਲਖ ਦੇ ਭਰੇ ਹਨ ਝਿੰਮਣੀਆਂ ਕਾਲੀਆਂ ਸੂਲਾਂ (ਬਰਛਿਆਂ) ਵਾਗੂੰ ਹਨ। ੩.ਨੇਤ੍ਰ ਕਾਲੇ ਜਾਣੀਦੇ ਹਨ, ਦਾੜ੍ਹੀ ਮੁੱਛਾਂ ਨਾਲ (ਸਾਰਾ) ਮੂੰਹ ਕਾਲਾ ਹੋ ਰਿਹਾ ਹੈ। ੪.ਨੱਕ ਦੇ ਅੰਦਰ ਨੱਕ ਦੇ ਵਾਲ ਬਹੁਤੇ ਹਨ, ਲੂੰ ਲੂੰ ਕਾਲਖ ਵਾਲਾ ਬੇਢੰਗਾ (ਸਰੂਪ) ਹੈ। ੫.ਉੱਚੇ ਹੋਣ ਕਰਕੇ ਅੰਗਾਂ ਦੀ ਪੂਜਾ ਨਹੀਂ ਹੁੰਦੀ, ਗੁਰਮੁਖਾਂ ਦੀ ਚਰਣ ਧੂੜ ਧਰਮਸਾਲਾ (ਵਿਖੇ ਪੂਜੀਦੀ ਹੈ, ਕਿਉਂਕਿ ਜੋ) ੬.ਪੈਰਾਂ ਦੇ ਨੌਂਹ ('ਮੁਖ ਉੱਜਲੇ') ਚਿੱਟੇ ਮੂੰਹ ਵਾਲੇ ਹਨ, ਦੇਹ ਭਾਰੀ ਦਾ ਭਾਰ ਚੁਕਦੇ ਹਨ (ਉਪਕਾਰ ਕਰਦੇ ਹਨ)। ੭.ਸਿਰ ਧੋਕੇ (ਪੀਣਾ) ਅਪਵਿੱਤ੍ਰ ਹੈ, ਗੁਰਮੁਖਾਂ ਦੇ ਚਰਣਾਂਮ੍ਰਿਤ ਨੂੰ ਜਗਤ ਭਾਲਦਾ ਹੈ, (ਇਸੇ ਕਾਰਣ) ੮.ਗੁਰਮੁਖ ਸੁਖ ਫਲ ਪਾਕੇ 'ਸਹਿਜੇ ਹੀ' (ਸੁਭਾਵਕ ਹੀ) ਸੁਖਾਂ ਦੇ ਘਰ ਬਣੇ ਰਹਿੰਦੇ ਹਨ।

ਯਥਾ ਗੁਰਵਾਕ:-**ਸੁਖੀ ਬਸੈ ਮਸਕੀਨੀਆਂ ਆਪੁ ਨਿਵਾਰਿ ਤਲੇ॥**
**ਬਡੇ ਬਡੇ ਅਹੰਕਾਰੀਆਂ ਨਾਨਕ ਗਰਬਿ ਗਲੇ॥** (ਸੁਖਮਨੀ)

ਸੂਚਨਾ=ਇਥੇ ਸਿਰ ਦੀ ਮੁਕਾਲਕ ਤੇ ਪੈਰਾਂ ਦੇ ਨਹੁੰਆਂ ਦੀ ਮੁਖ ਉਜਲਾ ਹੰਕਾਰੀ ਤੇ ਨਿੰਮ੍ਰਭੂਤ ਪਰਥਾਇ ਅਨਯੋਕਤੀ ਦੇ ਢੰਗ ਪਰ ਉਪਦੇਸ਼ ਰੂਪ ਹੈ। ਵਾਸਤਵ ਵਿਚ ਸਿਰ ਦੀ ਕਾਲਖ ਮੁਕਾਲਕ ਲਈ ਨਹੀਂ ਰਚੀ ਗਈ।

## ੧੩. (ਈਸ਼੍ਵਰੀਯ ਰਚਨਾ)।

੧. ਜਲ ਵਿਚਿ ਧਰਤੀ ਧਰਮਸਾਲ ਧਰਤੀ ਅੰਦਰਿ ਨੀਰ ਨਿਵਾਸਾ।
੨. ਚਰਣ ਕਵਲ ਸਰਣਾਗਤੀ ਨਿਹਚਲ ਧੀਰਜੁ ਧਰਮੁ ਸਵਾਸਾ।
੩. ਕਿਰਖ ਬਿਰਖ ਕੁਸਮਾਵਲੀ ਬੂਟੀ ਜੜੀ ਘਾਹ ਅਬਿਨਾਸਾ।
੪. ਸਰ ਸਾਇਰ ਗਿਰਿ ਮੇਰੁ ਬਹੁ ਰਤਨ ਪਦਾਰਥ ਭੋਗ ਬਿਲਾਸਾ।
੫. ਦੇਵ ਸਥਲ ਤੀਰਥ ਘਣੇ ਰੰਗ ਰੂਪ ਸਰ ਕਸ ਪਰਗਾਸਾ।
੬. ਗੁਰ ਚੇਲੇ ਰਹਿਰਾਸਿ ਕਰਿ ਗੁਰਮੁਖਿ ਸਾਧ ਸੰਗਤਿ ਗੁਣਤਾਸਾ।
੭. ਗੁਰਮੁਖਿ ਸੁਖ ਫਲ ਆਸ ਨਿਰਸਾ॥੧੩॥

**ਪਦਾਰਥ**-(ਨੀਰ=ਜਲ। ਸੁਵਾਸਾ=ਖਿਮਾਂ। ਕਿਰਖ=ਪੈਲੀ। (ਅਬਿਨਾਸਾ=ਅਖੁੱਟ। ਗੁਣਤਾਸਾ=ਗੁਣਾਂ ਦਾ ਸਮੁੰਦਰ।)

**ਅਰਥ**-੧.ਧਰਤੀ ਧਰਮ ਦੀ ਜਗ੍ਹਾ ਪਾਣੀ ਵਿਖੇ ਟਿਕੀ ਹੋਈ ਹੈ (ਧਰਤੀ ਦੇ ਚੁਫੇਰੇ ਸਮੁੰਦਰ ਹਨ) ਅਰ ਧਰਤ ਦੇ ਵਿਚ ਬੀ ਪਾਣੀ ਦਾ ਨਿਵਾਸ ਹੈ (ਧਰਤੀ ਵਿਖੇ ਅਨੇਕਾਂ ਦਰਯਾ ਤੇ ਝੀਲਾਂ ਹਨ)। ੨.(ਭਗਤਾਂ ਦੇ) ਚਰਣ ਕਵਲਾਂ ਦੀ ਸ਼ਰਣ ਕਰਕੇ (ਕਿਉਂਕਿ ਚਰਨ ਛੁਹੰਦੇ ਹਨ)। ਧੀਰਜ ਧਰਮ ਅਤੇ ਖਿਮਾ ਆਦਿ ਗੁਣ ਕਰਕੇ (ਧਰਤੀ) ਪੂਰਤ ਹੈ। ੩.ਖੇਤੀਆਂ, ਬ੍ਰਿਛ, ਫੁਲਵਾੜੀਆਂ, ਬੂਟੀ, ਜੜੀ, ਘਾਹ ਅਖੁੱਟ ਹੁੰਦਾ ਹੈ। ੪.ਸਰ, ਸਮੁੰਦਰ, ਪਰਬਤ, ਮੇਰੁ, (ਧੌਲੀਧਾਰ) ਬਾਹਲੇ ਰਤਨ ਪਦਾਰਥ ਭੋਗ ਬਿਲਾਸ। ੫.ਦੇਵ ਮੰਦਰ, ਤੀਰਥ, ਰੰਗ ਰੂਪ ਕਈ ਰਸਾਂ ਕਸਾਂ ਦਾ ਪ੍ਰਕਾਸ਼ ਹੋ ਰਿਹਾ ਹੈ। ੬.ਗੁਰ ਚੇਲੇ ਦੀ ਰਾਹ ਰੀਤ ਕਰਕੇ ਗੁਰਮੁਖਾਂ ਦੀ ਸਾਧ ਸੰਗਤ ਗੁਣਾਂ ਦਾ ਸਮੁੰਦਰ ਹੈ,੭.(ਕਿਉਂਕਿ ਜੋ) ਗੁਰਮੁਖ (ਹਨ) ਆਸਾ ਥੋਂ ਨਿਰਾਸ ਰਹਿੰਦੇ ਹਨ, (ਇਸ ਲਈ) ਸੁਖ ਫਲ (ਉਹਨਾਂ ਨੂੰ) ਪ੍ਰਾਪਤ ਹੁੰਦਾ ਹੈ।

**ਭਾਵ**-"**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥**" (ਜਪੁਜੀ) ਅਰਥਾਤ ਧਰਤੀ ਧਰਮ ਦੀ ਥਾਉਂ ਕਰਮ ਭੂਮੀ ਹੈ, ਇਸ ਵਿਖੇ ਧੀਰਜ ਧਰਮਾਦਿਕ ਦੈਵੀ ਗੁਣ ਅਰ ਰਸ ਕਸ ਭੋਗ ਬਿਲਾਸਾਦਿਕ ਵਿਖਯ ਭੀ ਹਨ, ਜਿਹਾ ਕੋਈ ਕਰਮ ਬੀਜੂ ਤਿਹਾ ਫਲ ਵੱਢੂ।

## ੧੪. (ਸਾਧ ਚਰਣ ਪੂਜਾ)।

੧. ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਇੀ।
੨. ਪਾਰਬ੍ਰਹਮੁ ਪੂਰਨ ਬ੍ਰਹਮੁ ਸਤਿਪੁਰਖ ਸਤਿਗੁਰ ਸੁਖਦਾਈ।
੩. ਚਾਰਿ ਵਰਨ ਗੁਰ ਸਿਖ ਹੋਏ ਸਾਧ ਸੰਗਤਿ ਸਤਿਗੁਰ ਸਰਣਾਈ।
੪. ਗਿਆਨ ਧਿਆਨ ਸਿਮਰਣਿ ਸਦਾ ਗੁਰਮੁਖਿ ਸਬਦਿ ਸੁਰਤਿ ਲਿਵਲਾਈ।
੫. ਭਾਇ ਭਗਤਿ ਭਉ ਪਿਰਮ ਰਸ ਸਤਿਗੁਰੁ ਮੂਰਤਿ ਰਿਦੇ ਵਸਾਈ।
੬. ਏਵਡੁ ਭਾਰੁ ਉਚਾਇੰਦੇ ਸਾਧ ਚਰਣ ਪੂਜਾ ਗੁਰ ਭਾਈ।
੭. ਗੁਰਮੁਖਿ ਸੁਖ ਫਲੁ ਕੀਮ ਨ ਪਾਈ ॥੧੪॥

**ਪਦਾਰਥ**-(ਸਤਿਪੁਰਖ=ਅਕਾਲ ਪੁਰਖ। ਸਤਿਗੁਰ=ਗੁਰੁ ਨਾਨਕ। ਭਾਇ ਭਗਤਿ=ਪ੍ਰੇਮਾ ਭਗਤੀ। (ਪਿਮਰ ਰਸ=ਪ੍ਰੇਮ ਰਸ। ਏਵਡੁ ਭਾਰੁ=ਇੱਡਾ ਵੱਡਾ ਭਾਰ। ਕੀਮ=ਕੀਮਤ।)

**ਅਰਥ**-੧.(ਨਿਰਗੁਣ ਬ੍ਰਹਮ ਨੇ) ਕਰੋੜਾਂ ਬ੍ਰਹਮੰਡਾਂ ਦੀ ਸਮਾਈ ਰੋਮ ਰੋਮ ਵਿਖੇ (ਅਰਥਾਤ ਆਪਣੀ ਸ਼ਕਤੀ ਵਿਖੇ) ਰੱਖੀ ਹੋਈ ਹੈ। ੨.ਉਸੇ ਪਾਰਬ੍ਰਹਮ ਪੂਰਨ ਬ੍ਰਹਮ ਨੇ 'ਸਤਿਗੁਰ' (ਗੁਰੁ ਨਾਨਕ) ਸਤਿ ਪੁਰਖ ਦਾ (ਸੁਖਦਾਈ ਰੂਪ ਰਚਿਆ)। ੩.ਚਾਰੇ ਵਰਣ ਗੁਰੂ ਦੇ ਸਿਖ ਹੋਕੇ ਸਾਧ ਸੰਗਤ ਦੁਆਰਾ ਸਤਿਗੁਰੂ ਦੀ ਸ਼ਰਣ ਆਏ। ੪.ਉਥੇ ਗਿਆਨ ਧਿਆਨ ਅਰ ਸਦਾ ਸਿਮਰਣ ਕਰਕੇ ਗੁਰਮੁਖਾਂ ਦੇ ਸ਼ਬਦ ਦੀ ਸੁਰਤ ਵਿਖੇ ਲਿਵ ਲਗਾਈ। ੫.ਪ੍ਰੇਮਾ ਭਗਤੀ, ਭਉ ਪ੍ਰੇਮ ਰਸ, ਅਰ ਸਤਿਗੁਰੂ (ਗੁਰੂ ਨਾਨਕ) ਦੀ ਮੂਰਤ ਰਿਦੇ ਵਿਖੇ ਧਾਰਨ ਕੀਤੀ। ੬.ਇੱਡਾ ਵੱਡਾ ਭਾਰ (ਗੁਰੂ ਮੂਰਤ ਦਾ ਜਿਸ ਵਿਖੇ ਕਰੋੜਾਂ ਬ੍ਰਹਿਮੰਡਾਂ ਦੀ ਸਮਾਈ ਹੈ ਚਰਣ) ਚੁੱਕਦੇ ਹਨ (ਇਸ ਲਈ) ਸਾਧਾਂ ਦੇ ਚਰਣਾਂ ਦੀ ਪੂਜਾ ਹੀ ('ਗੁਰ ਭਾਈ'=) ਵਡੇ ਭਾਇ ਵਾਲੀ ਹੈ। ੭.(ਕਿਉਂ ਜੋ) ਗੁਰਮੁਖਾਂ ਦੇ ਸੁਖ ਫਲ ਦੀ ਕੀਮਤ ਨਹੀਂ ਪਾਈ ਜਾਂਦੀ।

## ੧੫. (ਅਨਯਾਈਂ ਰਾਜੇ)।

੧. ਵਸੈ ਛਹਬਰ ਲਾਇਕੈ ਪਰਨਾਲੀਂ ਹੁਇ ਵੀਹੀਂ ਆਵੈ।
੨. ਲਖ ਨਾਲੇ ਉਛਲ ਚਲਨਿ ਲਖ ਪਰਵਾਹੀ ਵਾਹ ਵਹਾਵੈ।
੩. ਲਖ ਨਾਲੇ ਲਖ ਵਾਹਿ ਵਹਿ ਨਦੀਆਂ ਅੰਦਰਿ ਰਲੈ ਰਲਾਵੈ।
੪. ਨਉ ਸੈ ਨਦੀ ਨੜਿੰਨਵੈ ਪੂਰਬਿ ਪਛਮਿ ਹੋਇ ਚਲਾਵੈ।
੫. ਨਦੀਆਂ ਜਾਇ ਸਮੁੰਦ ਵਿਚਿ ਸਾਗਰ ਸੰਗਮੁ ਹੋਇ ਮਿਲਾਵੈ।
੬. ਸਤਿ ਸਮੁੰਦ ਗੜਾੜ ਮਹਿ ਜਾਇ ਸਮਾਹਿ ਨ ਪੇਟੁ ਭਰਾਵੈ।
੭. ਜਾਇ ਗੜਾੜੁ ਪਤਾਲ ਹੇਠਿ ਹੋਇ ਤਵੇ ਦੀ ਬੂੰਦ ਸਮਾਵੈ।
੮. ਸਿਰ ਪਾਤਿਸਾਹਾ ਲਾਖ ਲਖ ਹਿੰਨਣੁ ਜਾਲਿ ਤਵੇ ਨੋ ਤਾਵੈ।
੯. ਮਰਦੇ ਖਹਿ ਖਹਿ ਦੁਨੀਆ ਦਾਵੈ॥੧੫॥

**ਪਦਾਰਥ**-(ਛਹਬਰ=ਝੜੀ। ਵੀਹੀਂ=ਗਲੀਆਂ ਵਿਚ। ਵਾਹ=ਹੜ੍ਹ ਪਾਣੀ ਦਾ ਰੌ, ਧਾਰਾ। (ਵਾਹਿ ਵਹਿ=ਹੜ ਵਹਾਕੇ। ਗੜਾੜ=ਮਹਾਂ ਸਾਗਰ, ਘੁੰਮਣ ਘੇਰ ਜੋ ਗੜ (ਗੜ ਕਰੇ। ਇੰਨਣ=ਈਂਧਣ, ਲਕੜੀ। ਜਾਲਿ=ਬਾਲਕੇ, ਸਾੜਕੇ।

**ਅਰਥ**-੧.ਝੜੀ ਲਾਕੇ (ਮੀਂਹ) ਵਸਦਾ ਹੈ, ਪਰਨਾਲਿਆਂ ਥਾਣੀ ਹੋਕੇ ਗਲੀਆਂ ਵਿਖੇ ਆਉਂਦਾ ਹੈ। ੨.ਲੱਖਾਂ ਨਾਲੇ ਉੱਛਲਕੇ ਚਲਦੇ ਹਨ, ਲੱਖਾਂ ਪ੍ਰਵਾਹਾਂ ਦਾ 'ਵਾਹ' (ਹੜ੍ਹ) ਹੋ ਤੁਰਦਾ ਹੈ। ੩.ਲੱਖਾਂ ਨਾਲੇ ਤੇ ਲੱਖਾਂ ਹੜ੍ਹ ਵਗਕੇ ਨਦੀਆਂ ਦੇ ਮੇਲ ਵਿਖੇ ਰਲ ਜਾਂਦੇ ਹਨ। ੪.੯੯੯ ਨਦੀਆਂ ਪੂਰਬ ਤੇ ਪੱਛਮ ਵਿਖੇ ਚਲਦੀਆਂ ਹਨ (ਸੰਸਾਰ ਵਿਚ ਲਓ ਤਾਂ ਕਈ ਪੂਰਬ ਪੱਛਮ, ਪਰ ਏਥੇ ਹਿੰਦ ਦਾ ਭਾਵ ਜਾਪਦਾ ਹੈ। ਸਿੰਧ ਤੇ ਸਹਾਇਕ ਨਦੀਆਂ ਨਾਲੇ ਪੱਛਮ ਵਲ ਜਾਂਦੇ ਤੇ ਗੰਗਾ ਬ੍ਰਹਮ ਪੁਤਰ ਆਦਿ ਸਹਾਯਕ ਨਦੀ ਨਾਲਿਆਂ ਸਣੇ ਪੂਰਬ ਜਾ ਡਿਗਦੇ ਹਨ)। ੫.(ਇਕੁਰ) ਨਦੀਆਂ ਸਮੁੰਦਰ ਵਿਚ ਜਾਂਦੀਆਂ ਹਨ, ਸਮੁੰਦਰ ਨਾਲ ਸੰਗਤ ਹੋ ਕੇ ਮਿਲਦੀਆਂ ਹਨ। ੬.(ਉਜੇਹੇ) ਸੱਤ ਸਮੁੰਦਰ ਹੋ ਕੇ ਇਕ ਗੜਾੜ (ਮਹਾਂ ਸਾਗਰ) ਵਿਖੇ ਸਮਾ ਰਹੇ ਹਨ, ਉਸਦਾ ਪੇਟ ਅਜੇ ਨਹੀਂ ਭਰੀਦਾ (ਅੱਗੇ ਹੁਣ ਯਥਾਰਥ ਤੋਂ ਫੇਰ ਅਲੰਕਾਰ ਵਿਖੇ ਜਾਕੇ ਸੱਧਾਂਤ ਅਲੰਕਾਰ ਵਿਚ ਕਹਿੰਦੇ ਹਨ)। ੭.ਗੜਾੜ ਪਤਾਲ ਵਿਖੇ ਜਾ ਕੇ ਤੱਤੇ ਤਵੇ ਦੀ ਬੂੰਦ ਹੋ ਕੇ ਸਮਾ ਜਾਂਦਾ ਹੈ, (ਭਲਾ ਜੀ ! ਐਡੇ ਤਵੇ ਹੇਠ ਲਕੜੀਆਂ ਕਿਹੜੀਆਂ ਬਾਲੀਆਂ ਜਾਂਦੀਆਂ ਹਨ ? ਉੱਤਰ) । ੮.ਪਾਤਸ਼ਾਹਾਂ (ਤੇ ਰਾਜਿਆਂ) ਦੇ ਲੱਖਾਂ ਸਿਰ ਲੱਕੜੀਆਂ ਦੇ ਥਾਉਂ

ਜਾਲਕੇ ਉਸ ਤਵੇ ਨੂੰ ਤਾਈਦਾ ਹੈ (ਕਿਹੜੇ ਰਾਜਿਆਂ ਤੇ ਪਾਤਸ਼ਾਹਾਂ ਦੇ ਸਿਰ ਬਾਲੀਦੇ ਹਨ?) ੯.(ਜਿਹੜੇ) ਦੁਨੀਆਂ ਦੇ ਝੂਠੇ ਦਾਵੇ ਬੰਨ੍ਹਕੇ ਆਪੋ ਵਿਚ ਖਹਿ ਖਹਿ ਕੇ (ਅਨਯਾਇ ਨਾਲ ਜ਼ੁਲਮ ਕਰਕੇ) ਮਰਦੇ ਹਨ।

**ਭਾਵ**-ਭਾਈ ਸਾਹਿਬ ਜੀ ਨੇ ਰਾਜਿਆਂ ਦਾ ਅੰਤ ਜੋ ਬੁਰਾ ਹਾਲ ਹੁੰਦਾ ਹੈ ਸੋ ਦੱਸਣਾ ਸੀ, ਉਹ ਵਰਣਨ ਹੋਣਾ ਕਠਨ ਹੈ, ਸੋ ਇਕ ਅਲੰਕਾਰ ਕਹਿੰਦੇ ਹਨ ਕਿ ਗੜਾੜ ਜੋ ਹੈ, ਸਾਰੀ ਪ੍ਰਿਥਵੀ ਦਾ ਜਲ ਜਿਹਦੇ ਵਿਚ ਕੱਠਾ ਹੈ, ਇਸ ਦਾ ਹੇਠਲਾ ਤਲਾ ਅਰਥਾਤ ਪਤਾਲ ਇਕ ਤਵੇ ਵਾਂਗ ਹੋਵੇ, ਪਤਾਲ ਜਿੱਥੇ ਕਿ ਐਡਾ ਤਵਾ ਤਪ ਰਿਹਾ ਹੋਵੇ ਕਿ ਜਿੱਥੇ ਗੜਾੜ ਇਕ ਬੂੰਦ ਸਮਾਨ ਪੈਕੇ ਸੁਕ ਜਾਵੇ ਉਸ ਤਵੇ ਨੂੰ ਰਾਜਿਆਂ ਦੇ ਸਿਰਾਂ ਨਾਲ ਤਪਾਇਆ ਜਾਂਦਾ ਹੈ। ਕਿਹੜੇ ਰਾਜੇ? ਜੋ 'ਪਰਜਾ ਪਾਲਣ' ਆਪਣਾ ਧਰਮ ਛੱਡਕੇ ਰਾਜ ਨੂੰ ਆਪਣੀ ਮਾਲਕੀ ਤੇ ਦਾਵੇ ਵਾਲੀ ਸ਼ੈ ਸਮਝਕੇ ਪਰਜਾ ਦਾ ਖ਼ੂਨ ਪੀਂਦੇ ਤੇ ਹੋਰ ਦੇਸ਼ ਨੂੰ ਦੁਖ ਦੇਣ ਲਈ ਜੰਗ ਮਚਾਉਂਦੇ ਹਨ। ਜੈਸੇ ਚੰਗੇਜ਼ ਖਾਨ, ਤੈਮੂਰ, ਮਹਿਮੂਦ, ਨਾਦਰ ਆਦਿ ਹੋਏ ਹਨ, ਤਾਂਤੇ ਰਾਜੇ ਦਾ ਧਰਮ ਹੈ ਕਿ ਪ੍ਰਜਾ ਨੂੰ ਸੁਖ ਦੇਵੇ ਨਿਜ ਨੂੰ ਪਿਤਾ ਸਮਾਨ ਪਾਲਕ ਰੱਖਯਕ ਤੇ ਦਿਆਲੂ ਬਣਾਵੇ। ਹਾਂ ਅਨਯਾਇ ਦੂਰ ਕਰਨ ਲਈ ਸੱਚ ਪਰ ਖੜੋਕੇ ਲੜੇ ਤਾਂ ਖਹਿ ਮਰਨਾ ਨਹੀਂ ਹੋਵੇਗਾ।

ਇਸ ਵਿਚ ਕੇਵਲ ਇਹ ਭਾਵ ਦੱਸਣਾ ਸੀ ਕਿ ਅਨਯਾਈਂ ਰਾਜੇ ਮਰਕੇ ਬਹੁਤ ਦੁਖੀ ਹੁੰਦੇ ਹਨ।

## ੧੬. (ਦੋ ਪਾਤਸ਼ਾਹ-ਵੀਹ ਫਕੀਰ)।

੧. ਇਕਤੁ ਥੇਕੈ ਦੁਇ ਖੜਗੁ ਦੁਇ ਪਾਤਸਾਹ ਨ ਮੁਲਕਿ ਸਮਾਣੈ।
੨. ਵੀਹ ਫਕੀਰ ਮਸੀਤਿ ਵਿਚਿ ਖਿੰਥ ਖਿੰਧੋਲੀ ਹੇਠਿ ਲੋਕਾਣੈ।
੩. ਜੰਗਲ ਅੰਦਰਿ ਸੀਹ ਦੁਇ ਪੋਸਤ ਡੋਡੇ ਖਸਖਸ ਦਾਣੈ।
੪. ਸੂਲੀ ਉਪਰਿ ਖੇਲਣਾ ਸਿਰਿ ਧਰਿ ਛਤ੍ਰ ਬਜਾਰ ਵਿਕਾਣੈ।
੫. ਕੋਲੂ ਅੰਦਰਿ ਪੀੜੀਅਨਿ ਪੋਸਤਿ ਪੀਹਿ ਪਿਆਲੇ ਛਾਣੈ।
੬. ਲਉਬਾਲੀ ਦਰਗਾਹ ਵਿਚਿ ਗਰਬੁ ਗੁਨਾਹੀ ਮਾਣੁ ਨਿਮਾਣੈ।
੭. ਗੁਰਮੁਖਿ ਹੋਦੇ ਤਾਣਿ ਨਿਤਾਣੇ ॥੧੬॥

**ਪਦਾਰਥ**-(ਥੇਕੈ=ਮਿਆਨ ਵਿਚ। ਮੁਲਕਿ=ਦੇਸ਼। ਖਿੰਥ=ਖਫਨੀ। ਖਿੰਧੋਲੀ=ਗੋਦੜੀ। (ਸੂਲੀ=ਭਾਵ ਡੰਡੀ। ਛਤ੍ਰ=ਪੋਸਤ ਦਾ ਡੋਡਾ। ਲਉਬਾਲੀ=ਬੇਪਰਵਾਹ, ਖ਼ੁਦਾ।)

**ਅਰਥ**-੧.ਇਕ ਮਿਆਨ ਵਿਚ ਤਲਵਾਰਾਂ ਦੋ (ਵਾਂਙੂੰ) ਦੋ ਪਾਤਸ਼ਾਹ ਇਕ ਦੇਸ਼ ਵਿਖੇ ਨਹੀਂ ਸਮਾਉਂਦੇ। ੨.ਇਕ ਮਸੀਤ ਵਿਖੇ ਖਫਨੀ ਜਾਂ ਗੋਦੜੀ ਹੇਠ ਲੁਕ ਕੇ ਵੀਹ ਫਕੀਰ ਗੁਜ਼ਾਰਾ ਕਰ ਸਕਦੇ ਹਨ, (ਹੁਣ ਦੁਹਾਂ ਦਾ ਤੀਜੀ ਤੁਕ ਵਿਖੇ ਦ੍ਰਿਸ਼ਟਾਂਤ ਦਿੰਦੇ ਹਨ)। ੩.(ਇਕ ਦੇਸ਼ ਵਿਚ ਦੋ ਪਾਤਸ਼ਾਹ) ਜੰਗਲ ਵਿਚ ਦੋ ਸ਼ੇਰਾਂ (ਵਾਂਗੂੰ ਹਨ, ਅਰ ਵੀਹ ਫਕੀਰ) ਇਕ ਪੋਸਤ ਦੇ ਡੋਡੇ ਵਿਖੇ ਖਸਖਸ ਦੇ ਦਾਣਿਆਂ ਵਾਂਗ ਹਨ। (ਓਹ ਦਾਣੇ ਇਕੋ ਜਿਹੇ ਹਨ)। ੪.ਸੂਲੀ ਉਪਰ ਖੇਲਦੇ ਹਨ (ਭਾਵ ਪਹਿਲੇ ਧਰਤੀ ਵਿਚ ਗਲ ਗੁਲਕੇ ਡੰਡੀ ਰੂਪ ਸੂਲੀ ਪੁਰ ਚੜ੍ਹਦੇ ਹਨ ਜਦ) ਸਿਰ ਪੁਰ ਛੱਤ੍ਰ ਰੱਖਿਆ ਗਿਆ ਤਾਂ ਬਾਜਾਰਾਂ ਵਿਖੇ ਵਿਕਦੇ ਹਨ, (ਇਥੇ ਪੋਸਤ ਦੇ ਡੋਡੇ ਥੋਂ ਛਤ੍ਰ ਦਾ ਭਾਵ ਲੀਤਾ ਗਿਆ ਹੈ)। ੫.(ਫੇਰ ਦਾਣੇ) ਕੋਹਲੂ ਵਿਚ ਪੀੜੀਦੇ ਹਨ (ਤੇ ਤੇਲ ਵਰਤਣ ਵਿਖੇ ਕਈ ਕੰਮ ਕੱਢਦਾ ਹੈ) ਪੋਸਤ ਮਲ ਕੇ ਪਿਆਲਿਆਂ ਵਿਚ ਛਾਣਕੇ (ਲੋਕ ਪੀਂਦੇ ਹਨ)। ੬.ਬੇਪਰਵਾਹ ਖ਼ੁਦਾ ਦੀ ਕਚਹਿਰੀ ਵਿਖੇ ਗਰਬ ਵਾਲਾ ਮੁਜਰਮ ਹੁੰਦਾ ਹੈ ਅਰ ਨਿਮਾਣਾਂ (ਗਰੀਬ) ਮਾਣ ਵਾਲਾ ਹੁੰਦਾ ਹੈ।੭.(ਕਿਉਂ ਜੋ)

ਗੁਰਮੁਖ ਬਲ ਦੇ ਹੁੰਦਿਆਂ ਹੀ ਨਿਤਾਣੇ ਹੋ ਰਹਿੰਦੇ ਹਨ।

**ਭਾਵ**-ਇਸੇ ਕਰਕੇ ਉਹਨਾਂ ਦਾ ਆਦਰ ਅਰ ਸਤਿਕਾਰ ਹੁੰਦਾ ਹੈ "**ਰੇ ਰੇ ਦਰਗਹ ਕਹੈ ਨ ਕੋਊ॥ ਆਉ ਬੈਠੁ ਆਦਰੁ ਸਭ ਦੇਊ ॥**" (ਗਉ:ਮ:੫:ਬ:ਅੱਖ:੧੦) ਭਾਵਾਰਥ ਇਹ ਹੈ ਕਿ ਹੰਕਾਰੀ ਪਾਤਸ਼ਾਹ ਰੂਪੀ ਜੰਗਲੀ ਸ਼ੇਰ ਨਾਲੋਂ ਖਸਖਸ ਦਾ ਦਾਣਾ ਉਹ ਨਿਮਾਣਾ ਫਕੀਰ, ਜੋ ਹਜ਼ਾਰਾਂ ਕੰਮ ਸਵਾਰਦਾ ਹੈ, ਦੁਖ ਸਹਿੰਦਾ ਤੇ ਭਲਾ ਕਰਦਾ ਹੈ, ਸ੍ਰੇਸ਼ਟ ਹੈ।

## ੧੭. (ਬੱਕਰੀ)।

੧. ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ।
੨. ਸੀਹੁ ਪੁਛੈ ਵਿਸਮਾਦੁ ਹੋਇ ਇਤੁ ਅਉਸਰ ਕਿਤੁ ਰਹਸਿ ਰਹਸੀ।
੩. ਬਿਨਉ ਕਰੇਂਦੀ ਬਕਰੀ ਪੁਤ੍ਰ ਅਸਾਡੇ ਕੀਚਨਿ ਖਸੀ।
੪. ਅਕ ਧਤੂਰਾ ਖਾਧਿਆ ਕੁਹਿ ਕੁਹਿ ਖਲ ਉਖਲਿ ਵਿਣਸੀ।
੫. ਮਾਸੁ ਖਾਨਿ ਗਲ ਵਢਿਕੈ ਹਾਲੁ ਤਿਨਾੜਾ ਕਉਣੁ ਹੋਵਸੀ।
੬. ਗਰਬੁ ਗਰੀਬੀ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ।
੭. ਜਗਿ ਆਇਆ ਸਭ ਕੋਈ ਮਰਸੀ॥੧੭॥

**ਪਦਾਰਥ**-(ਪਜੂਤੀ=ਪਕੜੀ ਹੋਈ। ਹੜ ਹੜ=ਟਾਹ ਟਾਹ ਕਰਕੇ। ਵਿਸਮਾਦੁ=ਹੈਰਾਨ। ਅਉਸਰ=ਵੇਲੇ।
(ਰਹਸੀ=ਹਸਣਾ। ਬਿਨਉ=ਬੇਨਤੀ। ਖਸੀ=ਨਮਰਦ। ਉਖਲਿ=ਉਖੇੜਕੇ।
(ਵਿਣਸੀ=ਨਾਸ਼ ਕਰਨਾ।ਗਰਬ=ਹੰਕਾਰੀ। ਅਕਾਜੁ ਕਰਸੀ=ਖੋਟਾ ਕੰਮ ਕਰਨਾ।

**ਅਰਥ**-੧.ਸ਼ੇਰ ਦੀ ਪਕੜੀ ਹੋਈ ਬੱਕਰੀ ਮਰਣ ਵੇਲੇ ਟਾਹ ਟਾਹ ਕਰਕੇ ਹੱਸ ਪਈ। ੨.ਸ਼ੇਰ ਹੈਰਾਨ ਹੋ ਪੁਛਣ ਲਗਾ ਇਸ ਵੇਲੇ ਕਿਸ ਖੁਸ਼ੀ ਨਾਲ ਤੂੰ ਹੱਸੀ ਹੈਂ? ੩.ਬੱਕਰੀ ਨੇ ਬੇਨਤੀ ਕੀਤੀ ਕਿ ਸਾਡੇ ਬੱਚੇ 'ਖਸੀ' (ਨਮਰਦ) ਕਰ ਦਿੱਤੇ ਜਾਣ (ਜੋ ਸਾਡੀ ਵੰਸ਼ ਨਾ ਰਹੇ ਤੇ ਏਹ ਦੁੱਖ ਜੋ ਮੈਂ ਪਾਯਾ ਹੈ ਨਾ ਪਾਉਣ)। ੪.ਅੱਕ ਤੇ ਧਤੂਰਾ ਖਾਂਦਿਆਂ (ਭਾਵ ਕਿਸੇ ਨੂੰ ਦੁੱਖ ਨਾ ਦਿੱਤਾ, ਨਿਕੰਮੀ ਚੀਜ ਜੋ ਕਿਸੇ ਦੇ ਅਰਥ ਨਹੀਂ ਆਪੇ ਉੱਗ ਖੜੋਂਦੀ ਹੈ, ਉਹ ਖਾ ਕੇ ਸਾਡਾ ਇਹ ਹਾਲ ਹੁੰਦਾ ਹੈ ਕਿ) ਕਹੁ ਕਹੁ ਕੇ (ਸਾਡੀ) ਖੱਲ ਉਧੇੜੀ ਜਾਂਦੀ ਹੈ। ੫.(ਭਲਾ) ਜਿਹੜੇ (ਤੇਰੇ ਵਰਗੇ ਲੋਕਾਂ ਦਾ) ਗਲਾ ਵੱਢਕੇ ਮਾਸ ਖਾਂਦੇ ਹਨ ਉਹਨਾਂ ਦਾ ਹਾਲ ਕੀ ਹੋਊ? ੬.ਗਰਬੀਆਂ ਤੇ ਗਰੀਬਾਂ ਦੀ ਦੇਹ ਖੇਹ ਹੋ ਜਾਊ, (ਪਰੰਤੂ ਜਿਹੜੇ) ਖੋਟਾ ਕੰਮ ਕਰਦੇ ਹਨ, ('ਅਖਾਜ'=) ਹਰਾਮ ਹੋਣਗੇ (ਅਰ ਜੋ ਸੁਕਾਜ ਕਰਦੇ ਹਨ ਉਹਨਾਂ ਦੀ ਦੇਹ) ਖਾਜ (ਹਲਾਲ) ਹੋਊ (ਇਹ ਉਪਦੇਸ਼ ਹੈ, ਕਿ ਬੱਕਰੀ ਗਰੀਬ ਰਹੀ ਉਸ ਦਾ ਮਾਸ ਖਾਧਾ ਗਿਆ, ਸ਼ੇਰ ਜ਼ਾਲਮ ਸੀ ਉਸ ਦਾ ਮਾਸ ਕੌੜਾ ਹੋਯਾ, ਧੁਨੀ ਇਹ ਹੈ ਕਿ ਗ਼ੀਬਾਂ ਦਾ ਅੰਤ ਨੇਕ ਤੇ ਜ਼ਾਲਮਾਂ ਦਾ ਦੁੱਖ ਵਾਲ ਹੁਊ)। ੭.(ਏਥੇ) ਜਗਤ ਤੇ ਆਯਾ ਮਰ ਸਭ ਕੋਈ ਜਾਏਗਾ (ਪਰ ਅੰਤ ਭਲੇ ਦਾ ਭਲਾ ਹਵੇਗਾ, ਬੁਰੇ ਦਾ ਅੰਤ ਬੁਰਾ ਹੋਵੇਗਾ)।

**ਭਾਵ**-"**ਨਰੂ ਮਰੈ ਨਰੁ ਕਾਮਿ ਨ ਆਵੈ॥ਪਸੂ ਮਰੈ ਦਸ ਕਾਜ ਸਵਾਰੈ॥**" (ਗੋਂਡ:ਕਬੀ-੨) ਅਰਥਾਤ ਮਨੁੱਖ ਮਰਦਾ ਹੈ ਤਾਂ ਮਨੁੱਖ ਦੇ ਕੰਮ ਨਹੀਂ ਆਉਂਦਾ, ਪਸ਼ੂ ਮਰਦਾ ਹੈ ਤਾਂ ਉਨ੍ਹਾਂ ਦੇ ਦਸ ਕੰਮ ਸਵਾਰਦਾ ਹੈ। ਇਸ ਲਈ ਸ਼ੇਰ ਰੂਪੀ ਹੰਕਾਰੀਆਂ ਨਾਲੋਂ ਗਰੀਬ ਨਿਮਾਣੀਆਂ ਬੱਕਰੀਆਂ ਹੀ ਜੋ ਦਸ ਕੰਮ ਜੀਵੰਦਿਆਂ ਤੇ ਮਰਦਿਆਂ ਬੀ ਸਵਾਰਦੀਆਂ ਹਨ, ਸ੍ਰੇਸ਼ਟ ਹਨ।

## ੧੮. (ਗੁਰਮੁਖ)।

੧. ਚਰਣਕਵਲ ਰਹਿਰਾਸਿ ਕਰਿ ਗੁਰਮੁਖਿ ਸਾਧਸੰਗਤਿ ਪਰਗਾਸੀ।


www.sikhbookclub.com

੨. ਪੈਰੀ ਪੈ ਪਾਖਾਕ ਹੋਇ ਲੇਖ ਅਲੇਖ ਅਮਰ ਅਬਿਨਾਸੀ।
੩. ਕਰਿ ਚਰਣੋਦਕੁ ਆਚਮਨ ਆਧਿ ਬਿਆਧਿ ਉਪਾਧਿ ਖਲਾਸੀ।
੪. ਗੁਰਮਤਿ ਆਪੁ ਗਵਾਇਆ ਮਾਇਆ ਅੰਦਰਿ ਕਰਨਿ ਉਦਾਸੀ।
੫. ਸਬਦ ਸੁਰਤਿ ਲਿਵਲੀਣੁ ਹੋਇ ਨਿਰੰਕਾਰ ਸਚਖੰਡਿ ਨਿਵਾਸੀ।
੬. ਅਬਿਗਤਿ ਗਤਿ ਅਗਾਧਿ ਬੋਧਿ ਅਕਥਕਥਾ ਅਚਰਜ ਗੁਰਦਾਸੀ।
੭. ਗੁਰਮੁਖਿ ਸੁਖ ਫਲੁ ਆਸ ਨਿਰਾਸੀ ॥੧੮॥

**ਪਦਾਰਥ**-(ਲੇਖ ਅਲੇਖ=ਲੇਖੇ ਤੋਂ ਅਲੇਖ ਹੋਣਾ। ਆਧਿ=ਮਾਨਸਿਕ ਪੀੜਾ।
(ਬਿਆਧਿ=ਸਰੀਰਕ ਪੀੜਾ। ਉਪਾਧਿ=ਅਧਿਦੈਵਕ ਪੀੜਾ।)

**ਅਰਥ**-੧.(ਜਿਨ੍ਹਾਂ) ਗੁਰਮੁਖਾਂ ਨੇ ਸਾਧ ਸੰਗਤ (ਵਿਖੇ ਮਿਲਕੇ) ਗੁਰਾਂ ਦੇ ਚਰਣ ਕਮਲਾਂ ਦੀ ਰਹੁ ਰੀਤ ਪਰਗਾਸ ਕੀਤੀ ਹੈ, ੨.(ਅਜਿਹਾ ਕਿ) ਪੈਰੀਂ ਪੈਕੇ ਪੈਰਾਂ ਦੀ ਧੂੜ ਹੋ ਗਏ ਹਨ(ਉਹ) ਲੇਖੇ ਥੋਂ ਅਲੇਖ ਹੋ ਕੇ ਅਮਰ ਤੇ ਅਬਿਨਾਸੀ (ਹੋ ਗਏ)। ੩.ਚਰਣਾਂ ਦੇ ਜਲ ਦਾ ਆਚਮਨ ਕਰਕੇ ਆਧਿ ਬਯਾਧਿ ਉਪਾਧਿ (ਤਿੰਨੇ ਪੀੜਾਂ) ਤੋਂ ਖਲਾਸੀ ਪਾਈ ਹੈ। ੪.ਆਪਾ ਭਾਵ ਗਵਾਕੇ ਗੁਰਮੁਖ ਮਾਇਆ ਦੇ ਵਿਚ ਹੀ ਉਦਾਸੀ ਕਰ ਰਹੇ ਹਨ। ੫.ਸ਼ਬਦ ਦੀ ਸੁਰਤ ਦੀ ਲਿਵ ਵਿਖੇ (ਲੀਨ) ਮਗਨ ਹੋਕੇ (ਅੰਤ ਨੂੰ) ਨਿਰੰਕਾਰ ਦੇ ਸਚਖੰਡ ਵਿਖੇ ਨਿਵਾਸ ਕਰਦੇ ਹਨ, ੬.(ਉਨ੍ਹਾਂ ਦੀ) ਅਬਿਗਤਿ ਗਤੀ ਹੈ ਅਰ ਡੂੰਘੇ ਗਿਆਨ ਵਾਲੀ ਹੈ, ਕਥਨ ਤੋਂ ਅਕੱਥ ਅਚਰਜ ਗੁਰੂ ਜੀ ਦੀ ਸੇਵਾ ਹੈ। (ਓਹ ਅਚਰਜ ਕੀ ਹੈ?) ੭.ਗੁਰਮੁਖ ਸੁਖ ਫਲ ਪਾਕੇ ਆਸਾ ਥੋਂ ਨਿਰਾਸ ਹੋ ਗਏ (ਇਸ ਲਈ ਓਹ ਅਚਰਜ ਗੁਰੂ ਦੇ ਦਾਸ ਹਨ)।

## ੧੯. (ਸਤਿਸੰਗ ਨਿਰਦੋਖ ਤਾਰਦਾ ਹੈ)।

੧. ਸਣ ਵਣ ਵਾੜੀ ਖੇਤੁ ਇਕੁ ਪਰਉਪਕਾਰ ਵਿਕਾਰ ਜਣਾਵੈ।
੨. ਖਲ ਕਢਾਹਿ ਵਟਾਇ ਸਣ ਰਸਾ ਬੰਧਨੁ ਹੋਇ ਬਨ੍ਹਾਵੈ।
੩. ਖਾਸਾ ਮਲਮਲ ਸਿਰੀਸਾਫੁ ਸੂਤੁ ਕਤਾਇ ਕਪਾਹ ਵੁਣਾਵੈ।
੪. ਲਜਣੁ ਕਜਣੁ ਹੋਇਕੈ ਸਾਧੁ ਅਸਾਧੁ ਖਿਰਦੁ ਬਿਰਦਾਵੈ।
੫. ਸੰਗ ਦੋਖ ਨਿਰਦੋਖ ਮੋਖ ਸੰਗ ਸੁਭਾਉ ਨ ਸਾਧੁ ਮਿਟਾਵੈ।
੬. ਤ੍ਰਪੜੁ ਹੋਵੈ ਧਰਮਸਾਲ ਸਾਧ ਸੰਗਤਿ ਪਗ ਧੂੜਿ ਧੁਮਾਵੈ।
੭. ਕੁਟਿਕੁਟਿ ਸਣ ਕਿਸਤਾਸੁ ਕਰਿ ਹਰਿ ਜਸੁ ਲਿਖਿ ਪੁਰਾਣ ਸੁਨਾਵੈ।
੮. ਪਤਿਤ ਪੁਨੀਤ ਕਰੈ ਜਨ ਭਾਵੈ ॥੧੯॥

**ਪਦਾਰਥ**-(ਵਣ ਵਾੜੀ=ਕਪਾਹ। ਵਿਕਾਰ=ਖੋਟੀ ਕਾਰ। ਵੁਣਾਵੈ=ਉਣਿਆਂ ਜਾਂਦਾ।
(ਲਜਣੁ ਕਜਨ=ਲੱਜਾ ਦਾ ਕੱਜਣਾ। ਬਿਰਦੁ ਬਿਰਦਾਵੈ=ਧਰਮ ਦੀ ਰੱਛਾ ਕਰਨੀ।
(ਧੁਮਾਵੈ=ਲਿਟਦਾ ਹੈ। ਕਿਰਤਾਸ=ਕਾਗਜ਼।)

**ਅਰਥ**-੧.ਸਣ ਅਤੇ ਕਪਾਹ ਦਾ ਖੇਤ ਇੱਕੋ ਹੈ (ਪਰੰਤੂ ਕਪਾਹ) ਪਰੋਪਕਾਰ (ਅਰ ਸਣ) ਵਿਕਾਰ (ਖੋਟੀ ਕਾਰ) ਜਣਾਉਂਦੀ ਹੈ। ੨.ਖੱਲ ਕਢਾ ਕੇ ਸਣ ਵੱਟੀ ਜਾਂਦੀ ਹੈ ਅਰ ਰੱਸੀਆਂ ਦੀ ਫਾਹੀ ਹੋਕੇ ਲੋਕਾਂ ਨੂੰ ਬਨ੍ਹਾਉਂਦੀ ਹੈ (ਅਗੇ ਤੀਜੀ ਤੁਕ ਵਿਖੇ ਕਪਾਹ ਦਾ ਪਰੋਪਕਾਰ ਦਸਦੇ ਹਨ)। ੩.ਖਾਸਾ ਮਲਮਲ ਤੇ ਸਿਰੀਸਾਫ ਕਪਾਹ ਦੇ ਸੂਤ ਥੋਂ ਉਣਕੇ ਬਣਾਏ ਜਾਂਦੇ ਹਨ। ੪.(ਉਹ ਕਪੜੇ) ਲੱਜਾ ਦੇ ਢੱਕਣ ਹੋਕੇ ਸਾਧਾਂ ਤੇ ਅਸਾਧਾਂ ਦੇ ਧਰਮ ਦੀ ਰੱਛਾ ਕਰਦੇ ਹਨ, (ਭਾਵ ਨੰਗੇਜ ਨੂੰ ਢੱਕਦੇ ਹਨ)।

ਨਿਰਦੋਖਾਂ ਦੀ (ਭਾਵ ਸੰਤਾਂ ਦੀ) ਜੇਕਰ ਸੰਗਤ ਹੋਵੇ ਤਾਂ ਦੋਖੀ ਬੀ ਮੋਖ ਪਾਉਂਦੇ ਹਨ, ਕਿਉਂ ਜੋ ਸਾਧੂ ਆਪਣੀ ਸੰਗਤ ਦਾ ਸੁਭਾਉ ਗੁਆਉਂਦੇ ਨਹੀਂ (ਹੁਣ ਜੇਕਰ ਸਾਧੂ ਦੇ ਪਾਸ ਆ ਜਾਵੇ ਤਾਂ) ੬.(ਉਹੋ ਦੋਖੀ ਸਣ) ਤੱਪੜ (ਉਣੀਜਕੇ) ਧਰਮਸਾਲ ਵਿਚ ਵਿਛਦੀ ਹੈ ਅਰ ਸਾਧਾਂ ਦੀ ਚਰਨ ਧੂੜ ਪੈਕੇ (ਕ੍ਰਿਤਾਰਥ ਹੁੰਦੀ ਹੈ)। ੭.ਕੁਟ ਕੁਟ ਕੇ ਸਣ ਦੇ ਕਾਗਤ ਬਣਾਕੇ ਹਰੀ ਦਾ ਜੱਸ (ਗਯਾਨੀ) ਲਿਖਕੇ (ਲੋਕਾਂ ਨੂੰ) ਸੁਣਾਉਂਦਾ ਹੈ। (ਭਾਵ ਭਲੀ ਸੰਗਤ ਨਾਲ ਬੁਰੇ ਬੀ ਸੁਧਰਦੇ ਹਨ)। ੮.(ਜੇ ਹਰੀ) ਜਨਾਂ ਨੂੰ ਭਾਵੇਂ ਤਾਂ ਪਾਪੀਆਂ ਨੂੰ ਬੀ ਪਵਿਤ੍ਰ ਕਰ ਦਿੰਦੇ ਹਨ।

## ੨੦. (ਸੰਗਤ ਗੁਣ)।

੧. ਪਥਰ ਚਿਤੁ ਕਠੋਰੁ ਹੈ ਚੂਨਾ ਹੋਵੈ ਅਗੀ ਦਧਾ।
੨. ਅਗ ਬੁਝੈ ਜਲੁ ਛਿੜਕਿਐ ਚੂਨਾਂ ਅਗਿ ਉਠੈ ਅਤਿ ਵਧਾ।
੩. ਪਾਣੀ ਪਾਏ ਵਿਹੁ ਨ ਜਾਇ ਅਗਨਿ ਨ ਛੁਟੈ ਅਵਗੁਣ ਬਧਾ।
੪. ਜੀਭੈ ਉਤੈ ਰਖਿਆ ਛਾਲੈ ਪਵਨਿ ਸੰਗਿ ਦੁਖ ਲਧਾ।
੫. ਪਾਨ ਸੁਪਾਰੀ ਕਥੁ ਮਿਲਿ ਰੰਗੁ ਸੁਰੰਗ ਸਪੂਰਣੁ ਸਧਾ।
੬. ਸਾਧ ਸੰਗਤਿ ਮਿਲਿ ਸਾਧੁ ਹੋਇ ਗੁਰਮੁਖਿ ਮਹਾ ਅਸਾਧ ਸਮਧਾ।
੭. ਆਪੁ ਗਵਾਇ ਮਿਲੈ ਪਲੁ ਅਧਾ ॥੨੦॥੨੫॥

**ਪਦਾਰਥ**-(ਦਧਾ=ਸਾੜਿਆ। ਵਧਾ=ਬਹੁਤੀ। ਸਧਾ=ਸ੍ਰੇਸ਼ਟ। ਸਮਧਾ=ਸਾਰਾ।

**ਅਰਥ**-੧.ਪੱਥਰ ਦਾ (ਅੰਦਰੋਂ) ਚਿੱਤ ਕਰੜਾ ਹੈ, ਅੱਗ ਦਾ ਸਾੜਿਆ ਹੋਇਆ ਚੂਨਾ (ਕਲੀ) ਹੋ ਜਾਂਦਾ ਹੈ। ੨.ਪਾਣੀ ਛਿਣਕਿਆਂ (ਓਪਰੀ) ਅੱਗ ਬੁਝ ਜਾਂਦੀ ਹੈ (ਪਰੰਤੂ) ਚੂਨੇ ਵਿਚੋਂ ਅੱਗ ਬਹੁਤੀ ਉਠਦੀ ਹੈ। ੩.ਪਾਣੀ ਦੇ ਪਾਇਆਂ ਉਸ ਦੇ ਵਿਚਲੀ ਵਿਹੁ ਰੂਪੀ ਅੱਗ ਨਹੀਂ ਛੁਟਦੀ, (ਅਜਿਹਾ) ਅਵਗੁਣਾ ਦਾ ਬੱਧਾ ਹੋਇਆ ਹੈ, ੪.ਜੇਕਰ ਜੀਭ ਪੁਰ ਚੂਨਾ ਰੱਖਿਆ ਜਾਵੇ ਤਾਂ ਛਾਲੇ ਪੈ ਜਾਂਦੇ ਹਨ (ਇਸ) ਸੰਗਤ ਦਾ ਦੁਖ ਸਭਨਾ ਨੇ ਜਾਣਿਆ ਹੈ (ਭਾਵ ਸਭ ਸਮਝਦੇ ਹਨ)। ੫.(ਓਹੀ ਚੂਨਾ) ਪਾਨ, ਸੁਪਾਰੀ ਤੇ ਕੱਥ ਨਾਲ ਮਿਲ ਜਾਵੇ ਤਾਂ ਲਾਲ ਰੰਗ ਸੰਪੂਰਣ ਸਾਧਿਆ ਜਾਂਦਾ ਹੈ। ੫.(ਛੀਵੀਂ ਤੇ ਸੱਤਵੀ ਤੁਕ ਵਿਖੇ ਪਉੜੀ ਦਾ ਸਿੱਟਾ ਦਸਦੇ ਹਨ)। ੬. ਜੋ ਮਹਾਂ ਦੁਸ਼ਟ ਹੈ ਓਹ ਬੀ ਗੁਰਮੁਖਾਂ ਦੀ ਸਾਧ ਸੰਗਤ ਵਿਖੇ ਮਿਲ ਕੇ ਸਾਰਾ ਸਾਧੂ ਹੋ ਜਾਂਦਾ ਹੈ (ਕਿੱਕੁਰ ਮਿਲਣਾ ਚਾਹੀਦਾ ਹੈ?) ੭.(ਆਪ ਤੇ) ਆਪਾ ਭਾਵ ਗਵਾ ਕੇ (ਭਾਵੇਂ) ਅੱਧਾ ਹੀ ਪਲ ਮਿਲੇ (ਤਦ ਬੀ ਫਲ ਮਿਲ ਜਾਂਦਾ ਹੈ ਯਥਾ:-"**ਏਕ ਚਿੱਤ ਜਿਹ ਇਕ ਛਿਨ ਧਿਆਯੋ ॥ ਕਾਲ ਫਾਸ ਕੇ ਬੀਚ ਨ ਆਯੋ॥**" (ਅਕਾਲ ਉਸਤਤਿ-੧੦) ਤਥਾ :"**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥**" (ਨਟ:ਮ:੪:ਅਸ਼ਟ-੩)

# ਵਾਰ ੨੬.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾਚਰਣ)।

੧. ਸਤਿਗੁਰ ਸਚਾ ਪਾਤਿਸਾਹ ਪਾਤਿਸਾਹਾ ਪਾਤਿਸਾਹੁ ਸਿਰੰਦਾ।
੨. ਸਚੈ ਤਖਤਿ ਨਿਵਾਸੁ ਹੈ ਸਾਧ ਸੰਗਤਿ ਸਚਖੰਡਿ ਵਸੰਦਾ।
੩. ਸਚੁ ਫੁਰਮਾਣੁ ਨੀਸਾਣੁ ਸਚੁ ਸਚਾ ਹੁਕਮੁ ਨ ਮੂਲਿ ਫਿਰੰਦਾ।
੪. ਸਚੁ ਸਬਦੁ ਟਕਸਾਲ ਸਚੁ ਗੁਰ ਤੇ ਗੁਰ ਹੁਇ ਸਬਦ ਮਿਲੰਦਾ।
੫. ਸਚੀ ਭਗਤਿ ਭੰਡਾਰ ਸਚੁ ਰਾਗ ਰਤਨ ਕੀਰਤਨੁ ਭਾਵੰਦਾ।
੬. ਗੁਰਮੁਖਿ ਸਚਾ ਪੰਥੁ ਹੈ ਸਚੁ ਦੋਹੀ ਸਚੁ ਰਾਜੁ ਕਰੰਦਾ।
੭. ਵੀਹ ਇਕੀਹ ਚੜਾਉ ਚੜੰਦਾ ॥੧॥

**ਪਦਾਰਥ**-(ਸਤਿਗੁਰ=ਗੁਰ ਨਾਨਕ। ਸਿਰੰਦਾ=ਰਚਣਹਾਰ। ਵਸੰਦਾ=ਵਸਾਉਣਹਾਰਾ। (ਦੋਹੀ=ਦੁਹਾਈ (ਅ) ਚੋਣ ਵਾਲਾ। ਵੀਹ=ਵੀਹ ਵਿਸਵੇ, ਨਿਸਚੇ ਕਰਕੇ। (ਇਕੀਹ=ਇਕ ਦੀ ਈਹਾ ਵਾਲਾ।

**ਅਰਥ**-੧.ਸਤਿਗੁਰ (ਨਾਨਕ) ਸੱਚਾ ਪਾਤਸ਼ਾਹਾਂ ਦਾ ਪਾਤਸ਼ਾਹ ਹੈ (ਤੇ) ਪਾਤਸ਼ਾਹਾਂ ਦਾ ਰਚਨੇ ਹਾਰਾ ਹੈ, ੨.ਸੱਚੇ ਤਖਤ (ਰਾਜ ਸਿੰਘਾਸਨ) ਪੁਰ ਨਿਵਾਸ ਹੈ, ਸਾਧ ਸੰਗਤ ਰੂਪ ਸੱਚੇ ਖੰਡ ਦਾ ਵਸਾਉਣ ਹਾਰਾ ਹੈ। ੩.ਸੱਚਾ ਫੁਰਮਾਣ (ਆਗਿਆ) ਹੈ (ਨੀਸਾਣ=) ਝੰਡਾ ਬੀ ਸੱਚਾ ਹੈ, ਹੁਕਮ ਵੀ ਸੱਚਾ ਕਦੇ ਮੁੜਨ ਵਾਲਾ ਨਹੀਂ। ੪.ਉਸ ਦਾ ਸ਼ਬਦ ਅਰ ਟਕਸਾਲ ਸੱਚ ਹੈ, ਜੋ ਗੁਰੂ ਸ਼ਬਦ ਨੂੰ ਮਿਲਦਾ ਹੈ ਉਹ ਗੁਰੂ ਹੁੰਦਾ ਹੈ (ਅਰਥਾਤ ਗੁਰੂ ਅੰਗਦ ਗੁਰੂ ਅਮਰ ਆਦਿਕ ਗੁਰ ਸ਼ਬਦ ਨਾਲ ਮਿਲਕੇ ਗੁਰੂ ਹੁੰਦੇ ਚਲੇ ਆਏ)। ੫.'ਸੱਚੀ ਭਗਤੀ' (ਸੇਵਾ) ਅਰ ਭੰਡਾਰਾ ਬੀ ਸਚਾ ਰਸਤਾ ਹੈ, (ਸੱਚੀ'ਦੋਹੀ' ਅਰਥਾਤ) ਡੌਂਡੀ ਬੀ ਸੱਚੀ ਹੈ (ਅਥਵਾ'ਸੱਚ ਦੋਹੀ'=ਸੱਚ ਦਾ ਚੋਣ ਵਾਲਾ ਭਾਵ ਨਿਤਾਰਨ ਵਾਲਾ ਹੈ ਅਰ) ਸਚਾ ਰਾਜ ਕਰਣ ਵਾਲਾ ਹੈ (ਭਾਵ ਨਜਾਇਕਾਰੀ ਹੈ)। ੭.ਵੀਹ ਵਿਸਵੇ (ਅਥਵਾ 'ਵੀਹ' ਸੰਸਾਰ ਵਿਖੇ 'ਇਕੀਹ') ਇਕ ਪਰਮੇਸ਼ਰ ਦੇ ('ਚੜ੍ਹਾਉ'=) ਪ੍ਰੇਮ ਵਿਚ ਚੜ੍ਹਨ ਵਾਲਾ ਹੈ।

## ੨. (ਉਹੋ ਹੀ)।

੧. ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ।
੨. ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।
੩. ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।
੪. ਇਕਦੂ ਹੋਏ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ।
੫. ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨਾ ਨਦਰਿ ਨ ਆਇਆ।
੬. ਸੇਖ ਨਾਗੁ ਸਿਮਰਣੁ ਕਰੈ ਨਾਵਾਂ ਅੰਤੁ ਬਿਅੰਤੁ ਨ ਪਾਇਆ।
੭. ਗੁਰਮੁਖਿ ਸਚਾ ਨਾਉ ਮਨਿ ਭਾਇਆ॥੨॥


www.sikhbookclub.com

**ਪਦਾਰਥ**-(ਆਦੇਸੁ=ਦੇਸ਼ ਕਾਲ ਵਸਤੂ ਦੇ ਭੇਦ ਥੋਂ ਰਹਿਤ।
(ਤਿਨਿ ਦੇਵ=ਬ੍ਰਹਮਾ, ਬਿਸ਼ਨ, ਸ਼ਿਵ।

**ਅਰਥ**-੧.ਗੁਰ ਪਰਮੇਸ਼ਰ ਨੂੰ ਜਾਣੀਏ, (ਆਪਾ) ਸੱਚਾ ਹੈ (ਉਸ ਨੇ) ਨਾਮ ਬੀ ਸੱਚਾ ਧਰਾਇਆ ਹੈ। ੨.ਅਪਾਰ ਨਿਰੰਕਾਰ ਨੇ('ਆਕਾਰ') ਸਰੂਪ ਧਾਰਕੇ 'ਏਕੰਕਾਰ' ਕਹਾਇਆ। ੩.ਏਕੰਕਾਰ ਤੋਂ ਸ਼ਬਦ ਦੀ ਧੁਨੀ ਹੋਈ ਤੇ ਓਅੰਕਾਰ ਦਾ ਸਰੂਪ ਬਣਾਇਆ। ੪.(ਫੇਰ) ਇਕ ਤੋਂ ਤਿੰਨ ਦੇਵਤੇ ਰਚੇ ਗਏ, ਫੇਰ ਤਿੰਨਾਂ ਨੇ ਮਿਲਕੇ ਦਸ ਅਵਤਾਰ ਗਣਾਇਆ। ੫.ਆਦਿ ਪੁਰਖ (ਪਰਮਾਤਮਾ) ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ, ਓਹ ਤਾਂ ਓਹਨਾਂ ਨੂੰ ਵੇਖਦਾ ਹੈ (ਪਰੰਤੂ ਅਵਤਾਰਾਂ ਨੂੰ)ਓਹ ਪਰਮਾਤਮਾ ਨਜ਼ਰੀ ਨਹੀਂ ਆਉਂਦਾ।੬.ਸ਼ੇਸ਼ਨਾਗ (ਹਜ਼ਾਰ ਨਾਉਂ) ਰੋਜ਼ ਲੈਂਦਾ ਹੈ, ਬਿਅੰਤ ਵਾਹਿਗੁਰੂ ਦੇ ਨਾਵਾਂ ਦਾ ਹੀ ਅੰਤ ਨਹੀਂ ਆਉਂਦਾ।੭.ਗੁਰਮੁਖਾਂ ਦੇ ਮਨ ਵਿਖੇ ਉਸ ਦਾ ਸੱਚਾ ਨਾਮ ਭਾਉਂਦਾ ਹੈ।

## ੩. (ਈਸ਼੍ਵਰੀ ਉਸਤਤਿ)।

੧. ਅੰਬਰੁ ਧਰਤਿ ਵਿਛੋੜਿਅਨੁ ਕੁਦਰਤਿ ਕਰਿ ਕਰਤਾਰ ਕਹਾਇਆ।
੨. ਧਰਤੀ ਅੰਦਰਿ ਪਾਣੀਐ ਵਿਣੁ ਥੰਮਾਂ ਆਗਾਸ ਰਹਾਇਆ।
੩. ਇੰਨਣ ਅੰਦਰਿ ਅਗਿ ਧਰਿ ਅਹਿਨਿਸਿ ਸੂਰਜੁ ਚੰਦੁ ਉਪਾਇਆ।
੪. ਛਿਅ ਰੁਤਿ ਬਾਰਹਮਾਹ ਕਰਿ ਖਾਣੀ ਬਾਣੀ ਚਲਤੁ ਰਚਾਇਆ।
੫. ਮਾਣਸ ਜਨਮੁ ਦੁਲੰਭੁ ਹੈ ਸਫਲੁ ਜਨਮੁ ਗੁਰੁ ਪੂਰਾ ਪਾਇਆ।
੬. ਸਾਧ ਸੰਗਤਿ ਮਿਲਿ ਸਹਜਿ ਸਮਾਇਆ॥੩॥

**ਪਦਾਰਥ**-ਅੰਬਰੁ=ਆਕਾਸ਼। ਵਿਛੋੜਿਅਨੁ=ਵਿਚ+ਛੋੜਿਅਨ=ਵਿਚ ਛੱਡਿਆ।
(ਕੁਦਰਤਿ=ਮਾਇਆ। ਇੰਨਣ=ਲੱਕੜੀ, ਬਾਲਣ।

**ਅਰਥ**=੧.(ਈਸ਼੍ਵਰ ਨੇ ਆਪਣੀ) ਕੁਦਰਤ ਕਰਕੇ ਅਕਾਸ਼ ਵਿਚ ਧਰਤੀ ਨੂੰ ਛੱਡਿਆ, (ਰਚਣਹਾਰ ਹੋਣ ਕਰਕੇ) ਕਰਤਾਰ ਕਹਾਯਾ। ੨.ਪਾਣੀਆਂ ਵਿਚ ਧਰਤੀ ਰਚੀ (ਚੌਫੇਰੇ ਸਮੁੰਦਰ, ਧਰਤੀ ਇਕ ਹਿੱਸਾ, ਸਮੁੰਦਰ ਤ੍ਰੈ ਹਿੱਸੇ ਹੈ) ਅਕਾਸ਼ ਬਿਨਾਂ ਹੀ ਆਸਰੇ ਰਖਿਆ ਹੈ( ਭਾਵ ਜਿੱਕਰ ਜੀਵ ਜੰਤੂ ਬਨਾਸਪਤੀ ਪਾਣੀ ਧਰਤੀ ਦੇ ਆਸਰੇ ਹਨ, ਪੌਣ ਭੀ ਧਰਤੀ ਦੇ ਆਸਰੇ ੪੫ ਕੁ ਮੀਲ ਇਸ ਦੇ ਗਿਰਦ ਤਕ ਰਹਿੰਦੀ ਹੈ, ਤਿਵੇਂ ਅਕਾਸ਼ ਤਤ ਆਸਰੇ ਸਿਰ ਨਹੀਂ ਰਹਿੰਦਾ ਓਹ ਸਾਰੇ ਪਸਰਿਆ ਅਰ ਨਿਰ ਆਸਰਾ ਹੈ)। ੩.ਬਾਲਣ ਵਿਖੇ ਅੱਗ ਰੱਖੀ ਹੈ, ਦਿਨ (ਦੇ ਚਾਨਣ ਲਈ) ਸੂਰਜ (ਅਰ) ਰਾਤ ਦੇ (ਚਾਨਣ ਲਈ) ਚੰਦ ਪੈਦਾ ਕੀਤਾ ਹੈ। ੪.ਬਾਰਾਂ ਮਹੀਨਿਆਂ ਵਿਖੇ ਛੀ ਰੁਤਾਂ (ਦੋ ਦੋ ਮਹੀਨਿਆਂ ਦੀਆਂ) ਕਰਕੇ (ਚਾਰ) ਖਾਣੀ (ਅਰ ਚਾਰ ਹੀ) ਬਾਣੀਆਂ ਦਾ ਕੌਤਕ ਰਚਿਆ ਹੈ। ੫.(ਪਰੰਤੂ ਸਾਰੀ ਰਚਨਾ ਵਿਚੋਂ) ਮਾਣਸ ਜਨਮ ਦੁਰਲੰਭ ਹੈ (ਫੇਰ ਉਹ ਦੁਰਲੱਭ ਜਨਮ ਤਾਂ) ਸੁਫਲ ਹੈ ਜੇ ਪੂਰਾ ਗੁਰੂ ('ਗੁਰੂ ਨਾਨਕ') ਪਾਇਆ ਹੈ। ੬.(ਉਹ) ਸਾਧ ਸੰਗਤ ਨਾਲ ਮਿਲਕੇ ਸਹਿਜ (ਪਦ ਵਿਖੇ) ਸਮਾ ਜਾਂਦੇ ਹਨ, (ਜੀਵਨ ਮੁਕਤ ਹੋ ਜਾਂਦੇ ਹਨ)।

**ਭਾਵ**-**"ਇਸ ਦੇਹੀ ਕਉ ਸਿਮਰਹਿ ਦੇਵ॥ਸੋ ਦੇਹੀ ਭਜੁ ਹਰਿ ਕੀ ਸੇਵ॥"** (ਭੈਰੋਂ ਕਬੀ-੯) ਅਰਥਾਤ ਮਨੁਖਾ ਜਨਮ ਨੂੰ ਦੇਵਤੇ ਤਰਸਦੇ ਹਨ, ਉਹ ਦੇਹੀ ਪਾਕੇ ਹਰੀ ਦੀ ਸੇਵਾ ਨੂੰ ਗ੍ਰਹਿਣ ਕਰੇ, ਕਿਉਂ? ਇਹ ਹਰਿ ਸੇਵਾ ਕਰਕੇ ਹੀ ਸਫਲ ਹੁੰਦੀ ਹੈ।

## ੪. (ਉਹੋ ਹੀ)।

੧. ਸਤਿਗੁਰੁ ਸਚੁ ਦਾਤਾਰੁ ਹੈ ਮਾਣਸ ਜਨਮੁ ਅਮੋਲੁ ਦਿਵਾਇਆ।
੨. ਮੁਹੁ ਅਖੀ ਨਕੁ ਕੰਨੁ ਕਰਿ ਹਥ ਪੈਰ ਦੇ ਚਲੈ ਚਲਾਇਆ।

੩. ਭਾਉ ਭਗਤਿ ਉਪਦੇਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ।
੪. ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ।
੫. ਰਾਤਿ ਆਰਤੀ ਸੋਹਿਲਾ ਮਾਇਆ ਵਿਚਿ ਉਦਾਸੁ ਰਹਾਇਆ।
੬. ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਇ ਨ ਆਪੁ ਗਣਾਇਆ।
੭. ਚਾਰਿ ਪਦਾਰਥ ਪਿਛੈ ਲਾਇਆ ॥੪॥

**ਪਦਾਰਥ**-(ਦਾਤਾਰ=ਦਾਨੀ। ਚਲੈ ਚਲਾਇਆ=ਚਲਾਏ ਹੋਏ ਚਲਦੇ ਹਨ। (ਦਿੜਾਇਆ=ਪੱਕਾ ਕਰਾਇਆ ਹੈ। ਜਪਾਇਆ=ਨੇਮ ਨਾਲ ਪਾਠ ਕਰਾਯਾ।)

**ਅਰਥ**-੧.''ਸਤਿਗੁਰੂ'' ਜੀ ਸੱਚੇ ਦਾਨੀ ਹਨ (ਜਿਨ੍ਹਾਂ ਨੇ) ਅਮੋਲਕ ਮਾਨਸ ਜਨਮ ਸਾਨੂੰ ਦਿਵਾਇਆ ਹੈ। ੨.ਮੂੰਹ, ਅੱਖਾਂ, ਨੱਕ, ਕੰਨ, ਆਦਿ (ਗਿਆਨ ਇੰਦ੍ਰਯ) ਹੱਥ ਪੈਰ ਆਦਿ (ਕਰਮ ਇੰਦ੍ਰਯ ਦਿਤੇ ਹਨ) (ਜਿਨ੍ਹਾਂ ਦੇ) ਚਲਣ ਕਰਕੇ (ਜੀਵ) ਚਲਦਾ ਹੈ। ੩.ਪ੍ਰੇਮਾ ਭਗਤੀ ਦਾ ਉਪਦੇਸ਼ ਦੇਕੇ ਨਾਮ ਦਾਨ ਇਸ਼ਨਾਨ ਪੱਕਾ ਕਰਾਇਆ ਹੈ। ੫.ਰਾਤ ਨੂੰ (ਸੌਣ ਵੇਲੇ) ਆਰਤੀ ਸੋਹਲੇ (ਦਾ ਪਾਠ ਦੱਸਿਆ ਹੈ) ਮਾਯਾ ਵਿਖੇ ਰਹਿਕੇ ਉਦਾਸ (ਬ੍ਰਿਤੀ ਰੱਖਣੀ ਦੱਸੀ ਹੈ)। ੬.ਮਿੱਠਾ ਬੋਲਣਾ, ਨਿੰਮ੍ਰ ਹੋਕੇ ਚੱਲਣਾ, ਹੱਥੋਂ ਦੇ ਕੇ ਹੰਕਾਰ ਨਾ ਕਰਨਾ, (ਇਤਯਾਦਿਕ ਸਿੱਖੀ ਦੇ ਮੂਲ ਦ੍ਰਿੜ੍ਹ ਕਰਾਏ ਹਨ, ਫਲ ਕੀ ਹੁੰਦਾ ਹੈ)। ੭.(ਧਰਮ, ਅਰਥ, ਕਾਮ, ਮੋਖ) ਚਾਰੇ ਪਦਾਰਥ (ਗੁਰਮੁਖਾਂ ਦੇ) ਪਿਛੇ ਲਾ ਛੱਡੇ ਹਨ।

## ੫. (ਗੁਰ ਉਸਤਤਿ)।

੧. ਸਤਿਗੁਰੁ ਵਡਾ ਆਖੀਐ ਵਡੇ ਦੀ ਵਡੀ ਵਡਿਆਈ।
੨. ਓਅੰਕਾਰਿ ਅਕਾਰੁ ਕਰਿ ਲਖ ਦਰੀਆਉ ਨ ਕੀਮਤਿ ਪਾਈ।
੩. ਇਕ ਵਰਭੰਡੁ ਅਖੰਡੁ ਹੈ ਜੀਅ ਜੰਤ ਕਰਿ ਰਿਜਕੁ ਦਿਵਾਈ।
੪. ਲੂੰਅ ਲੂੰਅ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਸਮਾਈ।
੫. ਕੇਵਡੁ ਵਡਾ ਆਖੀਐ ਕਵਣ ਥਾਉ ਕਿਸੁ ਪੁਛਾ ਜਾਈ।
੬. ਅਪੜਿ ਕੋਇ ਨ ਹੰਘਈ ਸੁਣਿ ਸੁਣਿ ਆਖਣ ਆਖਿ ਸੁਣਾਈ।
੭. ਸਤਿਗੁਰ ਮੂਰਤਿ ਪਰਗਟੀ ਆਈ ॥੫॥

**ਅਰਥ**-੧.ਸਤਿਗੁਰੂ ਨੂੰ (ਸਾਰੇ) ਵੱਡਾ ਆਖਦੇ ਹਨ, (ਕਿਉਂ ਜੋ) ਵੱਡੇ (ਗੁਰੂ) ਦੀ ਵਡਿਆਈ ਵੱਡੀ ਹੈ। ੨.ਓਅੰਕਾਰ ਨੇ ਅਕਾਰ ਕੀਤਾ ਹੈ, (ਜਿਸ ਵਿਖੇ) 'ਲੱਖਾਂ ਦਰੀਆਉ' (ਬ੍ਰਹਮਾਦਿਕ ਦੇਵਤੇ ਹੋਣ ਕਰ) ਕੀਮਤ (ਕਿਸੇ) ਨਹੀਂ ਪਾਈ। ੩.ਬ੍ਰਹਮੰਡ ਵਿਖੇ 'ਅਖੰਡ' (ਇਕ ਰਸ) ਇਕੋ ਹੈ ਜੋ ਜੀਵ ਜੰਤ (ਉਤਪਤ) ਕਰਕੇ ਰਿਜਕ ਦੇ ਰਿਹਾ ਹੈ। ੪.ਇਕ ਇਕ ਰੋਮ ਵਿਖੇ ਕਰੋੜ ਕਰੋੜ ਬ੍ਰਹਮੰਡ ਦੀ ਸਮਾਈ ਕਰ ਛੱਡੀ ਹੈ। ੫.ਉਸ ਨੂੰ ਕੇਡਾਕੁ ਵੱਡਾ ਆਖੀਏ, ਕਿਸ ਥਾਉਂ (ਰਹਿੰਦਾ ਹੈ) ਕਿਸ ਨੂੰ ਜਾ ਕੇ ਪੁੱਛੀਏ(**''ਕੇਵਡੁ ਵਡਾ ਡੀਠਾ ਹੋਇ''**)(ਆਸਾ: ਮ:੧) ੬.(ਉਸ ਦੇ ਦੇਖਣ ਨੂੰ) ਕੋਈ ਪਹੁੰਚ ਨਹੀਂ ਸਕਦਾ (ਲੋਕ) ਅਖਾਣਾਂ ਨੂੰ ਸੁਣ ਸੁਣ ਕੇ ਪਏ ਸੁਣਾਂਵਦੇ ਹਨ। ੭.(ਅਕਾਲ ਪੁਰਖ ਦੀ) ਮੂਰਤੀ ਸਤਿਗੁਰੂ (ਗੁਰ ਨਾਨਕ) ਵਿਖੇ ਪ੍ਰਗਟ ਦਿਖਾਈ ਦਿੰਦੀ ਹੈ (ਕਿਉਂ ਜੋ **''ਨਾਨਕ ਸਾਧ ਪ੍ਰਭ ਭੇਦੁ ਨਾ ਭਾਈ''**॥ (ਸੁਖਮਨੀ-੭) ਗੁਰਬਾਣੀ ਦਾ ਅਭਯਾਸ ਪ੍ਰਤੱਖਯ ਈਸ਼੍ਵਰ ਦਾ ਦਰਸ਼ਨ ਹੈ)।

## ੬. (ਗੁਰ ਉਸਤਤਿ)।

੧. ਧਿਆਨੁ ਮੂਲੁ ਗੁਰ ਦਰਸਨੋ ਪੂਰਨ ਬ੍ਰਹਮ ਜਾਣਿ ਜਾਣੋਈ।
੨. ਪੂਜ ਮੂਲ ਸਤਿਗੁਰੁ ਚਰਣ ਕਰਿ ਗੁਰਦੇਵ ਸੇਵ ਸੁਖ ਹੋਈ।

੩. ਮੰਤ੍ਰ ਮੂਲੁ ਸਤਿਗੁਰੁ ਬਚਨ ਇਕ ਮਨਿ ਹੋਇ ਅਰਾਧੈ ਕੋਈ।
੪. ਮੋਖ ਮੂਲੁ ਕਿਰਪਾਲੁ ਗੁਰੁ ਜੀਵਨੁ ਮੁਕਤਿ ਸਾਧ ਸੰਗਿ ਸੋਈ।
੫. ਆਪੁ ਗਣਾਇ ਨ ਪਾਈਐ ਆਪੁ ਗਵਾਇ ਮਿਲੈ ਵਿਰਲੋਈ।
੬. ਆਪੁ ਗਵਾਏ ਆਪ ਹੈ ਸਭ ਕੋ ਆਪਿ ਆਪੇ ਸਭ ਕੋਈ।
੭. ਗੁਰੁ ਚੇਲਾ ਚੇਲਾ ਗੁਰੁ ਹੋਈ ॥੬॥

**ਪਦਾਰਥ**-(ਜਾਣੋਈ=ਜਾਣਨਾਂ, ਜਾਂ ਜਾਣਨੇ ਵਾਲਾ। ਅਰਾਧੈ=ਮਨ ਕਰ ਧਿਆਨ ਕਰਨਾ। (ਮੋਖ ਮੂਲ=ਮੁਕਤੀ ਦਾ ਕਾਰਨ। )

**ਅਰਥ**-੧.ਗੁਰੂ ਦਾ ਦਰਸ਼ਨ (ਸਭ) ਧਿਆਨਾਂ ਦਾ ਮੂਲ ਹੈ, (ਕਿਉਂ ਜੋ)-ਪੂਰਨ ਬ੍ਰਹਮ-(ਬ੍ਰਹਮ ਦਾ ਰੂਪ) ਹਨ, ਜਾਣਨਹਾਰਾ ਜਾਣਦਾ ਹੈ (ਅਥਵਾ "ਜਾਣੋਈ" ਜਾਣਨੇਹਾਰ ਹਨ, ਕਰਤਾ ਰੂਪ ਹਨ)। ੨.ਸਤਿਗੁਰੂ (ਗੁਰੂ ਨਾਨਕ) ਦੇ ਚਰਣ ਪੂਜਾ ਦੇ ਮੂਲ ਹਨ (ਕਿਉਂ ਜੋ ਇਸੇ ਵਿਚ ਸਾਰੀਆਂ ਪੂਜਾ ਆ ਜਾਂਦੀਆਂ ਹਨ; ਤਾਂਤੇ) ਗੁਰਦੇਵ ਦੀ ਸੇਵਾ ਵਿਖੇ ਹੀ ਸੁਖ ਹੁੰਦਾ ਹੈ। ੩.ਸਤਿਗੁਰੂ ਦਾ ਬਚਨ ਸਾਰੇ ਮੰਤ੍ਰ ਦਾ ਮੂਲ ਹੈ (ਪਰੰਤੂ ਫਲ ਤਦ ਹੁੰਦਾ ਹੈ) ਜਦ ਕੋਈ ਇਕਾਗ੍ਰ ਮਨ ਕਰਕੇ ਅਰਾਧਨ ਕਰੇ। ੪.ਗੁਰੂ ਦੀ ਕਿਰਪਾ ਮੁਕਤੀ ਦਾ ਮੂਲ ਹੈ, ਜੀਵਨ ਮੁਕਤ ਰੂਪ ਸਾਧ ਸੰਗਤ ਸੋਈ ਹੈ (ਭਾਵ ਜਿਸ ਪੁਰ ਸਤਿਗੁਰੂ ਪ੍ਰਸੰਨ ਹੁੰਦੇ ਹਨ)। ੫.(ਪਰੰਤੂ ਗੁਰੂ ਕ੍ਰਿਪਾ) ਆਪਣਾ ਆਪ ਗਣਾਉਣ ਕਰਕੇ ਨਹੀਂ ਪਾਈਦੀ, ਹੰਕਾਰ ਛੱਡ ਕੇ ਵਿਰਲਾ ਹੀ (ਗੁਰੂ ਕ੍ਰਿਪਾ) ਨੂੰ ਮਿਲਦਾ ਹੈ। ੬.ਹੰਕਾਰ ਛਡਨ ਕਰਕੇ (ਸ਼ੁੱਧ) ਆਪ (ਉਨਮਨ) ਹੁੰਦਾ ਹੈ, (ਤੇ) ਸਭ ਕਿਸੇ ਨੂੰ ਆਪਣਾ ਰੂਪ ਜਾਣਦਾ ਹੈ ਅਰ ਸਭ ਕੋਈ ਉਸ ਨੂੰ ਆਪਣਾ ਹੀ ਰੂਪ ਜਾਣਦੇ ਹਨ (ਭਾਵ ਸਾਰੇ ਉਸ ਨਾਲ ਪਿਆਰ ਕਰਦੇ ਹਨ "**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥**" (ਸ:ਫਰੀਦ-੯੫)੭.(ਇਸ ਤਰ੍ਹਾਂ) ਗੁਰੂ (ਨਾਨਕ) ਚੇਲਾ ਤੇ ਚੇਲਾ (ਅੰਗਦ) ਗੁਰੂ ਹੋਏ।

## ੭. (ਚਾਰ ਜੁਗਾਂ ਦੇ ਧਰਮ)।

੧. ਸਤਿਜੁਗਿ ਪਾਪ ਕਮਾਇਆ ਇਕਸ ਪਿਛੈ ਸਭ ਦੇਸੁ ਦੁਖਾਲਾ।
੨. ਤ੍ਰੇਤੈ ਨਗਰੀ ਪੀੜੀਐ ਦੁਆਪੁਰਿ ਪਾਪੁ ਵੰਸੁ ਕਲੂ ਦਾਲਾ*।
੩. ਕਲਜੁਗਿ ਬੀਜੈ ਸਲੂ ਲੁਣੈ ਵਰਤੈ ਧਰਮ ਨਿਆਉ ਸੁਖਾਲਾ।
੪. ਫਲੈ ਕਮਾਣਾ ਤਿਹੁ ਜੁਗੀ ਕਲਿਜੁਗਿ ਸਫਲੁ ਧਰਮੁ ਤਤਕਾਲਾ।
੫. ਪਾਪ ਕਮਾਣੈ ਲੇਪੁ ਹੈ ਚਿਤਵੈ ਧਰਮ ਸੁਫਲੁ ਫਲਵਾਲਾ।
੬. ਭਾਇ ਭਗਤਿ ਗੁਰਪੁਰਬ ਕਰਿ ਬੀਜਨਿ ਬੀਜੁ ਸਚੀ ਧਰਮਸਾਲਾ।
੭. ਸਫਲ ਮਨੋਰਥ ਪੂਰਣ ਘਾਲਾ॥੭॥

**ਪਦਾਰਥ**-(ਕਮਾਇਆ=ਕਮਾਏ ਹਲੂਏ। ਪੀੜੀਐ=ਪੀੜੀਦੀ ਸੀ। (ਦਾਲਾ=ਦਲਦਾ, ਨਾਸ਼ ਕਰਦਾ ਸੀ। ਲੁਣੈ=ਕੱਟਦਾ ਸੀ।)

**ਅਰਥ**-੧.ਸਤਿਜੁਗ ਵਿਖੇ ਜੋ ਪਾਪ ਕਰਦਾ ਸੀ ਉਸ ਇਕ ਪਿਛੇ ਸਾਰਾ ਦੇਸ਼ ਦੁਖੀ ਹੁੰਦਾ ਸੀ। ਤ੍ਰੇਤੈ ਜੁਗ ਵਿਖੇ (ਇਕ ਦੇ ਪਾਪ ਨਾਲ) ਸਾਰੀ ਨਗਰੀ ਪੀੜੀਦੀ ਸੀ, ਦੁਆਪਰ ਦਾ ਪਾਪ ਸਾਰੀ 'ਵੰਸ਼ (ਪੀਹੜੀ) ਨੂੰ ('ਦਾਲਾ') ਦਲਦਾ ਸੀ (ਅਥਵਾ ਵੰਸ ਦਾ ਕੌਦਾਲਾ=ਕੁਹਾੜਾ ਸੀ)। ੩.ਕਲਿਜੁਗ ਵਿਖੇ ਜਿਹਾ ਕੋਈ ਬੀਜੇ ਤੇਹਾ ਕੱਟਦਾ ਹੈ, ਸੌਖਾ ਧਰਮ ਨਿਆਉਂ ਵਰਤ ਰਿਹਾ ਹੈ। ੪.ਕਰਮ ਤਿੰਨਾਂ ਜੁਗਾਂ ਵਿਖੇ ਫਲਦਾ ਸੀ (ਭਾਵ ਇਕ ਜੁਗ ਦੇ ਕੀਤੇ ਹੋਏ ਸ਼ੁਭ ਕਰਮ ਦਾ ਫਲ ਦੂਜੇ ਜੁਗ ਵਿਖੇ

*ਪਾ:-ਗਾਲਾ।

ਚਿਕਾਰਾ ਫਲ ਮਿਲਦਾ ਸੀ) ਪਰੰਤੂ ਕਲਿਜੁਗ ਵਿਖੇ ਧਰਮ ਤਤਕਾਲ ਦਿੰਦਾ ਹੈ, (ਦੂਜੀ ਹੋਰ ਗਲ ਚੰਗੀ ਹੈ, ਜੋ ਪੰਜਵੀਂ ਤੁਕ ਵਿਖੇ ਦੱਸਦੇ ਹਨ)। ੫.ਪਾਪ ਦਾ ਲੇਪ ਕੀਤਿਆਂ ਹੋਇਆਂ ਹੀ ਲਗਦਾ ਹੈ ਅਰ ਧਰਮ ਚਿਤਵਣ ਨਾਲ ਹੀ ਸ਼੍ਰੇਸ਼ਟ ਫਲ ਦਿੰਦਾ ਹੈ। ੬.ਇਸ ਵਾਸਤੇ ਪ੍ਰੇਮਾ-ਭਗਤੀ ਕਰਕੇ ਗੁਰੂ ਦੇ ਸਿਖ ਸੱਚੀ ਧਰਮਸਾਲ (ਸਚੀ ਧਰਮ ਦੀ ਥਾਉਂ) ਵਿਖੇ ਗੁਰਪੁਰਬ ਕਰਕੇ ਬੀਜ ਨੂੰ ਬੀਜਦੇ ਹਨ। ੭.(ਉਹਨਾਂ ਦੇ) ਮਨੋਰਥ ਸਫਲ (ਹੋ ਜਾਂਦੇ ਹਨ ਅਰ ਘਾਲ ) ਕਮਾਈ ਥਾਉਂ ਪੈਂਦੀ ਹੈ।

## ੮. (ਕਲਿਜੁਗ ਦਾ ਧਰਮ)।

੧. ਸਤਿਜੁਗਿ ਸਤਿ ਤ੍ਰੇਤੈ ਜਗਾ ਦੁਆਪੁਰਿ ਪੂਜਾ ਬਾਹਲੀ ਘਾਲਾ।
੨. ਕਲਿਜੁਗਿ ਗੁਰਮੁਖਿ ਨਾਉ ਲੈ ਪਾਰਿ ਪਵੈ ਭਵਜਲ ਭਰਨਾਲਾ।
੩. ਚਾਰਿ ਚਰਣ ਸਤਿਜੁਗੈ ਵਿਚਿ ਤ੍ਰੇਤੈ ਚਉਥੈ ਚਰਣ ਉਕਾਲਾ।
੪. ਦੁਆਪੁਰਿ ਹੋਏ ਪੈਰ ਦੁਇ ਇਕਤੈ ਪੈਰ ਧਰੰਮੁ ਦੁਖਾਲਾ।
੫. ਮਾਣੁ ਨਿਮਾਣੈ ਜਾਣਿਕੈ ਬਿਨਉ ਕਰੈ ਕਰਿ ਨਦਰਿ ਨਿਹਾਲਾ।
੬. ਗੁਰੁ ਪੂਰੇ ਪਰਗਾਸੁ ਕਰਿ ਧੀਰਜੁ ਧਰਮ ਸਚੀ ਧਰਮਸਾਲਾ।
੭. ਆਪੇ ਖੇਤ ਆਪੇ ਰਖਵਾਲਾ॥੮॥

**ਪਦਾਰਥ**-(ਜਗਾ=ਜੁੱਗਾਂ ਕਰਕੇ। ਘਾਲਾ=ਕਮਾਈ। ਭਰਨਾਲਾ=ਸਮੁੰਦ੍ਰ। (ਉਕਾਲਾ=ਹਟਿਆ। ਦੁਖਾਲਾ=ਦੁਖੀ।

**ਅਰਥ**-੧.ਸਤਿਜੁਗ ਵਿਖੇ 'ਸਤਿ' (ਸਚ ਬੋਲਣ ਕਰਕੇ ਮੁਕਤ ਹੁੰਦੇ ਸਨ,) ਤ੍ਰੇਤੈ ਵਿਖੇ ਜੱਗਾਂ, ਦੁਆਪਰ ਵਿਖੇ ਪੂਜਾ ਦੀਆਂ ਬਾਹਲੀਆਂ 'ਘਾਲਾਂ' (ਕਮਾਈਆਂ ਚਲ ਪਈਆਂ)। ੨.ਕਲਿਜੁਗ (ਵਿਖੇ) ਗੁਰਮੁਖ (ਲੋਕ) ਸੰਸਾਰ ਸਮੁੰਦ੍ਰ ਥੀਂ ਨਾਂਮ ਜਪਕੇ ਹੀ ਪਾਰ ਹੋ ਜਾਂਦੇ ਹਨ। ੩.ਸਤਿਗਜੁਗ ਵਿਖੇ ਧਰਮ ਦੇ ਚਾਰੇ ਚਰਣ (ਤਪਿ, ਸੌਚ, ਦਯਾ, ਸੱਤ) ਸਬੂਤ ਸਨ, ਤ੍ਰੇਤੇ ਵਿਚ ਚੌਥਾ ਚਰਣ ਹਟ ਗਿਆ। ੪.ਦੁਆਪਰ ਵਿਖੇ ਦੋ ਪੈਰ ਹੋ ਗਏ, ਹੁਣ ਇਕ ਪੈਰ (ਰਹਿਣ ਕਰਕੇ) ਧਰਮ ਵੱਡਾ ਦੁਖੀ ਹੋਇਆ। ੫.ਨਿਮਾਣਿਆਂ ਨੂੰ ਮਾਣ ਦੇਣ ਵਾਲਾ ਜਾਣਕੇ (ਅਕਾਲ ਪੁਰਖ ਪਾਸ) ਬੇਨਤੀ ਕਰਨ ਲੱਗਾ (ਕਿ) ਕ੍ਰਿਪਾ ਦ੍ਰਿਸ਼ਟੀ ਨਾਲ (ਮੈਨੂੰ) ਨਿਹਾਲ ਕਰੋ। ੬.(ਗੁਰੂ ਨਾਨਕ) ਪੂਰੇ ਗੁਰੂ ਨੇ ਪਰਗਾਸ ਕਰਕੇ ਧਰਮ ਦੇ ਧੀਰਜ ਲਈ ਸੱਚੀ ਧਰਮਸਾਲ (ਸਾਧਸੰਗਤ) ਰਚੀ, ੭.ਆਪਣੇ ਖੇਤ ਦਾ ਆਪ ਅਕਾਲ ਪੁਰਖ ਹੀ ਰਖਵਾਲਾ ਹੋਇਆ। (ਭਾਵ ਆਪ ਰੱਖ ਲਿਆ, ਧਰਮ ਦੇ ਚਾਰ ਪੈਰ ਸੱਤਿ, ਸੰਤੋਖ, ਵੀਚਾਰ, ਨਾਮ ਪੂਰੇ ਕਰ ਦਿੱਤੇ।

## ੯. (ਜਿੱਤਕੇ ਹਾਰਨਾ)।

੧. ਜਿਨਾ ਭਾਉ ਤਿਨ ਨਾਹਿ ਭਉ ਮੁਚੁ ਭਉ ਅਗੈ ਨਿਭਵਿਆਹਾ।
੨. ਅਗਿ ਤਤੀ ਜਲ ਸੀਅਲਾ ਨਿਵ ਚਲੇ ਸਿਰੁ ਕਰੈ ਉਤਾਹਾ।
੩. ਭਰਿ ਡੁਬੈ ਖਾਲੀ ਤਰੈ ਵਜਿ ਨ ਵਜੈ ਘੜੈ ਜਿਵਾਹਾ।
੪. ਅੰਬੁ ਸੁਫਲ ਫਲਿ ਝੁਕਿ ਲਹੈ ਦੁਖ ਫਲੁ ਅਰੰਡੁ ਨ ਨਿਵੈ ਤਲਾਹਾ।
੫. ਮਨੁ ਪੰਖੇਰੂ ਧਾਵਦਾ ਸੰਗਿ ਸੁਭਾਇ ਜਾਇ ਫਲ ਖਾਹਾ।
੬. ਧਰਿ ਤਰਾਜੂ ਤੋਲੀਐ ਹਉਲਾ ਭਾਰਾ ਤੋਲੁ ਤੁਲਾਹਾ।
੭. ਜਿਣਿ ਹਾਰੈ ਹਾਰੈ ਜਿਣੈ ਪੈਰਾ ਉਤੇ ਸੀਸੁ ਧਰਾਹਾ।
੮. ਪੈਰੀ ਪੈ ਜਗ ਪੈਰੀ ਪਾਹਾ॥੯॥

**ਪਦਾਰਥ**-(ਮੁਚੁ=ਬਹੁਤ। ਨਿਭਵਿਆਹਾ=ਨਿਡਰੇ ਹਨ। ਸੀਅਲਾ=ਸੀਤਲ। (ਜਿਵਾਹਾ=ਜਿਸ ਤਰ੍ਹਾਂ। ਤਾਰਾਜੂ=ਤੱਕੜੀ।)

**ਅਰਥ**-੧.ਜਿਨ੍ਹਾਂ (ਪੁਰਖਾਂ ਨੇ ਰਬ ਦਾ) ਭਾਉ (ਧਾਰਨ ਕੀਤਾ ਹੈ ਭਾਵ ਨਿਵਕੇ ਤੁਰਦੇ ਹਨ) ਉਹਨਾਂ ਨੂੰ (ਜਮਾਦਿਕਾਂ ਦਾ) ਭਉ ਨਹੀਂ ਹੈ, (ਅਰ ਜੋ ਰਬ ਦੇ ਭਉ ਥੋਂ 'ਨਿਭਵਿਆਹਾ') ਨਿਡਰੇ ਹਨ ਉਹਨਾਂ ਨੂੰ ਅੱਗੇ ਵੱਡਾ ਭੈ (ਬਣਿਆ ਰਹਿੰਦਾ ਹੈ)। ੨.ਅੱਗ ਸਿਰ ਉੱਚਾ ਕਰਦੀ ਹੈ, ਇਸ ਵਾਸਤੇ ਤੱਤੀ ਹੈ, ਪਾਣੀ ਨਿਵਕੇ ਚਲਦਾ ਹੈ (ਇਸ ਲਈ) ਸੀਤਲ ਹੈ। ੩.ਘੜਾ ਜਿੱਕੁਰ ਭਰਿਆ ਹੋਇਆ (ਭਾਵ ਹੰਕਾਰੀ ਜੀਵ) ਡੁੱਬਦਾ ਹੈ, ਨਾਲੇ ਵੱਜਦਾ ਨਹੀਂ (ਭਾਵ ਰਾਗ ਦੀਆਂ ਧੁਨਾਂ ਨਹੀਂ ਨਿਕਲਦੀਆਂ, ਜੇਕਰ ਉਹੋ ਘੜਾ) ਖਾਲੀ ਹੋਵੇ (ਨਿੰਮ੍ਰੀ ਭੂਤ ਜੀਵ) ਤਾਂ ਤਰਦਾ ਹੈ ਤੇ ਵੱਜਦਾ ਭੀ ਹੈ (ਭਾਵ ਜੋੜੀ ਦਾ ਕੰਮ ਦਿੰਦਾ ਹੈ) ੪.(ਅੰਬ ਦਾ ਬੂਟਾ) ਝੁਕਣ ਕਰਕੇ ਹੀ ਚੰਗੇ ਫਲ ਲੈਂਦਾ ਹੈ ਅਰ ਇਰੰਡ (ਦਾ ਬੂਟਾ) ਝੁਕਦਾ ਨਹੀਂ (ਉਸ ਨਾਲ) ਦੁਖਦਾਈ ਫਲ ਲਗਦੇ ਹਨ। ੫.ਮਨ ਪੰਥੀ ਦੀ ਨਿਆਈ ਚੌਫੇਰੇ ਦੌੜਦਾ ਹੋਇਆ ਸੰਗਤ ਦੇ ਸੁਭਾਵਨੁਸਾਰ ਫਲ ਖਾਂਦਾ ਹੈ। (ਯਥਾ-"**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ॥ਜੋ ਜੈਸੀ ਸੰਗਤ ਮਿਲੈ ਸੋ ਤੈਸੋ ਫਲੁ ਖਾਇ॥**") (ਸ: ਕਬੀਰ:੮੬) ੬.ਤੱਕੜੀ ਪੁਰ ਧਰਕੇ ਜਦ ਤੋਲੀਏ ਹੌਲੇ ਭਾਰੇ ਦਾ ਤੋਲ ਤੁਲ ਜਾਂਦਾ ਹੈ, (ਜਿਹਾ ਕੁ "**ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥**"(ਆਸਾ:ਵਾਰ:ਮ-੧) (ਹੁਣ ਸੱਤਵੀ ਤੇ ਅੱਠਵੀਂ ਤੁਕ ਵਿਖੇ ਸਿੱਧਾਤ ਦੱਸਦੇ ਹਨ। ੭. ਜਿੱਤਣ ਵਾਲਾ ਹਾਰਦਾ ਤੇ ਹਾਰਨ ਵਾਲਾ ਜਿੱਤ ਜਾਂਦਾ ਹੈ, ਪੈਰਾਂ ਉਤੇ ਹੀ ਸਿਰ ਧਰੀਦੇ ਹਨ, (ਮੁਕਦੀ ਗਲ ਜੋ ਪੈਰੀਂ ਪੈਂਦੇ ਹਨ ਜਗਤ ਉਹਨਾਂ ਦੀ ਪੈਰੀਂ ਪੈਂਦਾ ਹੈ)। ੮.ਪੈਰੀਂ ਪੈ ਕੇ ਜਗਤ ਨੂੰ (ਉਹਨਾਂ ਗੁਰਮੁਖਾਂ ਨੇ) ਪੈਰੀਂ ਪੈਣਾ (ਸਿਖਲਾਇਆ ਹੈ।ਆਪ ਨਮੂਨਾ ਬਣੇ ਤੇ ਲੋਕ ਮਗਰ ਲੱਗੇ)।

## ੧੦. (ਜੇਹਾ ਭਾਉ ਤੇਹਾ ਫਲ)।

੧. ਸਚੁ ਹੁਕਮੁ ਸਚੁ ਲੇਖੁ ਹੈ ਸਚੁ ਕਾਰਣੁ ਕਰਿ ਖੇਲੁ ਰਚਾਇਆ।
੨. ਕਾਰਣੁ ਕਰਤੇ ਵਸਿ ਹੈ ਵਿਰਲੈ ਦਾ ਓਹੁ ਕਰੈ ਕਰਾਇਆ।
੩. ਸੋ ਕਿਹੁ ਹੋਰੁ ਨ ਮੰਗਈ ਖਸਮੈ ਦਾ ਭਾਣਾ ਤਿਸੁ ਭਾਇਆ।
੪. ਖਸਮੈ ਏਵੈ ਭਾਵਦਾ ਭਗਤਿ ਵਛਲੁ ਹੋਇ ਬਿਰਦੁ ਸਦਾਇਆ।
੫. ਸਾਧ ਸੰਗਤਿ ਗੁਰ ਸਬਦੁ ਲਿਵ ਕਾਰਣੁ ਕਰਤਾ ਕਰਦਾ ਆਇਆ।
੬. ਬਾਲ ਸੁਭਾਇ ਅਤੀਤ ਜਗਿ ਵਰ ਸਰਾਪ ਦਾ ਭਰਮੁ ਚੁਕਾਇਆ।
੭. ਜੇਹਾ ਭਾਉ ਤੇਹੋ ਫਲ ਪਾਇਆ॥੧੦॥

**ਪਦਾਰਥ**-(ਲੇਖੁ=ਮੱਥੇ ਦੀ ਲਿਖਤ। ਖੇਲ=ਪ੍ਰਪੰਚ। ਵਿਰਲੈ ਦਾ=ਭਾਵ ਸੰਤ ਦਾ। (ਬਿਰਦੁ=ਨਾਮ। ਅਤੀਤ=ਵਿਰੱਕਤ। ਭਰਮੁ=ਸੰਕਲਪ।)

**ਅਰਥ**-੧.(ਵਾਹਿਗੁਰੂ ਸਤਿ ਸਰੂਪ ਹੈ, ਉਸ ਦਾ) ਹੁਕਮ ਬੀ ਸਤਿ ਹੈ, ਸਤਿ ਹੀ ਲੇਖ ਹੈ, ਸੱਚਾ ਕਾਰਨ ਕਰਕੇ ਖੇਲ (ਸੰਸਾਰ ਦਾ) ਰਚਾਇਆ ਹੈ। ੨.(ਸਭ) ਕਾਰਣ ਕਰਤਾਰ ਦੇ ਵੱਸ ਹਨ (ਪਰ ਕਿਸੇ) ਵਿਰਲੇ ਦਾ ਓਹ ਕਰਾਇਆ ਬੀ ਕਰ ਲੈਂਦਾ ਹੈ। (ਭਾਵ '**ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ**') (ਬਿਲਾ: ਮ:੫-੬੬) ੩.(ਪਰ ਓਹ ਭਗਤ ਜਿਸ ਦਾ ਐਡਾ ਦਰਜਾ ਹੈ ਕਿੱਥੇ ਖੇਡਦਾ ਹੈ? ਉੱਤਰ) ਓਹ ਹੋਰ ਕੁਛ ਮੰਗਦਾ ਹੀ ਨਹੀਂ ਉਸ ਨੂੰ (ਭਾਈ ਭਿਖਾਰੀ ਵਾਂਙੂ) ਖਸਮ ਦਾ ਭਾਣਾ ਹੀ ਚੰਗਾ ਲਗਦਾ ਹੈ। ੪.ਖਸਮ (ਅਕਾਲ ਪੁਰਖ) ਨੂੰ (ਆਪਣਾ ਨਾਮ) ਭਗਤ ਵਛਲ ਪੂਰਣ ਕਰਨ ਲਈ, ਏਵੇਂ ਭਾਉਂਦਾ ਹੈ (ਕਿ ਪ੍ਰਹਿਲਾਦ ਵਾਂਙੂ ਭਗਤਾਂ ਦੀ ਰੱਛਾ ਹੀ ਰੱਖੇ) (ਭਗਤਾਂ ਨੂੰ ਕੀ ਭਾਉਂਦਾ ਹੈ? ਪੰਜਵੀਂ ਤੁਕ ਵਿਖੇ ਦੱਸਦੇ ਹਨ) ੫.ਸੰਤਾਂ ਦੀ ਸੰਗਤ (ਵਿਖੇ ਮਿਲਕੇ) ਗੁਰੂ ਦੀ ਬਾਣੀ ਵਿਖੇ ਲਿਵਲਾਈ ਰੱਖਦੇ (ਤੇ

ਜਾਣਦੇ ਹਨ ਕਿ) ਸਾਰੇ ਕਾਰਣ ਕਰਤਾ ਹੀ ਕਰਦਾ ਆਇਆ ਹੈ। (ਸਾਨੂੰ ਦਖਲ ਦੇਣ ਦੀ ਲੋੜ ਨਹੀਂ, ਉਹ ਸਮਰਥ ਹੈ)। ੬.(ਇਸ ਵਾਸਤੇ) ਬਾਲਕਾਂ ਵਾਂਙੂ ਸੁਭਾਉ ਰੱਖਕੇ (ਭਾਵ ਹਰਖ ਸੋਗੋਂ ਰਹਿਤ ਹੋ) ਜਗਤ ਥੋਂ ਅਤੀਤ ਹੋਕੇ ਵਰ ਸਰਾਪ ਦਾ ਸੰਕਲਪ ਚੁਕਾ ਛੱਡਿਆ ਹੈ (ਕਿਉਂ ਜੋ ਇਹ ਦੋਵੇਂ ਰਾਗ ਦ੍ਵੈਖ ਕਰਕੇ ਹੁੰਦੇ ਹਨ, ਇਸ ਲਈ ਇਨ੍ਹਾਂ ਦਾ ਮੂਲ ਹੀ ਚੁਕਾ ਰੱਖਿਆ ਹੈ। ਜਾਣਦੇ ਹਨ ਕਿ) ੭.ਜੇਹਾ (ਕਿਸੇ ਦਾ) ਭਾਉ ਹੋਵੇ ਤੇਹਾ ਹੀ (ਉਸ ਨੇ) ਫਲ ਪਾਇਆ ਹੈ।

**ਭਾਵ**-ਭਗਤ ਲੋਕ ਕਲਪ ਬ੍ਰਿਛ ਵਾਂਙੂ ਹਨ, ਭਾਵਨਾਨੁਸਾਰ ਫਲ ਮਿਲਦਾ ਹੈ, ਓਹ ਸਰਾਪ ਥੋਂ ਅਤੀਤ ਹਨ। ਕਿਸੇ ਉਸ ਝਗੜੇ ਵਿਚ ਭਗਤ ਨਹੀਂ ਪੈਂਦੇ, ਜਿਨ੍ਹਾਂ ਵਿਚ ਪੰਡਤ ਪੈਂਦੇ ਹਨ। ਭਗਤ ਪਜਾਰੇ ਨੂੰ ਤੇ ਉਸ ਨਾਲ ਪਿਆਰ ਕਰਨ ਨੂੰ ਜਾਣਦੇ ਹਨ।

## ੧੧. (ਅਉਗੁਣ ਦਾ ਗੁਣ ਕਰਣਾ)॥

੧. ਅਉਗੁਣ ਕੀਤੇ ਗੁਣ ਕਰੈ ਸਹਜਿ ਸੁਭਾਉ ਤਰੋਵਰ ਹੰਦਾ।
੨. ਵਢਣ ਵਾਲਾ ਛਾਉ ਬਹਿ ਚੰਗੇ ਦਾ ਮੰਦਾ ਚਿਤਵੰਦਾ।
੩. ਫਲ ਦੇ ਵਟ ਵਗਾਇਆ ਵਢਣ ਵਾਲੇ ਤਾਰਿ ਤਰੰਦਾ।
੪. ਬੇਮੁਖ ਫਲ ਨਾ ਪਾਇਦੇ ਸੇਵਕ ਫਲ ਅਣਗਣਤ ਫਲੰਦਾ।
੫. ਗੁਰਮੁਖਿ ਵਿਰਲਾ ਜਾਣੀਐ ਸੇਵਕੁ ਸੇਵਕ ਸੇਵ ਕਰੰਦਾ।
੬. ਜਗੁ ਜੋਹਾਰੇ ਚੰਦ ਨੋ ਸਾਇਰ ਲਹਰਿ ਅਨੰਦੁ ਵਿਧੰਦਾ।
੭. ਜੋ ਤੇਰਾ ਜਗੁ ਤਿਸਦਾ ਬੰਦਾ॥੧੧॥

**ਪਦਾਰਥ**-(ਹੰਦਾ=ਸੰਬੰਧ ਕਾਰਕ ਦਾ ਚਿੰਨ੍ਹ ਦਾ। ਚਿਤਵੰਦਾ=ਚਿਤਵਦਾ ਹੈ।
(ਤਾਰਿ=ਨਦੀ। ਫਲੰਦਾ=ਫਲਦੇ ਹਨ। ਸੇਵਕੁ ਸੇਵਕ=ਸੇਵਕਾਂ ਦੇ ਸੇਵਕ।
(ਜੋਹਾਰੇ=ਮੱਥੇ ਟੇਕਣੇ। ਬੰਦਾ =ਦਾਸ। )

**ਅਰਥ**- ੧.ਬ੍ਰਿਛ ਦਾ (‘ਸਹਜ’) ਸੁਤੇ ਹੀ ਸੁਭਾਉ ਹੈ ਕਿ ਅਉਗੁਣ ਕੀਤਿਆਂ ਹੋਇਆਂ ਗੁਣ (ਉਪਕਾਰ) ਕਰਦਾ ਹੈ। ੨.ਵੱਢਣ ਵਾਲਾ (ਬ੍ਰਿਛਾਂ ਦੀ) ਛਾਂ ਹੇਠ ਬੈਠਕੇ ‘ਚੰਗੇ’ ਦਾ (ਭਾਵ ਬ੍ਰਿਛ ਦਾ) ਮੰਦਾ (ਬੁਰਾ) ਹੀ ਚਿਤਵਦਾ ਹੈ, (ਕਿ ਇਸ ਦੇ ਮੁੱਢ ਤੇ ਟਾਹਣ ਤਖਤਿਆਂ ਤੇ ਕੜੀਆਂ ਦੇ ਲਾਇਕ ਹਨ, ਵੱਢਕੇ ਲੈ ਚਲੀਏ)। ੩.(ਬ੍ਰਿਛ) ਵਟਿਆਂ ਮਾਰਣ ਵਾਲੇ ਨੂੰ ਫਲ ਦਿੰਦਾ ਹੈ, ਵੱਢਣ ਵਾਲਿਆਂ ਨੂੰ (‘ਤਾਰ ਤਰੰਦਾ’) ਨਦੀਓਂ ਤਾਰਦਾ ਹੈ। ੪.(‘ਬੇਮੁਖ) ਦੁਸ਼ਟ ਲੋਕ (ਜੋ ਭਲਿਆਂ ਦਾ ਉਪਕਾਰ ਛੱਡਕੇ ਬੁਰਾ ਚਿਤਵਦੇ ਹਨ) ਓਹ ਫਲ ਨਹੀਂ ਪਾਉਂਦੇ, (ਸੇਵਕ) ਭਗਤ ਲੋਕ ਅਣਗਿਣਤ ਫਲਾਂ ਨਾਲ ਫਲੀ ਭੂਤ ਹੁੰਦੇ ਹਨ (ਸੇਵਕ ਕਿਹੜੇ ਹਨ?) ੫.ਗੁਰਮੁਖ (ਕੋਈ) ਵਿਰਲਾ ਹੈ, ਜੋ ਸੇਵਕਾਂ ਦਾ ਸੇਵਕ ਹੋਕੇ ਸੇਵਾ ਕਰਦਾ ਹੈ। ੬.ਜਗਤ ‘ਚੰਦ’ ਨੂੰ (ਭਾਵ ਦੂਜ ਦੇ ਚੰਦ ਨੂੰ) ਨਮਸਕਾਰਾਂ ਕਰਦਾ ਹੈ ਤੇ ਸਮੁੰਦ੍ਰ ਆਨੰਦ ਦੀਆਂ ਲਹਿਰਾਂ ਵਧਾਉਂਦਾ ਹੈ, (ਭਾਵ ਓਹ ਬੀ ਦੁਤੀਆ ਦੇ ਚੰਦ ਨੂੰ ਮੱਥਾ ਨਿਵਾਉਂਦਾ ਹੈ)। ੭.ਜੋ ਤੇਰਾ ਬੰਦਾ ਹੁੰਦਾ ਹੈ ਜਗਤ ਉਸ ਦਾ ਬੰਦਾ ਹੈ (“**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥**”) (ਸ: ਫਰੀਦ-੯੫)

## ੧੨.(ਕਮਾਦ ਦਾ ਦ੍ਰਿਸ਼ਟਾਂਤ)।

੧. ਜਿਉ ਵਿਸਮਾਦੁ ਕਮਾਦੁ ਹੈ ਸਿਰ ਤਲਵਾਇਆ ਹੋਇ ਉਪੰਨਾ।
੨. ਪਹਿਲੋ ਖਲ ਉਖਲਿਕੈ ਟੋਟੇ ਕਰਿ ਕਰਿ ਭੰਨਨਿ ਭੰਨਾ।
੩. ਕੋਲੂ ਪਾਇ ਪੀੜਾਇਆ ਰਸ ਟਟਰਿ ਕਸ ਇੰਨਣ ਵੰਨਾ।
੪. ਦੁਖ ਸੁਖ ਅੰਦਰਿ ਸਬਰੁ ਕਰਿ ਖਾਇ ਅਵਰਣੁ ਜਗ ਧੰਨ ਧੰਨਾ।

੫. ਗੁੜੁ ਸਕਰੁ ਖੰਡੁ ਮਿਸਰੀ ਗੁਰਮੁਖ ਸੁਖਫਲੁ ਸਭ ਰਸ ਬੰਨਾ।
੬. ਪਿਰਮ ਪਿਆਲਾ ਪੀਵਣਾ ਮਰਿ ਮਰਿ ਜੀਵਣੁ ਥੀਵਣੁ ਗੰਨਾ।
੭. ਗੁਰਮੁਖਿ ਬੋਲ ਅਮੋਲ ਰਤੰਨਾ ॥੧੨॥

**ਪਦਾਰਥ**-(ਵਿਸਮਾਦੁ=ਅਚਰਜ ਰੂਪ। ਸਿਰ ਤਲਵਾਇਆ=ਮੂਧੇ ਸਿਰ।
(ਖਲ ਉਖਲਿਕੈ=ਖੋਰੀ ਲਾਹਕੇ। ਰਸ=ਰਹੁ ਟਟਰ=ਕੜਾਹਾ, ਕਸ=ਪੱਛੀਆਂ।
(ਇੰਨਣਵੰਨਾ=ਲੱਕੜਾਂ ਵਾਂਗੂੰ। ਅਵਟਣੁ=ਕੜ੍ਹਨੀ, ਉਬਾਲਾ। ਬੰਨਾ=ਰਾਖੇ।)

**ਅਰਥ**- ੧.ਜਿਕੂੰ ਕਮਾਦ ਅਚਰਜ ਰੂਪ ਹੈ, ਮੂਧੇ ਸਿਰ ਹੋਕੇ ਉਤਪਤ ਹੁੰਦਾ ਹੈ। ੨.ਪਹਿਲੇ ਖੋਰੀ ਲਾਹੀ ਜਾਂਦੀ ਹੈ, ਟੋਟੇ ਕਰ ਕਰਕੇ ਭੰਨੀਦਾ ਹੈ (ਭਾਵ ਅੰਗ ਕੱਟਕੇ ਦੱਥੇ ਬੰਨ੍ਹੇ ਜਾਂਦੇ ਹਨ)। ੩.ਵੇਲਣੇ ਵਿਚ ਪਾਕੇ ਪੀੜਿਆ ਜਾਂਦਾ ਹੈ, ਰਹੁ ਕੜਾਹੇ ਵਿਚ, ਤੇ ਪੱਛੀਆਂ ਲਕੜੀਆਂ ਵਾਂਗੂੰ (ਬਾਲੀਦੀਆਂ ਹਨ)। ੪.ਦੁਖ ਸੁਖ ਵਿਚ ਸਬਰ ਰੱਖਕੇ ਉਬਾਲਿਆਂ ਨੂੰ ਸਹਾਰਦਾ ਹੈ, ਜਗਤ ਧੰਨ ਧੰਨ ਆਖਦਾ ਹੈ। ੫.(ਤਿਵੇਂ) ਗੁੜ, ਸ਼ੱਕਰ, ਖੰਡ, ਮਿਸਰੀ ਰੂਪ ਗੁਰਮੁਖ ਹਨ, ਸੁਖ ਫਲ ਅਤੇ ਸਭ ਰਸਾਂ ਦੇ (ਬੰਨਾ) ਬਨਾਉਣ (ਹਾਰੇ ਅਥਵਾ ਰਾਖੇ) ਹਨ। ੬.(ਕਿਉਂ ਜੋ) ਪ੍ਰੇਮ ਦਾ ਪਿਆਲਾ ਪੀਕੇ ਗੰਨੇ ਵਾਂਗੂੰ ਮਰ ਮਰ ਕੇ ਜੀਵਨ ਮੁਕਤ ਹੁੰਦੇ ਹਨ। ੭.(ਇਸੇ ਲਈ) ਗੁਰਮੁਖਾਂ ਦੇ ਬੋਲ (ਅਰਥਾਤ ਮਿਸ਼ਟ ਬਚਨ) ਅਮੋਲਕ ਰਤਨ ਰੂਪ ਹਨ (ਇਸ ਲਈ ਕਿ ਜਨਮ ਮਰਣ ਆਦਿ ਰੋਗ ਦੇ ਨਾਸ਼ਕ ਹਨ)।

**ਭਾਵ**-ਗੁਰਮੁਖ ਵਾਹਿਗੁਰੂ ਪ੍ਰੇਮ ਤੇ ਕੀਰਤਨ ਵਿਚ ਰਹਿੰਦੇ, ਸੰਸਾਰ ਵਿਚ ਦੁਖ ਸੁਖ ਸਹਿੰਦੇ ਉਪਕਾਰ ਕਰਦੇ ਹਨ।

## ੧੩. (ਗੁਰ ਦਰੀਆਉ)।

੧. ਗੁਰ ਦਰੀਆਉ ਅਮਾਉ ਹੈ ਲਖ ਦਰੀਆਉ ਸਮਾਉ ਕਰੰਦਾ।
੨. ਇਕਸ ਇਕਸ ਦਰੀਆਉ ਵਿਚਿ ਲਖ ਤੀਰਥ ਦਰੀਆਉ ਵਹੰਦਾ।
੩. ਇਕਤੁ ਇਕਤੁ ਵਾਹੜੈ ਕੁਦਰਤਿ ਲਖ ਤਰੰਗ ਉਠੰਦਾ।
੪. ਸਾਇਰ ਸਣੁ ਰਤਨਾਵਲੀ ਚਾਰਿ ਪਦਾਰਥੁ ਮੀਨ ਤਰੰਦਾ।
੫. ਇਕਤੁ ਲਹਰਿ ਨ ਪੁਜਨੀ ਕੁਦਰਤਿ ਅੰਤੁ ਨ ਅੰਤ ਲਹੰਦਾ।
੬. ਪਿਰਮ ਪਿਆਲੇ ਇਕ ਬੂੰਦ ਗੁਰਮੁਖ ਵਿਰਲਾ ਅਜਰੁ ਜਰੰਦਾ।
੭. ਅਲਖ ਲਖਾਇ ਨ ਅਲਖੁ ਲਖੰਦਾ ॥੧੩॥

**ਪਦਾਰਥ**-(ਅਮਾਉ=ਜੋ ਮਿਣਿਆ ਨਾ ਜਾਵੇ। ਸਮਾਉ=ਸਮਾਈ। ਵਹੰਦਾ=ਵਹਿੰਦਾ ਹੈ।
(ਵਾਹੜੈ=ਪ੍ਰਵਾਹ। ਮੀਨ=ਮੱਛੀ।)

**ਅਰਥ**- ੧.ਗੁਰੂ ਦਰੀਆਉ (ਅਮੇਉ) ਮਿਣਤੀਓਂ ਬਾਹਰ ਹੈ, (ਕਿਉਂ ਜੋ) ਲੱਖਾਂ ਦਰਿਯਾਵਾਂ ਦੀ ਸਮਾਈ ਕਰਦਾ ਹੈ। ੨.(ਉਸ) ਇਕ ਇਕ ਦਰੀਆਉ ਵਿਖੇ ਲੱਖਾਂ ਤੀਰਥ ਦਰੀਆਉ ਵਗਦੇ ਹਨ (ਭਾਵ ਇਕ ਗੁਰੂ ਦੇ ਦਰਸ਼ਨ ਵਿਖੇ ਲੱਖਾਂ ਦਰੀਆਵਾਂ ਤੇ ਤੀਰਥਾਂ ਦੇ ਮੰਨੇ ਹੋਏ ਮਹਾਤਮ ਸਚ ਮੁਖ ਹੋ ਜਾਂਦੇ ਹਨ:-"**ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ**" ॥) (ਪ੍ਰਭਾ: ਮ:੧-੬) ੩.(ਓਨ੍ਹਾਂ ਦੇ) ਇਕ ਇਕ ਪ੍ਰਵਾਹ ਵਿਖੇ ਕੁਦਰਤੀ ਲੱਖਾਂ ਤਰੰਗ ਉਠਦੇ ਹਨ(ਭਾਵ ਕਥਾ ਕੀਰਤਨ ਦੇ ਬਿਲਾਸ ਹੋ ਰਹੇ ਹਨ, ਜਾਂ ਇਕ ਇਕ ਸਿੱਖ ਲੱਖਾਂ ਨੂੰ ਤਾਰਦਾ ਹੈ)। ੪.ਸਮੁੰਦ੍ਰ ਕਈ ਰਤਨਾਂ ਦੀਆਂ ਪੰਗਤਾਂ ਸਣੇ ਚਾਰੇ ਪਦਾਰਥਾਂ ਦੇ (ਗੁਰ ਦਰਯਾ ਵਿਚ) ਮੱਛੀ ਵਾਙੂੰ ਤਰਦਾ ਹੈ। ੫.(ਓਹ ਚਾਰੇ ਪਦਾਰਥ ਆਦਿ ਗੁਰੂ ਦੀ) ਇਕ ਲਹਿਰ (ਬਚਨ) ਦੇ ਬਰਾਬਰ ਨਹੀਂ ਹਨ

(ਕਿਉਂ ਜੋ) 'ਕੁਦਰਤ' (ਗੁਰ ਮੁਕਤੀ) ਦੇ ਅੰਤ ਦਾ ਕੋਈ ਅੰਤ ਨਹੀਂ ਲੈ ਸਕਦਾ। ੬.ਪ੍ਰੇਮ-ਪਿਆਲੇ ਦੀ ਇਕ ਬੂੰਦ ਅਜਰ ਹੈ,(ਪਰੰਤੂ ਕੋਈ) ਵਿਰਲਾ ਗੁਰਮੁਖ ਜਰ ਸਕਦਾ ਹੈ। ੭.(ਉਹ) ਅਲਖ ਨੂੰ ਲਖ ਲੈਂਦਾ ਹੈ, ਪਰ, ਅਲਖ ਨੂੰ ਲਖਾਉਂਦਾ ਨਹੀਂ (ਕਿ ਮੈਂ ਲਖ ਲੀਤਾ ਹੈ। ਯਥਾ:-"**ਜਿਨਿ ਹਰਿ ਪਾਇਓ ਤਿਨਹਿ ਛਪਾਇਓ**"॥(ਟੋਡੀ: ਨਾਮ:੧) ਤਥਾ:-"**ਕਹੁ ਕਬੀਰ ਗੂੰਗੇ ਗੁੜ ਖਾਇਆ ਪੂਛੇ ਤੇ ਕਿਆ ਕਹੀਐ॥**" (ਗਉ: ਕਬੀਰ-੫੧) ਸ੍ਵਾਂਤਿ ਬੂੰਦ ਦੇ ਸਿੱਖ ਵਾਂਗੂੰ ਟੁੱਭੀ ਮਾਰਕੇ ਆਪਣੇ ਆਪ ਵਿਖੇ ਅਨੰਦਿਤ ਰਹਿੰਦਾ ਹੈ)।

## ੧੪. (ਈਸ਼੍ਵਰ ਬੇਅੰਤ ਹੈ)।

੧. ਬ੍ਰਹਮੇ ਥਕੇ ਬੇਦ ਪੜਿ ਇੰਦ੍ਰ ਇੰਦ੍ਰਾਸਣ ਰਾਜ ਕਰੰਦੇ।
੨. ਮਹਾਂਦੇਵ ਅਵਧੂਤ ਹੋਇ ਦਸ ਅਵਤਾਰੀ ਬਿਸਨੁ ਭਵੰਦੇ।
੩. ਸਿਧ ਨਾਥੁ ਜੋਗੀਸਰਾ ਦੇਵੀ ਦੇਵ ਨ ਭੇਵ ਲਹੰਦੇ।
੪. ਤਪੇ ਤਪੀਸਰੁ ਤੀਰਥਾ ਜਤੀ ਸਤੀ ਦੇਹ ਦੁਖ ਸਹੰਦੇ।
੫. ਸੇਖ ਨਾਗ ਸਭ ਰਾਗ ਮਿਲਿ ਸਿਮਰਣੁ ਕਰਿ ਨਿਤਿ ਗੁਣ ਗਾਵੰਦੇ।
੬. ਵਡਭਾਗੀ ਗੁਰ ਸਿਖ ਜਗਿ ਸਬਦੁ ਸੁਰਤਿ ਸਤਸੰਗਿ ਮਿਲੰਦੇ।
੭. ਗੁਰਮੁਖਿ ਸੁਖ ਫਲੁ ਅਲਖੁ ਲਖੰਦੇ॥੧੪॥

**ਪਦਾਰਥ**-(ਇੰਦ੍ਰਾਸਣ=ਇੰਦ੍ਰ ਦਾ ਸਿੰਘਾਸਣ। ਅਵਧੂਤ=ਯੋਗੀਸ਼੍ਵਰ, ਤ੍ਯਾਗੀ। ਭੇਵ=ਭੇਤ। ਤਪੀਸਰੁ=ਤਪੀਆਂ ਦੇ ਈਸ਼ਰ, ਵੱਡੇ ਤਪੀ।)

**ਅਰਥ**-੧.(ਕਈ) ਬ੍ਰਹਮੇ ਵੇਦ ਪੜ੍ਹ ਪੜ੍ਹ ਕੇ ਇੰਦ੍ਰ ਇੰਦ੍ਰਾਸਣ ਪੁਰ ਰਾਜ ਕਰਦੇ ਥੱਕ ਗਏ। ੨.(ਕਈ) ਸ਼ਿਵ ਯੋਗੀਸ਼ਰ ਹੋਕੇ ਤੇ (ਕਈ) ਬਿਸ਼ਨ ਦਸਾਂ ਅਵਤਾਰਾਂ (ਦੇ ਰੂਪ ਵਿਚ)ਫਿਰਦੇ ਰਹੇ। ੩.(ਚੌਰਾਸੀ) ਸਿੱਧ (ਨੌਂ) ਨਾਥ, ਯੋਗੀ, ਦੇਵੀਆਂ, ਦੇਵ ਭੇਦ ਕਿਸੇ ਨਹੀਂ ਪਾਇਆ। ੪.ਤਪੀਸਰਾਂ ਨੇ ਤੀਰਥਾਂ ਤੇ ਤਪ ਕੀਤੇ, ਜਤੀ, ਸਤੀ, ਦੇਹ ਦੇ ਦੁਖ ਸਹਾਰਦੇ ਰਹੇ। ੫.ਸ਼ੇਸ਼ ਨਾਗ ਸਾਰੇ ਰਾਗ (ਰਾਗਣੀਆਂ) ਸਮੇਤ (ਪ੍ਰਭੂ ਦਾ) ਸਿਮਰਣ ਕਰਕੇ ਨਿਤ ਜਸ ਕਰਦੇ ਰਹੇ (ਪਰ ਅੰਤ ਕਿਸੇ ਨਾ ਪਾਇਆ। ਅੱਗੇ ਗੁਰੂ ਸਿੱਖਾਂ ਦਾ ਨਿਰੂਪਣ ਦੱਸਦੇ ਹਨ:-) ੬.ਗੁਰੂ ਦੇ ਸਿੱਖ ਜਗਤ ਵਿਖੇ ਵੱਡੇ ਭਾਗਾਂ ਵਾਲੇ (ਆਏ) ਹਨ, (ਜੇਹੜੇ) ਸ਼ਬਦ ਵਿਖੇ ਪ੍ਰੀਤ ਕਰਕੇ ਸਤਿਸੰਗ ਵਿਖੇ ਮਿਲਦੇ ਹਨ। ੭.(ਉਹ) ਗੁਰਮੁਖ (ਹੋਕੇ) ਸੁਖ ਫਲ ਪਾਕੇ ਅਲਖ (ਪਰਮਾਤਮਾਂ) ਨੂੰ ਲਖ ਲੈਂਦੇ ਹਨ।

**ਭਾਵ**-ਉਕਤ ਬ੍ਰਹਮੇ, ਇੰਦ੍ਰ, ਸ਼ੇਖ, ਜੋਗੀਸ਼੍ਵਰਾਂ ਨਾਲੋਂ ਗੁਰਸਿੱਖ ਤੇ ਗੁਰਮੁਖ ਹੀ ਵਡਭਾਗੀ ਹਨ ਜੋ ਅਲਖ ਨੂੰ ਲਖਦੇ ਹਨ।

## ੧੫. (ਨਿੰਮ੍ਰਤਾ ਦਾ ਗੁਣ)।

੧. ਸਿਰ ਤਲਵਾਇਆ ਪਬਖੁ ਹੈ ਹੁਇ ਸਹਸ ਫਲ ਸੁਫਲ ਫਲੰਦਾ।
੨. ਨਿਰਮਲੁ ਨੀਰੁ ਵਖਾਣੀਐ ਸਿਰੁ ਨੀਵਾਂ ਨੀਵਾਣਿ ਚਲੰਦਾ।
੩. ਸਿਰੁ ਉਚਾ ਨੀਵੇ ਚਰਣ ਗੁਰਮੁਖਿ ਪੈਰੀ ਸੀਸੁ ਪਵੰਦਾ।
੪. ਸਭਦੂ ਨੀਵੀ ਧਰਤਿ ਹੋਇ ਅਨੁ ਧਨੁ ਸਭੁ ਸੈ ਸਾਰੁ ਸਹੰਦਾ।
੫. ਧੰਨੁ ਧਰਤੀ ਓਹੁ ਥਾਉ ਧੰਨੁ ਗੁਰੁ ਸਿਖ ਸਾਧੂ ਪੈਰੁ ਧਰੰਦਾ।
੬. ਚਰਣ ਧੂੜਿ ਪਰਧਾਨ ਕਰਿ ਸੰਤ ਵੇਦ ਜਸੁ ਗਾਵਿ ਸੁਣੰਦਾ।
੭. ਵਡਭਾਗੀ ਪਾਖਾਕ ਲਹੰਦਾ॥੧੫॥

**ਪਦਾਰਥ**-(ਸਹਸ ਫਲ=ਹਜਾਰਾਂ ਫਲ। ਨੀਰੁ=ਜਲ। ਅਨੁ=ਅਨਾਜ।)

(ਧਰੰਦਾ=ਧਰਦੇ ਹਨ। ਚਰਣ ਧੂੜਿ=ਚਰਣਾਂ ਦੀ ਰੇਣੂ।

**ਅਰਥ**-੧.ਬ੍ਰਿਛ 'ਸਿਰ ਤਲਵਾਇਆ' (ਸਿਰ ਤਲੇ ਰਖਦਾ ਹੈ) ਹਜ਼ਾਰਾਂ ਸ੍ਰੇਸ਼ਟ ਫਲਾਂ ਨਾਲ ਫਲਦਾ ਹੈ (ਭਾਵ ਨਿੰਮ੍ਰਤਾ ਨੂੰ ਫਲ ਲਗਦਾ ਹੈ)। ੨.ਜਲ ਨਿਰਮਲ ਕਹੀਦਾ ਹੈ (ਕਿਉਂ ਜੋ) ਸਿਰ ਨੀਵਾਂ ਕਰਕੇ ਨੀਵਾਣਾਂ ਨੂੰ ਹੀ ਚਲਦਾ ਹੈ। ੩.ਸਿਰ ਉੱਚਾ ਹੈ, ਨੀਵੇਂ ਚਰਣ ਹਨ, ਗੁਰਮੁਖ ਪੈਰਾਂ ਪੁਰ ਹੀ ਸਿਰ ਝੁਕਾਉਂਦੇ ਹਨ। ੪.ਸਭਨਾਂ ਥੋਂ ਨੀਵੀਂ ਧਰਤੀ ਹੈ, ਅੰਨ ਧਨ ਕਰਕੇ ਸਭਨਾਂ ਦੀ ਸਾਰ ਕਰਦੀ ਹੈ। ੫.(ਇਸ ਲਈ) ਧੰਨ ਧਰਤੀ ਅਰ ਓਹ ਥਾਉਂ ਬੀ ਧੰਨ ਹੈ (ਜਿੱਥੇ) ਗੁਰੂ ਦੇ ਸਿਖ ਸਾਧ ਚਰਣ ਧਰਦੇ ਹਨ। ੬.ਉਨ੍ਹਾਂ ਦੇ ਚਰਣਾਂ ਦੀ ਧੂੜੀ ਦੀ ਪ੍ਰਧਾਨਤਾ ਨੂੰ ਸੰਤ ਤੇ ਧਰਮ ਪੁਸਤਕ ਜਸ ਗਾਕੇ ਸੁਣਾਉਂਦੇ ਹਨ। ੭.ਵਡਭਾਗੀ (ਹਨ ਓਹ ਲੋਕ ਜੋ) ਚਰਣ ਧੂੜੀ ਲੈਂਦੇ ਹਨ। ("**ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥ ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲੁ॥**" (ਸਿਰੀ: ਮ:੫: ਡੱਖ-੩) ਅਰਥਾਤ-ਹਰੀ ਦੀ ਕ੍ਰਿਪਾਲਤਾ ਕਰਕੇ ਹੀ ਸੰਤਾਂ ਦੀ ਧੂੜੀ ਦਾ ਸ਼ਨਾਨ=ਹਉਂ ਦਾ ਪੂਰਨ ਤਯਾਗ-ਪ੍ਰਾਪਤ ਹੁੰਦਾ ਹੈ, ਕਿਉਂ ਜੋ ਉਨ੍ਹਾਂ ਨੇ ਸਾਰੇ ਪਦਾਰਥ ਲੱਭ ਲੀਤੇ ਹਨ, ਜਿਨ੍ਹਾਂ ਪਾਸ ਹਰੀ ਦੇ ਨਾਮ ਦਾ ਧਨ ਅਰ ਮਾਲ ਜਮ੍ਹਾਂ ਹੈ)।

## ੧੬. (ਗੁਰੂ ਨਾਨਕ ਪੂਰਣ ਗੁਰੂ ਹੈ)।

੧. ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਠਾਟੁ ਬਣਾਇਆ।
੨. ਪੂਰੇ ਪੂਰਾ ਤੋਲੁ ਹੈ ਘਟੈ ਨ ਵਧੈ ਘਟਾਇ ਵਧਾਇਆ।
੩. ਪੂਰੇ ਪੂਰੀ ਮਤਿ ਹੈ ਹੋਰਸੁ ਪੁਛਿ ਨ ਮਤਾ ਪਕਾਇਆ।
੪. ਪੂਰੇ ਪੂਰਾ ਮੰਤੁ ਹੈ ਪੂਰਾ ਬਚਨੁ ਨ ਟਲੈ ਟਲਾਇਆ।
੫. ਸਭੇ ਇਛਾ ਪੂਰੀਆ ਸਾਧ ਸੰਗਤ ਮਿਲਿ ਪੂਰਾ ਪਾਇਆ।
੬. ਵੀਹ ਇਕੀਹ ਉਅਲੰਘਕੈ ਪਤਿ ਪਉੜੀ ਚੜਿ ਨਿਜ ਘਰਿ ਆਇਆ।
੭. ਪੂਰੇ ਪੂਰਾ ਹੋਇ ਸਮਾਇਆ ॥੧੬॥

**ਪਦਾਰਥ**-(ਠਾਟੁ=ਬਣਾਉ। ਘਟਾਇ ਵਧਾਇਆ=ਘਟਾਉਣ ਵਧਾਉਣ ਨਾਲ। ਮਤਾ=ਗੁਰਮਤਾ।

**ਅਰਥ**-੧.ਸਤਿਗੁਰ (ਗੁਰੂ ਨਾਨਕ) ਪੂਰਾ ਗੁਰੂ ਜਾਣੋਂ (ਕਿਉਂ ਜੋ) ਪੂਰੇ ਨੇ ਪੂਰਾ ਹੀ ਬਣਾਉ ਬਣਾ ਰਖਿਆ ਹੈ। ੨.ਪੂਰੇ (ਗੁਰੂ) ਦਾ ਤੋਲ (ਵਿਚਾਰ) ਪੂਰਾ ਹੈ ਘਟਾਇਆ (ਕਿਸੇਦਾ) ਘਟਦਾ ਤੇ ਵਧਾਇਅ ਹੋਇਆ ਵਧਦਾ ਨਹੀਂ। ੩.ਪੂਰੇ (ਗੁਰੂ) ਦੀ ('ਮਤਿ') ਸਿੱਖਯਾ ਪੂਰੀ ਹੈ। (ਇਸ ਲਈ ਉਸਨੇ) ਹੋਰ ਨੂੰ ਪੁੱਛਕੇ ਗੁਰਮਤਾ ਨਹੀਂ (ਕਦੇ) ਪਕਾਇਆ। ੩.ਪੂਰੇ ਦਾ ਮੰਤ੍ਰ ਪੂਰਾ, ਬਚਨ ਪੂਰਾ ਹੈ ਕਦੇ ਕਿਸੇ ਦਾ ਟਲਾਇਆ ਨਹੀਂ ਟਲਦਾ। ੫.(ਜਿਸਨੇ) ਸਾਧ ਸੰਗਤ ਨਾਲ ਮਿਲਕੇ ਪੂਰੇ ਗੁਰੂ ਨੂੰ ਲੱਭਿਆ ਹੈ (ਉਸ ਦੀਆਂ) ਸਾਰੀਆਂ ਇੱਛਾਂ ਪੂਰਨ ਹੁੰਦੀਆਂ ਹਨ। ੬.ਸੰਸਾਰਕ ਗਿਣਤੀਆਂ ਟੱਪਕੇ ਪਤਿ ਦੀ ਪਉੜੀ (ਚਉਥੀ ਭੂਮਕਾ) ਨੂੰ ਚੜ੍ਹਕੇ ਸਰੂਪ ਵਿਖੇ ਪਹੁੰਚ ਪਿਆ, (ਫਲ ਕੀ ਹੋਇਆ?) ੭.'ਪੂਰੇ' (ਪਰਮਾਤਮਾਂ ਵਿਖੇ) ਪੂਰਨ ਹੋਕੇ ਸਮਾ ਗਿਆ।

## ੧੭. (ਸਤਿਗੁਰ ਜਾਗਤਾ ਹੈ ਦੇਵ)।

੧. ਸਿਧ ਸਾਧਿਕ ਮਿਲਿ ਜਾਗਦੇ ਕਰਿ ਸਿਵਰਾਤੀ ਜਾਤੀ ਮੇਲਾ।
੨. ਮਹਾਦੇਉ ਅਉਧੂਤੁ ਹੈ ਕਵਲਾਸਣਿ ਆਸਣਿ ਰਸਕੇਲਾ।
੩. ਗੋਰਖੁ ਜੋਗੀ ਜਾਗਦਾ ਵੁਰਿ ਮਾਛਿੰਦ੍ਰ ਧਰੀ ਸੁ ਧਿਰੇਲਾ।
੪. ਸਤਿਗੁਰੁ ਜਾਗਿ ਜਗਾਇਦਾ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।

੫. ਨਿਜ ਘਰਿ ਤਾੜੀ ਲਾਈਅਨੁ ਅਨਹਦ ਸਬਦ ਪਿਰਮ ਰਸ ਖੇਲਾ।
੬. ਆਦਿ ਪੁਰਖ ਆਦੇਸ ਹੈ ਅਲਖ ਨਿਰੰਜਨ ਨੇਹੁ ਨ ਵੇਲਾ।
੭. ਚੇਲੇ ਤੇ ਗੁਰੁ ਗੁਰੁ ਤੇ ਚੇਲਾ ॥੧੭॥

**ਪਦਾਰਥ**-(ਸਾਧਿਕ=ਸਾਧਨਾ ਕਰਨ ਵਾਲੇ। ਜਾਤੀ=ਜਾਤ੍ਰੀ। ਅਉਧੂਤੁ=ਯੋਗੀ। (ਕਵਲਾਸਣਿ=ਬ੍ਰਹਮਾ। ਧਿਰੇਲਾ=ਧੜੇਲ। ਪਿਰਮਰਸ=ਪ੍ਰੇਮ ਰਸ।)

**ਅਰਥ**-੧.ਸਿੱਧ ਅਤੇ 'ਸਾਧਕ' (ਸਾਧਨਾ ਕਰਨ ਵਾਲੇ) ਇਕ ਸ਼ਿਵਰਾਤ੍ਰੀ ਨੂੰ ਜਾਤ੍ਰੀਆਂ ਨਾਲ ਮੇਲਾ ਕਰਕੇ (ਫੱਗਣ ਦੇ ਮਹੀਨੇ) ਜਾਗਾ ਕਰਦੇ ਹਨ। ੨.'ਮਹਾਦੇਵ' (ਸ਼ਿਵ ਯੋਗ ਵਿਖੇ) ਮਸਤ ਰਹਿੰਦਾ ਹੈ, (ਜਾਂ ਅਤੀਤ ਰਹਿੰਦਾ ਹੈ) ('ਕਵਲਾਸਣਿ') ਬ੍ਰਹਮਾ (ਕਵਲ ਦੇ) ਆਸਣ ਦਾ ਰਸ ਲੈ ਰਿਹਾ ਹੈ। ੩.ਗੋਰਖ ਜੋਗੀ ਜਾਗਦਾ ਹੈ, (ਜਿਸ ਦੇ) ਗੁਰੂ ਮਾਛਿੰਦ੍ਰ ਨਾਥ ਨੇ ਧੜੇਲ ਕਰ ਲੀਤੀ ਸੀ। (ਕਹਿੰਦੇ ਹਨ ਕਿ ਇਕ ਰਾਣੀ ਦਾ, ਜਿਸ ਪੁਰ ਮਾਛਿੰਦ੍ਰ ਆਸ਼ਕ ਸੀ, ਪਤੀ ਮ੍ਰਿਤ ਹੋ ਗਿਆ ਸੀ। ਹੁਣ ਮਾਛਿੰਦ੍ਰ ਨੇ ਦਾਉ ਤਾੜਕੇ ਮਾਛਿੰਦ੍ਰ ਪੁਣਾ ਕੀਤਾ ਕਿ ਰਾਜਾ ਦੇ ਦੇਹ ਵਿਖੇ ਪ੍ਰਵੇਸ਼ ਕਰਕੇ ਬਾਹਲਾ ਚਿਰ, ਜਿਥੋਂ ਤੀਕ ਚੇਲੇ ਨੇ ਇਹ ਆਖਕੇ ਭਈ 'ਜਾਗ ਮਛਿੰਦ੍ਰਾ ! ਗੋਰਖ ਆਏ' ਫੇਰ ਸਾਵਧਾਨ ਨਾ ਕੀਤਾ, ਖੂਬ ਰਾਣੀ ਨਾਲ ਆਨੰਦ ਲੁਟਿਆ, ਆਪਣੇ ਜੜੇ ਜੋਗ ਦਾ ਚੌਂਕਾ ਪਾ ਬੈਠਾ। ਹੁਣ ਚੌਥੀ ਤੁਕੋਂ ਲੈਕੇ ਪੌੜੀ ਦੇ ਅੰਤ ਤੀਕ ਸਤਿਗੁਰੂ ਦਾ ਬਿਰਤਾਂਤ ਦੱਸਦੇ ਹਨ) ੪.(ਗੁਰੂ ਨਾਨਕ) ਸਤਿਗੁਰੂ ਜੀ ਆਪ ਸਦਾ ਜਾਗਦੇ ਹਨ ਅਰ (ਹੋਰਨਾਂ ਨੂੰ ਭੀ) ਜਗਾਉਂਦੇ ਹਨ, ਅੰਮ੍ਰਿਤ ਵੇਲੇ ਸਾਧ ਸੰਗਤ ਵਿੱਚ ਮੇਲ ਕਰਦੇ ਹਨ। ੫.ਸਰੂਪ ਵਿਖੇ ਤਾੜੀ ਲਾਕੇ ਅਨਹਦ ਸ਼ਬਦ ਅਰ ਪ੍ਰੇਮ ਰਸ ਵਿਖੇ ਖੇਲ ਰਹੇ ਹਨ। ੬.ਅਕਾਲ ਪੁਰਖ ਨੂੰ ਮੇਰੀ ਨਮਸਕਾਰ ਹੈ, ਜੋ ਅਲੱਖ ਅਤੇ ਨਿਰੰਜਨ ਹੈ। ਉਸ ਦੇ ਪ੍ਰੇਮ ਦਾ ਵੇਲਾ ਕੋਈ ਨਹੀਂ (ਸਦਾ ਪ੍ਰੇਮ ਇਕ ਰਸ ਬਣਿਆ ਰਹਿੰਦਾ ਹੈ)। ੭.ਚੇਲੇ ਤੇ ਗੁਰੂ ਅਤੇ ਗੁਰੂ ਤੇ ਚੇਲਾ! (ਤਾਤਪਰਜ ਇਹ ਕਿ ਗੁਰੂ ਨਾਨਕ ਗੁਰ ਅੰਗਦ ਆਦਿ ਵਿਚ ਚੇਲੇ ਤੇ ਗੁਰੂ ਵਿਖੇ ਕੋਈ ਭਿੰਨ ਭੇਦ ਨਹੀਂ ਹੈ)।

## ੧੮. (ਸੱਚ ਸੱਚਾ ਹੈ, ਕੂੜ ਕੂੜਾ ਹੈ)।

੧. ਬ੍ਰਹਮਾ ਬਿਸਨੁ ਮਹੇਸੁ ਤ੍ਰੈ ਸੈਸਾਰੀ ਭੰਡਾਰੀ ਰਾਜੇ।
੨. ਚਾਰਿ ਵਰਨ ਘਰਬਾਰੀਆਂ ਜਾਤ ਪਾਤ ਮਾਇਆ ਮੁਹਤਾਜੇ।
੩. ਛਿਅ ਦਰਸਨ ਛਿਅ ਸਾਸਤ੍ਰਾ ਪਾਖੰਡ ਕਰਮ ਕਰਨਿ ਦੇਵਾਜੇ।
੪. ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਜੇ।
੫. ਦਹਦਿਸਿ ਬਾਰਹ ਵਾਟ ਹੋਇ ਪਰ ਘਰਿ ਮੰਗਨਿ ਖਾਜ ਅਖਾਜੇ।
੬. ਚਾਰਿ ਵਰਨ ਗੁਰੁਸਿਖ ਮਿਲਿ ਸਾਧ ਸੰਗਤਿ ਵਿਚਿ ਅਨਹਦ ਵਾਜੇ।
੭. ਗੁਰਮੁਖਿ ਵਰਨ ਅਵਰਨੁ ਹੋਇ ਦਰਸਨੁ ਨਾਉਂ ਪੰਥ ਸੁਖ ਸਾਜੇ।
੮. ਸਚੁ ਸਚਾ ਕੂੜਿ ਕੂੜੇ ਪਾਜੇ ॥੧੮॥

**ਪਦਾਰਥ**-(ਸੰਸਾਰੀ=ਸੰਸਾਰ ਸੰਬੰਧੀ। ਭੰਡਾਰੀ=ਪਾਲਕ। ਘਰ ਬਾਰੀਆਂ=ਘਰਾਂ ਵਾਲੇ। (ਮੁਹਤਾਜੇ=ਮੁਛੰਦਗੀ ਵਾਲੇ। ਦੇਵਾਜੇ=ਦੇਖਾਲਾ।)

**ਅਰਥ**-੧.ਬ੍ਰਹਮਾ, ਬਿਸ਼ਨ , ਸ਼ਿਵ ਤਿੰਨ ਦੇਵਤੇ, ਸੰਸਾਰੀ ਭੰਡਾਰੀ (ਤੇ ਘਾਤਕ) ਰਾਜੇ ਹਨ। ੨.ਚਾਰ ਵਰਣ (ਖੱਤ੍ਰੀ, ਬ੍ਰਾਹਮਣਾਦਿਕ) ਗ੍ਰਿਹਸਤੀ ਹੋਕੇ (ਕੋਈ) ਜਾਤਿ, (ਕੋਈ) ਪੰਗਤੀ, ਕੋਈ ਮਾਇਆ ਦੀ ਮੁਥਾਜਗੀ ਵਿਚ (ਗ੍ਰਸਤ ਹੋ ਰਿਹਾ ਹੈ)। ੩.(ਕੋਈ) ਛੀ ਦਰਸ਼ਨ ਛੀ ਸ਼ਾਸਤ੍ਰਾਂ ਵਿਖੇ ਲੱਗਕੇ ਪਖੰਡ ਦੇ ਕਰਮਾਂ ਦੇ ਦਾਵੇ ਬੰਨ੍ਹਦੇ ਹਨ। ੪.ਸੰਨਯਾਸੀਆਂ ਨੇ ਦਸ ਨਾਮ (ਗਿਰੀ, ਪੁਰੀ ਆਦਿਕ) ਧਰਾਏ ਕੇ

ਜੋਗੀਆਂ ਬਾਰਾਂ ਪੰਥ ਬਣਾਏ ਹਨ। ੫.(ਏਹ ਬਾਰਹ ਬਾਟ) ਬਿਪਤਾ ਗ੍ਰਸੇ ਹੋਕੇ (ਯਾ ਬਹੁਤੇ ਰਾਹਾਂ ਵਿਚ ਭਟਕਦੇ ਹੋਏ) ਦਸੋ ਦਿਸ਼ਾ ਵਿਚ ਰੁਲਦੇ ਹਨ, ਪਰਾਏ ਘਰੀਂ ਮੰਗਦੇ ਹਨ, ਤੇ ਧਾਨ ਕੁਧਾਨ ਖਾਂਦੇ ਹਨ (ਪੰਥੋਂ ਪਤਿਤ ਹੋ ਜਾਂਦੇ ਹਨ)। (ਹੁਣ ਗੁਰਸਿਖਾਂ ਦੀ ਸੌਖਤਾ ਛੀਵੀਂ ਤੁਕ ਤੋਂ ਅੱਠਵੀਂ ਤੀਕ ਦੱਸਦੇ ਹਨ)। ੬.ਚਾਰ ਵਰਣਾਂ ਦੇ ਗੁਰਸਿੱਖ (ਆਪੋ ਵਿਚ) ਮਿਲਕੇ ਸਾਧ ਸੰਗਤ ਵਿਖੇ ਅਨਾਹਦ (ਬਾਣੀ ਦਾ) ਉਚਾਰਨ ਕਰ ਰਹੇ ਹਨ। ੭.ਗੁਰਮੁਖ ਵਰਨ ਹੋਣ ਭਾਵੇਂ ਅਵਰਨ, ਉਨ੍ਹਾਂ ਦਾ ਦਰਸ਼ਨ (ਮਤ) ਨਾਮ ਹੈ (ਇਹੋ) ਰਸਤਾ ਸੁਖਦਾਈ ਹੈ (**"ਹਰਿ ਕੋ ਨਾਮੁ ਸਦਾ ਸੁਖਦਾਈ"**)(ਮਾਰੂ: ਮ:੯-੧) ੮.ਨਿਯਮ ਹੈ ਕਿ) ਸੱਚ ਸੱਚਾ ਹੈ ਤੇ ਕੂੜ ਦਾ ਪਾਜ ਕੂੜਾ ਹੀ ਹੈ।

**ਭਾਵ**-'ਨਾਮ' ਜਪਣ ਦਾ ਪ੍ਰੇਮਾ ਭਗਤੀ ਦਾ ਰਸਤਾ ਉੱਚਾ ਹੈ।

## ੧੯. (ਸਤਿਗੁਰ ਮਹਿੰਮਾਂ)।

੧. ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।
੨. ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।
੩. ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।
੪. ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।
੫. ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।
੬. ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।
੭. ਸਤਿਗੁਰੁ ਆਗੂ ਜਾਣੀਐ ਬਾਂਹ ਪਕੜਿ ਅੰਧਲੇ ਉਧਾਰੇ।
੮. ਮਾਣੁ ਨਿਮਾਣੇ ਸਦ ਬਲਿਹਾਰੇ ॥੧੯॥

**ਪਦਾਰਥ**-(ਗੁਣੀ ਨਿਧਾਨ=ਗੁਣਾਂ ਦਾ ਸਮੁੰਦ੍ਰ, ਅਸਾਧ=ਜੋ ਨਾ ਸਾਧੇ ਜਾਣ। (ਆਗੂ=ਰਹਿਨੁਮਾ, ਰਾਹ ਦੱਸਣ ਵਾਲਾ। ਅੰਧਲੇ=ਨੇਤ੍ਰਹੀਨ, ਅਗਯਾਨੀ।)

**ਅਰਥ**-੧.ਸਤਿਗੁਰੂ (ਨਾਨਕ) ਗੁਣਾਂ ਦਾ ਸਮੁੰਦ੍ਰ ਹੈ, ਅਵਗੁਣ ਹਾਰਿਆਂ ਪੁਰ ਉਪਕਾਰ ਕਰਕੇ ਬਖਸ਼ ਲੈਂਦਾ ਹੈ, ੨.ਸਤਿਗੁਰੂ ਪੂਰਾ ਵੈਦ ਹੈ, ਪੰਜੇ ਰੋਗ ਜੋ ਕਿਸੇ ਥੋਂ ਸਾਧੇ ਨਹੀਂ ਜਾ ਸਕਦੇ, (ਆਪਨੀ ਸ਼ਬਦ ਔਖਧੀ ਦੇਕੇ) ਨਿਵਾਰ ਦਿੰਦਾ ਹੈ। ੩.ਗੁਰਦੇਵ (ਗੁਰੂ ਅਰਜਨ) ਸੁਖਾਂ ਦਾ ਸਮੁੰਦ੍ਰ ਹੈ, ਦੁਖੀਆਂ ਨੂੰ ਸੁਖ ਦੇਕੇ(ਆਪਣੇ ਨਾਲ) ਮੇਲ ਲੈਂਦਾ ਹੈ। ੪.ਪੂਰੇ ਗੁਰੂ ਸਦਾ ਨਿਰਵੈਰ ਹਨ, ਨਿੰਦਕ, ਦੋਖੀ ਅਤੇ ਬੇਮੁਖਾਂ (ਨੂੰ ਬੀ ਸੰਸਾਰ ਸਮੁੰਦ੍ਰੋਂ) ਪਾਰ ਕਰਦੇ ਹਨ। ੫.ਪੂਰੇ ਗੁਰੂ (ਆਪ) ਸਦਾ ਨਿਰਭਉ (ਲੋਕਾਂ ਦੇ) ਜਨਮ ਮਰਣਾਦਿਕ ਜਮਾਂ ਦੇ ਡਰਾਂ ਨੂੰ ਉਤਾਰ ਦਿੰਦੇ ਹਨ। ੬.ਸਤਿਗੁਰੂ (ਗੁਰੂ ਨਾਨਕ) ਸੁਜਾਣ ਪੁਰਖ ਹਨ, ਵੱਡੇ ਮੂਰਖਾਂ ਤੇ ਅਜਾਣਾਂ ਨੂੰ ਤਾਰ ਦੇਂਦੇ ਹਨ। ੭.ਸਤਿਗੁਰੂ ('ਆਗੂ') ਰਾਹ ਦੱਸਕੇ ਅੰਨ੍ਹਿਆਂ (ਅਗਯਾਨੀਆਂ) ਦੀ (ਬੁਧੀ ਰੂਪੀ) ਬਾਂਹ ਫੜਕੇ ਉਧਾਰ ਕਰਦੇ ਹਨ। ੮.ਨਿਮਾਣਿਆਂ ਨੂੰ ਮਾਣ ਦੇਣ ਹਾਰੇ ਹਨ, (ਇਸ ਲਈ ਉਨ੍ਹਾਂ ਥੋਂ ਮੈਂ) ਸਦਾ ਬਲਿਹਾਰ ਹਾਂ। (ਯਥਾ-**"ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ"**)(ਆਸਾ: ਮ:੫:੧੦੩)

**ਭਾਵ**-ਕਰਮ ਕਾਂਡ ਤੇ ਗਯਾਨਾਂ ਪਰ ਭਰੋਸਾ ਕਰਨ ਨਾਲੋਂ ਸਤਿਗੁਰ ਦਾ ਪਿਆਰ ਭਰਿਆ ਪ੍ਰੇਮ ਮਾਰਗ ਸੱਚਾ ਰਸਤਾ ਹੈ।

## ੨੦. (ਸਤਿਗੁਰ)।

੧. ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ।
੨. ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ।
੩. ਸਤਿਗੁਰ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ।

੪. ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ।
੫. ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ।
੬. ਸਤਿਗੁਰੁ ਬੰਦੀ ਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ।
੭. ਗੁਰਮੁਖਿ ਮਨ ਅਪਤੀਜੁ ਪਤੀਣਾ॥੨੦॥

**ਪਦਾਰਥ**-(ਕੰਚਨ=ਸੋਨਾ। ਮਲੀਣਾ=ਮਲੀਣ ਰੂਹ। ਲਾਖੀਣਾ=ਅਮੋਲਕ।
(ਸੰਗਿ ਲੀਣਾ=ਸੰਗਤ ਵਿਚ ਮਿਲਾਕੇ। ਪਰਬੀਣਾ=ਚਤੁਰ।
(ਓਡੀਣਾ=ਓਦਾਸ। ਅਪਤੀਜੁ=ਜੋ ਨਾ ਪਤੀਜੇ।

**ਅਰਥ**- ੧.ਸਤਿਗੁਰੂ (ਨਾਨਕ) ਪਾਰਸ ਹਨ, ਆਪਣੇ ਸਪਰਸ਼ ਨਾਲ ਮਲੀਨ ਮਨੂਰ (ਰੂਪੀ ਮਨ ਨੂੰ) ਕੰਚਨ (ਵਤ ਸ਼ੁੱਧ ਤੇ ਬਹੁਮੁੱਲਾ) ਕਰ ਦਿੰਦੇ ਹਨ, ੨.ਸਤਿਗੁਰੂ ਬਾਵਨ ਚੰਦਨ ਰੂਪ ਹਨ, ਆਪਣੀ ਸ੍ਰੇਸ਼ਟ ਵਾਸ਼ਨਾ ਨਾਲ (ਬ੍ਰਿਛ ਨੂੰ) ਅਮੋਲਕ ਕਰ ਦਿੰਦੇ ਹਨ, (ਅਥਵਾ ਬਾਂਸ ਨੂੰ ਬੀ ਅਮੋਲਕ ਵਾਸ਼ਨਾ ਦਿੰਦੇ ਹਨ)। ੩.ਸਤਿਗੁਰੂ ਪੂਰਨ ਕਲਪ ਬ੍ਰਿਛ ਹਨ, ਸਿੰਮਲ ਦੇ ਬੂਟੇ ਨੂੰ (ਆਪਣੀ ਸੰਗਤ ਵਿਖੇ) ਲੀਨ ਕਰਕੇ ਸ੍ਰੇਸ਼ਟ ਫਲਾਂ ਵਾਲਾ ਕਰਦੇ ਹਨ। ੪.ਸਤਿਗੁਰੂ ਮਾਨਸਰੋਵਰ ਹੋਕੇ ਕਾਂਵਾਂ ਨੂੰ ਹੰਸ ਕਰਦੇ ਹਨ; (ਪਾਪੀਆਂ ਨੂੰ ਪ੍ਰੇਮ ਕਰਦੇ ਹਨ ਅਤੇ) ਜਲ (ਪੀਣੇ) ਨੂੰ ਦੁਧ ਪੀਣਾ ਕਰਦੇ ਹਨ (ਅਰਥਾਤ ਜਿਹੜਾ ਤੱਤ ਮਿੱਥਜਾ ਦਾ ਵਿਵੇਚਨ ਕਰਕੇ ਦੁਧ ਰੂਪ ਸਾਰ ਵਸਤੂ ਨੂੰ ਗ੍ਰਹਣ ਕਰ ਲਵੇ)। ੫.ਗੁਰ ਦਰੀਆਉ ਤੀਰਥ ਹਨ, ਪਸ਼ੂਆਂ ਪ੍ਰੇਤਾਂ ਨੂੰ ਚਤੁਰ ਕਰਦੇ ਹਨ। (ਭਾਵ, ਦਰਯਾ ਵਾਂਙ ਤੁਰਕੇ ਤੇ ਧੋ ਕੇ ਨਿਸਤਾਰਾ ਕਰਦੇ ਹਨ)। ੬.ਸਤਿਗੁਰੂ ਬੰਦੀ ਛੋੜ (ਜਨਮ ਮਰਣ ਦੀ ਫਾਹੀ ਕੱਟ ਦਿੰਦੇ) ਹਨ, ਉਦਾਸਾਂ ਨੂੰ ਜੀਵਨ ਮੁਕਤ ਕਰਦੇ ਹਨ। ੭.ਗੁਰਮੁਖਾਂ (ਵਿਖੇ ਜੋ ਮਿਲਦਾ ਹੈ ਉਸ ਦਾ) ਅਪਤੀਜ ਮਨ (ਜੋ ਕਿਧਰੇ ਪਤੀਜਦਾ ਨਹੀਂ ਸੀ) ਪਤੀਜਦਾ ਹੈ, (ਸ਼ਾਂਤਿ ਨੂੰ ਪ੍ਰਾਪਤ ਹੋ ਜਾਂਦਾ ਹੈ)।

**ਭਾਵ**-ਸਤਿਗੁਰ ਦਾ ਮਾਰਗ ਭਾਉ ਭਗਤੀ ਦੀ ਬੰਦੀ ਛੋੜ ਤੇ ਜੀਉਂਦੀ ਰੌਂ ਸਿਦਕ ਦੀ ਪੈਦਾ ਕਰਦਾ ਹੈ। ਗੁਰੂ ਨਾਨਕ ਦੇ ਰਾਜ ਘਰ ਦਾ ਵੇਰਵਾ ਅੱਗੇ ਦੱਸਦੇ ਹਨ।

## ੨੧. (ਗੁਰੂ ਨਾਨਕ ਦੇਵ)।

੧. ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ।
੨. ਬਾਬਰ ਕੇ ਬਾਬੇ ਮਿਲੇ ਨਿਵ ਨਿਵ ਸਭ ਨਬਾਬ ਨਿਵਾਇਆ।
੩. ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ।
੪. ਦੀਨ ਦੁਨੀਆ ਦਾ ਪਾਤਿਸ਼ਾਹੁ ਬੇਮੁਹਤਾਜੁ ਰਾਜੁ ਘਰਿ ਆਇਆ।
੫. ਕਾਦਰ ਹੋਇ ਕੁਦਰਤਿ ਕਰੇ ਏਹ ਭਿ ਕੁਦਰਤਿ ਸਾਂਗੁ ਬਣਾਇਆ।
੬. ਇਕਨਾ ਜੋੜ ਵਿਛੋੜਦਾ ਚਿਰੀ ਵਿਛੁਨੇ ਆਣਿ ਮਿਲਾਇਆ।
੭. ਸਾਧ ਸੰਗਤ ਵਿਚਿ ਅਲਖ ਲਖਾਇਆ॥੨੧॥

**ਪਦਾਰਥ**-(ਗੋਸਟਿ=ਚਰਚਾ। ਕੰਨ ਫੜਾਇਆ=ਤਾਬੇਕੀਤੇ। ਬਾਬਰ ਕੇ=ਚੌਗੱਤਿਆਂ ਦੇ।
(ਨਬਾਬ=ਨਵਾਬ। ਭੋਗ ਛਡਿ=ਭਾਵ ਸਾਧੂ ਬਣਕੇ
(ਰਾਜੁ=ਗਿਆਨ ਘਰਿ ਵਿਚ।

**ਅਰਥ**- ੧.ਚਰਚਾ ਕਰ ਕਰਕੇ (ਬਾਬਾ ਨਾਨਕ ਨੇ) ਸਿੱਧਾਂ, ਨਾਥਾਂ, ਆਦਿ ਅਵਤਾਰਾਂ ਦੇ ਕੰਨ ਫੜਾਏ (ਭਾਵ ਸਾਰੇ ਤਾਬੇ ਕੀਤੇ)। ੨.ਬਾਬੇ (ਨਾਨਕ) ਨੂੰ ਬਾਬਰ ਕੇ ਨਿਵ ਨਿਵ ਕੇ (ਅਤਿ ਨਿੰਮ੍ਰਤਾ ਨਾਲ) ਮਿਲੇ ਤੇ ਹੋਰ (ਕਈ) ਨਵਾਬ ਬੀ ਨਿਉਂਕੇ ਮਿਲੇ (ਭਾਵ ਮੁਸਲਮਾਨ ਹਾਕਮਾਂ ਨੇ ਬੀ ਤਾਬੇਦਾਰੀ ਮੰਨੀ)। ੩.(ਆਪ) ਪਾਤਸ਼ਾਹਾਂ ਦੇ ਮਿਲਣ ਥੋਂ ਵਿਛੜ ਗਏ, ਕਿਉਂ ਜੋ ਜੋਗ ਦੇ ਭੋਗ ਨੂੰ ਛੱਡ ਕੇ (ਕੇਵਲ

ਆਪਣਾ ਆਨੰਦ ਲੈਣ ਦੀ ਥਾਂ ਪਰਉਪਕਾਰ ਦੇਸ਼ਾਟਨ ਕਰ ਕੇ ਕਰਣ ਦਾ) ਚਲਿਤ ਰਚਾਇਆ (ਭਾਵ ਹੱਟੀ ਤੇ ਸਮਾਧੀ ਛੱਡਕੇ ਦੇਸ਼ ਉਧਾਰ ਦਾ ਜਤਨ ਕੀਤਾ)। ੪.ਦੀਨ ਦੁਨੀ ਦਾ ਪਾਤਸ਼ਾਹ ਬੇ ਪਰਵਾਹ ਹੋਕੇ (ਰਾਜ ਘਰ) ਗਿਆਨ ਘਰ ਵਿਖੇ ਆ ਗਿਆ (ਭਾਵ ਮੁਕਤੀ ਦੇ ਸਾਧਨ ਬਾਣੀ ਦਾ ਉਚਾਰ ਕੀਤਾ, ਰਾਜ ਘਰ ਸੰਸਾਰ ਨੂੰ ਬੀ ਕਹਿੰਦੇ ਹਨ)। ੫.ਕਰਤਾ ਹੋਕੇ ਜੋ 'ਕੁਦਰਤ' (ਰਚਨਾ) ਕਰਦਾ ਹੈ, ਇਹ ਬੀ ਉਸ ਦੀ ਰਚਨਾ ਦਾ ਹੀ ਸਾਂਗ ਹੈ (ਭਾਵ ਗੁਰੂ ਅਵਤਾਰ ਧਾਰਿਆ ਹੈ)। ੬.ਕਈਆਂ ਨੂੰ ਜੋੜ ਕੇ ਵਿਛੋੜ ਦਿੰਦਾ ਹੈ, ਕਈ ਚਿਰ ਦੇ ਵਿਛੁੜੇ ਮੇਲ ਦਿੰਦਾ ਹੈ (ਜਗਯਾਸੂਆਂ ਨੂੰ ਸਾਂਈਂ ਨਾਲ ਜੋੜਦਾ, ਪਾਪੀਆਂ ਨੂੰ ਵਿਸ਼ਿਆਂ ਤੋਂ ਵਿਛੋੜਦਾ, ਚਿਰਾਂ ਦੇ ਸਾਧਕਾਂ ਨੂੰ ਮੇਲਦਾ ਹੈ)। ੭.ਸਾਧ ਸੰਗਤ ਵਿਖੇ ਅਲਖ ਲਖੀਦਾ ਹੈ, (ਭਾਵ ਉਸ ਦਾ ਗਿਆਨ ਸਾਧ ਸੰਗਤ ਵਿਖੇ ਹੀ ਪ੍ਰਾਪਤ ਹੁੰਦਾ ਹੈ)।

**ਭਾਵ**-ਪਹਿਲੀ ਤੁਕ ਵਿਚ ਨਾਥਾਂ ਦਾ ਨਿਉਣਾ ਤੇ ਦੂਜੀ ਵਿਚ ਬਾਬਰ ਦਾ ਮਿਲਣਾ ਤੇ ਨਿਉਣਾ ਇਕ ਇਤਿਹਾਸਕ ਵਾਕਿਆ ਸਹੀ ਹੋ ਰਿਹਾ ਹੈ।

## ੨੨. (ਗੁਰੂ ਨਾਨਕ ਦੇਵ)।

੧. ਸਤਿਗੁਰੂ ਪੂਰਾ ਸਾਹੁ ਹੈ ਤ੍ਰਿਭਵਣ ਜਗੁ ਤਿਸਦਾ ਵਣਜਾਰਾ।
੨. ਰਤਨ ਪਦਾਰਥ ਬੇਸੁਮਾਰ ਭਾਉ ਭਗਤਿ ਲਖ ਭਰੇ ਭੰਡਾਰਾ।
੩. ਪਾਰਿਜਾਤ ਲਖ ਬਾਗ ਵਿਚਿ ਕਾਮਧੇਣੁ ਦੇ ਵਗ ਹਜਾਰਾ।
੪. ਲਖਮੀਆਂ ਲਖ ਗੋਲੀਆਂ ਪਾਰਸ ਦੇ ਪਰਬਤੁ ਅਪਾਰਾ।
੫. ਲਖ ਅੰਮ੍ਰਿਤ ਲਖ ਇੰਦ੍ਰ ਲੈ ਹੁਇ ਸੱਕੇ ਛਿੜਕਨਿ ਦਰਬਾਰਾ।
੬. ਸੂਰਜ ਚੰਦ ਚਰਾਗ ਲਖ ਰਿਧਿ ਸਿਧਿ ਬੋਹਲ ਅੰਬਾਰਾ।
੭. ਸਭੇ ਵੰਡਿ ਵੰਡਿ ਦਿਤਿਓਨੁ ਭਾਉ ਭਗਤਿ ਕਰਿ ਸਚੁ ਪਿਆਰਾ।
੮. ਭਗਤਿ ਵਛਲੁ ਸਤਿਗੁਰੁ ਨਿਰੰਕਾਰਾ॥੨੨॥

**ਪਦਾਰਥ**-(ਪੂਰਾ ਸਾਹ-ਚੱਕ੍ਰਵਰਤੀ ਪਾਤਸ਼ਾਹ। ਵਣਜਾਰਾ=ਵਪਾਰੀ।
(ਪਾਰਿਜਾਤ=ਕਲਪ ਬ੍ਰਿਛ। ਵੱਗ=ਗਊਆਂ ਦੇ ਝੁੰਡ। ਗੋਲੀਆਂ=ਟਹਿਲਣਾਂ।
(ਸੱਕੇ=ਮਾਸ਼ਕੀ। ਬੋਹਲ=ਖਲਵਾੜੇ।

**ਅਰਥ**-੧.ਸਤਿਗੁਰੂ (ਨਾਨਕ) ਚੱਕ੍ਰਵਰਤੀ ਪਾਤਸ਼ਾਹ ਹੈ, ਤਿੱਨ ਭਵਣਾਂ ਦਾ ਜਗਤ ਉਸ ਦਾ ਵਾਪਾਰੀ ਹੈ। ੨.(ਪਾਤਸ਼ਾਹਾਂ ਦੇ ਘਰ) ਰਤਨ ਪਦਾਰਥ ਬੇਸ਼ੁਮਾਰ ਹੁੰਦੇ ਹਨ (ਆਪ ਦੇ ਘਰ ਵਿਖੇ ਰਤਨ ਪਦਾਰਥ ਰੂਪ) ਪ੍ਰੇਮਾ ਭਗਤੀ ਦੇ ਭੰਡਾਰੇ ਲਖਾਂ ਭਰੇ ਹੋਏ ਹਨ। ੩.(ਆਪ ਦੇ) ਬਾਗ ਵਿਖੈ ਲਖਾਂ ਕਲਪ ਬ੍ਰਿੱਛ ਹਨ ਤੇ ਕਾਮਧੇਨ ਗਊਆਂ ਦੇ ਹਜ਼ਾਰਾਂ ਵੱਗ (ਪਏ ਚਰਦੇ) ਹਨ। (**''ਪਾਰਜਾਤ ਇਹ ਹਰਿ ਕੋ ਨਾਮ॥ਕਾਮਧੇਨ ਹਰਿ ਹਰਿ ਗੁਣ ਗਾਮ॥''**)। (ਸੁਖਮਨੀ) ੪.ਲਖਮੀਆਂ ਲੱਖਾਂ ਹੀ ਟਹਿਲਣਾਂ ਹਨ (ਇਕ ਦੀ ਕੀ ਗਿਣਤੀ ਹੈ) ਪਾਰਸ ਦੇ ਅਪਾਰ ਪਹਾੜ ਹਨ। ੫.ਲੱਖਾਂ ਇੰਦ੍ਰ, ਲੱਖਾਂ ਅੰਮ੍ਰਿਤ (ਹੱਥ ਵਿਚ) ਲੈ ਕੇ ਮਾਸ਼ਕੀ ਹੋਕੇ (ਗੁਰੂ) ਦਰਬਾਰ ਵਿਖੇ ਛਿੜਕਾਉ ਕਰਦੇ ਹਨ। ੬.ਸੂਰਜ ਚੰਦ (ਵਾਂਗੂੰ) ਲਖਾਂ ਚਰਾਗ (ਦੀਵੇ ਚਮਕਦੇ) ਰਿੱਧਾਂ ਸਿੱਧਾਂ ਨਿੱਧਾਂ ਦੇ ਖਲਵਾੜੇ ਭਰੇ ਹੋਏ ਹਨ। ੭.(ਕੀ ਗੁਰੂ ਆਪ ਰਖਦੇ ਹਨ ? ਨਹੀਂ; ਜਿਨ੍ਹਾਂ) ਪ੍ਰੇਮਾ ਭਗਤੀ ਨਾਲ ਸੱਚਾ ਪਿਆਰ ਕੀਤਾ ਹੈ ਸਭ (ਦਾਤਾਂ) ਉਨ੍ਹਾਂ ਨੂੰ ਵੰਡ ਵੰਡ ਕੇ ਦਿੱਤੀਆਂ ਹਨ। ੮.ਨਿਰੰਕਾਰੀ ਸਤਿਗੁਰੂ (ਗੁਰੂ ਨਾਨਕ) ਭਗਤਾਂ ਦੇ ਪਜਾਰੇ ਹਨ।

## ੨੩. (ਚੌਦਾਂ ਰਤਨ)।

੧. ਖੀਰ ਸਮੁੰਦੁ ਵਿਰੋਲਿਕੈ ਕਢਿ ਰਤਨ ਚਓਦਹ ਵੰਡਿ ਲੀਤੇ।
੨. ਮਣਿ[1] ਲਖਮੀ[2] ਪਾਰਜਾਤ[3] ਸੰਖੁ[4] ਸਾਰੰਗ[5] ਧਣਖੁ ਬਿਸਨੁ ਵਸਿ ਕੀਤੇ।
੩. ਕਾਮਧੇਣੁ[1] ਤੇ ਅਪਛਰਾਂ[2] ਐਰਾਪਤਿ[3] ਇੰਦ੍ਰਾਸਣਿ ਸੀਤੇ।
੪. ਕਾਲਕੂਟ[1] ਤੇ ਅਰਧ ਚੰਦੁ[2] ਮਹਾਂ ਦੇਵ ਮਸਤਕਿ ਧਰਿ ਪ੍ਰੀਤੇ।
੫. ਘੋੜਾ[1] ਮਿਲਿਆ ਸੂਰਜੈ, ਮਦੁ[2] ਅੰਮ੍ਰਿਤ[3] ਦੇਵ ਦਾਨਵ ਰੀਤੇ।
੬. ਕਰੇ ਧਨੰਤਰੁ[1] ਵੇਦਗੀ ਡਸਿਆ ਤੱਛਕਿ ਮਤਿ ਬਿਪਰੀਤੇ।
੭. ਕਰੇ ਉਪਦੇਸੁ ਅਮੋਲਕਾ ਰਤਨ ਪਦਾਰਥ ਨਿਧਿ ਅਗਣੀਤੇ।
੮. ਸਤਿਗੁਰ ਸਿਖਾ ਸਚੁ ਪਰੀਤੇ॥੨੩॥

**ਪਦਾਰਥ**-(ਵਿਰੋਲਿਕੈ=ਰਿੜਕ ਕੇ। ਸੀਤੇ=(ਇੰਦ੍ਰ ਦੇ ਨਾਉਂ) ਲੱਗੇ।
(ਕਾਲਕੂਟ=ਵਿਖ। ਅਰਧ ਚੰਦੁ=ਦੂਜ ਦਾ ਚੰਦ। ਪ੍ਰੀਤੇ=ਪ੍ਰੀਤਿ ਨਾਲ।
(ਰੀਤੇ=ਮਰਿਯਾਦਾ। ਅਗਣੀਤੇ=ਅਣਗਿਣਤੇ। ਪਰੀਤੇ=ਪ੍ਰੀਤਿ।

**ਅਰਥ**-੧.ਖੀਰ ਸਮੁੰਦ੍ਰ ਨੂੰ ਰਿੜਕ ਕੇ (ਦੇਵ ਦਾਨਵਾਂ ਨੇ) ਚੌਦਾਂ ਰਤਨ ਕੱਢ ਕੇ (ਆਪੋ ਵਿਚ) ਵੰਡ ਲੀਤੇ। (ਵੇਰਵਾ ਇਹ ਹੈ:-) ੨.(ਕੌਸਤਭ ਨਾਮੇ) [1]ਮਣੀ, [2]ਲਖਮੀ, [3]ਕਲਪ ਬ੍ਰਿਛ, (ਗਾਂਡੀਵਨਾਮਾ) [4]ਸੰਖ, [5]ਸਾਰੰਗ(ਧਨੁਖ) (ਏਹ ਪੰਜ ਰਤਨ) ਵਿਸ਼ਨੂੰ ਨੇ(ਆਪਣੇ)ਕਾਬੂ ਵਿਖੇ ਰੱਖੇ। ੩.[1]ਕਾਮਧੇਨੁ (ਗਊ), [2](ਰੰਭਾ ਨਾਮੇ) ਅਪੱਛਰਾਂ, [3]ਐਰਾਵਤ (ਹਾਥੀ) (ਤਿੰਨੇ) ਇਦ੍ਰਾਸਣ (ਦੇ ਨਾਉਂ) ਨਾਲ ਸੀਤੇ ਗਏ, (ਭਾਵ ਇੰਦ੍ਰ ਦੇ ਨਾਉਂ ਲਗੇ)। ੪.[1]ਕਾਲਕੂਟ ਤੇ [2]ਦੂਤੀਆ ਦਾ ਚੰਦ੍ਰਮਾ, (ਇਹ ਦੋ) ਸ਼ਿਵ ਨੇ ਪ੍ਰੀਤ ਨਾਲ ਨਾਲ ਰਖੇ (ਭਾਵ ਕਾਲਕੂਟ ਕੰਠ ਵਿਖੇ ਤੇ ਚੰਦ) ਮੱਥੇ ਧਾਰਨ (ਕੀਤਾ)। ੫.[1](ਉਚੀਸ਼੍ਰਵਾ ਨਾਮੇ) ਘੋੜਾ ਸੂਰਜ ਨੂੰ ਮਿਲਿਆ, [2]ਸ਼ਰਾਬ ਤੇ [3]ਅੰਮ੍ਰਿਤ ਦੀ ਮਰਯਾਦਾ (ਅਰਥਾਤ ਸ਼ਰਾਬ) ਦੈਤਾਂ (ਲਈ ਤੇ ਅੰਮ੍ਰਿਤ) ਦੇਵਤਿਆਂ ਲਈ (ਮੋਹਣੀ ਅਵਤਾਰ ਨੇ ਕੀਤੀ)। ੬.[1]ਧਨੰਤਰ ਨਾਮੇ ਵੈਦ ਹਕੀਮੀ ਕਰਦਾ ਹੈ (ਪਰੰਤੂ ਜਦ ਪ੍ਰੀਖਤ ਨੂੰ) ਤੱਛਕ (ਨਾਮੇ ਨਾਗ ਨੇ) ਡੰਗ ਮਾਰਿਆ ਤਾਂ ਮੱਤ ਮਾਰੀ ਗਈ (ਕਿਉਂ ਜੋ ਤੱਛਕ ਪਾਸੋਂ ਧਨ ਲੈਕੇ ਇਲਾਜ ਛਡਦਾ ਹੀ ਘਰ ਨੂੰ ਮੁੜ ਗਿਆ), (ਸੱਤਵੀਂ ਤੇ ਅੱਠਵੀਂ ਤੁਕ ਵਿਖੇ ਪਉੜੀ ਦਾ ਸਿੱਟਾ ਦੱਸਦੇ ਹਨ)। ੭.ਗੁਰੂ (ਰੂਪ ਖੀਰ) ਸਮੁੰਦਰ (ਵਿਖੇ) ਉਪਦੇਸ਼ ਰੂਪੀ ਬੇਸ਼ੁਮਾਰ ਤੇ ਅਮੋਲਕ ਰਤਨ ਪਦਾਰਥ ਹਨ। ੮.(ਇਸੇ ਕਰਕੇ) ਸਤਿਗੁਰੂ (ਗੁਰੂ ਨਾਨਕ) ਨਾਲ ਸਿੱਖਾਂ ਦੀ ਸੱਚੀ ਪ੍ਰੀਤ ਹੈ।

**ਭਾਵ**-ਹੋਰ ਕਿਸੇ ਰਤਨਾਦਿਕ ਝੂਠੇ ਪਦਾਰਥਾਂ ਦੀ ਇੱਛਾ ਨਹੀਂ ਰੱਖਦੇ, ਸੱਚੇ ਨਾਮ ਦੇ ਵਪਾਰੀ ਹਨ ਤੇ ਸ਼ਬਦ ਸਮੁੰਦਰ ਵਿਚੋਂ ਸੱਚੇ ਰਤਨ ਦਿੰਦੇ ਹਨ।

## ੨੪. (ਸਿੱਖ ਪ੍ਰਸ਼ਨ)।

੧. ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
੨. ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
੩. ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
੪. ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
੫. ਬਾਣੀ ਕਰਿ ਸੁਣਿ ਗਾਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
੬. ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
੭. ਸਚੁ ਨ ਲੁਕੈ ਲਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।

੮. ਅਜਰੁ ਜਰੇ ਨ ਆਪੁ ਜਣਾਇਆ ॥੨੪॥

**ਪਦਾਰਥ**-(ਬਹੀਦਾ=ਬੈਠਦੇ ਸਨ। ਗੜਿ=ਕਿਲਾ। ਉਮਤਿ=ਸੰਗਤ। (ਸੰਤੋਖਦਾ=ਤਸੱਲੀ ਦੇਂਦਾ ਭਾਵ ਉਪਦੇਸ਼ਦਾ। ਆਗੂ=ਸ਼ਿਰੋਮਣੀ।)

**ਅਰਥ**-(ਇਸ ਪਉੜੀ ਵਿਚ ਓਹ ਉਲ੍ਹਾਮੇ ਹਨ ਜੋ ਲੋਕੀਂ ਗੁਰੂ ਹਰਿਗੋਬਿੰਦ ਜੀ ਦਾ ਬੀਰ ਰਸੀ ਜੀਵਨ ਦੇਖਕੇ ਦੇਣ ਲਗ ਪਏ ਸਨ, ਅਖੀਰਲੀਆਂ ਤੁਕਾਂ ਵਿਚ ਤੇ ਅਗਲੀਆਂ ਪਉੜੀਆਂ ਵਿਚ ਭਾਈ ਜੀ ਇਨ੍ਹਾਂ ਇਤਰਾਜ਼ਾਂ ਦਾ ਕਾਰਨ ਦੱਸਣਗੇ। ਲੋਕੀਂ ਕਹਿੰਦੇ ਹਨ ਕਿ :-

੧.(ਗੁਰੂ ਦਾ ਨੇਮ ਹੁੰਦਾ ਸੀ ਕਿ) ਧਰਮਸਾਲ ਵਿਚ (ਟਿਕ) ਕੇ ਬੈਠਦੇ ਸਨ, (ਇਹ) ਗੁਰੂ (ਹਰਿ ਗੋਬਿੰਦ) ਇਕ ਥਾਵੇਂ ਟਿਕਾਯਾ ਨਹੀਂ ਟਿਕਦਾ। ੨.(ਅਗਲਿਆਂ ਗੁਰੂ ਸਾਹਿਬਾਂ ਦੇ) ਘਰ ਪਾਤਸ਼ਾਹ ਆਉਂਦੇ ਸਨ; ਇਹ ਪਾਤਸ਼ਾਹ ਦਾ ਚੜ੍ਹਾਇਆ ਕਿਲ੍ਹੇ ਚੜ੍ਹਿਆ ਹੈ (ਭਾਵ ਬੰਦੀ ਵਿਚ ਪਿਆ ਹੈ।)। ੩.(ਅਗੇ) ਸਿੰਖੀ ਮਹਿਲ (ਪ੍ਰਾਪਤ ਕਰਦੀ ਸੀ, ਪਰ ਹੁਣ ਮਹਿਲ) ਨਹੀਂ ਪਾਉਂਦੀ, (ਕਿਉਂਕਿ ਇਹ) ਨੱਠਾ ਫਿਰਦਾ ਹੈ (ਅਤੇ ਕਿਸੇ ਦਾ) ਡਰਾਇਆ ਡਰਦਾ ਨਹੀਂ। ੪.(ਅਗਲੇ ਸਤਿਗੁਰੁ ਜੀ) ਮੰਜੀ ਬੈਠਕੇ (ਜਗਤ ਨੂੰ) ਤਸੱਲੀ ਦਾਨ ਦਿੰਦੇ ਸਨ, (ਇਸ ਨੇ) ਕੁੱਤੇ ਰਖੇ ਹਨ ਤੇ ਸ਼ਿਕਾਰ ਖੇਲਦਾ ਹੈ। ੫.(ਅਗਲੇ ਸਤਿਗੁਰੁ ਜੀ) ਬਾਣੀ ਰਚਦੇ, ਗਾਉਂਦੇ ਤੇ ਸੁਣਦੇ ਸਨ, (ਇਹ) ਨਾ (ਬਾਣੀ) ਕਥਦਾ ਹੈ ਨਾ ਸੁਣਦਾ ਹੈ ਨਾ ਗਾਉਂਦਾ ਹੈ। ੬.(ਅਗਲੇ) ਸੇਵਕਾਂ ਨੂੰ ਪਾਸ (ਰਖਦੇ ਸਨ, ਇਹ ਸੇਵਕ ਪਾਸ) ਨਹੀਂ ਰਖਦੇ, ਦੋਖੀਆਂ ਦੁਸ਼ਟਾਂ ਨੂੰ ਆਗੂ ਕਰਕੇ ਮੂੰਹ ਲਾਉਂਦੇ (ਮਾਨ ਦੇਂਦੇ) ਹਨ ੭.(ਪਰ ਭਾਈ ਸਾਹਿਬ ਜੀ ਕਹਿਦੇ ਹਨ ਇਸ ਤਬਦੀਲੀ ਨਾਲ)ਸਚ ਲੁਕਾਇਆ ਨਹੀਂ ਲੁਕਦਾ, ਸਿਖ ਭਵਰੇ ਵਾਂਙੂ ਹਨ (ਓਹ ਸਿਆਣਦੇ ਹਨ ਤੇ ਭਵਰੇ ਵਾਂਙੂ) ਚਰਨਾਂ ਕੰਵਲਾਂ ਤੇ ਲੁਭਿਤ ਹਨ। ੮.(ਕਿਉਂਕਿ ਉਹ ਜਾਣਦੇ ਹਨ ਕਿ ਗੁਰੂ) ਅਜਰ ਨੂੰ ਜਰ ਰਿਹਾ ਹੈ ਤੇ ਆਪਾ ਨਹੀਂ ਜਣਾਉਂਦਾ। (ਅਥਵਾ ਪੱਕੇ) ਸਿਖ ਅਜਰ ਨੂੰ ਜਰਦੇ ਹਨ ਤੇ ਵਿਰਥਾ ਨੁਕਤਾਚੀਨੀਆਂ ਕਰਕੇ ਆਪਾਂ ਨਹੀਂ ਜਣਾਉਂਦੇ।

ਸੂਚਨਾ-ਇਸ ਪਉੜੀ ਦੇ ਦੋ ਹੋਰ ਤਰ੍ਹਾਂ ਬੀ ਅਰਥ ਲਾਉਣ ਦੇ ਜਤਨ ਹੁੰਦੇ ਹਨ।

੧.(ਪ੍ਰਸ਼ਨ)-(ਇਸ ਮਨ ਨੂੰ ਟਿਕਾਉਣ ਲਈ) ਧਰਮਸਾਲ ਵਿਚ (ਇਕਾਗਰ) ਕਰਕੇ ਬੈਠੀਦਾ ਹੈ, ਪਰ ਇਹ ਇਕ ਥਾਂ ਟਿਕ ਕੇ ਨਹੀਂ ਟਿਕਦਾ। ੨.(ਸੰਕਲਪਾਂ ਵਿਕਲਪਾਂ ਦੇ) ਪਾਤਸ਼ਾਹ ਘਰ ਆਉਂਦੇ ਹਨ, (ਰਜੋਗੁਣਾ ਦੇ) ਕਿਲ੍ਹੇ ਤੇ ਚੜ੍ਹਕੇ (ਸੰਕਲਪਾਂ ਦੇ) ਪਾਤਸ਼ਾਹ ਚੜ੍ਹਾ ਕੇ ਘਰ ਆਉਂਦੇ ਹਨ। ੩.(ਇੰਦ੍ਰੀਆਂ ਰੂਪੀ) ਉਮਤ ਬੀ ਫੇਰ ਮੁਤਾਣੀ ਹੋ ਜਾਂਦੀ ਹੈ, ਨਸਦਾ ਫਿਰਦਾ ਹੈ, ਅਰ ਕਿਸੇ ਦਾ ਭੈ ਨਹੀਂ ਮੰਨਦਾ। ੪.(ਆਪਣੇ ਆਪੇ ਨੂੰ ਤਸੱਲੀ ਦੇਣ ਰੂਪੀ) ਮੰਜੀ ਤੇ ਬੈਠਕੇ ਤਸੱਲੀ ਦੇ ਲੈਂਦਾ ਹੇ (ਤੇ ਉਂਜ ਵਿਸ਼ੇ ਵਾਸ਼ਨਾ ਦੇ) ਕੁੱਤੇ ਛੱਡ ਕੇ (ਭੋਗਾਂ ਦੇ) ਸ਼ਿਕਾਰ ਖੇਡਦਾ ਹੈ। ੫.(ਧਰਮਸਾਲ ਵਿਚ ਪੜ੍ਹੀਂਦੀ) ਬਾਣੀ ਸੁਣਦਾ ਤੇ ਆਪ ਭੀ ਗਾਉਂਦਾ ਹੈ, (ਪਰ ਅੰਦਰੋਂ ਨਾ) ਕਥਦਾ, ਨਾ ਸੁਣਦਾ, ਨਾ ਗਾਉਂਦਾ ਹੈ। ੬.(ਉੱਤਰ-ਮਨ ਤਾਂ ਸੂਤ ਹੁੰਦਾ ਹੈ, ਜੇ) ਦੋਖੀ ਸੇਵਕ ਪਾਸ ਨਾ ਹੋਣ (ਸੰਗੀ ਚੰਗੇ ਹੋਣ) ਤੇ ਦੁਸ਼ਟ ਆਗੂਆਂ ਦੇ ਮੂੰਹ ਨਾ ਲਗੇ। ੭.(ਫੇਰ) ਸਚ ਲੁਕਾਇਆ ਨਾ ਲੁਕੇਗਾ, ਸਿਖ ਭਵਰ ਦੀ ਤਰ੍ਹਾਂ ਚਰਨਾਂ ਕਵਲਾਂ ਦਾ ਲੋਭੀ ਹੋ ਜਾਏਗਾ। ੮.ਅਜਰ (ਕਾਮਾਦਿਕਾਂ ਨੂੰ) ਜਰੇ ਤੇ ਆਪਾ ਨਾ ਜਣਾਵੇ।

(ਬਾਜ਼ੇ ਗਜਾਨੀ ਏਹ ਅਰਥ ਬੀ ਕਰਦੇ ਹਨ:-) ੧.(ਬਾਬਰ ਦੀ ਕੁਲ ਦੇ ਪਾਤਸ਼ਾਹ) ਇਕ ਥਾਉਂ ਨਹੀਂ ਟਿਕਦੇ, ਗੁਰੂ ਧਰਮਸਾਲ ਵਿਖੇ ਟਿਕਕੇ ਬੈਠਦੇ ਹਨ। ੨.(ਗੁਰੂ ਦੇ ਘਰ) ਪਾਤਸ਼ਾਹ ਆਂਵਦੇ ਹਨ, ਓਹ ਪਾਤਸ਼ਾਹ ਝਗੜਿਆਂ ਵਿਖੇ ਭਰਮਦੇ ਹਨ। ੩.(ਬਾਬਰ ਦੀ) ਉਮਤ ਸਰੂਪ ਨੂੰ ਪ੍ਰਾਪਤ ਨਹੀਂ ਹੁੰਦੀ, (ਆਪ ਵਾਹਿਗੁਰੂ ਤੋਂ) ਨਿਰਭੈ ਭੰਨਾ ਫਿਰਦਾ ਹੈ। ੪.(ਗੁਰੂ ਜੀ) ਮੰਜੀ ਬੈਠ ਕੇ

(ਉਮਤ ਨੂੰ) ਸੰਤੋਖਦੇ ਸ਼ਾਂਤੀ ਦੇਂਦੇ ਹਨ, (ਬਾਬਰ) ਕੁੱਤੇ ਰੱਖਕੇ ਸ਼ਿਕਾਰ ਕਰਦਾ ਹੈ। ੫.ਗੁਰੂ ਜੀ ਬਾਣੀ ਰਚਦੇ ਗਾਉਂਦੇ ਤੇ ਸੁਣਦੇ ਹਨ, (ਬਾਬਾਰ ਹਰਿ ਜੱਸ) ਨਾ ਕੱਥਦਾ ਹੈ, ਨਾ ਗਾਉਂਦਾ ਹੈ, ਨਾ ਸੁਣਦਾ ਹੈ। ੬.(ਬਾਬਰ) ਪਾਸ ਸੇਵਕ ਨਹੀਂ ਹਨ, (ਗੁਰੂ ਪਾਸ ਸੇਵਕ ਹਨ) ਬਾਬਰ ਨੇ ਦੋਖੀ ਦੁਸ਼ਟ ਆਗੂ ਕਰਕੇ ਮੂੰਹ ਲਾਏ ਹਨ। ੭.ਸਚ ਲੁਕਾਇਆ ਲੁਕ ਨਹੀਂ ਸਕਦਾ, ਸਿਖ ਭਵਰ ਦੀ ਤਰ੍ਹਾਂ (ਗੁਰੂ ਜੀ ਦੇ) ਚਰਨ ਕਮਲਾਂ ਨੂੰ ਪਜਾਰ ਕਰਦੇ ਹਨ। ੮.(ਇਸ ਵਾਸਤੇ ਗੁਰੂ ਸੱਚਾ ਪਾਤਸ਼ਾਹ ਹੈ, ਜਿਸ ਨੂੰ ਸਿਖ ਪ੍ਰੇਮ ਕਰਦੇ ਹਨ, ਗੁਰੂ ਜੀ) ਅਜਰ ਨੂੰ ਜਰਦੇ ਹਨ ਤੇ ਆਪਾ ਨਹੀਂ ਜਣਾਉਂਦੇ।

**ਭਾਵ**-ਇਸ ਪੌੜੀ ਵਿਚ ਲੋਕਾਂ ਦੇ ਇਤਰਾਜ਼ ਦੱਸਕੇ ਅੱਗੇ ਭਾਈ ਸਾਹਿਬ ਜੀ ਇਸ ਦਾ ਸਮਾਧਾਨ ਕਰਦੇ ਜਾਣਗੇ। ੨੫ ਵੀਂ ਪੌੜੀ ਵਿਚ ਦਸਣਗੇ ਕਿ ਇਸ ਦਾ ਭਾਵ ਇਹ ਹੈ ਕਿ ਸੰਗਤ ਪੰਜਾਂ ਸਤਿਗੁਰਾਂ ਨੇ ਰਚ ਦਿੱਤੀ ਹੈ। ਪਰ ਜਦ ਦੁਸ਼ਟਾਂ ਨੇ ਸੰਗਤ ਦੇ ਆਗੂ ਸ੍ਰੀ ਗੁਰੂ ਅਰਜਨ ਦੇਵ ਪਰ ਅਤੀ ਅੱਤਯਾਚਾਰ ਕਰ ਦਿੱਤਾ ਹੈ ਤਦ ਸੰਗਤ ਕੀਕੂੰ ਬਚ ਸਕਦੀ ਹੈ। ਜਿਵੇਂ ਸਤਿਗੁਰ ਤਾਂ ਪੂਰਨ ਹੋਣ ਕਰਕੇ ਤਸੀਹੇ ਝੱਲਕੇ ਜਾਨ ਪੁਰ ਖੇਲ ਗਏ, ਸਾਰੀ ਸੰਗਤ ਐਸੀ ਨਿਪੁੰਨ ਨਹੀਂ ਹੋ ਸਕਦੀ। ਇਸ ਲਈ ਸੰਗਤ ਰੂਪੀ ਖੇਤੀ ਉਦਾਲੇ ਵਾੜ ਚਾਹੀਏ, ਵਾੜ ਸੰਗਤ ਦੀ ਰਾਖੀ ਲਈ ਬੀਰ ਰਸ ਦੀ ਹੋ ਸਕਦੀ ਹੈ, ਇਸ ਲਈ ਸਤਿਗੁਰ ਹਰਿਗੋਬਿੰਦ ਜੀ ਨੇ ਬੀਰ ਰਸੀ ਠਾਟ ਕੀਤਾ ਹੈ, ਇਹ ਖੇਤੀ ਦੀ ਰਾਖੀ ਲਈ ਵਾੜ ਹੈ ਇਹੋ ਭਾਵ ਕਈ ਰੰਗਾਂ ਵਿਚ ਅੱਗੇ ਦੱਸੀ ਜਾਣਗੇ।

## ੨੫. (ਪਿਰਮ ਰਸ ਦੁਸ਼ਤਰ ਥਾਂ ਹੈ)।

੧. ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
੨. ਸਪ ਪਲੇਟੇ ਚੰਨਣੇ ਬੂਹੇ ਜੰਦ੍ਰਾ ਕੁੱਤਾ ਜਾਗੈ।
੩. ਕਵਲੈ ਕੰਡੇ ਜਾਣੀਅਨਿ ਸਿਆਣਾ ਇਕੁ ਕੋਈ ਵਿਚਿ ਫਾਗੈ।
੪. ਜਿਉ ਪਾਰਸ ਵਿਚਿ ਖਥਰਾ ਮਣਿ ਮਸਤਕਿ ਜਿਉ ਕਾਲੈ ਨਾਗੈ।
੫. ਰਤਨੁ ਸੋਹੈ ਗਲਿ ਪੋਤ ਵਿਚਿ ਮੈਗਲੁ ਬਧਾ ਕਚੈ ਧਾਗੈ।
੬. ਭਾਵ ਭਗਤਿ ਭੁਖ ਜਾਇ ਘਰਿ ਬਿਦਰੁ ਖਵਾਲੈ ਪਿੰਨੀ ਸਾਗੈ।
੭. ਚਰਣ ਕਵਲ ਗੁਰੁ ਸਿਖ ਭਉਰ ਸਾਧ ਸੰਗਤਿ ਸਹਲੰਗੁ ਸਭਾਗੈ।
੮. ਪਿਰਮ ਪਿਆਲੇ ਦੁਤਰੁ ਝਾਗੈ ॥੨੫॥

**ਪਦਾਰਥ**-(ਢਿਗਰੀ=ਕੰਡਿਆਂ ਦੀ ਝਾੜੀ। ਫਾਗੈ=ਫਗਣ, ਹੋਲੀਆਂ।
(ਪੋਤ=ਕਚਕੜੇ, ਕੱਚ ਦੇ ਮਣਕੇ। ਮੈਗਲੁ=ਹਾਥੀ।
(ਪਿੰਨੀ ਸਾਗੈ=ਸਾਗ ਦੀ ਪਿੰਨੀ।ਸਹਲੰਗੁ=ਲਗੇ ਹੋਏ। ਝਾਗੈ=ਲੰਘ ਗਏ ਹਨ।

**ਅਰਥ**-*੧.ਖੇਤੀ ਦੇ (ਉਦਾਲੇ) ਢਿੰਗਰਾਂ ਦੀ ਵਾੜ ਤੇ ਬਾਗ ਦੇ ਆਸ ਪਾਸ ਜਿਵੇਂ ਕਿੱਕਰ ਹੁੰਦੇ ਹਨ। ੨.ਚੰਦਨ (ਦੁਆਲੇ) ਸੱਪ ਲਪੇਟੇ, (ਖਜ਼ਾਨੇ ਦੇ) ਬੂਹੇ (ਦੁਆਲੇ) ਜੰਦ੍ਰੇ ਤੇ ਕੁੱਤੇ ਜਾਗਦੇ ਹਨ। ੩.ਕਵਲ ਨੂੰ ਕੰਡੇ ਜਾਣੀਦੇ ਹਨ, ਕਿਸੇ ਇਕ ਤੇ ਸਿਆਣੇ (ਦੇ ਉਦਾਲੇ) ਫੱਗਣ ਵਿਚ (ਖਰੂਦੀ ਸੰਸਾਰ ਹੁੰਦਾ ਹੈ)। ੪.ਜਿਉਂ ਪਾਰਸ ਗਿਰਦੇ ਪੱਥਰ ਤੇ ਮਣੀ ਜਿਵੇਂ ਕਾਲੇ ਨਾਗ ਤੇ ਮਸਤਕ ਵਿਚ ਹੁੰਦੀ ਹੈ। ੫.ਗਲ (ਦੀ ਮਾਲਾ ਵਿਖੇ) ਰਤਨ ਦੇ (ਓਦਾਲੇ) ਕਚਕੜੇ ਸੋਭਦੇ ਹਨ, ਹਾਥੀ ਦੇ ਉਦਾਲੇ ਬੱਧੇ ਹੋਏ ਕੱਚੇ

---

*ਪਿਛਲੀ ਪਉੜੀ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਬੀਰ ਰਸੀ ਠਾਠ ਪਰ ਲੋਕਾਂ ਦੇ ਕੀਤੇ ਇਤਰਾਜ਼ ਦਿਤੇ ਸਨ। ਇਸ ਵਿਚ ਦੱਸਿਆ ਹੈ ਕਿ ਗੁਰੂ ਜੀ ਨੇ ਇਹ ਵਾੜ ਬਨਾਉਣ ਵਾਂਙੂ ਰਖਯਾ ਨਮਿਤ ਉਪਕਾਰ ਦਾ ਕਾਰਜ ਕੀਤਾ ਹੈ।

ਧਾਗਿਆਂ (ਤੋਂ ਵੱਟੇ ਹੋਏ ਸੰਗਲ ਰੂਪ ਰੱਸੇ ਹੁੰਦੇ ਹਨ) (ਇਸ ਪ੍ਰਕਾਰ ਦੇ ਘੇਰਿਆਂ ਵਿਚ ਵਾਹਿਗੁਰੂ ਦੀ ਪ੍ਰਾਪਤੀ ਰੂਪ ਪਦਾਰਥ ਹੈ, ਪਰ ਪ੍ਰਾਪਤ ਕਿੱਕੁਰ ਹੁੰਦਾ ਹੈ? ਉੱਤਰ) ੬.(ਜਿਕੂੰ) ਬਿਦਰ ਦੇ (ਦੁੱਖ) ਸਾਗ ਦੀ ਪਿੰਨੀ ਖਵਾਲਿਆਂ (ਗਏ ਸੇ, ਤਿਕੂੰ) ਪ੍ਰੇਮਾ ਭਗਤੀ ਨਾਲ ਘਰ ਦੀ ਭੁੱਖ ਜਾਂਦੀ ਹੈ। ੭.ਗੁਰੂ ਦੇ ਚਰਨ ਕਵਲਾਂ ਦਾ ਸਿਖ ਭਉਰਾ ਬਣੇਂ, ਸਾਧ ਸੰਗਤ ਵਿਚ ਭਲੇ (ਜਾਣ ਕੇ) ਲੱਗ ਰਹੇ। ੮.(ਐਉਂ) ਪ੍ਰੇਮ ਦੇ ਪਿਆਲੇ ਨਾਲ ਕਸ਼ਟ ਝਾਗੇ ਜਾਂਦੇ ਹਨ।

**ਭਾਵ**-੧.ਅਮੋਲਕ ਵਸਤਾਂ ਅਕਸਰ ਦੁਸ਼ਤਰ ਤੇ ਕਠਨ ਸਮਾਨਾਂ ਦੇ ਘੇਰੇ ਵਿਚ ਹੁੰਦੀਆਂ ਹਨ, ਇਸ ਤਰ੍ਹਾਂ ਪਰਮਾਰਥ ਭੀ ਔਖੇ ਥਾਂ ਹੀ ਲੱਝਦਾ ਹੈ। ਪ੍ਰਗਟ ਨਾਟ ਵੇਖ ਕੇ ਜਗਯਾਸੂ ਭੁੱਲ ਜਾਂਦਾ ਹੈ, ਭਾਈ ਸਾਹਿਬ ਜੀ ਦੱਸਦੇ ਹਨ ਕਿ ਸਿੱਖ ਚਰਨਾਂ ਕਵਲਾਂ ਦਾ ਭਉਰਾ ਹੋਵੇ, ਭਾਉ ਭਗਤੀ ਰੱਖੇ ਤਦ ਉਨ੍ਹਾਂ ਦੁਤਰ ਘੇਰੇ ਦੇ ਸਾਮਾਨਾਂ ਨੂੰ ਤਰਕੇ ਪਿਰਮ ਰਸ ਅਮੋਲਕ ਰਸ ਨੂੰ ਪ੍ਰਾਪਤ ਕਰਦਾ ਹੈ। ੨.ਸਤਿਗੁਰ ਜੇ ਕੋਈ ਸਾਂਗ ਵਰਤੇ ਤਾਂ ਸਿਦਕ ਕਾਇਮ ਰਹੇ, ਇਹ ਕਠਨ ਕੰਮ ਪ੍ਰੇਮਾ ਭਗਤੀ ਨਾਲ ਹੁੰਦਾ ਹੈ।

## ੨੬. (ਮੁਰੀਦ ਮੁਰਦਾ ਗੁਰੂ ਗੋਰ)।

੧. ਭਵਜਲ ਅੰਦਰਿ ਮਾਨਸਰੁ ਸਤ ਸਮੁੰਦੀ ਗਹਿਰ ਗੰਭੀਰਾ।
੨. ਨਾ ਪਤਣੁ ਨਾ ਪਾਤਣੀ ਪਾਰਾਵਾਰੁ ਨ ਅੰਤੁ ਨ ਦੀਰਾ।
੩. ਨਾ ਬੇੜੀ ਨਾ ਤੁਲਹੜਾ ਵੰਝੀ ਹਾਥਿ ਨ ਧੀਰਕ ਧੀਰਾ।
੪. ਹੋਰੁ ਨ ਕੋਈ ਅਪੜੈ ਹੰਸ ਚੁਗੰਦੇ ਮੋਤੀ ਹੀਰਾ।
੫. ਸਤਿਗੁਰੁ ਸਾਂਗਿ ਵਰਤਦਾ ਪਿੰਡੁ ਵਸਾਇਆ ਫੇਰਿ ਅਹੀਰਾ।
੬. ਚੰਦ ਅਮਾਵਸ ਰਾਤਿ ਜਿਉ ਅਲਖੁ ਨ ਲਖੀਐ ਮਛੁਲੀ ਨੀਰਾ।
੭. ਮੁਏ ਮੁਰੀਦ ਗੋਰਿ ਗੁਰ ਪੀਰਾ॥੨੬॥

**ਪਦਾਰਥ**-(ਮਾਨਸਰੁ=ਮਾਨ ਸਰੋਵਰ। ਦੀਰਾ=ਹੱਦ।
(ਵੰਝੀ=ਬਾਸਾਂ ਨਾਲ, ਭਾਵ ਡੂੰਘਾਈ ਮਿਣਲ ਦੇ ਮਾਪਾਂ ਨਾਲ।
ਅਹੀਰਾ=ਗੋਇਲ ਵਾਸਾ। )

**ਅਰਥ**-੧.ਸੰਸਾਰ ਵਿਖੇ ਮਾਨਸਰੋਵਰ ਸਤ ਸਮੁੰਦਰਾਂ ਨਾਲੋਂ ('ਗਹਰ ਗੰਭੀਰਾ') ਡੂੰਘਾ ਤੇ ਅਡੋਲ ਹੈ। ੨.ਨਾ (ਕੋਈ ਇਸਦਾ) ਪੱਤਣ (ਘਾਟ), ਨਾ ਪਾਤਣੀ (ਮਲਾਹ), ਨਾ ਪਾਰਾਵਾਰ, ਨਾ ਅੰਤੁ, ਨ ਕੋਈ ਹੱਦ ਹੈ। ੩.ਨਾ ਬੇੜੀ ਨਾ (ਕੋਈ) ਤੁਲਹੜਾ। ਬਾਂਸਾਂ (ਡੂੰਘਾਈ ਮਿਣਨ ਦੇ ਮਾਪ) ਨਾਲ ਭੀ ਹਾਥ ਨਹੀਂ (ਭਾਵ ਬਹੁਤ ਡੂੰਘਾ ਹੈ) ਨਾ ਕੋਈ ਧੀਰਜ ਦੇਣਹਾਰਾ ਨਾ ਧੀਰਜ ਕਰਣਹਾਰਾ ਹੈ, ੪.ਹੋਰ ਕੋਈ ਪਹੁੰਚ ਨਹੀਂ ਸਕਦਾ (ਕੇਵਲ) ਹੰਸ ਹੀ ਮੋਤੀ ਮਾਣਕ ਚੁਗਦੇ ਹਨ। ੫.ਸਤਿਗੁਰੂ ਸੰਗ ਵਰਤਾ ਰਿਹਾ ਹੈ ਅਹੀਰਾਂ ਦਾ ਪਿੰਡ ਫੇਰ ਵਸਾਇਆ ਹੈ, (ਗੋਇਲ ਵਾਸੇ ਸੰਸਾਰ ਵਿਚ ਮਨੁੱਖ ਰੂਪ ਵਿਚ ਵਸ ਰਹੇ ਸਨ)। ੬.ਅਮੱਸਿਆ ਦੀ ਰਾਤ ਦੇ ਚੰਦ ਅਰ ਪਾਣੀ ਦੇ ਮੱਛ ਵਾਂਗੂੰ ਗੁਰੂ ਲੁਕੇ ਹੋਏ ਹਨ। (ਜਾਣਦੇ ਕੌਣ ਹਨ?) ੭.(ਜੇਹੜੇ) ਮੁਰੀਦ ਗੁਰੂ ਪੀਰਾਂ ਨੂੰ (ਆਪਣੀ ਗੋਰ (ਬਣਾਕੇ ਆਪ) ਮੁਰਦੇ ਹੋ ਰਹੇ ਹਨ, (ਭਾਵ ਆਪਾ ਭਾਵ ਤੋਂ ਮਰਕੇ ਗੁਰ ਚਰਨਾਂ ਵਿਖੇ ਨਿਵਾਸ ਕਰ ਰਹੇ ਹਨ)।

**ਭਾਵ**-ਗੁਰੂ ਮਾਨਸਰੋਵਰ ਅਥਾਹ ਰੂਪ ਹਨ। ਮਨੁੱਖ ਰੂਪ ਦਾ ਸਾਂਗ ਧਾਰਕੇ ਮਨੁੱਖ ਹਨ, ਪ੍ਰੇਮੀ ਪਛਾਣ ਕਰਦੇ ਤੇ ਲਾਭ ਪ੍ਰਾਪਤ ਕਰਦੇ ਹਨ। ਪਿੰਡ ਅਹੀਰ ਸ਼ਾਇਦ ਗਵਾਲਿਆਰ ਦਾ ਅਰਥ ਕੀਤਾ ਹੈ ਤੇ ਐਸਾ ਪ੍ਰਤੀਤ ਦਿੰਦਾ ਹੈ ਕਿ ਗੁਰੂ ਜੀ ਦੇ ਵਵਾਲੀਅਰ ਵਿਚ ਪਾਤਸ਼ਾਹ ਦੇ ਦਗੇ ਨਾਲ ਪਹੁੰਚ ਜਾਣ ਪਰ ਸੰਗਤਾਂ ਵਿਚ ਬੇਚੈਨੀ ਫੈਲੀ ਅਰ ਸ਼ਾਯਦ ਪ੍ਰਿਥੀਚੰਦ ਦੇ ਪੁਤ੍ਰ ਮੇਹਰਬਾਨ ਆਦਿਕਾਂ ਨੇ ਸੰਗਤਾਂ ਵਿਚ ਗੁਰੂ ਨਿੰਦਾ ਫੈਅਲਾਉਣ ਦਾ ਉੱਦਮ ਕੀਤਾ ਤੇ ਦੱਸਿਆ ਗੁਰੂ ਜੀ ਸ਼ਹੀਦ ਕੀਤੇ ਗਏ

ਹਨ। ਤਦੋਂ ਇਹ ਪਉੜੀ ਡੋਲਦੇ ਸਿਖਾਂ ਦਾ ਸਿਦਕ ਬਨ੍ਹਾਉਣ ਲਈ ਭਾਈ ਸਾਹਿਬ ਜੀ ਨੇ ਕਹੀ ਜਿਕੂੰ ਏਸ ਵਿਚ ਦੱਸਿਆ ਹੈ ਕਿ ਗਵਾਲਿਅਰ ਜਾਣਾ ਗੁਰੂ ਨੇ ਸਾਂਗ ਵਰਤਾਯਾ ਹੈ, ਹੋਰ ਸਰੀਰ ਨਹੀਂ ਤਿਆਗ ਗਏ, ਜਿਕੂੰ ਮੱਸਯਾ ਨੂੰ ਚੰਦ ਮਰ ਨਹੀਂ ਜਾਂਦਾ ਓਹਲੇ ਹੁੰਦਾ ਹੈ ਯਾ ਜਲ ਵਿਚ ਮੱਛ ਹੁੰਦਾ ਹੈ, ਇਸੇ ਕਰਕੇ ਮੁਰਦੇ ਵਾਂਗ ਮੁਰੀਦ ਹੋਕੇ ਗੁਰੂ ਦੇ ਭਰੋਸੇ ਦੀ ਗੋਰ ਵਿਚ ਸਮਾਓ।

## ੨੭. (ਗੁਰ ਸਿੱਖਾਂ ਦੀ ਵੰਸ਼)।

੧. ਮਛੀ ਦੇ ਪਰਵਾਰ ਵਾਂਗਿ ਜੀਵਣਿ ਮਰਣਿ ਨ ਵਿਸਰੈ ਪਾਣੀ।
੨. ਜਿਉ ਪਰਵਾਰੁ ਪਤੰਗ ਦਾ ਦੀਪਕ ਬਾਝੁ ਨ ਹੋਰ ਸੁਜਾਣੀ।
੩. ਜਿਉ ਜਲ ਕਵਲੁ ਪਿਆਰੁ ਹੈ ਭਵਰ ਕਵਲ ਕੁਲ ਪ੍ਰੀਤ ਵਖਾਣੀ।
੪. ਬੂੰਦ ਬਬੀਹੇ ਮਿਰਗ ਨਾਦ ਕੋਇਲ ਜਿਉ ਫਲ ਅੰਬਿ ਲੁਭਾਣੀ।
੫. ਮਾਨ ਸਰੋਵਰੁ ਹੰਸੁਲਾ ਓਹੁ ਅਮੋਲਕ ਰਤਨਾ ਖਾਣੀ।
੬. ਚਕਵੀ ਸੂਰਜ ਹੇਤੁ ਹੈ ਚੰਦ ਚਕੋਰੈ ਚੋਜ ਵਿਡਾਣੀ।
੭. ਗੁਰ ਸਿਖ ਵੰਸੀ ਪਰਮ ਹੰਸ ਸਤਿਗੁਰ ਸਹਜਿ ਸਰੋਵਰੁ ਜਾਣੀ।
੮. ਮੁਰਗਾਈ ਨੀਸਾਣੁ ਨੈਸਾਣੀ ॥੨੭॥

**ਪਦਾਰਥ**-(ਬਬੀਹੇ=ਚਾਤ੍ਰਿਕ। ਨੀਸਾਣੁ ਨੈਸਾਣੀ=(ਮੁਰਗਾਈ ਦੀ) ਤਰ੍ਹਾਂ ਨਦੀ ਦੇ ਸਾਮ੍ਹਣੇ ਜਾਣਾ।

**ਅਰਥ**-੧.ਮੱਛੀ ਦੇ ਕੋੜਮੇ ਵਿਚ ਜੀਂਵਦਿਆਂ ਮਰਦਿਆਂ ਪਾਣੀ ਨਹੀਂ ਭੁੱਲਦਾ (ਜਿਹਾ:-"**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥**") (ਸੋਰਠ: ਰਵਿ: ੨) ੨.ਪਤੰਗ ਦਾ ਕੋੜਮਾ ਦੀਵੇ ਬਾਝ ਹੋਰ ਕਿਸੇ ਨੂੰ ਨਹੀਂ ਪਛਾਣਦਾ। ੩.ਜਿੱਕੁਰ ਕਵਲ ਦਾ ਜਲ ਨਾਲ ਪਿਅਰ ਹੈ, ਤਿਵੇਂ ਭਵਰਾਂ ਦੀ ਕੁਲ ਕਵਲਾਂ ਦੇ ਨਾਲ ਪ੍ਰੀਤ ਨਹੀਂ ਭੁਲਾਉਂਦੀ। ੪.ਚਾਤ੍ਰਿਕ ਸ੍ਵਾਂਤੀ ਦੀ ਬੂੰਦ ਪਰ, ਮਿਰਗ (ਘੰਡੇ ਹੋੜੇ ਦੇ) ਨਾਦ ਪਰ ਅਰ ਕੋਇਲ ਅੰਬ ਦੇ ਫਲ ਦੇ ਉਪਰ ਲੋਭ ਰਹੀ ਹੈ। ੫.ਮਾਨ ਸਰੋਵਰ ਪਰ ਹੰਸ (ਰਹਿਕੇ) ਉਸ ਨੂੰ ਅਮੋਲਕ ਰਤਨਾਂ ਦੀ ਖਾਣ (ਜਾਣਦਾ) ਹੈ। ੬.ਚਕਵੀ ਦਾ ਸੂਰਜ ਨਾਲ ਪ੍ਰੇਮ ਹੈ, ਚੰਦ੍ਰਮਾ ਨਾਲ ਚਕੋਰ ਅਚਰਜ ਕੌਤਕ ਕਰਦਾ ਹੈ। ੭.ਗੁਰ ਸਿੱਖਾਂ ਦੀ ਵੰਸ ਪਰਮਹੰਸ ਹੈ, 'ਸਤਿਗੁਰ' ਨੂੰ ਹੀ ਸ਼ਾਂਤੀ ਦਾ ਸਮੁੰਦਰ ਜਾਣਦੀ ਹੈ (ਭਾਵ ਹੋਰ ਝੂਠੇ ਦੇਵੀ ਦੇਵਤਿਆਂ ਨੂੰ ਚਿੱਕੜ ਦੇ ਛੱਪੜ ਸਮਝਕੇ ਚਿੱਤ ਨਹੀਂ ਡਲਾਉਂਦੀ, ਹੋਰ ਕੀ ਕਰਦੀ ਹੈ?) ੮.ਮੁਰਗਾਬੀ ਵਾਂਙੂ ਨਦੀ ਦੇ ('ਪਾਣੀ') ਸਾਹਮਣੇ ਜਾਂਦੀ ਹੈ (ਗੱਲ ਕੀ ਕਈ ਤਰੰਗਾਂ ਅਤੇ ਭੰਵਰਾਂ ਨੂੰ ਦੇਖਕੇ ਡਰਦੀ ਨਹੀਂ, ਅਜਿਹਾ ਹੀ ਗੁਰਮੁਖਾਂ ਦੀ ਉਲਾਦ ਗੁਰੂ ਦੇ ਸਨਮੁਖ ਹੋਣਾ ਹੀ ਮੁਖ ਸਮਝਦੀ ਹੈ, ਦੁਨਿਆਵੀ ਕਸ਼ਟ ਅਰ ਦੁਖਾਂ ਦੀ ਪ੍ਰਵਾਹ ਨਹੀਂ ਕਰਦੀ)।

## ੨੮. (ਗੁਰ ਸਿੱਖਾਂ ਦੀ ਵੰਸ਼)।

੧. ਕਛੂ ਅੰਡਾ ਸੇਵਦਾ ਜਲ ਬਾਹਰਿ ਧਰਿ ਧਿਆਨੁ ਧਰੰਦਾ।
੨. ਕੂੰਜ ਕਰੇਂਦੀ ਸਿਮਰਣੋਂ ਪੂਰਣ ਬਚਾ ਹੋਇ ਉਡੰਦਾ।
੩. ਕੁਕੜੀ ਬਚਾ ਪਾਲਦੀ ਮੁਰਗਾਈ ਨੋ ਜਾਇ ਮਿਲੰਦਾ।
੪. ਕੋਇਲ ਪਾਲੈ ਕਾਵਣੀ ਲੋਹੂ ਲੋਹੂ ਰਲੈ ਰਲੰਦਾ।
੫. ਚਕਵੀ ਅਤੇ ਚਕੋਰ ਕੁਲ ਸਿਵ ਸਕਤੀ ਮਿਲਿ ਮੇਲੁ ਕਰੰਦਾ।
੬. ਚੰਦ ਸੂਰਜੁ ਸੋ ਜਾਣੀਅਨਿ ਛਿਅ ਰੁਤਿ ਬਾਰਹ ਮਾਹ ਦਿਸੰਦਾ।

੭. ਗੁਰਮੁਖਿ ਮੇਲਾ ਸਚ ਦਾ ਕਵੀਆਂ ਕਵਲ ਭਵਰੁ ਵਿਗਸੰਦਾ।
੮. ਗੁਰਮੁਖਿ ਸੁਖ ਫਲ ਅਲਖ ਲਖੰਦਾ ॥੨੮॥

**ਪਦਾਰਥ**-(ਸਿਮਰਣੋ=ਯਾਦ। ਸਿਵ=ਚੰਦਰਮਾ। ਸਕਤੀ=ਸੂਰਜ।)

**ਅਰਥ**-੧.ਕਛੂ (ਆਪਣੇ) ਅੰਡੇ ਨੂੰ ਪਾਣੀ ਦੇ ਬਾਹਰ ਰੱਖ ਕੇ, (ਉਸੇ ਵਿਚ) ਧਯਾਨ ਰਖਕੇ ਪਾਲ ਲੈਂਦਾ ਹੈ। ੨.ਕੂੰਜ (ਬੀ ਆਪਣੇ ਬੱਚੇ ਦਾ) ਸਿਮਰਣ ਕਰਦੀ ਰਹਿੰਦੀ ਹੈ, (ਇਸੇ ਕਾਰਣ) ਬੱਚਾ ਪਲਕੇ ਉੱਡਣ ਲੱਗ ਜਾਂਦਾ ਹੈ। ੩.ਕੁਕੜੀ ਮੁਰਗਾਬੀ ਦਾ ਬੱਚਾ ਪਾਲਦੀ ਹੈ, (ਜਦ ਜੁਆਨ ਹੁੰਦਾ ਹੈ ਤਦੋਂ ਆਪਣੀ ਮਾਂ ਨੂੰ) ਜਾ ਮਿਲਦਾ ਹੈ। ੪.(ਅਜਿਹਾ ਹੀ) ਕਉਣੀ ਕੋਇਲਾਂ (ਦੇ ਬੱਚੇ) ਨੂੰ ਪਾਲਦੀ ਹੈ, (ਪਰੰਤੂ ਜਦ ਸਿਆਣਾ ਹੁੰਦਾ ਹੈ)। ਲਹੂ ਵਿਚ ਲਹੂ ਜਾ ਰਲਦਾ ਹੈ। (ਗੱਲ ਕੀ ਆਪਣੇ ਮਾਪਿਆਂ ਵਿਚ ਜਾ ਰਲਦਾ ਹੈ)। ੫.ਚਕਵੀ ਅਤੇ ਚਕੋਰ ਦੀ ਕੁਲ 'ਸ਼ਕਤੀ' ਅਰ 'ਸ਼ਿਵ' ਨਾਲ ਮਿਲਣ ਦੀ ਪ੍ਰੀਤ ਕਰਦੀ ਹੈ, (ਕ੍ਰਮ ਇਹ ਕਿ ਚਕਵੀ ਦੀ ਕੁਲ ਸੂਰਜ ਨਾਲ ਅਰ ਚਕੋਰ ਦੀ ਕੁਲ ਚੰਦ ਨਾਲ। ਚੰਦ ਅਰ ਸੂਰਜ ਕਿਹੋ ਜਿਹੇ ਹਨ?) ੬.ਚੰਦ ਸੂਰਜ ਓਹ ਹਨ ਜੋ ਕਿ ਛੀ ਰੁੱਤਾਂ ਅਰ ਬਾਰਾਂ ਮਹੀਨਿਆਂ ਵਿਚ (ਇਕੋ ਹੀ) ਦਿਸੱਦੇ ਰਹਿੰਦੇ ਹਨ। ੭.ਕਵੀਆਂ, ਕਵਲ ਅਤੇ ਭਵਰ (ਕੇਹੜੇ ਹਨ) ਜੋ (ਸੂਰਜ ਚੰਦ) ਵੇਖਕੇ ਖਿੜਦੇ ਹਨ? (ਉੱਤਰ) ਗੁਰਮੁਖ, (ਜਿਨ੍ਹਾਂ ਦਾ ਮੇਲਾ) ਸੱਚ ਦਾ ਮੇਲ ਹੈ। ੮.ਗੁਰਮੁਖ (ਆਤਮ) ਸੁਖ ਫਲ ਨੂੰ ਜੋ ਕਿ ਅਲਖ (ਅਰਥਾਤ ਮਨ ਬਾਣੀ ਥੋਂ ਪਰੇ) ਹੈ, ਲਖ ਲੈਂਦੇ ਹਨ।

## ੨੯. (ਦਾਵਾ ਕੋਕਾ)।

੧. ਪਾਰਸ ਵੰਸੀ ਹੋਇਕੈ ਸਭਨਾ ਧਾਤੂ ਮੇਲਿ ਮਿਲੰਦਾ।
੨. ਚੰਦਨ ਵਾਸ ਸੁਭਾਉ ਹੈ ਅਫਲ ਸਫਲ ਵਿਚਿ ਵਾਸੁ ਧਰੰਦਾ।
੩. ਲਖ ਤਰੰਗੀ ਗੰਗ ਹੋਇ ਨਦੀਆਂ ਨਾਲੇ ਗੰਗ ਹੋਵੰਦਾ।
੪. ਦਾਵਾ ਦੁਧੁ ਪੀਆਲਿਆ ਪਾਤਿਸਾਹ ਕੋਕਾ ਭਾਵੰਦਾ।
੫. ਲੂਣੁ ਖਾਇ ਪਾਤਿਸਾਹ ਦਾ ਕੋਕਾ ਚਾਕਰੁ ਹੋਇ ਵਲੰਦਾ।
੬. ਸਤਿਗੁਰ ਵੰਸੀ ਪਰਮਹੰਸੁ ਗੁਰ ਸਿਖ ਹੰਸ ਵੰਸੁ ਨਿਬਹੰਦਾ।
੭. ਪਿਉ ਦਾਦੇ ਦੇ ਰਾਹਿ ਚਲੰਦਾ ॥੨੯॥

**ਪਦਾਰਥ**-(ਵਲੰਦਾ=ਦਿਨ ਬਿਤਾਉਂਦਾ ਸੀ। ਚਲੰਦਾ=ਚਲਦੇ ਹਨ।)

**ਅਰਥ**-੧.(ਪਾਰਸ) ਪਾਰਸ ਦੀ ਵੰਸ ਵਿਚੋਂ ਹੋਕੇ ਸਾਰੀਆਂ ਧਾਤਾਂ ਨੂੰ (ਆਪਣੇ) ਮੇਲ ਵਿਚ ਮਿਲਾ ਲੈਂਦਾ ਹੈ, (ਅਜਿਹਾ ਹੀ ਗੁਰੂ ਦੇ ਸਿਖ ਹੋਰਨਾਂ ਨੂੰ ਗੁਰੂ ਘਰ ਦੇ ਉਪਦੇਸ਼ ਕਰਦੇ ਹਨ)।੨.ਚੰਦਨ ਦੀ ਵਾਸ਼ਨਾ ਦਾ (ਇਹ) ਸੁਭਾਉ ਹੈ ਕਿ ਕੋਈ ਬ੍ਰਿਛ ਅਫਲ ਭਾਵੇਂ ਸਫਲ ਹੋਵੇ, ਚੰਦਨ ਹੀ ਕਰ ਦਿੰਦੀ ਹੈ। ੩.ਨਦੀਆਂ ਅਤੇ ਨਾਲੇ ਲੱਖਾਂ ਤਰੰਗਾਂ ਵਾਲੀ ਗੰਗਾ (ਦੇ ਨਾਲ) ਮਿਲਕੇ ਗੰਗਾ ਦਾ ਰੂਪ ਹੋ ਜਾਂਦੇ ਹਨ। ੪.,੫.ਕੋਕਾ (ਪਾਤਸ਼ਾਹ ਨੂੰ ਦੁਧ ਪਿਲਾਉਣ ਵਾਲੀ ਦਾਈ ਦਾ ਘਰਵਾਲਾ) ਹੁੰਦਾ ਤਾਂ ਚਾਕਰ ਹੈ, ਕਿਉਂਕਿ ਪਾਤਸ਼ਹ ਦਾ ਲੂਣ ਖਾਂਦਾ ਹੈ, (ਪਰ) ਦੁਧ ਪਿਲਾਉਣ (ਕਰਕੇ) ਪਾਤਸ਼ਾਹ ਨੂੰ ਭਾਉਂਦਾ ਹੈ, (ਅਰ ਪਾਤਸ਼ਾਹ ਉਸ ਦਾ) ਦਾਵਾ ਮੰਨਦਾ ਹੈ, (ਭਾਵ ਪੂਰਾ ਮਾਣ ਰੱਖਦਾ ਹੈ, ਭਾਵ ਉਹੋ ਕਿ ਪਾਤਸ਼ਾਹ ਚੰਦਨ ਤੁਲ ਹਨ ਨੌਕਰ ਨੂੰ ਬੀ, ਜਿਸ ਨੇ ਪਯਾਰ ਕੀਤਾ ਹੈ, ਦਾਵੇਦਾਰ ਬਣਾ ਲੈਂਦੇ ਹਨ, ਇਹ ਬੀ ਕਹਿੰਦੇ ਹਨ ਕਿ ਦਾਵਾ ਨਾਮੇ ਕੋਕਾ ਸੀ ਜੋ ਲੂਣ ਪਾਤਸ਼ਾਹ ਦਾ ਖਾਂਦਾ ਸੀ, ਦੁਧ ਪਿਆਉਣ ਕਰਕੇ ਭਾਉਂਦਾ ਸੀ, ਉਹ ਗੁਰੂ ਜੀ ਨੂੰ ਚਾਕਰ ਹੋਕੇ ਮਿਲਿਆ, ਜਿੱਕੁਰ ਪਿਉ ਦਾਦੇ ਗੁਰੂ ਘਰ ਦੇ ਪ੍ਰੇਮੀ ਸਨ ਤਿਹਾ ਹੀ ਉਸ ਨੇ ਪਾਤਸ਼ਾਹਾਂ ਦੇ ਚਾਕਰ ਹੋਕੇ ਬੀ ਗੁਰੂ ਘਰ ਪਰ ਵਡੀ

ਭਾਵਨੀ ਰੱਖੀ, ਇਸੇ ਕਰਕੇ ਗੁਰੂ ਘਰੋਂ ਇਨ੍ਹਾਂ ਨੂੰ 'ਸਤਿਗੁਰ ਵੰਸੀ ਪਰਮ ਹੰਸ' ਦੀ ਪਦਵੀ ਦਿਤੀ ਗਈ ਸੀ)। ੬.ਸਤਿਗੁਰ ਦੀ ਵੰਸ ਦੇ ਪਰਮ ਹੰਸ (ਗੁਰਮੁਖ ਤੇ) ਗੁਰੂ ਕੇ ਸਿਖ ਹੰਸ ਦੀ ਵੰਸ ਵਾਂਙ ਨਿਭਦੇ ਹਨ। (ਭਾਵ ਮਾਨਸਰੋਵਰ ਤੋਂ ਛੁਟ ਹੋਰਥੇ ਮੂੰਹ ਨਹੀਂ ਧਰਦੇ)। ੭.ਪਿਉ ਦਾਦੇ ਦੇ ਰਸਤੇ, ਤੁਰਦੇ ਹਨ।

## ੩੦. (ਗੁਰੂ ਨਾਨਕ ਦੇਵ)।

੧. ਜਿਉ ਲਖ ਤਾਰੇ ਚਮਕਦੇ ਨੇੜਿ ਨ ਦਿਸੈ ਰਾਤਿ ਅਨੇਰੇ।
੨. ਸੂਰਜ ਬਦਲ ਛਾਇਆ ਰਾਤਿ ਨ ਪੁਜੈ ਦਿਹਸੈ ਫੇਰੇ।
੩. ਜੇ ਗੁਰ ਸਾਂਗਿ ਵਰਤਦਾ ਦੁਬਿਧਾ ਚਿਤਿ ਨ ਸਿਖਾ ਕੇਰੇ।
੪. ਛਿਅ ਰੁਤੀ ਇਕ ਸੁਝੁ ਹੈ ਘੁਘੂ ਸੂਝ ਨ ਸੁਝੈ ਹੇਰੇ।
੫. ਚੰਦਮੁਖੀ ਸੂਰਜਮੁਖੀ ਕਵਲੈ ਭਵਰ ਮਿਲਨਿ ਚਉਫੇਰੇ।
੬. ਸਿਵਸਕਤੀ ਨੋ ਲੰਘਿਕੈ ਸਾਧ ਸਗਤਿ ਜਾਇ ਮਿਲਨਿ ਸਵੇਰੇ।
੭. ਪੈਰੀ ਪਵਣਾ ਭਲੇ ਭਲੇਰੇ ॥੩੦॥

**ਪਦਾਰਥ**-(ਪੁਜੈ=ਪੈਂਦੀ। ਘੁਘੂ=ਉੱਲੂ। ਸੁਝੁ=ਸੂਰਜ
(ਹੇਰੇ=ਦੇਖਣਾ। ਸਿਵ=ਸਤੋਗੁਣ। ਸਕਤੀ=ਤਮੋਗੁਣ।

**ਅਰਥ**-੧.ਜਿੱਕੁਰ ਲੱਖਾਂ ਤਾਰੇ ਚਮਕਦੇ ਹਨ, ਪਰੰਤੂ ਹਨੇਰੀ ਰਾਤ ਵਿਚ ਨੇੜੇ (ਦੀ ਚੀਜ਼ ਬੀ) ਨਹੀਂ ਦਿੱਸਦੀ। ੨.ਸੂਰਜ ਨੂੰ ਬੱਦਲ ਦਿਨ ਵਿਚ ਚੌਫੇਰੀ ਛਾਇ ਲਵੇ (ਢਕ ਲਵੇ) ਫਿਰ ਬੀ ਰਾਤ ਨਹੀਂ ਪੈਂਦੀ। ੩.ਜੇ ਗੁਰੂ 'ਸਾਂਗ ਵਰਤੇ' (ਭਾਵ ਭੇਸ ਬਦਲੇ) (ਤਦ) ਸਿਖਾਂ ਦੇ ਚਿੱਤ ਨਹੀਂ ਬਦਲਦੇ, (ਇਕ ਰਸ ਰਹਿੰਦੇ ਹਨ, ਦੁਬਿਧਾ ਵਿਚ ਨਹੀਂ ਪੈਂਦੇ)। ੪.ਜੋ ਛੀ ਰੁੱਤਾਂ ਵਿਖੇ ਇਕ ਸੂਰਜ ਹੁੰਦਾ ਹੈ, (ਪਰ ਉੱਲੂ) ਨੂੰ ਸੂਰਜ ਨਹੀਂ ਦਿਸਦਾ, (ਕਿਉਂ ਜੋ) ਉਹ (ਦਿਨੇ) ਦੇਖ ਨਹੀਂ ਸਕਦਾ, (**ਭਾਵ**-ਸਿਖ ਸਾਂਗ ਵਿਚ ਬੀ ਗੁਰੂ ਦੇਖਦੇ ਹਨ, ਮਨਮੁਖ ਪਰਤੱਖ ਗੁਰੂ ਨੂੰ ਬੀ ਗੁਰੂ ਨਹੀਂ ਦੇਖ ਸਕਦੇ, ਮਨਮੁਖਾਂ ਦੇ ਚਿੱਤ ਬਦਲ ਜਾਂਦੇ ਹਨ)। ੫.ਜਿਕੁਰ ਕਮਲ ਭਾਵੇਂ (ਸੂਰਜ ਮੁਖੀ=) ਦਿਨੇ, ਚਾਹੇ (ਚੰਦ੍ਰਮੁਖੀ=) ਰਾਤੀਂ ਖਿੜਨ, ਭੌਰੇ ਚੁਫੇਰਿਉਂ ਆ ਬੈਠਦੇ ਹਨ। ੬.ਤਿਹਾ ਹੀ ਸਤੋ ਤਮੋ ਨੂੰ ਲੰਘ ਕੇ 'ਸਾਧ ਸੰਗਤ' (ਸੰਤ ਸਮੂਹ) ਪ੍ਰਾਤਾਕਾਲ (ਯਾ ਛੇਤੀ) ਗੁਰੂ ਨੂੰ ਜਾ ਮਿਲਦੇ ਹਨ। ੭.(ਅਰ ਉਥੇ ਜਾਕੇ) ਭਲੇ ਤੋਂ ਭਲਿਆਂ ਨਾਲ (ਅਥਵਾ'ਚੰਗੇ' ਮੰਦੇ ਦੀ ਬੀ) ਪੈਰੀਂ ਪੈਣਾ ਕਰਦੇ ਹ.ਨ।

**ਭਾਵ**-ਆਪੋ ਵਿਚ ਪ੍ਰੇਮ ਤੇ ਮੇਲ ਰਖਦੇ ਹਨ, ਜਾਣਦੇ ਹਨ ਕਿ ਘਾਹ ਦੇ ਤੀਲਿਆਂ ਨੂੰ ਕੱਠਾ ਕਰਕੇ ਰੱਸੀ ਬਣਾਈਏ ਤਾਂ ਹਾਥੀ ਬੱਨ੍ਹ ਸਕੀਦਾ ਹੈ, ਵੱਖੋ ਵੱਖ ਰਹਿਣ ਵਿਖੇ ਕੁਝ ਲਾਭ ਨਹੀਂ ਹੈ, ਪਰ ਗੁਰੂ ਤੋਂ ਕਦੇ ਨਹੀਂ ਡੋਲਦੇ, ਸਦਾ ਸਥਿਰ ਰਹਿੰਦੇ ਹਨ।

## ੩੧. (ਦੁਨਿਆਵੀ ਪਾਤਸ਼ਾਹ)।

੧. ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ।
੨. ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।
੩. ਕੁਤਬਾ ਜਾਇ ਪੜਾਇਦਾ ਕਾਜੀ ਮੁੱਲਾਂ ਕਰੈ ਉਗਾਹੀ।
੪. ਟਕਸਾਲੈ ਸਿਕਾ ਪਵੈ ਹੁਕਮੈ ਵਿਚਿ ਸਪੇਦੀ ਸਿਆਹੀ।
੫. ਮਾਲੁ ਮੁਲਕੁ ਅਪਣਾਇਦਾ ਤਖਤ ਚੜਿ ਬੇਪਰਵਾਹੀ।
੬. ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।

੭. ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।
੮. ਗੁਰਮੁਖਿ ਸੁਖ ਫਲੁ ਦਾਦਿ ਇਲਾਹੀ ॥੩੧॥

**ਪਦਾਰਥ**-(ਬੰਦੇ=ਨੌਕਰ। ਕੁਤਬਾ=ਖੁਤਬਾ, ਜੋ ਮੁੱਲਾਂ ਵਕਤ ਦੇ ਪਾਤਸ਼ਾਹ ਦਾ ਪੜ੍ਹਦੇ (ਹਨ। ਅਪਨਾਇਦਾ=ਆਪਨਾ ਕਰਦਾ ਹੈ। ਤਖਤ ਬਖਤਿ=ਤਖਤ ਜੋ ਬਖਤਾਂ (ਭਾਗਾਂ ਕਰਕੇ ਮਿਲਦਾ ਹੈ। ਦੋਹੀ=ਅਕਾਲ ਪੁਰਖ ਦੀ ਦੁਹਾਈ। (ਟਕਸਾਲ=ਭਾਵ ਸਾਧ ਸੰਗਤ। ਦਰਗਾਹੀ=ਸਭਾ। ਦਾਦ=ਨਿਆਂ।

**ਅਰਥ**-੧.ਦੁਨੀਆਂ ਦਾ ਪਾਤਸ਼ਾਹ ਆਪਣੇ ਪੁੱਤ੍ਰ ਨੂੰ ਪਾਤਸ਼ਾਹੀ ਦੇਕੇ ਮਰ ਜਾਂਦਾ ਹੈ। ੨.(ਪੁੱਤ੍ਰ) ਆਪਨੀ ਦੁਹਾਈ ਫੇਰਦਾ ਹੈ, ਸਾਰੇ ਸਿਪਾਹੀਆਂ ਨੂੰ ਆਪਣੇ ਹੁਕਮ ਦੇ ਤਾਬੇ ਕਰਦਾ ਹੈ। ੩.(ਮਸੀਤ ਵਿਚ) ਜਾ ਕੇ ਖੁਤਬਾ ਪੜ੍ਹਾਉਂਦਾ ਹੈ, ਕਾਜ਼ੀ ਮੁੱਲਾਂ ਸਾਰੇ ਉਸ ਪਰ ਉਗਾਹੀ ਭਰਦੇ ਹਨ। ੪.ਟਕਸਾਲ ਵਿਖੇ ਉਸਦਾ ਸਿੱਕਾ ਚਲਦਾ ਹੈ। ਸਪੇਦੀ ਸਜਾਹੀ (ਭਾਵ ਭਲਾ ਬੁਰਾ ਕੰਮ ਉਸ ਦੇ) ਹੁਕਮ ਵਿਚ ਹੁੰਦਾ ਹੈ। ੫.ਮਾਲ ਮੁਲਕ ਸਾਰਾ ਆਪਣੇ ਵੱਸ ਵਿਚ ਕਰਦਾ ਹੈ, ਭਾਗਾਂ ਦੇ ਤਖਤ ਪੁਰ ਚੜ੍ਹਕੇ ਬੇਪਰਵਾਹੀ ਕਰਦਾ ਹੈ। ੬.(ਪਰੰਤੂ) 'ਬਾਬਾਣੇ' (ਗੁਰੂ ਨਾਨਕ ਦੇ) ਘਰ ਦੀ ਇਹ ਰੀਤਿ (ਨਹੀਂ ਇਥੇ ਰੀਤ ਇਹ ਹੈ) ਕਿ ਗੁਰਮੁਖ ਹੋਕੇ 'ਗਾਡੀ ਰਾਹ' ਨਿਬਾਹੇ (ਭਾਵ ਜੋ ਰਸਤਾ ਪਿਛਲੇ ਗੁਰੂ ਦਾ ਹੈ, ਸੋਈ ਚਲੇ, ਵਾਹਿਗੁਰੂ ਦਾ ਗਯਾਨ ਉਕਰੁ ਨਿਰੋਲ ਦਿਤਾ ਜਾਵੇ)। ੭.(ਯਥਾ) ਇਕੋ (ਅਕਾਲ ਪੁਰਖ) ਦੇ ਨਾਮ ਦੀ) ਦੋਹੀ, ਇਕੋ ਟਕਸਾਲ (ਸਾਧ ਸੰਗਤ), ਕੁਤਬਾ (ਗੁਰੂ ਬਾਣੀ ਦੇ ਗ੍ਰੰਥ ਯਾ ਬਾਣੀ ਹੇਠਾਂ) ਇਕੋ (ਨਾਮ ਨਾਨਕ), (ਇਕੋ) ਤਖਤ (ਗੁਰਿਆਈ ਦੀ ਗੱਦੀ) ਸੱਚੀ ਦਰਗਾਹ (ਅਰਥਾਤ ਸਚੀ ਨਯਾਇ ਸਭਾ ਹੈ, ਹੋਰ ਝੂਠੀਆਂ ਪਾਤਿਸ਼ਾਹੀਆਂ ਵਿਖੇ ਨਾਨਾ ਝਗੜੇ ਅਤੇ ਸੰਸੇ ਰਹਿੰਦੇ ਹਨ ਸਾਧ ਸੰਗਤ ਦੀ ਪਾਤਿਸ਼ਾਹੀ ਸਦਾ ਅਟੱਲ, ਸੁਲਭ ਸਾਰੇ ਦੇਸ਼ਾਂ ਅਤੇ ਸਾਰੇ ਦਿਨਾਂ ਵਿਖੇ ਇਕ ਰਸ ਰਹਿਣ ਹਾਰੀ ਹੈ, ਯਥਾ:-"**ਕਾਇਮੁ ਦਾਇਮੁ ਸਦਾ ਪਾਤਿਸ਼ਾਹੀ॥ ਦੋਮ ਨ ਸੇਮ ਏਕ ਸੋ ਆਹੀ॥**") (ਗਉ: ਰਵਿ-੨) ੮.ਇਲਾਹੀ ਦਾਦ (ਦੈਵੀ ਨਿਆਉਂ ਇਹ ਹੈ ਕਿ) ਗੁਰਮੁਖਾਂ ਨੂੰ (ਇਸ ਦਰਗਾਹੋਂ) ਸੁਖ ਫਲ ਮਿਲਦਾ ਹੈ।

**ਭਾਵ**-ਗੁਰੂ ਨਾਨਕ ਦੇ ਮਗਰਲੇ ਗੁਰੂ ਸਾਹਿਬਾਂ ਦੀ ਗੱਦੀ ਨਸ਼ੀਨੀ ਝੂਠੇ ਪਾਤਸ਼ਾਹਾਂ ਵਰਗੀ ਨਹੀਂ ਹੈ, ਇਥੇ ਜੋ ਮਰਿਯਾਦਾ: ਨਾਮ, ਸਾਧ ਸੰਗਤ, ਗੁਰਬਾਣੀ, ਗੁਰਮੁਖਤਾਈ ਦੀ ਹੈ, ਸੋਈ ਹਰ ਗੁਰੂ ਜੀ ਆਪਾ ਭਾਵ ਨਿਵਾਰਕੇ ਪਿਛਲੇ ਗੁਰੂ ਦੀ ਮਹਿਮਾ ਕਰਦੇ ਹੋਏ ਤੋਰਦੇ ਹਨ। ਤਿਵੇਂ ਭਾਈ ਸਾਹਿਬ ਜੀ ਦੀ ਧੁਨੀ ਇਹ ਹੈ ਕਿ ਛੇਵੇਂ ਗੁਰੂ ਜੀ ਆਪਣੇ ਪਹਿਲੇ ਸਤਿਗੁਰਾਂ ਦੀ ਲੀਹੇ ਚੱਲ ਰਹੇ ਹਨ, ਕੋਈ ਭਰਮ ਨਾ ਖਾ ਜਾਵੇ। ਇਹ ਜੋ ਬੀ ਰਸ ਨਵਾਂ ਆਯਾ ਦਿਸਿਆ ਹੈ ਇਹ ਬੀ ਨਵੀਂ ਗੱਲ ਨਹੀਂ, ਪਿਛਲੇ ਗੁਰਾਂ ਦੀ ਹੀ ਰਜ਼ਾ ਹੈ ਅਰ ਸ਼ਾਂਤਿ ਰਸ ਦੀ ਖ਼ਾਤਰ ਹੈ।

## ੩੨. (ਗੁਰੂ ਤੋਂ ਆਕੀ):

੧. ਜੇਕੋ ਆਪੁ ਗਣਾਇਕੈ ਪਾਤਿਸ਼ਾਹਾ ਤੇ ਆਕੀ ਹੋਵੇ।
੨. ਹੁਇ ਕੱਤਲਾਮੁ ਹਰਾਮੁਖੋਰ ਕਾਣੁ ਨ ਖਫਣੁ ਚਿਤਾ ਨ ਟੋਵੈ।
੩. ਟਕਸਾਲਹੁ ਬਾਹਰਿ ਘੜੈ ਖੋਟੈ ਹਾਰਾ ਜਨਮੁ ਵਿਗੋਵੈ।
੪. ਲਿਬਾਸੀ ਫੁਰਮਾਣੁ ਲਿਖਿ ਹੋਇ ਨੁਕਸਾਨੀ ਅੰਝੂ ਰੋਵੈ।
੫. ਗਿਦੜ ਦੀ ਕਰਿ ਸਾਹਿਬੀ ਬੋਲਿ ਕੁਬੋਲੁ ਨ ਅਬਿਚਲੁ ਹੋਵੈ।
੬. ਮੁਹਿ ਕਾਲੈ ਗਦਹਿ ਚੜੈ ਰਾਉ ਪੜੇ ਵੀ ਭਰਿਆ ਧੋਵੈ
੭. ਦੂਜੈ ਭਾਇ ਕੁਥਾਇ ਖਲੋਵੈ ॥੩੨॥

**ਪਦਾਰਥ**-(ਲਿਬਾਸੀ ਫੁਰਮਾਣੁ=ਝੂਠਾ ਪਰਵਾਨਾ। ਰਾਉ ਪੜੇ=ਮਿੱਟੀ ਪੈਂਦੀ ਹੈ।

**ਅਰਥ**-੧.ਜਿਹੜਾ ਆਪਣਾ ਆਪ ਗਣਾਕੇ ਪਾਤਸ਼ਾਹਾਂ ਤੋਂ ਆਕੀ ਹੋ ਬੈਠਦਾ ਹੈ ੨.ਉਹ ਹਰਾਮਖੋਰ ਕਤਲ ਕੀਤਾ ਜਾਂਦਾ ਹੈ, ਬਾਲਣ, ਖੱਫਣ, ਚਿਖਾ, ਕਬਰ (ਉਸ ਨੂੰ ਕੁਝ) ਨਹੀਂ ਮਿਲਦਾ, ੩.ਟਕਸਾਲੋਂ ਬਾਹਰ (ਜਿਹੜਾ) ਖੋਟ ਵਾਲਾ (ਪੈਸਾ) ਘੜਦਾ ਹੈ, ਉਹ (ਆਪਣਾ) ਜਨਮ ਗਵਾਉਂਦਾ ਹੈ (ਭਾਵ ਉਸ ਨੂੰ ਸਜ਼ਾ ਮਿਲਦੀ ਹੈ)। ੪.ਝੂਠੇ ਹੁਕਮ ਨਾਮੇ ਲਿਖਣ ਹਾਰਾ ਨੁਕਸਾਨ ਕਰਕੇ (ਪਿੱਛੋਂ) ਹੰਝੂਆਂ ਭਰ ਭਰਕੇ ਰੋਵੇਗਾ (ਵੇਲਾ; ਹੱਥ ਨਹੀਂ ਆਉ)। ੫.ਗਿੱਦੜ ਵਾਂਗੂੰ ਜੋ ਪਾਤਸ਼ਾਹੀ ਕਰਦਾ ਹੈ 'ਕੁਬੋਲ' ਬੋਲਣ ਥੋਂ ਨਾਂ ਟਲੂ, (ਜਿੱਕੁਰ ਗਿਦੱੜ ਲਿਲਾਰੀ ਦੇ ਮੱਟ ਵਿਚ ਰੰਗਿਆ ਗਿਆ ਸੀ, ਉਸਨੂੰ ਸ਼ੇਰ ਸਮਝਕੇ ਮਿਰਗਾਵਲੀ ਨੱਠਣ ਲੱਗੀ, ਹੁਣ ਆਕੜ ਖਾਂ ਬਨ ਦਾ ਪਾਤਸ਼ਾਹ ਹੀ ਬਨ ਬੈਠਾ। ਓੜਕ ਇਕ ਰਾਤ ਜਦੋਂ ਸਾਰੇ ਗਿੱਦੜ ਹੁਆਂ ਹੁਆਂ ਕਰਨ ਲੱਗੇ ਉਹ ਬੀ ਬੋਲ ਉਠਿਆ, ਜਦ ਉਸ ਦੀ ਬੋਲੀ ਪਛਾਤੀ ਤਾਂ ਮਿਰਗਾਵਲੀ ਨੇ ਉਸ ਨੂੰ ਧੱਕੇ ਦੇਕੇ ਬਾਹਰ ਕੱਢਿਆ)। ੬.(ਅਜਿਹਾ ਹੀ ਅੰਤ ਨੂੰ ਉਕਤ ਝੂਠਾ ਲਿਬਾਸੀਆਂ), ਮੂੰਹ ਕਾਲਾ ਕਰਕੇ ਖੋਤੇ ਪੁਰ ਚੜ੍ਹਾਈਦਾ ਹੈ, ਸੁਆਹ ਪੈਂਦੀ (ਤੇ) ਭਰਿਆ ਧੋਂਦਾ ਹੈ (ਭਾਵ ਖਪਦਾ ਹੈ)। ੭.(ਇਸੇ ਤਰ੍ਹਾਂ ਗੁਰੂ ਘਰ ਵਿਚ ਜੋ) ਦੂਜਾ ਭਾਉ (ਪ੍ਰਚਾਰਦਾ ਹੈ, ਸੋ) ਕੁਥਾਉਂ ਖੜੋਂਦਾ ਹੈ।

**ਭਾਵ**-ਇਥੋਂ ਮਲੂਮ ਹੁੰਦਾ ਹੈ ਕਿ ਗੁਰੂ ਜੀ ਦੇ ਗਵਾਲਿਆਰ ਵਾਸ ਸਮੇਂ ਕਈਆਂ ਪਖੰਡੀਆਂ ਨੇ ਝੂਠੇ ਹੁਕਮ ਨਾਮੇ ਤੋਰਕੇ ਨਿਜ ਨੂੰ ਗੁਰੂ ਪ੍ਰਗਟ ਕੀਤਾ ਹੋਣਾ ਹੈ, ਅਰ ਖਸ਼ਟਮ ਗੁਰੂ ਜੀ ਨੂੰ ਸਰੀਰ ਤਯਾਗ ਗਏ ਦੱਸਿਆ ਹੋਣਾ ਹੈ, ਇਸ ਕਰਕੇ ਭਾਈ ਸਾਹਿਬ ਜੀ ਨੇ ਆਕੀ ਦਾ ਦ੍ਰਿਸ਼ਟਾਂਤ ਦੇਕੇ ਉਹਨਾਂ ਦਾ ਪਾਜ ਸਿੱਖੀ ਵਿਚ ਖੋਲ੍ਹ ਦਿਤਾ। ਇਸੇ ਲਈ ਅਗਲੀ ਪਉੜੀ ਵਿਚ ਘਰ ਦੇ ਆਕੀਆਂ ਦਾ ਦ੍ਰਿਸ਼ਟਾਂਤ ਦੱਸ ਦਿੱਤਾ ਹੈ ਕਿ ਜਿਨ੍ਹਾਂ ਨੇ ਵਕਤ ਦੇ ਗੁਰੂ ਦੀ ਆਗਯਾ ਨਹੀਂ ਮੰਨੀਂ ਉਹਨਾਂ ਸੁਖ ਨਹੀਂ ਪਾਇਆ, ਤਾਂ ਕਿ ਸਾਧ ਸੰਗਤ ਵਿਸ਼ੇਸ਼ ਹੁਸ਼ਿਆਰ ਹੋ ਜਾਵੇ।

## ੩੩. (ਗੁਰੂ ਬੰਸਾਵਲੀ ਦੀ ਹਉਂ)।

੧. ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।
੨. ਲਖਮੀਦਾਸਹੁ ਧਰਮਚੰਦ ਪੋਤਾ ਹੁਇਕੈ ਆਪੁ ਗਣਾਇਆ।
੩. ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।
੪. ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।
੫. ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ* ਬਰਲੁ ਚਲਾਇਆ।
੬. ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਕੁਤਾ† ਭਉ ਕਾਇਆ।
੭. ਚੰਦਨ ਵਾਸੁ ਨ ਵਾਸ ਬੋਹਾਇਆ ॥੩੩॥

**ਪਦਾਰਥ**-(ਦਾਸੁ=ਦਾਸੂ। ਦਾਤਾ=ਦਾਤੂ। ਮੀਣਾ=ਮੀਸਣਾ। ਟਢਕ=ਟੇਢਪੁਣੇ। ਬਰਲ=ਸ਼ੁਦਾਪੁਣਾ

**ਅਰਥ**-੧.ਸਿਰੀ ਚੰਦ (ਗੁਰੂ ਨਾਨਕ ਦਾ ਵੱਡਾ ਪੁੱਤ੍ਰ) ਬਾਲ ਜਤੀ ਹੀ ਰਿਹਾ (ਵਿਰਕਤੀ ਪਕੜ ਲੀਤੀ) ਅਰ 'ਬਾਬਾਣਾ ਦੇਹੁਰਾ' (ਅਰਥਾਤ ਗੁਰੂ ਨਾਨਕ ਦਾ ਦੇਹੁਰਾ ਰਾਵੀ ਦੇ ਕੰਢੇ) ਬਣਵਾਕੇ ਬੈਠ ਗਿਆ। (ਭਾਵ ਗੁਰੂ ਕੀ ਆਗਯਾ ਦੇਹੁਰਾ ਬਣਾਉਣ ਦੀ ਨਹੀਂ ਸੀ)।੨.(ਦੂਜੇ ਪੁਤ੍ਰ) ਲਖਮੀ ਦਾਸ ਥੋਂ (ਜੋ ਗ੍ਰਿਹਸਥ ਮਾਰਗ ਵਿਖੇ ਸੀ) ਧਰਮ ਚੰਦ (ਗੁਰੂ ਨਾਨਕ ਦਾ) ਪੋਤਾ ਅਖਾਕੇ ਆਪਣਾ ਆਪ ਗਿਣਾਉਣ ਲੱਗਾ, (ਭਾਵ ਉਸ ਨੇ ਵੀ ਆਪਾ ਨਾ ਛੱਡਿਆ)। ੩.ਦਾਸੂ ਨੂੰ (ਗੋਇੰਦਵਾਲ) ਮੰਜੀ ਪੁਰ ਬੈਠਾ ਦਿੱਤਾ ਅਰ ਦਾਤੂ ਸਿੱਧਾਸਨ ਲਾ ਬੈਠਾ (ਗੱਲ ਕੀ ਗੁਰੂ ਜੀ ਦੇ ਵਕਤ ਦੋਵੇਂ ਪੁੱਤਰ

*ਪਾ :ਤੋਢਕ। †ਪਾ :ਪੁਤਾ।

ਗੱਦੀ ਲਾਇਕ ਨਾ ਹੁੰਦੇ ਹੋਏ, ਆਪੋ ਆਪਣੀ ਵਲ ਸੰਗਤਾਂ ਨਿਵਾਉਣ ਲੱਗੇ)। ੪.ਮੋਹਨ ਕਮਲਾ ਹੋ ਗਿਆ, ਮੋਹਰੀ ਚਉਬਾਰੇ ਦੀ ਟਹਿਲ ਕਰਨ ਲੱਗਾ। ੫.ਪ੍ਰਿਥਿਆ 'ਮੀਣਾ' (ਅਰਥਾਤ ਕਪਟੀ) ਨਿਕਲਿਆ ਟੇਢ ਪੁਣੇ ਕਰ ਕਰਕੇ ਆਪਣਾ ਸੌਦਾਪੁਣਾਂ ਚਲਾ ਦਿੱਤਾ (ਝੂਠੇ ਹੁਕਮ ਨਾਮੇ ਲਿਖ ਭੇਜੇ)। ੬.ਮਹਾਂ ਦੇਉਂ ਨੇ ਹੰਕਾਰ ਕੀਤਾ, (ਉਸ ਨੂੰ ਪ੍ਰਿਥੀਏ ਨੇ) ਬੇਮੁਖ ਕਰਕੇ ਕੁੱਤੇ ਵਾਂਗ ਭਉਕਾਯਾ (ਪਾਠਾਂਤਰ ਪੁੱਤਾਂ ਹੈ ਕਿ ਪੁਤ੍ਰਾਂ ਨੇ ਬੇਮੁਖ ਕਰਕੇ ਉਸ ਨੂੰ ਭਟਕਾਯਾ ਪਰ ਇਹ ਬੀ ਪ੍ਰਸਿੱਧ ਹੈ ਕਿ ਇਸ ਨੇ ਵਿਆਹ ਨਹੀਂ ਸੀ ਕੀਤਾ)। ੭.ਚੰਦਨ ਦੀ ਵਾਸ਼ਨਾ ਨਾਲ ਵਾਂਸ ਸੁਗੰਧਤ ਨਾ ਹੋਇਆ।

**ਭਾਵ**-ਉਪਰ ਕਥੇ ਸੱਜਣ ਚੰਦਣ-ਗੁਰੂ-ਦੇ ਕੋਲ ਰਹਿਕੇ ਵਾਂਸ ਵਾਂਗੂੰ ਹੰਕਾਰੀ ਤੇ ਆਕੀ ਰਹੇ, ਸੋ ਸੁਗੰਧਤ ਨਾ ਹੋਏ। ਇਨ੍ਹਾਂ ਵਿਚ ਮੋਹਰੀ ਪੁੱਤ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਵਿਚ 'ਸਨਮੁਖ' ਲਿਖਿਆ ਹੈ, ਇਸੇ ਕਰਕੇ ਇੱਥੇ ਚਉਬਾਰੇ ਬਨਾਉਣ ਤੋਂ ਮਤਲਬ ਉਸ ਦੀ ਮਨਮੁਖਤਾ ਸਿੱਧ ਕਰਨ ਦਾ ਨਹੀਂ, ਪਰ ਇਹ ਕਿ ਉਸ ਨੇ ਚਉਥੇ ਗੁਰੂ ਨੂੰ ਮੰਨ ਲਿਆ ਕਿ ਗੁਰੂ ਹਨ।

## ੩੪. (ਗੁਰਿਆਈ ਦੀ ਪੀੜ੍ਹੀ)।

੧. ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ।
੨. ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।
੩. ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।
੪. ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ।
੫. ਰਾਮਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲ ਲਇਆ।
੬. ਹਰਿਗੋਵਿੰਦ ਗੁਰੁ ਅਰਜਨਹੁੰ ਆਦਿ ਪੁਰਖ ਆਦੇਸੁ ਕਰਾਇਆ।
੭. ਸੁਝੈ ਸੁਝ ਨ ਲੁਕੈ ਲਕਾਇਆ ॥੩੪॥

**ਪਦਾਰਥ**-(ਬਾਬਾਣੀ=ਗੁਰੂ ਨਾਨਕ ਦੀ। ਪੀੜੀ=ਸੰਪ੍ਰਦਾਯ। ਸੁਝ=ਸੂਰਜ।)

**ਅਰਥ**-੧.ਬਾਬੇ (ਗੁਰੂ ਨਾਨਕ) ਦੀ ਸੰਪ੍ਰਦਾਯ ਤੁਰੀ, (ਜਿਸ ਵਿੱਚ) ਗੁਰੂ ਅਤੇ ਚੇਲੇ ਦਾ ਪ੍ਰੇਮ ਪਰਚਾਰ ਹੋਇਆ। ੨.ਗੁਰੂ ਅੰਗਦ ਗੁਰੂ (ਨਾਨਕ ਦੇ) ਅੰਗ ਥੋਂ ਚੇਲਾ ਅਤੇ ਗੁਰੂ ਇਕ ਜੋਤ ਹੋਏ। ੩.ਗੁਰੂ ਅੰਗਦ ਥੋਂ ਗੁਰੂ ਅਮਰਦਾਸ ਹੋਏ, ਸਤਿਗੁਰੂ ਥੋਂ ਸਤਿਗੁਰ ਸਦਾਏ। (ਭਾਵ ਸਤਿਗੁਰੂ ਨੇ ਬੀ ਸਤਿਗੁਰੂ ਕਿਹਾ)। ੪.ਗੁਰੂ ਅਮਰ ਥੋਂ ਗੁਰੂ ਰਾਮ ਦਾਸ ਗੁਰੂ ਦੀ ਸੇਵਾ ਕਰਕੇ ਗੁਰੂ ਰੂਪ ਹੋ (ਗੁਰੂ ਵਿੱਚ) ਸਮਾਏ (ਭਾਵ ਭਿੰਨ ਭੇਦ ਰੰਚਕ ਨਹੀਂ ਰਿਹਾ)। ੫.ਰਾਮਦਾਸ ਥੋਂ ਗੁਰੂ ਅਰਜਨ ਦੇਵ ਜੀ ਅੰਮ੍ਰਿਤ ਬ੍ਰਿੱਛ ਥੋਂ ਅੰਮ੍ਰਿਤ ਫਲ ਹੀ ਲਗਾ। ੬.ਗੁਰ ਅਰਜਨੋਂ ਗੁਰ ਹਰਿਗੋਬਿੰਦ ਹੋਏ; ਆਦ ਪੁਰਖ ਨੂੰ ਹੀ ਇਨ੍ਹਾਂ ਨੇ ਆਦੇਸ਼ ਕਰਾਇਆ (ਭਾਵ ਇਕ ਅਕਾਲ ਪੁਰਖ ਦਾ ਧਿਆਨ ਦ੍ਰਿੜ ਕਰਕੇ ਹੋਰ ਪੰਥ ਦੂਰ ਹੀ ਰੱਖੇ)। ੭.ਸੂਰਜ ਦਿਸਦਾ ਹੈ ਕਿਸੇ ਦਾ ਲੁਕਾਇਆ ਲੁਕਦਾ ਨਹੀਂ।

**ਭਾਵ**-ਪਿਰਥੀਏ ਨੇ ਝੂਠੇ ਸ਼ਬਦਾਂ ਦਾ ਹਨੇਰਾ ਬਣਾਕੇ ਆਪਣਾ ਜਾਲ ਤੋਰਿਆ, ਪ੍ਰੰਤੂ ਗੁਰੂ ਸੂਰਜ ਅੱਗੇ ਕੋਈ ਪੇਸ਼ ਨਾ ਗਈ। ਇਸ ਵਿਚ ਸਤਿਗੁਰਾਂ ਦਾ ਵਰਣਨ ਕਰਕੇ ਦੱਸਿਆ ਹੈ ਕਿ ਛੀਏ ਇਕ ਰੂਪ ਹਨ, ਕੋਈ ਭੇਦ ਨਹੀਂ ਹੈ, ਅਰ ਗੁਰੁਤਾ ਦੀ ਪੀੜ੍ਹੀ ਚੇਲਾ ਹੋ ਕੇ ਯੋਗਤਾ ਤੇ ਵਾਹਿਗੁਰੂ ਦੀ ਦਾਤ ਨਾਲ ਟੁਰੀ। ਕੋਈ ਮੰਸਾਰਕ ਹੱਕ ਪੁਤ੍ਰ ਆਦਿ ਹੋਣ ਦਾ ਨਹੀਂ ਟੁਰ ਸਕਦਾ।

## ੩੫. (ਕੁਦਰਤ ਵਰਣਨ)।

੧. ਇਕ ਕਵਾਉ ਪਸਾਉ ਕਰਿ ਓਅੰਕਾਰਿ ਕੀਆ ਪਾਸਾਰਾ।
੨. ਕੁਦਰਤਿ ਅਤੁਲ ਨ ਤੋਲੀਐ ਤੁਲਿ ਨ ਤੋਲ ਨ ਤੋਲਣਹਾਰਾ।

੩. ਸਿਰਿ ਸਿਰਿ ਲੇਖੁ ਅਲੇਖ ਦਾ ਦਾਤਿ ਜੋਤਿ ਵਡਿਆਈ ਕਾਰਾ।
੪. ਲੇਖੁ ਅਲੇਖੁ ਨ ਲਖਿਐ ਮਸੁ ਨ ਲੇਖਣਿ ਲਿਖਣਿਹਾਰਾ।
੫. ਰਾਗ ਨਾਦ ਅਨਾਹਦ ਧੁਨੀ ਓਅੰਕਾਰੁ ਨ ਗਾਵਣਹਾਰਾ।
੬. ਖਾਣੀ ਬਾਣੀ ਜੀਅ ਜੰਤੁ ਨਾਵ ਥਾਉ ਅਣਗਣਤ ਅਪਾਰਾ।
੭. ਇਕੁ ਕਵਾਉ ਅਮਾਉ ਹੈ ਕਾਵਡੁ ਵਡਾ ਸਿਰਜਣਹਾਰਾ।
੮. ਸਾਧ ਸੰਗਤਿ ਸਤਿਗੁਰ ਨਿਰੰਕਾਰਾ ॥੩੫॥੨੬॥

**ਪਦਾਰਥ**-(ਤੁਲਿ=ਤੱਕੜੀ। ਤੋਲ=ਵੱਟਾ। ਤੋਲਣਹਾਰਾ=ਤੱਕੜੀ ਵਾਲਾ।)

(ਵਾਰ ਦੀ ਸਮਾਪਤੀ ਵਿਖੇ ਅਕਾਲ ਪੁਰਖ ਦਾ-ਉਸਤਤੀ ਰੂਪੀ-ਮੰਗਲਾਚਰਣ ਲਿਖਦੇ ਹਨ:-)

**ਅਰਥ**-੧.ਇਕ ਵਾਕ ਤੋਂ 'ਓਅੰਕਾਰ' (ਪਰਮਾਤਮਾਂ) ਨੇ ਜਗਤ ਦਾ ਪਸਾਰਾ ਕੀਤਾ ਹੈ। ੨.ਰਚਨਾ ਅਤੱਲ ਹੈ ਤੋਲੀ ਨਹੀਂ ਜਾ ਸਕਦੀ, ਕਿਉਂ ਜੋ ਤੱਕੜੀ ਵਟੇ, ਅਰ ਤੋਲਣਹਾਰਾ (ਤਿੰਨੇ)। ਨਹੀਂ ਹਨ। ੩.ਹਰੇਕ ਦੇ ਸਿਰ ਪੁਰ ਅਲੇਖ ਦਾ ਲੇਖ ਹੈ (''**ਚਲੀ ਲੋਹ ਕਲਮੰ ਲਿਖਿਓ ਲੇਖ ਮਾਥੈ॥**'') ਜੋਤ, ਵਡਿਆਈ (ਸਭ) ਕਰਮ (ਉਸੇ ਦੀ) ਦਾਤ ਹੈ (ਯਥਾ:''**ਦਾਤ ਜੋਤਿ ਖਸਮੈ ਵਡਿਆਈ॥**'') ੪.ਲੇਖੇ ਥੋਂ ਅਲੇਖ ਹੈ, ਲਿਖ ਨਹੀਂ ਸਕਦੇ, ਕਿਉਂ ਜੋ ਸ਼ਾਹੀ, ਲਿਖਣ ਅਰ ਲਿਖਣਹਾਰਾ (ਕੋਈ) ਨਹੀਂ, (ਯਥਾ: ''**ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਣੁ ਨਾ ਜਾਇ॥**'') (ਸ: ਕਬੀਰ-੮੧) ੫.ਰਾਗਾਂ ਦੇ ਨਾਦ ਦੀਆਂ ਅਨਾਹਦ ਧੁਨੀਆਂ ਹੋ ਰਹੀਆਂ ਹਨ, ਤਦ ਬੀ ਓਅੰਕਾਰ (ਦਾ ਰੂਪ ਰੰਗ) ਗਾਉਣ ਵਿਖੇ ਨਹੀਂ ਆ ਸਕਦਾ। ੬.ਖਾਣੀਆਂ ਤੇ ਬਾਣੀਆਂ ਅਣਗਿਣਤ ਹਨ (ਅਰ ਉਨ੍ਹਾਂ ਵਿਖੇ) ਜੀਵ ਜੰਤਾਂ ਦੇ ਨਾਉਂ ਅਤੇ ਥਾਉਂ ਅਪਾਰ ਰਚੇ ਹਨ। ੭.ਇਕ ਵਾਕ (ਜਿਸ ਤੋਂ ਪਸਾਰਾ ਪਸਰਿਆ ਹੈ) ਮਿਣਤਿਓਂ ਬਾਹਰ ਹੈ, ਰਚਣਹਾਰ ਕਿੱਡਾਕੁ ਵਡਾ (ਆਖੀਏ)। ੮.ਸਾਧ ਸੰਗਤ ਵਿਖੇ ''ਸਤਿਗੁਰੂ'' (ਗੁਰੂ ਨਾਨਕ ਦੇਵ) ਨਿਰੰਕਾਰ ਦਾ ਰੂਪ ਹਨ।

# ਵਾਰ ੨੭

੧ਓ ਸਤਿਗੁਰ ਪ੍ਰਸਾਦਿ ॥

## ੧. (ਲੇਲਾ ਮਜਨੂੰ ਆਦਿ ਪ੍ਰੇਮੀ)।

੧. ਲੇਲੈ ਮਜਨੂੰ ਆਸ਼ਕੀ ਚਹੁ ਚਕੀ ਜਾਤੀ।
੨. ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
੩. ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।
੪. ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।
੫. ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।

੬. ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ ॥੧॥

**ਪਦਾਰਥ**-(ਆਸ਼ਕੀ=ਪ੍ਰੀਤ। ਸੋਰਠਿ=ਇਸਤ੍ਰੀ ਦਾ ਨਾਮ। ਬੀਜਾ=ਪੁਰਖ ਦਾ ਨਾਮ।
(ਸੁਘੜਾ=ਚਤੁਰ ਲੋਕ। ਵਾਤੀ=ਮੁਖ। ਨੈ=ਨਦੀ।
(ਪਿਰਮ ਪਰਾਤੀ=ਪ੍ਰੇਮ ਵਿਖੇ ਜੁੜੇ ਹੋਏ।

**ਅਰਥ**-੧.ਲੇਲਾ ਨਾਲ ਮਜਨੂੰ ਦੀ ਪ੍ਰੀਤਿ ਚਾਰੇ ਦਿਸ਼ਾਂ ਵਿਖੇ ਜਾਣੀ ਗਈ, ੨.ਸੋਰਠ (ਨਾਮੇ ਰਾਣੀ) ਅਤੇ ਬੀਜਾ (ਨਾਮੇ ਰਾਜਕੁਮਾਰ ਦਾ, ਜਿਨ੍ਹਾਂ ਨੂੰ ਢੋਲ ਤੇ ਸੰਮੀ ਭੀ ਆਖਦੇ ਹਨ), ਜੱਸ ਸੁਘੜਾਂ ਦੇ ਮੂੰਹ ਚੜ੍ਹਿਆ ਹੋਇਆ ਹੈ। ੩.ਸੱਸੀ ਅਤੇ ਪੁੰਨੂੰ ਜਾਤ ਅਜਾਤ (ਅੱਡੋ ਅੱਡ ਅਣਮਿਲਦੀਆਂ ਜਾਤਾਂ ਦੇ ਹੋਕੇ ਬੀ ਆਪੋ ਵਿਚ) ਪ੍ਰੀਤਵਾਨ ਹੋਏ। ੪.ਮੇਂਹੀਵਾਲ ਦੇ ਵਾਸਤੇ ਸੋਹਣੀ ਰਾਤ ਨੂੰ ਰੋਜ਼ ਨਦੀ ਤਰਕੇ ਮਿਲਣ ਜਾਂਦੀ ਸੀ। ੫.(ਅਜਿਹਾ ਹੀ) ਰਾਂਝਾ ਤੇ ਹੀਰ (ਬੀ) ਕਹੀਦੇ ਹਨ, ਓਹ ਭੀ ਪ੍ਰੇਮ ਵਿਖੇ ਪਏ ਹੋਏ ਹਨ। ੬.(ਪਰ) ਗੁਰੂ ਤੇ ਸਿੱਖਾਂ ਦੀ ਪ੍ਰੀਤ (ਬਹੁਤ ਹੀ ਸ਼੍ਰੇਸ਼ਟ ਹੈ) ਓਹ (ਵਾਹਿਗੁਰੂ ਨੂੰ) ਅੰਮ੍ਰਿਤ ਵੇਲੇ ਗਾਇਨ ਕਰਦੇ ਹਨ।

ਭਾਵ=ਇਹ ਪ੍ਰਸੰਗ ਕੈਮੁਤਕ ਨਯਾਯ ਅਨੁਸਾਰ ਉਪਦੇਸ਼ ਦੇਣ ਲਈ ਭਾਈ ਸਾਹਿਬ ਜੀ ਨੇ ਲਿਖੇ ਹਨ, ਭਾਵ ਏਹ ਕਿ ਵਿਸ਼ੇ ਵਾਸ਼ਨਾ ਅਰ ਰੂਪ ਰੰਗ ਦੇ ਆਸ਼ਕਾਂ ਨੇ ਐਸੇ ਜੱਫਰ ਜਾਲੇ ਹਨ, ਤਾਂ ਗੁਰਸਿਖਾਂ ਨੂੰ ਪ੍ਰੇਮ ਕੈਸਾ ਵਧੀਕ (ਅਡੋਲ) ਹੋਣਾ ਚਾਹੀਦਾ ਹੈ, ਛੀਵੀਂ ਤੁਕ ਦਾ ਭਾਵ ਇਹ ਹੈ ਕਿ ਗੁਰੂ ਤੇ ਸਿੱਖ ਦੀ ਪ੍ਰੀਤ ਇਨ੍ਹਾਂ ਹੱਡ ਚੰਮ ਦੇ ਪ੍ਰੇਮੀਆਂ ਦੇ ਸਦਰਸ਼ ਨਾ ਸਮਝਣੀ, ਕਿਉਂ ਕਿ ਏਹ ਤਾਂ ਕਿਰਤ ਵਿਚ ਫਸੇ ਹਨ,'ਅਰ ਗੁਰੂ ਦੇ ਸਿੱਖ ਕਰਤਾ ਦੇ ਸੱਚੇ ਪ੍ਰੇਮ ਦੇ ਲਹਿਰੇ ਵਿਚ ਅੰਮ੍ਰਿਤ ਵੇਲੇ ਉਠਕੇ ਉਸ ਦੇ ਗੁਣ ਗਾਇਨ ਕਰਦੇ ਹਨ।

## ੨. (ਮੁਰੀਦਾਂ ਦੀ ਪ੍ਰੀਤਿ)।

੧. ਅਮਲੀ ਅਮਲੁ ਨ ਛਡਨੀ ਹੁਇ ਬਹਿਨ ਇਕਠੇ।
੨. ਜਿਉ ਜੂਏ ਜੂਆਰੀਆ ਲਗਿ ਦਾਵ ਉਪਠੇ।
੩. ਚੋਰੀ ਚੋਰ ਨ ਪਲਰਹਿ ਦੁਖ ਸਹਿਨ ਗਰਠੇ।
੪. ਰਹਿਨ ਨ ਗਣਿਕਾ ਵਾੜਿਅਹੁ ਵੇਕਰਮੀ ਲਠੇ।
੫. ਪਾਪੀ ਪਾਪੁ ਕਮਾਵਦੇ ਹੋਇ ਫਿਰਦੇ ਨਠੇ।
੬. ਪੀਰ ਮੁਰੀਦਾ ਪਿਰਹੜੀ ਸਭ ਪਾਪ ਪਣਠੇ॥੨॥

**ਪਦਾਰਥ**-(ਨ ਪਲਰਹਿ=ਤਿਆਗਦੇ ਨਹੀਂ। ਗਰਠੇ=ਗੁਸੇ ਹੋਏ।
(ਵੇਕਰਮੀ=ਮੰਦ ਕਰਮੀ। ਪਣਠੇ=ਦੂਰ ਹੋ ਜਾਂਦੇ ਹਨ।

**ਅਰਥ**-੧.(ਜਿੱਕੁਰ) ਅਮਲੀ ਲੋਕ (ਆਪੋ ਆਪਣੇ) ਅਮਲ ਨੂੰ ਨਹੀਂ ਛੱਡਦੇ, ਕੱਠੇ ਹੋਕੇ ਬੈਠਦੇ ਹਨ (ਅਮਲ ਛਕਣ ਲਈ)। ੨.ਜੂਏ ਵਿਖੇ ਜੁਆਰੀਆਂ ਦੀ ਪ੍ਰੀਤ ਹੈ, ਉਲਟੇ ਦਾਉ ਬੀ ਲਾ ਦਿੰਦੇ ਹਨ (ਭਾਵ ਯੁਧਿਸ਼ਟਰ ਵਾਂਙੂ ਆਪਣੀਆਂ ਤ੍ਰੀਮਤਾਂ ਹਾਰਣ ਤੀਕ ਬੀ ਢਿੱਲ ਨਹੀਂ ਕਰਦੇ)। ੩.ਚੋਰੀ ਨੂੰ ਚੋਰ ਨਹੀਂ ਛਡਦੇ, ਭਾਵੇਂ (ਕੁਟਵਾਲਾਂ ) ਦੇ ਗੁਸੇ ਹੋਏ ਦੁਖ ਬੀ ਸਹਾਰਦੇ ਹਨ, ੪.ਵੇਕਰਮੀ (ਅਰਥਾਤ ਮੰਦ ਕਰਮੀ) ਲੋਕ ਵੇਸਵਾ ਦੇ ('ਵਾੜੇ') ਘਰੋਂ ਨਹੀਂ ਰਹਿ ਸਕਦੇ (ਕਿਉਂ ਜੋ 'ਲੱਠੇ') ਮਨ ਕਰਕੇ ਲੱਟੂ ਰਹਿੰਦੇ ਹਨ (ਯਾ 'ਲੱਠਾਂ' ਸੋਟਿਆਂ ਨਾਲ ਬੀ ਨਹੀਂ ਰੁਕਦੇ)। ੫.(ਗੱਲ ਕੀ ਉਕਤ ਅਮਲੀਆਂ ਆਦਿਕਾਂ ਦੀਆਂ ਪ੍ਰੀਤਾਂ ਵਿਖੇ ਕਈ ਪ੍ਰਕਾਰ ਦੇ ਪਾਪ ਹੁੰਦੇ ਹਨ, ਪ੍ਰੰਤੂ) ੬.ਮੁਰੀਦ ਦੀ ਪੀਰ ਨਾਲ ਪ੍ਰੀਤ ਵਿਖੇ ਸਾਰੇ ਪਾਪ ਨੱਸ ਜਾਂਦੇ ਹਨ।

**ਭਾਵ**-ਇਥੇ ਬੀ ਇਹੋ ਭਾਵ ਹੈ ਕਿ ਜਦ ਪਾਪੀ ਪਾਪ ਨਹੀਂ ਛਡਦੇ, ਭਾਵੇਂ ਅਤਿ ਦੁਖ ਸਹਿਣ, ਤਦ ਪਰਮੇਸ਼ੁਰ ਦੇ ਪਜਾਰਿਆਂ ਦੀ ਪ੍ਰੀਤ ਕਿੰਨੀ ਵਧੀਕ ਲੋੜੀਂਦੀ ਹੈ, ਕਿਉਂਕਿ ਪਹਿਲੀ ਵਿਚ ਤਾਂ ਪਾਪਾਂ ਦਾ ਭਾਰ ਚੜ੍ਹਦਾ ਹੈ ਤੇ ਸਿੱਖਾਂ ਦੀ ਗੁਰੂ ਨਾਲ ਪ੍ਰੀਤ ਕਰਨ ਵਿਚ ਪ੍ਰੀਤ ਦੇ ਅਮੋਲਕ ਰਸ ਦੇ ਸਿਵਾ ਪਾਪਾਂ ਦਾ ਭਾਰ ਉਤਾਰ ਹੁੰਦਾ ਹੈ, ਜੁਗਹ ਜੁਗੰਤਰ ਦੇ ਕਮਾਣੇ ਸਾਫ ਹੋ ਜਾਂਦੇ ਹਨ। ਇਥੇ ਸੰਸਾਰੀਆਂ ਦੀ ਪ੍ਰੀਤ ਦਾ ਤੇ ਰੱਬ ਦੀ ਪ੍ਰੀਤ ਦਾ ਫ਼ਰਕ ਬੀ ਸਾਫ਼ ਹੈ, ਕਿ ਓਹ ਪ੍ਰੀਤ ਤਾਂ ਹੈ, ਪਰ ਪਾਪ ਜਨਕ ਹੈ, ਇਹ ਪ੍ਰੀਤ ਬੀ ਹੈ ਤੇ ਉਨ੍ਹਾਂ ਪਾਪਾਂ ਦੀ ਨਾਸ਼ਕ ਬੀ ਹੈ।

## ੩. (ਮੁਰੀਦਾਂ ਦੀ ਪ੍ਰੀਤਿ)।

੧. ਭਵਰੈ ਵਾਸੁ ਵਿਣਾਸੁ ਹੈ ਫਿਰਦਾ ਫੁਲਵਾੜੀ।
੨. ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ।
੩. ਮਿਰਗ ਨਾਦਿ ਬਿਸਮਾਦੁ ਹਇ ਫਿਰਦਾ ਓਜਾੜੀ।
੪. ਕੁੰਡੀ ਫਾਥੇ ਮਛ ਜਿਉ ਰਸਿ ਜੀਭ ਵਿਗਾੜੀ।
੫. ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ।
੬. ਪੀਰ ਮੁਰੀਦਾ ਪਿਰਹੜੀ ਲਾਇ ਨਿਜ ਘਰਿ ਤਾੜੀ॥੩॥

**ਪਦਾਰਥ**-(ਉਘਾੜੀ=ਖੋਹਲਕੇ ਬਿਸਮਾਦੁ=ਮੋਹਤ।)

**ਅਰਥ**-੧.ਭਵਰ ਦਾ (ਭਾਵੇਂ) ਵਾਸ਼ਨਾ ਕਰਕੇ ਵਿਣਾਸ ਹੀ ਹੋ ਜਾਵੇ, (ਫੇਰ ਬੀ) ਫੁਲਾਂ ਦੀ ਵਾੜੀ ਵਿਖੇ ਫਿਰਦਾ ਰਹਿੰਦਾ ਹੈ, (ਅਜਿਹਾ ਹੀ ਮੁਰੀਦ ਬੀ ਜਗਤ ਦੇ ਕੰਡਿਆਂ ਵੱਲ ਨਾ ਪਰਵਾਹ ਕਰਕੇ ਗੁਰੂ ਜੀ ਦਾ ਤਿਆਗ ਨਹੀਂ ਕਰਦੇ)। ੨.ਪਤੰਗ ਨਿਸੰਗ ਹੋਕੇ (ਦੀਵੇ ਪੁਰ) ਜਲ ਜਾਂਦਾ ਹੈ, (ਫੇਰ ਬੀ) ਅੱਖਾਂ ਉਘਾੜਕੇ (ਸਾਹਮਣੇ ਹੀ ਜਾਂਦਾ) ਹੈ (ਡਰਦਾ ਨਹੀਂ)। ੩.ਮਿਰਗ ਨਾਦ ਪਰ ਮੋਹਤ ਹੋਕੇ ਉਜਾੜਾਂ ਵਿਖੇ ਫਿਰਦਾ ਰਹਿੰਦਾ ਹੈ। ੪.ਕੁੰਡੀ ਵਿਖੇ ਮੱਛ ਫਸ ਜਾਂਦਾ ਹੈ, ਕਿਉਂ ਜੋ ਰਸ ਨੇ ਉਸ ਦੀ ਜੀਭ ਵਿਗਾੜ ਰਖੀ ਹੈ। ੫.ਹਥਣੀ (ਦਾ ਕਲਬੂਤ ਦੇਖਕੇ) ਹਾਥੀ ਫਸ ਜਾਂਦਾ ਹੈ (ਕਈ) ਦਿਹਾੜੀਆਂ ਦੁਖ ਸਹਾਰਦਾ ਹੈ। ੬.ਪੀਰਾਂ ਨਾਲ ਮੁਰੀਦਾਂ ਦੀ ਸੱਖੀ ਪ੍ਰੀਤ ਹੈ, (ਕਿਉਂ ਜੋ) ਨਿਜ (ਘਰ) ਸ੍ਵਰੂਪ ਵਿਖੇ ਸਮਾਧੀ ਲਾ ਛਡਦੇ ਹਨ।

**ਭਾਵ**-ਭਵਰੁ, ਪਤੰਗ, ਮਿਰਗ, ਮੱਛ, ਹਾਥੀ ਜਾਨਵਰ ਹੋਕੇ ਪ੍ਰੀਤ ਐਸੀ ਪੱਕੀ ਕਰਦੇ ਹਨ, ਤਦ ਮਨੁੱਖਾਂ ਨੂੰ ਗੁਰੂ ਨਾਲ ਕਿੰਨੀ ਵਧੀਕ ਲੋੜੀਏ? ਫੇਰ ਉਨ੍ਹਾਂ ਦੀ ਪ੍ਰੀਤ ਦਾ ਅੰਤ ਦੁਖ ਤੇ ਪ੍ਰੀਤ ਦਾ ਆਦਿ ਅਗਯਾਨ ਹੈ। ਮੁਰੀਦਾ ਦੀ ਪ੍ਰੀਤ ਦਾ ਅੰਤ ਸਦਾ ਸੁਖ ਤੇ ਆਦਿ ਸਮਝ ਪੂਰਵਕ ਖਿੱਚੇ ਜਾਣ ਦਾ ਹੈ ਕਿ ਏਹ ਪਰਮਾਨੰਦ ਰੂਪ ਗੁਰੂ ਹਨ, ਅਰ ਮੈਨੂੰ ਆਪਣੇ ਵਿਚ ਖਿੱਚ ਰਹੇ ਹਨ। ਦੂਸਰਾ ਕਟਾਖਯ ਇਹ ਹੈ, ਕਿ ਭਉਰ , ਪਤੰਗ, ਮਿਰਗ, ਮੱਛ, ਹਾਥੀ ਆਪਣੇ ਤੋਂ ਬਾਹਰ ਦੂਏ ਵਿਚ ਫਸਦੇ ਹਨ, ਪਰ ਪੀਰ ਦੇ ਪਜਾਰੇ ਮੁਰੀਦ ਸ੍ਵੈ ਸਰੂਪ ਵਿਚ ਤਾੜੀ ਲਾਉਂਦੇ ਹਨ। ਉਪਦੇਸ਼ ਇਸ ਵਿਚ ਇਹ ਹੈ ਕਿ ਪ੍ਰੀਤ ਦਾ ਨਿਰਬਾਹ ਦੁਖਾਂ ਸੁਖਾਂ ਦੀ ਪਰਵਾਹ ਛਡਕੇ ਕਰਨਾ ਚਾਹੀਦਾ ਹੈ।

## ੪. (ਗੁਰ ਸਿਖ ਪ੍ਰੀਤਿ)।

੧. ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।
੨. ਚਕਵੀ ਸੂਰਜ ਹੇਤ ਹੇ ਮਿਲਿ ਹੋਨਿ ਸੁਖਾਲੇ।
੩. ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵਖਾਲੇ।
੪. ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।


www.sikhbookclub.com

੫. ਨਾਰਿ ਭਤਾਰ ਪਿਆਰੁ ਹੈ, ਮਾਂ ਪੁਤ ਸਮ੍ਹਾਲੇ।
੬. ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ ॥੪॥

**ਪਦਾਰਥ**-(ਤਾਰ=ਤਾੜੀ। ਨਿਹਾਲੇ=ਦੇਖਦਾ ਹੈ। ਹੇਤ=ਪ੍ਰੀਤਿ, ਪ੍ਰੇਮ। (ਨੇਹੁ=ਪ੍ਰੇਮ। ਖਿੜਿ=ਪ੍ਰਸੰਨ ਹੋ ਕੇ।

**ਅਰਥ**-੧.ਚਕੋਰ ਦੀ ਪ੍ਰੀਤ ਚੰਦ੍ਰਮਾਂ ਨਾਲ ਹੈ, ਤਾੜੀ ਲਾਕੇ (ਚੰਦ ਵਲ) ਤੱਕਦਾ ਰਹਿੰਦਾ ਹੈ। ੨.ਚਕਵੀ ਦਾ ਸੂਰਜ ਨਾਲ ਹੇਤ ਹੈ(ਕਿਉਂ ਜੋ ਉਹ ਚੜ੍ਹਦਾ ਹੈ ਤਦੋਂ ਚਕਵੀ ਚਕਵਾ ਆਪੋ ਵਿਖੇ) ਮਿਲਕੇ ਸੁਖੀ ਹੁੰਦੇ ਹਨ। ੩.ਕਵਲ ਦੀ ਪ੍ਰੀਤਿ ਜਲ ਨਾਲ ਜਾਣੀਦੀ ਹੈ ਖਿੜਕੇ (ਪ੍ਰਸੰਨ ਹੋਕੇ) ਮੂੰਹ ਵਿਖਾਲਦਾ ਹੈ (ਭਾਵ ਪਾਣੀ ਬਾਝ ਕੁਮਲਾਂ ਜਾਂਦਾ ਹੈ)। ੪.ਮੋਰ ਅਤੇ ਬੰਬੀਹੇ ਕਾਲੇ ਬੱਦਲਾਂ ਨੂੰ ਵੇਖਕੇ ਬੋਲਦੇ ਹਨ (ਭਾਵ ਪਜਾਰੇ ਨੂੰ ਵੇਖਕੇ ਗੁਟਕਦੇ ਹਨ)। ੫.ਭਰਤਾ ਨਾਲ ਇਸਤ੍ਰੀ ਦਾ ਮੋਹ ਹੈ ਅਰ ਮਾਂ ਨਾਲ ਪੁਤ੍ਰ ਦਾ ਮੋਹ ਹੁੰਦਾ ਹੈ। ੬.ਪੀਰਾਂ ਨਾਲ ਮੁਰੀਦਾਂ ਦੀ (ਜੋ) ਪ੍ਰੀਤ ਹੇ ਸੋ ਓੜਕ ਤੀਕ ਨਿਭਦੀ ਹੈ।

**ਭਾਵ**-ਹੋਰ ਉਕਤ ਪ੍ਰੀਤਾਂ ਅਲਪ ਕਾਲੀ ਹਨ, ਇਕ-ਰਸ ਤੇ ਸਦਾ ਨਹੀਂ ਰਹਿੰਦੀਆਂ, ਫੇਰ ਅਗਯਾਨ ਜਨਕ ਹਨ, ਪਰੰਤੂ ਸਿਖਾਂ ਦੀ ਪ੍ਰੀਤ ਕੇਵਲ ਪਰਮਾਰਥਕ ਹੈ, ਇਸ ਲਈ ਅੰਤ ਤੀਕ ਨਿਭਦੀ ਹੈ ਅਰ ਗਯਾਨ ਪੂਰਬਕ ਹੋਣੇ ਕਰਕੇ ਸਦਾ ਸੁਖਦਾਈ ਹੈ, ਪਰ ਇਨ੍ਹਾਂ ਦ੍ਰਿਸ਼ਟਾਂਤਾਂ ਦੇ ਦੇਣ ਦਾ ਪ੍ਰਯੋਜਨ ਹੈ ਕਿ ਸਿਖ ਦੀ ਪ੍ਰੀਤ ਇਨ੍ਹਾਂ ਪਸ਼ੂਆਂ ਤੋਂ ਬਹੁਤ ਉਚੇਰੀ ਚਾਹੀਏ।

## ੫. (ਪੀਰ ਮੁਰੀਦ ਦੀ ਪ੍ਰੀਤ)।

੧. ਰੂਪੈ ਕਾਮੇ ਦੋਸਤੀ ਜਗ ਅੰਦਰਿ ਜਾਣੀ।
੨. ਭੁਖੇ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ।
੩. ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤ ਭਰਮ ਭਲਾਣੀ।
੪. ਉਘੈ ਸਉੜਿ ਪਲੰਘ ਜਿਉ ਸਭਿ ਰੈਣ ਵਿਹਾਣੀ।
੫. ਸੁਹਣੇ ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ।
੬. ਪੀਰ ਮੁਰੀਦਾਂ ਪਿਰਹੜੀ ਓਹ ਅਕਥ ਕਹਾਣੀ ॥੫॥

**ਪਦਾਰਥ**-(ਸਾਦੈ=ਰੋਟੀ, ਪਰਸਾਦੀ। ਸਉੜਿ=ਤੁਲਾਈ। ਸੁਹਣੇ=ਸੁਪਨੇ ਵਿਖੇ।

**ਅਰਥ**-੧.ਕਾਮੀ ਦੀ ਰੂਪ ਨਾਲ ਪ੍ਰੀਤ ਹੈ (ਇਹ ਗੱਲ) ਜਗਤ ਵਿਖੇ ਜਾਣੀ ਹੋਈ ਹੈ। ੨.ਭੁਖੇ ਪੁਰਖ ਦੀ ('ਸਾਦੈ') ਰੋਟੀ ਨਾਲ ਪ੍ਰੀਤ ਹੈ, ਇਹ (ਜਗਤ ਵਿਚ ਪਰਤੱਖ) ਵਰਤ ਰਹੀ ਹੈ, ੩.ਲਾਲਚੀ ਦੀ ਮਾਲ ਨਾਲ (ਪ੍ਰੀਤਿ ਅਜਿਹੀ ਕਿ 'ਘੁਲ ਮਿਲ' ਕਹੀਏ) ਰਲ ਮਿਲਕੇ ('ਮਿਚਲ') ਅਭੇਦ ਹੋਕੇ ਇਸੇ ਭਰਮ ਵਿਖੇ ਭੁੱਲ ਰਿਹਾ ਹੈ (ਕਿ ਰਾਤ ਨੂੰ ਮਾਲ ਦੇ ਹੀ ਸੁਪਨੇ ਆਉਂਦੇ ਹਨ) । ੪.ਨਿੰਦ੍ਰਾਲੂ ਨੂੰ ਜਿੱਕੁਰਾਂ 'ਸਉੜ' ਤੇ ਪਲੰਘ ਪਿਆਰਾ ਹੈ (ਤੇ ਇਵੇਂਹੀ ਉਸ ਦੀ) ਸਾਰੀ ਰਾਤ ਗੁਜਰ ਜਾਂਦੀ ਹੈ। ੫.ਸੁਪਨੇ ਵਿਖੇ ਸਾਰੇ (ਓਹ) ਰੰਗ ਮਾਣੀਦੇ ਹਨ, (ਕਈ ਪਰਕਾਰ ਦੇ) ਅਚਰਜ ਕੌਤਕ (ਜੋ) (ਲੱਗ) ਕਰਕੇ (ਕਰੀਦੇ ਹਨ)। ੬.ਪੀਰ ਨਾਲ ਮੁਰੀਦਾਂ ਦੀ (ਜਿਹੜੀ) ਪ੍ਰੀਤਿ ਹੈ ਓਹ ਅਕੱਥ ਕਹਾਣੀ ਹੈ।

**ਭਾਵ**-ਉਪਰ ਕਹੀਆਂ ਪ੍ਰੀਤਾਂ ਸਭ ਗਰਜ਼ ਅਰ ਸੁਆਰਥ ਦੀਆਂ ਹਨ, ਨਾਸ਼ੀ ਤੇ ਪਾਪ ਰੂਪ ਹਨ। ਸਿਖ ਦੀ ਪ੍ਰੀਤਿ ਨਿਸ਼ਕਾਮ ਹੈ, ਪੁੰਨ ਰੂਪ ਹੈ, ਤੇ ਸਦਾ ਸਥਿਰ ਹੈ, ਸਦਾ ਵਧਦੀ ਹੈ ਤੇ ਸਦਾ ਉਚੇਰੀ ਜਾਂਦੀ ਹੈ, ਅਰ ਬਿਅੰਤ ਸਾਈਂ ਨਾਲ ਹੈ, ਇਸੇ ਕਰਕੇ ਉਸਦੀ ਕਥਾ ਕਥੀ ਨਹੀਂ ਜਾਂਦੀ। ਦ੍ਰਿਸ਼ਟਾਂਤ ਦੇਣ ਦਾ ਮਤਲਬ ਇਹ ਹੈ ਕਿ ਜਿਕੂੰ ਰੂਪ, ਰੋਟੀ, ਮਾਲ, ਨੀਂਦ ਨਾਲ ਪਿਆਰਿਆਂ ਨੂੰ

ਐਨਾ ਡੂੰਘਾ ਪਿਆਰ ਹੈ ਕਿ ਸੁਪਨੇ ਵਿਚ ਵੀ ਪ੍ਰਿਯ ਵਸਤੂਆਂ ਨੂੰ ਵੇਖਦੇ ਹਨ, ਏਸ ਤਰ੍ਹਾਂ ਮੁਰੀਦਾਂ ਨੂੰ ਪੀਰ ਦੀ ਪ੍ਰੀਤ ਹੁੰਦੀ ਹੈ।

## ੬. (ਪੀਰ ਮੁਰੀਦ ਦੀ ਪ੍ਰੀਤ)।

੧. ਮਾਨਸਰੋਵਰੁ ਹੰਸਲਾ ਖਾਇ ਮਾਣਕ ਮੋਤੀ।
੨. ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ।
੩. ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ।
੪. ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ।
੫. ਨਦੀਆਂ ਨਾਲੇ ਗੰਗ ਮਿਲਿ ਹੋਨਿ ਛੋਤ ਅਛੋਤੀ।
੬. ਪੀਰ ਮੁਰੀਦਾਂ ਪਿਰਹੜੀ ਇਹ ਖੇਪ ਸਓਤੀ ॥੬॥

**ਪਦਾਰਥ**-(ਸਰੋਤੀ=ਸੁਰ, ਰਾਗ। ਜੋਤੀ=ਪ੍ਰਕਾਸ਼ਮਾਨ। ਛੋਤ ਅਛੋਤੀ=ਅਪਵਿੱਤ੍ਰ ਥੋਂ ਪਵਿਤ੍ਰ। (ਖੇਪ ਸਓਤੀ=ਸੌਦਾ ਸਫਲਾ।

**ਅਰਥ**-੧.ਹੰਸ ਮਾਨਸਰੋਵਰ ਵਿਖੇ ਰਹਿ ਕੇ ਮਾਣਕ ਅਰ ਮੋਤੀ ਚੁਗਦੇ ਹਨ, (ਤਿਹਾ ਹੀ ਮੁਰੀਦ ਲੋਕ ਪੀਰਾਂ ਪਾਸ ਨਿਵਾਸ ਕਰ ਕੇ ਦੈਵੀ ਗੁਣਾਂ ਦਾ ਅਹਾਰ ਕਰਦੇ ਹਨ)। ੨.ਕੋਇਲ ਦੀ ਅੰਬ ਨਾਲ ਪ੍ਰੀਤ ਹੈ, ਮਿੱਠੇ ਮਿੱਠੇ ਬੋਲਾਂ ਦੀ ਸੁਰ ਕੱਢਦੀ ਹੈ। ੩.ਚੰਦਨ ਦੇ ਪਾਸ ਖਲੋਤੀ ਹੋਈ ਵਣਾਸਪਤੀ (ਚੰਦਨ ਦੀ ਹੀ) ਵਾਸ਼ਨਾ ਵਾਲੀ ਹੋ ਜਾਂਦੀ ਹੈ। ੪.ਲੋਹਾ ਪਾਰਸ ਨਾਲ ਮਿਲਕੇ ਸੋਨੇ ਦੇ ਪ੍ਰਕਾਸ਼ ਵਾਲਾ ਹੋ ਜਾਂਦਾ ਹੈ। ੫.ਨਦੀਆਂ ਅਤੇ ਨਾਲੇ ਗੰਗਾ ਦੇ ਨਾਲ ਮਿਲਕੇ ਛੋਤ ਤੋਂ ਅਛੋਂਤ ਹੋ ਜਾਂਦੇ ਹਨ। ੬.ਪੀਰਾਂ ਨਾਲ ਮੁਰੀਦਾਂ ਦੀ ਪ੍ਰੀਤ ਖੇਪ ('ਸਓਤੀ') ਸਫਲੀ ਹੈ।

**ਭਾਵ**-ਹੋਰ ਖੇਪਾਂ ਵਿਖੇ ਬਾਹਲੇ ਘਾਟੇ ਅਰ ਅੱਗ ਚੋਰ ਆਦਿਕਾਂ ਦੇ ਕਸ਼ਟ ਹਨ। ਗੁਰੂ ਨਾਲ ਪ੍ਰੀਤ ਕਰਨ ਵਿਖੇ ਤਿਲ ਦਾ ਮਾਣ ਪ੍ਰਾਪਤ ਹੁੰਦਾ ਹੈ। ਇਥੇ ਜੋ ਦ੍ਰਿਸ਼ਟਾਂਤ ਕਹੇ ਹਨ ਸੋ ਕੁਛਕ ਸਿਖ ਦੀ ਪ੍ਰੀਤ ਦਾ ਰੂਪ ਵਰਣਨ ਕਰਦੇ ਹਨ ਕਿ ਐਉਂ ਸਿਖ ਗੁਰੂ ਨੂੰ ਮਿਲਕੇ ਪਵਿਤ੍ਰ ਪਾਵਨ ਤੇ ਸੁਖ ਰੂਪ ਹੋ ਜਾਂਦੇ ਹਨ।

## ੭.ਸੱਚਾ ਸਾਕ)।

੧. ਸਾਹੁਰੁ ਪੀਹਰੁ ਪਖ ਤ੍ਰੈ ਘਰੁ ਨਾਨੇਹਾਲਾ।
੨. ਸਹੁਰਾ , ਸਸੁ ਵਖਾਣੀਐ ਸਾਲੀ ਤੈ ਸਾਲਾ।
੩. ਮਾ ਪਿਉ ਭੈਣਾਂ ਭਾਇਰਾ ਪਰਵਾਰ ਦੁਰਾਲਾ।
੪. ਨਾਨਾ ਨਾਨੀ ਮਾਸੀਆਂ ਮਾਮੇ ਜੰਜਾਲਾ।
੫. ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ।
੬. ਪੀਰੁ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ ॥੭॥

**ਪਦਾਰਥ**-(ਪੀਹਰੁ=ਪੇਕਾ ਘਰ। ਨਾਨੇਹਾਲਾ=ਨਾਨਕੇ। (ਦੁਰਾਲਾ=ਬਹੁਤਾ। ਪਰਵਾਲਾ=ਮੂੰਗੇ, ਗੁੱਲੀਆਂ।

**ਅਰਥ**-੧.ਸਹੁਰਾ, ਪੇਕਾ ਅਤੇ ਨਾਨਕਾ ਘਰ ਤਿੰਨੇ ਪਾਸੇ (ਸਾਕਾਦਾਰੀ ਦੇ) ਹਨ (ਸਾਹੁਰੇ ਘਰ ਦੇ ਸਾਕ ਕਿਹੜੇ ਹਨ?) ੨.ਸਹੁਰਾ, ਸੱਸ ਅਤੇ ਸਾਲਾ ਕਹੀਦੇ ਹਨ। (ਪੇਕੇ ਘਰ ਦੇ ਸਾਕ ਕਿਹੜੇ ਹਨ?) ੩.ਮਾਂ, ਪਿਉ, ਭੈਣਾਂ, ਭਿਰਾਉ (ਆਦਿ) ਬਾਹਲਾ ਪਰਵਾਰ। ੪.(ਨਾਨਕੇ ਘਰ ਦੇ ਸਾਕ ਦੱਸਦੇ


www.sikhbookclub.com

ਹਨ)ਨਾਨਾ, ਨਾਨੀ, ਮਾਸੀਆਂ, ਮਾਮੇ (ਪਰ ਸਾਰੇ ਸਾਕ) ਜੰਜਾਲ ਰੂਪ ਹਨ। ੫.ਸੋਨਾ, ਰੁਪਾ, ਹੀਰੇ ਅਰ ਗੁਲੀਆਂ ਕੱਠੇ ਕਰੀਦੇ ਹਨ (ਤਦ ਸਾਕਾਦਾਰੀ ਵਿਚ ਨਿਭਦੀ ਹੈ)। ਸੱਚਾ ਸਾਕ ਅਰ ਸੱਚਾ ਧਨ ਕਿਹੜਾ ਹੈ?) ੬.ਪੀਰਾ ਅਤੇ ਮੁਰੀਦਾਂ ਦੀ ਪ੍ਰੀਤ, ਇਹ ਸਾਕ ਸੁੱਖਾਂ ਦਾ ਘਰ ਹੈ।

ਭਾਵ-ਹੋਰ ਸਾਕ ਸਾਰੇ ਆਪਣੇ ਸੁਆਉ ਦੇ ਹੁੰਦੇ ਹਨ, ਅਰ ਹੀਰੇ ਆਦਿ ਧਨ ਦੇ ਸੰਚਨ ਅਰ ਰੱਖਣ ਵਿਖੇ ਨਾਨਾ ਪ੍ਰਕਾਰ ਦੇ ਕਲੇਸ਼ ਹਨ, ਗੁਰੂ ਅਰ ਸਿੱਖ ਦੀ ਪ੍ਰੀਤ ਅਰ ਸਾਕ ਸੁਖ ਰੂਪ ਅਰ ਸੱਚਾ ਹੈ; ਅਥਵਾ ਉਪਰ ਕਥੇ ਸਾਕਾਂ ਦੀ ਪਰਸਪਰ ਪ੍ਰੀਤਿ ਧਨ ਬਿਨਾਂ ਨਹੀਂ ਨਿਭਦੀ, ਪਰ ਗੁਰੂ ਨਾਲ ਪ੍ਰੀਤ ਕਰਨੀ ਇਸ ਗੱਲੇ ਸੁਖੱਲੀ ਹੈ ਕਿ ਉਥੇ ਧਨ ਦੀ ਲੋੜ ਨਹੀਂ।

## ੮, (ਸੱਚਾ ਕੰਮ)।

੧. ਵਣਜੁ ਕਰੈ ਵਾਪਾਰੀਆ ਤਿਤੁ ਲਾਹਾ ਤੋਟਾ।
੨. ਕਿਸਰਾਣੀ ਕਿਸਰਾਣੁ ਕਰਿ ਹੋਇ ਦੁਖਲਾ ਮੋਟਾ।
੩. ਚਾਕੁਰ ਲਗੈ ਚਾਕਰੀ ਰਣਿ ਖਾਂਦਾ ਚੋਟਾ।
੪. ਰਾਜੁ ਜੋਗੁ ਸੰਸਾਰ ਵਿਚਿ ਵਣ ਖੰਡ ਗੜ ਕੋਟਾ।
੫. ਅੰਤਿ ਕਾਲਿ ਜਮਜਾਲੁ ਪੈ ਪਾਏ ਫਲ ਫੋਟਾ।
੬. ਪੀਰ ਮੁਰੀਦਾਂ ਪਿਰਹੜੀ ਹੁਇ ਕਦੇ ਨ ਤੋਟਾ॥੮॥

ਪਦਾਰਥ-(ਲਾਹਾ=ਲਾਭ। ਤੋਟਾ=ਘਾਟਾ। ਫੋਟਾ=ਮਾੜਾ, ਫੁੱਟਣ ਵਾਲਾ।)

ਅਰਥ-੧.ਵਿਹਾਰੀ ਲੋਕ ਵਣਜ ਕਰਦੇ ਹਨ, ਉਨ੍ਹਾਂ ਨੂੰ (ਕਦੀ) ਲਾਭ (ਕਦੀ) ਘਾਟਾ ਪੈ ਜਾਂਦਾ ਹੈ।੨.ਜਿਮੀਂਦਾਰ ਲੋਕ ਖੇਤੀ ਕਰਨ ਵਿਖੇ (ਮੇਹਨਤ ਨਾਲ) ਲਿੱਸੇ (ਤੇ ਫਸਲ ਸਿਰੇ ਚੜ੍ਹਨ ਦੀ ਖੁਸ਼ੀ ਵਿਚ) ਮੋਟੇ ਹੋ ਜਾਂਦੇ ਹਨ। ੩.ਨੌਕਰ ਲੋਕ ਨੌਕਰੀ ਕਰਦੇ ਹਨ (ਅਰ) ਜੁੱਧ ਵਿਖੇ (ਸ਼ਸਤ੍ਰਾਂ ਦੀਆਂ) ਚੋਟਾਂ ਸਹਿੰਦੇ ਹਨ। ੪.ਸੰਸਾਰ ਵਿਚ ਰਾਜਗੜ੍ਹਾਂ ਤੇ ਕੋਟਾਂ (ਅਰਥਾਤ ਕਿਲ੍ਹਿਆਂ ਵਿਖੇ) 'ਜੋਗ' (ਪ੍ਰਾਣਯਾਮ), ਖੰਡਾਂ (ਅਰਥਾਤ ਬਾਨਪ੍ਰਸਥ ਵਿਖੇ) ਹੁੰਦਾ ਹੈ (ਫਲ ਕੀ ਹੁੰਦਾ ਹੈ?) ੫.ਅੰਤ ਦੇ ਸਮੇਂ ਜਮ ਦੀ ਫਾਂਸੀ ਵਿਖੇ ਪੈਕੇ (ਫੋਟਾ') ਫੁੱਟਣ ਵਾਲਾ (ਜਾਂ ਮਾੜਾ) ਫਲ ਭੋਗਦੇ ਹਨ (ਭਾਵ ਚੌਰਾਸੀ ਦੀ ਫਾਂਸੀ ਨਹੀਂ ਮੁਕਦੀ)। ੬.ਪੀਰਾਂ ਅਤੇ ਮੁਰੀਦਾਂ ਦੀ ਪ੍ਰੀਤ ਵਿਖੇ ਕਦੀ ਘਾਟਾ ਨਹੀਂ ਹੁੰਦਾ।

ਭਾਵ-ਇਹ ਪ੍ਰੇਮ ਦਾ ਕੰਮ ਸੁਖਾਲਾ ਹੈ, ਇਸ ਵਿਚ ਘਾਟੇ ਦਾ ਨਾਮ ਮਾਤ੍ਰ ਬੀ ਨਹੀਂ ਹੈ। ਉੱਪਰ ਕਥੇ ਕੰਮਾਂ ਵਿਚ ਦੋ ਪੱਖ ਹਨ, ਪਿਛਲੀ ਵਿਚ ਤਿੰਨ ਪੱਖ ਕਹੇ ਸਨ, ਪਰ ਸਿੱਖਾਂ ਦੀ ਗੁਰੂ ਪ੍ਰੀਤ ਦਾ ਇਕੋ ਪੱਖ ਹੈ, ਉਸ ਵਿਚ ਘਾਟਾ ਕਦੇ ਨਹੀਂ, ਲਾਹੇ ਦਾ ਪੱਖ ਹੀ ਹੈ। ਸਦਾ ਹੀ ਲਾਹਾ ਹੈ।

ਜੋਗ ਨੂੰ ਘਾਟੇ ਵੰਦੇ ਕੰਮਾਂ ਵਿਚ ਇਸ ਲਈ ਗਿਣਿਆਂ ਹੈ ਕਿ ਤਦੋਂ ਜੋਗ ਦਾ ਬੜਾ ਪ੍ਰਚਾਰ ਸੀ, ਸਿੱਧੀਆਂ ਤੇ ਨਾਟਕਾਂ ਲਈ ਹਠ ਯੋਗ ਖੇਲਾਂ ਵਾਂਙ ਕਰਦੇ ਸਨ । ਜੇ ਜੋਗ ਵਿਚ ਪ੍ਰੇਮ ਨਹੀ ਤਾਂ ਜੋਗ ਫੋਕਟ ਕਰਮ ਹੈ, ਤੇ ਜੇ ਪ੍ਰੇਮ ਹੈ ਤਾਂ ਜੋਗ ਦੀ ਲੋੜ ਹੀ ਕੀ ਹੈ?

## ੯. (ਸੱਚਾ ਭੋਗ)।

੧. ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।
੨. ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।
੩. ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।
੪. ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ

੫. ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।
੬. ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ ॥੯॥

**ਪਦਾਰਥ**-(ਭਰਵਾਸੇ=ਆਸਰੇ।)

**ਅਰਥ**-੧.ਅੱਖਾਂ ਨਾਨਾ ਪ੍ਰਕਾਰ ਦੇ ਰੰਗ ਤਮਾਸ਼ੇ ਦੇਖਦੀਆਂ ਹੋਈਆਂ ਰੱਜੀਆਂ ਨਹੀਂ। ੨.ਉਸਤਤੀ ਅਰ ਨਿੰਦਾ ਕੰਨਾ ਨਾਲ ਸੁਣਕੇ ਰੋਂਦੇ ਤੇ ਹੱਸਦੇ ਹਨ (ਸਿੱਟਾ ਕੁਝ ਨਹੀਂ)। ੩.ਜੀਭ ਸੁਆਦਾਂ ਨਾਲ ਕਦੇ ਰੱਜਦੀ ਨਹੀਂ, (ਸੁਆਦਾਂ ਨੂੰ ਚੱਖਕੇ) ਆਨੰਦ ਕਰਦੀ ਹੈ। ੩.ਨੱਕ ਵਾਸ਼ਨਾਂ ਨੂੰ ਲੈਕੇ ਰੱਜਦਾ ਨਹੀਂ, (ਕਿਧਰੇ) ਦੁਰਗੰਧ, (ਕਿਧਰੇ) ਸੁਗੰਧ (ਵਾਸ਼ਨਾ ਹੁੰਦੀ) ਹੈ। ੫.ਰੱਜਕੇ ਕੋਈ ਨਹੀਂ ਉਮਰ ਭੋਗਦਾ, ਝੂਠੇ ਭਰੋਸਿਆਂ (ਵਿਖੇ ਪ੍ਰਾਣੀ ਫਸੇ ਹੋਏ ਮਸਤ ਰਹਿੰਦੇ ਹਨ)। ੬.(ਜਿਨ੍ਹਾਂ) ਮੁਰੀਦਾਂ ਨੇ ਪੀਰਾਂ (ਅਰਥਾਤ ਗੁਰੂ ਨਾਨਕ ਜੀ) ਨਾਲ ਪ੍ਰੀਤ ਕੀਤੀ ਹੈ, ਉਨ੍ਹਾਂ ਦੀ ਰਹੁ ਰੀਤਿ ਸੱਚੀ ਹੈ।

**ਭਾਵ**-ਹੋਰ ਲੋਕ ਝੂਠੇ ਭਰੋਸਿਆਂ ਵਿਖੇ ਹੀ ਉਮਰਾਂ ਹਾਰਦੇ ਹਨ ਅਰ ਵਿਸ਼ਿਆਂ ਥੋਂ ਕਦੇ ਤ੍ਰਿਪਤ ਨਹੀਂ ਹੁੰਦੇ, ਪਰ ਗੁਰੂ ਨਾਲ ਪ੍ਰੀਤ ਜੋ ਹੈ ਸੋ ਸੱਚੀ ਤ੍ਰਿਪਤੀ ਬਖਸ਼ਦੀ ਹੈ।

ਸੂਚਨਾ-ਜੇਹੜੇ ਗਯਾਨ ਅਥਵਾ ਕਰਮੇਂਦ੍ਰਯ ਗੁਰੂ ਜੀ ਦੀ ਸੇਵਾ ਥੋਂ ਬਾਹਰ ਹਨ, ਦਸਵੀਂ ਪਉੜੀ ਵਿਖੇ ਉਨ੍ਹਾਂ ਦਾ ਧਿਕਾਰ ਨਾਲ ਵਰਣਨ ਕਰਦੇ ਹਨ।

## ੧੦. (ਸੱਚੀ ਅੰਗ ਸਫਲਤਾ)।

੧. ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।
੨. ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ।
੩. ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।
੪. ਧ੍ਰਿਗ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।
੫. ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।
੬. ਪੀਰ ਮੁਰੀਦਾ ਪਿਰਹੜੀ ਸੁਖ ਸਤਿਗੁਰ ਸਰਣੀ ॥੧੦॥

**ਪਦਾਰਥ**-(ਤਰਣੀ=ਇਸਤ੍ਰੀ। ਸਰਵਣਿ=ਕੰਨ।)

**ਅਰਥ**-੧.ਧ੍ਰਿਕਾਰ ਹੈ (ਉਸ) ਸਿਰ ਨੂੰ ਜੋ ਗੁਰੂ ਅਗੇ ਨਿਉਂਦਾ ਨਹੀਂ ਅਰ ਗੁਰੂ ਦੀ ਚਰਣੀਂ ਨਹੀਂ ਲਗਦਾ। ੨.ਜੇਹੜੀਆਂ ਅੱਖਾਂ ਗੁਰੂ ਦੇ ਦਰਸ਼ਨ ਥੋਂ ਬਿਨਾਂ ਹਨ ਤੇ ਪਰ ਇਸਤ੍ਰੀਆਂ ਵੱਲ (ਬੁਰੀ ਨਜ਼ਰ) ਤੱਕਦੀਆਂ ਹਨ ਧ੍ਰਿਗ ਹਨ। ੩.ਉਹ ਕੰਨ ਜੋ ਗੁਰੂ ਕੇ ਉਪਦੇਸ਼ ਨੂੰ ਸੁਣਨਾ ਛੱਡ ਕੇ ਗੁਰਾਂ ਵਲ ਪ੍ਰੀਤ ਨਹੀ ਧਾਰਦੇ ਧ੍ਰਿਗ ਹਨ। ੪.(ਉਸ) ਜੀਭ ਨੂੰ ਧ੍ਰਿਗ ਹੈ ਜੋ ਗੁਰੂ (ਨਾਨਕ ਜੀ ਦੀ) ਬਾਣੀ ਨੂੰ ਛੱਡਕੇ ਹੋਰ ਮੰਤਰਾਂ ਨੂੰ ਸਿਮਰਦੀ ਰਹਿੰਦੀ ਹੈ। ੫.ਧ੍ਰਿਗ ਹੈ ਹੱਥਾਂ ਅਤੇ ਪੈਰਾਂ ਨੂੰ ਜੋ (ਗੁਰੂ ਦੀ) ਸੇਵਾ ਛੱਡ ਕੇ ਹੋਰ ਝੂਠੀਆਂ ਅਫਲ (ਸੇਵਾ) ਕਰਦੇ ਰਹਿੰਦੇ ਹਨ। ੬.ਪੀਰਾਂ ਨਾਲ ਮੁਰੀਦਾਂ ਦੀ ਪ੍ਰੀਤ ਹੀ (ਮਫਲ ਸੇਵਾ ਹੈ, ਕਾਰਨ ਕੀ ਹੈ?) ਸਤਿਗੁਰੂ (ਗੁਰੂ ਨਾਨਕ ਦੇਵ ਦੀ) ਸ਼ਰਣ ਵਿਖੇ (ਆਤਮ) ਸੁਖ ਪ੍ਰਾਪਤੀ ਹੁੰਦੀ ਹੈ।

**ਭਾਵ**-ਜੋ ਲੋਕ ਸ਼ਰਧਾਲੂ ਹੋ ਸਤਿਗੁਰੂ ਨਾਲ ਪ੍ਰੀਤ ਕਰਦੇ ਹਨ, ਉਨ੍ਹਾਂ ਦੇ ਸਿਰ, ਨੱਕ, ਕੰਨ ਜੀਭ, ਹੱਥ, ਪੈਰ ਆਦਿ ਸਾਰੇ ਅੰਗ ਸਫਲ ਹੋ ਜਾਂਦੇ ਹਨ, ਕਿਉਂਕਿ ਗੁਰੂ ਪਰਮੇਸ਼ਰ ਨਾਲ ਪਿਆਰ ਕਰਨ ਵਾਲਿਆਂ ਦੀ ਨਾ ਕੇਵਲ ਬ੍ਰਿਤੀ ਬ੍ਰਹਮਾਕਾਰ ਹੋ ਜਾਂਦੀ ਹੇ, ਪਰ ਉਨ੍ਹਾਂ ਦੇ ਇੰਦ੍ਰੇ ਬੀ ਬ੍ਰਹਮਾਕਾਰ ਹੋ ਜਾਂਦੇ ਹਨ ਅਰ ਸੰਸਾਰ ਵਿਚ ਉਪਕਾਰ ਤੋਂ ਸਿਵਾ ਕੁਛ ਨਹੀਂ ਕਰਦੇ। ਗੁਰੂ ਬਿਮੁਖ ਇੰਦ੍ਰੇ ਨਾ ਉਪਕਾਰ ਕਰਦੇ ਹਨ ਨਾ ਵਿਸ਼ਯ ਵਾਸ਼ਨਾਂ ਵਿਚੋਂ ਨਿਕਲਦੇ ਹਨ।

## ੧੧. (ਸੱਚੀ ਲਗਨ)।

੧. ਹੋਰਤੁ ਰੰਗਿ ਨ ਰਚੀਐ ਸਭੁ ਕੂੜੁ ਦਿਸੰਦਾ।
੨. ਹੋਰਤੁ ਸਾਦਿ ਨ ਲਗੀਐ ਹੋਇ ਵਿਸੁਲ ਗੰਦਾ।
੩. ਹੋਰਤੁ ਰਾਗ ਨ ਰੀਝੀਐ ਸੁਣਿ ਸੁਖ ਨ ਲਹੰਦਾ।
੪. ਹੋਰੁ ਬੁਰੀ ਕਰਤੂਤਿ ਹੈ ਲਗੈ ਫਲੁ ਮੰਦਾ।
੫. ਹੋਰਤੁ ਪੰਥਿ ਨ ਚਲੀਐ ਠਗੁ ਚੋਰੁ ਮੁਹੰਦਾ।
੬. ਪੀਰ ਮੁਰੀਦਾਂ ਪਿਰਹੜੀ ਸਚੁ ਸਚਿ ਮਿਲੰਦਾ ॥੧੧॥

**ਪਦਾਰਥ**-(ਰਚੀਐ=ਲੱਗੀਏ। ਵਿਸੁਲ ਗੰਦਾ=ਵਿਹੁ ਦੀਆਂ ਗੰਦਲਾਂ। (ਰੀਝੀਐ=ਮਸਤ ਹੋਣਾ। ਮੁਹੰਦਾ=ਠਗਦੇ ਹਨ।)

**ਅਰਥ**-੧.ਹੋਰ ਰੰਗਾਂ ਵਿਖੇ ਪ੍ਰੀਤ ਨਾ ਕਰੀਏ ਸਾਰੇ (ਰੰਗ) ਕੂੜੇ ਦਿਸਸਦੇ ਹਨ। ੨.ਹੋਰ ਸਵਾਦਾਂ ਵਿਖੇ ਨਾ ਮਨ ਦੇਈਏ, (ਕਿਉਂ ਜੋ ਓਹ ਸਵਾਦ) ਵਿਹੁ ਦੀਆਂ ਗੰਦਲਾਂ ਹਨ (ਜਿਹਾ ਕੁ "**ਫਰੀਦਾ ਏ ਵਿਸੁ ਗੰਦਲ ਧਰੀਆਂ ਖੰਡੁ ਲਿਵਾੜਿ॥**") (ਸ: ਫਰੀ: ੩੭) ੩.ਹੋਰ ਰਾਗਾਂ ਵਿਖੇ (ਗੁਰੂ ਦੇ ਸ਼ਬਦ ਨੂੰ ਛਡਕੇ) ਨਾ ਮਸਤ ਹੋਈਏ, (ਕਿਉਂਕਿ ਸੁਣਨ ਵਾਲੇ ਸੁਖ ਨਹੀਂ ਲੈ ਸਕਦੇ (ਸਗੋਂ ਪਾਪਾਂ ਦੇ ਅਧਿਕਾਰੀ ਹੁੰਦੇ ਹਨ)। ੪.ਹੋਰ ਕਰਤੂਤਾਂ ਬੁਰੀਆਂ ਹਨ (ਉਨ੍ਹਾਂ ਦਾ) ਫਲ ਅੰਤ ਨੂੰ ਮੰਦਾ ਹੀ ਪ੍ਰਾਪਤ ਹੋਊ ("**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥**") (ਮਾਝ: ਮ: ੫: ਬਾਰਹ ਮਾਹਾ-੭) ੫.ਹੋਰ (ਜੋਗੀ, ਜੰਗਮ, ਸਰੇਵੜਿਆਂ ਦੇ) ਪੰਥ ਵਿਖੇ ਨਾ ਤੁਰੀਏ, (ਕਿਉਂ ਜੋ) ਕਾਮ ਕ੍ਰੋਧਾਦਿਕ ਠੱਗ ਅਤੇ ਚੋਰ (ਦੈਵੀ ਗੁਣਾਂ ਦਾ) ਧਨ ਲੁੱਟ ਲੈਂਦੇ ਹਨ। (ਲਾਭਦਾਈ ਪੰਥ ਕਿਹੜਾ ਹੈ?) ੬.ਪੀਰਾਂ ਨਾਲ ਨਿਸ਼ਚੇ ਕਰਕੇ ਪ੍ਰੀਤ ਕਰਨੀ, (ਇਉਂ ਮੁਰੀਦ) ਸੱਚੇ ਪਰਮਾਤਮਾਂ ਨੂੰ ਮਿਲ ਜਾਂਦੇ ਹਨ।

**ਭਾਵ**-ਹੋਰ ਸਾਰੇ ਮੋਹ ਲੈਣ ਵਾਲੇ ਸਾਮਾਨ ਜੋ ਉਪਰ ਕਹੇ ਹਨ ਓਹ ਤਾਂ ਉਨ੍ਹਾਂ ਦੀ ਲਗਨ 'ਕਿਰਤ' ਵਿਚ ਫਸਾਉਂਦੇ ਹਨ, ਤਾਂਤੇ ਵਿਹੁ ਰੂਪ ਹਨ, ਪਰ ਇਕ ਗੁਰੂ ਦੀ ਪ੍ਰੀਤ ਹੈ ਜੋ ਸੱਚੇ ਵਾਹਿਗੁਰੂ 'ਕਰਤਾ' ਨਾਲ ਮਿਲਾਉਂਦੀ ਹੈ, ਤਾਂਤੇ ਇਹੋ ਗ੍ਰਹਣ ਕਰਨੀ ਚਾਹੀਦੀ ਹੈ।

## ੧੨. (ਸੱਚੀ ਲਗਨ)।

੧. ਦੂਜੀ ਆਸ ਵਿਣਾਸੁ ਹੈ ਪੂਰੀ ਕਿਉ ਹੋਵੈ।
੨. ਦੂਜਾ ਮੋਹ ਸੁ ਧ੍ਰੋਹ ਸਭੁ ਓਹੁ ਅੰਤਿ ਵਿਗੋਵੈ।
੩. ਦੂਜਾ ਕਰਮੁ ਸੁਭਰਮ ਹੈ ਕਰਿ ਅਵਗਣ ਰੋਵੈ।
੪. ਦੂਜਾ ਸੰਗੁ ਕੁਢੰਗੁ ਹੈ ਕਿਉਂ ਭਰਿਆ ਧੋਵੈ।
੫. ਦੂਜਾ ਭਾਉ ਕੁਦਾਉ ਹੈ ਹਾਰਿ ਜਨਮੁ ਖਲੋਵੈ।
੬. ਪੀਰ ਮੁਰੀਦਾ ਪਿਰਹੜੀ ਗੁਣ ਗੁਣੀ ਪਰੋਵੈ॥੧੨॥

**ਪਦਾਰਥ**-(ਧ੍ਰੋਹ=ਛਲ ਰੂਪ)

**ਅਰਥ**-੧.ਦੂਜੀ ਆਸਾ ਵਿਖੇ (ਦੇਹ ਦਾ) ਵਿਨਾਸ ਹੋ ਜਾਂਦਾ ਹੈ, ਪੂਰੀ ਕਿੱਕੁਰ ਹੋ ਸਕਦੀ ਹੈ? ੨.ਦੂਜਾ ਮੋਹ ਸਭ ਛਲ ਰੂਪ ਹੈ, ਓਹ ਅੰਤ ਦੁਖ ਦਿੰਦਾ ਹੈ। ੩.ਦੂਜਾ ਕਰਮ ਭਰਮ ਰੂਪ ਹੈ,ਕਰਣਹਾਰੇ ਅਵਗੁਣਾਂ (ਮਾਰੇ) ਰੋਂਦੇ ਹਨ। ੪.ਦੂਜੀ ਸੰਗਤ (ਭਾਵ ਮਨਮੁਖਾਂ ਦੀ ਕੁਸੰਗਤ) ਖੋਟਾ ਢੰਗ ਹੈ, ਪਾਪਾਂ ਨੂੰ ਕਿੱਕੁਰ ਧੋ ਸਕਦੀ ਹੈ? ੫.ਦੂਜਾ ਭਾਉ ਖੋਟਾ ਹੈ, ਜਨਮ ਨੂੰ (ਦੂਜੇ ਭਾਉ ਵਾਲਾ) ਹਾਰ ਖਲੋਂਦਾ ਹੈ। ੬.ਪੀਰ ਅਤੇ ਮੁਰੀਦਾਂ ਦੀ ਪ੍ਰੀਤ ਐਸੀ ਹੈ ਜੋ ਗੁਣਾਂ ਨਾਲ ਪ੍ਰੋਕੇ ਗੁਣੀ ਬਣਾ ਲੈਂਦੀ ਹੈ।

**ਭਾਵ**-ਵਾਹਿਗੁਰੂ ਤੋਂ ਬਿਨਾਂ ਜੋ ਹੋਰ ਭਾਉ ਹੈ ਸੋ ਸਭ ਦੁਖ ਰੂਪ ਹੈ, ਕਿਉਂਕਿ ਨਾਸ਼ਮਾਨਾਂ ਨਾਲ ਹੈ। ਕਰਨ ਵਾਲੇ ਨੂੰ ਵਿਨਾਸ ਤੇ ਵਿਨਾਸ਼ੂ ਹੋਣ ਤੇ ਵਿਛੜਨ ਸਮੇਂ ਦਾ ਭਾਗੀ ਬਣਾਉਂਦੀ ਹੈ, ਇਕ ਗੁਰੂ ਦੀ ਪ੍ਰੀਤ ਦਾ ਇਕੋ ਭਾਵ ਗੁਣਾਂ ਦਾ ਦਾਤਾ ਹੈ ਅਰ ਮੁਕਤੀ ਜਨਕ ਹੈ।

## ੧੩. (ਗੁਰੂ ਜੀ ਦੀ ਪ੍ਰੀਤ ਦਾ ਰੂਪ)।

੧. ਅਮਿਓ ਦਿਸਟਿ ਕਰਿ ਕਛੂ ਵਾਂਗਿ ਭਵਜਲ ਵਿਚ ਰਖੈ।
੨. ਗਿਆਨ ਅੰਸ ਦੇ ਹੰਸ ਵਾਂਗਿ ਬੁਝਿ ਭਖ ਅਭਖੈ।
੩. ਸਿਮਰਣ ਕਰਦੇ ਕੂੰਜ ਵਾਂਗਿ ਉਡਿ ਲਖੈ ਅਲਖੈ।
੪. ਮਾਤਾ ਬਾਲਕ ਹੇਤਿ ਓਹੁ ਸਾਉ ਨ ਚਖੈ।
੫. ਸਤਿਗੁਰ ਪੁਰਖੁ ਦਇਆਲ ਹੈ ਗੁਰ ਸਿਖ ਪਰਖੈ।
੬. ਪੀਰ ਮੁਰੀਦਾਂ ਪਿਰਹੜੀ ਲਖ ਮੁਲੀ ਅਨਿ ਕਖੈ॥੧੩॥

**ਪਦਾਰਥ**-(ਅਮਿਓ ਦਿਸਟਿ=ਕ੍ਰਿਪਾ ਦ੍ਰਿਸ਼ਟੀ। ਅੰਸ=ਬੁੱਧੀ, ਕਿਰਣ। (ਸਾਉ ਨ ਚਖੈ=ਸੁਆਦ, ਖੱਟਾ ਮਿੱਠਾ ਨ ਖਾਣਾ।

**ਅਰਥ**-੧.ਅੰਮ੍ਰਿਤ ਦੀ ਦ੍ਰਿਸ਼ਟੀ ਕਰਕੇ ਕੱਛੂ ਵਾਂਗ ਸੰਸਾਰ ਸਮੁੰਦਰ ਵਿਖੇ (ਗੁਰੂ ਜੀ ਸਿਖ ਦੀ) ਰੱਛਾ ਕਰਦੇ ਹਨ। ੨.ਗਿਆਨ ਦੀ ('ਅੰਸ') ਕਿਰਣ ਜਾਂ ਬੁੱਧਿ ਦੇ ਕਰਕੇ ਹੰਸ ਵਾਂਗੂੰ ਭੱਖ ਅਤੇ ਅਭੱਖ ਦੇ ਭੱਛਨ ਕਰਨ ਦੀ ਬੂਝ (ਸਮਝ) (ਭਾਵ ਤੱਤ ਮਿੱਥਯਾ ਦਾ ਵਿਵੇਚਨ) ਦੱਸਦੇ ਹਨ (ਅਜਿਹਾ ਸਿਖ, ਪਾਣੀ ਤੇ ਦੁੱਧ ਨੂੰ ਵੱਖੋ ਵੱਖ ਕਰਦਾ ਹੈ)। ੩.ਕੂੰਜ ਵਾਂਗ (ਗੁਰੂ ਜੀ ਸਿਖ ਦੀ) ਸਿੰਮ੍ਰਤੀ ਰਖਦੇ ਹਨ. (ਭਾਵੇਂ ਕੂੰਜ) ਲੱਖਾਂ ਕੋਹ ਉੱਡਕੇ ਆਪ ਅਲਖ ਭੀ ਹੋ ਜਾਵੇ (ਪ੍ਰੰਤੂ ਬੱਚਿਆਂ ਨੂੰ ਯਾਦ ਰਖਦੀ ਹੈ)। ੪.ਮਾਤਾ ਪੁਤਰ ਨਾਲ ਪਿਆਰ ਦੇ ਕਾਰਨ ਸਵਾਦਾਂ ਨੂੰ ਨਹੀਂ ਚੱਖਦੀ (ਕਿ ਮੇਰਾ ਪੁਤਰ ਔਖਾ ਨਾ ਹੋਵੇ, ਤਿਵੇਂ ਗੁਰੂ ਸਿਖ ਦੀ ਪ੍ਰਤਿਪਾਲਾ ਤੇ ਰਾਖੀ ਕਰਦੇ ਹਨ)। ੫.ਸਤਿਗੁਰ ਪੁਰਖ (ਗੁਰੂ ਨਾਨਕ ਦੇਵ) ਦਿਆਲ ਮੂਰਤੀ ਹਨ, (ਹਾਂ) ਗੁਰੂ ਜੀ ਸਿਖ ਨੂੰ ਪਰਖ ਲੈਂਦੇ ਹਨ। ੬.ਪੀਰ ਅਤੇ ਮੁਰੀਦਾਂ ਦੀ ਪ੍ਰੀਤ ਲਖਮੁਲੀ ਹੈ (ਭਾਵ ਅਮੋਲਕ ਪਦਾਰਥ ਹੈ) (ਅਨ ਕਖੈ) ਹੋਰ (ਪ੍ਰੀਤਾਂ) ਕੱਖ ਦੇ ਸਮਾਨ (ਭਾਵ ਛੇਤੀ ਟੁੱਟ ਜਾਂਦੀਆਂ) ਹਨ।

**ਭਾਵ**-ਪਿਛੇ ਸਿਖ ਨੂੰ ਪ੍ਰੀਤ ਕਰਨ ਦਾ ਉਪਦੇਸ਼ ਕਰਦੇ ਆਏ ਹਨ। ਏਥੇ ਦੱਸਦੇ ਹਨ ਕਿ ਗੁਰੂ ਜੀ ਦੀ ਦਿਆਲਤਾ ਦਾ ਕੀ ਸਰੂਪ ਹੈ ਕਿ ਓਹ ਇਸ ਪ੍ਰਕਾਰ ਸਿਖ ਦੀ ਪ੍ਰਤਿਪਾਲਾ ਕਰਦੇ ਹਨ। ਯਥਾ:-'**ਸਤਿਗੁਰੁ ਸਿਖ ਕੇ ਬੰਧਨ ਕਾਟੈ।**' (ਸੁਖਮਨੀ)

## ੧੪. (ਗੁਰੂ ਨਾਲ ਪ੍ਰੀਤ ਦਾ ਰੂਪ)।

੧. ਦਰਸਨੁ, ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।
੨. ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।
੩. ਸਾਧ ਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ।
੪. ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ।
੫. ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ।
੬. ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥੧੪॥

**ਪਦਾਰਥ**-(ਜੋਤੀ=ਪ੍ਰਕਾਸ਼ ਰੂਪ। ਲਿਵ=ਸਮਾਧੀ। ਮੀਨ=ਮੱਛੀ। ਬਾਬੀਹਾ=ਚਾਤ੍ਰਿਕ।)

**ਅਰਥ**-੧.(ਗੁਰੂ ਜੀ ਦੇ) ਪ੍ਰਕਾਸ਼ ਦਾ ਦਰਸ਼ਨ ਕਰ ਕੇ ਪਤੰਗ ਵਾਂਗ ਉਸ ਦੇ ਦਰਸ਼ਨ ਦੀ ਜੋਤ

ਵਿਖੇ (ਸਿਖ) ਸਮਾ ਜਾਂਦਾ ਹੈ, ਭਾਵ ਧਿਆਨ ਕਰਕੇ ਤਦਾਕਾਰ ਹੋ ਜਾਂਦਾ ਹੈ)। ੨.ਮਿਰਗ ਵਾਂਗੂੰ ਸ਼ਬਦ ਦੀ ਸੁਰਤ ਵਿਖੇ 'ਲਿਵ' ਸਮਾਧੀ ਲਾਕੇ ਇਕ ਰਸ ਬ੍ਰਿਤੀ ਜੋੜਦਾ ਹੈ (ਭਾਵ ਨਿਵਾਤ ਦੀਪ ਵਤ ਚਿਤ ਸਥਿਰ ਕਰ ਦਿੰਦਾ ਹੈ)। ੩.ਸਾਧ ਸੰਗਤ (ਰੂਪੀ ਸਰੋਵਰ) ਵਿਖੇ ਮੱਛ ਵਤ ਮਗਨ ਹੋਕੇ ਗੁਰੂ ਦੀ ਮਤ ਵਿਖੇ ਸੁਖੀ ਹੁੰਦਾ ਹੈ। ੪.(ਗੁਰੂ ਜੀ ਦੇ) ਚਰਣ ਕਵਲ ਵਿਖੇ ਚਿਤ ਨੂੰ ਭਵਰਾ ਬਣਾਕੇ ਸੁਖ ਨਾਲ (ਅਵਸਥਾ ਰੂਪੀ) ਰਾਤ ਕੱਟਦਾ ਹੈ। ੫.ਗੁਰੂ ਦਾ ਉਪਦੇਸ਼ (ਅਰਥਾਤ ਨਾਮ ਤੇ ਬਾਣੀ) ਕਦੇ ਨਹੀਂ ਵਿਸਰਦੀ, ਚਾਤ੍ਰਿਕ ਵਤ ਧਿਆਉਂਦਾ (ਮੁਖੋਂ ਉਚਾਰਣ ਕਰਦਾ) ਹੈ। ੬.ਮੁਰੀਦ ਲੋਕ ਪੀਰਾਂ ਵਿਖੇ ਪ੍ਰੇਮ ਅਜਿਹਾ ਕਰਦੇ ਹਨ ਕਿ ਉਸ ਵਿਖੇ ਦੁਬਿਧਾ ਦਾ ਖੁਰਾ ਖੋਜ ਨਹੀਂ ਰਹਿੰਦਾ।

**ਭਾਵ**-ਇਥੇ ਸਿਖ ਦੀ ਕਰਣੀ ਦੱਸੀ ਹੈ ਕਿ "**ਗੁਰ ਕਾ ਸਿਖੁ ਬਿਕਾਰ ਤੇ ਹਾਟੈ**" (ਸੁਖਮਨੀ) ਹੋਕੇ ਐਸਾ ਧਿਆਨ, ਲਿਵ, ਸਿੰਮ੍ਰਤੀ ਤੇ ਪ੍ਰੀਤ ਵਿਚ ਦ੍ਰਿੜ ਹੋਵੇ ਕਿ ਦੁਬਿਧਾ ਦੀ ਮੁਸ਼ਕ ਨ ਰਹੇ, ਗੁਰੂ ਹੀ ਗੁਰੂ ਪਿਆ ਜਾਣੇ।

## ੧੫. (ਗੁਰੂ ਸਰਬ ਤੋਂ ਸਮਰੱਥ ਹੈ)।

੧. ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ।
੨. ਹੋਛਾ ਸਾਹੁ ਨ ਕੀਚਈ ਫਿਰ ਪਛੋਤਾਈਐ।
੩. ਸਾਹਿਬੁ ਓਹੁ ਨ ਸੇਵੀਐ ਜਮ ਡੰਡੁ ਸਹਾਈਐ।
੪. ਹਉਮੈ ਰੋਗੁ ਨ ਕਟਈ ਓਹੁ ਵੈਦੁ ਨ ਲਾਈਐ।
੫. ਦੁਰਮਤਿ ਮੈਲੁ ਨ ਉਤਰੈ ਕਿਉ ਤੀਰਥਿ ਨਾਈਐ।
੬. ਪੀਰ ਮੁਰੀਦਾਂ ਪਿਰਹੜੀ ਸੁਖ ਸਹਿਜ ਸਮਾਈਐ ॥੧੭॥

**ਪਦਾਰਥ**-(ਹੋਛਾ=ਕੰਗਲ, ਥੋੜ੍ਹਦਿਲਾ)

**ਅਰਥ**-੧.ਉਸ ਦਾਤੇ ਕੋਲੋਂ ਨਾ ਮੰਗੀਏ ਜੋ 'ਫਿਰ' (ਹੋਰਨਾਂ ਅੱਗੇ) ਮੰਗਣ ਜਾਣਾ ਪਵੇ (ਜਿਹਾ ਕਿ ਚਾਤ੍ਰਿਕ ਭਾਵੇਂ ਪਿਆਸਾ ਹੀ ਮਰ ਜਾਵੇ, ਪਰੰਤੂ ਬੱਦਲ ਪਾਸੋਂ ਹੀ ਸ੍ਵਾਂਤਿ ਬੂੰਦ ਮੰਗਦਾ ਹੈ)। ੨.ਥੋੜ੍ਹਦਿਲਾ ਸ਼ਾਹ ਨਾ ਬਣਾਈਏ (ਨਹੀਂ ਤਾਂ) ਪਿੱਛੋਂ ਪਛੁਤਾਉ ਹੁੰਦਾ ਹੈ, (ਕਿਉਂ ਜੋ ਥੋੜ੍ਹ ਦਿਲੇ ਸ਼ਾਹ ਉਗ੍ਰਾਹੀ ਵੇਲੇ ਪਤ ਉਤਾਰ ਦੇਂਦੇ ਹਨ)੩.ਉਸ ਮਾਲਕ ਦੀ ਸੇਵਾ ਨਾ ਕਰੀਏ ਜਿਸ ਕਰਕੇ ਜਮ ਦਾ ਡੰਡਾ ਸਿਰ ਪੁਰ ਸਹਾਰਨਾ ਪਵੇ (ਜੋ ਪਾਪ ਕਰਾਵੇ ਤੇ ਖੋਟੇ ਕੰਮਾਂ ਦੀ ਨੌਕਰੀ ਲਵੇ)। ੪.ਉਹ ਹਕੀਮ ਨਾ ਲਾਈਏ ਜਿਹੜਾ ਹਉਮੈ ਦਾ ਰੋਗ ਨਾ ਦੂਰ ਕਰੇ। ੫.ਜੇ ਦੁਰਮਤਿ ਦੀ ਮੈਲ ਨਾ ਉਤਰੇ ਤਾਂ ਤੀਰਥਾਂ ਦਾ ਨ੍ਹਾਉਣਾ ਨਿਸ਼ਫਲ ਹੈ। ੬.ਪੀਰ ਅਤੇ ਮੁਰੀਦਾਂ ਦੀ ਪ੍ਰੀਤ ਹੀ (ਵਡਾ ਸਾਧਨ ਹੈ ਕਿਉਂ ਜੋ) ਸਹਜ ਸੁਖ ਵਿਖੇ (ਭਾਵ ਅਚੁੱਤ ਸੁਖ ਵਿਖੇ) ਸਮਾ ਜਾਈਦਾ ਹੈ ।

**ਭਾਵ**-ਇਥੋਂ ਦੇ ਉਪਦੇਸ਼ ਸਾਰੇ ਨੀਤੀ ਵਾਕ ਹਨ ਤੇ ਇੱਧਰ ਪਰਮਾਰਥ ਵਲ ਇਹ ਉਪਦੇਸ਼ ਹੈ ਕਿ ਦਾਤੇ, ਸ਼ਾਹ, ਸਾਹਿਬ, ਵੈਦ, ਤੀਰਥ ਸਭ ਦੀ ਥਾਂ ਗੁਰੂ ਨੂੰ ਸੇਵੀਏ, ਜੋ ਫਲ ਇੱਥੋਂ ਮਿਲਨਗੇ ਉਨ੍ਹਾਂ ਦਾ ਅੰਤ ਇਹ ਹੋਵੇਗਾ ਕਿ ਸਹਜ ਸੁਖ ਵਿਖੇ ਸਮਾ ਜਾਵਾਂਗੇ।

## ੧੬. (ਗੁਰੂ ਪ੍ਰੀਤ ਸਭ ਤੋਂ ਉਚੀ ਹੈ)।

੧. ਮਾਲੁ ਮੁਲਕੁ ਚਤੁਰੰਗ ਦਲ ਦੁਨੀਆ ਪਤਿਸਾਹੀ।
੨. ਰਿਧਿ ਸਿਧਿ ਨਿਧਿ ਬਹੁ ਕਰਾਮਾਤਿ ਸਭ ਖਲਕ ਉਮਾਹੀ।
੩. ਚਿਰੁ ਜੀਵਣੁ ਬਹੁ ਹੰਢਣਾ ਗੁਣ ਗਿਆਨ ਉਗਾਹੀ।
੪. ਹੋਰਸੁ ਕਿਸੇ ਨ ਜਾਣਈ ਚਿਤਿ ਬੇਪਰਵਾਹੀ।
੫. ਦਰਗਹ ਢੋਈ ਨ ਲਹੈ ਦੁਬਿਧਾ ਬਦਰਾਹੀ।

੬. ਪੀਰ ਮੁਰੀਦਾਂ ਪਿਰਹੜੀ ਪਰਵਾਣੁ ਸੁ ਘਾਹੀ ॥੧੬॥

**ਪਦਾਰਥ**-(ਚਤਰੰਗ ਦਲ=ਚਾਰ ਪ੍ਰਕਾਰ ਦੀ ਸੈਨਾ। ਉਮਾਹੀ=ਪ੍ਰੇਮ ਕਰਦੀ ਹੈ।
(ਉਗਾਹੀ=ਸਾਖੀ ਭਰਨੀ। ਬਦਰਾਹੀ=ਖੋਟੇ ਰਾਹ। ਘਾਹੀ=ਘਾਹ ਵਢਣਹਾਰਾ।

**ਅਰਥ**-੧.ਦੌਲਤ ਮੁਲਖ ਤੇ ਚਾਰ ਪ੍ਰਕਾਰ ਦੀ ਸੈਨਾ ਹੋਵੇ (ਅਤੇ ਸਾਰੀ) ਦੁਨੀਆਂ ਦੀ ਪਾਤਸ਼ਾਹਤ (ਕਰੇ)। ੨.ਬਹੁਤੀਆਂ ਰਿਧਾਂ, ਸਿੱਧਾਂ, (ਨਵੇਂ) ਨਿੱਧਾਂ (ਘਰ ਵਿਖੇ ਹੋਣ) ਕਰਾਮਾਤ (ਜਾਣੇ), ਸਾਰੀ ਖਲਕਤ (ਉਸ ਨੂੰ ਦੇਖਕੇ )ਪ੍ਰੇਮ ਭੀ ਕਰੇ (ਜਾਂ ਖਿੜ ਜਾਵੇ)। ੩.ਚਿਰਜੀਵੀ ਹੋਕੇ ਵਡੀ ਉਮਰ ਭੋਗੇ ਅਥਵਾ ਗੁਣੀ, ਗਿਆਨੀ, ਉਸਦੀ ਸਾਖੀ ਭਰਨ (ਕਿ ਇਸ ਜਿਹਾ ਹੋਰ ਕੋਈ ਪੰਡਿਤ ਨਹੀਂ)। ੪.ਹੋਰ ਕਿਸੇ ਨੂੰ ਨਾ ਜਾਣੇ ਅਰ ਚਿੱਤ ਵਿਖੇ ਬੇਪਰਵਾਹੀ ਰੱਖੇ (ਐਸਾ ਮਨੋਂ ਅਲਗਰਜ਼ ਭੀ ਹੋਵੇ)। ੫.ਦਰਗਹ ਵਿਖੇ ਢੋਈ ਨਹੀਂ ਲੈ ਸਕੇਗਾ (ਕਿਉਂ ਜੋ) ਦੁਬਿਧਾ (ਦ੍ਵੈਤ ਵਿਖੇ ਪੈ ਕੇ) ਬਦਰਾਹੀ (ਹੋ ਗਿਆ ਹੈ)। ੬.ਮੁਰੀਦਾਂ (ਵਿੱਚੋਂ ਜੇਹੜਾ ਮੁਰੀਦ ਹੋਕੇ ) ਗੁਰੂ ਨਾਲ ਪ੍ਰੀਤ ਰੱਖੇ (ਭਾਵ ਆਪ) 'ਘਾਹੀ' (ਹੋਵੇ, ਉਹ ਦਰਗਹ ਵਿਖੇ) ਪ੍ਰਮਾਣੀਕ ਹੋਊ।

**ਭਾਵ**-''**ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ॥ਮਿਲੇ ਪ੍ਰਤਖਿ ਗੁਸਾਈਆਂ ਧੰਨਾ ਵਡਭਾਗਾ॥**'' (ਆਸਾ: ਪਨਾ-੨) ਉੱਪਰ ਕਥੇ ਬਲ ਸ਼ਕਤੀ ਪ੍ਰਤਾਪ ਵਾਲਾ ਪੁਰਖ ਖੋਟਿ ਵਿਹਾਝਦਾ ਹੈ, ਅੰਤ ਖੋਟਾ ਹੁੰਦਾ ਹੈ। ਇਸੇ ਕਰਕੇ ਉਸ ਨਾਲੋਂ ਉਹ ਘਾਹੀ ਚੰਗਾ ਹੈ ਜੋ ਗੁਰੂ ਪ੍ਰੀਤੀ ਦੁਆਰਾ ਅਤੇ ਸਾਂਈ ਦੇ ਚਰਨੀਂ ਪ੍ਰਾਪਤ ਹੋਕੇ ਸਹਜ ਸੁਖ ਨੂੰ ਮਾਣਦਾ ਹੈ। ਯਥਾ :-''**ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥ਤਿਸ ਕੀ ਧੂੜ ਮਨ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥**''(ਜੈਤ:ਵਾਰ-੭)

## ੧੭. (ਗੁਰੂ ਨਾਲ ਦਾ ਰੂਪ, ਪ੍ਰੀਤ)।

੧. ਵਿਣੁ ਗੁਰੁ ਹੋਰੁ ਧਿਆਨੁ ਹੈ ਸਭ ਦੂਜਾ ਭਾਉ।
੨. ਵਿਣੁ ਗੁਰ ਸਬਦ ਗਿਆਨੁ ਹੈ ਫਿਕਾ ਆਲਾਉ।
੩. ਵਿਣੁ ਗੁਰ ਚਰਣਾ ਪੂਜਣਾ ਸਭੁ ਕੂੜਾ ਸੁਆਉ।
੪. ਵਿਣੁ ਗੁਰੁ ਬਚਨ ਜੁ ਮੰਨਣਾ ਊਰਾਂ ਪਰਥਾਉ।
੫. ਸਾਧ ਸੰਗਤਿ ਵਿਣੁ ਸੰਗੁ ਹੈ ਸਭੁ ਕਚਾ ਚਾਉ।
੬. ਪੀਰ ਮੁਰੀਦਾਂ ਪਿਰਹੜੀ ਜਿਣਿ ਜਾਣਨਿ ਦਾਉ ॥੧੭॥

**ਪਦਾਰਥ**-(ਆਲਾਉ=ਬਕਵਾਸ। ਊਰਾਂ=ਤੁੱਛ। ਪਰਥਾਉ=ਵਸੀਲਾ।
(ਜਿਣਿ ਜਾਣਨਿ ਦਾਉ=ਜਿਤਣੇ ਦੀ ਜਾਚ ਜਾਣਦੇ ਹਨ,
(ਭਾਵ ਮਾਨੁਖ ਜਨਮ ਸਫਲ ਕਰਦੇ ਹਨ।

**ਅਰਥ**- ੧.ਗੁਰੂ ਦੇ ਬਾਝ ਹੋਰ (ਦੇਵੀ ਦੇਵਤਿਆਂ) ਦੇ ਧਿਆਨ (ਕਰਨ) ਵਿਖੇ ਦੂਜਾ ਭਾਉ ਹੀ ਹੁੰਦਾ ਹੈ, (ਹੋਰ ਸਾਰੇ ਧ੍ਯਾਨ ਵਾਹਿਗੁਰੂ ਤੋਂ ਅਤਿ੍ਕਤ ਥਾਈਂ ਲੈ ਜਾਂਦੇ ਹਨ, ਗੁਰੂ ਧਿਆਨ ਵਾਹਿਗੁਰੂ ਵੱਲ ਲਿਜਾਂਦਾ ਹੈ)। ੨.ਗੁਰੂ ਜੀ ਦੇ ਸ਼ਬਦ ਥੋਂ (ਬਾਹਾਰਾ ਜੋ) ਗਿਆਨ (ਕਰਦਾ ਹੈ) (ਉਹ) ਫਿੱਕਾ ਹੀ ਬਕਵਾਸ ਹੈ (ਕਿਉਂਕਿ ਉਸਦਾ ਰਸ ਨਾਸ਼ੀ, ਇਸਦਾ ਆਤਮ ਰਸ ਅਵਿਨਾਸ਼ੀ ਹੈ)। ੩.ਗੁਰੂ ਦੇ ਚਰਨਾਂ ਥੋਂ ਬਾਝ (ਹੋਰ ਮੜੀਆਂ ਮਸਾਣਾਂ ਵਿਖੇ ਜਾਕੇ ਪੰਜ ਧੂਣੀਆਂ ਜਾਲ ਕਰ) ਪੂਜਾ (ਕਰਣੀਆਂ) ਸਭ ਝੂਠਾ ਹੀ ਪ੍ਰਯੋਜਨ (ਜਾਂ ਸਵਾਦ) ਹੈ (ਫਲ ਸਿੱਧੀ ਕੁਝ ਨਹੀਂ ਹੋਊ, ''**ਜੋ ਪਾਥਰ ਕੀ ਪਾਂਈ ਪਾਇ॥ਤਿਸਕੀ ਘਾਲ ਅਜਾਂਇ ਜਾਂਇ॥**'')(ਭੈਰੋ: ਕਬੀ: ਮ:੫:੧੨) ੪.ਗੁਰੂ ਦੇ ਬਚਨ ਨੂੰ ਛੱਡਕੇ ਹੋਰ (ਮੰਤ੍ਰ ਜਤ੍ਰਾਂ ਦਾ) ਮੰਨਣਾ ਤੁਛ ਵਸੀਲਾ (ਅਥਵਾ ਕਾਰਣ) ਹੈ (ਕਿਉਂ ਜੋ ਉਨ੍ਹਾਂ ਵਿਖੇ ਵਿਸ਼ਯ ਵਧ ਜਾਂਦੇ ਹਨ, ਜੋ ਮੁਕਤੀ ਦੇ ਸਹਾਇਕ ਨਹੀਂ ਹਨ)।੫.ਸ਼ਾਧ ਸੰਗਤ ਦੇ ਬਿਨਾਂ (ਜਿੰਨੀਆਂ) ਸੰਗਤਾਂ ਹਨ ਸਾਰੇ ਕੱਚੇ

ਹੀ ਚਾਉ (ਹੁਲਾਸ) ਹਨ, (ਜਨਮ ਦੀ ਸਫਲਤਾ ਦੇ ਕਾਰਣ ਨਹੀਂ ਹਨ)। ੬.(ਜਿਨ੍ਹਾਂ)ਮੁਰੀਦਾਂ(ਨੇ) ਪੀਰ ਗੁਰੂ (ਨਾਨਕ) ਨਾਲ ਪੱਕੀ ਪ੍ਰੀਤ ਕੀਤੀ ਹੈ ਓਹੀ ਦਾਉ ਦਾ ਜਿੱਤਣਾ ਜਾਣਦੇ ਹਨ (ਇਤਰ ਲੋਕ ਮਨੁਖ ਜਨਮ ਦੀ ਬਾਜ਼ੀ ਹਾਰ ਬੈਠਦੇ ਹਨ)।

**ਭਾਵ**-ਧਿਆਨ, ਗਿਆਨ, ਪੂਜਾ, ਹੁਕਮ ਮੰਨਣਾ, ਸੰਗਤ ਇਹ ਸਾਰੇ ਗੁਰੂ ਨਾਲ ਕੀਤੇ ਯੋਗ ਹਨ, ਕਿਉਂਕਿ ਪਰਮ ਪਦ ਤੇ ਲੈ ਜਾਂਦੇ ਹਨ, ਹੋਰਥੇ ਕੀਤੇ ਟਰਥੇ ਫਸਾਉਂਦੇ ਹਨ, ਕਿਉਂਕਿ ਉਹ ਵਾਹਿਗੁਰੂ ਤੋਂ ਅਤਿਰਿਕਤ ਹਨ ਤੇ ਗੁਰੂ 'ਮਿਤ੍ਰ ਵਿਚੋਲਾ' ਹੈ ਜਿਸਨੂੰ ਮਿਲਿਆਂ ਕੰਤ ਦੀ ਪਛਾਣ ਹੁੰਦੀ ਹੈ।

## ੧੮. (ਗੁਰੂ ਪ੍ਰੀਤ ਹਉਂ ਤੋੜਦੀ ਹੈ)।

੧. ਲਖ ਸਿਆਣਪ ਸੁਰਤਿ ਲਖ ਲਖ ਗੁਣ ਚਤੁਰਾਈ।
੨. ਲਖ ਮਤਿ ਬੁਧਿ ਸੁਧਿ ਗਿਆਨ ਲਖਪਤਿ ਵਡਿਆਈ।
੩. ਲਖ ਜਪ ਤਪ ਲਖ ਸੰਜਮਾ ਲਖ ਤੀਰਥ ਨਾਈ।
੪. ਕਰਮ ਧਰਮ ਲਖ ਜੋਗ ਭੋਗ ਲਖ ਪਾਠ ਪੜਾਈ।
੫. ਆਪੁ ਗਣਾਇ ਵਿਗੁਚਣਾ ਓਹੁ ਥਾਇ ਨ ਪਾਈ।
੬. ਪੀਰ ਮੁਰੀਦਾ ਪਿਰਹੜੀ ਹੋਇ ਆਪੁ ਗਵਾਈ ॥੧੮॥

**ਪਦਾਰਥ**-(ਸੁਰਤਿ=ਗਿਆਤ। ਪੜਾਈ=ਪੜ੍ਹਨਾ। ਵਿਗੁਚਣਾ=ਖਰਾਬ ਹੋਣਾ।

**ਅਰਥ**-੧.ਲੱਖਾਂ ਦਾਨਾਈਆਂ, ਲੱਖਾਂ (ਸੁਰਤੀ) ਗਿਆਤਾਂ, ਲੱਖਾਂ ਗੁਣ ਤੇ ਚਤੁਰਾਈਆਂ। ੨.ਲੱਖਾਂ ਮੱਤਾਂ, ਬੁਧਾਂ, ਸੁਧਾਂ, ਗਿਆਨ, ਧਿਆਨ, ਇੱਜ਼ਤਾਂ ਅਰ ਵਡਿਆਈਆਂ। ੩.ਲੱਖਾਂ ਜਪ, ਤਪ, ਲੱਖਾਂ ਸੰਜਮ ਲੱਖਾਂ ਤੀਰਥਾਂ ਦਾ ਇਸ਼ਨਾਨ ਕਰਨਾ। ੪.ਲੱਖਾਂ ਕਰਮ, ਧਰਮ, ਜੋਗ, ਭੋਗ, ਲੱਖਾਂ ਪਾਠਾਂ ਦਾ ਪੜ੍ਹਨਾ। ੫.(ਇਨ੍ਹਾਂ ਦੇ ਪ੍ਰਾਪਤ ਹੋਣ ਨਾਲ) ਆਪਣਾ ਆਪ ਗਣਾਕੇ ਖਰਾਬ ਹੀ ਹੋਣਾ ਹੈ (ਕਿਉਂ ਜੋ) ਥਾਉਂ ਕੋਈ ਉਹ (ਕਰਮ) ਨਹੀਂ ਪੈਂਦਾ। ੬.ਪੀਰ ਅਤੇ ਮੁਰੀਦ ਦੀ ਪ੍ਰੀਤ ਹੀ (ਪੂਰਣ ਮੁਕਤੀ ਦਾ ਸਾਧਨ ਹੈ ਕਿਉਂ ਜੋ ਇਸ ਵਿਖੇ) ਆਪਾ ਭਾਵ ਗੁਆਚ ਜਾਂਦਾ ਹੈ।

**ਭਾਵ**-ਉਪਰ ਕਥੇ ਸਾਰੇ ਪਦਾਰਥ ਜੇ ਪ੍ਰਾਪਤ ਹੋ ਜਾਣ ਤਾਂ ਸਮਝੋ ਕਿ ਰੇਤ ਥਲੇ ਵਿਚੋਂ ਇਕ ਕਿਣਕਾ ਮਿਲਿਆ ਹੈ, ਪਰ ਜੇ ਭਗਵੰਤ ਮਿਲੇ ਤਾਂ ਸਾਰਾ ਥਲ ਆ ਗਿਆ। ਏਹ ਸਭ ਦਾਤਾਂ ਹਨ ਤੇ ਜੇ ਦਾਤਾਰ ਮਿਲੇ ਤਾਂ ਦਾਤਾਂ ਤੁੱਛ ਹਨ। ਦਾਤਾਂ ਵਿਚ ਇਕ ਹੋਰ ਔਗੁਣ ਹੈ ਕਿ ਦਾਤਾਂ ਪਾ ਕੇ ਆਦਮੀ ਹੰਕਾਰੀ ਹੋ ਜਾਂਦਾ ਹੈ, ਹੰਕਾਰੀ ਵਾਹਿਗੁਰੂ ਨੂੰ ਪ੍ਰਾਪਤ ਨਹੀਂ ਹੋ ਸਕਦਾ। ਗੁਰੂ ਦੀ ਪ੍ਰੀਤ ਹੰਕਾਰ ਤੋੜਦੀ ਹੈ, ਹੰਕਾਰ ਤੁੱਟੇ ਪਰਮੇਸਰ ਸਾਮਰਤੱਖ ਮਿਲ ਪੈਂਦਾ ਹੈ ਤਾਂਤੇ **"ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ"** (ਰਾਮ: ਵਾਰ-੧੫)

## ੧੯. (ਮੁਰੀਦ ਦੀ ਸੇਵਾ ਦਾ ਰੂਪ)।

੧. ਪੈਰੀ ਪੈ ਪਾਖਾਕੁ ਹੋਇ ਛਡਿ ਮਣੀ ਮਨੂਰੀ।
੨. ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।
੩. ਤੁਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।
੪. ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।
੫. ਚੰਦਨੁ ਹੋਵੈ ਸਿਮਲਹੁ ਫਲੁ ਵਾਸੁ ਹਜੂਰੀ।
੬. ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ ॥੧੯॥

**ਪਦਾਰਥ**-ਮਣੀ=ਵਡਿਆਈ। ਮਨੂਰੀ=ਮਨੌਤ, ਮਨੂਰ ਵਾਂਙ ਮਲੀਨ। (ਚੁਲਿ ਝੋਕਿ ਨ ਝੂਰੀ =ਚੁਲ੍ਹੇ ਵਿਚ ਲਕੜੀਆਂ ਝੋਕ ਕੇ ਝੁਰਦੇ ਨਹੀਂ।

**ਅਰਥ**-(ਮੁਰੀਦ ਲੋਕ ਗੁਰੂ ਦੀ ਪੈਰੀਂ ਕਿੱਕੁਰ ਪੈਂਦੇ ਹਨ?)। ੧.(ਗੁਰੂ ਜੀ ਦੇ) ਚਰਣਾਂ ਦੀ ਧੂੜ ਹੋਕੇ ਪੈਰੀਂ ਪੈਂਦੇ ਹਨ, ਵਡਿਆਈ ਅਰ ਮਨੌਤਾਂ ਛੱਡ ਦਿੰਦੇ ਹਨ (ਅਥਵਾ ਮਣੀ ਆਦਿ ਪਦਾਰਥਾਂ ਨੂੰ 'ਮਨੂਰੀ' ਲੋਹੇ ਦੀ ਮੈਲ ਵਾਂਙੂ ਜਾਣਦੇ ਹਨ)। ੨.ਪਾਣੀ (ਭਰਦੇ), ਪੱਖਾ (ਝੱਲਦੇ), (ਚੱਕੀ) ਪੀਹਣ (ਦੀ) ਮਜੂਰੀ ਨਿੱਤ ਕਰਦੇ ਹਨ। ੩.ਤੱਪੜ ਝਾੜ ਕੇ (ਸਾਧ ਸੰਗਤ ਦੇ ਜੋੜ ਮੇਲ ਵਾਸਤੇ) ਵਿਛਾਉਂਦੇ ਹਨ, (ਜਦ ਉਥੋਂ ਵੇਹਲੇ ਹੁੰਦੇ ਹਨ) ਚੁਲ੍ਹੇ ਵਿਖੇ ਲੱਕੜੀਆਂ ਝੋਕਦੇ ਹੋਏ ਝੁਰਦੇ ਨਹੀਂ (ਭਾਵ ਰੰਜਸ਼ ਨਹੀਂ ਮੰਨਦੇ)। ੪.ਮੁਰਦੇ ਵਾਙ ਮੁਰੀਦ (ਨਿਰਮਾਣ) ਹੋਕੇ ਸਿਦਕ ਭਰੋਸਾ ਅਤੇ ਸਬਰ ਰੱਖਦੇ ਹਨ। ੫.ਸਿੰਮਲ (ਦੇ ਬੂਟੇ ਵਾਂਙ ਚੰਨਣ ਦੇ) ਹਜ਼ੂਰ ਰਹਿਣ ਵਾਲ ਚੰਦਨ ਦਾ ਹੀ ਰੂਪ ਹੋਕੇ ਵਾਸ਼ਨਾ ਦਾ ਫਲ ਪਾਉਂਦਾ ਹੈ (ਭਾਵ ਨਾਮ ਦੀ ਵਾਸ਼ਨਾ ਕਰਕੇ ਗੁਰੂ ਨਾਲ ਤੱਦਰੂਪ ਹੋ ਜਾਂਦਾ ਹੈ)। ੬.ਜੋ ਮੁਰੀਦ ਪੀਰਾਂ ਨਾਲ (ਉਕਤ) ਪ੍ਰੀਤ ਕਰਦੇ ਹਨ (ਉਨ੍ਹਾਂ) ਗੁਰਮੁਖਾਂ ਦੀ ਮਤਿ ਪੂਰੀ ਹੈ।

**ਭਾਵ**-ਸਿਖ ਦੀ ਸਰੀਰਕ ਸੇਵਾ ਦਾ ਪ੍ਰਕਾਰ ਦੱਸਿਆ ਹੈ।

## ੨੦. (ਗੁਰ ਸੇਵਾ ਫਲ)।

੧. ਗੁਰ ਸੇਵਾ ਦਾ ਫਲੁ ਘਣਾ ਕਿਨਿ ਕੀਮਤਿ ਹੋਈ।
੨. ਰੰਗ ਸੁਰੰਗੁ ਅਚਰਜੁ ਹੈ ਵੇਖਾਲੈ ਸੋਈ।
੩. ਸਾਦੁ ਵਡਾ ਵਿਸਮਾਦੁ ਹੈ ਰਸੁ ਗੁੰਗੇ ਗੋਈ।
੪. ਉਤਭੁਜ ਦਾਸੁ ਨਿਵਾਸ ਹੈ ਕਰਿ ਚਲਤੁਬ ਸਮੋਈ।
੫. ਤੋਲ ਅਤੋਲੁ ਅਮੋਲੁ ਹੈ ਜਰੈ ਅਜਰੁ ਕੋਈ।
੬. ਪਰ ਮੁਰੀਦਾ ਪਿਰਹੜੀ ਜਾਣੈ ਜਾਣੋਈ ॥੨੦॥

**ਪਦਾਰਥ**-(ਸੁਰੰਗੁ=ਲਾਲ ਰੰਗ, ਸੁਹਣਾ ਰੰਗ। ਵਿਸਮਾਦੁ=ਅਚਰਜ। ਉਤਭੁਜ=ਬਨਸਪਤ।

**ਅਰਥ**-੧.ਗੁਰ ਸੇਵਾ ਦਾ ਫਲ ਬਹੁਤਾ ਹੈ, ਕਿਸ ਪਾਸੋਂ ਕੀਮਤ ਪੈ ਸਕਦੀ ਹੈ? (ਭਾਵ ਕੋਈ ਨਹੀਂ ਪਾ ਸਕਦਾ)। ੨.ਰੰਗਾਂ ਵਿਚੋਂ ਅਚਰਜ (ਸੇਵਾ ਦਾ) ਲਾਲ ਰੰਗ ਹੈ, ਓਹ (ਗੁਰੂ ਹੀ) ਦਿਖਾ ਸਕਦੇ ਹਨ) **'ਲਾਲ ਰੰਗੁ ਤਿਸ ਕਉ ਲਗਾ ਜਿਸਕੇ ਵਡਭਾਗਾ'** (ਬਿਲ: ਮ:੫: ਚਉ-੩੩) ੩.ਸ੍ਵਾਦਾਂ ਵਿਚੋਂ ਵੱਡਾ ਅਚਰਜ ਸ੍ਵਾਦ ਹੈ (ਪਰ) ਰਸ ਗੁੰਗੇ ਦੀ ਬਾਣੀ ਵਿਖੇ ਹੈ (**''ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥''** (ਗਉ: ਕਬੀ-੫੧) ਭਾਵ ਗੁੰਗਾ ਮਨ ਹੀ ਮਨ ਵਿਖੇ ਗੁਟਕਦਾ ਹੈ, ਵਰਣਨ ਨਹੀਂ ਕਰ ਸਕਦਾ)। ੪.ਉਤਭੁਜ (ਆਦਿ ਵਿਖੇ) ਅਰ ('ਵਾਸ') ਸਥਾਨਾਂ ਵਿਖੇ (ਆਤਮਾ ਦਾ) ਨਿਵਾਸ ਹੈ, ਕਿੱਕੁਰ ਜਾਣੀਦਾ ਹੈ?) ਚਲਿਤ੍ਰ ਕਰਕੇ (ਆਪਣੀ ਚੇਤਨ ਸੱਤਾ ਸਭਨਾਂ ਵਿਖੇ) ਸਮਾਈ ਹੈ (ਭਾਵ ਉਸ ਕਰਕੇ ਈਸ਼੍ਵਰ ਦਾ ਗਿਆਨ ਹੁੰਦਾ ਹੈ, **''ਜੋਤੀ ਹੂੰ ਪ੍ਰਭ ਜਾਪਦਾ''** (ਸਿਰੀ: ਮ:੩) ਜਿੱਕੁਰ ਧੁੱਪ ਥੋਂ ਸੂਰਜ ਦਾ ਪਤਾ ਲਗਦਾ ਹੈ ਤਿਹਾ ਹੀ ਚੇਤਨ ਸਤਾ ਥੋਂ ਆਤਮਾ ਦਾ) (ਅਥਵਾ ਚੰਦਨ ਦੀ) ਵਾਸ਼ਨਾ ਦਾ ਨਿਵਾਸ ਕੌਤਕ ਕਰਕੇ ਜਿੰਕੂ ਬਨਾਸਪਤੀ ਵਿਚ ਸਮਾਉਂਦਾ ਹੈ (ਚੰਦਨ ਕਹਿ ਨਹੀਂ ਸਕਦਾ)। ੫.ਤੋਲ ਥੋਂ ਅਤੋਲ ਅਰ ਅਮੋਲਕ ਹੈ,(ਉਸ) ਅਜਰ ਵਸਤੂ ਨੂੰ ਕੋਈ (ਵਿਰਲਾ) ਜਰ ਸਕਦਾ ਹੈ (ਇਹ ਗਿਆਨ ਕਿਸਨੂੰ ਹੁੰਦਾ ਹੈ?) ੬.ਜਿਨ੍ਹਾਂ ਮੁਰੀਦਾਂ ਨੇ ਪੀਰਾਂ ਨਾਲ ਪ੍ਰੇਮ ਕੀਤਾ ਹੈ, ਓਹੀ ਜਾਣਨਹਾਰੇ ਜਾਣਦੇ ਹਨ।

**ਭਾਵ**-ਗੁਰੂ ਦੀ ਕ੍ਰਿਪਾ ਨਾਲ ਦਿਬ ਦ੍ਰਿਸ਼ਟੀ ਹੁੰਦੀ ਹੈ, ਇਸ ਕਰਕੇ ਉੱਚ ਪਦਵੀ ਨੂੰ ਪ੍ਰਾਪਤ ਹੋ ਜਾਂਦੇ ਹਨ, ਓਨ੍ਹਾਂ ਦੀ ਗਤੀ ਅਕਥ ਹੁੰਦੀ ਹੈ।

ਅੰਗੇ ਪ੍ਰਕਾਰ ਦੱਸਦੇ ਹਨ :-


www.sikhbookclub.com

## ੨੧. (ਮੁਰੀਦ ਤਦਰੂਪ ਕਿਕੂੰ ਹੁੰਦਾ ਹੈ?)।

੧. ਚੰਨਣੁ ਹੋਵੈ ਚੰਨਣਹੁ ਕੋ ਚਲਿਤ ਨ ਜਾਣੈ।
੨. ਦੀਵਾ ਬਲਦਾ ਦੀਵਿਅਹੁ ਸਮਸਰਿ ਪਰਵਾਣੈ।
੩. ਪਾਣੀ ਰਲਦਾ ਪਾਣੀਐ ਤਿਸ ਕੇ ਨ ਸਿਞਾਣੈ।
੪. ਭ੍ਰਿੰਗੀ ਹੋਵੈ ਕੀੜਿਅਹ ਕਿਵ ਆਖ ਵਖਾਣੈ।
੫. ਸਪੁ ਛਡੰਦਾ ਕੁੰਜ ਨੋ ਕਟ ਚੋਜ ਵਿਡਾਣੈ।
੬. ਪੀਰ ਮੁਰੀਦਾ (ਪਰਹੜੀ) ਹੈਰਾਣੁ ਹੇਰਾਣੈ ॥੨੧॥

**ਪਦਾਰਥ**-(ਚਲਿਤ=ਕੌਤਕ। ਪਰਵਾਣੈ=ਪਰਵਾਨ, ਮਨਜੂਰ।
(ਹੈਰਾਣੁ ਹੈਰਾਣੈ=ਅਚਰਜ ਤੋਂ ਅਚਰਜ।

**ਅਰਥ**-੧.ਚੰਦਨ ਥੋਂ ਚੰਦਨ ਹੋ ਜਾਂਦਾ ਹੈ, ਕੋਈ ਚਲਿਤ੍ਰ ਨਹੀਂ ਜਾਣ ਸਕਦਾ ਕਿ (ਕਿੱਕੁਰ ਹੁੰਦਾ ਹੈ)। ੨.ਦੀਵੇ ਨਾਲੋਂ ਦੀਵਾ ਪ੍ਰਕਾਸ਼ਦਾ ਹੈ, (ਉਸ ਦੇ) ਬਰਾਬਰ ਹੀ (ਪ੍ਰਕਾਸ਼ ਸਾਰੇ) ਪਰਵਾਨ ਕਰਦੇ ਹਨ। ੩.ਪਾਣੀ ਪਾਣੀ ਵਿਖੇ ਰਲ ਜਾਂਦਾ ਹੈ ਉਸ ਨੂੰ ਕੋਈ ਨਹੀਂ ਸਿਞਾਣਦਾ (ਕਿ ਨਦੀ ਅਤੇ ਤਲਾਉ ਦਾ ਪਾਣੀ ਕਿਹੜਾ ਹੈ?) ੪.ਕੀੜਿਆਂ ਵਿਚੋਂ ਹੀ ਭ੍ਰਿੰਗੀ ਨਾਲ ਮਿਲਕੇ) ਕੀੜਾ (ਭਿੰਗੀ ਦਾ ਰੂਪ ਹੋ ਜਾਂਦਾ ਹੈ, ਕਿੱਕੁਰ ਕੋਈ ਕਹਿ ਸਕਦਾ ਹੈ(ਭਈ ਇਹ ਕੀੜਾ ਹੈ?) ੫.ਸੱਪ ਕੁੰਜ ਨੂੰ ਛੱਡ ਦਿੰਦਾ ਹੈ, ਅਚਰਜ ਕੌਤਕ ਕਰਦਾ ਹੈ, (ਕੋਈ ਭੇਤ ਨਹੀਂ ਪਾ ਸਕਦਾ, ਤਿਵੇਂ ਸਿੱਖ ਗੁਰ ਸੇਵਾ ਨਾਲ ਵਿਸ਼ੇ ਵਾਸ਼ਨਾਂ ਛੱਡ ਦੇਂਦਾ ਹੈ, **"ਸਤਿਗੁਰ ਕੇ ਜਨਮੇ ਗਵਨੁ ਮਿਟਾਇਆ॥"**) (ਰਾਮ:ਮ:੧:ਸਿਧ ਗੋ-੨੦) ੬.ਪੀਰਾਂ ਤੇ ਮੁਰੀਦਾਂ ਦੀ ਪ੍ਰੀਤ ਅਚਰਜ ਥੋਂ ਅਚਰਜ ਹੈ।

**ਭਾਵ**-ਗੁਰੂ ਚੰਦਨ ਨਾਲ ਸਿਖ ਮਿਲਕੇ ਚੰਦਨ ਅਰ ਦੀਵੇ ਨਾਲ ਮਿਲਕੇ ਦੀਪਕ ਰੂਪ ਹੋ ਕੇ ਲੋਕਾਂ ਨੂੰ ਗਿਆਨ ਦਾ ਪ੍ਰਕਾਸ਼ ਕਰਕੇ ਨਾਮ ਦੀ ਵਾਸ਼ਨਾ ਪਾ ਕੇ ਆਪਣੇ ਜਿਹਾ ਕਰ ਲੈਂਦੇ ਹਨ, ਇਸ ਕਰਕੇ ਗੁਰ ਸੇਵਾ ਦਾ ਫਲ ਅਚਰਜ ਰੂਪ ਹੈ, ਕਿਹਾ ਨਹੀਂ ਜਾਂਦਾ।

## ੨੨. (ਆਤਮ ਪ੍ਰਾਪਤੀ ਜੁਗਤ)।

੧. ਫੁਲੀ ਵਾਸੁ ਨਿਵਾਸੁ ਹੈ ਕਿਤੁ ਜੁਗਤਿ ਸਮਾਣੀ।
੨. ਫਲਾ ਅੰਦਰਿ ਜਿਉ ਸਾਦੁ ਬਹੁ ਸਿੰਜੇ ਇਕ ਪਾਣੀ।
੩. ਘਿਉ ਦੁਧ ਵਿਚਿ ਵਖਾਣੀਐ ਕੋ ਮਰਮੁ ਨ ਜਾਣੀ।
੪. ਜਿਉ ਬੈਸੰਤਰੁ ਕਾਠ ਵਿਚਿ ਓਹੁ ਅਲਖ ਵਿਡਾਣੀ।
੫. ਗੁਰਮੁਖਿ ਸੰਜਮਿ ਨਿਕਲੈ ਪਰਗਟੁ ਪਰਵਾਣੀ।
੬. ਪੀਰ ਮੁਰੀਦਾ ਪਿਰਹੜੀ ਸੰਗਤਿ ਕੁਰਬਾਣੀ ॥੨੨॥

**ਪਦਾਰਥ**-(ਮਰਮੁ=ਭੇਦ। ਅਲਖ ਵਿਡਾਣੀ=ਨਾ ਦੇਖਣ ਦਾ ਅਚਰਜ।
(ਸੰਜਮਿ=ਉਪਚਾਰ, ਉਪਾਉ।

**ਅਰਥ**-੧.ਫੁਲਾਂ ਵਿਖੇ ਵਾਸ਼ਨਾ ਦਾ 'ਨਿਵਾਸ' (ਟਿਕਾਉ) ਹੈ (ਪਰੰਤੂ ਇਹ ਨਹੀਂ ਜਾਣੀਦਾ ਭਈ) ਕਿਸ ਜੁਗਤੀ ਨਾਲ ਸਮਾਈ ਹੈ। ੨.ਫਲਾਂ ਵਿਖੇ ਸਵਾਦ ਜਿਵੇਂ ਵੱਖੋ ਵੱਖਰੇ ਹਨ। ਪਾਣੀ ਇਕੋ ਸਿੰਜਿਆ ਜਾਂਦਾ ਹੈ, (ਏਹ ਕੌਤਕ ਕਿਉਂ ਹੈ? ਅਚਰਜ ਹੈ) ੩.ਦੁਧ ਵਿਖੇ ਘਿਉ (ਸਾਰੇ ਲੋਕ) ਆਖਦੇ ਹਨ,(ਪਰੰਤੂ ਇਸ ਗੱਲ ਦਾ 'ਮਰਮ') ਭੇਦ ਕੋਈ ਨਹੀਂ ਜਾਣਦਾ। ੪.ਲੱਕੜੀ ਵਿਖੇ ਜਿਵੇ ਅੱਗ ਰਹਿੰਦੀ ਹੈ, ਓਹ ਨਾ ਦੇਖਣ ਦਾ ਅਚਰਜ ਹੈ (ਭਾਵ ਦਿੱਸਣ ਵਿਚ ਨਹੀਂ ਆਉਂਦੀ) (ਉਕਤ

ਵਸਤਾਂ ਦਾ ਮਰਮ ਕਿੱਕੁਰ ਜਾਪਦਾ ਹੈ? ਪੰਜਵੀਂ ਤੁਕ ਵਿਖੇ ਉੱਤਰ ਦੇਂਦੇ ਹਨ)। ੫.ਗੁਰਮੁਖਾ ਦੇ ਸੰਜਮ ਨਾਲ (ਜੁਗਤ ਨਾਲ ਵਾਸ਼ਨਾਦਿ ਉਕਤ ਵਸਤਾਂ ਵਿਚੋਂ ਸ਼ੁਧ ਆਤਮ ਵਸਤੂ) ਪ੍ਰਗਟ ਹੋ ਜਾਂਦੀ ਹੈ, (ਜਿਸ ਨੂੰ ਸਾਰੇ) ਪਰਵਾਣ ਕਰਦੇ ਹਨ। (ਗੱਲ ਕੀ ਜਿੱਕੁਰ ਫੁਲਾਂ ਵਿਚੋਂ ਰਸ ਅਰ ਲੱਕੜਾ ਵਿਚੋਂ ਅਗਨੀ ਸੰਜਮ ਨਾਲ ਲੋਕ ਕੱਢਦੇ ਹਨ, ਤਿਹਾ ਹੀ ਜਗਯਾਸੂ ਲੋਕ ਗੁਰੂ ਨਾਲ ਮਿਲਕੇ ਗੁਰਬਾਣੀ ਦੇ ਸੰਜਮ ਨਾਲ ਆਤਮਾ ਨੂੰ, ਜੋ ਦੇਹ ਵਿਖੇ ਪ੍ਰਛਿੰਨ ਰੂਪ ਹੋਕੇ ਨਿਵਾਸ ਕਰਦਾ ਹੈ, ਲੱਭ ਲੈਂਦੇ ਹਨ)। ੬.ਗੁਰ ਸਿਖਾਂ ਦੀ ਪ੍ਰੀਤ ਅਚਰਜ ਰੂਪ ਹੈ (ਤਿਸ ਉਪਰੋਂ) ਸੰਗਤ ਕੁਰਬਾਨ ਹੈ (ਅਥਵਾ ਪਾਠਾਂਤ੍ ਗੁਰਬਾਣੀ ਹੈ। ਪੀਰ ਮੁਰੀਦਾਂ ਦੀ ਪ੍ਰੀਤ ਦਾ ਸੰਜਮ ਰੂਪ ਕੀ ਹੈ? ਗੁਰਬਾਣੀ ਅਤੇ ਸਤਿਸੰਗਤ, ਯਾ ਸਤਿਸੰਗ ਕਰਨਾ ਤੇ ਗੁਰਬਾਣੀ ਪੜ੍ਹਨੀ)।

## ੨੩. (ਸਿਰੁ ਦੀਜੈ ਕਾਣ ਨ ਕੀਜੈ)।

੧. ਦੀਪਕ ਜਲੈ ਪਤੰਗ ਵੰਸੁ ਫਿਰਿ ਦੇਖਿ ਨ ਹਟੈ।
੨. ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ।
੩. ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦੁ ਪਲਟੈ।
੪. ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲ ਸੰਘਟੈ।
੫. ਗੁਰਮੁਖਿ ਸੁਖ ਫਲੁ ਪਿਰਮ ਰਸੁ ਬਹੁ ਬੰਧਨ ਕਟੈ।
੬. ਧੰਨੁ ਧੰਨੁ ਗੁਰ ਸਿੱਖ ਵੰਸੁ ਗੁਰਮਤਿ ਨਿਧਿ ਖਟੈ ॥੨੩॥੨੭॥

**ਪਦਾਰਥ**-(ਸੰਘਟੈ=ਜੱਫੀ ਪਾਉਣੀ, ਸੁੰਘਣਾ। ਗੁਰਮਤਿ ਨਿਧਿ=ਆਤਮ ਨਿਧਿ। (ਖਟੈ=ਖੱਟਦੇ ਹਨ।

**ਅਰਥ**-੧.ਦੀਵੇ ਉੱਤੇ ਪਤੰਗਾਂ ਦੀ 'ਵੰਸ਼' (ਉਲਾਦ) ਸੜ ਜਾਂਦੀ ਹੈ (ਹੋਰਨਾਂ ਨੂੰ ਮਰਦਾ) ਦੇਖਕੇ ਬੀ ਨਹੀਂ ਹਟਦੀ। ੨.ਮੱਛ ਨੂੰ ਫੜਕੇ ਪਾਣੀ ਵਿਚੋਂ ਬਾਹਰ ਕੱਢ ਸਿੱਟੀਏ ਤਾਂ ਵੀ ਉਸਦਾ ਪ੍ਰੇਮ (ਪਾਣੀ ਨਾਲ) ਨਹੀਂ ਘਟਦਾ। ੩.ਮਿਰਗ ਜਿਵੇਂ ਘੰਡੇਹੇੜੇ ਦਾ ਨਾਦ (ਲੱਟੂ ਹੋਕੇ ਧਰਤੀ ਪੁਰ) ਲੇਟਦਾ ਸੁਣਦਾ ਹੈ (ਫੜ ਲਓ ਪਰ ਮਸਤੀ ਨਹੀਂ ਛੱਡਦਾ)। ੪.ਭਵਰ ਦਾ ਕਮਲ ਦੀ ਵਾਸ਼ਨਾ ਵਿਖੇ ਵਿਣਾਸ ਬੀ ਹੋਵੇ (ਭਾਵ ਮੁੰਦਿਆ ਬੀ ਜਾਵੇ ਤਦ ਬੀ) ਫੜਕੇ (ਕਵਲ) ਸੁੰਘਦਾ ਹੈ (ਅਥਵਾ ਘੁਟਕੇ ਜੱਫੀ ਪਾਉਂਦਾ ਹੈ, ਪਿਛੇ ਨਹੀਂ ਹਟਦਾ)। ੫.ਗੁਰਮੁਖਾਂ ਦਾ ਪ੍ਰੇਮ ਰਸ ਸੁਖ ਰੂਪ ਫਲ ਹੈ (ਕਿਉਂ ਜੋ) ਬਾਹਲੇ (ਜਨਮ ਮਰਣਾਦਿ) ਬੰਧਨਾ ਨੂੰ ਕਟ ਦਿੰਦਾ ਹੈ, (ਅਥਵਾ ਗੁਰਮੁਖਿ ਆਪਣੇ ਪਿਰਮ ਰਸ ਲਈ ਅਨੇਕ ਬੰਧਨਾਂ ਨੂੰ ਝੱਲ ਜਾਂਦਾ ਹੈ)। ੬.ਗੁਰਸਿਖ ਤੇ ਉਨ੍ਹਾਂ ਦੀ ਵੰਦ ਧੰਨ ਹੈ (ਕਿਉਂ ਜੋ) ਗੁਰੂ ਦੀ ਮਤ (ਸਿਖ੍ਯਾ) ਗ੍ਰਹਣ ਕਰਕੇ ਆਤਮ ਨਿਧੀ ਦਾ ਧਨ ਖੱਟਦੇ ਹਨ( ਹੋਰ ਧਨਾਂ ਨੂੰ ਅੱਗ, ਚੋਰ, ਰਾਜਾ ਦਾ ਡਰ ਰਹਿੰਦਾ ਹੈ, ਪਰ ਇਹ ਧਨ ਨਿਰਭਯ ਦਾ ਕਾਰਣ ਅਰ ਅੰਤ ਨੂੰ ਨਾਲ ਦਾ ਸਾਥੀ ਹੈ)।

**ਭਾਵ**-ਇਸ ਪਉੜੀ ਦੇ ਦ੍ਰਿਸ਼ਟਾਂਤਾਂ ਦਾ ਭਾਵ ਇਹ ਹੈ ਕਿ ਗੁਰੂ ਦੀ ਪ੍ਰੀਤ "**ਸਿਰੁ ਦੀਜੈ ਕਾਣਿ ਨ ਕੀਜੈ**" (ਸ:ਵਾਰਾ:ਵ: ੬-੨੦) ਪਰ ਅਮਲ ਕਰਨਾ ਚਾਹੀਦਾ ਹੈ। ਦ੍ਰਿਸ਼ਟਾਂਤ ਇਹ ਦੱਸਦੇ ਹਨ ਕਿ ਪ੍ਰੀਤ ਕਰਨ ਵਾਲੇ ਬੰਧਨਾਂ ਤੇ ਦੁਖਾਂ ਵਿਚ ਪਏ ਪਰ ਪਿੱਛੇ ਨਹੀਂ ਹਟੇ। ਭਾਈ ਸਾਹਿਬ ਜੀ ਦੱਸਦੇ ਹਨ ਕਿ ਪ੍ਰੀਤ ਕਰਨ ਵਾਲੇ ਬੰਧਨ ਕੱਟੇ ਜਾਂਦੇ ਹਨ, ਹਉਮੈ ਟੁੱਟ ਜਾਂਦੀ ਹੈ, ਫੇਰ ਜੇ ਕੁਝ ਲੋਕ ਧਨ ਸਰੀਰ ਆਦਿ ਤੇ ਕਸ਼ਟ ਆ ਜਾਣ ਤਾਂ ਕੀ ਡਰ ਹੈ, ਜਦ ਮਹਾਨ ਫਲ ਤਿਆਰ ਹੈ? ਐਸੇ ਸਿਖ ਧੰਨ ਹਨ।

# ਵਾਰ ੨੯.

ੴ ਸਤਿਗੁਰ ਪ੍ਰਸਾਦਿ ॥

## ੧. (ਸਿੱਖੀ ਔਖੀ ਪਰ ਅਮੋਲਕ ਹੈ)।

੧. ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।
੨. ਆਖਣਿ ਆਪਖ ਨ ਸਕੀਐ ਲੇਖ ਅਲੇਖ ਨ ਜਾਈ ਲਿਖੀ।
੩. ਗੁਰਮੁਖਿ ਪੰਥੁ ਵਖਾਣੀਐ ਅਪੜਿ ਨ ਸਕੈ ਇਕਤੁ ਵਿਖੀ।
੪. ਸਿਲ ਆਲੂਣੀ ਚਟਣੀ ਤੁਲਿ ਨ ਲਖ ਅਮਿਆ ਰਸ ਇਖੀ।
੫. ਗੁਰਮੁਖਿ ਸੁਖ ਫਲੁ ਪਾਇਆ ਭਾਇ ਭਗਤਿ ਵਿਰਲੀ ਜੁ ਬਿਰਖੀ।
੬. ਸਤਿਗੁਰ ਤੁਠੈ ਪਾਈਐ ਸਾਧ ਸੰਗਤਿ ਗੁਰਮਤਿ ਗੁਰ ਸਿਖੀ।
੭. ਚਾਰਿ ਪਦਾਰਥ ਭਿਖਕ ਭਿਖੀ ॥੧॥

**ਪਦਾਰਥ**-(ਆਖਣਿ=ਵਯਾਖਯਾਨ। ਵਿਖੀ=ਕਦਮ। ਇਖੀ=ਕਮਾਦ।
(ਬਿਰਖੀ=ਬ੍ਰਿਛ, ਭਾਵ ਸਰੀਰ।

**ਅਰਥ**-੧.ਵਾਲ ਥੋਂ ਸੂਖਮ ਕਹੀਦੀ ਹੈ ਅਰ ਤਲਵਾਰ ਦੀ ਧਾਰਾ ਥੋਂ ਤਿੱਖੀ ਸੁਣੀਂਦੀ ਹੈ। ੨.ਅਖਾਣਾਂ ਨਾਲ ਆਖ ਨਹੀਂ ਸਕੀਦੀ ਲੇਖੇ ਤੋਂ ਅਲੇਖ ਹੈ, ਲਿਖੀ ਬੀ ਨਹੀਂ ਜਾ ਸਕਦੀ। ੩.ਗੁਰਮੁਖ ਪੰਥ ਦਾ ਵਯਾਖਯਾਨ ਕਰਦੇ ਹਨ ਕਿ ਇਕ ਕਦਮ ਨਾਲ (ਭਾਵ ਛੇਤੀ) ਨਹੀਂ ਪਹੁੰਚ ਸਕੀਦਾ (ਅਥਵਾ ਸਾਰੇ ਕਦਮ ਭਰਣੇ ਤਾਂ ਕਿਧਰੇ ਰਹੇ ਇਕ ਕਦਮ ਭਰਣਾ ਬੀ ਔਖਾ ਹੈ)। ੪.ਅਲੂਣੀ ਸਿਲਾ ਚੱਟਣੀ ਹੈ (ਇਹ ਤਾਂ), (ਪਰੰਤੂ ਸਿਖੀ ਦੇ ਸਦਰਸ਼) ਗੰਨੇ ਦਾ ਰਸ (ਕੀਹ) ਲੱਖ ਅੰਮ੍ਰਿਤ (ਲੋਕ ਪ੍ਰਸਿੱਧ ਜੋ ਅੰਮ੍ਰਿਤ ਹੈ) ਬੀ ਨਹੀਂ ਹੈ (ਅਥਵਾ ਗੁਰ ਸਿਖੀ ਦੇ ਅੰਮ੍ਰਿਤ ਨੂੰ ਲਖ ਗੰਨੇ ਦਾ ਰਸ ਨਹੀਂ ਪੁੱਜ ਸਕਦਾ)। ੫.ਗੁਰਮੁਖਾਂ ਨੇ ਸੁਖ ਫਲ ਨੂੰ ਪ੍ਰਾਪਤ ਕੀਤਾ ਹੈ (ਕਿਉਂ ਜੋ) 'ਭਾਇ ਭਗਤਿ' ਦਾ (ਫਲ) ਵਿਰਲੇ ਹੀ ਬ੍ਰਿਛਾਂ ਨਾਲ ਲਗਦਾ ਹੈ (ਭਾਵ ਵਿਰਲੇ ਸਰੀਰਾਂ ਵਿਖੇ ਇਟ ਫਲ ਹੁੰਦੇ ਹਨ)। ੬.ਸਤਿਗੁਰ ਦੇ ਤੁਠਿਆਂ ਹੀ ਸਾਧ ਸੰਗਤ ਵਿਖੇ ਗੁਰਮਤਿ ਰੂਪ ਗੁਰਸਿਖੀ ਦਾ ਫਲ ਲੱਭਦਾ ਹੈ (ਕੀ ਓਹ ਹੋਰਨਾਂ ਨੂੰ ਭੀ ਦਿੰਦੇ ਹਨ?)। ੭.ਚਾਰੇ ਪਦਾਰਥਾਂ ਦੇ ਫਲ ਦੀ ਭਿਖਿਆ ਭਿੱਖਕਾਂ (ਜਗਯਾਸੂਆਂ) ਨੂੰ ਦਿੰਦੇ ਹਨ।

## ੨. (ਸਿੱਖੀ ਨਿਸ਼ਕਾਮ ਹੈ)।

੧. ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰ ਸਿਖੁ ਮੰਗੈ।
੨. ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰੁ ਸਿਖੁ ਢਾਕੈ ਟੰਗੈ।
੩. ਕਾਮਧੇਣੁ ਲਖ ਲਖਮੀ ਪਹੁੰਚ ਨ ਹੰਘੈ ਢੰਗਿ ਸੁਢੰਗੈ।
੪. ਲਖ ਪਾਰਸ ਲਖ ਪਾਰਜਾਤ ਹਥਿ ਨ ਛੁਹਦਾ ਫਲ ਨ ਅਭੰਗੈ।
੫. ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ।
੬. ਪੀਰ ਮੁਰੀਦੀ ਗਾਖੜੀ ਇਕਸ ਅੰਗਿ ਨ ਅੰਗਣਿ ਅੰਗੈ।
੭. ਗੁਰ ਸਿਖੁ ਦੂਜੈ ਭਾਵਹੁ ਸੰਗੈ ॥੨॥


www.sikhbookclub.com

**ਪਦਾਰਥ**-(ਢਾਕੈ ਟੰਗੈ=ਲੋੜ ਵੇਲੇ ਢੰਗਿ ਸੁਢੰਗੈ=ਸ੍ਰੇਸ਼ਟ ਬਣੌਤਾਂ ਨਾਲ।
(ਨੰਗੈ=ਠਗ, ਬੇਸ਼ਰਮ। ਪੀਰ ਮੁਰੀਦੀ=ਪੀਰ ਦੀ ਪੀਰੀ, ਮੁਰੀਦ ਦੀਮੁਰੀਦੀ।
(ਗਾਖੜੀ=ਕਠਨ। ਇਕਸ ਅੰਗਿ ਨ ਅੰਗਣਿ ਅੰਗੈ=ਵਿਹੜੇ ਦੇ ਪਾਸੇ,
(ਇਕ ਪਾਸੇ ਨਹੀਂ।

**ਅਰਥ**-੧.ਕਹੇ ਜਾਂਦੇ ਚਾਰ ਪਦਾਰਥ (ਧਰਮਾਦਿਕਾਂ) ਨੂੰ ਸਤਿਗੁਰੂ (ਗੁਰੂ ਨਾਨਕ) ਜੀ ਤਾਂ ਦਿੰਦੇ ਹਨ, (ਪਰੰਤੂ) ਗੁਰ ਸਿੱਖ ਮੰਗਦੇ ਨਹੀਂ। ੨.ਅੱਠ ਸਿਧੀਆਂ, ਨੌ ਨਿੱਧਾਂ, ਅਠਾਰਾਂ ਰਿਧੀਆਂ ਨੂੰ ਗੁਰ ਸਿਖ ਲੋੜ ਵੇਲੇ ਬੀ ਨਹੀਂ ਮੰਗਦੇ (ਅਥਵਾ 'ਢਾਕੈ ਟੰਗੈ' ਪਿਛੇ ਨਹੀਂ ਟੰਗਦੇ ਭਾਵ ਪੱਲੇ ਨਹੀਂ ਬੰਨ੍ਹਦੇ)। ੩.ਲੱਖਾਂ ਕਾਮਧੇਨਾਂ, ਲੱਖਮੀਆਂ ਕਈ ਸ਼੍ਰੇਸ਼ਟ ਢੰਗਾਂ ਨਾਲ ਨਹੀਂ ਪਹੁੰਚ ਸਕਦੀਆਂ (ਮੋਹਤ ਨਹੀਂ ਕਰਦੀਆਂ)। ੪.ਲੱਖਾਂ ਪਾਰਸ, ਲੱਖਾਂ ਕਲਪ ਬ੍ਰਿਛਾਂ ਦੇ 'ਅਭੰਗ' (ਸੁੰਦਰ) ਫਲਾਂ ਨੂੰ ਹੱਥ ਨਹੀਂ ਲਾਉਂਦਾ (ਅਥਵਾ ਜਾਣਦਾ ਹੈ ਕਿ ਇਨ੍ਹਾਂ ਦਾ ਫਲ ਅਭੰਗ ਨਹੀਂ ਹੈ ਭਾਵ ਕੁਮਲਾ ਜਾਂਦਾ ਹੈ)। ੫.ਤੰਤ ਮੰਤ, (ਆਦਕ) ਲੱਖਾਂ ਪਾਖੰਡ (ਜੋ ਕਰਦੇ ਹਨ ਓਹ) ਬਾਜੀਗਰ, ਬਾਜਾਰੀ ਠੱਗ (ਬੇਸ਼ਰਮ) ਹਨ। ੬.ਪੀਰਾਂ ਦੀ ਮੁਰੀਦੀ (ਸ਼ਾਗਿਰਦੀ ਗਾਖੜੀ) ਔਖੀ ਹੈ, ਮਾਨੋਂ ਚਿਕਾਵਯੂਹ ਦਾ ਕਿਲ੍ਹਾਂ ਹੈ)। ੭.ਗੁਰੂ ਦਾ ਸਿਖ ਦੂਜੇ ਭਾਵ ਤੋਂ ਸੰਗਦਾ ਹੈ (ਭਾਵ ਅਨਿੰਨ ਸਿਖ ਹੁੰਦਾ ਹੈ)।

## ੩. (ਸਿੱਖੀ ਦੀ ਅਮੋਲਕਤਾ)।

੧. ਗੁਰ ਸਿਖੀ ਦਾ ਸਿਖਣਾ ਨਾਦੁ ਨ ਵੇਦ ਨ ਆਖਿ ਵਖਾਣੈ।
੨. ਗੁਰ ਸਿਖੀ ਦਾ ਲਿਖਣਾ ਲਖ ਨ ਚਿਤ੍ਰ ਗੁਪਤਿ ਲਿਖਿ ਜਾਣੈ।
੩. ਗੁਰ ਸਿਖੀ ਦਾ ਸਿਮਰਣੋ ਸੇਖ ਅਸੰਖ ਨ ਰੇਖ ਸਿਞਾਣੈ।
੪. ਗੁਰ ਸਿਖੀ ਦਾ ਵਰਤਮਾਨ ਵੀਹ ਇਕੀਹ ਉਲੰਘਿ ਪਛਾਣੈ।
੫. ਗੁਰ ਸਿਖੀ ਦਾ ਬੁਝਣਾ ਗਿਆਨ ਧਿਆਨ ਅੰਦਰਿ ਕਿਵ ਆਣੈ।
੬. ਗੁਰ ਪਰਸਾਦੀ ਸਾਧ ਸੰਗਿ ਸਬਦ ਸੁਰਸਤਿ ਹੋਇ ਮਾਣੁ ਨਿਮਾਣੈ।
੭. ਭਾਇ ਭਗਤਿ ਵਿਰਲਾ ਰੰਗੁ ਮਾਣੈ ॥੩॥

**ਪਦਾਰਥ**-(ਨਾਦੁ=ਰਾਗ। ਸੇਖ ਅਸੰਖ=ਅਨੇਕ ਸ਼ੇਸ਼ਨਾਗ। ਰੇਖ=ਹੱਦ।)

**ਅਰਥ**-੧.ਗੁਰ ਸਿੱਖੀ ਦੀ ਸਿੱਖਯਾ ਨੂੰ ਨਾਦ (ਰਾਗ) ਗਾਉਂ ਨਹੀਂ ਸਕਦੇ, ਵੇਦ ਆਖਕੇ ਵਖਾਣ ਨਹੀਂ ਕਰ ਸਕਦੇ (ਭਾਵ ਬਾਣੀਓਂ ਦੂਰ ਹੈ)। ੨.ਗੁਰਸਿਖੀ ਦੀ ਲਿਖਤ ਨੂੰ ਲੱਖਾਂ ਚਿੱਤ੍ਰ ਗੁਪਤ ਲਿਖ ਨਹੀਂ ਜਾਣਦੇ। ੩.ਗੁਰ ਸਿਖੀ ਦੇ (ਮਨ ਕਰਕੇ) ਸਿਮਰਨ ਕਰਨ ਦੀ ਹੱਦ ਨੂੰ ਅਸੰਖ ਸ਼ੇਸ਼ਨਾਗ ਨਹੀਂ ਸਿਞਾਣ ਸਕਦੇ, (ਭਾਵ ਬਾਣੀ, ਸਰੀਰ ਅਰ ਮਨ ਤਿੰਨਾਂ ਦੀ ਪਹੁੰਚ ਨਹੀਂ ਹੈ)। ੪.ਗੁਰਸਿਖੀ ਦੀ ਵਰਤਮਾਨ (ਅਰਥਾਤ ਵਰਤਾਵੇ) ਨੂੰ ਵੀਹ ਤੇ ਇਕੀਹਾਂ ਥੋਂ ਲੰਘਕੇ ਪਛਾਣ ਸਕੀਦਾ ਹੈ (ਭਾਵ ਕੋਈ ਤੁਰੀਆ ਪਦ ਵਾਲਾ ਜਾਣਦਾ ਹੈ)। ੫.ਗੁਰ ਸਿਖੀ ਦੀ ਸਮਝ ਗਿਆਨ ਧਿਆਨ ਵਿਖੇ ਕਿੱਕੁਰ ਆ ਸਕਦੀ ਹੈ? (ਭਾਵ ਨਹੀਂ ਆ ਸਕਦੀ, ਕੌਣ ਜਾਚ ਸਕਦਾ ਹੈ?)। ੬.ਗੁਰੂ ਦੀ ਕ੍ਰਿਪਾ ਕਰਕੇ ਸਾਧ ਸੰਗਤ ਵਿਖੇ ਸ਼ਬਦ ਦੀ ਪ੍ਰੀਤ ਨਾਲ ਜੋ ਮਾਣ ਥੋਂ ਨਿਮਾਣਾ ਹੁੰਦਾ ਹੈ (ਜਾਣਦਾ ਹੈ)। ੭.ਪ੍ਰੇਮਾ ਭਗਤੀ ਨਾਲ ਵਿਰਲਾ ਹੀ (ਇਸ) ਆਨੰਦ ਨੂੰ ਮਾਣ ਸਕਦਾ ਹੈ (''**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥**'') (ਗੂਜ: ਮ:੫: ਚਉ-੨)

## ੪. (ਸਿੱਖੀ ਦੀ ਸਿੱਖਯਾ ਤੇ ਰਸ)।

੧. ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧ ਸੰਗਤਿ ਦੀ ਸੇਵਾ।

੨. ਦਸ ਅਵਤਾਰ ਨ ਸਿਖਿਆ ਗੀਤਾ ਗੋਸਟਿ ਅਲਖ ਅਭੇਵਾ।
੩. ਵੇਦ ਨ ਜਾਣਨ ਭੇਦ ਕਿਹੁ ਲਿਖਿ ਪੜਿ ਸੁਣਿ ਸਣੁ ਦੇਵੀ ਦੇਵਾ।
੪. ਸਿਧ ਨਾਥ ਨ ਸਮਾਧਿ ਵਿਚਿ ਤੰਤ ਨ ਮੰਤ ਲੰਘਾਇਨਿ ਖੇਵਾ।
੫. ਲਖ ਭਗਤਿ, ਜਗਤ ਵਿਚਿ ਲਿਖ ਨ ਗਏ ਗੁਰੂ ਸਿਖੀ ਟੇਵਾ।
੬. ਸਿਲਾ ਅਲੂਣੀ ਚਟਣੀ ਸਾਦਿ ਨ ਪੁਜੈ ਲਖ ਲਖ ਮੇਵਾ।
੭. ਸਾਧ ਸੰਗਤਿ ਗੁਰ ਸਬਦ ਸਮੇਵਾ ॥੪॥

**ਪਦਾਰਥ**-(ਗੀਤਾ ਗੋਸਟਿ=ਗੀਤਾ ਕਹਿੰਦੀ ਹੈ ਯਾ ਕਥਨ ਤੇ ਚਰਚਾ ਤੋਂ ਅਭੇਵ ਹੈ। (ਅਲਖ ਅਭੇਵਾ=ਭਾਵ (ਗੁਰ ਸੇਵਾ) ਡੂੰਘੀ ਹੈ। ਖੇਵਾ=ਚੱਪਾ। ਟੇਵਾ=ਜੋਤਸ਼। ਅਲੂਣੀ=ਫਿੱਕੀ।

**ਅਰਥ**-੧.ਗੁਰ ਸਿਖੀ ਦੀ ਸਿਖ੍ਯਾ ਸਾਧ ਸੰਗਤ ਵਿਚ ਗੁਰਮੁਖਾਂ ਦੀ ਸੇਵਾ (ਕਰਕੇ ਪ੍ਰਾਪਤ ਹੁੰਦੀ) ਹੈ। ੨.ਦਸਾਂ ਅਵਤਾਰਾਂ ਨੇ ਬੀ (ਇਹ ਰੀਤ) ਨਹੀਂ ਸਿਖੀ (ਕਿਉਂ ਜੋ ਉਹ ਆਪਣਾ ਹੀ ਨਾਮ ਜਪਾਉਂਦੇ ਰਹੇ), (ਗੁਰਸਿਖੀ ਦਾ) ਕਥਨ ਲਖਿਆ ਨਹੀਂ ਜਾਂਦਾ ਅਰ ਡੂੰਘਾ ਹੈ (ਅਥਵਾ ਗੀਤਾ ਦੀ ਗੋਸ਼ਟ ਤੋਂ ਅਲੇਖ ਤੇ ਅਭੇਵ ਹੈ)। ੩.ਵੇਦ ਬੀ ਕੁਛ ਭੇਦ ਨਹੀਂ ਜਾਣਦੇ ਦੇਵੀ ਤੇ ਦੇਵਤੇ ਲਿਖ, ਪੱੜ ਅਤੇ ਸੁਣਕੇ ਵੇਦਾਂ ਨੂੰ ਹਾਰ ਗਏ (ਪਰੰਤੂ ਇਹ ਭੇਦ ਨ ਜਾਤਾ)। ੪.ਸਿੱਧਾਂ, ਨਾਥਾਂ ਸਮਾਧੀਆਂ ਵਿਚ (ਨਾ ਜਾਤਾ) ਤੰਤ ਮੰਤ ਦਾ ਕੋਈ ਚੱਪਾ ਨਹੀਂ ਲਗਾ ਸਕੇ। ੫.ਲੱਖਾਂ ਭਗਤ ਜਗਤ ਵਿਖੇ (ਅੰਬਰੀਕ ਆਦਿਕ ਹੋਏ ਪਰੰਤੂ) ਗੁਰ ਸਿਖੀ ਦਾ ਜੋਤਿਸ਼ ਕਿਸੇ ਨਾ ਲਿਖਿਆ। ੬.ਅਲੂਣੀ (ਫਿੱਕੀ) ਸਿਲਾ ਚੱਟਣੀ ਪੈਂਦੀ ਹੈ (ਸੱਚ ਪੁਛੋ ਤਾਂ) ਲੱਖਾਂ ਮੇਵੇ ਇਸਦੇ ਸਵਾਦ ਦੇ ਅੱਗੇ ਕਿਹੜੇ ਬਾਗ ਦੀ ਮੂਲੀ ਹਨ? (ਪ੍ਰਾਪਤੀ ਦਾ ਰਾਹ ਦੱਸਦੇ ਹਨ :-)! ੭.ਸਾਧ ਸੰਗਤ ਵਿਖੇ ਗੁਰੂ ਦੇ ਸ਼ਬਦ ਸਮਾਵਣਾਂ (ਭਾਵ ਨਿਵਾਤ ਦੀਪ ਵਤ ਚਿੱਤ ਸਿਥਿਰ ਕਰਕੇ ਸ਼ਬਦ ਦਵਾਰਾ ਪਰਮਾਤਮਾ ਵਿਖੇ ਸਮਾਧੀ ਲਾਵਣੀ ਸਾਧ ਸੰਗਤ ਦਵਾਰਾ ਹੀ ਉੱਤਮ ਪ੍ਰਕਾਰ ਹੈ)।

## ੫, (ਸਿੱਖੀ ਦੀ ਪ੍ਰਾਪਤੀ ਦਾ ਪ੍ਰਕਾਰ)।

੧. ਗੁਰੁਸਿਖੀ ਦਾ ਸਿਖਣਾ ਸਬਦਿ ਸੁਰਤਿ ਸਤਿਸੰਗਤਿ ਸਿਖੈ।
੨. ਗੁਸਿਖੀ ਦਾ ਲਿਖਣਾ ਗੁਰ ਬਾਨੀ ਸੁਣਿ ਸਮਝੈ ਲਿਖੈ।
੩. ਗੁਰਸਿਖੀ ਦਾ ਸਿਮਰਣੋ ਸਤਿਗੁਰੁ ਮੰਤੁ ਕੋਲੂ ਰਸੁ ਇਖੈ।
੪. ਗੁਰਸਿਖੀ ਦਾ ਵਰਤਮਾਨੁ ਚੰਦਨ ਵਾਸੁ ਨਿਵਾਸੁ ਬਿਰਿਖੈ।
੫. ਗੁਰਸਿਖੀ ਦਾ ਬੁਝਣਾ ਬੁਝਿ ਅਬੁਝਿ ਹੋਵੈ ਲੈ ਭਿਖੈ।
੬. ਸਾਧ ਸੰਗਤਿ ਗੁਰ ਸਬਦੁ ਸੁਣਿ ਨਾਮੁ ਦਾਨੁ ਇਸਨਾਨੁ ਸਰਿਖੈ।
੭. ਵਰਤਮਾਨ ਲੰਘਿ ਭੂਰ ਭਵਿਖੈ ॥੫॥

**ਪਦਾਰਥ**-(ਕੋਲੂ ਰਸ ਇਖੇ=ਵੇਲਣੇ ਦੇ ਕਮਾਦ ਰਸ ਵਾਂਗੂੰ। (ਬੁਝਣਾ ਬੁਝਿਆ=ਸਮਝ ਨੂੰ ਸਮਝਣਾ। ਅਬੁਝਿ=ਮਸਤ! ਸਰਿਖੇ=ਸ੍ਰੇਸ਼ਟ।

**ਅਰਥ**-੧.ਸਤਿਸੰਗ ਵਿਚ ਸ਼ਬਦ ਸੁਰਤ (ਦੀ ਪ੍ਰੀਤਿ) ਨੂੰ ਸਿੱਖਣਾ ਗੁਰਸਿੱਖੀ ਦਾ ਸਿੱਖਣਾ ਹੈ। ੨.ਗੁਰੂ ਦੀ ਬਾਣੀ ਸੁਣਨੀ ਅਤੇ ਸਮਝ ਕੇ (ਅਰਥ ਪੜ੍ਹਕੇ) ਲਿਖਣੀ ਇਹੋ ਗੁਰਸਿੱਖਾਂ ਦਾ ਲਿੱਖਣਾ ਹੈ। ੩.ਸਤਿਗੁਰੂ (ਗੁਰੂ ਨਾਨਕ) ਦੀ ਸਿੱਖਯਾ (ਜੇਹੜੀ) ਕੋਲ੍ਹੂ ਵੇਲਣੇ ਦੇ ਕਮਾਦ ਰਸ ਵਾਂਗੂ (ਮਿੱਠੀ ਹੈ) ਲੈਣੀ ਗੁਰਸਿੱਖੀ ਦਾ ਸਿਮਰਣ ਹੈ! ੪.ਗੁਰਸਿੱਖੀ ਦਾ ਵਰਤਾਰਾ ਚੰਦਨ ਦੀ ਵਾਸ਼ਨਾ ਵਾਗੂੰ ਹੈ (ਜੋ ਕਿ ਸਾਰੇ) ਬ੍ਰਿਛਾਂ ਵਿਖੇ ਨਿਵਾਸ ਕਰਦੀ ਹੈ (ਭਾਵ ਸ੍ਰੋਤਾ ਵਕਤਾ ਸਾਰੇ ਉਧਰ ਜਾਂਦੇ ਹਨ)।

੫.ਸਮਝ ਵਾਲੀ (ਨਾਮ ਵਸਤੂ ਦੀ) ਭਿੱਖਯਾ ਲੈਕੇ ਜੋ ਅਬੁਝ ਹੋਣਾ ਹੈ ਏਹੋ ਗੁਰਸਿਖੀ ਦਾ ਬੁੱਝਣਾ ਹੈ। ੬.ਸਤਿਸੰਗਤ ਵਿਖੇ ਗੁਰੁ ਸ਼ਬਦ ਨੂੰ ਸੁਣਕੇ ਨਾਮ ਦਾਨ, ਇਸ਼ਨਾਨ (ਸਰਿੱਖੇ) ਸੇਵੇ ਅਰਥਾਤ ਅਭ੍ਯਾਸ ਕਰੇ। ੭.ਵਰਤਮਾਨ, ਭੂਤ, ਭਵਿੱਖਤ, (ਤਿੰਨਾਂ ਕਾਲਾਂ ਥੋਂ ਐਉਂ) ਲੰਘ ਜਾਵੇ (ਭਾਵ ਤਿੰਨ ਕਾਲਾ ਵਿਖੇ ਇਕ ਸਮਾਨ ਰਹੇ)।

## ੬. (ਸਿੱਖੀ ਪ੍ਰਾਪਤੀ ਦਾ ਪ੍ਰਕਾਰ)।

੧. ਗੁਰਸਿਖੀ ਦਾ ਬੋਲਣਾ ਹੁਇ ਮਿਠ ਬੋਲਾ ਲਿਖੈ ਨ ਲੇਖੈ।
੨. ਗੁਰਸਿਖੀ ਦਾ ਚਲਣਾ ਚਲੈ ਭੈ ਵਿਚਿ ਲੀਤੇ ਭੇਖੈ।
੩. ਗੁਰਸਿਖੀ ਦਾ ਰਾਹੁ ਏਹੁ ਗੁਰਮੁਖਿ ਚਾਲ ਚਲੈ ਸੋ ਦੇਖੈ।
੪. ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਆਵੇਸੁ ਵਿਸੇਖੈ।
੫. ਆਪੁ ਗਣਾਇ ਨ ਅਪੜੈ ਆਪੁ ਗਵਾਏ ਰੂਪ ਨ ਰੇਖੈ।
੬. ਮੁਰਦੇ ਵਾਂਗ ਮੁਰੀਦ ਹੋਇ ਗੁਰ ਗੋਰੀ ਵੜਿ ਅਲਖ ਅਲੇਖੈ।
੭. ਅੰਤੁ ਨ ਅੰਤੁ ਨ ਸੇਖ ਸਰੇਖੈ ॥੭॥

**ਪਦਾਰਥ**-(ਸੇਖ ਸਰੇਖੈ=ਸ਼ੇਖ ਸਾਰਖੇ

**ਅਰਥ**-੧.ਗੁਰ ਸਿੱਖੀ ਦਾ ਬੋਲਣਾ (ਕੀ ਹੈ?) ਮਿਠ ਬੋਲਾ ਹੋਕੇ, ਫੇਰ ਆਪ ਨੂੰ ਲੇਖੇ ਵਿਚ ਨ ਲਿਖੇ (ਭਈ ਮੈਂ ਵੱਡਾ ਮਿੱਠਾ ਬੋਲਦਾ ਹਾਂ)। ੨.ਗੁਰ ਸਿੱਖੀ ਦਾ ਚੱਲਣਾ (ਕੀ ਹੈ?) ਈਸ਼੍ਵਰ ਦੇ ਭਯ ਵਿਖੇ ਚੱਲੇ ਸਿੱਖੀ ਵੇਸ ਰੱਖੇ। ੩.ਗੁਰਸਿੱਖੀ ਦਾ ਏਹੋ ਰਸਤਾ ਹੈ, ਗੁਰਮੁਖ ਦੀ ਚਾਲ ਪੁਰ ਜੋ ਦੇਖੇ ਚਲ (ਭਾਵ ਉਲਟਾ ਨਾ ਚੱਲੇ। ਉਹ ਕੀ ਹੈ?) ੪.ਕਮਾਈ ਕਰਕੇ ਖਾਵੇ, (ਆਏ ਗਏ ਦੀ) ਸੇਵਾ ਕਰੇ, ਗੁਰ ਉਪਦੇਸ਼ ਵਿਖੇ ਪ੍ਰਵੇਸ਼ ਰੱਖੇ। ੫.ਆਪਾ ਭਾਵ ਨੂੰ ਜਣਾਉਂਦਿਆਂ ਹੋਇਆਂ (ਅਕਾਲ ਪੁਰਖ ਦੀ) ਪ੍ਰਾਪਤੀ ਨਹੀਂ ਹੁੰਦੀ, (ਜਿਸ ਵੇਲੇ)ਆਪਾ ਭਾਵ ਨੂੰ ਗਵਾ ਦੇਂਦਾ ਹੈ (ਉਸ ਵੇਲੇ) ਨਾ ਰੂਪ ਹੁੰਦਾ ਹੈ ਨਾ ਰੇਖ (ਅਰਥਾਤ ਸਹਜ ਪਦ ਮਿਲਦਾ ਹੈ)। ੬.ਮੁਰਦੇ ਵਾਂਗੂ ਮੁਰੀਦ ਹੋਕੇ ਗੁਰੂ ਰੂਪ ਗੋਰ ਵਿਖੇ ਵੜਕੇ ਅਲਖ ਅਰ ਲੇਖੇ ਤੋਂ ਪਾਰ ਹੋ ਜਾਂਦਾ ਹੈ। (ਉਸ ਦਾ ਫਲ ਕੀ ਹੈ?) ੭.(ਉਸ ਫਲ ਦਾ) ਅੰਤ ਸ਼ੇਸ਼ਨਾਗ ਸਾਰਖੇ ਨਹੀਂ ਪਾ ਸਕਦੇ (ਇਥੇ ਦੋ ਵਾਰ 'ਅੰਤ ਨ' ਕਹਿਣ ਥੋਂ ਤਾਕੀਦ ਨਾਲ ਕਿਹਾ ਹੈ। "**ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥**") (ਆਸਾ: ਮ:੫-੧੦੯)

## ੭. (ਸਿੱਖੀ ਦੀ ਅਮੋਲਕਤਾ)।

੧. ਗੁਰੁ ਸਿਖੀ ਦਾ ਸਿਖਣਾ ਗੁਰੁ ਸਿਖ ਸਿਖਣ ਬਜਰੁ ਭਾਰਾ।
੨. ਗੁਰੁ ਸਿਖੀ ਦਾ ਲਿਖਣਾ ਲੇਖੁ ਅਲੇਖੁ ਨ ਲਿਖਣ ਹਾਰਾ।
੩. ਗੁਰੁ ਸਿਖੀ ਦਾ ਤੋਲਣਾ ਤੁਲਿ ਨਾ ਤੋਲਿ ਤੁਲੈ ਤੁਲ ਧਾਰਾ।
੪. ਗੁਰੁ ਸਿਖੀ ਦਾ ਦੇਖਣਾ ਗੁਰਮੁਖਿ ਸਾਧ ਸੰਗਤਿ ਗੁਰਦੁਆਰਾ।
੫. ਗੁਰੁ ਸਿਖੀ ਦਾ ਚਖਣਾ ਸਾਧ ਸੰਗਤਿ ਗੁਰੁ ਸਬਦੁ ਵੀਚਾਰਾ।
੬. ਗੁਰੁ ਸਿਖੀ ਦਾ ਸਮਝਣਾ ਜੋਤੀ ਜੋਤਿ ਜਗਾਵਣ ਹਾਰਾ।
੭. ਗੁਰਮੁਖਿ ਸੁਖ ਫਲੁ ਪਿਰਮੁ ਪਿਆਰਾ ॥੭॥

**ਪਦਾਰਥ**-(ਬਜਰੁ=ਕਠਨ। ਤੁਲ ਧਾਰਾ=ਤੱਕੜੀ ਵਾਲਾ।

**ਅਰਥ**-੧.ਗੁਰਸਿੱਖੀ ਦਾ ਸਿੱਖਣਾ ਭਾਰੇ ਬੱਜਰ (ਵਾਂਗੂੰ ਕਠਨ ਹੈ, ਇਸਨੂੰ) ਗੁਰੁ ਦੇ ਸਿਖ ਹੀ ਸਿਖਦੇ ਹਨ। ੨.ਗੁਰ ਸਿੱਖੀ ਦਾ ਲਿਖਣਾ ਲੇਖੇ ਤੋਂ ਅਲੇਖ ਹੈ,(ਕੋਈ ਇਸਦਾ)ਲਿੱਖਣਾਹਾਰਾ ਨਹੀਂ ਹੈ।


www.sikhbookclub.com

੩.ਗੁਰੂ ਸਿਖੀ ਦਾ ਤੋਲਣਾ (ਵਜ਼ਨ) ਕਰਨ ਲਈ ('ਤੁਲ') ਤਕੜੀ ('ਤੋਲ') ਵੱਟਾ ਕੋਈ ਨਹੀਂ ਤੇ ਨਾ ਹੀ ਕਿਸੇ ਤੁਲ ਧਾਰ ਪਾਸੋਂ ਤੁਲ ਸਕਦੀ ਹੈ। ੪.ਗੁਰਸਿਖੀ ਦਾ ਦਰਸ਼ਨ ਗੁਰਦੁਆਰੇ (ਅਰਥਾਤ ਸ੍ਰੀ ਦਰਬਾਰ ਸਾਹਿਬ ਆਦਿ) ਗੁਰਮੁਖਾਂ ਤੇ ਸਾਧ ਸੰਗਤ ਦੇ ਦਰਸ਼ਨ ਵਿਖੇ ਹੋ ਸਕਦਾ ਹੈ। ੫.ਗੁਰਸਿਖੀ ਦਾ ਚਖਣਾ ((ਭਾਵ ਸਵਾਦ ਲੈਣਾ) ਸਾਧ ਸੰਗਤ ਵਿਖੇ ਗੁਰ ਸ਼ਬਦ ਦਾ ਵਿਚਾਰ ਹੈ (ਕਿਉਂ ਜੋ ਸ਼ਬਦ ਦੇ ਪੜ੍ਹਨ ਨਾਲ ਵੱਡਾ ਆਨੰਦ ਹੁੰਦਾ ਹੈ)। ੬.ਗੁਰਸਿਖੀ ਦਾ ਸਮਝਣਾ (ਜੋਤੀ) ਪਰਮਾਤਮਾ ਦੀ ਜੋਤ ਦੇ ਜਗਾਉਣ ਵਾਲਾ ਹੈ (ਭਾਵ ਸਾਰੇ ਉਸਦੀ ਜੋਤ ਹੀ ਦਿਸਦੀ ਹੈ, "**ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ**")(ਧਨਾ: ਮ:੧-ਆਰਤੀ) ੭.ਗੁਰਮੁਖਾਂ ਨੇ ਸੁਖ ਫਲ 'ਪਿਰੀ' (ਵਾਹਿਗੁਰੂ) ਦਾ ਪ੍ਰੇਮ ਹੀ ਜਾਤਾ ਹੈ (ਇਤਰ ਸੰਸਾਰਕ ਸੁਖ ਦੁਖ ਫਲ ਹੀ ਮੰਨਦੇ ਹਨ)।

## ੮. (ਸਿੱਖੀ ਪਾ ਕੇ ਉੱਚੇ ਹੋਈਦਾ ਹੈ)।

੧. ਗੁਰ ਸਿਖੀ ਦਾ ਰੂਪ ਦੇਖਿ ਇਕਸ ਬਾਝੁ ਨ ਹੋਰਸ ਦੇਖੈ।
੨. ਗੁਰ ਸਿਖੀ ਦਾ ਚਖਣਾ ਲਖ ਅੰਮ੍ਰਿਤ ਫਲ ਫਿਕੈ ਲੇਖੈ।
੩. ਗੁਰ ਸਿਖੀ ਦਾ ਨਾਦੁ ਸੁਣਿ ਲਖ ਅਨਹਦ ਵਿਸਮਾਦ ਅਲੇਖੈ।
੪. ਗੁਰ ਸਿਖੀ ਦਾ ਪਰਸਣਾ ਠੰਢਾ ਤਤਾ ਭੇਖ ਅਭੇਖੈ।
੫. ਗੁਰ ਸਿਖੀ ਦੀ ਵਾਸੁ ਲੈ ਹੁਇ ਦੁਰਗੰਧ ਸੁਗੰਧ ਸਰੇਖੈ।
੬. ਗੁਰ ਸਿਖੀ ਮਰ ਜੀਵਣਾ ਭਾਇ ਭਗਤਿ ਭੈ ਨਿਮਖ ਨਿਮੇਖੈ।
੭. ਅਲਿਪ ਰਹੈ ਗੁਰ ਸਬਦ ਵਿਸੇਖੈ ॥੮॥

**ਪਦਾਰਥ**-(ਠੰਢਾ ਤੱਤਾ ਭੇਖ ਅਭੇਖੈ=ਠੰਢੇ ਤੱਤੇ ਦੇ ਭੇਖ ਥੋਂ ਅਭੇਖ ਹੋ ਗਏ, (ਹਰਖ ਸੋਗ ਤੋਂ ਪਰੇ ਹੋਏ। ਸਰੇਖੈ=ਇਕ ਸਮਾਨ। ਅਲਿਪ=ਅਲੇਪ।

**ਅਰਥ**-੧.ਗੁਰ ਸਿਖੀ ਦਾ ਰੂਪ ਜਿਨ੍ਹਾਂ ਨੇ ਡਿੱਠਾ ਹੈ, (ਓਹ) ਇਕ ਬਾਝੋਂ ਹੋਰ ਕਿਸੇ (ਦੇਵੀ ਦੇਵਤੇ ਦਾ) ਦਰਸ਼ਨ ਨਹੀਂ ਚਾਹੁੰਦੇ। ੨.ਗੁਰ ਸਿਖੀ (ਸਵਾਦ) ਦਾ ਜਿਨ੍ਹਾਂ ਚਖਣਾ ਕੀਤਾ ਹੈ (ਉਨ੍ਹਾਂ ਨੂੰ) ਲੱਖਾਂ ਹੀ ਅੰਮ੍ਰਿਤ ਫਲ ਫਿੱਕੇ ਲਗਦੇ ਹਨ। ੩.ਗੁਰ ਸਿਖੀ ਦਾ ਨਾਦ (ਜਿਨ੍ਹਾਂ ਨੇ ਕੰਨਾਂ ਨਾਲ) ਸੁਣਿਆ ਹੈ ਲੱਖਾਂ ਅਨਾਹਦ ਅਚਰਜ ਰੂਪ (ਰਾਗ ਉਨ੍ਹਾਂ ਦੇ) ਅਲੇਖੇ ਵਿਚ ਹਨ (ਭਾਵ ਕੁਝ ਨਹੀਂ ਸਮਝਦੇ)। ੪.ਗੁਰ ਸਿਖੀ ਦਾ ਸਪਰਸ਼ (ਜਿਨ੍ਹਾਂ ਕੀਤਾ ਹੈ) ਠੰਢੇ ਤੱਤੇ ਦੇ ਭੇਖ ਤੋਂ ਅਭੇਖ ਹੋ ਗਏ ਹਨ। ੫.ਗੁਰ ਸਿਖੀ ਦੀ ਵਾਸ਼ਨਾ (ਜਿਨ੍ਹਾਂ) ਲੀਤੀ ਹੈ (ਜਿੰਨੀਆਂ ਅਮਰ ਫੁਲੇਲ ਆਦਿਕ ਚੰਗੀਆਂ ਸੁਗੰਧਾਂ ਹਨ) ਉਨ੍ਹਾਂ ਨੂੰ ਦੁਰਗੰਧ ਸਾਰਖੀਆਂ ਭਾਸਦੀਆਂ ਹਨ (ਭਾਵ ਮੋਹੇ ਨਹੀਂ ਜਾਂਦੇ)। ੬.ਗੁਰ ਸਿਖੀ ਵਿਖੇ ਸੰਸਾਰ ਵਲੋਂ ਮਰਕੇ (ਜੋ) ਜੀਵਿਆ ਹੈ ਪ੍ਰੇਮਾਂ-ਭਗਤੀ ਅਰ ਭਯ ਨਿਮਖ ਨਿਮਖ ਵਿਖੇ ਰਖਦਾ ਹੈ। ੭.(ਸੰਸਾਰ ਵਲੋਂ) ਅਲੇਪ ਰਹਿੰਦਾ ਹੈ, ਗੁਰੂ ਦੇ ਸ਼ਬਦ ਵਿਖੇ ਵਿਸ਼ੇਖ (ਪ੍ਰੀਤ ਰਖਦਾ ਹੈ, ਤਨੋਂ ਮਨੋਂ ਧਨੋਂ ਗੁਰਸਿਖੀ ਵਿਖੇ ਹੀ ਚਿਤ ਲਾਈ ਰਖਦਾ ਹੈ)।

## ੯. (ਸਿੱਖੀ ਦਾ ਕਰਤੱਬ)।

੧. ਗੁਰਮੁਖਿ ਸਚਾ ਪੰਥੁ ਹੈ ਸਿਖੁ ਸਹਜ ਘਰਿ ਜਾਇ ਖਲੋਵੈ।
੨. ਗੁਰਮੁਖਿ ਸਚੁ ਰਹਿਰਾਸਿ ਹੈ ਪੈਰੀਂ ਪੈ ਪਾਖਾਕੁ ਜੁ ਹੋਵੈ।
੩. ਗੁਰੁ ਸਿਖੀ ਦਾ ਨਾਵਣਾ ਗੁਰਮਤਿ ਲੈ ਦੁਰਮਤਿ ਮਲੁ ਧੋਵੈ।
੪. ਗੁਰੁ ਸਿਖੀ ਦਾ ਪੂਜਣਾ ਗੁਰਸਿਖ ਪੂਜ ਪਿਰਮ ਰਸੁ ਭੋਵੈ।
੫. ਗੁਰੁ ਸਿਖੀ ਦਾ ਮੰਨਣਾ ਗੁਰ ਬਚਨੀ ਗਲਿ ਹਾਰੁ ਪਰੋਵੈ।

੬. ਗੁਰ ਸਿਖੀ ਦਾ ਜੀਵਣਾ ਜੀਵਦਿਆਂ ਮਰਿ ਹਉਮੈ ਖੋਵੈ।
੭. ਸਾਧ ਸੰਗਤਿ ਗੁਰ ਸਬਦ ਵਿਲੋਵੈ ॥੯॥

**ਪਦਾਰਥ**-(ਸਹਜ ਘਰਿ=ਸ਼ਾਂਤ ਘਰ, ਸਹਜ ਅਵਸਥਾ। ਭੋਵੈ=ਮਿਲਦਾ ਹੈ।

**ਅਰਥ**-੧.ਗੁਰਮੁਖਾਂ ਦਾ ਸੱਚਾ ਰਸਤਾ ਹੈ, (ਕਿਉਂ ਜੋ, ਜੇਹੜਾ) ਸਿਖ (ਇਸ ਰਸਤੇ ਚਲਦਾ ਹੈ) ਓਹ 'ਸਹਜ ਘਰ' (ਪਰਮਾਤਮਾ ਵਿਖੇ) ਜਾ ਪ੍ਰਾਪਤ ਹੁੰਦਾ ਹੈ। ੨.ਗੁਰਮੁਖਾਂ ਦੀ ਰਾਹ ਰੀਤ ਸੱਚੀ ਹੈ, ਪੈਰੀਂ ਪੈਣਾ ਅਰ ਪੈਰਾਂ ਦੀ ਧੂੜੀ ਹੋ ਜਾਣਾ, (ਭਾਵ ਅਤਿ ਨਿੰਮ੍ਰਤਾ ਰਖਣੀ ਹੀ ਉਨ੍ਹਾਂ ਦੀ ਸੱਚੀ ਕਿਰਿਆ ਹੈ, ਹਉਮੈ ਅਤੀਤ ਰਹਿਣ,)। ੩.ਗੁਰ ਸਿਖੀ ਦਾ ਇਸ਼ਨਾਨ ਕਰਨਾ (ਮੁਖ ਇਹੀ ਹੈ ਕਿ) ਗੁਰੂ ਦੀ ਸਿਖਿਆ (ਰੂਪੀ ਸਾਬਣ) ਨਾਲ ਦੁਰਮਤ ਦੀ ਮੈਲ ਧੋ ਦੇਵੇ। ੪.ਗੁਰ ਸਿਖੀ ਵਿਖੇ ਪੂਜਾ (ਇਹੀ ਹੈ ਕਿ ਗੁਰੂ ਦੇ ਸਿਖਾਂ ਦੀ ਪੂਜਾ ਕਰਕੇ ਪਿਆਰੇ ਦੇ ਪ੍ਰੇਮ ਰਸ ਵਿਖੇ ਭਿੱਜ ਜਾਵੇ ("**ਚਰਨ ਸਾਧ ਕੇ ਧੋਇ ਧੋਇ ਪੀਉ ॥ਅਰਪਿ ਸਾਧ ਕਉ ਅਪਨਾ ਜੀਉ ॥**") (ਸੁਖਮਨੀ) ੫.ਗੁਰ ਸਿਖੀ ਵਿਖੇ ਮੰਨਣ (ਇਹੀ ਹੈ ਕਿ) ਗੁਰੂ ਦੇ ਬਚਨਾਂ ਦਾ ਗਲ਼ ਵਿਖੇ ਹਾਰ ਪਰੋ ਛੱਡੇ (ਭਾਵ ਊਠਤੁ ਬੈਠਤ ਸੋਵਤ ਨਾਮ ਦਾ ਅਭਿਆਸ ਕਰੇ)। ੬.ਗੁਰ ਸਿਖੀ ਦਾ ਜੀਉਣਾ (ਇਹੋ ਹੈ ਕਿ) ਜੀਵੰਦਿਆਂ ਹੀ ਮਰਕੇ ਹਉਮੈ ਦਾ ਤਿਆਗ ਕਰ ਦੇਵੇ। ੭.ਸਾਧ ਸੰਗਤਿ ਵਿਖੇ (ਮਿਲਕੇ) ਗੁਰੂ ਦੇ ਸ਼ਬਦ ਦਾ ਮਥਨ ਕਰੇ (ਅਰਥਾਤ ਸਮਝਕੇ ਨਿਧਯਾਸਨ ਕਰੇ)।

## ੧੦. (ਸਿੱਖੀ ਦੀ ਕਾਰ)।

੧. ਗੁਰਮੁਖਿ ਸੁਖ ਫਲੁ ਖਾਵਣਾ ਦੁਖ ਸੁਖ ਕਰਿ ਅਉਚਰ ਚਰਣਾ।
੨. ਗੁਰਸਿਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿਝਰੁ ਝਰਣਾ।
੩. ਗੁਰਸਿਖੀ ਧੀਰਜੁ ਧਰਮੁ ਪਿਰਮ ਪਿਆਲਾ ਅਜਰੁ ਜਰਣਾ।
੪. ਗੁਰਸਿਖੀ ਦਾ ਸੰਜਮੋ ਡਰਿ ਨਿਡਰੁ ਨਿਡਰਿ ਮੁਚ ਡਰਣਾ।
੫. ਗੁਰਸਿਖੀ ਮਿਲਿ ਸਾਧ ਸੰਗਿ ਸਬਦ ਸੁਰਤਿ ਜਗੁ ਦੁਤਰੁ ਤਰਣਾ।
੬. ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰ ਸਿਖ ਕਰਣਾ।
੭. ਗੁਰ ਕਿਰਪਾ ਗੁਰੁ ਸਿਖ ਗੁਰੁ ਸਰਣਾ ॥੧੦॥

**ਪਦਾਰਥ**-(ਅਉਚਰ=ਕਾਮਾਦਿ ਵਿਖਯ, ਜਿਨ੍ਹਾਂ ਦਾ ਖਾਣਾ ਕਠਨ ਹੈ।

**ਅਰਥ**-੧.ਗੁਰੂਦਵਾਰੇ ਸੁਖ ਫਲ ਦਾ ਅਹਾਰ ਕਰਨਾ (ਉਹ ਕੀ ਵਸਤੂ ਹੈ?) ਦੁਖ ਅਤੇ ਸੁਖ ਨੂੰ ਸਮਾਨ ਜਾਣਕੇ ਅਉਚਰ (ਕਾਮਾਦ ਵਿਖਯ) ਨੂੰ ਭੱਛਨ (ਕਰਕੇ ਅਭਾਵ) ਕਰ ਦੇਵੇ। ੨.ਗੁਰ ਸਿਖੀ ਦਾ ਗਾਉਣਾ (ਇਹੀ ਹੈ ਕਿ) ਅੰਮ੍ਰਿਤ ਬਾਣੀ (ਵਾਹਿਗੁਰੂ ਦੇ ਨਾਮ ਦੀ) ਇਕ ਰਸ ਉਚਾਰਨ ਕਰੇ। ੩.ਗੁਰਸਿਖ ਦਾ ਧੀਰਜ ਧਰਮ (ਇਹ ਹੈ ਕਿ) ਪ੍ਰੇਮ ਦਾ ਪਿਆਲਾ ਪੀਕੇ ਅਜਰ ਨੂੰ ਜਰ ਜਾਵੇ। ੪.ਗੁਰ ਸਿਖੀ ਦਾ (ਸੰਜਮ) ਜਪ ਤਪ (ਇਹੋ ਹੈ ਕਿ ਸੰਸਾਰਕ) ਡਰ ਥੋਂ ਨਿਡਰ ਹੋਣਾ ਅਰ ਨਿਡਰ ਥੋਂ ਬਹੁਤ ਭੈ ਰਖਣਾ (ਭਾਵ ਸੰਸਾਰ ਦਾ ਭੈ ਨਾ ਰਖਣਾ ਤੇ ਪਰਮੇਸ਼ਰ ਦਾ ਭੈ ਰਖਣਾ)। ੫.ਗੁਰ ਸਿਖੀ (ਅਰਥਾਤ ਗੁਰੂ ਦੇ ਸਿਖ) ਸਾਧ ਸੰਗਤ ਵਿਖੇ ਮਿਲਕੇ ਸ਼ਬਦ ਸੁਰਤ ਨਾਲ ਸੰਸਾਰ ਸਾਗਰ ਦੁਸ਼ਤਰ ਥੋਂ ਤਰ ਜਾਂਦੇ ਹਨ। ੬.ਗੁਰ ਸਿਖੀ ਦਾ ਕਰਮ ਇਹੋ ਹੈ ਕਿ ਜੋ ਗੁਰੂ ਬਚਨ ਕਰਨ ਸਿਖ ਨੂੰ ਮੰਨਣਾ ਜੋਗ ਹੈ। ੭.ਗੁਰੂ ਦੀ ਕਿਰਪਾ ਕਰਕੇ ਹੀ ਗੁਰ ਸਿਖ, ਗੁਰੂ ਦੀ ਸ਼ਰਣ (ਪੈਂਦਾ ਹੈ, ਜਣਾ ਖਣਾ ਗੁਰੂ ਦਾ ਬਚਨ ਨਹੀਂ ਮੰਨ ਸਕਦਾ, ਜਿਸ ਪੁਰ ਗੁਰੂ ਦੀ ਕਿਰਪਾ ਹੋਵੇ ਓਹੀ ਗੁਰੂ ਅੰਗਦ ਵਾਂਗ ਗੁਰੂ ਦੀ ਸ਼ਰਣ ਆਉਂਦਾ ਹੈ)।

## ੧੧. (ਗੁਰੂ ਦੀ ਸ਼ਕਤੀ ਤੇ ਗੁਣ)।

੧. ਵਾਸਿ ਸੁਵਾਸੁ ਨਿਵਾਸੁ ਕਰਿ ਸਿੰਮਲਿ ਗੁਰਮੁਖਿ ਸੁਖ ਫਲ ਲਾਏ।
੨. ਸੋਇਨਾ ਹੋਇ ਮਨੂਰੁ ਮਿਲੁ ਕਾਗਹੁ ਪਰਮ ਹੰਸੁ ਕਰਵਾਏ।
੩. ਪਸੂ ਪਰੈਤਹੁ ਦੇਵ ਕਰਿ ਸਤਿਗੁਰ ਦੇਵ ਸੇਵ ਭੈ ਪਾਏ।
੪. ਸਭ ਨਿਧਾਨ ਰਖਿ ਸੰਖ ਵਿਚਿ ਹਰਿ ਜੀ ਲੈ ਲੈ ਹਥਿ ਵਜਾਏ।
੫. ਪਤਤਿ ਉਧਾਰਣੁ ਆਖੀਐ ਭਗਤਿ ਵਛਲ ਹੋਇ ਆਪੁ ਛਲਾਏ।
੬. ਗੁਣ ਕੀਤੇ ਗੁਣ ਕਰੇ ਜਗੁ ਅਵਗੁਣ ਕੀਤੇ ਗੁਣ ਗੁਰ ਭਾਏ।
੭. ਪਰਉਕਾਰੀ ਜਗ ਵਿਚ ਆਏ॥੧੧॥

**ਪਦਾਰਥ**-(ਸਿੰਮਲਿ=ਭਾਵ ਮਨਮੁਖ।

**ਅਰਥ**-੧.ਵਾਸ਼ਨਾ ਵਿਚੋਂ ਸ੍ਰੇਸ਼ਟ ਵਾਸ਼ਨਾ (ਭਾਵ ਨਾਮ ਦੀ ਵਾਸ਼ਨਾ) ਦਾ ਨਿਵਾਸ ਪਾਕੇ ਗੁਰੂ ਸ੍ਰੇਸ਼ਟ ਸਿੰਮਲ (ਰੂਪ ਮਨਮੁਖ) ਨੂੰ ਭੀ ਸੁਖ ਫਲ ਲਾ ਦਿੰਦੇ ਹਨ। ੨.ਮਨੂਰ ਨੂੰ ਮੇਲਕੇ ਸੋਨਾ ਕਰ ਦੇਂਦੇ ਹਨ, ਕਾਂਵਾਂ ਥੋਂ (ਗੁਰੂ) ਪਰਮਹੰਸ ਕਰਵਾ ਦਿੰਦੇ ਹਨ। ੩.ਪਸੂ ਅਤੇ ਪਰੇਤਾਂ ਥੋਂ ਸਤਿਗੁਰੂ (ਗੁਰ ਨਾਨਕ) ਦੀ ਸੇਵਾ ਭੈ ਪਾਕੇ (ਪ੍ਰੇਮਾ ਭਗਤੀ ਲਾਕੇ) ਦੇਵਤਾ ਕਰ ਦਿੰਦੀ ਹੈ। ੪.(ਕਹਿੰਦੇ ਹਨ ਕਿ ਵਿਸ਼ਨੂੰ ਪਾਸ) ਇਕ ਸੰਖ (ਹੈ ਜਿਸ) ਵਿਚ ਚਾਰੇ ਪਦਾਰਥ ਹਨ, ਉਹ ਵਿਸ਼ਨੂੰ ਹੱਥ ਵਿਚ ਲੈਕੇ ਵਜਾਉਂਦਾ ਰਹਿੰਦਾ ਹੈ (ਤਿਵੇਂ ਸਾਰੇ ਪਦਾਰਥ ਗੁਰੂ ਦੇ ਸ਼ਬਦ ਰੂਪੀ ਸੰਖ ਵਿਚ ਹਨ, ਜਿਸ ਨੂੰ ਉਪਦੇਸ਼ ਦੁਆਰਾ ਗੁਰੂ ਵਜਾਉਂਦੇ ਰਹਿੰਦੇ ਹਨ)। ੫.ਪਤਿਤ ਉਧਾਰਣ (ਗੁਰੂ ਦਾ ਬਿਰਦ) ਕਹੀਦਾ ਹੈ। (ਦੂਜਾ) ਭਗਤ ਵਛਲ ਹੋਕੇ (ਭਗਤਾਂ ਪਾਸ ਆਪਣਾ) ਆਪ ਛਲਾ ਬੈਠਦਾ ਹੈ (ਭਾਵ ਉਨ੍ਹਾਂ ਦੇ ਪ੍ਰੇਮ ਵਸ ਹੋ ਜਾਂਦਾ ਹੈ)। ੬.ਗੁਣ ਕੀਤਿਆਂ (ਤਾਂ ਹਰ ਕੋਈ) ਸੰਸਾਰ ਵਿਚ ਉਪਕਾਰ ਕਰਦਾ ਹੈ, ਪਰ ਅਵਗੁਣਾਂ ਪੁਰ ਗੁਣ ਕਰਨਾਂ (ਇਕ) ਗੁਰੂ ਨੂੰ ਹੀ ਭਾਉਂਦਾ ਹੈ। ੭.ਪਰੋਪਕਾਰੀ ਗੁਰੂ ਹੀ ਜਗਤ ਵਿਖੇ ਆਏ ਹਨ।

## ੧੨. (ਸਿੱਖ ਪਰਉਪਕਾਰੀ)।

੧. ਫਲ ਦੇ ਵਟ ਵਗਾਇਆਂ ਤਛਣਹਾਰੇ ਤਾਰਿ ਤਰੰਦਾ।
੨. ਤਛੈ ਪੁਤ ਨ ਡੋਬਈ ਪੁਤ ਵੈਰੁ ਜਲ ਜੀ ਨ ਧਰੰਦਾ।
੩. ਵਰਸੈ ਹੋਇ ਸਹੰਸ ਧਾਰ ਮਿਲ ਗਿਲ ਜਲੁ ਨੀਵਾਣਿ ਚਲੰਦਾ।
੪. ਡੋਬੈ ਡਬੈ ਅਗਰ ਨੋ ਆਪੁ ਛਡਿ ਪੁਤ ਪੈਜ ਰਖੰਦਾ।
੫. ਤਰਿ ਡੁਬੈ ਡੁਬਾ ਤਰੈ ਜਿਣਿ ਹਾਰੈ ਹਾਰੈ ਸੁ ਜਿਣੰਦਾ।
੬. ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵੰਦਾ।
੭. ਆਪਹੁ ਕਿਸੈ ਨ ਜਾਣੈ ਮੰਦਾ ॥੧੨॥

**ਪਦਾਰਥ**-(ਤਾਰਿ=ਨਦੀ। ਤਛੈ=ਕੱਟਣਾ। ਮਿਲਗਿਲ=ਰਲ ਮਿਲਕੇ।)

**ਅਰਥ**-੧.ਵੱਟੇ ਦੇ ਮਾਰਿਆਂ ਬ੍ਰਿਛ ਫਲ ਦਿੰਦਾ ਹੈ ਤੇ ਕੱਟਣ ਵਾਲੇ (ਤ੍ਰਖਾਣ) ਨੂੰ ('ਤਾਰਿ') ਨਦੀ ਥੋਂ ਤਾਰਦਾ ਹੈ। ੨.ਪੁੱਤ੍ਰ ਦੇ ਕੱਟਣ ਵਾਲੇ ਨੂੰ (ਅਰਥਾਤ ਬ੍ਰਿਛ ਦੇ ਵੱਢਣਹਾਰੇ ਨੂੰ ਪਾਣੀ) ਨਹੀਂ ਡੋਬਦਾ (ਕਿਉਂ ਜੋ ਉਹ) ਪੁਤ੍ਰ ਦਾ ਵੈਰ ਜੀਅ ਵਿਖੇ ਨਹੀਂ ਧਾਰਦਾ (ਭਈ ਇਸ ਨੇ ਤਾਂ ਮੇਰਾ ਪੁਤ੍ਰ ਬ੍ਰਿਛ ਮਾਰਿਆ ਹੈ ਮੈਂ ਇਸ ਨੂੰ ਕਿਉਂ ਤਾਰਾਂ?)। ੩.ਹਜ਼ਾਰ ਟੁਕੜੇ ਹੋਕੇ ਪਾਣੀ ਵਰ੍ਹਦਾ ਹੈ (ਤਾਂ ਜੋ

ਬ੍ਰਿਛਾਂ ਨੂੰ ਔਖ ਨ ਹੋਵੇ), (ਫਿਰ) ਰਲ ਮਿਲਕੇ ਨੀਵਾਣ ਨੂੰ ਹੀ ਚਲਦਾ ਹੈ। ੪.ਅਗਰ ਦੇ ਡੱਬੇ ਨੂੰ ਪਾਣੀ ਡੋਬਦਾ ਹੈ (ਇਸ ਲਈ ਜੋ) ਆਪਣਾ (ਧਰਮ ਛੱਡਕੇ ਬੀ ਪੁਤ੍ਰ ਦੀ ਪੈਜ ਰਖੇ, (ਕਿਉਂ ਜੋ ਡੁਬਣ ਨਾਲ ਅਗਰ ਕੀਮਤ ਵਿਚ ਮਹਿੰਗਾ ਵਿਕਦਾ ਹੈ)। ੫.ਪਰੰਤੂ ਭਾਵ ਵਿਚ 'ਤਰਿ ਡੁਬੈ ਡੁਬਾ ਤਰੈ') (ਜੋ ਆਪ ਨੂੰ) ਤਾਰਿਆ (ਸਮਝੂ) ਉਹ ਡੁਬੂ, (ਅਰ ਜੋ) ਡੁਬਾ (ਉਹ) ਤਾਰੂ, ਜਿੱਤਣ ਵਾਲਾ ਹਾਰਦਾ ਤੇ ਹਾਰਣ ਵਾਲਾ ਜਿੱਤਦਾ ਹੈ। ੬.ਇਹ ਖੇਲ ਪ੍ਰੇਮ ਦਾ ਉਲਟਾ ਹੈ, ਪੈਰਾਂ ਪਰ ਸਿਰ ਰੱਖੀਦਾ ਹੈ। (ਸਿਰ ਪੁਰ ਪੈਰ ਕੋਈ ਨਹੀਂ ਰੱਖਦਾ। **"ਊਚਾ ਚੜੈ ਸੋ ਪਵੈ ਪਇਆਲਾ ॥ ਧਰਨਿ ਪੜੈ ਤਿਸੁ ਲਗੈ ਨਾ ਕਾਲਾ ॥"**) (ਆਸਾ: ਮ:੫-੧੩) ੭.(ਗੁਰਸਿਖ) ਕਿਸੇ ਨੂੰ ਆਪਣੇ ਤੋਂ ਬੁਰਾ ਨਹੀਂ ਜਾਣਦਾ।

## ੧੩. (ਸਿੱਖ ਨਿੰਮ੍ਰ ਤੇ ਪਰਉਪਕਾਰੀ ਹੈ)।

੧. ਧਰਤੀ ਪੈਰਾ ਹੇਠਿ ਹੈ ਧਰਤੀ ਹੇਠ ਵਸੰਦਾ ਪਾਣੀ।
੨. ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ।
੩. ਬਹੁ ਰੰਗੀ ਇਕ ਰੰਗੁ ਹੈ ਸਭਨਾ ਅੰਦਰਿ ਇਕੋ ਜਾਣੀ।
੪. ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ।
੫. ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ।
੬. ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ।
੭. ਗੁਰੁ ਸਿਖੀ ਦੀ ਏਹ ਨਸਾਣੀ ॥੧੩॥

**ਪਦਾਰਥ**-(ਵਿਰਤੀ ਹਾਣੀ=ਹਾਣੀਆਂ ਨਾਲ ਇਕੋ ਜਿਹਾ ਵਰਤਣਾ।
(ਅਗਨਿ ਬੁਝਾਏ ਤਪਤਿ ਵਿਚਿ=ਤੱਤਾ ਹੋਯਾ ਬੀ ਅੱਗ ਬੁਝਾ ਦੇਂਦਾ ਹੈ।

**ਅਰਥ**-੧.(ਸਭ ਤੋਂ ਨੀਵੀਂ) ਧਰਤੀ ਪੈਰਾਂ ਹੇਠ ਰਹਿੰਦੀ ਹੈ, ਤੇ ਪਾਣੀ ਧਰਤੀ ਦੇ (ਬੀ ਹੇਠ) ਵਸਦਾ ਹੈ (ਕਿਉਂ ਜੋ ਜਿੱਥੇ) ੨.ਨੀਵਾਣ ਹੋਵੇ ਉਥੇ ਹੀ ਜਾਕੇ ਪ੍ਰਾਣੀਆਂ ਨੂੰ ਨਿਰਮਲ ਅਤੇ ਸ਼ੁੱਧ ਕਰਦਾ ਹੈ, (ਜਾਂ ਧਰਤੀ ਦੇ ਵਿਚ ਖੂਹਾਂ ਵਿਚ ਤੇ ਸਮੁੰਦਰ ਦੇ ਡੂੰਘਾ ਵਿਚ ਰਹਿੰਦਾ ਹੈ)। ੩.ਫੇਰ ਇਕ ਰੰਗ ਹੋਕੇ ਬਹੁਰੰਗੀ ਹੋ ਜਾਂਦਾ ਹੈ, ਸਭਨਾਂ (ਸ਼ਕਲਾਂ ਤੇ ਬਰਤਨਾਂ) ਵਿਚ ਇਕੋ ਜਿਹਾ ਜਾਣੀਦਾ ਹੈ। ੪.(ਜੇਕਰ) ਧੁੱਪ ਹੋਵੇ ਤਾਂ ਤੱਤਾ ਜੇ ਛਾਂ ਹੋਵੇ ਤਾਂ ਠੰਢਾ (ਜਿਹਾ) ਹਾਣੀ ਹੋਵੇ ਤਿਹਾ ਵਰਤਦਾ ਹੈ। ੫.(ਗੱਲ ਕੀ) ਤਪਣ ਅਤੇ ਸੀਤਲ ਹੋਣ ਵਿਖੇ ਪਰੋਪਕਾਰ ਵਿਖੇ ਹੀ ਲੱਗਦਾ ਹੈ। ੬.ਤੱਤਾ ਹੋਯਾ ਬੀ ਅੱਗ ਬੁਝਾ ਦੇਂਦਾ ਹੈ, (ਸ਼ੱਕ ਨਾ ਕਰਨਾਂ ਜੋ ਵਾਸਤਵ ਵਿਚ) ਠੰਢਾ ਹੋਵੇ ਤਾਂ ਦੇਰ ਨਹੀਂ ਲਗਦੀ (ਅੱਗ ਬੁਝਣ ਵਿਚ, ਜੇ ਅੱਗ ਰੂਪ ਹੁੰਦਾ ਤਾਂ ਕਿਸ ਤਰ੍ਹਾਂ ਬੁੱਝ ਸਕਦੀ ਸੀ?) ੭.ਗੁਰ ਸਿਖਾਂ ਦੀ ਬੀ ਇਹੋ ਨੀਸਾਣੀ ਹੈ (ਧੁਨੀ ਇਹ ਕਿ ਭਾਵੇਂ ਗੁਰਮੁਖ ਕਿਸੇ ਹਾਲਤ ਵਿਚ ਹੋਣ ਪਰੋਪਕਾਰ ਕਰਣੋਂ ਆਲਸ ਨਹੀਂ ਕਰਨਗੇ)।

## ੧੪. (ਸਿੱਖ ਨਿੰਮ੍ਰੀ ਤੇ ਪਰੋਪਕਾਰੀ ਹੈ)।

੧. ਪਾਣੀ ਅੰਦਰਿ ਧਰਤਿ ਹੈ ਧਰਤੀ ਅੰਦਰਿ ਪਾਣੀ ਵਸੈ।
੨. ਧਰਤੀ ਰੰਗੁ ਨ ਰੰਗ ਸਭ ਧਰਤਿ ਸਾਉ ਨ ਸਭ ਰਸ ਰਸੈ।
੩. ਧਰਤੀ ਗੰਧੁ ਨ ਗੰਧ ਬਹੁ ਧਰਤਿ ਨ ਰੂਪ ਅਨੂਪ ਤਰਸੈ।
੪. ਜੇਹਾ ਬੀਜੈ ਸੋ ਲੁਣੈ ਕਰਮਿ ਭੂਮਿ ਸਭ ਕੋਈ ਦਸੈ।
੫. ਚੰਦਨ ਲੇਪੁ ਨ ਲੇਪੁ ਹੈ ਕਰਿ ਮਲ ਮੂਤ ਕੁਸੂਤ ਨ ਧਸੈ।
੬. ਵੁਠੇ ਮੀਹ ਜਮਾਇਦੇ ਡਵਿ ਲਗੈ ਅੰਗੂਰੁ ਵਿਗਸੈ।


www.sikhbookclub.com

੭. ਦੁਖਿ ਨ ਰੋਵੈ ਸੁਖਿ ਨ ਹਸੈ ॥੧੪॥

**ਪਦਾਰਥ**-(ਰੰਗੁ ਨ ਰੰਗ ਸਭ=ਰੰਗ ਨਹੀਂ ਬੀ ਅਰ ਸਾਰੇ ਰੰਗ ਭੀ ਹਨ।
(ਗੰਧੁ ਨ ਗੰਧ ਬਹੁ=ਗੰਧ ਨਹੀਂ ਬੀ ਅਰ ਹੈ ਬੀ। ਤਰਸੈ=ਤਰਸਦੇ ਹਨ (ਲੋਕ)।
(ਧੱਸੈ=ਲਗਣਾ, ਖੁਬਣਾ। ਗੁੱਸੇ ਹੋਣਾ। ਜਮਾਇੰਦੇ=ਅੰਨ ਬੀਜਦੇ।
(ਡਵਿ=ਦਾਵਾਅਗਨ। ਰੋਵੈ=ਧਰਤੀ ਦਾ ਰੋਣਾ।

**ਅਰਥ**-੧.ਪਾਨੀ ਵਿਚ ਧਰਤੀ ਟਿਕੀ (ਹੋਈ) ਹੈ ਅਰ ਧਰਤੀ ਦੇ ਵਿਚ ਬੀ ਪਾਣੀ ਵਸਦਾ ਹੈ (ਪਰੰਤੂ ਫਿਰ ਬੀ ਧਰਤੀ ਇਕ ਰਸ ਰਹਿੰਦੀ ਹੈ)। ੨.ਧਰਤੀ ਵਿਖੇ ਰੰਗ ਨਹੀਂ ਬੀ ਅਰ ਸਾਰੇ ਰੰਗ ਬੀ ਇਸ ਵਿਖੇ ਹੀ ਹਨ (ਫੁਲਾਂ ਤੋਂ ਦੇਖੋ, ਤਿਵੇਂ ਹੀ ਕੋਈ) ਸੁਆਦ ਨਹੀਂ (ਬੀ ਅਰ ਸਾਰੇ ਸਵਾਦ ਬੀ) ਧਰਤੀ ਵਿਖੇ ਹਨ (ਕਿਉਂ ਜੋ ਫਲਾਂ ਫੁਲਾਂ ਦੁਆਰੇ ਸਭ ਰੰਗ ਤੇ ਰਸ ਧਰਤੀ ਤੋਂ ਹੀ ਹੁੰਦੇ ਹਨ)। ੩.ਧਰਤੀ ਵਿਖੇ ਗੰਧੀ ਨਹੀਂ ਬੀ (ਅਰ) ਸਾਰੀਆਂ ਗੰਧਾਂ (ਉਸੇ ਦੀਆਂ) ਹਨ, (ਤਿਹਾ ਹੀ) ਅਨੂਪਮ ਰੂਪ ਬੀ ਧਰਤੀ ਦੇ ਹੀ (ਸ੍ਰਿਸ਼ਟੀ ਵਿਖੇ ਭਾਸਦੇ) ਹਨ (ਸਾਰੇ ਲੋਕ 'ਤਰੱਸੈ'=) ਚਾਹੁੰਦੇ ਹਨ। (ਉਨ੍ਹਾਂ ਸਰੂਪਾਂ ਨੂੰ)। ੪.(ਧਰਤੀ) ਕਰਮਾਂ ਦੀ ਭੂਮੀ ਹੈ ਜਿਹਾ ਕੋਈ ਬੀਜਦਾ ਹੈ ਤਿਹਾ ਹੀ ਵੱਢਦਾ ਹੈ, ਸਭ (ਇਹ ਗੱਲ ਦੱਸਦੇ) ਭਾਵ ਪਰਵਾਨ ਕਰਦੇ ਹਨ। ੫.ਚੰਦਨ ਦੇ ਲੇਪਾਂ ਨਾਲ (ਧਰਤੀ) ਲਿਪਾਇਮਾਨ ਨਹੀਂ ਹੁੰਦੀ, ਅਰ ਕੋਈ ਮਲ ਮੂਤ੍ਰ ਦਾ ਕੁਸੂਤ੍ਰ ਕਰੇ ਤਾਂ ਧਸਦੀ ਨਹੀਂ (ਗੁੱਸੇ ਨਹੀਂ ਹੁੰਦੀ)। ੬.ਮੀਂਹ ਦੇ ਵਸਿਆਂ (ਲੋਕ ਅੰਨ) ਬੀਜਦੇ ਹਨ, ਦਾਵਾ ਅਗਨੀ ਦੇ ਲਗਨ ਨਾਲ ਅੰਗੂਰ ਫੁਟਦੇ ਹਨ (ਭਾਵ ਮੀਂਹ ਪਿਆਂ ਬੀ ਫਲ ਦੇਂਦੀ ਤੇ ਅੱਗ ਲਗਿਆਂ ਬੀ ਸਰਕੜੇ ਦੇ ਨਵੇਂ ਬੂਟੇ ਪੁੰਗਾਰਦੀ ਹੈ)। ਦੁਖ ਵਿਖੇ ਰੋਂਦੀ ਨਹੀਂ ਅਰ ਸੁਖ ਵਿਖੇ ਪ੍ਰਸੰਨ ਨਹੀਂ ਹੁੰਦੀ।

**ਭਾਵ**-**"ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥**(ਗਉ: ਮ:੯-੧) ਪੁਨਾ:- "**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥**" (ਸੁਖਮਨੀ)

## ੧੫. (ਸਿੱਖ ਦੀ ਨਿੱਤ ਕਮਾਈ)।

੧. ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
੨. ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇਕੈ ਭਲਾ ਮਨਾਏ।
੩. ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
੪. ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
੫. ਸਾਧ ਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ।
੬. ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ।
੭. ਆਸਾ ਵਿਚਿ ਨਿਰਾਸੁ ਵਲਾਏ॥੧੫॥

**ਪਦਾਰਥ**-(ਪਿਛਲ ਰਾਤੀ=ਪਹਿਰ ਰਾਤ ਰਹੀ। ਮਿਠਾ=ਕੋਮਲ ਬਚਨ।
(ਗੁਰਮਤਿ=ਗੁਰਸਿੱਖਯਾ। ਘਾਲਿ=ਕਮਾਈ। ਪਰਚਾ=ਪ੍ਰੇਮ। ਵਲਾਏ=ਰਹੇ।

**ਅਰਥ**-੧.ਪਹਿਰ ਰਾਤ ਰਹਿੰਦੀ ਜਾਗਣਾ ਕਰੇ, ਨਾਮ, ਦਾਨ, ਇਸ਼ਨਾਨ ਦਾ ਅੱਭਯਾਸ ਕਰੇ। ੨.ਕੋਮਲ ਵਾਕ ਬੋਲੇ, ਨਿੰਮ੍ਰੀ ਭੂਤ ਹੋਕੇ ਚਲੇ, ਹਥੋਂ ਦੇ ਕੇ ਭਲਾ ਮਨਾਵੇ, (ਭਾਵ ਹਸਾਨ ਨਾ ਕਰੇ, ਲੈਣ ਵਾਲੇ ਦਾ ਹਸਾਨ ਜਾਣੇ)। ੩.ਸਵਣਾ, ਖਾਣਾ, ਬੋਲਣਾ ਥੋੜਾ ਕਰੇ ਅਰ ਗੁਰੂ ਦੀ ਮਤ (ਸਿਖਿਆ) ਗ੍ਰਹਿਣ ਕਰੇ। ੪.ਕਮਾਈ (ਦਸਾਂ ਨੌਹਾਂ ਦੀ ਕਰਕੇ) ਖਾਵੇ, ('ਸੁਕ੍ਰਿਤ ਕਰੇ') ਭਲੇ ਕੰਮ ਕਰੇ (ਦਸਵੰਧ ਆਦਿਕ ਦਾਨ ਕਰੇ) ਪਰ ਵੱਡਾ (ਦਾਨੀ) ਬਣਕੇ ਆਪਣਾ ਆਪ ਨਾ ਗਿਣਾਵੇ (ਇਹ ਯਾਦ ਰਖੇ)

**"ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ"** (ਸ: ਕਬੀ-੨੦੩) ਜੇਕਰ ਮਾਲੀ ਮਾਲਕ ਦੇ ਬਾਗ ਵਿਚੋਂ ਇਕ ਡਾਲੀ ਮਾਲਕ ਨੂੰ ਦੇਵੇ ਤਾਂ ਮਾਲੀ ਦੀ ਕੀ ਹਿੰਗ ਫਟਕੜੀ ਖਰਚ ਹੁੰਦੀ ਹੈ)। ੫.ਜਿਥੇ ਸਾਧ ਸੰਗਤ ਮਿਲਕੇ ਕਥਾ ਕੀਰਤਨ ਕਰਨ ਰਾਤ ਦਿਨ ਨਿਤ ਤੁਰਕੇ ਜਾਵੇ (ਭਾਵ ਰਾਤ ਹੋਵੇ ਤਾਂ ਆਲਸ ਕਰਕੇ ਘੁਰਾੜੇ ਨਾ ਮਾਰੇ), (ਉਥੇ ਜਾਕੇ ਕੀ ਕਰੇ?) ੬.ਸ਼ਬਦ ਦੀ ਸੁਰਤ ਵਿਖੇ ਪ੍ਰੇਮ ਕਰੇ ਅਰ ਸਤਿਗੁਰੂ (ਗੁਰ ਨਾਨਕ ਦੇਵ ਦੇ) ਪ੍ਰੇਮ ਵਿਖੇ ਮਨ ਨੂੰ 'ਪਰਚਾਵੇ' (ਪ੍ਰੇਰੇ)। ੭.ਆਸਾ ਵਿਖੇ ਨਿਰਾਸ ਹੋਕੇ ਰਹੇ (ਸਾਧ ਸੰਗਤ ਵਿਖੇ ਦੁਧ, ਪੁਤ, ਧਨ ਦੀ ਆਸਾ ਨਾ ਕਰੇ, ਕੇਵਲ ਗੁਰੂ ਨਾਨਕ ਜੀ ਦਾ ਪ੍ਰੇਮ ਕਰਕੇ ਨਿਸ਼ਕਾਮ ਭਗਤੀ ਕਰੇ)।

## ੧੬. (ਸਿੱਖ ਦੀ ਨਿੱਤ ਕਮਾਈ)।

੧. ਗੁਰ ਚੇਲਾ ਚੇਲਾ ਗੁਰੂ ਗੁਰ ਸਿਖ ਸੁਣਿ ਗੁਰ ਸਿਖੁ ਸਦਾਵੈ।
੨. ਇਕ ਮਨਿ ਇਕੁ ਅਰਾਧਣਾ ਬਾਹਰਿ ਜਾਂਦਾ ਵਰਜਿ ਰਹਾਵੈ।
੩. ਹੁਕਮੀ ਬੰਦਾ ਹੋਇਕੈ ਖਸਮੈ ਦਾ ਭਾਣਾ ਤਿਸੁ ਭਾਵੈ।
੪. ਮੁਰਦਾ ਹੋਇ ਮੁਰੀਦ ਸੋਇ ਕੋ ਵਿਰਲਾ ਗੁਰਿ ਗੋਰਿ ਸਮਾਵੈ।
੫. ਪੈਰੀ ਪੈ ਪਾਖਾਕੁ ਹੋਇ ਪੈਰਾ ਉਪਰਿ ਸੀਸੁ ਧਰਾਵੈ।
੬. ਆਪੁ ਗਵਾਏ ਆਪੁ ਹੋਇ ਦੂਜਾ ਭਾਉ ਨ ਨਦਰੀ ਆਵੈ।
੭. ਗੁਰ ਸਿਖੀ ਗੁਰੁ ਸਿਖ ਕਮਾਵੈ॥੧੬॥

**ਪਦਾਰਥ**-(ਬਾਹਰਿ ਜਾਂਦਾ=ਮਨ, ਜੋ ਬਾਹਰਿ ਨੱਸਦਾ ਹੈ।

**ਅਰਥ**-੧.ਗੁਰੂ ਦਾ ਸਿਖ (ਬਣਕੇ) ਜੋ ਗੁਰੂ ਦੀ ਸਿਖ੍ਯਾ ਸੁਣਦਾ ਹੈ ਉਹ ਚੇਲਾ ਗੁਰੂ ਤੇ ਗੁਰੂ ਚੇਲਾ (ਇਕ ਰੂਪ ਹੀ) ਸਦਾਉਂਦਾ ਹੈ। ੨.ਇਕ ਮਨ ਹੋਕੇ ਇਕ (ਪਰਮਾਤਮਾ) ਦਾ ਧਿਆਨ ਰਖੇ ਅਰ ਬਾਹਰ ਨੂੰ ਜਾਂਦਾ (ਮਨ) ਰੋਕ ਕੇ (ਅੰਦਰ) ਰਖੇ। ੩.ਹੁਕਮ ਦਾ ਦਾਸ ਹੋਕੇ ('ਖਸਮ') ਵਾਹਿਗੁਰੂ ਦਾ ਭਾਣਾ ਉਸ ਨੂੰ ਚੰਗਾ ਲਗੇ। ੪.ਜੋ ਮੁਰਦਾ ਹੋ ਜਾਵੇ ਉਹ ਮੁਰੀਦ ਹੈ (ਪਰੰਤੂ) ਕੋਈ ਵਿਰਲਾ (ਮੁਰਦਾ ਹੈ ਜੋ) ਗੁਰੂ ਗੋਰ ਵਿਖੇ ਡੇਰਾ ਰਖਦਾ ਹੈ। ੫.ਪੈਰੀਂ ਪੈ ਕੇ ਗੁਰੂ ਦੇ ਪੈਰਾਂ ਦੀ ਖਾਕ ਹੋ ਜਾਂਦਾ ਹੈ ਅਰ ਹਰੇਕ ਗੁਰੂ ਸਿੱਖ ਦੇ ਪੈਰਾਂ ਪੁਰ ਸਿਰ ਝੁਕਾਉਂਦਾ ਹੈ (**"ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ"**) (ਸੂਹੀ: ਮ:੫: ਗੁਣਵੰਤੀ)। ੬.ਆਪਾ ਭਾਵ ਛੱਡ ਕੇ ਆਪ (ਸੁਧ ਹੋ ਜਾਂਦਾ ਹੈ, ਦੂਜਾ ਭਾਉ ਉਸ ਦੀ ਨਜ਼ਰ ਹੇਠ ਨਹੀਂ ਆਉਂਦਾ, (ਹਉਮੈ ਵਾਲੀ ਮੈਂ ਮਰ ਜਾਂਦੀ ਹੈ)। ੭.(ਉਕਤ) ਗੁਰ ਸਿਖੀ ਨੂੰ ਗੁਰ ਸਿਖ ਹੀ ਕਮਾਉਂਦਾ ਹੈ, (ਦੂਜੇ ਭਾਉ ਵਾਲਿਆਂ ਦਾ ਕੰਮ ਨਹੀਂ, ਗੁਰੂ ਅੰਗਦ ਜੇਹੇ ਹੀ ਅਜਿਹੀ ਸਿਖੀ ਦਾ ਆਨੰਦ ਮਾਣਦੇ ਹਨ)।

## ੧੭. (ਵਿਰਲੇ ਸਿੱਖ)।

੧. ਤੇ ਵਿਰਲੇ ਸੈਂਸਾਰ ਵਿਚਿ ਦਰਸ਼ਨ ਜਤਿ ਪਤੰਗ ਮਿਲੰਦੇ।
੨. ਤੇ ਵਿਰਲੇ ਸੈਂਸਾਰ ਵਿਚਿ ਸਬਦ ਸੁਰਤਿ ਹੋਇ ਮਿਰਗ ਮਰੰਦੇ।
੩. ਤੇ ਵਿਰਲੇ ਸੈਂਸਾਰ ਵਿਚਿ ਚਰਣ ਕਵਲ ਹੁਇ ਭਵਰ ਵਸੰਦੇ।
੪. ਤੇ ਵਿਰਲੇ ਸੈਂਸਾਰ ਵਿਚਿ ਪਿਰਮ ਸਨੇਹੀ ਮੀਨ ਤਰੰਦੇ।
੫. ਤੇ ਵਿਰਲੇ ਸੈਂਸਾਰ ਵਿਚਿ ਗੁਰ ਸਿਖਿ ਗੁਰ ਸਿਖ ਸੇਵ ਕਰੰਦੇ।
੬. ਭੈ ਵਿਚਿ ਜੰਮਨ ਭੈ ਰਹਨਿ ਭੈ ਵਿਚਿ ਮਰਿ ਗੁਰੁ ਸਿਖ ਜੀਵੰਦੇ।
੭. ਗੁਰਮੁਖ ਸੁਖ ਫਲੁ ਪਿਰਮ ਚਖੰਦੇ॥੧੭॥

**ਪਦਾਰਥ**-(ਮੀਨ ਤਰੰਦੇ=ਮੱਛੀ ਵਤ ਤਰੰਦੇ ਹਨ ਜਲ ਵਿਚ।

**ਅਰਥ**-੧.(ਜੇਹੜੇ ਗੁਰੂ ਦੀ) ਜੋਤ ਦੇ ਦਰਸ਼ਨ ਕਰਨ ਲਈ ਪਤੰਗ ਵਾਂਙ (ਪ੍ਰੇਮ ਕਰਕੇ) ਮਿਲਦੇ ਹਨ ਓਹ ਸੰਸਾਰ ਵਿਚ ਵਿਰਲੇ ਹਨ। ੨.ਸ਼ਬਦ ਦੀ ਪ੍ਰੀਤ ਵਿਖੇ ਮਿਰਗ ਵਾਂਙ (ਪ੍ਰੀਤ ਕਰਕੇ) ਜੋ ਮਰਦੇ (ਭਾਵ ਮੋਹਤ ਹੋ ਜਾਂਦੇ ਹਨ) ਓਹ ਸੰਸਾਰ ਵਿਚ ਵਿਰਲੇ ਹਨ। ੩.ਜੋ ਗੁਰੂ ਦੇ ਚਰਣ ਕਮਲਾਂ ਵਿਖੇ ਭਵਰ ਹੋਕੇ ਨਿਵਾਸ ਕਰਦੇ ਹਨ ਓਹ ਸੰਸਾਰ ਵਿਚ ਵਿਰਲੇ ਹਨ। ੪.(ਜੋ ਪਿਆਰੇ) ਅਕਾਲ ਪੁਰਖ (ਰੂਪੀ ਸਮੁੰਦਰ ਦੇ ਪ੍ਰੇਮੀ ਹੋਕੇ) ਮੱਛੀ ਵਾਂਙ ਤਰਦੇ ਹਨ ਓਹ ਸੰਸਾਰ ਵਿਚ ਵਿਰਲੇ ਹਨ। ੫.ਜੋ ਗੁਰ ਸਿੱਖ ਗੁਰੂ ਸਿੱਖਾਂ ਦੀ ਸੇਵਾ (ਮਨੋਂ ਤਨੋਂ ਹੋਕੇ) ਕਰਦੇ ਹਨ ਓਹ ਸੰਸਾਰ ਵਿਚ ਵਿਰਲੇ ਹਨ।੬.ਭੈ ਵਿਖੇ ਜੰਮਕੇ ਭੈ ਵਿਖੇ ਰਹਿੰਦੇ ਅਰ ਭਯ ਵਿਖੇ ਹੀ ਮਰਦੇ ਹਨ ਓਹ ਗੁਰਸਿਖ (ਸਦਾ ਹੀ) ਜੀਉਂਦੇ ਹਨ। (ਭਾਵ ਬਾਲ ਅਵਸਥਾ ਥੋਂ ਧ੍ਰੂ ਭਗਤ ਵਾਂਗੂੰ ਅਕਾਲ ਪੁਰਖ ਵਿਖੇ ਅੰਤ ਤੀਕ ਪ੍ਰੀਤ ਰਖਦੇ ਹਨ। ਓਹ ਸਦਾ ਅਟੱਲ ਤੇ ਅਚਲ ਪਦਵੀ ਨੂੰ ਪ੍ਰਾਪਤ ਹੁੰਦੇ ਹਨ।) ੭.ਗੁਰਮੁਖ ਹੀ ਪਿਆਰੇ ਹਨ ਜੋ ਵਾਹਿਗੁਰੂ ਦਾ ਸੁਖ ਫਲ ਚਖਦੇ (ਭਾਵ ਬ੍ਰਹਮਾ ਨੰਦ ਵਿਖੇ ਮਗਨ ਰਹਿੰਦੇ)ਹਨ।

## ੧੮. (ਸਿੱਖੀ ਸਰਬ ਸ਼ਿਰੋਮਣੀ ਹੈ)।

੧. ਲਖ ਜਪ ਤਪ ਲਖ ਸੰਜਮਾ ਹੋਮ ਜਗ ਲਖ ਵਰਤ ਕਰੰਦੇ।
੨. ਲਖ ਤੀਰਥ ਲਖ ਊਲਖਾ ਲਖ ਪੁਰੀਆ ਲਖ ਪੁਰਬ ਲਗੰਦੇ।
੩. ਦੇਵੀ ਦੇਵਲ ਦੇਹੁਰੇ ਲਾਖ ਪੁਜਾਰੀ ਪੂਜ ਕਰੰਦੇ।
੪. ਜਲ ਥਲ ਮਹੀਅਲ ਭਰਮਦੇ ਕਰਮ ਧਰਮ ਲਖ ਫੇਰਿ ਫਿਰੰਦੇ।
੫. ਲਖ ਪਰਬਤ ਵਣਖੰਡ ਲਖ ਲਖ ਉਦਾਸੀ ਹੋਇ ਭਵੰਦੇ।
੬. ਅਗਨੀ ਅੰਗੁ ਜਲਾਇਦੇ ਲੱਖ ਹਿਮੰਚਲਿ ਜਾਇ ਗਲੰਦੇ।
੭. ਗੁਰੁ ਸਿਖੀ ਸੁਖੁ ਤਿਲੁ ਨ ਲਹੰਦੇ॥੧੮॥

**ਪਦਾਰਥ**-(ਊਲਖਾ=ਔਘੜ ਫਕੀਰ, ਕੰਨ ਪਾਟੇ ਜੋਗੀ। ਪੁਰੀਆ=ਕਾਸ਼ੀ ਮਥਰਾ ਆਦਿਕ। (ਸੁਖੁ ਤਿਲੁ=ਸੁਖ ਦਾ ਤਿਲ ਭਾਵ ਰੰਚਕ ਮਾਤ੍ਰ।

**ਅਰਥ**- ੧.ਲੱਖਾਂ ਜਪੀਏ ਲੱਖਾਂ ਤਪੀਏ ਹਨ, ਲੱਖਾਂ ਸੰਜਮ ਲੱਖਾਂ ਵਰਤ (ਨੇਮਾਦਿਕ ਉਪਾਵ) ਕਰਦੇ ਹਨ। ੨.ਲੱਖਾਂ ਤੀਰਥ, ਲੱਖਾਂ ਕੰਨਪਾਟੇ ਜੋਗੀਸ਼ਰ ਹਨ, ਲੱਖਾਂ ਪੁਰੀਆਂ (ਕਾਂਸ਼ੀ ਮਥਰਾਦਿਕ ਹਨ), ਲੱਖਾਂ ਪੁਰਬ (ਕੁੰਭ ਆਦਿਕ) ਲਗਦੇ ਹਨ। ੩.ਲੱਖਾਂ ਠਾਕਰ ਦੁਆਰੇ, ਦੇਹੁਰੇ, ਸਮਾਧਾਂ, ਲੱਖਾਂ ਪੁਜਾਰੀ ਪੂਜਾ ਕਰਣਹਾਰੇ ਹਨ। ੪.(ਲੱਖਾਂ) ਜਲਾਂ, ਥਲਾਂ, ਪ੍ਰਿਥਵੀ, ਅਕਾਸ਼ ਪੁਰ ਭੌਣਹਾਰੇ ਹਨ, ਕਈ ਲੱਖਾਂ ਕਰਮਾਂ ਧਰਮਾਂ ਦੇ ਫੇਰਾਂ ਵਿਚ ਫਿਰਦੇ ਹਨ! ੫.ਲੱਖਾਂ ਪਹਾੜਾਂ ਵਣਖੰਡਾਂ ਵਿਖੇ ਉਦਾਸੀ ਹੋਕੇ (ਗ੍ਰਿਹਸਥ ਛੱਡਕੇ ਬਾਹਰ) ਭਟਕਦੇ ਹਨ। ੬.(ਪੰਜ ਧੂਣੀਆਂ ਤਪਕੇ) ਅੰਗਾਂ ਨੂੰ ਅੱਗ ਨਾਲ ਸਾੜਦੇ ਹਨ, ਲੱਖਾਂ ਹਿਮਾਲਾ (ਪਹਾੜ ਪਰ) ਜਾਕੇ ਗਲ ਜਾਂਦੇ ਹਨ (ਪਰੰਤੂ ਫਲ ਕੀ ਹੁੰਦਾ ਹੈ?)। ੭.ਗੁਰਸਿੱਖੀ ਦੇ ਫਲ ਦੇ ਇਕ ਤਿਲ ਮਾਤ੍ਰ ਬੀ ਆਨੰਦ ਨੂੰ ਪ੍ਰਾਪਤ ਨਹੀਂ ਕਰ ਸਕਦੇ।

**ਭਾਵ**-ਕਿਉਂ ਜੋ ਉਕਤ ਸਾਧਨਾਂ ਵਿਖੇ ਹੰਕਾਰ ਅਤੇ ਕ੍ਰੋਧ ਬਾਹਲਾ ਉਦਿਤ ਹੁੰਦਾ ਹੈ, ਗੁਰ ਸਿੱਖੀ ਵਿਖੇ ਨਿੰਮ੍ਰਤਾਈ (ਜੋ ਪਰਮੇਸ਼ਰ ਨੂੰ ਪਿਆਰੀ ਹੈ) ਬਾਹਲੀ ਹੈ, ਇਸ ਲਈ ਗਰੀਬ ਦਾ ਕਰਮ ਤਿਲ ਦਾ ਮਣ ਹੁੰਦਾ ਹੈ।

## ੧੯. (ਪੂਰੇ ਗੁਰੂ (ਨਾਨਕ) ਬਿਨ ਗਤਿ ਨਹੀਂ)।

੧. ਚਾਰਿ ਵਰਣ ਕਰਿ ਵਰਤਿਆ ਵਰਨੁ ਚਿਹਨੁ ਕਿਹੁ ਨਦਰਿ ਨ ਆਇਆ।
੨. ਛਿਅ ਦਰਸਨੁ ਭੇਖ ਧਾਰੀਆ ਦਰਸਨ ਵਿਚਿ ਨ ਦਰਸਨ ਪਾਇਆ।

੩. ਸੰਨਿਆਸੀ ਦਸ ਨਾਵ ਧਰਿ ਨਾਉ ਗਣਾਇ ਨ ਨਾਉ ਧਿਆਇਆ।
੪. ਰਾਵਲ ਬਾਰਹ ਪੰਥ ਕਰਿ ਗੁਰਮੁਖ ਪੰਥ ਨ ਅਲਖੁ ਲਖਾਇਆ।
੫. ਬਹੁ ਰੂਪੀ ਬਹੁ ਰੂਪੀਏ ਰੂਪੀਏ ਰੂਪ ਨ ਰੇਖ ਨ ਲੇਖ ਮਿਟਾਇਆ।
੬. ਮਿਲਿ ਮਿਲਿ ਚਲਦੇ ਸੰਗ ਲਖ ਸਾਧੂ ਸੰਗਿ ਨ ਰੰਗ ਰੰਗਾਇਆ।
੭. ਵਿਣ ਗੁਰੁ ਪੂਰੇ ਮੋਹੇ ਮਾਇਆ ॥੧੯॥

**ਪਦਾਰਥ**-(ਵਰਨੁ ਚਿਹਨੁ=ਰੂਪ ਰੰਗ। ਰਾਵਲ=ਜੋਗੀ।

**ਅਰਥ**-੧.ਚਾਰੇ ਵਰਨਾਂ ਵਿਖੇ (ਪਰਮਾਤਮਾਂ) ਵਰਤਦਾ ਹੈ, (ਪਰੰਤੂ ਉਸ ਦਾ) ਵਰਣ ਚਿਹਨ (ਕੋਈ) ਕਿਸੇ ਨੂੰ ਨਾ ਦਿੱਸਿਆ। ੨.ਛੀ ਦਰਸ਼ਨ ਦੇ ਭੇਖੀਆਂ ਨੇ ਦਰਸ਼ਨ (ਮਤ) ਵਿਖੇ (ਈਸ਼ੂਰ ਦਾ) ਦਰਸ਼ਨ ਨਹੀਂ ਪਾਇਆ (ਭਾਵ ਅੰਤਹਕਰਣ ਸ਼ੀਸ਼ੇ ਦੀ ਮਲਿਨਤਾ ਦੀ ਪਕੜ ਕਰਕੇ ਸਾਖ੍ਯਾਤਕਾਰ ਨਾ ਹੋਇਆ)। ੩.ਸੰਨਿਆਸੀਆਂ ਨੇ ਦਸ ਨਾਉਂ (ਗਿਰੀ, ਪੁਰੀ, ਭਾਰਤੀ, ਆਦਿ) ਰਖਾਏ, (ਓਹ ਬੀ ਆਪੋ ਆਪਣੇ) ਨਾਉਂ ਹੀ ਗਿਣਾਉਂਦੇ ਰਹੇ, (ਪਰਮਾਤਮਾ ਦਾ) ਨਾਮ (ਕਿਸੇ ਨਾ) ਜਪਾਇਆ। ੪.ਜੋਗੀਆਂ ਨੇ ਬਾਰਾਂ ਪੰਥ (ਭੇਖ) ਥਾਪੇ (ਪਰੰਤੂ) ਗੁਰਮੁਖਾਂ ਦਾ ਪੰਥ ਅਲਖ ਹੀ ਰਿਹਾ, (ਉਸ ਨੂੰ) ਨਾ ਲਖ ਸਕੇ। ੫.ਬਹੁ ਰੂਪੀ ਬਾਹਲੇ ਰੂਪ ਕਰਕੇ (ਅਕਾਲ ਪੁਰਖ ਦਾ )ਕੋਈ ਰੂਪ ਰੇਖ ਨਹੀਂ ਹੈ ਅਰ ਕੋਈ (ਉਸ ਦੀ) ਲਿਖਤ ਨੂੰ ਨਹੀਂ ਮਿਟਾ ਸਕਿਆ (ਗੱਲ ਕੀ ਉਨ੍ਹਾਂ ਦੇ ਹੱਥ ਬੀ ਕੁਝ ਨਾ ਆਇਆ)। ੬.(ਲਖਾਂ ਮੰਡਲੀਆਂ ਬਣਾ ਕੇ) ਮਿਲ ਮਿਲ ਕੇ ਸਾਥ ਚਲਦੇ ਹਨ, (ਪਰੰਤੂ) ਸਾਧ ਸੰਗਤ ਦੇ ਰੰਗ ਵਿਖੇ ਨਾ ਪ੍ਰੇਮ ਕੀਤਾ। ੭.ਪੂਰੇ ਗੁਰੂ ਬਾਝ ਮਾਯਾ ਵਿਖੇ ਹੀ ਮੋਹਤ ਰਹੇ, (ਪੂਰਣ ਗੁਰੂ ਬਾਝ ਉਕਤ ਵਰਣਾਦਿਕਾਂ ਵਿਚੋਂ ਕਿਸੇ ਭੇਖ ਵਿਖੇ ਮੁਕਤੀ ਨਹੀਂ ਹੈ, ਪੂਰਾ ਗੁਰੂ ਗੁਰ ਨਾਨਕ ਹੈ)।

## ੨੦. (ਵਿਰਲੇ ਬੰਦੇ)।

੧. ਕਿਰਸਾਣੀ ਕਿਰਸਾਣ ਕਰਿ ਖੇਤ ਬੀਜਿ ਸੁਖ ਫਲੁ ਨ ਲਹੰਦੇ।
੨. ਵਣਜੁ ਕਰਨਿ ਵਾਪਾਰੀਏ ਲੈ ਲਾਹਾ ਨਿਜ ਘਰਿ ਨ ਵਸੰਦੇ।
੩. ਚਾਕਰ ਕਰਿ ਕਰਿ ਚਾਕਰੀ ਹਉਮੈ ਮਾਰਿ ਨ ਸੁਲਹ ਕਰੰਦੇ ।
੪. ਪੁੰਨ ਦਾਨ ਚੰਗਿਆਈਆ ਕਰਿ ਕਰਿ ਕਰਤਬ ਥਿਰੁ ਨ ਰਹੰਦੇ।
੫. ਰਾਜੇ ਪਰਜੇ ਹੋਇਕੈ ਕਰਿ ਕਰਿ ਵਾਦੁ ਨ ਪਾਰਿ ਪਵੰਦੇ।
੬. ਗੁਰਸਿਖ ਸੁੰਣ ਗੁਰ ਸਿਖ ਹੋਇ ਸਾਧ ਸੰਗਤਿ ਕਰਿ ਮੇਲ ਮਿਲੰਦੇ।
੭. ਗੁਰਮਤਿ ਚਲਦੇ ਵਿਰਲੇ ਬੰਦੇ ॥੨੦॥

**ਪਦਾਰਥ**-(ਕਿਰਸਾਣੀ=ਜ਼ਿਮੀਂਦਾਰੀ। ਵਣਜ=ਵਪਾਰ। ਵਾਦ=ਝਗੜੇ।

**ਅਰਥ**-੧.ਜ਼ਿਮੀਂਦਾਰ ਲੋਕ ਜਿਮੀਂਦਾਰੀ ਦੇ ਕੰਮ ਵਿਚ ਖੇਤ ਬੀਜ ਕੇ ਸੁਖ ਫਲ (ਆਤਮ ਫਲ ਨੂੰ) ਨਹੀਂ ਲੈ ਸਕਦੇ। ੨.ਵਪਾਰੀ ਲੋਕ ਵਪਾਰ ਵਿਚ ਲਾਭ ਉਠਾਕੇ ਸ੍ਵੈ ਸਰੂਪ ਵਿਚ ਵਾਸਾ ਨਹੀਂ ਪਾ ਸਕਦੇ। ੩.ਨੌਕਰ ਲੋਕ ਚਾਕਰੀ ਕਰਕੇ ਅਹੰਤਾ ਮਮਤਾ ਦੂਰ ਕਰਕੇ (ਵਾਹਿਗੁਰੂ ਨਾਲ) ਸਨੇਹ ਨਹੀਂ ਰਖਦੇ (ਭਾਵ ਚਾਕਰੀ ਦੀ ਖੱਟੀ ਨਾਲ ਪਰੇਮਸ਼ੁਰ ਦੀ ਪ੍ਰਾਪਤੀ ਤੇ ਰਾਗਦ੍ਵੈਖ ਦੀ ਦੂਰੀ ਨਹੀਂ ਹੁੰਦੀ)। ੪.ਪੁੰਨ ਦਾਨਾਦਿਕ ਭਲਾਈਆਂ ਕਰਨਹਾਰੇ ਕਈ ('ਕਰਤਬ') ਕਰਮ ਕਰਕੇ ਥਿਰ ਨਹੀਂ ਰਹਿੰਦੇ (ਭਾਵ ਸਦਾ ਸਥਿਰਤਾ ਦੀ ਪਦਵੀ ਨੂੰ ਨਹੀਂ ਪਾ ਸਕਦੇ)। ੫.ਰਾਜੇ, ਰਯਤ, ਹੋਕੇ ਆਪੋ ਵਿਚ (ਕਈ ਪ੍ਰਕਾਰ ਦੇ) ਝਗੜੇ ਕਰਦੇ ਹਨ,(ਪਰ ਭਉਜਲ ਤੋਂ) ਪਾਰ ਨਹੀਂ ਹੋ ਸਕਦੇ। ੬.(ਜੋ ਲੋਕ) ਗੁਰੂ (ਅਰਜਨ ਦੇਵ) ਦੇ ਸਿਖ ਹੋਕੇ, ਗੁਰੂ ਸਿੱਖਯਾ ਨੂੰ ਸੁਣਕੇ ਸਾਧ ਸੰਗਤ ਦੇ ਮੇਲ ਵਿਖੇ (ਰਹਿੰਦੇ ਹਨ ਓਹ ਵਾਹਿਗੁਰੂ ਨੂੰ ਆਤਮ ਸੁਖਾਂ ਤੇ ਪਦਾਂ ਨੂੰ) ਮਿਲਦੇ (ਪ੍ਰਾਪਤ ਹੁੰਦੇ) ਹਨ। ੭.(ਜੋ) ਗੁਰੂ ਦੀ


www.sikhbookclub.com

ਸਿੱਖਯਾ ਵਿਖੇ ਚਲਦੇ ਹਨ, (ਅਜਿਹੇ) 'ਬੰਦੇ' ਵਿਰਲੇ ਹਨ।

## ੨੧. (ਬਿਨ ਗੁਣ ਗੁਰੂ)।

੧. ਗੁੰਗਾ ਗਾਵਿ ਨ ਜਾਣਈ ਬੋਲਾ ਸੁਣੈ ਨ ਅੰਦਰਿ ਆਣੈ।
੨. ਅੰਨ੍ਹੈ ਦਿਸਿ ਨ ਆਵਈ ਰਾਤਿ ਅਨ੍ਹੇਰੀ ਘਰੁ ਨ ਸਿਞਾਣੈ।
੩. ਚਲਿ ਨ ਸਕੈ ਪਿੰਗੁਲਾ ਲੂਲ੍ਹਾ ਗਲਿ ਮਿਲਿ ਹੇਤੁ ਨ ਜਾਣੈ।
੪. ਸੰਢਿ ਸਪੁਤੀ ਨ ਥੀਐ ਖੁਸਰੇ ਨਾਲਿ ਨ ਰਲੀਆ ਮਾਣੈ।
੫. ਜਣਿ ਜਣਿ ਪੁਤ ਮਾਈਆਂ ਲਾਡਲੇ ਨਾਵ ਧਰੇਨ ਧਿਙਾਣੈ।
੬. ਗੁਰਸਿਖੀ ਸਤਿਗੁਰੂ ਵਿਣੁ ਸੂਰਜੁ ਜੋਤਿ ਨ ਹੋਇ ਟਟਾਣੈ।
੭. ਸਾਧ ਸੰਗਤਿ ਗੁਰ ਸਬਦੁ ਵਖਾਣੈ ॥੨੧॥

**ਪਦਾਰਥ**-(ਲਾਡਲੇ=ਚੰਗੇ ਨਾਉ।

**ਅਰਥ**-੧.(ਪ੍ਰੇਮ ਰੂਪੀ ਜੀਭ ਥੋਂ ਬਾਝ) ਗੂੰਗਾ ਗਾਉਣਾ ਨਹੀਂ ਜਾਣਦਾ, (ਨਿਸਚੇ ਰੂਪੀ ਕੰਨਾਂ ਥੋਂ ਬਾਝ) ਬੋਲਾ (ਹਰਿ ਜਸ ਨੂੰ) ਸੁਣ ਨਹੀ ਸਕਦਾ, ਨਾ ਹੀ ਅੰਦਰ ਆਣੇ (ਭਾਵ ਧਾਰਣ ਕਰ ਸਕਦਾ ਹੈ)। ੨.(ਵਿਚਾਰ ਰੂਪੀ ਅੱਖਾਂ ਥੋਂ ਬਾਝ) ਅੰਨ੍ਹੇ ਨੂੰ ਦਿਸਦਾ ਨਹੀਂ, ਰਾਤ ਹਨੇਰੀ (ਅਵਿੱਦਯਾ ਦੀ ਬਹੁਲਤਾ ਵਿਖੇ ਆਪਣਾ ਸਰੂਪ ਰੂਪੀ) ਘਰ ਨਹੀਂ ਪਛਾਣਦਾ। ੩.ਪਿੰਗਲਾ (ਭੈ ਰੂਪੀ ਪੈਰਾਂ ਥੋਂ ਬਾਝ) ਚੱਲ ਨਹੀਂ ਸਕਦਾ, (ਉਪਕਾਰ ਰੂਪੀ) ਹਥਾਂ ਬਾਝ 'ਲੂਲ੍ਹਾ' ਟੁੰਡਾ ਗਲ ਮਿਲਣ ਦਾ ਆਨੰਦ ਨਹੀਂ ਮਾਣਦਾ। ੪.ਸੰਢ (ਅਨੀਸ਼੍ਵਰ ਵਾਦੀ ਜੱਗਯਾਸੂ ਰੂਪੀ ਇਸਤ੍ਰੀ) ਸਪੁਤੀ (ਗਿਆਨ) ਪੁੱਤ੍ਰ ਵਾਲੀ ਨਹੀਂ ਹੁੰਦੀ, ਖੁਸਰੇ (ਝੂਠੇ ਗੁਰੂ) ਨਾਲ (ਜਗਯਸੂ ਰੂਪ ਤੀਵੀਂ) ਆਨੰਦ ਨਹੀਂ ਮਾਣ ਸਕਦੀ। ੫.ਮਾਵਾਂ ਨੇ ਪੁਤ੍ਰ ਜਣ ਜਣਕੇ ਲਾਡਾਂ ਨਾਲ ਬਦੋ-ਬਦੀ (ਚੰਗੇ) ਨਾਮ ਧਰ ਦਿੱਤੇ ਹਨ (ਭਾਵ ਚੰਗੇ ਨਾਵਾਂ ਨਾਲ ਕੋਈ ਸੱਚ ਮੁਚ ਚੰਗਾ ਨਹੀਂ ਹੋ ਸਕਦਾ)। ੬.ਸਤਿਗੁਰੂ ਤੋਂ ਬਿਨਾਂ ਗੁਰ ਸਿਖੀ ਨਹੀਂ ਹੋ ਸਕਦੀ, ਟਟਹਿਣਿਆਂ (ਦਾ ਚਾਨਣ) ਸੂਰਜ ਦੀ ਜੋਤ ਨੂੰ ਨਹੀਂ ਪਹੁੰਚ ਸਕਦਾ। ੭.ਸਾਧ ਸੰਗਤ ਗੁਰੂ ਦਾ ਸ਼ਬਦ ਕਮਾਏ(ਬਿਨਾਂ ਨਹੀਂ ਹੋ ਸਕਦੀ)।

**ਭਾਵ**-ਇਸ ਵਿਚ ਝੂਠੇ ਗੁਰੂ ਦਾ ਅਲੰਕਾਰ ਬੱਧਾ ਹੈ, ਕਿ ਉਹ ਦੈਵੀ ਗੁਣ, ਪ੍ਰੇਮ, ਨਿਸ਼ਚਾ, ਵਿਚਾਰ, ਦੈਵੀ ਭੈ, ਉਪਕਾਰ, ਨਾਸਤਕਤਾ ਅੱਗਯਾਨ ਦੇ ਕਾਰਨ ਆਪ ਅਫਲ ਹੈ ਤੇ ਕਿਸੇ ਨੂੰ ਸਫਲ ਨਹੀਂ ਕਰ ਸਕਦਾ। ਸੱਚੇ ਗੁਰੂ ਸੂਰਜ ਰੂਪ ਦੇ ਸਾਹਮਣੇ ਉਹ ਟਟਹਿਣਾ ਹੈ, ਇਸ ਲਈ ਉਹ ਕੁਝ ਨਹੀਂ ਕਰ ਸਕਦਾ, ਤਾਂਤੇ ਗੁਰੂ ਦੀ ਸ਼ਰਣ ਪ੍ਰਾਪਤ ਹੋਣਾ ਹੀ ਲਾਭਦਾਇਕ ਹੈ।

## ੨੨. (ਸਿੱਖੀ ਸਰਬ ਸ਼ਿਰੋਮਣੀ ਹੈ)।

੧. ਲਖ ਧਿਆਨ ਸਮਾਧਿ ਲਾਇ ਗੁਰਮੁਖਿ ਰੂਪਿ ਨ ਅਪੜਿ ਸਕੈ।
੨. ਲਖ ਗਿਆਨ ਵਖਾਣਿ ਕਰਿ ਸਬਦ ਸੁਰਤਿ ਉਡਾਰੀ ਥਕੈ।
੩. ਬੁਧਿ ਬਲ ਬਚਨ ਬਿਬੇਕ ਲਖ ਢਹਿ ਢਹਿ ਪਵਨਿ ਪਿਰਮ ਦਰਿ ਧਕੈ।
੪. ਜੋਗ ਭੋਗ ਬੈਰਾਗ ਲਖ ਸਹਿ ਨ ਸਕਹਿ ਗੁਣ ਵਾਸੁ ਮਹਕੈ।
੫. ਲਖ ਅਚਰਜ ਅਚਰਜ ਹੋਇ ਅਬਿਗੱਤ ਗਤਿ ਅਬਿਗਤਿ ਵਿਚਿ ਅਕੈ।
੬. ਵਿਸਮਾਦੀ ਵਿਸਮਾਦੁ ਲਖ ਅਕਥ ਕਥਾ ਵਿਚਿ ਸਹਮਿ ਸਹਕੈ।
੭. ਗੁਰਸਿਖੀ ਦੈ ਅਖਿ ਫਰਕੈ ॥੨੨॥

**ਅਰਥ**-੧.ਲਖਾਂ ਧਿਆਨੀ ਲੋਕ ਸਮਾਧੀਆਂ ਲਾਉਂਦੇ, ਪਰੰਤੂ ਗੁਰਮੁਖਾਂ ਦੇ ਰੂਪ ਨੂੰ ਪਾਹੁੰਚ ਨਹੀਂ

ਸੱਕੇ। ੨.ਲੱਖਾਂ ਗਿਆਨੀ ਵਜਾਖਜਾਨਾਂ ਨੂੰ ਕਰਕੇ ਸ਼ਬਦ (ਬ੍ਰਹਮ ਦੀ) ਸੁਰਤ ਦੀ ਉਡਾਰੀ ਵਿਖੇ ਥਕਤ ਹੋ ਗਏ। ੩.ਬੁੱਧੀ ਦੇ ਬਲ ਅਤੇ ਬਚਨਾਂ ਦੇ ਵਿਚਾਰ ਲੱਖਾਂ ਕੀਤੇ ਅੰਤ ਨੂੰ ਪਿਰੀ ਦੇ ਦਰਵਾਜੇ ਥੋਂ ਧੱਕੇ ਖਾ ਢਹਿ (ਗਿਰ) ਗਏ। ੪.ਜੋਗੀ, ਭੋਗੀ, ਲੱਖਾਂ ਵਿਰਕਤ ਲੋਕ ਗੁਣਾਂ ਦੀ ਵਾਸ਼ਨਾ ਮਹਿਕ (ਭਾਵ ਸ਼ਾਂਨ ਸ਼ੌਕਤਾਂ ਨੂੰ) ਦੇਖਕੇ ਸਹਾਰ ਨਾ ਸਕੇ (ਗੱਲ ਕੀ ਸੁਤ, ਵਿਤ, ਲੋਕ ਦੀ ਈਖਣਾ ਵਿਖੇ ਆਕੇ ਈਸ਼੍ਵਰੀਯ ਈਖਣਾ ਥੋਂ ਹੱਥ ਧੋ ਬੈਠੇ)। ੫.ਲੱਖਾਂ ਅਚਰਜ (ਪਦਾਰਥਾਂ ਨੂੰ ਦੇਖਕੇ) ਅਚਰਜ ਹੋ ਜਾਂਦੇ ਹਨ ਅਰ ('ਅਬਿਗਤ'=) ਪਰਮਾਤਮ, ਦੀ ਗਤੀ (ਅਬਗਤ'=) ਔਖਿਜਾਈ ਵਾਲੀ ਪ੍ਰਾਪਤੀ ਵਿਖੇ ਅੱਕ ਜਾਂਦੇ ਹਨ। ੬.ਵਿਸਮਾਦਾਂ ਵਿਚ ਲਖਾਂ ਵਿਸਮਾਦੀ (ਲੋਕ ਅਤੇ ਉਸ ਪਰਮਾਤਮਾਂ ਦੀਆਂ) ਅਕੱਥ ਕਥਾ ਵਿਚ ਸਹਿਮ (ਡਰ) ਨਾਲ ਸਹਿਕਦੇ ਹਨ। ੭.(ਏਹ ਸਾਰੇ) ਗੁਰਸਿੱਖੀ ਦੇ ਅੱਖ ਫਰਕਣ (ਨੂੰ ਨਹੀਂ ਪਹੁੰਚ ਸਕਦੇ ਜਾਂ ਗੁਰਸਿਖੀ ਦੇ ਅਗੇ ਅੱਖ ਫਰਕਣ ਵਿਖੇ ਤਾਬੜ ਤੋੜ ਗਿਆਨ ਹੋ ਜਾਂਦਾ ਹੈ, ਅਥਵਾ ਗੁਰਸਿਖੀ ਥੋਂ ਅੱਖ ਬੁਧੀ ਦੀ ਖਿੜ ਜਾਂਦੀ ਹੈ))।

**ਭਾਵ**-ਸਿੱਖੀ ਸਭ ਤੋਂ ਉਂਚੀ ਹੈ, ਕਿਉਂਕਿ ਜਿਤਨੇ ਹੋਰ ਸਾਧਨ, ਮਤ ਆਦਿ ਏਸ ਵਾਰ ਵਿਚ ਗਿਣੇ ਹਨ, ਓਹ ਸਾਰੇ ਅਨੇਕ ਪਦਾਰਥਾਂ, ਸ਼ਕਤੀਆਂ ਤੇ ਉੱਤਮ ਗਤੀਆਂ ਦੀ ਪਾ੍ਪਤੀ ਦੇ ਹਨ, ਜਦ ਮੁਕਤੀ ਮੰਗਦੇ ਹਨ ਤਾਂ ਮੁਕਤੀ ਨਹੀਂ ਮਿਲਦੀ। ਗੁਸਿੱਖੀ ਪ੍ਰੇਮ ਦਾ ਰੂਪ ਹੈ, ਇਹ ਕੇਵਲ ਪਜਾਰੇ ਕਰਤਾ ਦੇ ਪ੍ਰੇਮ ਵਿਚ ਪਿਆਰੇ ਨੂੰ ਪ੍ਰਾਪਤ ਕਰਕੇ ਉਸ ਦੇ ਰੰਗ ਵਿਚ ਰੰਗੀ ਜਾਂਦੀ ਹੈ।

ਸੂਚਨਾ-''ਗੁਰੂ ਕੌਣ ਹੈ?'' ਅਗਲੀ ਵਾਰ ਵਿਚ ਦੱਸਦੇ ਹਨ।

# ਵਾਰ ੨੯.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾਚਰਣ)।

੧. ਆਦਿ ਪੁਰਖ ਆਦੇਸ ਹੈ ਸਤਿਗੁਰ ਸਚੁ ਨਾਉ ਸਦਵਾਇਆ।
੨. ਚਾਰਿ ਵਰਨ ਗੁਰ ਸਿਖ ਕਰਿ ਗੁਰਮੁਖਿ ਸਚਾ ਪੰਥੁ ਚਲਾਇਆ।
੩. ਸਾਧ ਸੰਗਤਿ ਮਿਲਿ ਗਾਂਵਦੇ ਸਤਿਗੁਰੁ ਸਬਦੁ ਅਨਾਹਦ ਵਾਇਆ।
੪. ਗੁਰ ਸਾਖੀ ਉਪਦੇਸੁ ਕਰਿ ਆਪਿ ਤਰੈ ਸੈਂਸਾਰੁ ਤਰਾਇਆ।
੫. ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗੁ ਚੜਾਇਆ।
੬. ਗਿਆਨੁ ਧਿਆਨੁ ਸਿਮਰਣ ਜੁਗਤੀ ਗੁਰਮਤਿ ਮਿਲਿ ਗੁਰ ਪੂਰਾ ਪਾਇਆ।
੭. ਸਾਧ ਸੰਗਤਿ ਸਚਖੰਡੁ ਵਸਾਇਆ ॥੧॥

**ਪਦਾਰਥ**-(ਆਦੇਸ=ਨਮਸਕਾਰ।ਵਾਇਆ=ਵਜਾਇਆ। ਸਚਖੰਡੁ=ਪਰਮਾਤਮਾ ਦਾ ਸਥਾਨ।

(ਉਨੱਤੀਵੀਂ ਵਾਰ ਦੇ ਆਰੰਭ ਵਿਖੇ ਸ੍ਰੀ ਗੁਰੂ ਨਾਨਕ ਦੇਵ ਦਾ ਨਮਸਕਾਰਾਤਮਕ ਮੰਗਲਾਚਰਣ ਕਰਦੇ ਹਨ:-)

**ਅਰਥ**-੧.ਆਦਿ ਪੁਰਖ (ਗੁਰੁ ਨਾਨਕ ਦੇਵ ਜੀ) ਨੂੰ ਨਮਸਕਾਰ ਹੈ, (ਜਿੰਨ੍ਹਾਂ) ਸਤਿਗੁਰਾਂ ਸੱਚਾ ਨਾਮ ਸਦਾਯਾ (ਭਾਵ 'ਸਤਿਗੁਰ' ਕਹਾਉਣਾ' ਉਨ੍ਹਾਂ ਨੂੰ ਹੀ ਸਚ ਦਾ ਸ਼ੋਭਦਾ ਹੈ)। ੨.ਚਾਰੇ ਵਰਣਾਂ ਨੂੰ ਗੁਰੂ

ਜੀ ਨੇ ਸਿੱਖ ਕਰਕੇ ਗੁਰਮੁਖਾਂ ਦਾ ਸੱਚਾ ਪੰਥ ਚਲਾਯਾ ਹੈ। ੩.ਸਾਧ ਸੰਗਤ ਮਿਲਕੇ ਕੀਰਤਨ ਕਰਦੇ ਹਨ, ਸਤਿਗੁਰੂ ਜੀ ਨੇ (ਜੋ) ਸ਼ਬਦਾਂ ਦੀ ਅਨਾਹਦ ਧੁਨੀ ਵਜਾਈ ਹੈ। ੪.ਗੁਰੂ ਜੀ ਨੇ ਸਾਖੀ ਹੋਕੇ ਉਪਦੇਸ਼ ਕਰਕੇ ਆਪ ਤਰਕੇ ਸੰਸਾਰ ਨੂੰ ਤਾਰਿਆ ਹੈ (ਭਾਵ ਇਹ ਕਿ ਜੋ ਉਪਦੇਸ਼ ਕੀਤਾ ਹੈ ਉਸ ਪਰ ਸਾਖੀ ਭਰੀ ਹੈ ਕਿ ਮੈਂ ਇਹ ਕਰਕੇ ਡਿੱਠਾ ਹੈ, ਠੀਕ ਹੈ, ਮੈ ਆਪ ਤਰਿਆਂ ਤੇ ਤੁਹਾਨੂੰ ਕਹਿੰਦਾ ਹਾਂ, ਸੁਣੀ ਸੁਣਾਈ ਬਾਤ ਨਹੀਂ ਆਖੀ)। ੫.(ਜਿਵੇਂ) ਪਾਨ ਸੁਪਾਰੀ, ਕੱਥ ਤਿੰਨੇ (ਥੋਕ) ਚੂਨੇ ਨਾਲ ਮਿਲਕੇ, ਆਪਣਾ ਰੰਗ ਵਟਾ ਕੇ (ਸੁਰੰਗ) ਲਾਲ ਰੰਗ ਹੋ ਜਾਂਦੇ ਹਨ, (ਤਿਹਾ ਹੀ ਚਾਰੇ ਵਰਨ ਮਿਲਕੇ, ਇਕ ਗੁਰ ਸਿੱਖੀ ਦੇ ਰੰਗ ਵਿਚ ਰੰਗੇ ਗਏ ਹਨ)। ੬.ਪੂਰਣ (ਗੁਰੂ ਗੁਰ ਨਾਨਕ ਦੇਵ) ਨੂੰ ਪਾਕੇ ਜਿਨ੍ਹਾਂ ਗੁਰਮੁਤ ਲੀਤੀ ਹੈ, ਗਿਆਨ ਧਿਆਨ ਅਤੇ ਸਿਮਰਣ ਦੀ ਜੁਗਤੀ (ਸਾਰੀ ਕਰ ਲੀਤੀ) ਹੈ, ਕਿਉਂ ਜੋ ਗੁਰੂ ਦੀ ਮਤ ਵਿਖੇ ਸਾਰੇ ਦੈਵੀ ਗੁਣ ਵਿਦਮਾਨ ਹਨ)। ੭.ਸਾਧ ਸੰਗਤ ਦਾ ਸਚਖੰਡ (ਅਰਥਾਤ ਪਰਮਾਤਮਾਂ ਦਾ ਨਿਵਾਸ ਸਥਾਨ ਬੀ ਆਪ ਗੁਰ ਨਾਨਕ ਦੇਵ ਜੀ ਨੇ ਹੀ) ਵਸਾਯਾ ਹੈ।

## ੨. (ਗੁਰ ਨਾਨਕ ਨੇ ਕਿਵੇਂ ਬਚਾਇਆ?)

੧. ਪਰਤਨ ਪਰਧਨ ਪਰਨਿੰਦ ਮੇਟਿ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
੨. ਗੁਰਮਤਿ ਮਨੁ ਸਮਝਾਇਕੈ ਬਾਹਰਿ ਜਾਂਦਾ ਵਰਜਿ ਰਹਾਇਆ।
੩. ਮਨਿ ਜਿਤੈ ਜਗੁ ਜਿਣਿ ਲਇਆ ਅਸਟਧਾਤੁ ਇਕਧਾਤੁ ਕਰਾਇਆ।
੪. ਪਾਰਸ ਹੋਇ ਪਾਰਸਹੁ ਗੁਰ ਉਪਦੇਸੁ ਅਵੇਸੁ ਦਿਖਾਇਆ।
੫. ਜੋਗ ਭੋਗ ਜਿਣਿ ਜੁਗਤਿ ਕਰਿ ਭਾਇ ਭਗਤਿ ਭੈ ਆਪੁ ਗਵਾਇਆ।
੬. ਆਪੁ ਗਇਆ ਆਪ ਵਰਤਿਆ ਭਗਤਿ ਵਛਲ ਹੋਇ ਵਸਗਤਿ ਆਇਆ।
੭. ਸਾਧ ਸੰਗਤਿ ਵਿਚਿ ਅਲਖ ਲਖਾਇਆ ॥੨॥

**ਅਰਥ**-੧.ਪਰ ਇਸਤ੍ਰੀ, ਪਰਧਨ, ਪਰਾਈ ਨਿੰਦਾ (ਦੇ ਵਿਕਾਰ) ਨੂੰ ਮੇਟਕੇ ਨਾਮ ਦਾਨ, ਇਸ਼ਨਾਨ (ਦੀ ਕ੍ਰਿਯਾ) ਦ੍ਰਿੜ ਕਰਾਈ ਹੈ। ੨.ਗੁਰੂ ਦੀ ਸਿੱਖਜਾ ਨਾਲ ਮਨ ਨੂੰ ਸਮਝਾਕੇ (ਵਿਖਯਾਂ ਵਿਖੇ) ਭਟਕਦੇ ਨੂੰ ਅੰਤਰਮੁਖ ਕੀਤਾ ਹੈ। ੩.ਮਨ ਜਿੱਤ ਲਿਆ ਹੈ (ਤੇ ਐਉਂ) ਸਾਰਾ ਜਗਤ ਜਿਤ ਲੀਤਾ ਹੈ (**"ਮਨੁ ਜੀਤੈ ਜਗੁ ਜੀਤੁ॥"**) (ਜਪੁਜੀ-੨੮) ਅੱਠਾਂ ਧਾਤਾਂ ਦੀ ਇਕ ਧਾਤ ਕਰ ਦਿੱਤੀ ਹੈ, (ਭਾਵ ਚਾਰੇ ਵਰਨ ਚਾਰੇ ਆਸ਼ਰਮ ਇਕ ਗੁਰੂ ਦੇ ਸਿੱਖ ਸਦਾਉਂਦੇ ਹਨ) ੪.ਪਾਰਸ ਗੁਰੂ ਦੇ ਉਪਦੇਸ਼ ਵਿਖੇ ਜਿਨ੍ਹਾਂ ਨੇ (ਅਵੇਸ਼) ਘਰ ਕੀਤਾ ਹੈ, ਉਹ ਪਾਰਸ ਰੂਪ ਹੋ ਗਏ ਹਨ।੫.ਜੋਗ ਭੋਗ ਤੇ ਜੁਗਤੀ ਕਰਕੇ (ਅਰਥਾਤ ਈਸ਼੍ਵਰ ਪਾਰਾਇਣ ਹੋਕੇ) ਜਿੱਤ ਲਏ ਹਨ, ਪ੍ਰੇਮਾ ਭਗਤੀ ਕਰਕੇ ਆਪਣਾ ਆਪ ਗਵਾ ਦਿੱਤਾ ਹੈ। ੬.ਆਪਾ ਭਾਵ ਦੇ ਜਾਣ ਨਾਲ ਸਾਰੇ ਆਪ (ਪਰਮਾਤਮਾਂ) ਦਾ ਹੀ ਵਰਤਾਉ (ਜਾਣਦੇ) ਹਨ ਭਗਤ ਵੱਛਲ (ਹਰੀ ਉਹਨਾਂ ਦੇ) ਅੰਗ ਸੰਗ ਰਹਿੰਦਾ ਹੈ। ੭.(ਅਜਿਹੀ) ਸਾਧ ਸੰਗਤ ਵਿਖੇ ਅਲਖ (ਪਰਮਾਤਮਾਂ) ਦਾ ਗਿਆਨ ਹੋ ਜਾਂਦਾ ਹੈ।

## ੩. (ਅਸਾਧ ਸਤਿਸੰਗਾਂ ਨੇ ਸਾਧੇ)।

੧. ਸਬਦ ਸੁਰਤਿ ਮਿਲਿ ਸਾਧਸੰਗ ਗੁਰਮੁਖਿ ਦੁਖ ਸੁਖ ਸਮਕਰਿ ਸਾਧੇ।
੨. ਹਉਮੈ ਦੁਰਮਤਿ ਪਰਹਰੀ ਗੁਰਮਤਿ ਸਤਿਗੁਰ ਪੁਰਖੁ ਅਰਾਧੇ।
੩. ਸਿਵ ਸਕਤੀ ਨੋ ਲੰਘਿਕੈ ਗੁਰਮੁਖਿ ਸੁਖ ਫਲੁ ਸਹਜ ਸਮਾਧੇ।
੪. ਗੁਰੁ ਪਰਮੇਸਰ ਏਕ ਜਾਣਿ ਦੂਜਾ ਭਾਉ ਮਿਟਾਇ ਉਪਾਧੇ।

੫. ਜੰਮਣ ਮਰਣਹੁ ਬਾਹਰੇ ਅਜਰਾਵਰਿ ਮਿਲਿ ਅਗਮ ਅਗਾਧੇ।
੬. ਆਸ ਨ ਤ੍ਰਾਸ ਉਦਾਸ ਘਰਿ ਹਰਖ ਸੋਗ ਵਿਹੁ ਅੰਮ੍ਰਿਤ ਖਾਧੇ।
੭. ਮਹਾ ਅਸਾਧ ਸਾਧ ਸੰਗ ਸਾਧੇ ॥੩॥

**ਪਦਾਰਥ**-(ਅਜਰਾਵਰਿ=ਜਿਸ ਨੂੰ ਬੁਢਾਪਾ ਅਵਰਣ ਨਾ ਕਰੇ।
(ਮਹਾ ਅਸਾਧ=ਵਡੇ ਅਸਾਧ, ਭਾਵ ਕਾਮਾਦਿਕ ਵਿਖਯ।

**ਅਰਥ**-੧.ਗੁਰਮੁਖਾਂ ਨੇ ਸਾਧ ਸੰਗਤ ਵਿਖੇ ਮਿਲ ਕਰਕੇ ਸ਼ਬਦ ਸੁਰਤ ਨਾਲ ਦੁਖ ਅਤੇ ਸੁਖ ਸਮਾਨ ਜਾਣ ਕਰ ਸਾਧ ਲੀਤੇ ਹਨ (ਕਿਉਂ ਜੋ ਦੋਹਾਂ ਵਿਖੇ ਈਸ਼੍ਵਰ ਆਰਾਧਨ ਨਹੀਂ ਛੱਡਦੇ, ਸਗਮਾਂ ਜਾਣਦੇ ਹਨ ਕਿ ਸੁਖ ਰੋਗ ਰੂਪੀ ਅਰ ਦੁਖ ਦਾਰੂ ਰੂਪ ਹਨ "**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥**"(ਆਸਾ: ਵਾਰ:੧੨) ੨.ਹਉਮੈ ਅਤੇ ਦੁਰਮਤ ਤਿਆਗ ਦਿੱਤੀ ਹੈ ਗੁਰਮਤ ਲੈਕੇ ਸਤਿਗੁਰ ਪੁਰਖ (ਗੁਰੂ ਨਾਨਕ ਦੇਵ) ਦੀ ਆਰਾਧਨਾ ਕਰਦੇ ਹਨ। ੩.ਰਜੋ, ਸਤੋ, ਤਮੋ ਆਦਿਕ ਤਿੰਨੇ ਗੁਣਾਂ ਥੋਂ ਲੰਘਕੇ, ਗੁਰਮੁਖ, (ਸਤਿਰੂਪ) ਸੁਖ ਫਲ ਵਿਖੇ (ਭਾਵ ਤੁਰੀਆ ਪਦ ਵਿਖੇ ) ਸਮਾਧੀ ਰਖਦੇ ਹਨ। ੪.ਗੁਰੂ ਅਤੇ ਪਰਮੇਸ਼ਰ ਨੂੰ ਇਕ (ਰੂਪ) ਜਾਣਕੇ ਦੂਜੇ ਭਾਉ ਦੀ ਉਪਾਧੀ ਮਿਟਾ ਦਿੱਤੀ ਹੈ। ੫.ਜਨਮ ਮਰਨ ਅਰ ਬੁਢਾਪੇ (ਦੇ ਦੁਖ) ਤੋਂ ਰਹਿਤ ਹੋਕੇ (ਅਗਮ ਅਗਾਧ) ਮਨ ਬਾਣੀ ਥੋਂ ਪਰੇ ਆਤਮਾ ਵਿਖੇ ਮਿਲ ਜਾਂਦੇ ਹਨ। ੬.ਆਸਾ ਤੇ ਭੈ ਥੋਂ ਘਰ ਵਿਖੇ ਹੀ ਉਦਾਸ ਰਹਿਕੇ ਹਰਖ ਤੇ ਸੋਗ, ਵਿਖ ਅਤੇ ਅੰਮ੍ਰਿਤ (ਇਕ ਰੂਪ ਕਰਕੇ) ਧਾਰਣ ਕੀਤੇ ਹਨ। ੭.ਮਹਾਂ ਅਸਾਧ (ਉਕਤ ਸੁਖ ਦੁਖ, ਹਰਖ ਸੋਗਾਦਿਕ ਜੋ) ਸਾਧੇ ਨਹੀਂ ਜਾਂਦੇ ਹਨ, ਗੁਰਮੁਖਾਂ ਨੇ ਸਾਧ ਸੰਗਤ (ਵਿਖੇ ਮਿਲ ਕਰਕੇ) ਸਾਧ ਲੀਤੇ ਹਨ ("**ਸੁਖੁ ਦੁਖੁ ਦੋਨੋ ਸਮਕਰਿ ਜਾਨੈ ਅਉਰੁ ਮਾਨੁ ਅਪਮਾਨਾ॥ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥**") (ਗਉ: ਮ:੯-੧)

## ੪. (ਸਿੱਖ ਕਰਣੀ ਸਾਧ ਸੰਗ)।

੧. ਪਉਣੁ ਪਾਨੀ ਬੈਸੰਤਰੋ ਰਜ ਗੁਣੁ ਤਮ ਗੁਣੁ ਸਤ ਗੁਣੁ ਜਿਤਾ।
੨. ਮਨ ਬਚ ਕਰਮ ਸੰਕਲਪ ਕਰਿ ਇਕ ਮਨ ਹੋਇ ਵਿਗੋਇ ਦੁਚਿਤਾ।
੩. ਲੋਕ ਵੇਦ ਗੁਰ ਗਿਆਨ ਲਿਵ ਅੰਦਰਿ ਇਕੁ ਬਾਹਰਿ ਬਹੁ ਭਿਤਾ।
੪. ਮਾਤ ਲੋਕ ਪਾਤਾਲ ਜਿਣਿ ਸੁਰਗ ਲੋਕ ਵਿਚਿ ਹੋਇ ਅਥਿਤਾ।
੫. ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਕਰਿ ਪਤਿਤ ਪਵਿਤਾ।
੬. ਗੁਰਮੁਖਿ ਸੁਖ ਫਲੁ ਪਾਇਆ ਅਤੁਲੁ ਅਡੋਲ ਅਮੋਲ ਅੰਮ੍ਰਿਤਾ।
੭. ਸਾਧ ਸੰਗਤਿ ਮਿਲਿ ਪੀੜਿ ਨਪਿਤਾ ॥੪॥

**ਪਦਾਰਥ**-(ਵਗੋਇ ਦੁਚਿਤਾ=ਦੁਬਿਧਾ ਦੂਰ ਕਰ ਦਿੱਤੀ ਹੈ। ਭਿਤਾ=ਤਰ੍ਹਾਂ।
(ਅਥਿਤਾ=ਪੂਜਨੀਕ। ਪੀੜ ਨਪਿਤਾ=ਭਾਵ ਹੰਕਾਰ ਵਾਲਾ ਸੁਭਾਉ ਦੂਰ ਕਰਦੇ ਹਨ

**ਅਰਥ**-੧.ਪਵਣ, ਜਲ, ਅਗਨੀ ਜੋ ਕਿ ਰਜੋ, ਸਤੋ, ਤਮੋ, (ਕ੍ਰਮ ਨਾਲ ਤਿੰਨੇ) ਗੁਣਾਂ ਦੇ (ਰੂਪ ਹਨ) ਜਿੱਤ ਲੀਤੇ ਹਨ। ੨.ਮਨ ਬਚ ਸਰੀਰ ਨੂੰ ਸੰਕਲਪ ਕਰਕੇ (ਤਿਆਗ ਕੇ ਭਾਵ ਅਭਿਮਾਨ ਤੋਂ ਰਹਿਤ ਹੋ) ਇਕ ਮਨ ਹੋ ਗਏ ਹਨ (ਪੰਚ ਤਤ ਦੇ ਮਨ ਸਰੀਰ ਤੋਂ ਨਿਕਲਕੇ ਉਨਮਨ ਵਿਚ ਆ ਗਏ "**ਇਹੁ ਮਨੁ ਲੈ ਜਉ ਉਨਮਨਿ ਰਹੈ॥ ਤਉ ਤੀਨਿ ਲੋਕ ਕੀ ਬਾਤੈ ਕਹੈ॥**" (ਗਉ: ਕਬੀਰ-੩੩) ਇਕ ਮਨ ਦਾ ਕੀ ਰੂਪ ਹੈ ?) ਦੂਜੀ ਚਿੰਤਾ ਛੱਡ ਦਿੱਤੀ ਹੈ। ੩.ਗੁਰੂ ਦੇ ਗਯਾਨ ਦੀ ਲਿਵ ਹੀ (ਉਨ੍ਹਾਂ ਦਾ) ਲੋਕ ਤੇ ਵੇਦ ਹੈ, ਅੰਦਰੋਂ (ਮਨ ਕਰਕੇ) ਇਕ ਰੂਪ ਅਰ ਬਾਹਰੋਂ (ਬਹੁ ਭਿਤਾ) ਬਹੁਤ ਪ੍ਰਕਾਰ ਦੇ ਦਿੱਸਦੇ ਹਨ (ਭਾਵ ਲੋਕ ਪਛਾਣ ਨਹੀਂ ਸਕਦੇ, ਸਭ ਨਾਲ ਮਿੱਠਾ ਵਰਤਦੇ ਹਨ ਅੰਦਰੋਂ ਨਿਰਮੋਹ ਹਨ। "**ਦੀਸਿ ਆਵਤ ਹੈ ਬਹੁਤੁ ਭੀਹਾਲਾ॥ ਸਗਲ ਚਰਨ ਕੀ ਇਹੁ ਮਨ ਰਾਲਾ॥**") (ਆਸਾ: ਮ:੫:੫੪) ੪.ਇਸ ਲੋਕ ਅਰ ਪਾਤਾਲ (ਦੇ

ਪਦਾਰਥਾਂ ਨੂੰ) ਜਿਤ ਲੀਤਾ ਹੈ, ਸੁਰਗ ਲੋਕ (ਦੇ ਪਦਾਰਥਾਂ ਨੂੰ ਬੀ) ਚਾਰ ਦਿਨਾਂ ਦੇ ਪਰਾਹੁਣੇ ਜਾਣਦੇ ਹਨ (ਜਾਂ ਤਿੰਨਾਂ ਲੋਕਾਂ ਵਿਚ 'ਅਥਿੱਤਾ'=ਪੂਜਨੀਕ ਹਨ)। ੫.ਮਿੱਠਾ ਬੋਲਦੇ, ਨਿਵਕੇ ਚਲਦੇ, ਤੇ ਹੱਥੋਂ ਦੇਕੇ ਪਾਪਾਂ ਥੋਂ ਪਵਿੱਤ੍ਰ ਹੋ ਜਾਂਦੇ ਹਨ, (ਅਥਵਾ ਪਾਪੀਆਂ ਅਤੇ ਪਵਿੱਤ੍ਰਾਂ ਨੂੰ ਬੀ ਹੱਥੋਂ ਦਾਨ ਦੇਕੇ)। ੬.ਗੁਰਮੁਖਾਂ ਨੇ ('ਸੁਖ ਫਲ') ਆਤਮ ਫਲ ਪਾ ਲੀਤਾ ਹੈ (ਉਹ ਕਿਹਾ ਫਲ ਹੈ?) ਅਤੁਲ, ਅਡੋਲ, ਅਮੋਲ, ਅਤੇ ਅੰਮ੍ਰਿਤ ਪਦਾਰਥ ਹੇ, ੭.ਸਾਧ ਸੰਗਤ ਮਿਲਕੇ (ਮਨ ਨੂੰ) ਪੀੜਕੇ (ਰਾਗ ਦ੍ਵੈਖ ਦਾ) ਪਿੱਤਾ (ਕੱਢ ਦਿੰਦੇ ਹਨ। ਭਾਵ ਨਿਰਹੰਕਾਰ ਕਰਕੇ ਮਨ ਨੂੰ ਸ਼ੁਧ ਕਰਦੇ ਹਨ)।

## ੫. (ਸਿੱਖ ਗਤੀ, ਸਾਧ ਸੰਗ (ਚਾਰ ਗਿਣਤੀ) )।

੧. ਚਾਰਿ ਪਦਾਰਥ ਹਥ ਜੋੜਿ ਹੁਕਮੀ ਬੰਦੇ ਰਹਨਿ ਖੜੋਤੇ।
੨. ਚਾਰੇ ਚਕ ਨਿਵਾਇਆ ਪੈਰੀ ਪੈ ਇਕ ਸੂਤਿ ਪਰੋਤੇ।
੩. ਵੇਦ ਨ ਪਇਨਿ ਭੇਦੁ ਕਿਹੁ ਪੜਿ ਪੜਿ ਪੰਡਿਤ ਸੁਣਿ ਸੁਣਿ ਸ੍ਰੋਤੇ।
੪. ਚਹੁ ਜੁਗਿ ਅੰਦਰ ਜਾਗਦੀ ਓਤਿ ਪੋਤਿ ਮਿਲਿ ਜਗਮਗ ਜੋਤੇ।
੫. ਚਾਰਿ ਵਰਨ ਇਕ ਵਰਨ ਹੋਇ ਗੁਰਸਿਖ ਵੜੀਅਨਿ ਗੁਰਮੁਖਿ ਗੋਤੇ।
੬. ਧਰਮਸਾਲ ਵਿਚਿ ਬੀਜਦੇ ਕਰਿ ਗੁਰਪੁਰਬ ਸੁ ਵਣਜ ਸਓਤੇ।
੭. ਸਾਧ ਸੰਗਤਿ ਮਿਲਿ ਦਾਦੇ ਪੋਤੇ॥੫॥

**ਪਦਾਰਥ**-(ਗੋਤੇ=ਗੋਤ੍ਰਾਚਾਰ। ਵੜੀਅਨਿ=ਵੜਦੇ ਹਨ, ਦਾਖਲ ਹੁੰਦੇ ਹਨ, ਮਿਲ ਬੈਠਦੇ ਹਨ।

**ਅਰਥ**-੧.ਚਾਰੇ ਪਦਾਰਥ ਹਥ ਜੋੜ ਹੁਕਮੀ ਬੰਦੇ (ਹੋਕੇ) ਖੜੇ ਰਹਿੰਦੇ ਹਨ। ੨.ਚਾਰੇ ਚੱਕਾਂ ਨੂੰ ਨਿਵਾ ਲੀਤਾ ਹੈ (ਕੀ ਕਰਕੇ? ਵਾਹਿਗੁਰੂ ਜਿਸ ਨੇ ਇਕ ਸੱਤਾ ਦੇ) ਸੂਤ ਵਿਖੇ ਸਭ ਨੂੰ ਪਰੋਤਾ ਹੈ (ਉਸਦੀ) ਪੈਰੀਂ ਪੈਕੇ। ੩.ਵੇਦ ਬੀ ਕੁਛ ਭੇਦ ਨਹੀਂ ਪਾ ਸਕੇ, ਪੜ੍ਹ ਪੜ੍ਹ ਪੰਡਤ ਤੇ ਸੁਣ ਸੁਣ ਸ਼੍ਰੋਤੇ (ਹਾਰ ਗਏ, ਜਾਣਦੇ ਕੀ ਹਨ?) ੪.ਚਾਰ ਜੁਗਾਂ ਵਿਚ ਜਗਮਗ ਕਰਕੇ (ਪਰਮੇਸ਼ੁਰ ਦੀ) ਜੋਤ ਅੰਦਰ ਬਾਹਰ ਜਗ ਰਹੀ ਹੈ, ੫.ਚਾਰ ਵਰਣਾਂ ਦੇ ਇਕ ਵਰਣ ਹੋਕੇ ਗੁਰਮੁਖ ਸਾਹਮਣੇ ਹੋਕੇ ਆਪਣੇ ਗੋਤ੍ਰ ਵਿਖੇ ਮਿਲ ਬੈਠਦੇ ਹਨ, (ਭਾਵ ਜਾਤਭਿਮਾਨ ਛੱਡਕੇ ਅਚਯੁਤ ਗੋਤ੍ਰੀ ਹੋ ਜਾਂਦੇ ਹਨ) ੬.ਧਰਮਸਾਲਾ ਵਿਖੇ ਗੁਰਪੁਰਬਾਂ ਨੂੰ ਕਰਕੇ ਸਫ਼ਲਾ ਵਣਜ ਕਰਦੇ ਹਨ (ਭਾਵ ਗੁਰੂ ਗ੍ਰੰਥ ਜੀ ਦੇ ਪਾਠਾਦਿਕ ਸ਼ਬਦ ਚੌਂਕੀਆਂ ਦੇ ਜੋੜ ਮੇਲ ਕਰਵਾਉਂਦੇ ਹਨ)। ੭.ਸਾਧ ਸੰਗਤ ਵਿਖੇ ਦਾਦੇ ਪੋਤਰੇ ਮਿਲਦੇ ਹਨ, (ਭਾਵ, ਸਿਖਾਂ ਪੁਤਾਂ ਭਾਈਆਂ ਭਾ ਇਕੋ ਜਿਹਾ)।

## ੬. (ਗੁਰਭਾਈ ਸਾਧ ਸੰਗ (ਪਗਿਣਤੀ) )।

੧. ਕਾਮ ਕ੍ਰੋਧੁ ਅਹੰਕਾਰੁ ਸਾਧਿ ਲੋਭ ਮੋਹ ਦੀ ਜੋਹ ਮਿਟਾਈ।
੨. ਸਤੁ ਸੰਤੋਖ ਦਇਆ ਧਰਮੁ ਅਰਥੁ ਸਮਰਥੁ ਸੁਗਰਥੁ ਸਮਾਈ।
੩. ਪੰਜੇ ਤਤ ਉਲੰਘਿਆ ਪੰਜਿ ਸਬਦ ਵਜੀ ਵਾਧਾਈ।
੪. ਪੰਜੇ ਮੁਦ੍ਰਾ ਵਸਿ ਕਰਿ ਪੰਚਾਇਣੁ ਹੁਇ ਦੇਸ ਦੁਹਾਈ।
੫. ਪਰਮੇਸਰ ਹੈ ਪੰਜ ਮਿਲਿ ਲੇਖ ਅਲੇਖ ਨ ਕੀਮਤਿ ਪਾਈ।
੬. ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦ ਲਿਵਲਾਈ।
੭. ਸਾਧ ਸੰਗਤਿ ਸੋਹਨਿ ਗੁਰ ਭਾਈ॥੬॥

**ਪਦਾਰਥ**-(ਜੋਹ=ਤਾੜ, ਤੱਕ। ਸੁਗਰਥੁ=ਸ੍ਰੇਸ਼ਟ। ਪੰਜੇ ਮੁਦ੍ਰਾ=ਪੰਜ ਇੰਦ੍ਰੀਆਂ।
(ਪਰਪੰਚ=ਛਲ ਵਲ।

**ਅਰਥ**-੧.ਕਾਮੁ, ਕ੍ਰੋਧ ਅਤੇ ਹੰਕਾਰ ਨੂੰ ਜਿੱਤਕੇ ਲੋਭ, ਮੋਹ ਦੀ ਤਾੜ ਮਿਟਾ ਦਿਤੀ ਹੈ (ਕਿ ਵਿਸ਼ਯ ਬਲ ਨਹੀਂ ਪਾਉਂਦੇ)। ੨.ਸਤਿ, ਸੰਤੋਖ, ਦਇਆ, ਧਰਮ ਅਤੇ ਅਰਥ ਦੀ ਸ੍ਰੇਸ਼ਟ ਸਮਰੱਥਾ ਸਮਾ ਰਹੀ ਹੈ, (ਭਾਵ ਪੰਜੇ ਗੁਣ ਸਦਾ ਪੂਰਨ ਰਹਿੰਦੇ ਹਨ)। ੩.ਪੰਜੇ ਤਤ (ਅਪ, ਤੇਜ, ਵਾਯੂ, ਪ੍ਰਿਥਵੀ, ਅਤੇ ਅਕਾਸ਼) ਥੋਂ ਲੰਘ ਗਏ ਹਨ। (ਭਾਵ ਇਨ੍ਹਾਂ ਪੁਰ ਕੋਈ ਤੱਤ ਬਲ ਨਹੀਂ ਪਾ ਸਕਦਾ) ਪੰਜੇ ਸ਼ਬਦਾਂ ਦੀ ਵਧਾਈ ਵੱਜ ਰਹੀ ਹੈ। ੪.ਪੰਜੇ ਮੁੰਦ੍ਰਾਂ (ਜੋਗ ਮੱਤ ਦੀਆਂ ਖੇਚਰੀ, ਭੂਚਰੀ, ਚਾਚਰੀ, ਉਨਮਨੀ ਅਤੇ ਭੁਯੰਗਮੀ) ਵੱਸ ਕਰ ਲੀਤੀਆਂ ਹਨ (ਅਥਵਾ ਪੰਜ ਗਯਾਨ ਇੰਦੀਆਂ;) (ਇਸ ਲਈ) ਪੰਚਾਇਣ (ਸ਼ਿਰੋਮਣੀ ਪੰਚ) ਹੋਕੇ ਦੇਸ਼ ਵਿਖੇ (ਇਨ੍ਹਾਂ ਦੀ) ਦੁਹਾਈ ਮਿਲ ਰਹੀ ਹੈ (ਪ੍ਰਸਿੱਧ ਹੋ ਗਏ ਹਨ)। ੫.ਅਕਾਲ ਪੁਰਖ ਦਾ ਮਿਲਾਪ ਪੰਜਾਂ ਦੇ ਮਿਲਾਪ ਵਿਖੇ ਹੁੰਦਾ ਹੈ (ਯਥਾ:-"**ਇਕ ਸਿਖ ਦੋਇ ਸਾਧ ਸੰਗ ਪੰਜੀਂ ਪਰਮੇਸ਼ੁਰ**") ਉਹ ਲੇਖੇ ਥੋਂ ਅਲੇਖ ਹੈ ਕੀਮਤ ਕਿਸੇ ਨਹੀਂ ਜਾਤੀ। ੬.ਪੰਜ (ਕਿਸ ਤਰ੍ਹਾਂ) ਮਿਲੇ? (ਜਦ 'ਪਰਪੰਚ') ਛਲ ਵਲ ਛੱਡ ਦਿਤਾ ਤੇ ਅਨਾਹਦ ਸ਼ਬਦ ਵਿਚ ਦੀ ਲਿਵ ਲਾਈ। ੭.ਐਉਂ (ਇਕ ਲਿਵ ਵਾਲੇ ਹੋਕੇ)ਸਾਧ ਸੰਗਤ ਵਿਚ ਗੁਰਭਾਈ ਸ਼ੋਭਦੇ ਹਨ।

## ੭. (ਗੁਰਮੁਖ, ਸਾਧ ਸੰਗ (੬ ਗਿਣਤੀ) )।

੧. ਛਿਅ ਦਰਸਨ ਤਰਸਨਿ ਘਣੇ ਗੁਰਮੁਖਿ ਸਤਿਗੁਰ ਦਰਸਨੁ ਪਾਇਆ।
੨. ਛਿਅ ਸਾਸਤ੍ਰ ਸਮਝਾਵਣੀ ਗੁਰਮੁਖਿ ਗੁਰ ਉਪਦੇਸੁ ਦਿੜਾਇਆ।
੩. ਰਾਗ ਨਾਦ ਵਿਸਮਾਦ ਵਿਚਿ ਗੁਰਮਤਿ ਸਤਿਗੁਰ ਸਬਦ ਸੁਣਾਇਆ।
੪. ਛਿਅ ਰੁਤੀ ਕਰਿ ਵਰਤਮਾਨ ਸੂਰਜ ਇਕੁ ਚਲਤੁ ਵਰਤਾਇਆ।
੫. ਛਿਅ ਰਸ ਸਾਉ ਨ ਪਾਇਨੀ ਗੁਰਮੁਖਿ ਸੁਖ ਫਲੁ ਪਿਰਮ ਚਖਾਇਆ।
੬. ਜਤੀ ਸਤੀ ਚਿਰੁ ਜੀਵਣੇ ਚਕ੍ਰਵਰਤਿ ਹੋਇ ਮੋਹੇ ਮਾਇਆ।
੭. ਸਾਧ ਸੰਗਤਿ ਮਿਲਿ ਸਹਜਿ ਸਮਾਇਆ॥੭॥

**ਪਦਾਰਥ**-(ਤਰਸਨਿ=ਚਾਹੁੰਦੇ ਹਨ।

**ਅਰਥ**-੧.ਛੀ ਦਰਸਨ (ਜੋਗੀ ਜੰਗਮਾਦਿਕ) ਘਣੇ ਤਰਸਦੇ ਹਨ ਕਿ ਸਤਿਗੁਰੂ (ਨਾਨਕ ਦੇਵ) ਦਾ ਕਿਵੇਂ ਦਰਸ਼ਨ ਹੋਵੇ? (ਪਰੰਤੂ ਓਹ) ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ। ੨.ਛੀ ਸ਼ਾਸਤ੍ਰ (ਪਾਠੀ ਬੀ ਬਾਹਲੀਆਂ) ਸਮਝਾਵਣੀਆਂ ਦਿੰਦੇ ਹਨ(ਪਰੰਤੂ) ਗੁਰਮੁਖਾਂ ਨੇ ਗੁਰੂ ਦਾ ਉਪਦੇਸ਼ ਦ੍ਰਿੜ੍ਹ ਕਰਾਇਆ ਹੈ। ੩.ਛੀ ਰਾਗਾਂ (ਦੇ ਗਵੱਯੇ ਬੀ)ਹੈਰਾਨ ਹੋ ਰਹੇ ਹਨ (ਪਰ ਜਿਨ੍ਹਾਂ ਨੇ) ਸਤਿਗੁਰੂ ਗੁਰੂ (ਨਾਨਕ) ਦੀ ਸਿਖਿਆ ਲੀਤੀ ਹੈ (ਉਨ੍ਹਾਂ ਨੇ ਇਹ) ਸ਼ਬਦ ਦਾ ਸਿਧਾਂਤ ਦੱਸਿਆ ਹੈ। ੪.ਛੇ ਰੁੱਤਾਂ ਜੋ ਵਰਤਮਾਨ ਹੋ ਰਹੀਆਂ ਹਨ (ਸਭ ਵਿਚ) ਸੂਰਜ ਇਕੋ ਹੋਣ ਦਾ ਚਲਿੱਤ੍ਰ ਵਰਤ ਰਿਹਾ ਹੈ। ੫.ਗੁਰਮੁਖਾਂ ਨੇ ਜੋ ਪਿਆਰ ਦੇ ਸੁਖ ਫਲ ਦਾ ਰਸ ਚੱਖਿਆ ਹੈ (ਉਸ ਦਾ) ਸੁਆਦ ਛੀ ਰਸ ਬੀ ਨਹੀਂ ਪਾ ਸਕੇ (ਭਾਵ ਖਟ ਪ੍ਰਕਾਰ ਦੇ ਰਸ ਬੀ ਹੈਰਾਨ ਹਨ ਕਿ ਅਸੀਂ ਅਜਿਹੇ ਆਨੰਦਦਾਇਕ ਨਹੀਂ)। ੬.ਜਤੀ, ਸਤੀ, ਚਿਰ ਜੀਵਣੇ, ਚੱਕ੍ਰਵਰਤੀ ਰਾਜੇ, ਮਾਯਾ ਵਿਖੇ ਮੋਹਤ ਹੀ ਰਹੇ। ੭.ਸਾਧ ਸੰਗਤ ਵਿਖੇ ਮਿਲਣਹਾਰੇ (ਗੁਰਮੁਖ) ਸਹਜਿ ਪਦ ਵਿਖੇ ਸਮਾ ਜਾਂਦੇ ਹਨ।

## ੮. (ਸ਼ਬਦ ਕਮਾਈ, ਸਾਧ ਸੰਗ- (੭ ਗਿਣਤੀ) )।

੧. ਸਤ ਸਮੁੰਦ੍ਰ ਸਮਾਇ ਲੈ ਭਵਜਲ ਅੰਦਰਿ ਰਹੇ ਨਿਰਾਲਾ।
੨. ਸਤੇ ਦੀਪ ਅਨ੍ਹੇਰੁ ਹੈ ਗੁਰਮੁਖਿ ਦੀਪਕੁ ਸਬਦ ਉਜਾਲਾ।
੩. ਸਤੇ ਪੁਰੀਆ ਸੋਧੀਆ ਸਹਜ ਪੁਰੀ ਸਚੀ ਧ੍ਰਮਸਾਲਾ।
੪. ਸਤੇ ਰੋਹਣਿ ਸਤ ਵਾਰ ਸਾਧੇ ਫੜਿ ਮਥੇ ਵਾਲਾ।


www.sikhbookclub.com

੫. ਤ੍ਰੈ ਸਤੇ ਬ੍ਰਹਮੰਡਿ ਕਰਿ ਵੀਹ ਇਕੀਹ ਉਲੰਘਿ ਸੁਖਾਲਾ।
੬. ਸਤੇ ਸੁਰ ਭਰਪੂਰੁ ਕਰਿ ਸਤੀ ਧਾਰੀ ਪਾਹਿ ਪਿਆਲਾ।
੭. ਸਾਧ ਸੰਗਤਿ ਗੁਰ ਸਬਦ ਸਮਾਲਾ॥੮॥

**ਪਦਾਰਥ**-(ਮਥੇ ਵਾਲਾ=ਸਿਰੋਂ ਫੜਕੇ। ਤ੍ਰੈ ਸਤੇ=੭ ਅਕਾਸ਼, ੭ ਪਤਾਲ, (੭ ਦੀਪ, ਅਥਵਾ ਤ੍ਰੈ ਸੱਤੇ, ਇੱਕੀ ਪੁਰੀਆਂ। ਸੱਤੇ ਸੁਰ=ਸਾ, ਰੇ, ਗਾ, ਮਾ, (ਪਾ, ਧਾ, ਨੀ। ਸਤੀ ਧਾਰੀ=ਸੱਤ ਧਾਰ ਪਹਾੜ ਥੌਂ ਪਾਰ ਹੋਏ।

**ਅਰਥ**-੧.ਸਤ ਸਮੁੰਦ (ਪੰਜ ਗਿਆਨ ਇੰਦ੍ਰੇ ਮਨ ਤੇ ਬੁੱਧੀ) ਵਸੀਕਾਰ ਕਰਕੇ ਸੰਸਾਰ ਸਮੁੰਦਰ ਵਿਖੇ ਅਲੇਪ ਰਹਿੰਦੇ ਹਨ। ੨.ਸਤੇ ਦੀਪਾਂ ਵਿਖੇ ਹਨੇਰਾ ਵਰਤਦਾ ਹੈ, ਗੁਰਮੁਖਾਂ ਵਿਖੇ ਸ਼ਬਦ ਦੀਪ ਦਾ ਉਜਾਲ (ਚਾਨਣਾ) ਹੈ। ੩.ਸਤੇ ਪੁਰੀਆਂ (ਸਤ ਭੂਮਕਾਂ) ਨੂੰ ਸਾਧ ਕੇ 'ਸਹਜ ਪੁਰੀ' ਸਾਧ ਸੰਗਤ ਰੂਪੀ ਸਚੀ ਧਰਮਸਾਲ ਬਣਾਈ, (ਸਤਿਸੰਗਤ ਵਿਚ ਸਭ ਪੁਰੀਆਂ ਦਾ ਲੇਖਾ ਛੁਟ ਜਾਂਦਾ ਹੈ)। ੪.ਸੱਤੇ ਰੋਹਣੀ (ਆਦਿ ਨਿਖੱਤ੍ਰ) ਸੱਤ ਵਾਰ ਸਿਰੋਂ ਫੜਕੇ ਸਾਧ ਲੀਤੇ (ਭਾਵ ਕੋਈ ਬਲ ਨਹੀਂ ਪਾ ਸਕਦਾ, ਵਹਿਮਾਂ ਤੋਂ ਪਾਰ ਹੋਏ ਹਨ)। ੫.ਤ੍ਰੈ ਸੱਤੇ (ਇੱਕੀ ਪੁਰੀਆਂ ਦੇ) ਬ੍ਰਹਿਮੰਡ ਥੋਂ ਅਰ ਵੀਹ ਇਕੀਹ (ਆਦਿਕ ਗਿਣਤੀਆਂ) ਥੋਂ ਲੰਘਕੇ ਸੁਖੀ ਹੋ ਗਏ ਹਨ। ੬.ਸੱਤੇ ਸੁਰਾਂ (ਸਾ, ਰੇ, ਗਾ, ਮਾ, ਪਾ, ਧਾ, ਨੀ) ਨੂੰ (ਨਾਮ ਨਾਲ) ਲਬਾਲਬ ਕਰਕੇ ਸਤ ਧਾਰ (ਪਹਾੜ ਥੋਂ, ਭਾਵ, ੭ ਮਤਾਂ ਥੋਂ) ਪਾਰ ਪਏ ਹਨ। (ਕੀ ਜਾਣਦੇ ਹਨ?) ੭.ਸਾਧ ਸੰਗਤ ਵਿਖੇ ਮਿਲਕੇ ਗੁਰ ਸ਼ਬਦ ਨੂੰ ਸੰਭਾਲਣਾ (ਸਭ ਤੋਂ ਸ੍ਰੇਸ਼ਟ) ਹੈ।

## ੯. (ਮਨਵਸ, ਸਾਧ ਸੰਗ-(੮ ਗਿਣਤੀ) )।

੧. ਅਠਖੰਡਿ, ਪਾਖੰਡ ਮਤਿ ਗੁਰਮਤਿ ਇਕ ਮਨਿ ਇਕ ਧਿਆਇਆ।
੨. ਅਸਟਧਾਤੁ ਪਾਰਸ ਮਿਲਿ ਗੁਰਮੁਖਿ ਕੰਚਨੁ ਜੋਤਿ ਜਗਾਇਆ।
੩. ਰਿਧਿ ਸਿਧਿ ਸਿਧ ਸਾਧਿਕਾ ਆਦਿ ਪੁਰਖ ਆਦੇਸੁ ਕਰਾਇਆ।
੪. ਅਠੇ ਪਹਰ ਅਰਾਧੀਐ ਸਬਦ ਸੁਰਤਿ ਵਿਲ ਅਲਖੁ ਲਖਾਇਆ।
੫. ਅਸਟ ਕੁਲੀ ਵਿਹੁ ਉਤਰੀ ਸਤਿਗੁਰ ਮਤਿ ਨ ਮੋਹੇ ਮਾਇਆ।
੬. ਮਨੁ ਅਸਾਧੁ ਨ ਸਾਧੀਐ ਗੁਰਮੁਖਿ ਸੁਖ ਫਲੁ ਸਾਧਿ ਸਧਾਇਆ।
੭. ਸਾਧ ਸੰਗਤਿ ਮਿਲਿ ਮਨ ਵਸਿ ਆਇਆ ॥੯॥

**ਪਦਾਰਥ**-(ਅਠ ਖੰਡਿ=ਅੱਠ ਪੰਥ। ਅਸਟ ਕੁਲੀ ਵਿਹੁ=ਅੱਠ ਕੁਲੀ ਸੱਪਾਂ (ਦੀ ਵਿਖ, ਭਾਵ ਹੰਕਾਰ। ਸਾਧ ਸਧਾਇਆ=ਸਾਧਨਾਂ ਸਿੱਧ ਕੀਤੀ।

**ਅਰਥ**-੧.ਅਠੇ ਖੰਡ (ਜੋਗੀਆਂ ਦੇ) (ਅਥਵਾ ਚਾਰ ਵਰਨ, ਚਾਰ ਆਸ਼੍ਰਮ, ਅਠੇ ਪੰਥ) ਪਖੰਡ ਵਿਖੇ (ਫਸੇ ਹੋਏ) ਹਨ, (ਪਰ ਜਿਨ੍ਹਾਂ ਨੇ) ਗੁਰੂ ਦੀ ਮੱਤ ਲੀਤੀ ਹੈ, ਇਕ ਮਨ ਹੋਕੇ ਇਕ (ਨਿਰੰਕਾਰ) ਦਾ ਧਿਆਨ ਕੀਤਾ ਹੈ। ੨.ਅੱਠ ਧਾਤਾਂ (ਜੇਹੜੀਆਂ ਗੁਰਮੁਖ) ਪਾਰਸ ਨਾਲ ਮਿਲੀਆਂ ਹਨ, ਸੋਨੇ ਦੀ ਜੋਤ ਪ੍ਰਗਟ ਹੋਈ ਹੈ, (ਭਾਵ ਅੱਠ ਪੰਥ ਗੁਰਮੁਖ ਦਾ ਰੂਪ ਹੋ ਜਾਂਦੇ ਹਨ)। ੩.ਰਿੱਧੀਆਂ ਸਿਧੀਆਂ ਤੇ ਸਿਧ ਅਤੇ ਸਾਧਕਾਂ ਨੂੰ ਅਕਾਲ ਪੁਰਖ ਦਾ ਨਮਸਕਾਰ ਕਰਤਾ (ਸੇਵਕ) ਬਣਾ ਦਿੱਤਾ ਹੈ। ੪.ਅਠੇ ਪਹਿਰ ਵਾਹਿਗੁਰੂ ਦੀ ਉਪਾਸ਼ਨਾ ਕਰਦੇ ਹਨ, ਸ਼ਬਦ ਸੁਰਤ ਦੀ 'ਲਿਵ' ਸਮਾਧੀ ਕਰਕੇ ਅਲਖ ਦੀ ਲੱਖਤਾ ਹੋ ਗਈ ਹੈ। ੫.ਅੱਠ ਕੁਲੀ (ਸੱਪਾਂ ਦੀ) ਵਿਹੁ ਉਤਰ ਜਾਂਦੀ ਹੈ, (ਭਾਵ ਕੁਲਾਭਿਮਾਨ ਦੂਰ ਹੋ ਜਾਂਦਾ ਹੈ) ਸਤਿਗੁਰੂ (ਗੁਰੂ ਨਾਨਕ ਦੇਵ) ਦੀ ਸਿੱਖਯਾ ਦੇ (ਪ੍ਰਤਾਪ) ਨਾਲ ਮਾਯਾ ਵਿਖੇ ਮੋਹਤ ਨਹੀਂ ਹੁੰਦੇ। ੬.ਮਨ 'ਅਸਾਧ' (ਅਰਥਾਤ) ਵੱਸ ਨਹੀਂ ਹੁੰਦਾ, ਪਰੰਤੂ ਗੁਰਮੁਖਾਂ ਨੇ ਸੁਖੈਨ ਹੀ ਸਿੱਧ

ਕਰਕੇ 'ਸਧਾਯਾ' (ਆਤਮਾ ਵਿਖੇ) ਲੀਨ ਕੀਤਾ। ੭.ਸਾਧ ਸੰਗਤ ਵਿਖੇ ਮਿਲਿਆਂ ਮਨ ਕਾਬੂ ਹੋ ਗਿਆ ਹੈ, (**"ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥"** (ਥਿਤੀ:ਗਉ:ਮ:੫-੧੦) ਅਰਥਾਤ ਵਹਿਗੁਰੂ ਦੀ ਪੂਰੀ ਕਿਰਪਾ ਨਾਲ ਮਨ ਵਸੀਕਾਰ ਹੇਠ ਹੁੰਦਾ ਹੈ, ਉਹ ਸਾਧ ਸੰਗਤ ਵਿਖੇ ਪ੍ਰਾਪਤ ਹੁੰਦੀ ਹੈ, ਇਸ ਲਈ ਇਹੀ ਮੁਖ ਸਾਧਨ ਹੈ)।

## ੧੦. (ਗੁਰਮਤਿ ਸਾਧ ਸੰਗ- (੯ ਗਿਣਤੀ) )।

੧. ਨਉ ਪਰਕਾਰੀ ਭਗਤਿ ਕਰਿ ਸਾਧੈ ਨਵ ਦੁਆਰ ਗੁਰਮਤੀ।
੨. ਗੁਰਮੁਖਿ ਪਿਰਮੁ ਚਖਾਇਆ ਗਾਵੈ ਜੀਭ ਰਸਾਇਣ ਰਤੀ।
੩. ਨਵੀ ਖੰਡੀ ਜਾਣਾਇਆ ਰਾਜੁ ਜੋਗੁ ਜਿਨਿ ਸਤੀ ਅਸਤੀ।
੪. ਨਉ ਕਰੁ ਨਉ ਘਰ ਸਾਧਿਆ ਵਰਤਮਾਨ ਪਰਲਉ ਉਤਪਤੀ।
੫. ਨਵਨਿਧਿ ਪਿਛਲਗਣੀ ਨਾਥ ਅਨਾਥ ਸਨਾਥ ਜੁਗਤੀ।
੬. ਨਉ ਉਖਲ ਵਿਚਿ ਉਖਲੀ ਮਿਠੀ ਕਉੜੀ ਠੰਡੀ ਤਤੀ।
੭. ਸਾਧ ਸੰਗਤਿ ਗੁਰਮਤਿ ਸਣਖਤੀ ॥੧੦॥

**ਪਦਾਰਥ**-(ਪਿਰਮੁ ਰਸਇਣ=ਪ੍ਰੇਮ ਰਸ ਦਾ ਘਰ। ਸਤੀ ਅਸਤੀ=ਭਲੇ ਬੁਰੇ ਗੁਣ।
(ਨਉ ਕਰੁ=ਨਉ ਕਲਾਂ। ਨਉਘਰ=ਨਵੀਨ ਘਰ, ਸੰਸਾਰ।
(ਸਨਾਥ=ਕ੍ਰਿਤਾਰਥ ਸਣਖੱਤੀ=ਸ੍ਰੇਸ਼ਟ, ਸੁਹਾਗਣ।

**ਅਰਥ**-੧.ਨਵਧਾ ਭਗਤੀ ਕਰਕੇ ਨਵੇਂ ਦੁਆਰੇ (ਆਪਣੇ ਕੇਵਲ ਪ੍ਰੇਮਾ ਭਗਤੀ ਨਾਲ ਗੁਰਮੁਖ ਨੇ) ਗੁਰੂ ਦੀ ਮੱਤ ਲੈਕੇ ਸਾਧ ਲੀਤੇ ਹਨ, ੨.ਗੁਰਮੁਖਾਂ ਦੀ ਜੀਭ (ਪਿਰਮ ਰਸਾਇਣ) ਪ੍ਰੇਮ ਰਸ ਦੇ ਚੱਖਣ ਵਿਖੇ ਰੱਤੀ ਹੋਈ( ਉਸ ਦਾ ਜੱਸ) ਗਾਇਨ ਕਰਦੀ ਹੈ। (**'ਰਸਨਾ ਰਾਮ ਰਸਾਇਨਿ ਮਾਤੀ'**) (ਧਨਾ: ਮ:੫-੪੩)। ੩.ਰਾਜ ਜੋਗ ਕਰਕੇ ਸਤੀ ਅਤੇ ਅਸਤੀ (ਭਲੇ ਬੁਰੇ ਗੁਣਾਂ) ਨੂੰ ਜਿੱਤਕੇ ਨਵਾਂ ਖੰਡਾਂ ਵਿਖੇ (ਆਪਣਾ ਆਪ) ਵਿਦਤ ਕੀਤਾ ਹੈ (ਭਾਵ ਉਨ੍ਹਾਂ ਅੱਗੇ ਕੋਈ ਦਮ ਨਹੀਂ ਮਾਰ ਸਕਿਆ)। ੪.ਨਵਾਂ ਕਲਾਂ (ਅਰਥਾਤ ਪੁਰਖ, ਪ੍ਰਕ੍ਰਿਤਿ ਹੰਕਾਰ ਵਾਲੇ) ਨਵੇਂ ਘਰ (ਸੰਸਾਰ) ਵਿਖੇ (ਤਿੰਨ ਕਾਲਾਂ) ਵਰਤਮਾਨ, ਪਰਲੋ ਤੇ ਉਤਪਤੀ ਨੂੰ ਸਿੱਧ ਕਰ ਲੀਤਾ ਹੈ (ਭਾਵ ਜਨਮ ਮਰਨੋਂ ਰਹਿਤ ਹੋ ਜਾਂਦੇ ਹਨ)। ੫.ਨਵੇਂ ਨਿਧੀਆਂ ਪਿੱਛੇ ਲਗ ਤੁਰਦੀਆਂ ਹਨ, ਨਾਥਾਂ ਅਨਾਥਾਂ ਨੂੰ ਸਨਾਥ (ਕ੍ਰਿਤਾਰਥ) ਕਰਨ ਦੀ ਜੁਗਤੀ ਹੈ। (ਭਾਵ ਜੀਭ ਦੇ ਪ੍ਰਤਾਪ ਨਾਲ ਏਹ ਪਦਵੀ ਮਿਲਦੀ ਹੈ, ਹੁਣ ਛੀਵੀਂ ਤੇ ਸੱਤਵੀਂ ਤੁਕ ਵਿਖੇ ਖੋਲ੍ਹਕੇ ਲਿਖਦੇ ਹਨ)। ੬.ਨਵਾਂ 'ਉਖਲਾਂ' (ਗੋਲਕਾਂ) ਵਿਖੇ (ਜੀਭ ਦੀ 'ਉਖਲੀ') ਗੋਲਕ ਮਿੱਠੀ ਕੌੜੀ ਤੇ ਠੰਢੀ ਤੱਤੀ ਹੁੰਦੀ ਹੈ (ਜਦ ਠੰਢੀ ਸੀਤਲ ਵਾਕ ਬੋਲਦੀ ਹੈ ਤਾਂ ਮਿੱਠੀ ਤੱਤੇ ਵਾਕ ਬੋਲਣ ਵਿਖੇ ਕੌੜੀ ਭਾਸਦੀ ਹੈ)। ੭.ਸਾਧ ਸੰਗਤਿ ਵਿਖੇ ਗੁਰੂ ਦੀ ('ਮਤ') ਸਿੱਖਯਾ ਬੋਲਣ ਵਾਲੀ (ਜੀਭ) (ਸਣਖੱਤੀ) ਸ੍ਰੇਸ਼ਟ (ਅਥਵਾ ਸੋਹਾਗਵਤੀ) ਹੈ।

## ੧੧. (ਸਿਖ ਕੀਹ ਕਰੇ ? ਸਾਧ ਸੰਗ)।

੧. ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੈ।
੨. ਉਸੁ ਸੂਅਰ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।
੩. ਪੁਤੁ ਕਲਤੁ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਇ ਧਿਙਾਣੈ।
੪. ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।
੫. ਵਡ ਪਰਤਾਪ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਵਾਣੈ।

੬. ਗੁਰਮੁਖਿ ਸੁਖਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ।
੭. ਸਾਧ ਸੰਗਤਿ ਵਿਟਹੁ ਕੁਰਬਾਣੈ ॥੧੧॥

**ਪਦਾਰਥ**-(ਧਿਙਾਣੇ=ਧੱਕੋ ਧੱਕੀ। ਅਹੰਮੇਉ=ਅਹੰਕਾਰ ਰਵਾਣੈ=ਦੁਖ ਕਰਣਾ। (ਰਲੀਆ=ਖੁਸ਼ੀਆਂ।

**ਅਰਥ**-੧.ਪਰਾਈਆਂ ('ਚੰਗੀਆਂ') ਸੁਹਣੀਆਂ ਇਸਤ੍ਰੀਆਂ ਵੱਲ ਦੇਖਕੇ (ਜਥਾ ਯੋਗ) ਮਾਵਾਂ, ਭੈਣਾਂ ਅਤੇ ਧੀਆਂ ਤੁੱਲ ਜਾਣੇ। ੨.ਪਰਾਇਆ ਧਨ ਹਿੰਦੂ (ਦੇ ਭਾਣੇ) ਗਊ ਅਰ ਮੁਸਲਮਾਨ ਲਈ ਸੂਅਰ ਦੇ ਤੁੱਲ ਹੈ (ਯਥਾ-"**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**") (ਮਾਝ: ਵਾਰ-੭) ੩.ਪੁਤ੍ਰ, ਇਸਤ੍ਰੀ ਅਤੇ ਕੋੜਮਾ ਦੇਖਕੇ ਮੋਹ ਵਿਖੇ ਮੋਹਿਤ ਨ ਹੋਵੇ, ਫਰੇਬ ਅਤੇ (ਧਿਙਾਣਾ) ਜ਼ਬਰਦਸਤੀ (ਕਿਸੇ ਪਰ) ਨਾ ਕਰੇ। ੪.ਉਸਤਤ ਅਰ (ਨਿੰਦਾ ਜਦ ਪਰਾਈ) ਸੁਣ ਬੈਠੇ ਤਦੋਂ ਕਿਸੇ ਨੂੰ ਆਪ ਥੋਂ ਬੁਰਾ ਨਾ ਆਖੇ, (ਆਪ ਨੂੰ ਹੀ ਬੁਰਾ ਆਖੇ, ਭਾਵ ਆਪ ਨੂੰ ਹੀ ਬੁਰਾ ਸਮਝੇ:-"**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥**") (ਸ: ਕਬੀਰ-੭)। ੫.ਆਪ ਨੂੰ ਵੱਡ ਪਰਤਾਪੀ ਨ ਮਨੇ ਅਰ ਹੰਕਾਰ ਕਰਕੇ ਕਿਸੇ ਨੂੰ ਦੁਖ ਨਾ ਦੇਵੇ (ਫਲ ਕੀ ਹੁੰਦਾ ਹੈ ?)। ੬.ਗੁਰਮੁਖਾਂ ਨੂੰ ਸੁਖਫਲ ਸ੍ਵੈ ਸਰੂਪ ਦਾ ਆਨੰਦ ਪ੍ਰਾਪਤ ਹੁੰਦਾ ਹੈ, ਰਾਜ ਜੋਗ ਦੇ ਆਨੰਦ ਅਤੇ ਖੁਸ਼ੀਆਂ ਮਾਣਦੇ ਹਨ। ੭.ਸਾਧ ਸੰਗਤ ਉਤੋਂ ਕੁਰਬਾਣ ਜਾਂਦੇ ਹਨ (ਜਿਥੋਂ ਏਹ ਦਾਤਾਂ ਲੱਭਦੀਆਂ ਹਨ)।

## ੧੨. (ਗੁਰਮੁਖ ਦੀ ਅਵਸਥਾ)।

੧. ਗੁਰਮੁਖਿ ਪਿਰਮ ਚਖਾਇਆ ਭੁਖ ਨ ਖਾਣੁ ਪੀਅਣੁ ਅੰਨੁ ਪਾਣੀ।
੨. ਸਬਦ ਸੁਰਤਿ ਨੀਂਦ ਉਘੜੀ ਜਾਗਦਿਆਂ ਸੁਖ ਰੈਣਿ ਵਿਹਾਣੀ।
੩. ਸਾਹੇ ਬਧੇ ਸੋਹਦੇ ਮੈਲਾਪੜ ਪਰਵਾਣੁ ਪਰਾਣੀ।
੪. ਚਲਣੁ ਜਾਣਿ ਸੁਜਾਣ ਹੋਇ ਜਗ ਮਿਹਮਾਨ ਆਏ ਮਿਹਮਾਣੀ।
੫. ਸਚੁ ਵਣੰਜਿ ਖੇਪ ਲੇ ਚਲੇ ਗੁਰਮੁਖਿ ਗਾਡੀ ਰਾਹੁ ਨੀਸਾਣੀ।
੬. ਹਲਤਿ ਪਲਤਿ ਮੁਖ ਉਜਲੇ ਗੁਰ ਸਿਖਿ ਗੁਰਸਿਖਾਂ ਮਨਿ ਭਾਣੀ।
੭. ਸਾਧ ਸੰਗਤਿ ਵਿਚਿ ਅਕਥ ਕਹਾਣੀ ॥੧੨॥

**ਪਦਾਰਥ**-(ਭੁਖ=ਤ੍ਰਿਸ਼ਨਾ। ਸਾਹੇ ਬਧਸ ਸੋਹਦੇ=ਗਾਨਾਂ ਬੱਧੇ ਲਾੜੇ। (ਮੈਲਾਪੜ=ਮੈਲੇ ਕੱਪੜੇ ਰਖਦੇ ਹਨ, ਮਾਈਆਂ ਪਏ ਦੇ ਕੱਪੜੇ ਮੈਲੇ ਹੁੰਦੇ ਹਨ।

**ਅਰਥ**-੧.ਗੁਰਮੁਖਾਂ ਨੇ ਪ੍ਰੇਮ ਰਸ ਨੂੰ 'ਚਖਿਆ' (ਇਸ ਲਈ ਹੋਰ) ਅੰਨ ਪਾਣੀ ਦੇ ਖਾਣ ਪੀਣ ਦੀ ਤ੍ਰਿਸ਼ਨਾ ਨਹੀਂ ਰਹੀ। ੨.ਸ਼ਬਦ ਸੁਰਤ ਕਰਕੇ (ਅਵਿਦਯਾ ਦੀ) ਨੀਂਦ ਉਘੜ ਗਈ ਹੈ, ਜਾਗਦੇ ਹੋਏ (ਸਾਵਧਾਨੀ ਕਰਕੇ) ਸੁਖ ਨਾਲ (ਅਵਸਥਾ ਦੀ) ਰਾਤ ਬੀਤਦੀ ਹੈ। ੩.ਗਾਨੇ ਬੱਧੇ (ਹੋਏ ਲਾੜੇ ਵਾਂਙੂ) ਸੋਭਦੇ (ਹਨ, ਭਾਵੇਂ) ਮੈਲਾ ਭੇਸ ਭੀ ਰੱਖਣ (ਤਦ ਭੀ ਸਾਰੇ) ਪ੍ਰਾਣੀਆਂ ਨੂੰ ਪਰਵਾਨ ਹਨ। ("**ਜਿਨ੍ ਪਟੁ ਅੰਦਰਿ ਬਾਹਰ ਗੁਦੜੁ ਤੇ ਭਲੇ ਸੰਸਾਰਿ॥**") (ਆਸਾ: ਵਾਰ-੨੦) ੪.ਗਿਆਨਵਾਨ ਚਲਣਾ ਜਾਣਦੇ ਹਨ ਕਿ ਜਗਤ ਦੀ ਪ੍ਰਾਹੁਣਚਾਰੀ ਵਿਖੇ ਪ੍ਰਾਹੁਣੇ ਹੋਕੇ ਆਏ ਹੋਏ ਹਾਂ। ੫.ਸੱਚੇ ਵਣਜ ਦੀ ਖੇਪ ਨੂੰ ਲੈ ਚਲਦੇ ਹਨ, ਗੁਰਮੁਖਾਂ ਦੀ ਗਾਡੀ ਰਾਹ ਦੀ (ਇਹੋ) ਨਿਸ਼ਾਣੀ ਹੈ, (ਕਿ ਸੱਚ ਤੇ ਪਰਪੱਕ ਹੁੰਦੇ ਹਨ) ੬.ਲੋਕ ਪਰਲੋਕ ਮੂੰਹ ਉਜਲੇ ਹੁੰਦੇ ਹਨ, (ਕਿਉਂ ਜੋ) ਗੁਰ ਸਿੱਖਾਂ ਦੇ ਮਨ ਨੂੰ ਗੁਰ ਸਿਖੀ ਪਿਆਰੀ ਲੱਗਦੀ ਹੈ। ੭.ਸਾਧ ਸੰਗਤ ਵਿਖੇ 'ਅਕੱਥ' (ਅਕਾਲ ਪੁਰਖ) ਦੀ ਕਹਾਣੀ (ਕਥਾ) ਹੁੰਦੀ ਹੈ। (ਅਗਲੀ ਪੌੜੀ ਵਿਖੇ ਵਿਸਥਾਰ ਕਰਦੇ ਹਨ:-

(ਭਾਵ-ਗੁਰਮੁਖ ਦੇ ਸੰਜਮ, ਗਜਾਨਵਾਨ, ਆਨੰਦ, ਵੈਰਾਗ ਤੇ ਸੁਰਖਰੋਈ ਦਾ ਕਥਨ ਹੈ, ਜੋ ਪਿਆਰੇ ਦੇ ਪ੍ਰੇਮ ਵਿਚ ਰਚੇ ਹਨ, ਉਨ੍ਹਾ ਦਾ ਖਾਣਾ ਪੀਣਾ ਆਪ ਹੀ ਸੰਜਮ ਦਾ ਹੋ ਜਾਂਦਾ ਹੈ। ਜਿਨ੍ਹਾਂ ਦੀ ਸੁਰਤ ਪੁੱਗੀ ਹੈ ਓਹ ਉਸ ਤੋਂ ਉਚੇ ਰਸ ਵਿਚ ਰਹਿੰਦੇ ਹਨ, ਜੋ ਲਾੜੇ ਨੂੰ ਵਿਆਹੁਣ ਵੇਲੇ ਹੁੰਦਾ ਹੈ।

## ੧੩. (ਸਿੱਖੀ ਸਾਧਨ, ਸਾਧ ਸੰਗ)।

੧. ਹਉਮੈ ਗਰੁਬ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ।
੨. ਗਿਆਨ ਮਤੀ ਘਟਿ ਚਾਨਣਾ ਭਰਮ ਅਗਿਆਨੁ ਅੰਧੇਰੁ ਮਿਟਾਵੈ।
੩. ਹੋਇ ਨਿਮਾਣਾ ਢਹਿ ਪਵੈ ਦਰਗਹ ਮਾਣੁ ਨਿਮਾਣਾ ਪਾਵੈ।
੪. ਖਸਮੈ ਸੋਈ ਭਾਵਦਾ ਖਸਮੈ ਦਾ ਜਿਸੁ ਭਾਣਾ ਭਾਵੈ।
੫. ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ।
੬. ਦੁਨੀਆਂ ਵਿਚਿ ਪਰਾਹੁਣਾ ਦਾਵਾ ਛਡਿ ਰਹੈ ਲਾ-ਦਾਵੈ।
੭. ਸਾਧ ਸੰਗਤਿ ਮਿਲਿ ਹੁਕਮਿ ਕਮਾਵੈ ॥੧੩॥

ਪਦਾਰਥ-(ਗਰਬੁ=ਹੰਕਾਰ। ਗਿਆਨ ਮਤੀ=ਗਿਆਨ ਸਿੱਖਜਾ। ਲਾ-ਕਾਵੈ=ਬੇ ਦਾਵੇ।)

ਅਰਥ-੧.ਗੁਰਮੁਖ (ਲੋਕਾਂ ਦੇ) ਰਿਦੇ ਵਿਖੇ ਗਰੀਬੀ ਦਾ ਨਿਵਾਸ ਰਹਿੰਦਾ ਹੈ, ਕਿਉਂ ਜੋ ਹਉਮੈ ਅਰ ਹੰਕਾਰ ਨੂੰ ਨਿਵਿਰਤ ਕਰ ਦੇਂਦੇ ਹਨ। ੨.ਗੁਰੂ ਦੀ ਗਆਨ ਸਿੱਖਜਾ ਕਰਕੇ ਘਟ ਵਿਖੇ ਚਾਨਣਾ ਰਹਿੰਦਾ ਹੈ, ਅੱਗਜਾਨ ਅਤੇ ਭਰਮ ਦਾ ਅੰਧੇਰਾ ਮਿਟ ਜਾਂਦਾ ਹੈ। ੩.ਨਿਮਾਣਾ ਹੋਕੇ (ਗੁਰਮੁਖ) ਡਿੱਗ ਪੈਂਦਾ ਹੈ (ਫਲ ਇਹ ਕਿ) ਦਰਗਾਹ ਵਿਖੇ (ਉਹ) ਨਿਮਾਣਾ ਆਦਰ ਪਾਉਂਦਾ ਹੈ। ੪.ਪਰਮੇਸ਼ੁਰ ਨੂੰ ਓਹੀ (ਪ੍ਰਾਣੀ) ਚੰਗਾ ਲਗਦਾ ਹੈ, ਜਿਸ ਨੂੰ ਪਰਮੇਸ਼ੁਰ ਦਾ ਭਾਣਾ ਚੰਗਾ ਲਗਦਾ ਹੈ। ੫.ਭਾਣਾ ਮੰਨੇ ਤਾਂ ਸਾਰੇ ਮੰਨੀਦਾ ਹੈ, (ਪਰੰਤੂ) ਆਪਣਾ ਭਾਣਾ (ਅਕਾਲ ਪੁਰਖ) ਆਪ ਹੀ ਮਨਾਉਂਦਾ ਹੈ। ੬.ਸੰਸਾਰ ਵਿਖੇ (ਆਪ ਨੂੰ) ਪਰਾਹੁਣਾ ਜਾਣ ਕੇ ਦਾਵਾ ਛੱਡਕੇ ਬੇਦਾਵੇ ਹੋ ਰਹੇ। ੭.ਸਾਧ ਸੰਗਤ ਵਿਖੇ ਮਿਲਕੇ ਹੁਕਮ ਨੂੰ ਕਮਾਵੇ, (ਮੰਨੇ, ਕਿਉਂ ਜੋ ਉੱਥੇ ਹੁਕਮ ਦੀ ਗੀਤਿ ਕਥਨ ਕੀਤੀ ਜਾਂਦੀ ਹੈ। ਅੱਗੇ ਹੋਰ ਇਸੇ ਪ੍ਰਸੰਗ ਨੂੰ ਖੋਲ੍ਹਦੇ ਹਨ)।

## ੧੪. (ਗੁਰਮੁਖ ਕਾਰ, ਸਾਧ ਸੰਗ)।

੧. ਗੁਰੁ ਪਰਮੇਸਰ ਇਕੁ ਜਾਣਿ ਗੁਰਮੁਖਿ ਦੂਜਾ ਭਾਉ ਮਿਟਾਇਆ।
੨. ਹਉਮੈ ਪਾਲਿ ਢਹਾਇਕੈ ਤਾਲ ਨਦੀ ਦਾ ਨੀਰੁ ਮਿਲਾਇਆ।
੩. ਨਦੀ ਕਿਨਾਰੈ ਦੁਹ ਦੁਹ ਵਲੀ ਇਕਦੂ ਪਾਰਾਵਾਰੁ ਨ ਪਾਇਆ।
੪. ਰੁਖਹੁ ਫਲੁ ਤੈ ਫਲਹੁ ਰੁਖੁ ਇਕ ਨਾਉ ਫਲੁ ਰੁਖੁ ਸਦਾਇਆ।
੫. ਛਿਅ ਰੁਤੀ ਇਕੁ ਸੁਝੁ ਹੈ ਸੁਝੈ ਸੁਝੁ ਨ ਹੋਰੁ ਦਿਖਾਇਆ।
੬. ਰਾਤੀ ਤਾਰੇ ਚਮਕਦੇ ਦਿਹ ਚੜ੍ਹਿਐ ਕਿਨਿ ਆਖੁ ਲੁਕਾਇਆ।
੭. ਸਾਧ ਸੰਗਤਿ ਇਕ ਮਨਿ ਇਕੁ ਧਿਆਇਆ ॥੧੪॥

ਪਦਾਰਥ-(ਪਾਲਿ=ਵੱਟ, ਕੰਧ। ਕਿਨਿ ਆਪੁ ਲੁਕਾਇਆ=ਤਾਰਿਆਂ ਨੂੰ ਕਿਸ ਨੇ (ਆਖਕੇ ਛਿਪਾਇਆ ਹੈ? (ਅ) ਕਹੁ ਕਿਸ ਨੇ ਛਿਪਾਏ ਹਨ?

ਅਰਥ-੧.ਗੁਰਮੁਖ (ਲੋਕਾਂ) ਨੇ ਗੁਰੂ ਅਤੇ ਪਰਮੇਸ਼ਰ ਨੂੰ ਇਕ (ਰੂਪ) ਜਾਣਕੇ ਦੂਜੇ ਭਾਵ ਦਾ ਖੁਰਾ ਖੋਜ ਮਿਟਾ ਦਿੱਤਾ ਹੈ। ੨.ਹਉਮੈ ਦੀ ਕੰਧ ਦੂਰ ਕਰਕੇ ਤਲਾਉ ਤੇ ਨਦੀ ਦਾ ਪਾਣੀ ਇੱਕ ਕੀਤਾ (ਭਾਵ ਜੀਵ ਨੂੰ ਵਾਹਿਗੁਰੂ ਨਾਲ ਮੇਲ ਦਿੱਤਾ )। ੩.ਨਦੀ ਦੇ ਕਿਨਾਰੇ ਦੇ ਦੋ ਪਾਸਿਆਂ ਦਾ ਪਾਰ

ਉਰਾਰ ਕਿਸੇ ਨਹੀਂ ਪਾਇਆ। ੪.ਬ੍ਰਿਛ ਥੋਂ ਫਲ, ਫਲ ਥੋਂ ਬ੍ਰਿੱਛ ਹੁੰਦਾ ਹੈ (ਆਦਿ ਕਾਰਣ ਕਿਸੇ ਨੂੰ ਨਹੀਂ ਜਾਪਿਆ) ਫਲ ਅਤੇ ਬ੍ਰਿਛ ਦਾ ਨਾਮ ਇਕੋ ਰਹਿੰਦਾ ਹੈ। ੫.ਛੀਆਂ ਰੁਤਾਂ ਵਿਚੋਂ ਸੂਰਜ ਇਕੋ ਹੈ, ਸੂਰਜ ਨੂੰ ਕਿਸੇ ਹੋਰ ਸੂਰਜ ਨੇ ਨਹੀਂ ਦਿਖਾਇਆ (ਭਾਵ ਆਪਣੀ ਜੋਤਿ ਥੋਂ ਆਪ ਹੀ ਪ੍ਰਕਾਸ਼ਮਾਨ ਹੋ ਰਿਹਾ ਹੈ)। ੬.ਰਾਤ ਨੂੰ ਤਾਰੇ ਚਮਕਦੇ ਹਨ ਦਿਨ (ਸੂਰਜ) ਦੇ ਚੜ੍ਹਨ ਨਾਲ ਦੱਸੋ ਕਿਸਨੇ ਲੁਕਾ ਦਿੱਤੇ ਹਨ? (ਭਾਵ ਆਪੇ ਤੇਜ ਚਾਨਣੇ ਕਰਕੇ ਛਿਪ ਜਾਂਦੇ ਹਨ)। ੭.ਸਾਧ ਸੰਗਤ ਨੇ ਇਕ ਮਨ ਹੋਕੇ ਇਕ ਪ੍ਰਮਾਤਮਾ ਦਾ ਧਿਆਨ ਕੀਤਾ ਹੈ (ਏਸ ਲਈ ਉਨ੍ਹਾਂ ਨੂੰ ਪਰਮਾਤਮਾਂ ਰੂਪ ਸੂਰਜ ਪ੍ਰਕਾਸ਼ ਦੇ ਰਿਹਾ ਹੈ, ਸੰਦੇਹ ਰੂਪੀ ਤਾਰੇ ਅੱਗਯਾਨ ਦੇ ਅੰਧੇਰੇ ਸਾਰੇ ਨਾਸ਼ ਹੋ ਗਏ ਹਨ)।

**ਭਾਵ-** ਗੁਰਮੁਖ ਆਪਾ ਭਾਵ ਮੇਟਦੇ ਹੰਕਾਰ ਦੂਰ ਕਰਦੇ ਤੇ ਸਾਧ ਸੰਗਤ ਵਿਚ ਵਸਦੇ ਹੋਏ ਇਕ ਮਨ ਧਿਆਉਂਦੇ ਹਨ, (ਐਉਂ ਪ੍ਰਕਾਸ਼ ਵਿਚ ਵਸਦੇ ਹਨ)।

## ੧੫. (ਅਸਲੀ ਯੋਗ, ਸਾਧ ਸੰਗ)।

੧. ਗੁਰ ਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ।
੨. ਕੰਨੀ ਮੁੰਦਰਾਂ ਮੰਤ੍ਰ ਗੁਰ ਸੰਤਾਂ ਧੂੜਿ ਬਿਭੂਤ ਸੁਲਾਸੀ।
੩. ਖਿੰਥਾ ਖਿਮਾਂ ਹੰਢਾਵਣੀ ਪ੍ਰੇਮ ਪਤ੍ਰ ਭਾਉ ਭੁਗਤਿ ਬਿਲਾਸੀ।
੪. ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰਦਾਸੀ।
੫. ਸਾਧ ਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ।
੬. ਹਉਮੈ ਰੋਗ ਅਰੋਗ ਹੋਇ ਗਰਿ ਸੰਜੋਗੁ ਗਿਜੋਗ ਖਲਾਸੀ।
੭. ਸਾਧ ਸੰਗਤਿ ਗੁਰਮਤਿ ਸਾਬਾਸੀ ॥੧੫॥

**ਪਦਾਰਥ-**(ਸੁਲਾਸੀ=ਸ੍ਰੇਸ਼ਟ ਪ੍ਰੇਮ ਪਤ੍ਰ=ਪ੍ਰੇਮ ਦਾ ਬਰਤਨ।

**ਅਰਥ-**੧.ਗੁਰਸਿੱਖ ਜੋਗੀ ਲੋਕ (ਸਦਾ) ਜਾਗਦੇ ਹਨ, ਮਾਇਆ ਦੇ ਅੰਦਰ ਰਹਿਕੇ ਉਦਾਸ ਭਾਵ ਰਖਦੇ ਹਨ(ਸਾਵਧਾਨ ਵਿਚਾਰਵਾਨ ਰਹਿੰਦੇ ਹਨ) (ਗੁਰਮੁਖਾਂ ਦੀਆਂ ਮੁੰਦ੍ਰਾਂ ਕਿਹੜੀਆਂ ਹਨ?) ੨.ਗੁਰੂ ਦੇ ਮੰਤ੍ਰਾਂ ਦੀਆਂ ਹੀ ਕੰਨਾਂ ਵਿਖੇ ਮੁੰਦ੍ਰਾਂ ਧਾਰੀਆਂ ਹਨ ਅਰ ਸੰਤਾਂ ਦੀ ਚਰਣ ਧੂੜ ਦੀ ਸ੍ਰੇਸ਼ਟ ਬਿਭੂਤ ਮਲਦੇ ਹਨ। ੩.ਖਿਮਾ ਦੀ ਖਿੰਥਾ (ਖੱਫਣੀ) ਹੰਢਾਉਂਦੇ ਤੇ ਪ੍ਰੇਮ ਦੇ 'ਪਾਤ੍ਰ' ਵਿਖੇ 'ਭਾਉ' ਗਿਆਨ ਦੀ ਭੁਗਤ ਦਾ ਆਨੰਦ ਮਾਣਦੇ ਹਨ। ੪.ਗੁਰੂ ਦੇ ਸ਼ਬਦ ਦੀ 'ਸੁਰਤ' ਦੀ ਸਿੰਙੀ ਵਜਾਉਂਦੇ, ਗਿਆਨ ਦਾ ਹੱਥ ਵਿਖੇ ਡੰਡਾ ਰਖਦੇ ਹਨ, (ਧਿਆਨ ਗੁਰਦਾਸੀ') ਗੁਰੂ ਦੇ ਧਿਆਨ ਦੀ 'ਦਾਸੀ' (ਭੰਡਾਰਨ) ਨਾਲ ਰਹਿੰਦੀ ਹੈ। ੫.ਗੁਰੂ ਦੀ ਸੰਗਤ ਰੂਪੀ ਗੁਫ਼ਾ ਵਿਚ ਬੈਠਕੇ 'ਸਹਜ ਸਮਾਧ' ਦੇ ਡੂੰਘੇ ਨਿਵਾਸੀ ਹੋ ਰਹੇ ਹਨ (ਸਦਾ ਚੌਥੀ ਭੂਮਿਕਾ ਵਿਖੇ ਮਸਤ ਹਨ। ਫਲ ਕੀ ਹੁੰਦਾ ਹੈ?) ੬.ਹਉਮੈ ਦੇ ਰੋਗ ਥੋਂ ਅਰੋਗ ਹੋ ਗਏ ਹਨ। ਸੰਜੋਗ ਅਤੇ ਵਿੰਜੋਗ (ਦੋ ਚੇਲੇ 'ਖਲਾਸੀ') ਸੇਵਕ ਹਨ (ਸੰਜੋਗ ਅਤੇ ਵਿਜੋਗ ਤੋਂ ਛੁਟਕਾਰਾ ਪਾ ਗਏ ਹਨ ਆਪ ਸੰਸਾਰ ਦ੍ਵੰਦਾਂ ਵਾਲੇ ਪਸਾਰੇ ਤੋਂ ਛੁੱਟਕੇ ਇਕ ਅਰਥਾਤ ਯਥਾਰਥ ਵਿਚ ਪਹੁੰਚੇ ਹਨ)। ੭.ਸਾਧ ਸੰਗਤ ਵਿਖੇ ਗੁਰੂ ਦੀ ਮਤ ਕਰਕੇ ਹੀ ਸ਼ਾਬਾਸ਼ ਮਿਲਦੀ ਹੈ, (ਭਾਵ ਈਸ਼੍ਵਰ ਦੀ ਪ੍ਰਸੰਨਤਾ ਹੁੰਦੀ ਹੈ)।

**ਭਾਵ-**ਗੁਰਸਿੱਖਾਂ ਦੀ ਰਹਿਣੀ ਵਰਣਨ ਕੀਤੀ ਹੈ।

## ੧੬. (ਆਸ਼ਕ ਹੋਵੇ, ਸਾਧ ਸੰਗ)।

੧. ਲਖ ਬ੍ਰਹਮੇ ਲਖ ਵੇਦ ਪੜਿ ਨੇਤ ਨੇਤ ਕਰਿ ਕਰਿ ਸਭ ਥਕੇ।
੨. ਮਹਾਦੇਵ ਅਵਧੂਤ ਲਖ ਜੋਗ ਧਿਅਨ ਉਣੀਦੇ ਅਕੇ।

੩. ਲਖ ਬਿਸਨ ਅਵਤਾਰ ਲੈ ਗਿਆਨ ਖੜਗੁ ਫੜਿ ਪਹੁਚਿ ਨ ਸਕੇ।
੪. ਲਖ ਲੋਮਸੁ ਚਿਰ ਜੀਵਣੇ ਆਦਿ ਅੰਤਿ ਵਿਚ ਧੀਰਕ ਧਕੇ।
੫. ਤਿਨਿ ਲੋਅ ਜੁਗ ਚਾਰਿ ਕਰਿ ਲਖ ਬ੍ਰਹਮੰਡ ਖੰਡ ਕਰ ਢਕੇ।
੬. ਲਖ ਪਰਲਉ ਉਤਪਤਿ ਲਖ ਹਰਹਟ ਮਾਲਾ ਅਖਿ ਫਰਕੇ।
੭. ਸਾਧ ਸੰਗਤਿ ਆਸਕੁ ਹੋਇ ਤਕੇ॥੧੬॥

**ਪਦਾਰਥ**-(ਉਨੀਦੇ-ਸੌਂਦੇ ਨਹੀਂ, ਜਾਗਾ। ਢਕੇ-ਵਸੀਕਾਰ ਹਠ।

**ਅਰਥ**-੧.ਲੱਖਾਂ ਬ੍ਰਹਮੇਂ ਲੱਖਾਂ ਵੇਦਾਂ ਪੜ੍ਹ ਪੜ੍ਹ ਕੇ (ਓੜਕ ਨੂੰ) ਨੇਤਿ ਨੇਤਿ ਕਰਕੇ ਸਾਰੇ ਹਾਰਕੇ ਥੱਕ ਗਏ। ੨.ਸ਼ਿਵ ਸਰੀਖੇ ('ਅਵਧੂਤ') ਯੋਗੀ ਲੋਕ ਲੱਖਾਂ ਹੀ ਯੋਗ ਦੇ ਧਿਆਨ ਵਿਖੇ ਰਾਤ ਨੂੰ ਜਾਗ੍ਰਣ ਕਰਦੇ ਹੀ ਅੱਕ ਗਏ। ੩.ਲੱਖਾਂ ਵਿਸ਼ਨੂੰ ਅਵਤਾਰ ਧਾਰਕੇ ਗਿਆਨ ਦੀ ਤਲਵਾਰ ਹੱਥ ਵਿਚ ਲੈਕੇ (ਅਕਾਲ ਪੁਰਖ ਤੋੜੀ) ਪਹੁੰਚ ਨ ਸੱਕੇ (ਭਾਵ ਕਾਮ ਕ੍ਰੋਧ ਵੈਰੀ ਨਾ ਮਾਰ ਸਕੇ)। ੪.ਲੱਖਾਂ ਲੋਮਸ (ਰਿਖੀ ਜਿਹੇ) ਚਿਰੰਜੀਵੀਆਂ ਨੇ ਆਦ ਥੋਂ ਲੈਕੇ ਅੰਤ ਤੀਕ ਧੀਰਜ ਵਿਖੇ ਧੱਕੇ ਹੀ ਖਾਧੇ (ਪਰਮਾਤਮਾ ਦਾ ਦਰਸ਼ਨ ਨਾ ਹੋਇਆ)। ੫.ਵਾਹਿਗੁਰੂ ਨੇ ਤਿੰਨਾਂ ਲੋਕਾਂ ਵਿਖੇ ਚਾਰ (ਸਤਯੁਗ ਆਦਿਕ) ਯੁਗ, ਲੱਖਾਂ ਬ੍ਰਹਮੰਡ ਅਤੇ ਲੱਖਾ ਖੰਡ ਬਣਾਕੇ(ਢੱਕੇ ਅਰਥਾਤ)ਆਪਣੇ ਹੱਥ ਨਾਲ ਕੱਜੇ, ਭਾਵ ਵਸੀਕਾਰ ਹੇਠ ਕਰ ਛੱਡੇ) ਹਨ। ੬.ਲੱਖਾਂ ਪਰਲਉ, ਲੱਖਾਂ ਉਤਪਤੀਆਂ, 'ਹਰਹਟ ਮਾਲਾ'(ਟਿੰਡਾਂ ਦੀ ਮਾਲਾ ਵਾਂਗੂੰ) ਅੱਖ ਫਰਕਣ ਵਿਖੇ ਹੇਠ ਉਤੇ ਹੁੰਦੀਆਂ ਰਹਿੰਦੀਆਂ ਹਨ। ੭.(ਐਸੇ ਵਾਹਿਗੁਰੂ ਦਾ) ਸਾਧ ਸੰਗਤ (ਵਿਚ) ਪ੍ਰੇਮੀ ਹੋਕੇ ਦਰਸ਼ਨ ਕਰੋ।

**ਭਾਵ**-ਲਖਾਂ ਬ੍ਰਹਮਾਦਿਕ ਜਿਸ ਦਾ ਦਰਸਨ ਨਹੀਂ ਪਾ ਸਕੇ ਉਸ ਲਖਾਂ ਬ੍ਰਹਮੰਡਾਂ ਦੇ ਕਾਰਕ ਅਕਾਲ ਪੁਰਖ ਦਾ ਦਰਸ਼ਨ ਸਾਧ ਸੰਗਤ ਦੇ ਆਸ਼ਕ ਹੋਕੇ ਭਾਵ ਪ੍ਰੇਮੀ ਹੋਕੇ ਕਰਦੇ ਹਨ। ਯਥਾ-"**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰਿ ਤਲੀ ਗਲੀ ਮੇਰੀ ਆਉ॥ ਇਤ ਮਾਰਗਿ ਪੈਰੁ ਧਰੀਜੈ॥ ਸਿਰ ਦੀਜੈ ਕਾਣਿ ਨ ਕੀਜੈ॥**" (ਸ: ਵਾ: ਤੇ:ਵ-੨੦)।

## ੧੭. (ਮਨ ਜਿਤ, ਆਪ ਜਿਤ; ਸਾਧ ਸੰਗ)।

੧. ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਹੈ ਸਤਿਗੁਰ ਸੋਈ।
੨. ਜੋਗ ਧਿਆਨੁ ਹੈਰਾਨੁ ਹੋਇ ਵੇਦ ਗਿਆਨ ਪਰਵਾਹ ਨ ਹੋਈ।
੩. ਦੇਵੀ ਦੇਵ ਸਰੇਵਦੇ ਜਲ ਥਲ ਮਹੀਅਲ ਭਵਦੀ ਲੋਈ।
੪. ਹੋਮ ਜਗ ਜਪ ਤਪ ਘਣੇ ਕਰਿ ਕਰਿ ਕਰਮ ਧਰਮ ਦੁਖ ਰੋਈ।
੫. ਵਸਿ ਨ ਆਵੈ ਧਾਵਦਾ ਅਠੁ ਖੰਡਿ ਪਾਖੰਡ ਵਿਗੋਈ।
੬. ਗੁਰਮੁਖਿ ਮਨੁ ਜਿਣਿ ਜਗੁ ਜਿਣੈ ਆਪੁ ਗਵਾਇ ਆਪੇ ਸਭ ਕੋਈ।
੭. ਸਾਧ ਸੰਗਤਿ ਗੁਣ ਹਾਰ ਪਰੋਈ॥੧੭॥

**ਪਦਾਰਥ**-(ਭਵਦੀ ਲੋਈ=ਲੋਕਾਈ ਫਿਰਦੀ ਹੈ। ਅਠੁ ਖੰਡਿ ਪਾਖੰਡ=ਵਰਣਾਸ਼੍ਰਮਾਂ ਦੇ (ਅੱਠ ਪਾਖੰਡਾਂ ਵਿਖੇ। ਵਿਗੋਈ=ਖਰਾਬ ਹੋਣਾ।

**ਅਰਥ**-੧.ਨਿਰਗੁਣ ਬ੍ਰਹਮ ਨੇ ਹੀ (ਪੂਰਣ ਬ੍ਰਹਮ) ਸਗੁਣ ਮੂਰਤੀ ਧਾਰੀ ਹੈ, ਓਹ ਆਦਿ ਪੁਰਖ ਸਤਿਗੁਰੂ (ਗੁਰੂ ਨਾਨਕ ਦਾ ਰੂਪ) ਹੈ। ੨.(ਉਸ ਆਦਿ ਪੁਰਖ ਨੂੰ ਪਾਉਣ ਲਈ) ਜੋਗ ਅਤੇ ਧਿਆਨ ਹੈਰਾਨ ਹੋ ਰਹੇ ਹਨ, ਵੇਦਾਂ ਦੇ ਗਯਾਨ ਦੀ ਪਰਵਾਹ ਬੀ ਕੁਝ ਨਹੀਂ। ("**ਨਾ ਤੂ ਆਵਹਿ ਵਸਿ ਬੇਦ ਪੜ੍ਹਾਵਣੇ॥**") (ਰਮਾ: ਵਾਰ:੧੦)। ੩.ਦੇਵੀਆਂ ਅਤੇ ਦੇਵਤੇ ਸੇਂਵਦੇ ਹਨ, ਅਤੇ ਜਲਾਂ ਥਲਾਂ ਪਤਾਲਾਂ ਵਿਖੇ ਲੋਕ ਭੌਂਦੇ

ਹੋਏ, ੪.ਹੋਮ, ਜੱਗ, ਜਪ, ਤਪ, ਆਦਿ ਬਹੁਤੇ ਕਰਮ ਧਰਮ ਕਰਕੇ ਦੁਖਾਂ ਵਿਚ ਰੋਂਦੇ ਹਨ। ੫.(ਕਿਉਂ ਜੋ ਮਨ)ਦੌੜਦਾ ਕਾਬੂ ਨਹੀਂ ਆਉਂਦਾ, (ਇਸ ਕਰਕੇ) ਚਾਰ ਵਰਣ, ਚਾਰ ਆਸ਼੍ਰਮ ਪਖੰਡ ਕਰਕੇ ਪਿੱਛੋਂ ਖਰਾਬ ਹੀ ਹੋਏ, (ਕਿਉਂਕਿ ਮਨ ਵੱਸ ਆਏ ਬਿਨਾਂ ਆਦਿ ਪੁਰਖ ਕੀਕੂੰ ਲੱਭੇ?) ੬.ਗੁਰਮੁਖਾਂ ਨੇ ਮਨ ਦੇ ਜਿੱਤਣ ਨਾਲ ਜਗਤ ਜਿੱਤ ਲੀਤਾ ਹੈ,(ਕਿਉਂ ਜੋ **"ਮਨ ਜੀਤੈ ਜਗ ਜੀਤਿ॥"**) (ਜਪੁਜੀ-੨੮) (ਸੋ) ਆਪਾ ਭਾਵ ਗੁਆਉਣ ਨਾਲ ਸਭ ਕੋਈ ਆਪਣਾ ਹੋ ਜਾਂਦਾ ਹੈ। ੭.ਸਾਧ ਸੰਗਤ ਗੁਣਾਂ ਦਾ ਹਾਰ ਪਰੋਂਦੀ ਹੈ।

**ਭਾਵ**-ਜੋਗੀ, ਧਿਆਨੀ, ਜਪੀ, ਤਪੀ ਕਰਮਾਂ ਦੇ ਭਰਮ ਵਿਖੇ ਫਸੇ ਹੋਏ ਹਨ, ਸੰਤ ਲੋਕ ਪਰਮੇਸ਼ਰ ਦੇ ਨਾਮਾਂ ਨੂੰ ਹਾਰ ਵਾਂਙੂ ਰਿਦੇ ਵਿਖੇ ਧਾਰਣ ਕਰਦੇ ਹੋਏ ਧ੍ਰੂ ਵਾਂਗ ਅਟੱਲ ਅਟਾਰੀ ਪੁਰ ਸਵਾਰੀ ਕਰਦੇ ਹਨ।

## ੧੮, (ਗੁਰੂ ਮਲਾਹ, ਸਾਧ ਸੰਗ)।

੧. ਅਲਖ ਨਿਰੰਜਨੁ ਆਖੀਐ ਰੂਪ ਨ ਰੇਖ ਅਲੇਖ ਅਪਾਰਾ।
੨. ਅਬਿਗਤਿ ਗਤਿ ਅਬਿਗਤਿ ਘਣੀ ਸਿਮਰਣਿ ਸੇਖ ਨਾ ਆਵੈ ਵਾਰਾ।
੩. ਅਕਥ ਕਥਾ ਕਿਉ ਜਾਣੀਐ ਕੋਇ ਨ ਆਖਿ ਸੁਣਾਵਣ ਹਾਰਾ।
੪. ਅਚਰਜੁ ਨੋ ਆਚਰਜੁ ਹੋਇ ਵਿਸਮਾਦੈ ਵਿਸਮਾਦੁ ਸੁਮਾਰਾ।
੫. ਚਾਰਿ ਵਰਨ ਗੁਰੁ ਸਿਖ ਹੋਇ ਘਰ ਬਾਰੀ ਬਹੁ ਵਣਜ ਵਪਾਰਾ।
੬. ਸਾਧ ਸੰਗਤ ਆਰਾਧਿਆ ਭਗਤਿ ਵਛਲੁ ਗੁਰੁ ਰੂਪੁ ਮਰਾਰਾ।
੭. ਭਵ ਸਾਗਰੁ ਗੁਰਿ ਸਾਗਰ ਤਾਰਾ ॥੧੮॥

**ਪਦਾਰਥ**-(ਅਲੇਖ=ਲੇਖੇ ਥੋਂ ਰਹਿਤ। ਅਬਿਗਤਿ ਗਤਿ=ਗਤਿ ਥੋ ਅਬਿਗਤਿ, ਮਨ ਬਾਣੀ ਥੋਂ ਪਰੇ।

**ਅਰਥ**-੧.ਅਲਖ, ਨਿਰੰਜਨ, ਰੂਪ, ਰੇਖ, ਰਹਿਤ, ਅਲੇਖ, ਅਪਾਰ ਕਹੀਦਾ ਹੈ (ਓਹ ਕਿਸੇ ਲੇਖੇ ਵਿਖੇ ਨਹੀਂ ਆ ਸਕਦਾ)। ੨.ਉਸਦੀ ਗਤੀ ਘਣੀ ਅਬਿਗਤ ਹੈ(ਕਿਉਂ ਜੋ ਹਜ਼ਾਰ ਜੀਭ ਵਾਲੇ) ਸ਼ੇਖ ਨਾਗ ਨੂੰ ਸਿਮਰਣ ਕਰਣ ਵਿਖੇ ਪਤਾ ਨਹੀਂ ਲਗਦਾ। ੩.ਕਥਨ ਥੋਂ ਅਕੱਥ ਹੈ, ਕੋਈ ਆਖਕੇ ਸੁਣਾ ਨਹੀਂ ਸਕਦਾ, (ਫੇਰ ਕਿਉਂ ਕਰ ਜਾਣਿਆ ਜਾਵੇ?) ੪.ਅਚਰਜ ਨੂੰ ਅਚਰਜ ਅਰ ਵਿਸਮਾਦ ਨੂੰ ਉਸ ਦੀ ਗਿਣਤੀ ਕਰਨ ਵਿਚ ਵਿਸਮਾਦ ਹੋ ਜਾਂਦਾ ਹੈ (ਪਰੰਤੂ) ੫.ਚਾਰ ਵਰਣਾਂ ਦੇ ਗੁਰੂ ਸਿੱਖ ਘਰ ਬਾਰੀ ਹੋਕੇ ਬਾਹਲੇ ਵਣਜ ਤੇ ਵਪਾਰ ਕਰਦੇ ਹਨ, (ਭਾਵ ਓਹ ਘਰ ਵਿਚੋਂ ਹੀ ਲੱਭ ਲੈਂਦੇ ਹਨ)। ੬.ਸਾਧ ਸੰਗਤ ਵਿਖੇ ਮਿਲਕੇ ਭਗਤ ਵਛਲ 'ਮੁਰਾਰੀ' (ਹੰਕਾਰ ਨਾਸ਼ਕ) ਨੂੰ ਗੁਰੂ ਰੂਪ ਕਰਕੇ ਆਰਾਧਦੇ ਹਨ। ੭.ਸੰਸਾਰ ਸਾਗਰ ਵਿਚ ਗੁਰੂ ਸਮੁੰਦਰ ਦਾ ਤਾਰਾ ਹਨ।

**ਭਾਵ**-ਜਿਕੂੰ ਸਮੁੰਦਰ ਵਿਚ ਮਲਾਹ ਤਾਰੇ ਦੇ ਹਿਸਾਬ ਚਲਦੇ ਹਨ, ਤਿਵੇਂ ਗੁਰੂ ਸੰਸਾਰ ਸਾਗਰ ਤੋਂ ਅਗੁਵਾਨੀ ਕਰਦਾ ਹੈ। ਆਤਮਾ ਦੇ ਪ੍ਰੇਮ ਬਾਝ ਸਾਈਂ ਦੀ ਪ੍ਰਾਪਤੀ ਨਹੀਂ, ਪ੍ਰੇਮਾ ਭਗਤੀ ਦਾ ਕਾਰਣ ਗੁਰੂ ਮੁਰਾਰ ਹਨ, ਇਸ ਲਈ ਗੁਰੂ ਆਪ ਹੀ ਸਮੁੰਦਰ ਪਰ ਆਪ ਹੀ ਮਲਾਹ ਦਾ ਰੂਪ ਹਨ, ਇਹੀ ਅਨੁਭਵ ਅੱਗੇ ਲਿਖਦੇ ਹਨ :-

## ੧੯. (ਗੁਰੂ ਨੂੰ ਸੋਝੀ ਪਾਈ)।

੧. ਨਿਰੰਕਾਰੁ ਏਕੰਕਾਰ ਹੋਇ ਓਅੰਕਾਰਿ ਅਕਾਰ ਅਪਾਰਾ।
੨. ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਪਸਾਰਾ।

੩. ਕੇਤੜਿਆ ਜੁਗ ਵਰਤਿਆ ਅਗਮ ਅਗੋਚਰ ਧੁੰਧੂਕਾਰਾ।
੪. ਕੇਤੜਿਆ ਜੁਗ ਵਰਤਿਆ ਕਰਿ ਕਰਿ ਕੇਤੜਿਆ ਅਵਤਾਰਾ।
੫. ਭਗਤਿ ਵਛਲੁ ਹੋਇ ਆਇਆ ਕਲੀਕਾਲ ਪਰਗਟ ਪਾਹਾਰਾ।
੬. ਸਾਧ ਸੰਗਤਿ ਵਸਗਤਿ ਹੋਆ ਓਤਿ ਪੋਤਿ ਕਰਿ ਪਿਰਮ ਪਿਆਰਾ।
੭. ਗੁਰਮੁਖਿ ਸੁਝੈ ਸਿਰਜਣਹਾਰਾ ॥੧੯॥

**ਪਦਾਰਥ**-ਏਕੰਕਾਰੁ=ਇਕ ਦਾ ਸਰੂਪ। ਧੰਧੂਕਾਰਾ=ਨਿਰਾ ਗੁਬਾਰ। ਪਾਹਰਾ=ਪਸਾਰਾ।

**ਅਰਥ**-੧.ਨਿਰੰਕਾਰ ਪਰਮਾਤਮਾਂ ਨੇ ਏਕੰਕਾਰ (ਅਰਥਾਤ ਏਕਾਂਗ) ਦਾ ਰੂਪ ਧਾਰਿਆ ਹੈ, (ਉਸ ਥੋਂ) ਓਅੰਕਾਰ ਦਾ ਆਕਾਰ ਅਪਾਰਾ (ਰੂਪ) ਧਾਰਿਆ ਹੈ। ੨.ਕੋਟਾਨਿਕੋਟ ਬ੍ਰਹਮੰਡਾਂ ਦਾ ਪਸਾਰਾ ਕਰਕੇ ਇਕ ਇਕ ਰੋਮ ਵਿਖੇ ਰੱਖ ਛਡਿਆ ਹੈ। ੩.ਕਈ ਜੁਗਾਂ ਵਿਖੇ, ਅਗਮ ਥੋਂ ਅਗਮ ਹਨੇਰ ਗੁਬਾਰ ਵਰਤ ਰਿਹਾ ਸੀ (ਤਦਨੰਤਰ)।੪.ਕਈ ਜੁਗਾਂ ਵਿਖੇ ਕਈ ਅਵਤਾਰ ਕਰ ਕਰ ਕੇ (ਨਿਰੰਕਾਰ ਨੇ) ਪਸਾਰੇ ਕੀਤੇ। ੫.ਭਗਤ ਵਛਲ ਹੋਕੇ (ਸੰਸਾਰ ਵਿਚ ਭਗਤਾਂ ਦਾ ਪਜਾਰਾ ਗੁਰ ਅਵਤਾਰ) ਆਯਾ ਤੇ ਕਲਯੁਗ ਦੇ ਸਮੇਂ ਵਿਖੇ (ਆਪਣਾ) ਪਸਾਰਾ ਪ੍ਰਗਟ ਕਰ ਦਿੱਤਾ (ਭਾਵ ਭਗਤਾਂ ਦੀ ਰੱਛਾ ਕਰਣ ਲਈ ਗੁਰੂ ਅਵਤਾਰ ਧਾਰਣ ਕੀਤਾ)। ੬.ਸਾਧ ਸੰਗਤ ਦੇ ਵਸੀਕਾਰ ਵਿਖੇ ਹੋਕੇ ਓਤ ਪੋਤ ਕਰਕੇ ਪਿਰਮ ਤੇ ਪਿਆਰਾ ਇਕ ਰੂਪ ਹੋਏ (ਭਾਵ "**ਜੋ ਪਿਰੀ ਸੋ ਪਿਆਰਾ, ਜੋ ਪਿਆਰਾ ਸੋ ਪਿਰੀ**" ਇਕ ਜੋਤਿ ਦੋ ਮੂਰਤਾਂ ਹਨ। ਜਾਣਦਾ ਕੌਣ ਹੈ?) ੭.ਗੁਰਮੁਖਾਂ ਨੂੰ ਸਿਰਜਣਹਾਰ (ਪਰਮਾਤਮਾਂ) ਸੁਝਦਾ ਹੈ!

**ਭਾਵ**-ਏਕੰਕਾਰ, ਓਅੰਕਾਰ, 'ਅਗੰਮ ਧੰਧੂਕਾਰ' ਆਦਿ ਕਈ ਰੰਗ ਦੇ ਪਸਾਰੇ ਕਰਦਾ ਹੈ, ਉਹ ਨਰੰਕਾਰ ਭਗਤ ਵੱਛਲ ਰੂਪ ਧਾਰਕੇ ਕਲਿਜੁਗ ਵਿਚ ਗੁਰੂ ਰੂਪ ਹੋਕੇ ਆਯਾ ਅਤੇ ਪਰਸਪਰ ਪ੍ਰੇਮ ਤੇ ਪਿਆਰ ਪਾਕੇ ਗੁਰਮੁਖ ਬਣਾਏ, ਜਿਨ੍ਹਾਂ ਨੂੰ ਗੁਰੂ ਗੋਬਿੰਦ ਰੂਪ ਸੁੱਝ ਪਿਆ ਹੈ।

## ੨੦. (ਸਤਿਗੁਰ ਤੇ ਸਿਖ. ਸਾਧ ਸੰਗ)।

੧. ਸਤਿਗੁਰ ਮੂਰਤਿ ਪਰਗਟੀ ਗੁਰਮੁਖਿ ਸੁਖ ਫਲੁ ਸਬਦ ਵਿਚਾਰਾ।
੨. ਇਕਦੂ ਹੋਇ ਸਹਮ ਫਲੁ ਗੁਰੁ ਸਿਖ ਸਾਧ ਸੰਗਤਿ ਓਅੰਕਾਰਾ।
੩. ਡਿਠਾ ਸੁਣਿਆ ਮੰਨਿਆ ਸਨਮੁਖਿ ਸੇ ਵਿਰਲੇ ਸੈਸਾਰਾ।
੪. ਪਹਿਲੋਂ ਦੇ ਪਾਖਾਕੁ ਹੋਇ ਪਿਛਹੁ ਜਗੁ ਮੰਗੈ ਪਗ ਛਾਰਾ।
੫. ਗੁਰਮੁਖਿ ਮਾਰਗੁ ਚਲਿਆ ਸਚੁ ਵਣਜੁ ਕਰਿ ਪਾਰਿ ਉਤਾਰਾ।
੬. ਕੀਮਤਿ ਕੋਇ ਨ ਜਾਣਈ ਆਖਣਿ ਸੁਣਨਿ ਨ ਲਿਖਣਿਹਾਰਾ।
੭. ਸਾਧ ਸੰਗਤਿ ਗੁਰ ਸਬਦੁ ਪਿਆਰਾ ॥੨੦॥

**ਪਦਾਰਥ**-(ਸਤਿਗੁਰ=ਗੁਰ ਨਾਨਕ

**ਅਰਥ**-੧.(ਜਦ) ਸਤਿਗੁਰੂ (ਨਾਨਕ) ਨੇ ਅਵਤਾਰ ਧਾਰਨ ਕੀਤਾ (ਤਦੋਂ) 'ਗੁਰਮੁਖ' (ਗੁਰੂ ਅੰਗਦ) ਨੇ ਸਬਦ ਰੂਪੀ ਸੁਖ ਫਲ ਦਾ ਵਿਚਾਰ (ਅੱਭਯਾਸ) ਕੀਤਾ। ੨.ਇਕ ਫਲ (ਦੀ ਕੀ ਵਟੀਂਦੀ ਹੈ) ਹਜ਼ਾਰਾਂ ਫਲ ਹੋ ਗਏ, (ਕਿਉਂ ਜੋ) ਗੁਰਸਿਖਾਂ ਦੀ ਸਾਧ ਸੰਗਤ ਵਿਖੇ ਓਅੰਕਾਰ (ਦਾ ਨਿਵਾਸ ਹੈ ਅਰ ਓਅੰਕਾਰ ਹੀ ਸ੍ਰਿਸ਼ਟੀ ਦੇ ਮੂਲ ਕਾਰਣ ਵਾਹਿਗੁਰੂ ਦਾ ਵਾਚਕ ਹੈ "**ਓਅੰਕਾਰਿ ਸੈਲ ਜੁਗ ਭਏ**") (ਰਾਮ: ਮ:੧ ਦਖ:ਓ:-੧)। ੩.(ਜਿਨ੍ਹਾਂ ਨੇ ਗੁਰੂ ਨਾਨਕ ਦਾ) ਦਰਸ਼ਨ ਜਾਂ ਨਾਮ ਸ੍ਰਵਣ ਅਥਵਾ ਮੰਨਣ ਹੀ ਕੀਤਾ ਹੈ, (ਪਰ, "**ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾਪਿਰੀ॥**") (ਮਾਰੂ: ਵਾਰ-੧੬) ਓਹ ਸੰਸਾਰ ਵਿਖੇ ਵਿਰਲੇ ਸਨਮੁਖ ਹਨ (ਭਾਵ "**ਤੇਰਾ ਜਨ ਏਕੁ ਆਧੁ ਕੋਈ**")। (ਕੇਦਾ: ਕਬੀ-੧) ੪.ਪਹਿਲੋਂ (ਜੋ ਗੁਰੂ ਦੇ) ਪੈਰਾਂ ਦੀ ਚਰਣ ਧੂੜ ਹੁੰਦਾ ਹੈ ਫੇਰ ਸਾਰਾ ਜਗਤ (ਉਸ ਦੇ) ਚਰਣਾਂ ਦੀ ਧੂੜ ਨੂੰ (ਸਿਰ ਪੁਰ ਰੱਖਕੇ ਆਦਰ) ਕਰਦਾ ਹੈ।

੫.ਗੁਰਮੁਖਾਂ ਦੇ ਰਸਤੇ ਚੱਲਨ ਵਾਲਿਆਂ ਦਾ ਸੱਚੇ ਵਣਜ ਕਰਕੇ ਪਾਰ ਉਤਾਰਾ ਹੁੰਦਾ ਹੈ। ੬.(ਉਸ ਦੇ ਫਲ ਦੀ) ਕੀਮਤ ਕੋਈ ਨਹੀਂ ਜਾਣਦਾ (ਕਿਉਂ ਜੋ) ਆਖਣ, ਸੁਣਨ ਅਤੇ ਲਿਖਣਹਾਰਾ ਕੋਈ ਨਹੀਂ (ਭਾਵ ਆਖਦਿਆਂ, ਸੁਣਦਿਆਂ, ਲਿਖਦਿਆਂ ਤੋਟ ਨਹੀਂ ਆਉਂਦੀ ਇਸ ਲਈ ਕਿ ਬੇਅੰਤ ਹੈ)। ੭.ਸਾਧ ਸੰਗਤ ਵਿਚ ਹੀ ਗੁਰੂ ਦੇ ਸ਼ਬਦ ਨਾਲ ਪਿਆਰ (ਆਉਂਦਾ) ਹੈ।

**ਭਾਵ**-ਕੋਈ ਸ਼੍ਰੋਤਾ ਹੋਵੇ ਜਾਂ ਵਕਤਾ, ਯਦਿ ਵਕਤਾ ਹੋਵੇ ਤਾਂ ਸ਼੍ਰੋਤਾ ਹੋ ਜਾਂਦੇ ਹਨ, ਭਾਵ ਅੱਠੇ ਪਹਿਰ ਗੁਰੂ ਦੇ ਸ਼ਬਦ ਦਾ ਆਹਰ ਰਹਿੰਦਾ ਹੈ।

## ੨੧. (ਗੁਰ ਚੇਲੇ ਦਾ ਮੇਲ)।

੧. ਸਾਧ ਸੰਗਤਿ ਗੁਰਸਬਦ ਲਿਵ ਗੁਰਮੁਖਿ ਸੁਖ ਫਲੁ ਪਿਰਮ ਚਖਾਇਆ।
੨. ਸਭ ਨਿਧਾਨ ਕੁਰਬਾਨ ਕਰਿ ਸਭੇ ਫਲ ਬਲਿਹਾਰ ਕਰਾਇਆ।
੩. ਤ੍ਰਿਸਨਾ ਜਲਣਿ ਬੁਝਾਈਆਂ ਸਾਂਤਿ ਸਹਜ ਸੰਤੋਖੁ ਦਿੜਾਇਆ।
੪. ਸਭੇ ਆਸਾ ਪੂਰੀਆ ਆਸਾ ਵਿਚਿ ਨਿਰਾਸੁ ਵਲਾਇਆ।
੫. ਮਨਸਾ ਮਨਹਿ ਸਮਾਇਲੈ ਮਨ ਕਾਮਨ ਨਿਹਕਾਮ ਨ ਧਾਇਆ।
੬. ਕਰਮ ਕਾਲ ਜਮਜਾਲ ਕਟਿ ਕਰਮ ਕਰੇ ਨਿਹਕਰਮ ਰਹਾਇਆ।
੭. ਗੁਰ ਉਪਦੇਸੁ ਆਵੇਸੁ ਕਰਿ ਪੈਰੀ ਪੈ ਜਗੁ ਪੈਰੀ ਪਾਇਆ।
੮. ਗੁਰ ਚੇਲੇ ਪਰਚਾ ਪਰਚਾਇਆ ॥੨੧॥੨੯॥

**ਪਦਾਰਥ**-(ਲਿਵ=ਤਾਰ, ਧਯਾਨ, ਨਾਮ ਤੇ ਖਿੱਚ ਚਖਾਇਆ=ਚਖਿਆ, ਮਾਣਿਆ।
(ਜਲਨਿ=ਸੜਨੀ। ਵਲਾਇਆ=ਸਮਾ ਬਿਤਾਉਣਾਂ। ਪਰਚਾਇਆ=ਪਰਚ ਗਿਆ।

**ਅਰਥ**-੧.ਸਾਧ ਸੰਗਤ ਵਿਚ ਗੁਰੂ ਦੇ ਸ਼ਬਦ ਵਿਖੇ 'ਲਿਵ' ਲਾਕੇ ਗੁਰਮੁਖਾਂ ਨੇ ਪ੍ਰੇਮ ਰੂਪ ਸੁਖ ਫਲ ਨੂੰ ਚੱਖਿਆ(ਮਾਣਿਆ) ਹੈ। (ਇਸਦੀ ਮਸਤੀ ਵਿਚ ਉਹਨਾਂ ਨੇ ਕੀ ਕੀਤਾ?) ੨.ਸਾਰੀਆਂ ਨਿਧਾਂ ਕੁਰਬਾਨ ਕਰ ਦਿੱਤੀਆਂ (ਅਰ) ਸਾਰੇ ਫਲ ਬਲਿਹਾਰ ਕਰ ਛੱਡੇ ਹਨ (ਭਾਵ ਕੁਝ ਲੋੜ ਨਹੀਂ ਰੱਖੀ, ਨਿਸ਼ਕਾਮ ਨਿਰੋਲ ਪਿਆਰ ਕੀਤਾ ਹੈ)। ੩.ਤ੍ਰਿਸ਼ਨਾ ਦੀ ਜਲਨ ਬੁਝਾ ਦਿੱਤੀ ਹੈ, ਸ਼ਾਤਿ, ਸੰਤੋਖ ਅਰ ਗਿਆਨ ਨੂੰ ਦ੍ਰਿੜ੍ਹ ਕੀਤਾ ਹੈ। ੪.ਆਸਾ ਸਾਰੀਆਂ ਪੂਰਣ ਹੋ ਗਈਆਂ ਹਨ, ਕਿਉਂ ਜੋ ਅਸਾਂ ਦੇ ਵਿਚ ਰਹਿਕੇ ਹੀ ਨਿਰਾਸ ਹੋਕੇ ਸਮਾਂ ਬਿਤਾਉਂਦੇ ਹਨ। ੫.ਮਨ ਦੀ ਮਨਸਾ ਨੂੰ ਮਨ ਵਿਚ ਹੀ ਲੀਨ ਕਰ ਦਿੰਦੇ ਹਨ (ਭਾਵ ਦੋਖ ਦ੍ਰਿਸ਼ਟੀ ਕਰਕੇ ਉਦਿੱਤ ਨਹੀਂ ਹੋਣ ਦਿੰਦੇ ਇਸੇ ਲਈ) ਮਨ ਦੀਆਂ ਕਾਮਨਾਂ ਚੋਂ ਨਿਰਿੱਛਤ ਹੋਕੇ (ਪਾਦਾਰਥਾਂ ਵਲ) ਨਹੀਂ ਦੌੜਦੇ, (ਫਲ ਕੀ ਹੁੰਦਾ ਹੈ?) ੬.ਕਰਮ, ਸਮੇਂ ਅਤੇ ਜਮ ਦਾ ਬੰਧਨ ਕੱਟਕੇ ਕਰਮ ਕਰਦੇ ਹੋਏ ਨਿਹਕਰਮੀ ਰਹਿੰਦੇ ਹਨ। (**"ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ॥"** ਤਥਾ:-**"ਸਹਜ ਸੁਭਾਇ ਹੋਵੈ ਸੋ ਹੋਇ॥ਕਰਣੈਹਾਰੁ ਪਛਾਣੈ ਸੋਇ॥"**) (ਸੁਖਮਨੀ) ੭.ਗੁਰੂ ਦੇ ਉਪਦੇਸ਼ ਵਿਖੇ ('ਅਵੇਸ') ਪ੍ਰਵੇਸ਼ ਕਰਕੇ (ਗੁਰੂ ਦੀ) ਪੈਰੀਂ ਪੈਕੇ ਸੰਸਾਰ ਨੂੰ (ਵਾਹਿਗੁਰੂ ਦੀ) ਪੈਰੀਂ ਪਾਯਾ ਹੈ (ਭਾਵ ਆਪ ਪੂਰਨ ਹੋਕੇ ਸੰਸਾਰ ਨੂੰ ਤਾਰਿਆ ਹੈ **"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ। ਗੁਰ ਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ"**)(ਆਸਾ: ਵਾਰ:ਮ:੧) ੮.ਗੁਰੂ ਅਤੇ ਚੇਲੇ ਨੇ ਪ੍ਰੇਮ ਦਾ ਪਰਚਾ ਪਰਚਾਇਆ (ਭਾਵ ਸਾਰੇ ਜਗਤ ਵਿਖੇ ਪ੍ਰਸਿੱਧ ਹੋ ਗਿਆ ਹੈ। ਗੱਲ ਕੀ ਗੁਰੂ ਨਾਨਕ ਅਰ ਗੁਰੂ ਅੰਗਦ ਜੀ ਗੁਰੂ ਚੇਲਾ ਇਕ ਰੂਪ ਹੋ ਗਏ)।

**ਭਾਵ**-ਗੁਰੂ ਜੀ ਦੀ ਸਿੱਖਯਾ ਵਿਚ ਚੇਲੇ ਦਾ ਲਿਵ ਨਾਲ ਸੁਰਜੀਤ ਹੋਣਾ, ਪਿਰਮ ਰਸ ਵਿਚ ਖੇਡਣਾ ਅਰ ਏਸ ਸੁਖ ਦੇ ਸਾਹਮਣੇ ਆਸਾ, ਫਲ; ਤ੍ਰਿਸ਼ਨਾ ਦਾ ਦੂਰ ਕਰ ਦੇਣਾ ਦੇਸ਼ ਕਾਲ ਨਮਿੱਤ

ਵਸਤੂ ਆਦਿ ਬੰਧਨਾਂ ਤੋਂ ਪਾਰ ਹੋਕੇ ਰਸ ਵਿਚ ਸਮਾ ਜਾਣਾ ਦੱਸਿਆ ਹੈ, ਪਰ ਧੁਨੀ ਵਿਚ ਗੁਰੂ ਅੰਗਦ ਦੇਵ ਜੀ ਦੀ ਕਰਣੀ ਦਾ ਵਰਣਨ ਹੈ।

# ਵਾਰ ੩੦.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾ ਚਰਣ. ਸੱਚ-ਕੂੜ)।

੧. ਸਤਿਗੁਰ ਸਚਾ ਪਾਤਸਾਹੁ ਗੁਰਮੁਖਿ ਸਚਾ ਪੰਥੁ ਸੁਹੇਲਾ।
੨. ਮਨਮੁਖ ਕਰਮ ਕਮਾਂਵਦੇ ਦੁਰਮਤਿ ਦੂਜਾ ਭਾਉ ਦੁਹੇਲਾ।
੩. ਗੁਰਮੁਖਿ ਸੁਖ ਫਲੁ ਸਾਧਸੰਗ ਭਾਇ ਭਗਤਿ ਕਰਿ ਗੁਰਮੁਖਿ ਮੇਲਾ।
੪. ਕੂੜੁ ਕੁਸਤੁ ਅਸਾਧ ਸੰਗੁ ਮਨਮੁਖ ਦੁਖਫਲੁ ਹੈ ਵਿਹੁਵੇਲਾ।
੫. ਗੁਰਮੁਖਿ ਆਪੁ ਗਵਾਵਣਾ ਪੈਰੀ ਪਉਣਾ ਨੇਹੁ ਨਵੇਲਾ।
੬. ਮਨਮੁਖ ਆਪੁ ਗਵਾਵਣਾ ਗੁਰਮਤਿ ਗੁਰ ਤੇ ਉਕੜੁ ਚੇਲਾ।
੭. ਕੂੜੁ ਸਚੁ ਸੀਹ ਬਕਰ ਖੇਲਾ ॥੧॥

**ਪਦਾਰਥ**-(ਸੁਹੇਲਾ=ਸੁਖ ਰੂਪ। ਦੁਹੇਲਾ=ਦੁਖ ਰੂਪ। ਵਿਹੁਵੇਲਾ=ਜਹਿਰ ਦੀ ਫਲੀ। (ਨੇਹੁ ਨਵੇਲਾ=ਨਵਾਂ ਪ੍ਰੇਮ, ਪ੍ਰੇਮ ਦਾ ਵੇਲਾ ਨਹੀਂ। ਉਕੜੁ=ਉਕਣੀ, ਉਪਰਾਮ।

**ਅਰਥ**-੧.ਸਤਿਗੁਰੁ (ਨਾਨਕ) ਸੱਚਾ ਪਾਤਸ਼ਾਹ ਹੈ, (ਜਿਸਨੇ) 'ਗੁਰਮੁਖ' ਸੱਚਾ ਪੰਥ ਸੁਖ ਰੂਪ ਰਚਿਆ ਹੈ, (ਭਾਵ ਆਪ ਸੱਚ ਰੂਪ ਹੈ, ਪੰਥ ਬੀ ਸੱਚਾ ਸੁਖ ਰੂਪ ਹੈ)। ੨.ਮਨਮੁਖ ਕਰਮ ਕਰਦੇ ਹਨ (ਸੱਚੇ ਗੁਰੂ ਨੂੰ ਛੱਡਕੇ) ਓਹ ਦੁਰਮਤਿ ਅਰ ਦੂਜਾ ਭਾਉ ਕਰਕੇ ਦੁਖੀ ਹੁੰਦੇ ਹਨ। ੩.ਗੁਰਮੁਖ ਲੋਕ ਸਾਧ ਸੰਗਤ ਵਿਖੇ ਗੁਰਮੁਖਾਂ ਨਾਲ ਭਾਇ ਭਗਤ (ਪ੍ਰੇਮ ਨਾਲ) ਮੇਲਾ ਕਰਕੇ ਸੁਖ ਫਲ ਪਾਉਂਦੇ ਹਨ (ਭਾਵ ਸਦਾ ਪ੍ਰਸੰਨ ਰਹਿੰਦੇ ਹਨ) ੪.ਮਨਮੁਖ ਕੂੜ ਤੇ ਹਠ ਰੂਪ 'ਅਸਾਧ' ਦੁਸ਼ਟ ਸੰਗਤ ਹੈ, (ਇਸੇ ਕਰਕੇ) ਦੁਖ ਫਲ ਅਤੇ ਜ਼ਹਿਰ ਦੀ ਫਲੀ ਰੂਪ ਹੈ। ੫.ਗੁਰਮੁਖ ਆਪਾ ਭਾਵ ਗਵਾਕੇ ਪੈਰੀਂ ਪੌਣਾ ਕਰਦੇ ਹਨ, ਇਸੇ ਕਰਕੇ ਪ੍ਰੇਮ ਦਿਨੋ ਦਿਨ ਨਵੇਲਾ (ਨਵਾਂ) ਹੁੰਦਾ ਹੈ (ਅਥਵਾ ਪ੍ਰੇਮ ਦਾ ਇਕ ਵੇਲਾ ਨਹੀਂ ਭਾਵ ਅੱਠੇ ਪਹਿਰ ਪ੍ਰੇਮ ਬਣਿਆ ਰਹਿੰਦਾ ਹੈ)। ੬.ਮਨਮੁਖ ਆਪਣਾ (ਜਨਮ) ਗਵਾ ਦਿੰਦਾ ਹੈ, ਕਿਉਂ ਜੋ ਗੁਰੂ ਦੀ ਸਿੱਖਜਾ ਥੋਂ ('ਉਕੜ') ਓਂਕਣ ਵਾਲਾ (ਜਾਂ ਉਪਰਾਮੀ) ਚੇਲਾ ਹੈ, (ਛੇਕੜਲੀ ਤੁਕ ਵਿਖੇ ਸਿੱਟਾ ਦੱਸਦੇ ਹਨ)। ੭.ਝੂਠ ਤੇ ਸੱਚ ਦਾ ਸ਼ੇਰ ਅਤੇ ਬੱਕਰੇ ਵਾਲਾ ਖੇਲ ਹੈ (ਸੱਚ ਅਗੇ ਝੂਠ ਲੋਪ ਹੋ ਜਾਂਦਾ ਹੈ)।

ਅਗਲੀ ਪੌੜੀ ਵਿਖੇ ਇਸੇ ਦ੍ਰਿਸ਼ਟਾਂਤ ਨਾਲ ਸਿੱਧ ਕਰਦੇ ਹਨ।

## ੨. (ਗੁਰਮੁਖ ਮਨਮੁਖ, ਸੱਚ ਕੂੜ)।

੧. ਗੁਰਮੁਖਿ ਸੁਖ ਫਲੁ ਸਚੁ ਹੈ ਮਨਮੁਖ ਦੁਖ ਫਲੁ ਕੂੜੁ ਕੂੜਾਵਾ।
੨. ਗੁਰਮੁਖਿ ਸਚੁ ਸੰਤੋਖੁ ਰੁਖੁ ਦੁਰਮਤਿ ਦੂਜਾ ਭਾਉ ਪਛਾਵਾ।
੩. ਗੁਰਮੁਖਿ ਸਚੁ ਅਡੋਲੁ ਹੈ ਮਨਮੁਖ ਫੇਰਿ ਫਿਰੰਦੀ ਛਾਵਾਂ।
੪. ਗੁਰਮੁਖਿ ਕੋਇਲ ਅੰਬ ਵਣ ਮਨਮੁਖ ਵਣਿ ਵਣਿ ਹੰਢਨਿ ਕਾਂਵਾਂ।
੫. ਸਾਧ ਸੰਗਤਿ ਸਚੁ ਬਾਗ ਹੈ ਸਬਦ ਸੁਰਤਿ ਗੁਰਮੰਤੁ ਸਚਾਵਾਂ।
੬. ਵਿਹੁ ਵਣੁ ਵਲਿ ਅਸਾਧ ਸੰਗਿ ਬਹੁਤੁ ਸਿਆਣਪ ਨਿਗੋਸਾਵਾਂ।
੭. ਜਿਉ ਕਰਿ ਵੇਸੁਆ ਵੰਸੁ ਨਿਨਾਵਾਂ ॥੨॥

**ਪਦਾਰਥ**-(ਕੂੜਾਵਾ=ਝੂਠ ਮੂਠ। ਰੁਖੁ=ਬ੍ਰਿਛ। ਪਛਾਵਾ=ਪਰਛਾਵਾਂ।
(ਫੇਰਿ ਫਿਰੰਦੀ ਛਾਵਾਂ=ਉਡਦੇ ਪੰਛੀ ਦੀ ਛਾਂ। ਅਥਵਾ ਪ੍ਰਭਾਤ ਦੀ ਛਾਂ।
(ਅਸਾਧ ਸੰਗਿ=ਖੋਟੀ ਸੰਗਤ। ਨਿਗੋਸਾਵਾਂ=ਨਿਗੁਰਾ।

**ਅਰਥ**-੧.ਗੁਰਮੁਖ ਸਚੀ ਮੁਚੀ ਸੁਖਾਂ ਦਾ ਫਲ ਰੂਪ ਹੈ ਅਰ ਮਨਮੁਖ ਦੁਖ ਦਾ ਫਲ ਰੂਪ ਹੈ, (ਅਰ 'ਕੂੜ ਕੂੜਾਵਾ') ਝੂਠ ਮੂਠ ਹੈ, (ਅਥਵਾ ਕੂੜ ਕੂੜ ਕੁੱਕੜੀ ਵਾਂਗੂੰ ਕਰਦਾ ਰਹਿੰਦਾ ਹੈ)। ੨.ਗੁਰਮੁਖ ਸੱਚ ਅਤੇ ਸੰਤੋਖ ਦਾ ਬ੍ਰਿੱਛ ਹੈ, 'ਦੁਰਮਤਿ' ਮਨਮੁਖ ਦੂਜਾ ਭਾਉ ਵਾਲਾ ਬ੍ਰਿੱਛ ਦੇ ਪਰਛਾਵੇਂ ਵਾਂਗੂੰ ਹੈ, (ਅੱਗੇ ਖੋਲ੍ਹਕੇ ਦੱਸਦੇ ਹਨ) ੩.ਗੁਰਮੁਖ ਨਿਸਚੇ ਸਥਿਰ (ਬ੍ਰਿੱਛ ਵਤ) ਹੈ ਅਰ ਮਨਮੁਖ (ਉਡਦੇ ਪੰਛੀ ਦੀ) ਛਾਂ ਵਾਂਗ (ਅਨਸਥਿਰ) ਹੈ। ੪.ਗੁਰਮੁਖ ਅੰਬ ਦੇ ਬੂਟੇ ਤੇ ਕੋਇਲ ਵਾਂਙ ਹੈ, (ਜੋ ਠੰਢੀ ਛਾਂ ਇਕੋ ਬੂਟੇ ਤੇ ਬੈਠਕੇ ਮਿਸ਼ਟ ਬਚਨ ਬੋਲਦੀ ਹੈ ਅਰ) ਮਨਮੁਖ ਬੂਟੇ ਬੂਟੇ ਕਾਵਾਂ ਵਾਂਗੂੰ ਕਾਂ ਕਾਂ ਕਰਦਾ ਫਿਰਦਾ ਹੈ। ੫.ਸਾਧ ਸੰਗਤ ਸੱਚਾ ਬਾਗ਼ ਹੈ, ਸ਼ਬਦ ਦੀ ਸੁਰਤ ਅਰ ਗੁਰੂ ਦਾ ਮੰਤ੍ਰ ਸੱਚੀ (ਛਾਂ) ਹੈ, ੬.ਖੋਟੀ ਸੰਗਤ ਵਿਹੁ (ਜਹਿਰ) ਦਾ ('ਵਲਿ') ਬੂਟਾ ਹੈ, ਵੱਡੀਆਂ ਸਿਆਣਪਾਂ ਕਰਕੇ ਨਿੱਗੋਸਾਂਵਾਂ ਹੈ। (ਅਰਥਾਤ ਉਸ ਦਾ ਗੁਰੂ ਗੁਸਾਂਈਂ ਕੋਈ ਨਹੀਂ ਹੈ "**ਕਬੀਰ ਨਿਗੁਸਾਏਂ ਬਹਿ ਗਏ ਥਾਂਘੀ ਨਾਂਹੀ ਕੋਇ॥**" (ਸ: ਕਬੀ-੫੧) ਅਰਥਾਤ ਨਿਗੁਰੇ ਜਨਮ ਮਰਨ ਦੇ ਪ੍ਰਵਾਹ ਵਿਖੇ ਰੁੜ੍ਹਦੇ ਹਨ, ਕੋਈ ਠੱਲ੍ਹਣ ਵਾਲਾ ਨਹੀਂ ਹੁੰਦਾ, ਕਿਉਂ ਜੋ ਗੁਰੂ ਮਲਾਹ ਦਾ ਆਸ਼੍ਰਯ ਛੱਡਦੇ ਹਨ)। ੭.(ਉਹ ਲੋਕ ਮਨਮੁਖ) ਵੇਸਵਾ ਦੇ ਪੁਤ੍ਰ ਵਾਂਗ ਨਿਨਾਵੇਂ ਹਨ (ਅਰਥਾਤ ਪਿਤਾ ਦੋ ਕੋਈ ਨਾਮ ਨਹੀਂ । ਸ੍ਰੀ ਗੁਰੂ ਜੀ-"**ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ॥ ਪਿਤਾ ਜਾਤਿ ਤਾ ਹੋਈਐ ਗੁਰ ਤੁਠਾ ਕਰੇ ਪਸਾਉ॥**") (ਸਿਰੀ: ਮ:੪:੨)

ਤੀਜੀ ਪੌੜੀ ਵਿਖੇ ਖੂਣੀ ਖੰਨਣ ਨਯਾਇ ਅਨੁਸਾਰ ਹੋਰ ਪੱਕਾ ਕਰਦੇ ਹਨ।

## ੩. (ਗੁਰਮੁਖ ਮਨਮੁਖ, ਸੱਚ ਕੂੜ)।

੧. ਗੁਰਮੁਖਿ ਹੋਇ ਵੀਆਹੀਐ ਦੁਹੀ ਵਲੀ ਮਿਲਿ ਮੰਗਲ ਚਾਰਾ।
੨. ਦੁਹੁ ਮਿਲਲਿ ਜੰਮੈ ਜਾਣੀਐ ਪਿਤਾ ਜਾਤਿ ਪਰਵਾਰ ਸਧਾਰਾ।
੩. ਜੰਮਦਿਆਂ ਰਣਝੁੰਝਣਾ ਵੰਸਿ ਵਧਾਈ ਰੁਣਝੁਣਕਾਰਾ।
੪. ਨਾਨਕ ਦਾਦਾਕ ਸੋਹਿਲੇ ਵਿਰਤੀਸਰ ਬਹੁ ਦਾਨ ਦਾਤਾਰਾ।
੫. ਬਹੁ ਮਿਤੀ ਹੋਇ ਵੇਸੁਆ ਨਾ ਪਿਉ ਨਾਉ ਨਿਨਾਉ ਪੁਕਾਰਾ।
੬. ਗੁਰਮੁਖਿ ਵੰਸੀ ਪਰਮ ਹੰਸ ਮਨਮੁਖ ਠਗ ਬਗ ਵੰਸ ਹਤਿਆਰਾ।
੭. ਸਚਿ ਸਚਿਆਰ ਕੂੜਹੁ ਕੂੜਿਆਰਾ ॥੩॥

**ਪਦਾਰਥ**-(ਗੁਰਮੁਖਿ=ਯੁਬਾ ਅਵਸਥਾ, ਜਦੋਂ ਸੱਚਾ ਅੰਮ੍ਰਿਤ ਛਕ ਨਾਮ ਪ੍ਰਾਪਤ ਕਰ (ਲੈਂਦਾ ਹੈ ਸੋ ਯੁਬਾ ਅਵਸਥਾ ਹੁੰਦੀ ਹੈ। ਰੁਣਝੁਣਕਾਰਾ=ਆਨੰਦ ਮੰਗਲ। (ਵਿਰਤੀਸਰ=ਲਾਗੀ ਲੋਕ।

**ਅਰਥ**-੧.(ਜਦ ਕੰਨਜਾਂ) ਗੁਰਮੁਖ ਹੁੰਦੀ ਹੈ (ਭਾਵ ਯੁਬਾ ਅਵਸਥਾ ਵਿਖੇ ਸਿਆਣੀ ਹੁੰਦੀ ਹੈ) ਵਿਆਹੀ ਜਾਂਦੀ ਹੈ, ਦੁਹੀਂ ਪਾਸੀਂ (ਧੇਤੇ ਪੁਤੇਤੇ) ਮੰਗਲਾਚਾਰ ਹੁੰਦੇ ਹਨ (ਏਥੇ ਨਵਾਂ ਜਾਂ ਦਸਾਂ ਵਰਿਹਾਂ ਦੀਆਂ ਧੀਆਂ ਦਾ ਵਿਵਾਹ ਭਾਈ ਸਾਹਿਬ ਜੀ ਨੇ ਬੰਦ ਕਰਨ ਲਈ ਗੁਰਮੁਖ ਵਿਸ਼ੇਖਣ ਦਿੱਤਾ ਹੈ, ਅਰਥਾਤ ਪੁੱਤ੍ਰ ਧੀ ਜਦ ਜੁਆਨ ਹੋਣ ਅਰ ਅੰਮ੍ਰਿਤ ਛਕਕੇ ਨਾਮ ਪ੍ਰਾਪਤ ਗੁਰਮੁਖ ਹੋ ਗਏ ਹੋਣ)। ੨.(ਇਸਤ੍ਰੀ ਅਤੇ ਭਰਤਾ) ਦੋਹਾਂ ਦੇ ਮੇਲ ਥੋਂ ਪੁੱਤ੍ਰ ਜੰਮਦਾ ਹੈ, ਪਿਤਾ ਦੀ ਜ਼ਾਤ ਦਾ ('ਸਧਾਰਾ') ਆਸਰਾ (ਵੇਖਕੇ) ਸਾਰਾ ਪਰਵਾਰ (ਅਨੰਦਤਿ ਹੁੰਦਾ ਹੈ)। ੩.ਜੰਮਣ ਵੇਲੇ ਵਾਜੇ ਵਜਾਕੇ ਆਨੰਦ ਵਧਾਈਆਂ ਕਰਦੇ ਵੰਸ ਵਧਣ (ਦੀ ਖੁਸ਼ੀ ਵਿਚ 'ਰੁਣ ਝੁਨਕਾਰਾ' ਰਾਗੀਆਂ ਦੇ) ਸ਼ਬਦ ਕੀਰਤਨ ਹੁੰਦੇ ਹਨ। ੪.ਨਾਨਕੇ ਦਾਦਕੇ (ਘਰ) ਖੁਸ਼ੀਆਂ ਹੁੰਦੀਆਂ ਹਨ। ਲਾਗੀ ਲੋਕ (ਜੋ ਟਹਿਲਾਂ ਕਰਦੇ ਹਨ) ਦਾਨੀਆਂ ਪਾਸੋਂ ਦਾਨ ਪਾਉਂਦੇ ਹਨ। ੫.ਵੇਸਵਾ ਦੇ ਬਾਹਲੇ ਮਿਤ੍ਰ ਹਨ, (ਇਸ ਲਈ ਉਸ ਦੇ ਵਿਆਹ ਪੁਰ ਕੋਈ ਆਨੰਦ ਨਹੀਂ ਕੀਤਾ ਜਾਂਦਾ, ਉਸਦੀ ਸੰਤਾਨ) ਪਿਤਾ ਦੇ ਨਾਉਂ ਥੋਂ ਸੱਖਣੀ ਨਿਨਾਵੀਂ ਹੀ ਰਹਿੰਦੀ ਹੈ। ੬.ਗੁਰਮੁਖਾਂ ਦੀ ਵੰਸ ਪਰਮਹੰਸ ਦੇ ਬਰਾਬਰ ਹੈ, (ਦੁੱਧ ਪਾਣੀ ਅੱਡ ਕਰਦੇ ਹਨ), ਮਨਮੁਖਾਂ ਦੀ ਵੰਸ ਠੱਗਾਂ ਦੀ ਵੰਸ ਵਾਙੂ ਹਤਿਆਰੀ ਬਗਲੇ ਵਾਂਗ (ਮੱਛੀਆਂ ਮਾਰਣ ਵਾਲੀ) ਹੈ। ੭.ਸੱਚ ਥੋਂ ਸਚਿਆਰ ਅਤੇ ਕੂੜ ਥੋਂ ਕੂੜਿਆਰ (ਜਾਪਦਾ ਹੈ, ਗੱਲ ਕੀ ਗੁਰੂ ਘਰ ਦੇ ਪ੍ਰੇਮੀ ਗੁਰਮੁਖ ਪਰਮਹੰਸ ਹਨ, ਜੋ ਕੂੜ ਦੇ ਮਗਰ ਲੱਗ ਟੁਰੇ ਹਨ ਉਹ ਮਨਮੁਖ ਠੱਗ ਵੰਸੀ ਹੋ ਕੇ ਪਾਪ ਬੰਸੀ ਹਨ)।

## ੪. (ਗੁਰਮੁਖ-ਮਨਮੁਖ। ਸੱਚ-ਕੂੜ)।

੧. ਮਾਨ ਸਰੋਵਰੁ ਸਾਧਸੰਗੁ ਮਾਣਕ ਮੋਤੀ ਰਤਨ ਅਮੋਲਾ।
੨. ਗੁਰਮੁਖਿ ਵੰਸੀ ਪਰਮਹੰਸ ਸਬਦ ਸੁਰਤਿ ਗੁਰਮਤਿ ਅਡੋਲਾ।
੩. ਖੀਰਹੁ ਨੀਰ ਨਿਕਾਲਦੇ ਗੁਰਮੁਖਿ ਗਿਆਨੁ ਧਿਆਨੁ ਨਿਰੋਲਾ।
੪. ਗੁਰਮੁਖਿ ਸਚੁ ਸਲਾਹੀਐ ਤੋਲੁ ਨ ਤੋਲਨਹਾਰੁ ਅਤੋਲਾ।
੫. ਮਨਮੁਖਿ ਬਗੁਲ ਸਮਾਧਿ ਹੈ ਘੁਟਿ ਘੁਟਿ ਜੀਆ ਖਾਇ ਅਬੋਲਾ।
੬. ਹੋਇ ਲਖਾਉ ਟਿਕਾਇ ਜਾਇ ਛਪੜਿ ਊਹੁ ਪੜੈ ਮੁਹਚੋਲਾ।
੭. ਸਚੁ ਸਾਊ ਕੂੜੁ ਗਹਿਲਾ ਗੋਲਾ ॥੪॥

**ਪਦਾਰਥ**-(ਗੁਰਮੁਖਿ ਵੰਸੀ=ਗੁਰਮੁਖਾਂ ਦੀ ਸੰਪ੍ਰਦਾ। ਅਬੋਲਾ=ਚੁਪ ਚਾਪ। (ਊਹੁ=ਧਾਕ ਪੈਣੀ, ਡਰ ਪੈ ਜਾਣਾ। ਸਾਊ=ਭਲਾ ਮਾਣਸ, ਸ਼ਾਹੂਕਾਰ। (ਗਹਿਲਾ। ਗੋਲਾ=ਗ੍ਰਸਿਆ ਹੋਇਆ ਝੂਠਾ ਚੇਲਾ ਗ਼ਾਫ਼ਲ ਨੌਕਰ।

**ਅਰਥ**-੧.ਸਾਧ ਸੰਗਤ ਮਾਨਸਰੋਵਰ (ਤੀਰਥ) ਹੈ, ਮਾਣਕ ਮੋਤੀ ਅਤੇ ਰਤਨ ਅਮੋਲਕ ਹਨ (ਭਾਵ ਮੰਨਨ, ਸੁੱਧਤਾਈ, ਵੈਰਾਗਾਦਿ ਗੁਣ ਵਿਦਮਾਨ ਹਨ)। ੨.ਗੁਰਮੁਖਾਂ ਦੀ ਸੰਪ੍ਰਦਾਯ ਉਥੇ ਪਰਮਹੰਸ (ਹੋਕੇ ਨਿਵਾਸ ਰਖਦੀ) ਹੈ, ਸ਼ਬਦ ਦੀ ਸੁਰਤ ਵਿਖੇ ਗੁਰਮਤ ਲੈਕੇ ਅਡੋਲ ਰਹਿੰਦੇ ਹਨ। ੩. ਦੁੱਧ ਥੋਂ ਪਾਣੀ ਕੱਢਦੇ (ਅਰਥਾਤ ਤੱਤ ਮਿਥਯਾ ਦਾ ਵਿਵੇਚਨ ਕਰਦੇ ਹਨ)। ਗੁਰਮੁਖਾਂ ਦਾ ਗਿਆਨ ਧਿਆਨ (ਜਗ ਥੋਂ) ਨਿਰਾਲਾ ਹੈ, (ਈਸ਼੍ਵਰ ਪਰਾਇਣ ਰਹਿੰਦੇ ਹਨ)। ੪.ਗੁਰਮੁਖ ਸੱਚ ਦੀ ਸ਼ਲਾਘਾ ਕਰਦੇ ਹਨ, ਤੋਲਣਹਾਰੇ ਹੋਕੇ ਅਤੋਲ (ਵਾਹਿਗੁਰੂ) ਦੇ ਵਿਚਾਰ ਕਰਨ ਵਿਖੇ (ਤਤਪਰ ਰਹਿੰਦੇ)

ਹਨ। ੫.ਮਨਮੁਖ ਬਗਲ ਸਮਾਧੀ ਮੋਨੀ ਹੋਕੇ ਘੁਟ ਘੁਟ ਕੇ ਜੀਵਾਂ ਨੂੰ ਖਾਂਦੇ ਹਨ। ੬.ਜਿਸ ਛੱਪੜ ਵਿਖੇ ਟਿਕਾਉ ਦਾ ਲਖਾਉ ਹੋਵੇ ਉਥੇ (ਬਗਲੇ ਦੇ) ਮੂੰਹ ਚੋਲ੍ਹਣ ਨਾਲ ਧਾਕ ਪੈ ਜਾਂਦੀ ਹੇ (ਭਾਵ ਮੱਛੀਆਂ ਵਿਖੇ ਵਿਪਦਾ ਅਤੇ ਬਰਬਾਦੀ ਫੈਲਦੀ ਹੈ)। ੭.ਸਚ ਸਾਊ ਹੈ ਤੇ ਕੂੜ ਗ਼ਾਫ਼ਲ ਗ਼ੁਲਾਮ ਹੈ, (ਜਿਸ ਦਾ ਅਧਿਕਾਰ ਸਜ਼ਾ ਹੁੰਦੀ ਹੈ)।

## ੫. (ਗੁਰਮੁਖ-ਮਨਮੁਖ। ਸਚ-ਕੂੜ)।

੧. ਗੁਰਮੁਖ ਸਚੁ ਸੁਲਖਣਾ ਸਭਿ ਸੁਲਖਣ ਸਚੁ ਸੁਹਾਵਾ।
੨. ਮਨਮੁਖ ਕੂੜੁ ਕੁਲਖਣਾ ਸਭ ਕੁਲਖਣ ਕੂੜੁ ਕੁਦਾਵਾ।
੩. ਸਚੁ ਸੁਇਨਾ ਕੂੜੁ ਕਚੁ ਹੈ ਕਚ ਨ ਕੰਚਨ ਮੁਲਿ ਮੁਲਾਵਾ।
੪. ਸਚੁ ਭਾਰਾ ਕੂੜੁ ਹਉਲੜਾ ਪਵੈ ਨ ਰਤਕ ਰਤਨ ਭੁਲਾਵਾ।
੫. ਸਚ ਹੀਰਾ ਕੂੜੁ ਫਟਕੁ ਹੈ ਜੜੈ ਜੜਾਵ ਨ ਜੁੜੈ ਜੁੜਾਵਾ।
੬. ਸਚੁ ਦਾਤਾ ਕੂੜੁ ਮੰਗਤਾ ਦਿਹੁਰਾਤੀ ਚੋਰ ਸਾਹ ਮਿਲਾਵਾ।
੭. ਸਚੁ ਸਾਬਤੁ ਕੂੜਿ ਫਿਰਦਾ ਫਾਵਾ ॥੫॥

**ਪਦਾਰਥ**-(ਸੁਲਖਣਾਂ=ਸ੍ਰੇਸ਼ਟ ਲੱਖਣਾਂ ਵਾਲਾ। ਕੁਲਖਣਾ=ਖੋਟੇ ਲੱਖਣਾ ਵਾਲਾ।
(ਕੁਦਾਵਾ=ਖੋਟੇ ਦਾਉ ਵਾਲਾ। ਕੰਚਨ=ਸੋਨਾ। ਮੁਲਾਵਾ=ਮੇਲ।
(ਫਟਕੁ=ਕੱਚ, ਬਿਲੌਰ। ਫਾਵਾ=ਦੁਖੀ, ਥੱਕਣਾ।

**ਅਰਥ**-੧.ਗੁਰਮੁਖ ਸੱਚ ਦਾ ਰੂਪ ਤੇ ਸ੍ਰੇਸ਼ਟ ਲੱਖਣਾਂ ਵਾਲਾ ਹੈ(ਉਸ ਵਿਚ) ਸਾਰੇ ਸੁਲੱਖਣ ਸੱਚੇ ਤੇ ਸੁਭਾਇਮਾਨ ਹਨ। ੨.ਮਨਮੁਖ ਕੂੜ ਦਾ ਰੂਪ ਤੇ ਖੋਟੇ ਲੱਖਣਾਂ ਵਾਲਾ ਹੈ। (ਉਸ ਦੇ) ਸਾਰੇ ਕੁਲੱਖਣ ਝੂਠੇ ਤੇ ਖੋਟੇ ਦਾਵਾਂ ਵਾਲੇ ਹਨ (ਹੁਣ ਤੀਜੀ ਤੁਕੋਂ ਲੈਕੇ ਸੱਤਵੀਂ ਤੀਕ ਸੱਚ, ਤੇ ਕੂੜ ਦਾ ਭੇਦ ਦੱਸਦੇ ਹਨ)। ੩.ਸੱਚ ਸੋਨਾ ਤੇ ਕੂੜ ਕੱਚ ਦਾ ਰੂਪ ਹੈ, ਕਚ ਤੇ ਸੋਨੇ ਦੇ ਮੁੱਲ ਦਾ ਮੇਲ ਨਹੀਂ ਹੁੰਦਾ (ਕਿਉਂ ਜੋ) ੪.ਸੱਚ ਭਾਰਾ ਤੇ ਕੂੜ ਹਲਕਾ ਹੁੰਦਾ ਹੈ, ਰਤਨ ਦੇ ਭੁਲਾਵੇ ('ਰੱਤਕ') ਲਾਲੜੀ ਨਹੀਂ ਪੈ ਸਕਦੀ। ੫.ਸਚ ਹੀਰਾ ਤੇ ਕੂੜ ਬਿਲੌਰ ਹੈ, (ਇਨ੍ਹਾਂ ਦਾ ਆਪੋ ਵਿਚ) ਜੜਾਉ ਨਹੀਂ ਜੜੀਂਦਾ, (ਕਿਉਂ ਜੋ) ਜੋੜ ਨਹੀਂ ਜੁੜ ਸਕਦਾ। ੬.ਸੱਚ ਦਾਤਾ ਕੂੜ ਭਿਖਾਰੀ ਹੈ, ਦਿਨ ਰਾਤ ਤੇ ਚੋਰ ਸ਼ਾਹ ਦਾ ਮੇਲ ਹੈ (ਅਰਥਾਤ ਰਾਤ ਤੇ ਚੋਰ ਵਾਙ ਕੂੜੇ, ਦਿਨ ਤੇ ਸ਼ਾਹ ਰੂਪ ਸੱਚੇ ਪੁਰਖ ਹਨ ਕਿਉਂ ਜੋ) ੭.ਸੱਚ ਸਾਬਤ ਹੈ (ਅਰਥਾਤ ਟਿਕਾਉ ਤੇ ਸਥਿਰ ਰਹਿਣ ਵਾਲਾ ਹੈ ਅਰ) ਕੂੜ (ਛਿੱਥਾ ਜਾਂ) ਥੱਕਾ ਫਿਰਦਾ ਹੈ।

**ਭਾਵ**-ਸੱਚ ਟਿਕਦਾ ਸੁਖ ਦੇਂਦਾ ਦਾਤਾ ਪਦ ਵਿਚ ਉਚਾ ਰਖਦਾ ਹੈ, ਤੇ ਕੂੜ ਛਿੱਥਿਆਂ ਤੇ ਫਾਹਵਿਆਂ ਕਰਕੇ ਸੁਰਤ ਮਾਰ ਦੇਂਦਾ ਤੇ ਭਟਕਾਉਂਦਾ ਹੈ।

## ੬. (ਸਚ ਅਤੇ ਕੂੜ)।

੧. ਗੁਰਮੁਖਿ ਸਚੁ ਸੁਰੰਗੁ ਹੈ ਮੂਲ ਮਜੀਠ ਨ ਟਲੈ ਟਲੰਦਾ।
੨. ਮਨਮੁਖੁ, ਕੂੜੁ ਕੁਰੰਗ ਹੈ ਫੁਲ ਕੁਸੁੰਭੇ ਥਿਰ ਨ ਰਹੁੰਦਾ।
੩. ਥੋਮ, ਕਥੂਰੀ, ਵਾਸੁ ਲੈ ਨਕੁ ਮਰੋੜੈ, ਮਨਿ ਭਾਵੰਦਾ।
੪. ਕੂੜ ਸਚੁ ਅਕ ਅੰਬ ਫਲ ਕਉੜਾ ਮਿਠਾ ਸਾਉ ਲਹੰਦਾ।
੫. ਸਾਹ ਚੋਰ ਸਚ ਕੂੜੁ ਹੈ ਸਾਹੁ ਸਵੈ ਚੋਰੁ ਫਿਰੈ ਭਵੰਦਾ।
੬. ਸਾਹ ਫੜੇ ਉਠਿ ਚੋਰ ਨੋ ਤਿਸ ਨੁਕਸਾਨੁ ਦੀਬਾਣ ਕਰੰਦਾ।

੮. ਸਚੁ ਕੂੜੈ ਲੈ ਨਿਹਣਿ ਬਹੰਦਾ ॥੬॥

**ਪਦਾਰਥ**-(ਸੁਰੰਗ=ਲਾਲ ਰੰਗ। ਕੁਰੰਗ=ਖੋਟਾ ਰੰਗ। ਕਥੂਰੀ=ਕਸਤੂਰੀ।
(ਸਾਉ=ਸੁਆਦ। ਦੀਬਾਣ=ਕਚਹਿਰੀ। ਨਿਹਣਿ=ਕੈਦ ਕਰਨਾ।

**ਅਰਥ**-੧.ਗੁਰਮੁਖ ਸੱਚੇ ਲਾਲ ਰੰਗ ਵਾਲਾ ਹੈ, (ਜਿੱਕੁਰ) ਮਜੀਠ ਦਾ ਰੰਗ ਮੂਲੋਂ ਟਾਲਿਆ ਹੋਇਆ ਟਲਦਾ ਨਹੀ (ਭਾਵ ਧੋਤਿਆਂ ਉਤਰਦਾ ਨਹੀਂ)। ੨.ਮਨਮੁਖ ਝੂਠਾ ਖੋਟੇ ਰੰਗ ਵਾਲਾ ਹੈ, (ਜਿੱਕਰੁ) ਕਸੁੰਭੇ ਦੇ ਫੁੱਲ (ਦਾ ਰੰਗ) ਸਥਿਰ ਨਹੀਂ ਰਹਿੰਦਾ। ੩.ਥੋਮ ਦੀ ਵਾਸ਼ਨਾ ਥੋਂ ਨੱਕ ਮਰੋੜੀਦਾ ਹੈ ਅਰ ਕਸਤੂਰੀ ਮਨ ਨੂੰ ਭਾਉਂਦੀ ਹੈ। ੪.ਕੂੜ ਅੱਕ ਫਲ ਤੇ ਸੱਚ ਅੰਬ ਫਲ ਹੈ, (ਅੱਕ) ਕੌੜਾ ਤੇ (ਅੰਬ) ਦਾ ਸਵਾਦ ਮਿੱਠਾ ਹੈ। ੫.ਸੱਚ ਸ਼ਾਹ ਦਾ ਰੂਪ ਤੇ ਕੂੜ ਚੋਰ ਰੂਪ ਹੈ, ਸ਼ਾਹ (ਰਾਤ ਨੂੰ) ਸੌਂ ਰਹਿੰਦਾ ਹੈ, ਚੋਰ (ਰਾਤ) ਭੌਂਦਾ ਫਿਰਦਾ ਹੈ। ੬.ਸ਼ਾਹ ਉਠਕੇ ਚੋਰ ਨੂੰ ਫੜ ਲੈਂਦਾ ਹੈ ਅਰ ਉਸ ਦਾ ਨੁਕਸਾਨ ਕਚਹਿਰੀ ਵਿਖੇ ਕਰਦਾ ਹੈ (ਹਾਕਮ ਥੋਂ ਚੱਟੀ ਭਰਾਉਂਦਾ ਹੈ)। ੭.ਸੱਚ ਕੂੜੇ ਨੂੰ ਕੈਦੀ ਕਰਕੇ (ਕੈਦ ਵਿਖੇ) ਬਿਠਾ ਰੱਖਦਾ ਹੈ।

## ੭. (ਸਚ ਤੇ ਕੂੜ)।

੧. ਸਚੁ ਸੋਹੈ ਸਿਰ ਪਗ ਜਿਉ ਕੋਝਾ ਕੂੜ ਕੁਥਾਇ ਕਛੋਟਾ।
੨. ਸਚੁ ਸਤਾਣਾ ਸਾਰਦੂਲੁ ਕੂੜੁ ਜਿਵੈ ਹੀਣਾ ਹਰਿਣੋਟਾ।
੩. ਲਾਹਾ ਸਚੁ ਵਣੰਜੀਐ ਕੂੜ ਕਿ ਵਣਜਹੁ ਆਵੈ ਤੋਟਾ
੪. ਸਚੁ ਖਰਾ ਸਾਬਾਸਿ ਹੈ ਕੂੜੁ ਨ ਚਲੈ ਦਮੜਾ ਖੋਟਾ।
੫. ਤਾਰੇ ਲਖ ਅਮਾਵਸੈ ਘੇਰਿ ਅਨੇਰਿ ਚਨਾਇਣੁ ਹੋਟਾ।
੬. ਸੂਰਜ ਇਕ ਚੜੰਦਿਆ ਹੋਇ ਅਠਖੰਡ ਪਵੈ ਫਲਫੋਟਾ।
੭. ਕੂੜੁ ਸਚੁ ਜਿਉ ਵਟੁ ਘੜੋਟਾ ॥੭॥

**ਪਦਾਰਥ**-(ਕੋਝਾ=ਕੁਰੂਪ। ਕਛੋਟਾ=ਲੰਗੋਟਾ। ਸਤਾਣਾ=ਤਾਣ ਵਾਲਾ, ਬਲੀ।
(ਹੀਣਾ ਹਰਿਣੋਟਾ=ਨਿਰਬਲ ਹਰਨ ਦਾ ਬੱਚਾ। ਦਮੜਾ ਖੋਟਾ=ਖੋਟਾ ਰੁਪੱਯਾ।
(ਫਲਫੋਟਾ=ਫੁੱਟ ਪੈਂਦਾ ਹੈ।

**ਅਰਥ**- ੧.ਸੱਚ ਸਿਰ ਦੀ ਪੱਗ ਤਰ੍ਹਾਂ (ਉਚਾ) ਸੋਭਦਾ ਹੈ, ਕੂੜ ਕੋਝੇ ਲੰਗੋਟੇ ਵਾਂਙ ਅਪਵਿੱਤ੍ਰ ਜਗਾ (ਜਾ ਲਗਦਾ ਹੈ)। ੨.ਸੱਚ ਬਲੀ ਸ਼ੇਰ ਵਾਂਙੂ ਤੇ ਝੂਠ ਨਿਰਬਲ ਹਰਨ ਦੇ ਬੱਚੇ ਵਾਂਙੂ ਹੈ (ਭਾਵ ਸੱਚ ਦੇ ਅੱਗੇ ਝੂਠ ਦੀ ਵਾਹ ਨਹੀਂ ਵਟੀਂਦੀ)। ੩.ਸੱਚ ਲਾਹੇ ਦਾ ਵਣਜ ਹੈ, ਕੂੜ ਦੇ ਵਣਜ ਥੋਂ ਤੋਟਾ ਹੀ ਆਉਂਦਾ ਹੈ। ੪.ਸੱਚ ਖਰਾ ਹੈ, ਹਰ ਕੋਈ ਸ਼ਾਬਾਸ਼ ਕਹਿੰਦਾ ਹੈ, ਕੂੜ ਖੋਟੇ ਰੁਪਏ ਵਾਂਙੂ (ਬਾਜ਼ਾਰ) ਨਹੀਂ ਚੱਲਦਾ । ੫.ਲੱਖਾਂ ਤਾਰੇ ਅਮਾਵਸ ਦੀ ਰਾਤ ਨੂੰ ਹੁੰਦੇ ਹਨ ਹਨੇਰੇ ਦੇ ਘੇਰ ਵਿਚ ('ਚਾਨਾਇਣ ਹੋਟਾ') ਚਾਨਣ ਹਟਿਆ (ਜਾਂ ਢੱਕਿਆ) ਰਹਿੰਦਾ ਹੈ। ੬.(ਪਰੰਤੂ) ਇਕ ਸੂਰਜ ਦੇ ਚੜ੍ਹਨ ਨਾਲ ਅੱਠ ਖੰਡ ਹੋਕੇ ਅਰਥਾਤ ਅੱਠ ਟੁਕੜੇ ਹੋਕੇ ('ਫਲ ਫੋਟਾ') ਫੁਟ ਪੈਂਦਾ ਹੈ (ਭਾਵ ਛਿਪ ਜਾਂਦਾ ਹੈ, ਕਿਉਂ ਜੋ) ਕੂੜ ਤੇ ਸੱਚ ਦਾ (ਵੱਟ ਘੜੋਟਾ)' ਘੜੇ ਵੱਟੇ ਵਾਲਾ ਵੈਰ ਹੈ।

## ੮. (ਸੱਚ ਅਤੇ ਕੂੜ)।

੧. ਸੁਹਣੇ ਸਾਮਰਤਖ ਜਿਉ ਕੂੜੁ ਸਚੁ ਵਰਤੈ ਵਰਤਾਰਾ।
੨. ਹਰਿ ਚੰਦਉਰੀ ਨਗਰ ਵਾਂਗੁ ਕੂੜੁ ਸਚੁ ਪਰਗਟੁ ਪਾਹਾਰਾ।
੩. ਨਦੀ ਪਛਾਵਾਂ ਮਾਣਸਾ ਸਿਰ ਤਲਵਾਇਆ ਅੰਬਰ ਤਾਰਾ।

੪. ਧੂਅਰੁ ਧੁੰਧੂਕਾਰ ਹੋਇ ਤੁਲ ਨ ਘਣਹਰਿ ਵਰਸਣ ਹਾਰਾ।
੫. ਸਾਉ ਨ ਸਿਮਰਣਿ ਸੰਕਰੈ ਦੀਪਕ ਬਾਝੁ ਨ ਮਿਟੈ ਅੰਧਾਰਾ।
੬. ਲੜੈ ਨ ਕਾਗਲਿ ਲਿਖਿਆ ਚਿਤੁ ਚਿਤੇਰੇ ਸੈ ਹਥੀਆਰਾ।
੭. ਸਚੁ ਕੂੜੁ ਕਰਤੂਤਿ ਵੀਚਾਰਾ॥੮॥

**ਪਦਾਰਥ**-(ਸੁਹਣੇ=ਸੁਪਨੇ ਵਿਖੇ। ਵਰਤਾਰਾ=ਖੇਲ। ਪਾਹਾਰਾ=ਪਹਾੜ। ਧੂਅਰੁ=ਧੂੰਏ ਵਾਲਾ (ਹਨੇਰਾ। ਘਣਹਰਿ=ਬੱਦਲ। ਸ਼ੰਕਰੈ=ਸ਼ੱਕਰ ਦੇ। ਚਿਤੁ ਚਿਤੇਰੇ=ਚਿਤ੍ਰ ਹੋਏ ਚਿਤੇਰੇ ਦੇ।

**ਅਰਥ**- ੧.ਕੂੜ ਅਤੇ ਸੱਚ ਦਾ ਵਰਤਾਰਾ ਸੁਪਨੇ ਅਤੇ ਪ੍ਰਤੱਖ ਵਾਂਗੂੰ ਵਰਤਦਾ ਹੈ (ਅਰਥਾਤ ਕੂੜ ਸਪਨਾ ਤੇ ਸੱਚ ਪ੍ਰਤੱਖ ਹੀ ਖੇਲ ਹੈ)। ੨.ਕੂੜ ਗੰਧਰਬ ਨਗਰੀ ਹੈ ਅਰ ਸੱਚ ਪ੍ਰਗਟ ਪਹਾੜ ਵਾਂਙੂ ਹੈ। ੩.ਮਨੁੱਖਾਂ ਨੂੰ ਨਦੀ ਵਿਖੇ ਅਕਾਸ਼ ਦੇ ਸਿਰ ਤਲਵਾਏ ਤਾਰੇ (ਦਾ ਪ੍ਰਤੀਬਿੰਬ ਅਸਲ ਤਾਰੇ ਦੇ ਤੁੱਲ ਨਹੀਂ ਹੋ ਸਕਦਾ)। ੪.ਧੂੰਏ ਵਿਚ (ਨਿਰਾ) ਹਨੇਰਾ ਹੁੰਦਾ ਹੈ (ਝੂਠ ਨਿਰੀ ਗੱਪ ਹੁੰਦਾ ਹੈ) ਇਹ ਧੂੰਆਂ ਵੱਸਣ ਵਾਲੇ ਬੱਦਲ (ਸੱਚ) ਦੀ ਬਰਾਬਰੀ ਨਹੀਂ ਕਰ ਸਕਦਾ। ੫.ਸ਼ੱਕਰ ਦੇ ਯਾਦ ਕਰਨ ਥੋਂ (ਮਿੱਠਾ) ਸੁਆਦ ਨਹੀਂ ਆਉਂਦਾ, ਦੀਵੇ ਬਾਝ ਹਨੇਰਾ ਨਹੀਂ ਮਿਟਦਾ। ੬.ਕਾਗਦ ਪਰ ਲਿਖੇ ਹੋਏ (ਸਿਪਾਹੀ ਭਾਵ ਮੂਰਤੀ) ਲੜ ਨਹੀਂ ਸਕਦੇ ਭਾਵੇਂ ਚਿਤੇਰਾ ਨਾਲ ਸੈਂਕੜੇ ਹਥਿਆਰ ਚਿੱਤਰ ਦੇਵੇ। ੭.ਸੱਚ ਕੂੜ ਦੀ ਕਰਤੂਤ ਦੀ ਇਹ ਵੀਚਾਰ ਹੈ।

## ੯. (ਸੱਚ ਅਤੇ ਕੂੜ)।

੧. ਸਚੁ ਸਮਾਇਣੁ ਦੁਧ ਵਿਚਿ ਕੂੜ ਵਿਗਾੜੁ ਕਾਂਜੀ ਦੀ ਚੁਖੈ।
੨. ਸਚੁ ਭੋਜਨੁ ਮੁਹਿ ਖਾਵਣਾ ਇਕੁ ਦਾਣਾ ਨਕੈ ਵਲਿ ਦੁਖੈ।
੩. ਫਲਹੁ ਰੁਖ ਰੁਖਹੁ ਸੁ ਫਲੁ ਅੰਤਿਕਾਲਿ ਖਉ ਲਾਖਹੁ ਰੁਖੈ।
੪. ਸਉਵਰਿਆ ਅਗਿ ਰੁਖ ਵਿਚਿ ਭਸਮ ਕਰੈ ਅਗਿ ਬਿੰਦਕੁ ਧੁਖੈ।
੫. ਸਚੁ ਦਾਰੂ ਕੂੜੁ ਰੋਗੁ ਹੈ ਵਿਣੁ ਗੁਰ ਵੈਦ ਵੇਦਨਿ ਮਨਮੁਖੈ।
੬. ਸਚੁ ਸਥੋਈ ਕੂੜ ਠਗੁ ਲਗੈ ਦੁਖੁ ਨ ਗੁਰਮੁਖਿ ਮੁਖੈ।
੭. ਕੂੜੁ ਪਚੈ ਸਚੈ ਦੀ ਭੁਖੈ॥੯॥

**ਪਦਾਰਥ**-(ਸਮਾਇਣੁ=ਜਾਗ। ਚੁਖੈ=ਰਤਾਕੁ। ਖਉ ਲਾਖਹੁ ਰੁਖੈ=ਲਾਖ ਨਾਲ ਬ੍ਰਿੱਛ (ਨਾਸ਼ ਹੁੰਦਾ ਹੈ। ਬਿੰਦਕੁ=ਰੱਤੀ। ਵੇਦਨਿ ਮਨਮੁਖੈ=ਮਨਮੁਖਾਂ ਨੂੰ ਪੀੜ ਰਹਿੰਦੀ। (ਸਥੋਈ=ਸਾਥੀ, ਸਹਾਇਕ। ਭੁਖੈ=ਇੱਛਾ।

**ਅਰਥ**-੧.ਸੱਚ ਦੁੱਧ ਵਿਚ ਜਾਗ (ਵਾਂਙੂ) ਹੈ, ਕੂੜ ਕਾਂਜੀ ਦੀ ਚੁੱਖ ਵਾਂਙੂ ਵਿਗਾੜ ਕਰਨ ਵਾਲਾ ਹੈ (ਜਾਗ ਜਮਾਉਂਦੀ, ਕਾਂਜੀ ਫਿਟਾਉਂਦੀ ਹੈ)। ੨.ਸੱਚ ਦਾ ਬੋਲਣਾ, ਮੂੰਹ ਦੇ ਰਸਤੇ ਭੋਜਨ ਖਾਣਾ ਹੈ, (ਪਰ ਕੂੜ ਦਾ) ਇਕ ਦਾਣਾ ਬੀ ਨੱਕੋਂ ਖਾਣਾ ਦੁਖਦਾ ਹੈ (ਭਾਵ ਰੰਚਕ ਮਾਤ੍ਰ ਝੂਠ ਬੀ ਦੁਖਦਾਈ ਹੈ)। ੩.ਫਲ ਥੋਂ ਬ੍ਰਿੱਛ, ਬ੍ਰਿੱਛ ਥੋਂ ਫਲ ਹੋ ਜਾਂਦਾ ਹੈ, (ਪਰੰਤੂ) ਜੇਕਰ (ਉਸੇ) ਬ੍ਰਿੱਛ (ਨੂੰ) ਲਾਖ (ਪੈ ਜਾਵੇ ਤਾਂ ਅੰਤ ਨੂੰ) ਨਾਸ਼ (ਹੋ ਜਾਂਦਾ) ਹੈ (ਜਿਹਾ ਕੁ **"ਕੂੜਹ ਕਰੇ ਵਿਣਾਸੁ ਧਰਮੇ ਤਗੀਐ"**)(ਗੂਜ:ਵਾਰ-੨)। ੪.ਬ੍ਰਿੱਛ ਵਿਖੇ ਸੌ ਵਰਹੇ (ਸਮਾਈ ਹੋਈ) ਅੱਗ ਰਹਿੰਦੀ ਹੈ, ਜੇਕਰ ਰਤੀਕੁ ਅੱਗ ਧੁਖਦੀ ਹੋਈ ਲਾ ਦੇਈਏ (ਤਦ ਉਸ ਨੂੰ) ਭਸਮ ਕਰ ਦਿੰਦੀ ਹੈ ਭਾਵ ਸੱਚ ਦੀ ਅਗਨੀ ਜਠਰਾਗਨ ਵਾਂਗ ਉਨਤੀ ਕਰਦੀ ਹੈ ਅਰ ਕੂੜ ਧੁਖਦੀ ਅੱਗ ਵਾਂਗੂੰ ਨਾਸ਼ ਕਰਦਾ ਹੈ)। ੫.ਕੂੜ ਰੋਗ ਦੇ ਬਰਾਬਰ ਹੈ, ਸੱਚ ਦਾਰੂ ਹੈ, ਗੁਰੂ ਵੈਦ ਦੇ ਬਾਝ ਮਨਮੁਖ ਨੂੰ ('ਵੇਦਨ') ਪੀੜ ਬਣੀ ਰਹਿੰਦੀ ਹੈ (ਕਿਉਂ ਜੋ ਸੱਚ ਦੀ ਔਖਧੀ ਗੁਰੂ ਘਰ

ਵਿਚ ਹੈ)। ੬.ਸੱਚ ਸਾਥੀ ਹੈ, ਕੂੜ ਠੱਗ ਹੈ (ਉਹ ਬਚਾਉਂਦਾ, ਇਹ ਲੁਟਦਾ ਹੈ), (ਪਰ) ਗੁਰਮੁਖਾਂ ਨੂੰ ਕਦੇ ਬੀ ਦੁਖ ਨਹੀਂ ਲੱਗਦਾ, (ਸਦਾ) ਸੁਖੀ ਰਹਿੰਦੇ ਹਨ (ਕਿਉਂਕਿ ਸੱਚ ਉਨ੍ਹਾਂ ਦੀ ਸਹਾਇਤਾ ਕਰਦਾ ਹੈ)। ੭.ਕੂੜੇ ਆਦਮੀ ਸੜਦੇ ਰਹਿੰਦੇ ਹਨ ('ਸਚੇ ਦੀ ਭੁਖੈ') ਸਚਿਆਰਾਂ ਦੀ (ਸਭ) ਨੂੰ ਚਾਹ ਲਗੀ ਰਹਿੰਦੀ ਹੈ (ਭਾਵ ਜਿਥੇ ਜਾਣ ਆਦਰ ਤੇ ਮਾਨ ਪਾਉਂਦੇ ਹਨ, ਕੂੜੇ ਤ੍ਰਿਸਕਾਰ ਤੇ ਅਨਾਦਰ)।

## ੧੦. (ਸੱਚ ਅਤੇ ਕੂੜ)।

੧. ਕੂੜੁ ਕਪਟ ਹਥਿਆਰ ਜਿਉ ਸਚੁ ਰਖਵਾਲਾ ਸਿਲਹ ਸੰਜੋਆ।
੨. ਕੂੜੁ ਵੈਰੀ ਨਿਤ ਜੋਹਦਾ ਸਚੁ ਸੁਮਿਤੁ ਹਿਮਾਇਤ ਹੋਆ।
੩. ਸੂਰ ਵੀਰੁ ਵਰੀਆਮੁ ਸਚੁ ਕੂੜੁ ਕੁੜਾਵਾ ਕਰਦਾ ਢੋਆ।
੪. ਨਿਹਚਲੁ ਸਚੁ ਸੁਥਾਇ ਹੈ ਲਰਜੈ ਕੂੜੁ ਕੁਥਾਇ ਖੜੋਆ।
੫. ਸਚਿ ਫੜਿ ਕੂੜੁ ਪਛਾੜਿਆ ਚਾਰਿ ਚਕ ਵੇਖਨ ਤ੍ਰੈਲੋਆ।
੬. ਕੂੜੁ ਕਪਟੁ ਰੋਗੀ ਸਦਾ ਸਚੁ ਸਦਾ ਹੀ ਨਵਾ ਨਿਰੋਆ।
੭. ਸਚੁ ਸਚਾ ਕੂੜੁ ਕੂੜੁ ਵਿਖੋਆ ॥੧੦॥

**ਪਦਾਰਥ**-(ਸਿਲਹ ਸੰਜੋਆ=ਲੋਹੇ ਦਾ ਕਵਚ। ਸੂਰ=ਰਥੀ। ਵੀਰ=ਮਹਾਂਰਥੀ। (ਵਰੀਆਮੁ=ਅਤਿਰਥੀ। ਢੋਆ=ਮੇਲ। ਲਰਜੈ=ਸ਼ਰਮਿੰਦਾ, ਕੰਬਦਾ। (ਵਿਖੋਆ=ਵੇਖੀਦਾ ਹੈ।

**ਅਰਥ**- ੧.ਝੂਠ ਕਪਟ ਦੇ ਸ਼ਸਤ੍ਰ ਹਨ, ਸੱਚ ਲੋਹੇ ਦੇ ਸੰਜੋਅ (ਕਵਚ) ਵਾਂਙ (ਸਰੀਰ ਦਾ) ਰਖਵਾਲਾ ਹੈ। ੨.ਕੂੜ ਵੈਰੀਆਂ ਵਾਂਙ ਨਿਤ ਤਾੜਦਾ ਹੈ, ਸੱਚ ਭਲੇ ਮਿੱਤ੍ਰਾਂ ਵਾਂਗੂੰ ਹਿਮਾਇਤ ਕਰਦਾ ਹੈ। ੩.ਸੱਚ ਸੂਰਬੀਰਾਂ ਤੇ ਵਰਿਆਮਾਂ (ਵਿਚੋਂ ਅਤਿਰਥੀ ਸੂਰਮਾ ਹੈ), ਕੂੜ ਝੂਠਾ ਹੀ ('ਢੋਆ') ਮਿਲਾਪ ਕਰਦਾ ਹੈ। ੪.ਸੱਚ, ਨਿਹਚਲ ਅਤੇ ਭਲੀ ਥਾਉਂ (ਆਸ਼੍ਰਯ ਵਾਲੀ) ਹੈ, ਕੂੜ ਭੈੜੀ ਥਾਉਂ (ਉਪਰ) ਖੜੋਤਾ ਕੰਬ ਰਿਹਾ ਹੈ। ੫.ਸੱਚ' (ਅਰਥਾਤ ਸੱਚ ਬੋਲਣਹਾਰਾ) ਕੂੜੇ ਨੂੰ ਫੜਕੇ ਧਰਤੀ ਪੁਰ ਸਿੱਟ ਦੇਂਦਾ ਹੈ, ਚਾਰੇ ਚੱਕਾਂ ਥੋਂ ਆ ਕੇ ਤ੍ਰਿਲੋਕੀ (ਦੇ ਲੋਕ) ਦੇਖਦੇ ਹਨ। ੬.ਕੂੜਾ ਅਤੇ ਕਪਟੀ ਪੁਰਖ ਸਦਾ ਰੋਗੀ ਰਹਿੰਦਾ ਹੈ, ਸੱਚ ਸਦਾ ਨਵਾਂ ਨਿਰੋਆ ਹੈ (ਭਾਵ ਦੁਖ ਦਾ ਲੇਪ ਨਹੀਂ ਲਗਦਾ)। ੭.ਗੱਲ ਕੀ ਸੱਚ ਸੱਚਾ ਹੈ, ਕੂੜ ਝੂਠਾ ਹੀ ਦੇਖੀਦਾ ਹੈ। (ਯਥਾ-"**ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ**") (ਆਸਾ: ਮ:੫:੪੨)।

## ੧੧. (ਸੱਚ ਕੂੜ ਦਾ ਨਿਰਣਯ)।

੧. ਸਚੁ ਸੂਰਜੁ ਪਰਗਾਸੁ ਹੈ ਕੂੜਹੁ ਘੁਘੂ ਕੁਝੁ ਨ ਸੁਝੈ।
੨. ਸਚ ਵਣਸਪਤਿ ਬੋਹੀਐ ਕੂੜਹੁ ਵਾਸ ਨ ਚੰਦਨ ਬੁਝੈ।
੩. ਸਚਹੁ 'ਸਫਲ ਤਰੋਵਰਾ ਸਿੰਮਲੁ ਅਫਲ ਵਡਾਈ ਲੁਝੈ।
੪. ਸਾਵਣਿ ਵਣ ਹਰੀਆਵਲੇ ਸੁਕੈ ਅਕੁ ਜਵਾਹਾਂ ਰੁਝੈ।
੫. ਮਾਣਕ ਮੋਤੀ ਮਾਨਸਰਿ ਸੰਖ ਨਿਸਖਣ ਹਸਤਨ ਦੁਝੈ।
੬. ਸਚੁ ਗੰਗੋਦਕੁ ਨਿਰਮਲਾ ਕੂੜਿ ਰਲੈ ਮਦ ਪਰਗਟੁ ਗੁਝੈ।
੭. ਸਚੁ ਸਚਾ ਕੂੜੁ ਕੂੜਹੁ ਖੁਝੈ ॥੧੧॥

**ਪਦਾਰਥ**-(ਲੁਝੈ=ਸੜਦਾ ਹੈ। ਰੁਝੈ=ਰਿਝਦੇ ਹਨ। (ਨਿਸਖਣ=ਖਾਲੀ। ਹਸਤਨ ਦੁਝੈ=ਹੱਥਾਂ ਵਿਚ ਘੁਟੀਦਾ ਹੈ।


www.sikhbookclub.com

**ਅਰਥ**-੧.ਸੱਚ ਦਾ ਸੂਰਜ ਵਾਂਙ ਪ੍ਰਕਾਸ਼ ਹੈ, ਕੂੜ ਉੱਲੂ ਨੂੰ ਕੁਝ ਨਹੀਂ ਸੁੱਝਦਾ (ਭਾਵ ਦਿਨੇਅੰਨ੍ਹਾਂ ਹੋ ਜਾਂਦਾ ਹੈ)। (ਪਾਠਾਂਤ੍ 'ਸੁਝ ਨ ਸੁਝੇ'=ਅਰਥਾਤ ਚਾਨਣਾ (ਸੂਰਜ) ਨਜ਼ਰ ਨਹੀਂ ਆਉਂਦਾ)। ੨.ਸੱਚ (ਓਹ) ਵਨਾਸਪਤੀ ਹੈ (ਜੋ ਚੰਦਨ ਨਾਲ ਮਿਲਕੇ) ਚੰਦਨ ਹੁੰਦੀ ਹੈ, ਕੂੜ ਵਾਂਸ ਦੇ ਸਮਾਨ ਹੈ। (ਜੋ ਕਦੇ) ਚੰਣਨ ਨਹੀਂ ਸਮਝਿਆ ਜਾਂਦਾ। ੩.ਸੱਚ (ਬੋਲਣ ਥੋਂ ਪ੍ਰਾਣੀ) ਸਫਲ ਬ੍ਰਿੱਛ ਹੋ ਜਾਂਦਾ ਹੈ, (ਗਿਆਨ ਵੈਰਗਾਦਿਕ ਲਗਦੇ ਹਨ) (ਕੂੜਾ ਪ੍ਰਾਣੀ) ਸਿੰਮਲ ਵਾਂਗ ਅਫਲ ਰਹਿਕੇ (ਆਪਣੀ) ਵਡਾਈ ਵਿਚ ਹੀ ਸੜਦਾ ਹੈ। ੪.ਸਾਉਣ ਵਿਖੇ ਬ੍ਰਿੱਛ ਹਰੇ ਭਰੇ ਹੋ ਜਾਂਦੇ ਹਨ, ਪਰ ਅੱਕ ਅਤੇ ਜਵਾਂਹੇ (ਦੇ ਬੂਟੇ 'ਰੁਝੈ' ਗੁੱਸੇ ਦੀ ਅੱਗ ਨਾਲ ਅੰਦਰੋਂ ਅੰਦਰ) ਸੜਕੇ ਅੱਕ ਜਾਂਦੇ ਹਨ। ੫.ਮਾਨਸਰੋਵਰ ਵਿਖੇ ਮਾਣਕ ਮੋਤੀ (ਆਦਿਕ ਅਮੋਲਕ ਚੀਜ਼ਾਂ ਹਨ), ਸੰਖ ਖਾਲੀ ਰਹਿਕੇ ਹੱਥਾਂ ਵਿਚ ਨਪੀੜੀਦੇ ਹਨ (ਅਥਵਾ ਹੱਥਾਂ ਵਿਚ ਘੁਟ ਕੇ ਵਜਾਈਦੇ ਹਨ)। ੬.ਸੱਚ (ਅਰਥਾਤ ਸਚਿਆਰ ਪ੍ਰਾਣੀ) ਗੰਗਾ ਦੇ ਪਾਣੀ ਵਾਂਗੂੰ ਨਿਰਮਲ ਹੈ, ਕੂੜ ਦੀ ਮਦਰਾ ਛਿਪਾਕੇ ਰਲਾਈਏ (ਤਦ ਭੀ) ਪਰਗਟ ਹੋ ਜਾਂਦੀ ਹੈ, ੭.(ਸਿਧਾਂਤ) ਸੱਚ ਸਚਾ ਹੈ ਕੂੜ (ਕੂੜ ਹੀ ਹੈ ਅਰ) ਕੂੜ ਥੋਂ (ਭਾਵ ਆਪੇ ਹੀ ਸ਼ਰਾਬ ਵਾਂਗ) ਬੁਝਿਆ ਜਾਂਦਾ ਹੈ।

## ੧੨. (ਸੱਚ ਕੂੜ ਦਾ ਅੰਤ)।

੧. ਸਚੁ ਕੂੜ ਦੁਇ ਝਾਗੜੂ ਝਗੜਾ ਕਰਦੇ ਚਉਤੈ ਆਇਆ।
੨. ਅਗੈ ਸਚਾ ਸਚਿ ਨਿਆਇ ਆਪ ਹਜੂਰਿ ਦੋਵੈ ਝਗੜਾਇਆ।
੩. ਸਚੁ ਸਚਾ ਕੂੜਿ ਕੂੜਿਆਰ ਪੰਚਾ ਵਿਚਿਦੋ ਕਰਿ ਸਮਝਾਇਆ।
੪. ਸਚਿ ਜਿਤਾ ਕੂੜਿ ਹਾਰਿਆ ਕੂੜੁ ਕੂੜਾ ਕਰਿਸਹਿਰ ਫਿਰਾਇਆ।
੫. ਸਚਿਆਰੈ ਸਾਬਾਸਿ ਹੈ ਕੂੜਿਆਰੈ ਫਿਟੁ ਫਿਟੁ ਕਾਰਇਆ।
੬. ਸਚ ਲਹਣਾ ਕੂੜਿ ਦੇਵਣਾ ਖਤੁ ਸਤਾਗਲੁ ਲਿਖਿ ਦੇਵਾਇਆ।
੭. ਆਪ ਠਗਾਇ ਨ ਠਗੀਐ ਠਗਣਹਾਰੈ ਆਪੁ ਠਗਾਇਆ।
੮. ਵਿਰਲਾ ਸਚੁ ਵਿਹਾਝਣ ਆਇਆ ॥੧੨॥

**ਪਦਾਰਥ**-(ਚਉਤੈ=ਚਬੂਤਰੈ, ਨਜਾਯ ਸਭਾ। ਵਿਚਿਦੋ=ਵਕੀਲਗੀ। (ਖਤੁ ਸਤਾਗਲੁ=ਸਤ ਉਂਗਲੀ ਪਰਮਾਨ ਪੱਤ੍ਰ, ਕਰਾਰਨਾਮਾ, ਜਾਂ ਸੱਤਾਂ (ਦੀ ਗਵਾਹੀ ਨਾਲ ਲਿਖਿਆ ਖਤ। ਵਿਹਾਝਣ=ਖਰੀਦਣ।

**ਅਰਥ**-੧.ਸੱਚਾ ਅਤੇ ਝੂਠਾ ਦੋਵੇਂ ਝਾਗੜੂ (ਮੁਦਈ ਮੁਦਾਲੈ) ਹੋਕੇ ਨਜਾਇ ਸਭਾ ਦੇ ਚਬੂਤਰੇ ਆਵੁੰਦੇ ਹਾਨ। ੨.ਅੱਗੇ ਸੱਚਾ (ਹਾਕਮ) ਸੱਚਾ ਨਿਆਉਂ ਕਰਦਾ ਹੈ, ਆਪਣੇ ਹਜ਼ੂਰ ਦੋਹਾਂ ਦੇ ਇਜ਼ਹਾਰ ਲੈਂਦਾ ਹੈ। ੩.ਸੱਚਾ ਪ੍ਰਾਣੀ ਸੱਚਾ ਹੀ ਨਿਕਲਦਾ ਹੈ, ਝੂਠਾ ਕੂੜਿਆਰ ਹੀ ਨਿਕਲਦਾ ਹੈ, ਪੰਚ ਲੋਕ (ਵਿਚਦੋ) ਵਕੀਲਗੀ ਕਰਕੇ ਸਮਝਾਉਂਦੇ ਹਨ। ੪.ਸਚਾ ਜਿੱਤ ਜਾਂਦਾ ਹੈ, ਕੂੜਾ ਹਾਰ ਜਾਂਦਾ ਹੈ, (ਇਸ ਲਈ) ਝੂਠੇ ਨੂੰ ਝੂਠਾ ਕਰਕੇ ਸਾਰੇ ਸ਼ਹਿਰ ਵਿਖੇ ਡੌਂਡੀ ਵਜਦੀ ਹੈ (ਕਿ ਇਸ ਕੂੜਿਆਰ ਨਾਲ ਕੋਈ ਲੇਣ ਦਣ ਨਾ ਰਖੇ।) ੫.ਸਚਿਆਰ ਨੂੰ ਸ਼ਾਬਾਸ਼ ਮਿਲਦੀ ਹੈ, ਕੂੜਿਆਰ ਨੂੰ ਫਿੱਟੇ ਮੂੰਹ ਆਖਕੇ ਧਿਕਾਰਾਂ ਕਰਦੇ ਹਨ। ੬.ਸੱਚਾ ਲਹਿਣੇਦਾਰ ਤੇ ਕੂੜਾ ਦੇਵਣਹਾਰ ਨਿਕਲਦਾ ਹੈ (ਪੰਚ ਲੋਕ) ਸੱਤਾ ਗਵਾਹੀਆਂ ਨਾਲ ਇਕ ਖਤ ਲਿਖਾ ਕੇ (ਸੱਚੇ ਦੇ ਹੱਥ) ਦਿੰਦੇ ਹਨ। ੭.ਆਪਣੇ ਠੱਗਿਆਂ ਕੋਈ ਨਹੀਂ ਠੱਗੀਦਾ, ਸਗਮਾਂ ਠੱਗਣਹਾਰ ਆਪਣਾ ਆਪ ਠਗਾ ਬੈਠਦਾ ਹੈ (ਭਾਵ ਹੋਰਨਾਂ ਨੂੰ ਠੱਗਦਾ ਆਪ ਖੂਹ ਵਿਚ ਡਿੱਗ ਪੈਂਦਾ ਹੈ)। ੮.ਵਿਰਲਾ (ਪੁਰਖ) ਸਚ ਦੇ ਖਰੀਦਣ ਲਈ ਆਇਆ ਹੈ।

## ੧੩. (ਸੱਚ ਕੂੜ ਦਾ ਅੰਤ)।

੧. ਕੂੜੁ ਸੁਤਾ ਸਚੁ ਜਾਗਦਾ ਸਚੁ ਸਾਹਿਬ ਦੇ ਮਨਿ ਭਾਇਆ।
੨. ਸਚੁ ਸਚੈ ਕਰਿ ਪਾਹਰੂ ਸਚੁ ਭੰਡਾਰ ਉਤੇ ਬਹਿਲਾਇਆ।
੩. ਸਚੁ ਆਗੂ ਆਨ੍ਹੇਰ ਕੂੜ ਉਝੜਿ ਦੂਜਾ ਭਾਉ ਚਲਾਇਆ।
੪. ਸਚੁ ਸਚੇ ਕਰਿ ਫਉਜਦਾਰ ਰਾਹ ਚਲਾਵਣ ਜੋਗੁ ਪਠਾਇਆ।
੫. ਜਗ ਭਵਜਲ ਮਿਲਿ ਸਾਧਸੰਗਿ ਗੁਰ ਬੋਹਥੈ ਚਾੜਿ ਤਰਾਇਆ।
੬. ਕਾਮੁ ਕ੍ਰੋਧੁ ਲੋਭੁ ਮੋਹੁ ਫੜਿ ਅਹੰਕਾਰੁ ਗਰਦਨਿ ਮਰਵਾਇਆ।
੭. ਪਾਰਿ ਪਏ ਗੁਰੁ ਪੂਰਾ ਪਾਇਆ ॥੧੩॥

**ਪਦਾਰਥ**-(ਪਾਹਰੂ=ਰਾਖਾ। ਬਹਿਲਾਇਆ=ਬਿਠਾਇਆ। ਗਰਦਨਿ ਮਰਵਾਇਆ=ਥਾਂ ਮਾਰੇ।

**ਅਰਥ**-੧.'ਕੂੜ' ਸੁੱਤਾ ਹੋਇਆ ਅਰ ਸੱਚ 'ਜਾਗਦਾ' (ਸਾਵਧਾਨ) ਰਹਿੰਦਾ ਹੈ (ਅਰ) ਸੱਚ ਸੱਚੇ ਸਾਹਿਬ (ਅਕਾਲ ਪੁਰਖ) ਦੇ ਮਨ ਵਿਖੇ ਭਾਉਂਦਾ ਹੈ। ੨.ਸੱਚੇ (ਵਾਹਿਗੁਰੂ) ਨੇ ਸੱਚ ਨੂੰ ਪਹਿਰੇਦਾਰ ਕਰਕੇ ਸੱਚੇ ਦੇ ਭੰਡਾਰ ਉਤੇ ਬੈਠਾਇਆ ਹੈ (ਭਾਵ ਨਾਮ ਦਾ ਕੜਛਾ ਵਰਤਾ ਰਿਹਾ ਹੈ)। ੩.'ਸਚ' ਆਗੂ ਹੈ 'ਕੂੜ' ਆਪ ਹਨੇਰਾ ਹੈ ਅਰ ਲੋਕਾਂ ਨੂੰ ਦੂਜੇ ਭਾਉ ਦੇ ਉਜਾੜ ਵਿਚ ਪਾ ਦੇਂਦਾ ਹੈ। ੪.ਸੱਚੇ (ਅਕਾਲ ਪੁਰਖ) ਨੇ ਸੱਚ ਨੂੰ ਫੌਜਦਾਰ (ਹੁੱਦੇਦਾਰ) ਕਰਕੇ (ਸੱਚਾ) ਰਸਤਾ ਦੱਸਣ ਦੇ ਲਾਇਕ ਕਰਕੇ ਭੇਜਿਆ ਹੈ (ਜਿਹਾਕੁ ਕਲਿਕਾਲ ਦੇ ਉਧਾਰ ਲਈ "**ਗੁਰੂ ਨਾਨਕ ਜਗ ਮਾਹਿ ਪਠਾਇਆ॥**" ਇਥੇ ਆ ਕੇ ਕੀ ਕੀਤਾ?) ੫.ਜਗਤ ਰੂਪ ਸਾਗਰ ਥੋਂ ਗੁਰੂ ਜੀ ਨੇ ਸਾਧਸੰਗਤ ਦੇ 'ਬੋਹਿਥ' (ਜਹਾਜ) ਪੁਰ ਚਾੜ੍ਹਕੇ (ਜੀਵਾਂ ਨੂੰ) ਤਾਰ ਦਿੱਤਾ ਹੈ। ੬.ਕਾਮਾਦਿ ਪੰਜ ਵਿਖਯ ਫੜਕੇ ਗਰਦਨੋਂ ਮਰਵਾ ਸਿੱਟੇ ਹਨ। ੭.ਪੂਰਣ ਗੁਰੂ (ਗੁਰੂ ਨਾਨਕ ਨੂੰ ਜਿਨ੍ਹਾਂ ਨੇ) ਲੱਭ ਲੀਤਾ ਹੈ, (ਭਾਵ ਵਿਸ਼ਵਾਸ ਕੀਤਾ ਹੈ, ਓਹ ਸੰਸਾਰ ਸਮੁੰਦਰੋਂ) ਪਾਰ ਹੋ ਗਏ ਹਨ।

**ਭਾਵ**-"**ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥**" (ਸੋਰ: ਮ:੫-੧੩) ਅਰਥ-ਜਿਨ੍ਹਾਂ ਨੇ ਗੁਰੂ ਨਾਨਕ ਦਾ ਦਰਸ਼ਨ ਕੀਤਾ ਹੈ, ਅਥਵਾ ਉਸਦੀ ਬਾਨੀ ਨੂੰ ਕੰਨਾਂ ਨਾਲ ਸ਼੍ਵਣ ਹੀ ਕੀਤਾ ਹੈ ਓਹ ਫੇਰ ਗਰਭ ਯੋਨੀ ਵਿਖੇ ਨਹੀਂ ਪੈਣਗੇ, ਕਿਉ ਜੋ "**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**" (ਨਟ: ਮ:੪: ਅਸ-੪) ਅਰਥਾਤ ਗੁਰੂ ਜੀ ਦੀ ਬਾਨੀ ਵਿਖੇ ਸਾਰੇ ਅੰਮ੍ਰਿਤ ਪਿਆ ਹੈ, ਇਸ ਲਈ ਉਹ ਗੁਰੂ ਜੀ ਦਾ ਹੀ ਸਰੂਪ ਹੈ। ਜੋ ਪ੍ਰੀਤ ਨਾਲ ਪੜ੍ਹਦੇ ਹਨ ਅਥਵਾ ਸ਼੍ਵਣ ਕਰਦੇ ਤੇ ਸਤਿਗੁਰੂ ਨਾਨਕ ਦੇਵ ਨੂੰ ਪਿਆਰ ਕਰਦੇ ਹਨ ਉਧਰ ਜਾਂਦੇ ਹਨ।

## ੧੪. (ਸੱਚ, ਸੱਚਾ ਸਿੱਖ, ਸੱਚਾ ਗੁਰੂ)।

੧. ਲੂਣੁ ਸਾਹਿਬ ਦਾ ਖਾਇਕੈ ਰਣ ਅੰਦਰਿ ਲੜਿ ਮਰੈ ਸੁ ਜਾਪੈ।
੨. ਸਿਰ ਵਢੈ ਹਥੀਆਰ ਕਰਿ ਵਰੀਆਮਾ ਵਰੀਆਮੁ ਸਿਞਾਪੈ।
੩. ਤਿਸੁ ਪਿਛੈ ਜੋ ਇਸਤਰੀ ਥਪ ਥੇਈ ਦੇ ਵਰੈ ਸਰਾਪੈ।
੪. ਪੋਤੈ ਪੁਤ ਵਡੀਰੀਅਨਿ ਪਰਵਾਰੈ ਸਾਧਾਰੁ ਪਰਾਪੈ।
੫. ਵਖਤੈ ਉਪਰਿ ਲੜਿ ਮਰੈ ਅੰਮ੍ਰਿਤ ਵੇਲੇ ਸਬਦੁ ਅਲਾਪੈ।
੬. ਸਾਧ ਸੰਗਤਿ ਵਿਚਿ ਜਾਇਕੈ ਹਉਮੈ ਮਾਰਿ ਮਰੇ ਆਪੁ ਆਪੈ।
੭. ਲੜਿ ਮਰਣਾ ਤੈ ਸਤੀ ਹੋਣੁ ਗੁਰਮੁਖਿ ਪੰਥ ਪੂਰਣ ਪਰਤਾਪੈ।
੮. ਸਚਿ ਸਿਦਕ ਸਚ ਪੀਰੁ ਪਛਾਪੈ ॥੧੪॥

ਪਦਾਰਥ-(ਥਪਿ ਥੇਈ=ਥੇਈ ਥਪਣਾ, ਸੰਕ੍ਰਾਂਤ ਨੂੰ ਦੁਧ ਜਾਂ ਦਹੀ ਸਤੀ ਦੀ ਭੇਟਾ ਕਰਕੇ (ਵਰਤਦੇ, ਹਨ, ਮਾੜੇ ਨੂੰ ਸਰਾਪ, ਚੰਗੇ ਨੂੰ ਵਰ ਦਿੰਦੀ ਮੰਨਦੇ ਹਨ। (ਪਰਵਾਰੈ ਸਾਧਾਰੁ ਪਰਾਪੈ=ਪਾਰਾਵਾਰ ਨੂੰ ਲਾਭ ਪ੍ਰਾਪਤ ਹੁੰਦਾ ਹੈ) ਪੀਰੁ=ਗੁਰ।

ਅਰਥ-੧.ਸਾਹਿਬ ਦਾ ਲੂਣ ਖਾਇਕੈ ਜੁੱਧ ਭੂਮਕਾ ਵਿਖੇ ਜੋ (ਸਿਪਾਹੀ) ਲੜ ਕੇ ਮਰੇ ਓਹ (ਨਿਮਕ ਹਲਾਲ) ਜਾਪਦਾ ਹੈ। ੨.(ਵਰੀਆਮਾਂ) ਬਹਾਦਰਾਂ ਦੇ ਸਿਰਾਂ ਨੂੰ ਹਥਿਆਰ ਮਾਰਕੇ ਵੱਢ ਸਿੱਟਦੇ ਹਨ (ਇਸ ਲਈ ਓਹ) 'ਵਰੀਆਮ' (ਆਪ ਹੀ ਬਹਾਦਰ) ਸਿਵਾਪਦੇ ਹਨ। ੩.ਤਿਸਦੇ ਪਿੱਛੇ ਜਿਹੜੀ ਇਸਤ੍ਰੀ (ਸਤੀ ਹੋਵੇ) ਪਰਵਾਰ ਥੇਈ ਥੱਪਦੇ ਹਨ (ਕਿ) ਵਰ ਸਰਾਪ ਦੇਂਦੀ ਹੈ (ਥੇਈ ਇਕ ਰਤਿ ਹੁੰਦੀ ਹੈ, ਜਿਸ ਵਿਖੇ ਸਤੀ ਦੇ ਟੱਬਰ ਦੇ ਲੋਕ ਦੁੱਧ ਚਾਵਲ ਰਿੱਨ੍ਹਕੇ ਪਹਿਲੇ ਸਤੀ ਦੇ ਭੇਟਾ ਕਰਕੇ ਪਿੱਛੋਂ ਆਪ ਖਾਂਦੇ ਹਨ, ਅਰ ਉਸ ਨੂੰ ਵਰ ਸਰਾਪ ਦੇਣਹਾਰ ਜਾਣਦੇ ਹਨ) ੪.(ਸਤੀ ਦੇ) ਪੁੱਤ੍ਰ ਪੋਤ੍ਰੇ ਵਡਿਆਈਦੇ ਹਨ, ਸਾਰੇ ਪਰਵਾਰ ਨੂੰ ਲਾਭ ਪੁੱਜਦਾ ਹੈ (ਭਾਵ ਸਤੀ ਦੀ ਉਲਾਦ ਮੰਨੀ ਜਾਂਦੀ ਹੈ)। (ਸਚੇ ਸੂਰਮੇ ਅਤੇ ਸਚੇ ਸਤੀ ਹੋਣਾ ਕਿਹੜਾ ਹੈ?) ੫.ਵਖਤ ਦੇ ਉਪਰ ਲੜ ਮਰੇ (**'ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥'**) (ਸੂਹੀ: ਮ:੪: ਅਸ਼ਟ-੧) ਅੰਮ੍ਰਿਤ ਵੇਲੇ ਗੁਰੂ ਦੀ ਬਾਣੀ ਦਾ ਅਲਾਪ ਕਰੇ (ਏਹ ਸਤਿਸੰਗ ਦੇ ਸੂਰਮੇ ਹਨ)। ੬.ਸਾਧ ਸੰਗਤ ਵਿਖੇ ਮਾਰਕੇ ਹਉਮੈ ਨੂੰ ਮਾਰਕੇ ਤੇ ਆਪਾ ਭਾਵ ਨੂੰ ਮਾਰਕੇ ਮਰ ਜਾਂਦੇ ਹਨ (ਇਹ ਸਤਿਸੰਗ ਦਾ ਸਚੇ ਸਤੀ ਹੋਣਾ ਹੈ)। ੭.(ਜੁੱਧ ਵਿਖੇ) ਲੜ ਮਰਨਾ ਅਰ (ਪਤੀ ਨਾਲ) ਸਤੀ ਹੋਣਾ ਗੁਰਮੁਖਾਂ ਦੇ ਪੰਥ ਵਿਖੇ (ਉਪਰ ਕਹੀਆਂ ਤੁਕਾਂ ਵਾਗੂੰ ਐਉਂ) ਪੂਰਨ ਪ੍ਰਤਾਪ ਵਾਲਾ ਹੈ (ਭਾਵ ਧਰਮ ਵਾਂਗੂੰ ਅਟੱਲ ਪਰਤਾਪ ਵਾਲਾ ਹੈ, ਇਤਰ ਸਤੀਆਂ ਅਗਜਾਨ ਅਰ ਸੂਰਮੇ ਹੰਕਾਰ ਆਸਰੇ ਮਰਦੇ ਹਨ, ਪਰ ਗੁਰਮੁਖ ਸੂਰਮੇ ਤੇ ਸਤੀ ਹਉਮੈ ਤੋਂ ਮਰਕੇ ਅਟੱਲ ਪਦ ਨੂੰ ਪਹੁੰਚਦੇ ਹਨ)। ੮.(ਜਿਸ ਵਿਖੇ) ਸੱਚਾ ਸਿਦਕ ਭਰੋਸਾ ਹੈ, (ਓਹੀ) ਸਚਾ ਪੀਰ ਪਛਾਣੀਦਾ ਹੈ, (ਸੱਚਾ ਪੀਰ ਇਕ ਗੁਰੂ ਨਾਨਕ ਦਾ ਹੀ ਅਵਤਾਰ ਹੈ)।

ਭਾਵ-ਇਕੇ ਸਤੀ ਆਦ ਦਾ ਕਥਨ ਦ੍ਰਿਸ਼ਟਾਂਤ ਪੂਰਬਕ ਹੈ, ਸਤੀ ਹੋਣਾ ਵਿਹਤ ਨਹੀਂ ਹੈ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤੀ ਹੋਣ ਵੱਲੋਂ ਮਨ੍ਹੇ ਕੀਤਾ ਹੈ, ਸਚੀ ਸਤੀ ਹਉਂ ਰਹਿਤ ਗੁਰਮੁਖ ਹੈ।

## ੧੫. (ਸਾਧ ਸੰਗਤ)।

੧. ਨਿਹਚਲ ਸਚਾ ਥੇਹੁ ਹੈ ਸਾਧ ਸੰਗੁ ਪੰਜੇ ਪਰਧਾਨਾ।
੨. ਸਤਿ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸਭੋ ਬੰਧਾਨਾ।
੩. ਗੁਰ ਉਪਦੇਸੁ ਕਮਾਵਣਾ ਗੁਰਮੁਖਿ ਨਾਮ ਦਾਨੁ ਇਸਨਾਨਾ।
੪. ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਣ ਭਗਤਿ ਗੁਰਗਿਆਨਾ।
੫. ਦੁਹੀ ਸਰਾਈ ਸੁਰਖਰੂ ਸਚੁ ਸਬਦੁ ਵਜੈ ਨੀਸਾਨਾ।
੬. ਚਲਣੁ ਜਿਨ੍ਹੀ ਜਾਣਿਆਂ ਜਗ ਅੰਦਰਿ ਵਿਰਲੇ ਮਿਹਮਾਨਾ।
੭. ਆਪ ਗਵਾਏ ਤਿਸ ਕੁਰਬਾਨਾ ॥੧੫॥

ਪਦਾਰਥ-(ਥੇਹੁ=ਗ੍ਰਾਮ, ਨਗਰ। ਬੰਧਾਨਾ=ਪਰਬੰਧ। ਦੁਹੀ ਸਰਾਈ=ਲੋਕ ਪਰਲੋਕ। (ਸੁਰਖਰੂ=ਪਤ ਸੰਜੁਗਤ। ਨੀਸਾਨਾ=ਨਗਾਰੇ। ਕੁਰਬਾਨਾ=ਬਲਿਹਾਰ।

ਅਰਥ-੧.ਸਾਧ ਸੰਗਤ (ਰੂਪੀ) ਨਗਰ ਸੱਚਾ ਤੇ ਅਟੱਲ ਹੈ, (ਕਿਉਂ ਜੋ ਉਸ ਵਿਖੇ) ਪੰਜਾਂ ਗੁਣਾਂ ਦੀ ਪਰਧਾਨਤਾ ਹੈ, (ਓਹ ਪੰਜ ਗੁਣ ਹਨ ?) ੨.ਸਤਿ, ਸੰਤੋਖ, ਦਇਆ, ਧਰਮ, ਅਤੇ ਅਰਥ ਦੇ ਸਾਰੇ 'ਬੰਧਾਨ' ਸਮਰੱਥ ਹਨ (ਭਾਵ ਯੋਗ ਸਰੰਜਾਮ ਕੀਤੇ ਹੋਏ ਹਨ)। ੩.ਗੁਰੂ ਉਪਦੇਸ਼ ਨੂੰ ਦ੍ਰਿੜ

ਕਰਕੇ ਗੁਰਮੁਖ ਲੋਕ ਨਾਮ, ਦਾਨ, ਇਸ਼ਨਾਨ (ਤਿੰਨੇ ਕੰਮ) ਪੂਰੇ ਨਿਬਾਹੁੰਦੇ ਹਨ। ੪.ਮਿੱਠਾ ਬੋਲਦੇ ਨਿੰਮ੍ਰੀ ਭੂਤ ਰਹਿੰਦੇ, ਹਥੋਂ ਦਾਨ ਕਰਦੇ, ਗੁਰੂ ਭਗਤੀ ਤੇ ਗਯਾਨ (ਆਰੂਢ) ਰਹਿੰਦੇ ਹਨ। (ਫਲ ਕੀ ਹੁੰਦਾ ਹੈ?) ੫.ਲੋਕ ਪਰਲੋਕ ਵਿਖੇ ਸੁਰਖਰੂ (ਪਤ ਦੇ ਸੰਜੁਗਤ ਰਹਿੰਦੇ (ਉਨ੍ਹਾਂ ਲਈ) ਸੱਚੇ ਸਬਦ ਦੇ ਨਗਾਰੇ ਵਜਦੇ ਹਨ। ੬.ਜਿਨਾਂ ਨੇ ਚਲਣਾ (ਅਰਥਾਤ ਸੰਸਾਰ ਫਾਨੀ ਥੋਂ ਕੂਚ ਕਰਨਾ ਸੱਚ) ਜਾਤਾ ਹੈ (ਉਹ) ਪ੍ਰਾਹੁਣੇ ਸੰਸਾਰ ਵਿਚ ਵਿਰਲੇ ਹਨ (ਯਥਾ:-"**ਤੇਰਾ ਜਨੁ ਏਕੁ ਆਧਿ ਕੋਈ**") (ਕੇਦਾ: ਕਬੀ-੧)। ੭.ਆਪਾ ਭਾਉ ਗਵਾਉਣ ਵਾਲਿਆਂ ਥੋਂ ਮੈਂ ਬਲਿਹਾਰ ਜਾਂਦਾ ਹਾਂ ("**ਆਪੁ ਗਵਾਈਐ ਤਾਂ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥**") (ਤਿਲੰ: ਮ:੧-੪)।

## ੧੬. (ਝੂਠਾ ਪਿੰਡ)।

੧. ਕੂੜ ਅਹੀਰਾ ਪਿੰਡ ਹੈ ਪੰਜ ਦੂਤ ਵਸਨਿ ਬੁਰਿਆਰਾ।
੨. ਕਾਮ ਕਰੋਧੁ ਵਿਰੋਧੁ ਨਿਤ ਲੋਭ ਮੋਹੁ ਧ੍ਰੋਹੁ ਅਹੰਕਾਰਾ।
੩. ਖਿੰਜੋਤਾਣੁ ਅਸਾਧੁ ਸੰਗੁ ਵਰਤੈ ਪਾਪੈ ਦਾ ਵਰਤਾਰਾ।
੪. ਪਰ ਧਨ ਪਰਨਿੰਦਾ ਪਿਆਰੁ ਪਰਨਾਰੀ ਸਿਉ ਵਡੇ ਵਿਕਾਰਾ।
੫. ਖਲੁਹਲੁ ਮੂਲਿ ਨ ਚੁਕਈ ਰਾਜ ਡੰਡੁ ਜਮ ਡੰਡੁ ਕਰਾਰਾ।
੬. ਦੁਹੀ ਸਰਾਈ ਜਰਦਰੂ ਜੰਮਣ ਮਰਣ ਨਰਕਿ ਅਵਤਾਰਾ।
੭. ਅਗੀ ਫਲ ਹੋਵਨਿ ਅੰਗਿਆਰਾ ॥੧੬॥

**ਪਦਾਰਥ**-(ਅਹੀਰਾ ਪਿੰਡ=ਲੁਟੇਰਿਆਂ (ਸ਼ਿਕਾਰੀਆਂ) ਦਾ ਗ੍ਰਾਮ। ਵਡੇ ਵਿਕਾਰਾ=ਵਡੇ (ਪਾਪ ਹਨ। ਖਲੁਹਲੁ=ਮਾਨਸੀ ਭੜਥੂ। ਜ਼ਰਦਰੂ=ਸ਼ਰਮਿੰਦਾ।

**ਅਰਥ**-੧.ਲੁਟੇਰਿਆਂ ਦਾ ਪਿੰਡ ਝੂਠਾ ਹੈ, (ਕਿਉਂ ਜੋ) ਪੰਜ ਦੂਤ ਬੁਰੇ ਦੇ ਕਰਨਹਾਰੇ ਉਥੇ ਨਿਵਾਸ ਰਖਦੇ ਹਨ। ੨.ਕਾਮ, ਕ੍ਰੋਧ ਤੇ ਵਿਰੋਧ ਦੇ ਝਗੜੇ ਨਿਤ ਰਹਿੰਦੇ ਹਨ, ਲੋਭ ਮੋਹਾਦਿਕ ਕਈ ਵਿਖਯ ਧ੍ਰੋਹ ਕਰਦੇ ਹਨ। ੩.ਅਸਾਧਾਂ ਦੀ ਸੰਗਤ ਵਿਖੇ ਖਿੰਜੋਤਾਣ (ਦੁਖ) ਬਣਿਆ ਰਹਿੰਦਾ ਹੈ, (ਕਿਉਂ ਜੋ ਉਥੇ) ਪਾਪ ਦਾ ਵਰਤਾਰਾ ਵਰਤਦਾ ਹੈ। ੪.ਪਰਾਏ ਧਨ, ਪਰਾਈ ਨਿੰਦਾ, ਪਰਈ ਇਸਤ੍ਰੀ ਦੇ ਪਯਾਰ ਨਾਲ ਵਿਕਾਰ (ਪਾਪ) ਵਧਦੇ ਜਾਂਦੇ ਹਨ (ਅਥਵਾ ਏਹ ਵਡੇ ਵਿਕਾਰ ਹਨ)। ੫.ਮਨ ਦਾ ਭੜਥੂ ਜਾਂ ਘਬਰਾਹਟ ਕਦੇ ਹਟਦੀ ਨਹੀਂ, ਰਾਜਾ ਦਾ ਡੰਡ ਅਤੇ ਜਮ ਦਾ ਡੰਡ (ਸਿਰ ਪੁਰ) ਕੜਕਦਾ ਰਹਿੰਦਾ ਹੈ। ੬.ਦੋਹਾਂ ਲੋਕਾਂ ਵਿਖੇ ਪੀਲੇ ਰੂਹ (ਅਰਥਾਤ ਬਿਪਤੇ ਫਿਰਦੇ) ਜੰਮਣ ਮਰਣ ਅਤੇ ਨਰਕਾਂ ਦੇ ਭਾਰੇ ਦੁਖਾਂ ਵਿਖੇ ਆਵਾ ਜਾਈ (ਬਣੀ ਰਹਿੰਦੀ ਹੈ)। ੭.ਅੱਗਾਂ ਦਾ ਫਲ ਅੰਗਿਆਰੇ ਹੀ ਹੁੰਦੇ ਹਨ, (ਭਾਵ ਪਾਪਾਂ ਦੇ ਫਲ ਮੌਤ ਤੇ ਕਲੇਸ਼ ਹੀ ਪ੍ਰਾਪਤ ਹੁੰਦੇ ਹਨ)।

## ੧੭. (ਸੱਚ ਵਿਚ ਕੂੜ ਦੀ ਸਮਾਈ ਨਹੀਂ)।

੧. ਸਚੁ ਸਪੂਰਣ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ।
੨. ਅਖੀ ਕਤੁ ਨ ਸੰਰਜੈ ਤਿਣੁ ਅਉਖਾ ਦੁਖਿ ਰੈਣਿ ਵਿਹਾਈ।
੩. ਭੋਜਨ ਅੰਦਰਿ ਮਖਿ ਜਿਉ ਹੋਇ ਦੁਕਧਾ ਫੇਰਿ ਕਢਾਈ।
੪. ਰੂਈ ਅੰਦਰਿ ਚਿਣਗ ਵਾਗ ਦਾਹਿ ਭਸਮੰਤੁ ਕਰੇ ਦੁਖਦਾਈ।
੫. ਕਾਂਜੀ ਦੁਧੁ ਕੁਸੁਧੁ ਹੋਇ ਫਿਟੈ ਸਾਦਹੁ ਵੰਨਹੁ ਜਾਈ।
੬. ਮਹੁਰਾ ਚੁਖਕੁ ਚਖਿਆ ਪਾਤਿਸਾਹਾ ਮਾਰੈ ਸਹਸਾਈ।

੭. ਸਚਿ ਅੰਦਰਿ ਕਿਉ ਕੂੜੁ ਕਮਾਈ ॥੧੭॥

**ਪਦਾਰਥ**-(ਤਿਣੁ=ਤੀਲਾ। ਦੁਕਧਾ=ਉਗਲੱਛਣਾ। ਸਹਸਾਈ=ਤਾਬੜਤੋੜ। ਛੇਤੀ।

**ਅਰਥ**-੧.ਸੱਚ ਸਾਰਾ ਨਿਰਮਲ ਹੈ, (ਕਿਉਂ ਜੋ) ਉਸ ਵਿਖੇ ਕੂੜ ਰਾਈ ਮਾਤ੍ਰ ਨਹੀਂ ਸਮਾ ਸਕਦਾ (ਹੇਠ ਦ੍ਰਿਸ਼ਟਾਂਤ ਦਿੰਦੇ ਹਨ) ੨. ਅੱਖਾਂ ਵਿਖੇ (ਤ੍ਰਿਣ ਦਾ) ਕਤਰਾ ਮਾਤ੍ਰ ਬੀ ਨਹੀਂ ਸੰਜਰਦਾ (ਕਿਉਂ ਜੋ) ਤ੍ਰਿਣ (ਦੇ ਪਿਆਂ ਬੀ) ਔਖ ਅਤੇ ਦੁਖ ਨਾਲ ਰੈਣ ਗੁਜ਼ਰਦੀ ਹੈ (ਇਥੇ ਖ਼ਕਾਰ ਦਾ ਕੰਨਾ 'ਅਤੇ' ਦਾ ਵਾਚਕ ਹੈ)। ੩.ਜਿੰਕੂ ਭੋਜਨ ਦੇ ਅੰਦਰ ਮੱਖੀ (ਜੋ ਨਿਗਲੀ ਜਾਵੇ) ਤਾਂ ਦੁਕੱਧੀ ਹੋਕੇ ਫੇਰ ਉਗਲੱਛੀਦੀ ਹੈ। ੪.ਰੂਈ ਵਿਚ ਦੁਖਦਾਈ ਚਿਨਗਾਰੀ ਜਿੱਕੁਰ ਸਾੜਕੇ ਰੂਈ ਨੂੰ ਸੁਆਹ ਕਰ ਦਿੰਦੀ ਹੈ। ੫.ਦੁਧ ਕਾਂਜੀ ਦੀ ਛਿਟ ਨਾਲ ਕੁਸੁੱਧ ਹੋਕੇ ਫਿੱਟ ਜਾਂਦਾ ਹੈ, ਸੁਆਦ ਅਤੇ, ਰੰਗੋਂ ਵਿਗੜ ਜਾਂਦਾ ਹੈ। ੬.ਮਹੁਰਾਂ ਰਤੀਕੁ ਜੀਭ ਪੁਰ ਰੱਖਿਆ ਹੋਇਆਂ ਪਾਤਸ਼ਾਹਾਂ ਨੂੰ ਬੀ ਤਾਬੜ ਤੋੜ ਮਾਰ ਸਿਟਦਾ ਹੈ। ੭.ਸੱਚ ਦੇ ਅੰਦਰਕੂੜ ਦੀ ਕਿੱਕੁਰ ਸਮਾਈ ਹੁੰਦੀ ਹੈ (ਭਾਵ ਕਦੇ ਨਹੀਂ ਹੋ ਸਕਦੀ)।

## ੧੮. (ਸੱਚ ਨੂੰ ਕੂੜ ਆਵੱਰ ਨਹੀਂ ਸਕਦਾ)।

੧. ਗੁਰਮੁਖ ਸਚੁ ਅਲਿਪਤੁ ਹੈ ਕੂੜਹੁ ਲੇਪੁ ਨ ਲਗੈ ਭਾਈ।
੨. ਚੰਦਨ ਸਪੀਂ ਵੇੜਿਆ ਚੜੈ ਨ ਵਿਸੁ ਨ ਵਾਸੁ ਘਟਾਈ।
੩. ਪਾਰਸੁ ਅੰਦਰਿ ਪਥਰਾ ਅਸਟਧਾਤੁ ਮਿਲਿ ਵਿਗੜਿ ਨ ਜਾਈ।
੪. ਗੰਗ ਸੰਗਿ ਅਪਵਿਤ੍ਰ ਜਲੁ ਕਰਿ ਨ ਸਕੈ ਅਪਵਿਤ੍ਰ ਮਿਲਾਈ।
੫. ਸਾਇਰ ਅਗਿ ਨ ਲਗਈ ਮੇਰੁ ਸੁਮੇਰੁ ਨ ਵਾਉਂ ਡੁਲਾਈ।
੬. ਬਾਣੁ ਨ ਧੁਰਿ ਅਸਮਾਣਿ ਜਾਇ ਵਾਹੇਦੜੁ ਪਿਛੈ ਪਛੁਤਾਈ।
੭. ਓੜਕਿ ਕੂੜੁ ਕੂੜੋ ਹੋਇ ਜਾਈ ॥੧੮॥

**ਪਦਾਰਥ**-(ਮਿਲਾਈ=ਮਿਲਕੇ। ਮੇਰੁ=ਟਿੱਲਾ। ਬਾਣੁ=ਤੀਰ। ਵਾਹੇਦੜੁ=ਤੀਰ ਅੰਦਾਜ਼।

**ਅਰਥ**-੧.ਗੁਰਮੁਖ ਭਾਈ ਸੱਚੇ ਅਰ ਨਿਰਲੇਪ ਹਨ (ਕਿਉਂ ਜੋ ਉਨ੍ਹਾਂ ਨੂੰ) ਕੂੜ ਦਾ ਲੇਪ ਨਹੀਂ ਲਗਦਾ। ੨.ਚੰਦਨ ਦਾ ਬੂਟਾ ਸੱਪਾਂ ਨਾਲ ਵੇੜਿਆ ਹੋਇਆ ਹੈ, ਉਸ ਨੂੰ ਵਿਹੁ ਨਹੀਂ ਚੜ੍ਹਦੀ (ਅਰ ਉਸ ਦੀ) ਸੁਗੰਧੀ ਜਿਉਂ ਦੀ ਤਿਉਂ ਰਹਿੰਦੀ ਹੈ। ੩.ਪਾਰਸ (ਦੀ ਗੀਟੀ) ਪੱਥਰਾਂ ਦੇ ਅੰਦਰ ਗਿਣੀ ਜਾਂਦੀ ਹੈ। ਅੱਠਾਂ ਧਾਤਾਂ ਦੇ ਮਿਲਣ ਨਾਲ ਵਿਗੜ ਨਹੀਂ ਜਾਂਦੀ (ਸਗਮਾਂ ਉਹਨਾਂ ਨੂੰ ਸੋਨਾ ਕਰਦੀ ਹੈ)। ੪.ਗੰਗਾ ਨੂੰ ਅਪਵਿੱਤ੍ਰ (ਮੋਰੀਆਂ ਦੇ) ਜਲ ਮਿਲਕੇ ਅਪਵਿੱਤ੍ਰ ਨਹੀਂ ਕਰ ਸਕਦੇ; ਸਗਮਾਂ ਆਪ ਗੰਗਾ ਦਾ ਰੂਪ ਹੋ ਜਾਂਦੇ ਹਨ)। ੫.ਸਮੁੰਦ੍ਰ ਨੂੰ ਅੱਗ ਸਾੜ ਨਹੀਂ ਸਕਦੀ (ਭਾਵੇਂ ਬੜਵਾਗਨ ਵਿੱਚੇ ਰਹਿੰਦੀ ਹੈ), ਸੁਮੇਰ (ਪਹਾੜ) ਦੇ 'ਮੇਰ' ਟਿੱਲੇ ਨੂੰ ਪੌਣ ਨਹੀਂ ਡੁਲਾ ਸਕਦੀ। ੬.ਅਕਾਸ਼ ਦੇ ਧੁਰ ਅੰਤ ਤੀਕ ਬਾਣ ਪਹੁੰਚ ਨਹੀਂ ਸਕਦਾ, ('ਵਾਹੇਦੜ') ਤੀਰ-ਅੰਦਾਜ਼ ਪਿੱਛੋਂ ਪਛੁਤਾਉਂਦਾ ਹੈ (ਕਿਉਂ ਜੋ ਮੁੜਕੇ ਉਸੇ ਦੇ ਸਿਰ ਆ ਲਗਦਾ ਹੈ "**ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣ॥**") (ਮਾਝ: ਵਾਰ:੨੨)। ੭.ਅੰਤ ਨੂੰ ਕੂੜ ਕੂੜ ਹੀ ਹੋ ਜਾਂਦਾ ਹੈ, (ਭਾਵ ਕੂੜ ਦਾ ਪਾਜ ਨਿਭ ਨਹੀਂ ਸਕਦਾ ਅੰਤ ਖੁਲ੍ਹ ਜਾਂਦਾ ਹੈ ਯਥਾ="**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥**") (ਰਾਮ: ਵਾਰ ੧੩)।

**ਭਾਵ**-ਗੱਲ ਕੀ ਸੁਲਹੀ ਜਿਹੇ ਵੇਮੁਖਾਂ ਨੇ ਭਾਵੇਂ ਕਿੰਨਾਂ ਹੀ ਗੁਰੂ ਸੂਰਜ ਨਾਲ ਦ੍ਰੋਹ ਕੀਤਾ, ਪਰੰਤੂ ਅੰਧੇਰੇ ਵਾਙੂ ਆਪ ਹੀ ਪਿੱਛੋਂ ਨਾਸ ਹੋ ਗਏ, ਆਵੇ ਨੂੰ ਦੇਖਦਾ ਹੀ ਪੈਰ ਖਿਸਕਣ ਨਾਲ ਵਿਚੇ ਸੜਕੇ ਗਰਕ ਹੋ ਗਿਆ। ਗੁਰੂ ਸੁਮੇਰ ਵਾਙ ਅਡੋਲ ਅਰ ਅਚੱਲ ਰਹੇ। ਚੰਨਣ ਨੂੰ ਸੱਪ, ਪਾਰਸ ਨੂੰ ਧਾਤਾਂ, ਗੰਗਾ ਨੂੰ ਮੋਰੀ ਜਲ, ਸਮੁੰਦ੍ਰ ਨੂੰ ਬੜਵਾ, ਮੇਰੂ ਨੂੰ ਵਾਉ, ਅਕਾਸ਼ ਨੂੰ ਬਾਣ ਜਿੰਕੂ ਨਹੀਂ ਆਵੱਰ ਸਕਦੇ ਤਿਵੇਂ ਸੱਚ ਨੂੰ ਕੂੜ ਨਹੀਂ ਆਵੱਰ ਸਕਦਾ।

# ੧੯. (ਕੂੜ ਅੰਤ ਪ੍ਰਗਟ ਹੋ ਜਾਂਦਾ ਹੈ)।

੧. ਸਚੁ ਸਚਾਵਾ ਮਾਣੁ ਹੈ ਕੂੜ ਕੂੜਾਵੀ ਮਣੀ ਮਨੂਰੀ।
੨. ਕੂੜੈ ਕੂੜੀ ਪਾਇ ਹੈ ਸਚੁ ਸਚਾਵੀ ਗੁਰਮਤਿ ਪੂਰੀ।
੩. ਕੂੜੈ ਕੂੜਾ ਜੋਰਿ ਹੈ ਸਚਿ ਸਤਾਣੀ ਗਰਬ ਗਰੂਰੀ।
੪. ਕੂੜੁ ਨ ਦਰਗਹ ਮਨੀਐ ਸਚੁ ਸੁਹਾਵਾ ਸਦਾ ਹਜ਼ੂਰੀ।
੫. ਸੁਕਰਾਨਾ ਹੈ ਸਚੁ ਘਰਿ ਕੂੜੁ ਕੁਫਰ ਘਰਿ ਨਾ ਸਾਬੂਰੀ।
੬. ਹਸਤ ਚਾਲ ਹੈ ਸਚ ਦੀ ਕੂੜਿ ਕੁਢੰਗੀ ਚਾਲ ਭੇਡੂਰੀ।
੭. ਮੂਲੀ ਪਾਨ ਡਿਕਾਰ ਜਿਉ ਮੁਲਿ ਨ ਤੁਲਿ ਲਸਣੁ ਕਸਤੂਰੀ।
੮. ਬੀਜੈ ਵਿਸੁ ਨ ਖਾਵੈ ਚੂਰੀ ॥੧੯॥

**ਪਦਾਰਥ**-(ਮਣੀ ਮਨੂਰੀ=ਸ਼ੋਭਾ ਤੇ ਮਨੌਤ। ਕੂੜਿ ਪਾਇ ਹੈ= ਝੂਠੀ ਅਬਰੋ ਹੈ।
(ਗਰੂਰੀ=ਮਾਣ, ਗੰਭੀਰਤਾ। ਸਾਬੂਰੀ=ਸੰਤੋਖ। ਭੇਡੂਰੀ=ਭੇਡਾਂ ਵਾਲੀ।
(ਮੂਲੀ ਪਾਨ ਡਿਕਾਰ=ਮੂਲੀ ਅਰ ਪਾਨ ਦਾ ਡਕਾਰ। )

**ਅਰਥ**-੧.ਸੱਚ ਦਾ ਸੱਚਾ ਮਾਣ (ਆਦਰ) ਹੁੰਦਾ ਹੈ, ਕੂੜ ਦੀ ('ਮਣੀ ਮਨੂਰੀ') ਸ਼ੋਭਾ ਤੇ ਮਨੌਤ ਝੂਠੀ ਹੁੰਦੀ ਹੈ। ੨.ਕੂੜਿਆਰ ਦੀ ਕੂੜੀ ਅਬਰੋ ਹੈ, ਸੱਚਿਆਂ ਦੀ ਗੁਰੂ ਦੀ ਸਿਖਯਾ ਪੂਰੀ ਤੇ ਸੱਚੀ ਹੈ। ੩.ਕੂੜਿਆਂ ਦਾ ਜ਼ੋਰ ਬੀ ਕੂੜਾ ਹੈ, ਸੱਚਿਆਂ ਦੇ ਗਰਬ (ਸ਼ੁਧ ਹੰਕਾਰ ਦੀ) ਗੰਭੀਰਤਾਈ ਬਲ ਵਾਲੀ ਹੈ। ੪.ਦਰਗਾਹ ਵਿਖੇ ਕੂੜ ਦੀ ਮਾਨਤਾ ਨਹੀਂ ਹੁੰਦੀ, ਸੱਚਾ (ਪੁਰਖ) ਸਦਾ ਸੁਭਾਇਮਾਨ (ਅਰ ਪਰਮੇਸ਼ਰ ਦਾ 'ਹਜ਼ੂਰੀ') ਮੁਸਹਿਬ ਹੈ। ੫.ਸੱਚ ਦੇ ਘਰ ਵਿਖੇ 'ਸ਼ੁਕਰਾਨਾ' ਹੈ (ਭਾਵ ਈਸ਼੍ਵਰ ਦਾ ਧੰਨਯਵਾਦ ਕਰਦਾ ਹੈ) ਕੂੜ ਦੇ ਘਰ ਵਿਖੇ ਕੁਫ਼ਰ ਅਰ ਨ ਸਾਬੂਰੀ ਹੈ (ਭਾਵ ਸੰਤੋਖ ਦਾ ਨਾਉਂ ਭੀ ਨਹੀਂ)। ੬.ਸੱਚ ਦੀ ਹਾਥੀ ਵਾਂਗੂੰ ਚਾਲ ਹੈ (ਭਾਵ ਮਸਤ ਹੋਕੇ ਤੁਰਿਆ ਜਾਂਦਾ ਹੈ ਭਾਵੇਂ ਕਈ ਲੋਕ ਠੱਠੇ ਮਸਕਰੀਆਂ ਕਰਨ ਕੁਝ ਪਰਵਾਹ ਨਹੀਂ ਕਰਦਾ) ਕੂੜ ਦੀ ਭੇਡਾਂ ਵਾਲੀ ਕੁਢੰਗੀ ਚਾਲ ਹੈ, (ਭਾਵ ਪੈਲੀਆਂ ਛੱਡ ਵਿਸ਼ਟਾ ਵੱਲ ਜਾਂਦੇ ਹਨ। ੭.ਮੂਲੀ ਅਰ ਪਾਨ ਦੇ ਡਕਾਰ ਵਾਂਗੂ ਕਸਤੂਰੀ ਅਤੇ ਲਸਣ ਦਾ ਮੁਲ ਬਰਾਬਰ ਨਹੀਂ ਹੁੰਦਾ। ੮.ਵਿਸ ਬੀਜ ਕੇ ਚੂਰੀ ਨਹੀਂ ਖਾ ਸਕਦਾ (ਭਾਵ ਝੂਠ ਕਮਾਕੇ ਕੋਈ ਸੁੱਖਾਂ ਦੀ ਅਭਿਲਾਖਾ ਨਾ ਰੱਖੇ)।

ਸੂਚਨਾ=ਅੰਤ ਬੁਰੇ ਦਾ ਵੇਰਵਾ ਅੱਗੇ ਕਰਦੇ ਹਨ।

# ੨੦. (ਕੂੜ ਦਾ ਅੰਤ ਬੁਰਾ ਹੁੰਦਾ ਹੈ)।

੧. ਸਚੁ 'ਸੁਭਾਉ ਮਜੀਠ ਦਾ ਸਹੈ ਅਵਟਣ ਹੰਗੁ ਚੜਾਏ।
੨. ਸਣ ਜਿਉ ਕੂੜੁ ਸੁਭਾਉ ਹੈ ਖਲ ਕਢਾਇ ਵਟਾਇ ਬਨਾਏ।
੩. ਚੰਨਣ ਪਰਉਪਕਾਰੁ ਕਰਿ ਅਫਲ ਸਫਲ ਵਿਚਿ ਵਾਸੁ ਵਸਾਏ।
੪. ਵਡਾ ਵਿਕਾਰੀ ਵਾਂਸ ਹੈ ਹਉਮੈ ਜਲੈ ਗਵਾਢੁ ਜਲਾਏ।
੫. ਜਾਣ ਅਮਿਓ ਰਸੁ ਕਾਲਕੂਟੁ ਖਾਧੈ ਮਰੈ ਮੁਏ ਜੀਵਾਏ।
੬. ਦਰਗਹ ਸਚੁ ਕਬੂਲੁ ਹੈ ਕੂੜਹੁ ਦਰਗਹ ਮਿਲੈ ਸਜਾਏ।
੭. ਜੋ ਬੀਜੈ ਸੋਈ ਫਲੁ ਖਾਏ ॥੨੦॥੩੦॥

**ਪਦਾਰਥ**-(ਅਵਟਣ=ਅੱਗ ਦੇ ਉਬਾਲ। ਸਣ=ਸਣੀ। ਵਟਾਇ=ਰੱਸੇ। ਅਮਿਓ ਰਸੁ=ਅੰਮ੍ਰਿਤ।)

**ਅਰਥ**-੧.ਮਜੀਠ ਦਾ ਸੱਚਾ ਸੁਭਾਉ ਹੈ, (ਕਿਉਂ ਜੋ) ਉਬਾਲੇ ਸਹਾਰਕੇ ਭੀ (ਦੂਣਾ) ਰੰਗ ਕੱਢਦਾ ਹੈ

(ਅਜਿਹਾ ਹੀ ਉੱਤਮ ਪੁਰਖਾਂ ਨੂੰ ਕੇਡਾ ਕਸ਼ਟ ਬਣੇ ਆਪਣੀ ਉੱਤਮਤਾ ਨਹੀਂ ਛੱਡਦੇ)। ੨.ਸਣ ਦਾ ਝੂਠਾ ਸੁਭਾਉ ਹੈ ਜਿਹੜੀ ਆਪਣੀ ਖੱਲ ਥੋਂ ਰੱਸੇ (ਜੋ ਕਿ ਲੋਕਾਂ ਦੇ ਬੰਧਨਾਂ ਦੇ ਕੰਮ ਦਿੰਦੇ ਹਨ) ਬਣਾਉਂਦੀ ਹੈ। ੩.ਚੰਦਨ ਦਾ ਬੂਟਾ ਪਰੋਪਕਾਰੀ ਹੈ, ਜੋ ਅਫਲ ਸਫਲ (ਸਭ ਬੂਟੀਆਂ) ਵਿਚ ਵਾਸ਼ਨਾ ਪਾ ਦਿੰਦਾ ਹੈ। ੪.ਵਾਂਸ, ਖੋਟੀ ਕਾਰ ਵਾਲਾ ਨਿਕਾਰਾ ਬੂਟਾ ਹੈ, ਹਉਮੈ ਵਿਚ ਆਪ ਸੜਕੇ ਆਪਣੇ ਗੁਆਂਢੀਆਂ ਨੂੰ ਬੀ ਸੜਾਉਂਦਾ ਹੈ (ਕਿਉਂ ਜੋ ਇਕ ਵਾਂਸ ਦੀ ਅੱਗ ਨਾਲ ਸਾਰੇ ਵਾਂਸ ਸੜਕੇ ਢੇਰੀ ਹੋ ਜਾਂਦੇ ਹਨ)। ੫.ਅੰਮ੍ਰਿਤ ਰਸ ਦੇ ਚੱਖਣ ਨਾਲ ਮੋਇਆ ਜੀ ਪੈਂਦਾ ਹੈ, ਅਰ ਕਾਲਕੂਟ ਦੇ ਖਾਣ ਨਾਲ (ਜੀਵੰਦਾ) ਮੁਰਦਾ ਹੋ ਜਾਂਦਾ ਹੈ। (ਅੱਗੇ ਛੀਵੀਂ ਤੁਕ ਵਿਖੇ ਦ੍ਰਿਸ਼ਟਾਂਤ ਦਿੰਦੇ ਹਨ)। ੬.(ਪਰਮਾਤਮਾ ਦੀ) ਨਯਾਯ ਸਭਾ ਵਿਖੇ ਸੱਚ ਮੰਨਿਆ ਜਾਂਦਾ ਹੈ ਅਰ ਕੂੜ ਥੋਂ ਦਰਗਾਹ ਵਿਚ ਤਾੜਨਾ ਮਿਲਦੀ ਹੈ। ੭.ਜੇਹਾ ਕੋਈ ਬੀਜਦਾ ਹੈ ਤੇਹਾ ਹੀ ਫਲ ਖਾਂਦਾ ਹੈ।

**ਭਾਵ**-"**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥**" (ਆਸਾ: ਵਾਰ-੨) ਸੱਚੇ ਸੱਚਖੰਡ ਵਿਖੇ ਤੇ ਝੂਠੇ ਕੋਹੜੀ ਨਰਕਾਂ ਵਿਖੇ ਘੱਲੇ ਜਾਂਦੇ ਹਨ। ਝੂਠ ਦਾ ਅੰਤ ਖਰਾਬ ਹੈ, ਸੱਚ ਦਾ ਅੰਤ ਭਲਾ ਹੈ।

# ਵਾਰ ੩੧.

ੴ ਸਤਿਗੁਰ ਪ੍ਰਸਾਦਿ ॥

## ੧. (ਗੁਣਾਂ ਅਵਗੁਣਾਂ ਦੀ ਗਤੀ)।

੧. ਸਾਇਰ ਵਿਚਹੁ ਨਿਕਲੈ ਕਾਲਕੂਟੁ ਤੈ ਅੰਮ੍ਰਿਤ ਵਾਣੀ।
੨. ਉਤ ਖਾਧੇ ਮਰਿ ਮੁਕੀਐ ਉਤ ਖਾਧੇ ਹੁਇ ਅਮਰੁ ਪਰਾਣੀ।
੩. ਵਿਸੁ ਵਸੈ ਮੁਹਿ ਸਭ ਦੈ ਗਰੜ ਦੁਗਾਰਿ ਅਮਿਅ ਰਸ ਜਾਣੀ।
੪. ਕਾਉ ਨ ਭਾਵੈ ਬੋਲਿਆ ਕੋਇਲ ਬੋਲਾ ਸਭਨਾ ਭਾਣੀ।
੫. ਬੁਰਬੋਲਾ ਨ ਸਖਾਵਈ ਮਿਠ ਬੋਲਾ ਜਗਿ ਮਿਤੁ ਵਿਡਾਣੀ।
੬. ਬੁਰਾ ਭਲਾ ਸੈਸਾਰ ਵਿਚਿ ਪਰਉਪਕਾਰ ਵਿਕਾਰ ਨਿਸਾਣੀ।
੭. ਗੁਣ ਅਵਗੁਣ ਗਤਿ ਆਖਿ ਵਖਾਣੀ ॥੧॥

**ਪਦਾਰਥ**-(ਵਾਣੀ=ਵੰਨਗੀ। ਗਰੜ ਦੁਗਾਰਿ=ਗਰੜ ਮੰਤ੍ਰ। ਮਣੀ ਗਰੜ ਦੀ ਉਗਲੀ ਹੋਈ। ਵਿਡਾਣੀ=ਅਸਚਰਜ। ਨਿਸਾਣੀ=ਚਿੰਨ੍ਹ। ਗਤੀ=ਦਸ਼ਾ।)

**ਅਰਥ**-੧.ਸਮੁੰਦਰ ਵਿਚੋਂ (ਦੋ) ਵੰਨਗੀਆਂ ਨਿਕਲਦੀਆਂ ਹਨ, ਇਕ ਕਾਲਕੂਟ (ਵਿਖ) ਦੂਜਾ ਅੰਮ੍ਰਿਤ (ਭਾਵ ਮੁੱਢ ਦੁਹਾਂ ਦਾ ਇਕੋ ਸਮੁੰਦ੍ਰ ਹੈ)। ੨.ਪਹਿਲੀ ਦੇ ਖਾਧਿਆਂ ਪ੍ਰਾਣੀ ਮਰਕੇ ਮੁੱਕ ਜਾਂਦਾ ਹੈ, ਦੂਜੀ ਨਾਲ ਅਮਰ ਹੋ ਜਾਂਦਾ ਹੈ। ੩.ਵਿਹੁ ਸੱਪ ਦੇ ਮੁਖ ਵਿਖੇ ਰਹਿੰਦੀ ਹੈ, ਅਮਿਅ ਰਸ 'ਗਰੜ ਦੁਗਾਰਿ' ਵਾਂਙੂ (ਸੱਪ ਦੀ ਵਿਖ ਥੋਂ ਬਚਾਉਂਦਾ) ਹੈ। ੪.ਕਾਂ ਦੀ ਕਾਉਂ ਕਾਉਂ ਕਿਸੇ ਨੂੰ ਚੰਗੀ ਨਹੀਂ ਲਗਦੀ, ਕੋਇਲ ਦੀ ਬੋਲੀ ਸਭ ਨੂੰ ਚੰਗੀ ਲਗਦੀ ਹੈ। ੫.ਅਜਿਹਾ ਹੀ ਦੁਰਬਚਨ ਬੋਲਣਹਾਰਾ (ਕਿਸੇ ਨੂੰ) ਨਹੀਂ ਭਾਉਂਦਾ, ਮਿੱਠ ਬੋਲੇ (ਦਾ ਹਰ ਕੋਈ ਆਦਰ ਮਾਨ ਕਰਦਾ ਹੈ ਅਰ ਉਹੀ) ਜਗਤ ਦਾ ਅਚਰਜ ਮਿੱਤ੍ਰ ਬਣ ਜਾਂਦਾ ਹੈ। ੬.ਬੁਰਾ ਵਿਕਾਰ ਦੀ ਨਿਸ਼ਨੀ ਅਰ ਭਲਾ ਆਦਮੀ ਸੰਸਾਰ ਵਿਖੇ ਪਰੋਪਕਾਰ ਦੀ ਨਿਸ਼ਾਨੀ ਹੈ। ੭.ਗੁਣਾਂ ਅਤੇ ਅਵਗੁਣਾਂ ਦੀ ਗਤੀ(ਅਸਾਂ ਉਪਰ) ਕਹਿਕੇ ਵਰਣਨ ਕਰ ਦਿੱਤੀ ਹੈ।

**ਭਾਵ**-ਸੰਸਾਰ ਸਮੁੰਦ੍ਰ ਵਿਖੇ ਮਨਮੁਖ ਕਾਲਕੂਟ ਨਜਾਈਂ ਲੋਕਾਂ ਦੇ ਨਾਸ਼ਕਾਰੀ ਹਨ ਅਰ ਗੁਰਮੁਖ ਅੰਮ੍ਰਿਤ ਰਸ ਤਰ੍ਹਾਂ ਜੀਵਾਵਣ ਵਾਲੇ ਹਨ, ਇਸ ਲਈ ਦੋਵੇਂ ਵਿਕਾਰ ਅਰ ਪਰੋਪਕਾਰ ਦੀਆਂ ਮੂਰਤਾਂ ਹਨ। ਪੁਨਾ: ਮਨਮੁਖ ਕਾਵਾਂ ਵਾਂਙੂ ਬੁਰਾ ਬੁਰਾ ਬੋਲਦੇ ਅਰ ਗੁਰਮੁਖ ਕੋਇਲਾਂ ਵਾਂਙੂ ਬਹਾਰ ਦੀਆਂ ਖੁਸ਼ਖਬਰਾਂ ਦੱਸਕੇ ਹਰੇਕ ਦਾ ਮਨ ਪ੍ਰਸੰਨ ਕਰਦੇ ਹਨ।

## ੨. (ਖੋਜੀ ਅਤੇ ਵਾਦੀ)।

੧. ਸੁਝਹੁ ਸੁਝਨਿ ਤਿਨਿ ਲੋਅ ਅੰਨੇ ਘੁਘੂ ਸੁਝੁ ਨ ਸੁਝੈ।
੨. ਚਕਵੀ ਸੂਰਜ ਹੇਤੁ ਹੈ ਕੰਤੁ ਮਿਲੈ ਵਿਰਤੰਤੁ ਸੁ ਬੁਝੈ।
੩. ਰਾਤਿ ਅਨੇਰਾ ਪੰਖੀਆਂ ਚਕਵੀ ਚਿਤੁ ਅਨੇਰਿ ਨ ਰੁਝੈ।
੪. ਬਿੰਬ ਅੰਦਰਿ ਪ੍ਰਤਿਬਿੰਬੁ ਦੇਖਿ ਭਰਤਾ ਜਾਣਿ ਸੁਜਾਣਿ ਸਮੁਝੈ।
੫. ਦੇਖਿ ਪਛਾਵਾ ਪਵੈ ਖੂਹਿ ਡੁਬਿ ਮਰੈ ਸੀਹੁ ਲੋਇਨ ਲੁਝੈ।
੬. ਖੋਜੀ ਖੋਜੇ ਖੋਜੁ ਲੈ ਵਾਦੀ ਵਾਦ ਕਰੇਦੜ ਖੁਝੈ।
੭. ਗੋਰਸ ਗਾਈ ਹਸਤਨਿ ਦੁਝੈ ॥੨॥

**ਪਦਾਰਥ**-(ਸੁਝਹੁ=ਸੂਰਜ ਥੋਂ। ਸੁਝਨਿ=ਦਿੱਸਦੇ ਹਨ। ਵਿਰਤੰਤੁ=ਭੇਤ। (ਨ ਰੁੱਝੈ=ਰੁਕਦਾ ਨਹੀਂ। ਬਿੰਬ=ਜਲ। ਸਮੁਝੈ=ਰਾਜ਼ੀ ਹੋਵੇ।) ਲੋਇਨ ਲੁਝੈ=ਅੱਖਾਂ ਨਾਲ ਝਗੜੇ। ਖੁਝੈ=ਭੁਲ ਜਾਂਦੇ ਹਨ। ਹਸਤਨਿ=ਹਥਣੀ।)

**ਅਰਥ**-੧.ਸੂਰਜ ਥੋਂ ਤਿੰਨ ਲੋਕ ਨਜ਼ਰ ਆਉਂਦੇ ਹਨ, ਅੰਨ੍ਹੇ ਉੱਲੂ ਨੂੰ ਸੂਰਜ ਹੀ ਨਹੀਂ ਦਿੱਸਦਾ। ੨.ਚਕਵੀ ਦਾ ਸੂਰਜ ਦੇ ਨਾਲ ਪ੍ਰੇਮ ਹੈ (ਕਿਉਂ ਜੋ) ਆਪਣੇ ਸ੍ਵਾਮੀ (ਚਕਵੇ ਨਾਲ ਮਿਲਕੇ) ਵਿਰਤੰਤ (ਰਾਤ ਦਾ ਭੇਤ) ਪੁੱਛਦੀ ਹੈ (ਕਿ ਕਿਹੀ ਰਾਤ ਬੀਤੀ)। ੩.ਰਾਤ ਨੂੰ ਪੰਛੀਆਂ (ਦੀਆਂ ਅੱਖਾਂ) ਅੱਗੇ ਹਨੇਰਾ ਹੋ ਜਾਂਦਾ ਹੈ, ਚਕਵੀ ਦਾ ਚਿੱਤ ਹਨੇਰੇ ਵਿਚ ਨਹੀਂ ਰੁਕਦਾ (ਸੂਰਜ ਵਲ ਰਹਿੰਦਾ ਹੈ)। ੪.ਪਾਣੀ ਵਿਖੇ (ਜਦ ਪਤਿ ਦਾ) ਪ੍ਰਤਿਬਿੰਬ ਦੇਖਦੀ ਹੈ, ਆਪਣਾ ਭਰਤਾ ਜਾਣਕੇ (ਸਮੁਝੈ) ਭਟਕਦੀ ਹੈ, (ਭਾਵ ਹਨੇਰੇ ਵਿਚ ਹੀ ਆਪਣਾ ਪਤਿ ਲੱਭ ਲੈਂਦੀ ਹੈ)। ੫.ਸ਼ੇਰ ਖੂਹ ਵਿਖੇ ਆਪਣਾ ਪਰਛਾਵਾਂ ਦੇਖਕੇ ਵਿਚ ਪੈਕੇ ਡੁੱਬ ਮਰਦਾ ਹੈ (ਅਰ 'ਲੋਇਨ') ਅੱਖਾਂ (ਜਾਂ ਭਾਵੀ) ਨਾਲ (ਲੁਝੈ) ਝਗੜਦਾ ਹੈ (ਕਿ ਮੇਰੀਆਂ ਅੱਖਾਂ ਜਾਂ ਭਾਵੀ ਖਰਾਬ ਸੀ, ਇਹ ਨਹੀਂ ਜਾਣਦਾ ਕਿ ਦ੍ਵੈਤ ਨੇ ਨਾਸ਼ ਕੀਤਾ ਹੈ)। ੬.ਗਜਾਨੀ ਇਸ (ਉਕਤ) ਪ੍ਰਸੰਗ ਨੂੰ ਸਮਝਦਾ ਹੈ, ਵਾਦੀ (ਝਗੜਾਲੂ) ਢੁੱਚਰਾਂ ਕਰਨ ਵਾਲੇ ਭੁੱਲ ਜਾਂਦੇ ਹਨ। ੭.ਗਊ ਦਾ ਦੁੱਧ ਹਥਣੀ ਥੋਂ ਚੋਂਦੇ ਹਨ।

**ਭਾਵ**-ਗੁਰਵਾਕ-"**ਖੋਜੀ ਉਪਜੈ ਬਾਦੀ ਬਿਨਸੈ**" (ਮਲਾ: ਮ:੧-੩) ਖੋਜ ਕੀਤਿਆਂ ਤਾਂ ਪ੍ਰਾਪਤੀ ਹੁੰਦੀ ਹੈ, ਪਰ ਝਗੜਿਆਂ ਨਾਲ "**ਕਤ ਝਖਿ ਝਖਿ ਅਉਰਨ ਸਮਝਾਵਾ॥ ਝਗਰੁ ਕੀਏ ਝਗਰਉ ਹੀ ਪਾਵਾ॥**" (ਗਉ: ਕਬੀ-੧੫) ਇਹੀ ਉਪਦੇਸ਼ ਇਸ ਪਉੜੀ ਵਿਚ ਹੈ।

## ੩. (ਖਿਆਲ ਸਮਾਧੀ)।

੧. ਸਾਵਣ ਵਣ ਹਰੀਆਵਲੇ ਵੁਠੇ ਸੁਕੈ ਅਕੁ ਜਵਾਹਾ।
੨. ਚੇਤਿ ਵਣਸਪਤਿ ਮਉਲੀਐ ਅਪਤ ਕਰੀਰ ਨ ਕਰੈ ਉਸਾਹਾ।
੩. ਸੁਫਲ ਫਲੰਦੇ ਬਿਰਖ ਸਭ ਸਿੰਮਲੁ ਅਫਲੁ ਰਹੇ ਅਵਿਸਾਹਾ।
੪. ਚੰਨਣ ਵਾਸੁ ਵਣਾਸਪਤਿ ਵਾਂਸ ਨਿਵਾਸਿ ਨ ਉਭੇ ਸਾਹਾ।
੫. ਸੰਖੁ ਸਮੁੰਦਹੁ ਸਖਣਾ ਦੁਖਿਆਰਾ ਰੋਵੈ ਦੇ ਧਾਹਾਂ।

੬. ਬਗੁਲ ਸਮਾਧੀ ਗੰਗ ਵਿਚਿ ਝੀਗੇ ਚੁਣਿ ਚੁਣਿ ਖਾਇ ਭਿਛਾਹਾ।
੭. ਸਾਥ ਵਿਛੁਨੇ ਮਿਲਦਾ ਫਾਹਾ॥੩॥

**ਪਦਾਰਥ**-(ਵੁਠੇ= ਮੀਂਹ ਦਾ ਵਰ੍ਹਣਾ। ਅਪਤ=ਪੱਤ੍ਰਾਂ ਤੋਂ ਰਹਿਤ। ਉਸਾਹਾ=ਉਤਸ਼ਾਹ।
(ਅਵਿਸਾਹਾ=ਬੇਵਿਸਾਹਿਆ। ਵਾਂਸ ਨਿਵਾਸਿ=ਵਾਂਸਾਂ ਵਿਚਿ ਵਾਸ ਨਹੀਂ।
(ਉਭੇ ਸਾਹਾ=ਠੰਢੇ ਸਹਾ। ਝੀਗੇ=ਮੱਛੀਆਂ। ਭਿਛਾਹਾ=ਭੱਛਨ ਵਾਲਾ,
(ਭਿਛਕ ਹੋਕੇ, ਭਾਲਕੇ। ਸਾਥ=ਭਾਵ ਸਤਿਸੰਗ।

**ਅਰਥ**-੧.ਸਾਵਣ ਵਰਸਣ ਨਾਲ ਬੂਟੇ ਹਰੇ ਹੋ ਜਾਂਦੇ ਹਨ, (ਪਰ)ਅੱਕ ਤੇ ਜਵਾਹਾਂ ਦੇ (ਬੂਟੇ) ਸੁੱਕ ਜਾਂਦੇ ਹਨ। ੨.ਬਸੰਤ ਵਿਖੇ ਸਾਰੀ ਬਨਾਸਪਤੀ ਮੌਲਦੀ ਹੈ, ਕਰੀਰ ਦਾ ਬੂਟਾ ਪਤ੍ਰਾਂ ਬਾਝ ਰਹਿਕੇ ਆਨੰਦ ਨਹੀਂ ਕਰਦਾ (ਭਾਵ ਖਿੜਦਾ ਨਹੀਂ)। ੩.ਸਾਰੇ ਬ੍ਰਿਛ ਚੰਗੇ ਫਲਾਂ ਨਾਲ ਫਲਦੇ ਹਨ, ਸਿੰਮਲ ਦਾ ਬੂਟਾ ਅਫਲਾ ਹੋਣ ਕਰਕੇ ਕੋਈ ਭਰੋਸਾ ਨਹੀਂ ਬੱਝਦਾ (ਕਿ ਏਹ ਐਤਕੀਂ ਚੰਗਾ ਫਲ ਦੇਵੇਗਾ)। ੪.ਚੰਦਨ ਸਾਰੀ ਬਨਾਸਪਤੀ ਨੂੰ ਵਾਸ਼ਨਾ ਦਿੰਦਾ ਹੈ, ਵਾਂਸਾਂ ਨੂੰ ਵਾਸ਼ਨਾ ਨਹੀਂ ਪੈਂਦੀ (ਇਸ ਲਈ ਵਾਂਸ) ਉੱਭੇ ਸਾਹ ਲੈਂਦਾ ਹੈ। (ਭਾਵ ਸਾਂ ਸਾਂ ਕਰਦਾ ਹੈ)। ੫.ਸੰਖ ਸਮੁੰਦਰੋਂ ਖਾਲੀ ਰਹਿਕੇ ਦੁਖੀ ਹੋਕੇ ਧਾਹਾਂ ਮਾਰ ਮਾਰ ਰੋਂਦਾ ਹੈ। ੬.(ਬਗਲ ਸਮਾਧੀ ਪਖੰਡੀ ਲੋਕ ਜੋ ਕਿ ਤੀਰਥਾਂ ਪੁਰ) ਬਗਲਿਆਂ ਵਾਂਙੂ ਸਮਾਧਾਂ (ਲਾ ਬੈਠਦੇ ਹਨ ਝੀਂਗੇ=ਮੱਛੀਆਂ ਚੁਣ ਚੁਣ ਕੇ ਖਾਂਧੇ ਭੀ ਸੁਆਹ ਕਰ ਦਿੰਦੇ (ਅਥਵਾ ਨਾਉਂ ਨੂੰ 'ਭਿਛਾਹਾਂ' ਭਿੱਛਕੇ ਕਹਾਉਂਦੇ ਹਨ, **"ਕਹਾ ਭਯੋ ਜੋ ਦੋਊ ਲੋਚਨ ਮੂਦਕੈ ਬੈਠ ਰਹਯੋ ਬਕ ਧਯਾਨ ਲਗਾਯੋ"** (ਪਾ-੧੦) ਪੁਨਾ: **"ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ॥"** (ਮਾਰੂ ਭ: ਮ:੫-੧੩)। ੭.ਸਾਥ ਤੋਂ ਵਿਛੜਿਆਂ ਫਾਹਾਂ ਮਿਲਦਾ ਹੈ, (ਜੋ ਸਾਥ ਤੋਂ ਵਿਛੁੜੇ ਉਹ ਔਖਾ ਹੁੰਦਾ ਹੈ)।

**ਭਾਵ**-ਜਿਨ੍ਹਾਂ ਦਾ ਅੰਦਰ ਖੋਟਾ ਹੈ, ਉਹ ਸੁਖਦਾਈ ਸਮਿਆਂ ਪਰ ਸਗੋਂ ਸੜਦੇ ਧੁਖਦੇ ਤੇ ਦੁਖੀ ਹੁੰਦੇ ਹਨ।

## ੪. (ਭਲਾ ਬੁਰਾ)।

੧. ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।
੨. ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ।
੩. ਕਿਸਨੁ ਸਹਾਈ ਪਾਂਡੁਵਾ ਭਾਇ ਭਗਤਿ ਕਰਤੂਤਿ ਵਿਸੇਖੈ।
੪. ਵੈਰੁ ਭਾਉ ਚਿਤਿ ਕੈਰਵਾ ਗਣਤੀ ਗਣਨਿ ਅੰਦਰਿ ਕਾਲੇਖੈ।
੫. ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ।
੬. ਬੁਰਾ ਨ ਕੋਇ ਯੁਧਿਸਟਰੈ ਦੁਰਜੋਧਨ ਕੋ ਭਲਾ ਨ ਭੇਖੈ।
੭. ਕਰਵੈ ਹੋਇ ਸੁ ਟੂਟੀ ਰੇਖੈ ॥੪॥

**ਪਦਾਰਥ**-(ਲੇਖੈ=ਭਾਣੇ।ਕਰਤੂਤ ਵਿਸੇਖੈ=ਕ੍ਰਿਆ ਉਤਮ ਸੀ। ਕਾਲੇਖੈ=ਕਾਲਖਤਾਈ, ਕਲੰਕ।
(ਪਰਵੰਨਿਆਂ=ਪਰਵਾਨ ਕੀਤੇ ਹੋਏ, ਮਾਨਨੀਯ। ਸਰੇਖੈ=ਸਦਰਸ਼, ਵਰਗਾ।)
(ਕਰਵਾ=ਗੜਵਾ, ਗੰਗਾਸਾਗਰ।)

**ਅਰਥ**-੧.ਜੋ ਆਪ ਭਲਾ ਹੈ ਸਾਰਾ ਜਗਤ (ਉਸ ਦੇ ਭਾਣੇ) ਭਲਾ ਹੈ (ਕਿਉਂ ਜੋ) ਭਲਾ (ਪੁਰਖ) ਸਭਨਾਂ ਨੂੰ ਭਲਾ ਹੀ ਕਰਕੇ ਦੇਖਦਾ ਹੈ (ਤਥਾ:-**"ਤਿਸਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ"**) (ਸੋਰਠ: ਮ:੫-੬)। ੨.ਜੋ ਆਪ ਬੁਰਾ ਹੈ (ਉਸ ਨੂੰ) ਸਾਰਾ ਜਗਤ ਬੁਰਾ ਭਾਸਦਾ ਹੈ, ਕਿਉਂ ਜੋ ਬੁਰੇ ਦੇ ਲੇਖੇ ਸਾਰੇ ਬੁਰੇ ਹੀ ਹਨ। ੩.ਕ੍ਰਿਸ਼ਨ ਨੇ ਪਾਂਡਵਾਂ ਦੀ ਕੁਮਕ ਕੀਤੀ (ਕਿਉਂ ਜੋ ਉਨ੍ਹਾਂ ਵਿਖੇ) ਭਾਉ ਭਗਤੀ ਦੀ ਕਰਤੂਤ ਬਾਹਲੀ ਸੀ। ੪.ਕੈਰਵਾਂ ਦੇ ਚਿੱਤ ਵਿਖੇ ਵੈਰ ਭਾਉ ਸੀ, (ਵੈਰ ਦੀ ਹੀ) ਗਿਣਤੀ

ਜੀ ਵਿਚ ਗਿਣਦੇ ਸਨ, (ਅੰਤ ਨੂੰ) ਕਾਲਖ ਦਾ ਹੀ ਟਿੱਕਾ ਮਿਲਿਆ। ੫.(ਪਰਵੰਨਿਆਂ) ਮਾਨਨੀਯ (ਦੋ ਰਾਜੇ) ਭਲਾ ਤੇ ਬੁਰਾ ਲੱਭਣ ਗਏ, ਦ੍ਰਿਸ਼ਟੀ ਇਕ ਸਰਖੀ ਨਹੀਂ ਸੀ। ੬.ਯੁਧਿਸ਼ਟਰ ਨੂੰ ਕੋਈ ਬੁਰਾ ਤੇ ਤੇ ਦੁਰਜੋਧਨ ਨੂੰ ਕੋਈ ਭਲਾ ਨ ਦਿਸਿਆ। ੭.ਗੰਗਾ ਸਾਗਰ ਵਿਚ ਜੋ ਹੁੰਦਾ ਹੈ ਟੂਟੀ ਦੀ ਧਾਰੁ ਥੋਂ ਪ੍ਰਤੀਤ ਹੋ ਜਾਂਦਾ ਹੈ, (**"ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥"**) (ਆਸਾ: ਵਾਰ-੨੨)

**ਭਾਵ**-ਇਕੇਰਾ ਕ੍ਰਿਸ਼ਨ ਨੇ ਧਰਮ ਪੁਤ੍ਰ ਨੂੰ ਕਿਹਾ ਕਿ ਇਕ ਪਾਪੀ ਲੈ ਆਓ, ਅਜਿਹਾ ਹੀ ਦੁਰਯੋਧਨ ਨੂੰ ਪੁੰਨੀ ਲਿਆਉਣ ਲਈ ਘੱਲਿਆ। ਦੋਵੇਂ ਖਾਲੀ ਮੁੜ ਆਏ ਕਿਉਂ ਜੋ ਧਰਮ ਪੁੱਤ੍ਰ ਨੂੰ ਸਾਰੇ ਧਰਮੀ ਅਰ ਦੁਰਯੋਧਨ ਨੂੰ ਸਾਰੇ ਪਾਪੀ ਦਿੱਸਦੇ ਸਨ। ਇਸ ਲਈ ਭਾਵਨਾਂ ਦਾ ਹੀ ਫਲ ਪ੍ਰਾਪਤ ਹੁੰਦਾ ਹੈ। ਸਜਾਤੀ ਵਸਤਾਂ ਪਰਸਪਰ ਮਿਲਦੀਆਂ ਹਨ, ਭਲੇ ਭਲੇ ਰਲ ਬਹਿੰਦੇ ਹਨ ਤੇ ਬੁਰੇ ਬੁਰੇ ਮਿਲਦੇ ਹਨ, ਭਲੇ ਨੂੰ ਸਾਰੇ ਭਲੇ ਦਿੱਸਦੇ ਹਨ ਤੇ ਮਾੜੇ ਨੂੰ ਸਾਰੇ ਮਾੜੇ।

## ੫. (ਧਰਮਰਾਜ ਦੀ ਪ੍ਰਸਿਧ ਕਥਾ)।

੧. ਸੂਰਜੁ ਘਰਿ ਅਵਤਾਰੁ ਲੈ ਧਰਮ ਵੀਚਾਰਣਿ ਜਾਇ ਬਹਿਠਾ।
੨. ਮੂਰਤਿ ਇਕਾ ਨਾਉ ਦੁਇ ਧਰਮਰਾਇ ਜਮ ਦੇਖਿ ਸਰਿਠਾ।
੩. ਧਰਮੀ ਡਿਠਾ ਧਰਮਰਾਇ ਪਾਪੁ ਕਮਾਇ ਪਾਪੀ ਜਮ ਡਿਠਾ।
੪. ਪਾਪੀ ਨੋ ਪਛਾੜਇਦਾ ਧਰਮੀ ਨਾਲ ਬੁਲੇਂਦਾ ਮਿਠਾ।
੫. ਵੈਰੀ ਦੇਖਨਿ ਵੈਰ ਭਾਇ ਮਿਤ੍ਰ ਭਾਇ ਕਰਿ ਦੇਖਨਿ ਇਠਾ।
੬. ਨਰਕ ਸੁਰਗ ਵਿਚਿ ਪੁੰਨ ਪਾਪ ਵਰ ਸਰਾਪ ਜਾਣਨਿ ਅਭਰਿਠਾ।
੭. ਦਰਪਣਿ ਰੂਪ ਜਿਵੇਹੀ ਪਿਠਾ ॥੫॥

**ਪਦਾਰਥ**-(ਨਾਉ ਦੁਇ=ਧਰਮ ਰਾਜ ਤੇ ਜਮ। ਸਰਿਠਾ=ਸ੍ਰਿਸ਼ਟੀ। ਇਠਾ=ਪਿਆਰਾ। (ਅਭਿਰਿਠਾ= ਦ੍ਰਿੜ੍ਹ, ਸਰਬ ਓਰ ਤੇ ਰਿਸ਼ਟ ਪੁਸ਼ਟ, ਪੱਕਾ। ਪਿਠਾ=ਸ਼ਕਲ।)

**ਅਰਥ**-੧.ਸੂਰਜ ਦੇ ਘਰ ਵਿਖੇ ਅਵਤਾਰ ਲੈਕੇ ਨਯਾਇ ਦੇ ਵਿਚਾਰ ਕਰਨ ਲਈ (ਧਰਮਰਾਜ ਨਯਾਇ ਗੱਦੀ ਪੁਰ) ਜਾ ਬੈਠਾ। ੨.ਮੂਰਤ (ਉਸ ਦੀ) ਇਕ ਹੈ: ਨਾਮ ਦੋ ਹਨ, 'ਧਰਮਰਾਜ' ਅਤੇ 'ਜਮ' ਸ੍ਰਿਸ਼ਟੀ ਸਾਰੀ ਦੇਖਦੀ ਹੈ। ੩.ਧਰਮੀਆਂ ਨੇ ਧਰਮਰਾਜ ਅਰ ਪਾਪ ਕਮਾਵਣ ਵਾਲਿਆਂ ਨੇ ਉਸੇ ਨੂੰ ਜਮ ਰੂਪ ਕਰਕੇ (ਦੁਖਦਾਈ) ਦੇਖਿਆ। ੪.ਪਾਪੀਆਂ ਨੂੰ ਨਰਕਾਂ ਵਿਖੇ ਸਿਟਵਾਉਂਦਾ ਹੈ ਅਰ ਧਰਮੀਆਂ ਨੂੰ (ਆਓ ਜੀ ਬੈਠੀਏ ਜੀ ਕਰਕੇ) ਮਿਠਾ ਬਚਨ ਬੋਲਦਾ ਹੈ। ੫.ਇਸ ਲਈ ਵੈਰੀ ਉਸ ਨੂੰ ਵੈਰ ਭਾਉ ਨਾਲ ਅਰ ਪ੍ਰੇਮੀ ਲੋਕ ਉਸ ਨੂੰ ਮਿਤ੍ਰ ਭਾਉ ਨਾਲ ਪਿਆਰਾ ਦੇਖਦੇ ਹਨ (**ਭਾਵ**-ਆਪਣੇ ਹੀ ਕਰਮਾਂ ਦਾ ਫਲ ਹੈ)। ੬.ਨਰਕ ਸੁਰਗ ਵਿਚ ਪੁੰਨ ਅਤੇ ਪਾਪ ਦਾ ਫਲ (ਯਾ ਧਰਤੀ ਪੁਰ) ਵਰ ਸਰਾਪ (ਦਾ ਫਲ ਕਰਮਾਂ ਅਨੁਸਾਰ ਅਭਰਿੱਠਾ) ਸਾਰੇ ਪਾਸਿਓਂ ਦ੍ਰਿੜ੍ਹ ਹੈ। ੭.ਜਿਹੀ ਸ਼ਕਲ (ਤਿਹਾ) ਸ਼ੀਸ਼ਾ ਰੂਪ ਦੱਸਦਾ ਹੈ।

**ਭਾਵ**-ਚੰਗੇ ਕਰਮਾਂ ਦਾ ਫਲ ਚੰਗਾ, ਮੰਦਿਆਂ ਦਾ ਮੰਦਾ ਹੈ, ਈਸ਼੍ਵਰ ਸਭ ਨਾਲ ਸਮਦ੍ਰਸੀ ਹੈ।

## ੬. (ਸੁੱਧ ਆਰਸੀ)।

੧. ਜਿਉਂ ਕਰਿ ਨਿਰਮਲ ਆਰਸੀ ਸਭਾ ਸੁਧ ਸਭ ਕੋਈ ਦੇਖੈ।
੨. ਗੋਰਾ ਗੋਰੇ ਦਿਸਦਾ ਕਾਲਾ · ਕਾਲੇ ਵੰਨੁ ਵਿਸੇਖੈ।
੩. ਹਸਿ ਹਸਿ ਦੇਖੈ ਹਸਤ ਮੁਖ ਰੋਂਦਾ ਰੋਵਣਹਾਰੁ ਸੁਲੇਖੈ।

੪. ਲੇਪੁ ਨ ਲਾਗੈ ਆਰਸੀ ਛਿਅ ਦਰਸ਼ਨੁ ਦਿਸਨਿ ਬਹੁ ਭੇਖੈ।
੫. ਦੁਰਮਤਿ ਦੂਜਾ ਭਾਉ ਹੈ ਵੈਰੁ ਵਿਰੋਧੁ ਕਰੋਧ ਕੁਲੇਖੈ।
੬. ਗੁਰਮਤਿ ਨਿਰਮਲੁ ਨਿਰਮਲਾ ਸਮਦਰਸੀ ਸਮਦਰਸ ਸਰੇਖੈ।
੭. ਭਲਾ ਬੁਰਾ ਹੋਇ ਰੂਪ ਨ ਰੇਖੈ ॥੬॥

**ਪਦਾਰਥ**-(ਵੰਨ=ਰੰਗ। ਰੋਂਦਾ=ਰੋਂਦੜ। ਸਰੇਖੈ=ਸ੍ਰੇਸ਼ਟ।)

**ਅਰਥ**-੧.ਜਿੱਕੁਰ ਨਿਰਮਲ ਆਰਸੀ ਨੂੰ ਸਭਾ ਵਿਖੇ ਸਾਰੇ ਸੁੱਧ ਦੇਖਦੇ ਹਨ (ਕਿ ਵੱਡੀ ਉੱਜਲ ਅਰ ਸਾਫ਼ ਹੈ)। ੨.(ਉਸ ਵਿਚ) ਗੋਰੇ ਦਾ ਮੂੰਹ ਗੋਰਾ ਦਿਸਦਾ ਹੈ ਤੇ ਕਾਲੇ ਨੂੰ (ਆਪਣਾ) ਕਾਲਾ ਰੰਗ ਪ੍ਰਤੀਤ ਹੁੰਦਾ ਹੈ। ੩.ਹੱਸ ਹੱਸ ਦੇਖਣ ਵਾਲਾ ਹੱਸਦਾ ਮੂੰਹ ਅਤੇ ਰੋਣ ਵਾਲਾ (ਆਪਣੇ ਮੂੰਹ ਨੂੰ) ਰੋਂਦੜਾ ਦੇਖਦਾ ਹੈ। ੪.ਆਰਸੀ ਨੂੰ ਕੋਈ ਲੇਪ ਨਹੀਂ ਲਗਦਾ (ਭਾਵੇਂ) ਛੀ ਦਰਸ਼ਨਾਂ ਦੇ ਬਾਹਲੇ ਭੇਖ ਉਸ ਵਿਖੇ ਦਿੱਸਦੇ ਹਨ। ੫.ਦੁਰਮਤੀਆਂ ਦੇ ਮਨ ਵਿਖੇ ਅਗਜਾਨ ਦਾ ਵਾਸਾ ਹੈ (ਇਸੇ ਕਰਕੇ) ਵੈਰ ਵਿਰੋਧ ਤੇ ਕ੍ਰੋਧ ਦੇ ਖੋਟੇ ਲੇਖੇ ਕਰਦੇ ਹਨ। ੬.ਗੁਰਮੁਤ ਵਾਲੇ ਨਿਰਮਲ ਅਤੇ ਸਮਦਰਸੀ ਹਨ (ਉਹ ਹੋਰਨਾਂ ਨੂੰ ਆਪਣੇ)ਜਿਹਾ ਨਿਰਮਲ ਤੇ ਸਮਦਰਸੀ ਜਾਣਦੇ ਹਨ। ੭.ਭਲੇ ਬੁਰੇ ਦਾ ਰੂਪ ਰੇਖ (ਪਰਮੇਸ਼ੁਰ ਵਿਚ) ਨਹੀਂ ਰਹਿੰਦਾ ਹੈ।

**ਭਾਵ**-ਆਤਮਾ ਆਪਣੇ ਹੀ ਅੰਤਹਕਰਣ ਸ਼ੀਸ਼ੇ ਵਾਙੂ ਪਰਕਾਸ਼ ਰਿਹਾ ਹੈ, ਜਿਹੀ ਭਾਵਣੀ ਕਰਕੇ ਕੋਈ ਦੇਖਦਾ ਹੈ ਤਿਹੀ ਸੱਤਾ ਦੇ ਰਿਹਾ ਹੈ, ਆਪ ਅਲੇਪ ਹੈ, ਅਰ ਸਭ ਪੁਰ ਕ੍ਰਿਪਾਲੂ ਅਤੇ ਦਿਆਲ ਮੂਰਤੀ ਹੈ।

## ੭. (ਗੁਰੂ ਪਾਹਰੂ)।

੧. ਇਕਤੁ ਸੂਰਜਿ ਆਥਵੈ ਰਾਤਿ ਅਨੇਰੀ ਚਮਕਨਿ ਤਾਰੇ।
੨. ਸਾਹ ਸਵਨਿ ਘਰਿ ਆਪਣੈ ਚੋਰ ਫਿਰਨਿ ਘਰਿ ਮੁਸਣੈਹਾਰੇ।
੩. ਜਾਗਨਿ ਵਿਰਲੇ ਪਾਹਰੂ ਰੂਆਇਨਿ ਹੁਸੀਆਰ ਬਿਦਾਰੇ।
੪. ਜਾਗਿ ਜਗਾਇਨਿ ਸੁਤਿਆ ਸਾਹ ਫੜੰਦੇ ਚੋਰ ਚੁਗਾਰੇ।
੫. ਜਾਗਦਿਆ ਘਰੁ ਰਖਿਆ ਸੁਤੇ ਘਰ ਮੁਸਨਿ ਵੇਚਾਰੇ।
੬. ਸਾਹ ਆਏ ਘਰਿ ਆਪਣੈ ਚੋਰ ਜਾਹਿ ਲੈ ਗਰਦਨਿ ਮਾਰੇ।
੭. ਭਲੇ ਸੁਰੇ ਵਰਤਨਿ ਸੈਸਾਰੇ ॥੭॥

**ਪਦਾਰਥ**-(ਆਥਵੈ=ਡੁਬਦਾ ਹੈ। ਮੁਸਣੈਹਾਰੇ=ਸੰਨ੍ਹਾ ਲਾਉਣ ਵਾਲੇ। (ਰੂਆਇਨਿ=ਪੁਕਾਰਦੇ ਹਨ। ਬਿਦਾਰੇ=ਜਾਗੇ। ਚੁਗਾਰੇ=ਉਚੱਕੇ। ੨. ਚੁਗਕੇ।)

**ਅਰਥ**-੧.ਇਕ ਪਾਸਿਓਂ ਜਦ ਸੂਰਜ ਡੁਬਦਾ ਹੈ ਹਨੇਰੀ ਰਾਤ ਵਿਖੇ ਤਾਰੇ ਚਮਕਦੇ ਹਨ। ੨.ਸ਼ਾਹ ਲੋਕ ਆਪਣੇ ਘਰਾਂ ਵਿਖੇ (ਵੱਸਦੇ) ਸੌਂ ਰਹਿੰਦੇ ਹਨ, ਚੋਰ ਚੋਰੀਆਂ ਕਰਨ ਲਈ ਸੰਨ੍ਹਾਂ ਮਾਰਨ ਦੜ੍ਹ ਫਿਰਦੇ ਹਨ। ੩.ਪਹਿਰਾ ਦੇਣ ਵਾਲੇ ਵਿਰਲੇ ਜਾਗਕੇ ਪੁਕਾਰਦੇ ਹਨ (ਜਿਹਾ ਕੁ:-"**ਦੁਨੀਆ ਹੋਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ॥**"(ਰਾਮ: ਕਬੀ-੧੨) ਅਰਥਾਤ ਗੁਰੂ ਜੀ ਪੁਕਾਰਦੇ ਹਨ ਕਿ ਹੇ ਦੁਨੀਆਦਾਰੋ ।) ਹੁਸ਼ਿਆਰ ਹੋਵੋ, ਜਾਗੋ, (ਕਾਮਾਦਿ ਵਿਖਯ ਗੁਣਾ ਦਾ ਧਨ ਲੁਟਣਹਾਰੇ ਲੁਟ ਰਹੇ ਹਨ)। ੪.(ਆਪ) ਜਾਗਕੇ ਸੁਤਿਆਂ ਹੋਇਆਂ ਨੂੰ ਜਗਾ ਦਿੰਦੇ ਹਨ, ਸ਼ਾਹ ਲੋਕ (ਭਾਵ ਜੱਗਜਾਸੀ ਜਾਗਕੇ ਕਾਮਾਦਿਕ) ਚੋਰਾਂ ਅਤੇ ਠੱਗਾਂ ਨੂੰ ਫੜ ਲੈਂਦੇ (ਅਥਵਾ ਚੋਰਾਂ ਨੂੰ ਚੁਗਕੇ ਫੜਦੇ ਹਨ)। ੫.ਜਾਗਣ ਵਾਲੇ ਘਰ ਬਚਾ ਲੈਂਦੇ ਅਰ ਵਿਚਾਰੇ ਸੁੱਤੇ ਹੋਏ ਘਰ ਲੁਟਾ ਬੈਠਦੇ ਹਨ। ੬.ਸ਼ਾਹ ਲੋਕ

ਅਪਣੇ ਘਰਾਂ ਵਿਖੇ (ਆਨੰਦ ਕਰਦੇ) ਆਉਂਦੇ ਹਨ, ਚੋਰਾਂ ਯਾਰਾਂ ਨੂੰ ਥਾਂ ਮਾਰਦੇ ਹਨ। ੭.ਭਲੇ ਬੁਰੇ ਸੰਸਾਰ ਵਿਖੇ (ਐਉਂ) ਵਰਤ ਰਹੇ ਹਨ।

**ਭਾਵ**-ਗੁਰੂ ਜੀ ਦੇ ਬਚਨਾਂ ਪੁਰ ਅਮਲ ਕਰਕੇ ਭਲੇ ਲੋਕ ਜਾਗ ਪੈਂਦੇ ਹਨ, ਬੁਰਿਆਂ ਚੋਰਾਂ ਥੋਂ ਧਨ ਬਚਾਉਂਦੇ ਅਰ ਬੁਰੇ ਲੋਕ ਅਗ੍ਯਾਨ ਨਿੰਦ੍ਰਾ ਵਿਖੇ ਗੂੜ੍ਹੇ ਸੌਂਕੇ ਆਪਣਾ ਦੈਵੀ ਸੰਪਦਾ ਦਾ ਧਨ ਲੁਟਾ ਬੈਠਦੇ ਹਨ ਤੇ ਪਿੱਛੋਂ ਗੋਡਿਆਂ ਪੁਰ ਅਫਸੋਸ ਦਾ ਹੱਥ ਮਾਰਕੇ ਪਿੱਟਦੇ ਹਨ।

## ੮. (ਸੰਗ ਸੁਭਾਉ)।

੧. ਮਉਲੇ ਅੰਬ ਬਸੰਤ ਰੁਤਿ ਅਉੜੀ ਅਕੁ ਸੁ ਫੁਲੀ ਭਰਿਆ।
੨. ਅੰਬਿ ਨ ਲਗੈ ਖਖੜੀ ਅਕਿ ਨ ਲਗੈ ਅੰਬੁ ਅਫਰਿਆ।
੩. ਕਾਲੀ ਕੋਇਲ ਅੰਬ ਵਣਿ ਅਕਿਤਿਡੁ ਚਿਤੁ ਮਿਤਾਲਾ ਹਰਿਆ।
੪. ਮਨ ਪੰਖੇਰੂ ਬਿਰਖ ਭੇਦੁ ਸੰਗ ਸੁਭਾਉ ਸੋਈ ਫਲੁ ਧਰਿਆ।
੫. ਗੁਰਮਤਿ ਡਰਦਾ ਸਾਧ ਸੰਗਿ ਦੁਰਮਤਿ ਸੰਗਿ ਅਸਾਧ ਨ ਡਰਿਆ।
੬. ਭਗਤਿ ਵਛਲੁ ਭੀ ਆਖੀਐ ਪਤਿਤ ਉਧਾਰਣਿ ਪਤਿਤ ਉਧਰਿਆ।
੭. ਜੋ ਤਿਸੁ ਭਾਣਾ ਸੋਈ ਤਰਿਆ ॥੮॥

**ਪਦਾਰਥ**-(ਅਉੜੀ=ਸੁੱਕੀ ਰੁਤੇ। ਅਫਰਿਆ=ਅਫਲਿਆ, ਬਹੁਤਾ। ਅਕਿਤਿਡੁ=ਅਕਟਿੱਡਾ। ਮਿਤਾਲਾ=ਮਿੱਤ੍ਰ।)

**ਅਰਥ**-੧.ਅੰਬ ਬਸੰਤ ਦੀ ਰੁਤ ਵਿਖੇ ਮੌਲਦਾ ਅਰ ਅੱਕ 'ਅਉੜੀ' (ਸੁੱਕੀ ਬਹਾਰ ਅਰਥਾਤ ਧੁੱਪਾਂ ਵਿਖੇ ਜਾਂ ਕਾਲ ਵਿਖੇ) ਫਲਾਂ ਨਾਲ ਭਰੀਦਾ ਹੈ। ੨.ਅੰਬ ਨੂੰ ਖੱਖੜੀਆਂ ਨਹੀਂ ਲਗਦੀਆਂ, ਅੱਕ ਨਾਲ ਅੰਬਾਂ ਦੇ ਫਲ ਨਹੀਂ ਲਗਦੇ (ਉਹ ਫਲਿਆ ਬੀ) ਅਫਲਿਆ ਹੈ, (ਭਾਵ ਆਪੋ ਆਪਣਾ ਸੁਭਾਵ ਵਰਤਦੇ ਹਨ)। ੩.ਕਾਲੀ ਕੋਇਲ ਅੰਬ ਦੇ ਬੂਟੇ ਨੂੰ ਪਸਿੰਦ ਰਖਦੀ ਹੈ, ਅਕਤਿੱਡੇ ਦਾ ਚਿੱਤ (ਅੱਕ) ਮਿੱਤ੍ਰ ਨੇ ਹਰ ਲੀਤਾ ਹੈ। ੪.(ਦ੍ਰਿਸ਼ਟਾਂਤ) ਮਨ ਪੰਛੀ ਹੈ ਬਿਰਛਾਂ ਦੇ (ਸੰਗਤ ਦੇ)ਭੇਦ ਕਰਕੇ ਜਿਹੀ ਸੰਗਤ ਦਾ ਸੁਭਾਉ ਹੁੰਦਾ ਹੈ ਤਿਹਾ ਹੀ ਫਲ ਖਾਦਾਂ ਹੈ। (ਯਥਾ:-"**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ॥ ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥**") (ਸ: ਕਬੀ-੮੬) ੫.ਗੁਰਮਤਿ ਵਾਲਾ ਸਾਧ ਸੰਗਤ ਨਾਲ ਮਿਲਕੇ (ਵਾਹਿਗੁਰੂ ਤੋਂ) ਡਰਦਾ ਰਹਿੰਦਾ ਹੈ, ਦੁਰਮਤਿਵਾਲਾ ਅਸਾਧਾਂ (ਅਰਥਾਤ ਬੁਰਿਆਂ) ਦੀ ਸੰਗਤ ਥੋਂ ਡਰਦਾ ਨਹੀਂ ਹੈ। ੬.(ਪਰਮੇਸ਼ਰ) ਭਗਤ ਵੱਛਲ ਬੀ ਕਹੀਦਾ ਹੈ ਅਰ ਪਤਿਤ ਉਧਾਰਣ ਭੀ ਉਸ ਦਾ ਨਾਮ ਹੈ। ੭.ਜੋ ਉਸ ਨੂੰ ਭਾਉਂਦਾ ਹੈ ਉਹੋ ਤਰ ਜਾਂਦਾ ਹੈ।

ਸੂਚਨਾ=ਹੁਣ ਸ਼ੰਕਾ ਹੁੰਦੀ ਹੈ ਕਿ ਜੇ ਪਰਮੇਸ਼ਰ ਪਤਿਤ ਉਧਾਰਨ ਹੈ ਤਾਂ ਫੇਰ ਪਾਪ ਕਰਨ ਦਾ ਕੀ ਡਰ ਹੈ? ਕਿਉਂ ਜੋ ਪਾਪੀਆਂ ਨੂੰ ਤਾਰ ਸਕਦਾ ਹੈ। ਇਸ ਦਾ ਉੱਤਰ ਦੇਂਦੇ ਹਨ।

## ੯. (ਪੂਤਨਾ)

੧. ਜੇਕਰ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ।
੨. ਗਨਿਕਾ ਉਧਰ ਆਖੀਐ ਪਰਿ ਘਰਿ ਜਾਇ ਨ ਲਈਐ ਪੰਗਾ।
੩. ਬਾਲਮੀਕੁ ਨਿਸਤਾਰਿਆ ਮਾਰੈ ਵਾਟ ਨ ਹੋਇ ਨਿਸੰਗਾ।
੪. ਫੰਧਿਕ ਉਧਰੈ ਆਖੀਅਨਿ ਫਾਹੀ ਪਾਇ ਨ ਫੜੀਐ ਟੰਗਾ।
੫. ਜੇ ਕਾਸਾਈ ਉਧਰਿਆ ਜੀਆ ਘਾਇ ਨ ਖਾਈਐ ਭੰਗਾ।
੬. ਪਾਰਿ ਉਤਾਰੈ ਬੋਹਿਥਾ ਸੁਇਨਾ ਲੋਹੁ ਨਾਹੀ ਇਕ ਰੰਗਾ।

੭. ਇਤੁ ਭਰਵਾਸੈ ਰਹਣੁ ਕੁਢੰਗਾ ॥੯॥

**ਪਦਾਰਥ**-(ਵਿਹੁ ਪੀਆਲਣੁ ਕੰਮ ਨ ਚੰਗਾ=(ਲੋਕਾਂ ਨੂੰ) ਜ਼ਹਿਰ ਪਿਆਲਣੀ ਚੰਗੀ ਨਹੀਂ।
(ਪੰਗਾ=ਦਾਗ, ਕਲੰਕ, ਕੰਡਾ। ਭੰਗਾ=ਹਾਨੀ ਹੈ।)

**ਅਰਥ**-੧.(ਭਾਵੇਂ) ਪੂਤਨਾ (ਰਾਖਸ਼ੀ ਕ੍ਰਿਸ਼ਨ ਨੂੰ ਜ਼ਹਿਰੀਲਾ ਥਣ ਪਿਲਾਉਣ ਗਈ) ਮੁਕਤ ਹੋ ਗਈ ਸੀ, ਪਰੰਤੂ ਵਿਹੁ ਪਿਆਉਣਾ ਕੰਮ ਚੰਗਾ ਨਹੀਂ ਹੋ ਗਿਆ। ੨.ਵੇਸ਼ਵਾ ਦਾ ਮੁਕਤ ਹੋਣਾ ਸੁਣਕੇ ਪਰਾਏ ਘਰਾਂ ਵਿਖੇ ਜਾ ਕੇ ਪਾਪਾਂ ਦਾ ਕਲੰਕ ਨਾ ਲਈਏ (ਕਿ ਵੇਸਵਾ ਵਾਂਗੂੰ ਸਾਡੀ ਭੀ ਕਲਿਆਨ ਹੋ ਜਾਊ)। ੩.ਬਾਲਮੀਕ(ਨੂੰ ਰੱਖ ਨੇ) ਤਾਰ ਦਿੱਤਾ ਹੈ, (ਹੁਣ) ਨਿਰਸੰਦੇਹ ਹੋਕੇ ਧਾੜੇ ਮਾਰਨੇ ਨਹੀਂ ਚਾਹੀਏ। ੪.ਇਕ ਫੰਧਕ (ਚਿੜੀ ਮਾਰ ਅੰਤ ਨੂੰ) ਉਧਰਿਆ ਦੇਖਕੇ ਫਾਹੀਆਂ ਪਾ ਕੇ (ਚਿੜੀਆਂ ਦੀਆਂ) ਟੰਗਾਂ ਨਾ ਫੜੀਏ (ਭਾਵ ਦੁਖ ਨਾ ਦੇਈਏ)। ੫.ਜੇਕਰ (ਸਧਨਾਂ) ਕਸਾਈ ਮੁਕਤ ਹੋ ਗਿਆ ਹੈ, (ਉਸ ਦੀ ਰੀਸੇ) ਜੀਆਂ ਨੂੰ ਮਾਰਕੇ ਭੰਗ ਨ ਖਾਈਏ (ਭਾਵ ਆਪਣੀ ਹਾਨੀ ਜਾਂ ਨਾਸ਼ ਨਾਂ ਕਰੀਏ)। ੬.ਜਹਾਜ਼ ਲੋਹੇ ਅਤੇ ਸੋਨੇ (ਦੋਹਾਂ) ਨੂੰ ਪਾਰ ਕਰ ਦੇਂਦਾ ਹੈ, (ਪਰ ਲੋਹਾ ਸੋਨਾ) ਇਕ ਰੰਗ ਨਹੀਂ ਹਨ। ੭.ਇਸ (ਉਕਤ) ਭਰੋਸੇ ਪੁਰ ਰਹਿਣਾ ਮਾੜਾ ਕੰਮ ਹੈ।

**ਭਾਵ**-ਪਤਿਤ ਉਧਾਰਨ ਬਿਰਦ ਪਰਮੇਸ਼ੁਰ ਦਾ ਇਸ ਲਈ ਨਹੀਂ ਕਿ ਲੋਕੀਂ ਪਾਪ ਕਰਦੇ ਜਾਣ ਅਰ ਅਪਰਾਧਾਂ ਵਿਚ ਦਲੇਰ ਹੋ ਜਾਣ, ਪਤਿਤ ਉਧਾਰਣ ਬਿਰਦ ਦਾ ਭਾਵ ਇਹ ਹੈ ਕਿ ਪਾਪੀ ਜਦ ਆਪ ਨੂੰ ਪਾਪੀ ਸਮਝਦਾ ਤੇ ਪਛੁਤਾਉਂਦਾ ਹੈ, ਤਦੋਂ ਪਰਮੇਸ਼ੁਰ ਪਿਤਾ ਵਤ ਦਿਆਲ ਹੋ ਕੇ ਉਸ ਨੂੰ ਖਖਸ਼ ਲੈਂਦਾ ਹੈ। ਇਹ ਬਿਰਦ ਇਸ ਲਈ ਹੈ ਕਿ ਗੁਨਾਹਗਾਰ ਲੋਕ ਜਦ ਸਿੱਧੇ ਰਸਤੇ ਪੈਣ ਤਾਂ ਇਸ ਬਿਰਦ ਦਾ ਆਸਰਾ ਉਹਨਾਂ ਨੂੰ ਨਿਰਾਸ ਨਾ ਹੋਣ ਦੇਵੇ ਅਰ ਨਿਰਾਸ ਹੋ ਕੇ ਫੇਰ ਡਿੱਗ ਪੈਣ ਤੋਂ ਕੱਢ ਲਵੇ। ਕਈ ਲੋਕ ਕਹਿੰਦੇ ਹਨ ਕਿ ਪਰਮੇਸ਼ੁਰ ਪਾਪ ਬਖਸ਼ ਨਹੀਂ ਸਕਦਾ, ਇਹ ਉਸ ਭੁੱਲ ਕੱਟਨ ਵਾਸਤੇ ਭੇਤ ਗੁਰਾਂ ਨੇ ਦੱਸਿਆ ਹੈ ਕਿ ਪਰਮੇਸ਼ੁਰ ਨੂੰ ਪਤਿਤਾਂ ਦੇ ਉਧਾਰ ਦੀ ਪੂਰੀ ਸਮਰੱਥਾ ਹੈ, ਪਰ ਇਸ ਦਾ ਇਹ ਅਰਥ ਨਹੀਂ ਕਿ ਜੇ ਇਕ ਵੇਸਵਾ ਪਰਮੇਸ਼ੁਰ ਦਾ ਜਸ ਸੁਣਕੇ ਪਛੁਤਾਈ ਅਰ ਭਲੇ ਰਸਤੇ ਆਈ, ਉਹ ਬਖਸ਼ੀ ਗਈ ਤਾਂ ਸਾਰੀਆਂ ਵੇਸਵਾਂ ਲਈ ਸੁਰਗ ਦਾ ਬੂਹਾ ਖੁਲ੍ਹ ਗਿਆ ਹੈ, ਇਸ ਬਿਰਦ ਤੋਂ ਸੱਚੇ ਪਛੁਤਾਵੇ ਵਾਲੇ ਲਾਭ ਉਠਾਉਂਦੇ ਹਨ। ਇਹੋ ਭਾਈ ਸਾਹਿਬ ਜੀ ਦਾ ਭਾਵ ਹੈ ਕਿ ਇਹ ਬਿਰਦ ਸਮੁੰਦਰ ਵਿਚ ਲਾਲਟੈਣ ਹੈ, ਏਹ ਬਦੀ ਲਈ ਦਲੇਰ ਕਰਨ ਦਾ ਪਟੜਾ ਨਹੀਂ ਹੈ।

## ੧੦. (ਪਾਪ ਦੀ ਰੀਸ ਬੁਰੀ ਹੈ)।

੧. ਪੈ ਖਾਜੂਰੀ ਜੀਵੀਐ ਚੜਿ ਖਾਜੂਰੀ ਝੜਉ ਨ ਕੋਈ।
੨. ਉਝੜਿ ਪਇਆ ਨ ਮਾਰੀਐ ਉਝੜੁ ਰਾਹੁ ਨ ਚੰਗਾ ਹੋਈ।
੩. ਜੇ ਸਪ ਖਾਧਾ ਉਬਰੇ ਸਪੁ ਨ ਫੜੀਐ ਅੰਤਿ ਵਿਗੋਈ।
੪. ਵਹਣਿ ਵਹੰਦਾ ਨਿਕਲੈ ਵਿਣੁ ਤੁਲਹੇ ਡੁਬਿ ਮਰੇ ਭਲੋਈ।
੫. ਪਤਿਤ ਉਧਾਰਣੁ ਆਖੀਐ ਵਿਰਤੀ ਹਾਣੁ ਜਾਣੁ ਜਾਣੋਈ।
੬. ਭਾਉ ਭਗਤਿ ਗੁਰਮਤਿ ਹੈ ਦੁਰਮਤਿ ਦਰਗਹ ਲਹੈ ਨ ਢੋਈ।
੭. ਅੰਤਿ ਕਮਾਣਾ ਹੋਇ ਸਥੋਈ ॥੧੦॥

**ਪਦਾਰਥ**-(ਪੈ ਖਾਜੂਰੀ=ਖਜੂਰ ਤੋਂ ਡਿੱਗਕੇ। ਝੜਉ ਨ ਕੋਈ=ਡਿੱਗੇ ਨ ਕੋਈ।
(ਸਪ ਖਾਧਾ=ਸੱਪ ਦਾ ਕੱਟਿਆ ਵਿਰਤੀ ਹਾਣੁ=ਪ੍ਰਸੰਗ।
(ਜਾਣ ਜਾਣੋਈ=ਜਾਣਨ ਵਾਲੇ ਜਾਣਦੇ ਹਨ ਜਾਂ ਜਿਨ੍ਹਾਂ ਨਾਲ ਵਰਤੀ ਹੈ)

**ਅਰਥ**-੧.ਜੇਕਰ ਖਜੂਰ ਤੋਂ ਡਿੱਗਕੇ ਜਿਉਂਦੇ ਭੀ ਰਹਿ ਜਾਈਏ ਤਾਂ ਭੀ ਖਜੂਰ ਪੁਰ ਚੜ੍ਹਕੇ ਕੋਈ (ਜਾਣਕੇ) ਨਾ ਡਿੱਗੇ। ੨.ਜੇਕਰ ਉਜਾੜ ਵਿਚੋਂ ਬਚਕੇ ਆ ਜਾਈਏ ਤਾਂ ਭੀ ਉਜਾੜ ਦਾ ਰਸਤਾ ਚੰਗਾ ਨਹੀਂ ਹੋ ਜਾਂਦਾ (ਜੋ ਫੇਰ ਟੱਪਦੇ ਜਾਈਏ)। ੩.ਜੇਕਰ ਸੱਪ ਦੇ ਡੰਗੋਂ ਬਚ ਭੀ ਰਹੀਏ ਤਾਂ ਵੀ ਉਸ ਨੂੰ ਹੱਥ ਪਾਉਣਾ ਚੰਗਾ ਨਹੀਂ । ੪.ਜੇ ਵਹਿਣ ਵਹਿੰਦੇ ਵਿਚੋਂ ਕੋਈ ਨਿਕਲ ਭੀ ਆਵੇ ਤਾਂ ਭੀ ਤੁਲਹੇ ਬਿਨਾਂ (ਫੇਰ ਉਸ ਵਿਚ ਜਾਣ ਨਾਲੋਂ )ਮਰਨਾਂ ਹੀ ਚੰਗਾ ਹੈ, (ਭਾਵ ਤੁਲਹੇ ਬਾਝ ਨਾ ਤਰੋ, ਜ਼ਰੂਰ ਮਰੋਗੇ)। ੫.ਪਤਿਤ ਉਧਾਰਣ ਅਕਾਲ ਪੁਰਖ ਹੈ ਇਸ ('ਵਿਰਤੀਹਾਣ') ਪ੍ਰਸੰਗ ਨੂੰ ਜਾਣਨਹਾਰੇ ਜਾਣਦੇ ਹਨ। ੬.ਪ੍ਰੇਮਾ ਭਗਤੀ ਕਰਨੀ ਗੁਰੂ ਦੀ (ਮੱਤ) ਸਿੱਖਿਆ ਹੈ, ਦੁਰਮਤ ਕਰਕੇ ਦਰਗਾਹ ਵਿਖੇ ਆਸ਼੍ਰਯ ਨਹੀਂ ਮਿਲਦਾ ਹੈ। ੭.ਕਰਮ ਹੀ ਅੰਤ ਨੂੰ ਸਾਥ ਚਲਦਾ ਹੈ ('ਚਲ ਕਮਾਣਾ ਸਾਥ', ਗੱਲ ਕੀ ਖੋਟੇ ਪਾਸਿਆਂ ਨੂੰ ਛੱਡਕੇ ਗੁਰਮਤ ਲੈਕੇ ਦੁਰਮਤ ਦੂਰ ਕਰੋ, ਪਾਪੀਆਂ ਦੇ ਤਾਰਕ ਈਸ਼੍ਵਰ ਪੁਰ ਭਰੋਸਾ ਰੱਖਕੇ ਸ਼ੁਭ ਕਰਮਾਂ ਪੁਰ ਲੱਕ ਬੰਨ੍ਹੀ ਰੱਖੋ)।

**ਭਾਵ**-ਏਥੇ ਭੀ ਉਹੋ ਭਾਵ ਖੋਲ੍ਹਿਆ ਹੈ ਕਿ ਜੇ ਕਦੀ ਕੋਈ ਕਿਸੇ ਦੁੱਖ ਵਿਚ ਅਨਭੋਲ ਪੈਕੇ ਉਸ ਦੁਖੋਂ ਬਚ ਜਾਏ ਤਾਂ ਇਹ ਸਿੱਧ ਨਹੀਂ ਹੋ ਗਿਆ ਕਿ ਉਹ ਦੁੱਖ ਸੁਖ ਵਿਚ ਪਲਟ ਗਿਆ ਹੈ, ਇਸੇ ਤਰ੍ਹਾਂ ਜੇ ਕੋਈ ਪਾਪੀ ਤਰ ਗਿਆ ਤਾਂ 'ਪਾਪ' 'ਪੁੰਨ' ਨਹੀਂ ਬਣ ਗਿਆ ਅਰ ਕਰਨੇ ਲਾਇਕ ਕਰਮ ਨਹੀਂ ਹੋ ਗਿਆ, ਤਾਂ ਤੇ ਇਸ ਹੌਸਲੇ ਪਰ ਪਾਪ ਨਾ ਕਰੋ।

## ੧੧. (ਗੁਰਮੁਖ ਮਨਮੁਖ ਦਾ ਫਰਕ ਗੁਣਾਂ ਕਰਕੇ)।

੧. ਥੋਮ ਕਥੂਰੀ ਵਾਸ ਜਿਉ ਜੰਚਨੁ ਲੋਹੁ ਨਹੀਂ ਇਕ ਵੰਨਾ।
੨. ਫਟਕ ਨ ਹੀਰੇ ਤੁਲਿ ਹੈ ਸਮਸਰਿ ਨੜੀ ਨ ਵੜੀਐ ਗੰਨਾ।
੩. ਤੁਲਿ ਨ ਰਤਨਾ ਰਤਕਾ ਮੁਲਿ ਨ ਕਚੁ ਵਿਕਾਵੇ ਪੰਨਾ।
੪. ਦੁਰਮਤਿ ਘੁੰਮਣ ਵਾਣੀਐ ਗੁਰਮਤਿ ਸੁਕ੍ਰਿਤੁ ਬੋਹਿਥੁ ਬੰਨਾ।
੫. ਨਿੰਦਾ ਹੋਵੈ ਬੁਰੇ ਦੀ ਜੈ ਜੈ ਕਾਰ ਭਲੇ ਧੰਨੁ ਧੰਨਾ।
੬. ਗੁਰਮੁਖਿ ਪਰਗਟੁ ਜਾਣੀਐ ਮਨਮੁਖ ਸਚੁ ਰਹੈ ਪਰਛੰਨਾ।
੭. ਕੰਮਿ ਨ ਆਵੈ ਭਾਂਡਾ ਭੰਨਾ ॥੧੧॥

**ਪਦਾਰਥ**-(ਵੜੀਐ=ਵਡਿਆਈਦਾ। ਘੁੰਮਣ ਵਾਣੀਐ=(ਤਿੰਨਾਂ ਗੁਣਾਂ ਦੀ) ਘੁੰਮਣਘੇਰੀ। (ਸੁਕ੍ਰਿਤੁ=ਭਲੇ ਕਰਮ। ਪਰਛੰਨਾ=ਭਿੰਨ, ਛੁਪਿਆ ਹੋਇਆ।)

**ਅਰਥ**-੧.ਸੋਨਾ ਅਤੇ ਲੋਹਾ ਇਕ ਰੰਗ ਦੇ ਨਹੀਂ ਹੋ ਸਕਦੇ, ਜਿੱਕੁਰ ਕਸਤੂਰੀ ਅਤੇ ਥੋਮ ਦੀ ਵਾਸ਼ਨਾਂ (ਇਕੋ ਜਿਹੀ ਨਹੀਂ ਹੁੰਦੀ)। ੨.ਬਿਲੌਰੀ ਪੱਥਰ ਹੀਰੇ ਦੇ ਸਮਾਨ ਨਹੀਂ ਹੋ ਸਕਦਾ ਅਰ ਨੜੀ ਅਤੇ ਗੰਨਾ ਸਮਾਨ ਨਹੀਂ ਵਡਿਆਈਦੇ। ੩.ਰਤਨ ਅਤੇ ਲਾਲੜੀਆਂ, ਕੱਚ ਅਤੇ ਪੰਨਾ ਇਕ ਮੁੱਲ ਨਹੀਂ ਵਿਕਦੇ। ੪.(ਅਜਿਹਾ ਹੀ) ਦੁਰਮਤ (ਰਜੋ, ਸਤੋ, ਤਮੋ ਤਿੰਨਾਂ ਗੁਣਾਂ ਦੀ) ਘੁੰਮਣ ਵਾਣੀ ਤੇ ਗੁਰੂ ਦੀ ਸਿਖਯਾ ਜੋ ਭਲੇ ਕਰਮਾਂ ਦਾ ਜਹਾਜ਼ ਹੈ (ਅਰ ਪਾਰ ਦਾ) ਬੰਨਾ ਹੈ, (ਦੋਵੇਂ ਕਦੇ ਇਕ ਨਹੀਂ ਹੋ ਸਕਦੇ)। ੫.ਬੁਰਾ ਕਰਨਹਾਰੇ ਦੀ ਨਿੰਦਾ ਹੁੰਦੀ ਹੈ ਅਰ ਭਲੇ ਪੁਰਖ ਦੀ ਜੈ ਜੈ ਕਾਰ ਕਰਕੇ ਸਾਰੇ ਧੰਨ ਧੰਨ ਆਖਦੇ ਹਨ। ੬.ਗੁਰਮੁਖ ਸਾਰੇ ਪਰਗਟ ਜਾਣੀਦੇ ਹਨ, ਮਨਮੁਖ ਨਿਸ਼ਚੇ ਕਰਕੇ ('ਪਰਛਿੰਨਾ') ਲੁਕਿਆ ਹੋਇਆ (ਅਥਵਾ ਸਤਿਸੰਗਤ ਥੋਂ ਭਿੰਨ ਰਹਿੰਦਾ) ਹੈ (ਕਿਉਂ ਜੋ) ੭.ਭੰਨੇ ਹੋਏ ਭਾਂਡੇ (ਵਾਂਙੂੰ) ਕੰਮ ਨਹੀਂ ਆਉਂਦਾ।

**ਭਾਵ**-ਗੁਰਮੁਖ ਮਨਮੁਖ ਦਾ ਮੁਕਾਬਲਾ ਦ੍ਰਿਸ਼ਟਾਂਤਾਂ ਪੂਰਬਕ ਦੱਸਿਆ ਹੈ।

## ੧੨. (ਉਹੋ ਹੀ, ਕਰਨੀ ਕਰਕੇ)।

੧. ਇਕ ਵੇਚਨਿ ਹਥਿਆਰ ਘੜਿ ਇਕ ਸਵਾਰਨਿ ਸਿਲਾ ਸੰਜੋਆ।
੨. ਰਣ ਵਿਚਿ ਘਾਉ ਬਚਾਉ ਕਰਿ ਦੁਇ ਦਲ ਨਿਤਿ ਉਠਿ ਕਰਦੇ ਢੋਆ।
੩. ਘਾਇਲ ਹੋਇ ਨੰਗਾਸਣਾ ਬਖਤਰ ਵਾਲਾ ਨਵਾਂ ਨਿਰੋਆ।
੪. ਕਰਨਿ ਗੁਮਾਨੁ ਕਮਾਨਗਰ ਖਾਨ ਜਰਾਦੀ ਬਹੁਤੁ ਬਖੋਆ।
੫. ਜਗ ਵਿਚਿ ਸਾਧ ਅਸਾਧ ਸੰਗੁ ਸੰਗ ਸੁਭਾਇ ਜਾਇ ਫਲੁ ਭੋਆ।
੬. ਕਰਮ ਸੁ ਧਰਮ ਅਧਰਮ ਕਰਿ ਸੁਖ ਦੁਖ ਅੰਦਰਿ ਆਇ ਪਰੋਆ।
੭. ਭਲੇ ਬੁਰੇ ਜਸੁ ਅਪਜਸੁ ਹੋਆ ॥੧੨॥

**ਪਦਾਰਥ**-(ਸਿਲਾ ਸੰਜੋਆ=ਕਵਚ, ਜ਼ਿਰਹ ਬਖ਼ਤਰ। ਢੋਆ-ਮੁੱਠ ਭੇੜ। ਨੰਗਾਸਣਾ=ਨੰਗੇ, (ਜਿਨ੍ਹਾਂ ਦੇ ਸਰੀਰ ਦੇ ਮਰਮ ਅਸਥਾਨ ਲੋਹੇ ਦੇ ਕਪੜਿਆਂ ਨਾਲ ਕੱਜੇ ਨਹੀਂ ਹੋਏ। (ਜਰਾਦੀ=ਕਮਾਨ ਜਾਤੀ, ਜੋ ਚੰਗੀ ਹੁੰਦੀ ਹੈ। ਫਲੁ ਭੋਆ=ਫਲ ਦਾ ਭੇਦ ਹੈ।)

**ਅਰਥ**-੧.ਇਕ ਹਥਿਆਰ ਘੜਕੇ ਵੇਚਦੇ, ਦੂਜੇ ਲੋਕ ਕਵਚਾਂ ਸਵਾਰਦੇ (ਮਾਂਜਦੇ) ਹਨ (ਸਿਕਲੀਗਰ ਹਨ)। ੨.ਦੋਵੇਂ ਦਲ ਰਣ ਵਿਚ ਨਿਤ ਉਠਦੇ (ਆਪੋ ਵਿਚ) ਮੁਠਭੇੜ ਕਰਕੇ ਘਾਵਾਂ ਦਾ ਬਚਾਉ ਕਰਦੇ ਹਨ। ੩.ਜਿਹੜੇ ('ਨੰਗਾਸਣਾਂ') ਕਵਚਾਂ ਥੋਂ ਬਾਝ ਹਨ ਜ਼ਖਮੀ ਹੁੰਦੇ ਹਨ, (ਦੂਜੇ) ਬਖਤਰਾਂ ਵਾਲੇ ਨੌ-ਬਰ-ਨੌ ਰਹਿੰਦੇ ਹਨ। ੪.ਕਮੱਗ੍ਰ ਲੋਕ (ਸ਼ਸਤ੍ਰ ਬਣਾਉਣ ਵਾਲੇ) ਹੰਕਾਰ ਕਰਦੇ ਹਨ ਕਿ 'ਖਾਨ ਜਰਾਦੀ' ਜਾਤ ਦੀ ਕਮਾਨ ('ਬਹੁਤ ਬਖੋਆ') ਬਹੁਤ ਚੰਗੀ ਹੈ। ੫.ਜਗ ਵਿਖੇ ਸਾਧ ਅਤੇ ਅਸਾਧ ਦੋ ਸੰਗਤਾਂ ਹਨ, ਦੁਹਾਂ ਦੀ ਸੰਗਤ ਵਿਖੇ ਫਲ ਦਾ (ਢੋਆ) ਭੇਦ ਹੈ (ਚੰਗਿਆਂ ਵਿਖੇ ਚੰਗਾ, ਮੰਦਿਆਂ ਵਿਖੇ ਮੰਦਾ ਫਲ ਹੁੰਦਾ ਹੈ)। ੬.(ਇਸ ਕਰਕੇ) ਧਰਮ ਅਤੇ ਅਧਰਮ ਦੇ ਕਰਨ ਕਰਕੇ (ਪ੍ਰਾਣੀ) ਸੁਖ ਦੁਖ ਵਿਖੇ ਪ੍ਰੋਇਆ ਰਹਿੰਦਾ ਹੈ, (ਧਰਮਾਂ ਦਾ ਫਲ ਸੁਖ ਅਤੇ ਅਧਰਮ ਦਾ ਫਲ ਦੁਖ ਭੋਗਦਾ ਹੈ)। ੭.ਭਲੇ ਦਾ ਜਸ ਅਤੇ ਬੁਰੇ ਦਾ ਅਪਜਸ ਹੁੰਦਾ ਹੈ, (ਤਾਂਤੇ ਸ਼ੁਭ ਕਰਮ ਕਰਨਾ ਹੀ ਸ੍ਰੇਸ਼ਟ ਕਹਿੰਦੇ ਹਨ, ਜਸ ਜੀਵਣ ਅਪਜਸ ਮਰਣ ਹੈ)।

**ਭਾਵ**-ਇਕ ਪੀੜ ਦੇਣ ਦਾ ਸਾਮਾਨ ਕਰਦੇ ਹਨ। ਇਕ ਪੀੜ ਤੋਂ ਬਚਾਉ ਦਾ ਸਾਮਾਨ ਕਰਦੇ ਹਨ। ਦੋਵੇਂ ਆਪਣੀ ਕਰਨੀ ਅਨੁਸਾਰ ਜਸ ਤੇ ਅਪਜਸ ਦੇ ਭਾਗੀ ਹੁੰਦੇ ਹਨ।

## ੧੩. (ਉਹੋ ਹੀ)

੧. ਸਤੁ ਸੰਤੋਖੁ ਦਇਆ ਧਰਮੁ ਅਰਥ ਸੁਗਰਬੁ ਸਾਧ ਸੰਗਿ ਆਵੈ।
੨. ਕਾਮੁ ਕਰੋਧੁ ਅਸਾਧ ਸੰਗਿ ਲੋਭੁ ਮੋਹੁ ਅਹੰਕਾਰੁ ਮਚਾਵੈ।
੩. ਦੁਕ੍ਰਿਤ ਸੁਕ੍ਰਿਤ ਕਰਮ ਕਰਿ ਬੁਰਾ ਭਲਾ ਹੁਇ ਨਾਉ ਧਰਾਵੈ।
੪. ਗੋਰਸੁ ਗਾਈ ਖਾਇ ਖੜੁ ਇਕੁ ਇਕੁ ਜਣਦੀ ਵਗੁ ਵਧਾਵੈ।
੫. ਦੁਧਿ ਪੀਤੈ ਵਿਹੁ ਦੇਇ ਸਪ ਜਣਿ ਜਣਿ ਬਹਲੇ ਬਚੇ ਖਾਵੈ।
੬. ਸੰਗ ਸੁਭਾਉ ਸਾਧ ਅਸਾਧ ਪਾਪੁ ਪੁੰਨੁ ਦੁਖੁ ਸੁਖੁ ਫਲੁ ਪਾਵੈ।
੭. ਪਰਉਪਕਾਰ ਵਿਕਾਰ ਕਮਾਵੈ॥੧੩॥

**ਪਦਾਰਥ**-(ਸੁਗਰਥ=ਸ੍ਰੇਸ਼ਟ ਪਦਾਰਥੁ। ਖੜੁ=ਘਾਹ।)

**ਅਰਥ**-੧.ਸਾਧ ਸੰਗਤ ਵਿਖੇ ਸਤ, ਸੰਤੋਖ, ਦਇਆ, ਧਰਮ, ਅਰਥ, ਸ੍ਰੇਸ਼ਟ ਪਦਾਰਥ ਪ੍ਰਾਪਤ ਹੁੰਦੇ ਹਨ। ੨.ਅਸਾਧਾਂ, ਨੀਚਾਂ ਦੀ ਸੰਗਤ ਵਿਖੇ ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ ('ਮਚਦੇ')ਵਧਦੇ ਹਨ।

੩.ਦੁੱਕ੍ਰਿਤ ਸੁੱਕ੍ਰਿਤ (ਖੋਟੇ ਤੇ ਭਲੇ ਕਰਮ) ਕਰਕੇ ਬੁਰਾ ਭਲਾ ਦੇ ਨਾਉਂ ਧਰਾਉਂਦੇ ਹਨ (ਅਰਥਾਤ ਕਰਮ ਨਾਮ ਪੈ ਜਾਂਦਾ ਹੈ)। ੪.ਗਊ ਘਾਹ ਖਾਕੇ ('ਗੋਰਸ'=ਗੋ+ਰਸ) ਦੁੱਧ ਦਿੰਦੀ ਹੈ ਅਤੇ ਹਰੇਕ ਗਊ ਜਣਕੇ 'ਵਗ' (ਆਪਣੀ ਕੁਲ) ਨੂੰ ਵਧਾਉਂਦੀ ਹੈ। ੫.ਸੱਪਣੀ ਦੁੱਧ ਪੀਕੇ ਵਿਹੁ ਦਿੰਦੀ ਹੈ। ਆਪਣੇ ਬਾਹਲੇ ਬੱਚੇ ਜਣ ਜਣਕੇ ਖਾਂਦੀ ਹੈ, (ਦ੍ਰਿਸ਼ਟਾਂਤ ਛੀਵੀਂ ਅਤੇ ਸੱਤਵੀਂ ਤੁਕ ਵਿਖੇ ਖੋਲਦੇ ਹਨ)। ੬.ਸਾਧਾਂ ਅਤੇ ਅਸਾਧਾਂ ਦੀ ਸੰਗਤ ਵਿਖੇ ਪਾਪ ਅਤੇ ਪੁੰਨ ਦੇ ਸੁਭਾਉ ਦਾ ਫਲ ਦੁਖ ਅਤੇ ਸੁਖ ਮਿਲਦਾ ਹੈ, (ਪਾਪ ਅਤੇ ਪੁੰਨ ਦਾ ਕੀ ਰੂਪ ਹੈ)। ੭.(ਗੁਰਮੁਖ ਲੋਕ ਆਪਣੇ ਕੰਮ ਵਿਗਾੜਕੇ ਭੀ ਬਿਗਾਨਾ ਸਵਾਰਦੇ ਹਨ) ਏਹ ਪਰਉਪਕਾਰ ਹੈ (ਅਰ ਦੁਸ਼ਟ ਲੋਕ ਦੂਜੇ ਦੇ ਕੰਮ ਵਿਚ ਵਿਘਨ ਪਾਉਂਦੇ ਹਨ) ਏਹ ਵਿਕਾਰ ਕਮਾਉਣਾ ਹੈ।

## ੧੪. (ਭਲਾ ਬੁਰਾ)।

੧. ਚੰਨਣੁ ਬਿਰਖੁ ਸੁਬਾਸੁ ਦੇ ਚੰਨਦੁ ਕਰਦਾ ਬਿਰਖ ਸਬਾਏ।
੨. ਖਹਦੇ ਵਾਂਸਹੁਂ ਅਗਿ ਧੁਖਿ ਆਪਿ ਜਲੈ ਪਰਵਾਰੁ ਜਲਾਏ।
੩. ਮੁਲਹ ਜਿਵੈ ਪੰਖੇਰੂਆ ਫਾਸੈ ਆਪਿ ਕੁਟੰਬੁ ਫਹਾਏ।
੪. ਅਸਟ ਧਾਤੁ ਹੁਇ ਪਰਬਤਹੁ ਪਾਰਸੁ ਕਰਿ ਕੰਚਨੁ ਦਿਖਲਾਏ।
੫. ਗਣਿਕਾ ਵਾੜੇ ਜਾਇਕੈ ਹੋਵਨਿ ਰੋਗੀ ਪਾਪ ਕਮਾਏ।
੬. ਦੁਖੀਏ ਆਵਨਿ ਵੈਦ ਘਰਿ ਦਾਰੂ ਦੇ ਦੇ ਰੋਗੁ ਮਿਟਾਏ।
੭. ਭਲਾ ਬੁਰਾ ਦੁਇ ਸੰਗ ਸੁਭਾਏ॥੧੪॥

**ਪਦਾਰਥ**-(ਮੁਲਹ=ਤਿਲੀਆਰ, ਬਟੇਰਾ। ਵਾੜੈ=ਵੇਹੜੇ।)

**ਅਰਥ**-੧.ਚੰਦਨ ਦਾ ਬ੍ਰਿਛ ਚੰਗੀ ਵਾਸ਼ਨਾਂ ਦੇਕੇ ਸਾਰੇ ਬ੍ਰਿਛਾਂ ਨੂੰ ਚੰਦਨ ਕਰ ਦਿੰਦਾ ਹੈ, (ਤਿਹਾ ਭਲੇ ਲੋਕ ਆਪ ਨਾਮ ਜਪਦੇ ਤੇ ਹੋਰਨਾਂ ਨੂੰ ਨਾਮ ਦੀ ਵਾਸ਼ਨਾ ਦਿੰਦੇ ਹਨ)। ੨.ਬਾਂਸ ਆਪੋ ਵਿਚ ਖਹਿੰਦੇ ਹਨ, ਅੱਗ ਦੇ ਧੁਖਣ ਨਾਲ ਆਪ ਸੜਕੇ ਪ੍ਰਵਾਰ ਨੂੰ ਸਾੜ ਬੈਠਦੇ ਹਨ (ਤਿਹਾ-ਬੁਰੇ ਆਪ ਨਾਸ਼ ਹੋਕੇ ਨਾਲਦਿਆਂ ਦਾ ਭੀ ਬੇੜਾ ਡੋਬਦੇ ਹਨ)। ੩.ਜਿੱਕੁਰ ਮੁਲਹੁ ਪੰਛੀ ਆਪ ਫਸਦਾ ਅਤੇ ਕੁਟੰਬ ਨੂੰ ਫਸਾਉਂਦਾ ਹੈ (ਤਿਹਾ ਬੁਰੇ ਲੋਕ ਆਪ ਫਸਕੇ ਸਾਥੀਆਂ ਨੂੰ ਫਸਾਉਂਦੇ ਹਨ)। ੪.ਪੱਥਰਾਂ ਵਿਚਿ ਅੱਠ ਧਾਤਾਂ ਹੁੰਦੀਆਂ ਹਨ, ਪਾਰਸ ਸਾਰੀਆਂ ਧਾਤਾਂ ਨੂੰ ਸੋਨਾ ਕਰ ਦਿੰਦਾ ਹੈ। (ਭਲੇ ਲੋਕ ਮੂਰਖਾਂ ਨੂੰ ਗਿਆਨ ਦੇਕੇ ਆਪ ਸਮਾਨ ਕਰਦੇ ਹਨ।) ੫.ਵੇਸ਼ਵਾ ਦੇ ਵੇਹੜੇ ਜਾਣ ਵਾਲੇ ਪਾਪ ਦਾ ਬੀਜ ਬੋਕੇ (ਆਪ) ਰੋਗੀ ਹੋ ਜਾਂਦੇ ਹਨ (ਬੁਰੇ ਬੁਰਾ ਕਰ ਦੁਖੀ ਹੁੰਦੇ ਹਨ)। ੬.ਫੇਰ ਦੁਖੀਏ ਵੈਦਾਂ ਦੇ ਘਰ ਆਉਂਦੇ ਹਨ, (ਵੈਦ) ਔਖਧੀਆਂ ਦੇਂਦੇ (ਉਨ੍ਹਾਂ ਦੇ) ਰੋਗ ਦੂਰ ਕਰਦੇ (ਭਾਵ ਬੁਰਿਆਂ ਦਾ ਭਲਾ ਕਰਦੇ ਹਨ)। ੭.ਭਲਾ ਤੇ ਬੁਰਾ ਦੋ ਸੰਗਤਾਂ ਦੇ ਸੁਭਾਉ (ਵਖੋ ਵਖਰੇ) ਹਨ, (ਭਲਾ ਭਲਾਈ ਅਰ ਬੁਰਾ ਬੁਰਾਈ ਥੋਂ ਪਰਖਿਆ ਜਾਂਦਾ ਹੈ)। (ਅਗੇ ਹੋਰ ਦ੍ਰਿਸ਼ਟਾਂਤ ਨਾਲ ਇਸੇ ਪ੍ਰਸੰਗ ਨੂੰ ਪੱਕਾ ਕਰਦੇ ਹਨ)।

## ੧੫. (ਭਲਾ ਬੁਰਾ)।

੧. ਭਲਾ ਸੁਭਾਉ ਮਜੀਠ ਦਾ ਸਹੈ ਅਵਟਣੁ ਰੰਗੁ ਚੜਾਏ।
੨. ਗੰਨਾ ਕੋਲੂ ਪੀੜੀਐ ਟਟਰਿ ਪਇਓਆ ਮਿਠਾਸੁ ਵਧਾਏ।
੩. ਤੁੰਮੇ ਅੰਮ੍ਰਿਤ ਸਿੰਜੀਐ ਕਉੜਤਣ ਦੀ ਬਾਣਿ ਨ ਜਾਏ।
੪. ਅਵਗੁਣ ਕੀਤੇ ਗੁਣ ਕਰੈ ਭਲਾ ਨ ਅਵਗੁਣ ਚਿਤਿ ਵਸਾਏ।
੫. ਗੁਣ ਕੀਤੇ ਅਉਗੁਣ ਕਰੈ ਬੁਰਾ ਨ ਮਨ ਅੰਦਰਿ ਗੁਣ ਪਾਏ।


www.sikhbookclub.com

੬. ਜੋ ਬੀਜੈ ਸੋਈ ਫਲੁ ਖਾਏ ॥੧੫॥

ਪਦਾਰਥ-(ਅਵਟਣੁ=ਕੜ੍ਹਨੀ। ਟਟਹਿ=ਕੜਾਹਾ। ਬਾਨਿ=ਸੁਭਾਉ।)

ਅਰਥ-੧.ਮਜੀਠ ਦਾ ਚੰਗਾ ਸੁਭਾਉ ਹੈ (ਕਿਉਂ ਜੋ ਅੱਗ ਦਾ) ਸੇਕ ਸਹਾਰਦਾ ਹੈ, (ਪਰ ਕਪੜੇ ਨੂੰ) ਰੰਗ ਹੀ ਚੜ੍ਹਾਉਂਦਾ ਹੈ। ੨.ਗੰਨਾ ਕੋਹਲੂ ਵਿਚ ਪੀੜਕੇ ਕੜਾਹੇ ਵਿਚ ਪਾਕੇ (ਭਾਵੇਂ) ਕਾੜ੍ਹੀਦਾ ਹੈ ਪਰ ਮਿਠਾਸ ਹੀ ਵਧਾਉਂਦਾ ਹੈ (ਭਾਵ ਭਲੇ ਲੋਕ ਅਵਗੁਣ ਕੀਤਿਆਂ ਭੀ ਉਪਕਾਰ ਹੀ ਕਰਦੇ ਹਨ)। ੩.ਤੁਮੇ ਨੂੰ ਕਿੰਨਾ ਅੰਮ੍ਰਿਤ ਪਾਈਏ ਕੌੜੱਤਨ ਦੀ ਵਾਦੀ ਨਹੀਂ ਜਾਂਦੀ (ਬੁਰਿਆਂ ਦਾ ਸੁਭਾਉ ਕਦੇ ਨਹੀਂ ਵੱਟਦਾ, ਭਾਵੇਂ ਕਿੰਨੀ ਨਰਮੀ ਕਰੀਏ)। ੪.(ਭਲਾ ਪੁਰਖ) ਔਗੁਣ ਕਰਨ ਨਾਲ (ਭੀ) ਗੁਣ ਹੀ ਕਰਦਾ ਹੈ, ਅਵਗੁਣਾਂ ਨੂੰ ਚਿੱਤ ਵਿਖੇ ਥਾਉਂ ਨਹੀਂ ਦਿੰਦਾ। ੫.ਬੁਰਾ ਪੁਰਖ ਗੁਣ ਕੀਤਿਆਂ ਅਵਗੁਣ ਹੀ ਕਰਦਾ ਹੈ, ਮਨ ਦੇ ਅੰਦਰ ਗੁਣ ਨਹੀਂ ਵਸਾਉਂਦਾ (ਭਾਵ ਉਪਕਾਰ ਨਹੀਂ ਰਖਦਾ)। ੬.ਜੋ (ਚੀਜ਼) ਕੋਈ ਬੀਜਦਾ ਹੈ ਉਸੇ ਦਾ ਫਲ ਖਾਂਦਾ ਹੈ, (ਭਲਾ ਭਲਾ ਫਲ, ਬੁਰਾ ਬੁਰਾ ਫਲ ਹੀ ਵੱਢਦਾ ਹੈ)।

## ੧੬. (ਭਲੇ ਬੁਰੇ ਦੀ ਸੁਭਾਵਿਕ ਨੇਕੀ ਬਦੀ)।

੧. ਪਾਣੀ ਪਥਰ ਲੀਕ ਜਿਉ ਭਲਾ ਬੁਰਾ ਪਰਕਿਰਤਿ ਸੁਭਾਏ।
੨. ਵੈਰੁ ਨ ਟਿਕਦਾ ਭਲੇ ਚਿਤਿ ਹੇਤੁ ਨ ਟਿਕੈ ਬੁਰੈ ਮਨਿ ਆਏ।
੩. ਭਲਾ ਨ ਹੇਤੁ ਵਿਸਾਰਦਾ ਬੁਰਾ ਨ ਵੈਰੁ ਮਨਹੁ ਵਿਸਰਾਏ।
੪. ਆਸ ਨ ਪੁਜੈ ਦੁਹਾ ਦੀ ਦੁਰਮਤਿ ਗੁਰਮਤਿ ਅੰਤਿ ਲਖਾਏ।
੫. ਭਲਿਅਹੁ ਬੁਰਾ ਨ ਹੋਵਈ ਬੁਰਿਅਹੁ ਭਲਾ ਨ ਭਲਾ ਮਨਾਏ।
੬. ਵਿਰਤੀ ਹਾਣੁ ਵਖਣਿਆ ਸਈ ਸਿਆਣੀ ਸਿਖ ਸੁਣਾਏ।
੭. ਪਰਉਪਕਾਰੁ ਵਿਕਾਰ ਕਮਾਏ॥੧੬॥

ਪਦਾਰਥ-(ਪਾਣੀ ਪਥਰ ਲੀਕ=ਪਾਣੀ ਤੇ ਪੱਥਰ ਦੀ ਲੀਕ, ਭਲਾਈ ਪੱਥਰ ਦੀ ਲੀਕ ਤੇ (ਬੁਰਾਈ। ਪਾਣੀ ਦੀ ਲੀਕ। ਪਰਕਿਰਤਿ=ਦੇਹ। ਵਿਰਤੀ ਹਾਣੁ=ਵਰਤਮਾਨ ਦੀ ਗੱਲ।)

ਅਰਥ-੧.ਪਾਣੀ ਅਤੇ ਪੱਥਰ ਦੀ ਲੀਕ ਵਾਂਙੂ ਭਲਾ ਬੁਰਾ ਦੋਹਾਂ ਦਾ ਸੁਭਾਉ ਹੈ। ੨.ਭਲੇ ਦੇ ਚਿਤ ਵਿਚ (ਪਾਣੀ ਦੀ ਲੀਕ ਵਾਂਙੂ) ਵੈਰ ਨਹੀਂ ਟਿਕਦਾ, ਬੁਰੇ ਦੇ ਮਨ ਵਿਖੇ (ਪੱਥਰ ਦੀ ਲੀਕ ਵਾਂਙੂ ਬੁਰਾ ਹੀ ਪੱਕਾ ਰਹਿੰਦਾ ਹੈ) ਭਲਾ ਨਹੀਂ ਟਿਕਦਾ। ੩.ਭਲਾ ਹਿਤ ਨਹੀਂ ਛੱਡਦਾ, ਬੁਰਾ ਮਨੋਂ ਵੈਰ ਨਹੀਂ ਛੱਡਦਾ। ੪.ਦੋਹਾਂ ਦੀ ਆਸਾ ਨਹੀਂ ਪੁੱਜਦੀ, ਬੁਰਾ ਅੰਤ ਤਕ ਦੁਰਮਤ ਤੇ ਭਲਾ ਗੁਰਮਤ ਦੀ ਆਸ ਰਖੀ ਜਾਂਦਾ ਹੈ। ੫.ਭਲੇ ਥੋਂ ਬੁਰਾ ਨਹੀਂ ਹੋਊ, ਪਰ ਭਲਾ (ਆਦਮੀ) ਬੁਰੇ ਕੋਲੋਂ ਭਲਿਆਈ ਦੀ (ਆਸ) ਨਾ ਰੱਖੇ। ੬.(ਇਹ ਵਿਰਤੀਹਾਨ) ਜੋ ਸਾਰੇ ਵਰਤ ਰਹੀ ਹੈ, ਵਖਯਾਨ ਕੀਤੀ ਹੈ, ਕਿਉਂ ਜੋ ਸੌ ਸਿਆਣਿਆਂ ਦੀ (ਇਕੋ) ਮੱਤ ਸੁਣੀਂਦੀ ਹੈ। ੭.(ਸਿਧਾਂਤ ਇਹ ਕਿ ਭਲਾ) ਪਰਉਪਕਾਰ (ਤੇ ਬੁਰਾ) ਵਿਕਾਰ (ਪਾਪ) ਕਮਾਉਂਦਾ ਹੈ।

## ੧੭. (ਭਲੇ ਬੁਰੇ ਦੀ ਕਹਾਣੀ)।

੧. ਵਿਰਤੀਹਾਣੁ ਵਖਾਣਿਆ ਭਲੇ ਬੁਰੇ ਦੀ ਸੁਣੀ ਕਹਾਣੀ।
੨. ਭਲਾ ਬੁਰਾ ਦੁਇ ਚਲੇ ਰਾਹਿ ਉਸਥੈ ਤੋਸਾ ਉਸਥੈ ਪਾਣੀ।
੩. ਤੋਸਾ ਅਗੈ ਰਖਿਆ ਭਲੇ ਭਲਾਈ ਅੰਦਰਿ ਆਣੀ।

੪. ਬੁਰਾ ਬੁਰਾਈ ਕਰਿ ਗਇਆ ਹਥੀਂ ਕਢਿ ਨ ਦਿਤੋ ਪਾਣੀ।
੫. ਭਲਾ ਭਲਾਈਅਹੁ ਸਿਝਿਆ ਬੁਰੇ ਬੁਰਾਈਅਹੁ ਵੇਣਿ ਵਿਹਾਣੀ।
੬. ਸਚੁ ਸਾਹਿਬੁ ਨਿਆਉ ਸਚੁ ਜੀਆ ਦਾ ਜਾਣੋਈ ਜਾਣੀ।
੭. ਕੁਦਰਤਿ ਕਾਦਰ ਨੋ ਕੁਰਬਾਣੀ ॥੧੭॥

**ਪਦਾਰਥ**-(ਤੋਸਾ=ਰੋਟੀ। ਹਥੀਂ ਕਢਿ=ਹਥਾਂ ਨਾਲ ਕੱਢਕੇ। ਸਿਝਿਆ=ਮੁਕਤ ਹੋਯਾ।)

**ਅਰਥ**-੧.ਵਰਤੀ ਹੋਈ ਬਾਤ ਦਾ ਵਯਾਖਯਾਨ ਕੀਤਾ ਹੈ (ਜੋ ਅਸਾਂ ਇਕ) ਭਲੇ ਅਤੇ ਬੁਰੇ ਦੀ ਕਹਾਣੀ ਸੁਣੀ ਹੈ। ੨.ਭਲਾ ਅਤੇ ਬੁਰਾ ਦੋਵੇਂ ਮਿਲਕੇ ਰਸਤੇ ਪੁਰ ਚਲੇ ਜਾਂਦੇ ਸਨ, ਭਲੇ ਪਾਸ ਰੋਟੀ ਸੀ ਅਰ ਬੁਰੇ ਪਾਸ ਪਾਣੀ। ੩.ਭਲੇ ਪੁਰਸ਼ ਨੇ ਰੋਟੀ ਕੱਢਕੇ ਅੱਗੇ ਰੱਖ ਦਿਤੀ (ਕਿਉਂ ਜੋ ਉਸ ਦੇ) ਮਨ ਵਿਖੇ ਭਲਾਈ ਵਸਦੀ ਸੀ। ੪.ਬੁਰਾ ਬੁਰਾਈ ਕਰਕੇ ਚਲਿਆ ਗਿਆ (ਕਿਉਂ ਜੋ ਆਪਣੇ) ਹਥੀਂ ਉਸ ਨੂੰ ਪਾਣੀ ਨਾ ਦਿੱਤਾ, (ਸਗਮਾ ਉਸ ਦੀ ਰੋਟੀ ਭੀ ਮੁਕਾਕੇ ਪੱਤ੍ਰਾ ਵਾਚ ਗਿਆ। ਹੱਥੀਂ ਦੀ ਥਾਂ 'ਅਥੀਂ' ਪਾਠਾਂਤ੍ਰ ਹੈ, ਅੱਥੀ ਪਾਣੀ ਦੀ ਨਿੱਕੀ ਮਸ਼ਕ ਹੁੰਦੀ ਸੀ)। ੫.ਭਲਿਆਈ ਦੇ ਕਾਰਣ ਭਲੇ ਦੀ ਮੁਕਤੀ ਹੋ ਗਈ, ਬੁਰੇ ਦੀ(ਉਮਰਾ) ਰੋਂਦਿਆਂ ਹੀ ਮੁੱਕ ਗਈ (ਤੇ ਨਰਕਾਂ ਦਾ ਅਧਿਕਾਰੀ ਬਣਿਆ)। ੬.ਸਾਹਿਬ ਸੱਚਾ ਹੈ, ਉਸਦਾ ਨਿਆਉਂ ਬੀ ਸੱਚਾ ਹੈ, ਜੀਵਾਂ ਦੇ (ਭਲੇ ਬੁਰੇ ਕਰਮਾਂ ਨੂੰ) ਜਾਣਦਾ ਹੈ ਤੇ ਜਾਣਦਾ ਸੀ। ੭.ਕਾਦਰ ਦੀ ਕੁਦਰਤ ਥੋਂ ਕੁਰਬਾਣ ਜਾਈਏ (ਇਕ ਹੀ ਮਾਤਾ ਪਿਤਾ ਦੀ ਸੰਤਾਨ ਹੋਕੇ ਸੁਭਾਵ ਭਲਾ ਅਤੇ ਬੁਰਾ ਭਿੰਨ ਹੁੰਦਾ ਹੈ)।

## ੧੮. (ਰਾਮ ਅਤੇ ਰਾਵਣ)।

੧. ਭਲਾ ਬੁਰਾ ਸੈਸਾਰ ਵਿਚਿ ਜੋ ਆਇਆ ਤਿਸੁ ਸਰਪਰ ਮਰਣਾ।
੨. ਰਾਵਣ ਤੈ ਰਾਮਚੰਦ ਵਾਂਗਿ ਮਹਾਂ ਬਲੀ ਲੜਿ ਕਾਰਣੁ ਕਰਣਾ।
੩. ਜਰੁ ਜਰਵਾਣਾ ਵਸਿ ਕਰਿ ਅੰਤਿ ਅਧਰਮ ਰਾਵਣਿ ਮਨ ਧਰਣਾ।
੪. ਰਾਮਚੰਦੁ ਨਿਰਮਲੁ ਪੁਰਖੁ ਧਰਮਹੁ ਸਾਇਰ ਪਥਰ ਤਰਣਾ।
੫. ਬੁਰਿਆਈਅਹੁ ਰਾਵਣੁ ਗਇਆ ਕਾਲਕ ਟਿਕਾ ਪਰਤ੍ਰਿਅ ਹਰਣਾ।
੬. ਰਮਾਇਣੁ ਜੁਗਿ ਜੁਗਿ ਅਟਲੁ ਸੇ ਉਧਰੇ ਜੋ ਆਏ ਸਰਣਾ।
੭. ਜਸ ਅਪਜਸ ਵਿਚਿ ਨਿਡਰ ਡਰਣਾ॥੧੮॥

**ਪਦਾਰਥ**-(ਮਹਾਂ ਬਲੀ=ਰਾਵਣ। ਜਰੁ=ਬੁਢਾਪਾ। ਜਰਵਾਣਾ=ਜਮਦੂਤ, ਕਾਲ।)

**ਅਰਥ**-੧.ਭਲਾ ਅਤੇ ਬੁਰਾ ਜੋ ਸੰਸਾਰ ਵਿਖੇ ਆਇਆ ਹੈ ਉਹ ਜ਼ੂਰਰ ਮਰੇਗਾ। ੨.ਰਾਵਣ ਅਤੇ ਰਾਮ ਚੰਦ ਵਾਂਙੂ ਮਹਾਂਬਲੀ ਲੜਾਈ ਦੇ ਕਾਰਣ (ਜਤਨ) ਕਰਦੇ ਰਹੇ। ੩.ਜਰ (ਬੁਢੇਪਾ) ਅਤੇ ਜਰਵਾਣਾ ਜਮਰਾਜ (ਜਿਮਨੇ ਆਪਣੇ) ਕਾਬੂ ਕਰ ਰਖੇ ਸਨ, ਅੰਤ ਨੂੰ (ਉਸ) ਰਾਵਣ ਨੇ ਮਨ ਵਿਖੇ ਪਾਪ ਧਾਰਨ ਕੀਤਾ। ੪.ਰਾਮ ਚੰਦ ਨਿਰਮਲ ਪੁਰਖ (ਭਲਾ) ਸੀ, ਧਰਮ ਨਾਲ ਸਮੁੰਦਰ ਪਰ ਪੱਥਰ ਤਰ ਪੈਂਦੇ ਹਨ (ਭਾਵ ਅਨਹੋਣੇ ਕੰਮ ਹੋ ਜਾਂਦੇ ਹਨ, ਰਾਮਚੰਦ ਨੇ ਫਕੀਰੀ ਦੀ ਦਸ਼ਾ ਵਿਚ ਬਲੀ ਰਾਵਣ ਨੂੰ ਮਾਰ ਲਿਆ, ਇਹ ਉਸ ਦੇ ਨੇਕ ਹੋਣ ਦਾ ਪ੍ਰਤਾਪ ਸੀ)। ੫.ਰਾਵਣ ਦਾ ਬੁਰਿਆਈ ਦੇ ਕਾਰਣ ਨਾਸ਼ ਹੋ ਗਿਆ (ਰਾਮ ਚੰਦਰ ਦੀ ਇਸਤ੍ਰੀ ਸੀਤਾ ਨੂੰ ਚੁਰਾਕੇ ਲੈ ਆਂਦਾ ਸੀ ਇਸ ਲਈ) ਪਰਤ੍ਰੀਆ ਹਰਨ ਦਾ ਕਲੰਕ ਲੈ ਗਿਆ। ੬.ਰਾਮਚੰਦਰ ਦੀ ਕਥਾ (ਭਾਵ ਜਸ) ਜੁਗਾਂ ਜੁਗਾਂ ਵਿਖੇ ਅਟੱਲ ਹੈ, (ਭਾਵ ਤ੍ਰੇਤੇ ਤੋਂ ਕਲਜੁਗ ਤਕ ਤੁਰੀ ਆਈ ਹੈ) (ਗੱਲ ਕੀ) ਉਧਰਦੇ ਓਹ ਹਨ ਜੋ ਸ਼ਰਨ ਲੈਂਦੇ ਹਨ (ਆਕੀ ਸਦਾ ਪੱਚਦੇ ਹਨ)। ੭.'ਨਿਡਰ' (ਅਰਥਾਤ ਗੁਸਤਾਖ) ਜੱਸ਼ ਅਤੇ ਅਪਜਸ ਦਾ ਡਰ

ਨਹੀਂ ਰਖਦੇ।

**ਭਾਵ**-ਭਲੇ ਉਹ ਕੰਮ ਕਰਦੇ ਹਨ ਜਿਸ ਕਰਕੇ ਜਸ ਹੋਵੇ ਅਰ ਰਾਵਣ ਵਾਂਙੂੰ ਨਿਡਰ ਪੁਰਖ ਜਸ ਅਪਜਸ ਦੀ ਕੁਝ ਪਰਵਾਹ ਨਹੀਂ ਰਖਦੇ, ਖੋਟੇ ਕਰਮਾਂ ਪੁਰ ਹੀ ਕਮਰ-ਕੱਸਾ ਰਖਦੇ ਹਨ।

ਲਿਖਿਆ ਹੈ ਮਾਨਨੀਯ ਪੁਰਖ ਨੂੰ ਕ੍ਰੋੜ ਵਾਰ ਮਰਣ ਦੇ ਸਮਾਨ ਅਪਜਸ ਥੋਂ ਡਰ ਲਗਦਾ ਹੈ, ਪਰੰਤੂ ਨਿਡਰਾਂ ਨੂੰ ਕੋਈ ਨਹੀਂ ਲਗਦਾ।

## ੧੯. (ਰਾਵਣ ਦੀ ਜਗਤ ਪ੍ਰਸਿੱਧ ਕਥਾ)।

੧. ਸੋਇਨ ਲੰਕਾ ਵਡਾ ਗੜੁ ਖਾਰ ਸਮੁੰਦ ਜਿਵੇਹੀ ਖਾਈ।
੨. ਲਖ ਪੁਤੁ ਪੋਤੇ ਸਵਾ ਲਖ ਕੁੰਭਕਰਣੁ ਮਹਿਰਾਵਣੁ ਭਾਈ।
੩. ਪਵਣੁ ਬੁਹਾਰੀ ਦੇਇ ਨਿਤਿ ਇੰਦ੍ਰ ਭਰੈ ਪਾਣੀ ਵਰ੍ਹਿਆਈ।
੪. ਬੈਸੰਤੁਰ ਰਸੋਈਆ ਸੂਰਜੁ ਚੰਦੁ ਚਰਾਗ ਦੀਪਾਈ।
੫. ਬਹੁ ਖੂਹਣਿ ਚਤੁਰੰਗ ਦਲ ਦੇਸ ਨ ਵੇਸ ਨ ਕੀਮਤਿ ਪਾਈ।
੬. ਮਹਾਦੇਵ ਦੀ ਸੇਵ ਕਰਿ ਦੇਵ ਦਾਨਵ ਰਹਦੇ ਸਰਣਾਈ।
੭. ਅਪਜਸੁ ਲੈ ਦੁਰਮਤਿ ਬੁਰਿਆਈ ॥੧੯॥

**ਪਦਾਰਥ**-(ਮਹਿਰਾਵਣ=ਰਾਵਣ ਦਾ ਸੱਕਾ ਮਸੇਰ ਭਰਾ। ਵਰ੍ਹਿਆਈ=ਜ਼ੋਰਾਵਰੀ, ਵਰਖਾ। (ਵੇਸ=ਪੁਸ਼ਾਕਾ। ਸੇਵ ਕਰਿ=ਸੇਵਾ ਨਮਿੱਤ ਕਾਰਣ ਸੀ।)

**ਅਰਥ**-੧.(ਖੋਟੀ ਮਤ ਵਾਲੇ ਰਾਵਣ ਨੇ ਬੁਰਿਆਈ ਦੇ ਕਾਰਣ ਅਪਜਸ ਹੀ ਲੀਤਾ) ਸੋਨੇ ਦੀ ਲੰਕਾ ਉਸ ਦਾ ਵੱਡਾ ਕਿਲ੍ਹਾ (ਜਿਸ ਦੇ ਦੁਆਲੇ) ਖਾਰੇ ਸਮੁੰਦਰ ਜਿਹੀ ਖਾਈ ਸੀ। ੨.ਲੱਖ ਪੁੱਤਰ ਅਤੇ ਸਵਾ ਲੱਖ ਪੋਤਰੇ ਕੁੰਭਕਰਣ (ਸਕਾ) ਭਿਰਾਉ ਤੇ ਮਹਿਰਾਵਣ (ਮਸੇਰ ਭਿਰਾਉ ਸੀ)। ੩.ਪਵਣ ਨਿਤਾਪ੍ਰਤ ਝਾੜੂ ਦਿੰਦੀ ਸੀ)। ਇੰਦਰ ਜ਼ੋਰਾਵਰੀ ਪਾਣੀ ਭਰਦਾ ਸੀ, (ਭਾਵ ਕੁਦਰਤੀ ਤਾਕਤਾਂ ਤੋਂ ਕੰਮ ਲੈਣਾ ਜਾਣਦਾ ਸੀ)। ੪.ਅਗਨੀ ਰਸੋਈਆ ਸੀ ਅਤੇ ਸੂਰਜ ਚੰਦ ਉਸ ਦੇ ਚਰਾਗਾਂ ਦੇ ਜਲਾਉਣ ਵਾਲੇ ਸਨ। ੫.ਕਈ ਖੂਹਣੀਆਂ ਸੈਨਾਂ ਚਤੁਰੰਗਨੀਆਂ ਦੇ ਦਲ (ਮੌਜੂਦ) ਸਨ, ਦੇਸ਼ਾਂ ਅਤੇ ਪੁਸ਼ਾਕਾਂ ਦੀ ਕੀਮਤ ਹੀ ਨਹੀਂ ਸੀ। ੬.ਸ਼ਿਵ ਦੀ ਸੇਵਾ ਕਰਕੇ ਦੇਵਤੇ ਤੇ ਦੈਂਤ ਉਸ ਦੀ ਸ਼ਰਣ ਰਹਿੰਦੇ ਸਨ। ੭.(ਪਰੰਤੂ) ਖੋਟੀ ਮਤ ਵਾਲੇ ਨੇ ਬੁਰਿਆਈ ਕਰਕੇ ਅਪਜਸ ਹੀ ਲੀਤਾ। **ਭਾਵ**-ਇੱਛਾ ਪ੍ਰਤਾਪੀ ਹੋਕੇ ਰਾਵਣ ਨੇ ਬੁਰਿਆਈ ਦੇ ਕਾਰਨ 'ਕਿ ਪਰਾਈ ਇਸਤ੍ਰੀ ਚੁਰਾਈ' ਮੁਕਾਲਕ ਦਾ ਇੱਕਾ ਹੀ ਲੀਤਾ।

## ੨੦. (ਰਾਮ ਚੰਦ ਦੀ ਲੋਕ ਪ੍ਰਸਿੱਧ ਕਥਾ)।

੧. ਰਾਮਚੰਦੁ ਕਾਰਣ ਕਰਣ ਕਾਰਣ ਵਸਿ ਹੋਆ ਦੇਹਿਧਾਰੀ।
੨. ਮੰਨਿ ਮਤੇਈ ਆਗਿਆ ਲੈ ਵਣਵਾਸੁ ਵਡਾਈ ਚਾਰੀ।
੩. ਪਰਸਰਾਮ ਦਾ ਬਲੁ ਹਰੈ ਦੀਨ ਦਇਆਲੁ ਗਰਬ ਪਰਹਾਰੀ।
੪. ਸੀਤਾ ਲਖਮਣ ਸੇਵ ਕਰਿ ਜਤੀ ਸਤੀ ਸੇਵਾ ਹਿਤਕਾਰੀ।
੫. ਰਾਮਾਇਣੁ ਵਰਤਾਇਆ ਰਾਮ ਰਾਜੁ ਕਰਿ ਸ੍ਰਿਸਟਿ ਉਧਾਰੀ।
੬. ਮਰਣੁ ਮੁਣਸਾ ਸਚੁ ਹੈ ਸਾਧ ਸੰਗਤਿ ਮਿਲਿ ਪੈਜ ਸਵਾਰੀ।
੭. ਭਲਿਆਈ ਸਤਿਗੁਰ ਮਤਿ ਸਾਰੀ॥੨੦॥੩੧॥

ਪਦਾਰਥ-(ਕਾਰਣ ਵੱਸਿ=ਦੇਵਤਿਆਂ ਦੀ ਬੇਨਤੀ ਕਾਰਣ ਸੀ। ਮੁਣਸਾ=ਸੂਰਮਿਆਂ ਮਰਦਾਂ ਦਾ।

ਅਰਥ-੧.ਰਾਮਚੰਦਰ ਕਾਰਣ ਕਰਣ ਨੇ ਕਾਰਣ ਦੇ ਵੱਸ ਹੋਕੇ ਦੇਹ ਧਾਰੀ। ੨.ਮਤਰੇਈ ਮਾਂ ਦੀ ਆਗਿਆ ਮੰਨਕੇ (ਚੌਦਾਂ ਵਰਹੇ) ਬਨਬਾਸ ਲੈਕੇ ਵਡਿਆਈ ਫੈਲਾਈ (ਭਾਵ ਪਿਤਾ ਦਾ ਪ੍ਰਣ ਪੂਰਾ ਕੀਤਾ)। ੩.ਪਰਸਰਾਮ ਦਾ ਹੰਕਾਰ ਦੂਰ ਕੀਤਾ, ਗਰੀਬਾਂ ਤੇ ਦਇਆ ਕੀਤੀ ਤੇ ਹੰਕਾਰੀਆਂ ਨੂੰ ਮਾਰਿਆ।੪.ਸੀਤਾ ਅਤੇ ਲਛਮਣ ਰਾਮ ਦੀ ਸੇਵਾ ਕਰਕੇ ਜਤੀ ਸਤੀ ਅਤੇ ਸੇਵਾ ਦੇ ਪ੍ਰੇਮੀ ਰਹੇ। ੫.ਰਾਮ ਨੇ ਰਾਜ ਕਰਕੇ ਸ੍ਰਿਸ਼ਟੀ (ਨਗਰੀ ਅਜੁਧਿਆ ਤੇ ਰਾਜ) ਉਧਾਰ ਦਿੱਤੀ ਅਰ ਰਾਮਾਇਣ ਫੈਲਾ ਦਿੱਤਾ, (ਭਾਵ ਸਾਰੇ ਲੋਕ ਉਸ ਦੇ ਨਯਾਯ ਦਾ ਜਸ ਕਰਦੇ ਰਾਮ ਰਾਜ ਦੀ ਸ਼ੋਭਾ ਕਰਨ ਲਗੇ)। ੬.ਮਰਣਾ ਉਨ੍ਹਾਂ ਸੂਰਮਿਆਂ ਦਾ ਸਫਲ ਹੈ ਜਿਨ੍ਹਾਂ ਨੇ ਸਾਧ ਸੰਗਤ ਵਿਖੇ ਮਿਲਕੇ (ਆਪਣੀ) ਪੈਜ ਸਵਾਰ ਲੀਤੀ ਹੈ? ੭.(ਉਹ ਕੀ ਹੈ?) ਸਤਿਗੁਰੂ (ਗੁਰੂ ਨਾਨਕ ਦੀ 'ਮਤ') ਸਿੱਖਯਾ ਲੈਕੇ ਭਲਿਆਈ ਸ੍ਰੇਸ਼ਟ ਕੀਤੀ ਹੈ, (ਆਪਣਾ ਉਧਾਰ ਕਰਕੇ ਸਾਥੀਆਂ ਨੂੰ ਭੀ ਤਾਰ ਦਿੱਤਾ ਹੈ)।

ਭਾਵ-੧੯, ੨੦ ਪਉੜੀ ਵਿਚ ਰਾਮ ਰਾਵਣ ਦੀ ਕਥਾ ਭੀ ਇਕਾਂਗੀ ਦ੍ਰਿਸ਼ਟਾਂਤ ਹੈ, ਰਾਵਣ ਦਾ 'ਪਰਤ੍ਰਿਯ ਹਰਨ' ਦਾ ਕਲੰਕ ਅਰ ਰਾਮ ਚੰਦਰ ਦਾ ਨਯਾਇਸ਼ੀਲ ਨੇਕ ਰਾਜ ਕਰਨ ਦਾ ਜਸ ਦੱਸਕੇ ਇਹ ਸਿੱਧਾਂਤ ਸਮਝਾਉਣ ਤੋਂ ਭਾਵ ਹੈ ਕਿ ਮਰਨਾ ਤਾਂ ਸਭ ਨੇ ਹੈ, ਪਰ ਸਫਲ ਮਰਨਾ ਉਨ੍ਹਾਂ ਦਾ ਹੈ ਜੋ ਨੇਕੀ ਕਰਕੇ ਨੇਕੀ ਖੱਟ ਲੈ ਗਏ ਹਨ, ਅਰ ਸਾਧ ਸੰਗ ਕਰਕੇ ਜਿਨ੍ਹਾਂ ਦੁਰਮਤਿ ਦੂਰ ਕੀਤੀ ਤੇ ਨਾਮ ਜਪਿਆ ਹੈ।

# ਵਾਰ ੩੨.

ੴ ਸਤਿਗੁਰ ਪ੍ਰਸਾਦਿ ॥

## ੧. (ਗੁਰਮੁਖ ਲੱਛਣ)॥

੧. ਪਹਿਲਾ ਗੁਰਮੁਖਿ ਜਨਮੁ ਲੈ ਭੈ ਵਿਚਿ ਵਰਤੈ ਹੋਇ ਇਆਣਾ।
੨. ਗੁਰ ਸਿਖ ਲੈ ਗੁਰ ਸਿਖੁ ਹੋਇ ਭਾਇ ਭਗਤਿ ਵਿਚਿ ਖਰਾ ਸਿਆਣਾ।
੩. ਗੁਰ ਸਿਖ ਸੁਣਿ ਮੰਨੈ ਸਮਝ ਮਾਣ ਮਹਤਿ ਵਿਚਿ ਰਹੈ ਨਿਮਾਣਾ।
੪. ਗੁਰ ਸਿਖ ਗੁਰ ਸਿਖੁ ਪੂਜਦਾ ਪੈਰੀ ਪੈ ਰਹਿਰਾਸ ਲੁਭਾਣਾ।
੫. ਗੁਰ ਸਿਖ ਮਨਹੁ ਨ ਵਿਸਰੈ ਚਲਣੁ ਜਾਣਿ ਜੁਗਤਿ ਮਿਹਮਾਣਾ।
੬. ਗੁਰ ਸਿਖ ਮਿਠਾ ਬੋਲਣਾ ਨਿਵਿ ਚਲਣਾ ਗੁਰਸਿਖੁ ਪਰਵਾਣਾ।
੭. ਘਾਲਿ ਖਾਇ ਗੁਰ ਸਿਖ ਮਿਲ ਖਾਣਾ॥੧॥

ਪਦਾਰਥ-(ਮਾਣ ਮਹਤਿ=ਵਡਿਆਈ। ਰਹਿਰਾਸ=ਸੱਚਾ ਰਸਤਾ। (ਜੁਗਤਿ ਮਿਹਮਾਣਾ=ਪਰਾਹੁਣੇ ਵਾਂਙੂ ਘਾਲਿ=ਕਮਾਈ।)

 www.sikhbookclub.com

**ਅਰਥ**-੧.(ਜਦੋਂ) ਗੁਰਮੁਖ ਨਵਾਂ ਜਨਮ ਲੈਂਦਾ ਹੈ (ਭਾਵ ਗੁਰੂ ਦੀ ਸਿੱਖਿਆ ਲੈਕੇ ਨਵਾਂ ਜਨਮ ਧਾਰਦਾ ਹੈ) ਇਆਣਿਆਂ ਵਾਂਙੂ ਗੁਰੂ ਦੇ ਭੈ ਵਿਚ ਕੰਮ ਕਰਦਾ ਹੈ, (ਜਿੱਕਰ ਬਾਲਕ ਡਰਦਾ ਕੋਈ ਅਵਿਹਤ ਕੰਮ ਨਹੀਂ ਕਰਦਾ)। ੨.ਗੁਰੂ ਦੀ ਸਿਖਿਆ ਨੂੰ ਧਾਰਨ ਕਰਕੇ ਗੁਰ ਸਿਖ ਬਣਦਾ ਹੈ ਅਰ ਪ੍ਰੇਮਾ ਭਗਤੀ ਵਿਖੇ ਖਰਾ ਸਿਆਣਾ ਹੁੰਦਾ ਹੈ, (ਭਾਵ ਜਵਾਨ ਹੋ ਜਾਂਦਾ ਹੈ)। ੩.ਗੁਰ ਸਿੱਖਿਆ ਨੂੰ ਸੁਣਕੇ ਮੰਨਦਾ ਫੇਰ ਸਮਝ ਕੇ (ਨਿੱਧਯਾਸਨ ਕਰਕੇ) ਮਾਣ ਤਾਣ ਵਿਖੇ ਨਿਮਾਣਾ ਰਹਿੰਦਾ ਹੈ। ੪.ਗੁਰੂ ਦਾ ਸਿੱਖ ਗੁਰੂ ਦੇ ਸਿਖ ਦੀ ਸੇਵਾ ਕਰਦਾ ਹੈ, ਪੈਰੀਂ ਪੈਕੇ ਸੱਚੇ ਰਸਤੇ ਵਿਖੇ ਮਸਤ ਰਹਿੰਦਾ ਹੈ। ੫.ਪਰਾਹੁਣਿਆਂ ਦੀ ਤਰਾਂ (ਸੰਸਾਰ ਤੋਂ) ਚੱਲਣਾ ਜਾਣਦਾ ਰਹਿੰਦਾ ਹੈ ਤੇ ਗੁਰ ਸਿੱਖਯਾ ਮਨੋਂ (ਕਦੀ) ਨਹੀਂ ਭੁਲਾਉਂਦਾ। ੬.ਗੁਰਸਿਖ (ਬਾਣੀ ਕਰਕੇ) ਮਿੱਠਾ (ਬਚਨ) ਬੋਲਦਾ (ਸਰੀਰ ਕਰਕੇ) ਨਿਵਕੇ ਚਲਦਾ (ਅਰ ਮਨ ਕਰਕੇ) ਗੁਰੂ ਦੀ ਸਿੱਖਯਾ ਪਰਵਾਨ ਕਰਦਾ ਹੈ। ੭.ਕਮਾਈ ਕਰਕੇ (ਆਪ) ਖਾਂਦਾ ਹੈ, (ਕੀ ਆਪੋ ਆਪ ? ਨਹੀਂ) ਗੁਰੂ ਦੇ ਸਿਖਾਂ ਨਾਲ ਮਿਲਕੇ (ਵੰਡਕੇ) ਖਾਂਦਾ ਹੈ, (ਕਿਉਂ, ਗੁਰੂ ਜੀ ਦਾ ਬਚਨ ਹੈ:-"**ਘਾਲਿ ਖਾਇ ਕਿਛੁ ਹਥਹੁ ਦੇਇ॥ਨਾਨਕ ਰਾਹੁ ਪਛਾਣਹਿ ਸੇਇ॥**") (ਸਾਰੰਗ:ਵਾਰ:-੨੨)।

## ੨. (ਗੁਰਮੁਖ-ਤਾਣ ਨਿਤਾਣਾ)।

੧. ਦਿਸਟਿ ਦਰਸ ਲਿਵ ਸਾਵਧਾਨੁ ਸਬਦ ਸੁਰਤਿ ਚੇਤੰਨੁ ਸਿਆਣਾ।
੨. ਨਾਮੁ ਦਾਨੁ ਇਸਨਾਨੁ ਦਿੜੁ ਮਨ ਬਚ ਕਰਮ ਕਰੈ ਮੇਲਾਣਾ।
੩. ਗੁਰ ਸਿਖ ਥੋੜਾ ਬੋਲਣਾ ਥੋੜਾ ਸਉਣਾ ਥੋੜਾ ਖਾਣਾ।
੪. ਪਰਤਨ ਪਰਧਨ ਪਰਹਰੈ ਪਰਨਿੰਦਾ ਸੁਣਿ ਮਨਿ ਸਰਮਾਣਾ।
੫. ਗੁਰਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਸਮਸਰਿ ਪਰਵਾਣਾ।
੬. ਇਕ ਮਨਿ ਇਕੁ ਅਰਾਧਨਾ ਦੁਤੀਆ ਨਾਸਤਿ ਭਾਵੈ ਭਾਣਾ।
੭. ਗੁਰਮੁਖਿ ਹੋਦੈ ਤਾਣ ਨਿਤਾਣਾ ॥੨॥

**ਪਦਾਰਥ**-(ਦ੍ਰਿਸਟਿ=ਨੇਤ੍ਰ, ਨਜ਼ਰ। ਮੇਲਾਣਾ=ਮਿਲਾਪ। ਪਰਤਨ=ਪਰ ਇਸਤ੍ਰੀ।)

**ਅਰਥ**-੧.(ਗੁਰਮੁਖ ਨੇ) ਨੇਤ੍ਰ (ਗੁਰੂ ਜੀ ਦੇ) ਦਰਸ਼ਨ ਦੀ ਲਿਵ ਵਿਖੇ ਸਾਵਧਾਨ (ਕੀਤੇ ਹਨ ਅਰ) ਸ਼ਬਦ ਦੀ ਸੁਰਤ ਵਿਖੇ ਚੇਤੰਨ ਤੇ ਸਿਆਣਾ (ਹੋਯਾ) ਹੈ। ੨.ਨਾਮ ਦਾਨ੍ਹ ਇਸ਼ਨਾਨ ਦ੍ਰਿੜ੍ਹ ਰੱਖਦਾ ਹੈ, ਮਨ ਬਚ ਸਰੀਰ ਕਰਕੇ (ਸਭ ਨਾਲ) ਮੇਲ ਰਖਦਾ ਹੈ। ੩.ਗੁਰਮੁਖ ਥੋੜਾ ਬੋਲਦਾ, ਥੋੜਾ ਸਉਂਦਾ ਅਰ ਥੋੜਾ ਖਾਂਦਾ ਹੈ, (ਭਾਵ ਇਤਨਾ ਭੁੱਖਾ ਨਹੀਂ ਰਹਿੰਦਾ ਕਿ ਭਜਨ ਨਾ ਹੋ ਸਕੇ, ਇਤਨਾ ਢਿੱਡ ਭਰਕੇ ਨਹੀਂ ਖਾਂਦਾ ਕਿ ਮੂੰਹ ਥੋਂ ਬਾਹਰ ਆ ਜਾਵੇ। ਲਿਖਿਆ ਹੈ:-'**ਅੰਨ ਪਾਣੀ ਥੋੜਾ ਖਾਇਆ**') ੪.ਪਰਾਈ ਇਸਤ੍ਰੀ, ਪਰਾਇਆ ਧਨ ਤਿਆਗਕੇ ਪਰਾਈ ਨਿੰਦਾ ਦੇ ਸੁਣਨ ਥੋਂ ਮਨ ਵਿਚ ਸ਼ਰਮ ਰਖਦਾ ਹੈ। ੫.ਗੁਰੂ ਦੀ ਮੂਰਤੀ ਅਰ ਸਤਿਗੁਰ (ਸ੍ਰੀ ਗੁਰੂ ਨਾਨਕ) ਦੇ ਸ਼ਬਦ ਅਰ ਸਾਧ ਸੰਗਤ ਨੂੰ ਬਰਾਬਰ ਕਰਕੇ ਪਰਵਾਨ ਕਰਦਾ ਹੈ। ੬.ਇਕ ਮਨ ਹੋਕੇ ਈਸ਼੍ਵਰ ਦੀ ਅਰਾਧਨਾ ਕਰਦਾ ਹੈ ਦੂਜਾ ਭਾਉ ਨਾਸ਼ ਹੋ ਗਿਆ ਹੈ, (ਇਕ ਅਕਾਲ ਪੁਰਖ ਦਾ) ਭਾਣਾ ਮਿੱਠਾ ਲਗਦਾ ਹੈ। ੭.ਗੁਰਮੁਖ ਤਾਣ ਹੁੰਦੇ ਭੀ ਨਿਤਾਣਾ ਹੋਕੇ ਰਹਿੰਦਾ ਹੈ (ਕਿਉਂ ਜੋ ਇਕ ਪਰਮਾਤਮਾ ਪੁਰ ਭਰੋਸਾ ਰੱਖਕੇ ਆਪ ਹੁਦਰੀ ਨਹੀਂ ਕਰਦਾ)।

## ੩. (ਮਨਮੁਖ, ਗੁਰਮੁਖ ਤੋਂ ਵਿਰਵ੍ਹਾ, ਮਨਮੁਖ ਮੂਰਖ, ਹੀਣਾ ਤੇ ਇਕੱਲਾ ਹੈ)।

੧. ਗੁਰਮੁਖਿ ਰੰਗੁ ਨ ਦਿਸਈ ਹੋਦੀ ਅਖੀ ਅੰਨ੍ਹਾਂ ਸੋਈ।

੨. ਗੁਰਮੁਖਿ ਸਮਝਿ ਨ ਸਕਈ ਹੋਦੀ ਕੰਨੀ ਬੋਲਾ ਹੋਈ।
੩. ਗੁਰਮੁਖਿ ਸਬਦੁ ਨ ਗਾਵਈ ਹੋਦੀ ਜੀਭੈ ਗੁੰਗਾ ਗੋਈ।
੪. ਚਰਣ ਕਵਲ ਦੀ ਵਾਸੁ ਵਿਣੁ ਨਕਟਾ ਹੋਦੇ ਨਕਿ ਅਲੋਈ।
੫. ਗੁਰਮੁਖਿ ਕਾਰ ਵਿਹੂੰਣਿਆ ਹੋਦੀ ਕਰੀ ਲੁੰਜਾ ਦੁਖ ਰੋਈ।
੬. ਗੁਰਮਤਿ ਚਿਤਿ ਨ ਵਸਈ ਸੋ ਮਤਿ ਹੀਣੁ ਨ ਲਹੰਦਾ ਢੋਈ।
੭. ਮੂਰਖ ਨਾਲਿ ਨ ਕੋਈ ਸਥੋਈ॥੩॥

**ਪਦਾਰਥ**-(ਅਲੋਈ=ਦੇਖਦਾ ਹੈ (ਆਪ ਨੂੰ ਨਕਟਾ)। ਲੁੰਜਾ=ਟੁੰਡਾ।
(ਢੋਈ=ਆਸ਼੍ਰਯ। ਸਥੋਈ=ਸਾਥੀ।)

**ਅਰਥ**-੧.ਗੁਰਮੁਖ ਦਾ ਰੂਪ ਜਿਸ ਨੂੰ ਨਹੀਂ ਦਿਸਦਾ ਓਹ ਅੱਖਾਂ ਦੇ ਹੁੰਦਿਆਂ ਅੰਨ੍ਹਾਂ ਹੈ (ਕਿਉਂ ਜੋ ਨੇਤ੍ਰ, ਗੁਰਮੁਖਾਂ ਦੇ ਦਰਸ਼ਨ ਨਾਲ ਹੀ ਸਫਲ ਹੁੰਦੇ ਹਨ)। ੨.ਗੁਰਮੁਖਾਂ (ਦੇ ਬਚਨ ਜੋ) ਨਹੀਂ ਸਮਝ ਸਕਦਾ, ਕੰਨਾਂ ਦੇ ਹੁੰਦਿਆਂ ਬੋਲਾ ਹੈ। ੩.ਗੁਰਮੁਖਾਂ ਦੇ ਸ਼ਬਦ ਨੂੰ ਜੋ ਗਾਇਨ ਨਹੀਂ ਕਰਦਾ ਜੀਭ ਦੇ ਹੁੰਦਿਆਂ ਹੀ ਗੁੰਗਾ ਕਿਹਾ ਜਾਂਦਾ ਹੈ। ੪.(ਗੁਰੂ ਦੇ) ਚਰਨ ਕਮਲਾਂ ਦੀ ਵਾਸ਼ਨਾ ਤੋਂ ਬਿਨਾਂ (ਜੋ ਹੋਇਆ ਓਹ) ਨੱਕ ਵਾਲਾ ਹੋਕੇ ਭੀ ਆਪ ਨੂੰ ਨਕਟਾ ਦੇਖਦਾ ਹੈ। ੫.ਗੁਰਮੁਖਾਂ ਦੀ ਸੇਵਾ ਥੋਂ ਜੋ ਬੇਮੁਖ ਹੈ, ਹੱਥਾਂ ਦੇ ਹੁੰਦਿਆਂ ਲੁੰਜਾ ਹੈ ਅਰ ਦੁਖੀ ਹੋਕੇ ਰੋਂਦਾ ਹੈ। ੬.ਗੁਰੂ ਦੀ ਮਤ (ਸਿਖਿਆ) ਥੋਂ ਜੋ ਬਾਹਰਾ ਹੈ ਉਹ ਮਤ ਹੀਣ ਹੈ ਕਿਧਰੇ ਢੋਈ ਨਹੀਂ ਲੈ ਸਕਦਾ, (ਗੱਲ ਕੀ ਨਰਕ ਭੀ ਉਸ ਨੂੰ ਪਰੇ ਪਰੇ ਕਰਦੇ ਹਨ)। ੭.ਮੂਰਖ ਦਾ ਕੋਈ ਸਾਥੀ ਨਹੀਂ ਹੈ (ਗੱਲ ਕੀ ਅੰਨ੍ਹਾਂ, ਬੋਲਾ, ਗੁੰਗਾ, ਨਕਟਾ, ਲੁੰਜਾ ਆਦਿ ਸਾਰੇ ਵਿਸ਼ੇਖਣ ਉਸ ਵਿਖੇ ਵਿਦਮਾਨ ਹਨ)।

## ੪. (ਮੂਰਖ, ਘੁੱਘੂ ਦ੍ਰਿਸ਼ਟਾਂਤ)।

੧. ਘੁਘੂ ਸੁਝ ਨ ਸੁਝਈ ਵਸਦੀ ਛਡਿ ਰਹੈ ਓਜਾੜੀ।
੨. ਇਲਿ ਪੜ੍ਹਾਈ ਨਾ ਪੜ੍ਹੈ ਚੂਹੇ ਖਾਇ ਉਡੈ ਦੇਹਾੜੀ।
੩. ਵਾਸੁ ਨ ਆਵੈ ਵਾਂਸ ਨੋ ਹਉਮੈ ਅਗਿ ਨ ਚੰਦਣ ਵਾੜੀ।
੪. ਸੰਖ ਸਮੁੰਦਹੁ ਸਖਣਾ ਗੁਰਮਤਿ ਹੀਣਾ ਦੇਹ ਵਿਗਾੜੀ।
੫. ਸਿੰਮਲੁ ਬਿਰਖੁ ਨ ਸਫਲੁ ਹੋਇ ਆਪੁ ਗਣਾਏ ਵਡਾ ਅਨਾੜੀ।
੬. ਮੂਰਖੁ ਫਟੜਿ ਪਵੈ ਰਿਹਾੜੀ॥੪॥

**ਪਦਾਰਥ**-(ਵਸਦੀ=ਵੱਸਣ ਦੀ ਥਾਉਂ। ਚੰਦਨ ਵਾੜੀ=ਚੰਨਣ ਦੀ ਬਗੀਚੀ।
(ਅਨਾੜੀ=ਅਮੋੜ, ਮੂਰਖ। ਫਟੜਿ=ਜ਼ਖਮੀ। ਰਿਹਾੜੀ=ਝਗੜੇ ਰਗੜੇ, ਜ਼ਿਦਾਂ।)

**ਅਰਥ**- ੧.ਉੱਲੂ ਨੂੰ ('ਸੁਝ') ਚਾਨਣਾ (ਯਾ ਸੂਰਜ) ਨਹੀਂ ਸੁਝਦਾ, ਵਸਤੀਆਂ (ਪਿੰਡਾਂ) ਨੂੰ ਛੱਡਕੇ ਉਜਾੜੀਂ ਰਹਿੰਦਾ ਹੈ। ੨.ਇੱਲ ਕਿਸੇ ਦੀ ਪੜ੍ਹਾਈ ਹੋਈ ਨਹੀਂ ਸਿੱਖਦੀ, ਚੂਹੇ ਖਾ ਕੇ ਦਿਨ ਭਰ ਉਡਦੀ ਰਹਿੰਦੀ ਹੈ। ੩.ਵਾਂਸ ਵਿਖੇ ਵਾਸ਼ਨਾ ਹਉਮੈਂ ਦੀ ਅੱਗ ਕਰਕੇ ਨਹੀਂ ਆਉਂਦੀ, ਚੰਨਣ ਦੀ ਬਗੀਚੀ ਵਿਚ ਤਾਂ (ਇਹ ਮੇਰ ਤੇਰ) ਕੋਈ ਨਹੀਂ। ੪.ਸੰਖ ਸਮੁੰਦਰ ਵਿਚੋਂ ਭੀ ਖਾਲੀ ਹੀ ਆਉਂਦਾ ਹੈ, ਗੁਰਮਤ ਥੋਂ ਹੀਣ ਹੋਣ ਕਰਕੇ ਦੇਹ ਵਿਗਾੜ ਲੀਤੀ ਹੈ। ੫.ਸਿੰਮਲ ਦਾ ਬ੍ਰਿਛ ਫਲਾਂ ਵਾਲਾ ਨਹੀਂ ਹੁੰਦਾ, ਆਪਣਾ ਆਪ ਮੂਰਖ ਹੰਕਾਰ ਵਿਚ ਹੀ ਗਵਾ ਦਿੰਦਾ ਹੈ। ੬.(ਗੱਲ ਕੀ) ਮੂਰਖ ਲੋਕ (ਰੋਂਦੜ ਅਥਵਾ) ਦਿਲ ਦੇ ਫਟੇ ਹੋਏ ਹਨ, ਝਗੜਿਆ ਅਥਵਾ ਜ਼ਿੰਦਾਂ ਵਿਚ(ਹੀ ਉੱਲੂਆਂ, ਇੱਲਾਂ ਵਾਂਙੂ ਬਿਰਥਾ ਭਟਕ ਭਟਕ ਕੇ ਵਾਂਸਾਂ, ਤੇ ਸਿੰਮਲ ਵਾਂਙੂ ਨਿਕੰਮੇ ਰਹਿਕੇ ਅਵਸਥਾ ਬਿਤੀਤ ਕਰ

ਦਿੰਦੇ) ਹਨ।

## ੫. (ਮੂਰਖ ਅੰਨ੍ਹੇ ਦੀ ਆਰਸੀ)।

੧. ਅੰਨ੍ਹੇ ਅਗੇ ਆਰਸੀ ਨਾਈ ਧਰਿ ਨ ਵਧਾਈ ਪਾਵੈ।
੨. ਬੋਲੇ ਅਗੇ ਗਾਵੀਐ ਸੂੰਮ ਨ ਡੂਮ ਕਵਾਇ ਪੈਨ੍ਹਾਵੈ।
੩. ਪੁਛੈ ਮਸਲਤਿ ਗੁੰਗਿਅਹੁ ਵਿਗੜੈ ਕੰਮੁ ਜਵਾਬੁ ਨ ਆਵੈ।
੪. ਫੁਲਵਾੜੀ ਵੜਿ ਗੁਣਗੁਣਾ ਮਾਲੀ ਨੋ ਨ ਇਨਾਮੁ ਦਿਖਾਵੈ।
੫. ਲੂਲੇ ਨਾਲਿ ਵਿਆਹੀਐ ਕਿਵ ਗਲ ਮਿਲਿ ਕਾਮਣਿ ਗਲਿ ਲਾਵੈ।
੬. ਸਭਨਾ ਚਾਲ ਸੁਹਾਵਣੀ ਲੰਗੜਾ ਕਰੈ ਲਖਾਉ ਲੰਗਾਵੈ।
੭. ਲੁਕੈ ਨ ਮੂਰਖੁ ਆਪੁ ਲਖਾਵੈ ॥੫॥

**ਪਦਾਰਥ**-(ਵੜਿ=ਵੜਕੇ। ਗੁਣਗੁਣਾ=ਜਿਸ ਦਾ ਨੱਕ ਠੀਕ ਨਹੀਂ, (ਮੁਸ਼ਕ ਨਹੀਂ ਆਉਦਾ ਜਿਸ ਨੂੰ।

**ਅਰਥ**-੧.ਨਾਈ (ਆਪਣੀ) ਆਰਸੀ ਅੰਨ੍ਹੇ ਦੇ ਅੱਗੇ ਰੱਖਕੇ ਵਧਾਈ ਨਹੀਂ ਪਾਉਂਦਾ (ਪੈਸਾ ਨਹੀਂ ਮਿਲਦਾ)! ੨.ਡੂੰਮ ਬੋਲੇ ਤੇ ਸੂੰਮ ਦੇ ਅੱਗੇ ਭਾਵੇਂ ਕਿੰਨਾ ਗਾਇਨ ਕਰੇ ਉਹ ਪੁਸ਼ਾਕ ਨਹੀਂ ਪਹਿਰਾਉਂਦੇ (ਕਿਉਂ ਜੋ ਇਕ ਸੁਣਦਾ ਨਹੀਂ, ਦੂਜਾ ਦਿਲ ਦਾ ਕੰਦਰਜ ਹੈ)। ੩.ਵਿਗੜੇ ਹੋਏ ਕੰਮ (ਲਈ ਕੋਈ 'ਮਸਲਤ') ਸਲਾਹ ਗੁੰਗੇ ਥੋਂ ਪੁਛੋ ਅਗੋਂ ਜਵਾਬ ਕੁਝ ਨਹੀਂ ਅਹੁੜ ਸਕਦਾ। ੪.ਫੁੱਲਾਂ ਦੀ ਬਗੀਚੀ ਵਿਚ ਵੜਕੇ ਗੁਣਗੁਣਾ ਮਾਲੀ ਨੂੰ ਇਨਾਮ ਨਹੀਂ ਦਿਵਾ ਸਕਦਾ (ਕਿਉਂ ਜੋ ਘ੍ਰਾਣੇਂਦ੍ਰਿਯ ਨਾ ਹੋਣ ਕਰ ਆਪ ਹੀ ਆਨੰਦ ਨਹੀਂ ਲੈ ਸਕਦਾ) ੫.ਲੂਲ੍ਹੇ ਨਾਲ ਕੋਈ ਕਾਮਣੀ ਵਿਆਹੀ ਜਾਵੇ ਤਾਂ ਉਹ ਕਿੱਕੁਰ ਉਸ ਦੇ ਗਲ ਨਾਲ ਮਿਲਕੇ (ਉਸ ਨੂੰ) ਆਪਣੇ ਗਲ ਨਾਲ ਲਾ ਸਕਦਾ ਹੈ। ੬.ਸਭਨਾ ਦੀਆਂ ਚਾਲਾਂ ਸੁੰਦਰ ਹਨ, ਲੰਗੜਾ ਆਪਣੀ ਚਾਲ ਦਾ ('ਲਖਾਉ')) ਦਿਖਾਵਾ ਕਰਦਾ ਹੈ (ਪਰ ਫੇਰ) ਲੰਗਾਉਂਦਾ ਹੈ। ੭.ਮੂਰਖ ਲੁਕਦਾ ਨਹੀਂ ਆਪਣਾ ਆਪ ਹੀ ਲਖਾ ਦਿੰਦਾ ਹੈ।

**ਭਾਵ**-'ਬੋਲੀ ਕਾਰ ਵਿਗਾੜਿਆ ਜਿਉਂ ਮੂਲੀ ਪਤਾ' ਮੂਲੀ ਦੇ ਡਕਾਰ ਥੋਂ ਹੀ ਅਨੁਮਾਨ ਮੂਲੀ ਦਾ ਕਰ ਸੱਕੀਦਾ ਹੈ, ਇਸੇ ਪ੍ਰਕਾਰ ਆਸੁਰੀ ਸੰਪਦਾ ਦੇ ਵਰਤਾਉ ਥੋਂ ਮੂਰਖਾਂ ਦਾ ਅਨੁਮਾਨ ਹੋ ਸਕਦਾ ਹੈ।

ਕਦਰ ਨਾ ਕਰਨ ਜੋਗਿਆਂ ਅੱਗੇ ਗੁਣ ਰੱਖਕੇ ਕੋਈ ਕਦਰ ਨਹੀਂ ਪਾ ਸਕਦਾ।

## ੬. (ਮੂਰਖ ਦਾ ਸੌਰਨਾ)।

੧. ਪਥਰੁ ਮੂਲਿ ਨ ਭਿਜਈ ਸਉ ਵਰ੍ਹਿਆ ਜਲ ਅੰਦਰਿ ਵਸੈ।
੨. ਪਥਰ ਖੇਤੁ ਨ ਜੰਮਈ ਚਾਰਿ ਮਹੀਨੇ ਇੰਦਰ ਵਰਸੈ।
੩. ਪਥਰਿ ਚੰਨਣੁ ਰਗੜੀਐ ਚੰਨਣ ਵਾਂਗਿ ਨ ਪਥਰੁ ਘਸੈ।
੪. ਸਿਲ ਵਟੇ ਨਿਤ ਪੀਸਦੇ ਰਸਕਸ ਜਾਣੈ ਵਾਸੁ ਨ ਰਸੈ।
੫. ਚਕੀ ਫਿਰੈ ਸਹੰਸਵਾਰ ਖਾਇ ਨ ਪੀਐ ਭੁਖਿ ਨ ਤਸੈ।
੬. ਪਥਰ ਘੜੇ ਵਰਤੱਣਾ ਹੇਠਿ ਉਤੇ ਹੋਇ ਘੜਾ ਵਿਣਸੈ।
੭. ਮੂਰਖਿ ਸਰਤਿ ਨ ਜਸ ਅਪਜਸੈ ॥੬॥

**ਪਦਾਰਥ**-(ਸਿਲ ਵਟੇ=ਸਿਲਾਂ ਤੇ ਵੱਟੇ। ਵਾਸੁ=ਵਾਸ਼ਨਾ। ਰਸੈ=ਸੁਆਦ। (ਤਸੈ=ਤ੍ਰਿਖਾ। ਘੜਾ ਵਿਣਸੈ=ਘੜੇ ਦਾ ਨਾਸ਼।)

**ਅਰਥ**-੧.ਪੱਥਰ ਕਦੇ ਨਹੀਂ ਭਿੱਜਦਾ ਭਾਵੇਂ ਸੈਂਕੜੇ ਵਰਹੇ ਪਾਣੀ ਦੇ ਅੰਦਰ ਵੱਸਦਾ ਰਹੇ। ੨.ਪੱਥਰ ਉਤੇ ਪੈਲੀ ਨਹੀਂ ਜੰਮਦੀ, (ਭਾਵੇਂ ਬਰਾਬਰ ਬਰਸਾਤ ਦੇ) ਚਾਰ ਮਹੀਨੇ ਇੰਦਰ ਵਰਖਾ ਕਰਦਾ ਰਹੇ। ੩.ਪੱਥਰ ਚੰਨਣ ਨੂੰ ਘਸਾ ਦਿੰਦਾ ਹੈ, (ਪਰੰਤੂ ਆਪ) ਚੰਨਣ ਵਾਂਙੂ ਘਸ ਨਹੀਂ ਸਕਦਾ। ੪.ਸਿਲਾਂ ਤੇ ਵੱਟੇ ਰਸਕਸਾਂ ਨੂੰ ਨਿਤ ਪੀਸਦੇ ਹਨ, (ਪਰੰਤੂ ਉਨ੍ਹਾਂ ਦੀ) ਵਾਸ਼ਨਾ ਅਤੇ ਸੁਆਦ ਨੂੰ ਨਹੀਂ ਜਾਣਦੇ। ੫.ਚੱਕੀ ਹਜ਼ਾਰ ਵਾਰ ਫੇਰ ਫਿਰਦੀ ਹੈ ਨਾ ਖਾਂਦੀ ਹੈ ਨ ਪੀਂਦੀ ਹੈ, ਨਾ ਭੁੱਖੀ ਨਾ ਤਿਹਾਈ ਹੁੰਦੀ ਹੈ। ੬.ਪੱਥਰ ਅਤੇ ਘੜੇ ਦੀ ਵਰਤਣ (ਅਜਿਹੀ ਹੈ ਕਿ ਭਾਵੇਂ) ਹੇਠੋਂ ਤੇ ਭਾਵੇਂ ਉੱਤੋਂ ਲੱਗੇ, ਘੜੇ ਦਾ ਹੀ ਨਾਸ਼ ਕਰਦਾ ਹੈ (ਆਪ ਫੇਰ ਪੱਥਰ ਦਾ ਪੱਥਰ ਹੈ। ਅੱਗੇ ਦ੍ਰਿਸ਼ਟਾਂਤ ਦੱਸਦੇ ਹਨ)। ੭.ਮੂਰਖ ਨੂੰ ਆਪਣੇ ਜਸ ਅਪਜਸ ਦੀ ਸੁਰਤ ਨਹੀਂ ਹੈ।

**ਭਾਵ**-ਗੱਲ ਕੀ ਮੂਰਖ ਪੱਥਰ ਵਾਂਙੂ ਦਿਲ ਦਾ ਕਠੋਰ ਅਰ ਦੁਖਦਾਈ ਹੈ, ਉਹ ਕਿਸੇ ਤਰਾਂ ਉਪਦੇਸ਼ ਨਾਲ ਪਸੀਜਦਾ ਅਰ ਸੁਖ ਦੀ ਕਦਰ ਨਹੀਂ ਪਛਾਣਦਾ।

## ੭. (ਮੂਰਖ ਪੱਥਰ ਹੈ ਸੰਗ ਵਿਚ ਕੁਸੰਗੀ ਰਹਿੰਦਾ ਹੈ)।

੧. ਪਾਰਸ ਪਥਰ ਸੰਗੁ ਹੈ ਪਾਰਸ ਪਰਸਿ ਨ ਕੰਚਨੁ ਹੋਵੈ।
੨. ਹੀਰੇ ਮਾਣਕ ਪਥਰਹੁ ਪਥਰ ਕੋਇ ਨ ਹਾਰਿ ਪਰੋਵੈ।
੩. ਵਟਿ ਜਵਾਹਰੁ ਤੋਲੀਐ ਮੁਲਿ ਨ ਤੁਲਿ ਵਿਕਾਇ ਸਮੋਵੈ।
੪. ਪਥਰ ਅੰਦਰਿ ਅਸਟਧਾਤੁ ਪਾਰਸੁ ਪਰਸਿ ਸੁਵੰਨੁ ਅਲੋਵੈ।
੫. ਪਥਰ ਫਟਕ ਝਲਕਣਾ ਬਹੁ ਰੰਗੀ ਹੋਇ ਰੰਗੁ ਨ ਗੋਵੈ।
੬. ਪਥਰ ਵਾਸੁ ਨ ਸਾਉ ਹੈ ਮਨ ਕਠੋਰ ਹੋਇ ਆਪੁ ਵਿਗੋਵੈ।
੭. ਕਰਿ ਮੂਰਖਾਈ ਮੂਰਖੁ ਰੋਵੈ ॥੭॥

**ਪਦਾਰਥ**-(ਪਾਰਸ ਪਥਰ ਸੰਗੁ=ਪਾਰਸ ਦਾ ਪੱਥਰ ਨਾਲ ਮੇਲ। ਤੁਲਿ=ਸਦਰਸ਼ਤਾ ਵਿਖੇ। (ਸਮੋਵੈ=ਸਮਾਈ। ਸੁਵੰਨੁ ਅਲੋਵੈ=ਸੋਨਾ ਦੇਖੀਦਾ ਹੈ। (ਰੰਗੁ ਨ ਗੋਵੈ= ਰੰਗ ਨਹੀਂ ਧਰਦਾ।

**ਅਰਥ**-੧.ਪਾਰਸ ਦਾ ਪੱਥਰ ਨਾਲ ਮਿਲਾਪ ਹੈ, (ਪਰੰਤੂ) ਪਾਰਸ ਨਾਲ ਛੋਹਕੇ (ਪਥਰ) ਸੋਨਾ ਨਹੀਂ ਹੁੰਦਾ। ੨.ਹੀਰੇ ਤੇ ਮਾਣਕ ਪੱਥਰਾਂ ਵਿਚੋਂ ਹੀ ਨਿਕਲਦੇ ਹਨ, (ਪਰੰਤੂ) ਪੱਥਰਾਂ ਦੇ (ਹੀਰਿਆਂ ਵਾਂਙੂ) ਕੋਈ ਹਾਰ ਪਰੋਕੇ (ਗੱਲ ਨਹੀਂ ਪਾਉਂਦਾ)। ੩.(ਪੱਥਰਾਂ ਦੇ) ਵੱਟੇ ਨਾਲ ਜਵਾਹਰ (ਇਕੋ ਤੱਕੜੀ) ਤੋਲੀਦਾ ਹੈ, ਪਰੰਤੂ ਮੁੱਲ ਵਿਚ ਤੁੱਲਤਾ ਦੀ ਸਮਾਈ ਨਹੀਂ ਹੁੰਦੀ, (ਕਿਉਂ ਜੋ ਚੀਜ਼ ਕੱਦ ਵਿਚ ਛੋਟੀ ਕੀਮਤ ਵਿਚ ਵੱਡੀ ਹੁੰਦੀ ਹੈ, ਦੇਖੋ ਹੀਰੇ ਅਤੇ ਪੱਥਰ ਵਿਚ ਕਿੰਨਾ ਭੇਦ ਹੈ)। ੪.ਪੱਥਰਾਂ ਵਿਖੇ ਹੀ ਅਠੇ ਧਾਤਾਂ (ਲੋਹਾ ਆਦਿਕ) ਹਨ, ਪਰ ਪਾਰਸ ਦੇ ਮਿਲਾਪ ਨਾਲ ਸੁਵਰਨ ਦੇਖੀਦੀਆਂ ਹਨ (ਭਾਵ ਉਨ੍ਹਾਂ ਪੁਰ ਅਸਰ ਹੋ ਜਾਂਦਾ ਹੈ)। ੫.ਬਲੌਰੀ ਪੱਥਰ ਚਮਕੀਲਾ ਹੈ, ਕੋਈ ਰੰਗ ਉਸ ਪਾਸ ਰੱਖੀਏ ਤਦ ਰੂਪ ਹੋਕੇ ਆਪਣਾ ਰੰਗ ਨਹੀਂ ਛੁਪਾਉਂਦਾ, (ਭਾਵ ਉਪਾਧੀ ਭੇਦ ਕਰ ਕਈ ਰੰਗ ਧਾਰਕੇ ਫੇਰ ਕਰੜੇ ਦਾ ਕਰੜਾ ਹੀ ਰਹਿੰਦਾ ਹੈ)। ੬.ਪੱਥਰ ਵਿਖੇ ਵਾਸ਼ਨਾ ਅਰ ਸਵਾਦ ਕੁਝ ਨਹੀਂ ਹੈ, ਮਨ ਦਾ ਕਠੋਰ ਹੋ ਕੇ ਆਪਣਾ ਆਪ ਖਰਾਬ ਕਰਦਾ ਹੈ। ੭.(ਪਰ ਅੰਤ ਨੂੰ) ਮੂਰਖ ਮੂਰਖਤਾਈਆਂ (ਕਰਨ ਕਰਕੇ ਰੋਂਦਾ ਹੈ।

## ੮. (ਮੂਰਖ ਦਾ ਸੰਗ ਨਾ ਕਰੋ)।

੧. ਜਿਉ ਮਣਿ ਕਾਲੇ ਸਪ ਸਿਰਿ ਸਾਰ ਨ ਜਾਣੈ ਵਿਸੂ ਭਰਿਆ।
੨. ਜਾਣੁ ਕਥੂਰੀ ਮਿਰਗ ਤਨਿ ਝਾੜਾਂ ਸਿੰਙਦਾ ਫਿਰੈ ਅਫਰਿਆ।
੩. ਜਿਉ ਕਰਿ ਮੋਤੀ ਸਿਪ ਵਿਚਿ ਮਰਮ ਨ ਜਾਣੈ ਅੰਦਰਿ ਧਰਿਆ।
੪. ਜਿਉ ਗਾਈ ਥਣਿ ਚਿਚੁੜੀ ਦੁਧੁ ਨ ਪੀਐ ਲੋਹੂ ਜਰਿਆ।
੫. ਬਗੁਲਾ ਤਰਣਿ ਨ ਸਿਖਿਓ ਤੀਰਥਿ ਨਾਇ ਨ ਪਥਰੁ ਤਰਿਆ।
੬. ਨਾਲਿ ਸਿਆਣੇ ਭਲੀ ਭਿਖ ਮੂਰਖ ਰਾਜਹੁ ਕਾਜੁ ਨ ਸਰਿਆ।
੭. ਮੇਖੀ ਹੋਇ ਵਿਗਾੜੈ ਖਰਿਆ॥੮॥

**ਪਦਾਰਥ**-(ਅਫਰਿਆ=ਅਮੋੜ, ਫੜਿਆ ਨਹੀਂ ਜਾਵੇ। ਜਰਿਆ=ਜੜਿਆ ਰਹਿੰਦਾ ਹੈ; (ਮੇਖੀ=ਖੋਟਾ ਰੁਪੱਯਾ, ਮੇਖ ਵਾਲ, ਦਾਗੀ ਵਾ ਖੋਟਾ (ਪੁਰਖ)।)

**ਅਰਥ**-੧.ਕਾਲੇ ਸੱਪ ਦੇ ਸਿਰ ਵਿਖੇ ਮਣੀ ਹੁੰਦੀ ਹੈ, ਜਿੱਕੁਰ (ਉਹ ਉਸਦੀ) ਸਾਰ ਨਾ ਜਾਂਣਕੇ ਵਿਹੁ ਦਾ ਭਰਿਆ ਰਹਿੰਦਾ ਹੈ (ਤਿਵੇਂ ਮੂਰਖ 'ਅਪਣੇ ਅੰਤਹਕਰਣ ਵਿਖੇ ਈਸ਼੍ਵਰ ਪੂਰਣ ਹੈ' ਦੀ ਸਾਰ ਨਾ ਜਾਣਕੇ ਹੰਕਾਰ ਦੀ ਵਿਖ ਵਿਖੇ ਭਰਿਆ ਹੀ ਰਹਿੰਦਾ ਹੈ)। ੨.ਮਿਰਗ ਦੇ ਸਰੀਰ ਵਿਖੇ ਕਥੂਰੀ ਹੈ ਉਹ ਝਾੜੀਆਂ ਨੂੰ ਸੁੰਘਦਾ (ਅਥਵਾ ਝਾੜੀਆਂ ਵਿਚ ਸਿੰਗ ਫਸਾਉਂਦਾ) ਅਮੋੜ ਫਿਰਦਾ ਹੈ। ੩.ਜਿਵੇਂ ਸਿੱਪ ਵਿਖੇ ਮੋਤੀ ਹੁੰਦਾ ਹੈ ਉਹ ਉਸਦਾ ਭੇਤ ਨਹੀਂ ਜਾਣਦਾ ਕਿ ਅੰਦਰ ਹੀ ਧਰਿਆ ਹੈ। ੪.ਚਿੱਚੜ ਗਊ ਦੇ ਥਣਾਂ ਪੁਰ ਚੰਮੜਿਆ ਹੋਇਆ ਦੁੱਧ ਵਲ ਧਿਆਨ ਨਹੀਂ ਕਰਦਾ, ਲਹੂ ਵਿਚ ਹੀ ਜੜਿਆ (ਲੱਗਾ) ਰਹਿੰਦਾ ਹੈ। ੫.ਬਗਲੇ ਨੇ ਤਰਨਾ ਨਾ ਸਿਖਿਆ, (ਸਾਰੀ ਉਮਰ) ਤੀਰਥ ਨ੍ਹਾਉਂਦਾ ਰਿਹਾ, ਤੇ ਪੱਥਰ ਬੀ (ਤੀਰਥ ਵਿਖੇ ਵਸਦਾ ਰਿਹਾ, ਪਰ ਆਪ) ਨਾ ਤਰਿਆ। ੬.ਸਿਆਣੇ ਨਾਲ ਭਿਖਿਆ ਮੰਗਕੇ ਖਾਣੀ ਚੰਗੀ ਹੈ, ਮੂਰਖ ਨਾਲ ਰਾਜ ਮਿਲੇ ਤਾਂ ਕਿਸੇ ਕੰਮ ਦਾ ਨਹੀਂ ਹੈ (ਕਿਉਂ ਜੋ ਮੂਰਖ ਦਾ ਸੰਗ ਅੰਤ ਨੂੰ ਦੁਖਦਾਈ ਹੁੰਦਾ ਹੈ)। ੭.ਖੋਟਾ ਰੁਪੱਯਾ ਵਿਗਾੜ ਵਿਚ ਹੀ ਖਰਾ ਹੁੰਦਾ ਹੈ, (ਭਾਵ ਅੱਗ ਵਿਖੇ ਤਾਉਣ ਨਾਲ ਹੀ ਸਾਫ ਹੋ ਸਕਦਾ ਹੈ। ਨਰਕ ਦੀ ਅੱਗ ਵਿਖੇ ਸਿਟਿਆ ਜਾਂਦਾ ਹੈ। ਅਥਵਾ ਮੇਖੀ ਕਹੀਏ ਦਾਗੀ ਆਦਮੀ ਪਾਤਸ਼ਾਹ ਦੀ ਵਿਗਾਰ ਵਿਖੇ ਖੜੀਦਾ ਹੈ, ਭਾਵ ਚੱਕੀ ਝੋਂਦਾ ਹੀ ਮਰ ਜਾਂਦਾ ਹੈ। (ਯਥਾ:-"**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹੁ ਜਾਈਐ ਭਾਗਿ ॥ ਬਾਸਨ ਕਾਰੋ ਪਰਸੀਐ ਤਉ ਕਿਛੁ ਲਾਗੈ ਦਾਗੁ ॥**") (ਸ: ਕਬੀ:੧੩੧)।

## ੯. (ਮੂਰਖ ਨਾਲ ਉਪਰੇ ਰਹੋ)।

੧. ਕਟਣੁ ਚਟਣੁ ਕੁਤਿਆ ਕੁਤੈ ਹਲਕ ਤੈ ਮਨੁ ਸੂਗਾਵੈ।
੨. ਠੰਡਾ ਤਤਾ ਕੋਇਲਾ ਕਾਲਾ ਕਰਿਕੈ ਹਥ ਜਲਾਵੈ;
੩. ਜਿਉ ਚਕਚੂੰਧਰ ਸਪ ਦੀ ਅੰਨ੍ਹਾਂ ਕੋੜੀ ਕਰਿ ਦਿਖਲਾਵੈ।
੪. ਜਾਣੁ ਰਸਉਲੀ ਕੇਹ ਵਿਚਿ ਵਧੀ ਪੀੜ ਰਖੀ ਸ਼ਰਮਾਵੈ।
੫. ਵੰਸਿ ਕਪੂਤੁ ਕੁਲਛਣਾ ਛਡਿਆ ਬਣੈ ਨ ਵਿਚਿ ਸਮਾਵੈ।
੬. ਮੂਰਖ ਹੇਤੁ ਨ ਲਈਐ ਪਰਹਰਿ ਵੈਰੁ ਅਲਿਪਤੁ ਵਲਾਵੈ।
੭. ਦੁਹੀ ਪਵਾੜੀ ਦੁਖਿ ਵਿਹਾਵੈ॥੯॥

**ਪਦਾਰਥ**-(ਸੂਗਾਵੈ=ਸੰਗਦਾ, ਡਰਦਾ ਹੈ। ਪਵਾੜੀ=ਝਗੜੇ। ਪਾਠਾਂਤ੍ਰ='ਪਾਵੜੀ'=ਪਾਸੇ।)

**ਅਰਥ**-੧.ਕੁਤਿਆਂ ਦਾ ਕੰਮ ਕਟਣਾ ਤੇ ਚੱਟਣਾ ਹੈ,(ਕਿਉਂ ਜੋ ਮਾਰੀਏ ਤਾਂ ਕੱਟਦਾ ਹੈ, ਪ੍ਰੀਤ ਕੀਤਿਆਂ

ਚੱਟਦਾ ਹੈ ਅਰ) ਕੁਤੇ ਦੇ ਹਲਕਪੁਣੇ ਤੇ ਮਨ ਡਰਦਾ ਹੈ। (ਚੱਟਣਾ ਕੁਤੇ ਦਾ ਸੁਭਾਵੁ ਹੈ, ਜੇਕਰ ਹਲਕ ਜਾਏ ਤਾਂ ਉਸਦਾ ਚੱਟਣਾ ਹੀ ਮਾਰ ਦੇਂਦਾ ਹੈ, ਏਸ ਕਰਕੇ ਓਸ ਤੋਂ ਸੰਕੋਚ ਕਰਨਾ ਹੀ ਚੰਗਾ ਹੈ)। (ਅਗੇ ਹੋਰ ਦ੍ਰਿਸ਼ਟਾਂਤ ਦਿੰਦੇ ਹਨ) ੨.ਜਿੱਕੁਰ ਠੰਢਾ ਕੋਲਾ ਹੱਥ ਕਾਲੇ ਕਰਦਾ ਹੈ, ਤੱਤਾ ਹੱਥ ਸਾੜਦਾ ਹੈ, ੩.ਜਿੱਕੁਰ ਸੱਪ ਨੂੰ ਕੋੜ੍ਹ ਕਿਰਲੀ ਖਾਧਿਆਂ) ਕੋੜ੍ਹੀ ਤੇ (ਛੱਡਿਆਂ ਸੱਪ ਨੂੰ) ਅੱਨ੍ਹਾਂ ਕਰਕੇ ਦੱਸਦੀ ਹੈ। ੪.ਰਸੌਲੀ (ਅਰਥਾਤ ਉਭਰੇ ਹੋਏ ਮਾਸ ਦੀ ਗੰਢ) ਨੂੰ ਜੇ ਵੱਢੀਏ ਤਾਂ ਪੀੜ ਕਰਦੀ ਹੈ, ਜੇ ਰੱਖੀ ਜਾਵੇ ਤਾਂ ਸ਼ਰਮ ਲੱਗਦੀ ਹੈ, (ਕਿਉਂ ਜੋ ਉਸ ਨਾਲ ਭੈੜਾ ਰੂਪ ਭਾਸਦਾ ਹੈ)। ੫.ਕੁਲ ਵਿਖੇ ਖੋਟਾ ਪੁਤ੍ਰ ਛੱਡਿਆ ਬੀ ਨਹੀਂ ਬਣਦਾ, ਨਾ ਵਿਚ ਹੀ ਸਮਾ ਸਕਦਾ ਹੈ, (ਕਿਉਂ ਜੋ ਕੋਈ ਨ ਕੋਈ ਪੁਆੜਾ ਹੀ ਖੜਾ ਰੱਖੂ)। ੬.ਮੂਰਖ ਨਾਲ ਹਿਤ ਨਾ ਕਰੀਏ ਤੇ ਵੈਰ ਭੀ ਛੱਡੀਏ, (ਹਾਂ) ਅਲਿਪਤ ਹੋ ਕੇ (ਉਦਾਸ ਭਾਓ ਹੀ) ਚੰਗਾ ਹੈ (ਅਪੇਛਾ ਧਾਰਨ ਕਰੋ)। ੭.(ਨਹੀਂ ਤਾਂ) ਦੁਹਾਂ ਪਵਾੜਿਆਂ ਵਿਚ ਦੁਖ ਹੀ ਹੋਊ।

**ਭਾਵ**-ਮੂਰਖਾਂ ਨਾਲ ਵਾਕਬੀ ਤੇ ਵੈਰ ਦੋਵੇਂ ਮਾੜੇ ਹਨ, ਓਪਰਾਪਨ ਚੰਗਾ ਹੈ।

## ੧੦. (ਮੂਰਖ ਖੇਖਵਾ ਤੇ ਔਗੁਣ ਗ੍ਰਾਹੀ ਹੈ)।

੧. ਜਿਉ ਹਾਥੀ ਦਾ ਨਾਵਣਾ ਬਾਹਰਿ ਨਿਕਲਿ ਖੇਹ ਉਡਾਵੈ।
੨. ਜਿਉ ਊਠੈ ਦਾ ਖਾਵਣਾ ਪਰਹਰਿ ਕਣਕ ਜਵਾਹਾ ਖਾਵੈ।
੩. ਕਮਲੇ ਦਾ ਕਛੋਟੜਾ ਕਦੇ ਲਕਿ ਕਦੇ ਸੀਸ ਵਲਾਵੈ।
੪. ਜਿਉ ਕਰਿ ਟੁੰਡੇ ਹਥੜਾ ਸੋ ਚੁਤੀ ਸੋ ਵਾਤਿ ਵਤਾਵੈ।
੫. ਸੰਨੀ ਜਾਣੁ ਲੁਹਾਰ ਦੀ ਖਿਣੁ ਜਲਿ ਵਿਚਿ ਖਿਨ ਅਗਨਿ ਸਮਾਵੈ।
੬. ਮਖੀ ਬਾਣੁ ਕੁਬਾਣੁ ਹੈ ਲੈ ਦੁਰਗੰਧੁ ਸੁਗੰਧ ਨ ਭਾਵੈ।
੭. ਮੂਰਖ ਦਾ ਕਿਹੁ ਹਥਿ ਨ ਆਵੈ॥੧੦॥

**ਪਦਾਰਥ**-(ਕਛੋਟੜਾ=ਲੰਗੋਟਾ। ਚੁਤੀ=ਚੁਤੜਾਂ ਵਿਚ। ਵਾਤਿ ਵਤਾਵੈ=ਮੂੰਹ ਵਿਖੇ ਵਰਤਦਾ ਹੈ। ਕੁਬਾਣੁ=ਭੈੜੀ ਬਾਣ।)

**ਅਰਥ**-੧.ਹਾਥੀ ਦੇ ਨ੍ਹਾਉਣ ਵਾਂਙੂੰ (ਮੂਰਖ ਦਾ ਕੰਮ ਹੈ ਜਿੱਕੁਰ ਉਹ ਤਾਲੋਂ) ਬਾਹਰ ਨਿਕਲਦਾ ਹੀ (ਸਿਰ ਪੁਰ) ਸੁਆਹ ਉਡਾਂਵਦਾ ਹੈ, (ਤੇਹਾ ਮੂਰਖ ਚੰਗਾ ਕੰਮ ਕਰੇ ਭੀ ਤਾਂ ਖੇਹ ਉਡਾਂਵਦਾ ਹੈ)। ੨.ਜਿੱਕੁਰ ਊਠ ਦਾ ਖਾਣਾ ਹੈ, (ਪੈਲੀ ਵਿਚੋਂ) ਕਣਕ ਛੱਡ ਦੇਵੇਗਾ (ਤੇ) 'ਜਵਾਹਾਂ' (ਕੰਡਿਆਂ ਵਾਲੇ ਬੂਟੇ) ਨੂੰ ਖਾਂਦਾ ਹੈ, (ਤਿਹਾ ਹੀ ਮੂਰਖ ਗੁਣਾਂ ਨੂੰ ਛੱਡਕੇ ਅਵਗੁਣ ਹੀ ਗ੍ਰਹਣਿ ਕਰਦਾ ਹੈ)। ੩.ਕਮਲਾ (ਸੌਦਾਈ) ਲੰਗੋਟੇ ਨੂੰ ਕਦੇ ਲੱਕ ਕਦੇ ਸਿਰ ਪੁਰ ਵਲਾਵੇ (ਲਪੇਟਦਾ ਹੈ, ਮੂਰਖ ਦੀ ਕ੍ਰਿਆ ਅਟਪਟੀ ਹੁੰਦੀ ਹੈ)। ੪.ਟੁੰਡੇ ਦਾ ਹੱਥ ਉਹੋ ਚੁਤੜਾਂ ਵਿਚ ਉਹੋ ਮੂੰਹ ਵਿਚ ਮਿਲਾਇਆ ਜਾਂਦਾ ਹੈ(ਭ੍ਰਿਸ਼ਟ ਕ੍ਰਿਆ ਮੂਰਖ ਦੀ ਹੁੰਦੀ ਹੈ)। ੫.ਲੁਹਾਰ ਦੀ ਸੰਨ੍ਹੀ ਪਲ ਪਾਣੀ ਵਿਚ ਪਲ ਅੱਗ ਵਿਚ ਰਖੀ ਜਾਂਦੀ ਹੈ, (ਮੂਰਖ ਬੇਅਸੂਲਾ ਆਦਮੀ ਹੁੰਦਾ ਹੈ)। ੬.ਮਖੀ ਦੀ ਖੋਟੀ ਵਾਦੀ ਹੈ ਜੋ ਸੁਗੰਧੀ ਨੂੰ ਛੱਡਕੇ ਦੁਰਗੰਧੀ ਪਰ ਹੀ (ਬੈਠਣਾ) ਪਸੰਦ ਕਰਦੀ ਹੈ। (ਸੱਤਵੀਂ ਤੁਕ ਵਿਖੇ ਦ੍ਰਿਸ਼ਟਾਂਤ ਮੂਰਖ ਪਰ ਘਟਾਉਂਦੇ ਹਨ) ੭.ਮੂਰਖ ਦਾ ਕੁਝ ਹੱਥ ਨਹੀਂ ਆਉਂਦਾ (ਅਰਥਾਤ ਮੂਰਖ ਦਾ ਥਹੁਥਿੱਤਾ ਕੁਝ ਨਹੀਂ ਹੈ, ਉਸ ਦੀ ਬ੍ਰਿਤਿ ਇਕ ਰਸ ਨਹੀਂ ਰਹਿੰਦੀ)।

## ੧੧. (ਮੂਰਖ ਆਪੇ ਫਸਦੇ ਤੇ ਕੁਫੱਕੜੀ ਹਨ)।

੧. ਤੋਤਾ ਨਲੀ ਨ ਛਡਈ ਆਪਣ ਹਥੀ ਫਾਥਾ ਚੀਕੈ।
੨. ਬਾਂਦਰੁ ਮੁਠਿ ਨ ਛਡਈ ਘਰਿ ਘਰਿ ਨਚੈ ਝੀਕਣੁ ਝੀਕੈ।
੩. ਗਦਹੁ ਅੜੀ ਨ ਛਡਈ ਚੀਘੀ ਪਉਦੀ ਹੀਕਣਿ ਹੀਕੈ।
੪. ਕੁਤੇ ਚਕੀ ਚਟਣੀ ਪੂਛ ਨ ਸਿਧੀ ਧ੍ਰੀਕਣਿ ਧ੍ਰੀਕੈ।
੫. ਕਰਨਿ ਕੁਫਕੜ ਮੂਰਖਾ ਸਪ ਗਏ ਫੜਿ ਫਾਟਨਿ ਲੀਕੈ।
੬. ਪਗ ਲਹਾਇ ਗਣਾਇ ਸਰੀਕੈ ॥੧੧॥

**ਪਦਾਰਥ**-(ਝੀਕਣੁ ਝੀਕੈ=ਖਿਝਕੇ ਝਹੀਆਂ ਲੈਣੀਆਂ। ਚੀਘੀ=ਚਿੱਲੀ, ਛੱਟ।
(ਹੀਕਣਿ ਹੀਕੈ=ਟੀਟਣੇ ਮਾਰਦਾ ਹੈ। ਫਾਟਨਿ ਲੀਕੈ=ਮਾਰਦੇ ਹਨ ਲੀਕਾਂ ਨੂੰ।
(ਧ੍ਰੀਕਣ ਧ੍ਰੀਕੈ=ਘਸੀਟਕੈ ਸਿੱਧਾ ਕਰਨਾ।

**ਅਰਥ**-੧.ਤੋਤਾ ਨਲੀ ਨਹੀਂ ਛੱਡਦਾ, ਆਪਣੇ ਹੱਥੀਂ ਆਪ ਹੀ ਫਸਕੇ ਪਿੱਛੇ ਚੀਂ ਚੀਂ ਕਰਦਾ ਹੈ। ੨.ਬਾਂਦਰ (ਘੜੇ ਵਿਚ ਛੋਲਿਆਂ ਦੀ ਮੁੱਠ ਭਰਕੇ ਫੇਰ) ਮੁੱਠ ਨੂੰ ਖੋਲ੍ਹਦਾ ਨਹੀਂ, (ਇਸੇ ਕਰਕੇ ਫੜਿਆ ਜਾਂਦਾ ਤੇ) ਘਰ ਘਰ ਨੱਚਦਾ ਫਿਰਦਾ ਤੇ (ਝੀਕਣ) ਝਿੜਕਿਆਂ ਹੋਇਆਂ (ਸੋਟੀ ਨਾਲ ਝੀਂਕਦਾ ਕਹੀਏ) ਨਕਲਾਂ ਕਰਦਾ ਹੈ (ਅਥਵਾ ਝਹੀਆਂ ਲੈਂਦਾ ਹੈ)। ੩.ਖੋਤਾ ਅੜੀ (ਜ਼ਿਦ) ਨਹੀਂ ਛੱਡਦਾ, (ਚੀਘੀ) ਛੱਟ ਦੇ ਪਾਇਆਂ ਟੀਟਣੇ ਮਾਰਦਾ ਹੈ। ੪.ਕੁੱਤਾ ਚੱਕੀ ਹੀ ਚੱਟਦਾ ਹੈ (ਆਟੇ) ਵਲ ਧਿਆਨ ਹੀ ਨਹੀਂ) ਪੂਛ ਸਿੱਧੀ ਨਹੀਂ ਹੁੰਦੀ, (ਭਾਵੇਂ) ਕਿੰਨੀਆਂ ਘਸੀਟਾਂ ਨਾਲ ਘਸੀਟੀਏ। (ਪੰਜਵੀਂ ਤੇ ਛੀਵੀਂ ਤੁੱਕ ਵਿਖੇ ਦ੍ਰਿਸ਼ਟਾਂਤ ਦੱਸਦੇ ਹਨ)। ੫.ਮੂਰਖ ਲੋਕ ਖੋਟੇ ਕੰਮ ਹੀ ਕਰਦੇ ਹਨ, ਸੱਪ ਦੇ ਗਿਆਂ ਹੋਇਆ (ਉਸਦੀ) ਲੀਕ ਨੂੰ ਫੜਕੇ ਹੀ (ਫਾਟਨਿ') ਮਾਰਨ ਲਗਦੇ ਹਨ। ੬.(ਉਹ ਲੀਕ ਕਿਹੜੀ ਹੈ?) (ਮਰਣੇ ਵਿਚ) ਪੱਗਾਂ ਲਾਹਕੇ ਸ਼ਰੀਕ ਬਣ ਬੈਠਦੇ ਹਨ। (ਕਿ ਸਾਡਾ ਚਾਚਾ ਜਾਂ ਤਾਇਆ ਮਰ ਗਿਆ ਹੈ, ਗੱਲ ਕੀ ਸਾਰੀ ਉਮਰ ਘੋਲ ਘਮਸਾਨ ਕਰਦਿਆਂ ਗੁਜ਼ਰੀ, ਪਿੱਛੋਂ ਪੱਗਾਂ ਲਾਹਕੇ ਸ਼ਰੀਕ ਬਣ ਬੈਠਦੇ ਹਨ)।

## ੧੨. (ਮੂਰਖ ਸੱਚ ਦਾ ਯਾਰ ਨਹੀਂ)।

੧. ਅੰਨ੍ਹਾਂ ਆਖੇ ਲੜਿ ਮਰੈ ਖੁਸੀ ਹੋਵੈ ਸੁਣਿ ਨਾਉ ਸੁਜਾਖਾ।
੨. ਭੋਲਾ ਆਖੇ ਭਲਾ ਮੰਨ ਅਹਮਕੁ ਜਾਣਿ ਅਜਾਣਿ ਨ ਭਾਖਾ।
੩. ਧੋਰੀ ਆਖੈ ਹਰਿ ਦੇ ਬਲਦ ਵਖਾਣਿ ਕਰੇ ਮਨਿ ਮਾਖਾ।
੪. ਕਾਉ ਸਿਆਣਪ ਜਾਣਦਾ ਵਿਸਟਾ ਖਾਇ ਨ ਭਾਖ ਸੁਭਾਖਾ।
੫. ਨਾਉ ਸੁਰੀਤ ਕੁਰੀਤ ਦਾ ਮੁਸਕ ਬਿਲਾਈ ਗਾਂਡੀ ਸਾਖਾ।
੬. ਹੇਠਿ ਖੜਾ ਥੂ ਥੂ ਕਰੈ ਗਿਦੜ ਹਥਿ ਨ ਆਵੈ ਦਾਖਾ।
੭. ਬੋਲ ਵਿਗਾੜੂ ਮੂਰਖੁ ਭੇਡਾਖਾ ॥੧੨॥

**ਪਦਾਰਥ**-ਧੋਰੀ=ਧੀਰਜੀ। ਮਾਖਾ=ਕ੍ਰੋਧੀ। ਗਾਂਡੀ ਸਾਖਾ=ਆਮ ਬਿੱਲੀ ਦੀ ਗੁਦਾ ਦੀ
(ਗੰਢ, ਮੁਸ਼ਕ ਬਿਲਾਈ ਇਕ ਜੰਗਲੀ ਜਾਨਵਰ ਦੀ ਗੰਢ ਹੈ ਜੋ ਖੁਸ਼ਬੂਦਾਰ
(ਹੁੰਦੀ ਹੈ। ਥੂ ਥੂ =ਥੁੱਕਾਂ ਸਿੱਟਨੀਆਂ। ਭੇਡਾਖਾ=ਭੇਡ ਦੀਆਂ ਅੱਖਾਂ ਵਾਲਾ।)

**ਅਰਥ**-੧.ਅੰਨ੍ਹਾਂ ਆਖਿਆਂ ਲੜ ਮਰਦਾ ਹੈ (ਭਾਵ ਗਲ ਪੈ ਜਾਂਦਾ ਹੈ) ਜੇਕਰ ਕੋਈ ਸੁਜਾਖਾ ਆਖੇ ਤਾਂ ਖੁਸ਼ੀ ਹੁੰਦਾ ਹੈ। ੨.(ਮੂਰਖ) ਭੋਲਾ ਆਖਿਆਂ ਭਲਾ ਮੰਨਦਾ ਹੈ, ਅਹਿਮਕ ਆਖਿਆਂ ਜਾਣ ਬੁੱਝਕੇ

ਅਜਾਣ ਹੋ ਉੱਤਰ ਹੀ ਨਹੀਂ ਦਿੰਦਾ (ਅਣਸੁਣੀ ਕਰ ਛੱਡਦਾ ਹੈ, ਅਜਾਣ ਨੂੰ ਜਾਣਕੇ ਭੀ ਅਹਿਮਕ ਨਾ ਆਖੋ, ਭੋਲਾ ਕਹੋਗੇ ਤਾਂ ਭਲਾ ਮੰਨੇਗਾ) । ੩.(ਮੂਰਖ) ਧੋਰੀ ਆਖਿਆਂ ਹੱਸ ਦਿੰਦਾ ਹੈ (ਕਿ ਮੈਂ ਵੱਡਾ ਧੀਰਜੀ ਹਾਂ ਜੇ ਕੋਈ) ਬਲਦ (ਪਸ਼ੂ) ਆਖੇ ਤਾਂ ਮਨ ਵਿਖੇ ('ਮਾਖਾ') ਲੋਹਾ ਲਾਖਾ ਹੋ ਜਾਂਦਾ ਹੈ। ੪.ਕਾਉਂ (ਵੱਡੀ) ਸਿਆਣਪ ਜਾਣਦਾ ਹੈ (ਪਰੰਤੂ ਕਰਮ ਇਹ ਕਿ) ਵਿਸ਼ਟਾ ਖਾਂਦਾ ਹੈ ('ਸੁਭਾਖਾ') ਚੰਗੀ ਭਾਖਾ ਨਹੀਂ ਬੋਲਦਾ। ੫.ਕੁਰੀਤੀਆਂ ਦਾ ਨਾਉਂ ਸੁਰੀਤੀਆਂ ਪੈ ਗਿਆ ਹੈ; (ਦ੍ਰਿਸ਼ਟਾਂਤ) ਗਾਂਡੀ ਸਾਖਾ ਨੂੰ ਲੈਕੇ ਮੁਸ਼ਕ ਬਿਲਾਈ ਆਖਦੇ ਹਨ। ੬.ਗਿੱਦੜ ਦਾਖ ਦੇ ਬੂਟੇ ਹੇਠ (ਜਦ ਹੱਥ ਨਹੀਂ ਪਹੁੰਚ ਸਕਦਾ) ਖੜੋਕੇ ਥੂ ਥੂ ਕਰਦਾ ਹੈ ( ਕਿ ਇਹ ਬੜੀ ਖੱਟੀ ਟੀਟ ਹੈ)।੭.ਮੂਰਖ ਬੋਲਕੇ ਵਿਗਾੜ ਪਾ ਲੈਂਦਾ ਹੈ, (ਭੇਡਾਖਾ) ਭੇਡ ਦੀਆਂ ਅੱਖਾਂ ਵਾਲਾ ਹੈ, (ਕਿਉਂ ਜੋ ਭੇਡ ਦੇ ਮਗਰ ਭੇਡ ਤੁਰਦੀ ਹੈ, ਆਪਣੀ ਅਕਲ ਤੇ ਨਜ਼ਰ ਨੂੰ ਵਿਦਾ ਕਰ ਛਡਿਆ ਹੈ)।

## ੧੩. (ਮੂਰਖ ਵਿਣ ਗੁਣ ਗਰਬੀ ਹੈ)।

੧. ਰੁਖਾਂ ਵਿਚਿ ਕੁਰੁਖੁ ਹੈ ਅਰੰਡੁ ਅਵਾਈ ਆਪੁ ਗਣਾਏ।
੨. ਪਿਦਾ ਜਿਉ ਪੰਖੇਰੂਆਂ ਬਹਿ ਬਹਿ ਡਾਲੀ ਬਹੁਤੁ ਬਫਾਏ।
੩. ਭੇਡ ਭਿਵਿੰਗਾ ਮੁਹੁ ਕਰੈ ਤਰਣਾਪੈ ਦਿਹਿ ਚਾਰਿ ਵਲਾਏ।
੪. ਮੁਹੁ ਅਖੀ ਨਕੁ ਕੰਨ ਜਿਉ ਇੰਦ੍ਰੀਆਂ ਵਿਚਿ ਗਾਂਡਿ ਸਦਾਏ।
੫. ਮੀਆ ਘਰਹੁ ਨਿਕਾਲੀਐ ਤਰਕਸੁ ਦਰਵਾਜੇ ਟੰਗਵਾਏ।
੬. ਮੂਰਖ ਅੰਦਰਿ ਮਾਣਸਾ ਵਿਣੁ ਗੁਣ ਗਰਬੁ ਕਰੈ ਆਲਾਏ।
੭. ਮਜਲਸ ਬੈਠਾ ਆਪੁ ਲਖਾਏ॥੧੩॥

**ਪਦਾਰਥ**-(ਅਵਾਈ=ਵ੍ਯਰਥ। ਪਿਦਾ= ਨਿਕੀ ਚਿੜੀ। ਗਾਂਡਿ=ਗੁਦਾ। (ਮੀਆ=ਸਿਪਾਹੀ। ਤਰਕਸੁ=ਭੱਥਾ।

**ਅਰਥ**- ੧.ਬ੍ਰਿਛਾਂ ਵਿਚੋਂ ਖੋਟਾ ਬ੍ਰਿਛ ਅਰਿੰਡ ਹੈ, ਵ੍ਯਰਥ ਹੀ (ਉਹ) ਆਪਣਾ ਆਪ ਗਣਾਉਂਦਾ ਹੈ, (ਕਿਉਂ ਜੋ ਉਸ ਦੀ ਛਾਉਂ ਹੇਠ ਪਾਂਧੀ ਆਰਾਮ ਨਹੀਂ ਲੈ ਸਕਦੇ)। ੨.ਪੰਖੇਰੂਆਂ ਵਿਚੋਂ ਪਿੱਦਾ (ਨਾਮੇ ਇਕ ਨਿੱਕੀ ਚਿੜੀ) ਟਾਹਣੀਆਂ ਪੁਰ ਬੈਠਕੇ ਬਹੁਤ (ਆਪਣਾ ਆਪ) ਦਸਦੀ ਹੈ। ੩.ਭੇਡ ਭੈਂ ਭੈਂ ਦਾ ਸ਼ਬਦ ਮੂੰਹੋਂ ਬੋਲਕੇ (ਅਥਵਾ ਇਕ ਅੱਖ ਵਿੰਗੀ ਕਰਕੇ ਤੁਰਦੀ ਹੈ, ) ਜਵਾਨੀ ਦੇ ਚਾਰ ਦਿਨ ਲੰਘਾਉਂਦੀ (ਓੜਕ ਕੋਹੀ ਜਾਂਦੀ ਹੈ)। ੪.ਮੂੰਹ, ਅੱਖਾਂ, ਨੱਕ, ਕੰਨ ਆਦ ਗਿਆਨੇਂਦ੍ਰਿਆਂ ਵਿਚੋਂ ਗੁਦਾ ਭੀ ਆਪ ਨੂੰ ਗਿਆਨੇਂਦ੍ਰਿਯ ਕਹਾਉਂਦੀ ਹੈ, (ਕਿਉਂ ਜੋ ਇਸ ਨੂੰ ਮਿਰਚ ਦਾ ਗਿਆਨ ਹੁੰਦਾ ਹੈ, ਪਰੰਤੂ ਇਸ ਦਾ ਗੁਮਾਨ ਝੂਠਾ ਹੈ। ਸ਼ਾਸਤ੍ਰਕਾਰਾਂ ਨੇ ਇਸ ਨੂੰ ਇੰਦ੍ਰਿਆਂ ਵਿਚ ਨਹੀਂ ਗਿਣਿਆਂ, ਜਿਸ ਪੁਰ ਹੇਠ ਪੰਜਵੀਂ ਤੁਕ ਵਿਖੇ ਦ੍ਰਿਸ਼ਟਾਂਤ ਦਿੰਦੇ ਹਨ)। ੫.ਮੀਆਂ (ਸਿਪਾਹੀ) ਘਰੋਂ ਕਢ ਦੇਈਏ ਅਰ ਤਰਕਸ਼ (ਆਦਿਕ ਹਥੀਆਰ) ਦਰਵਾਜ਼ੇ ਪੁਰ ਲਟਕਾ ਛਡੀਏ (ਕਿ ਵੈਰੀ ਦੇਖਕੇ ਡਰ ਜਾਣ, ਸੱਚ ਪੁਛੋ ਤਾਂ ਕਿਲ੍ਹੇ ਵਿਚ ਸਿਪਾਹੀ ਨਾ ਹੋਣ ਤਾ ਬਾਹਰ ਸ਼ਸਤ੍ਰ ਟੰਗਣ ਨਾਲ ਕੀ ਲਾਭ ਹੈ, ਅਜਿਹਾ ਹੀ) ੬.ਮਨੁੱਖਾਂ ਵਿਚ ਮੂਰਖ (ਉਕਤ ਦ੍ਰਿਸ਼ਟਾਂਤ ਲੋਕ ਦਿਖਲਾਵੇ ਲਈ) ਮੂੰਹ ਪੁਰ ਹੀ ਚੰਗੇ ਚੰਗੇ ਬਚਨਾਂ ਦੇ ਸ਼ਾਸ਼ਤ੍ਰ ਦੱਸਦਾ ਹੈ, ਅੰਦਰ ਉਸ ਦਾ ਰਹਿਣੀ ਥੋਂ ਖਾਲੀ ਹੈ। ੭.(ਗੁਣਾਂ ਦੇ ਬਾਝ ਹੰਕਾਰ ਕਰਕੇ) ਮਜਲਸਾਂ ਵਿਖੇ ਬੈਠਾ (ਵਖ੍ਯਾਨ ਦੇਕੇ) ਆਪਣਾ ਆਪ (ਗਿਆਨੀ ਜਾਂ ਪੰਡਤ ਕਰਕੇ ਦੱਸਦਾ ਹੈ, (ਵਿਚ ਤਿੰਨ ਕਾਣੇ ਵੀ ਨਹੀਂ ਹੁੰਦੇ)।


www.sikhbookclub.com

## ੧੪. (ਮੂਰਖ ਕੌਣ ਹੈ?)।

੧. ਮੂਰਖ ਤਿਸਨੋ ਆਖੀਐ ਬੋਲਿ ਨ ਸਮਾਝੈ ਬੋਲਿ ਨ ਜਾਣੈ।
੨. ਹੋਰੋ ਕਿਹੁਕਰਿ ਪੁਛੀਐ ਹੋਰੋ ਕਿਉਂਕਰਿ ਆਖਿ ਵਖਾਣੈ।
੩. ਸਿਖ ਦੇਇ ਸਮਝਾਈਐ ਅਰਥੁ ਅਨਰਥੁ ਮਨੈ ਵਿਚਿ ਆਣੈ।
੪. ਵਡਾ ਅਸਮਝੁ ਨ ਸਮਝਈ ਸੁਰਤਿ ਵਿਹੂਣਾ ਹੋਇ ਹੈਰਾਣੈ।
੫. ਗੁਰਮਤਿ ਚਿਤਿ ਨ ਆਵਈ ਦੁਰਮਤਿ ਮਿਤ੍ਰ ਸਤ੍ਰ ਪਰਵਾਣੈ।
੬. ਅਗਨੀ ਸਪਹੁ ਵਰਜੀਐ ਗੁਣ ਵਿਚਿ ਅਵਗੁਨ ਕਰੈ ਧਿਙਾਣੈ।
੭. ਮੂਤੈ ਰੋਵੈ ਮਾਂ ਨ ਸਿਞਾਣੈ ॥੧੪॥

**ਪਦਾਰਥ**-(ਪਰਵਾਣੈ=ਸਮਾਨ ਦੇਖਦਾ ਹੈ। ਧਿਙਾਣੈ=ਜ਼ੋਰ ਧਿਙਾਣੈ।)

**ਅਰਥ**-੧.ਮੂਰਖ ਉਸ ਨੂੰ ਕਹੀਦਾ ਹੈ ਜੋ ਨਾਂ (ਠੀਕ) ਬੋਲ ਨੂੰ ਸਮਝੇ, ਨਾਂ ਹੀ ਬੋਲਣਾ ਜਾਣੇ (ਅਰਥਾਤ ਉਹ ਨਹੀਂ ਜਾਣਦੇ ਕਿ) ੨.ਹੋਰਨਾਂ ਨੂੰ ਕਿੱਕੁਰ ਪੁਛੀਦਾ ਹੈ ਅਤੇ ਹੋਰ ਨੂੰ ਕਿੱਕੁਰ ਆਖਕੇ ਵੱਖਜਾਨ ਕਰੀਦਾ ਹੈ। ੩.ਸਿੱਖਯਾ ਦੇਕੇ ਸਮਝਾਈਦਾ ਹੈ (ਪਰ ਓਹ ਸਿਧੀ ਗੱਲ ਦੇ ਵੀ) ਉਲਟੇ ਅਰਥ ਮਨ ਵਿਚ ਲਿਆਉਂਦਾ ਹੈ। ੪.ਵੱਡਾ ਅਸਮਝ ਸਮਝਦਾ ਨਹੀਂ, ਗਿਆਤ ਥੋਂ ਬਿਨਾ ਹੈਰਾਨ ਰਹਿੰਦਾ ਹੈ, (ਭਾਵ ਬਾਂਦਰਾਂ ਵਾਂਙੂ ਇਕ ਥਾਉਂ ਨਹੀਂ ਟਿਕਦਾ)। ੫.ਗੁਰ ਸਿੱਖਯਾ ਯਾਦ ਨਾਂ ਰੱਖਕੇ ਖੋਟੀ ਬੁੱਧੀ ਕਰਕੇ ਵੈਰੀ ਮਿੱਤ੍ਰ ਇਕੋ ਜੇਹੇ ਦੇਖਦਾ ਹੈ। ੬.ਅੱਗ ਤੇ ਸੱਪ ਥੋਂ ਕੋਈ ਵਰਜੇ ਤਾਂ ਗੁਣ ਵਿਚ ਔਗੁਣ ਹੀ ਜ਼ੋਰ ਧਿਙਾਣੇ ਕਰਦਾ ਹੈ। ੭.(ਜਿੱਕੁਰ ਬਾਲਕ ਨੂੰ ਮਾਂ ਬਿਸਤਰੇ ਵਿਚੋਂ ਚੁਕ ਕੇ) ਮੁਤਾਉਂਦੀ ਹੈ (ਕਿ ਗਿੱਲੇ ਬਿਸਤਰੇ ਨਾਲ ਔਖਾ ਨਾ ਹੋਵੇ, ਉਹ) ਰੋਂਦਾ ਤੇ ਮਾਂ ਨੂੰ ਸਿਆਣਦਾ ਨਹੀਂ (ਕਿ ਮੇਰਾ ਭਲਾ ਕਰ ਰਹੀ ਹੈ)।

## ੧੫. (ਮੂਰਖ ਦੀ ਪਛਾਣ)।

੧. ਰਾਹੁ ਛਡਿ ਉਝੜਿ ਪਵੈ ਆਗੂ ਨੋ ਭੁਲਾ ਕਰਿ ਜਾਣੈ।
੨. ਬੇੜੇ ਵਿਚਿ ਬਹਾਲੀਐ ਕੁਦਿ ਪਵੈ ਵਿਚਿ ਵਹਣ ਧਿਙਾਣੈ।
੩. ਸੁਘੜਾ ਵਿਚਿ ਬਹਿਠਿਆਂ ਬੋਲਿ ਵਿਗਾੜਿ ਉਘਾੜਿ ਵਖਾਣੈ।
੪. ਸੁਘੜਾ ਮੂਰਖ ਜਾਣਦਾ ਆਪਿ ਸੁਘੜੁ ਹੋਇ ਵਿਰਤੀਹਾਣੈ।
੫. ਦਿਹ ਨੋ ਰਾਤਿ ਵਖਾਣਦਾ ਚਾਮ ਚੜਿਕ ਜਿਵੇਂ ਟਾਨਾਣੈ।
੬. ਗੁਰਮਤਿ ਮੂਰਖੁ ਚਿਤਿ ਨ ਆਣੈ ॥੧੫॥

**ਪਦਾਰਥ**-(ਉਝੜਿ=ਉਜਾੜ। ਆਗੂ=ਰਾਹ ਦੱਸਣ ਵਾਲਾ। ਵਹਿਣ=ਨਦੀ।)

**ਅਰਥ**-੧.(ਮੂਰਖ) ਰਾਹ ਛੱਡਕੇ ਉਜਾੜ ਪੈਂਦਾ ਹੈ, ਰਾਹ ਦਸਣ ਵਾਲੇ ਨੂੰ (ਉਲਟਾ) ਭੁੱਲਾ ਹੋਇਆ ਸਮਝਦਾ ਹੈ। ੨.ਜੇ ਬੇੜੀ ਵਿਚ ਬੈਠਾਈਏ ਤਾਂ (ਧਿਙਾਣੇ) ਧਿੰਗੋਜੋਰੀ ਨਦੀ ਵਿਚ ਛਾਲ ਮਰਾਦਾ ਹੈ। ੩.ਜੇ ਚਤੁਰਾਂ ਵਿਚ ਬੈਠਾਈਏ ਤਾ ਆਪਨੀ ਮੂਰਖਤਾ ਬੋਲ ਵਿਗਾੜ ਕਰਕੇ ਪ੍ਰਗਟ ਕਰ ਦਿੰਦਾ ਹੈ। ੪.(ਕਿਉਂ ਜੋ) ਚਤੁਰਾਂ ਨੂੰ ਮੂਰਖ ਜਾਣਦਾ ਹੈ, ਆਪ ਚਤੁਰ ਹੋਕੇ ('ਵਿਰਤੀਹਾਣੈ') ਹਾਨਤਾ ਵਾਲੀਆਂ ਗੱਲਾਂ ਕਰਦਾ ਹੈ। ੫.ਦਿਨ ਨੂੰ ਰਾਤ ਆਖਦਾ ਹੈ, ਜਿੱਕੁਰ ਚਾਮ ਚੜਿੱਕੀ ਤੇ ਟਿਣਾਣਾ (ਦੋਵੇਂ ਦਿਨੇ ਅੰਨੇ ਹੋ ਜਾਂਦੇ ਹਨ ਰਾਤ ਨੂੰ ਹੀ ਦਿਨ ਜਾਣਦੇ ਹਨ)। ੬.(ਇਸ ਲਈ) ਗੁਰੂ ਦੀ ਮਤ ਨੂੰ ਮੂਰਖ ਚਿਤ ਵਿਚ ਨਹੀਂ ਲਿਆਉਂਦਾ।

## ੧੬. (ਮੂਰਖ ਦਾ ਅੰਤ)।

੧. ਵੈਦਿ ਚੰਗੀਰੀ ਊਠਣੀ ਲੈ ਸਿਲ ਵਟਾ ਕਚਰਾ ਭੰਨਾ।
੨. ਸੇਵਕਿ ਸਿਖੀ ਵੈਦਾਗੀ ਮਾਰੀ ਬੁਢੀ ਰੋਵਨਿ ਰੰਨਾ।
੩. ਪਕੜਿ ਚਲਾਇਆ ਰਾਵਲੈ ਪਉਦੀ ਉਘੜਿ ਗਏ ਸੁ ਕੰਨਾ।
੪. ਪੁਛੈ ਆਖਿ ਵਖਾਣਿਉਨੁ ਉਘੜਿ ਗਇਆ ਪਾਜੁ ਪਰਛੰਨਾ।
੫. ਪਾਰਖੂਆਂ ਚੁਣਿ ਕਢਿਆ ਜਿਉ ਕਚਕੜਾ ਨ ਰਲੈ ਰਤੰਨਾ।
੬. ਮੂਰਖੁ ਅਕਲੀ ਬਾਹਰਾ ਵਾਂਸਹੁ ਮੂਲਿ ਨ ਹੋਵੀ ਗੰਨਾ।
੭. ਮਾਣਸ ਦੇਹੀ ਪਸੂ ਉਪੰਨਾ॥੧੬॥

**ਪਦਾਰਥ**-(ਕਚਰਾ=ਕੱਚਾ ਖ਼ਰਬੂਜਾ। ਰਾਵਲੈ=ਰਾਜਾ ਪਾਸ। ਪਉਦੀ=ਜੁਤੀ ਪੈਣਾ। (ਪਰਛੰਨਾ=ਛਪਿਆ ਹੋਇਆ। ਕਚਕੜਾ=ਕੱਚ ਦਾ ਛੱਲਾ।)

**ਅਰਥ**-੧.ਇਕ ਵੈਦ ਨੇ ਚੰਗੀ ਊਠਣੀ (ਜਿਸ ਦੇ ਸੰਘ ਵਿਖੇ ਕਚ਼ਰਾ ਫਸ ਗਿਆ ਸੀ) ਸਿਲਾ ਪੁਰ (ਗਿੱਚੀ ਰਖਕੇ) ਵੱਟੇ ਨਾਲ ਕਚਰਾ ਭੰਨ ਕੇ (ਰਾਜ਼ੀ ਕਰ ਦਿੱਤੀ)। ੨.ਇਕ ਸੇਵਕ (ਪਾਸ ਦੇਖਦਾ ਸੀ, ਉਸ ਨੇ) ਵੈਦਾਗੀ ਸਿੱਖਕੇ ਇਕ ਬੁੱਢੀ (ਜਿਸ ਦੇ ਗਲ ਵਿਖੇ ਗਿੱਲੜ ਦੀ ਮਾਂਦਗੀ ਸੀ ਉਸੇ ਉਪਾਉ ਨਾਲ) ਜਾਨ ਮੁਕਾ ਦਿੱਤੀ ਤੇ ਤ੍ਰੀਮਤਾਂ ਰੋਣ ਲੱਗ ਪਈਆਂ। ੩.ਰਾਜਾ ਪਾਸ ਫੜਕੇ (ਉਸ ਕੱਚੇ ਵੈਦ ਨੂੰ ਲੋਕ) ਲੈ ਗਏ (ਜਦ) ਜੁੱਤੀਆਂ ਪੈਂਦੀਆਂ (ਵਾਰ ਨਾ ਆਇਆ) ਓਦੋਂ ਕੰਨ ਖੁਲ੍ਹ ਗਏ, (ਭਈ ਇੱਕੁਰ ਵੈਦਗੀ ਕੀਤੀ ਜਾਂਦੀ ਹੈ)। ੪.(ਜਦ ਲੋਕਾਂ) ਪੁਛਿਆ ਤਾਂ ਬਿਰਤਾਂਤ ਕਹਿ ਸੁਣਾਇਆ, ਹੁਣ ਉਸ ਦਾ ਪਾਜ ਖੁੱਲ੍ਹ ਗਿਆ। ੫.ਪਾਰਖੂਆਂ ਨੇ ਚੁਣਕੇ ਕੱਢ ਦਿਤਾ (ਕਿ ਇਸ ਦੀ ਕੋਈ ਔਖਧੀ ਨਾ ਕਰੇ, ਇਹ) ਰਤਨਾਂ ਦੇ ਵਿਚ ਕੱਚ ਦੇ ਛੱਲੇ ਵਾਂਙ ਰਲਣ ਵਾਲਾ ਨਹੀਂ ਹੈ। (ਅੰਤ ਦੀਆਂ ਦੋ ਤੁਕਾਂ ਵਿਖੇ ਦੱਸਦੇ ਹਨ, ਕਿ) ੬.ਮੂਰਖ ਅਕਲ ਥੋਂ ਬਾਹਰ ਹਨ, ਭਲਾ ਕਦੀ ਵਾਂਸ ਭੀ ਗੰਨਾ ਹੋ ਸਕਦਾ ਹੈ? ੭.ਉਨ੍ਹਾਂ ਦੀ ਮਨੁੱਖ ਦੇਹ ਤਾਂ ਹੈ, (ਪਰੰਤੂ ਅਕਲ ਦੇ) ਪਸ਼ੂ ਉਪਜੇ ਹਨ, (ਇਕ ਪੂਛ ਤੇ ਸਿੰਗ ਨਹੀਂ ਹਨ, ਹੋਰ ਸਾਰੀ ਕ੍ਰਿਆ ਪਸ਼ੂਆਂ ਦੇ ਤੁੱਲ ਹੈ, "**ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥**") (ਸ:ਵਾ:ਤੇ:ਵ-੧੫)

## ੧੭. (ਮੂਰਖ ਰੀਸ ਦਾ ਫਲ ਭੋਗਦਾ ਹੈ)।

੧. ਮਹਾ ਦੇਵ ਦੀ ਸੇਵ ਕਰਿ ਵਰੁ ਪਾਇਆ ਸਾਹੈ ਦੇ ਪੁਤੈ।
੨. ਦਰਬੁ ਸਰੂਪ ਸਰੇਵੜੈ ਆਇ ਵੜੇ ਘਰਿ ਅੰਦਰਿ ਉਤੈ।
੩. ਜਿਉ ਹਥਿਆਰੀ ਮਾਰੀਅਨਿ ਤਿਉ ਤਿਉ ਦਰਬ ਹੋਇ ਧੜ ਧੁਤੈ।
੪. ਬੁਤੀ ਕਰਦੇ ਡਿਠਿਓਨੁ ਨਾਈ ਚੈਨੁ ਨ ਬੈਠੇ ਸੁਤੈ।
੫. ਮਾਰੇ ਆਣਿ ਸਰੇਵੜੇ ਸੁਣਿ ਦੀਬਾਣਿ ਮਸਾਣਿ ਅਛੁਤੈ।
੬. ਮਥੈ ਵਾਲਿ ਪਛਾੜਿਆ ਵਾਲ ਛਡਾਇਨਿ ਕਿਸਦੈ ਬੁਤੈ।
੭. ਮੂਰਖੁ ਬੀਜੈ ਬੀਉ ਕੁਰੁਤੈ॥੧੭॥

**ਪਦਾਰਥ**-(ਉਤੈ=ਉਸਦੇ।ਧੜ ਧੁਤੈ=ਢੇਰਾਂ ਦੇ ਢੇਰ। ਮਸਾਣਿ ਅਛੁਤੈ=ਨਿਰਦੋਸ਼ ਮੋਏ। ਬੁਤੈ=ਪਾਸੋਂ।)

**ਅਰਥ**-੧.ਸ਼ਿਵ ਦੀ ਤਪੱਸਿਆ ਕਰਕੇ (ਇਕ) ਧਨੀ ਦੇ ਪੁਤ੍ਰ ਨੇ ਵਰ ਲੀਤਾ ਸੀ (ਕਿ ਮੇਰੇ ਘਰ ਧਨ ਬਾਲਾ ਹੋ ਜਾਵੇ) ੨.ਧਨ ਦਾ ਰੂਪ ਬਣਕੇ ਸਰੇਵੜੇ ਉਸ ਦੇ ਘਰ ਆਏ। ੩.(ਸ਼ਿਵ ਦੇ ਕਹੇ ਅਨੁਸਾਰ) ਜਿਉਂ ਜਿਉਂ(ਸਰੇਵੜੇ)ਤਲਵਾਰਾਂ ਨਾਲ ਕੱਟੀ ਦੇ ਸਨ ਦਰਬ ਦੇ ਢੇਰ ਲੱਗਦੇ ਜਾਂਦੇ

ਸੀ। ੪.ਇਕ ਨਾਈ ਨੂੰ, (ਜਿਹੜਾ) ਬੁੱਤੀ ਕਰਨ ਲਈ ਉਥੇ ਆਇਆ ਹੋਇਆ ਸੀ ਦੇਖਦਿਆਂ ਹੀ ਬੈਠਿਆਂ ਸੁਤਿਆਂ ਚੈਨ ਨਾ ਆਇਆ, (ਭਈ ਘਰ ਚਲਕੇ ਮੈਂ ਭੀ ਇਹ ਕੰਮ ਛੇਤੀ ਕਰਾਂ)। ੫.(ਘਰ) ਆਂਵਦੇ ਹੀ ਸਰੇਵੜੇ ਬੁਲਾਕੇ ਕਤਲ ਕਰਵਾ ਦਿੱਤੇ (ਰਾਜਾ ਦੇ) ਦੀਵਾਨ ਵਿਚ ਖਬਰ ਹੋਈ ਕਿ ਨਿਰਦੋਖ ਮਾਰੇ ਗਏ ਹਨ। ੬.ਸਿਰਾਂ ਦੇ ਵਾਲਾਂ ਥੋਂ ਫੜੀਦਾ (ਨਾਈ) ਧਰਤੀ ਪੁਰ ਘਸੀਟਿਆ ਗਿਆ, ਹੁਣ ਕਿਸ ਦੇ ਪਾਸੋਂ ਵਾਲ ਛੁਡਾਏ (ਮਾਰਿਆ) ਗਿਆ, (ਜਾਣੋ ਆਪਣੇ ਕੀਤੇ ਦਾ ਫਲ ਪਾ ਲੀਤਾ। ਸਤਵੀਂ ਤੁਕ ਵਿਖੇ ਫਲ ਦੱਸਦੇ ਹਨ)। ੭.ਮੂਰਖ ਲੋਕ ਕੁਰੁਤਾ ਬੀਜ ਬੀਜਦੇ ਹਨ (ਦੇਖਾ ਦੇਖੀ ਭੈੜਾ ਕੰਮ ਕਰ ਬੈਠਦੇ ਹਨ, ਜਦ ਫਲ ਦਾ ਵੇਲਾ ਹੁੰਦਾ ਹੈ ਤਾਂ ਫਲ ਦੀ ਥਾਂ ਸੁਆਹ ਭੀ ਨਹੀਂ ਹੁੰਦੀ, ਤਦੋਂ ਮਾਪੇ ਮਰ ਜਾਂਦੇ ਹਨ, ਕੋਈ ਰਾਖਾ ਨਹੀਂ ਬਣਦਾ)।

**ਭਾਵ**-ਇਥੇ ਇਹ ਲੋਕ ਪ੍ਰਸਿਧ ਕਹਾਣੀ ਕੇਵਲ ਦ੍ਰਿਸ਼ਟਾਂਤ ਅਲੰਕਾਰ ਦੇ ਢੰਗ ਤੇ ਵਰਣਨ ਕੀਤੀ ਹੈ, ਅਰ ਇਸੇ ਪੌੜੀ ਦਾ ਤਾਤਪਰਜ ਇਸ ਦੇ ਭਾਵ ਨੂੰ ਖੋਲ੍ਹਦਾ ਹੈ ਕਿ ਨਾਈ ਵਾਂਗੂੰ ਕੋਈ ਇਹ ਨ ਸਮਝ ਲਵੇ ਜੋ ਸ਼ਿਵ ਦੇ ਵਰ ਨਾਲ ਸਰੇਵੜੇ ਮਾਰਿਆਂ ਧਨ ਲੱਭ ਸਕਦਾ ਹੈ, ਸ਼ਿਵ ਉਪਾਸ਼ਕਾਂ ਨੇ ਇਕ ਸੱਚ ਨੂੰ ਬਿਆਨ ਕਰਨ ਲਈ ਆਪਣੇ ਇਸ਼ਟ ਦੀ ਇਕ ਕਥਾ ਰਚੀ ਹੈ ਕਿ ਮੂਰਖਾਂ ਨੂੰ ਸਮਝ ਆ ਜਾਵੇ। ਭਾਈ ਸਾਹਿਬ ਜੀ ਨੇ ਦ੍ਰਿਸ਼ਟਾਂਤ ਦੇ ਦਿੱਤਾ ਹੈ, ਇਸ ਦੇ ਪ੍ਰਮਾਣੀਕ ਹੋਣ ਦਾ ਏਥੇ ਕੋਈ ਮਤਲਬ ਨਹੀਂ ਹੈ।

## ੧੮. (ਪੰਡਤ ਵੀ ਮੂਰਖ ਹੋ ਸਕਦਾ ਹੈ)।

੧. ਗੋਸ਼ਟਿ ਗਾਂਗੇ ਤੇਲੀਐ ਪੰਡਿਤ ਨਾਲਿ ਹੋਵੈ ਜਗੁ ਦੇਖੈ।
੨. ਖੜੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ।
੩. ਫੇਰਿ ਉਚਾਇ ਪੰਜਾਂਗੁਲਾਂ ਗਾਂਗਾ ਮੁਠਿ ਹਿਲਾਇ ਅਲੇਖੈ।
੪. ਪੈਰੀ ਪੈ ਉਠਿ ਚਲਿਆ ਪੰਡਿਤੁ ਹਾਰਿ ਭੁਲਾਵੈ ਭੇਖੈ।
੫. ਨਿਰਗੁਣੁ ਸਰਗੁਣੁ ਅੰਗਿ ਦੁਇ ਪਰਮੇਸੁਰ ਪੰਜਿ ਮਿਲਨਿ ਸਰੇਖੈ।
੬. ਅਖੀ ਦੋਵੇ ਭੰਨਸਾਂ ਮੁਕੀ ਲਾਇ ਹਲਾਇ ਨਿਮੇਖੈ।
੭. ਮੂਰਖ ਪੰਡਿਤ ਸੁਰਤਿ ਵਿਸੇਖੈ॥੧੮॥

**ਅਰਥ**-੧.(ਰਾਜਾ ਭੋਜ ਦੇ ਉਜੈਨ ਨਾਮੇ ਨਗਰ ਵਿਖੇ ਇਕ) ਗਾਂਗਾ ਤੇਲੀ (ਅੱਖੋਂ ਲਾਵਾਂ ਰਹਿੰਦਾ ਸੀ, ਉਸਦੀ) ਚਰਚਾ (ਇਕ) ਪੰਡਤ ਨਾਲ (ਜੋ ਦਿਗ ਬਿਜਯ ਕਰ ਰਿਹਾ ਸੀ) ਹੋਣ ਵੇਲੇ ਬਾਹਲੇ ਲੋਕ ਕੱਠੇ ਹੋਏ। ੨.(ਪੰਡਿਤ ਨੇ) ਇਕ ਅੰਗੁਲੀ ਖੜੀ ਕੀਤੀ (ਭਈ ਇਕ ਹੀ ਨਿਰਗੁਣ ਬ੍ਰਹਮ ਹੈ), ਗਾਂਗੇ ਨੇ ਦੋ ਉਂਗਲਾਂ ਖੜੀਆਂ ਕੀਤੀਆਂ (ਕਿ ਮੈਂ ਦੋ ਅੱਖਾਂ ਤੇਰੀਆਂ ਕੱਢ ਦੇਵਾਂਗਾ। ਪੰਡਤ ਨੇ ਜਾਤਾ ਭਈ ਇਹ ਨਿਰਗੁਣ ਤੇ ਸਰਗੁਣ ਦੋ ਬ੍ਰਹਮ ਪ੍ਰਤਿਪਾਦਨ ਕਰਦਾ ਹੈ)। ੩.(ਹੁਣ ਪੰਡਤ ਨੇ) ਪੰਜ ਉਂਗਲਾਂ ਕੀਤੀਆਂ (ਕਿ ਪਰਮੇਸੁ ਪੰਜ ਕਾਮਾਦਿ ਵਿਖਯ ਜਿੱਤਣ ਨਾਲ ਮਿਲਦਾ ਹੈ), (ਗਾਂਗੇ ਤੇਲੀ ਨੇ) ਮੁੱਕੀ ਵੱਟਕੇ ਹਿਲਾਈ (ਅੱਖ ਦੀ ਸ਼ਰਾਰਤ ਕੀਤੀ ਭਾਵ ਕਿ ਤੁਸੀਂ ਪਜ ਜਣੇ ਮੇਰੀ ਇਕ ਮੁੱਕੀ ਦੀ ਮਾਰ ਹੋ)। ੪.ਭੇਖ ਦੇ ਭੁਲਾਵੇ ਪੰਡਤ ਹਾਰਕੇ ਪੈਰੀਂ ਪੈਕੇ ਉਠਕੇ ਚਲਾ ਗਿਆ। ੫.(ਇਹ ਉਪਰ ਦੱਸ ਆਏ ਹਾਂ ਕਿ ਦੋ ਤੇ ਪੰਜ ਦਾ ਭਾਵ ਪੰਡਤ ਨੇ ਕੀ ਸਮਝਿਆ ਸੀ) ਨਿਰਗੁਣ ਸਰਗੁਣ ਦੋ ਪੱਖ ਹਨ ਤੇ ਪੰਜ (ਦੂਤਾਂ) ਦੇ ਸਰ ਕੀਤਿਆਂ ਪਰਮੇਸੁਰ ਮਿਲਦਾ ਹੈ। ੬.(ਤੇ ਗਾਂਗਾ ਇਹ ਕਹਿੰਦਾ ਸੀ ,ਕਿ) ਦੋਵੇਂ ਅੱਖਾਂ ਭੰਨ ਦਿਆਂਗਾ, ਇਕ ਨਿਮਖ ਵਿਚ ਮੁਕੀ ਲਾਕੇ ਹਿਲਾ (ਹਰਾ) ਦਿਆਂਗਾ। ੭.ਮੂਰਖ ਤੋ ਪੰਡਤ ਵਿਖੇ ਗਜਾਤ ਦੀ ਵਿਸ਼ੇਸ਼ਤਾ ਹੈ।

**ਭਾਵ**-ਸਮਝ ਨਾ ਹੋਣ ਤੇ ਮੂਰਖ, ਸਮਝ ਹੋਣ ਤੇ ਪੰਡਤ।

## ੧੯. (ਮੂਰਖ ਦੀ ਸੰਗਤ ਦਾ ਫਲ)।

੧. ਠੰਢੇ ਖੂਹਹੁ ਨਾਇਕੈ ਪਗ ਵਿਸਾਰਿ ਆਇਆ ਸਿਰਿ ਨੰਗੈ।
੨. ਘਰ ਵਿਚਿ ਰੰਨਾ ਕਮਲੀਆਂ ਧੁਸੀ ਲੀਤੀ ਦੇਖਿ ਕੁਢੰਗੈ।
੩. ਰੰਨਾ ਦੇਖਿ ਪਿਟੰਦੀਆ ਢਾਹਾ ਮਾਰੈ ਹੋਇ ਨਿਸੰਗੈ।
੪. ਲੋਕ ਸਿਆਪੇ ਆਇਆ ਰੰਨਾ ਪੁਰਸ ਜੁੜੇ ਲੈ ਪੰਗੈ।
੫. ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ।
੬. ਸਹੁਰੇ ਪੁਛਹੁ ਜਾਇਕੈ ਕਉਣ ਮੁਆ ਨੂਹ ਉਤਰੁ ਮੰਗੈ।
੭. ਕਾਵਾਂ ਰੌਲਾ ਮੂਰਖੁ ਸੰਗੈ ॥੧੯॥

**ਪਦਾਰਥ**-(ਧੁਸੀ=ਮੱਥੇ ਪੁਰ ਹੱਥ ਮਾਰਨਾ, ਪਿੱਟਣਾ, ਸੰਦਲਾ ਬੰਨ੍ਹਣਾ। (ਪੰਗੈ=ਪੰਗਤਾਂ ਲਾ ਕੇ। ਅੰਗੈ=ਅੰਗਣ ਵਿਖੇ।

**ਅਰਥ**-੧.(ਇਕ ਖੱਤ੍ਰੀ) ਠੰਢ (ਦੇ ਦਿਨਾਂ ਵਿਚ) ਖੂਹ ਪੁਰ ਨ੍ਹਾਉਂਦਾ ਹੀ ਪੱਗ (ਓਥੇ) ਵਿਸਾਰਕੇ ਨੰਗੇ ਸਿਰ ਘਰ ਆਇਆ। ੨.ਘਰ ਵਿਖੇ ਤ੍ਰੀਮਤਾਂ ਕਮਲੀਆਂ ਨੇ ਕੁਢੰਗੇ ) ਬਾਬੇ ਦਾ ਭੈੜਾ ਢੰਗ ਦੇਖ ਖਲੋਕੇ) ਮੱਥੇ ਤੇ ਹੱਥ ਮਾਰ ਪਿੱਟਣ ਲਗ ਪਈਆਂ (ਕਿ ਕੋਈ ਮਰ ਗਿਆ ਹੈ ਕਿਉਂ ਜੋ ਬਾਬੇ ਦੀ ਪੱਗ ਲੱਥੀ ਹੋਈ ਹੈ)। ੩.ਤ੍ਰੀਮਤਾਂ ਨੂੰ ਸਿਆਪਾ ਕਰਦੀਆਂ ਦੇਖਕੇ (ਘਰ ਦੇ ਸਾਰੇ ਲੋਕ) ਧਾਹਾਂ ਨਿਸੰਗ ਹੋਕੇ ਮਾਰਨ ਲਗ ਪਏ। ੪.ਬਾਹਰੋਂ (ਰੌਲਾ ਸੁਣਕੇ) ਸਿਆਪੇ ਤੇ ਤ੍ਰੀਮਤਾਂ ਤੇ ਪੁਰਖ ਪੰਗਤ ਲਾਕੇ ਜੁੜ ਬੈਠੇ (ਤੇ ਅਫਸੋਸ ਕਰਨ ਲੱਗੇ)। ੫.('ਅੰਗੈ') ਵੇਹੜੇ ਵਿਚ ਨਾਇਣ (ਆਕੇ) ਤ੍ਰੀਮਤਾਂ ਨੂੰ ਪਿੱਟਦਿਆਂ (ਦੇਖ) ਪੁੱਛਣ ਲੱਗੀ, ਕਿਸ ਦੇ ਨਾਉਂ ਦੀ ਮੈਂ ਅਲਾਹੁਣੀ ਲਵਾਂ (ਹੈ ਹੈ ਮੋਰਨੀ ਆਖਾਂ ਕਿ ਹੈ ਵੇ ਝਨਾਉਂ ਦਿਆ ਲਾੜਿਆ ਆਖਾਂ, ਕਿਸ ਦਾ ਨਾਉਂ ਲੈ ਕੇ ਪਿਟਾਵਾਂ?) ੬.(ਨੂੰਹ ਬੋਲੀ ਮੇਰੇ) ਸਹੁਰੇ ਨੂੰ, (ਜਿਹੜਾ ਪੱਗ ਲੱਥੀ ਘਰ ਆਇਆ ਹੈ), ਜਾਕੇ ਪੁੱਛੋ ਕਿ ਨੂੰਹ ਉੱਤਰ ਮੰਗਦੀ ਹੈ ਕਿ ਕੌਣ ਮਰ ਗਿਆ ਹੈ? (ਮੁਕਦੀ ਗੱਲ ਸਹੁਰੇ ਨੇ ਸਿਰ ਨੰਗਾ ਦੇਖਕੇ ਖੂਹ ਥੋਂ ਦੌੜ ਕੇ ਪੱਗ ਸਿਰ ਬੱਧੀ, ਤ੍ਰੀਮਤਾਂ ਆਪੋ ਆਪਣੀ ਘਰੀਂ ਕਾਵਾਂ ਰੌਲੀ ਪਾਕੇ ਪਤ੍ਰਾ-ਵਾਚੀਆਂ)। ੭.ਮੂਰਖਾਂ ਦੀ ਸੰਗਤ ਵਿਚ ਕਾਵਾਂ ਰੌਲੀ ਹੈ (ਜਿੱਕੁਰ ਕਾਉਂ ਇਕ ਕਾਉਂ ਦੀ ਆਵਾਜ਼ ਸੁਣਕੇ ਹਜ਼ਾਰਾਂ ਕਾਉਂ ਕਾਉਂ ਕਰਦੇ ਹਨ, ਬਿਨ ਸਮਝੇ, ਪਿੱਟਾ ਖੋਹੀ ਪਾਉਂਦੇ ਹਨ, ਸੁਖ ਦੀ ਗੱਲ ਕੋਈ ਨਹੀਂ ਕਰਦੇ)।

## ੨੦. (ਮੂਰਖ ਨਾਲ ਕਿਕੁਰ ਵਰਤੀਏ)।

੧. ਜੇ ਮੂਰਖੁ ਸਮਝਾਈਐ ਸਮਝੇ ਨਾਹੀ ਛਾਵ ਨ ਧੁਪਾ।
੨. ਅਖੀ ਪਰਖਿ ਨ ਜਾਣਈ ਪਿਤਲ ਸੁਇਨਾ ਕੈਹਾ ਰੁਪਾ।
੩. ਸਾਉ ਨ ਜਾਣੈ ਤੇਲ ਘਿਅ ਧਰਿਆ ਕੋਲਿ ਘੜੋਲਾ ਕੁਪਾ।
੪. ਸੁਰਤਿ ਵਿਹੂਣਾ ਰਾਤਿ ਦਿਹੁ ਚਾਨਣੁ ਤੁਲਿ ਅਨੇਰਾ ਘੁਪਾ।
੫. ਵਾਸੁ ਕਥੂਰੀ ਕੋਮ ਦੀ ਮਿਹਰ ਕੁਲੀ ਅਧਉੜੀ ਤੁਪਾ।
੬. ਵੈਰੀ ਮਿਤ੍ਰ ਨ ਸਮਝਈ ਰੰਗੁ ਸੁਰੰਗ ਕੁਰੰਗੁ ਅਛੁਪਾ।
੭. ਮੂਰਖ ਨਾਲਿ ਚੰਗੇਰੀ ਚੁਪਾ ॥੨੦॥੩੨॥

**ਪਦਾਰਥ**-(ਛਾਵ ਨ ਧੁਪਾ=ਭਲਾ ਬੁਰਾ ਨਾ (ਸਮਝਣਾ)। ਘੜੋਲਾ ਕੁਪਾ=ਘੜਾ ਘਿਉ ਦਾ (ਕੁੱਪਾ ਤੇਲ ਦਾ। ਅਨੇਰਾ ਘੁਪਾ=ਘੁਪਘੇਰ, ਹਨੇਰ। ਮਿਹਰ ਕੁਲ=ਮਖਮਲ। (ਅਧਉੜੀ=ਚੰਮ। ਤੁਪਾ=ਤੋਪਾ। ਅਛੁਪਾ=ਛੋਂਹਦਾ ਨਹੀਂ (ਸਮਝਦਾ ਨਹੀਂ।

**ਅਰਥ**-੧.ਜੇਕਰ ਮੂਰਖ ਨੂੰ ਸਮਝਾਈਏ ਤਾਂ ਛਾਂ ਅਤੇ ਧੁੱਪ ਨਹੀਂ ਸਮਝਦਾ। ੨.ਅੱਖਾਂ ਨਾਲ ਪਿੱਤਲ ਸੋਨੇ ਦੀ ਅਰ ਕੈਂਹੇ ਤੇ ਰੁੱਪੇ ਦੀ ਪਰਖ ਨਹੀਂ ਕਰਦਾ। ੩.ਤੇਲ ਦਾ ਕੁੱਪਾ ਅਰ ਘਿਉ ਦਾ ਘੜਾ ਮੂਰਖ ਦੇ ਕੋਲ ਧਰੋ (ਅਥਵਾ ਘੜਾ ਤੇ ਕੁੱਪਾ ਦੋਵੇਂ ਘਿਉ ਤੇ ਤੇਲ ਦਾ ਸਵਾਦ ਨਹੀਂ ਰਖਦੇ) ਦੁਹਾਂ ਦਾ ਸੁਆਦ ਨਹੀਂ ਪਰਖ ਸਕਦਾ। ੪.('ਸੁਰਤ') ਗਿਆਤ ਥੋਂ ਬਾਝ ਰਾਤ ਦਿਨ ਰਹਿੰਦਾ ਹੈ, ਘੁੱਪ ਹਨੇਰੇ ਤੇ ਚਾਨਣ ਨੂੰ ਬਰਾਬਰ ਜਾਣਦਾ ਹੈ, ੫.ਕਸਤੂਰੀ ਅਤੇ ਥੋਮ ਦੀ ਵਾਸ਼ਨਾ ਅਤੇ (ਮੇਹਰ ਕੁਲੀ') ਮਖਮਲ ਅਤੇ ਚੰਮ ਦਾ ਤੋਪਾ (ਇਕੋ ਜਾਣਦਾ ਹੈ)। ੬.ਵੈਰੀ ਤੇ ਮਿੱਤਰ ਨਹੀਂ ਜਾਣਦਾ, ਲਾਲ ਰੰਗ ਚੰਗੇ ਰੰਗ ਅਤੇ ਖੋਟੇ ਰੰਗ (ਅਛੁਪਾ') ਛੋਹਣ ਥੋਂ ਦੂਰ ਰਹਿੰਦਾ ਹੈ (ਸੋਝੀ ਨਹੀਂ ਰੱਖਦਾ) (ਅਜਿਹੇ ਉਕਤ ਮੂਰਖ ਨਾਲ ਕੀ ਵਰਤਾਰਾ ਜੋਗ ਹੈ?) ੭.ਮੂਰਖ ਨਾਲ ਚੁੱਪ (ਹੀ) ਚੰਗੀ ਹੈ।

**ਭਾਵ**-ਮੈਤ੍ਰੀ ਅਤੇ ਪਿਆਰ ਕਰਨ ਵਿਖੇ ਦੁਵੱਲੀ ਵਿਗਾੜ ਹੁੰਦਾ ਹੈ। ਮੂਰਖ ਨੂੰ ਕੁਤੇ ਵਾਗੂੰ (ਜੋ ਦੁਵੱਲੀ ਵਿਗਾੜ ਕਰਦਾ ਹੈ) ਤਿਆਗਣਾ ਜੋਗ ਹੈ। ਯਥਾ:-**'ਮੂਰਖ ਗੰਢੁ ਪਵੈ ਮੁਹਿ ਮਾਰ'॥** (ਮਾਝ:ਵਾਰ-੧੨) ਅਰਥਾਤ ਮੂਰਖ ਨਾਲ ਤਦ ਹੀ ਗੰਢ ਪੈਂਦੀ ਹੈ ਜੇਕਰ ਉਸ ਥੋਂ ਮੂੰਹ ਮਾਰ ਛਡੀਏ ਭਾਵ ਚੁੱਪ ਰੱਖੀਏ, ਨਹੀਂ ਤਾਂ ਪ੍ਰੀਤ ਕਰਨ ਨਾਲ ਦੁੱਖ ਨਿਕਲੂ।

# ਵਾਰ ੩੩.

ੴ ਸਤਿਗੁਰ ਪ੍ਰਸਾਦਿ ॥

## ੧. (ਗੁਰਮੁਖ ਮਨਮੁਖ)।

੧. ਗੁਰਮੁਖਿ ਮਨਮੁਖਿ ਜਾਣੀਅਨਿ ਸਾਧ ਅਸਾਧ ਜਗਤ ਵਰਤਾਰਾ।
੨. ਦੁਹ ਵਿਚਿ ਦੁਖੀ ਦੁਬਾਜਰੇ ਖਰਬੜ ਹੋਏ ਖੁਦੀ ਖੁਆਰਾ।
੩. ਦੁਹੀ ਸ੍ਰਾਈ ਜਰਦਰੂ ਦਗੇ ਦੁਰਾਹੇ ਚੋਰ ਚੁਗਾਰਾ।
੪. ਨਾ ਉਰਵਾਰੁ ਨ ਪਾਰੁ ਹੈ ਗੋਤੇ ਖਾਨਿ ਭਰਮੁ ਸਿਰਿ ਭਾਰਾ।
੫. ਹਿੰਦੂ ਮੁਸਲਮਾਨ ਵਿਚਿ ਗੁਰਮੁਖਿ ਮਨਮੁਖਿ ਵਿਚਿ ਗੁਬਾਰਾ।
੬. ਜੰਮਣੁ ਮਰਣੁ ਸਦਾ ਸਿਰਿ ਮਾਰਾ ॥੧॥

**ਪਦਾਰਥ**-(ਦੁਬਾਜਰੇ=ਦੋ ਤਰਫੀਏ। ਖਰਬੜ=ਖੜਖੜਾਟ, ਘਬਰਾਹਟ। (ਚੁਗਾਰਾ=ਠੱਗ। ਗੋਤੇ ਖਾਨਿ=ਭਾਵ ਜਨਮ ਮਰਣ ਵਿਚ ਭਰਮਦੇ ਹਨ।)

**ਅਰਥ**-੧.ਜਗਤ ਵਿਖੇ ਗੁਰਮੁਖ ਅਤੇ ਮਨਮੁਖ ਜਾਣੀਦੇ ਹਨ, ਭਲੇ ਅਤੇ ਬੁਰੇ ਦਾ ਵਰਤਾਉ ਹੋ ਰਿਹਾ ਹੈ (ਤਾਤਪਰਜ-ਪ੍ਰਪੰਚ ਬੇਰੜੇ ਵਾਗੂੰ ਗੁਣਾਂ ਅਤੇ ਅਵਗੁਣਾਂ ਨਾਲ ਮਿਲਿਆ ਹੋਇਆ ਹੈ)। ੨.ਦੋ ਤਰਫੀਏ (ਜਿਹੜੇ ਕਦੀ ਮਾਯਾ ਵਲ, ਕਦੀ ਰੱਬ ਵਲ ਹੁੰਦੇ ਹਨ) ਖੁਦੀ ਦੇ ਖੁਆਰ ਕੀਤੇ ਹਏ ਦੁਖੀ ਹੋਕੇ ਖਰਬੜਾਟ ਦੇ ਵਿਚ ਰਹਿੰਦੇ ਹਨ, (ਜਿਹਾ ਕੁ ਪ੍ਰਮਾਣ ਆਸਾ ਦੀ ਵਾਰ-**'ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ਨਾਨਕ ਦੋਵੈ ਕੂੜੀਆਂ ਥਾਇ ਨ ਕਾਈ ਪਾਇ'॥**) (ਆਸਾ: ਵਾਰ:-੨੧) ੩.ਇਸੇ ਕਰਕੇ ਦੁਹਾਂ ਲੋਕਾਂ ਵਿਖੇ (ਜ਼ਰਦਰੂ) ਮੂੰਹ ਪੁਰ (ਚਿੰਤਾ ਨਾਲ) ਪਿਲੱਤਣ ਫਿਰੀ ਰਹਿੰਦੀ ਹੈ (ਸ਼ਰਮਿੰਦੇ ਰਹਿੰਦੇ ਹਨ) ਕਿਉਂ ਜੋ ਦੋ ਰਸਤਿਆਂ ਵਿਖੇ ਚੋਰ ਅਤੇ(ਚੁਗਾਰ) ਠੱਗ ਦਗ਼ੇ ਦਿੰਦੇ ਹਨ,(ਭਾਵ ਕਾਮਾਦਿਕ

ਵਿਖਯਾਂ ਨਾਲ ਲੁਟੇ ਜਾਂਦੇ ਹਨ, ਬਾਜੇ ਚੁਗਾਰ ਸ਼ਬਦ ਰੋਟੀ ਵੋਟੀ, ਦਾਲ ਦਪਾਲ ਵਾਂਙੂ ਨਿਰਾਰਥਕ ਸਮਝਦੇ ਹਨ)। ੪.ਨਾਂ ਉਰਾਰ ਨਾ ਪਾਰ (ਸੰਸਾਰ ਸਮੁੰਦਰ ਵਿਚ) ਗੋਤੇ ਖਾਂਦੇ ਹਨ (ਕਿਉਂ ਜੋ ਭਰਮ ਦਾ ਭਾਰ ਸਿਰ ਪੁਰ ਚੁਕਿਆ ਹੋਇਅ (ਛੱਡ ਸਕਦੇ ਨਹੀਂ)। ੫.ਹਿੰਦੂ (ਚਾਹੇ) ਮੁਸਲਮਾਨ ਗੁਰਮੁਖਾਂ ਵਿਚ ਮਨਮੁਖ ('ਗੁਬਾਰਾ') ਹਨੇਰੇ ਦਾ ਰੂਪ ਹਨ, (ਇਸਦਾ ਫਲ ਹੇਠ ਦੱਸਦੇ ਹਨ)। ੬.(ਮਨਮੁਖਾਂ ਨੂੰ) ਜਨਮ ਮਰਣ ਦੀ ਸਦਾ ਸਿਰ ਪਰ ਮਾਰ ਰਹਿੰਦੀ ਹੈ।

**ਭਾਵ**-ਗੱਲ ਕੀ ਸੱਚ ਦੀ ਪ੍ਰੀਖਿਆ ਕੀਤੀ ਜਾਂਦੀ ਹੈ, ਜਾਤ ਦੇ ਹੱਥ ਕੁਛ ਨਹੀਂ "**ਜਾਤੀ ਦੈ ਕਿਆ ਹੱਥ ਸਚ ਪਰਖੀਐ॥**" (ਮਾਝ: ਵਾਰ:੧੦) ਕੋਈ ਗੁਰਮੁਖ ਹੋਵੈ ਜਨਮ ਮਰਣ ਦੀ ਮਾਰ ਥੋਂ ਬਚ ਰਹਿੰਦਾ ਹੈ, ਮਨਮੁਖ ਦੇ ਗਲ ਚੌਰਾਸੀ ਦੀ ਫਾਸੀ ਬਣੀ ਰਹਿੰਦੀ ਹੈ।

## ੨. (ਹਿੰਦੂ ਮੁਲਮਾਨ)।

੧. ਦੁਹ ਮਿਲਿ ਜੰਮੇ ਦੁਇ ਜਣੇ ਦੁਹੁ ਜਣਿਆਂ ਦੁਇ ਰਾਹ ਚਲਾਏ।
੨. ਹਿੰਦੂ ਆਖਨਿ ਰਾਮ ਰਾਮ ਮੁਲਮਾਣਾ ਨਾਉ ਖੁਦਾਏ।
੩. ਹਿੰਦੂ ਪੂਰਬਿ ਸਉਹਿਆ ਪਛਮ ਮੁਸਲਮਾਣ ਨਿਵਾਏ।
੪. ਗੰਗ ਬਨਾਰਸਿ ਹਿੰਦੂਆ ਮਕਾ ਮੁਸਲਮਾਣੁ ਮਨਾਏ।
੫. ਵੇਦ ਕਤੇਬਾ ਚਾਰਿ ਚਾਰਿ ਵਰਨ ਚਾਰਿ ਮਜ਼ਹਬ ਚਲਾਏ।
੬. ਪੰਜ ਤਤ ਦੋਵੈ ਜਣੇ ਪਉਣ ਪਾਣੀ ਬੈਸੰਤਰੁ ਛਾਏ।
੭. ਇਕ ਥਾਉ ਦੁਇ ਨਾਉ ਧਰਾਏ॥੨॥

**ਪਦਾਰਥ**-(ਦੁਹ ਮਿਲਿ=ਮਾਯਾ ਤੇ ਇਸ਼੍ਵਰ। ਦੁਇ ਜਣੇ=ਹਿੰਦੂ ਤੇ ਮੁਸਲਮਾਨ ਸਉਹਿਆ=ਸਾਹਮਣੇ।)

**ਅਰਥ**-੧.ਦੋਹਾਂ ਨੇ (ਅਰਥਾਤ ਮਾਯਾ ਅਤੇ ਈਸ਼੍ਵਰ ਨੇ) ਮਿਲਕੇ, ਦੋਵੇਂ ਜਣੇ (ਹਿੰਦੂ ਤੇ ਮੁਸਲਮਾਨ ਉਤਪਤ ਕੀਤੇ, (ਇਨ੍ਹਾਂ) ਦੋ ਜਣਿਆਂ ਨੇ ਦੋ ਰਸਤੇ (ਅਡੋ ਅੱਡ) ਚਲਾ ਦਿੱਤੇ। ੨.ਹਿੰਦੂ ਰਾਮ ਰਾਮ ਆਖਣ ਲੱਗੇ, ਮੁਸਲਮਾਨ ਖੁਦਾਇ ਦਾ ਨਾਉਂ ਲੈਣ ਲੱਗੇ। ੩.ਹਿੰਦੂ ਸਾਹਮਣੇ ਪੂਰਬ ਵਲ ਖੜੋਕੇ (ਸੰਧਯਾ ਬੰਦਨ ਕਰਦੇ ਹਨ) ਮੁਸਲਮਾਨ ਪੱਛਮ ਵਲ (ਰੱਬ ਨੂੰ ਮੰਨਕੇ) ਨਿਉਂਦੇ ਹਨ। ੪.ਹਿੰਦੂਆਂ ਗੰਗਾ ਤੇ ਕਾਸ਼ੀ ਪਵਿੱਤ੍ਰ ਜਾਣੀ, ਮੁਸਲਮਾਨ ਮੱਕਾ ਮਨਾਉਣ ਲੱਗੇ। ੫.(ਦੋਹਾਂ ਦੇ) ਚਾਰੇ ਵਰਣ, ਚਾਰ ਮਜ਼ਬ, ਚਾਰ ਵੇਦ, ਚਾਰ ਕਤੇਬਾਂ ਮੰਨਣ ਲੱਗੇ। ੬.(ਪਰੰਤੂ ਸੱਚ ਪੁਛੋ) ਦੋਹਾਂ ਜਣਿਆਂ ਵਿਖੇ ਪੰਜੇ ਤਤ-ਆਪ, ਤੇਜ, ਵਾਯੂ, ਪ੍ਰਿਥਮੀ, ਅਕਾਸ਼ ਹੀ ਛਾ ਰਹੇ ਹਨ। ੭.ਇਕੋ ਥਾਉਂ (ਉਤਪਤੀ ਦਾ ਥਾਉਂ ਇਕੋ ਈਸ਼੍ਵਰ ਹੈ) ਨਾਉਂ ਦੋ ਧਰ ਲੀਤੇ ਹਨ।

**ਭਾਵ**-ਮਾਤਾ ਪਿਤਾ ਦੁਹਾਂ ਦਾ ਇਕੋ ਹੈ, ਅਰ ਪੰਜ ਤੱਤਾਂ ਦੀ ਦੇਹ ਭੀ ਬਰਾਬਰ ਹੈ, ਰਾਹ ਦੋ ਵੱਖੋ ਵੱਖ ਮੰਨ ਲੀਤੇ ਹਨ ਅਥਵਾ 'ਦੁਇ ਮਿਲ' ਦ੍ਵੈਤ ਨਾਲ ਮਿਲ ਕੇ ਦੋ ਜਾਣਿਆਂ (ਮਾਂ ਅਤੇ ਪਿਉ ਨੇ) ਦੋ ਜਣੇ ਹਿੰਦੂ ਮੁਸਲਮਾਨ ਉਤਪੱਤ ਕੀਤੇ, ਦੋਹਾਂ ਨੇ ਦੋ ਰਾਹ ਚਲਾਏ, ਜਿਹਾ ਕੁ ਉਪਰ ਲਿਖੇ ਗਏ ਹਨ। ਗਲ ਕੀ ਦ੍ਵੈਤ ਨੇ ਹੀ ਦੋ ਰਾਹ ਕੀਤੇ ਵਾਸਤਵ ਵਿਚ ਈਸ਼੍ਵਰ ਦੋਹਾਂ ਦਾ ਇਕੋ ਹੈ ਦੂਈ ਦ੍ਵੈਤ ਭਾਵ ਨੇ ਪਾਈ ਹੈ।

## ੩. (ਦੁਬਾਜਰਾ, ਆਰਸੀ ਦਾ ਦ੍ਰਿਸ਼ਟਾਂਤ)।

੧. ਦੇਖਿ ਦੁਭਿਤੀ ਆਰਸੀ ਮਜਲਸ ਹਥੋਂ ਹਥੀ ਨਚੈ।
੨. ਦੁਖੋ ਦੁਖੁ ਦੁਬਾਜਰੀ ਘਰਿ ਘਰਿ ਫਿਰੈ ਪਰਾਈ ਖਚੈ।

੩. ਅਗੋ ਹੋਇ ਸੁਹਾਵਣੀ ਮੁਹਿ ਡਿਠੈ ਮਾਨਸ ਚਹਮਚੈ।
੪. ਪਿਛਹੁ ਦੇਖਿ ਡਰਾਵਣੀ ਇਕੋ ਮੁਹੁ ਦੁਹੁ ਜਿਨਸਿ ਵਿਰਚੈ।
੫. ਖੇਹਿ ਪਾਇ ਮੁਹੁ ਮਾਜੀਐ ਫਿਰਿ ਫਿਰਿ ਮੈਲ ਪਰੈ ਰੰਗਿ ਕਚੈ।
੬. ਧਰਮਰਾਇ ਜਮੁ ਇਕੁ ਹੈ ਧਰਮੁ ਅਧਰਮੁ ਨ ਭਰਮ ਪਰਚੈ।
੭. ਗੁਰਮੁਖਿ ਜਾਇ ਮਿਲੈ ਸਚੁ ਸਚੈ॥੩॥

**ਪਦਾਰਥ**-(ਦੁਬਾਜਰੀ=ਦੋ ਪਾਸਿਆਂ ਵਾਲੀ, ਅੱਗੋਂ ਸੋਹਣੀ ਪਿੱਛੋਂ ਕਾਲੀ, ਦੋ ਮੂੰਹੀ। (ਖਚੈ=ਪਰਾਬ। ਚਹਮਚੈ=ਪ੍ਰਸੰਨ ਹੁੰਦਾ ਹੈ। ਵਿਰਚੈ=ਧਾਰਦਾ ਹੈ। (ਅਧਰਮੁ ਨ ਭਰਮ ਪਰਚੈ=ਅਧਰਮ ਦੇ ਭਰਮ ਵਿਚ ਪਰਚਦਾ ਨਹੀਂ ਹੈ।

**ਅਰਥ**-੧.(ਦੁਭਿੱਤੀ) ਦੋ ਸ਼ਕਲਾਂ ਵਾਲੀ ਆਰਸੀ ਮਜਲਸ ਵਿਚ ਹੱਥੋਂ ਹੱਥੀ 'ਨੱਚਦੀ' ਹੈ। ੨.ਦੋ ਮੂੰਹੀ ਨੂੰ ਦੁਖ ਅਰ ਦੁਖ ਹੀ ਰਹਿੰਦਾ ਹੈ, (ਕਿਉਂ ਜੋ) ਘਰ ਘਰ ਪਰਾਈ ਹੋਕੇ ਖਰਾਬ ਹੋਈ ਫਿਰਦੀ ਹੈ। ੩.ਅੱਗੋਂ (ਵੱਡੀ) ਸੋਹਣੀ ਸੋਹਣੀ ਲੱਗਦੀ ਹੈ, ਜਦ ਕੋਈ ਮਨੁੱਖ ਮੂੰਹ ਦੇਖਦਾ ਹੈ ('ਚਹਮਚੈ') ਪ੍ਰਸੰਨ ਹੁੰਦਾ ਹੈ। ੪.ਪਿੱਛੋਂ ਦੇਖੋ ਤਾਂ ਡਰਾਵੁਣੀ ਲੱਗਦੀ ਹੈ, ਮੂੰਹ ਇਕ ਹੈ ਸ਼ਕਲਾਂ ਦੋ ਧਾਰਦੀ ਹੈ (ਅੱਗਾ ਚੰਗਾ ਪਿੱਛਾ (ਖਰਾਬ ਹੈ)। ੫.ਸੁਆਹ ਪਾਕੇ ਮੂੰਹ ਮਾਂਜੀਦਾ ਹੈ, ਫੇਰ ਮੈਲ ਭਰੀ ਜਾਂਦੀ ਹੈ ਰੰਗ ਕੱਚਾ ਹੁੰਦਾ ਜਾਂਦਾ ਹੈ (ਅਗਲੀਆਂ ਦੋ ਤੁਕਾਂ ਵਿਖੇ ਫਲ ਦੱਸਦੇ ਹਨ)। ੬.ਧਰਮਰਾਜ ਜਮ ਇਕੋ ਹੀ ਹੈ ਉਹ ਧਰਮ ਹੀ ਕਰਦਾ ਹੈ, ਅਧਰਮ ਦੇ ਭਰਮ ਨਾਲ ਪਰਚਦਾ ਨਹੀਂ (ਫਲ ਵਿਚਾਰਕੇ ਦਿੰਦਾ ਹੈ)। ੭.(ਏਸੇ ਲਈ) ਗੁਰਮੁਖ (ਜੋ ਇਕ ਰੰਗ) ਸੱਚ (ਵਿਚ ਰਹਿੰਦੇ ਹਨ) ਸੱਚ ਵਿਖੇ ਜਾ ਮਿਲਦੇ ਹਨ (ਅਰ ਆਰਸੀ ਵਾਂਗੂ ਦਬਾਜ਼ਰੇ 'ਘਰ ਘਰ' ਜੂਨੀਆਂ ਵਿਖੇ ਪਰਾਈਆਂ ਮੁਸ਼ੱਕਤਾਂ ਵਿਚ ਹੀ ਫਿਰਦੇ ਰਹਿੰਦੇ ਹਨ)।

## ੪. (ਗੁਰ ਸਿਖ ਪਰਧਾਨ ਹੈ)।

(ਤੇ ਮੈਤ੍ਰੀ ਕਰਾਉਣਾ ਏਸ ਦਾ ਕੰਮ ਹੈ)

੧. ਵੁਣੈ ਜੁਲਾਹਾ ਤੰਦੁ ਗੰਢਿ ਇਕੁ ਸੂਤੁ ਬਹੁ ਤਾਣਾ ਵਾਣਾ।
੨. ਦਰਜੀ ਪਾੜਿ ਵਿਗਾੜਦਾ ਪਾਟਾ ਮੂਲ ਨ ਲਹੈ ਵਿਕਾਣਾ।
੩. ਕਤਰਣਿ ਕਤਰੈ ਕਤਰਣੀ ਹੋਇ ਦੁਮੂਹੀ ਚੜੰਦੀ ਸਾਣਾ।
੪. ਸੂਈ ਸੀਵੈ ਜੋੜਿਕੈ ਵਿਛੁੜਿਆਂ ਕਰਿ ਮੇਲਿ ਮਿਲਾਣਾ।
੫. ਸਾਹਿਬ ਇਕੋ ਰਾਹਿ ਦੁਇ ਜਗ ਵਿਚਿ ਹਿੰਦੂ ਮੁਸਲਮਾਣਾ।
੬. ਗੁਰ ਸਿਖੀ ਪਰਧਾਨੁ ਹੈ ਪੀਰ ਮੁਰੀਦੀ ਹੈ ਪਰਵਾਣਾ।
੭. ਦੁਖੀ ਦੁਬਾਜਰਿਆ ਹੈਰਾਣਾ॥੪॥

**ਪਦਾਰਥ**-(ਵੁਣੈ=ਉਣਦਾ। ਵਾਣਾ=ਪੇਟਾ। ਕਤਰਣਿ=ਕਾਤਰਾਂ। ਕਤਰਣੀ=ਕੈਂਚੀ। (ਗੁਰ ਸਿਖੀ ਪਰਧਾਨੁ ਹੈ=ਸੂਈ ਵਾਂਙੂ ਗੁਰ ਸਿੱਖੀ ਪਾਟਿਆਂ ਨੂੰ ਜੋੜਦੀ ਹੈ।)

**ਅਰਥ**-੧.(ਤਾਣੀਂ) ਉਣਨ ਵਾਲਾ ਜੁਲਾਹਾ ਤੰਦ ਤੰਦ ਗੰਢਕੇ ਇਕੋ ਜਿਹਾ ਸੂਤ੍ ਦਾ ਤਾਣਾ ਪੇਟਾ ਕਰਕੇ ਤਾਣੀਂ ਉਣਦਾ ਹੈ। ੨.ਦਰਜੀ ਪਾੜਕੇ ਕੱਪੜੇ ਦੀਆਂ ਟਾਕੀਆਂ ਕਰ ਦਿੰਦਾਂ ਹੈ, ਜੇਕਰ (ਟਾਕੀਆਂ) ਵੇਚੀਆਂ ਜਾਣ ਤਾਂ (ਕੱਪੜਾ ਵਿਕਣ ਵਿਚ) ਮੁੱਲ ਨਹੀਂ ਪਾਉਂਦਾ (ਭਾਵ ਕੋਈ ਕਦਰ ਨਹੀਂ ਕਰਦਾ)। ੩.ਕੈਂਚੀ ਕਾਤਰਾਂ ਨੂੰ ਕਤਰਦੀ ਹੈ, ਦੁਮੂੰਹੀ ਹੋਕੇ ਸਾਣ ਪੁਰ ਚੜ੍ਹਦੀ ਹੈ। ੪.ਸੂਈ ਜੋੜਕੇ ਸਿਉਂਦੀ ਹੈ, ਵਿਛੜਿਆਂ ਦਾ ਮੇਲ ਮਿਲਾਪ ਕਰਾਉਂਦੀ ਹੈ। ੫.ਸਾਹਿਬ (ਏਕ ਅਰਥਾਤ ਪਰਮੇਸ਼ੁਰ) ਹਿੰਦੂ ਮੁਸਲਮਾਨਾਂ ਦਾ ਇਕੋ ਹੈ (ਅਰ) ਰਾਹ ਜਗਤ ਵਿਚ ਦੋ ਚਲ ਰਹੇ ਹਨ, (ਭਾਵ ਇਕੋ ਸੂਤ ਦੀ

ਤਾਣੀ ਵਿਖੇ ਭੇਦ ਪੈ ਰਿਹਾ ਹੈ)। ੬.ਗੁਰ ਸਿੱਖੀ (ਸੂਈ ਵਾਂਙੂ) ਸ਼ਿਰੋਮਣੀ ਹੈ (ਗੁਰ ਸਿੱਖੀ ਕੀ ਹੈ?) ਗੁਰੂ ਦੀ ਸਿੱਖੀ (ਅਰਥਾਤ ਗੁਰੂ ਪੁਰ ਸ਼ਰਧਾ ਰੱਖਣੀ) ਹੀ ਸ੍ਰੇਸ਼ਟ ਹੈ, (ਇਹ ਵਿਛੜਿਆਂ ਹੋਇਆਂ ਜੀਵਾਂ ਦਾ ਰੱਬ ਨਾਲ ਮਿਲਾਪ ਕਰਾ ਦਿੰਦੀ ਹੈ)। ੭.(ਅਰ ਜੋ 'ਦੁਬਾਜਰੇ' ਮਨਮੁਖ) ਦੋਭਿਤੀਏ ਹਨ ਹੈਰਾਨ ਤੇ ਦੁਖੀ ਰਹਿੰਦੇ ਹਨ (ਉਨ੍ਹਾਂ ਦਾ ਈਸ਼੍ਵਰ ਨਾਲ ਕਦੇ ਮੇਲ ਨਹੀਂ ਹੁੰਦਾ)।

**ਭਾਵ**-ਭਾਈ ਸਾਹਿਬ ਜੀ ਇਸ ਪੌੜੀ ਵਿਚ ਹਿੰਦੂ ਮੁਸਲਮਾਨ ਦੋਹਾਂ ਨੂੰ ਸਿੱਖ ਹੋਣ ਦਾ ਉਪਦੇਸ਼ ਦਿੰਦੇ ਹਨ ਤੇ ਸਿੱਖਾਂ ਨੂੰ ਦੱਸਦੇ ਹਨ ਕਿ ਦੁਬਿਧਾ ਦੀ ਕੈਂਚੀ ਨਾਲ ਹਿੰਦੂ ਮੁਸਲਮਾਨ ਲੀਰਾਂ ਲੀਰਾਂ ਹੋਏ ਪਏ ਹਨ, ਤੁਸੀਂ ਸੂਈ ਬਣਕੇ ਇਨ੍ਹਾਂ ਨੂੰ ਜੋੜ ਦਿਓ।

## ੫. (ਦੁਬਾਜਰਾ-ਚਰਖਾ ਦ੍ਰਿਸ਼ਟਾਂਤ)।

੧. ਜਿਉ ਚਰਖਾ ਅਠਖੰਭੀਆ ਦੁਹ ਲਠੀ ਦੇ ਮੰਝਿ ਮੰਝੇਰੁ।
੨. ਦੁਇ ਸਿਰ ਧਰਿ ਦੁਹੁ ਖੁੰਢ ਵਿਚਿ ਸਿਰ ਗਿਰਦਾਨ ਫਿਰੇ ਲਖਫੇਰੁ।
੩. ਬਾਇੜੁ ਪਾਇ ਪਲੇਟੀਐ ਮਾਲ੍ਹ ਵਟਾਇ ਪਾਇਆ ਘਟ ਘੇਰੁ।
੪. ਦੁਹੁ ਚਰਮਖ ਵਿਚਿ ਤ੍ਰਕੁਲਾ ਕਤਿਨ ਕੁੜੀਆਂ ਚਿੜੀਆਂ ਹੇਰੁ।
੫. ਤ੍ਰਿਞਣਿ ਬਹਿ ਉਠ ਜਾਂਦੀਆਂ ਜਿਉ ਬਿਰਖਹੁ ਉਡਿ ਜਾਨਿ ਪੰਖੇਰੁ।
੬. ਓੜਿ ਨਿਬਾਹੂ ਨ ਥੀਐ ਕਚਾ ਰੰਗੁ ਰੰਗਾਇਆ ਗੇਰੁ।
੭. ਘੁੰਮਿ ਘੁੰਮਦੀ ਛਾਵ ਘੁਵੇਰੁ ॥੫॥

**ਪਦਾਰਥ**-(ਮੰਝੇਰੁ=ਨਾਭ, ਚੱਕ। ਸਿਰ ਗਿਰਦਾਨ=ਭਵਾਟਣੀਆਂ ਖਾਣੀਆਂ।
(ਬਾਇੜੁ=ਰੱਸੀ, ਸਣ ਦੀ ਰੱਸੀ ਜੋ ਚਰਖੇ ਦੇ ਫਟਾਂ ਦੇ ਉਦਾਲੇ ਹੁੰਦੀ ਹੈ।
(ਮਾਲ੍ਹ=ਜੋ ਤੱਕਲੇ ਤੇ ਬਾਇੜ ਦੇ ਉਤੇ ਵੱਗਦੀ ਹੈ। ਘਟ ਘੇਰੁ=ਘੇਰਾ।
(ਚਰਮਖ=ਚੰਮੜੀਆਂ। ਘੁੰਮਿ ਘੁੰਮਦੀ=ਫਿਰਦੀ ਘਿਰਦੀ।
(ਘੁਵੇਰੁ=ਘੁੰਮਣ ਵਾਲਾ, ਭਾਵ ਤ੍ਰਿਞਣ।

**ਅਰਥ**-੧.ਜਿੱਕੁਰ ਅਠਖੰਭੀਏ (ਅੱਠਾਂ ਫੱਟੀਆਂ ਵਾਲੇ) ਚਰਖੇ ਦਾ ਮੰਝੇਰੁ (ਚੱਕ ਜਾਂ ਨਾਭ) ਦੋ ਲੱਠਾਂ (ਵੱਡੇ ਮੁੰਨਿਆਂ) ਦੇ ਵਿਚ ਹੁੰਦਾ ਹੈ। ੨.ਦੋਵੇਂ ਸਿਰੇ ਦਦੋ ਲੱਠ ਦੇ ਖੁੰਢਾਂ (ਛੇਕਾਂ) ਵਿਚ ਰੱਖੇ ਜਾਂਦੇ ਅਰ ਸਿਰ ਪਰਣੇ ਹੋਕੇ ਲੱਖਾਂ ਫੇਰ ਦਿੰਦਾ ਹੈ। ੩.ਬਾਇੜ ਪਾਕੇ ਲਪੇਟਦਾ ਹੈ, ਧਾਗੇ ਦੀ ਮਾਹਲ ਵੱਟਕੇ ਘੇਰਾ ਪਾਈਦਾ ਹੈ। ੪.ਦੋ ਚੰਮੜੀਆਂ ਵਿਚ ਤ੍ਰਕਲਾ ਹੁੰਦਾ ਹੈ ਕੁੜੀਆਂ ਚਿੜੀਆਂ ਦਾ('ਹੇਰੁ') ਚਰਖਾ ਕੱਤਿਆ ਜਾਂਦਾ ਹੈ (ਜਾਂ ਹੇਰੂ ਤੱਕਲਾ ਹਿਲਦਾ ਚੱਕਰ ਖਾਂਦਾ ਹੈ)। ੫.ਤ੍ਰਿਞਣ ਵਿਚ ਬਹਿ ਕੇ (ਆਪੋ ਆਪਣੀਆਂ ਪੂਣੀਆਂ ਪੂਰੀਆਂ ਕਰਕੇ ਇਉਂ ਕੁੜੀਆਂ ਘਰਾਂ ਨੂੰ) ਉਠ ਜਾਂਦੀਆਂ ਹਨ ਜਿੱਕੁਰ ਬ੍ਰਿਛ ਤੋਂ ਪੰਛੀ ਉਡ ਜਾਂਦੇ ਹਨ। (ਇਥੇ ਕੁੜੀਆਂ ਨੂੰ ਚਿੜੀਆਂ ਦੀ ਉਪਮਾਂ ਦੇਣ ਦਾ ਭਾਵ ਇਹ ਹੈ ਕਿ ਮਾਨੋਂ ਉਡਣ ਵਾਲੀਆਂ ਚਿੜੀਆਂ ਬ੍ਰਿਛਾਂ ਦੇ ਹੇਠ ਛਾਵੇਂ ਕੱਠੀਆਂ ਹੋਈਆਂ ਹਨ)। ੬.ਓੜਕ ਤੀਕ ਨਿਰਬਾਹ ਕਰਨ ਵਾਲੀ ਕੋਈ ਨਹੀਂ ਹੁੰਦੀ, ਜਿਕੁਰ ਗੇਰੂ ਦਾ ਕੱਚਾ ਰੰਗ ਹੁੰਦਾ ਹੈ (ਤਿਵੇਂ ਇਹ ਤ੍ਰਿੰਞਣ ਹੈ, ਸੰਸਾਰ ਦਾ ਕੱਠ ਓੜਕ ਨਿਭਣ ਵਾਲਾ ਨਹੀਂ ਹੈ)। ੭.(ਗਲ ਕੀ ਘੁੰਮਿ ਘੁਮੰਦੀ) ਫਿਰਦੀ ਘਿਰਦੀ ਛਾਉਂ ਵਾਂਙੂ ('ਘੁਵੇਰੂ') ਤ੍ਰਿੰਞਣ ਹੈ।

**ਭਾਵ**-ਆਪੋ ਆਪਣੇ ਸ੍ਵਾਸਾਂ ਦੀਆਂ ਪੂਣੀਆਂ ਪੂਰੀਆਂ ਕਰਕੇ ਜੀਵ ਜੂਨਾਂ ਰੂਪੀ ਘਰਾਂ ਨੂੰ ਉਡ ਜਾਂਦੇ ਹਨ। ਤਾਂਤੇ ਐਸੀ ਸਰਾਂ ਵਿਚ ਚਰਖੇ ਦੀ ਤਰ੍ਹਾਂ ਦੁਬਿਧਾ ਵਿਚ ਨਹੀਂ ਫਸਣਾ ਚਾਹੀਦਾ। ਕੁੜੀਆਂ ਤ੍ਰਿੰਞਣ ਦੁਬਿਧਾ ਦਾ ਸਰੂਪ ਹੈ ਅਰ ਤਕਲਾ ਤੇ ਮਝੌਰੂ ਹਿੰਦੂ ਮੁਸਲਮਾਨ ਵਤ ਦੁਬਿਧ ਵਿਚ ਫਸੇ ਚੱਕਰ ਖਾਣ ਵਾਲੇ ਹਨ, ਘਸ ਘਸਾਕੇ ਹਾਰ ਜਾਣਗੇ, ਤ੍ਰੀਮਤਾਂ ਦੇ ਤ੍ਰਿੰਞਣ ਸਰੀਖੀ ਦੁਬਿਧਾ

ਦੀ ਘੁਮਾਟੀ ਕਿਸੇ ਅਰਥ ਨਹੀਂ ਆਵੇਗੀ।

## ੬. (ਦੁਬਾਜਰਾ ਦੂਈ ਵਿਭਚਾਰਣ ਇਸਤ੍ਰੀ)।

੧. ਸਾਹੁਰੁ ਪੀਹਰੁ ਪਲਰੈ ਹੋਇ ਨਲਜਜ ਧੋਵੈ।
੨. ਰਾਵੈ ਜਾਰੁ ਭਤਾਰੁ ਤਜਿ ਖਿੰਜੋਤਾਣਿ ਖੁਸੀ ਕਿਉਂ ਹੋਵੈ।
੩. ਸਮਝਾਈ ਨ ਸਮਝਈ ਮਰਣੇ ਪਰਣੇ ਲੋਕੁ ਵਿਗੋਵੈ।
੪. ਧਿਰਿ ਧਿਰਿ ਮਿਲਦੇ ਮੇਹਣੇ ਹੁਇ ਸਰਮਿੰਦੀ ਅੰਝੂ ਰੋਵੈ।
੫. ਪਾਪ ਕਮਾਣੈ ਪਕੜੀਐ ਹਾਣਿ ਕਾਣਿ ਦੀਬਾਣਿ ਖੜੋਵੈ।
੬. ਮਰੈ ਨ ਜੀਵੈ ਦਚਖ ਸਹੈ ਰਹੈ ਨ ਘਰ ਵਿਚਿ ਪਰਘਰ ਜੋਵੈ।
੭. ਦੁਬਿਧਾ ਆਵਗੁਣ ਹਾਰ ਪਰੋਵੈ ॥੬॥

**ਪਦਾਰਥ**-(ਸਾਹੁਰੁ ਪੀਹਰੁ=ਸਾਹੁਰਾ ਪੇਕਾ। ਪਲਰੈ=ਤਿਆਗਦੀ ਹੈ। ਖਿੰਜੋਤਾਣਿ=ਦੁਚਿਤੀ। (ਧਿਰਿ ਧਿਰਿ=ਥਾਉਂ ਥਾਉਂ। ਵਿਗੋਵੈ=ਵਿਗਾੜ।)

**ਅਰਥ**-੧.ਸਾਹੁਰੇ ਅਰ ਪੇਕਿਆਂ ਨੂੰ ਬੇਸ਼ਰਮਣ ਹੋਕੇ (ਵਿਭਚਾਰਣ ਇਸਤ੍ਰੀ) ਛੱਡ ਦੇਂਦੀ ਹੈ, (ਸਾਰੀਆਂ) ਸ਼ਰਮਾਂ ਨੂੰ ਧੋ ਪੀਂਦੀ ਹੈ। (ਕਿੱਕੁਰ ਧੋ ਪੀਂਦੀ ਹੈ)। ੨.(ਆਪਣੇ) ਭਰਤਾ ਨੂੰ ਛੱਡਕੇ ਦੂਜੇ ਯਾਰ ਨੂੰ ਰਾਂਵਦੀ ਹੈ, (ਭਰਤਾ ਦੁਖੀ ਹੁੰਦਾ ਹੈ) ਤਦੋਂ ਖਿੰਜੋ ਤਾਣ ਵਿਚ ਸੁਖਾਲੀ ਕਿਕੂੰ ਸੌਂਦੀ ਹੈ? ੩.ਸਮਝਾਈ ਹੋਈ ਸਮਝਦੀ ਨਹੀਂ, ਮਰਣੇ ਪਰਣੇ ਵਿਚ ਲੋਕ ਵਿਗਾੜਦੀ ਹੈ (ਭਾਵ ਕਿਧਰੇ ਸ਼ਾਮਲ ਨਹੀਂ ਹੋ ਸਕਦੀ, ਸਾਰੇ ਪਰੇ ਪਰੇ ਕਰਦੇ ਹਨ)। ੪.('ਧਿਰਿ ਧਿਰਿ') ਥਾਉਂ ਥਾਉਂ ਤੋਂ ਮੇਹਣੇ ਮਿਲਦੇ ਹਨ ਤਦੋਂ ਸ਼ਰਮਿੰਦੀ ਹੋਕੇ ਅੱਖਾਂ ਭਰ ਭਰਕੇ ਰੋਂਦੀ ਹੈ। ੫.ਪਾਪ ਦਾ ਫਲ (ਇਕ ਦਿਨ) ਫੜੀ ਜਾਂਦੀ ਹੈ। ਕਾਣ (ਸ਼ਰਮ=ਅਣਖ ਦੀ ਹਾਨੀ) ਕਰਕੇ ਕਚਹਿਰੀ ਵਿਖੇ ਜਵਾਬ ਵਾਸਤੇ ਖੜੋਂਦੀ ਹੈ, (ਅਗੇ ਦੋ ਤੁਕਾਂ ਵਿਖੇ ਫਲ ਦਸਦੇ ਹਨ)। ੬.ਮਰਦੀ ਜੀਓਂਦੀ ਨਹੀਂ (ਪਰ) ਦੁਖ ਪਾਉਂਦੀ ਹੈ, (ਅੰਤ ਨੂੰ ਭਾਰੀ ਰੋਗ ਲਗਦਾ ਹੈ,) ਘਰ ਵਿਖੇ ਰਹਿਣਾ ਨਹੀਂ ਮਿਲਦਾ, ਹੋਰ ਪਰਾਏ ਘਰਾਂ ਨੂੰ ਢੂੰਡਦੀ ਹੈ, ੭.ਦੁਬਿਧਾ ਅਉਗੁਣਾਂ ਦਾ ਹਾਰ ਹੀ ਪੁਰੋਂਦੀ ਹੈ (ਇਸ ਲਈ ਸਾਰੇ ਧਿਕਾਰਾਂ ਮਿਲਦੀਆਂ ਹਨ)।

**ਭਾਵ**-ਜਿੱਕੁਰ ਵਿਭਾਚਰਣ ਦੁਬਿਧਾ ਵਿਚ ਪੈ ਕੇ ਦੁਖੀ ਹੈ ਇਕੁਰ ਪਰਮਾਰਥ ਵਿਚ ਬੀ ਦੁਬਿਧਾ ਔਗੁਣਾਂ ਦਾ ਹਾਰ ਹੀ ਗਲ਼ੇ ਪਾਉਂਦੀ ਹੈ।

## ੭. (ਦੂਐਤ ਤੇ ਸਿੱਖ)।

੧. ਜਿਉ ਬੇਸੀਵੈ ਥੇਹੁ ਕਰਿ ਪਛੋਤਾਵੈ ਸੁਖਿ ਨ ਵਸੈ।
੨. ਚੜਿ ਚੜਿ ਲੜਦੇ ਭੂਮੀਏ ਧਾੜਾ ਪੇੜਾ ਖਸਣ ਖਸੈ।
੩. ਦੁਹ ਨਾਰੀ ਦਾ ਦੂਲਹਾ ਦੁਹ ਮੁਨਸਾ ਦੀ ਨਾਰਿ ਵਿਣਸੈ।
੪. ਹੋਇ ਉਜਾੜਾ ਖੇਤੀਐ ਦੁਹਿ ਹਾਕਮ ਦੁਇ ਹੁਕਮ ਖੁਣਸੈ।
੫. ਦੁਖ ਦੁਇ ਚਿੰਤਾ ਰਾਤਿ ਦਿਹੁ ਘਰੁ ਛਿਜੈ ਵੈਰਾਇਣੁ ਹਸੈ।
੬. ਦੁਹੁ ਖੁੰਢਾ ਵਿਚਿ ਰਖਿ ਸਿਰੁ ਵਸਦੀ ਵਸੈ ਨ ਨਸਦੀ ਨਸੈ।
੭. ਦੂਜਾ ਭਾਉ ਭੁਇਅੰਗਮੁ ਡਸੈ ॥੭॥

**ਪਦਾਰਥ**-(ਬੇਸੀਵੈ=ਦੂਜੇ ਦੀ ਹੱਦ। ਭੂਮੀਏ=ਜਿਮੀਂਦਾਰ। ਧਾੜਾ=ਲੁੱਟ ਮਾਰ। (ਦੁਲਹਾ=ਪਤੀ। ਖੁਣਸੈ=ਖੋਹਦਾ। ਵੈਰਾਇਣੁ=ਵੈਰਣ (ਗੁਆਂਢਣਾਂ)। (ਦੁਹੁ ਖੁੰਢਾ=ਦੋ ਖੋੜਾਂ ਵਿਖੇ।

**ਅਰਥ**-੧.ਜਿੱਕੁਰ ਦੂਜੇ ਦੀ ਹੱਦ ਵਿਚ ਕੋਈ 'ਥੇਹ' (ਪਿੰਡ) ਪਾਵੇ, ਉਹ ਪਛੋਤਾਉਂਦਾ ਤੇ ਸੁਖ ਵਿਚ

ਨਹੀਂ ਵੱਸਦਾ ਹੈ (ਕਾਰਣ ਹੇਠ ਦੱਸਦੇ ਹਨ)। ੨.ਜ਼ਿਮੀਂਦਾਰ ਚੜ੍ਹ ਚੜ੍ਹਕੇ ਲੜਦੇ ਹਨ ('ਧਾੜਾ ਪੇੜਾ') ਲੁੱਟ ਮਾਰ ਰਹਿੰਦੀ ਹੈ,। ('ਖੱਸਣ ਖੱਸੇ) ਖੋਹਾ ਖਾਹੀ (ਕਰਕੇ ਇਕ ਦੂਜੇ ਦੀਆਂ ਵਸਤਾਂ ਖੋਂਹਦੇ ਹਨ)। ੩.ਦੋ ਇਸਤ੍ਰੀਆਂ ਦੇ ਖਾਵੰਦ ਵਾਂਙੂ (ਜਾਂ) ਦੋ ਭਰਤਿਆਂ ਦੀ ਤ੍ਰੀਮਤ ਵਾਂਙੂ ਦੁਖੀ ਰਹਿੰਦਾ ਹੈ। ੪.ਜਿੱਥੇ ਦੋ ਹਾਕਮ ਗੁੱਸੇ ਨਾਲ ਹੁਕਮ ਕਰਨ (ਉੱਥੇ) ਖੇਤੀ (ਪੈਲੀ) ਉੱਜੜ ਜਾਂਦੀ ਹੈ। ੫ ਦ੍ਵੈਤ ਵਿਖੇ ਦੁਖ ਅਤੇ ਚਿੰਤਾ ਰਾਤ ਦਿਨ ਰਹਿੰਦੀ ਹੈ, ਇਕ ਘਰ ਦਾ ਨਾਸ ਦੂਜੇ (ਵੈਰਾਇਣ) ਵੈਰ ਵਾਲੀਆਂ (ਗੁਆਂਢਣਾਂ) ਹਸਦੀਆਂ ਹਨ (ਕਿ ਚੰਗਾ ਹੋਇਆ)। ੬.('ਦੋ ਖੰਢਾਂ' ਖੋੜਾਂ ਭਾਵ) ਦੋ ਪਤੀਆਂ ਵਿਚ (ਜਿਹੜੀ ਤ੍ਰੀਮਤ) ਸਿਰ ਰੱਖਦੀ ਹੈ, ਉਹ ਵੱਸ ਅਤੇ ਨੱਸ ਨਹੀਂ ਸਕਦੀ (ਕਿਉਂ ਜੋ) ੭.ਦੂਜਾ ਭਾਉ ਸੱਪ ਸਮਾਨ ਡੰਗ ਮਾਰਦਾ ਹੈ।

**ਭਾਵ**- ਇਸ ਲਈ ਕਿ ਆਪਣੇ ਪਤੀ ਨਾਲ ਪ੍ਰੇਮ ਕਰਕੇ ਸਾਹੁਰੇ ਵਾਸ ਕਰਨਾ ਹੀ ਸ੍ਰੇਸ਼ਟ ਹੈ, ਨਹੀਂ ਤਾਂ ਦ੍ਵੈਤ ਵਿਖੇ ਦੁੱਖ ਅਰ ਕਲੇਸ਼ ਹੀ ਹਨ, ਤਿਵੇਂ ਦ੍ਵੈਤ ਪਰਮਾਰਥਕ ਜੱਗਯਾਸੂ ਨੂੰ ਭਾਰੀ ਦੁਖ ਦਾਤੀ ਹੈ। ਇਥੇ ਮਲੂਮ ਹੁੰਦਾ ਹੈ ਕਿ ਭਾਈ ਸਾਹਿਬ ਜੀ ਨੇ ਉਨ੍ਹਾਂ ਦਾ ਕਥਨ ਕੀਤਾ ਹੈ ਜੋ ਹਿੰਦੂ ਮੁਸਲਮਾਨ ਦਾ ਝਗੜਾ ਛਡਕੇ ਸਮ ਦ੍ਰਿਸ਼ਟੇ ਭੀ ਨਹੀਂ ਹੋਏ ਤੇ ਇਕ ਬੇੜੀ ਤੇ ਬੀ ਨਹੀਂ ਰਹੇ, ਪਰ ਦੂਹੀਂ ਵੱਲੀ ਦੁਹਾਂ ਨੂੰ ਖੁਸ਼ ਰੱਖਣ ਵਾਸਤੇ ਦੁਬਾਜਰਾਪਨ ਕਰ ਰਹੇ ਹਨ, ਉਨ੍ਹਾਂ ਦਾ ਅੰਤ ਢੋਟਾ ਹੈ।

## ੮. (ਮਨਮੁਖ ਸਰਪ)।

੧. ਦੁਖੀਆ ਦੁਸਟੁ ਦੁਬਾਜਰਾ ਸਪੁ ਦੁਮੂਹਾ ਬੁਰਾ ਬੁਰਿਆਈ।
੨. ਸਭਦੂੰ ਮੰਦੀ ਸਪ ਜੋਨਿ ਸਪਾ ਵਿਚਿ ਕੁਜਾਤਿ ਕੁਭਾਈ।
੩. ਕੋੜੀ ਹੋਆ ਗੋਪਿ ਗੁਰ ਨਿਗੁਰੇ ਤੰਤੁ ਨ ਮੰਤੁ ਸੁਖਾਈ।
੪. ਕੌੜੀ ਹੋਵੈ ਲੜੈ ਜਿਸ ਵਿਗੜ ਰੂਪਿ ਹੋਇ ਮਰਿ ਸਹਮਾਈ।
੫. ਗੁਰਮੁਖਿ ਮਨਮੁਖ ਬਾਹਰਾ ਲਾਤੋਂ ਲਾਵਾ ਲਾਇ ਬੁਝਾਈ।
੬. ਤਿਸੁ ਵਿਹੁ ਵਾਤਿ ਕੁਲਾਤਿ ਮਨ ਅੰਦਰਿ ਗਣਤੀ ਤਾਤਿ ਪਰਾਈ।
੭. ਸਿਰ ਚਿਥੈ ਵਿਹੁ ਬਾਣਿ ਨ ਜਾਈ ॥੮॥

**ਪਦਾਰਥ**-(ਸਹਮਾਈ=ਦੁਖੀ ਹੋਕੇ॥ ਕੁਲਾਤਿ=ਕਲਪਣਾ। ਤਾਤਿ=ਈਰਖਾ। (ਲਾਤੋਂ ਲਾਵਾ=ਕੁਆਤੀਆਂ, ਲੂਤੀ ਲਾਣ ਵਾਲਾ। ਪਾ:-'ਤੋਲਾ ਲਾਵਾ' ਬੀ ਹੈ।

**ਅਰਥ**-੧.ਦੁਖਦੇਵਾ, ਦੁਸ਼ਟ, ਦੁਬਾਜਰਾ ਬੁਰਿਆਈ ਕਰਨ ਵਿਚ ਦੋ-ਮੂੰਹਾਂ ਸੱਪ ਬੁਰਾ ਹੈ, ੨.ਸਾਰੀਆਂ ਜੋਨੀਆਂ ਵਿਚੋਂ ਸੱਪ ਜੋਨੀ ਮੰਦੀ ਹੈ, ਪਰੰਤੂ ਸੱਪਾਂ ਵਿਚੋਂ (ਦੋ-ਮੂੰਹਾਂ ਸੱਪ) ਕੁਜਾਤ ਅਰ ('ਕੁਭਾਈ') ਖੋਟੇ ਪ੍ਰਕਾਰ ਵਾਲਾ ਹੈ, (ਕਿਉਂ ਜੋ) ੩.ਗੁਰੂ ਨੂੰ ਗੋਪ (ਛਪਾਕੇ) ਕੋੜ੍ਹੀ ਹੁੰਦਾ ਹੈ, ਇਹ ਨਿਗੁਰਾ (ਤੰਤ) ਤਵੀਤ ਮੰਤ੍ਰ ਕੋਈ ਨਹੀਂ ਮੰਨਦਾ। ੪.ਜਿਸ ਨੂੰ ਲੜਦਾ ਹੈ ਉਹ ਭੀ ਕੋੜ੍ਹੀ ਹੋ ਕਰੂਪ ਹੋਕੇ ਸਹਿਮ ਵਿਖੇ ਮਰ ਜਾਂਦਾ ਹੈ। ੫.ਮਨਮੁਖ (ਭੀ ਦੁਮੂੰਹੇ ਸੱਪ ਵਾਂਙੂ) ਗੁਰੂ (ਜੋ ਮੁਖ=) ਸ੍ਰੇਸ਼ਟ ਹਨ ਉਨ੍ਹਾਂ ਥੋਂ ਬਾਹਰ ਰਹਿੰਦਾ ਹੈ, (ਅਰਥਾਤ ਗੁਰੂ ਪੀਰ ਨੂੰ ਮੰਨਦਾ ਨਹੀ)। ('ਲਾਤੋਲਾਵਾ') ਚੁਆਤੀਆਂ ਲਾਕੇ (ਫੇਰ ਦਸਦਾ ਹੈ ਅਥਵਾ ਗੁਰਮੁਖ ਤੇ ਮਨਮੁਖ ਦਾ ਭੇਦ ਹੈ, ਮਨਮੁਖ ਚੁਆਤੀ ਲਾਉਂਦਾ ਗੁਰਮੁਖ ਲੱਗੀ) ਬੁਝਾਉਂਦਾ ਹੈ। ੬.ਉਸ ਦੇ ('ਵਾਤ') ਮੁਖ ਵਿਖੇ (ਨਿੰਦਾ ਦੀ) ਵਿਖ (ਰਹਿੰਦੀ ਹੈ) ਕਲਪਣਾ, ਈਰਖਾ, ਪਰਾਈ ਮਨ ਅੰਦਰ (ਰਹਿੰਦੀ ਹੈ)। ੭.ਸਿਰ ਚਿੱਥੇ ਬਾਝ ਜ਼ਹਿਰੀਲੀ ਵਾਦੀ ਨਹੀਂ ਜਾਂਦੀ, (ਦੁਸ਼ਟਾਂ ਦਾ ਸੁਭਾਉ ਸਿਰ ਦੇ ਨਾਲ ਹੀ ਰਹਿੰਦਾ ਹੈ)।

**ਭਾਵ**-ਜਿਕੂੰ ਦਮੂੰਹਾਂ ਸੱਪ ਸਿਰ ਚਿੱਥੇ ਬਿਨਾਂ ਸੂਤ ਨਹੀਂ ਹੁੰਦਾ, ਤਿਵੇਂ ਮਨਮੁਖ ਨਰਕ ਦੀ

ਕੈਦ ਵਿਚ ਜਦ ਸੁਤੰਤ੍ਰਤਾ ਦਾ ਸਿਰ ਚਿਥਾ ਬੈਠਦਾ ਹੈ ਤਦੋਂ ਹੀ ਕਾਬੂ ਆਉਂਦਾ ਹੈ।

## ੯. (ਵੇਸ਼ਵਾ ਦਾ ਦ੍ਰਿਸ਼ਟਾਂਤ)।

੧. ਜਿਉ ਬਹੁ ਮਿਤੀ ਵੇਸੁਆ ਛਡੈ ਖਸਮੁ ਨਿਖਸਮੀ ਹੋਈ।
੨. ਪੁਤੁ ਜਣੇ ਜੇ ਵੇਸੁਆ ਨਾਨਕਿ ਦਾਦਕਿ ਨਾਉ ਨ ਕੋਈ।
੩. ਨਕਿ ਸਵਾਰਿ ਸੀਗਾਰਿਆ ਰਾਗ ਰੰਗ ਛਲਿ ਛਲੈ ਛਲੋਈ।
੪. ਘੁੰਡਾਹੇੜੂ ਅਹੇੜੀਆ ਮਾਣਸ ਮਿਰਗ ਵਿਣਾਹੁ ਸਥੋਈ।
੫. ਇਥੈ ਮਰੈ ਹਰਾਮ ਹੋਇ ਅਗੈ ਦਰਗਹ ਮਿਲੈ ਨ ਢੋਈ।
੬. ਦੁਖੀਆ ਦੁਸਟੁ ਦੁਬਾਜਰਾ ਜਾਣ ਰੁਪਈਆ ਮੇਖੀ ਸੋਈ।
੭. ਵਿਗੜੈ ਆਪਿ ਵਿਗਾੜੈ ਲੋਈ॥੯॥

**ਪਦਾਰਥ**-(ਬਹ ਮਿਤੀ=ਬਹੁ ਯਾਰਾਂ ਵਾਲੀ। ਅਹੇੜੀਆ=ਸ਼ਿਕਾਰੀਆਂ ਵਾਂਙੂ। (ਮਾਣਸ ਮਿਰਗ=ਮਨੁੱਖ ਮਿਰਗ।

**ਅਰਥ**-੧.ਜਿੱਕੁਰ ਬਾਹਲੇ ਯਾਰਾਂ ਵਾਲੀ ਵੇਸਵਾ (ਆਪਣੇ) ਖਸਮ ਨੂੰ ਛੱਡਕੇ ਨਿਚਸਮੀ ਹੋ ਜਾਂਦੀ ਹੈ। ੨.(ਉਹ) 'ਵੇਸਵਾ' ਜੇ ਪੁਤ੍ਰ ਜਣਦੀ ਹੈ, (ਤਾਂ ਉਸਦੇ) ਨਾਨਕੇ ਦਾਦਕੇ ਦਾ ਨਾਮ ਕੋਈ ਨਹੀਂ ਹੁੰਦਾ। ੩.ਨੱਕ ਨੂੰ ਨੱਥਾਂ ਤੋ ਲੌਂਗ ਪਾਕੇ ਸਵਾਰਦੀ ਹੈ, ਰਾਗ ਰੰਗਾਂ ਦੇ ਛਲਾਂ ਨਾਲ ਛਲਣੀ ਹੋਕੇ ਛਲ ਲੈਂਦੀ ਹੈ।੪.(ਅਹੇੜੀਆਂ) ਸ਼ਿਕਾਰੀਆਂ ਦੇ ਘੰਟੇ (ਵਾਂਙੂ ਗਾਉਂਕੇ ਮਨਮੁਖ ਰੂਪੀ) ਮਿਰਗ (ਜਿਹੜੇ ਉਸਦੇ) 'ਸਥੋਈ', ਸਾਥੀ ਹੁੰਦੇ ਹਨ, ਫਸਾ ਲੈਂਦੀ ਹੈ। (ਫਲ ਕੀ ਹੁੰਦਾ ਹੈ?) ੫.ਏਥੇ (ਇਸ ਸੰਸਾਰ ਵਿਖੇ ਹਰਾਮ ਹੋਕੇ ਨਿਸ਼ਫਲ ਜਨਮ ਗਵਾਕੇ) ਮਰ ਜਾਂਦੀ ਹੈ, ਅਗਲੀ ਦਰਗਾਹ ਵਿਖੇ (ਨਰਕ ਭੀ) ਢੋਈ ਨਹੀਂ ਦਿੰਦੇ। (ਛੇਕੜਲੀਆਂ ਦੋ ਤੁਕਾਂ ਵਿਖੇ ਦ੍ਰਿਸ਼ਟਾਂਤ ਦਿੰਦੇ ਹਨ)। ੬.ਗੁਬਾਜਰਾ ਦੁਸ਼ਟ ਪੁਰਖ ਵੇਸ਼ਵਾ (ਵਾਂਙੂ ਦੋ ਜਹਾਨਾਂ ਵਿਖੇ) ਦੁਖੀ ਰਹਿੰਦਾ ਹੈ, ਮਾਨੋ ਉਹ ਖੋਟਾ ਰੁਪੱਯਾ ਹੈ, ੭.ਆਪ ਵਿਗੜਦਾ ਹੈ ਨਾਲਦਿਆਂ ਸਾਥੀਆਂ ਨੂੰ ਵਿਗਾੜਦਾ ਹੈ।

**ਭਾਵ**-**"ਜੇ ਕੋਈ ਉਸਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥"** (ਆਸਾ: ਮ:੫-੧੦)

## ੧੦. (ਦੁਬਾਜਰਾ)।

੧. ਵਣਿ ਵਣਿ ਕਾਉ ਨ ਸੋਹਈ ਖਰਾ ਸਿਆਣਾ ਹੋਇ ਵਿਗੁਤਾ।
੨. ਚੁਤੜਿ ਮਿਟੀ ਜਿਸੁ ਲਗੇ ਜਾਣੈ ਖਸਮ ਕੁਮ੍ਹਾਰਾ ਕੁਤਾ।
੩. ਬਾਬਾਣੀਆਂ ਕਹਾਣੀਆਂ ਘਰਿ ਘਰਿ ਬਹਿ ਬਹਿ ਕਰਨਿ ਕੁਪੁਤਾ।
੪. ਆਗੂ ਹੋਇ ਮਹਾਇਦਾ ਸਾਥੁ ਛਡਿ ਚਉਰਾਹੇ ਸੁਤਾ।
੫. ਜੰਮੀ ਸਾਖ ਉਜਾੜਦਾ ਗਲਿਆ ਸੇਤੀ ਮੀਂਹ ਕੁਰੁਤਾ।
੬. ਦੁਖੀਆ ਦੁਸਟੁ ਦੁਬਾਜਰਾ ਖਟਰੁ ਬਲਦੁ ਜਿਵੈ ਹਲਿਜੁਤਾ।
੭. ਡਮਿ ਡਮਿ ਸਾਨੁ ਉਜਾੜੀ ਮੁਤਾ ॥੧੦॥

**ਪਦਾਰਥ**-(ਖਸਮ ਕੁਮ੍ਹਾਰਾ ਕੁਤਾ=ਘੁਮਿਆਰ ਖਸਮ ਦਾ ਕੁੱਤਾ। (ਗਲਿਆ=ਗੜਿਆਂ ਨਾਲ। ਖਟਰੁ=ਅੜੀਅਲ। ਡਮਿ ਡਮਿ=ਅੱਗ ਦਾ ਦਾਗ।)

**ਅਰਥ**-੧.ਵਣਾਂ ਵਣਾਂ ਵਿਚ (ਆਲ੍ਹਣੇ ਬਾਝ) ਕਾਉਂ ਫਿਰਦਾ ਨਹੀਂ ਸੋਭਦਾ, ਸਿਆਣਾ ਹੋਕੇ ਖਰਾ ਖਰਾਬ ਹੁੰਦਾ(ਕਿਉਂ ਜੋ ਕਹਾਵਤ ਹੈ 'ਸਿਆਣਾ ਕਾਉਂ ਅਰੂੜੀਆਂ ਤੇ ਬਹਿੰਦਾ ਹੈ') ੨.ਜਿਸ ਕੁਤੇ ਦੇ ਚਿਤੜਾਂ ਪੁਰ ਗਾਰਾ ਲੱਗ ਜਾਵੇ ਉਹ ਆਪ ਨੂੰ (ਹੰਕਾਰ) ਨਾਲ ਘੁਮਿਆਰਾਂ ਦੇ ਖਸਮ ਦਾ

ਕੁੱਤਾ ਮੰਨਦਾ ਹੈ (ਕਿ ਮੈਂ ਵਡੇ ਘੁਮਿਆਰ ਦਾ ਪਾਲਤੂ ਹਾਂ)। ੩.ਵਡਿਆਂ ਦੀਆਂ (ਜਾਂ ਆਪਣੇ ਮਾਪਿਆਂ ਦੀਆਂ) ਕਹਾਣੀਆਂ ਕਪੁੱਤ੍ਰ ਘਰ ਬਹਿ ਬਹਿਕੇ ਕਰਦੇ ਫਿਰਦੇ ਹਨ (ਘਰ ਦਾ ਭੇਤ ਨਹੀਂ ਰੱਖ ਸਕਦੇ ਅਰਥਾਤ ਆਪਣੇ ਵਿਚ ਗੁਣ ਕੋਈ ਨਹੀਂ, ਵਡਿਆਂ ਦਾ ਨਾਉਂ ਲੈ ਕੇ ਸ਼ੇਖੀਆਂ ਮਾਰਦੇ ਹਨ)। ੪.ਜੋ ਪੁਰਖ ਆਗੂ ਹੋਕੇ ਸਾਥ ਨੂੰ ਛਡਦੇ ਅਰ ਆਪ ਹੀ ਚਉਰਾਹੇ ਸੌਂ ਰਹੇ, (ਉਹ ਸਾਥ ਨੂੰ) ਲੁਟਾ ਬੈਠਦਾ ਹੈ। ੫.ਕੁਰੁੱਤਾ ਮੀਂਹ ਗੜਿਆਂ ਵਾਲਾ ਜੰਮੀ ਜਮਾਈ ਪੈਲੀ ਦਾ ਨਾਸ਼ ਕਰ ਦਿੰਦਾ ਹੈ। (ਉਕਤ ਦ੍ਰਿਸ਼ਟਾਂਤਾਂ ਦਾ ਦ੍ਰਿਸ਼ਟਾਂਤ ਦੁਬਾਜਰੇ ਪੁਰ ਘਟਾਉਂਦੇ ਹਨ)। ੬.ਦੁਬਾਜਰਾ ਦੁਸ਼ਟ ਪੁਰਖ ('ਖੱਟਰ' ਮਰਿੱਕੜੇ ਜਾਂ) ਅੜੀਅਲ ਬਲਦ ਵਾਂਙੂ ਹਲਾਂ ਵਿਚ ਜੋਇਆ ਹੋਇਅ (ਸਦਾ) ਦੁਖੀ ਰਹਿੰਦਾ ਹੈ (ਕਿਉਂ ਜੋ ਸੋਟੀਆਂ ਤੇ ਆਰ ਨਾਲ ਲਹੂ ਲੁਹਾਣ ਹੋ ਜਾਂਦਾ ਹੈ। ਉਸ ਨਾਲ ਕੀ ਸਲੂਕ ਕਰਦੇ ਹਨ?) ੭.ਅੱਗ ਦਾ ਦਾਗ ਲਾਕੇ ਸਾਨ੍ਹ ਕਰਕੇ ਉਜਾੜੀਂ ਛੱਡ ਦੇਂਦੇ ਹਨ।

**ਭਾਵ**- ਦੁਬਾਜਰੇ ਦਾ ਕੋਈ ਵਾਹਰੂ ਨਹੀਂ ਬਣਦਾ ਹੈ, ਪਰਾਈਆਂ ਪੈਲੀਆਂ ਖਾਕੇ ਮਾਰਾਂ ਖਾਂਦਾ ਹੈ, ਇੱਕੁਰ ਦੋਭਿਤੀਆਂ ਭੀ ਮਨ ਦਾ ਫਲ ਸੰਸਾਰ ਜੰਗਲ ਵਿਖੇ ਸਾਨ੍ਹ ਵਾਂਗੂ ਭੋਗਦਾ ਫਿਰਦਾ ਹੈ।

## ੧੧. (ਦੁਬਾਜਰਾ ਦੁਖੀਆ ਹੈ)।

੧. ਦੁਖੀਆ ਦੁਸਟੁ ਦੁਬਾਜਰਾ ਤਾਮੇ ਰੰਗਹੁ ਕੈਹਾ ਹੋਵੈ।
੨. ਬਾਹਰੁ ਦਿਸੈ ਉਜਲਾ ਅੰਦਰਿ ਮਸੁ ਨ ਧੋਪੈ ਧੋਵੈ।
੩. ਸੰਨੀ ਜਾਣੁ ਲੁਹਾਰ ਦੀ ਹੋਇ ਦੁਮੂਹੀਂ ਕੁਸੰਗ ਵਿਗੋਵੈ।
੪. ਖਿਣੁ ਤਤੀ ਆਰਣਿ ਵੜੈ ਖਿਣੁ ਠੰਢੀ ਜਲੁ ਅੰਦਰਿ ਟੋਵੈ।
੫. ਤੁਮਾ ਦਿਸੈ ਸੋਹਣਾ ਚਿਤ੍ਰਮਿਤਾਲਾ ਵਿਸੁ ਵਿਲੋਵੈ।
੬. ਸਾਉ ਨ ਕਉੜਾ ਸਹਿ ਸਕੈ ਜੀਭੈ ਛਾਲੇ ਅੰਞੂ ਰੋਵੈ।
੭. ਕਲੀ ਕਨੇਰ ਨ ਹਾਰਿ ਪਰੋਵੈ ॥੧੧॥

**ਪਦਾਰਥ**-(ਤਾਮੇ ਰੰਗਹੁ ਕੈਹਾ=ਤਾਂਬੇ ਦੇ ਰੰਗ ਥੋਂ ਕੈਹਾਂ (ਲਾਲ ਰੰਗ ਤੋਂ ਚਿੱਟਾ) ਤਾਂਬੇ (ਵਿਚ ਕਲੀ ਮਿਲਾਕੇ ਕੈਹਾਂ ਹੁੰਦਾ ਹੈ। ਮਸੁ=ਸ਼ਾਹੀ। ਵਿਸੁ ਵਿਲੋਵੈ=ਜ਼ਹਿਰ (ਰਿੜਕਦਾ, ਕੱਢਦਾ ਹੈ। ਕਲੀ ਕਨੇਰ=ਕਨੇਰ ਦੀਆਂ ਕਲੀਆਂ।)

**ਅਰਥ**-੧.ਦੁਖੀਆ ਦੁਸ਼ਟ ਦੁਬਾਜਰਾ ਕੈਹੇਂ ਧਾਤ ਵਾਂਙੂ ਹੈ ਜੋ ਤਾਂਬੇ ਰੰਗ ਤੋਂ ਕੈਹਾਂ ਬਣ ਜਾਂਦਾ ਹੈ। ੨.ਜੋ ਬਾਹਰੋਂ ਚਿੱਟਾ ਦਿਸਦਾ ਹੈ, ਅੰਦਰੋਂ ਕਾਲਖ ਧੋਤਿਆਂ ਨਹੀਂ ਜਾ ਸਕਦੀ (''**ਉੱਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ਧੋਤਿਆਂ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥**'') (ਸੂਹੀ: ਮ:੧-੩) ੩.ਲੁਹਾਰ ਦੀ ਸੰਨ੍ਹੀਂ ਦੁਮੂੰਹੀ ਹੁੰਦੀ ਹੈ, ਉਹ ਭੀ ਕੁਸੰਗਤ ਵਿਚ ਖਰਾਬ ਹੁੰਦੀ ਹੈ। ੪.(ਕਿਉਂ ਜੋ) ਪਲ ਵਿਖੇ (ਆਰਣ) ਭੱਠੀ ਵਿਖੇ ਵੜਕੇ ਤੱਤੀ ਤੇ ਪਲ ਵਿਖੇ ਠੰਢੀ ਹੁੰਦੀ ਹੈ ਪਾਣੀ ਦੇ ਟੋਏ ਵਿਖੇ ਵੜਕੇ। ੫.ਤੁੰਮਾ ਵੇਖਣ ਨੂੰ ਸੋਹਣਾ ਦਿਸਦਾ ਹੈ, ਚਿੱਤ੍ਰਮਿੱਤ੍ਰਾ ਰੰਗ ਹੈ, (ਪਰੰਤੂ) ਜ਼ਹਿਰ ਨੂੰ ਰਿੜਕਦਾ ਹੈ (ਭਾਵ ਕੌੜੱਤਣ ਬਾਹਰ ਕੱਢਦਾ ਹੈ)। ੬.ਉਸ ਦੇ ਕੌੜੇ ਸੁਆਦ ਨੂੰ ਕੋਈ ਸਹਾਰ ਨਹੀਂ ਸਕਦਾ, ਜੀਭ ਨੂੰ ਛਾਲੇ ਪਾ ਦਿੰਦਾ ਹੈ ਤਦੋਂ ਹੰਝੂਆਂ ਭਰ ਕੇ (ਖਾਣ ਵਾਲਾ) ਰੋਂਦਾ ਹੈ (ਕਿ ਮੈਂ ਕਿਉਂ ਖਾ ਬੈਠਾ)। ੭.ਕਨੇਰ ਦੀਆਂ ਕਲੀਆਂ ਦਾ ਹਾਰ ਪੁਰੋਕੇ (ਕੋਈ ਗਲ ਵਿਚ) ਨਹੀਂ (ਪਾਉਂਦਾ ਕਿਉਂ ਜੋ ਇਸ ਵਿਚ ਸੁਗੰਧੀ ਦਾ ਤਾਂ ਮੁਸ਼ਕ ਭੀ ਨਹੀਂ ਹੈ। ਛੜਾ ਦੇਖਣ ਨੂੰ ਚੰਗਾ ਲਗਦਾ ਹੈ, ਦੁੱਧ ਇਸਦਾ ਜ਼ਹਿਰ ਦਾਰ ਹੁੰਦਾ ਹੈ।

**ਭਾਵ**-ਤਿਹਾ ਹੀ ਉਪੰਰ ਕਹੇ ਹੋਏ ਦ੍ਰਿਸ਼ਟਾਂਤਾਂ ਵਾਂਙੂ ਦੁਬਾਜਰਾ ਹੈ ਜੋ ਕਿ ਗੁਰੂ ਜੀ ਦੇ ਪਾਸ ਨਿੰਮ੍ਰਤਾ ਤੇ ਪਿੱਠ ਪਿਛੇ ਵਿਖ ਘੋਲਦਾ ਹੈ, ਉਹ ਕੈਹੇਂ ਦੀ ਕਾਲਖ ਵਾਂਗੂੰ ਕਿੰਨਾ ਧੋਵੋ ਕਦੇ ਉਂਜਲਾ ਨਾ ਹੋਊ।


www.sikhbookclub.com

## ੧੨. (ਦੂਜਾ ਭਾਉ ਹਾਰ ਦੇਂਦਾ ਹੈ)।

੧. ਦੁਖੀਆ ਦੁਸਟ ਦੁਬਾਜਰਾ ਸੁਤਰ ਮੁਰਗ ਹੋਇ ਕੰਮਿ ਨ ਆਵੈ।
੨. ਉਡਣਿ ਉਡੈ ਨ ਲਦੀਐ ਪੁਰਸੁਸ ਹੋਈ ਆਪੁ ਲਖਾਵੈ।
੩. ਹਸਤੀ ਦੰਦ ਵਖਾਣੀਅਨਿ ਹੋਰ ਦਿਖਾਲੈ ਹੋਰਤ ਖਾਵੈ।
੪. ਬਕਰੀਆਂ ਨੋ ਚਾਰ ਥਣ ਦੁਇ ਗਲ ਵਿਚਿ ਦੁਇ ਲੇਵੈ ਲਾਵੈ।
੫. ਇਕਨੀ ਦੁਧੁ ਸਮਾਂਵਦਾ ਇਕ ਠਗਾਊ ਠੱਗ ਠਗਾਵੈ।
੬. ਮੋਰਾਂ* ਅਖੀ ਚਾਰਿ ਚਾਰਿ ਉਇ ਦੇਖਨਿ ਓਨੀ ਦਿਸਿ ਨ ਆਵੈ।
੭. ਦੂਜਾ ਭਾਉ ਕੁਦਾਉ ਹਰਾਵੈ ॥੧੨॥

**ਪਦਾਰਥ**-(ਸੁਤਰ ਮੁਰਗ=ਊਠ ਪੰਛੀ, ਲਮਢੀਂਗ ਜਾਤ ਦਾ ਸਭ ਤੋਂ ਵੱਡਾ ਪੰਛੀ ਜੋ ਬੜਾ (ਹੀ ਦੌੜਦਾ ਹੈ। ਪੁਰਸੁਸ=ਪੁੱਛ। ਲੇਵੇ=ਹਵਾਨੇ ਨਾਲ ਲਗੇ ਹਨ।

**ਅਰਥ**-੧.ਦੁਖੀਆ ਦੁਸ਼ਟ ਦੁਬਾਜਰਾ ਸ਼ੁਤਰ ਮੁਰਗ ਵਾਙੂ (ਬੜਾ ਵੱਡਾ ਹੋਕੇ ਭੀ) ਕੰਮ ਨਹੀਂ ਆਉਂਦਾ। ੨.ਕਿਉਂ ਜੋ ਉਡਾਰੀ (ਪੰਛੀਆਂ ਵਾਂਙੂ) ਨਹੀਂ ਉਡ ਸਕਦਾ (ਅਤੇ ਊਠਾਂ ਵਾਂਙੂ) ਲੱਦਿਆ ਭੀ ਨਹੀਂ ਜਾ ਸਕਦਾ, (ਨਾਮ ਸ਼ੁਤਰ ਮੁਰਗ ਭਈ ਊਠ ਤੇ ਪੰਛੀ ਹੈ, ਜਦ ਕੋਈ) ਪੁੱਛ ਕਰੇ ਤਦੋਂ ਆਪਣਾ ਆਪ ਲਖਾਉਂਦਾ ਹੈ, (ਕਿ ਮੈਂ ਸਭ ਪੰਛੀਆਂ ਵਿਚੋਂ ਵਡਾ ਸ਼ੁਤਰ ਮੁਰਗ ਹਾਂ।) ੩.ਹਾਥੀ ਦੇ ਦੰਦ ਕਹੀਦੇ ਹਨ, (ਪਰੰਤੂ) ਦਿਖਾਣ ਦੇ ਹੋਰ ਅੇਤ ਖਾਣ ਦੇ ਹੋਰ ਹੁੰਦੇ ਹਨ। ੪.ਬਕਰੀਆਂ ਦੇ ਥਣ ਚਾਰ ਹਨ, ਦੋ ਹਵਾਨੇ ਨਾਲ ਤੇ ਦੋ ਗਲ ਵਿਖੇ ਹੁੰਦੇ ਹਨ। ਇਕਨਾ ਵਿਖੇ ਦੁੱਧ ਹੈ ਦੂਜੇ (ਗਲ ਵਾਲੇ) ਠਗਾਊ ਠੱਗ ਹੋ ਕੇ ਲੋਕਾਂ ਨੂੰ ਠੱਗਦੇ ਹਨ। ੬.ਮੋਰਾਂ ਦੀਆਂ ਚਾਰ ਚਾਰ (ਬਹੁਤੀਆਂ) ਅੱਖਾਂ ਹੁੰਦੀਆਂ ਹਨ, (ਸਿਰ ਵਾਲੀਆਂ) ਅੱਖਾਂ ਦੇਖਦੀਆਂ ਹਨ, (ਪਰ ਉਨ੍ਹਾਂ ਖੰਭਾਂ ਵਾਲੀਆਂ ਨੂੰ) ਕੁਝ ਨਹੀਂ ਦਿੱਸ ਆਉਂਦਾ। ੭.ਦ੍ਵੈਤ ਦਾ ਪਰਕਾਰ ਖੋਟਾ ਦਾਉ ਹੈ (ਜਦ ਕਦੀ) ਹਾਰ ਹੀ ਦਿਵਾਂਵਦਾ ਹੈ।

**ਭਾਵ**-ਦੂਜੇ ਭਾਉ ਵਾਲੇ ਇਸਤ੍ਰੀ ਪੁਰਖ ਉਪਰੋਂ ਹੋਰ ਅੰਦਰੋਂ ਹੋਰ ਹੁੰਦੇ ਹਨ ਅਰ ਅੰਤ ਨੂੰ ਹਾਰਦੇ ਹਨ।

## ੧੩. (ਦ੍ਵੈਤ ਤੋਂ ਸਾੜਾ)।

੧. ਦੰਮਲ ਵਜੈ ਦੁਹੁ ਧਿਰੀ ਖਾਇ ਤਮਾਚੇ ਬੰਧਨਿ ਜੜਿਆ।
੨. ਵਜਨਿ ਰਾਗ ਰਬਾਬ ਵਿਚਿ ਕੰਨ ਮਰੋੜੀ ਫਿਰਿ ਫਿਰਿ ਫੜਿਆ।
੩. ਖਾਨ ਮਜੀਰੇ ਟਕਰਾਂ ਸਿਰ ਤਨ ਭੰਨਿ ਮਰਦੇ ਕਰਿ ਧੜਿਆ।
੪. ਖਾਲੀ ਵਜੈ ਵੰਝੁਲੀ ਦੇ ਸੂਲਾਕ ਨ ਅੰਦਰਿ ਵੜਿਆ।
੫. ਸੁਇਨੇ ਕਲਸੁ ਸਵਾਰੀਐ ਭੰਨਾ ਘੜਾ ਨ ਜਾਈ ਘੜਿਆ।
੬. ਦੂਜਾ ਭਾਉ ਸੜਾਣੈ ਸੜਿਆ ॥੧੩॥

**ਪਦਾਰਥ**-(ਦੰਮਲ=ਢੋਲ, ਮ੍ਰਿਦੰਗ। ਮਜੀਰੇ=ਛੈਣੇ ਕਲਸੁ=ਘੜਾ। ਸੜਾਣੈ=ਅੱਗ, ਨਰਕ।

**ਅਰਥ**-੧.ਢੋਲ ਦੋ-ਪਾਸੀਂ ਵੱਜਦਾ ਹੈ, ਤਮਾਚੇ ਖਾਂਦਾ, ਰੱਸੀਆਂ ਨਾਲ ਘੁੱਟਕੇ ਜੜੀਦਾ ਹੈ (ਦੋ ਮੂੰਹੇ ਹੋਣ ਦਾ ਇਹ ਭਾਵ ਹੈ)। ੨.ਰਬਾਬ ਵਿਖੇ ਰਾਗ ਵੱਜਦੇ ਹਨ, ਕਿੱਲੀਆਂ ਰੂਪੀ ਕੰਨ ਮਰੋੜੀਦੇ ਫੇਰ ਫੇਰ ਫੜੀਦੇ ਹਨ (ਅੰਦਰ ਰਾਗ ਦ੍ਵੈਖ ਦਾ ਡੰਨ ਮਿਲਦਾ ਹੈ)। ੩.ਛੈਣੇ ਮਰਦਾਂ ਦੇ ਹੱਥਾਂ ਵਿਖੇ (ਧੜ ਧੜ ਸ਼ਬਦ ਕਰਕੇ) ਸਿਰ ਅਤੇ ਤਨ ਨੂੰ ਭੰਨ ਭੰਨ ਕੇ ਟੱਕਰਾਂ ਮਾਰਦੇ ਹਨ (ਮਾਨੋਂ ਦ੍ਵੈਤ ਦਾ ਫਲ ਦੱਸਦੇ ਹਨ)। ੪.ਬਾਂਸਰੀ ਖਾਲੀ ਹੋਵੇ ਤਾਂ ਵੱਜਦੀ ਹੈ, (ਜੇਕਰ ਉਸ ਦੇ ਅੰਦਰ ਕੋਈ ਰੋਕ ਵਾਲੀ

*ਪਾ =ਹਰਣਾ।

ਚੀਜ਼ ਵੜੇ ਤਦੋਂ 'ਸੁਲਾਕ') ਸਲਾਈਆਂ ਦਿੱਤੀਆਂ ਜਾਂਦੀਆਂ ਹਨ ਕਿ ਅੰਦਰੋਂ ਸਾਫ ਹੋਕੇ ਵੱਜੇ। ੫.ਸੋਨੇ ਦਾ ਘੜਾ ਭੱਜੇ ਤਾਂ ਫੇਰ ਸਵਾਰੀਦਾ ਹੈ, ਮਿੱਟੀ ਦਾ ਭੱਜਿਆ ਹੋਇਆ (ਫੇਰ) ਨਹੀਂ ਘੜੀਦਾ (ਉਹ ਕਿੱਥੇ ਸਿੱਟੀਦਾ ਹੈ? ਸੜੇਹਾਨ ਵਾਲੀਆਂ ਥਾਵਾਂ ਅਰਥਾਤ ਅਰੂੜੀਆਂ ਪੁਰ ਉਸ ਦੀਆਂ ਠੀਕਰੀਆਂ ਸਿੱਟੀਦੀਆਂ ਹਨ)। ੬.(ਤਿਹਾ ਹੀ) ਦੂਜੇ ਭਾਉ ਵਾਲੇ (ਜੋ ਭੰਨੇ ਹੋਏ ਘੜੇ ਵਾਙੂ ਨਿਕਾਰੇ ਹੁੰਦੇ ਹਨ ਓਹ ਨਰਕਾਂ ਦੀ) ਅੱਗ ਵਿਖੇ ਹੀ ਸਾੜੇ ਜਾਂਦੇ ਹਨ।

## ੧੪. (ਦੁਬਾਜਰਾ ਸੁਧਰਦਾ ਨਹੀਂ)।

੧. ਦੁਖੀਆ ਦੁਸਟੁ ਦੁਬਾਜਰਾ ਬਗੁਲ ਸਮਾਧਿ ਰਹੈ ਇਕ ਟੰਗਾ।
੨. ਬਜਰ ਪਾਪ ਨ ਉਤਰਨਿ ਘੁਟਿ ਘੁਟਿ ਜੀਅ ਖਇ ਵਿਚਿ ਗੰਗਾ।
੩. ਤੀਰਥ ਨਾਵੈ ਤੂੰਬੜੀ ਤਰਿ ਤਰਿ ਤਨੁ ਧੋਵੈ ਕਰਿ ਨੰਗਾ।
੪. ਮਨ ਵਿਚਿ ਵਸੈ ਕਾਲਕੂਟੁ ਭਰਮੁ ਨ ਉਤਰੈ ਕਰਮੁ ਕੁਢੰਗਾ।
੫. ਵਰਮੀ ਮਾਰੀ ਨ ਮਰੈ ਬੈਠਾ ਜਾਇ ਪਤਾਲਿ ਭੁਇਅੰਗਾ।
੬. ਹਸਤੀ ਨੀਰਿ ਨਵਾਲੀਐ ਨਿਕਲਿ ਖੇਹ ਉਡਾਏ ਅੰਗਾ।
੭. ਦੂਜਾ ਭਾਉ ਸੁਆਉ ਨ ਚੰਗਾ ॥੧੪॥

**ਪਦਾਰਥ**-(ਕਾਲਕੂਟੁ=ਵਿਖ। ਸੁਆਵੁ=ਸੁਆਦ, ਪ੍ਰਯੋਜਨ।)

**ਅਰਥ**-੧.ਰਾਗ ਦ੍ਵੈਖ ਵਾਲਾ ਦੁਸ਼ਟ ਪੁਰਖ (ਕਪਟ) ਸਮਾਧੀ (ਹੋਕੇ) ਬਗਲੇ (ਵਾਂਙੂ) ਇਕ ਟੰਗ ਦੇ ਭਾਰ (ਦੁਖੀਆ) ਰਹਿੰਦਾ ਹੈ। ੨.ਗੰਗਾ ਦੇ ਕਿਨਾਰੇ ਪਕੜ ਪਕੜਕੇ ਜੀਆਂ ਨੂੰ ਖਾਣ ਦਾ ਪਾਪ ਬੱਜਰ ਵਾਂਙੂ ਉਸ ਦੇ ਸਿਰ ਚੜ੍ਹਿਆ ਲਹਿੰਦਾ ਨਹੀਂ। ੩.'ਤੂੰਬੜੀ' (ਪ੍ਰਯਾਗਾਦਿਕ) ਤੀਰਥਾਂ ਵਿਖੇ ਨ੍ਹਾਉਂਦੀ ਹੈ, ਨੰਗਾ ਪਿੰਡਾ ਕਰਕੇ ਆਪ ਨੂੰ ਧੋਂਦੀ ਤੇ ਤਰਦੀ ਰਹਿੰਦੀ ਹੈ, (ਪਰੰਤੂ) ੪.ਮਨ ਵਿਖੇ ਜ਼ਹਿਰ ਰਹਿੰਦੀ ਹੈ (ਕਿਉਂ ਜੋ) ਭਰਮ ਦਾ ਕਰਮ ਖੋਟੇ ਢੰਗ ਵਾਲਾ ਨਹੀਂ ਉਤਰਦਾ (ਉਪਰੋਂ ਪਿੰਡਾ ਧੋਣ ਨਾਲ ਕੀ ਹੋ ਸਕਦਾ ਹੈ ਯਥਾ:-"**ਲਉਕੀ ਅਠ ਸਠਿ ਤੀਰਥ ਨਾਈ ॥ ਕਉਰਾਪਨੁ ਤਊ ਨ ਜਾਈ॥**") (ਸੋਰ: ਕਬੀ:੯) ੫.'ਵਰਮੀ' (ਖੁੱਡ) ਦੇ ਮਾਰਿਆਂ ਸੱਪ ਨਹੀਂ ਮਰਦਾ (ਕਿਉਂ ਜੋ ਉਹ) ਪਤਾਲ ਵਿਖੇ ਡੇਰਾ ਲਾਈ ਬੈਠਾ ਹੈ, (ਭਾਵ ਮਨ ਡੂੰਘੇ ਭਰਮ ਵਿਖੇ ਫਸਿਆ ਹੋਇਆ ਹੈ)। ੬.ਹਾਥੀ ਨੂੰ (ਕਿੰਨਾ) ਪਾਣੀ ਵਿਚ ਨੁਹਾਈਏ, ਨਿਕਲਦੇ ਸਾਰ ਸੁਆਹ ਸਿਰ ਪਰ ਧੂੜਦਾ ਹੈ (ਤਿਹਾ ਹੀ ਸਤਿਸੰਗੋਂ ਬਾਹਰ ਨਿਕਲਦਾ ਹੀ ਮਨਮੁਖ ਵਿਖਿਆਂ ਦੀ ਮਿੱਟੀ ਦਾ ਬੁਕ ਸਿਰ ਪੁਰ ਮਲਦਾ ਹੈ)। ੭.ਦੂਜੇ ਭਾਉ ਦਾ ਸੁਆਦ ਚੰਗਾ ਨਹੀਂ ਹੈ (ਪਾਪਾਂ ਦਾ ਫਲ ਮੌਤ ਹੀ ਹੈ)।

## ੧੫. (ਦੁਬਾਜਰੇ ਦਾ ਅੰਤ)।

੧. ਦੂਜਾ ਭਾਉ ਦੁਬਾਜਰਾ ਮਨ ਪਾਟੈ ਖਰਬਾਙੂ ਖੀਰਾ।
੨. ਅਗਹੁ ਮਿਠਾ ਹੋਇ ਮਿਲੈ ਪਿਛਹੁ ਕਉੜਾ ਦੋਖੁ ਸਰੀਰਾ।
੩. ਜਿਉ ਬਹੁ ਮਿਤਾ ਕਵਲ ਫੁਲੁ ਬਹੁਰੰਗੀ ਬੰਨ੍ਹਿ ਪਿੰਡੁ ਅਹੀਰਾ।
੪. ਹਰਿਆ ਤਿਲੁ ਬੂਆੜ ਜਿਉ ਕਲ ਕਨੇਰ ਦੁਰੰਗ ਨ ਧੀਰਾ।
੫. ਜੇ ਸਉ ਹਥਾ ਨੜੁ ਵਧੈ ਅੰਦਰੁ ਖਾਲੀ ਵਾਜੁ ਨਫੀਰਾ।
੬. ਚੰਨਣ ਵਾਸ ਨ ਬੋਹੀਅਨਿ ਖਹਿ ਖਹਿ ਵਾਸ ਜਲਨਿ ਬੇਪੀਰਾ।
੭. ਜਮ ਦਰ ਚੋਟਾ ਸਹਾ ਵਹੀਰਾ ॥੧੫॥

**ਪਦਾਰਥ**-(ਮਨ ਪਾਟੈ=ਮਨ ਦਾ ਫਟਿਆ ਹੋਇਆ। ਖਰਬਾਙੂ ਖੀਰਾ=ਫਿੱਟਿਆ ਦੁਧ।)

**ਪਦਾਰਥ**-(ਬਹੁ ਮਿਤਾ=ਬਹੁਤਿਆਂ ਦਾ ਮਿੱਤਰ, ਫੁਲ ਫਲ ਪਰ ਬੈਠਣੇ ਵਾਲਾ ਭਾਵ ਭੌਰਾ।
(ਪਿੰਡੁ ਅਹੀਰਾ=ਗੋਇਲਵਾਸ। ਨ ਧੀਰਾ=ਸਿਥਿਤ ਨ ਰਹਿਣ ਵਾਲਾ।
(ਨੜੁ=ਪਤੀਲੀ ਜਿਨਸ ਦਾ ਵਾਂਸ। ਨੜਾ। ਨਫੀਰਾ=ਤੂਤੀਆਂ।
(ਸਹਾ ਵਹੀਰਾ=ਭੀੜਾਂ ਸਹਾਰਦੀਆਂ ਹਨ।

**ਅਰਥ**-੧.ਦੂਜੇ ਭਾਇ ਵਾਲਾ ਮਨਮੁਖ ਤਨ ਦਾ ਇਉਂ ਫਟਿਆ ਰਹਿੰਦਾ ਹੈ (ਜਿੱਕੁਰ) ਫਿੱਟਿਆ ਹੋਇਆ ਦੁੱਧ ਹੁੰਦਾ ਹੈ। ੨.ਪਹਿਲੇ ਤਾਂ ਮਿੱਠਾ ਮਲੂਮ ਹੁੰਦਾ ਹੈ, (ਖਾਣ ਥੋਂ) ਪਿਛੋਂ ਕਉੜਾ ਹੋਕੇ ਸਰੀਰ ਨੂੰ ਰੋਗ ਲਾ ਦਿੰਦਾ ਹੈ। ੩.ਜਿੱਕੁਰ 'ਬਹੁਮਿੱਤਾ' ਭੌਰਾ ਬਹੁਰੰਗੀ ਕਵਲ ਫੁਲਾਂ ਦੇ ਬਨ ਨੂੰ ਅਹੀਰਾਂ ਦੇ ਪਿੰਡ (ਵਾਂਡੂ ਪੱਕਾ ਪਿੰਡ ਸਮਝ ਬੈਠਦਾ ਹੈ, ਇਹ ਨਹੀਂ ਜਾਣਦਾ ਕਿ ਇਹ ਤਾਂ ਗੋਇਲ ਵਾਸ ਹੈ)। ੪.ਹਰੇ ਬੂਆੜ ਦੇ ਤਿਲ ਅਰ ਕਨੇਰ ਦੀ ਕਲੀ ਵਾਂਡੂ ਦੁਰੰਗੀ (ਸੰਸਾਰ) ਹੈ ('ਨ ਧੀਰਾ' ਕਹੀਏ) ਸਿਥਿਤ ਰਹਿਣ ਹਾਰਾ ਨਹੀਂ, (ਉਪਰੋਂ ਹੀ ਸੁਹਣਾ ਜਾਪਦਾ ਹੈ ਅੰਦਰੋਂ ਖਾਲੀ ਹੈ।) (ਹੇਠਲੀਆਂ ਦੋ ਤੁਕਾਂ ਵਿਖੇ ਦ੍ਰਿਸ਼ਟਾਂਤ ਦਿੰਦੇ ਹਨ)। ੫.ਜੇਕਰ ਸੌ ਹੱਥ ਬੀ ਨੜਾ ਵਧ ਜਾਵੇ ਫੇਰ ਬੀ ਅੰਦਰੋਂ ਖਾਲੀ ਹੈ, ਮੁਰਲੀਆਂ ਦੇ ਕੰਮ (ਤੋਂ ਬੀ ਸੱਖਣਾ ਹੈ, ਖਾਲੀ ਦੇਹੁਰੀ ਦੀਪਕ ਹੈ)। ੬.ਚੰਦਨ ਦੇ ਪਾਸ ਰਹਿਕੇ ਉਸ ਦੀ ਸੁਗੰਧੀ ਨਾਲ ਵਾਂਸ ਸੁਗੰਧਿਤ ਨਹੀਂ ਹੁੰਦੇ, ਸੰਗਮਾਂ ਬੇਪੀਰੇ ਆਪੋ ਵਿਚ (ਹੰਕਾਰ ਨਾਲ )ਖਹਿ ਖਹਿਕੇ ਸੜ ਜਾਂਦੇ ਹਨ। ੭.ਜਮ ਦੇ ਦਰਵਾਜੇ ਪੁਰ (ਮਨਮੁਖਾਂ ਦੀਆਂ ਵਹੀਰਾਂ ਭੀੜਾਂ ਚੋਟਾਂ ਸਹਾਰਦੀਆਂ ਹਨ।

**ਭਾਵ**-ਯਥਾ:-''**ਬਾਰ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥**'' (ਗੂਜ: ਵਾਰ-੧੦) ਅਰਥਾਤ ਬਿਗਾਨੀ ਬਾਰ (ਜਮ ਦੇ ਰਸਤੇ ਵਿਖੇ) ਵੱਡੀਆਂ ਚੀਕਾਂ ਰਾਹਾਂ ਵਿਖੇ ਪੈਂਦੀਆਂ ਹਨ।

## ੧੬. (ਦੁਬਾਜਰੇ ਦੀ ਨਿੰਮ੍ਰਤਾ ਬੀ ਬੁਰੀ ਹੈ)।

੧. ਦੂਜਾ ਭਾਉ ਦੁਬਾਜਰਾ ਬਧਾ ਕਰੈ ਸਲਾਮੁ ਨ ਭਾਵੈ।
੨. ਢੀਂਗ ਜੁਹਾਰੀ ਢੀਂਗਲੀ ਗਲਿ ਬਧੇ ਓਹੁ ਸੀਸੁ ਨਿਵਾਵੈ।
੩. ਗਲਿ ਬਧੇ ਜਿਉ ਨਿਕਲੈ ਖੂਹਹੁ ਪਾਣੀ ਉਪਰਿ ਆਵੈ।
੪. ਬਧਾ ਚਟੀ ਜੋ ਭਰੈ ਨ ਗੁਣ ਨਾ ਉਪਕਾਰੁ ਚੜਾਵੈ।
੫. ਨਿਵੈ ਕਮਾਣ ਦੁਬਾਜਰੀ ਜਿਹ ਫੜਿਦੇ ਇਕ ਸੀਸ ਸਹਾਵੈ।
੬. ਨਿਵੈ ਅਹੇੜੀ ਮਿਰਗੁ ਦੇਖਿ ਕਰੈ ਵਿਸਾਹ ਧ੍ਰੋਹੁ ਸਰੁ ਲਾਵੈ।
੭. ਅਪਰਾਧੀ ਅਪਰਾਧ ਕਮਾਵੈ ॥੧੬॥

**ਪਦਾਰਥ**-(ਢੀਂਗਲੀ=ਜਿਸ ਜੰਤ੍ਰ ਨਾਲ ਪਾਣੀ ਕਢੀਦਾ ਹੈ। ਜਿਹ=ਚਿੱਲਾ।
(ਸਹਾਵੈ=ਸਮਾ ਜਾਂਦੀ ਹੈ, ਭਾਵ ਵਿੰਨ੍ਹ ਦਿੰਦੀ ਹੈ। )

**ਅਰਥ**-੧.ਦੂਜੇ ਭਾਉ ਵਾਲਾ ਦੁਬਾਜਰਾ (ਜੋ) ਬੱਧੋਗੀਰੀ ਨਾਲ ਨਿਉਂਕੇ ਸਲਾਮ ਕਰਦਾ ਹੈ, (ਤਾਂ ਉਹ ਕਿਸੇ ਨੂੰ) ਭਾਉਂਦਾ ਨਹੀਂ। (ਲਿਖਿਆ ਹੈ:-''**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ**'' ॥ (ਆਸਾ: ਮ:੧-ਅਸਟ-੧) ਦੁਖ ਵੇਲੇ ਤਾਂ ਹਰ ਕੋਈ ਬੱਧਾ ਚੌਟੀ ਭਰ ਸਕਦਾ ਹੈ, ਇਸ ਪਰ ਹੇਠਲੀ ਤੁਕ ਵਿਖੇ ਦ੍ਰਿਸ਼ਟਾਂਤ ਦਿੰਦੇ ਹਨ)। ੨.ਢੀਂਗਲੀ ਦੇ (ਇਕ ਸਿਰੇ ਢੀਮ ਅਰ) ਗਲ (ਵਿਖੇ ਬੋਕਾ ਜਾਂ ਡੋਲ) ਬੰਨ੍ਹਕੇ ਉਸ ਦਾ ਸਿਰ (ਢੀਂਗ) ਲਮਢੀਂਗ ਵਾਂਙ ਨਿਵਾਵਦਾ ਹੈ, (ਤਦੋਂ ਉਹ) ਨਿਮਸ਼ਕਾਰਾਂ ਕਰਦੀ ਹੈ। ੩.ਅਰ ਖੂਹ ਥੋਂ ਗਲ ਬੱਧੀ ਹੋਈ ਹੀ ਨਿਕਲਦੀ ਹੈ, ਖੂਹੋਂ ਪਾਣੀ ਬਾਹਰ ਆਉਂਦਾ ਹੈ। ੪.(ਪਰੰਤੂ ਐਸਿਆਂ ਦਾ) ਗੁਣ ਤੇ ਉਪਾਕਾਰ ਕੁਝ ਨਹੀਂ ਹੈ, ਕਿਉਂ ਜੋ ਉਹ ਬੱਧੇ ਹੋਏ ਚੱਟੀਆਂ ਭਰਦੇ ਹਨ, (ਜੇ ਕਹੀਏ ਉਹ ਨਿਵਦੀ ਹੈ, ਨਹੀਂ, ਨੀਚ ਦਾ ਨਿਵਣਾ ਭੀ ਦੁਖਦਾਈ ਹੁੰਦਾ ਹੈ, ਯਥਾ-)

੫.ਦੂਜੇ ਭਾਉ ਵਾਲੀ ਕਮਾਨ ਹੈ (ਜਦ ਸ਼ਿਕਾਰੀ) ਚਿੱਲੇ ਤੇ ਤੀਰ ਜੋੜਕੇ ਖਿੱਚਦਾ ਹੈ ਤਦੋਂ ਨਿੰਵਦੀ ਹੈ ਤਾਂ (ਕਿਸੇ) ਇਕ (ਦੇ) ਸੀਸ ਵਿਚ ਜਾ ਲਗਦੀ ਹੈ। ੭.ਸ਼ਿਕਾਰੀ ਭੀ ਮਿਰਗ ਨੂੰ ਵੇਖਕੇ ਨਿਉਂਦਾ ਹੈ ਪਰ ਵਿਸਾਹਕੇ ਧ੍ਰੋਹ ਨਾਲ ਬਾਣ ਮਾਰਦਾ ਹੈ। ੮.(ਗੱਲ ਕੀ) ਅਪਰਾਧੀ ਲੋਕ (ਨਿਵ ਕੇ ਭੀ ਨਾਨਾ ਤਰ੍ਹਾਂ ਦੇ) ਅਪਰਾਧ ਹੀ ਕਰਦੇ ਹਨ।

**ਭਾਵ**-ਦੁਬਾਜਰੇ ਨੀਉਂਦੇ ਨਹੀਂ, ਜੇ ਬੱਧੇ ਹੋਏ ਨਿਵਣ ਤਦ ਗੁਣ ਯਾ ਉਪਕਾਰ ਕੋਈ ਨਹੀਂ, ਨਾਂ ਉਨਾਂ ਨੂੰ ਆਪ ਲਾਭ ਹੁੰਦਾ ਹੈ, ਨਾਂ ਦੂਜੇ ਦਾ ਲਾਭ ਉਪਕਾਰ ਦੇ ਦਰਜੇ ਨੂੰ ਪਹੁੰਚਦਾ ਹੈ ਅਰ ਅਪਰਾਧੀ ਜੇ ਆਪੇ ਨਿਵੇਂ ਤਦ ਦੁਖ ਦੇਣ ਲਈ ਨੀਉਂਦਾ ਹੈ, ਜਿਸ ਤਰ੍ਹਾਂ ਸ਼ਿਕਾਰੀ ਤੇ ਕਮਾਨ ਨਿਉਂਦੇ ਹਨ।

## ੧੭. (ਦੁਬਾਜਰਾ ਆਪੇ ਨਹੀਂ ਨਿਉਂਦਾ)।

੧. ਨਿਵੈ ਨ ਤੀਰ ਦੁਬਾਜਰਾ ਗਾਡੀ ਖੰਭ ਮੁਖੀ ਮੁਹਿ ਲਾਏ।
੨. ਨਿਵੈ ਨ ਨੇਜਾ ਦੁਮੁਹਾ ਰਣ ਵਿਚਿ ਉਚਾ ਆਪੁ ਗਣਾਏ।
੩. ਅਸਟ ਧਾਤੁ ਦਾ ਜਬਰ ਜੰਗੁ ਨਿਵੈ ਨ ਫੁਟੈ ਕੋਟ ਢਹਾਏ।
੪. ਨਿਵੈ ਨ ਖੰਡਾ ਸਾਰ ਦਾ ਹੋਇ ਦੁਧਾਰਾ ਖੂਨ ਕਰਾਏ।
੫. ਨਿਵੈ ਨ ਸੂਲੀ ਘੇਰਣੀ ਕਰਿ ਅਸਵਾਰ ਫਾਹੇ ਦਿਵਾਏ।
੬. ਨਿਵਨਿ ਨ ਸੀਖਾਂ ਸਖਤ ਹੋਇ ਮਾਸੁ ਪਰੋਇ ਕਬਾਬੁ ਭੁਨਾਏ।
੭. ਜਿਉ ਕਰਿ ਆਰਾ ਰੁਖੁ ਤਛਾਏ॥੧੭॥

**ਪਦਾਰਥ**-(ਗਾਡੀ ਖੰਭ ਮੁਖੀ ਮੁਹਿ ਲਾਏ=ਬਾਗੜ ਤੇ ਖੰਭ ਤੀਰ ਦੇ ਪਿੱਛੇ ਤੇ ਮੁਖੀ ਮੂੰਹ (ਪਰ ਲਾਉਂਦੇ ਹਨ। ਜਬਰ ਜੰਗੁ=ਜਮੂਰਾ। ਘੇਰਣੀ=ਘੇਰਣ ਵਾਲੀ। (ਸੀਖਾਂ=ਲੋਹੇ ਦੀਆਂ ਸੀਖਾ ਕਬਾਬ=ਭਲੇ।)

**ਅਰਥ**-੧.ਦੁਬਾਜਰਾ ਤੀਰ ਵਾਂਗੂੰ ਨਿਵਦਾ ਨਹੀਂ (ਇਸੇ ਕਰਕੇ ਉਸ ਦੇ) ਮੂੰਹ ਵਿਖੇ ਮੁਖੀ (ਤੇ ਪਿੱਛੇ) ਬਾਗੜ ਤੇ ਖੰਭ ਗੱਡਕੇ ਚਲਾਉਂਦੇ ਹਨ (ਕਿ ਸਰੀਰ ਵਿਖੇ ਖੁਭ ਜਾਵੇ ਪਾਰ ਨਾ ਹੋਵੇ)। ੨.ਨੇਜ਼ਾ ਦੋ ਮੂੰਹਾਂ ਵਾਲਾ ਨਿਵਦਾ ਨਹੀਂ, ਜੁੱਧ ਵਿਖੇ ਉੱਚਾ ਹੋਕੇ ਆਪਣਾ ਆਪ ਦੱਸਦਾ ਹੈ, (ਹੰਕਾਰ ਕਰਦਾ ਹੈ। ੩.ਜਮੂਰਾ ਅੱਠਾਂ ਧਾਤਾਂ ਦਾ ਨਿਵਦਾ ਅਰ ਫੁਟਦਾ ਨਹੀਂ, (ਕਈ) ਕਿਲ੍ਹਿਆਂ ਨੂੰ ਢਾਹ ਸੁਟਦਾ ਹੈ (ਭਾਵ ਹਾਰਣ ਵਿਖੇ ਨਹੀਂ ਆਉਂਦਾ)। ੪.ਲੋਹੇ ਦਾ ਖੰਡਾ ਭੀ ਦੋਧਾਰਾ ਹੋਕੇ ਨਿਵਦਾ ਨਹੀ ਖੂਨ ਕਰਾਉਂਦਾ ਹੈ। ੫.ਘੇਰਣ ਵਾਲੀ ਮੂਲੀ ਨਿਉਂਦੀ ਨਹੀਂ, (ਕਈਆਂ ਨੂੰ ਆਪਣੇ ਉਪਰ) ਅਸਵਾਰ ਕਰਾਕੇ ਫਾਹੇ ਦਿਵਾਉਂਦੀ ਹੈ। ੬.ਸੀਖਾਂ ਕਰੜੀਆਂ ਲੋਹੇ ਦੀਆਂ ਹੋਕੇ ਨਹੀਂ ਨਿਵਦੀਆਂ, (ਭਾਵੇਂ ਕਈ ਪ੍ਰਕਾਰ ਦੇ) ਮਾਸਾਂ ਦੇ ਕਬਾਬ ਭੁੰਨੇ ਜਾਂਦੇ ਹਨ. (ਕਠੋਰ ਹੀ ਰਹਿੰਦੀ ਹੈ)। ਜਿੱਕੁਰ ਆਰਾ ਬ੍ਰਿਛ ਨੂੰ (ਤਛ) ਕੱਟ ਸਿੱਟਦਾ ਹੈ (ਪਰੰਤੂ ਆਪ ਨਿਵਣ ਵਿਖੇ ਨਹੀਂ ਆਉਂਦਾ)।

**ਭਾਵ**-ਉਕਤ ਹਥਿਆਰਾਂ ਵਾਂਗੂੰ ਦੁਬਾਜਰੇ ਪੁਰਖ ਦੁਖਦਾਈ ਹਨ। ਸਤਿਸੰਗ ਅਗੇ ਨਿਉਂਦੇ ਨਹੀਂ, ਇਹ ਆਕੜ ਉਨ੍ਹਾਂ ਨੂੰ ਸਾਂਈ ਨਾਲ ਮਿਲਣ ਨਹੀਂ ਦੇਂਦੀ।

## ੧੮. (ਦੁਬਾਜਰਾ ਦੁਖਦਾਈ)।

੧. ਅਕੁ ਧਤੂਰਾ ਝਟੁਲਾ ਨੀਵਾ ਹੋਇ ਨ ਦੁਬਿਧਾ ਖੋਈ।
੨. ਫੁਲਿ ਫੁਲਿ ਫੁਲੈ ਦੁਬਾਜਰੇ ਬਿਖੁ ਫਲ ਫਲਿ ਮੰਦੀ ਸੋਈ।

੩. ਪੀਐ ਨ ਕੋਈ ਅਕ ਦੁਧੁ ਪੀਤੇ ਮਰੀਐ ਦੁਧੁ ਨ ਹੋਈ।
੪. ਖਖੜੀਆਂ ਵਿਚਿ ਬੁਢੀਆਂ ਫਟਿ ਫਟਿ ਛੁਟਿ ਛੁਟਿ ਉਡਨਿ ਓਈ।
੫. ਚਿਤਮਿਤਾਲਾ ਅਕ ਤਿਡੁ ਮਿਲੈ ਦੁਬਾਜਰਿਆਂ ਕਿਉ ਢੋਈ।
੬. ਖਾਇ ਧਤੂਰਾ ਬਰਲੀਐ ਕਖ ਚੁਣੰਦਾ ਵਤੈ ਲੋਈ।
੭. ਕਉੜੀ ਰਤਕ ਜੇਲ ਪਰਲੂਈ॥੧੮॥

**ਪਦਾਰਥ**-(ਝਟੂਲਾ=ਲਗਰਾਂ ਵਾਲਾ। ਸੋਈ=ਸੋਭਾ।
(ਖਖੜੀਆਂ ਵਿਚਿ ਬੁਢੀਆਂ=ਰੂੰ ਦੇ ਪੰਬੇ। ਬਰਲੀਐ=ਕਮਲਾ ਹੋਣਾ)
(ਚੁਣੰਦਾ ਵਤੈ=ਚੁਣਦਾ ਫਿਰਦਾ ਹੈ। ਜੇਲ=ਹਾਰ।)

**ਅਰਥ**-੧.ਅੱਕ ਅਤੇ ਧਤੂਰੇ ਦਾ ਬੂਟਾ ਲਗਰਦਾਰ ਹੁੰਦਾ ਹੈ, ਨੀਵੇਂ ਹੋਕੇ ਭੀ ਦੂਜਾ ਭਾਵ ਨਾ ਛੱਡਿਆ, (ਭਾਵ ਅੰਦਰ ਦੇ ਕੌੜੇ ਤੇ ਵਿਹੁਲੇ ਹੀ ਰਹੇ)। ੨.ਫਲਾਂ ਨਾਲ ਦੁਬਾਜਰੇ ਭਾਵੇਂ ਫਲਦੇ ਹਨ, ਪਰੰਤੂ 'ਬਿਖ' (ਜ਼ਹਿਰ ਦੇ) ਫਲ ਨਾਲ ਫਲਣ ਕਰਕੇ ਸ਼ਭ ਮੰਦੀ ਹੀ ਹੁੰਦੀ ਹੈ (ਕਿਉਂ ਜੋ ਦੋਹਾਂ ਬੂਟਿਆਂ ਦਾ ਕਾਰਣ ਅੱਗੇ ਤੀਜੀ ਤੁਕ ਥੋਂ ਅੰਤਲੀ ਤੁਕ ਤੀਕ ਦੱਸਦੇ ਹਨ)। ੩.ਅੱਕ ਦਾ ਦੁੱਧ ਕੋਈ ਪੀਂਦਾ ਨਹੀਂ (ਕਿਉਂ ਜੋ) ਪੀਂਦਿਆਂ ਸਾਰ ਹੀ (ਪ੍ਰਾਣੀ) ਮਰ ਜਾਂਦਾ ਹੈ (ਇਸ ਲਈ) ਉਹ ਦੁੱਧ ਨਹੀਂ (ਕਿਉਂ ਕਿ ਦੁੱਧ ਵਿਹੁ ਉਤਾਰਦਾ ਹੈ ਤੇ ਇਹ ਵਿਹੁ ਚਾੜ੍ਹਦਾ ਹੈ)। ੪.ਖੱਖੜੀਆਂ ਵਿਚੋਂ ਬੁਢੀਆਂ (ਮਾਈਆਂ) ਫੱਟ ਫੱਟ ਕੇ ਅਰ ਖੁਲ੍ਹ ਖੁਲ੍ਹ ਕੇ ਉਡਦੀਆਂ ਫਿਰਦੀਆਂ ਹਨ, (ਕਈਆਂ ਦੀਆਂ ਅੱਖਾਂ ਦਾ ਜਾਨ ਕਰਦੀਆਂ ਹਨ)। ੫.ਅੱਕ ਦੇ ਤਿੱਡੇ ਦਾ ਚਿੱਤ੍ਰਾ ਮਿੱਤ੍ਰਾ ਰੰਗ ਹੁੰਦਾ ਹੈ, (ਅਜਿਹੇ ਹੀ) ਮਨਮੁਖਾਂ ਨੂੰ ਹੋਰਥੇ ਕਿਧਰੇ ਢੋਈ ਨਹੀਂ ਮਿਲਦੀ (ਮੁੜ ਮੁੜ ਅੱਕ ਦਾ ਹੀ ਆਸ਼੍ਰਯ ਫੜਦੇ ਹਨ)। ੬.ਧਤੂਰੇ ਦੇ ਖਾਣ ਨਾਲ ਕਮਲਾ ਹੋ ਜਾਈਦਾ ਤੇ ਗਲੀਆਂ ਦੇ ਕੱਖ ਚੁਣਦੇ ਫਿਰੀਦਾ ਹੈ, ੭.ਕੌੜੀਆਂ ਰੱਤਕਾਂ ਦੇ ਹਾਰ ਪਰੋ ਛਡਦੇ ਹਨ। (ਗੱਲ ਕੀ ਭਾਵੇਂ ਹਾਰ ਪਰੋਕੇ ਕੁੜੀਆਂ ਗਲ ਵਿਖੇ ਪਾਉਂਦੀਆਂ ਹਨ ਪਰ ਦੇਖਣ ਨੂੰ ਹੀ ਸੁਹਣੀਆਂ ਹਨ, ਅੰਦਰੋਂ ਵਿਹੁਲੀਆਂ ਹਨ)।

**ਭਾਵ**-ਨਿਵੇਂ ਹੋਏ ਦੁਬਾਜਰਿਆਂ ਦੇ ਦ੍ਰਿਸ਼ਟਾਂਤ ਹਨ ਕਿ ਜੇ ਨਿਉਂ ਬੀ ਜਾਣ ਫਲ ਫੁਲ ਭੀ ਪੈਣ ਲਾਭਦਾਇਕ ਤੇ ਸੁਹਣੇ ਭੀ ਦਿੱਸਣ, ਪਰ ਉਹ ਦੁਖਦਾਈ ਹੀ ਹੁੰਦੇ ਹਨ।

## ੧੯. (ਚੀਲ੍ਹ ਦਾ ਦ੍ਰਿਸ਼ਟਾਂਤ ਦੁਸ਼ਟਤਾ ਦਾ)।

੧. ਵਧੈ ਚੀਲ ਉਜਾੜ ਵਿਚਿ ਉਚੈ ਉਪਰਿ ਉਚੀ ਹੋਈ।
੨. ਗੰਢੀ ਜਲਨਿ ਮੁਸਾਹਰੇ ਪਤ ਅਪਤ ਨ ਛੁਹੰਦਾ ਕੋਈ।
੩. ਛਾਉ ਨ ਬਹਨਿ ਪੰਧਾਣੂਆ ਪਵੈ ਪਛਾਵਾ ਟਿਬੀ ਟੋਈ।
੪. ਫਿੰਡ ਜਿਵੈ ਫਲੁ ਫਾਟੀਅਨਿ ਘੁੰਘਰਿਆਲੇ ਰੁਲਨਿ ਪਲੋਈ।
੫. ਕਾਠੁ ਕੁਕਾਠੁ ਨ ਸਹਿ ਸਕੈ ਪਾਣੀ ਪਵਣੁ ਨ ਧੁਪ ਨ ਲੋਈ।
੬. ਲਗੀ ਮੂਲਿ ਨ ਵਿਝਵੈ ਜਲਦੀ ਹਉਮੈ ਅਗਿ ਖੜੋਈ।
੭. ਵਡਿਆਈ ਕਰਿ ਦਈ ਵਿਗੋਈ॥੧੯॥

**ਪਦਾਰਥ**-(ਮੁਸਾਹਰੇ=ਮਸਾਲਾਂ ਦੀ ਨਜਾਈਂ। ਪੰਧਾਣੂਆ=ਰਾਹੀ ਲੋਕ।
(ਟਿਬੀ ਟੋਈ=ਟਿਬਿਆਂ ਟੋਇਆ ਵਿਚ ਭਾਵ ਦੂਰ ਦੂਰ।
(ਫਿੰਡ=ਅੱਕ ਖੱਖੜੀ ਦੇ ਬਿੰਡੇ ਵਾਗੂੰ। ਘੁੰਘਰਿਆਲੇ=ਘੁੰਘਰੀਆਂ ਵਾਲੇ,
(ਗੋਲ ਗੋਲ। ਰੁਲਨਿ ਪਲੋਈ=ਜਾਂ ਉਡਦੇ ਪਏ ਹਨ। )

**ਅਰਥ**-੧.ਚੀਲ੍ਹ ਦਾ ਬ੍ਰਿੱਛ ਉਜਾੜ ਵਿਖੇ ਉੱਚੇ (ਪਰਬਤ) ਉਤੇ (ਉਂਗਕੇ) ਬਹੁਤ ਉੱਚਾ ਜਾਂਦਾ ਹੈ। ੨.ਉਸ ਦੀਆਂ ਗੰਢਾਂ ਮਸ਼ਾਲਾਂ ਵਾਂਗੂੰ ਬਲਦੀਆਂ ਹਨ, ਪਤ੍ਰ ਬੇਪਤਿਆਂ ਨੂੰ ਕੋਈ ਨਹੀਂ ਛੋਂਹਦਾ (ਸੂਈਆਂ ਵਾਂਗੂੰ ਹੁੰਦੇ ਹਨ)। ੩.ਰਾਹੀ ਲੋਕ ਚੀਲ੍ਹ ਦੀ ਛਾਂ ਦੇ ਹੇਠ ਨਹੀਂ ਬੈਠ ਸਕਦੇ (ਕਿਉਂ ਜੋ) ਪਹਾੜਾਂ ਦੇ ਟਿੱਬਿਆਂ ਟੋਇਆਂ ਵਿਖੇ ਛਾਂ ਪੈਂਦੀ ਹੈ (ਗੱਲ ਕੀ ਦੂਰ ਤੋਂ ਦੂਰ ਹੁੰਦੀ ਹੈ)। ੪.ਅੱਕ ਦੀ ਖੱਖੜੀ ਵਾਂਗੂੰ ਫਲ ਫੱਟਦੇ ਹਨ ਅਰ ਘੁੰਘਰਾਂਦਾਰ ਹੋਕੇ ਗੋਲਾਕਾਰ ਰੁਲਦੇ ਫਿਰਦੇ ਹਨ, (ਭਾਵ ਨਿਕਾਰੇ ਹੁੰਦੇ ਹਨ)। ੫.ਕਾਠ ਉਸ ਦਾ ('ਕੁਕਾਠ') ਖੋਟਾ ਕਾਠ ਹੁੰਦਾ ਹੈ, (ਕਿਉਂ ਜੋ) ਪਾਣੀ ਪੌਣ ਅਰ ਧੁੱਪ ਦੀ ਲੋ ਨੂੰ ਨਹੀਂ ਸਹਾਰ ਸਕਦਾ, (ਗੱਲ ਕੀ ਛੇਤੀ ਖਰਾਬ ਹੋ ਜਾਂਦਾ ਹੈ)। ੬.(ਇਸ ਦੇ ਮੁੱਢ ਨੂੰ ਅੱਗ) ਲੱਗੀ ਹੋਈ ਬੁਝਦੀ ਨਹੀਂ, ਹਉਮੈ ਦੀ ਅੱਗ ਕਰਕੇ ਖਲੋਤੀ ਹੀ ਸੜ ਜਾਂਦੀ ਹੈ। ੭.ਵਡਿਆਈ ਕਰਕੇ ਦੈਵ ਨੇ ਨਾਸ਼ ਕਰ ਦਿੱਤੀ ਹੈ।

**ਭਾਵ**-ਜੇਕਰ ਨੀਵੀਂ ਹੁੰਦੀ ਤਾਂ ਕੋਈ ਬੁਝਾ ਬੀ ਸਕਦਾ, ਇਸ ਲਈ ਵਡੇ ਹੋਣ ਦਾ ਫਲ ਇਹ ਕਿ ਹਉਮੈਂ ਦੀ ਅੱਗ ਨਾਲ ਖੜੋਤੀ ਸੜ ਗਈ, ਅਜਿਹਾ ਹੀ ਮਨਮੁਖ ਹੰਕਾਰ ਦੀ ਅੱਗ ਨਾਲ ਅੰਦਰੋ ਅੰਦਰ ਸੜ ਜਾਂਦੇ ਹਨ।

## ੨੦. (ਦੁਸ਼ਟਤਾਈ ਭਲਿਆਈ ਦ੍ਰਿਸ਼ਟਾਂਤ)।

(ਤਿਲ, ਸਣ ਤੇ ਕਪਾਹ)

੧. ਤਿਲੁ ਕਾਲਾ ਫੁਲੁ ਉਜਲਾ ਹਰਿਆ ਬੂਟਾ ਕਿਆ ਨੀਸਾਣੀ।
੨. ਮੁਢਹੁ ਵੱਢਿ ਬਣਾਈਐ ਸਿਰ ਤਲਵਾਇਆ ਮਝਿ ਬਿਬਾਣੀ।
੩. ਕਰਿ ਕਟ ਪਾਈ ਝੰਬੀਐ ਤੇਲੁ ਤਿਲੀਹੁੰ ਪੀੜੇ ਘਾਣੀ।
੪. ਸਣ ਕਪਾਹ ਦੁਇ ਰਾਹ ਕਰਿ ਪਰਉਪਕਾਰ ਵਿਕਾਰ ਵਿਡਾਣੀ।
੫. ਵੇਲਿ ਕਤਾਇ ਵੁਣਾਈਐ ਪੜਦਾ ਕਜਣ ਕਪੜੁ ਪ੍ਰਾਣੀ।
੬. ਖਲ ਕਢਾਇ ਵਟਾਇ ਸਣ ਰਸੇ ਬੰਨਿ ਨ ਮਨਿ ਸਰਮਾਣੀ।
੭. ਦੁਸਟਾ ਦੁਸਟਾਈ ਮਹਿਮਾਣੀ॥੨੦॥

**ਪਦਾਰਥ**-(ਨੀਸਾਣੀ=ਚਿੰਨ੍ਹ। ਬਿਬਾਣੀ=ਉਜਾੜ। ਕਰਿ ਕਟ ਪਾਈ=ਹੱਥ ਲੱਕ ਨੂੰ ਪਾਕੇ, (ਦੱਥੀਆਂ ਪਾਕੇ। ਮਿਹਮਾਣੀ=ਚੰਦਰੋਜੀ, ਪ੍ਰਾਹੁਣਚਾਰੀ। )

**ਅਰਥ**- ੧.ਤਿਲ ਕਾਲਾ, ਫੁਲ ਚਿੱਟਾ ਅਰ ਬੂਟਾ ਹਰਿਆ ਹੁੰਦਾ ਹੈ, (ਤਿਲ ਦਾ) ਚਿੰਨ੍ਹ ਕੀ ਹੈ? (ਭਾਵ ਕੁਦਰਤ ਨਾਲ ਹੀ ਹੋਰ ਦਾ ਹੋਰ ਰੰਗ ਹੋ ਜਾਦਾ ਹੈ)। ੨.ਮੁੱਢ ਥੋਂ ਵੱਢਕੇ (ਭਾਰ) ਬਣਾਈਦਾ ਹੈ, ਉਜਾੜਾਂ ਵਿਖੇ ਸਿਰ ਤਲਵਾਇਆ ਰੱਖੀਦਾ ਹੈ। ੩.ਕੱਟ ਕੁੱਟਕੇ (ਜਾਂ ਦੱਥੀਆਂ ਪਾਕੇ) ਝੰਬੀਦਾ ਹੈ, (ਜਦ ਤਿਲ ਨਿਕਲਦੇ ਹਨ, ਘਾਣੀ) ਵਿਚ ਪੀੜਕੇ ਤੇਲ ਕੱਢੀਦਾ ਹੈ, (ਬਾਜੇ 'ਕਰਕਟ' ਦਾ ਅਰਥ ਲੱਕ ਨੂੰ ਹੱਥ ਪਾਕੇ ਕੁਟਣ ਥੋਂ, ਬਹੁਤ ਕੁਟਣ ਦਾ ਭਾਵ ਲੈਂਦੇ ਹਨ)। ੪.ਸਣ ਅਤੇ ਕਪਾਹ ਦੇ ਦੋ ਰਾਹ ਹਨ, (ਕਪਾਹ) ਪਰਉਪਕਾਰ (ਅਰ ਸਣ) ਵਿਕਾਰਾਂ ਦੇ ਕੰਮ ਕਰਦੀ ਹੈ। ੫.(ਕਪਾਹ) ਵੇਲ ਕੱਤਕੇ ਉਣਾਈਦੀ ਹੈ, ਫੇਰ ਪ੍ਰਾਣੀਆਂ ਦਾ ਪੜਦਾ ਕੱਜਣ ਅਰ ਕਪੜੇ ਬਣਦੀ ਹੈ। ੬.ਸਣ ਆਪਣੀ ਖੱਲ ਕਢਾਕੇ ਰੱਸੇ ਵਟਵਾਉਂਦੀ ਹੈ, (ਪ੍ਰਾਣੀਆਂ ਨੂੰ) ਬੰਨ੍ਹਣ ਨਾਲ ਮਨ ਵਿਖੇ ਸ਼ਰਮ ਨਹੀਂ ਕਰਦੀ। ੭.ਦੁਸ਼ਟਾਂ ਦੀ ਦੁਸ਼ਟਤਾਈ ਹੀ ਮਿਹਮਾਣੀ (ਅਰਥਾਤ ਪ੍ਰਾਹੁਣਚਾਰੀ) ਹੈ (ਅਥਵਾ ਦੁਸ਼ਟਤਾਈ ਚੰਦ ਰੋਜ਼ੀ ਹੈ, ਇਕ ਦਿਨ ਨਾਸ਼ ਜ਼ਰੂਰ ਕਰੇਗੀ)।

**ਭਾਵ**-ਗੱਲ ਕੀ ਗੁਰਮੁਖ ਲੋਕ ਤਿਲ ਅਤੇ ਕਪਾਹ ਵਾਂਗੂੰ ਆਪਣੇ ਸਰੀਰ ਪਰ ਕਸ਼ਟ ਸਹਾਰਕੇ ਸੁਖਾਂ ਦੇ ਕਾਰਣ ਅਰ ਮਨਮੁਖ ਸਣ ਵਾਂਗੂੰ ਲੋਕਾਂ ਨੂੰ ਬੰਧਨਾਂ ਦੇ ਕਾਰਣ ਹੁੰਦੇ ਹਨ।

 www.sikhbookclub.com

## ੨੧. (ਦੂਜਾ ਭਾਉ ਕਿੱਕਰ ਧ੍ਰੇਕ ਵਾਂਙੂ ਹੈ)।

੧. ਕਿਕਰ ਕੰਡੇ ਧ੍ਰੇਕ ਫਲ ਫਲੀਂ ਨ ਫਲਿਆ ਨਿਹਫਲ ਦੇਹੀ।
੨. ਰੰਗ ਬਿਰੰਗੀ ਦੁਹਾ ਫਲੁ ਦਾਖ ਨ ਗੁਛਾ ਕਪਟ ਸਨੇਹੀ।
੩. ਚਿਤਮਿਤਾਲਾ ਅਰੰਡ ਫਲੁ ਥੋਥੀ ਥੋਹਰਿ ਆਸ ਕਿਨੇਹੀ।
੪. ਰਤਾ ਫਲੁ ਨ ਮੁਲੁ ਅਧੁ ਨਿਹਫਲ ਸਿਮਲ ਛਾਵ ਜਿਵੇਹੀ।
੫. ਜਿਉ ਨਲੀਏਰ ਕਠੋਰ ਫਲੁ ਮੁਹ ਭੰਨੇ ਦੇ ਗਰੀ ਤਿਵੇਹੀ।
੫. ਸੂਤੁ ਕੁਪੂਤੁ* ਸੁਪੂਤੁ ਦੂਤ ਕਾਲੇ ਧਉਲੈ ਤੂਤ ਇਵੇਹੀ।
੭. ਦੂਜਾ ਭਾਉ ਕੁਦਾਉ ਧਰੇਹੀ॥੨੧॥

**ਪਦਾਰਥ**-(ਫਲੀਂ ਨ ਫਲਿਆ=ਫਲੀਆਂ ਨੂੰ (ਮਿੱਠੇ ਫਲ) ਨ ਲਗੇ।
(ਦਾਖ ਨ ਗੁਛਾ= ਮਿੱਠਾ ਨਾ ਗੁੱਛਾ ਹੋਇਆ। )

**ਅਰਥ**-੧.ਕਿੱਕਰਾਂ ਨੂੰ ਕੰਡੇ ਤੇ ਫਲੀ, ਧਰੇਕ ਨੂੰ ਫਲ (ਧ੍ਰਿਕੋਨੇ ਲੱਗੇ, ਪਰ ਤਦ ਭੀ) ਨਾ ਫਲੇ (ਵਰਹੇ ਹਨ) ਦੇਹੀ ਨਿਹਫਲ (ਗਈ)। ੨.(ਕਿਉਂ ਜੋ) ਰੰਗ ਬਰੰਗੀ ਦੁਹਾਂ ਨਾਲ ਫਲ ਲੱਗੇ, ਪਰੰਤੂ (ਧਰਕੋਨਿਆ ਤੇ ਕਿੱਕਰ ਫਲ ਦਾ) ਗੁੱਛਾ ਦਾਖ ਵਾਙੂ ਮਿੱਠਾ ਨਾਂ ਲੱਗਾ, (ਕੌੜੇ ਹੀ ਫਲ ਹੋਏ)। ੩.ਇਰੰਡ ਦਾ ਫਲ ਵੀ ਚਿੱਤ੍ਰ ਮਿੱਤ੍ਰਾ ਹੈ, (ਪਰ ਕੌੜਾ ਰਿਹਾ ਅਤੇ) ਖਾਲੀ ਥੋਹਰ ਦੇ ਬੂਟੇ ਤੋਂ (ਚੰਗੇ ਫਲ ਦੀ) ਕੀ ਆਸ ਕਰਨੀ ਹੈ। ੪.ਸਿੰਮਲ ਦਾ ਫਲ ਤਾ ਲਾਲ ਹੁੰਦਾ ਹੈ, ਪਰੰਤੂ ਮੁੱਲ ਅੱਧੀ ਕੌਡੀ ਭੀ ਨਹੀਂ ਪੈਂਦਾ, ਛਾਂ ਭੀ ਨਿਸ਼ਫਲ ਹੈ। ੫. ਜਿਕੂੰ ਨਲੀਏਰ ਕਠੋਰ ਦਾ ਫਲ ਮੂੰਹ ਭੰਨਿਆਂ ਹੀ 'ਤਿਵੇਂ ਹੀ' (ਕਰੜੀ) ਗਰੀ ਦਿੰਦਾ ਹੈ। ੬.ਸਪੁੱਤ੍ਰ ਸੂਤ (ਆਗਯਾਕਾਰੀ ਤੇ) ਕਪੂਤ (ਦੂਤ) ਵੈਰੀ (ਹੋ ਜਾਂਦੇ ਹਨ, ਜਿਕੂੰ) ਤੂਤ ਕਾਲੇ ਧੌਲੇ (ਹੁੰਦੇ ਹਨ, ਕਾਲੇ ਕੰਡੀਦਾਰ ਤੋਂ ਭਾਵ ਹੈ ਜੋ ਖਾਧੇ ਨਹੀਂ ਜਾਂਦੇ, ਧੌਲੇ ਪੇਉਂਦੀ ਜੋ ਰਸਦਾਰ ਹਨ। ਦੋਵੇਂ ਤੂਤ ਹਨ, ਪਰ ਸੁਆਦ ਵੱਖਰਾ, ਤਿਵੇਂ ਪੁੱਤ ਕਪੁੱਤ ਦੋਵੇਂ ਪੁੱਤ ਹਨ, ਪਰ ਇਕ ਸੁਖ ਦਿੰਦਾ ਹੈ ਦੂਜਾ ਦੁੱਖ ਦੇਂਦਾ ਹੈ)। ੭.ਦੂਜਾ ਭਾਉ ਧੁਰ ਥੋਂ ਹੀ ਕੁਦਾਉ ਚਲਿਆ ਆਉਂਦਾ ਹੈ, (ਗੱਲ ਕੀ ਦੇਖਣ ਨੂੰ ਕਿੱਕਰ ਆਦ ਬੂਟਿਆਂ ਦੇ ਫੁਲ ਵਾਂਙੂ ਸੋਹਣੇ ਪਰ ਵਰਤਣ ਵਿਖੇ ਕੌੜੇ ਤੇ ਕੰਡਿਆਂ ਵਾਲੇ ਦੁਖਦਾਈ ਹਨ)।

## ੨੨. (ਦੁਖਾਜਰਾ ਮਨੇ ਦਾ ਇਲਾਜ)।

੧. ਜਿਉ ਮਣਿ ਕਾਲੇ ਸਪ ਸਿਰਿ ਹਸਿਹਸਿ ਰਸਿਰਸਿ ਦੇਇ ਨ ਜਾਣੈ।
੨. ਜਾਣੁ ਕਥੂਰੀ ਮਿਰਗ ਤਨਿ ਜੀਵਦਿਆਂ ਕਿਉ ਕੋਈ ਆਣੈ।
੩. ਆਰਣ ਲੋਹਾ ਤਾਈਐ ਘੜੀਐ ਜਿਉ ਵਰਦੇ ਵਾਦਾਣੈ।
੪. ਸੂਰਣੁ ਮਾਰਣਿ ਸਾਧੀਐ ਪਾਹਿ ਸਲਾਹਿ ਪੁਰਖ ਪਰਵਾਣੈ।
੫. ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗੁ ਸਿਵਾਣੈ।
੬. ਅਉਖਧੁ ਹੋਵੈ ਕਾਲਕੂਟੁ ਮਾਰਿ ਜੀਵਾਲਨਿ ਵੈਦ ਸੁਜਾਣੈ।
੭. ਮਨੁ ਪਾਰਾ ਗੁਰਮੁਖਿ ਵਸਿ ਆਣੈ॥੨੨॥੩੩॥

**ਪਦਾਰਥ**-(ਹਸਿਹਸਿ=ਪ੍ਰਸੰਨ ਹੋ ਕੇ। ਆਰਣ=ਭੱਠੀ।
(ਵਾਦਾਣੈ=ਹਥੜੇ। ਸੂਰਣੁ=ਜਿੰਮੀਕੰਦ ਮਾਰਣਿ=ਮਸਾਲੇ।

*ਪਾ :-ਕੁਸੂਤ।

**ਅਰਥ**-੧.ਜਿਵੇਂ ਕਾਲੇ ਸੱਪ ਦੇ ਸਿਰ ਵਿਖੇ ਮਣੀ ਹੁੰਦੀ ਹੈ (ਉਹ) ਪ੍ਰਸੰਨ ਹੋਕੇ ਰਸ ਨਾਲ ਦੇ ਨਹੀਂ ਜਾਣਦਾ, (ਜਤਨ ਨਾਲ ਮਾਰਕੇ ਲੈਂਦੇ ਹਨ)। ੨.ਮਿਰਗ ਦੀ ਨਾਭੀ ਵਿਖੇ ਕਸਤੂਰੀ ਹੁੰਦੀ ਹੈ, (ਉਸਦੇ) ਜੀਵੰਦਿਆਂ ਕਿੱਕੁਰ ਕੋਈ ਲੈ ਸਕਦਾ ਹੈ (ਭਾਵ ਮਰ ਕੇ ਹੀ ਦਿੰਦਾ ਹੈ)। ੩.ਭੱਠੀ ਵਿਖੇ ਲੋਹਾ ਤਾਈਦਾ ਹੈ ਜਿਉਂ ਜਿਉਂ (ਉਸ ਦੇ ਸਿਰ ਤੇ) ਹਥੌੜੇ ਵਜਦੇ ਹਨ, (ਤਿਉਂ ਤਿਉਂ) ਘੜੀਦਾ ਹੈ। ੪.ਜ਼ਿਮੀਕੰਦ ਮਸਾਲਿਆਂ ਨਾਲ ਸਿਧ ਕਰੀਦਾ ਹੈ, ਖਾਕੇ ਲੋਕ ਪਰਵਾਣ ਕਰਕੇ ਸਲਾਹੁੰਦੇ ਹਨ (ਕਿ ਬੜਾ ਉਮਦਾ ਹੈ, ਨਹੀਂ ਤਾਂ ਸੰਘ ਸਾੜ ਸਿੱਟਦਾ ਹੈ)। ੫.ਪਾਨ ਦਾ ਪੱਤ੍ਰ ਸੁਪਾਰੀ, ਕੱਥ ਅਰ ਚੂਨੇ ਨਾਲ ਮਿਲਕੇ ਲਾਲ ਰੰਗ ਥੋਂ ਸਿਵਾਣੀਦਾ ਹੈ (ਕਿ ਅਸਲ ਹੈ)। ੬.ਜ਼ਹਿਰ (ਜੋ ਪ੍ਰਾਣੀਆਂ ਦਾ ਕੰਘਾ ਕਰ ਸਿਟਦੀ ਹੈ), ਚਤੁਰ ਵੈਦ ਲੋਕ ਉਸੇ ਦੀ ਅਉਖਧੀ ਬਣਾਕੇ ਮੁਰਦੇ ਨੂੰ ਜਿਵਾ ਸਕਦੇ ਹਨ। ੭.ਮਨ ਪਾਰੇ ਵਾਂਙੂ ਚੰਚਲ ਹੈ, (ਪਰੰਤੂ) ਗੁਰਮੁਖ (ਲੋਕ ਸ਼ਬਦ ਰੂਪੀ ਬੂਟੀਆਂ ਨਾਲ ਉਸ ਪਰ) ਵਸੀਕਾਰ ਕਰ ਲੈਂਦੇ ਹਨ।

**ਭਾਵ**-ਉਪਰਲੇ ਦ੍ਰਿਸ਼ਟਾਂਤ ਮਨ ਲਈ ਦਿੱਤੇ ਹਨ ਕਿ ਜੇ ਇਹ ਜਤਨ ਨਾਲ ਸਾਧਿਆ ਜਾਵੇ ਤਦ ਦੁਬਾਜਰੇ ਤੋਂ ਅਨਿੰਨ ਹੋ ਸਕਦਾ ਹੈ, ਮਨਮੁਖ ਤੋਂ ਗੁਰਮੁਖ ਹੋ ਸਕਦਾ ਹੈ, ਪਰ ਬਹੁਤ ਮਿਹਨਤ ਦੀ ਲੋੜ ਹੈ, ਇਸ ਪਉੜੀ ਵਿਚ ਇਹ ਦੱਸ ਗਏ ਹਨ ਕਿ ਦੁਸ਼ਟ ਦੁਬਾਜਰੇ ਬੀ ਜੇ ਮਨ ਨੂੰ ਲੋਹੇ ਵਾਂਗੂੰ ਗੁਰਮੁਖ ਦੀ ਭੱਠੀ ਤੇ ਵਦਾਣਾਂ ਹੇਠ ਦੇ ਦੇਣ ਤਾਂ ਠੀਕ ਹੋ ਸਕਦੇ ਹਨ।

# ਵਾਰ ੩੪.

ੴ ਸਤਿਗੁਰ ਪ੍ਰਸਾਦਿ ॥

## ੧. (ਸਤਿਗੁਰ ਦੀ ਮਹਿਮਾ)।

(ਗੁਰੂ ਦੇ ਸਨਮੁਖ ਤੇ ਵੇਮੁਖ ਦਾ ਅੰਤ)

੧. ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।
੨. ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
੩. ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।
੪. ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
੫. ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
੬. ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ ॥੧॥

**ਪਦਾਰਥ**-(ਅਗੰਮੁ=ਮਨ ਬਾਣੀਓਂ ਪਰੇ। ਨਿਰਾਲਾ=ਨਿਰਲੇਪ।)

**ਅਰਥ**-੧.ਸਤਿਗੁਰ (ਨਾਨਕ ਦੇਵ ਯਾ ਵਾਹਿਗੁਰੂ) ਪੁਰਖ, ਅਗੰਮ, ਨਿਰਵੈਰ ਅਤੇ ਨਿਰਲੇਪ ਹੈ, (ਭਾਵ ਦੁਖ ਸੁਖ ਦੇਣਹਾਰੇ ਕਰਮ ਹਨ)। ੨.ਧਰਮ ਦੀ ਸੱਚੀ ਧਰਮਸਾਲ ਰੂਪ ਧਰਤੀ ਨੂੰ ਜਾਣੋ।

 www.sikhbookclub.com

੩.ਜੇਹਾ (ਕੋਈ) ਬੀਜਦਾ ਹੈ ਤੇਹਾ ਹੀ ਵੱਢਦਾ ਹੈ, (ਤਿਵੇਂ )ਫਲ ਦੀ ਸਮ੍ਹਾਲ ਕਰਮਾਂ ਅਨੁਸਾਰ ਹੁੰਦੀ ਹੈ। ੪.ਜਿਕੁੱਰ ਨਿਰਮਲ ਸ਼ੀਸ਼ਾ ਹੈ, ਜਗਤ (ਉਸ ਵਿਚ ਆਪਣਾ ਮੂੰਹ) ਵੇਖਣ ਵਾਲਾ ਹੈ। ੫.ਜਿਹਾ ਮੂੰਹ ਕਰਕੇ ਵੇਖੋ (ਸ਼ੀਸ਼ਾ) ਤਿਹਾ ਹੀ ਵਿਖਾਲਦਾ ਹੈ। ੬.ਸੇਵਕ ਦਰਗਾਹ ਵਿਖੇ ਸੁਰਖਰੂ (ਪਤ ਨਾਲ) ਜਾਂਦਾ ਹੈ, ਵੇਮੁਖ ਦਾ ਮੂੰਹ ਕਾਲਾ ਹੁੰਦਾ ਹੈ। (ਯਥਾ:-**''ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ॥ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨ ਲਹੰਨਿ॥'')** (ਗਉ:ਮ:੩-ਅਸਟ-੯)

## ੨. (ਗੁਰ ਗੋਪੂ ਚੇਲਾ)।

੧. ਜੋ ਗੁਰ ਗੋਪੈ ਆਪਣਾ ਕਿਉ ਸਿਝੈ ਚੇਲਾ।
੨. ਸੰਗਲੁ ਘਤਿ ਚਲਾਈਐ ਜਮ ਪੰਥਿ ਇਕੇਲਾ।
੩. ਲਹੈ ਸਜਾਈ ਨਰਕ ਵਿਚਿ ਉਹੁ ਖਰਾ ਦੁਹੇਲਾ।
੪. ਲਖ ਚਉਰਾਸੀਹ ਭਉਦਿਆ ਫਿਰਿ ਹੋਇ ਨ ਮੇਲਾ।
੫. ਜਨਮੁ ਪਦਾਰਥੁ ਹਾਰਿਆ ਜਿਉ ਜੂਏ ਖੇਲਾ।
੬. ਹਥ ਮਰੋੜੈ ਸਿਰੁ ਧੁਨੈ ਉਹੁ ਲਹੈ ਨ ਵੇਲਾ ॥੨॥

**ਪਦਾਰਥ**-(ਗੋਪੈ=ਛਿਪਾਵੈ। ਸਿਝੈ=ਮੁਕਤੁ ਹੋਣਾ। ਦੁਹੇਲਾ=ਦੁਖੀ।)

**ਅਰਥ**-੧.ਜਿਹੜਾ ਚੇਲਾ (ਗੁਰੂ ਦਾ ਸਿਖ ਬਣਕੇ ਫੇਰ) ਆਪਣੇ ਗੁਰੂ ਨੂੰ ਛਿਪਾ ਕੇ (ਆਪ ਹੁਦਰਾ ਹੋ ਜਾਵੇ) ਉਹ ਕਿੱਕੁਰ ਮੁਕਤ ਹੋ ਸਕੇ? (ਕਦੇ ਨਹੀਂ ! ਉਸ ਦਾ ਕੀ ਹਾਲ ਹੋਂਵਦਾ ਹੈ?) ੨.(ਗਲ ਵਿਖੇ) ਸੰਗਲ ਪਾਕੇ ਜਮ ਮਾਰਗ ਵਿਖੇ ਇਕੱਲਾ ਛਡੀਦਾ ਹੈ, (ਗੁਰੂ ਸਹਾਈ ਨਹੀਂ ਹੁੰਦਾ)। ੩.ਉਹ ਨਰਕ ਦੀ ਪੀੜਾ ਸਹਾਰਦਾ ਅਰ ਖਰਾ ਦੁਖੀ ਹੁੰਦਾ ਹੈ। ੪.(ਨਰਕੋਂ ਨਿਕਲਕੇ) ਚੌਰਾਸੀ ਲਖ ਜੂਨ ਦੀ ਫਾਸੀ ਪੈ ਜਾਂਦੀ ਹੈ ਤੇ ਫਿਰ (ਗੁਰੂ ਨਾਲ) ਮਿਲਾਪ ਨਹੀਂ ਹੁੰਦਾ। ੫.(ਮਨੁਖ) ਜਨਮ ਪਦਾਰਥ ਹੱਥ ਲੱਗਾ ਸੀ, (ਓਹ) ਮਾਨੋਂ ਜੂਏ ਦੀ ਖੇਡ ਵਿਖੇ (ਭਾਵ ਵਿਖਿਆਂ ਵਿਖੇ ਲੱਗਕੇ) ਹਾਰ ਦਿੱਤਾ ਹੈ, ੬.ਹੱਥਾਂ ਨੂੰ ਮਲੇ, ਸਿਰ ਨੂੰ ਫੇਰੇ ਪਰ ਓਹ ਵੇਲਾ ਹੱਥੀ ਨਹੀਂ ਆਉਂਦਾ।

**ਭਾਵ**-**''ਕਰਿ ਮਹਿ ਅੰਮ੍ਰਿਤ ਆਣਿ ਨਿਸਾਰਿਓ॥ਖਿਸਰਿ ਗਇਓ ਭੂਮ ਪਰਿ ਡਾਰਿਓ॥''** (ਆਸਾ: ਮ:੫-੭੬) ਅਰਖਾਤ-ਹੱਥਾਂ ਵਿਖੇ ਸੁਆਸਾਂ ਦਾ ਅੰਮ੍ਰਿਤ ਈਸ਼੍ਵਰ ਨੇ ਦਿੱਤਾ ਸੀ, ਬੁੱਧੀ ਦਾ ਪੈਰ ਖਿਸਕ ਗਿਆ ਤੇ ਧਰਤੀ ਪੁਰ ਅੰਮ੍ਰਿਤ ਸਿੱਟ ਦਿੱਤਾ ਹੈ। ਵਿਖਿਆਂ ਤੇ ਝੂਠੇ ਧੰਦਿਆਂ ਵਿਖੇ ਬਿਰਥਾ ਸੁਆਸ ਗੁਆ ਦਿਤੇ ਗੁਰੂ ਗੋਪਕੇ ਏਸ ਹਾਲ ਨੂੰ ਪਹੁੰਚੇ।

## ੩. (ਗੁਰ ਗੋਪੂ ਬੇਮੁਖ ਹੈ)।

੧. ਆਪਿ ਨ ਵੰਞੈ ਸਾਹੁਰੈ ਸਿਖ ਲੋਕ ਸੁਣਾਵੈ।
੨. ਕੰਤੁ ਨ ਪੁਛੈ ਵਾਤੜੀ ਸੋਹਾਗੁ ਗਣਾਵੈ।
੩. ਚੂਹਾ ਖਡ ਨ ਮਾਵਈ ਲਕਿ ਛਜੁ ਵਲਾਵੈ।
੪. ਮੰਤੁ ਨ ਹੋਇ ਅਠੂਹਿਆ ਹਥੁ ਸਪੀਂ ਪਾਵੈ।
੫. ਸਰੁ ਸੰਨ੍ਹੈ ਆਗਾਸ ਨੋ ਫਿਰਿ ਮਥੈ ਆਵੈ।
੬. ਦੂਹੀ ਸਰਾਈ ਜਰਦਰੂ ਬੇਮੁਖ ਪਛਤਾਵੈ॥੩॥

**ਪਦਾਰਥ**-(ਕੰਤੁ=ਭਰਤਾ। ਵਾਤੜੀ=ਗੱਲ। ਸਰੁ=ਬਾਣ। (ਜ਼ਰਦਰੂ-ਪੀਲਾ ਮੂੰਹ, ਸ਼ਰਮਿੰਦਾ। )

**ਅਰਥ**-੧.(ਵਹੁਟੀ) ਆਪ ਤਾਂ ਸਹੁਰੇ ਘਰ ਜਾਂਦੀ ਨਹੀਂ ਪਰ ਲੋਕਾਂ ਨੂੰ ਸਿੱਖਜਾ ਦੇਂਦੀ ਹੈ (ਕਿ

ਸਹੁਰੇ ਘਰ ਰਹਿਣਾ ਵੱਡਾ ਚੰਗਾ ਤੇ ਸੱਸ ਸਹੁਰੇ ਦੀ ਆਗਿਆ ਵਿਚ ਚੱਲਣਾ ਸ੍ਰੇਸ਼ਟ ਹੈ)। ੨.ਭਰਤਾ (ਤਾਂ ਕਦੀਂ) ਗੱਲ ਨਹੀਂ ਕਰਦਾ, ਲੋਕਾਂ ਵਿਖੇ ਆਪਣਾ ਸੁਹਾਗ ਦੱਸਦੀ ਹੈ (ਕਿ ਮੈਂ ਵਡੀ ਸੋਹਾਗਣ ਹਾਂ, ਕਿਉਂ ਜੋ ਪਤੀ ਮੇਰੇ ਅਧੀਨ ਹੈ)। ੩.ਚੂਹਾ ਆਪ ਤਾਂ ਖੁੱਡ ਵਿਖੇ ਮਾਂਵਦਾ ਨਹੀਂ, ਲੱਕ ਨਾਲ ਛੱਜ ਬੰਨ੍ਹਦਾ ਹੈ। ੪.ਬਿੱਛੂ ਦਾ ਮੰਤ੍ਰ ਨਹੀਂ ਆਉਂਦਾ ਪਰ ਸਪਾਂ ਨੂੰ ਹੱਥ ਪਾਉਂਦਾ ਹੈ। ੫.(ਜੋ ਪੁਰਖ) ਅਕਾਸ਼ ਨੂੰ ਬਾਣ ਮਾਰੂ ਫੇਰ ਉਸ ਦੇ ਮੱਥੇ ਨੂੰ ਹੀ ਆਵੇਗਾ। (ਛੀਵੀਂ ਤੁਕ ਵਿਖੇ ਸਿੱਟਾ ਦੱਸਦੇ ਹਨ।) ੬.ਬੇਮੁਖ (ਲੋਕ ਪਰਲੋਕ) ਦੋਹ ਥਾਵਾਂ ਵਿਖੇ ਸ਼ਰਮਿੰਦਾ ਹੋਕੇ ਪਛੁਤਾਵੇਗਾ।

**ਭਾਵ**-"**ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ॥**" (ਸੁਖਮਨੀ-੫-੭) ਤਥਾ:- "**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥ਰਾਸਿ ਬਿਰਾਨੀ ਰਾਖਤੇ ਖਾਇਆ ਘਰ ਕਾ ਖੇਤੁ॥**" (ਸ: ਕਬੀ-੯੮) ਰੇਤੁ=ਧਿਕਾਰ। ਖੇਤੁ=ਗੁਣਾਂ ਦੀ ਪੈਲੀ।

ਜੋ ਆਪਣੇ ਅੰਦਰ ਗੁਰਮੁਖਤਾਈ ਦੀ ਅੰਸ਼ ਨਹੀਂ ਰਖਦਾ, ਜਿਸ ਵਿਚ ਲਿਵਲੀਨਤਾ ਨਹੀਂ ਅਰ ਜਿਸ ਨੂੰ ਸਾਂਈਂ ਪਿਆਰ ਨਹੀਂ ਕਰਦਾ, ਓਸ ਦਾ ਆਪਾ ਜਣਾਉਣਾ, ਗੁਰੂ ਗੋਪ ਕੇ ਉਸਤਾਦ ਬਣਨਾ ਅੰਤ ਲਈ ਪਛੁਤਾਵਾ ਸਹੇੜਨਾ ਹੈ।

## ੪. (ਬੇਮੁਖ ਰਸ ਨਹੀਂ ਲੈਂਦਾ)।

੧. ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।
੨. ਕੜਛੀ ਸਾਉ ਨ ਸੰਮ੍ਹਲੇ ਭੋਜਨ ਰਸੁ ਖਾਣੈ।
੩. ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਞਾਣੈ।
੪. ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।
੫. ਗੁਜਰੁ ਗੋਰਸੁ ਵੇਚਿਕੈ ਖੜਿ ਸੂੜੀ ਆਣੈ।
੬. ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ ॥੪॥

**ਪਦਾਰਥ**-(ਗੋਰਸੁ=ਦੁਧ। ਸੂੜੀ=ਛਾਣ ਬੂਰਾ। ਜਮਾਣੈ=ਜਮਾਂ ਦੇ।)

**ਅਰਥ**-੧.ਬਾਂਦਰ ਦੇ ਗਲ ਵਿਖੇ ਰਤਨਾਂ ਦੀ ਮਣੀ (ਪਾਈਏ) ਉਹ ਕੁਝ ਮੁੱਲ ਨਹੀਂ ਜਾਣਦਾ, (ਭਾਰ ਹੀ ਗੱਲ ਵਿਖੇ ਸਮਝਕੇ ਸਿੱਟ ਦੇਂਦਾ ਹੈ)। ੨.ਕੜਛੀ ਸੁਆਦ ਨਹੀਂ ਲੈਂਦੀ (ਭਾਵੇਂ) ਕਈ ਪਰਕਾਰ ਦੇ ਭੋਜਨਾਂ ਅਰ ਖਾਣਿਆਂ ਦੇ ਰਸਾਂ (ਸੁਆਦਾਂ ਵਿਖੇ ਫਿਰਦੀ ਹੈ;-'**ਕੜਛੀਆਂ ਫਿਰੰਨ੍ਹਿ ਸੁਆਉ ਨਾ ਜਾਣਨਿ ਸੁਞੀਆ**') (ਗੂਜ: ਵਾਰ-੧੨)। ੩.ਡੱਡੂ ਦਾ ਚਿੱਕੜ ਵਿਖੇ ਨਿਵਾਸ ਹੈ, (ਪਰੰਤੂ ਉਥੇ ਹੀ) ਕਵਲ (ਹੁੰਦਾ ਹੈ,) ਸਿਞਾਣ ਨਹੀਂ ਕਰਦਾ, (ਸਿਵਾਲ ਵਿਚ ਹੀ ਮਸਤ ਰਹਿੰਦਾ ਹੈ)। ੪.ਮਿਰਗ ਦੀ ਨਾਭੀ ਵਿਖੇ ਹੀ ਕਸਤੂਰੀ ਹੈ, ਹੈਰਾਨ ਹੋਇਆ ਲੱਭਦਾ ਫਿਰਦਾ ਹੈ (ਕਿ ਕਿਧਰੋਂ ਸੁਗੰਧੀ ਆ ਰਹੀ ਹੈ, ਆਪਣੀ ਨਾਭੀ ਵਲ ਧਿਆਨ ਨਹੀਂ ਦਿੰਦਾ, ਤਿਹਾ ਹੀ ਅੰਦਰ ਹੀ ਆਤਮਾ ਦਾ ਨਿਵਾਸ ਹੈ, ਬੇਮੁਖ ਬਾਹਰ ਸੁਖਾਂ ਨੂੰ ਢੂੰਡਦਾ ਥੱਕਕੇ ਮਰ ਜਾਂਦਾ ਹੈ।) ੫.ਗੁੱਜਰ ਦੁੱਧ ਵੇਚਕੇ ਖਲ ਅਤੇ ਛਾਣ ਬੂਰਾ ਲੈ ਆਉਂਦਾ ਹੈ। ੬.(ਤਿਵੇਂ) ਬੇਮੁਖ ਮੂਲ ਥੋਂ ਭੁੱਲਿਆ ਹੋਇਆ ਅੰਤ ਨੂੰ ਜਮਾਂ ਦੇ ਕਸ਼ਟ ਪਿਆ ਸਹਾਰਦਾ ਹੈ।

**ਭਾਵ**-"**ਪਾਪੀ ਕਰਮ ਕਮਾਂਵਦੇ ਕਰਦੇ ਹਾਏ ਹਾਏ॥ਨਾਨਕ ਜਿਉ ਮਥਨਿ ਮਾਧਾਣੀਆਂ ਤਿਉ ਮਥੇ ਧ੍ਰਮਰਾਇ॥**" (ਸ:ਵਾ:ਤੇ:ਵ:ਮ:੫-੯)

## ੫. (ਬੇਮੁਖ ਹੁੰਦਿਆਂ ਸੁੰਦਿਆਂ ਦੁਖੀ)।

੧. ਸਾਵਣਿ ਵਣਿ ਹਰੀਆਵਲੇ ਸੁਕੈ ਜਾਵਾਹਾ।
੨. ਸਭ ਕੋ ਸਰਸਾ ਵਰਸਦੇ ਝੂਰੇ ਜੋਲਾਹਾ।

੩. ਸਭਨਾ ਰਾਤਿ ਮਿਲਾਵੜਾ ਚਕਵੀ ਦੋਰਾਹਾ।
੪. ਸੰਖੁ ਸਮੁੰਦਹੁ ਸਖਣਾ ਰੋਵੈ ਦੇ ਧਾਹਾ।
੫. ਰਾਹਹੁ ਉਝੜਿ ਜੋ ਪਵੈ ਮੁਸੈ ਦੇ ਫਾਹਾ।
੬. ਤਿਉ ਜਗ ਅੰਦਰਿ ਬੇਮੁਖਾਂ ਨਿਤ ਉਭੇ ਸਾਹਾ ॥੫॥

**ਪਦਾਰਥ**-(ਹੀਆਵਲੇ=ਹਰੇ ਭਰੇ। ਸਰਸਾ=ਖੁਸ਼ੀ। ਦੋਰਾਹਾ=ਵਿਛੋੜਾ।)

**ਅਰਥ**-੧.ਸਾਵਣ (ਦੇ ਮਹੀਨੇ ਵਰਖਾ ਹੋਣ ਨਾਲ) ਬ੍ਰਿਛ ਹਰੇ ਹੁੰਦੇ ਹਨ (ਪਰ) ਜੁਵਾਹਾਂ ਸੁੱਕ ਜਾਂਦਾ ਹੈ। ੨.ਬਾਰਸ਼ ਨਾਲ ਸਭਨਾਂ ਦੇ (ਮਨ) ਆਨੰਦਿਤ ਹੁੰਦੇ ਹਨ, ਪਰੰਤੂ ਜੁਲਾਹਾ ਝੁਰਦਾ ਹੈ, (ਭਾਵ ਆਪ ਸ੍ਵਾਰਥੀ ਹੋਕੇ ਆਪਣੀ ਤਾਣੀ ਦੀ ਚਿੰਤਾ ਕਰਦਾ ਹੈ)। ੩.ਰਾਤ ਨੂੰ (ਆਪੋ ਆਪਣੇ ਘਰੀਂ) ਸਭ ਦਾ ਮਿਲਾਪ ਹੁੰਦਾ ਹੈ, (ਪਰੰਤੂ) ਚਕਵੀ (ਚੱਕ੍ਰਿਤ ਹੋਕਰ ਦੋ ਰਾਹਾਂ ਵਿਚ ਫਸੀ ਹੋਈ) ਦੋ ਦਿਲੀ ਰਹਿੰਦੀ ਹੈ। ੪.ਸੰਖ ਸਮੁੰਦ੍ਰ ਥੋਂ ਖਾਲੀ ਨਿਕਲਦਾ ਹੈ, (ਇਸ ਲਈ ਪ੍ਰਾਤਾਕਾਲ ਤੇ ਸੰਧਿਆ ਸਮੇਂ) ਧਾਹਾਂ ਮਾਰ ਮਾਰ ਰੋਂਦਾ ਹੈ (**"ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ"**) (ਸ: ਕਬੀ-੧੨੬)। ੫.ਸਿੱਧੇ ਰਸਤਿਓਂ ਜੋ ਪ੍ਰਾਣੀ ਉਜੜ ਨੂੰ ਜਾਵੇ (ਚੋਰ ਲੋਕ ਗਲ ਵਿਖੇ) ਫਾਹਾ ਪਾਕੇ (ਉਸ ਨੂੰ) ਲੁਟ ਲੈਂਦੇ ਹਨ। ੬.ਤਿਵੇਂ ਜਗਤ ਵਿਖੇ ਬੇਮੁਖ ਸਦਾ ਉੱਭੇ ਸਾਹ ਲੈਂਦੇ ਹਨ (ਦੁਖੀ ਰਹਿੰਦੇ ਹਨ)।

## ੬. (ਬੇਮੁਖ ਗਿੱਦੜ ਦਾਖ ਹੈ)।

(ਆਪਣਾ ਦੋਸ਼ ਦੂਏ ਨੂੰ)

੧. ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ।
੨. ਨਚਣੁ ਨਚਿ ਨ ਜਾਣਈ ਆਖੈ ਭੁਇ ਸਉੜੀ।
੩. ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ।
੪. ਹੰਸਾਂ ਨਾਲਿ ਟਟੀਹਰੀ ਕਿਉਂ ਪਹੁਚੈ ਦਉੜੀ।
੫. ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ।
੬. ਬੇਮੁਖ ਸੁਖੁ ਨ ਦੇਖਈ ਜਿਉ ਛੁਟੜਿ ਛਉੜੀ ॥੬॥

**ਪਦਾਰਥ**-(ਸਉੜੀ=ਤੰਗ। ਅਉੜੀ=ਹਾੜ, ਔੜ ਦਾ ਸਮਾਂ। ਛਉੜੀ=ਦੁਖੀ, ਛੱਡੀ ਹੋਈ।)

**ਅਰਥ**-੧.(ਜਦ) ਗਿੱਦੜ (ਕਿਸੇ) ਦਾਖ (ਦੇ ਬੂਟੇ) ਤੀਕ ਪਹੁੰਚ ਨਾ ਸੱਕੇ ) ਤਦੋਂ ਥੂਹ ਕਉੜੀ ਆਖਕੇ (ਚਲਿਆ ਜਾਂਦਾ ਹੈ ਕਿ ਕਿਸੇ ਕੰਮ ਦੀ ਨਹੀਂ, ਖੱਟੀ ਟੀਟ ਹੈ, ਅਪ ਪਹੁੰਚ ਨਹੀਂ ਸਕਦਾ ਦੋਸ਼ ਦਾਖ ਦੇ ਸਿਰ ਤੇ ਮਲਦਾ ਹੈ)। ੨.(ਨੱਚਣ ਵਾਲੀ) ਨੱਚਣੀ (ਆਪ ਤਾਂ) ਨੱਚਣਾ ਜਾਣਦੀ ਨਹੀਂ, ਕਹਿੰਦੀ ਹੈ ਕਿ ਇਹ ਥਾਊਂ ਭੀੜੀ ਹੈ। ੩.ਬੋਲੇ ਅੱਗੇ ਜੇਕਰ ਗਾਵੀਏ, ਜਿਹਾ ਭੈਰਉ ਰਾਗ ਤਿਹਾ ਹੀ ਗਉੜੀ ਹੈ, (ਉਸ ਦੇ ਭਾਣੇ ਸਵੇਰ ਅਤੇ ਲੌਢੇ ਪਹਿਰ ਦਾ ਰਾਗ ਇਕੋ ਜਿਹਾ ਹੈ ਕਿਉਂ ਜੋ ਉਹ ਤਾਂ ਸੁਣਦਾ ਹੀ ਨਹੀਂ)। ੪.ਹੰਸਾਂ ਦੇ ਨਾਲ ਟਟੀਹਰੀ (ਨਿੱਕੀ ਗੁਟਾਰ) ਕਿੱਕੁਰ ਦੌੜਕੇ ਪਹੁੰਚ ਸਕਦੀ ਹੈ। ੫.ਸਾਵਣ ਵਿਚ ਬ੍ਰਿੱਛ (ਜਾਂ ਬਨ) ਹਰੇ ਹੁੰਦੇ ਹਨ, (ਪਰ) ਅੱਕ ਔੜ ਵਿਚ ਉਗਦਾ ਹੈ (ਸਾਵਣ ਵਿਚ ਨਹੀਂ ਮਿਲਦਾ)।੬.(ਤਿਵੇਂ) ਬੇਮੁਖ ਸੁਖ ਨਹੀਂ ਪਾਉਂਦੇ, ਜਿਸ ਤਰ੍ਹਾਂ ਛੁੱਟੜ ਇਸਤ੍ਰੀ ਦੁਖੀ ਹੈ।

**ਭਾਵ**-ਛੁੱਟੜ ਸੁਖੀ ਨਹੀਂ ਹੁੰਦੀ, ਔਗੁਣ ਉਸ ਦੇ ਵਿਚ ਆਪ ਹੁੰਦਾ ਹੈ ਤੇ ਗਿੱਦੜ ਵਾਂਙ ਭੁੰਕਾਰੇ ਮਾਰਦੀ ਹੈ ਕਿ ਪਤੀ ਨਲੈਕ ਹੈ, ਤਿਵੇਂ ਬੇਮੁਖ ਆਪ ਭੈੜੇ ਹੁੰਦੇ ਹਨ ਤੇ ਕਹਿੰਦੇ ਹਨ ਕਿ ਗੁਰੂ ਦਾ ਰਸਤਾ ਮਾੜਾ ਸੀ ਅਸੀਂ ਏਸ ਕਰਕੇ ਪਿੱਠ ਦਿੱਤੀ ਹੈ।

## ੭. (ਬੇਮੁਖ ਦੀ ਸੰਗਤ ਦਾ ਫਲ)।

੧. ਭੇਡੇ ਪੂਛਲਿ ਲਗਿਆ ਕਿਉਂ ਪਾਰਿ ਲਘੀਐ।
੨. ਭੂਤ ਕੇਰੀ ਦੋਸਤੀ ਨਿਤ ਸਹਸਾ ਜੀਐ।
੩. ਨਦੀ ਕਿਨਾਰੈ ਰੁਖੜਾ ਵੇਸਾਹੁ ਨ ਕੀਐ।
੪. ਮਿਰਤਕ ਨਾਲਿ ਵਿਆਹੀਐ ਸੋਹਾਗੁ ਨ ਥੀਐ।
੫. ਵਿਸੁ ਹਲਾਹਲ ਬੀਜਿਕੈ ਕਿਉ ਅਮਿਉ ਲੀਐ*।
੬. ਬੇਮੁਖ ਸੇਤੀ ਪਿਰਹੜੀ ਜਮ ਡੰਡ ਸਹੀਐ† ॥੭॥

**ਪਦਾਰਥ**-(ਵਿਸੁ ਹਲਾਹਲ=ਤੇਲੀਆ ਮਹੁਰਾ।

**ਅਰਥ**-੧.ਭੇਡ ਦੀ ਪੂਛ ਫੜਕੇ (ਕੋਈ ਨਦੀ ਪਾਰ ਜਾਣਾ ਚਾਹੇ) ਕਿਉਂ ਕਰ ਲੰਘ ਸਕੂ (ਭਾਵ ਨਦੀ ਵਿਚੇ ਹੀ ਗੋਤੇ ਖਾਊ)। ੨.ਭੂਤ ਦੀ ਪ੍ਰੀਤ ਨਾਲ ਜੀਵਣ ਦਾ ਨਿਤ ਸੰਸਾ ਹੀ ਰਹਿੰਦਾ ਹੈ, (ਖਬਰ ਨਹੀਂ ਕਦੋਂ ਮਿੱਤਰ ਨੂੰ ਹੀ ਮਾਰ ਸੁੱਟੂ)। ੩.ਨਦੀ ਦੇ ਕੰਢੇ ਦੇ ਬ੍ਰਿਛ ਦਾ ਭਰੋਸਾ ਕਰਨਾ ਜੋਗ ਨਹੀਂ (ਕਿਉਂ ਜੋ ਥੋੜੇ ਹੀ ਪਾਣੀ ਦੇ ਵੇਗ ਨਾਲ ਡਿਗ ਪੈਂਦਾ ਹੈ)। ੪.ਮੁਰਦੇ ਨਾਲ ਵਿਆਹ ਕਰਨ ਨਾਲ ਸੋਹਾਗ ਨਹੀਂ ਹੁੰਦਾ (ਭਾਵ ਰੰਡੇਪਾ ਹੀ ਰਹੂ)। ੫.ਵਿਸ ਹਲਾਹਲ (ਅਰਥਾਤ ਤੇਲੀਆ ਮਹੁਰਾ) ਬੀਜਕੇ ਕਿੱਕੁਰ ਅੰਮ੍ਰਿਤ (ਫਲ) ਕਟ ਸਕੀਦੇ ਹਨ? (ਭਾਵ ਮੌਤ ਹੀ ਤਿਆਰ ਹੈ)। (ਹੁਣ ਛੇਵੀਂ ਤੁਕ ਵਿਖੇ ਦਾਰਸ਼ਟਾਂਤ ਦੱਸਦੇ ਹਨ)। ੬.ਗੁਰ ਤੋਂ ਬੇਮੁਖ ਨਾਲ ਪ੍ਰੀਤ ਕਰਨ ਵਿਖੇ ਜਮ ਦਾ ਡੰਡਾ ਸਹਾਰਨਾ ਪੈਂਦਾ ਹੈ। (ਯਥਾ-"**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥ ਬਾਸਨੁ ਕਾਰੋ ਪਰਸੀਐ ਤਉ ਕਿਛੁ ਲਾਗੈ ਦਾਗੁ**") (ਸ: ਕਬੀ:੧੩੧)।

## ੮. (ਬੇਮੁਖ ਆਪ ਦੋਸ਼ੀ ਹੈ)।

੧. ਕੋਰੜੂ ਮੋਠੁ ਨ ਰਿਝਈ ਕਰਿ ਅਗਨੀ ਜੋਸ।
੨. ਸਹਸ ਫਲਹੁ ਇਕੁ ਵਿਗੜੈ ਤਰਵਰ ਕੀ ਦੋਸੁ।
੩. ਟਿਬੈ ਨੀਰੁ ਨ ਥਾਹਰੈ ਘਣਿ ਵਰਸਿ ਗਇਓਸੁ।
੪. ਵਿਣੁ ਸੰਜਮਿ ਰੋਗੀ ਮਰੈ ਚਿਤਿ ਵੈਦ ਨ ਰੋਸੁ।
੫. ਅਵਿਆਵਰ ਨ ਵਿਆਵਈ ਮਸਤਕਿ ਲਿਖਿਓਸੁ।
੬. ਬੇਮੁਖ ਪੜੈ ਨ ਇਲਮ‡ ਜਿਉ ਅਵਗੁਣ ਸਭਿ ਓਸੁ ॥੮॥

**ਪਦਾਰਥ**-(ਕਰੋੜ=ਕਰੜਾ। ਜੋਸੁ=ਉਬਾਲਾ। ਸਹਸ ਫਲਹੁ=ਹਜ਼ਾਰ ਫਲਾਂ ਵਿਚੋਂ (ਵਿਗੜੈ=ਨਾ ਠਹਿਰੇ। ਖਰਾਬ ਹੋ ਜਾਏ। ਘਣਿ ਵਰਸਿ=ਬੱਦਨ ਵੱਸ ਗਿਆ। (ਅਵਿਆਵਰ=ਸੰਢ, ਨਾ ਪ੍ਰਸੂਤਾ ਹੋਣ ਵਾਲੀ (ਤ੍ਰੀਮਤ)।

**ਅਰਥ**-੧.ਕੋਰੜੂ ਮੋਠ (ਦਾ ਦਾਣਾ) ਰਿੱਝਦਾ ਨਹੀਂ, ਭਾਵੇਂ ਅੱਗ ਦੇਕੇ ਕਿੰਨਾ ਉਬਾਲੋ। ੨.ਹਜ਼ਾਰ ਫਲਾਂ ਵਿਚੋਂ (ਜੇਕਰ) ਇਕ (ਫਲ) ਵਿਗੜ (ਡਿਗ) ਜਾਵੇ ਤਾਂ ਬ੍ਰਿਛ ਦਾ ਕੀ ਦੂਖਨ ਹੈ? (ਬ੍ਰਿਛ

---

*ਪਾ:-"ਅੰਬ ਉਲਹੀਐ, ਅਮਿਓ ਲੁਣੀਐ। †ਇਕ ਲਿਖਤੀ ਪੋਥੀ ਵਿਚ ਇਸ ਪਉੜੀ ਦੀਆਂ ਪਹਿਲੀਆਂ ਤਿੰਨ ਤੁਕਾਂ ਅਗੜ ਪਿਛੜ ਹਨ:-੧. ਨਦੀ ਕਿਨਾਰੇ, ੨. ਭੂਤੈ ਕੇਰੀ, ੩. ਭੇਡੈ ਪੂਛਲਿ। ਤੇ ਚੌਥੀ ਸਤਰ ਹੋਰ ਵਧ ਹੈ, ਜਿਸ ਦਾ ਪਾਠ ਹੈ-ਕੰਚਨ ਕਚੁ ਵਿਆਝੀਐ ਕਿਉਂ ਲਾਹਾ ਲੀਐ। ‡ਪਾ। ਇਲਿ।

ਤਾਂ ਨਹੀਂ ਡਿੱਗਦਾ, ਤਿਵੇਂ ਬੇਮੁਖ ਦਾ ਆਪ ਪਤਿਤ ਹੋਣ ਵਿਚ ਆਪਦਾ ਦੋਸ਼ ਹੈ)। ੩.ਟਿਬਿਆਂ (ਅਰਥਾਤ ਉੱਚੀਆਂ ਥਾਵਾਂ) ਪੁਰ ਪਾਣੀ ਨਹੀਂ ਠਹਿਰਦਾ, (ਭਾਵੇਂ ਘਣਾਂ) ਬਦਲ (ਉਸ ਪੁਰ) ਵਰਸ ਗਿਆ ਹੋਵੇ। ੪.ਪੱਥ ਤੋਂ ਬਾਝ ਰੋਗੀ ਮਰ ਜਾਂਦਾ ਹੈ, ਹਕੀਮ ਪੁਰ ਚਿਤ ਵਿਖੇ ਗੁੱਸਾ ਨਹੀਂ (ਕਰਨਾ ਚਾਹੀਏ)। ੫.ਸੰਢ ਤ੍ਰੀਮਤ ਪ੍ਰਸੂਤਾ ਨਹੀਂ ਹੁੰਦੀ, ਉਸ ਦੇ ਮੱਥੇ ਦਾ ਲੇਖ ਹੀ ਅਜਿਹਾ ਹੈ (ਪਤੀ ਦਾ ਕੀ ਦੂਖਣ ਹੈ, ਅੱਗੇ ਦ੍ਰਿਸ਼ਟਾਂਤ ਦਿੰਦੇ ਹਨ)। ੬.(ਗੁਰੂ ਥੋਂ) ਬੇਮੁਖ (ਰਹਿਣ ਵਾਲਾ 'ਇਲਮ') ਗਿਆਨ ਨਹੀਂ ਸਿੱਖਦਾ ਤਾਂ ਸਾਰੇ ਅਵਗੁਣ ਉਸੇ ਵਿਖੇ ਹਨ।

**ਭਾਵ**-ਗੁਰੂ ਵਿਖੇ ਕੋਈ ਅਵਗੁਣ ਨਹੀਂ, ਕਿਉਂ ਜੋ ਸੂਰਦਾਸ ਆਪਹੀ ਆਰਸੀ ਦੇਖ ਨਹੀਂ ਸਕਦਾ ਤਾਂ ਆਰਸੀ ਦਾ ਕੀ ਆਲਸ ਹੈ ਤੇ ਸੂਰਜ ਦਾ ਕੀ ਦੋਸ਼ ਹੈ। ਬੇਮੁਖ ਵਿਖੇ ਗਿਆਨ ਵੈਰਾਗ ਦੀਆਂ ਅੱਖਾਂ ਨਹੀਂ ਹਨ, ਇਸ ਲਈ ਕੁਝ ਲਾਭ ਨਹੀਂ।

## ੯. (ਬੇਮੁਖ ਦੀ ਕਮਾਈ ਦੋਸ਼ੀ ਹੈ)।

੧. ਅੰਨ੍ਹੈ ਚੰਦੁ ਨ ਦਿਸਈ ਜਗਿ ਜੋਤਿ ਸਬਾਈ।
੨. ਬੋਲਾ ਰਾਗੁ ਨ ਸਮਝਈ ਕਿਹੁ ਘਟਿ ਨ ਜਾਈ।
੩. ਵਾਸੁ ਨ ਆਵੈ ਗੁਣਗੁਣੈ ਪਰਮਲੁ ਮਹਿਕਾਈ।
੪. ਗੁੰਗੈ ਜੀਭ ਨ ਉਘੜੈ ਸਭਿ ਸੁਬਦਿ ਸੁਹਾਈ।
੫. ਸਤਿਗੁਰ ਸਾਗਰੁ ਸੇਵਿਕੈ ਨਿਧਿ ਸਭਨਾਂ ਪਾਈ।
੬. ਬੇਮੁਖ ਹਥਿ ਘਘੂਟਿਆ ਤਿਸੁ ਦੋਸੁ ਕਮਾਈ ॥੯॥

**ਪਦਾਰਥ**-(ਘਟਿ ਨ=ਘਟਦਾ ਨਹੀਂ। ਗੁਣ ਗੁਣੈ=ਨਕ ਫੀਨੈ, ਘ੍ਰਾਣ ਸ਼ਕਤੀ ਨ ਹੋਣ ਵਾਲਾ (ਨੱਕ। ਪਰਮਲੁ=ਚੰਦਨ। ਸਭਿ=ਸਭਨਾਂ ਨੂੰ। ਘਘੂਟਿਆ=ਘੋਗੇ।)

**ਅਰਥ**-੧.ਸੂਰਦਾਸ ਨੂੰ ਚੰਦਰਮਾਂ ਨਹੀਂ ਦਿਸਦਾ, ਜਗਤ ਵਿਖੇ (ਉਸ ਦੀ) ਜੋਤਿ ਸਾਰੇ ਆਈ ਹੋਈ ਹੈ। ੨.ਡੋਰੇ ਨੂੰ ਰਾਗ ਦੀ ਕੁਝ ਸਮਝ ਨਾ ਆਵੇ (ਤਾਂ ਰਾਗ ਦਾ) ਕੁਝ ਘਟ ਨਹੀਂ ਜਾਂਦਾ। ੩.ਜਿਸ ਦੀ ਘ੍ਰਾਣ ਸ਼ਕਤੀ ਨਹੀਂ ਹੈ, ਉਸ ਨੂੰ ਸੁਗੰਧ ਨਹੀਂ ਆਉਂਦੀ, ਪਰ ਚੰਦਨ ਮਹਿਕ ਰਿਹਾ ਹੈ, (ਭਾਵ ਗੁਰੂ ਨਾਮ ਦੀ ਵਾਸ਼ਨਾ ਦੇ ਰਹੇ ਹਨ, ਬੇਮੁਖ ਨੂੰ ਅਨੰਦ ਨਹੀਂ ਆਉਂਦਾ)। ੪.ਗੁੰਗੇ ਦੀ ਜੀਭ ਨਹੀਂ ('ਉਘੜਦੀ') ਖੁਲਦੀ, ਸ਼ਬਦ ਤਾਂ ਸਭਨਾਂ ਨੂੰ ਸੁਭਾਇਮਾਨ ਕਰ ਰਿਹਾ ਹੈ। ਹੇਠਲੀਆਂ ਦੋ ਤੁਕਾਂ ਵਿਖੇ ਸਾਰਾ ਰਹੱਸ ਪ੍ਰਗਟ ਕਰਦੇ ਹਨ)। ੫.ਸਭਨਾਂ (ਸ਼ਰਧਾਲੂਆਂ) ਨੇ ਸਤਿਗੁਰੂ (ਗੁਰੂ ਨਾਨਕ) ਸਮੁੰਦਰ ਨੂੰ ਸੇਵਕੇ ਨਿਧਿ (ਸੰਪਦਾ) ਪਾ ਲੀਤੀ ਹੈ, (ਸਮੁੰਦਰ ਵਿਚੋਂ ਸਤਿ ਸੰਤੋਖਾਦਿ ਮੋਤੀ ਲੱਭ ਲੀਤੇ ਹਨ, ਪਰੰਤੂ)। ੬.ਬੇਮੁਖ ਦੇ ਹੱਥ ਵਿਖੇ ਘੋਗੇ ਹੀ ਆਏ, ਭਾਵ (ਵਿਖਿਆ ਵਿਚ ਹੀ ਗ਼ਲਤਾਨ ਰਿਹਾ, ਇਹ) ਉਸ ਦੀ ਕਮਾਈ ਦਾ ਹੀ ਦੂਸ਼ਨ ਹੈ (ਸਤਿਗੁਰੂ ਤਾਂ ਸਮੁੰਦਰ ਵਤ ਗਹਿਰ ਗੱਭੀਰ ਪੁਰਉਪਕਾਰੀ ਹਨ)।

## ੧੦. (ਬੇਮੁਖ ਦੇ ਮਸਤਕ ਦਾ ਰੂਪ)।

੧. ਰਤਨ ਉਪੰਨੇ ਸਾਇਰਹੁ ਭੀ ਪਾਣੀ ਖਾਰਾ।
੨. ਸੁਝਹੁ ਸੁਝਨਿ ਤਿਨਿ ਲੋਅ ਅਉਲੰਗੁ ਵਿਦਿਕਾਰਾ।
੩. ਧਰਤੀ ਉਪਜੈ ਅੰਨੁ ਧਨੁ ਵਿਚਿ ਕਲਰੁ ਭਾਰਾ।

੪. ਈਸਰੁ ਤੁਸੈ ਹੋਰਨਾ ਘਰ ਖਪਰੁ ਛਾਰਾ।
੫. ਜਿਉ ਹਣਵੰਤਿ ਕਛੋਟੜਾ ਕਿਆ ਕਰੈ ਵਿਚਾਰਾ।
੬. ਬੇਮੁਖ ਮਸਤਕਿ ਲਿਖਿਆ ਕਉਣ ਮੇਟਣਹਾਰਾ ॥੧੦॥

**ਪਦਾਰਥ**-(ਸਾਇਰਹੁ=ਸਮੁੰਦ੍ਰ ਥੋਂ। ਸੁਝਹੁ=ਚੰਦ੍ਰਮਾ ਥੋਂ। ਅਉਲੰਗੁ=ਕਲੰਕ। ਈਸਰੁ=ਸ਼ਿਵ। ਤੁਸੈ=ਕਿਰਪਾਲੁ ਹੁੰਦਾ ਹੈ।)

**ਅਰਥ**-੧.ਸਮੁੰਦ੍ਰ ਥੋਂ ਰਤਨ ਨਿਕਲੇ, ਪਰੰਤੂ ਪਾਣੀ ਉਸ ਦਾ ਖਾਰਾ ਹੀ ਹੈ। ਚੰਦ੍ਰਮਾਂ ਤੋਂ ਤਿੰਨੇ ਲੋਕ ਪ੍ਰਕਾਸ਼ਤ ਹੁੰਦੇ ਹਨ, ਪਰੰਤੂ ਉਸ ਦੇ ਵਿਚ (ਕਾਲਖ) ਦਾ ਕਲੰਕ ਲਗਾ ਹੋਇਆ ਹੈ। ੩.ਪ੍ਰਿਥਵੀ ਵਿਚੋਂ ਅੰਨ ਧਨ ਉਪਜਦਾ ਹੈ, (ਪਰੰਤੂ) ਕੱਲਰ (ਉਸ) ਵਿਖੇ ਬਾਹਲਾ ਹੈ, ੪.ਸ਼ਿਵ ਹੋਰਨਾਂ ਨੂੰ (ਕਿਰਪਾਲੂ ਹੋਕੇ) ਵਰ ਦੇਂਦਾ ਹੈ, (ਪਰੰਤੂ ਉਸ ਦੇ) ਘਰ ਖੱਪਰ ਤੇ ਸੁਆਹ ਹੀ ਹੈ, ੫.ਜਿੰਕੂ ਹਨੂੰਮਾਨ (ਸਮੁੰਦ੍ਰ ਟੱਪਕੇ ਸੀਤਾ ਦੀ ਖਬਰ ਲਿਆਂਦੀ ਅਰ ਰਾਖਸ਼ ਮਾਰੇ, ਲੰਕਾ ਵਿਖੇ ਫਤੇ ਪਾਈ, ਜੀਵਣ ਬੂਟੀ ਲਿਆਂਦੀ, ਪਰੰਤੂ ਉਸ ਦੇ ਤੇੜ) ਕਛਉਟੀ ਹੀ ਰਹੀ, ਵਿਚਾਰਾ ਕੀ ਕਰੇ (**"ਕਰਮ ਕਰਿ ਕਛਉਟੀ ਮਫੀਟਸਿਰੀ॥"** (ਧਨਾ: ਤ੍ਰਿਲੋ-੧-੫) ਉਸ ਦੇ ਕਰਮਾਂ ਵਿਚ ਇਹੋ ਲਿਖੀ ਸੀ ਸੋ ਸਿਰੋਂ ਨਾ ਟਲੀ ਕਿਉਂ ਜੋ ਰਾਮ ਜੀ ਨੇ ਕਿਹਾ ਸੀ ਜਦ ਸੰਜੀਵਨੀ ਬੂਟੀ ਆਊ ਜੋ ਪੁਸਾਕ ਸਾਡੇ ਅੰਗ ਹੋਊ ਲਾਹ ਦੇਵਾਂਗੇ। ਗੱਲ ਕੀ ਤਦੋਂ ਇਸਨਾਨ ਕਰ ਰਹੇ ਸਨ ਇਕ ਇਹੋ ਤੇੜ ਸੀ, ਲਾਹਕੇ ਹਨੂੰਮਾਨ ਨੂੰ ਦੇ ਦਿੱਤੀ)। ੬.ਬੇਮੁਖ ਦੇ ਮੱਥੇ ਦਾ ਲੇਖ ਕੌਣ ਮੇਟ ਸਕਦਾ ਹੈ?

**ਭਾਵ**-ਬੇਮੁਖ ਭਾਵੇਂ ਸਾਇਰ, ਚੰਦ੍ਰਮਾ, ਧਰਤੀ, ਸ਼ਿਵ, ਹਨੂੰਮਾਨ ਵਾਂਗੂੰ ਕਈ ਗੱਲੀਂ ਸਮਰਥ ਅਰ ਪੂਰਾ ਬੀ ਹੋਊ ਪਰੰਤੂ ਫੇਰ ਬੀ ਉਸ ਦੇ ਵਿਖੇ (ਗੁਰੂ ਤੋਂ ਬੇਮੁਖਤਾਈ ਦਾ) ਭਾਰੀ ਦੂਸ਼ਨ ਹੈ, ਉਸ ਦੇ ਤਿੰਨ ਕਾਣੇ ਕਦੇ ਪੂਰਨ ਨਹੀਂ ਹੋਣਗੇ, ਸਦਾ ਕਲੰਕਤ ਹੀ ਰਹੂ। ਹਨੂੰਮਾਨ ਤੇ ਸ਼ਿਵ ਨੂੰ ਬੇਮੁਖ ਕਹਿਣ ਤੋਂ ਮਤਲਬ ਨਹੀਂ ਹੈ, ਬਲਕਿ ਉਨ੍ਹਾਂ ਦੇ ਆਪ ਸੰਪਦਹੀਨ ਹੋਣ ਤੋਂ ਮਤਲਬ ਹੈ ਦ੍ਰਿਸ਼ਟਾਂਤ ਦਾ ਇਕ ਅੰਗ ਲਿਆ ਜਾਂਦਾ ਹੈ।

## ੧੧. (ਬੇਮੁਖ ਝੂਠਾ ਹੈ)।

੧. ਗਾਂਈ ਘਰਿ ਗੋਸਾਂਈਆ ਮਾਧਾਣੁ ਘੜਾਏ।
੨. ਘੋੜੇ ਸੁਣਿ ਸਉਦਾਗਰਾ ਚਾਬਕ ਮੁਲਿ ਆਏ।
੩. ਦੇਖਿ ਪਰਾਏ ਭਾਜਵਾੜ ਘਰਿ ਗਾਹੁ ਘਤਾਏ।
੪. ਸੁਇਨਾਂ ਹਟਿ ਸਰਾਫ ਦੇ ਸੁਨਿਆਰ ਸਦਾਏ।
੫. ਅੰਦਰਿ ਢੋਈ ਨ ਲਹੈ ਬਾਹਰਿ ਬਾਫਾਏ।
੬. ਬੇਮੁਖ ਬਦਲ ਛਾਵ ਹੈ ਕੂੜੇ ਆਲਾਏ ॥੧੧॥

**ਪਦਾਰਥ**-(ਗੋਸਾਈਆ=ਗੁੱਜਰਾਂ, ਮਾਲਕਾਂ। ਭਾਜਵਾੜ=ਖਲਵਾੜੇ। ਬਾਫਾਏ=ਰਿੱਬਣਾ। ਗੱਪਾਂ, ਸ਼ਟੱਲਾਂ ਮਾਰਨੀਆਂ। ਬਦਲ ਛਾਵ=ਖਿਨ ਭੰਗਰ।)

**ਅਰਥ**-੧.ਗਊਆਂ ਤਾਂ ਗੁੱਜਰਾਂ (ਅਥਵਾ ਮਾਲਕਾਂ) ਦੇ ਘਰ ਹਨ, (ਸ਼ੇਖ ਚਿਲੀ ਨੇ) ਮਧਾਣੀਆਂ ਘੜਾ ਛੱਡੀਆਂ (ਕਿ ਗਊਆਂ ਦੇ ਦੁੱਧ ਤੋਂ ਮੱਖਣ ਕੱਢਾਂਗੇ)। ੨.ਘੋੜੇ ਸੁਦਾਗਰਾਂ (ਵਪਾਰੀਆਂ) ਦੇ ਘਰ ਸੁਣਕੇ, (ਆਪ ਮੁੱਲ ਲੀਤੇ ਨਹੀਂ ਪਰ)ਚਾਬਕ (ਘੋੜਿਆਂ ਲਈ ਅਗੇਤਰੇ ਹੀ) ਮੁਲ ਲੈ ਛੱਡੇ (ਮਾਰਣ ਦਾ ਉਪਾਉ ਪਹਿਲਾਂ ਹੀ ਕਰ ਰੱਖਿਆ)। ੩.ਪਰਾਏ ਖਲਵਾੜੇ (ਦਾਣਿਆਂ ਦੇ ਬੋਹਲ) ਦੇਖਕੇ ਆਪਣੇ ਘਰ ਗਾਹ ਘਤਾ ਛੱਡੇ, (ਹਾਲੀ ਵੱਸਣੋਂ ਹੀ ਗਿਆ)। ੪.ਸੋਨਾ ਸਰਾਫ ਦੀ ਹੱਟੀ (ਪੁਰ ਬਾਹਲਾ ਵਿਕਦਾ) ਦੇਖਕੇ (ਆਪਣੇ ਘਰ) ਸੁਨਿਆਰੇ ਸਦਵਾਏ (ਕਿ ਸੋਨੇ ਨੂੰ ਪਰਖ ਕੇ ਮੁਲ

ਦੱਸਣਗੇ) ੫.ਘਰ ਦੇ ਅੰਦਰ (ਚੱਪਾ) ਥਾਉਂ ਨਹੀਂ ਲੱਭਦੀ, ਬਾਹਰ ਗੱਪਾਂ ਮਾਰਦਾ ਹੈ (ਕਿ ਸਾਡੇ ਅੰਦਰ ਵਡੇ ਪਰਾਹੁਣੇ ਗੁਜ਼ਾਰਾ ਕਰ ਸਕਦੇ ਹਨ)। (ਛੀਵੀਂ ਤੁਕ ਵਿਖੇ ਸਾਰਾ ਉਪਰਲਾ ਤੱਤ ਦੱਸਦੇ ਹਨ)। ੬.ਬੇਮੁਖ ਦੀ ਬੱਦਲ ਵਾਲੀ ਛਾਯਾ ਹੈ, (ਪਲ ਕਿਧਰੇ ਪਲ ਕਿਧਰੇ, ਜੋ ਬੋਲਦਾ ਹੈ ਸੋ) ਕੂੜ ਹੀ ਬੋਲਦਾ ਹੈ।

**ਭਾਵ**-"ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿੰਦ ਭਜਨ ਬਿਨ ਹੜ ਕਾ ਜਲੁ॥" (ਟੋਡੀ:ਮ:੫-੨੬) ਵੇਮੁਖ ਦਾ ਸਾਰਾ ਕਰਮ ਪਾਨੀ ਦੀ ਲੀਕ ਵਾਂਗੂੰ ਖਿਨਭੰਗਰ ਹੈ, ਗੱਪਾਂ ਤੇ ਝੂਠ ਨਾਲ ਲਿਬੜਿਆ ਹੋਇਆ ਹੈ।

## ੧੨. (ਬੇਮੁਖ-ਖਾਲੀ ਹੋ ਗਿਆ)।

੧. ਮਖਣੁ ਲਇਆ ਵਿਰੋਲਿਕੈ ਛਾਹਿ ਛੁਟੜਿ ਹੋਈ।
੨. ਪੀੜ ਲਈ ਰਸੁ ਗੰਨਿਅਹੁੰ ਛਿਲੁ ਛੁਹੈ ਨ ਕੋਈ।
੩. ਰੰਗੁ ਮਜੀਠਹੁ ਨਿਕਲੈ ਅਢੁ ਲਹੈ ਨ ਸੋਈ।
੪. ਵਾਸੁ ਲਈ ਫੁਲਵਾੜੀਅਹੁ ਫਿਰਿ ਮਿਲੇ ਨ ਢੋਈ।
੫. ਕਾਇਆ ਹੰਸੁ ਵਿਛੁੰਨਿਆ ਤਿਸੁ ਕੋ ਨ ਸਥੋਈ।
੬. ਬੇਮੁਖ ਸੁਕੇ ਰੁਖ ਜਿਉ ਵੇਖੈ ਸਭ ਲੋਈ॥੧੨॥

**ਪਦਾਰਥ**-(ਵਿਰੋਲਿਕੈ=ਰਿੜਕਕੇ। ਢੋਈ=ਆਸ਼੍ਰਯ। ਹੰਸੁ=ਜੀਵ।)

**ਅਰਥ**-੧.ਰਿੜਕ ਕੇ ਮੱਖਣ ਕੱਢ ਲਿਆ, (ਪਿੱਛੋਂ 'ਛਾਹ') ਲੱਸੀ ਛੁਟੜ ਹੋ ਜਾਂਦੀ ਹੈ (ਭਾਵ ਨਿਕਦਰੀ ਹੋ ਜਾਂਦੀ ਹੈ)। ੨.(ਜਦ) ਰਹੁ ਗੰਨੇ ਵਿਚੋਂ (ਵੇਲਨੇ ਵਿਚ) ਪੀੜਕੇ ਕੱਢ ਲਈ, ਤਾਂ ਪੱਛੀ ਨੂੰ ਕੋਈ ਨਹੀਂ ਛੋਂਹਦਾ (ਅੱਗ ਵਿਚ ਬਾਲਣ ਦੇ ਹੀ ਕੰਮ ਆਉਂਦੀ ਹੈ)। ੩.ਮਜੀਠ ਵਿਚੋਂ ਜਦ ਰੰਗ ਕੱਢ ਲਿਆ, ਉਸ ਦਾ ਕੌਡੀ ਬੀ ਮੁੱਲ ਨਹੀਂ ਪੈਂਦਾ (ਫੋਗ ਕੂੜੇ ਵਿਖੇ ਸਿੱਟਿਆ ਜਾਂਦਾ ਹੈ)। ੪.ਫੁੱਲਾਂ ਵਿਚੋਂ ਵਾਸ਼ਨਾ ਲੈ ਲੀਤੀ, ਫੇਰ ਆਸਰਾ ਨਹੀਂ ਮਿਲਦਾ (ਸਾਰੇ ਜੂਠੇ ਕਰਕੇ ਸਿੱਟੇ ਜਾਂਦੇ ਹਨ)। ੫.(ਜਦ) ਦੇਹ ਵਿਚੋਂ (ਹੰਸ') ਜੀਵ ਦਾ ਵਿਛੋੜਾ ਹੋ ਜਾਵੇ, ਉਸ ਦਾ ਫਿਰ ਕੌਣ ਸਾਥੀ ਹੈ, (ਅੱਗ ਵਿਖੇ ਸਾੜੀ ਜਾਂ ਧਰਤੀ ਵਿਖੇ ਦੱਬੀ ਜਾਂਦੀ ਹੈ। ਛੀਵੀਂ ਤੁਕ ਵਿਖੇ ਨਿਚੋੜ ਕੱਢਦੇ ਹਨ)। ੬.ਬੇਮੁਖ ਲੋਕ ਸੁੱਕੇ ਰੁੱਖ ਵਾਂਙੂ ਹਨ ਸਾਰੇ ਲੋਕ ਦੇਖਦੇ ਹਨ (ਕਿ ਸੁੱਕੇ ਰੁਖ ਦਾ ਕੀ ਹਾਲ ਹੁੰਦਾ ਹੈ, ਭਾਵ ਅੱਗ ਵਿਖੇ ਹੀ ਝੋਕਿਆ ਜਾਂਦਾ ਹੈ, ਤਿਹੇ ਹੀ ਬੇਮੁਖ ਲੋਕ ਹਨ)।

**ਭਾਵ**-ਬੇਮੁਖ ਵਿਚੋਂ ਸ਼ਰਧਾ, ਪ੍ਰੇਮ ਰੂਪੀ ਮੱਖਣ, ਆਤਮ ਰਸ, ਸੁਰਤ ਚੜ੍ਹਾਉ ਦਾ ਰੰਗ, ਨਾਮ ਦੀ ਵਾਸ ਰੂਪੀ ਜਿੰਦ ਨਿਕਲ ਗਈ ਹੈ, ਹੁਣ ਉਹ ਕਦਰਯੋਗ ਨਹੀਂ ਰਿਹਾ, ਨਰਕਾਂ ਦਾ ਅਧਿਕਾਰੀ ਹੈ।

## ੧੩. (ਬੇਮੁਖ ਕਿੱਕੂੰ ਸਾਧੀਦਾ ਹੈ)।

੧. ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।
੨. ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ।
੩. ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।
੪. ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।
੫. ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।
੬. ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ॥੧੩॥

**ਪਦਾਰਥ**-(ਗਲਿ ਬਧੇ=ਗਲਾ ਬੰਨ੍ਹਣਾ। ਸਾਧੀਐ=ਸਿੱਧਾ ਕਰੀਦਾ ਹੈ।
(ਵਗਦੀ ਵਾਦਾਣੀ=ਹਥੌੜਿਆਂ ਦੇ ਵੱਜਦਿਆਂ। )

**ਅਰਥ**-੧.ਖੂਹ ਤੋਂ ਪਾਣੀ (ਤਦ) ਨਿਕਲਦਾ ਹੈ, ਜਦ (ਘੜੇ ਦਾ) ਗਲਾ (ਰੱਸੇ ਨਾਲ) ਬੱਧਾ ਜਾਵੇ (ਤਿਹਾ ਹੀ ਬੇਮੁਖ ਘੜੇ ਵਾਂਙੂ ਬੰਨ੍ਹਿਆ ਕੰਮ ਦਿੰਦਾ ਹੈ)। ੨.ਜਿਵੇਂ ਮਣੀ ਕਾਲੇ ਸੱਪ ਦੇ ਸਿਰ ਹੁੰਦੀ ਹੈ, ਹੱਸਕੇ ਕਦੀ ਦੇਣੀ ਨਹੀਂ ਜਾਣਦਾ, (ਅਰਥਾਤ ਮਰਕੇ ਹੀ ਦੇਂਦਾ ਹੈ)। ੩.ਕਸਤੂਰੀ ਹਰਣ ਦੀ ਨਾਭੀ ਵਿਖੇ ਹੈ, (ਪਰੰਤੂ ਜਦ) ਮਰਕੇ ਮੁੱਕਦਾ ਹੈ (ਤਦੋਂ) ਆਣੀਦੀ ਹੈ (ਲੋਕ ਨਾਭੀ ਵਿਚੋਂ ਕੱਢਦੇ ਹਨ)। ੪.ਤੇਲ ਤਿਲਾਂ ਵਿਚੋਂ ਘਾਣੀ ਵਿਖੇ ਪੀੜੇ ਬਾਝ ਕਿੱਕੁਰ ਨਿਕਲ ਸਕਦਾ ਹੈ। ੫.ਖੋਪੇ ਦੀ ਜਿਵੇ ਇਹੋ ਨਿਸ਼ਾਨੀ ਹੈ ਕਿ ਮੂੰਹ ਭੰਨੀਦਾ ਹੈ ਤਦ ਗਰੀ ਦੇਂਦਾ ਹੈ, (ਇਸ ਕੰਮੋਂ ਬਾਝ ਗਰੀ ਨਹੀਂ ਦੇਂਦਾ)। (ਛੀਵੀਂ ਤੁਕ ਵਿਖੇ ਬੇਮੁਖ ਪ੍ਰਰ ਘਟਾਕੇ ਦੱਸਦੇ ਹਨ)। ੬.(ਗੁਰੂ ਤੋਂ ਜੋ) ਬੇਮੁਖ (ਹੈ ਉਹ) ਲੋਹੇ (ਸਮਾਨ ਹੈ, ਉਸ ਦੇ ਸਿਰ ਪੁਰ 'ਵਦਾਣਾਂ') ਹਥੌੜਿਆਂ ਦੀਆਂ ਸੱਟਾਂ ਪੈਂਦੀਆਂ ਹੀ ਰਹਿਣ ਤਾਂ ਹੀ ਸਿੱਧਾ ਕੀਤਾ ਜਾਂਦਾ ਹੈ।

**ਭਾਵ**-ਬੇਮੁਖ ਤੋਂ ਕੰਮ ਨਹੀਂ ਲਿਆ ਜਾ ਸਕਦਾ। ਪਰ ਹਾਂ ਜੇ ਧੱਕੇ ਨਾਲ ਜ਼ੋਰ ਦੇ ਤਾਣ ਕੋਈ ਲਏ ਤਾਂ ਦੇ ਸਕਦੇ ਹਨ। ਇਥੇ ਇਹ ਭਾਵ ਨਹੀਂ ਕਿ ਜ਼ਰੂਰ ਲੈਣਾ ਚਾਹੀਦਾ ਹੈ, ਯਾ ਨਹੀਂ। ਇਥੇ ਕੇਵਲ ਮੂਰਖ ਦਾ ਸੁਭਾਵ ਤੇ ਉਸ ਦਾ ਵਰਣਨ ਕਰ ਰਹੇ ਹਨ।

## ੧੪. (ਬੇਮੁਖ ਦਾ ਸਭ ਕੁਛ ਪੁੱਠਾ ਹੈ)।

੧. ਮਹੁਰਾ ਮਿਠਾ ਆਖੀਐ ਰੁਠੀ ਨੋ ਤੁਠੀ।
੨. ਬੁਝਿਆ ਵਡਾ ਵਖਾਣੀਐ ਸਾਵਾਰੀ ਕੁਠੀ।
੩. ਜਲਿਆ ਠੰਢਾ ਗਈ ਨੋ ਆਈ ਤੇ ਉਠੀ।
੪. ਅਹਮਕੁ ਭੋਲਾ ਆਖੀਐ ਸਭਿ ਗਲਿ ਅਪੁਠੀ।
੫. ਉਜੜੁ ਤਟੀ ਬੇਮੁਖਾਂ ਤਿਸੁ ਆਖਨਿ ਵੁਠੀ।
੬. ਚੋਰੈ ਸੰਦੀ ਮਾਉ ਜਿਉ ਲੁਕਿ ਹੋਵੈ ਗੁਠੀ॥੧੪॥

**ਪਦਾਰਥ**-(ਰੁਠੀ ਨੋ ਤੁਠੀ=ਗੁੱਸੇ ਹੋਈ ਨੂੰ ਪ੍ਰਸੰਨ ਹੋਈ ਕਹਿੰਦੇ ਹਨ। ਕੁਠੀ=ਕੋਹੀ।
(ਠੰਢਾ=ਸੀਤ। ਅਹਮਕੁ=ਮੂਰਖ। ਵੁਠੀ=ਵਸਦੀ ਹੈ।)

**ਅਰਥ**-੧.(ਬੇਮੁਖਾਂ ਦੀ ਸਾਰੀ ਗੱਲ ਉਲਟੀ ਹੈ, ਕਿੱਕੁਰ ਉਲਟੀ ਹੈ?) ਮਹੁਰਾ (ਜੋ ਲੋਕਾਂ ਨੂੰ ਮਾਰ ਦੇਵੇ ਓਸ ਨੂੰ) ਮਿੱਠਾ ਕਹਿੰਦੇ ਹਨ (ਮਿੱਠਾ ਤੇਲੀਆ'), (ਜੇਕਰ ਮਾਤਾ ਸੀਤਲਾ ਨਿਕਲੇ ਤਾਂ) ਕ੍ਰੋਪਵਾਨ ਹੋਈ (ਦੁਖ ਦੇਂਦੀ) ਨੂੰ ਤੁੱਠੀ (ਪ੍ਰਸੰਨ) ਹੋਈ (ਕਹਿੰਦੇ ਹਨ)। ੨.ਜੇਕਰ (ਦੀਵਾ) ਬੁਝ ਜਾਵੇ ਤਾਂ ਆਖਦੇ ਹਨ (ਕਿ ਦੀਵਾ) ਵੱਡਾ ਹੋ ਗਿਆ (ਇਹ ਨਹੀਂ ਜਾਣਦੇ ਕਿ ਉਸ ਦਾ ਤਾਂ ਫੱਕਾ ਤੀਲਾ ਨਹੀਂ ਰਿਹਾ, ਅਰ ਬੱਕਰੀ 'ਕੁਠੀ') ਕੋਹੀ ਹੋਈ ਨੂੰ (ਆਖਦੇ ਹਨ ਕਿ ਬੱਕਰੀ) ਸਵਾਰੀ ਗਈ ਹੈ, (ਹੱਡੀਣੀ ਕੱਢਕੇ ਠੀਕ ਕੀਤੀ ਗਈ ਹੈ। ੩.ਸੜੇ ਹੋਏ (ਮੁਰਦੇ) ਨੂੰ ਠੰਢਾ (ਅਰਥਾਤ ਏਹ) ਪ੍ਰਾਣੀ ਸ਼ਾਂਤ ਹੋ ਗਿਆ ਆਖਦੇ ਹਨ), ਗਈ ਨੂੰ ਆਈ ਤੇ (ਆਈ ਨੂੰ) ਉੱਠੀ ਕਹਿੰਦੇ ਹਨ, (ਤਾਤਪਰਜ ਇਹ ਕਿ ਜਦ ਅੱਖ ਵਿਖੇ ਕੁਝ ਮਾਂਦਗੀ ਹੋ ਜਾਵੇ ਤਾਂ ਕਹਿੰਦੇ ਹਨ ਕਿ ਅੱਖ ਆ ਗਈ ਹੈ, ਅਰ ਕੋਈ ਵਿਧਵਾ ਕਿਸੇ ਦੇ ਘਰ ਬਹਿ ਜਾਵੇ ਤਾਂ ਲੋਕ ਆਖਦੇ ਹਨ ਕਿ ਉਹ ਤ੍ਰੀਮਤ ਉਠ ਗਈ ਹੈ, ਇਹ ਨਹੀਂ ਜਾਣਦੇ ਕਿ ਉਹ ਤਾਂ ਵਸ ਪਈ ਹੈ)। ੪.ਮੂਰਖ ਨੂੰ ਸਿਧਾ ਸਾਧਾ ਆਖਦੇ ਹਨ ਕਿ (ਇਹ ਵੱਡਾ ਬੇਪਰਵਾਹ ਆਲਾ ਭੋਲਾ ਹੈ ਇੱਕੁਰ) ਸਭ ਗੱਲਾਂ ਉਲਟੀਆਂ ਹਨ। (ਪੰਜਵੀਂ ਛੀਵੀਂ ਤੁਕ ਵਿਖੇ ਸਾਰਾ ਤਾਤਪਰਜ ਦੱਸਦੇ ਹਨ) ੫.ਬੇਮੁਖਾਂ ਦੀ ('ਤੱਟੀ') ਝੁੱਗੀ ਉੱਜੜਦੀ ਹੈ ਤਦ

ਉਸ ਨੂੰ ਆਖਦੇ ਹਨ ਕਿ ਵੱਸਦੀ ਹੈ, (ਗੱਲ ਕੀ ਬੇਮੁਖ ਜਿਹੇ ਹੋਏ ਤਿਹੇ ਨਿੱਜ ਹੋਏ। ਮੋਰ ਦੇ ਖੰਭ ਵਿਖੇ ਅੱਖ ਤਾਂ ਵੱਡੀ ਸੋਹਣੀ ਹੈ, ਪਰੰਤੂ ਕਿਸੇ ਦੇ ਕੰਮ ਦੀ ਨਹੀਂ, ਅਜਿਹਾ ਹੀ ਬੇਮੁਖ ਹੈ)। ੬.ਚੋਰ ਦੀ (ਮੁਠੀ ਹੋਈ) ਮਾਉ, ਵਾਂਗੂੰ ਲੁਕਕੇ ਗੁਠ ਵਿਚ ਰੋਂਦੇ ਹਨ, (ਕਿਉਂ ਜੋ ਚੋਰ ਦੀ ਮਾਂ ਪ੍ਰਗਟ ਰੋਵੇ ਤਾਂ ਜਾਣਦੀ ਹੈ ਕਿ ਮੇਰਾ ਪੁਤ੍ਰ ਨਾ ਫੜੀਂਦਾ ਬੀ ਫੜਿਆ ਜਾਊ)।

**ਭਾਵ**-ਬੇਮੁਖ ਦੇ ਸਾਰੇ ਕੰਮ ਪੁੱਠੇ ਹਨ, ਜਿੱਕੁਰ ਲੋਕੀਂ ਉਲਟ ਗੱਲਾਂ ਕਰਦੇ ਹਨ ਤਿਵੇਂ ਬੇਮੁਖ ਨੂੰ ਜੋ ਵੱਸਦਾ ਕਹਿੰਦੇ ਹਨ ਉਸ ਦਾ ਅਰਥ ਹੈ ਉੱਜੜਿਆ ਹੋਇਆ। ਚੋਰ ਦੀ ਮਾਂ ਵਾਂਗੂੰ ਉਤੋਂ ਤਾਂ ਹੱਸਦਾ ਦਿਸਦਾ ਹੈ, ਪਰ "**ਤਿਨ ਅੰਤਰਿ ਹਉਮੈ ਕੰਡਾ ਹੈ॥**" (ਗਉ: ਮ:੪-੬੦)

## ੧੫. (ਬੇਮੁਖ ਦੀ ਸੰਗਤ ਦਾ ਫਲ)।

੧. ਵੜੀਐ ਕਜਲ ਕੋਠੜੀ ਮੁਹੁ ਕਾਲਖ ਭਰੀਐ।
੨. ਕਲਰਿ ਖੇਤੀ ਬੀਜੀਐ ਕਿਹੁ ਕਾਜ ਨ ਸਰੀਐ।
੩. ਟੁਟੀ ਪੀਘੈ ਪੀਘੀਐ ਪੈ ਟੋਏ ਮਰੀਐ।
੪. ਕੰਨਾ ਫੜਿ ਮਨਤਾਰੂਆ ਕਿਵੁ ਦੁਤਰੁ ਤਰੀਐ।
੫. ਅਗਿ ਲਾਇ ਮੰਦਰਿ ਸਵੈ ਤਿਸੁ ਨਾਲਿ ਨ ਫਰੀਐ।
੬. ਤਿਉ ਠਗ ਸੰਗਤਿ ਬੇਮੁਖਾ ਜੀਅ ਜੋਖਹੁ ਡਰੀਐ ॥੧੫॥

**ਪਦਾਰਥ**-(ਕੰਨਾ=ਮੋਢਾ। ਫਰੀਐ=ਸਹਾਇਤਾ, ਵਾਹਰੂ।)

**ਅਰਥ**-੧.(ਜੇ) ਕੱਜਲ ਦੀ ਕੋਠੜੀ ਵਿਚ ਜਾ ਵੜੀਐ ਤਾਂ ਮੂੰਹ ਕਾਲਕ ਨਾਲ ਭਰ ਜਾਂਦਾ ਹੈ, (ਬੇਮੁਖ ਦੇ ਸੰਗ ਕਲੰਕ ਲੱਗਦਾ ਹੈ)। ੨.ਕੱਲਰ ਵਿਚ ਬੀਉ ਪਾਉਣ ਨਾਲ ਕੁਝ ਕੰਮ ਨਾ ਸਰੂ (ਅਰਥਾਤ ਬੇਮੁਖ ਨੂੰ ਉਪਦੇਸ਼ ਦੇਣਾ ਬੀ ਨਿਸਫਲ ਹੋ ਜਾਂਦਾ ਹੈ)। ੩.ਟੁਟੀ ਹੋਈ ਪੀਂਘ ਵਿਚ ਜੇ ਝੂਟੇ ਲਈਏ, ਟੋਏ ਵਿਚ ਪੈਕੇ (ਅੰਤ ਨੂੰ) ਮਰ ਜਾਈਦਾ ਹੈ, (ਤਿਵੇਂ ਬੇਮੁਖ ਨਾਲ ਸੰਗ ਕਰਕੇ ਬੇਮੁਖ ਹੋਕੇ ਮਰੀਦਾ ਹੈ)। ੪.ਮਨਤਾਰੂਆਂ ਦਾ ਮੋਢਾ ਫੜ ਕੇ ਕਿਕੁੱਰ ਕਠਨ ਸਮੁੰਦਰ ਤਰ ਸਕੀਦਾ ਹੈ, (ਕਿਉਂ ਜੋ ਆਪ ਹੀ ਡੁੱਬਣਹਾਰਾ ਹੈ ਤਾਂ ਹੋਰ ਨੂੰ ਕਿੱਕੁਰ ਪਾਰ ਕਰ ਸਕੂ)। ੫.(ਜਿਹੜਾ) ਆਪਣੇ ਘਰ ਨੂੰ ਅੱਗ ਲਾਕੇ ਮੰਦਰ ਵਿਚ ਸੌਂ ਰਹੇ, ਉਸ ਦੇ ('ਫਰੀਐ') ਵਾਹਰੂ ਨ ਹੋਈਏ, (ਕਿਉਂ ਜੋ ਉਹ ਮਹਾਂ ਮੂਰਖ ਤੇ ਮੰਦ ਬੁਧੀ ਹੈ ਉਸ ਦੀ ਕੁਮਕ ਕਰਨ ਨਾਲ ਆਪਣੇ ਪ੍ਰਾਣਾਂ ਦਾ ਖਤਰਾ ਹੈ ਅਥਵਾ ਉਸ ਦਾ 'ਨਾਲ' ਕਹੀਏ 'ਸਾਥ' ਨਾ ਫੜੀਐ, ਨਾ ਕਰੀਏ)। ੬.ਬੇਮੁਖ ਲੋਕਾਂ ਦੀ ਸੰਗਤ ਚੋਰਾਂ ਦੀ ਸੰਗਤ ਹੈ, (ਇਸ ਵਿਚ ਇਕ ਨਾ ਇਕ ਦਿਨ ਰਾਜਾ ਦੇ ਕੈਦ ਦਾ ਖਤਰਾ ਹੈ, ਇਸ ਲਈ ਦੁਸ਼ਟਾਂ ਦੀ ਸੰਗਤ ਥੋਂ) ਦਿਲੋਂ ਡਰਦੇ ਰਹਿਣਾ ਚੰਗਾ ਹੈ।

## ੧੬. (ਬੇਮੁਖ ਘੋਰ ਪਾਪੀ ਹਨ)।

੧. ਬਾਮ੍ਹਣ ਗਾਈ ਵੰਸ ਘਾਤ ਅਪਰਾਧ ਕਰਾਰੇ।
੨. ਮਦੁ ਪੀ ਜੂਏ ਖੇਲਦੇ ਜੋਹਨਿ ਪਰਨਾਰੇ।
੩. ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ।
੪. ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।
੫. ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।
੬. ਇਕਤੁ ਲੂਇ ਨ ਪੂਜਨੀ ਬੇਮੁਖ ਗੁਰਦੁਆਰੇ॥੧੬॥

**ਪਦਾਰਥ**-(ਕਰਾਰੇ=ਕਰੜੇ। ਮੁਹਨਿ=ਠੱਗਦੇ। ਚਗਾਰੇ=ਬਟਪਾੜ। ਪਾ:=ਠਗਾਰੇ।)

੧.ਬ੍ਰਹਮ ਜਾਨਣਹਾਰੇ ਦੀ, ਗਊ ਦੀ, ਤੇ ਕੁਲ ਦੀ ਹੱਤਿਆ ਕਰਨੀ ਕਰਾਰੇ ਪਾਪ ਹਨ। ੨.ਮਦਰਾ ਦੇ ਪੀਣ ਵਾਲੇ, ਜੂਏ ਦੇ ਖਿਲਾਰੀ, ਪਰ ਇਸਤ੍ਰੀ ਨੂੰ (ਭੈੜੀ ਨਜ਼ਰ ਨਾਲ) ਤੱਕਣ ਵਾਲੇ ੩.ਪਰਾਈ ('ਲੱਖਮੀ') ਮਾਯਾ ਚੁਰਾਵਣ ਵਾਲੇ ਠੱਗ ਲੋਕ (ਜੋ ਦਿਨ ਦੀਵੀਂ ਧੋਖਾ ਦੇਕੇ ਲੁਟਦੇ ਹਨ) 'ਚੋਰ' (ਰਾਤ ਸੰਨ੍ਹਾਂ ਲਾਉਣ ਵਾਲੇ) ਚਗਾਰੇ (ਬਟਪਾੜ, ਧਾੜਵੀ ਲੋਕ); ੪.ਵਿਸ਼ਵਾਸ ਘਾਤੀ, ਧ੍ਰੋਹੀ (ਦਗ਼ਾ ਦੇਣ ਹਾਰੇ,)ਅਕਿਰਤਘਣ (ਕੀਤੇ ਉਪਕਾਰ ਦੇ ਨਾ ਜਾਣਨ ਵਾਲੇ), ਪਾਪੀ ਅਤੇ ਹੱਤਿਆ ਕਰਨ ਹਾਰੇ, (ਹੇਠਲੀਆਂ ਦੋ ਤੁਕਾਂ ਵਿਖੇ ਨਿਚੋੜ ਦੱਸਦੇ ਹਨ)। ੫.(ਉਕਤ ਪਾਪੀ) ਲੱਖਾਂ ਅਤੇ ਕਰੋੜਾਂ ਜੋੜ ਦੇਈਏ (ਫੇਰ) ਬੇਸ਼ੁਮਾਰ ਤੇ ਅਪਾਰ ਹੋ ਜਾਣ (ਪਰ) ੬.ਗੁਰਦਵਾਰੇ ਥੋਂ ਬੇਮੁਖ ਦੇ ਇਕ ਰੋਮ ਦੇ ਸਮਾਨ ਨਹੀਂ ਹੋਣਗੇ।

**ਭਾਵ**-ਉਪਰ ਲਿਖੇ ਪਾਪ ਗੁਰੂ ਦੁਆਰੇ ਆਯਾਂ, ਸਤਿਸੰਗ ਕੀਤਿਆਂ ਦੂਰ ਹੋ ਜਾਣਗੇ, ਪਰ ਜੋ ਗੁਰੂ ਦੁਆਰੇ, ਸਾਧ ਸੰਗ ਨਾਲ ਹੀ ਰੁੱਸ ਬੈਠਾ ਹੈ, ਉਸ ਦਾ ਕੋਈ ਉਪਾਓ ਨਹੀਂ ਹੈ, ਇਸ ਲਈ ਉਸ ਦੇ ਪਾਪ ਸਦਾ ਵਧਦੇ ਹਨ, ਜਿਨ੍ਹਾਂ ਦੇ ਘਟਨੇ ਦੀ ਆਸ ਨਹੀਂ। ਦੂਜੇ ਪਾਪੀ ਇਸ ਕਰਕੇ ਹੌਲੇ ਹਨ ਜੋ ਉਨ੍ਹਾਂ ਨੇ ਆਪਣੇ ਛੁਟਕਾਰੇ ਦਾ ਬੂਹਾ ਬੰਦ ਨਹੀਂ ਕੀਤਾ।

## ੧੭. (ਬੇਮੁਖਤਾਈ ਦੀ ਹੱਤਯਾ ਲਹਿੰਦੀ ਨਹੀਂ)।

੧. ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।
੨. ਮਥੁਰਾ ਮਾਇਆ ਅਜੁਧਿਆ ਕਾਂਸੀ ਕੇਦਾਰੇ।
੩. ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।
੪. ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ।
੫. ਅਖੀ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ।
੬. ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦਵਾਰੇ ॥੧੭॥

**ਪਦਾਰਥ**-(ਸਿਧਾਰੇ=ਯਾਤ੍ਰਾ ਕਰੇ। ਦੁਆਰੇ=ਦਰਵਾਜ਼ਾ। ਜੁਹਾਰੇ=ਨਮਸਕਾਰਾਂ।)

**ਅਰਥ**-੧.ਗੰਗਾ, ਜਮਨਾ, ਗੋਦਾਵਰੀ ਅਰ ਕੁਰਖੇਤ੍ਰ ਦੀ ਯਾਤ੍ਰਾ ਕਰੇ (ਅਰਥਾਤ ਇਨ੍ਹਾਂ ਨਦੀਆਂ ਦੇ ਪੁਰਬਾਂ ਦਾ ਸ਼ਨਾਨ ਕਰੇ)। ੨.ਮਥਰਾ, ਮਾਇਆ, ਅਜੁਧਿਆ, ਕਾਸ਼ੀ, ਕੇਦਾਰ ਨਾਥ (ਦੇ ਦਰਸ਼ਨ ਕਰੇ)। ੩.ਗਯਾ, ਪ੍ਰਯਾਗ, ਸੁਰਸ੍ਵਤੀ, ਗੋਮਤੀ ਨਦੀ ਦੇ ਦੁਆਰੇ (ਪਰਸੇ)। ੪.ਜਪ, ਤਪ, ਸੰਜਮਾਦਿ ਸਾਧਨ ਅਰ ਹੋਮ ਯੱਗ ਕਰਕੇ ਸਾਰੇ ਦੇਵਤਿਆਂ ਨੂੰ ('ਜੁਹਾਰ') ਨਮਸਕਾਰਾਂ ਕਰੇ। ੫.ਅੱਖਾਂ ਪਰਨੇ ਜੇ ਤਿੰਨਾਂ ਲੋਕਾਂ ਵਿਖੇ ਭਵੇਂ। ੬.(ਫਿਰ ਬੀ) ਗੁਰੂ ਜੀ ਦੇ ਦੁਆਰੇ ਥੋਂ ਬੇਮੁਖ ਰਹਿਣ ਦੀ ਹੱਤਿਆ ਦਾ ਪਾਪ ਕਦਾਚਿਤ ਨਹੀਂ ਉਤਰੇਗਾ।

**ਭਾਵ**-ਸਤਿਗੁਰੂ ਦੀ ਸ਼ਰਣ ਹੀ ਜਾਊ ਤਾਂ ਉਸ ਪਾਪ ਥੋਂ ਖਲਾਸੀ ਪਾਊ, "**ਪਿਛਲੇ ਅਉਗਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥**" (ਸੋਰਠ: ਮ:੫-੬੨) ਗੁਰੂ ਜੀ ਹੀ ਪੂਰਬਲੇ ਸੰਚਤ ਕਰਮਾਂ ਦਾ ਪਾਪ ਮਾਫ਼ ਕਰਕੇ ਅੱਗੇ ਮੁਕਤੀ ਦਾ ਰਾਹ ਦੱਸਦੇ ਹਨ, ਇਤਰ ਸਾਧਨਾ ਕਰਕੇ ਇਹ ਘੋਰ ਪਾਪ ਨਹੀਂ ਉਤਰਦਾ ਹੈ। ਜੋ ਪੁਰਖ ਗੁਰੂ ਜੀ ਤੋਂ ਬੇਮੁਖਤਾਈ ਦਾ ਪਾਪ ਕਰਦਾ ਹੈ ਉਹ ਸਾਰੇ ਜਗਤ ਦਾ ਕਸਾਈ ਹੈ। ਗੱਲ ਕੀ ਕੋਈ ਪਾਪ ਬਾਕੀ ਨਹੀਂ ਛੱਡਦਾ, ਸਾਰੇ ਪਾਪਾਂ ਦਾ ਫਲ ਭੋਗਦਾ ਹੈ।

ਪਾਪਾਂ ਦੀ ਹੱਤਿਆ ਤਾਂ ਗੁਰੂ ਦੁਆਰੇ ਲੱਥਣੀ ਹੈ, ਜੋ ਗੁਰੂ ਤੋਂ ਵਿਮੁਖ ਹੈ ਉਸ ਦਾ ਕੋਈ ਉਪਾਉ ਨਹੀਂ। ਇਸਤ੍ਰੀ ਦਾ ਸਾਰੇ ਆਦਰ ਪਤੀਬ੍ਰਤ ਹੋਣ ਕਰਕੇ ਹੈ, ਜੇ ਪਤੀ ਵਿਮੁਖ ਹੈ ਤਦ ਉਸ ਦਾ ਆਦਰ ਕਿੱਥੇ ਹੈ। ਜਿਤਨੇ ਕਰਮ ਧਰਮ ਹਨ ਸਭ ਦੀ ਸਾਰ ਸਤਿਸੰਗਤ ਗੁਰਦਵਾਰੇ ਵਿਚ ਹੈ,


www.sikhbookclub.com

ਸਾਰ ਨਾ ਜਾਣਕੇ ਜੋ ਕੁਝ ਕਰੇ ਸਭ ਨਿਸ਼ਫਲ ਹੈ। ਫੇਰ ਜੋ ਬੇਮੁਖਤਾਈ ਦੀ ਹੱਤਿਆ ਸੀ, ਉਹ ਕਿਕੂੰ ਲਹੇਗੀ? ਅਰ ਉਹ ਹੱਤਿਆ ਮਹਾਂ ਭਾਰੀ ਹੈ, ਕਿਉਂਕਿ ਸਾਰੀ ਹੱਤਿਆ ਸਤਿਗੁਰ ਨੇ ਕੱਟਣੀ ਹੈ, ਤੇ ਵੈਦ ਨਾਲ ਲੜਾਈ ਰੋਗ ਕਿਕੂੰ ਦੂਰ ਕਰੂ।

## ੧੮. (ਸਤਿਗੁਰ ਬਾਝ ਸੁਖ ਨਹੀਂ)।

੧. ਕੋਟੀ ਸਾਦੀ ਕੇਤੜੇ ਜੰਗਲ ਭੂਪਾਲਾ।
੨. ਥਲੀ ਵਰੋਲੇ ਕੇਤੜੇ ਪਰਬਤ ਬੇਤਾਲਾ।
੩. ਨਦੀਆਂ ਨਾਲੇ ਕੇਤੜੇ ਸਰਵਰ ਅਸਰਾਲਾ।
੪. ਅੰਬਰਿ ਤਾਰੇ ਕੇਤੜੇ ਬਿਸਿਅਰੁ ਪਾਤਾਲਾ।
੫. ਭੰਭਲਭੂਸੇ ਭੁਲਿਆ ਭਵਜਲ ਭਰਨਾਲਾ।
੬. ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ ॥੧੮॥

**ਪਦਾਰਥ**-(ਕੋਟੀ ਸਾਦੀ=ਕ੍ਰੋੜਾਂ ਸਵਾਦ (ਵਿਖਯ)। ਜੰਗਲ ਭੂਪਾਲਾ=ਬਨਾ ਦੇ ਰਾਜੇ। (ਬੇਤਾਲਾ=ਭੂਤਨੇ। ਸਰਵਾਰ=ਸਮੁੰਦਰ। ਅਸਰਾਲਾ=ਮਰਗਮੱਛ, ਭੈਦਾਇਕ। (ਬਿਸਿਅਰੁ=ਸਰਪ ਭਵਜਲ ਭਰਨਾਲ=ਸੰਸਾਰ ਦਾ ਪਰਵਾਹ।)

**ਅਰਥ**-੧.ਕ੍ਰੋੜਾਂ ਸਵਾਦਾਂ ਵਿਖੇ (ਅਰਥਾਤ ਵਿਖਿਆਂ ਵਿਖੇ ਕਈ ਮਸਤ ਰਹਿੰਦੇ ਹਨ), ਕਈ ਜੰਗਲਾਂ ਦੇ ਰਾਜੇ ਬਣੇ ਹੋਏ ਹਨ, (ਭਾਵ ਵਿਖਿਆਂ ਤੋਂ ਉਪਰਾਮ ਹੋਕੇ ਨਗਰਾਂ ਤੋਂ ਤਰਕ ਰੱਖਦੇ ਹਨ)। ੨.ਕਈ ਥਲਾਂ ਦੇ ਵਰੋਲੇ ਬਣੇ ਹੋਏ ਹਨ (ਉਜਾੜੀਂ ਰਹਿੰਦੇ ਹਨ) ਕਈ ਪਹਾੜਾਂ ਦੇ ਭੂਤ ਬਣੇ ਰਹਿੰਦੇ ਹਨ (ਕੰਦ੍ਰਾ ਵਾਸੀ ਹਨ) (ਗੱਲ ਕੀ ਤਾਲ ਤੋਂ ਘੁੱਥੇ ਹੋਏ ਪਏ ਭਟਕਦੇ ਹਨ)। ੩.ਕਈ ਨਦੀਆਂ, ਨਾਲਿਆਂ, ਸਮੁੰਦਰਾਂ ਦੇ ਹੀ ਅਸਰਾਲ (ਮਗਰਮੱਛ) ਬਣੇ ਹੋਏ ਰਹਿੰਦੇ ਹਨ, (ਭਾਵ ਤੀਰਥਾਂ ਵਿਖੇ ਰਹਿੰਦੇ ਹਨ)। ੪.ਕਈ ਅਕਾਸ਼ ਦੇ ਤਾਰੇ ਤੇ ਕਈ ਪਤਾਲ ਦੇ ਸਰਪ ਬਣੇ ਹੋਏ ਹਨ (ਪੁੱਠੇ ਲਟਕਦੇ ਜਾਂ ਗੁਫ਼ਾ ਵਿਚ ਤਪ ਕਰਦੇ ਹਨ ਯਾ ਕਈ ਕਰਮਾਂ ਕਰਕੇ ਤਾਰੇ ਬਣਦੇ, ਕਈ ਸਰਪ ਦੀਆਂ ਜੂਨਾਂ ਭੋਗਦੇ ਹਨ)। ੫.ਭੁੱਲੇ ਹੋਏ (ਸਾਰੇ) ਸੰਸਾਰ ਸਮੁੰਦਰ ਦੇ ('ਭਰਨਾਲ') ਪਰਵਾਹ ਵਿਖੇ ਭੰਭਲਭੂਸੇ ਪਏ ਖਾਂਦੇ ਹਨ। ੬.ਇਕ ਸਤਿਗੁਰੂ (ਗੁਰੂ ਨਾਨਕ ਜੀ ਦੀ ਸ਼ਰਣ ਤੋਂ) ਬਾਹਰ ਸਾਰੇ ਫਸੌਤੀਆਂ ਵਿਚ ਹਨ।

**ਭਾਵ**-ਸਾਧਨਾਂ ਦਾ ਠੱਠੇ ਨਾਲ ਵਰਨਨ ਹੈ, ਕਹਿੰਦੇ ਹਨ ਜੋ ਸਾਧਨ ਹਨ ਸਾਰੇ ਗੁਰ ਸ਼ਰਣ ਬਿਨ ਨਿਸ਼ਫਲ ਹਨ, ਆਨੰਦਾਂ ਵਿਚ ਲੱਗਣਾ,ਉਦਯਾਨ ਵਿਚ ਵੱਸਣਾ, ਥਲਾਂ ਵਿਚ ਤਪ ਕਰਨੇ, ਪਰਬਤਾਂ ਪਰ ਭੂਤਾਂ ਵਾਂਙ ਕੰਦ੍ਰੀਂ ਵੱਸਣਾਂ, ਮੱਛਾਂ ਵਾਂਡੂ ਤੀਰਥ ਤਪਨੇ, ਪੁਠੇ ਲਟਕਣਾ ਤਾਰਿਆਂ ਵਾਂਙੂ, ਸੱਪਾਂ ਵਾਂਙੂ ਟੋਏ ਪੁੱਟਕੇ ਤਪ ਕਰਨੇ ਸਭ ਭੁਲਾਵਟਾਂ ਹਨ ਜੋ ਭੁਲਿਆਂ ਹੋਇਆਂ ਨੂੰ ਪੈਂਦੀਆਂ ਹਨ, ਇਕ ਸਤਿਗੁਰੂ ਦੀ ਸ਼ਰਨ ਹੀ ਸੁਖਦਾਈ ਹੈ; ਜੋ ਸਤਿਗੁਰੂ ਕਿ ਆਪਣੀ ਪਕੀ ਹੋਈ ਸੁਰਤ ਨਾਲ ਜਗਯਾਸੂ ਦੀ ਸੁਰਤ ਪੱਕਿਆਂ ਕਰਕੇ ਉਚਿਆਂ ਕਰਦੇ ਹਨ ਅਰ ਵਾਹਿਗੁਰੂ ਨਾਲ ਜੋੜ ਦੇਂਦੇ ਹਨ।

## ੧੯. (ਬੇਮੁਖ ਕੋਂਦੂ ਹੀਨ ਹਨ)।

੧. ਬਹੁਤੀ ਘਰੀ ਪਰਾਹਹਣਾ ਜਿਉ ਰਹਦਾ ਭੁਖਾ।
੨. ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ।
੩. ਬਹੁਤੀ ਡੂਮੀ ਢਢ ਜਿਵੂ ਓਹੁ ਕਿਸੈ ਨ ਧੁਖਾ।
੪. ਵਣਿ ਵਣਿ ਕਾਉ ਨ ਸੋਹਈ ਕਿਉ ਮਾਣੈ ਸੁਖਾ।

੫. ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ।
੬. ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ॥੧੯॥

**ਪਦਾਰਥ**-(ਬਬੁ=ਵਸਤੂ, ਪਿਤਾ। ਢਢ=ਢੋਲ। ਧੁਖਾ=ਧੂਹ, ਚਿੰਤਾ, ਫਿਕਰ। (ਬਰਨੇ ਬੇਮੁਖਾ=ਬੇਮੁਖਾ ਕਹੀਦੇ ਹਨ। )

**ਅਰਥ**-੧.ਜਿਸ ਤਰ੍ਹਾਂ ਬਹੁਤੇ ਘਰਾਂ ਦਾ ਪ੍ਰਾਹੁਣਾ ਭੁੱਖਾ ਰਹਿੰਦਾ ਹੈ, ੨.ਸਾਂਝੇ ਬਬੁ ਨੂੰ ਕੋਈ ਨਹੀਂ ਰੋਂਦਾ (ਕਿਸੇ ਦੇ ਤਾਂ) ਚਿਤ ਵਿਚ ਰਤਾ ਚਿੰਤਾ ਵੀ ਨਹੀਂ ਹੁੰਦੀ। ੩.ਬਾਹਲੇ ਡੂੰਮਾ ਦੀ ਢੱਡ ਵਾਂਙ (ਜੋ ਵਜਦੀ ਨਹੀਂ, ਕਿਉਂ ਕਿ ਉਸਦੀ) ਧੂਹ ਕਿਸੇ ਨੂੰ ਨਹੀਂ ਹੁੰਦੀ। ੪.(ਜਿਕੂੰ) ਬੂਟੇ ਬੂਟੇ (ਭਟਕਦਾ) ਕਾਉਂ ਸੋਭਦਾ ਨਹੀਂ (ਅਰ) ਕੋਈ ਸੁਖ ਨਹੀਂ ਮਾਣਦਾ। ੫.(ਜਿਕੂੰ) ਬਹੁਤੇ ਮਿੱਤ੍ਰਾਂ ਵਾਲੀ ਵੇਸਵਾ (ਹੁੰਦੀ ਹੈ, ਉਸ ਦੇ) ਤਨ ਨੂੰ ਦੁਖ ਤੇ ਪੀੜਾ (ਹੀ ਵਾਪਰਦੀ ਹੈ) ੬.(ਜੋ) ਆਪਣੇ ਗੁਰੂ ਤੋਂ ਬਿਨਾਂ ਹੋਰਨਾਂ ਨੂੰ ਪੂਜਦੇ ਹਨ, (ਓਹ) ਬੇਮੁਖ ਕਹੀਦੇ ਹਨ, (ਅਥਵਾ ਬੇਮੁਖਾਂ ਦਾ ਏਹ ਹਾਲ ਹੈ ਜੋ ਉਪਰ ਕਿਹਾ ਹੈ। ਪਾ :-ਬਰਲੀ ਬੇਮੁਖਾ=ਓਹ ਬੇਥਵ੍ਹੇ ਮੂਰਖ ਹਨ)।

ਭਾਵ=ਜਿਸਦਾ ਮਨ ਗੁਰ ਨਾਨਕ ਦੇਵ ਕੇਂਦਰ ਨਾਲ ਗੁਰਮੁਖ ਸਤਿਸੰਗ ਦੇ ਪ੍ਰਤਾਪ ਨਾਲ ਲਗ ਗਿਆ, ਉਹ ਉਸ ਕੇਂਦਰ ਨੂੰ ਪ੍ਰਾਪਤ ਹੋਕੇ ਉਸ ਕੇਂਦਰ ਦੇ ਕੇਂਦਰ ਵਾਹਿਗੁਰੂ ਨੂੰ ਪ੍ਰਾਪਤ ਹੋ ਜਾਏਗਾ, ਪਰ ਜੋ ਕੇਂਦਰ ਹੀਨ ਬਹੁਤੀਆਂ ਦਾ ਚਖਊਆ ਹੈ, ਉਹ ਕਿਸੇ ਤਰ੍ਹਾਂ ਸਿਰੇ ਨਹੀਂ ਚੜ੍ਹੇਗਾ, ਕਿਉਂਕਿ ਉਸਦਾ ਆਸਰਾ ਕੋਈ ਨਹੀਂ ਜੋ ਟਿਕਾਵੇ ਅਰ ਉਪਰ ਨੂੰ ਚੜ੍ਹਾਏ।

## ੨੦. (ਅਣਹੋਂਦਾ ਗਰਬੀ ਭੂਤ ਹੈ)।

੧. ਵਾਇ ਸੁਣਾਏ ਛਾਨਣੀ ਤਿਸੁ ਉਠ ਉਠਾਲੇ।
੨. ਤਾੜੀ ਮਾਰਿ ਡਰਾਇਦਾ ਮੈਗਲ ਮਤਵਾਲੇ।
੩. ਬਾਸਕਿ ਠਾਗੇ ਸਾਮ੍ਹਣਾ ਜਿਉ ਦੀਵਾ ਬਾਲੇ।
੪. ਸੀਹੁੰ ਸਰਜੈ ਸਹਾ ਜਿਉ ਅਖੀ ਵੇਖਾਲੇ।
੫. ਸਾਇਰ ਲਹਿਰ ਨ ਪੁਜਨੀ ਪਾਣੀ ਪਰਨਾਲੇ।
੬. ਅਣਹੋਦਾ ਆਪੁ ਗਣਾਇਦੇ ਬੇਮੁਖ ਬੇਤਾਲੇ ॥੨੦॥

**ਪਦਾਰਥ**-(ਵਾਇ=ਵਜਾਕੇ। ਉਠ ਉਠਾਲੇ=ਊਠ ਦੇ ਉਠਾਉਣ ਲਈ। (ਪਰਨਾਲੇ=ਗਲੀਆਂ ਦੇ ਪਰਨਾਲੇ। ਆਪੁ ਗਣਾਇਦੇ=ਹੰਕਾਰ ਕਰਦੇ।)

**ਅਰਥ**-੧.ਊਠ ਨੂੰ ਛਾਨਣੀ ਵਜਾਕੇ (ਕੋਈ) ਸੁਣਾਵੇ ਕਿ ਉਹ (ਡਰਕੇ) ਉਠ ਖੜੋਵੇ। ੨.ਮਸਤ ਹਾਥੀ ਨੂੰ ਤਾੜੀ ਮਾਰਕੇ ਡਰਾਵੇ (ਕਿ ਉਹ ਨੱਸ ਜਾਵੇ)। ੩.ਬਾਸ਼ਕ ਨਾਗ ਦੇ ਸਾਹਮਣੇ ਜਿਵੇਂ ਦੀਵਾ ਬਾਲੇ, (ਮਾਨੋਂ ਉਹ ਡਰ ਜਾਏਗਾ, ਪਰ ਉਸਦੇ ਫੁਕਾਰੇ ਨਾਲ ਦੀਵਾ ਬੁਝ ਜਾਂਦਾ ਹੈ)। ੪.ਸਹਿਆ ਜਿਕੂੰ ਸ਼ੇਰ ਨੂੰ ਅੱਖਾਂ ਦਿਖਾਲਕੇ ਤਾੜਨਾ ਚਾਹੇ (ਤਾਂ ਉਸ ਨੇ ਮਰਨਾ ਹੀ ਹੈ ਨਾ)। ੫.(ਜਿਕੂੰ ਕੋਠਿਆਂ ਦੇ) ਪਾਣੀ ਦੇ ਪ੍ਰਨਾਲੇ ਸਮੁੰਦਰ ਦੀਆਂ ਲਹਿਰਾਂ ਦੀ ਬਰਾਬਰੀ ਨਹੀਂ ਕਰ ਸਕਦੇ। ੬.(ਤਿਕੂੰ) ਬੇਮੁਖ (ਜੋ ਕੇਂਦਰ ਹੀਨ ਹੋਣ ਕਰਕੇ, ਜਿਨ੍ਹਾਂ ਦੀ ਸੁਰਤ ਕਿਤੇ ਪ੍ਰੋਤੀ ਨਹੀਂ ਹੋਈ। ਭੂਤਨੇ ਹਨ (ਤੇ ਆਪਣੇ ਵਿਚ) ਅਣਹੋਂਦਾ (ਬਲ) ਜਤਾਉਂਦੇ ਹਨ।

**ਭਾਵ**-ਬੇਮੁਖਾਂ ਵਿਚ ਕੋਈ ਸਤਜਾ ਨਹੀਂ ਹੁੰਦੀ, ਕਿਉਕਿ ਉਨ੍ਹਾਂ ਦੀ ਸੁਰਤਿ ਅਤਿ ਖਿੱਲਰੀ ਹੋਈ ਹੋਣ ਕਰਕੇ ਉਨ੍ਹਾਂ ਵਿਚ ਤ੍ਰਾਕਤ ਨਹੀਂ ਰਹਿੰਦੀ ਜਿਕੂੰ ਘੜੀ ਦਾ ਫਨਰ ਖੁੱਲ੍ਹਕੇ ਸੱਤਾ ਹੀਨ ਹੋ ਜਾਂਦਾ

ਹੈ ਤੇ ਲੱਠੋਂ ਨਿਕਲ ਗਿਆ ਕੰਮ ਹੀ ਨਹੀਂ ਦੇਂਦਾ। ਤਿਵੇਂ ਕੇਂਦਰ ਹੀਨ ਸੁਰਤ ਖਿੰਡੀ ਵਾਲੇ ਬੇਮੁਖ ਭੂਤਨੇ ਸਮਾਨ ਬੇਥਵੇ ਸੱਤਾ ਹੀਨ ਹਨ। ਪਰ ਫੇਰ ਓਹ ਗੁਰਮੁਖਾਂ ਨੂੰ ਭੈ ਦੇਂਦੇ ਹਨ, ਪਰ ਉਨ੍ਹਾਂ ਦੇ ਭੈ ਦੇਣ ਦਾ ਅਸਰ ਕੀ ਹੈ? ਊਠ ਨੂੰ ਛਾਨਣੀ ਦੀ ਵਾਜ, ਮਸਤ ਹਾਥੀ ਨੂੰ ਤਾੜੀ, ਨਾਗ ਨੂੰ ਦੀਵਾ, ਸ਼ੇਰ ਨੂੰ ਸਹੇ ਦੀਆਂ ਅੱਖਾਂ, ਸਮੁੰਦਰ ਨੂੰ ਪਰਨਾਲਾ ਭਾਵ ਕੀਹ ਕਿ ਬੇਅਰਥ।

## ੨੧. (ਬੇਮੁਖਾਂ ਨਾਲ ਅੜਨਾ ਨਿਸ਼ਫਲ ਹੈ)।

੧. ਨਾਰਿ ਭਤਾਰਹੁ ਬਾਹਰੀ ਸੁਖਿ ਸੇਜ ਨ ਚੜੀਐ।
੨. ਪੁਤੁ ਨ ਮੰਨੈ ਮਾਪਿਆਂ ਕਮਜਾਤੀ ਵੜੀਐ।
੩. ਵਣਜਾਰਾ ਸਾਹਹੁ ਫਿਰੈ ਵੇਸਾਹੁ ਨ ਜੜੀਐ।
੪. ਸਾਹਿਬੁ ਸਉਹੈ ਆਪਣੇ ਹਥੀਆਰੁ ਨ ਫੜੀਐ।
੫. ਕੂੜੁ ਨ ਪਹੁਚੈ ਸਚ ਨੋ ਸਉ ਘਾੜਤ ਘੜੀਐ।
੬. ਮੁੰਦ੍ਰਾਂ ਕੰਨਿ ਜਿਨਾੜੀਆਂ ਤਿਨ੍ਹਾਂ ਨਾਲ ਨ ਅੜੀਐ॥੨੧॥੩੪॥

**ਪਦਾਰਥ**-(ਵੜੀਐ=ਕਹੀਦਾ ਹੈ, ਗਿਣੀਦਾ ਹੈ। ਜੜੀਐ=ਰਹਿੰਦਾ, ਬੱਝਦਾ। (ਮੁੰਦ੍ਰਾ ਕੰਨਿ=ਕੰਨਾਂ ਵਿਚ ਮੁੰਦ੍ਰਾਂ ਵਾਲੇ ਜੋਗੀ। (ਅ)ਇਸਤ੍ਰੀਆਂ। ਜਿਨਾੜੀਆਂ=ਜਿਨ੍ਹਾਂ ਦੇ।)

**ਅਰਥ**-੧.ਪਤੀ ਤੋਂ ਬਿਨਾਂ ਇਸਤ੍ਰੀ ਸੁਖ ਦੀ ਸੇਜ ਪਰ ਨਹੀਂ ਚੜ ਸਕਦੀ। ੨.ਜੇ ਪੁੱਤ ਮਾਪਿਆਂ ਨੂੰ ਨਾ ਮਨੇ ਉਹ ਕਮਜਾਤਾਂ ਵਿਚ ਗਿਣਿਆ ਜਾਂਦਾ ਹੈ। ੩.(ਜੋ) ਵਪਾਰੀ (ਆਪਣੇ) ਸ਼ਾਹ ਤੋਂ ਫਿਰ ਜਾਵੇ (ਉਸ ਦਾ) ਵਿਸਾਹ ਨਹੀਂ ਰਹਿੰਦਾ, ੪.ਆਪਣੇ ਮਾਲਕ ਦੇ ਸਾਹਮਣੇ (ਕਦੀ) ਹਥਿਆਰ ਨਾ ਫੜੀਏ। ੫.ਸਉ ਘਾੜਤਾਂ ਘੜੀਏ ਪਰ ਝੂਠ ਸੱਚ ਦੀ ਬਰਾਬਰੀ ਨਹੀਂ ਕਰ ਸਕਦਾ। ੨.ਜਿਨ੍ਹਾਂ ਦੇ ਕੰਨੀਂ ਮੁੰਦ੍ਰਾਂ ਹੋਣ। ਉਨ੍ਹਾਂ ਨਾਲ ਨ ਅੜੀਏ।

**ਭਾਵ**-ਬੇਮੁਖ ਦੀ ਸਮਾਪਤੀ ਪਰ ਦ੍ਰਿਸ਼ਟਾਂਤ ਦੇਂਦੇ ਹਨ, ਕਿ ਛੁੱਟੜ ਤੀਮੀ ਤੇ ਕਮਜਾਤ ਪੁਤਰ, ਬੇਈਮਾਨ ਗੁਮਾਸ਼ਤਾ, ਮਾਲਕਘਾਤੀ ਸੇਵਕ ਦੇ ਸਮਾਨ ਬੇਮੁਖ ਭੈੜਾ ਹੈ, ਬੇਮੁਖ ਝੂਠ ਦੀਆਂ ਘਾੜਤਾਂ ਨਾਲ ਪਾਜ ਬਣਾਉਂਦਾ ਹੈ, ਪਰ ਵਿਚ ਸੱਚ ਨਾ ਹੋਣ ਕਰਕੇ ਉਘੜ ਜਾਂਦਾ ਹੈ, ਏਹ ਤਾਂ ਬੇਮੁਖ ਦਾ ਰੂਪਕ ਕਿਹਾ, ਹੁਣ ਉਸ ਨਾਲ ਵਰਤਣ ਦੀ ਜੁਗਤ ਕਹਿੰਦੇ ਹਨ। ਕੱਨ ਪਾਟੇ ਜੋਗੀ ਆਪਣੀ ਅੜੀ ਲਈ ਪ੍ਰਸਿੱਧ ਹਨ, ਇਨ੍ਹਾਂ ਨਾਲ ਅੜੀ ਕਰਕੇ ਕੋਈ ਨਹੀਂ ਜਿੱਤਦਾ, ਇਸ ਤਰ੍ਹਾਂ ਕਹਿੰਦੇ ਹਨ ਕਿ ਜੋ ਬੇਮੁਖ ਹਨ, ਬੇਮੁਖਾਂ ਨਾਲ ਅੜਨਾ ਨਹੀਂ ਚਾਹੀਦਾ, ਇਨ੍ਹਾਂ ਦਾ ਇਲਾਜ ਤਿਆਗ ਹੀ ਹੈ, ਅੜਨਾ ਨਿਸ਼ਫਲ ਹੈ ਮੁੰਦ੍ਰਾਂ ਕਨੀਂ-ਜਿਨ੍ਹਾਂ ਦੇ ਕੰਨੀਂ ਵਾਲੇ ਹੋਣ,ਸੋ ਇਸਤ੍ਰੀਆਂ ਤ੍ਰੀਯਾ ਹਠ ਪ੍ਰਸਿਧ ਹੈ,ਤਿਵੇਂ ਬੇਮੁਖ ਦਾ ਹਠ ਹੁੰਦਾ ਹੈ। ਇਸਤ੍ਰੀ ਨਾਲ ਅੜਕੇ ਜੇ ਹਾਰੇ ਤਾਂ ਸ਼ਰਮਿੰਦਾ ਜੇ ਜਿੱਤੇ ਤਦ ਬੀ ਸ਼ਰਮਿੰਦਾ, ਇਸ ਤਰ੍ਹਾਂ ਬੇਮੁਖ ਨਾਲ ਅੜਕੇ ਜੋ ਜੋ ਹਾਰੇ ਤਾਂ ਨਿੰਦਾ ਤੇ ਜੇ ਜਿੱਤੇ ਤਾਂ ਗੁਰਮੁਖਤਾਈ ਦੀ ਬ੍ਰਿਤੀ ਤਮੋਗੁਣੀ ਹੋ ਗਈ, ਸਹਿਜ ਸੁਖ ਗਿਆ।

# ਵਾਰ ੩੫.

ੴ ਸਤਿਗੁਰ ਪ੍ਰਸਾਦਿ ॥

## ੧. (ਨਿੰਦਕ)।

੧. ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
੨. ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।
੩. ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ।
੪. ਚੋਆ ਚੰਦਨੁ ਪਰਿਹਰੈ ਖਰੁ ਖੇਹ ਪਲਟੈ।
੫. ਤਿਉ ਨਿੰਦਕ ਪਰਨਿੰਦਹੁੰ ਹਠਿ ਮੂਲਿ ਨ ਹਟੈ।
੬. ਆਪਣ ਹਥੀ ਆਪਣੀ ਜੜ ਆਪਿ ਉਪਟੈ॥੧॥

**ਪਦਾਰਥ**-(ਮੁਖਹੁ=ਮੂੰਹ ਥੋਂ। ਪਲਟੈ=ਲੇਟਦਾ ਹੈ। ਉਪਟੈ=ਪੁੱਟਦਾ ਹੈ।)

**ਅਰਥ**-੧.ਕੁੱਤੇ ਨੂੰ ਰਾਜ (ਸਿੰਘਾਸਣ) ਪਰ ਬਹਾਲੀਏ ਫੇਰ (ਬੀ) ਚੱਕੀ ਹੀ ਚੱਟੇਗਾ। ੨.ਸੱਪ ਨੂੰ ਦੁੱਧ (ਬੀ) ਪਿਆਈਏ ਫੇਰ ਬੀ ਮੂੰਹ ਥੋਂ ਵਿਹੁ ਹੀ ਸੱਟੂ। ੩.ਪੱਥਰ ਨੂੰ ਪਾਣੀ ਵਿਚ (ਕਿੰਨਾ) ਰੱਖੀਏ, ਉਸ ਦੇ ਮਨ ਦਾ ('ਹਠ') ਕਠੋਰ ਪੁਣਾ ਨਹੀਂ ਘਟੂ। ੪.ਖੋਤਾ ਚੋਆ, ਚੰਦਨਾਦਿ (ਸੁਗੰਧੀਆਂ) ਨੂੰ ਤਿਆਗਕੇ ਖੇਹ ਵਿਖੇ ਲੇਟਦਾ ਹੈ, (ਦਾਰਸ਼ਟਾਂਤ ਪੰਜਵੀਂ ਤੁਕ ਵਿਖੇ ਦੱਸਦੇ ਹਨ)। ੫.ਇੱਕੁਰ ਹੀ ਪਰਾਈ ਨਿੰਦਾ ਕਰਨ ਦੇ ਹਠ ਤੋਂ ਨਿੰਦਕ ਕਦਾਚਿਤ ਨਹੀਂ ਹਟਦਾ, (ਇਸ ਦਾ ਫਲ ਬੀ ਆਪ ਹੀ ਭੋਗਦਾ ਹੈ)। ੬.ਆਪਣੇ ਹਥੀਂ ਆਪਣੀ ਜੜ੍ਹ ਨੂੰ ਆਪ ਹੀ ਪੁੱਟਦਾ ਹੈ।

**ਭਾਵ**-"**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥ**" (ਸ: ਕਬੀ-੧੩)। ਜਿਹਾਕੁ ਇਕ ਜਣਾ ਇਕ ਬਾਗ ਵਿਚ ਟਾਹਣੀ ਪੁਰ ਬੈਠਾ ਉਸੇ ਬ੍ਰਿੱਛ ਦੇ ਮੂਲ ਨੂੰ ਵੱਢ ਰਿਹਾ ਸੀ। ਇਕ ਸਿਆਣੇ ਨੇ ਦੇਖਕੇ ਕਿਹਾ, ਭਾਈ ਤੂੰ ਬਾਗ ਦੇ ਮਾਲਕ ਦੀ ਨਹੀਂ, ਸਗਮਾਂ ਆਪਣੀ ਜੱੜ ਆਪ ਪੁੱਟਦਾ ਹੈਂ, ਕਿਉਂ ਜੋ ਮੁੱਢ ਦੇ ਡਿੱਗਣ ਨਾਲ ਤੇਰਾ ਫੱਕਾ ਨਾ ਰਹੂ। ਗੱਲ ਕੀ ਜੋ ਪਰਾਈ ਨਿੰਦਾ ਕਰਦੇ ਹਨ ਉਨ੍ਹਾਂ ਦੀ ਮੈਲ ਧੋਣ ਵਿਖੇ ਹੀ ਆਪਣਾ ਅਮੋਲਕ ਜਨਮ ਹਾਰ ਬੈਠਦੇ ਹਨ।

## ੨. (ਨਿੰਦਕ)।

੧. ਕਾਂਉ ਕਪੂਰ ਨ ਚਖਈ ਦੁਰਗੰਧਿ ਸੁਖਾਵੈ।
੨. ਹਾਕੀ ਨੀਰਿ ਨ੍ਹਵਾਲੀਐ ਸਿਰਿ ਛਾਰੁ ਉਡਾਵੈ।
੩. ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ।
੪. ਸਿਮਲੁ ਰੁਖੁ ਸਰੇਵੀਐ ਫਲ ਹਥਿ ਨ ਆਵੈ।
੫. ਨਿੰਦਕੁ ਨਾਮ ਵਿਹੂਣਿਆ ਸਤਿਸੰਗ ਨ ਭਾਵੈ।
੬. ਅੰਨ੍ਹਾਂ ਆਗੂ ਜੇ ਥੀਐ ਸਭੁ ਸਾਥ ਮੁਹਾਵੈ॥੨॥

**ਪਦਾਰਥ**-(ਨ੍ਹਵਾਲੀਐ=ਨ੍ਹਵਾਈਏ। ਛਾਰੁ=ਮਿੱਟੀ। ਸਰੇਵੀਐ=ਪਾਲੀਐ।)

**ਅਰਥ**-੧.ਕਾਂ ਕਪੂਰ ਨੂੰ ਚੱਖਦਾ ਹੀ ਨਹੀਂ (ਉਸ ਨੂੰ) ਵਿਸ਼ਟਾ ਹੀ ਭਾਂਵਦਾ ਹੈ। ੨.ਹਾਥੀ ਨੂੰ ਪਾਣੀ ਵਿਖੇ ਨ੍ਹਵਾਈਏ ਸਿਰ ਪੁਰ ਸੁਆਹ ਹੀ ਉਡਾਂਵਦਾ ਹੈ। ੩.ਤੁੰਮੇ ਨੂੰ ਅੰਮ੍ਰਿਤ (ਦੁਧ) ਕਿੰਨਾ ਹੀ ਸਿੰਜੀਏ

ਕੌੜੱਤਣ ਨਹੀਂ ਜਾਂਦੀ। ੪.ਸਿੰਮਲ ਬ੍ਰਿੱਛ ਨੂੰ ਕਿੰਨਾ ਪਾਲੀਏ ਫਲ (ਉਸ ਥੋਂ ਕੁਝ) ਹੱਥ ਨਹੀਂ ਆਉਂਦਾ। ੫.(ਤਿਹਾ ਹੀ) ਨਿੰਦਕ ਲੋਕ ਨਾਮ ਤੋਂ ਬਿਨਾਂ ਹਨ, ਉਨ੍ਹਾਂ ਨੂੰ ਸਤਿਸੰਗ ਨਹੀਂ ਭਾਉਂਦਾ (ਸਗਮਾਂ ਨਿੰਦਾ ਵਿਖੇ ਲੱਕ ਬੰਨ੍ਹੀ ਰਖਦੇ ਹਨ)।੬.ਜੇਕਰ ਅੱਨ੍ਹਾਂ ਆਗੂ (ਰਾਹ ਦੱਸਣ ਵਾਲਾ ਹੋਕੇ) ਅੱਗੇ ਲੱਗੂ, ਤਦੋਂ ਸਾਰੇ ਸਾਥ ਨੂੰ ਲੁਟਾ ਬੈਠੂ।

**ਭਾਵ**-ਗੱਲ ਕੀ ਜੋ ਨਿੰਦਕ ਦੇ ਮਗਰ ਲੱਗਦੇ ਹਨ ਓਹ ਦੈਵੀ ਸੰਪਦਾ ਦਾ ਧਨ ਕਾਮ ਕ੍ਰੋਧਾਦਿ ਚੋਰਾਂ ਥੋਂ ਲੁਟਾ ਬੈਠਦੇ ਹਨ ਅਰ ਆਪ ਨਰਕ ਦੇ ਖਾਤੇ ਵਿਚ ਡਿਗਦੇ ਹਨ।

## ੩. (ਨਿੰਦਕ)।

੧. ਲਸਣੁ ਲੁਕਾਇਆ ਨ ਲੁਕੈ ਬਹਿ ਖਾਜੈ ਕੂਣੈ।
੨. ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ।
੩. ਡੇਮੂ ਖਖਰ ਜੋ ਛੁਹੈ ਦਿਸੈ ਮੁਹਿ ਸੂਣੈ।
੪. ਕਿਤੈ ਕੰਮਿ ਨ ਆਵਈ ਲਾਵਣੁ ਬਿਨੁ ਲੂਣੈ।
੫. ਨਿੰਦਕਿ ਨਾਮ ਵਿਸਾਰਿਆ ਗੁਰ ਗਿਆਨੁ ਵਿਹੂਣੈ।
੬. ਹਲਤਿ ਪਲਤਿ ਸੁਖੁ ਨ ਲਹੈ ਦੁਖੀਆ ਸਿਰੁ ਝੂਣੈ ॥੩॥

**ਪਦਾਰਥ**-(ਲਸਣ=ਥੋਮ। ਕੂਣੈ=ਖੂੰਜੇ ਸੂਣੈ=ਸੁਜਿਆ। ਲਾਵਣੁ=ਭਾਜੀ।)

**ਅਰਥ**-੧.ਭਾਵੇਂ ਖੂੰਜੇ ਵਿਖੇ ਬੈਠ ਕੇ (ਭਾਵ ਲੁਕਕੇ) ਥੋਮ ਖਾਈਏ, ਲੁਕਦਾ ਨਹੀਂ ਹੈ (ਮੁਸ਼ਕ ਥੋਂ ਮਲੂਮ ਹੋ ਜਾਂਦਾ ਹੈ)। ੨.ਕਾਲੇ ਭੂਰੇ ਨੂੰ ਕਿੰਨਾ ਸਬੂਣ ਮਲੋ, ਕਿੱਕੁਰ (ਉਜਲਾ) ਚਿੱਟਾ ਹੋਵੇ (ਭਾਵ ਕਦੇ ਨਹੀਂ ਹੁੰਦਾ)। ੩.ਡੇਮੂੰ ਦੀ ਖੱਖਰ ਨੂੰ ਜੋ ਹੱਥ ਪਾਊ ਉਸ ਦਾ ਮੂੰਹ ਸੁਜਿਆ ਹੋਇਆ ਦਿੱਸੂ। ੪.ਸਲੂਣੇ (ਜਾਂ ਭਾਜੀ) ਵਿਚ ਲੂਨ ਨਾ ਪਾਓ ਤਾਂ ਕਿਸੇ ਕੰਮ ਨਹੀਂ ਆਊ। ੫.(ਤਿਹਾ ਹੀ) ਨਿੰਦਕਾਂ ਨੇ ਨਾਮ ਭੁਲਾ ਦਿੱਤਾ ਹੈ, (ਕਿਉਂ ਜੋ) ਗੁਰੂ ਦੇ ਗਿਆਨ ਥੋਂ ਬਾਝ ਰਹਿੰਦੇ ਹਨ, (ਫਲ ਛੀਵੀਂ ਤੁਕ ਵਿਖੇ ਦੱਸਦੇ ਹਨ)। ੬.ਲੋਕ ਪਰਲੋਕ ਵਿਖੇ ਸੁਖ ਨਹੀਂ ਪਾਉਂਦੇ, ਦੁਖੀ ਰਹਿਕੇ (ਸਦੀਵ ਕਾਲ) ਸਿਰ ਨੂੰ ਝੁਣਦੇ (ਹਿਲਾਉਂਦੇ) ਹਨ।

**ਭਾਵ**-ਨਿੰਦਕ ਦਾ ਅੰਤਹਕਰਣ ਠੰਢਾ ਕਦੇ ਨਹੀਂ ਹੋ ਸਕਦਾ, ਠੰਢ ਤਾਂ ਪੈਂਦੀ ਹੈ ਜੇ ਗੁਣਾਂ ਦੀ ਵੰਨੀ ਚੜ੍ਹੇ, ਨਿੰਦਕ ਦੇ ਅੰਦਰ ਤਾਂ ਲੋਕਾਂ ਦੇ ਪਾਪਾਂ ਦੀ ਮੈਲ ਦਾ ਗੰਦ ਕੱਠਾ ਹੋ ਜਾਂਦਾ ਹੈ, ਜਿਸ ਨਾਲ ਸੁਰਤ ਖਿੰਡੀ ਹੀ ਰਹਿੰਦੀ ਹੈ ਤੇ ਖਿੰਡੀ ਸੁਰਤ ਵਿਚ ਕਦੇ ਸੁਖ ਹੋਇਆ ਹੀ ਨਹੀਂ, ਇਸ ਕਰਕੇ ਨਿੰਦਕ ਨਿੰਦਾ ਦਾ ਰਸ ਲੈਂਦਾ ਬੀ ਇਥੇ ਸਿਰ ਝੁਣਦਾ ਦੁਖੀ ਰਹਿੰਦਾ ਹੈ ਤੇ ਅੱਗੇ ਤਾਂ ਬਹੁਤ ਹੀ ਦੁਖੀ ਰਹੇਗਾ।

## ੪. (ਗੁਰ ਨਿੰਦਾ)।

੧. ਡਾਇਣੁ ਮਾਣਸ ਖਾਵਣੀ ਪੁਤੁ ਬੁਰਾ ਨ ਮਗੈ।
੨. ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ।
੩. ਰਾਜੇ ਧੋਹੁ ਕਮਾਂਵਦੇ ਰੈਬਾਰ ਸੁਰੰਗੈ।
੪. ਬਜਰ ਪਾਪ ਨ ਉਤਰਨਿ ਜਾਇ ਕੀਚਨਿ* ਗੰਗੈ।
੫. †ਖਰਹਰ ਕੰਬੈ ਨਰਕੁ ਜਮੁ‡ ਸੁਣਿ ਨਿੰਦਕ ਢੰਗੈ§।

---

*ਪਾ- ਤਟਿ ਤੀਰਥ। ‡ਪਾ:-ਸਭੁ। §ਪਾ:-ਨੱਗੈ।

੬. ਨਿੰਦਾ ਭਲੀ ਨ ਕਿਸੈ ਦੀ ਗੁਰ ਨਿੰਦ ਕੁਢੰਗੈ ॥੪॥

**ਪਦਾਰਥ**-(ਖਾਵਣੀ=ਖਾਣੇ ਵਾਲੀ। ਵਿਕਰਮੀ=ਮੰਦ ਕਰਮੀ। ਸੰਗੈ=ਸੰਗ ਕਰਨਾ।
(ਰੈਬਾਰ=ਵਿਚੋਲੇ। ਸਫੀਰ। ਸੁਰੰਗੈ=ਰੰਗ ਵਿਚ।
(ਗੰਗੈ=ਗੰਗਾ ਉਤੇ,ਗੰਗਾ ਤੋਂ ਭਾਵ ਉਹ ਥਾਉਂ ਹਨ ਕਿ ਜੋ ਪਾਪਾਂ ਦੇ ਨਾਸ਼
(ਕਰਨ ਵਾਲੇ ਮੰਨੇ ਗਏ ਹਨ, ਹਰ ਮਤ ਨਹੀ ਆਪੋ ਆਪਣੇ ਥਾਉਂ। ਇਥੇ
(ਗੰਗਾ ਆਮ ਖੁਲੇ ਅਰਥ ਵਿਚ ਹੈ। ਢੰਗੈ=ਕਰਮ। ਕੁਢੰਗੈ=ਖੋਟਾ ਕਰਮ।)

**ਅਰਥ**-੧.ਡਾਇਣ (ਭਾਵੇਂ) ਮਨੁੱਖਾਂ ਨੂੰ ਖਾ ਜਾਂਦੀ ਹੈ, ਪਰੰਤੂ ਆਪਣੀ ਸੰਤਾਨ (ਪੁਤ੍ਰ ਧੀ) ਦਾ ਬੁਰਾ ਨਹੀਂ ਚਾਹੁੰਦੀ। ੨.ਵਡਾ ਕੁਕਰਮੀ (ਬੀ ਜਿਸ ਨੂੰ) ਕਹੀਦਾ ਹੈ, (ਉਹ ਬੀ) ਧੀ ਭੈਣ ਨਾਲ (ਮੰਗ ਕਰਨੋਂ) ਸੰਗਦਾ ਹੈ। ੩.ਰਾਜੇ ਆਪੋ ਵਿਖੇ ਧੋਹ (ਖੂੰਨ ਤੇ ਦਗੇ) ਕਰਦੇ ਹਨ, ਪਰ ਵਿਚੋਲੇ ਰੰਗ ਵਿਚ ਰਹਿੰਦੇ ਹਨ (ਭਾਵ ਧ੍ਰੋਹੀ ਰਾਜੇ ਬੀ ਸਫੀਰਾਂ ਨੂੰ ਨਹੀਂ ਮਾਰਦੇ ਅਥਵਾ 'ਰੈਬਾਰ' ਵਿਚੋਲੇ 'ਸੁਰੰਗੈ' ਦਾਰੂ ਦੀਆਂ ਸੁਰੰਗਾਂ ਲਾਉਂਦੇ ਹਨ ਕਿ ਵੈਰੀ ਦਾ ਨਾਸ਼ ਹੋਵੇ ਪਰ ਇਹ ਖਿੱਚ ਹੈ)। ੪.(ਓਹ) ਪਾਪ ਬੱਜਰ (ਵਡੇ ਕਰੜੇ ਤੇ ਕਠੋਰ ਹਨ) ਜੋ ਪਾਪ ਤਿਆਗ ਦੇ ਸਥਾਨਾਂ ਪੁਰ ਜਾ ਕੇ ਕੀਤੇ ਜਾਣ ਓਹ ਉਤਰਦੇ ਨਹੀਂ ਹਨ। (ਭਾਵ ਇਹ ਹੈ ਕਿ ਜਿੱਕੁਰ ਡੈਣ ਪਾਪਣ ਆਪਣਾ ਪੁੱਤ ਨਹੀਂ ਮਾਰਦੀ, ਤਿਵੇਂ ਘੋਰ ਪਾਪੀ ਤੀਰਥਾਂ ਤੇ ਪਾਪ ਕਰਨੋਂ ਸੰਗਦੇ ਹਨ। ਹੁਣ ਸਿੱਧਾਂਤ ਕਹਿੰਦੇ ਹਨ, ਧੂਨੀ ਨਾਲ ਭਾਵ ਇਹ ਹੈ ਕਿ ਡਾਇਣ ਪੁਤ ਖਾਵੇ, ਵਿਕਰਮੀ ਧੀ ਭੈਣ ਭੋਗੇ, ਰਾਜੇ ਸਫੀਰ ਮਾਰ ਦੇਣ, ਪਾਪੀ ਤੀਰਥਾਂ ਤੇ ਪਾਪ ਕਰਨ ਤਦ ਐਸੀ ਭਯਾਨਕ ਦਸ਼ਾ ਹੈ, ਪਰ ਨਿੰਦਕ ਦੀ ਦਸ਼ਾ ਇਨ੍ਹਾਂ ਪਾਪੀਆਂ ਤੋਂ ਭੀ ਵਧੀਕ ਬੁਰੀ ਹੈ)। ੫.ਥਰ ਥਰ ਕਰਕੇ (ਥਾਲੀ ਦੇ ਪਾਣੀ ਵਾਂਗੂੰ) ਨਰਕ ਤੇ ਜਮ ਨਿੰਦਕਾਂ ਦਾ ਕਰਮ ਸੁਣਕੇ ਕੰਬਦੇ ਹਨ (ਕਿ ਹਾਇ! ਅਸੀਂ ਅਧੋਗਤੀ ਨੂੰ ਨਾ ਚਲੇ ਜਾਈਏ)। (ਅੱਗੇ ਨਿੰਦਕਾਂ ਵਿਚੋਂ ਵਡੇ ਨਿੰਦਕਾਂ ਦੀ ਗਤੀ ਦੱਸਦੇ ਹਨ)। ੬.ਨਿੰਦਾ ਕਰਨੀ ਕਿਸੇ ਦੀ ਬੀ ਚੰਗੀ ਨਹੀਂ ਹੈ, (ਪਰੰਤੂ) ਗੁਰ ਨਿੰਦਾ ਤਾਂ ਵੱਡਾ ਹੀ ਖੋਟਾ ਕਰਮ ਹੈ।

**ਭਾਵ**-ਗੱਲ ਕੀ ਹੋਰ ਸਾਰਿਆਂ ਪਾਪਾਂ ਦਾ ਪ੍ਰਾਸਚਿਤ ਹੋ ਸਕਦਾ ਹੈ, ਪਰੰਤੂ ਇਸ ਪਾਪ ਦਾ ਕੋਈ ਉਪਾਵ ਨਹੀਂ। ਗੁਰੂ ਨਿੰਦਕ ਦਾ ਨਾਮ ਸੁਣ ਕੇ ਨਰਕ ਬੀ ਨੱਕ ਵੱਟਦਾ ਹੈ ਕਿ ਇਹ ਪਾਪੀ ਮੇਰੇ ਵਿਚ ਪਾਇਆ ਜਾਵੇ ਅਰ ਜਮਰਾਜ ਬੀ ਉਸ ਦਾ ਮੂੰਹ ਦੇਖਣਾ ਨਹੀਂ ਚਾਹੁੰਦਾ ਕਿ ਹੋਰ ਵਧੇਰੇ ਪਾਪ ਨਾ ਚੰਮੜ ਜਾਵਣ। ਧੂਨੀ ਵਿਚ ਇਹ ਹੈ ਕਿ ਆਮ ਪਾਪ ਤਾਂ ਸੱਚੇ ਦਿਲੋਂ ਪਛੁਤਾਯਾਂ ਹਟ ਗਏ, ਜਿਹੜੇ ਘੋਰ ਪਾਪ ਸਨ ਉਹ ਗੁਰੂ ਦੀ ਸ਼ਰਨ ਆਯਾਂ ਮਿਟ ਗਏ। ਨਿੰਦਾ ਦਾ ਪਾਪ ਗੁਰੂ ਜੀ ਤਦ ਤਕ ਨਹੀਂ ਬਖਸ਼ਦੇ ਜਦ ਤਕ ਜਿਸ ਦੀ ਨਿੰਦਾ ਕੀਤੀ ਹੈ ਉਸ ਤੋਂ ਨਾ ਬਖਸ਼ਾਵਣ ਤੇ ਜਦ ਗੁਰੂ ਜੀ ਦੀ ਨਿੰਦਾ ਹੀ ਹੋ ਚੁਕੀ ਤਾਂ ਢੋਈ ਕਿੱਥੇ ਰਹੀ।

## ੫. (ਗੁਰ ਨਿੰਦਾ ਦੇ ਦ੍ਰਿਸ਼ਟਾਂਤ)।

੧. ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵਟੇ।
੨. ਲੰਕ ਲੁਟਾਈ ਰਾਵਣੈ ਮਸਤਿਕ ਦਸ ਕਟੇ।
੩. ਕੰਸੁ ਗਇਆ ਸਣੁ ਲਸਕਰੈ ਸਭ ਦੈਤ ਸੰਘਟੇ।
੪. ਵੰਸ ਗਵਾਇਆ ਕੈਰਵਾ ਖੂਹਣਿ ਲਖ ਫਟੇ।
੫. ਦੰਤ ਬਕਤ ਸਿਸਪਾਲ ਦੇ ਦੰਦ ਹੋਏ ਖਟੇ।
੬. ਨਿੰਦਾ ਕੋਇ ਨ ਸਿਝਿਓ ਇਉ ਵੇਦ ਉਘਟੇ।

੭. ਦੁਰਬਾਸੇ ਨੇ ਸਰਾਪ ਦੇ ਯਾਦਵ ਸਭ ਤਟੇ* ॥੫॥

**ਪਦਾਰਥ**-(ਫਲੁ ਵਟੇ=ਫਲ ਲੀਤਾ। ਲੁਟਾਈ=ਖੁਹਾਈ। ਸੰਘਟੇ=ਨਾਸ਼ ਕੀਤੇ।
(ਵੇਦ=ਸ਼ਿਵ ਸੰਹਤਾ ਮੂਜਬ ਜਿਸ ਪੁਸਤਕ ਵਿਚ ਪਰਮੇਸ਼ਰ ਦਾ ਚਰਚਾ ਹੋਵੇ
(ਸੋ ਵੇਦ ਹੈ, ਤਾਂਤੇ ਸਭ ਧਰਮ ਪੁਸਤਕ । ਅੱਖਰੀ ਅਰਥ 'ਗਯਾਨ'।
(ਉਘਟੇ=ਪ੍ਰਗਟ ਕਰਦੇ ਹਨ। ਤਟੇ=ਤਾੜੇ, ਉਜਾੜੇ, ਹਤੇ।

**ਅਰਥ**-੧.ਹਰਨਾਕਸ਼ ਨੇ (ਆਪਣੇ ਗੁਰੂ ਨਾਰਦ ਦੀ) ਨਿੰਦਾ ਕਰਕੇ ਕੀਹ ਫਲ ਪਾਯਾ, (ਭਾਵ ਮਾਰਿਆ ਗਿਆ ਤੇ ਅਪਜਸ ਹੋਇਆ)। ੨.ਰਾਵਣ ਨੇ (ਵਿਸ਼ਨੂੰ ਗੁਰੂ ਦੀ, ਜਿਸ ਦਾ ਪਹਿਲੇ ਦੁਆਰ ਪਾਲ ਸੀ ਨਿੰਦਾ ਕਰਕੇ) ਲੰਕਾ ਲੁਟਾਈ ਤੇ ਦਸ ਸਿਰ ਕਟਵਾਏ। ੩.(ਇਸੇ ਪ੍ਰਕਾਰ) ਕੰਸ ਲਸ਼ਕਰਾਂ ਸਮੇਤ ਗਿਆ, ਸਾਰੇ ਦੈਂਤ ਨਾਲ ਮਾਰੇ ਗਏ (ਕੰਸ ਬੀ ਦੁਆਰ ਪਾਲ ਨਿੰਦਕ ਹੀ ਸੀ)। ੪.ਕੈਰਵਾਂ ਦਾ ਵੰਸ ਬੀ (ਗੁਰ ਨਿੰਦਾ ਨਾਲ) ਗਿਆ, ਲੱਖਾਂ ਖੂਹਣੀਆਂ (ਫੌਜ ਬੀ) ਫੱਟੀ ਗਈ। ੫.ਸਸਪਾਲ ਦੰਤ ਬਕਤ (ਦੇ ਬੀ ਗੁਰ ਨਿੰਦਾ ਕਰਕੇ) ਦੰਦ ਖੱਟੇ ਹੋਏ (ਭਾਵ ਦੁਖ ਪਾਯਾ)। ੬.ਧਰਮ ਪੁਸਤਕ ਪ੍ਰਗਟ ਕਰਦੇ ਹਨ ਕਿ ਨਿੰਦਾ ਕਰਕੇ ਸਿਝਿਆ ਨਹੀਂ (ਕਾਮਯਾਬ ਨਹੀਂ ਹੋਇਆ) ੭.ਯਾਦਵਾਂ (ਨੇ ਗੁਰ ਨਿੰਦਾ ਕੀਤੀ ਗੁਰੂ) ਦੁਰਬਾਸ਼ਾ ਨੇ ਸਰਾਪ ਦੇਕੇ ਸਾਰੇ ਯਾਦਵ ਉਜਾੜ ਦਿੱਤੇ।

**ਭਾਵ**-ਜੋ ਚੌਥੀ ਪਉੜੀ ਵਿਚ ਕਿਹਾ ਸਾਨੇ, ਉਸ ਦੇ ਲੋਕ ਪ੍ਰਸਿੱਧ ਦ੍ਰਿਸ਼ਟਾਂਤ ਦੇਕੇ ਆਪਣੇ ਭਾਵ ਨੂੰ ਏਥੇ ਮਢ਼ਟ ਕੀਤਾ ਹੈ।

## ੬. (ਗੁਰ ਦੀ ਗਣਤ ਗਣਨ ਵਾਲਾ ਦੁਖੀ)।

੧. ਸਭਨਾ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ।
੨. ਕੰਨੀ ਤਨਉੜੇ ਕਾਮਣੀ ਬੂੜੀ ਖਰਿੜਾਵੈ।
੩. ਨਥਾਂ ਨਕਿ ਨਵੇਲੀਆਂ ਨਕਟੀ ਨ ਸੁਖਾਵੈ।
੪. ਕਜਲ ਅਖੀ ਹਰਣਾਖੀਆ ਕਾਣੀ ਕੁਰਲਾਵੈ।
੫. ਸਭਨਾ ਚਾਲ ਸੁਹਾਵਣੀ ਲੰਗੜੀ ਲੰਗੜਾਵੈ।
੬. ਗਣਤ ਗਣੈ ਗੁਰਦੇਵ ਦੀ ਤਿਸੁ ਦੁਖਿ ਵਿਹਾਵੈ ॥੬॥

**ਪਦਾਰਥ**-(ਗੁਰੜਾਵੈ=ਗੁੜਗੁੜ ਕਰਨਾ। ਬੂੜੀ=ਬੱਚੀ। ਗਣਤ ਗਣੈ=ਨਿੰਦਾ ਕਰੇ।)

**ਅਰਥ**-੧.ਜਿਸਦੇ ਸਿਰ ਪੁਰ ਵਾਲ ਨਹੀਂ ਉਹ ਹੋਰਨਾਂ ਸਭਨਾਂ ਦੇ ਸਿਰ ਗੁੰਦੀਦੇ ਦੇਖਕੇ ਮਨ ਵਿਖੇ ਗੁਰੜਾਉਂਦੀ ਹੈ। ੨.ਬੁੱਚੀ (ਜਿਸ ਦੇ ਕੰਨ ਨਹੀਂ) ਉਹ ਕਾਮਣੀ (ਸਹੇਲੀਆਂ) ਦੇ ਕੰਨੀ 'ਤਨਉੜੇ' (ਪਿੱਪਲਵੱਤ੍ਰੇ) ਦੇਖਕੇ ਬੁੜ ਬੁੜ ਕਰਦੀ ਹੈ, (ਕੁੜਦੀ ਹੈ)। ੩.ਨੱਕ ਵੱਢੀ ਨੂੰ 'ਨਵੇਲੀਆਂ' (ਸਹੇਲਣਾਂ) ਦੇ ਨੱਕੀਂ ਨੱਥਾਂ ਨਹੀਂ ਸੁਖਾਉਂਦੀਆਂ। ੫.ਅੱਖੋਂ ਕਾਣੀ 'ਹਰਣਾਖੀਆਂ' (ਅਰਥਾਤ ਹਰਣ ਵਾਂਗੂੰ ਸੋਹਣੀਆਂ ਅੱਖਾਂ ਵਾਲੀਆਂ) ਦੇ ਅੱਖੀ ਕੱਜਲ ਪਿਆ ਵੇਖ ਕੁਰਲਾਉਂਦੀ ਹੈ, (ਦੁਖਦੀ ਹੈ)। ੫.ਸਾਰੀਆਂ (ਇਸਤ੍ਰੀਆਂ) ਦੀ ਚਾਲ ਸੋਹਣੀ ਹੈ, ਲੰਗੜੀ ਲੰਗੜਾ ਲੰਗੜਾਕੇ ਤੁਰਦੀ ਹੈ, (ਹੇਠ ਛੀਵੀਂ ਤੁਕ ਵਿਖੇ ਉਕਤ ਪੌੜੀ ਦਾ ਸਿੱਧਾਂਤ ਕੱਢਦੇ ਹਨ)। ੬.ਜੋ ਗੁਰਦੇਵ ਦੀ ਨਿੰਦਾ ਕਰੇ (ਉਹ ਉਪਰ ਕਥੇ ਅਪਾਹਜਾਂ ਵਾਂਗੂੰ) ਦੁਖਾਂ ਵਿਚ ਦਿਨ ਕਟੇਗਾ।

**ਭਾਵ**-ਨਿੰਦਾ ਨਾਲ ਗੁਰੂ ਜੀ ਦਾ ਅਰ ਸ੍ਰੇਸ਼ਟ ਪੁਰਖਾਂ ਦਾ ਕੁਛ ਨਹੀ ਵਿਗੜਦਾ, ਜੋ ਵਿਗੜਦਾ ਹੈ ਸੋ ਨਿੰਦਕ ਦਾ ਆਪਣਾ ਵਿਗੜਦਾ ਹੈ, ਜੋ ਆਪਣੇ ਦੂਸ਼ਨਾਂ ਕਰਕੇ ਦੁਖੀ ਤੇ ਦੂਜੇ ਦੇ ਭੂਸ਼ਨਾਂ ਨੂੰ ਵੇਖਕੇ ਧੁਖਦਾ ਹੈ।

*ਕਈ ਲਿਖਤੀ ਪੋਥੀਆਂ ਵਿਚ ਇਹ ਸਤਵੀਂ ਤੁਕ ਨਹੀਂ ਹੈ।

## ੭. (ਗੁਰੂ ਨਿੰਦਕ ਦਾ ਜਨਮ ਅਕਾਰਥ)।

੧. ਅਪਤੁ ਕਰੀਰੁ ਨ ਮਉਲੀਐ ਦੇ ਦੋਸੁ ਬਸੰਤੈ।
੨. ਸੰਢਿ ਸਪੁਤੀ ਨ ਥੀਐ ਕਣਤਾਵੈ ਕੰਤੈ।
੩. ਕਲਰਿ ਖੇਤੁ ਨ ਜੰਮਈ ਘਣਹਰੁ ਵਰਸੰਤੈ।
੪. ਪੰਗਾ ਪਿਛੈ ਚੰਗਿਆ ਅਵਗੁਣ ਗੁਣਵੰਤੈ।
੫. ਸਾਇਰੁ ਵਿਚਿ ਘੰਘੂਟਿਆ ਬਹੁ ਰਤਨ ਅਨੰਤੈ।
੬. ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੈ॥੭॥

**ਪਦਾਰਥ**-(ਅਪਤੁ=ਪੱਤ੍ਰਾਂ ਬਾਝ ਬੇਪੱਤਾ। ਕਣਤਾਵੈ=ਦੋਸ਼ ਦੇਵੇ। ਪੰਗਾ=ਬੁਰੇ ਲੋਕ।
(ਘੰਘੂਟਿਆ=ਘੋਗੇ। )

**ਅਰਥ**-੧.(ਜਿਕੂੰ) ਕਰੀਰ ਦਾ ਬ੍ਰਿਛ ਪੱਤ੍ਰਾਂ ਥੋਂ ਰਹਿਤ ਹੈ, (ਅਥਵਾ ਬੇਪੱਤਾ ਨਿਕੰਮਾ ਹੈ)ਫਲੀਭੂਤ ਤਾਂ ਆਪ ਨਹੀਂ ਹੁੰਦਾ ਤੇ ਬਸੰਤ ਨੂੰ ਦੋਸ਼ ਦੇਵੇ (ਤਾਂ ਅਯੋਗ ਹੈ ਤਿਹਾ ਹੀ ਨਿੰਦਕ ਆਪਣੇ ਅਵਗੁਣਾਂ ਨੂੰ ਛੱਡਕੇ ਗੁਰੂ ਦੀ ਗਿਣਤੀ ਕਰਦੇ ਹਨ)। ੨.ਬਾਂਝ ਤ੍ਰੀਮਤ ਕਦੇ ਪੁੱਤ ਵਾਲੀ ਨਹੀਂ ਹੁੰਦੀ, ਤੇ ਕੰਤ ਪੁਰ ਦੋਸ਼ ਅਰਪੇ (ਤਿਵੇਂ ਔਗੁਣਾਂ ਲਿੱਬੜੇ ਨਿੰਦਕ ਦੇ ਗੁਰੂ ਨੂੰ ਦੋਸ਼ ਲਾਉਣੇ ਝੂਠੇ ਹਨ)। ੩.ਕੱਲਰ ਵਿਖੇ ਖੇਤੀ ਨਹੀਂ ਜੰਮਦੀ ਭਾਵੇਂ ਬੱਦਲ ਕਿੰਨਾ ਹੀ ਵਰਖਾ ਕਰੇ। ੪.ਬੁਰਿਆਂ ਦੇ ਅਵਗੁਣ ਚੰਗਿਆਂ ਦੇ ਪਿੱਛੇ ਲਗਣ ਨਾਲ (ਕਦੀਕੁ) ਗੁਣ ਵਾਲੇ ਹੋ ਜਾਂਦੇ ਹਨ, ਜਿਹਾ ਕੁ ਹੇਠ ਦ੍ਰਿਸ਼ਟਾਂਤ ਦੇਂਦੇ ਹਨ)।੫.ਸਮੁੰਦ੍ਰ ਵਿਖੇ ਬਾਹਲੇ ਘੁਕਿਆਂ ਵਿਚੋਂ ਹੀ ਅਨੰਤ ਰਤਨ ਉਤਪਤ ਹੁੰਦੇ ਹਨ, (ਸਮੁੰਦਰ ਦੀ ਸੰਗਤ ਨਾਲ ਘੁੱਕੇ ਬੀ ਰਤਨਾਂ ਵਾਲੇ ਹੋ ਜਾਂਦੇ ਹਨ ਪਰੰਤੂ)੬.ਨਿੰਦਕ, ਦਾ (ਜੋ) ਗੁਰੂ ਦੀ ਗਿਣਤੀ ਕਰਦੇ ਹਨ, ਜਨਮ ਅਕਾਰਥ ਹੀ ਜਾਂਦਾ ਹੈ (ਜਿਸ ਦੇ ਸੁਧਰਨ ਦਾ ਹੋਰ ਕੋਈ ਯਤਨ ਨਹੀਂ ਹੈ)।

## ੮, (ਅਕਿਰਤਘਣ)।

੧. ਨਾ ਤਿਸੁ ਭਾਰੇ ਪਰਬਤਾ ਅਸਮਾਨ ਖਹੰਦੇ।
੨. ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।
੩. ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।
੪. ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
੫. ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ।
੬. ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ॥੮॥

**ਪਦਾਰਥ**-(ਖਹੰਦੇ=ਖਹਿਣ ਵਾਲੇ, ਉੱਚੇ । ਸਾਇਰਾਂ=ਸਮੁੰਦ੍ਰ। ਭੁਈ=ਧਰਤੀ ਨੂੰ।)

**ਅਰਥ**-੧.ਉਸ ਨੂੰ (ਭਾਵ ਧਰਤੀ ਨੂੰ) ਪਰਬਤ, ਜਿਹੜੇ ਅਸਮਾਨ ਨਾਲ ਖਹਿੰਦੇ ਹਨ, ਭਾਰੇ ਨਹੀਂ ਜਾਪਦੇ। ੨.ਕੋਟ ਗੜ ਘਰ ਬਾਰ ਜੋ ਦਿੱਸਦੇ ਹਨ, ਨਾ ਹੀ ਉਸ ਨੂੰ ਏਹ ਭਾਰੇ ਲੱਗਦੇ ਹਨ। ੩.ਸਮੁੰਦ੍ਰ, ਨਦ ਵਾਹੜੇ ਜੋ ਚਲ ਰਹੇ ਹਨ, ਨਾ ਹੀ ਏਹ ਭਾਰੇ ਲੱਗਦੇ ਹਨ। ੪.ਉਸ ਨੂੰ ਬ੍ਰਿਛ ਬੀ ਭਾਰੇ ਨਹੀਂ ਜੋ ਚੰਗੇ ਫਲਾਂ ਨਾਲ ਬੀ ਭਾਰੇ ਹੋਏ ਹਨ। ੫.ਜੀਵ ਜੰਤੂ (ਵੱਡੇ ਛੋਟੇ) ਅਨਗਿਣਤ ਜੋ ਫਿਰ ਰਹੇ ਹਨ, ਉਸ ਨੂੰ (ਉਹ ਭੀ) ਕੋਈ ਭਾਰੇ ਨਹੀਂ ਹਨ। ੬.(ਪਰ) ਧਰਤੀ ਨੂੰ ਅਕਿਰਤਘਣ ਭਾਰੇ ਲੱਗਦੇ ਹਨ (ਕਿਉਂ ਕਿ ਅਕਿਰਤਘਣ) ਮੰਦਿਆਂ ਤੋਂ ਮੰਦੇ ਹਨ।

**ਭਾਵ**-ਨਿੰਦਕ ਦਾ ਕਥਨ ਕਰਦੇ ਹੋਏ ਅਕਿਰਤਘਣ ਤੇ ਆਏ ਹਨ, ਇਸ ਦਾ ਦਰਜਾ ਕੁਛ

ਹੋਰ ਵਧੀਕ ਹੁੰਦਾ ਹੈ।ਨਿੰਦਕ ਤਾ ਹੋ ਸਕਦਾ ਹੈ ਕਿ ਉਪਕਾਰੀਆਂ ਤੋਂ ਬਿਨਾਂ ਕਿਸੇ ਹੋਰ ਦਾ ਬੀ ਕੋਈ ਹੋ ਜਾਵੇ, ਪਰ ਅਕਿਰਤਘਣ ਉਹੀ ਹੈ ਜਿਸ ਨਾਲ ਨੇਕੀ ਕੀਤੀ ਜਾਵੇ ਤੇ ਕੀਤਾ ਨਾਂ ਜਾਣੇ, ਨਿੰਦਾ ਕਰੇ ਅਰ ਦੁਖ ਦੇਵੇ। ਅੱਗੇ ਹੁਣ ਦ੍ਰਿਸ਼ਟਾਂਤ ਦੇ ਕੇ ਇਸ ਨੂੰ ਸਫੁਟ ਕਰਦੇ ਹਨ।

## ੯. (ਅਕਿਰਤਘਣ ਦ੍ਰਿਸ਼ਟਾਂਤ)।

੧. ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ।
੨. ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
੩. ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।
੪. ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
੫. ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
੬. ਨਦਰਿ ਪਵੈ ਅਕਿਰਤਿਘਣੁ ਮਤੁ ਹੋਇ ਵਿਣਾਸੁ॥੯॥

**ਪਦਾਰਥ**-(ਮੰਦੀ ਵਾਸੁ=ਖੋਟੀ ਵਾਸ਼ਨਾਂ। ਕਜਣੁ=ਢੱਕਣ। (ਲਾਹੇ ਵਿਸਵਾਸੁ=ਸੰਸਾ ਦੂਰ ਕਰ ਦਿਤਾ। ਵਿਣਾਸੁ=ਫਿਟ ਜਾਣਾ।)

**ਅਰਥ**-੧.(ਇਕ ਚੂਹੜੀ ਨੇ) ਕੁੱਤੇ ਦਾ ਮਾਸ ਸ਼ਰਾਬ ਵਿਚ ਪਾ ਕੇ ਰਿੱਧਾ। ੨.ਮਨੁੱਖ ਦੀ ਖੋਪਰੀ ਵਿਚ ਰੱਖਿਆ ਹੋਇਆ ਸੀ (ਇਸ ਕਰਕੇ) ਉਸ ਵਿਚੋਂ ਭੈੜੀ ਵਾਸ਼ਨਾਂ ਆਉਂਦੀ ਸੀ। ੩.ਲਹੂ ਦੇ ਭਰੇ ਹੋਏ ਕੱਪੜੇ ਨਾਲ ਉਸਨੂੰ ਕੱਜਕੇ। ੪.ਭੋਗ ਬਿਲਾਸ ਕਰਨ ਲਈ ਚੂਹੜੀ ਲਈ ਚਲੀ ਜਾਂਦੀ ਸੀ ੫.(ਕਿਸੇ ਨੇ) ਪੁੱਛਿਅ (ਕਿ ਇਸ ਵਿਖੇ ਕਿਹੜੀ ਅਦਭੁਤ ਚੀਜ਼ ਹੈ ਤੂੰ ਢੱਕ ਦੇ ਪੜਦੇ ਨਾਲ ਲਈ ਜਾਂਦੀ ਹੈ?) ਉਸ ਦੇ ਸੰਸੇ ਦੂਰ ਕਰਨ ਲਈ ਆਖ ਸੁਣਾਇਆ। ੬.ਜੇਕਰ ਕ੍ਰਿਤਘਨ ਪੁਰਖ ਦੀ ਇਸ ਪੁਰ ਨਜ਼ਰ ਪੈ ਜਾਊ ਤਾਂ ਇਹ ਫਿਟ ਜਾਊ (ਫੇਰ ਸਾਡੇ ਖਾਣ ਦੇ ਕੰਮ ਦਾ ਨਾ ਰਹੂ, ਇਸ ਲਈ ਭੈੜੇ ਲਹੂ ਦੇ ਭਰੇ ਹੋਏ ਕੱਪੜੇ ਨਾਲ ਢਕਿਆ ਹੈ ਕਿ ਇਹ ਮਾਸ ਭੈੜੀ ਨਜ਼ਰ ਨਾਲ ਵਿਗੜ ਨਾ ਜਾਵੇ)।

**ਭਾਵ**-ਇਹ ਲੋਕਾਂ ਦੀ ਰੀਤੀ ਹੈ ਕਿ ਨਵੇਂ ਮਹਲਾਂ ਪੁਰ ਕਾਲੀਆਂ ਟਿੰਡਾਂ ਟੰਗਦੇ ਅਰ ਪੁੱਤਾਂ ਦੇ ਮੂਹਾਂ ਪਰ ਕਾਲਕ ਲਾਉਂਦੇ ਹਨ ਕਿ ਨਜ਼ਰ ਟਪਾਰ ਨਾ ਹੋਵੇ। ਇਥੇ ਕੁੱਤੇ ਦਾ ਮਾਸ, ਮੁਰਦੇ ਦੀ ਖੋਪਰੀ, ਸ਼ਰਾਬ ਆਦਿਕ ਸਾਰੀਆਂ ਵਸਤਾਂ ਅਪਵਿਤ੍ਰ ਨਜ਼ਰ ਟਪਾਰ ਤੋਂ ਪਰੇ ਸਨ, ਫੇਰ ਬੀ ਕ੍ਰਿਤਘਨ ਦੀ ਅਜਿਹੀ ਖੋਟੀ ਨਜ਼ਰ ਹੈ ਕਿ ਉਹ ਅਪਵਿਤ੍ਰਾਂ ਨੂੰ ਬੀ ਹੋਰ ਅਪਵਿਤ੍ਰ ਕਰ ਸਕਦੇ ਹਨ।

## ੧੦. (ਲੂਣ ਹਰਾਮੀ)।

੧. ਚੋਰੁ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।
੨. ਕੁਛਾ ਕੂਣੈ ਭਾਲਦਾ ਚੋਵੁਬਾਰੇ ਚੜਿਆ।
੩. ਸੁਇਨਾ ਰੁਪਾ ਪੰਡ ਬੰਨਿ ਅਗਲਾਈ ਅੜਿਆ।
੪. ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।
੫. ਚੁਖਕੁ ਲੈਕੇ ਚਖਿਆ ਤਿਸੁ ਕਖੁ ਨ ਖੜਿਆ।
੬. ਲੂਣ ਹਰਾਮੀ ਗੁਨਹਗਾਰ ਧੜੁ ਧੰਮੜ ਧੜਿਆ॥੧੦॥

**ਪਦਾਰਥ**-(ਕੁਛ ਕੂਣੈ=ਸਾਰੇ ਪਾਸੇ। ਅਗਲਾਈ ਅੜਿਆ=ਬਹੁਤੇ ਵਿਖੇ ਫਸਿਆ। (ਚੁਖਕੁ=ਰਤਾ ਕੁ। ਧੜੁ ਧੰਮੜ=ਧੜ ਧੜ ਕਰਕੇ ਢੋਲ ਵਾਂਗੂੰ ਕੁਟੀਦਾ ਹੈ।)

**ਅਰਥ**-੧.ਚੋਰ (ਚੋਰੀ ਕਰਨ ਨੂੰ) ਗਿਆ ਸੀ, ਦੌਲਤਮੰਦ ਦੇ ਘਰ ਅੰਦਰ ਵੜ ਗਿਆ।

੨. (ਕੁਛਾ ਕੁਨਾ) ਸਾਰੇ ਪਾਸੇ ਦੇਖਦੇ (ਜਦ ਕੁਝ ਹੱਥ ਨਾ ਆਇਆ) ਚੁਬਾਰੇ ਜਾ ਚੜ੍ਹਿਆ। ੩.ਸੋਨੇ ਚਾਂਦੀ (ਦੇ ਗਹਿਣਿਆਂ) ਦੀ ਪੰਡ ਬੰਨ੍ਹ ਲਈ, (ਪਰੰਤੂ 'ਅਗਲਾਈ ਅੜਿਆ') ਹੋਰ (ਮਾਯਾ) ਦੇ (ਲੈਣ ਦੇ ਲਾਲਚ) ਵਿਚ ਫਸਿਆ। ੪.ਲੋਭ ਦੀ ਲਹਿਰ ਨਾਲ ਅਜਿਹਾ ਹੁਲਕ ਕੁੱਦਿਆ, ਇਕ ਲੂਣ ਦਾ ਭਾਂਡਾ (ਖੰਡ ਜਾਣਕੇ) ਫੜ ਲੀਤਾ। ੫.ਰਤੀਕੁ ਲੈ ਕੇ ਲੂਣ ਜੀਭ ਪਰ ਰਖਕੇ ਚਖਿਆ, ਉਸ ਨੇ ਕੱਖ ਬੀ ਨ ਲੀਤਾ (ਇਹ ਸਮਝਕੇ ਕਿ ਮੇਰੇ ਅੰਦਰ ਸ਼ਾਹ ਦਾ ਲੂਣ ਚਲਿਆ ਗਿਆ ਹੈ, ਲੂਣ ਹਰਾਮੀ ਹੋਣਾ ਮੈਂ ਨਹੀਂ ਚਾਹੁੰਦਾ ਹਾਂ) ੬.(ਕਿਉਂ ਜੋ) ਲੂਣ ਹਰਾਮੀ ਗੁਨਾਹੀ ਹੁੰਦਾ ਹੈ (ਰਬ ਦੀ ਦਰਗਾਹ ਵਿਖੇ) ਧੜ (ਕਹੀਏ ਢੋਲ) ਵਾਂਗੂੰ ('ਧੰਮੜ') ਚੌਬਾਂ ਨਾਲ (ਧੜੀ) ਵਜਾਈਦਾ ਹੈ, (ਦੇਹ ਬਿਦੇਹ ਪਿੰਡੇ ਪੁਰ ਚੌਬਾਂ ਪੈਂਦੀਆਂ ਹਨ ਅਥਵਾ ਧੜ ਧੜ ਕਰਕੇ ਢੋਲ ਵਾਂਗੂੰ ਕੁੱਟੀਦਾ ਹੈ)।

**ਭਾਵ**-ਇਕ ਰਤੀ ਜਿੰਨਾ ਲੂਣ ਹਰਾਮੀ ਹੋਣ ਦਾ ਇੰਨਾ ਡੰਡ ਹੈ, ਜੋ ਲੋਕ ਬਾਹਲਾ ਚਿਰ ਲੌਣ ਖਾ ਕੇ ਮਾਲਕਾਂ ਦਾ ਬੁਰਾ ਕਰਦੇ ਹਨ ਉਨ੍ਹਾਂ ਦਾ ਕੀ ਹਾਲ ਹੋਊ।

ਭਾਈ ਸਾਹਿਬ ਜੀ ਨੇ ਇਸ ਕਹਾਣੀ ਤੋਂ ਇਹ ਉਪਦੇਸ਼ ਦਿਤਾ ਹੈ ਕਿ ਲੂਣ ਹਰਾਮੀ ਨਾ ਹੋਵੇ, ਪਿਛੇ ਉਪਕਾਰ ਵਿਸਾਰਨ ਵਾਲੇ ਅਕ੍ਰਿਤਘਨਾਂ ਦਾ ਕਥਨ ਸੀ, ਏਥੇ ਲੂਣ ਖਾ ਕੇ ਬੁਰਾ ਕਰਨ ਵਾਲਿਆਂ ਦਾ ਹੈ, ਲੂਣ ਹਰਾਮੀ ਤੋਂ ਭਾਵ ਉਪਕਾਰਿਤ ਹੋਕੇ ਵਿਸਾਹ ਘਾਤ ਕਰਨਾ, ਯਥਾ ਨੌਕਰ ਆਦਿ ਹੋਕੇ ਦਗਾ ਕਰਨਾ ਹੈ। ਅਗੇ ਲੂਣ ਖਾਣ ਵਾਲਿਆਂ ਦੀ ਗਿਣਤੀ ਦੱਸਣਗੇ।

## ੧੧. (ਲੂਣ ਖਾਣਿਆਂ ਦੀ ਗਿਣਤੀ)।

੧. ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ।
੨. ਲੂਣ ਖਾਇ ਕਰਿ ਚਾਕਰੀ ਰਣਿ ਟੁਕ ਟੁਕ ਹੋਵੈ।
੩. ਲੂਣ ਖਾਇ ਧੀ ਪੁਤੁ ਹੋਇ ਸਭ ਲਜਾ ਧੋਵੈ।
੪. ਲੂਣੁ ਵਣੋਟਾ ਖਾਇਕੈ ਹਥ ਜੋੜਿ ਖੜੋਵੈ।
੫. ਵਾਟ ਵਟਾਊ ਲੂਣ ਖਾਇ ਗੁਣੁ ਕੰਠਿ ਪਰੋਵੈ।
੬. ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ॥੧੧॥

**ਪਦਾਰਥ**-(ਟੁਕ ਟੁਕ=ਟੁਕੜੇ ਟੁਕੜੇ। ਲਜਾ ਧੋਵੈ=ਪਤ ਉੱਜਲ ਕਰਨਾ।
(ਵਣੋਟਾ=ਗੁਮਾਸ਼ਤਾ। ਵਿਗੋਵੈ=ਖਰਾਬ ਕਰਦਾ ਹੈ।)

**ਅਰਥ**- ੧.(ਨੌਕਰ) ਲੂਣ ਖਾਣ ਨਾਲ ਗੁਲਾਮ (ਮੁੱਲ ਲੀਤੇ ਵਾਂਗੂੰ ਚੱਕੀ) ਪੀਂਹਦਾ ਪਾਣੀ (ਦੀਆਂ ਗਾਗਰਾਂ) ਢੋਂਦਾ ਹੈ। ੨.(ਚਾਕਰ) ਲੂਣ ਖਾਕੇ 'ਚਾਕਰੀ' ਕਰਦਾ, ਰਣ ਵਿਖੇ ਟੁਕੜੇ ਟੁਕੜੇ ਹੋਕੇ ਮਰਦਾ ਹੈ। ੩.ਧੀਆਂ ਅਤੇ ਪੁੱਤਰ ਮਾਪਿਆਂ ਦਾ ਲੂਣ ਖਾਕੇ (ਕੁਟੰਬ ਦੀਆਂ) ਲੱਜਾਂ ਧੋਂਦੇ ਹਨ। ੪.(ਸ਼ਾਹ ਦਾ) ਗੁਮਾਸ਼ਤਾ ਲੂਣ ਖਾਕੇ (ਮਾਲਕ ਦੇ ਅੱਗੇ) ਹਥ ਜੋੜਕੇ ਖੜੋਂਦਾ ਹੈ। ੫.ਰਸਤੇ ਜਾਂਦਾ ਮੁਸਾਫਰ ਲੂਣ ਖਾਕੇ ਗੁਣਾਂ ਦਾ ਕੰਠ ਵਿਖੇ ਹਾਰ ਪਰੋਂਦਾ ਹੈ, (ਭਾਵ ਜਿਥੇ ਜਾਵੇ ਉਥੇ ਹੀ ਉਸਤਤਿ ਕਰਦਿਆਂ ਮੂੰਹ ਸੁੱਕਦਾ ਹੈ)। ੬.ਲੂਣ ਖਾਕੇ ਜੋ ਹਰਾਮ ਕਰੇ, ਓਹ ਪਾਪੀ (ਚੌਰਾਸੀ ਲਖ ਜੂਨੀਆਂ ਵਿਖੇ) ਮਰਦਾ ਜੰਮਦਾ ਖਰਾਬ ਹੁੰਦਾ ਹੈ।

**ਭਾਵ**-ਅੰਤਲੀ ਤੁਕ ਦੀ ਧੁਨੀ ਇਹ ਬੀ ਕਹਿੰਦੇ ਹਨ ਕਿ ਜੋ ਅਕਾਲ ਪੁਰਖ ਦਾ ਲੂਣ ਖਾਕੇ ਹਰਾਮ ਕਰਦਾ ਹੈ, ਉਸ ਦੀ ਰਜ਼ਾ ਵਾਲਾ ਜੀਵਨ ਬਿਤੀਤ ਨਹੀਂ ਕਰਦਾ, ਉਹ ਮਰਨ ਜੰਮਣ ਦੇ ਦੁਖਾਂ ਵਿਚ ਆਪਣਾ ਜਨਮ ਨਸ਼ਟ ਕਰਦਾ ਹੈ।

## ੧੨. (ਧਰਮਸਾਲ ਦੀ ਝਾਕ)

੧. ਜਿਉ ਮਿਰਜਾਦਾ ਹਿੰਦੂਆਂ ਗਊ ਮਾਸੁ ਅਖਾਜੁ।
੨. ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।
੩. ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।
੪. ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।
੫. ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।
੬. ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ ॥੧੨॥

**ਪਦਾਰਥ**-(ਅਖਾਜੁ=ਹਰਾਮ। ਪਾਣੀ ਮਦਰਾਜੁ=ਪਾਣੀ ਸ਼ਰਾਬ। ਝਾਕ=ਤੱਕ, ਹਿਰਸ। (ਵਿਹੁ ਖੰਡੂ ਪਾਜੁ=ਖੰਡ ਨਾਲ ਗਲੇਫੀ ਹੋਈ ਵਿਖ। )

**ਅਰਥ**-੧.(ਧਰਮਸਾਲਾਂ ਦੇ ਮਾਲ੍ਹ ਪੂੜੇ ਆਦਿ ਪਦਾਰਥਾਂ ਦੀ ਬਾਹਲੀ ਲਾਲਸਾ ਦਾ ਵਰਣਨ ਕਰਦੇ ਹੋਏ ਲਿਖਦੇ ਹਨ) ਜਿੱਕੁਰ ਹਿੰਦੂਆਂ ਦੀ ਮਰਿਯਾਦਾ ਹੈ ਕਿ ਗਊ ਦਾ ਮਾਸ ('ਅਖਾਜ') ਹਰਾਮ ਮੰਨ ਕੇ (ਭੱਛਨ ਤਾਂ ਕਿਧਰੇ ਰਿਹਾ, ਨਾਉਂ ਸੁਣਕੇ ਬੀ ਮੂੰਹੋਂ ਥੁਕਾਂ ਸਿੱਟਦੇ ਹਨ)। ੨.ਮੁਸਲਮਾਨਾਂ ਨੇ ਸੂਰ ਦੇ ਮਾਸ ਥੋਂ ਅਰ ਵਿਆਜ ਦੇ ਖਾਣ ਥੋਂ ਸੌਂਹ ਪਾਈ ਹੈ, ੩.ਸਹੁਰਾ ਜਵਾਈ ਦੇ ਘਰ ਦਾ ਪਾਣੀ ਬੀ ਸ਼ਰਾਬ (ਵਾਂਗੂੰ ਅਪਵਿੱਤ੍ਰ ਅਰ ਕੌੜਾ ਸਮਝਦਾ ਹੈ ਕਿ ਧੀ ਦੇ ਘਰ ਦੀ ਰੋਟੀ ਤਾਂ ਕਿਧਰੇ ਰਹੀ ਪਾਣੀ ਸਾਰਖਾ ਨਹੀਂ ਗ੍ਰਹਣ ਕਰਦਾ)। ੪.ਚੂਹੜਾ ਸਹੇ ਨੂੰ ਨਹੀ ਖਾਂਦਾ ਹੈ (ਭਾਵੇਂ) ਮਾਯਾ ਥੋਂ (ਮੁਹਤਾਜ) ਗਰੀਬ ਬੀ ਹੋਵੇ। (ਭਾਵ ਭੁੱਖਾ ਬੀ ਹੋਵੇ)। ੫.ਜਿੱਕੁਰ ('ਮਿੱਠੇ') ਸ਼ਹਤ ਪੁਰ ਮੱਖੀ ਦੇ (ਮਰੇ ਕਹੀਏ) ਮੋਹਤ ਹੋਣ ਨਾਲ ਅਕਾਜ ਹੋਵੇ ਹੈ (ਭਾਵ ਨਾਸ਼ ਹੋ ਜਾਂਦੀ ਹੈ)। ੬.ਇਸੇ ਤਰ੍ਹਾਂ (ਸਿਖ ਲਈ) ਧਰਮਸਾਲਾ(ਦੇ ਪੂਜਾ ਦੇ ਪਦਾਰਥ)ਦੀ ਹਿਰਸ ਖੰਡ ਦੀ ਗਲੇਫੀ ਹੋਈ ਵਿਖ ਦੇ ਬਰਾਬਰ ਨਾਸ਼ਕਾਰੀ ਹੈ।

**ਭਾਵ**-ਗੱਲ ਕੀ ਜਦ ਬਾਹਲੀ ਪੂਜਾ ਪਚਾ, ਅਰ ਮਾਲ੍ਹ ਪੂੜਿਆਂ ਦੇ ਗਹਿਰੇ ਗੱਫੇ ਲਾ, ਭਜਨ ਸਿਮਰਨ ਛੱਡਕੇ ਆਪਣੇ ਢਿੱਡ ਪਰ ਹੱਥ ਫੇਰ ਛੱਡੇ, ਉਸ ਨੂੰ ਉਕਤ ਸੌਂਹਾਂ ਦੇ ਬਰਾਬਰ ਹੈ। ਮਤਲਬ ਇਹ ਕਿ ਧਰਮਸਾਲਾਂ ਹੱਟੀਆਂ ਨਹੀਂ ਹਨ, ਧਰਮ ਦੀਆਂ ਥਾਵਾਂ ਹਨ। ਜਿੱਥੇ ਭਜਨ ਸਿਮਰਣ ਹੋਣਾ ਯੋਗ ਹੈ' ਅਰ ਧਰਮਸਾਲਾ ਦੇ ਪਦਾਰਥ ਭਜਨ ਕਰਨ ਵਾਲੇ, ਗਰੀਬ, ਮੁਸਾਫਰ, ਲੋੜਵੰਦਾਂ ਦਾ ਨਿਰਬਾਹ ਮਾਤ੍ਰ ਕਰਨੇ ਲਈ ਹਨ, ਨਾਕਿ ਗੁਲਛੱਰੇ ਉਡਾਓਣ ਵਾਸਤੇ।

## ੧੩. (ਝਾਕ-ਪੂਜਾ ਦਾ ਧਾਨ)]

੧. ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ।
੨. ਸੋਇਨੇ ਨੋ ਹਥੁ ਪਾਇਦਾ ਹੋਇ ਵੰਞੈ ਖਾਕੁ।
੩. ਇਠ ਮਿਤ ਪੁਤ ਭਾਇਰਾ ਵਿਹਰਨਿ ਸਭ ਸਾਕੁ।
੪. ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ ਨਾਪਾਕੁ।
੫. ਵਤੈ ਮੁਤੜਿ ਰੰਨ ਜਿਉ ਦਰਿ ਮਿਲੈ ਤਲਾਕੁ।
੬. ਦੁਖੁ ਭੁਖੁ ਦਾਲਿਦ ਘਣਾ ਦੋਜਕ ਅਉਤਾਕੁ ॥੧੩॥

**ਪਦਾਰਥ**-(ਝਾਕੁ=ਹਿਰਸ। ਇਠ=ਪਿਆਰੇ। ਵਿਹਰਨਿ=ਛੱਡਦੇ ਹਨ, ਗੁੱਸੇ ਨਾਲ ਤੱਕਦੇ (ਹਨ। ਮੁਤੜਿ=ਛੁੱਟੜ। ਤਲਾਕੁ=ਧਿਕਾਰ, ਧੱਕੇ ਜਾਦਾ। ਅਉਤਾਕੁ=ਘਰ, ਸਿਥਿਤਿ।)

**ਅਰਥ**-੧.ਜਿਸ ਦੇ ਰਿਦੇ ਵਿਖੇ (ਗ੍ਰਿਹਸਥੀ ਹੋ ਦਸਾਂ ਨੌਹਾਂ ਦੀ ਕਮਾਈ ਛੱਡਕੇ ਧਰਮਸਾਲਾ ਦੀ) ਝਾਕੀ

ਹੈ ਉਹ ਜਗ ਵਿਖੇ ਖਰਾ ਦੁਖੀ ਰਹਿੰਦਾ ਹੈ, ੨.ਸੋਨੇ ਨੂੰ ਹੱਥ ਪਾਉਂਦਾ ਹੈ ਤਾਂ ਖ਼ਾਕ ਹੋ ਜਾਂਦਾ ਹੈ। ੩.ਪਿਆਰੇ ਮਿਤ੍ਰ ਪੁੱਤ੍ਰ ਭਾਈ ਆਦਿ ਸਾਰੇ ਸਾਕ ਕ੍ਰੋਧ ਨਾਲ ਵੇਖਦੇ ਹਨ। ੪.ਸੋਗ, ਵਿਜੋਗ ਦਾ ਸਰਾਪ ਲੱਗਾ ਰਹੂ, ਖੋਟੀ ਮਤ ਤੇ ਸਦਾ ਅਪਵਿਤ੍ਰ ਰਹੂ (ਆਲਸ ਅਰ ਲਾਲਚ ਤੇ ਕੁਧਾਨ ਦਾ ਭਾਰ ਘੁਟੀ ਰਖੇਗਾ)। ੫.ਛੁੱਟੜ ਰੰਨ ਵਾਂਙ ਪਿਆ ਫਿਰੂ (ਪਰਮੇਸੁਰ ਦੇ) ਦਰਵਾਜੇ ਤੋਂ ਤਲਾਕ ਮਿਲੂ (ਯਾ ਜਿਸ ਦਰਵਾਜੇ ਜਾ ਖਲੋਊ, ਆਦਰ ਨਹੀਂ ਹੋਵੇਗਾ)। ੬.ਦੁੱਖ, ਭੁੱਖ ਦਲਿੱਦ੍ਰ ਘਣਾ ਇਥੇ ਰਹੂ ਅਗੇ ਨਰਕ ਵਿਖੇ ਘਰ ਮਿਲੂ।

**ਭਾਵ**-ਕਿਉਂ ਜੋ ਈਸ਼ਵਰ ਨੇ ਜਨਮ ਦਿੱਤਾ ਸੀ ਕਿ ਧਰਮਸਾਲਾ ਵਿਖੇ ਭਜਨ ਬੰਦਗੀ ਅਥਵਾ ਕਥਾ ਕੀਰਤਨ ਕਰਕੇ ਜਨਮ ਸਵਾਰੋ, ਉਲਟਾ ਪੂਜਾ ਦੀ ਝਾਕ ਪੁਰ ਹੀ ਹੀਰਾ ਜਨਮ ਗਵਾ ਦਿੱਤਾ, ਅੱਗੇ ਇਸੇ ਨੂੰ ਹੋਰ ਪੱਕਾ ਕਰਦੇ ਹਨ।

## ੧੪. (ਪੂਜਾ ਦਾ ਧਾਨ)।

੧. ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ।
੨. ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ।
੩. ਬੂਰੁ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ।
੪. ਜਿਉ ਉਦਮਾਦੀ ਅਤੀਸਾਰੁ ਖਈ ਰੋਗੁ ਮਨੁਖੈ।
੫. ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ।
੬. ਤਿਉ ਅਜਰੁ ਝਾਕ ਭੰਡਾਰਦੀ ਵਿਆਪੈ ਵੇਮੁਖੈ॥੧੪॥

**ਪਦਾਰਥ**-(ਚਾਟਾ=ਦੁੱਧ ਦਾ ਮਟਕਾ। ਚੁਖੈ=ਕਣੀ ਮਾਤ੍ਰ ਨਾਲ। ਧੁਖੈ=ਧੁਖਣ ਨਾਲ (ਖਉ ਲਾਖਹੁ=ਲਾਖ ਨਾਲ ਨਾਸ਼ ਹੋਣਾ। ਉਦਮਾਦੀ=ਸ਼ੁਦਾਈ ਨੂੰ। (ਭੰਡਾਰ=ਧਰਮਸਾਲ ਦੇ ਮਾਲ੍ਹ ਪੂੜੇ ਭਜਨ ਬਾਝ। )

**ਅਰਥ**-੧.ਦੁੱਧ ਦਾ ਮਟਕਾ, ਕਾਂਜੀ ਦੀ ਚੁੱਖ (ਇਕ ਕਣੀ) ਨਾਲ ਫਿਟ ਜਾਂਦਾ ਹੈ। ੨.ਹਜ਼ਾਰਾਂ ਮਣਾਂ ਰੂੰ ਇਕ ਚਿੰਗਾਰੀ ਦੇ ਧੁਖਣ ਨਾਲ ਸੜ ਜਾਂਦੀ ਹੈ। ੩.ਪਾਣੀ ਦੇ ਤਲਾਉ ਨੂੰ ਬੂਰ ਵਿਗਾੜ ਦਿੰਦਾ ਹੈ, ਅਰ ਬ੍ਰਿਛ ਨੂੰ ਲਾਖ ਪੈਣ ਨਾਲ (ਉਸ ਦਾ) ਨਾਸ਼ ਹੋ ਜਾਂਦਾ ਹੈ। ੨.ਸੌਦਾਈ ਨੂੰ ਅਤੀਸਾਰ ਅਰ ਮਨੁੱਖ ਨੂੰ ਖਈ ਰੋਗ ਨਾਸ਼ ਕਰ ਦਿੰਦਾ ਹੈ। ੫.ਜਿਕੂੰ ਪੰਛੀ ਜਾਲੀ ਵਿਖੇ ਦਾਣੇ ਚੁਗਣ ਦੀ ਤ੍ਰਿਸ਼ਨਾ ਨਾਲ ਫਸ ਜਾਂਦੇ ਹਨ। ੬.ਇਸੇ ਤਰ੍ਹਾਂ ਨਾਂ ਜਰੀ ਜਾਣ ਵਾਲੀ ਭੰਡਾਰ ਦੀ ਤ੍ਰਿਸ਼ਨਾ ਜਿਸ ਵੇਮੁਖ ਨੂੰ ਵਿਆਪਦੀ ਹੈ, (ਨਾਸ਼ ਕਰ ਦਿੰਦੀ ਹੈ)।

**ਭਾਵ**-ਜੋ ਧਰਮਸਾਲਾ ਦੇ ਭੰਡਾਰਿਆਂ ਨਾਲ ਖੋਤਿਆਂ ਵਾਂਗੂੰ ਪੇਟ ਭਰਕੇ ਅਰ ਆਏ ਗਏ ਨਾਲ ਵੰਡਕੇ ਨਹੀਂ ਖਾਂਦੇ ਓਹ ਅਤਿ ਨਿੰਦਕ ਹਨ। ਲੋਕਾਂ ਦੀ ਕਹਾਵਤ ਹੈ (ਵੰਡ ਖਾਏ, ਖੰਡ ਖਾਏ। ਅੱਡ ਖਾਏ, ਡੱਡ ਖਾਏ)। ਪੁਨਾ:-"**ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥**" (ਆਸਾ: ਮ:੧-੩੯) ਆਪਣਾ ਉਦਰ ਪੋਖੀ ਕੀੜਿਆਂ ਦਾ ਅਹਾਰ ਕਰਦਾ ਹੈ, ਉਸ ਦੇ ਲਈ ਪੂਜਾ ਦਾ ਧਾਨ ਵੱਡਾ ਅਜਰ ਹੈ, ਗੁਰਮੁਖਾਂ ਲਈ ਜੋ ਤਿਲ ਮਾਤ੍ਰ ਬੀ ਵੰਡਕੇ ਛਕਦੇ ਹਨ, ਅਜਰ ਨਹੀਂ ਹੈ। ਭਜਨ ਕਰਨ ਵਾਲਿਆਂ ਲਈ ਧਰਮਸਾਲ ਦਾ ਭੰਡਾਰ ਨਿਰਬਾਹ ਤੋਰਨ ਲਈ ਹੈ, ਨਿਰਬਾਹ ਮਾਤ੍ਰ ਧਾਨ ਛਕਣਾ ਭਜਨ ਅਗਨੀ ਵਿਚ ਦਗਧ ਹੋ ਜਾਂਦਾ ਹੈ। ਲਾਲਚ ਨਾਲ ਲੀਤਾ ਤੇ ਕੱਠਾ ਕੀਤਾ ਪੂਜਾ ਦਾ ਧਾਨ ਨਸ਼ਟ ਕਰਦਾ ਹੈ ਅਰ ਜੋ ਭਜਨ ਨਾ ਕਰੇ ਤੈ ਪੂਜਾ ਦੇ ਧਾਨ ਦਾ ਲਾਲਚ ਕਰੇ ਸੋ ਦੁਹੀਂ ਸਰਾਈਂ ਗਿਆ ਗੁਜਰਿਆ ਹੋ ਜਾਂਦਾ ਹੈ।'

## ੧੫. (ਪੂਜਾ ਦਾ ਧਾਨ ਕਿੱਕੂੰ ਪਚੇ ?)

੧. ਅਉਚਰੁ ਝਾਕ ਭੰਡਾਰ ਦੀ ਚੁਖੁ ਲਗੈ ਚਖੀ।
੨. ਹੋਇ ਦੁਕੁਧਾ ਨਿਕਲੈ ਭੋਜਨੁ ਮਿਲਿ ਮਖੀ।
੩. ਰਾਤਿ ਮੁਖਾਲਾ ਕਿਉ ਸ਼ਵੈ ਤਿਣੁ ਅੰਦਰਿ ਅਖੀ।
੪. ਕਖਾ ਦਬੀ ਅਗਿ ਜਿਉ ਓਹੁ ਰਹੈ ਨ ਰਖੀ।
੫. ਝਾਕ ਝਕਾਈਐ ਝਾਕਵਾਲੁ ਕਰਿ ਭਖ ਅਭਖੀ।
੬. ਗੁਰ ਪਰਸਾਦੀ ਉਬਰੇ ਗੁਰ ਸਿਖਾ ਲਖੀ॥੧੫॥

**ਪਦਾਰਥ**-(ਅਉਚਰੁ=ਅਚਰ, ਅਭੱਖ। ਝਾਕ ਭੰਡਾਰ ਦੀ =ਭੰਡਾਰਿਆਂ ਦੀ ਤੱਕ। ਚਖੀ=ਚੱਖਣ ਦੀ। ਦੁਕੁਧਾ=ਉਲਟਾ।)

**ਅਰਥ**-੧.ਭੰਡਾਰਿਆਂ ਦੀ ਝਾਕ ਖਾਣ ਲਾਇਕ ਨਹੀਂ, (ਪਰੰਤੂ ਜਿਸ ਨੂੰ ਇਸ ਦੇ ) ਚੱਖਣ ਦੀ ਚੁੱਖ (ਚਾਹ) ਲੱਗਦੀ ਹੈ। ੨.(ਉਸ ਥੋਂ 'ਦੁਕੁੱਧਾ') ਉਲਟਾ ਹੋਕੇ ਨਿਕਲਦੀ ਹੈ, ਜਿੱਕੁਰ ਮੱਖੀ ਨਾਲ ਮਿਲਿਆ ਹੋਇਆ ਭੋਜਨ ਕੀਤਿਆਂ (ਉਲਟਾ ਨਿਕਲਦਾ ਹੈ, ਹੇਠਲੀਆਂ ਦੋ ਤੁਕਾਂ ਵਿਖੇ ਦ੍ਰਿਸ਼ਟਾਂਤ ਦਿੰਦੇ ਹਨ)। ੩.ਜਿਸ ਦੀ ਅੱਖ ਵਿਖੇ ਤੀਲਾ ਪੈ ਜਾਂਦਾ ਹੈ ਉਹ (ਦੱਸੋ!) ਰਾਤ ਨੂੰ ਕਿੱਕੁਰ ਸੌਖਾ ਸੌਂ ਸਕਦਾ ਹੈ ? ੪.(ਦੱਭ ਦੇ) ਕੱਖਾਂ ਵਿਖੇ ਅੱਗ ਜਿੱਕੁਰ ਦਬਾ ਕੇ ਰਖੀਏ ਤਾਂ ਰਖੀ ਰਹਿ ਨਹੀਂ ਸਕਦੀ। ੫.ਝਾਕ ਵਾਲਾ ਝਾਕ ਨੂੰ ਹੀ ਤਾੜਦਾ ਹੈ, (ਜੇਕਰ) ਅਭੱਖ (ਬੀ ਹੋਵੇ ਉਹ) ਭੱਖ (ਹੀ) ਸਮਝਦਾ ਹੈ, (ਐਸਾ ਲੋਭ ਵਿਚ ਗਿਆ ਗੁਜ਼ਰਿਆ ਹੋ ਜਾਂਦਾ ਹੈ)। (ਇਸ ਖੋਟੇ ਧਾਨ ਥੋਂ ਬਚਨ ਵਾਲੇ ਕੋਈ ਹਨ ਕਿ ਨਹੀਂ ? ਇਸ ਸ਼ੰਕਾ ਵਿਖੇ ਉੱਤਰ ਦਿੰਦੇ ਹਨ)। ੬.ਲੱਖਾਂ ਸਿੱਖ ਹਨ, ਜਿੰਨ੍ਹਾਂ ਪੁਰ ਗੁਰੂ ਜੀ ਦੀ ਕਿਰਪਾ ਹੈ ਓਹ ਬਚੇ ਹਨ।

**ਭਾਵ**-ਉਹ ਧਰਮਸਾਲਾ ਅਰ ਗੁਰਦਵਾਰਿਆਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟਹਿਲ ਸੇਵਾ ਕਰਦੇ ਅਰ ਆਏ ਗਏ ਨਾਲ ਵੰਡਕੇ ਛਕਦੇ ਹਨ, ਆਪ ਭਜਨ ਵਿਚ ਤਤਪਰ ਰਹਿੰਦੇ ਹਨ, ਗੁਰੂ ਜੀ ਦੀ ਕਿਰਪਾ ਨਾਲ ਬਚੇ ਹੋਏ ਹਨ, "**ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥**" (ਸ: ਕਬੀ-੨੦) ਕਬੀਰ ਜੀ ਪੂਜਾ ਦੇ ਧਾਨ ਦੇ ਬਾਰਾਂ ਹਿੱਸੇ ਕਰਕੇ ਵੰਡ ਦੇਂਦੇ ਸਨ, ਆਪ ਬਾਰ੍ਹਵੇਂ ਨੂੰ ਨਿਰਬਾਹ ਮਾਤ੍ਰ ਵਰਤਦੇ ਸਨ, ਇਸ ਕਰਕੇ ਠੱਗੇ ਨਾ ਗਏ।

## ੧੬. (ਧਰਮਸਾਲ ਝਕੀਆਂ ਦਾ ਲੱਛਣ)।

੧. ਜਿਉ ਘੁਣ ਖਾਧੀ ਲਕੜੀ ਵਿਣੁ ਤਾਣਿ ਨਿਤਾਣੀ।
੨. ਜਾਣੁ ਡਰਾਵਾ ਖੇਤ ਵਿਚਿ ਨਿਰਜੀਉ ਪਰਾਣੀ।
੩. ਜਿਉ ਧੂਅਰੁ ਝੜੁਵਾਲ ਦੀ ਕਿਉ ਵਰਸੈ ਪਾਣੀ।
੪. ਜਿਉ ਥਣ ਗਲ ਵਿਚਿ ਬਕਰੀ ਦੁਹਿ ਦੁਧੁ ਨ ਆਣੀ।
੫. ਝਾਕੇ ਅੰਦਰਿ ਝਾਕਵਾਲੁ ਤਿਸ ਕਿਆ ਨੀਸਾਣੀ।
੬. ਜਿਉ ਚਮੁ ਚਟੈ ਗਾਇ ਮਹਿ ਉਹ ਭਰਮ ਭੁਲਾਣੀ॥੧੬॥

**ਪਦਾਰਥ**-(ਨਿਰਜੀਉ=ਪ੍ਰਾਣ ਰਹਿਤ। ਚਮੁ ਚਟੈ=ਚੰਮ ਦਾ ਚੱਟਣਾ।)

**ਅਰਥ**-੧.ਜਿਕੂੰ ਘੁਣ (ਨਾਮੇ ਕੀੜੇ) ਦੀ ਖਾਧੀ ਹੋਈ ਲੱਕੜੀ ਤਾਣੋਂ ਨਿਤਾਣੀ ਹੋ ਜਾਂਦੀ ਹੈ। ੨.ਜਿਕੂੰ ਪੈਲੀ ਵਿਚ (ਮਨੁੱਖ ਦਾ ਨਕਲੀ ਅਕਾਰ ਬਣਾਕੇ) ਡਰਾਉਣਾ (ਜ਼ਿਮੀਦਾਰ ਲੋਕ ਰਖਦੇ ਹਨ) ਤ੍ਰੇਹ ਮੁਰਦਾ ਪ੍ਰਾਣੀ ਹੁੰਦਾ ਹੈ(ਅਰਥਾਤ ਕੁਝ ਕਰ ਨਹੀਂ ਸਕਦਾ)। ੩.ਜਿੱਕੁਰ ਧੂਏ ਥੋਂ ('ਝੜਵਾਲ ਦੀ')

ਬੱਦਲਾਂ ਦੀ ਬਰਖਾ ਨਹੀਂ ਵਸਦੀ ਹੈ, (ਪਾਠਾਤ੍ 'ਧੁੰਅਰ' ਹੈ ਗਯਾਨੀ ਕਹਿੰਦੇ ਹਨ ਕਿ ਝੜ ਵਾਲੀ ਕੁਹੀੜ ਵਿਚੋਂ ਮੀਂਹ ਨਹੀਂ ਵੱਸਦਾ)। ੪.ਜਿੱਕੁਰ ਬਕਰੀ ਦੇ ਗਲੇ ਦੇ ਥਣ ਵਿਚੋਂ ਚੋਣ ਨਾਲ ਦੁੱਧ ਨਹੀਂ ਨਿਕਲਦਾ। ੫.(ਤਿਹਾ ਹੀ) ਧਰਮਸਾਲ ਦੀ ਝਾਕ ਵਾਲਾ ਪ੍ਰਾਣੀ ਝਾਕ ਵਿਚ ਨਿਸ਼ਫਲ ਹੈ, ਉਸ ਦੀ ਨਿਸ਼ਾਨੀ ਕੀ ਹੈ? ੬.ਜਿੱਕੁਰ ਗਊ ਅਤੇ ਮੈਂਹ (ਤੂੜੀ ਦੇ ਭਰੇ ਹੋਏ ਨਕਲੀ ਵੱਛੇ ਅਤੇ ਕੱਟੇ ਦੇ) ਚੰਮ ਨੂੰ ਆਪਣਾ ਪੁੱਤਰ ਜਾਣਕੇ ਚੱਟਦੀਆਂ ਹਨ, ਓਹ ਕੇਵਲ ਭਰਮ ਵਿਖੇ ਹੀ ਭੁੱਲੀਆ ਹੋਈਆਂ ਹਨ।

**ਭਾਵ**-ਉਨ੍ਹਾਂ ਵਾਂਗੂੰ ਝਾਕ ਵਾਲਾ ਬੀ ਭਰਮ ਵਿਖੇ ਭੁੱਲਾ ਹੋਇਆ ਸਚੇ ਆਨੰਦ ਨੂੰ ਛੱਡਕੇ ਝੂਠੇ ਲੋਭ ਵਿਖੇ ਫਸਿਆ ਹੋਇਆ ਹੈ,ਉਹ ਮੁਰਦਾ ਚੰਮ ਚੱਟ ਰਿਹਾ ਹੈ,। ਮਾਲ੍ਹ ਪੂੜੇ ਦੇ ਪ੍ਰੇਮੀਆਂ ਤੇ ਧਰਮਸਾਲਾ ਨੂੰ ਆਪਣੀ ਜਾਇਦਾਦ ਬਨਾਉਣ ਵਾਲਿਆਂ ਨੂੰ ਕੁਝ ਹੋਸ਼ ਕਰਨੀ ਚਾਹੀਦੀ ਹੈ ਕਿ ਭਾਈ ਸਾਹਿਬ ਜੀ ਕੀ ਕਹਿ ਗਏ ਹਨ।

## ੧੭. (ਸਾਧ ਅਸਾਧ ਪ੍ਰੀਛਾ)।

੧. ਗੁਛਾ ਹੋਇ ਧ੍ਰਿਕਾਨੂਆਂ ਕਿਉ ਵੁੜੀਐ ਦਾਖੈ।
੨. ਅਕੇ ਕੇਰੀ ਖਖੜੀ ਕੋਈ ਅੰਬੁ ਨ ਆਖੈ।
੩. ਗਹਣੇ ਜਿਉ ਜਰਪੋਸ ਦੇ ਨਹੀਂ ਸੋਇਨ ਸਾਖੈ।
੪. ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ।
੫. ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ।
੬. ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ॥੧੭॥

**ਪਦਾਰਥ**-(ਵੁੜੀਐ=ਕਹੀਏ। ਜਰਪੋਸ=ਮੁਲੰਮੇ ਦੇ। ਫਟਕ=ਬਿਲੌਰ। (ਬਿਆਖੈ=ਭਾਰੇ ਮੁਲ ਦੇ। ਗਾਖੈ=ਨਿਰਨੇ ਹੁੰਦੇ ਹਨ। ਸੁਭਾਖੈ=ਬੋਲਨ ਕਰਕੇ।)

**ਅਰਥ**-੧.ਧਿਰਕੋਨਿਆਂ ਦਾ ਗੁੱਛਾ ਦਾਖ ਦਾ ਗੁੱਛਾ ਕਿਉਂ ਕਰ ਕਹੀਦਾ ਹੈ? (ਨਹੀਂ)। ੨.ਅੱਕ ਦੀ ਖੱਖੜੀ ਨੂੰ (ਜੋ ਭਾਵੇਂ ਅੰਬ ਦੇ ਰੰਗ ਰੂਪ ਵਾਂਗੂੰ ਹੈ) ਅੰਬ ਕੋਈ ਨਹੀਂ ਕਹਿੰਦਾ ਹੈ। ੩.ਮੁਲੰਮੇ ਦੇ ਗਹਿਣਿਆਂ ਦੀ ਕੋਈ ਨਹੀਂ ਸਾਖ ਭਰਦਾ ਕਿ ਸੋਨੇ ਦੇ ਹਨ। ੪.('ਫਟਕ') ਬਿਲੌਰ ਹੀਰਿਆਂ ਦੇ ਨਾਲ ਨਹੀਂ ਪੁੱਜਦਾ ਕਿਉਂ ਜੋ ਓਹ ਹੀਰੇ ਬੇਓੜਕ ਮੁੱਲ ਦੇ ਹੁੰਦੇ ਹਨ। (ਅਥਵਾ ਬਿਨਾਂ ਆਖੇ ਪਛਾਣੇ ਜਾਂਦੇ ਹਨ)। ੫.ਲੱਸੀ ਅਤੇ ਦੁੱਧ ਦੋਵੇਂ ਧਉਲੇ ਰੰਗ ਦੇ ਚਿੱਟੇ ਹਨ, ਸੁਆਦ ਥੋਂ ਉਨ੍ਹਾਂ ਦੇ ਗੁਣ ਨਿਰਨੈ ਹੋ ਜਾਂਦੇ ਹਨ। ੬.(ਤਿਵੇਂ) ਸਾਧ ਅਸਾਧ ਦੋਵੇਂ ਕਰਤੂਤ ਅਰ ਬੋਲੀ ਥੋਂ ਪਰਖੇ ਜਾਂਦੇ ਹਨ (ਅੰਮ੍ਰਿਤ ਵਤ ਸੰਤ ਆਪਣੀ ਸੰਗਤ ਥੋਂ ਅਮਰ ਕਰਦੇ ਅਰ ਅਸੰਤ ਵਿਖਯ ਵਾਂਙੂ ਪ੍ਰਾਣ ਹਿਰ ਲੈਂਦੇ ਹਨ)।

## ੧੮. (ਚਾਰ ਵਰਣ ਦਾ ਸਾਧ)।

੧. ਸਾਵੇ ਪੀਲੇ ਪਾਨ ਹਹਿ ਓਇ ਵੇਲਹੁ ਤੁਟੈ।
੨. ਚਿਤਮਿਤਾਲੇ ਫੋਫਲੇ ਫਲ ਬਿਰਖਹੁੰ ਛੁਟੈ।
੩. ਕਥ ਹੁਰੇਹੀ ਭੂਸਲੀ ਦੇ ਚਾਵਲ ਚੁਟੈ।
੪. ਚੂਨਾ ਦਿਸੈ ਉਜਲਾ ਦਹਿ ਪਥਰੁ ਕੁਟੈ।
੫. ਆਪੁ ਗਵਾਇ ਸਮਾਇ ਮਿਲਿ ਰੰਗੁ ਚੀਚ ਵਹੁਟੈ।
੬. ਤਿਉ ਚਹੁਵਰਨਾ ਵਿਚਿ ਸਾਧਹਨਿ ਗੁਰਮੁਖਿ ਮੁਹ ਜੁਟੈ॥੧੮॥

**ਪਦਾਰਥ**-(ਚਿਤ ਮਿਤਾਲੇ=ਰੰਗ ਬਿਰੰਗੀ। ਫੋਫਲੇ=ਸੁਪਾਰੀਆਂ। ਦਹਿ=ਸਾੜਕੇ।
(ਚੀਚ ਵਹੁਟੈ=ਲਾਲ ਰੰਗ ਦਾ ਕੀੜਾ। ਮੁਹ ਜੁਟੈ=ਮਿਲਕੇ ਬੈਠਣਾ।)

**ਅਰਥ**- ੧.ਪਾਨਾਂ ਦੇ ਪੱਤ੍ਰ ਸਾਵੇ ਪੀਲੇ ਹੋਕੇ ਵੇਲਾਂ ਥੋਂ ਟੁੱਟਦੇ ਹਨ। ੨.ਸੁਪਾਰੀਆਂ ਦੇਚਿੱਤ੍ਰ ਮਿੱਤ੍ਰ ਫੱਲ ਬ੍ਰਿੱਛ ਤੋਂ ਡਿੱਗਦੇ ਹਨ। ੩.ਕੱਥ ('ਹੁਰੇਹੀ ਭੂਸਲੇ') ਹਲਕੇ ਜਿਹੇ ਭੂਸਲੇ ਰੰਗ ਦੀ ਹੁੰਦੀ ਹੈ, ਚਾਵਲ ਜਿੰਨੀ ('ਚੁੱਟੈ') ਕੁਟਕੇ (ਯਾ ਚੁਟਕੀ ਭਰੀ) ਪਾਈ ਜਾਂਦੀ ਹੈ। ੪.ਚੂਨਾ ਚਿੱਟਾ ਦਿੱਸਦਾ ਹੈ, ਸਾੜਕੇ ਪੱਥਰ ਪੁਰ ਕੁੱਟੀਦਾ ਹੈ (ਕਿ ਬ੍ਰੀਕ ਹੋ ਜਾਵੇ) (ਅਥਵਾ ਸਾੜਕੇ ਪੱਥਰਾਂ ਦਾ ਕੁਟਿਆ ਜਾਂਦਾ ਹੈ)। ੫.ਆਪੋ ਆਪਣਾ ਰੰਗ ਗਵਾਕੇ ਜਦ ਚਾਰੇ ਆਪ ਵਿਚ ਸਮਾਉਂਦੇ (ਅਭੇਦ ਹੋ ਜਾਂਦੇ) ਹਨ, ਚੀਚ ਵਹੁਟੀ ਦਾ ਰੰਗ ਦਿੰਦੇ ਹਨ, (ਗੂੜ੍ਹੇ ਲਾਲ ਗੁਲਾਲ ਹੋ ਜਾਂਦੇ ਹਨ)। ੬.(ਦ੍ਰਿਸ਼ਟਾਂਤ ਇਹ ਕਿ) ਤਿਵੇਂ ਚਾਰ ਵਰਣਾਂ ਦੇ ਵਿਚੋਂ (ਜਦ) ਗੁਰਮੁਖ ਹੋਕੇ ਮੂੰਹ ਜੋੜਦੇ ਹਨ ਸ੍ਰਾਧ ਸ਼੍ਰੇਸ਼ਟ ਹੋ ਜਾਂਦੇ ਹਨ। (**"ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥"**) (ਸਿਰੀ: ਮ:੧-੧੨)।

## ੧੯. (ਸਾਂਗੀ ਸਾਧ)।

੧. ਚਾਕਰ ਸਭ ਸਦਾਇੰਦੇ ਸਾਹਿਬ ਦਰਬਾਰੇ।
੨. ਨਿਵ ਨਿਵ ਕਰਨਿ ਜੁਹਾਰੀਆ ਸਭ ਸੈ ਹਥੀਆਰੇ।
੩. ਮਜਲਸ ਬਹਿ ਬਾਫਾਇੰਦੇ ਬੋਲ ਬੋਲਨਿ ਭਾਰੇ।
੪. ਗਲੀਏ ਤੁਰੇ ਨਚਾਇੰਦੇ ਗਜਗਾਹ ਸਵਾਰੇ।
੫. ਰਣ ਵਿਚਿ ਪਾਇਆਂ ਜਾਣੀਅਨਿ ਜੋਧ ਭਜਣ ਹਾਰੇ।
੬. ਤਿਉ ਸਾਂਗਿ ਸਿਵਾਪਨਿ ਸਨਮੁਖਾ ਬੇਮੁਖ ਹਤਿਆਰੇ ॥੧੯॥

**ਪਦਾਰਥ**-(ਸਾਹਿਬ ਦਰਬਾਰੇ=ਪਾਤਸ਼ਾਹੀ ਸਭਾ। ਜੁਹਾਰੀਆਂ=ਬੰਦਗੀਆਂ।
(ਬਾਫਾਇੰਦੇ=ਦਮ ਮਾਰਨਾ। ਸਾਂਗਿ=ਸਨਮੁਖਾ ਦਾ ਭੇਖ।
(ਗਜਗਾਹ=ਹਾਥੀ ਦਾ ਇਕ ਗਹਿਣਾ। ਭਜਣ ਹਾਰੇ=ਕਾਇਰ।)

**ਅਰਥ**-੧.ਨੌਕਰ ਸਾਰੇ ਸਾਹਿਬ ਦੇ ਦਰਬਾਰ ਦੇ ਸਦਾਉਂਦੇ ਹਨ। ੨.ਨਿੰਮ੍ਰਭੂਤ ਹੋਕੇ ਨਮਸਕਾਰਾਂ ਜਾਂ ਬੰਦਗੀਆਂ ਕਰਦੇ ਹਨ ਅਰ ਸਾਰੇ (ਤਲਵਾਰ ਆਦਿ) ਹਥਿਆਰ ਫੜੀ ਫਿਰਦੇ ਹਨ। ੩.ਕਚਹਿਰੀਆਂ ਵਿਚ ਬੈਠਕੇ ਆਪਣਾ ਆਪ ਜਣਾਉਂਦੇ, ਅਰ ਵਡੇ ਬੋਲ ਬੋਲਦੇ ਹਨ (ਕਿ ਅਸੀਂ ਵਡੇ ਸੂਰਬੀਰ ਹਾਂ)। ੪.ਗਲੀਆਂ ਵਿਚ ਘੋੜੇ ਨਚਾਉਂਦੇ ,ਗਜਗਾਹਾਂ ਸਵਾਰਦੇ ਹਨ। ੫.(ਪਰੰਤੂ) ਜੁੱਧ ਵਿਚ ਜਾਣੇ ਜਾਂਦੇ ਹਨ ਕਿ ਸੂਰਮੇਂ ਅਰ ਕਾਇਰ ਕੌਣ ਹਨ (ਅਗੇ ਦ੍ਰਿਸ਼ਟਾਂਤ ਛੀਵੀਂ ਤੁਕ ਵਿਖੇ ਦੱਸਦੇ ਹਨ)। ੬.ਅਜਿਹਾ ਹੀ ਬੇਮੁਖ ਹਤਿਆਰੇ ਜੋ ਸਨਮੁਖਾਂ ਦਾ ਸਾਂਗ ਬਣਾ ਫਿਰਦੇ ਹਨ ਸਿਵਾਣੇ ਜਾਂਦੇ ਹਨ।

**ਭਾਵ**-**'ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹ ਸਾਧ ਜਨਾ ਵੀਚਾਰਿਆ'** ॥ (ਗਉ: ਵਾਰ-੩੦) ਗਲ ਕੀ ਮਨਮੁਖ ਬਿਲੀਆਂ ਵਾਂਙੂੰ ਸਮਾਧੀਆਂ ਲਾ ਅੱਖਾਂ ਬੰਦ ਕਰ ਬੈਠਦੇ ਹਨ ਪਰ ਚੂਹਿਆਂ ਦਾ ਖੜਕਾਰ ਸੁਣਦੇ ਹੀ ਹੜਪ ਕਰ ਜਾਂਦੇ ਹਨ। ਜਦ ਪਰਤਾਵੇ ਦਾ ਕੋਈ ਵੇਲਾ ਆ ਪਵੇ ਸਨਮੁਖ ਸਾਮ੍ਹਣੇ ਨਿਤਰਦੇ ਤੇ ਪਰਤਾਵੇ ਤੋਂ ਪਾਰ ਹੋ ਜਾਂਦੇ ਹਨ, ਬੇਮੁਖ ਕਾਇਰ ਜਾਂ ਭਗੌੜੇ ਨੱਸਦੇ ਹਨ, ਅਰ ਬੁਰੀ ਤਰ੍ਹਾਂ ਪਟਖਦੇ ਹਨ।

## ੨੦. (ਗੁਰੂ ਸਾਂਗ)।

੧. ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ।
੨. ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ।

੩. ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੇ ਨਾਰੇ।
੪. ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ।
੫. ਜੇ ਮਦੁ ਪੀਤਾ ਬਾਮਣੀ ਲੋਇ ਲੁਝਣਿ ਮਾਰੇ।
੬. ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥੨੦॥

**ਅਰਥ**-੧. ਜੇਕਰ ਮਾਂ ('ਜਾਰਨੀ') ਵਿਭਚਾਰ ਕਰੇ ਤਾਂ ਪੁਤ੍ਰ ਉਸ ਦੀ (ਪਤਾਰੇ=)ਨਿੰਦਾ ਨਾ ਕਰੇ। ੨.ਜੇਕਰ ਗਊ ਮਾਣਕ ਨਿਗਲ ਜਾਵੇ (ਗਊ ਦਾ) ਪੇਟ ਪਾੜਕੇ ਕੋਈ ਹੱਤਯਾ ਨਹੀਂ ਕਰਦਾ। ੩.ਜੇਕਰ ਭਰਤਾ ਬਾਹਲੇ ਘਰਾਂ ਵਿਖੇ ਫਿਰਕੇ (ਅਯੋਗ ਕੰਮ ਕਰੇ ਤਾਂ ਪਤਿਬ੍ਰਤਾ) ਇਸਤ੍ਰੀ ਸਤ ਰਖਦੀ ਹੈ (ਉਹ ਵਿਭਚਾਰ ਨਹੀਂ ਕਰਦੀ)। ੪.ਰਾਜਾ ਦਾ (ਅਮਰ=) ਹੁਕਮ ਚੰਮ ਦੇ ਦਮੜੇ ਚਲਾਵੇ ਤਦ ਚਾਕਰ ਬੇਚਾਰੇ (ਅਰਥਾਤ ਲਾਚਾਰ) ਹਨ, (ਹੁਕਮ ਮੰਨਦੇ ਹਨ)। ੫.ਜੇਕਰ ਬਾਹਮਣੀ ਸ਼ਰਾਬ ਪੀਵੇ ਤਾਂ ਲੋਕ ਸਾਰੇ ਕੱਜਦੇ ਹਨ (ਬਾਹਮਣੀ ਨੂੰ ਮਾਰਦੇ ਨਹੀਂ)। ੬.ਜੇ ਗੁਰੂ ਸਾਂਗ ਕੋਈ ਵਰਤੇ (ਭਾਵ ਸਿੱਖ ਦੀ ਪਰੀਛਾ ਲਈ ਕੋਈ ਕਠਨ ਕੰਮ ਕਰੇ ਤਾਂ) ਸਿੱਖ (ਨੂੰ ਚਾਹੀਦਾ ਹੈ ਕਿ ਉਹ ਆਪਣਾ) ਨਿਸ਼ਚਯ ਜਿਉਂ ਦਾ ਤਿਉਂ ਰੱਖੇ।

**ਭਾਵ**-ਸਿਖ ਨੂੰ ਗੁਰੂ ਨਿੰਦਕ ਹੋਣ ਤੋਂ ਪ੍ਰਯੋਜਨਾਰਥ ਇਹ ਉਪਦੇਸ਼ ਹੈ ਕਿ ਗੁਰੂ ਤਾਂ ਸਦਾ ਨਿਰਦੋਸ਼ ਹੈ, ਪਰ ਸਿੱਖਾਂ ਦੇ ਭਲੇ ਲਈ ਜੇ ਕਦੇ ਸਾਂਗ ਬਣਾਕੇ ਭਰਮਾਵੇ ਤਦ ਸਿੱਖ ਸਿਦਕ ਨਾ ਹਾਰੇ, ਨਹੀਂ ਤਾਂ ਜਦ ਗੁਰੂ ਸਾਂਗ ਖੇਲੇਗਾ ਸਿੱਖ ਪਛੁਤਾਵੇਗਾ। ਏਥੇ ਹੁਣ ਭਾਈ ਸਾਹਿਬ ਜੀ ਪਾਸੋਂ ਗੁਰਮਤ ਦੇ ਆਸ਼ੇ ਮੂਜਬ ਇਕ ਬਾਤ ਰਹਿ ਗਈ, ਉਹ ਇਹ ਸੀ ਕਿ ਜੇ ਐਸਾ ਮੌਕਾ ਆਵੇ ਤਦ ਸਿੱਖ ਅਰਦਾਸਾ ਸੋਧੇ ਕਿ ਹੇ ਗੁਰੂ ਮੇਰਾ ਸਿਦਕ ਰਖ ਲੈ, ਜਿੰਕੂ ਭਾਈ ਮਨੀ ਸਿੰਘ ਜੀ ਨੇ ਦੁਹਾਈ ਦਿੱਤੀ ਸੀ ਕਿ ਹੇ ਪੰਥ ਗੁਰੂ! ਮੈਨੂੰ ਸਿਦਕ ਦਾਨ ਦਿਓ। ਆਪਣੀ ਹਉਮੈ ਨੂੰ ਸਿਦਕ ਦਾ ਆਸਰਾ ਨਾ ਕਰੇ, ਵਾਹਿਗੁਰੂ ਨੂੰ ਆਸਰਾ ਬਨਾਵੇ। ਇਸ ਕਰਕੇ ਕਹਿੰਦੇ ਹਨ ਕਿ ਗੁਰੂ ਜੀ ਨੇ ਭਾਈ ਗੁਰਦਾਸ ਨੂੰ ਮਦ ਪਰਤਾਯਾ ਤਦ ਤਕਲੀਫ ਝੱਲਕੇ ਉਨ੍ਹਾਂ ਨੂੰ ਸਮਝ ਆਈ, ਉਹ ਸਮਝ ਭਾਈ ਸਾਹਿਬ ਜੀ ਨੇ ਇਸੇ ਵਾਰ ਦੀ ੨੩ਵੀਂ ਪਉੜੀ ਵਿਚ ਫੇਰ ਆਪ ਕਥਨ ਕੀਤੀ ਹੈ।

## ੨੧. (ਸਾਂਗਾ ਵਿਚ ਸਾਬਤ ਵਿਰਲੇ)।

੧. ਧਰਤੀ ਉਪਰਿ ਕੋਟਗੜ ਭੁਇਚਾਲ ਕੰਮੰਦੇ।
੨. ਝਖੜਿ ਆਏ ਤਰੁਵਰਾ ਸਰਬਤ ਹਲੰਦੇ।
੩. ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।
੪. ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।
੫. ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ।
੬. ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥੨੧॥

**ਅਰਥ**-੧.ਜਦ ਭੁਚਾਲ ਆਂਵਦਾ ਹੈ ਧਰਤੀ ਉਪਰ ਕਿਲ੍ਹੇ ਤੇ ਕੋਟ (ਸਾਰੇ ਕੰਮੰਦੇ=) ਕੰਬਦੇ ਹਨ। ੨.ਹਨੇਰੀ ਦੇ ਵਗਣ ਨਾਲ ਬ੍ਰਿਛ ਸਾਰੇ ਹਿੱਲਣ ਲਗ ਪੈਂਦੇ ਹਨ। ੩.ਦਜ ਬਨ ਵਿਖੇ (ਡਵ=) ਬਨ ਦੀ ਅੱਗ ਲਗਦੀ ਹੈ ਸਾਰੇ ਘਾਹ ਸੜ ਜਾਂਦੇ ਹਨ। ੪.ਹੜਾਂ ਦੇ ਆਇਆਂ ਵਗਦੇ ਦਰਿਆਵਾਂ ਨੂੰ ਕੌਣ ਥੰਮ੍ਹ ਸਕਦਾ ਹੈ? ੫.ਅੰਬਰ ਪਾਟੇ ਹੋਏ ਨੂੰ 'ਥਿਗਲੀ' (ਟਾਕੀ) ਕੂੜੇ ਲੋਕ ਹੀ ਲਾਉਂਦੇ ਹਨ, (ਭਾਵ ਕੋਈ ਨਹੀਂ ਲਾ ਸਕਦਾ)। ੬.(ਗੱਲ ਕੀ) ਸਾਂਗ ਦੇ ਅੰਦਰ ਜੋ ਭਰੋਸਾ ਰੱਖਦੇ ਹਨ, ਓਹ (ਈਸ਼੍ਵਰ ਦੇ) ਦਾਸ ਬਹੁਤ ਥੋੜੇ ਹਨ।

**ਭਾਵ**-ਭਾਈ ਸਾਹਿਬ ਜੀ ਨੇ ਜੋ ਪਿੱਛੇ ਕਿਹਾ ਹੈ, ਉਸ ਤੋਂ ਹੁਣ ਇਕ ਕਦਮ ਪਿਛੇ ਹਟਕੇ

ਉਸ ਉਕਾਈ ਦੀ ਸਮਝ ਦੇਂਦੇ ਹਨ ਕਿ ਸਾਂਗ ਵਿਚ ਸਿਖ ਸਿਦਕ ਨਾ ਹਾਰੇ, ਪਰ ਇਹ ਸੌਖੀ ਗੱਲ ਨਹੀਂ ਹੈ, ਇਹ ਬਹੁਤ ਕਠਨ ਹੈ ਅਰ ਵਿਰਲੇ ਬਚਦੇ ਹਨ। ਅੱਗੇ ਬਚਣ ਵਾਲੇ ਦੀ ਲਾਚਾਰੀ ਦੱਸ ਕੇ ਇਕ ਕਦਮ ਹੋਰ ਅਸਲੀ ਭੇਦ ਵਲ ਸਾਨੂੰ ਲਿਆਉਂਦੇ ਹਨ।

## ੨੨. (ਸਾਂਗ ਵਿਚ ਸਾਬਤੀ ਗੁਰੂ ਕ੍ਰਿਪਾ ਤੇ)।

੧. ਜੇ ਮਾਉ ਪੁਤੈ ਵਿਸ ਦੇ ਤਿਸਤੇ ਕਿਸੁ ਪਿਆਰਾ।
੨. ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।
੩. ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ।
੪. ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।
੫. ਜੇਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।
੬. ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ ॥੨੨॥

**ਅਰਥ**-੧.ਜੇਕਰ ਮਾਂ ਹੀ ਪੁੱਤ ਨੂੰ ਜ਼ਹਿਰ ਦੇਵੇ ਤਾਂ ਉਸ ਤੋਂ (ਹੋਰ) ਕਿਸ ਨੂੰ (ਪੁਤ) ਪਿਆਰਾ ਹੈ? (ਕਿਸੇ ਨੂੰ ਨਹੀਂ)। ੨.ਜੇ ਰਾਖਾ ਹੀ ਘਰ ਭੰਨਣ ਲਗ ਜਾਵੇ ਤਾਂ ਕੌਣ ਰੱਖਿਆ ਕਰ ਸਕਦਾ ਹੈ? ੩.(ਪਾਤਣੀ') ਮਲਾਹ ਹੀ ਬੇੜੀ ਡੋਬਣ ਤੇ ਆਵੇ ਤਾਂ ਕਿਵੇਂ ਪਾਰ ਉਤਾਰਾ ਹੋ ਸਕਦਾ ਹੈ? ੪.('ਆਗੂ') ਰਾਹ ਦੱਸਣ ਵਾਲਾ ਹੀ ਉਜਾੜ ਵਿਖੇ ਲੈ ਜਾਵੇ ਤਾਂ ਕਿਸ ਦੇ ਅੱਗੇ ਹਾਲ ਪਾਹਰਿਆ ਕਰੇਗਾ? ੫.ਜੇਕਰ ਵਾੜ ਹੀ ਖੇਤੀ ਨੂੰ ਖਾਣ ਲਗ ਜਾਵੇ , ਤਾਂ ਕੋਈ ਖਬਰ ਨਹੀਂ ਲੈ ਸਕਦਾ। ੬.ਜੇ ਗੁਰੂ ਹੀ (ਸਿਖ ਨੂੰ ਕੋਈ) ਸਾਂਗ (ਭੇਖ) ਬਦਲਾਕੇ ਭਰਮਾਇਆ ਚਾਹੇ ਤਦ ਸਿਖ ਵਿਚਾਰਾ ਕੀ ਕਰ ਸਕਦਾ ਹੈ।

**ਭਾਵ**-ਇਸ ਪਉੜੀ ਵਿਚ ਸਿੱਖ ਨੂੰ ਸਮਝ ਆਈ ਕਿ ਹਉਮੈ ਦੇ ਤਾਣ ਮੇਰਾ ਸਿਦਕ ਨਹੀਂ ਰਹਿ ਸਕਦਾ, ਕਿਉਂਕਿ ਜੇ ਗੁਰੂ ਦੀ ਮਰਜ਼ੀ ਹੈ ਕਿ ਮੈਂ ਭਰਮ ਜਾਵਾਂ ਤਦ ਮੇਰੀ ਨਿੱਕੀ ਮਰਜ਼ੀ, ਜਿਸ ਦਾ ਆਸਰਾ 'ਹਉਮੈ' ਹੈ, ਉਸ ਵੱਡੀ ਮਰਜ਼ੀ ਦੇ ਸਾਹਮਣੇ, ਜਿਸ ਦਾ ਆਸਰਾ ਆਤਮਾ ਹੈ, ਕੀਹ ਕਰ ਸਕਦੀ ਹੈ? ਤਾਂਤੇ ਮੈਂ ਨਿਰਬਲ ਹਾਂ। ਹੁਣ ਟਪਲਾ ਇਹ ਲਗਦਾ ਹੈ ਕਿ ਕਿਆ ਸਿੱਖ ਆਸਾ ਦਾ ਲੱਕ ਤੋੜ ਕੇ ਭਰਮ ਜਾਵੇ। ਨਹੀਂ ਦ੍ਰਿਸ਼ਟਾਂਤ ਵਿਚ ਧੁਨੀ ਮੌਜੂਦ ਹੈ ਕਿ ਮਾਂ ਕਦੀ ਪੁੱਤ੍ਰ ਨੂੰ ਜ਼ਹਿਰ ਦੇ ਹੀ ਨਹੀਂ ਸਕਦੀ, ਪਹਿਰੂਆ ਕਦੀ ਘਰ ਭੰਨ ਹੀ ਨਹੀਂ ਸਕਦਾ, ਪਾਤਣੀ ਬੇੜੀ ਡੋਬ ਨਹੀਂ ਸਕਦਾ, ਆਗੂ ਔਝੜ ਨਹੀਂ ਪਾ ਸਕਦਾ, ਵਾੜ ਖੇਤੀ ਨੂੰ ਨਹੀਂ ਖਾ ਸਕਦੀ, ਤਿਵੇਂ ਗੁਰੂ ਕਦੇ ਸਿੱਖ ਨੂੰ ਭਰਮ ਵਿਚ ਪਾਕੇ ਡੋਬ ਨਹੀਂ ਸਕਦਾ। ਜੋ ਗੁਰੂ ਹੈ ਅਰਥਾਤ ਸਚਾ ਗੁਰੂ ਹੈ, ਉਸ ਦੀ ਨੀਯਤ ਸਿਖ ਨੂੰ ਭਰਮਾਉਣ ਦੀ ਕਦੇ ਨਹੀਂ ਹੋਵੇਗੀ, ਜੇ ਪਰਤਾਵੇ ਵਿਚ ਪਾਵੇਗਾ ਤਾਂ ਸਿੱਖ ਦਾ ਕੁਝ ਹੋਰ ਭਲਾ ਕਰਨਾ ਹੋਵੇਗਾ। ਤਾਂਤੇ ਸਿੱਖ ਨਿਰਾਸ ਨਾ ਹੋਵੇ ਕਿ ਹੁਣ ਤਾਂ ਗੁਰੂ ਹੀ ਮਾਰਨ ਲੱਗਾ ਹੈ ਤਾਂ ਕਿੱਥੇ ਢੋਈ। ਉਹ ਗੁਰੂ ਅੱਗੇ ਹੀ ਦੁਹਾਈ ਦੇਵੇ ਕਿ ਗੁਰੂ ! ਮੈਂ ਅਨਾਥ ਹਾਂ ਆਪ ਹੀ ਰੱਖ ਲਵੋ। ਜਿਕੂੰ ਮਾਂ ਮਾਰੇ ਤਾਂ ਪੁੱਤ ਮਾਂ ਦੇ ਮੋਢੇ ਹੀ ਚੰਬੜਦਾ ਤੇ ਮਾਂ ਅੱਗੇ ਹੀ ਫਰਿਆਦ ਕਰਦਾ ਹੈ, ਤਿਵੇਂ ਸਿੱਖ ਹਉਮੈ ਦੀ ਟੇਕ ਛੱਡ ਗੁਰੂ ਅੱਗੇ ਹੀ ਅਰਦਾਸਾਂ ਕਰੇ।

ਅਗੇ ਹੁਣ ਅਸਲੀ ਭੇਤ ਦੱਸਦੇ ਹਨ ਕਿ ਸਾਂਗ ਵਿਚ ਗੁਰੂ ਆਪ ਸਿਖ ਨੂੰ ਬਚਾਉਂਦਾ ਹੈ, ਕਿਸ ਪ੍ਰਕਾਰ ਬਚਾਉਂਦਾ ਹੈ? ਇਸ ਦੇ ਦ੍ਰਿਸ਼ਟਾਂਤ ਦੇਣਗੇ:

## ੨੩. (ਉਹੋ ਹੀ)।

੧. ਜਲ ਵਿਚਿ ਕਾਗਦ ਲੂਣ ਜਿਉ ਘਿਅ ਚੋਪੜਿ ਪਾਏ।
੨. ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ।

੩. ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ।
੪. ਮੁਹ ਵਿਚਿ ਗਰੜ ਦੁਗਾਰੁ ਪਾਇ ਜਿਉ ਸਪੁ ਲੜਾਏ।
੫. ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ।
੬. ਸਾਂਗੈ ਅੰਦਰਿ ਸਾਬਤਾ ਜਿਸੁ ਗੁਰੁ ਸਹਾਏ॥੨੩॥੩੫॥

**ਅਰਥ**-੧.ਕਾਗਜ਼ ਤੇ ਲੂਣ ਘਿਉ ਵਿਚ ਖਿੰਧੇ ਕਰਕੇ ਪਾਣੀ ਵਿਚ ਪਾਇਆਂ ਜਿਕੂੰ (ਘੱਟ ਗਲਦੇ ਹਨ)। (ਗਯਾਨੀ ਇਉਂ ਬੀ ਕਹਿੰਦੇ ਹਨ ਕਿ ਲੂਣ ਘਿਓ ਦੇ 'ਚੋਪੜ' ਮਟਕੇ ਵਿਚ ਪਾਓ ਤਾਂ ਨਹੀਂ ਗਲਦਾ)। ੨.ਦੀਵੇ ਵਿਚ ਵੱਟੀ ਤੇਲ ਦੇ ਆਸਰੇ ਨਾਲ ਸਾਰੀ ਰਾਤ ਜਲਾ ਸਕੀਦੀ ਹੈ, (ਭਾਵ ਜੋ ਰੂੰ ਅੱਖ ਦੇ ਫੋਰ ਵਿਚ ਸੜ ਸਕਦੀ ਸੀ, ਤੇਲ ਆਸਰੇ ਰਾਤ ਭਰ ਵਿਚ ਨਹੀਂ ਸੜਦੀ)। ੩.ਅਕਾਸ਼ ਵਿਖੇ ਡੋਰ ਆਸਰੇ ਨਾਲ ਫੜਕੇ ਗੁਡੀ ਓਡਾਈ ਜਾਂਦੀ ਹੈ। ੪.ਮੂੰਹ ਵਿਚ ਸੱਪ ਦੀ ਮਣੀ (ਅਥਵਾ ਬੂਟੀ) ਰੱਖਕੇ ਕੋਈ ਸੱਪ ਲੜਾਏ (ਤਾਂ ਸੱਪ ਦਾ ਅਸਰ ਕੁਝ ਨਹੀਂ ਹੋ ਸਕਦਾ)। ੫.ਰਾਜਾ ਫਕੀਰ ਹੋਕੇ (ਰਾਤ) ਨਗਰ ਵਿਖੇ ਫਿਰੇ ਤਾਂ ਦੁਖ ਸੁਣ ਕੇ ਮਿਟਾਉਂਦਾ ਹੈ। (ਤਿਵੇਂ ਹੀ ਗੁਰੂ ਜੀ ਸਾਂਗ ਬਣਾਕੇ ਸਿਖ ਦੇ ਦੁਖ ਦੂਰ ਕਰਦੇ ਹਨ)। ੬.ਪਰੰਤੂ ਸਾਂਗ ਦੇ ਅੰਦਰ ਸਾਬਤ ਓਹ ਰਹਿੰਦੇ ਹਨ, ਜਿਸ ਪੁਰ ਗੁਰੂ ਸਹਾਇਤਾ ਕਰਦੇ ਹਨ।

**ਭਾਵਾਰਥ**-ਹੁਣ ਭਾਈ ਸਾਹਿਬ ਜੀ ਨੇ ਸਿੱਖੀ ਦਾ ਅਸਲ ਭੇਤ ਦੱਸਿਆ ਹੈ, ਕਿ ਜਿੱਕੂੰ ਰਾਜਾ ਫਕੀਰ ਦਾ ਭੇਸ ਕਰਕੇ ਫਿਰਦਾ ਹੈ ਤਾਂ ਉਹ ਫਕੀਰ ਨਹੀਂ ਹੋ ਜਾਂਦਾ, ਉਸ ਦਾ ਪ੍ਰਯੋਜਨ ਪਰਜਾ ਦਾ ਦੁਖ ਮੇਟਣਾ ਹੁੰਦਾ ਹੈ, ਤਿਵੇਂ ਗੁਰੂ ਜਦ ਕੋਈ ਸਾਂਗ ਵਰਤੇ ਤਾਂ ਸਿੱਖਾਂ ਦਾ ਦੁਖ ਦੂਰ ਕਰਨਾ ਪ੍ਰਯੋਜਨ ਹੁੰਦਾ ਹੈ, ਜਿਵੇਂ, ਗੁਰੂ ਨਾਨਕ ਜੀ ਨੇ ਜਦ ਧਾਨਕ ਰੂਪ ਧਾਰਿਆ ਤਦ ਪ੍ਰਯੋਜਨ ਇਹ ਸੀ ਕਿ ਅਸੀਂ ਹੁਣ ਜੋਤ ਜੋਤ ਰਲਨਾਂ ਹੈ ਸਿੱਖੀ ਨੂੰ ਗੁਰੂ ਦੇ ਜਾਈਏ, ਜੋ ਸਿਖੀ ਗੁਰੂ ਹੀਨ ਨ ਰਹੇ। ਜਦ ਛੇਵੇਂ ਗੁਰਾਂ ਨੇ ਬੀਰ ਰਸ ਨਾਲ ਸਲਾਯਾ ਤੇ ਪਾਤਸ਼ਾਹੀ ਠਾਠ ਸਾਜਿਆ ਤਦ ਭਾਵ ਪਾਤਸ਼ਾਹੀ ਤੋਂ ਨਹੀਂ ਸੀ, ਪਰ ਦੇਸ਼ ਤੇ ਸਿੱਖੀ ਦੀ ਰਾਖੀ ਲਈ ਸ਼ਾਂਤਿ ਰਸ ਨੂੰ ਬੀਰ ਰਸੁ ਦੀ ਵਾੜ ਦੇਣੇ ਤੋਂ ਸੀ। ਇਸੇ ਤਰ੍ਹਾਂ ਦਸਮੇਂ ਜਾਮੇਂ ਜਦੋਂ ਸਿਰ ਮੰਗੇ ਮਨ ਤਾਂ ਸਿਰ ਆਪ ਨੇ ਨਹੀਂ ਲੈਣੇ ਸੀ, ਸਿਰ ਪੰਥ ਤੇ ਖਲਕਤ ਦੇ ਸੇਵਾ ਵਿਚ ਲੁਆਕੇ ਸਿੱਖਾਂ ਨੂੰ ਸਫ਼ਲ ਤੇ ਲੋਕਾਂ ਨੂੰ ਸੁਖੀ ਕਰਨਾ ਸੀ, ਅਰ ਗੁਰਜਾਈ ਦੀ ਗੱਦੀ ਗੁਰੂ ਗ੍ਰੰਥ ਖੰਥ ਦੇ ਹਵਾਲੇ ਕਰਨੀ ਸੀ, ਜੋ ਗੁਰੂ ਜੀ ਦੀ ਪੀੜ੍ਹੀ ਜੁਗੋ ਜੁਗ ਤੁਰੀ ਚਲੇ ਇਸ ਲਈ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਸਾਂਗ ਵਿਚ ਗੁਰੂ ਆਪ ਸਹਾਇਤਾ ਕਰਦਾ ਹੈ, ਜਿਕੂੰ ਖਿੰਧੇ ਕਾਗਜ ਨੂੰ ਪਾਣੀ ਨਹੀਂ ਗਾਲਦਾ ਤਿਕੂੰ ਗੁਰੂ ਦੀ ਸਹਾਇਤਾ ਨਾਲ ਭਰਿਆ ਸਿਖ ਸਾਂਗ ਨਾਲ ਨਹੀਂ ਡੋਲਦਾ, ਤਿਵੇਂ ਹੀ ਬਾਕੀ ਦੇ ਦ੍ਰਿਸ਼ਟਾਂਤ ਹਨ। ਹੁਣ ਧੂਨੀ ਇਹ ਨਿਕਲੀ ਕਿ ਸਾਂਗ ਵੇਲੇ ਆਪਣੇ ਸਿਦਕ ਦਾ ਆਸਰਾ ਹਉਮੈ ਨੂੰ ਨਾ ਬਨਾਵੈ ਕਿ ਮੈਂ ਨਹੀਂ ਡੋਲਾਂਗਾ, ਮਗੋਂ ਗੁਰੂ ਨੂੰ ਹੀ ਆਸਰਾ ਬਨਾਵੇ ਕਿ ਹੇ ਗੁਰੂ !ਆਪ ਹੀ ਰੱਖ ਲਵੋ। ਗੁਰੂ ਜੀ ਸਦਾ ਰੱਖਦੇ ਹਨ, ਸਿੱਖ ਹੰਕਾਰ ਨਾ ਕਰੇ, ਉਹ ਨਿਮਾਣਾ ਨਿਤਾਣਾ ਹੋਕੇ ਗੁਰੂ ਚਰਨਾਂ ਪਰ ਹੀ ਢਵੇ ਤਦ ਤੱਤੀ ਵਾ ਨਹੀਂ ਲਗੇਗੀ।


www.sikhbookclub.com

# ਵਾਰ ੩੬.

ੴ ਸਤਿਗੁਰ ਪ੍ਰਸਾਦਿ॥

## ੧. (ਮੀਣਾ ਮੂੰਹ ਕਾਲਾ)।

੧. ਤੀਰਥ ਮਝਿ ਨਿਵਾਸੁ ਹੈ ਬਗੁਲਾ ਅਪਤੀਣਾ।
੨. ਲਵੈ ਬਬੀਹਾ ਵਰਸਦੈ ਜਲ ਜਾਇ ਨ ਪੀਣਾ।
੩. ਵਾਂਸ ਸੁਗੰਧਿ ਨ ਹੋਵਈ ਪਰਮਲ ਸੰਗਿ ਲੀਣਾ।
੪. ਘੁਘੂ ਸੁਝੁ ਨ ਸੁਝਈ ਕਰਮਾ ਦਾ ਹੀਣਾ।
੫. ਨਾਭਿ ਕਥੂਰੀ ਮਿਰਗ ਦੇ ਵਤੈ ਓਡੀਣਾ।
੬. ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੇ ਮੀਣਾ॥੧॥

**ਪਦਾਰਥ**-(ਅਪਤੀਣਾ=ਬੇਪ੍ਰਤੀਤਾ। ਲਵੈ=ਬੋਲੇ। ਓਡੀਣਾ=ਉਦਾਸੀਨ।) (ਮੀਣਾ=ਦਖਣੀ ਪੰਜਾਬ ਦੇ ਜ਼ਿਲਿਆਂ ਵਿਚ ਇਕ ਜੁਰਮ ਪੇਸ਼ਾ ਕੌਮ ਹੈ ਜਿਸ ਦਾ ਨਾਮ ਮੀਣਾ ਹੈ, ਇਹ ਲੋਕ ਅਜਬ ਹੀਲਿਆਂ ਨਾਲ ਮੁਸਾਫਰਾਂ, ਸੰਗਾਂ ਤੇ ਕਾਫ਼ਲਿਆਂ ਨੂੰ ਲੁੱਟਦੇ ਹੁੰਦੇ ਸੇ। ਇਥੋਂ ਬੁਰੇ ਆਦਮੀ ਨੂੰ ਮੀਣਾ ਕਹਿੰਦੇ ਹਨ, ਆਮ ਅਰਥ ਮੀਸਣਾ ਹੈ। ਕਪਟੀ, ਛਲੀਆ ਜੋ ਉਤੋਂ ਹੋਰ ਹੋਵੇ ਤੇ ਅੰਦਰੋਂ ਹੋਰ ਹੋਵੇ। ਇਸ ਸਾਰੀ ਵਾਰ ਵਿਚ ਕਪਟੀ ਨਾ ਹੋਣ ਦਾ ਉਪਦੇਸ਼ ਹੈ **"ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ"** (ਸੋਰਠ:ਕਬੀਰ-੯) ਕਈ ਗਿਆਨੀਆਂ ਦਾ ਖਿਆਲ ਹੈ ਕਿ ਪ੍ਰਿਥੀਚੰਦ ਨੂੰ ਗੁਰੂ ਰਾਮਦਾਸ ਜੀ ਨੇ ਕਪਟ ਕਰਨੇ ਪਰ 'ਮੀਣਾ' ਕਿਹਾ ਸੀ, ਅਰ ਸੱਚ ਪਿੱਛੇ ਕਪਟੀ ਪੁੱਤ ਦਾ ਬੀ ਲਿਹਾਜ ਨਾ ਕੀਤਾ ਸੀ, ਇਸ ਲਈ ਉਸਨੂੰ ਮੀਣਾ ਕਿਹਾ ਗਿਆ ਸੀ ਤਾਂਤੇ ਬੇਮੁਖ ਅਰਥ ਬੀ ਹੈ। ਐਸਾ ਆਦਮੀ ਜੋ ਧਰਮ ਅਸਥਾਨਾਂ ਪਰ ਰਹੇ, ਧਰਮ ਦਾ ਆਗੂ ਬਣੇ, ਪਰ ਵਾਹਿਗੁਰੂ ਨਾਲ ਮੇਲ ਨਾ ਹੋਵੇ ਤੇ ਧਰਮ ਨੂੰ ਚਾਕਰ ਬਨਾਏ ਤੇ ਕਰੇ ਮਾਇਆ ਇਕੱਤ੍ਰ। ਸੂਰਜ ਪ੍ਰਕਾਸ਼ (ਰਾਸ ੩ ਅੰਸੂ ੨੫) ਵਿਚ ਸਾਖੀ ਆਈ ਹੈ ਕਿ ਪੰਚਮ ਪਾਤਸ਼ਾਹ ਜੀ ਦੇ ਭੇਜੇ ਹੋਏ ਭਾਈ ਗੁਰਦਾਸ ਜੀ ਆਪ ਪ੍ਰਿਥੀਚੰਦ ਜੀ ਨੂੰ ਮਨਾਉਣ ਸਮਝਾਉਣ ਤੇ ਪਿਆਰ ਕਰਨ ਗਏ ਸਨ। ਉਨਾਂ ਦੇ ਸਾਰੇ ਪਿਆਰ ਦੇ ਜਤਨ ਪਰ ਪ੍ਰਿਥੀਚੰਦ ਜੀ ਨਹੀਂ ਮੰਨੇ ਸਗੋਂ ਮੰਦੇ ਵਾਕਾਂ ਤਕ ਉਤਰ ਪਏ। ਉਥੋਂ ਮੁੜਦਿਆਂ ਰਸਤੇ ਵਿਚ ਭਾਈ ਸਾਹਿਬ ਜੀ ਨੇ ਏਹ ੩੬ ਵੀਂ ਵਾਰ ਉਚਾਰਨ ਕਤੀ। ਜਿਸ ਵਿਚ ਆਪ ਨੇ ਪ੍ਰਿਥੀਚੰਦ ਵਾਸਤੇ ਇਹ 'ਮੀਣਾ' ਪਦ ਵਰਤਿਆ ਤੇ ਉਸ ਦੇ ਹ੍ਰਿਦੇ ਦੀ ਤਸਵੀਰ ਦੇਕੇ ਦੱਸ ਦਿੱਤਾ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਉਸਨੂੰ ਗੱਦੀ ਨਾ ਦੇਣ ਵਿਚ ਸੰਗਤਾਂ ਤੇ ਬੜਾ ਹੀ ਉਪਕਾਰ ਕੀਤਾ ਹੈ।)

**ਅਰਥ**-੧.ਬਗਲਾ ਤੀਰਥ ਪੁਰ ਹੀ ਰਹਿੰਦਾ ਹੈ (ਪਰੰਤੂ ਤੀਰਥ ਪਰ) ਪ੍ਰਤੀਤ ਨਹੀਂ ਰਖਦਾ (ਕਿ ਇਹ ਭਜਨ ਦਾ ਥਾਉਂ ਹੈ, ਇਥੇ ਪਾਪ ਕਰਨਾ ਜੋਗ ਨਹੀਂ)। ੨.ਚਾਤ੍ਰਿਕ ਜਲ ਦੇ ਵਰਸਦਿਆਂ ਲਉਂਦਾ ਰਹਿੰਦਾ ਹੈ, ਜੋ ਜਲ ਪਾਨ ਨਹੀਂ ਕਰਦਾ। ੩.ਵਾਂਸ ਵਿਖੇ ਸੁਗੰਧੀ ਨਹੀਂ ਹੁੰਦੀ ਭਾਵੇਂ

ਚੰਦਨ ਦੇ ਪਾਸ ਹੀ ('ਲੀਣਾ') ਮਗਨ ਰਹੇ। ੪.ਉੱਲੂ ਨੂੰ (ਚਾਨਣਾ) ਸੂਰਜ ਨਹੀਂ ਦਿੱਸਦਾ, ਕਰਮਾਂ ਦਾ ਹੀਣਾ ਹੈ। ੫.ਹਰਣ ਦੀ ਧੁੰਨੀ ਵਿਖੇ ਕਸਤੂਰੀ ਹੈ। (ਪਰੰਤੂ ਉਹ) ਉਦਾਸ ਹੋਇਆ (ਝਾੜੀਆਂ ਨੂੰ ਸੁੰਘਦਾ) ਫਿਰਦਾ ਹੈ, ੬.ਸਤਿਗੁਰੂ ਸਚਾ ਪਾਤਸ਼ਾਹ ਹੈ, ਪਰ ਮੀਣਿਆਂ ਦਾ ਮੂੰਹ ਕਾਲਾ ਹੈ।

## ੨. (ਮੀਣੇ ਦਾ ਰਾਜ ਝੂਠ)।

੧. ਲੀਲਾਰੀ ਦੇ ਮਟ ਵਿਚਿ ਪੈ ਗਿਦੜੁ ਰਤਾ।
੨. ਜੰਗਲ ਅੰਦਰ ਜਾਇਕੈ ਪਾਖੰਡੁ ਕਮਤਾ।
੩. ਦਰਿ ਸੇਵੈ ਮਿਰਗਾਵਲੀ ਹੋਇ ਬਹੈ ਅਵਤਾ।
੪. ਕਰੈ ਹਕੂਮਤਿ ਅਗਲੀ ਕੂੜੈ ਮਦਿ ਮਤਾ।
੫. ਬੋਲਣਿ ਪਾਜ ਉਘਾੜਿਆ ਜਿਉ ਮੂਲੀ ਪਤਾ।
੬. ਤਿਉ ਦਰਗਤਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ॥੨॥

ਪਦਾਰਥ-(ਰਤਾ=ਰੰਗਿਆ ਗਿਆ। ਕਮਤਾ=ਕਮਾਇਆ। ਅਵਤਾ=ਆਕੜਕੇ।)

ਅਰਥ-੧.ਇਕ ਗਿੱਦੜ ਲਿਲਾਰੀ ਦੇ ਮਟਕੇ ਵਿਚ ਪੈ ਕੇ ਰੰਗਿਆ ਗਿਆ। ੨.ਬਨ ਵਿਖੇ ਜਾ ਕੇ ਉਸ ਨੇ ਪਾਖੰਡ ਕੀਤਾ (ਕਿ ਮੈਂ ਇਸ ਬਨ ਦਾ ਰਾਜਾ ਹਾਂ)। ੩.ਮਿਰਗਾਂ ਦੀ ਕਤਾਰ ਉਸ ਦੇ ਬੂਹੇ ਤੇ ਖੜੋਕੇ ਸੇਵਾ ਕਰਨ ਲਗੀ, ਉਹ ਆਕੜ ਕੇ ਬੈਠਣ ਲੱਗਾ (ਭਾਵ ਹੰਕਾਰੀ ਹੋਕੇ ਘੂਰਨ ਲੱਗਾ); ੪.ਜੀਵਾਂ ਪੁਰ ਬਹੁਤ ਹੁਕਮ ਕਰਨ ਲੱਗਾ, ਝੂਠੀ ਸ਼ਰਾਬ ਦੀ ਮਸਤੀ ਵਿਖੇ ਮਸਤ ਹੋ ਗਿਆ, (ਇਕੇਰਾਂ ਜਦ ਗਿੱਦੜ ਰਾਤ ਨੂੰ ਹੁਆਂ ਹੁਆਂ ਦੀ ਬੋਲੀ ਬੋਲਣ ਲਗੇ ਉਹ ਬੀ ਬੋਲ ਬੈਠਾ, ਇਸ ਗੱਲ ਤੋਂ ਪਛਾਣਿਆ ਗਿਆ)। ੫.(ਇਸ) ਬੋਲ ਪੈਣ ਨੇ ਪਾਜ ਖੋਲ੍ਹ ਦਿਤਾ, ਜਿਸ ਤਰਾਂ ਮੂਲੀ ਦਾ ਡਕਾਰ (ਪਾਜ ਖੋਲ੍ਹ ਦੇਂਦਾ ਹੈ)। (ਹੁਣ ਸਾਰੀ ਮਿਰਗਾਵਲੀ ਨੇ ਮਾਰਕੇ ਕੱਢ ਦਿਤਾ ਕਿ ਇਹ ਤਾਂ ਵੱਡਾ ਕੂੜਾ ਤੇ ਕੁਪੱਤਾ ਗਿਦੱੜ ਹੈ)। ੬.ਇਸੇ ਤਰ੍ਹਾਂ ਦਰਗਾਹ ਵਿਖੇ ਮੀਣਾ ਝੂਠਾ ਤੇ ਕੁਪੱਤਾ ਹੋਣ ਕਰਕੇ ਮਾਰੀਦਾ ਹੈ।

## ੩. (ਮੀਣਾ-ਸੱਚੀ ਸੰਗਤ ਨਹੀਂ ਬਣਾ ਸਕਦਾ)।

੧. ਚੋਰੁ ਕਰੈ ਨਿਤ ਚੋਰੀਆਂ ਓੜਕਿ ਦੁਖ ਭਾਰੀ।
੨. ਨਕੁ ਕੰਨੁ ਫੜਿ ਵਢੀਐ ਰਾਵੈ ਪਰਨਾਰੀ।
੩. ਅਉਘਟ ਰੁਧੇ ਮਿਰਗ ਜਿਉ ਵਿਤੁ ਹਾਰਿ ਜੁਆਰੀ।
੪. ਲੰਞੀ ਕੁਹਲਿ ਨ ਆਵਈ ਪਰ ਵੇਲਿ ਪਿਆਰੀ।
੫. ਵਗ ਨ ਹੋਵਨਿ ਕੁਤੀਆ ਮੀਣੇ ਮੁਰਦਾਰੀ।
੬. ਪਾਪਹੁ ਮੂਲਿ ਨ ਤਗੀਐ ਹੋਇ ਅੰਤਿ ਖੁਆਰੀ॥੩॥

ਪਦਾਰਥ-(ਓੜਕ=ਅੰਤ ਨੂੰ। ਰਾਵੈ=ਭੋਗਦਾ ਹੈ। ਵਿਤੁ ਹਾਰਿ=ਧਨ ਹਾਰਦਾ ਹੈ। (ਜੁਆਰੀ=ਜੌਏ ਬਾਜ। ਕੁਹਲਿ=ਸੁਹਣੀ ਚਾਲ। ਪਰ ਵੇਲਿ=ਪਰ ਇਸਤ੍ਰੀ।)

ਅਰਥ-੧.ਚੋਰ (ਪਰਾਈਆਂ) ਚੋਰੀਆਂ ਕਰਦਾ ਹੈ, (ਪਰੰਤੂ) ਅੰਤ ਨੂੰ ਭਾਰੀ ਦੁਖ ਭੋਗਦਾ ਹੈ; ੨.ਜੋ ਪਰਾਈ ਇਸਤ੍ਰੀ ਨੂੰ ਭੋਗਦਾ ਹੈ ਉਸ ਦੇ ਨੱਕ ਕੰਨ ਫੜ ਕੇ ਵੱਢੇ ਜਾਂਦੇ ਹਨ। ੩.ਔਖੇ ਰਸਤੇ (ਭਾਵ ਜਾਲ ਵਿਖੇ) ਫਸੇ ਹੋਏ ਮਿਰਗ ਵਾਂਗੂ ਜੂਆਰੀਆ (ਆਪਣਾ) ਧਨ ਹਾਰ ਬੈਠਦਾ ਹੈ। ੪.ਲੰਞੀ ਨੂੰ ਸੁਹਣੀ ਚਾਲ ਨਹੀਂ ਆਉਂਦੀ, ਫੇਰ ਬੀ ਪਰਾਈ ਇਸਤ੍ਰੀ ਪਯਾਰੀ ਹੀ ਲੱਗਦੀ ਹੈ(ਭਾਵ ਖੋਟੇ ਪੁਰਖਾਂ ਨੂੰ ਪਰਾਈ ਸ਼ੈ ਭਾਉਂਦੀ ਹੈ ਭਾਵੇਂ ਉਹ ਬੁਰੀ ਹੀ ਹੋਵੇ, ਚੋਰੀ ਦਾ ਗੁੜ ਮਿੱਠਾ)। ੫.ਕੁੱਤੀਆਂ ਦੇ

ਕਦੇ ਵੱਗ ਨਹੀਂ ਹੁੰਦੇ (ਵਾਗ ਗਊਆਂ ਦੇ ਹੀ ਹੁੰਦੇ ਹਨ) ਮੀਣੇ ਮੁਰਦੇ ਖਾਣੇ ਹਨ, (ਭਾਵ ਇਹ ਕਿ ਕਪਟੀ ਆਗੂ ਹੋਕੇ ਜੇ ਸੰਗ ਮਗਰ ਲਾਵੇ ਤਾਂ ਸੰਗ ਨਿਭ ਨਹੀਂ ਸਕਦਾ, ਸੱਚੇ ਦੇ ਮਗਰ ਹੀ ਸੰਗ ਨਿਭ ਸਕਦਾ ਹੈ: ਮੁਰਦਾਰੀ ਏਸ ਆਸ਼ੇ ਤੇ ਕਿਹਾ ਹੈ "**ਕੂੜੁ ਬੋਲਿ ਮੁਰਦਾਰੁ ਖਾਇ॥**") (ਮਾਝ:ਵਾਰ:੫) ੬.ਪਾਪ ਕਰਨ ਤੋਂ ਕਦੇ ਉੱਧਾਰ ਨਹੀਂ ਹੁੰਦਾ, ਅੰਤ ਨੂੰ ਖੇਹ ਹੀ ਹੁੰਦੀ ਹੈ।

## ੪. (ਮੀਣਾ-ਜਮਪੁਰ ਜਾਏਗਾ)।

੧. ਚਾਨਣਿ ਚੰਦ ਨ ਪੁਜਦੀ ਚਮਕੈ ਟਾਨਾਣਾ।
੨. ਸਾਇਰ ਬੂੰਦ ਬਰਾਬਰੀ ਕਿਉਂ ਆਖਿ ਵਖਾਣਾ।
੩. ਕੀੜੀ ਇਭ ਨਾ ਅਪੜੈ ਕੂੜਾ ਤਿਸੁ ਮਾਣਾ।
੪. ਨਾਨੇਹਾਨ ਵਖਾਣਦਾ ਮਾ ਪਾਸਿ ਇਆਣਾ।
੫. ਜਿਨ ਤੂੰ ਸਾਜਿ ਨਿਵਾਜਿਆ ਦੇ ਪਿੰਡੁ ਪਰਾਣਾ।
੬. ਮੁਢਹੁ ਘੁਥਹੁ ਮੀਣਿਆ ਤੁਧੁ ਜਮਪੁਰ ਜਾਣਾ॥੪॥

**ਪਦਾਰਥ**-(ਇਭ=ਹਾਥੀ। ਨਾਨੇਹਾਲ=ਨਾਨਕਿਆਂ ਦਾ ਹਾਲ, ਭਾਵ ਮਾਪੇ ਛਡ ਕੇ (ਨਾਨਕੇ ਦੀ ਉਸਤਤਿ ਕਰਦਾ ਹੈ। )

**ਅਰਥ**-੧.ਟਨਾਣਾ ਭਾਵੇਂ ਕਿੰਨਾ (ਰਾਤ ਨੂੰ) ਚਮਕੇ (ਪਰੰਤੂ) ਚੰਦ੍ਰਮਾ ਦੇ ਚਾਨਣ ਨੂੰ ਪੁੱਜ ਨਹੀਂ ਸਕਦਾ। ੨.ਬੂੰਦ ਕਦੇ ਸਮੁੰਦ੍ਰ ਦੀ ਬਰਾਬਰੀ (ਕਰ ਸਕਦੀ ਹੈ ? ਇਹ ਗਲ) ਕਿਵੇਂ ਕਹੀ ਜਾਵੇ। ੩.ਕੀੜੀ ਹਾਥੀ ਦੀ ਰੀਸ ਕਰੇ ਤਾਂ ਉਸ ਦਾ ਗੁਮਾਨ ਝੂਠਾ ਹੈ। ੪.ਇਆਣਾ ਹੋਕੇ ਮਾਂ ਦੇ ਪਾਸ ਆਕੇ ਨਾਨਕਿਆਂ ਦਾ ਹਾਲ ਸੁਣਾਵੇ (ਕਿ ਮਾਪਿਆਂ ਨਾਲੋਂ ਚੰਗੇ ਹਨ, ਕੀ ਉਹ ਮਾਂ ਨਾਲੋਂ ਵਧੀਕ ਜਾਣ ਸਕਦਾ ਹੈ? ਕਦੇ ਨਹੀਂ)। ਅੱਗੇ ਪੰਜਵੀਂ ਤੇ ਛੀਵੀਂ ਤੁਕ ਵਿਖੇ ਉਪਦੇਸ਼ ਦਿੰਦੇ ਹਨ)। ੫.,੬.ਹੇ ਮੀਣਿਆ! ਜਿਸ ਨੇ ਤੈਨੂੰ ਸਾਜਿਆ ਅਤੇ ਵਡਿਆਇਆ ਹੈ ਪਿੰਡ ਅਰ ਪ੍ਰਾਣ ਦਿੱਤੇ ਹਨ, (ਜੇਕਰ ਉਸ ਨੂੰ ਨਾ ਜਾਣੇਗਾ ਅਰ ਸਚ ਤੇ ਭਲਿਆਈ ਦੇ ਰਸਤਿਓਂ ਭੁੱਲਾ ਫਿਰੇਂਗਾ ਤਦ) ਦੇ ਮੁੱਢ ਤੋਂ ਘੁੱਥੇ ਹੋਏ! ਤੂੰ ਜਮ ਪੁਰੀ ਨੂੰ ਜਾਏਂਗਾ।

**ਭਾਵ**-ਮੀਣੇ ਪਦ ਦੀ ਵਿਤਪਤੀ ਚਾਹੇ ਉਸ ਜੁਰਮ ਪੇਸ਼ਾ ਕੌਮ ਤੋਂ ਲਓ, ਚਾਹੇ ਮੀਸਣੇ ਦਾ ਮੀਣਾ ਲਓ, ਚਾਹੇ ਉਸ ਪ੍ਰਿਥੀਚੰਦ ਦੇ ਕਪਟ ਕਰਨ ਤੋਂ ਲਓ, ਹਰ ਹਾਲ ਵਿਚ ਇਸਦਾ ਅਰਥ ਕਪਟ ਸੂਚਨ ਕਰੇਗਾ, ਤਾਂਤੇ ਕਪਟੀ ਤੇ ਡਿੰਭੀ ਪੁਰਖਾਂ ਨੂੰ ਇਸ ਵਾਰ ਤੋਂ ਸਿੱਖਯਾ ਲੈਣੀ ਚਾਹੀਦਾ ਹੈ।

## ੫. (ਮੀਣੇ ਦੀ ਸੰਗਤਿ ਖੋਟੀ ਤੇ ਦੁਖਦਾਈ ਹੈ)।

੧. ਕੇਹਾ ਦਿਸੈ ਉਜਲਾ ਮਸੁ ਅੰਦਰਿ ਚਿਤੈ।
੨. ਹਰਿਆ ਤਿਲੁ ਬੂਆੜ ਜਿਉ ਫਲੁ ਕੰਮੁ ਨ ਕਿਤੈ।
੩. ਜੇਹੀ ਕਲੀ ਕਨੇਰ ਦੀ ਮਨ ਤਨ ਦੁਹੁ ਭਿਤੈ।
੪. ਪੈਂਝੂ ਦਿਸਨਿ ਰੰਗੁਲੇ ਮਰੀਐ ਅਗਲਿਤੈ।
੫. ਖਰੀ ਸੁਆਲਿਓ ਵੇਸੁਆ ਜੀਅ ਬਝਾ ਇਤੈ।
੬. ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ॥੫॥

**ਪਦਾਰਥ**-(ਉਜਲਾ=ਚਿੱਟਾ। ਦੁਹੁ ਭਿਤੈ=ਦੁਭਾਤੀਆ। ਪੈਂਝੂ=ਕਰੀਰ ਦਾ ਫਲ। (ਅਗਲਿਤੈ=ਬਹੁਤੇ। ਸੁਆਲਿਓ=ਸੋਹਣੀ। ਬਝਾ ਇਤੈ=ਬੱਝ ਜਾਂਦਾ ਹੈ ਇਸੇ ਵਲ।)

 www.sikhbookclub.com

ਅਰਥ-੧.ਕੈਹਾਂ (ਨਾਮ ਵਾਲਾ ਧਾਤੂ) ਚਿੱਟਾ ਦਿਸਦਾ ਹੈ (ਪਰੰਤੂ) ਉਸ ਦੇ ਅੰਦਰ ਕਾਲਖ ਚਿੱਤ੍ਰਤ ਹੈ (ਭਾਵ ਅਭੇਦ ਹੋਈ ਹੋਈ ਹੈ ਇਸ ਲਈ ਦੁਭਾਂਤੀਆ ਹੈ)। ੨.ਜਿਕੂੰ ਹਰਿਆ ਬੂਆੜ ਦਾ ਬੂਟਾ ਤਿਲਾਂ (ਦੇ ਖੱਤੇ ਵਿਖੇ ਉੱਗਦਾ ਹੈ,) ਪਰੰਤੂ ਉਸ ਦਾ ਫਲ ਕਿਸੇ ਕੰਮ ਦਾ ਨਹੀਂ ਹੁੰਦਾ। ੩.ਕਨੇਰ ਦੀ ਕਲੀ ਮਨੋਂ ਤਨੋਂ ਦੋ ਭਾਤਾਂ ਦੀ ਹੁੰਦੀ ਹੈ (ਦੇਖਣ ਨੂੰ ਸੁਹਣੀ ਅੰਦਰੋਂ ਵਿਹੁਲੀ ਹੈ)। ੪.ਪੇਂਝੂ ਦੇ ਫਲ ਦੇਖਣ ਨੂੰ ਲਾਲ ਗੁਲਾਲ ਹੁੰਦੇ ਹਨ, ਪਰ ਬਾਹਲੇ ਖਾਣ ਨਾਲ ਮਰ ਜਾਈਦਾ ਹੈ। ੫.ਵੇਸਵਾ ਖਰੀ ਸੋਹਣੀ ਹੁੰਦੀ ਹੈ (ਪਰ) ਚਿਤ ਉਸ ਦੇ ਵਿਖੇ ਬੱਝ ਜਾਂਦਾ ਹੈ (ਅੰਤ ਉਸ ਦਾ ਖਰਾਬ ਹੁੰਦਾ ਹੈ)। ੬.ਹੇ ਮੀਣੇ! ਖੋਟੀ ਸੰਗਤ (ਅੰਤ) ਮਿੱਤ੍ਰਾਂ ਨੂੰ ਹੀ ਦੁਖ ਦੇਂਦੀ ਹੈ(ਅਥਵਾ ਮੀਣਿਆਂ ਦੀ ਸੰਗਤ ਕਰਨੀ ਖੋਟੀ ਹੈ,ਸੱਜਣਾਂ ਨੂੰ ਦੁਖਦਾਈ ਹੁੰਦੀ ਹੈ)।

ਭਾਵ- ਡਿੰਭੀ ਮਹਾਤਮਾਂ ਦੇ ਮਗਰ ਲੱਗਿਆਂ ਮੁਕਤੀ ਨਹੀਂ ਪਰ ਦੁਖ ਮਿਲੇਗਾ, ਕਿਉਂਕਿ ਉਸਦਾ ਚੱਜ, ਅਚਾਰ, ਬੋਲ, ਕਥਾ, ਕੀਰਤਨ, ਉਪਦੇਸ਼, ਰਹਿਣੀ, ਕਹਿਣੀ, ਸਭ ਅਸਲ ਫਕੀਰਾਂ ਵਾਂਙੂੰ ਦਿਸ ਪੈਂਦੀ ਹੈ, ਪਰ ਅਸਲ ਮਹਾਂ ਪੁਰਖ ਦੇ ਅੰਦਰ ਲੋਕਾਂ ਦਾ ਭਲਾ ਕਰਨ ਦੀ ਨੀਯਤ ਤੇ ਪਾਪ ਕੱਟਣ ਦੀ ਤਾਕਤ ਹੁੰਦੀ ਹੈ, ਪਰ ਡਿੰਭੀ ਦੇ ਅੰਦਰ ਆਪਣੇ ਲਾਭ ਦੀ ਵਿਹੁ ਤੇ ਭਲਾ ਕਰਨ ਦੀ ਕੋਈ ਤਾਕਤ ਨਹੀਂ, ਪਰ ਜ਼ਹਿਰ ਚਾੜ੍ਹਨ ਦੀ ਬਾਣ ਹੁੰਦੀ ਹੈ, ਸੋ ਦੁਖ ਸੁਤੇ ਹੀ ਫਲ ਹੋਣਾ ਹੋਇਆ।

## ੬. (ਮੀਣਾ-ਨਕਟ ਪੰਥ ਨਰਕ ਲਿਜਾਂਦਾ ਹੈ)।

੧. ਬਧਿਕੁ ਨਾਦੁ ਸੁਣਾਇਕੈ ਜਿਉ ਮਿਰਗੁ ਵਿਸਾਹੈ।
੨. ਝੀਵਰੁ ਕੁੰਡੀਮਾਸੁ ਲਾਇ ਜਿਉ ਮਛੀ ਫਾਹੈ।
੩. ਕਵਲੁ ਦਿਖਾਲੈ ਮੁਹ ਖਿੜਾਇ ਭਵਰੈ ਵੇਸਾਹੈ।
੪. ਦੀਪਕ ਜੋਤਿ ਪਤੰਗ ਨੋ ਦੁਰਜਨ ਜਿਉ ਦਾਹੈ।
੫. ਕਾਲਬੂਤ ਹੋਇ ਹਸਤਨੀ ਮੈਗਲੁ ਓਮਾਹੈ।
੬. ਤਿਉ ਨਕਟ ਪੰਥੁ ਹੈ ਮੀਣਿਆ ਮਿਲਿ ਨਰਕ ਨਿਬਾਹੈ ॥੬॥

ਪਦਾਰਥ-(ਵਿਸਾਹੈ=ਭਰਮਾਕੇ ਫੜ ਲੈਂਦਾ ਹੈ। ਪਾਠਾਤ੍ਰ-ਵਿਣਾਹੈ=ਮਾਰਦਾ ਹੈ। (ਵੇਸਾਹੈ=ਭਰੋਸਾ ਬਨ੍ਹਾਉਣਾ। ਮੈਗਲੁ=ਹਾਥੀ। ਨਕਟ ਪੰਥੁ=ਮੰਦਾ ਪੰਥ।)

ਅਰਥ-੧.ਸ਼ਿਕਾਰੀ (ਘੰਟਾਹੇੜੀ ਦਾ) ਨਾਦ (ਵਾਜਾ) ਸੁਣਾਕੇ ਜਿੱਕੁਰ ਮਿਰਗ ਨੂੰ ਫੜ ਲੈਂਦਾ ਹੈ। ੨.ਮਾਛੀ ਕੁੰਡੀ ਵਿਖੇ ਮਾਸ (ਦੀ ਬੋਟੀ) ਲਾਕੇ ਮੱਛੀ ਨੂੰ ਫਸਾ ਲੈਂਦਾ ਹੈ। ੩.ਕਵਲ (ਦਾ ਫੁਲ) ਆਪਣਾ ਮੂੰਹ ਖਿੜਾਕੇ ਦਸਦਾ ਹੈ, ਭਵਰਾ ਉਸ ਦੇ ਉਤੇ ਵਿਸਾਹਿਆ ਜਾਂਦਾ ਹੈ (ਇਸ ਲਈ ਸਾਰੀ ਰਾਤ ਉਸ ਦੇ ਵਿੱਚ ਕੈਦ ਕਟੀ ਕਰਦਾ ਹੈ)। ੪.ਦੀਵੇ ਦੀ ਲਾਟ ਵੈਰੀ ਵਾਂਙੂੰ ਭੰਬਟ ਨੂੰ ਸਾੜ ਸਿਟਦੀ ਹੈ। ੫.ਕਲਬੂਤੀ ਹਥਨੀ ਹੋਕੇ ਹਾਥੀ ਦੇ ਦਿਲ ਨੂੰ ਖੁਸ਼ੀ ਦਿੰਦੀ ਹੈ (ਇਸ ਲਈ ਉਹ ਖਾਤੇ ਵਿਚ ਪੈਕੇ ਕੈਦ ਹੁੰਦਾ ਹੈ)। ੬.ਮੀਣਿਆਂ (ਅਰਥਾਤ ਬੇਮੁਖਾਂ) ਦਾ ਨਕਟਾ ਪੰਥ (ਅਰਥਾਤ ਬੇਪਤਾ ਪੰਥ) ਹੈ, (ਜੋ ਉਨ੍ਹਾਂ ਦੀ) ਸੰਗਤ ਕਰਦਾ ਹੈ ਨਰਕ ਵਿਖੇ ਗੋਤੇ ਖਾਂਦਾ ਹੈ।

ਭਾਵ-ਡਿੰਭੀਆਂ ਦੇ ਮਗਰ ਲਗਣ ਵਾਲੇ ਪ੍ਰੇਮੀ ਮੁਕਤੀ ਦੀ ਥਾਂ ਨਰਕ ਨੂੰ ਪ੍ਰਾਪਤ ਹੁੰਦੇ ਹਨ।

## ੭. (ਮੀਣਾ-ਸੰਗਤ ਨਿਰਾਸ ਕਰਦੀ ਹੈ)।

੧. ਹਰਿ ਚੰਦਉਰੀ ਦੇਖਿਕੈ ਕਰਦੇ ਭਰਵਾਸਾ।
੨. ਥਲ ਵਿਚਿ ਤਪਨ ਭਠੀਆ ਕਿਉ ਲਹੈ ਪਿਆਸਾ।
੩. ਸੁਹਣੇ ਰਾਜੁ ਕਮਾਈਐ ਕਰਿ ਭੋਗ ਬਿਲਾਸਾ।
੪. ਛਾਇਆ ਬਿਰਖੁ ਨ ਰਹੈ ਥਿਰੁ ਪੁਜੈ ਕਿਉ ਆਸਾ।
੫. ਬਾਜੀਗਰ ਦੀ ਖੇਡ ਜਿਉ ਸਭੁ ਕੂੜੁ ਤਮਾਸਾ।
੬. ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ ॥੭. ॥

ਪਦਾਰਥ-(ਤਪਨ ਭਠੀਆ=ਮ੍ਰਿਗ ਤ੍ਰਿਸ਼ਨਾ। ਸੁਹਣੇ=ਸੁਫਨੇ ਵਿਖੇ।)

**ਅਰਥ**-੧.ਹਰੀ ਚੰਦ ਦੀ ਨਗਰੀ (ਅਰਥਾਤ ਧੂੰਏ ਧਾਰ) ਨੂੰ (ਨਗਰ ਦੇ ਅਕਾਰ ਵਾਂਗੂੰ) ਵੇਖਕੇ ਭਰੋਸਾ ਕਰਦੇ ਹਨ (ਕਿ ਇਹ ਸਚਾ ਨਗਰ ਵਸਦਾ ਹੈ)। ੨.ਜਿਸ ਥਲ ਵਿਖੇ ਭੱਠ ਤਪਣ (ਅਰਥਾਤ ਕਹਿਰ ਦੀ ਧੁੱਪ ਪੈਂਦੀ ਹੋਵੇ) ਉਥੇ ਕਿੱਕੁਰ ਤੇਹ ਲਹਿੰਦੀ ਹੈ? (ਭਾਵ ਮ੍ਰਿਗ ਤਿਸ਼ਨਾ ਦਾ ਜਲ ਸੱਚ ਮੁੱਚ ਦਾ ਜਲ ਕਿਥੋਂ ਹੋ ਸਕਦਾ ਹੈ)। ੩.ਸੁਫਨੇ ਵਿਖੇ ਰਾਜ ਕਰੀਏ ਅਰ ਨਾਨਾ ਭੋਗ ਬਿਲਾਸ ਕਮਾਇਐ (ਤਦ ਪੱਲੇ ਕੀਹ ਬੱਝਦਾ ਹੈ?)। ੪.ਬ੍ਰਿੱਛ ਦੀ ਛਾਂ ਥਿਰ ਰਹਿੰਦੀ ਨਹੀਂ ਆਸਾ ਕਿੱਕੁਰ ਪੂਰਣ ਹੋਵੇ, (ਭਾਵ ਭੋਜਨ ਅਜੇ ਵਿਚੇ ਹੀ ਰਹਿੰਦਾ ਹੈ ਕਿ ਸਿਰ ਤੇ ਧੁੱਪ ਆ ਜਾਂਦੀ ਹੈ)। ੫.ਬਾਜੀਗਰ ਦੀ ਖੇਡ ਵਾਂਗੂੰ (ਬੇਮੁਖਾਂ ਦੇ) ਸਭ ਕੂੜੇ ਹੀ ਤਮਾਸ਼ੇ ਹਨ। ੬.ਮੀਣਿਆਂ (ਅਰਥਾਤ ਬੇਮੁਖਾਂ) ਦੀ ਸੰਗਤ ਵਿਖੇ ਜੋ ਮਿਲ ਬੈਠਦਾ ਹੈ ਉਹ ਨਿਰਾਸ ਹੋਕੇ (ਅੰਤ ਨੂੰ) ਉਠ ਤੁਰਦਾ ਹੈ (ਉਸ ਦੇ ਤਿੰਨ ਕਾਣੇ ਪੂਰੇ ਨਹੀਂ ਹੁੰਦੇ, ਮਨ ਦੀ ਮਨ ਵਿਖੇ ਹੀ ਰਹਿ ਜਾਂਦੀ ਹੈ)।

**ਭਾਵ**-ਭਿੰਡੀ ਸਾਧੂ ਦਾ ਸੰਗੀ ਅੰਤ ਵਾਹਿਗੁਰੂ ਨੂੰ ਨਹੀਂ ਮਿਲਦਾ, ਉਸ ਦੀ ਆਸ ਪੂਰਨ ਨਹੀਂ ਹੁੰਦੀ, ਨਿਰਾਸ ਰਹਿੰਦਾ ਹੈ।

## ੮. (ਮੀਣੇ ਪੀਰ ਫਿਟਕੇ ਹਨ)।

੧. ਕੋਇਲ ਕਾਂਉਂ ਰਲਾਇਅਨਿ ਕਿਉਂ ਹੋਵਨਿ ਇਕੈ।
੨. ਤਿਉ ਨਿੰਦਕ ਜਗ ਜਾਣੀਅਨਿ ਬੋਲਿ ਬੋਲਣਿ ਫਿਕੈ।
੩. ਬਗੁਲੇ ਹੰਸੁ ਬਰਾਬਰੀ ਕਿਉਂ ਮਿਕਨਿ ਮਿਕੈ।
੪. ਤਿਉਂ ਬੇਮੁਖ ਚੁਣਿ ਕਢੀਅਨਿ ਮੁਹਿ ਕਾਲੇ ਟਿਕੈ।
੫. ਕਿਆ ਨੀਸਾਣੀ ਮੀਣਿਆ ਖੋਟੁ ਸਾਲੀ ਸਿਕੈ।
੬. ਸਿਰਿ ਸਿਰਿ ਪਾਹਣੀ ਮਾਰੀਅਨਿ ਓਇ ਪੀਰ ਫਿਟਿਕੈ ॥੮॥

**ਪਦਾਰਥ**-(ਫਿਕੈ=ਕੌੜੇ। ਮਿਕਨਿ ਮਿਕੈ=ਮਿਲੌਣੀ ਵਿਚ ਮਿਲਣਾ। ਖੋਟੁ ਸਾਲੀ ਸਿਕੈ=ਖੋਟੀ (ਟਕਸਾਲ ਦੇ ਰੁਪਏ। ਪਾਹਣੀ=ਜੁੱਤੀ। ਪੀਰ ਫਿਟਿਕੈ=ਗੁਰੂ ਦੇ ਧਿਕਾਰੇ ਹੋਏ।)

**ਅਰਥ**-੧.ਕੋਇਲਾਂ ਅਤੇ ਕਾਉਂ ਦੋਵੇਂ ਕੱਠੇ ਕਰੀਏ ਤਾਂ ਕੀ ਇਕ ਹੋ ਸਕਦੇ ਹਨ? (ਅੱਗੇ ਉੱਤਰ ਦਿੰਦੇ ਹਨ)। ੨.ਤਿਵੇਂ ਬੇਮੁਖ ਲੋਕ ਜਗਤ ਵਿਖੇ ਜਾਣੇ ਜਾਂਦੇ ਹਨ (ਕਿਉਂ ਜੋ ਓਹ) ਕੌੜੇ ਬੋਲ (ਕਾਵਾਂ ਵਾਂਗੂੰ) ਬੋਲਦੇ ਹਨ (ਅਰ ਗੁਰਮੁਖ ਕੋਇਲਾਂ ਵਾਂਗੂੰ ਸਭ ਨੂੰ ਆਨੰਦ ਦਾਇਕ ਬਚਨ ਬੋਲਦੇ ਹਨ)। ੩.ਬਗਲਾ ਹੰਸ ਦੀ ਬਰਾਬਰੀ ਕਰਕੇ ਕਿੱਕੁਰ ਉਸ ਦੀ ਮਿਲੌਨੀ ਵਿਖੇ ਮਿਲਦਾ ਹੈ? ("**ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ**") (ਰਾਮ: ਵਾਰ-੭)। ੪.ਇਸੇ ਤਰ੍ਹਾਂ ਬੇਮੁਖ (ਹੰਸਾਂ ਵਿਚੋਂ) ਚੁਣਕੇ ਕੱਢੇ ਜਾਂਦੇ ਹਨ, ਅਰ ਮੂੰਹਾਂ ਪੁਰ ਕਾਲੇ ਦਾਗ ਦਿਤੇ ਜਾਂਦੇ ਹਨ (ਤਾਂ ਜੋ ਹੰਸਾਂ ਵਿਖੇ ਮਿਲ ਨਾ ਸੱਕਣ)। ੫.ਕਿਆ ਚਿੰਨ੍ਹ ਹੈ ਬੇਮੁਖਾਂ ਦਾ ਉਹ ਖੋਟੀ ਟਕਸਾਲ ਦੇ ਸਿੱਕੇ (ਰੁਪਏ) ਹਨ (ਭਾਵ ਉਨ੍ਹਾਂ ਦਾ ਕੋਈ ਚਿੰਨ੍ਹ ਚੱਕ੍ਰ ਨਹੀਂ ਹੈ)। ੬.ਸਿਰੋ ਸਿਰ ਜੁੱਤੀਆਂ ਦੀਆਂ ਮਾਰਾਂ ਖਾਂਦੇ ਹਨ, ਕਿਉਂ ਜੋ ਜਿਥੇ ਗੁਰੂ ਦੀ ਨਿੰਦਾ ਕਰਦੇ ਹਨ) ਉਥੇ ਹੀ 'ਪੀਰ ਫਿਟਿੱਕੇ' ਦੀ ਗਾਲ ਖਾਂਦੇ ਹਨ (ਇਹੋ ਜੁੱਤੀਆਂ ਹਨ)।

**ਭਾਵ**-ਇੱਥੇ ਦੱਸਿਆ ਹੈ ਜੋ ਅਪਣੇ ਰਸਤਾ ਦੱਸਣ ਵਾਲੇ ਮਹਾਤਮਾਂ ਗੁਰਮੁਖ ਸੰਤ ਤੋਂ ਫਿਟਕਾਰੇ ਜਾਕੇ ਬਰਾਬਰੀ ਕਰਦੇ ਹਨ ਤੇ ਗੱਦੀ ਥਾਪਕੇ ਸਿੱਖੀ ਟੋਰ ਬੈਠਦੇ ਹਨ, ਓਹ ਬੇਮੁਖ ਹਨ। ਉਨ੍ਹਾਂ ਦੇ ਮੂੰਹ ਕਾਲੇ ਟਿੱਕੇ ਹਨ ਅਰ ਓਹ ਨਰਕ ਜਾਣਗੇ। ਜੁੱਤੀਆਂ ਉਨ੍ਹਾਂ ਦਾ ਇਨਾਮ, ਇੰਨਾ ਕਰੜਾ ਗੁੱਸੇ ਵਿਚ ਨਹੀਂ ਲਿਖ ਰਹੇ: ਜਿਸ ਪੁਰਖ ਨੂੰ ਪਰਮੇਸੁਰ ਜੀ ਨੇ ਸਿਖ੍ਯਾ ਦਾਤਾ ਨਹੀਂ ਬਨਾਇਆ ਓਸ ਵਿਚ ਕੋਈ ਸੱਤ੍ਯਾ ਪਾਪ ਵਿਨਾਸ਼ ਕਰਨ ਦੀ ਨਹੀਂ ਹੁੰਦੀ ਅਤੇ ਇਸ ਤਾਕਤ ਤੋਂ ਬਿਨਾਂ ਆਪਣੇ

ਪਰਮਾਰਥ ਦੇ ਸਤਿਸੰਗੀ ਗੁਰਮੁਖ ਪਿਆਰੇ ਦੀ ਤੰਗੀ ਵਿਚ ਜੋ ਗੁਰੂ ਬਣ ਬੈਠਨ ਓਹ ਜਿਨ੍ਹਾਂ ਨੂੰ ਮਗਰ ਲਾਉਣਗੇ, ਉਹਨਾਂ ਦੀਆਂ ਆਤਮਾਂ ਨੂੰ ਤਬਾਹ ਕਰਨਗੇ। ਸਰੀਰ ਮਾਰਨ ਵਾਲੇ ਨੂੰ ਫਾਂਸੀ ਦਿੱਤੀ ਜਾਂਦੀ ਹੈ, ਜੋ ਕਿਸੇ ਦੀ ਆਤਮਾਂ ਨੂੰ ਤੁਰੀਆ ਵਿਚ ਪਹੁਚਾਉਣ ਦਾ ਧੋਖਾ ਦੇਕੇ ਤਮੋਗੁਣ ਤੇ ਖਿਡਾਉ ਵਿਚ ਤਬਾਹ ਕਰਦਾ ਹੈ ਓਹ ਕਿਤਨਾ ਵਧੀਕ ਤੋ ਘੋਰ ਪਾਪੀ ਹੈ?

## ੯. (ਗੁਰੂ ਹੀਨ ਹੋਕੇ ਗੁਰੂ ਸਦਾਉਣਾ)।

੧. ਰਾਤੀ ਨੀਗਰ ਖੇਲਦੇ ਸਭ ਹੋਇ ਇਕਠੇ।
੨. ਰਾਜਾ ਪਰਜਾ ਹੋਵਦੇ ਕਰਿ ਸਾਂਗ ਉਪਠੇ।
੩. ਇਕਿ ਲਸਕਰ ਲੈ ਧਾਵਦੇ ਇਕਿ ਫਿਰਦੇ ਨਠੇ।
੪. ਠੀਕਰੀਆ ਹਾਲੇ ਭਰਨਿ ਉਇ ਖਰੇ ਅਸਠੇ।
੫. ਖਿਨ ਵਿਚਿ ਖੇਡ ਉਜਾੜਿਦੇ ਘਰੁ ਘਰੁ ਨੂੰ ਤ੍ਰਠੇ।
੬. ਵਿਣੁ ਗੁਣੁ ਗੁਰੂ ਸਦਾਇਦੇ ਓਇ ਖੋਟੇ ਮਠੇ॥੯॥

**ਪਦਾਰਥ**-(ਹਾਲੇ=ਮਾਮਲੇ। ਮਠੇ=ਆਲਸੀ ਢੱਗੇ। ਅਸਠੇ=ਸਿਆਣੇ।)

**ਅਰਥ**-੧.(ਚਾਂਦਨੀ) ਰਾਤ ਦੇ ਵੇਲੇ ਬਾਲਕ ਸਭ ਇਕੱਠੇ ਹੋਕੇ ਖੇਡਾਂ ਖੇਡਦੇ ਹਨ। ੨.ਕੋਈ ਰਾਜਾ ਕੋਈ ਪਰਜਾ ਬਣ ਜਾਂਦਾ ਹੈ, ਉਲਟੇ ਪੁਲਟੇ ਕਈ ਸਾਂਗ ਬਣਾ ਲੈਂਦੇ ਹਨ। ੩.ਇਕ (ਮੁੰਡਿਆਂ ਦੀ) ਸੈਨਾਂ ਆਪਣੇ ਨਾਲ ਲਾਕੇ ਦੌੜਦੇ ਹਨ, ਇਕ (ਹਾਰ ਖਾਕੇ) ਨੱਠੇ ਫਿਰਦੇ ਹਨ। ੪.ਇਕ ਠੀਕਰੀਆਂ ਦੇ ਰੁਪਏ ਬਣਾਕੇ ਮਾਮਲੇ ਤਾਰਨ ਜਾਂਦੇ ਹਨ, ਓਹ ਖਰੇ ਸਿਆਣੇ (ਬਣ ਬਹਿੰਦੇ ਹਨ)। ੫.ਥੋੜੇ ਚਿਰ ਵਿਚ ਹੀ ਖੇਡ ਨੂੰ ਉਜਾੜਕੇ ਘਰੋਂ ਘਰੀ ਨੱਸਕੇ ਆ ਜਾਂਦੇ ਹਨ। (ਦਾਰਸ਼ਟਾਂਤ ਦੱਸਦੇ ਹਨ) ੬.ਗੁਰੂ ਦੇ ਬਾਝ ਜੋ (ਮੂਰਖ ਲੋਕ) ਆਪ ਨੂੰ ਗੁਰੂ ਸਦਾਉਂਦੇ ਹਨ, ਓਹ ਖੋਟੇ ਤੇ (ਮਨ ਦੇ) ਆਲਸੀ ਢੱਗੇ ਹਨ।

**ਭਾਵ**-ਇਸ ਪੌੜੀ ਤੋਂ ਉਹਨਾਂ ਸਜਣਾਂ ਨੂੰ ਸਿਖ ਮਤ ਲੈਣੀ ਚਾਹੀਏ ਜੋ ਆਪ ਅੰਮ੍ਰਿਤ ਛਕਦੇ ਨਹੀਂ ਤ ਅਗੋਂ ਅੰਮ੍ਰਿਤ ਪਏ ਛਕਾਉਂਦੇ ਹਨ ਅਰ ਉਨ੍ਹਾਂ ਡਿੰਭੀਆਂ ਨੂੰ ਹੋਸ਼ ਕਰਨੀ ਚਾਹੀਦੀ ਹੈ ਜੋ ਗੁਰੂ ਸਦਾਉਂਦੇ ਹਨ, ਪਰ ਕਿਸੇ ਗੁਰਮੁਖ ਦੀ ਸੰਗਤ ਵਿਚ ਬੈਠਕੇ ਗੁਰੂ ਪ੍ਰੇਮ ਦੇ ਰਸੀਏ, ਅਰ ਗੁਰੂ ਨਾਨਕ ਦੀ ਸ਼ਰਨ ਵਿਚ ਲੀਨ ਨਹੀਂ ਹੋਏ, ਜਿਨ੍ਹਾਂ ਨੂੰ ਗੁਰਮੁਖ ਨੇ ਨਹੀਂ ਕਿਹਾ ਕਿ ਵਾਹਿਗੁਰੂ ਗੁਰੂ ਨਾਨਕ ਜੀ ਤੇਰੇ ਸਿਰ ਤੇ ਹੱਥ ਰਖਕੇ ਆਖਦੇ ਹਨ ਕਿ ਉਪਦੇਸ਼ ਕਰ। ਇਸ ਤੋਂ ਬਿਨਾਂ ਜੋ ਕੰਮ ਕਰਦੇ ਤੇ ਆਪ ਨੂੰ ਗੁਰੂ ਅਖਵਾਉਂਦੇ ਹਨ ਖੋਟੇ ਹਨ, ਕੇਵਲ ਬਾਲਾਂ ਦੀ ਖੇਡ ਉਹਨਾਂ ਦੇ ਕੰਮ ਦਾ ਫਲ ਹੈ।

## ੧੦. (ਗੁਰੂ ਹੀਣੇ ਦੇ ਚੇਲੇ ਨਿਰਾਸ ਜਾਂਦੇ ਹਨ)।

੧. ਉਚਾ ਲੰਮਾ ਝੰਟੁਲਾ ਵਿਚਿ ਬਾਗ ਦਿਸੰਦਾ।
੨. ਮੋਟਾ ਮੁਢੁ ਪਤਾਲ ਜੜਿ ਬਹੁ ਗਰਬ ਕਰੰਦਾ।
੩. ਪਤ ਸੁਪਤਰ ਸੋਹਣੇ ਵਿਸਥਾਰੁ ਬਣੰਦਾ।
੪. ਫੁਲ ਰਤੇ ਫਲ ਬਕਬਕੇ ਹੋਇ ਅਫਲ ਫਲੰਦਾ।
੫. ਸਾਵਾ ਤੋਤਾ ਚੁਹਚੁਹਾ ਤਿਸੁ ਦੇਖਿ ਭੁਲੰਦਾ।
੬. ਪਿਛੋ ਦੇ ਪਛੁਤਾਇਦਾ ਓਹੁ ਫਲੁ ਨ ਲਹੰਦਾ॥੧੦॥

**ਪਦਾਰਥ**-(ਝੰਟੁਲਾ=ਸੰਘਣਾਂ। ਸੁਪਤਰ=ਸਾਵੇ। ਚੁਹਚੁਹਾ=ਸੋਹਣਾ।)

**ਅਰਥ**-੧.ਸੰਘਣਾਂ (ਸਿੰਮਲ ਦਾ ਬੂਟਾ) ਬਾਗ ਵਿਖੇ (ਸੁੰਦਰ) ਦਿੱਸਦਾ ਹੈ। ੨.ਮੁੱਢ ਮੋਟਾ ਹੈ ਜੜ੍ਹ (ਵੱਡੀ ਡੂੰਘੀ ਮਾਨੋਂ) ਪਤਾਲ (ਗਈ ਹੋਈ ਹੈ), ਹੰਕਾਰ ਵੱਡਾ ਕਰਦਾ ਹੈ, (ਕਿ ਮੈਂ ਸਭਮਾਂ ਨਾਲੋਂ ਦ੍ਰਿੜ੍ਹ ਅਰ ਵਿਸਥਾਰ ਵਾਲਾ ਹਾਂ)। ੩.ਪੱਤ ਸਾਵੇ ਤੇ ਸੁਹਣੇ ਹਨ, ਲੰਮੇ ਚੌੜੇ ਫੈਲਾਉ ਵਿਖੇ ਪਸਰਿਆ ਹੋਇਆ ਹੈ। ੪.ਫੁਲ ਲਾਲ ਪਰੰਤੂ ਫਲ ਉਸ ਦੇ ਬਕਬਕੇ ਹੁੰਦੇ ਹਨ, ਇਸ ਲਈ ਫਲਦਾ ਹੋਇਆ ਬੀ ਅਫੱਲ ਹੈ, (ਕਿਉਂ ਜੋ) ੫.ਸਾਵੇ ਰੰਗ ਦੇ ਤੋਤੇ ਚੁਹ ਚੁਹ ਕਰਕੇ ਚੀਕਦੇ ਹੋਏ ਉਸ ਦੇ ਫਲਾਂ ਪਰ ਭੁੱਲਦੇ ਹਨ। ੬.ਪਿੱਛੋਂ ਨੂੰ ਉਹ ਪੱਛੋਤਾਪ ਕਰਕੇ ਮੁੜ ਜਾਂਦੇ ਹਨ, (ਕਿਉਂ ਜੋ) ਓਹ (ਆਨੰਦ ਦਾਇਕ) ਫਲ ਨਹੀਂ ਪਾ ਸਕੇ।

**ਭਾਵ**-ਜਿਹਾ ਕੁ ਆਸਾ ਵੀ ਵਾਰ ਵਿਖੇ ਲਿਖਤ ਹੈ:-**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥**'' (ਆਸਾ: ਵਾਰ-੧੪) ਅਰਥਾਤ ਅਜਿਹੇ ਉਕਤ ਸਿੰਮਲ ਨਾਲੋਂ ਨੀਵੀਂ ਮਲਹੇ ਦੀ ਬੇਰੀ ਚੰਗੀ ਹੈ, ਜਿਸ ਵਿਖੇ ਇੱਡੀਆਂ ਚੰਗਿਆਈਆਂ ਹਨ ਕਿ ਨਿੱਕੀ ਬਕਰੀ ਸਾਰਖੀ ਬੀ ਆਪਣੀ ਉਦਰ ਪੂਰਣਾ ਕਰ ਸਕਦੀ ਹੈ, ਅਰ ਇਆਣੇ ਬਾਲਕ ਬੇਰ ਖਾ ਸਕਦੇ ਹਨ, ਤਿਵੇਂ ਗੁਰੂ ਹੀਣ ਲਪੌੜ ਸੰਖ ਉਪਦੇਸ਼ਕਾਂ ਨਾਲੋਂ ਗਰੀਬ ਉਪਕਾਰੀ ਸਿੱਖ ਸ੍ਰੇਸ਼ਟ ਹਨ।

## ੧੧. (ਗੁਰੂ ਹੀਣ-ਹੀਜੜਾ ਹੈ)।

੧. ਪਹਿਨੇ ਪੰਜੇ ਕਪੜੇ ਪੁਰਸਾਵਾਂ ਵੇਸੁ।
੨. ਮੁਛਾ ਦਾੜੀ ਸੋਹਣੀ ਬਹੁ ਦੁਰੁਲ ਵੇਸੁ।
੩. ਸੈ ਹਥਿਅਰੀ ਸੂਰਮਾ ਪੰਚੀ ਪਰਵੇਸੁ*।
੪. ਮਾਹਰੁ ਦੜ ਦੀਬਾਣ ਵਿਚਿ ਜਾਣੈ ਸਭੁ ਦੇਸੁ*।
੫. ਪੂਰਣ ਗੁਣ ਪੁਰਖਤੁ ਵਿਣੁ ਕਾਮਣਿ ਕਿ ਕਰੇਸੁ।
੬. ਵਿਣੁ ਗੁਣ ਗੁਰੂ ਸਦਾਇਦੇ ਕਉਣ ਕਰੇ ਅਦੇਸੁ ॥੧੧॥

**ਪਦਾਰਥ**-(ਪੰਜੇ ਕਪੜੇ=ਚੱਦਰ, ਪੱਗ, ਅੰਗਰੱਖਾ, ਅੰਗੋਛਾ ਤੇ ਦੁਪੱਟਾ ਕਮਰਕੱਸੇ ਵਾਲਾ।
(ਪੁਰਸਾਵਾ=ਮਰਦਾਵਾਂ। ਵੇਸੁ=ਡੀਲ, ਲਿਬਾਸ। ਦੁਰਬਲ=ਲਿੱਸਾ, ਪਤਲਾ,
(ਛੀਟਕੀ, ਬਾਂਕਾ। ਪੰਚੀ ਪਰਵੇਸੁ=ਚੌਧਰੀ ਬਣੇ ਚੌਧਰੀਆਂ ਵਿਚ ਸ਼ਾਮਲ।
(ਮਾਹਰੁ ਦੜ ਦੀਬਾਣ ਵਿਚਿ=ਦੜੇ ਦਿਵਾਨਾ ਵਿਚ ਚੌਧਰੀ।
(ਪੁਰਖਤੁ ਵਿਣੁ=ਪੁਰਖਪੁਣੇ ਤੋਂ ਬਾਝ, ਹੀਜੜਾ। )

**ਅਰਥ**-੧.(ਹੀਜੜਾ) ਪੁਰਸ਼ਾਂ ਵਾਲਾ (ਸਾਰਾ)ਵੇਸ ਕਰੇ, ਪੰਜ ਕਪੜੇ ਬੀ ਪਹਿਨ ਲਵੇ। ੨.ਮੁੱਛਾਂ ਤੇ ਦਾਹੜੀ ਬੀ ਸੋਹਣੀ (ਲਾ ਲਵੇ, ਯਾ ਹੋ ਪਵੇ ਤੇ) ਡੀਲ ਬੀ ਛੀਟਕੀ ਹੋਵੇ। ੩.ਸੌ (ਸਾਰੇ) ਹਥਿਆਰ ਲਾਕੇ ਸੂਰਮਾਂ (ਬੀ ਬਣੇ ਤੇ) ਚੌਧਰੀ ਬਣ ਬੈਠੇ। ੪.ਦੀਵਾਨ ਆਦਿਕ ਵਿਚ ਮੁਖੀਆ (ਬੀ ਹੋ ਜਾਵੇ) ਸਾਰਾ ਦੇਸ਼ ਉਸ ਨੂੰ (ਮੁਖੀਆ) ਜਾਣ ਬੀ ਲਵੇ। ੫.ਪੁਰਖਤ ਬਿਨਾਂ ਉਸ ਨੂੰ ਪੁਰਖ ਨਾ ਗਿਣੋਂ

---

*ਇਕ ਪੁਰਾਤਨ ਲਿਖਤ ਦੀ ਪੋਥੀ ਵਿਚ ਬੀ ਇਨ੍ਹਾਂ ਦੋ ਤੁਕਾਂ ਦਾ ਪਾਠ ਹੈ:-
ਸੈ ਹਥਿਆਰੀ ਸੂਰਮਾ ਜਾਣੈ ਸਭ ਦੇਸੁ॥
ਮਾਹਰੁ ਦੜ ਦੀਬਾਣ ਵਿਚਿ ਪੰਚੀ ਪਰਵੇਸੁ॥

(ਕਿਉਂ ਕਿ) ਵਹੁਟੀ ਉਸ ਨੂੰ ਕੀਹ ਕਰੇ (ਭਾਵ ਸਾਰੇ ਮਰਦਾਂ ਵਾਲੇ ਸ਼ਿੰਗਾਰਾਂ ਦੇ ਹੁੰਦਿਆਂ ਉਹ ਇਸਤ੍ਰੀ ਦੇ ਗਉਂ ਦਾ ਨਹੀਂ ਹੈ, ਤਿਵੇਂ ਨਿਗੁਰੇ ਪੁਰਖ ਜਗਿਆਸੂਆਂ ਲਈ ਨਿਕੰਮੇ ਹਨ)। ੬.ਜੋ ਗੁਰੂ ਹੀਨ ਗੁਰੂ ਬਣ ਬੈਠਦੇ ਹਨ (ਉਨ੍ਹਾਂ ਨੂੰ) ਕਉਣ ਮੱਥਾ ਟੇਕੇ?

**ਭਾਵ**-''**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ**'' (ਸੋਰਠ:ਮ:੫-੨) ਜਿਸ ਨੂੰ ਆਪ ਕਣੀ ਪ੍ਰਾਪਤ ਨਹੀਂ , ਜਿਸ ਨੂੰ ਧੁਰ ਤੋਂ ਕਣੀ ਬਖਸ਼ਨ ਦੀ ਆਗਯਾ ਤੇ ਬਲ ਨਹੀਂ, ਉਹ ਸਤਿਸੰਗ ਵਿਖੇ ਖੁਸਰੇ ਨਜਾਈ ਪੁਰਖੱਤ੍ਰ ਹੀਨ ਹੈ, ਸਿੱਖਜਾ ਦੇਣਾ ਖਾਲਾ ਜੀ ਦਾ ਵਾੜਾ ਨਹੀਂ, ਏਸ ਵਾਰ ਵਿਚ ਸਦਾ ਚਾਕਰ ਸਿਖਜਾ ਦੇਣ ਦਾ ਮਤਲਬ ਨਹੀਂ, ਪਰ ਸੁਰਤ ਨੂੰ ਸੁਰਤ ਨਾਲ ਜੋੜ ਦੇਣ ਵਾਲੇ ਆਤਮ ਉਪਦੇਸ਼ ਦਾ ਮਤਲਬ ਹੈ, ਜੋ ਕੇਵਲ ਲਿਵਲੀਨ, ਸਤਿਗੁਰੂ ਦੇ ਨਿਵਾਜੇ ਗੁਰਮੁਖ ਹੀ ਦੇ ਸਕਦੇ ਹਨ।

## ੧੨. (ਸ਼ਹੁ ਸੇਵਾ ਕਰ ਮਿਲਦਾ ਹੈ)।

੧. ਗਲੀ ਜੇ ਸਹੁ ਪਾਈਐ ਤੋਤਾ ਕਿਉ ਫਾਸੈ।
੨. ਮਿਲੈ ਨ ਬਹੁਤੁ ਸਿਆਣਪੈ ਕਾਂਉ ਗੁਹੁ ਗਿਰਾਸੈ।
੩. ਜੋਰਾਵਰੀ ਨ ਜਿਪਈ* ਸ਼ੀਹ ਸਹਾ ਵਿਣਾਸੈ।
੪. ਗੀਤ ਕਵਿਤੁ ਨ ਭਿਜਈ ਭਟ ਭੇਖ ਉਦਾਸੈ।
੫. ਜੋਬਨ ਰੂਪ ਨ ਮੋਹੀਐ ਰੰਗੁ ਕੁਸੁੰਭ ਦੁਰਾਸੈ।
੬. ਵਿਣੁ ਸੇਵਾ ਦੋਹਾਗਣੀ ਪਿਰੁ ਮਿਲੈ ਨ ਹਾਸੈ॥੧੨॥

**ਪਦਾਰਥ**-(ਗਲੀ=ਗੱਲਾਂ ਨਾਲ। ਸਿਆਣਪੈ=ਚਤੁਰਾਈਆਂ ਨਾਲ। (ਸ਼ੀਹ ਸਹਾ ਵਿਣਾਸੈ=ਸ਼ੇਰ ਨੂੰ ਸਹੇ ਨੇ ਮਾਰਣਾ। ਦੁਰਾਸੈ=ਵਿਨਾਸ਼।)

**ਅਰਥ**-੧.ਜੇ ਗਲਾਂ ਨਾਲ ਸ਼ਹੁ ਮਿਲੇ (ਤਦ ਬਹੁਤ ਗੱਲਾਂ ਦਾ ਧਨੀ) ਤੋਤਾ ਕਿਉਂ ਫਸੇ (ਪਿੰਜਰੇ ਪਵੇ)। ੨.ਜੇ ਅੱਤ ਸਿਆਣਪ ਨਾਲ ਮਿਲੇ (ਤਦ) ਕਾਉਂ ਗੰਦਗੀ ਕਿਉਂ ਖਾਵੇ। ੩.ਤੇ ਜ਼ੋਰਾਵਰੀ ਨਾਲ (ਬੀ) ਨਹੀਂ ਮਿਲਦਾ (ਜੇ ਮਿਲੇ ਤਦ) ਸਹਿਆ ਸ਼ੇਰ ਨੂੰ ਕਿਸ ਤਰ੍ਹਾਂ ਮਾਰ ਲਵੇ†? ੪.ਜੇ (ਨਿਰੇ) ਗੀਤਾਂ ਤੇ

---

*ਪਾ: ਜਾਪਈ।

†ਇਹ ਕਥਾ ਐਉਂ ਹੈ ਕਿ ਇਕ ਬਨ ਦੇ ਜੀਵਾਂ ਨੇ ਸ਼ੇਰ ਨਾਲ ਠੇਕਾ ਕੀਤਾ ਹੋਇਆ ਸੀ ਕਿ ਇਕ ਜੰਤੂ ਤੇਰੇ ਭੋਜਨ ਲਈ ਆਪੇ ਰੋਜ਼ ਆ ਜਾਇਆ ਕਰੇਗਾ, ਤੂੰ ਐਵੇਂ ਨ ਮਾਰਿਆ ਕਰ, ਸੋ ਇੱਕੁਰ ਹੀ ਹੁੰਦੀ ਰਹੀ। ਇਕ ਦਿਨ ਇਕ ਸਹੇ ਦੀ ਵਾਰੀ ਆਈ। ਇਹ ਵਕਤ ਨਾਲੋਂ ਜ਼ਰਾ ਚਿਰਾਕਾ ਪਹੁੰਚਾ। ਸ਼ੇਰ ਨੇ ਘੂਰ ਕੇ ਕਿਹਾ, 'ਓਇ ਗੀਦੀ! ਚਿਰਾਕਾ ਕਿਉਂ ਆਇਆ ਹੈਂ? ਮੈਂ ਭੁੱਖ ਨਾਲ ਮਰ ਰਿਹਾ ਹਾਂ, ਅੱਜ ਸਾਰੇ ਜੰਤੂ ਮਾਰ ਸੁਟਾਂਗਾ? ਸਹੇ ਨੇ ਕਿਹਾ, 'ਮਹਾਰਾਜ ! ਇਸ ਬਨ ਦੀ ਇਕ ਖੁੜੱਲ ਵਿਚ ਇਕ ਹੋਰ ਸ਼ੇਰ ਆ ਗਿਆ ਹੈ, ਉਸ ਨੇ ਮੈਨੂੰ ਘੇਰ ਲਿਆ ਸੀ, ਉਥੋਂ ਜਾਨ ਬਚਾਉਣ ਵਿਚ ਦੇਰ ਲਗੀ, ਮਸਾਂ ਮਸਾਂ ਮੈਂ ਆਪ ਪਾਸ ਆਇਆ ਹਾਂ, ਵੇਖਣਾ ਸਾਡੀ ਵੰਸ ਨਾ ਮੁਕਾ ਦੇਣੀ, ਉਹ ਸ਼ੇਰ ਹੁਣ ਤੁਹਾਡੇ ਰਾਜ ਵਿਚ ਬੜਾ ਉਪੱਦਰ ਕਰੇ ਗਾ, ਸਾਡੀ ਰਾਖੀ ਕਰੋ ਤੇ ਆਪਣਾ ਪ੍ਰਤਾਪ ਬਚਾਓ'। ਸ਼ੇਰ ਨੇ ਕਿਹਾ 'ਚਲ ਦੱਸ'! ਰੋਹ ਭਰਿਆ ਸ਼ੇਰ ਸਹੇ ਮਗਰ ਹੋ ਟੁਰਿਆ। ਇਕ ਚੌੜੇ ਖੂਹ ਤੇ ਲਿਜਾਕੇ ਸਹੇ ਨੇ ਕਿਹਾ, 'ਦੇਖੋ ਮਹਾਰਾਜ ! ਐਸ ਖੁੜੱਲ ਵਿਚ ਲੁਕ ਰਿਹਾ ਹੈ।' ਜਾਂ ਸ਼ੇਰ ਨੇ ਨਜ਼ਰ ਮਾਰੀ ਤਦ ਅਡੋਲ ਪਾਣੀ ਵਿਚ ਆਪਣੀ ਮੂਰਤੀ ਦੇਖੀ ਤੇ ਸਮਝਿਆ ਕਿ ਸੱਚੀਂ ਸ਼ੇਰ ਹੈ, ਗਰਜਿਆ ਤਾਂ ਦੂਣੀ ਗਰਜ ਖੂਹ ਵਿਚੋਂ ਗੂੰਜ ਕੇ ਉਠੀ। ਹੁਣ ਨਿਸ਼ਚੇ ਹੋਕੇ ਉਸ ਨੇ ਹੱਲਾ ਬੋਲਿਆ, ਤਦ ਘੜੰਮ ਖੂਹ ਵਿਚ, ਡੁਬਕ ਡੁਬਕ ਕੇ ਮਰ ਗਿਆ, ਐਉਂ ਸਹੇ ਨੇ ਜ਼ੋਰਾਵਰ ਸ਼ੇਰ ਨੂੰ ਮਾਰ ਲਿਆ।

ਕਬਿੱਤਾਂ ਪਰ ਹੀ ਰੀਝੇ ਤਦ ਭੱਟ (ਕਿਉਂ) ਦਾਸ ਵੇਸ ਵਿਚ ਹਨ? ੫.ਜੋਬਨ ਰੂਪ ਨਾਲ ਬੀ ਨਹੀਂ ਮੋਹੀਦਾ, ਕੁਸੁੰਭੇ ਦਾ ਰੰਗ (ਤੇ ਜੋਬਨ-ਚੁਹਚੁਹਾਪਨ) ਨਾਸ਼ ਹੀ ਹੁੰਦਾ ਹੈ। ੬.ਹੇ ਦੁਹਾਗਣੀ ! ਸੇਵਾ ਬਿਨ ਪਤੀ ਹਾਸਿਆਂ ਨਾਲ ਨਹੀਂ ਮਿਲਦਾ।

**ਭਾਵ**-ਸੇਵਾ ਹੀ ਵਸੀਲਾ ਵਾਹਿਗੁਰੂ ਦੀ ਪ੍ਰਾਪਤੀ ਦਾ ਹੈ, **"ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ"** (ਗਉ:ਬਾ:ਅਖ:੨੭)

## ੧੩. (ਮੁਕਤੀ ਦੇ ਆਪਣੇ ਸਾਧਨ ਨਿਸ਼ਫਲ)।

੧. ਸਿਰ ਤਲਵਾਇਆਂ ਪਾਈਐ ਚਮਗਿੱਦੜ ਜੂਹੇ*।
੨. ਮੜੀ ਮਸਾਣੀ ਜੇ ਮਿਲੈ ਵਿਚਿ ਖੁਡਾ ਚੂਹੇ।
੩. ਮਿਲੈ ਨ ਵਡੀ ਆਰਜਾ ਬਿਸੀਅਰੁ ਵਿਹੁ ਲੂਹੇ।
੪. ਹੋਇ ਕੁਚੀਲੁ ਵਰਤੀਐ ਖਰ ਸੂਰ ਭਸੂਹੇ†।
੫. ਕੰਦਮੂਲ ਚਿਤੁ ਲਾਈਐ ਅਈਅੜ ਵਣੁ ਧੂਹੇ।
੬. ਵਿਣੁ ਗੁਰ ਮੁਕਤਿ ਨ ਹੋਵਈ ਜਿਉ ਘਰੁ ਵਿਣੁ ਬੂਹੇ॥੧੩॥

**ਪਦਾਰਥ**-(ਸਿਰ ਤਲਵਾਇਆਂ=ਮੂਧੇ ਸਿਰ। ਜੂਹੇ=ਬਣਾਂ ਵਿਖੇ। ਭਸੂਹੇ=ਖੇਹ ਵਿਚ ਰੁਲਣਾ। (ਅਈਅੜ=ਬੱਕਰੀਆਂ ਦਾ ਵਗ। ਵਣ ਧੂਹੇ=(ਬਕਰੀਆਂ ਦਾ ਅਈਅੜ) ਵਣ (ਖਾਂਦਾ ਹੈ। ਬੂਹੇ=ਦਿਲ੍ਹੀਜ, ਤਖਤੇ। )

**ਅਰਥ**-੧.ਜੇ ਸਿਰ ਹੇਠ ਕੀਤਿਆਂ (ਉਧਰ ਤਪ, ਬ੍ਰਿੱਛਾਂ ਨਾਲ ਟੰਗੀਜ ਕੇ) ਮਿਲਦੀ ਤਾਂ ਬਨਾਂ ਵਿਚ ਚਮਗਿੱਦੜਾਂ (ਨੂੰ ਮੁਕਤੀ ਮਿਲ ਪੈਂਦੀ)। ੨.ਜੇ ਮੜੀਆਂ ਮਸਾਣਾਂ (ਵਿਚ ਵਸਿਆਂ, ਯਾ ਅਗਨ ਤਪ ਤਪਿਆਂ) ਮਿਲਦੀ ਤਾਂ ਚੂਹਿਆਂ ਨੂੰ ਖੁੱਡਾਂ ਵਿਚ ਮਿਲ ਪੈਂਦੀ (ਖੁੱਡਾਂ ਕਬਰ ਸਮਾਨ ਕਹੀਆਂ ਹਨ)। ੩.ਵੱਡੀ ਉਮਰਾ ਨਾਲ ਬੀ ਨਹੀਂ ਮਿਲਦੀ, ਸੱਪ (ਵੱਡੀ ਉਮਰ ਵਾਲਾ) ਜ਼ਹਿਰ ਨਾਲ ਹੀ ਲੂੰਹਦਾ ਰਹਿੰਦਾ ਹੈ, (ਯਾ ਚਿਰਜੀਵੇ ਜੋਗੀ ਮੁਕਤ ਕਿਉਂ ਨਾ ਹੁੰਦੇ, ਉਮਰ ਵਧਾਣ ਤੇ ਲਾਲਚ ਰੂਪ ਵਿਹੁ ਵਿਚ ਕਿਉਂ ਫਸੇ ਰਹਿੰਦੇ ਹਨ)। ੪.ਜੇ ਕੁਚੀਲ (ਸ੍ਰਾਵਗੀ ਜਾਂ ਘੋਰੀ ਬਣਿਆਂ) ਵਰਤਣ ਵਰਤਿਆਂ (ਮਿਲ ਸਕਦੀ ਤਦ) ਸੂਰ ਤੇ ਖੋਤੇ ਭਸ-ਖੇਹ ਵਿਚ ਕਿਉਂ ਰੁਲਦੇ ? ੫.ਜੇ ਕੰਦ ਮੂਲ (ਫਲਾਂ ਫੁਲਾਂ) ਪੁਰ ਗੁਜ਼ਾਰਾ ਕੀਤਿਆਂ (ਬਨਬਾਸੀ ਹੋਇਆਂ ਫਲੋਹਾਰੀ ਵਰਤ ਰੱਖਿਆਂ ਮਿਲ ਸਕਦੀ ਤਾਂ ਭੇਡਾਂ ਬਕਰੀਆਂ ਦੇ) ਅੱਯੜ ਬਣ ਹੀ ਖਾਂਦੇ ਹਨ (ਪਰ ਮੁਕਤ ਨਹੀਂ ਹੋਏ)। ੬.ਬਿਨਾਂ ਗੁਰੂ ਦੇ ਮੁਕਤੀ ਨਹੀਂ ਹੁੰਦੀ, ਜਿਸ ਤਰ੍ਹਾਂ ਬਿਨਾਂ ਬੂਹਿਆਂ ਦੇ ਘਰ ਨਹੀਂ (ਕਹੀਦਾ)।

**ਭਾਵ**-ਝੂਠੇ ਸਾਧਨਾਂ ਦੇ ਪੋਲ ਖੋਲ੍ਹਕੇ ਦੱਸਦੇ ਹਨ ਕਿ ਸਤਿਗੁਰ ਬਿਨਾਂ ਮੁਕਤੀ ਨਹੀਂ ਮਿਲ ਸਕਦੀ, ਜੋ ਸਜਨ "ਗੁਰੂ ਗ੍ਰੰਥ ਪੰਥ" ਦੀ ਸ਼ਰਨ ਆ ਕੇ ਸੱਚੇ ਸਤਿਸੰਗ ਗੁਰਮੁਖ ਮੇਲ ਪਾਕੇ ਸੁਫਲ ਨਹੀਂ ਹੋਏ ਉਨ੍ਹਾਂ ਦੀ ਮੁਕਤੀ ਕਠਨ ਹੈ।

## ੧੪. (ਤਪਾਂ ਹਠਾਂ ਭੇਖਾਂ ਨਾਲ ਮੁਕਤਿ ਨਹੀਂ)।

੧. ਮਿਲੈ ਜਿ ਤੀਰਥਿ ਨਾਤਿਆਂ ਡਡਾਂ ਜਲ ਵਾਸੀ।
੨. ਵਾਲ ਵਧਾਇਆਂ ਪਾਈਐ ਬੜ ਜਟਾਂ ਪਲਾਸੀ‡।
੩. ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ।

*ਪਾ : ਵਿਚਿ ਧਰਤੀ ਖੂਹੇ। †ਪਾ :-ਵਤਨਿ ਆਠੂਹੇ। ‡ਪਾ :-ਬੜ ਪਿਪਲ ਪਾਸੀ।


www.sikhbookclub.com

੪. ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।
੫. ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ।
੬. ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ ॥੧੪॥

**ਪਦਾਰਥ**-(ਡਡਾਂ=ਡੱਡੂ। ਬੜ=ਬੋਹੜ। ਜਟਾ ਪਲਾਸੀ=ਜੜਾਵਾਂ ਛਿਛਰਿਆਂ (ਵਾਂਗੂੰ ਭਾਵ ਲਮਕਦੀਆਂ। ਹਾਸੀ=ਹੈਨ (ਕ੍ਰਿਯਾ)।

**ਅਰਥ**-੧.ਜੇ ਤੀਰਥ ਨ੍ਹਾਤਿਆਂ (ਮੁਕਤੀ) ਮਿਲਦੀ (ਤਾਂ) ਡੱਡਾਂ ਬੀ ਜਲ ਵਾਸੀ ਹਨ। ੨.ਜਟਾਂ ਵਧਾਇਆਂ (ਬੀ ਮੁਕਤ ਨਹੀਂ ਮਿਲਦੀ, ਮਿਲਦੀ (ਹੁੰਦੀ ਤਾਂ) ਬੋੜ੍ਹ ਦੀਆਂ ਜੜ੍ਹਾਵਾਂ (ਬਹੁਤ) ਲਮਕਦੀਆਂ ਹਨ। ੩.(ਨਿਰੇ) ਨੰਗੇ ਰਿਹਾਂ ਜੇ (ਮੁਕਤ) ਮਿਲਦੀ ਹੁੰਦੀ ਤਾਂ ਬਨਾਂ ਵਿਚ ਮਿਰਗ (ਖਰੇ) ਉਦਾਸੀ (ਨਾਂਗੇ) ਹਨ। ੪.ਜੇ ਬਿਭੂਤ (ਸੁਆਹ) ਲਾਇਆਂ ਮਿਲਦਾ ਤਾਂ ਖੋਤਾ ਖੇਹ ਵਿਚ ਹੀ ਲੇਟਦਾ ਹੈ। ੫.ਜੇ ਚੁਪ ਕੀਤਿਆਂ ਪਾ ਸਕੀਦੀ ਹੈ ਤਾਂ ਪਸੂ (ਸਭ) ਜੜ੍ਹ-(ਮੌਨ)-ਹੀ ਹਨ। ੬.(ਪਰ) ਗੁਰੂ ਬਿਨਾਂ ਮੁਕਤੀ ਨਹੀਂ ਮਿਲਦੀ, (ਸੰਸਾਰ, ਆਵਾਗਵਨ, ਪਾਪ, ਸਭ ਤੋਂ) ਖਲਾਸੀ ਗੁਰੂ (ਦੀ ਕ੍ਰਿਪਾ ਨਾਲ) ਹੀ ਮਿਲਦੀ ਹੈ।

## ੧੫. (ਮੁਕਤੀ ਦੇ ਆਪਣੇ ਸਾਧਨ ਨਿਸ਼ਫਲ)।

੧. ਜੜੀਂ ਬੂਟੀਂ ਜੇ ਜੀਵੀਐ ਕਿਉ ਮਰੈ ਧਨੰਤਰੁ।
੨. ਤੰਤੁ ਮੰਤੁ ਬਾਜੀਗਰਾ ਓਇ ਭਵਹਿ ਦਿਸੰਤਰੁ।
੩. ਰੁਖੀ ਬਿਰਖੀ ਪਾਈਐ ਕਾਸਟ ਬੈਸੰਤਰੁ।
੪. ਮਿਲੈ ਨ ਵੀਰਾਰਾਧੁ ਕਰਿ ਠਗ ਚੋਰ ਨ ਅੰਤਰੁ।
੫. ਮਿਲੈ ਨ ਰਾਤੀ ਜਾਗਿਆਂ ਅਪਰਾਧਿ ਭਵੰਤਰੁ।
੬. ਵਿਣੁ ਗੁਰ ਮੁਕਤਿ ਨ ਹੋਵਈ ਗੁਰਮੁਖਿ ਅਮਰੰਤਰੁ ॥੧੫॥

**ਪਦਾਰਥ**-(ਧਨੰਤਰੁ=ਸ਼ਿਰੋਮਣੀ ਵੈਦ। ਵੀਰਾਰਾਧੁ=ਬੀਰਾਂ ਦਾ ਆਰਾਧਨ, ਭੂਤ ਸੇਵਨ। (ਨ ਅੰਤਰੁ=ਅੰਤਰਾ ਨਹੀਂ। ਅਮਰੰਤਰੁ=ਅਮਰ ਤੇ ਅਮਰ ਕਾਰਕ। )

**ਅਰਥ**-੧.ਜੇ ਜੜੀਆਂ ਬੂਟੀਆਂ (ਦਵਾਵਾਂ) ਨਾਲ (ਅਮਰ ਜੀਵਨ-ਮੁਕਤੀ ਜੀਵਨ) ਜੀਉ ਸਕੀਏ ਤਾਂ ਧਨੰਤਰ ਵੈਦ ਕਿਉਂ ਮਰਦਾ? ੨.ਤੰਤ੍ਰਾਂ ਮੰਤ੍ਰਾਂ (ਜਾਦੂਆਂ) ਨਾਲ (ਅਮਰ ਜੀਵਨ ਮੁਕਤੀ ਜੀਵਨ ਮਿਲਦਾ ਤਾਂ) ਬਾਜੀਗਰ ਕਿਉਂ ਦੇਸ਼ਾਂਤ੍ਰਾਂ ਵਿਚ (ਪੈਸੇ ਮੰਗਦੇ) ਫਿਰਦੇ? ੩.ਜੇ ਰੁੱਖਾਂ ਬ੍ਰਿਛਾਂ (ਨਾਲ ਟੰਗੀਜਿਆਂ, ਜਾਂ ਤੁਲਸੀ ਪਿੱਪਲ ਆਦਿ ਪੂਜਿਆਂ ਮੁਕਤੀ) ਮਿਲ ਪੈਂਦੀ ਤਾਂ ਕਾਠ ਨੂੰ ਅੱਗ (ਕਿਉਂ ਵਿਆਪਦੀ ਹੈ। ਕਾਠ ਆਪ ਕਲੇਸ਼ ਤੋਂ ਵਿਪਾਕ ਨਹੀਂ ਹੋਇਆ)। ੪.ਭੂਤ ਸੇਵਿਆਂ ਨਹੀਂ ਮਿਲਦੀ, ਚੋਰ ਤੇ ਠੱਗਾਂ ਵਿਚ ਅੰਤਰ ਨਹੀਂ (ਭਾਵ ਭੂਤ ਸੇਵੀ, ਚੋਰ ਤੇ ਠੱਗਾਂ ਵਿਚ ਕੁਛ ਫਰਕ ਨਹੀਂ, ਭੂਤ ਸੇਵੀ ਠੱਗੀ ਕਰਕੇ ਹੀ ਧਨ ਮੁਛ ਲੈਂਦੇ ਹਨ)। ੫.ਰਾਤ ਜਾਗਿਆਂ ਨਹੀਂ ਮਿਲਦੀ ਅਪਰਾਧੀ ਸਾਰੀ ਰਾਤ ਭੌਂਦੇ ਰਹਿੰਦੇ ਹਨ, (ਚੋਰ ਜਾਰ ਜੂਆਰ, ਰਾਤ ਜਾਗਕੇ ਹੀ ਪਾਪ ਕਰਦੇ ਹਨ)। ੬.ਬਿਨਾਂ ਗੁਰੂ ਦੇ ਮੁਕਤੀ ਨਹੀਂ ਹੁੰਦੀ, ਗੁਰਮੁਖ ਅਮਰ ਹਨ ਤੇ ਅਮਰ ਕਰਦੇ ਹਨ।

**ਭਾਵ**-ਜੋ ਆਪ ਮੁਕਤੇ ਨਹੀਂ ਆਪ ਅਮਰ ਨਹੀਂ, ਉਹ ਕਿੱਕੂੰ ਅਮਰ ਤੇ ਮੁਕਤ ਕਰ ਸਕਦਾ ਹੈ, ਜੋ ਮੁਕਤ ਤੇ ਅਮਰ ਹੈ, ਉਹੋ ਹੀ ਇਹ ਦਾਤ ਬਖਸ਼ ਸਕਦਾ ਹੈ।

# ੧੬. (ਨਾਲਾਇਕਾਂ ਤੋਂ ਮੁਕਤੀ ਅਸੰਭਵ)।

੧. ਘੰਟੁ ਘੜਾਇਆ ਚੂਹਿਆਂ ਗਲਿ ਬਿਲੀ ਪਾਈਐ।
੨. ਮਤਾ ਮਤਾਇਆ ਮਖੀਆਂ ਘਿਅ ਅੰਦਰਿ ਨਾਈਐ।
੩. ਸੂਤਕੁ ਲਹੈ ਨ ਕੀੜਿਆਂ ਕਿਉ ਝਥੁ ਲੰਘਾਈਐ।
੪. ਸਾਵਣਿ ਰਹਿਣ ਭੰਬੀਰੀਆਂ ਜੇ ਪਾਰਿ ਵਸਾਈਐ।
੫. ਕੂੰਜੜੀਆਂ ਵੈਸਾਖ ਵਿਚਿ ਜਿਉ ਜੂਹ ਪਰਾਈਐ।
੬. ਵਿਣੁ ਗੁਰ ਮੁਕਤਿ ਨ ਹੋਵਈ ਫਿਰਿ ਆਈਐ ਜਾਈਐ॥੧੬॥

**ਪਦਾਰਥ**-(ਪਾਰਿ ਵਸਾਈਐ=ਜਤਨ ਕਰੀਏ। )

**ਅਰਥ**-੧.ਚੂਹਿਆਂ ਨੇ ਘੜਿਆਲ ਬਨਵਾਇਆ ਕਿ ਬਿੱਲੀ ਦੇ ਗਲ ਪਾ ਦੇਈਏ, (ਤਾਂ ਜੋ, ਜਦ ਆਵੇ ਸਾਨੂੰ ਪਤਾ ਲਗ ਜਾਵੇ ਕਿ ਮਾਸੀ ਆਈ ਹੈ, ਪਰ ਇਹ ਬਾਤ ਅਸੰਭਵ ਹੈ, ਚੂਹੇ ਕਰ ਨਹੀਂ ਸਕਦੇ)। ੨.ਮੱਖੀਆਂ ਨੇ ਸਲਾਹ ਕੀਤੀ ਕਿ ਘਿਉ ਵਿਚ ਇਸ਼ਨਾਨ ਕਰੀਏ (ਇਹ ਬੀ ਅਸੰਭਵ ਹੈ)। ੩.ਕੀੜਿਆਂ (ਸਲਾਹ ਕੀਤੀ ਕਿ ਸੂਤਕ ਲਾਹੀਏ ਪਰ ਉਨ੍ਹਾਂ) ਦਾ ਸੂਤਕ ਨਹੀਂ ਲਹਿੰਦਾ, (ਓਹ ਪਲ ਪਲ ਪਿਛੋਂ ਮਰਦੇ ਹਨ ਸੋ ਉਹਨਾਂ ਦਾ) ਵਕਤ ਹੀ ਨਹੀਂ ਲੰਘਦਾ (ਇਹ ਬੀ ਅਸੰਭਵ ਹੈ) ੪.ਜੇ ਜਤਨ (ਬੀ) ਕਰੀਏ ਸਾਵਣ ਦੇ ਭੰਬਟ ਭੰਬੀਰੀਆਂ ਰਹਿ ਨਹੀਂ ਸਕਦੇ (ਭੰਬਟ ਰਾਤ ਰਾਤ ਵਿਚ ਤੇ ਭੰਬੀਰੀਆਂ ਕੁਝ ਦਿਨਾਂ ਵਿਚ ਹੀ ਮਰ ਜਾਂਦੀਆਂ ਹਨ, ਇਨ੍ਹਾਂ ਦਾ ਰੱਖਣਾ ਬੀ ਅਸੰਭਵ ਹੋਇਆ)। ੫.ਵੈਸਾਖ ਵਿਚ ਜਿਕੂੰ ਕੂੰਜਾਂ ਪਰਾਈਆਂ ਜੂਹਾਂ ਵਿਚ (ਬੈਠਦੀਆ ਹਨ, ਸਦਾ ਓਥੇ ਰਖ ਲੈਣੀਆਂ ਅਸੰਭਵ ਹਨ)। ੬.(ਤਿਵੇਂ ਅਸੰਭਵ ਹੈ) ਗੁਰੂ ਬਿਨਾਂ (ਮੁਕਤੀ ਹੋਣੀ) ਆਵਾਗਵਨ ਮਿਟਦਾ ਨਹੀਂ, ਮੁਕਤੀ ਹੁੰਦੀ ਨਹੀਂ।

**ਭਾਵ**-ਤਾਂਤੇ ਹੇ ਸੱਜਨੋ! ਗੁਰੂ ਸਚੇ ਦੀ, ਅਭੁੱਲ ਗੁਰੂ ਦੀ ਸ਼ਰਨ ਲਵੋ ਤੇ ਉਸ ਦੇ ਸਤਿਸੰਗ ਵਿਚ ਉਸ ਨੂੰ ਪਾਓ।

# ੧੭. (ਕੂੜ ਦਾ ਪਾਜ ਕੂੜ)।

੧. ਜੇ ਖੁਥੀ ਬਿੰਡਾ ਬਹੈ ਕਿਉ ਹੋਇ ਬਜਾਜੁ।
੨. ਕੁਤੇ ਦੇ ਗਲਿ ਵਾਸਣੀ ਨ ਸਰਾਫੀ ਸਾਜੁ।
੩. ਰਤਨਮਣੀ ਗਲਿ ਬਾਂਦਰੈ ਜਉਹਰੀ ਨਹਿ ਕਾਜੁ।
੪. ਗਦਹੁੰ ਚੰਦਨ ਲਦੀਐ ਨਹਿੰ ਗਾਂਧੀ ਗਾਜੁ।
੫. ਜੇ ਮਖੀ ਮੁਹਿ ਮਕੜੀ ਕਿਉ ਹੋਵੈ ਬਾਜੁ।
੬. ਸਚੁ ਸਚਾਵਾਂ ਕਾਂਢੀਐ ਕੂੜਿ ਕੂੜਾ ਪਾਜੁ॥੧੭॥

**ਪਦਾਰਥ**-(ਖੁਥੀ=ਥੈਕੀ, ਥਾਨਾਂ ਦੀ ਢੇਰੀ। ਪਾਠਾਂਤ੍ਰ :-ਗੁੱਥੀ=ਥੈਲੀ।
(ਵਾਸਣੀ=ਲੱਕ ਦੀ ਰੁਪੱਯਾਂ ਵਾਲੀ ਥੈਲੀ। ਗਾਜੁ=ਕਹੀਦਾ।)

**ਅਰਥ**-੧.ਜੇ ਬਿੰਡਾ ਥੇਕੀ ਪਰ ਬੈਠ ਜਾਵੇ ਉਹ ਬਜਾਜ ਕਿਕੂ ਹੋ ਸਕਦਾ ਹੈ? ੨.ਜੇ ਕੁੱਤੇ ਦੇ ਗਲ ਵਾਂਮਲੀ (ਬੰਨ੍ਹ ਦੇਈਏ) ਤਦ ਉਹ ਸਰਾਫ ਵਾਲਾ ਸਾਮਾਨ ਨਹੀਂ ਕਰ ਸਕਦਾ। ੩.ਬਾਂਦਰ ਦੇ ਗਲ ਰਤਨ ਮਾਣਕ (ਬੰਨ੍ਹ ਦੇਈਏ) ਤਦ ਜੌਹਰੀ ਦਾ ਕੰਮ ਨਹੀਂ ਕਰ ਸਕਦਾ। ੪.ਖੋਤੇ ਉਤੇ ਚੰਦਨ

ਲੱਦ ਦੇਵੀਏ ਤਾਂ ਉਹ ਗਾਂਧੀ ਨਹੀਂ ਕਹੀਦਾ। ੫.ਜੇ ਮਕੜੀ (ਡੌਰੇ) ਦੇ ਮੂੰਹ ਵਿਚ ਮੱਖੀ (ਆ ਜਾਵੇ) ਉਹ ਬਾਜ ਕਿਵੇਂ ਹੋ ਸਕਦੀ ਹੈ? ੬.(ਤਿਵੇਂ ਹੀ) ਸੱਚਾ ਸਚ ਨਾਲ ਲੱਭ ਲਈਦਾ ਹੈ, ਕੂੜੇ ਦਾ ਕੰਮ (ਦਸ ਦੇਂਦਾ ਹੈ ਕਿ ਇਹ) ਝੂਠਾ (ਤਜਾਗਨੀਯ ਹੈ)।

## ੧੮. (ਅਣਹੋਂਦਾ ਆਪ ਗਣਾਵੇ ਸੋ ਮੂਰਖ)।

੧. ਅੰਙਨਿ ਪੁਤੁ ਗਵਾਢਣੀ ਕੂੜਾਵਾ ਮਾਣਾ।
੨. ਪਾਲੀ ਚਉਣਾ ਚਾਰਦਾ ਘਰ ਵਿਤੁ ਨ ਜਾਣਾ।
੩. ਬਦਰਾ ਸਿਰਿ ਵੇਗਾਰੀਐ ਨਿਰਧਨੁ ਹੈਰਾਣਾ।
੪. ਜਿਉ ਕਰਿ ਰਾਖਾ ਖੇਤ ਵਿਚਿ ਨਾਹੀ ਕਿਰਸਾਣਾ।
੫. ਪਰ ਘਰੁ ਜਾਣੈ ਆਪਣਾ ਮੂਰਖੁ ਮਿਹਮਾਣਾ।
੬. ਅਣਹੋਦਾ ਆਪੁ ਗਣਾਇਦਾ ਯਓਹੁ ਵਡਾ ਅਜਾਣਾ॥੧੮॥

**ਪਦਾਰਥ**-(ਅੰਙਨਿ=ਵੇਹੜੇ ਵਿਚ। ਪਾਲੀ=ਛੇੜੂ। ਚਉਣਾ=ਵੱਗ। ਘਰ ਵਿਤੁ (ਨਾ ਜਾਣਾ=ਘਰ ਦਾ ਮਾਲ ਨਹੀਂ ਜਾਣ ਸਕਦਾ। ਹੈਰਾਦਾ=ਦੁਖੀ ਹੋਣਾ।)

**ਅਰਥ**-੧.(ਆਪਣੇ) ਵੇਹੜੇ ਵਿਚ ਗੁਆਂਢਣ ਦਾ ਪੁੱਤ (ਆ ਜਾਵੇ ਤਦ ਆਪਣਾ ਜਾਣਕੇ ਉਸ ਦਾ) ਮਾਣ ਕਰਣਾਂ ਝੂਠਾ ਹੈ। ੨.ਛੇੜੂ ਵੱਗ ਨੂੰ ਚਾਰਦਾ ਹੈ, (ਪਰ ਵੱਗ ਨੂੰ) ਘਰ ਦਾ ਮਾਲ ਨਹੀਂ ਜਾਣ ਸਕਦਾ। ੩.(ਰੁਪੱਯਾਂ ਦੀ) ਥੈਲੀ ਵੈਰਾਗੀ ਦੇ ਸਿਰ ਤੇ ਹੁੰਦਿਆਂ ਬੀ ਉਹ ਨਿਰਧਨ ਤੇ ਹੈਰਾਨ (ਦੁਖੀ) ਹੈ, (ਯਥਾ:-"**ਖੇਦੁ ਭਇਓ ਬੇਗਾਰੀ ਨਿਆਈ ਘਰ ਕੇ ਕਾਮਿ ਨ ਆਇਆ**") (ਟੋਡੀ:ਮ:੫-੪) ੪.ਜਿਵੇਂ ਰਾਖਾ ਖੇਤ ਵਿਚ ਹੁੰਦਾ ਹੈ (ਉਹ) ਜ਼ਿਮੀਦਾਰ (ਖੇਤ ਦਾ ਮਾਲਕ) ਨਹੀਂ ਹੋ ਜਾਂਦਾ। ੫.(ਉਹ) ਪ੍ਰਾਹੁਣਾ ਮੂਰਖ ਹੈ ਜੋ ਪਰਾਏ ਘਰ ਨੂੰ ਆਪਣਾ ਜਾਣਦਾ ਹੈ। ੬.(ਤਿਵੇਂ ਜੋ) ਅਣਹੋਂਦਾ ਆਪ ਨੂੰ ਗਣਾਉਂਦਾ ਹੈ, ਉਹ ਵੱਡਾ ਮੂਰਖ ਹੈ। (ਯਥਾ:-**ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥**") (ਸ:ਵਾ:ਤੇ:ਵ-੧੫)

## ੧੯. (ਅਣਹੋਂਦਾ ਆਪ ਗਣਾਊ ਗਵਾਰ ਹੈ)।

੧. ਕੀੜੀ ਵਾਕ ਨ ਥੰਮੀਐ ਹਸਤੀ ਦਾ ਭਾਰੁ।
੨. ਹਥ ਮਰੋੜੇ ਮਖੁ ਕਿਉ ਹੋਵੈ ਸੀਹ ਮਾਰੁ।
੩. ਮਛਰ ਡੰਗੁ ਨ ਪੁਜਈ ਬਿਸੀਅਰੁ ਬੁਰਿਆਰੁ।
੪. ਚਿਤ੍ਰੇ ਲਖ ਮਕਉੜਿਆ ਕਿਉ ਹੋਇ ਸਿਕਾਰੁ।
੫. ਜੇ ਜੂਹ ਸਉੜੀ ਸੰਜਰੀ ਰਾਜਾ ਨ ਭਤਾਰੁ।
੬. ਅਣਹੋਦਾ ਆਪੁ ਗਣਾਇਦਾ ਉਹ ਵਡਾ ਗਵਾਰੁ॥੧੯॥

**ਪਦਾਰਥ**-(ਕੀੜੀ ਵਾਕ=ਕੀੜੀ ਪਾਸੋਂ ਜਾਂ ਕੀੜੀ ਦੇ ਕਹੇ। ਚਿਤ੍ਰੇ=ਰੰਗ ਦੇਵੇ। (ਜੂਹ=ਜੂੰਆਂ। ਸਉੜੀ=ਰਜਾਈ, ਗੁੱਤ।)

**ਅਰਥ**-੧.ਕੀੜੀ ਪਾਸੋਂ ਹਾਥੀ ਦਾ ਭਾਰ ਥੰਮ੍ਹੀਦਾ ਨਹੀਂ। ੨.ਮੱਖ ਕਿੰਨਾ ਹੀ ਹੱਥ ਮਰੋੜੇ, ਕੀ ਸ਼ੀਹ-ਮਾਰ ਬਣ ਸਕਦਾ ਹੈ (ਹੱਥਾਂ ਨਾਲ ਮੱਖੀ ਮਰੋੜਕੇ ਸ਼ੀਂਹ ਮਾਰ ਕਿਸ ਤਰ੍ਹਾਂ ਬਣ ਸਕਦਾ ਹੈ। ੩.ਮਛਰ ਦਾ ਡੰਗ ਬੁਰਿਆਰ (ਜ਼ਬਰਦਸਤ) ਸੱਪ ਦੇ ਬਰਾਬਰ ਪੁੱਜ ਨਹੀਂ ਸਕਦਾ ਹੈ। ੪.ਜੇਕਰ ਲੱਖਾਂ ਮਕੌੜਿਆਂ ਨੂੰ (ਕਈ ਰੰਗਾਂ ਨਾਲ) ਚਿੱਤ੍ਰਕੇ (ਨਾਲ ਰਖੀਏ) ਕਿਸੇ ਤਰ੍ਹਾਂ ਸ਼ਿਕਾਰ ਮਾਰ ਸਕਦਾ

ਹੈ? (ਪਰ ਅਸਲ ਅਰਥ ਇਹ ਪ੍ਰਤੀਤ ਹੁੰਦਾ ਹੈ:- ਲਖ ਮਕੌੜਿਆਂ ਨਾਲ ਚਿਤ੍ਰੇ ਦਾ ਸ਼ਿਕਾਰ ਕਿਕੂੰ ਹੋ ਸਕਦਾ ਹੈ? ਜਾਂ ਲਖਾਂ ਮਕੌੜੇ ਮਾਰਕੇ ਚਿਤ੍ਰੇ ਦਾ ਸ਼ਿਕਾਰੀ ਨਹੀਂ ਬਣ ਜਾਂਦਾ)। ੫.ਜੇਕਰ ਕਿਸੇ ਪੁਰਖ ਦੀ ਸਉੜੀ (ਰਜਾਈ) ਵਿਚ ਬਾਹਲੀਆਂ ਜੂੰਆਂ ਸੰਜਰ ਜਾਣ (ਘਰ ਕਰ ਜਾਣ) ਕੀ ਉਸ ਦਾ ਮਾਲਕ ਰਾਜਾ (ਇਸ ਲਈ ਬਣ ਸਕਦਾ ਹੈ ਕਿ ਮੇਰੇ ਘਰ ਵਿਚ ਜੂੰਆਂ ਦਾ ਲਸ਼ਕਰ ਬਾਹਲਾ ਹੈ) (ਅਥਵਾ ਕਿਸੇ ਦੀ ਵਹੁਟੀ ਦੀ 'ਸਉੜੀ' ਗੁੱਤ ਵਿਖੇ ਜੂੰਆਂ ਹੋਣ ਤਾਂ ਉਸਦਾ ਭਰਤਾ ਰਾਜਾ ਹੋ ਸਕਦਾ ਹੈ? ਭਾਵ ਜੂੰਆਂ ਹੀ ਨਹੀਂ ਮਾਰ ਸਕਦਾ ਤਾਂ ਦੇਸ ਰੱਛਾ ਕਿੱਕੁਰ ਕਰ ਸਕੂ?) ੬.(ਜੋ ਲੋਕ) ਅਣਹੋਂਦ (ਅਸਮਰਥ) ਹੋਕੇ ਫੇਰ ਆਪ ਨੂੰ ਗਣਾਉਂਦੇ ਹਨ ਓਹ ਵਡੇ ਗਵਾਰ ਹਨ।

**ਭਾਵ**-ਡਿੰਭੀਆਂ ਤੇ ਮੂਰਖ ਆਗੂਆਂ ਨੂੰ ਮਤ ਦੇਂਦੇ ਹਨ।

## ੨੦. (ਗੁਰੂ ਦੀ ਪਰਖ 'ਸੱਚ' ਹੈ)।

੧. ਪੁਤੁ ਜਣੇ ਵੜਿ ਕੋਠੜੀ ਬਾਹਰਿ ਜਗੁ ਜਾਣੈ।
੨. ਧਨੁ ਧਰਤੀ ਵਿਚਿ ਦਬੀਐ ਮਸਤਕੁ ਪਰਵਾਣੈ।
੩. ਵਾਟ ਵਟਊ ਆਖਦੇ ਵੁਠੈ ਇੰਦ੍ਰਾਣੈ।
੪. ਸਭੁ ਕੋ ਸੀਸੁ ਨਿਵਾਇਦਾ ਚੜਿਐ ਚੰਦ੍ਰਾਣੈ।
੫. ਗੋਰਖ ਦੇ ਗਲਿ ਗੋਦੜੀ ਜਗੁਨਾਥੁ ਵਖਾਣੈ।
੬. ਗੁਰ ਪਰਚੈ ਗੁਰੁ ਆਖੀਐ ਸਚਿ ਸਚੁ ਸਿਞਾਣੈ॥੨੦॥

**ਪਦਾਰਥ**-(ਮਸਤਕੁ=ਮੱਥੇ ਵਿਚੋਂ। ਪਰਵਾਣੈ-ਮਾਲੂਮ ਹੁੰਦਾ ਹੈ। ਵੁਠੈ=ਮੀਂਹ ਵਰਸਨਾ। (ਚੰਦ੍ਰਾਣੈ=(ਦੁਤੀਆ ਦਾ) ਚੰਦ੍ਰਮਾ। ਗੁਰ ਪਰਚੈ=ਗੁਰੂ ਨਾਲ ਪ੍ਰੇਮ ਕਰਨਾ।)

**ਅਰਥ**-੧.(ਮਾਂ) ਪੁੱਤ੍ਰ ਨੂੰ ਕੋਠੜੀ ਵਿਚ ਵੜਕੇ ਜਣਦੀ ਹੈ, (ਪਰ) ਜਗਤ ਨੂੰ ਬਾਹਰ ਮਲੂਮ ਹੋ ਜਾਂਦਾ ਹੈ। ੨.ਦੌਲਤ ਧਰਤੀ ਵਿਖੇ ਦੱਬੀਦੀ ਹੈ, ਮੱਥੇ ਵਿਖੇ (ਲੋਕ ਦਮਕ ਵੇਖਕੇ) ਪਰਵਾਣ ਕਰਦੇ ਹਨ। ੩.ਰਸਤੇ ਦੇ 'ਵਟਾਊ' (ਰਾਹੀ) ਲੋਕ ਬੀ ਦਸਦੇ ਹਨ ਪਕ ਮੀਂਹ ਵਿਰ੍ਹਿਆ ਹੈ (ਭਾਵ ਵਰਖਾ ਗੁੱਝੀ ਨਹੀਂ ਰਹਿੰਦੀ)। ੪.(ਦੂਜ ਦੇ) ਚੰਦ ਚੜ੍ਹੇ ਨੂੰ ਹਰ ਕੋਈ ਮੱਥਾ ਟੇਕਦਾ ਹੈ। ੫.ਗੋਰਖ ਦੇ ਗਲ ਵਿਖੇ ਗੋਦੜੀ ਹੈ ਫਿਰ ਬੀ ਜਗਤ ਨਾਥ ਆਖਦੇ ਹਨ, (ਭਾਵ ਇਹ ਕਿ ਗੋਦੜੀ ਨਾਲ ਜਗਤ ਦਾ ਨਾਥ ਕੋਈ ਨਹੀਂ ਹੋ ਸਕਦਾ, ਉਹ ਤਾਂ ਇਕ ਅਕਾਲ ਹੀ ਹੈ। ਅਜਿਹਾ ਹੀ ਕਿਸੇ ਦੇ ਕਿਹਾਂ ਕੋਈ ਵੱਡਾ ਨਹੀਂ ਹੁੰਦਾ, ਨਾ ਕਿਸੇ ਵੇਸ ਨਾਲ ਹੁੰਦਾ ਹੈ, ਗੁਣ ਚਾਹੀਏ)। ੬.ਗੁਰੂ ਦੇ ਨਾਲ ਪ੍ਰੇਮ ਕਰਨ ਨਾਲ ਗੁਰੂ ਆਖੀਦਾ ਹੈ ਕਿਉਂ ਜੋ ਸੱਚ ਨੂੰ ਸੱਚ ਪਛਾਣਦਾ ਹੈ।

**ਭਾਵ**-ਸੱਚ ਗੁਝਾ ਨਹੀਂ ਰਹਿੰਦਾ, ਤਿਵੇਂ ਗੁਰੂ ਲੁਕ ਨਹੀਂ ਸਕਦਾ, ਗੁਰੂ ਭਾਵੇਂ ਕਿਤੇ ਛਿਪੇ ਪਰ ਪਤਾ ਲਗ ਜਾਂਦਾ ਹੈ। ਸਾਰੇ ਦ੍ਰਿਸ਼ਟਾਂਤਾਂ ਦਾ ਇਹੋ ਮਤਲਬ ਹੈ **"ਅਨਿਕ ਜਤਨ ਕਰ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ"** (ਸੋਰਠ:ਭੀਖਨ ਜੀ-੨) ਇਸ ਲਈ ਦੱਸਦੇ ਹਨ ਕਿ ਗੁਰੂ ਤਾਂ ਪਰਤੱਖ ਹੈ ਪਰ ਗੁਰੂ ਨਾਲ ਪ੍ਰੇਮ ਕੀਤਿਆਂ ਕੁਝ ਬਣਦਾ ਹੈ, ਸੱਚੇ ਗੁਰੂ ਨੂੰ ਸੱਚਾ ਗੁਰੂ ਪਛਾਣਨਾ ਤੇ ਉਸ ਨਾਲ ਪ੍ਰੇਮ ਕਰਨਾ ਚਾਹੀਦਾ ਹੈ, ਡਿੰਭੀਆਂ ਦੇ ਮਗਰ ਲਗਿਆਂ ਦੁੱਖ ਹੈ।

## ੨੧. (ਵੀਹ ਔਗੁਣ)।

੧. ਹਉ ਅਪਰਾਧੀ[1] ਗੁਨਹਗਾਰੁ[2] ਹਉ ਬੇਮੁਖ[3] ਮੰਦਾ[4]।
੨. ਚੋਰੁ[5] ਯਾਰੁ[6] ਜੂਆਰਿ[7] ਹਉ ਪਰ ਘਰਿ ਜੋਹੰਦਾ[8]।
੩. ਨਿੰਦਕੁ[9] ਦੁਸਟੁ[10] ਹਰਾਮਖੋਰੁ[11] ਠਗੁ[12] ਦੇਸ ਠਗੰਦਾ।

੪. ਕਾਮ[13] ਕ੍ਰੋਧੁ[14] ਮਦੁ[15] ਲੋਭੁ[16] ਮੋਹੁ[17]ਅਹੰਕਾਰ ਕਰੰਦਾ[18]।
੫. ਬਿਸਾਸਘਾਤੀ[19] ਅਕਿਰਤਘਨ[20] ਮੈ ਕੋ ਨ ਰਖੰਦਾ।
੬. ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਸਖਸੰਦਾ ॥੨੧॥੩੬॥

**ਪਦਾਰਥ**-(ਗੁਨਹਗਾਰੁ=ਕਸੂਰੀ। ਜੋਹੰਦਾ=ਤੱਕਣ ਵਾਲਾ। ਠਗੰਦਾ=ਦਿਨ ਦੀਵੀਂ (ਠੱਗਣ ਵਾਲਾ। ਸਿਮਰਿ=ਯਾਦ ਕਰ। ਮੁਰੀਦਾ=ਸੰਬੋਧਨ ਹੈ, ਹੇ ਮਰੀਦ! (ਢਾਢੀਆ=ਹੇ ਢਾਢੀ।

**ਅਰਥ**-੧.ਮੈਂ [1]ਅਪਰਾਧੀ, [2]ਕਸੂਰ ਕਰਣ ਵਾਲਾ, [3]ਬੇਮੁਖ ਅਤੇ [4]ਮੰਦਾ ਹਾਂ। ੨.[5]ਚੋਰ, [6]ਯਾਰ, [7]ਜੁਆਰੀਆ, ਅਰ [8]ਪਰਾਏ ਘਰਾਂ ਦੇ ਤੱਕਣ ਵਾਲਾ ਹਾਂ। ੩.[9]ਨਿੰਦਕ, [10]ਦੁਸ਼ਟ, [11]ਹਰਾਮ ਖੋਰ, [12]ਦੇਸਾਂ ਦੇ ਠਗਣ ਹਾਰਾ ਠੱਗ ਹਾਂ। ੪.[13]ਕਾਮ, [14]ਕ੍ਰੋਧ, [15]ਮਦ, [16]ਲੋਭ, [17]ਮੋਹ ਤੇ [18]ਹੰਕਾਰ ਕਰਣ ਵਾਲਾ ਹਾਂ। ੪.[19]ਵਿਸਾਹਘਾਤੀ, [20]ਅਕਿਰਤਘਣ ਹਾਂ, ਮੈਨੂੰ ਕੋਈ ਰੱਖਣਹਾਰਾ ਨਹੀਂ ਹੈ। (ਅਜਿਹੇ ਪਾਪੀ ਦੀ ਰੱਖਯਾ ਕੌਣ ਕਰ ਸਕਦਾ ਹੈ?) ੬.(ਇਕ ਗੁਰ ਨਾਨਕ ਦੇਵ ਹੀ ਮੇਰੇ ਜੇਹੇ ਪਾਪੀਆਂ ਦੇ ਰੱਖ੍ਯਕ ਹਨ ਇਸ ਲਈ) ਹੇ ਮੁਰੀਦ ਢਾਢੀ (ਜਿਸ ਦੇ ਗਾਉਣ ਵਾਲੇ ਸਿਖ ! ਅਜਿਹੇ) ਸਤਿਗੁਰੁ (ਨੂੰ) ਸਿਮਰਣ ਕਰ, ਜੋ ਬਖਸ਼ੰਦ ਹੈ।

**ਭਾਵ**-"**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ**" (ਜਪੁਜੀ) ਨਿਰਗੁਣਿਆਂ ਪੁਰ ਉਪਕਾਰ ਇਕ ਸਤਿਗੁਰੂ ਨਾਨਕ ਦੇਵ ਹੀ ਕਰਦੇ ਹਨ, ਗੁਣ ਹਾਰਿਆਂ ਪੁਰ ਹਰ ਕੋਈ ਉਪਕਾਰ ਕਰ ਸਕਦਾ ਹੈ, ਗੱਲ ਕੀ ਆਪਣੇ ਵਿਖੇ ਉਕਤ ਅਵਗੁਣ ਦੱਸਕੇ ਅਸਮਦਾਦਿਕਾਂ ਅਰਥਾਤ ਸਾਡੇ ਸਾਰਿਆਂ ਲਈ ਉੱਤਮ ਉਪਦੇਸ਼ ਕੀਤਾ ਹੈ ਕਿ ਆਪ ਨੂੰ ਉੱਚਾ ਸਮਝਕੇ ਦੂਜਿਆਂ ਨੂੰ ਨੀਵਾਂ ਮੰਨਣਾ ਉਚਿਤ ਨਹੀਂ ਹੈ।

ਏਹ ਅੰਤਲੀ ਪੌੜੀ ਇਕ ਗੂੜ੍ਹ ਆਤਮਕ ਨਿਯਮ ਨੂੰ ਪ੍ਰਗਟ ਕਰਦੀ ਹੈ, ਪਿੱਛੇ ਮੀਣੇ, ਬੇਮੁਖ, ਨਿੱਗੁਰੇ, ਕੂੜ ਪਾਜੇ ਤੇ ਅਣਹੋਂਦਾ ਗਣਾਉਣ ਵਾਲੇ ਪਾਪੀਆਂ ਦਾ ਜ਼ਿਕਰ ਕਰਦੇ ਆਏ ਹਨ। ਜਦ ਔਗੁਣਹਾਰਿਆਂ ਦੇ ਔਗੁਣ ਕਹੇ ਤਦ ਸੁਤੇ ਹੀ ਮਨ ਵਿਚ ਉਹਨਾ ਦਾ ਪ੍ਰਭਾਵ ਪੈਂਦਾ ਹੈ, ਅਰ ਮਲਿਨਤਾ ਛਾ ਜਾਂਦੀ ਹੈ ਪ੍ਰਸੰਗ ਅਨੁਸਾਰ ਗ੍ਰੰਥ ਕਰਤਾ ਨੂੰ ਕਹਿਣਾ ਬੀ ਬਣਿਆ, ਇਸ ਲਈ ਅੰਤ ਵਿਚ ਨਿੰਮ੍ਰਤਾ ਤੇ ਬੇਨਤੀ ਵਿਚ ਚਲੇ ਗਏ ਕਿ ਸਭ ਤੋਂ ਬੁਰਾ ਮੈਂ ਹਾਂ। ਹੇ ਵਾਹਿਗੁਰੂ ! ਮੈਨੂੰ ਬਖਸ਼ ਲਓ। ਅੱਸਾ ਕਰਨ ਨਾਲ ਅੰਤਹਕਰਨ ਕੁੰਗੂ ਦਾ ਕੁੰਗੂ ਰਹਿ ਗਿਆ, ਅਰ ਏਹ ਭੀ ਪਤਾ ਲਗ ਗਿਆ ਕਿ ਭਾਈ ਸਾਹਿਬ ਜੀ ਰਾਗ ਦ੍ਵੈਖ ਨਾਲ ਕੁਝ ਨਹੀਂ ਲਿਖ ਰਹੇ, ਕੇਵਲ ਸਾਡੇ ਉਧਾਰ ਲਈ ਸਿੱਖਯਾ ਲਿਖੀਆਂ ਹਨ, ਉਨ੍ਹਾਂ ਦਾ ਮਨ ਅਤਿ ਨਿੰਮ੍ਰ ਤੇ ਸਾਫ਼ ਸੀ।

## ਵਾਰ ੩੭.

ੴ ਸਤਿਗੁਰ ਪ੍ਰਸਾਦਿ ॥

## ੧. (ਮੰਗਲਾ ਚਰਣ ਕਾਦਰ ਦੇ ਚਲਿਤ)।

੧. ਇਕ ਕਵਾਉ ਪਸਾਉ ਕਰਿ ਓਅੰਕਾਰੁ ਅਕਾਰੁ ਬਨਾਇਆ।

੨. ਅੰਬਰਿ ਧਰਤਿ ਵਿਛੋੜਿਕੈ ਵਿਣੁ ਥੰਮਾ ਆਕਾਸਿ ਰਹਾਇਆ।
੩. ਜਲ ਵਿਚਿ ਧਰਤੀ ਰਖੀਅਨਿ ਧਰਤੀ ਅੰਦਰਿ ਨੀਰੁ ਧਰਾਇਆ।
੪. ਕਾਠੈ ਅੰਦਰਿ ਅਗੁ ਧਰਿ ਅਗੀ ਹੋਂਦੀ ਸੁਫਲੁ ਫਲਾਇਆ।
੫. ਪਉਣ ਪਾਣੀ ਬੈਸੰਤਰੋ ਤਿੰਨੇ ਵੈਰੀ ਮੇਲੁ ਮਿਲਾਇਆ।
੬. ਰਾਜਸ ਸਾਤਕ ਤਾਮਸੋ ਬ੍ਰਹਮਾ ਬਿਸਨੁ ਮਹੇਸੁ ਉਪਾਇਆ।
੭. ਚੋਜ ਵਿਡਾਣੁ ਚਲਿਤੁ ਵਰਤਾਇਆ॥੧॥

**ਪਦਾਰਥ**-(ਵਿਛੋੜਿਕੈ=ਵਿਚ ਜੋੜਕੇ। ਪਉਣੁ, ਪਾਣੀ, ਬੈਸੰਤਰੋ=ਭਾਵ ਸ਼ਾਦੀ ਬਾਦੀ ਸਰਦੀ (ਗਰਮੀ। ਚੋਜ ਵਿਡਾਣੁ=ਅਦਰਜ ਕੌਤਕ।)

**ਅਰਥ**-(ਸੈਂਤੀਸਵੀਂ ਵਾਰ ਦੇ ਆਰੰਭ ਵਿਖੇ ਅਕਾਲ ਪੁਰਖ ਦਾ ਵਸਤੂ ਨਿਰਦੇਸ਼ ਮੰਗਲਾ ਚਰਣ ਕਰਦੇ ਹਨ) ੧.ਅਕਾਲ ਪੁਰਖ ਨੇ ਇਕ ਵਾਕ ਥੋਂ ਪਾਸਰਾ ਕਰਕੇ 'ਅਕਾਰ' (ਸਰੂਪ) ਸਾਜਿਆ ਹੈ। ੨.ਆਕਾਸ਼ ਵਿਚ ਧਰਤੀ ਨੂੰ ਛੱਡਕੇ, ਥੰਮਾਂ ਤੋਂ ਬਿਨਾਂ ਅਕਾਸ਼ ਵਿਚ ਇਸ ਨੂੰ ਰੱਖਿਆ* । ੩.(ਦੂਜਾ ਅਚਰਜ ਕੌਤਕ ਇਹ ਹੈ ਕਿ) ਪਾਣੀ ਵਿਖੇ ਧਰਤੀ ਰਖੀ ਹੈ (ਅਜਿਹਾ ਕਿ ਤਿੰਨ ਹਿੱਸੇ ਪਾਣੀ ਅਰ ਇਕ ਹਿੱਸਾ ਧਰਤੀ ਹੈ) ਅਰ ਧਰਤੀ ਦੇ ਗੱਭੇ ਭੀ ਪਾਣੀ ਹੈ (ਅਨੇਕਾਂ ਝੀਲਾਂ ਦਰਯਾ ਧਰਤੀ ਵਿਚ ਹਨ)। ੪.ਲਕੜੀ ਦੇ ਅੰਦਰ ਅੱਗ ਰੱਖੀ ਹੈ, ਫੇਰ ਅੱਗ ਦੇ ਹੁੰਦਿਆਂ ਬੀ ਬ੍ਰਿਛਾਂ ਨੂੰ ਚੰਗੇ ਫਲਾਂ ਨਾਲ ਫਲਾਯਾ ਹੈ (ਜੇ ਗਰਮੀ ਨਾ ਹੋਵੇ ਤਦ ਬ੍ਰਿਛ ਮੌਲ ਤੇ ਫਲ ਨਹੀਂ ਦੇ ਸਕਦੇ)। ੫.(ਪਉਣ ਬਾਦੀ) ਪਾਣੀ (ਸਰਦੀ) ਬੈਸੰਤਰ (ਗਰਮੀ) (ਦਾ ਅਥਵਾ) ਤਿੰਨੇ (ਤੱਤਾਂ ਦਾ ਜੋ ਭਾਵੇਂ ) ਆਪੋ ਵਿਚ ਵੈਰੀ ਹਨ (ਪਰੰਤੂ ਈਸ਼੍ਵਰ ਨੇ ਮਿੱਤ੍ਰਾਂ ਵਾਂਙੂ) ਮੇਲ ਮਿਲਾਇਆ ਹੈ (ਜਿਸ ਤੋਂ ਸ੍ਰਿਸ਼ਟੀ ਰਚੀ ਹੈ)। ੬.(ਕੀ ਆਪ ਕਜ਼ੀਆ ਕਰਦਾ ਹੈ? ਨਹੀਂ) (ਤਿੰਨ ਗੁਣ) ਰਜੋ ਸਤੋ ਤਮੋ ਨੂੰ ਬ੍ਰਹਮਾ ਬਿਸ਼ਨ ਮਹੇਸ਼ (ਤਿੰਨ ਤਾਕਤਾਂ ਨੂੰ ਉਤਪਤੀ ਪਾਲਨ ਸੰਘਾਰ ਲਈ) ਰਚ ਦਿਤਾ ਹੈ। (**"ਦਯੁ ਬੈਠਾ ਵੇਖੈ ਆਪ ਜੀਉ"** (ਸਿਰੀ:ਮ:੫:ਅਸਟ:੨੯) ਆਪ ਅਕਾਲ ਪੁਰਖ ਅਕ੍ਰਿਯ ਅਰ ਅਬਿਨਾਸੀ ਹੋਕੇ ਤਮਾਸ਼ਾ ਦੇਖ ਰਿਹਾ ਹੈ)। ੭.ਅਚਰਜ ਕੌਤਕ ਦਾ ਚਲਿੱਤ੍ਰ ਵਰਤਾਇਆ ਹੈ।

**ਭਾਵ**-ਈਸ਼੍ਵਰੀ ਰਚਨਾ ਨੂੰ ਤੱਕਿਆਂ ਜੋ ਅਸਚਰਜ ਪੈਦਾ ਹੁੰਦਾ ਹੈ, ਉਸ ਦਾ ਵਰਣਨ ਹੈ ਕਿ ਕਿੱਕੂ ਅਕਾਸ਼ ਵਿਚ ਧਰਤੀ ਨਿਰ ਆਸਰੇ ਛੱਡੀ ਫਿਰ ਰਹੀ ਹੈ, ਸਮੁੰਦਰਾਂ ਵਿਚ ਖੁਸ਼ਕੀ, ਖੁਸ਼ਕੀ ਵਿਚ ਪਾਣੀ, ਕਾਠਾ ਵਿਚ ਅੱਗ ਗਰਮੀ, ਦਰਖਤ ਵਿਚ ਆਦਿ ਮੇਲ ਸੰਜੋਗ ਵਿਚਿਤ੍ਰ ਰਚਨਾ ਹੈ।

## ੨. (ਈਸ਼੍ਵਰੀ ਸ਼ਕਤੀ)।

੧. ਸਿਵ ਸਕਤੀ ਦਾ ਰੂਪ ਕਰਿ ਸੂਰਜ ਚੰਦ ਚਰਾਗ ਬਲਾਇਆ।
੨. ਰਾਤੀ ਤਾਰੇ ਚਮਕਦੇ ਘਰਿ ਘਰਿ ਦੀਪਕ ਜੋਤਿ ਜਗਾਇਆ।
੩. ਸੂਰਜੁ ਏਕੰਕਾਰੁ ਦਿਹੁ ਤਾਰੇ ਦੀਪਕ ਰੂਪ ਲੁਕਾਇਆ।
੪. ਲਖ ਦਰੀਆਉ ਕਵਾਉ ਵਿਚਿ ਤੋਲ ਅਤੋਲੁ ਨ ਤੋਲਿ ਤੁਲਾਇਆ।
੫. ਓਅੰਕਾਰ ਅਕਾਰੁ ਜਿਸਿ ਪਰਵਰਦਗਾਰੁ ਅਪਾਰੁ ਅਲਾਇਆ।
੬. ਅਬਿਗਤਿ ਗਤਿ ਅਗੰਮ ਹੈ ਅਕਥ ਕਥਾ ਨ ਅਲਖ ਲਖਾਇਆ।
੭. ਸੁਣਿ ਸੁਣਿ ਆਖਣਿ ਆਖਿ ਸੁਣਾਇਆ॥੨॥

* ਆਕਾਸ ਰਹਾਇਆ ਪਾਠਾਤ੍ ਤੇ ਇਹ ਅਰਥ ਬਣਦਾ ਹੈ ਕਿ ਧਰਤੀ ਨੂੰ ਅੰਬਰ ਵਿਚ ਛੋੜਕੇ ਬਿਨਾਂ ਥੰਮ੍ਹਾਂ ਦੇ (ਕੇਵਲ ਖਿੱਚ ਕਸ਼ਸ਼ ਨਾਲ) ਰਖਿਆ ਹੈ।


www.sikhbookclub.com

**ਪਦਾਰਥ**-(ਸਿਵ=ਚੇਤੁਨ, ਸੱਤਾ ਸ਼ਕਤੀ (Soul)। ਸ਼ਕਤੀ=ਪ੍ਰਕ੍ਰਿਤੀ ਤੇ ਪ੍ਰਕ੍ਰਿਤੀ ਤੋਂ (ਉਤਪਤ ਤਾਕਤ (matter and force)। ਅਕਾਰ=ਸਰੂਪ। (ਪਰਵਰਦਗਾਰ=ਪਾਲਕ। ਅਲਾਇਆ=ਕਿਹਾ ਗਿਆ।)

**ਅਰਥ**-੧.(ਸੰਸਾਰ ਨੂੰ) ਚੇਤਨ ਸੱਤਾ, ਪ੍ਰਕ੍ਰਿਤੀ ਦੀਆਂ ਤਾਕਤਾਂ ਤੋਂ ਸਰੂਪ ਦੇਕੇ (ਇਸ ਦੇ ਨਿਰਬਾਹ ਲਈ) ਸੂਰਜ ਚੰਦ ਦੀਵੇ ਬਾਲੇ। ੨.ਰਾਤ ਨੂੰ ਤਾਰੇ ਭੀ ਚਮਕਦੇ ਹਨ ਅਰ ਘਰੋ ਘਰੀ ਦੀਪਕਾਂ ਦੀ ਜੋਤ ਭੀ ਜਗਾਈ ਜਾਂਦੀ ਹੈ (ਕਿ ਘਰਾਂ ਦੇ ਅੰਦਰ ਭੀ ਚਾਨਣ ਹੋਵੇ)। ੩.ਜਦ ਸੂਰਜ ਏਕੰਕਾਰ (ਇਕ ਅਕਾਰ) ਦਾ ਰੂਪ ਦਿਨੇ ਚੜ੍ਹਦਾ ਹੈ (ਤਾਂ ਲਖਾਂ) ਤਾਰੇ ਤੇ ਦੀਪਕਾਂ ਦੇ ਰੂਪ ਲੁਕ ਜਾਂਦੇ ਹਨ (ਸਾਰੇ ਪ੍ਰਕਾਸ਼ ਸੂਰਜ ਵਿਖੇ ਸਮਾਇ ਜਾਂਦੇ ਹਨ) (ਉਹ ਸੂਰਜ ਕੌਣ ਹੈ? ਪਰਮਾਤਮਾ ਰੂਪ ਸੂਰਜ ਹੈ)। ੪.ਲੱਖਾਂ ਦਰਿਆਉ (ਬ੍ਰਹਮਾਦਿਕ ਦੇਵਤੇ) ਉਸ ਦੇ ਕਵਾਉ (ਸਰੀਰ ਅਥਵਾ ਵਾਕ) ਵਿਖੇ ਹਨ ਤੋਲ ਤੋਂ ਅਤੋਲ ਹੈ, ਮਨ ਬਾਨੀ ਥੋਂ ਪਰੇ ਹੈ, ਇਸੇ ਲਈ ਤੋਲ ਨਹੀਂ ਤੋਲਿਆ ਜਾਂਦਾ (ਕੁਝ ਵਿਚਾਰ ਨਹੀਂ ਹੋ ਸਕਦੀ।) ੫.ਓਅੰਕਾਰ ਹੀ ਜਿਸ ਦਾ ਅਕਾਰ ਸਰੂਪ ਹੈ, (ਇਹੋ ਓਅੰਕਾਰ ਆਪਦਾ ਸਰੂਪ ਯਾ ਨਾਮ) ਉਸ ਨੇ ਆਪ ਕਿਹਾ ਹੈ (ਕਿ ਮੈਂ ੧ੳ ਸਰੂਪ ਹਾਂ) (ਫੇਰ ਪਰਮਾਤਮਾ ਕੈਸਾ ਹੈ?) ਪਾਲਣੇਹਾਰਾ ਅਤੇ ਅਪਾਰ ਹੈ। ੬.(ਜਿਨ੍ਹਾਂ ਦੀ) ਗਤੀ ਨਹੀਂ ਪਾਈ ਜਾ ਸਕਦੀ (ਉਹਨਾਂ ਥੋਂ ਬੀ) 'ਅਗੰਮ' ਹੈ (ਕਿਉਂ ਜੋ ਉਸ ਦੀ) ਕਥਾ ਅਕੱਥ ਹੈ, ਕਿਸੇ ਨੇ ਅਲਖ ਨੂੰ ਨਹੀਂ ਲਖਾਇਆ। ੭.(ਸਾਰੇ ਵਕਤਾ ਤੇਰੇ ਮੇਰੇ ਪਾਸੋਂ ) ਸੁਣ ਸੁਣ ਕੇ ਅਖਾਣਾਂ ਨੂੰ ਆਖਕੇ ਸੁਣਾਉਂਦੇ ਹਨ (ਦੇਖ ਕਰ ਪਰਮਾਤਮਾਂ ਦਾ ਵਰਣਨ ਕਿਸੇ ਨਹੀਂ ਕੀਤਾ ਹੈ)।

## ੩. (ਰਚਨਾਂ ਦੀ ਵਚਿੱਤ੍ਰਤਾ)।

੧. ਖਾਣੀ ਬਾਣੀ ਚਾਰ ਜੁਗ ਜਲ ਥਲ ਤਰੁਵਰੁ ਪਰਬਤ ਸਾਜੇ।
੨. ਤਿੰਨ ਲੋਅ ਚੌਦਹ ਭਵਣ ਕਰਿ ਇਕੀਹ ਬ੍ਰਹਮੰਡ ਨਿਵਾਜੇ।
੩. ਚਾਰੇ ਕੁੰਡਾ ਦੀਪ ਸਤ ਨਉ ਖੰਡ ਦਹ ਦਿਸਿ ਵਜਣਿ ਵਾਜੇ।
੪. ਇਕਸ ਇਕਸ ਖਾਣਿ ਵਿਚਿ ਇਕੀਹ ਇਕੀਹ ਲਖ ਉਪਾਜੇ।
੫. ਇਕਤ ਇਕਤ ਜੂਨਿ ਵਿਚਿ ਜੀਅਜੰਤੁ ਅਣਗਣਤ ਬਿਰਾਜੇ।
੬. ਰੂਪ ਅਨੂਪ ਸਰੂਪ ਕਰਿ ਰੰਗ ਬਿਰੰਗ ਤਰੰਗ ਅਗਾਜੇ।
੭. ਪਉਣੁ ਪਾਣੀ ਘਰਿ ਨਉ ਦਰਵਾਜੇ ॥੩॥

**ਪਦਾਰਥ**-(ਇਕੀਹ=ਇਕ ਈਸ਼੍ਵਰ ਨੇ। ਵਾਜੇ=ਬਾਣੀਆਂ ਦੇ। ਇਕੀਹ ਇਕੀਹ ਲਖ=ਜੂਨਾਂ (੨੧ ਲਖ ਪ੍ਰਿਤਜੇਕ ਖਾਣੀ ਵਿਖੇ। ਤਰੰਗ=ਕੌਤਕ । ਲਹਿਰਾਂ। (ਅਗਾਜੇ=ਪ੍ਰਗਟ, ਬਹੁਤ। ਘਰਿ=ਸਰੀਰ। ਨਉ ਕਰਵਾਜ਼ੇ=ਨੌਂ ਗੋਲਕਾਂ।)

**ਅਰਥ**-੧.ਚਾਰ ਖਾਣੀਆਂ (ਅੰਡਜਾਦਿਕ) ਚਾਰ ਬਾਣੀਆਂ (ਪਰਾ ਪਸੰਤਜਾਦਿਕ) ਚਾਰ ਜੁਗ (ਸਤ ਜੁਗਾਦਿਕ) ਜਲ ਥਲ ਬ੍ਰਿਛ ਪਹਾੜ (ਜੀਵ ਜੰਤਾਂ ਦੇ ਰਹਿਣ ਦੇ ਥਾਉਂ ਈਸ਼੍ਵਰ ਨੇ) ਰਚ ਦਿੱਤੇ। ੨.ਤਿੰਨ ਲੋਕ, ਚਉਦਹ ਬ੍ਰਹਮੰਡ ਕਰਕੇ, ਫੇਰ ਇੱਕੀ ਪੂਰੇ ਕੀਤੇ (ਅਰਥਾਤ ਤਿੰਨਾਂ ਲੋਕਾਂ ਵਿਖੇ ਸਤ ਸਤ ਬ੍ਰਹਮੰਡ ਰਚੇ ਅਥਵਾ ਇਕੀਹ' ਇਕ ਈਸ਼੍ਵਰ ਨੇ ਰਚੇ)। ੩.ਚਾਰ ਕੂੰਟਾਂ, ਸਤ ਦੀਪ, ਨਉ ਖੰਡ, ਦਸ ਦਿਸ਼ਾ ਵਿਖੇ ਵਾਜੇ ਵਜ ਰਹੇ ਹਨ (ਜੀਵ ਬੋਲ ਰਹੇ ਹਨ)। ੪.ਇਕ ਇਕ (ਅੰਡਜਾਦਿ) ਖਾਣੀ ਵਿਚ ਇੱਕੀ ਇੱਕੀ ਲੱਖ ਜਨਾਂ ਰਚੀਆਂ। ੫.ਪ੍ਰਤਜੇਕ ਜੋਨੀ ਵਿਖੇ ਜੀਵ, ਜੰਤ, (ਸਥੂਲ ਸੂਖਮ) ਬੇਸ਼ੁਮਾਰ ਰਚ ਦਿੱਤੇ। ੬.ਭਿੰਨ ਭਿੰਨ ਰੂਪ ਸੋਹਣੇ ਰੂਪਾਂ ਵਾਲੇ ਕੀਤੇ। ਰੰਗਾਂ ਰੰਗਾਂ ਦੇ (ਜਲਾਂ) ਦੇ ਤਰੰਗ (ਭਾਵ ਨਹਰਿ, ਨਾਲੇ, ਸਮੁੰਦਰ 'ਅਗਾਜੇ') ਪ੍ਰਗਟ ਕੀਤੇ। ੭.ਪਉਣ ਪਾਣੀ (ਆਦਿ ਪੰਜ ਤੱਤਾਂ ਥੋਂ)

ਘਰ (ਸਰੀਰ ਬਣਾਕੇ) ਨਉਂ (ਗੋਲਕਾਂ ਦੇ) ਦਰਵਾਜੇ ਰਚੇ।

## ੪. (ਰਚਨਾਂ ਦੀ ਵਚਿੱਤ੍ਰਤਾ)।

੧. ਕਾਲਾ ਧਉਲਾ ਰਤੜਾ ਨੀਲਾ ਪੀਲਾ ਹਰਿਆ ਸਾਜੇ।
੨. ਰਸੁ ਕਸੁ ਕਰਿ ਵਿਸਮਾਦ ਸਾਦੁ ਜੀਭਹੁ ਜਾਪ ਨ ਖਾਜ ਅਖਾਜੇ।
੩. ਮਿਠਾ ਕਉੜਾ ਖਟ ਤੁਰਸੁ ਫਿਕਾ ਸਾਉ ਸਲੂਣਾ ਛਾਜੇ।
੪. ਗੰਧ ਸੁਗੰਧਿ ਅਵੇਸ ਕਰਿ ਚੋਆ ਚੰਦਨ ਕੇਸਰੁ ਕਾਜੇ।
੫. ਮੇਦੁ ਕਥੂਰੀ ਪਾਨ ਫੁਲੁ ਅੰਬਰੁ ਚੂਰ ਕਪੂਰ ਅੰਦਾਜੇ।
੬. ਰਾਗ ਨਾਦ ਸੰਬਾਦ ਬਹੁ ਚਉਦਹ ਵਿਦਿਆ ਅਨਹਦ ਗਾਜੇ।
੭. ਲਖ ਦੀਰਅਉ ਕਰੋੜ ਜਹਾਜੇ ॥੪ ॥

**ਪਦਾਰਥ**-(ਸਾਉ=ਸੁਆਦ। ਛਾਜੇ=ਸਜ ਰਹੇ।ਕਾਜੇ=ਕੀਤੇ ਕੰਮ ਲਾਇਕ। ਅੰਬਰੁ ਚੂਰ=ਅੰਬ (ਚੂਰ, ਮੁਸੱਬਰ। ਅੰਦਾਜੇ=ਮਰਿਯਾਦਾ ਯੁਕਤ। ਗਾਜੇ=ਵਜਦੇ ਹਨ।)

**ਅਰਥ**-੧.ਕਾਲਾ, ਚਿੱਟਾ, ਲਾਲ, ਨੀਲਾ, ਪੀਲਾ, ਹਰਿਆ (ਆਦਿਕ ਰੰਗ) ਬਨਾਏ। ੨.ਮਿੱਠੇ, ਖੱਟੇ, 'ਰਸ' ਅਚਰਜ ਸੁਅਦਾਂ ਵਾਲੇ ਕੀਤੇ, ਪਰੰਤੂ ਜੀਭ ਥੋਂ ('ਖਾਜ ਅਖਾਜ') ਖਾਣ ਨਾ ਖਾਣ ਵਾਲੇ ਜਾਣੇ ਜਾਂਦੇ ਹਨ। ੩.ਮਿੱਠਾ, ਕੌੜਾ, ਖਟਾ, ਤੁਰਸ਼, (ਅਰਥਾਤ 'ਖਟ ਮਿੱਠਾ') ਫਿੱਕਾ ਅਤੇ ਸਲੂਣਾ ਸਵਾਦ (ਜੀਭ ਥਾਣੀ) ਜਾਪੀਦਾ ਹੈ। ੪.(ਕਈ) ਗੰਧੀਆਂ ਸੁਗੰਧੀਆਂ ਦੇ ਮਿਲਾਪ ਕਰਕੇ ਚੋਆ ਚੰਦਨ ਅਰ ਕੇਸਰ ਕੀਤੇ (ਅਥਵਾ ਕੰਮ ਲਾਇਕ ਬਣਾਏ)। ੫.ਮੁਸ਼ਕ ਬਿਲਾਈ, ਕਸਤੂਰੀ, ਪਾਨ, ਫੁਲ, ਅੰਬਚੂਰ, ਕਪੂਰ ਦੇ (ਅੰਦਾਜ਼ੇ) ਵਜ਼ਨ ਕੀਤੇ। ੬.ਰਾਗ ਨਾਦਾਂ ਦੇ (ਸੰਬਾਦ) ਫੈਲਾਉ ਅਰ ਚਓਦਾਂ ਵਿਦਯਾ ਅਰ (ਅਨਹਦ ਗਾਜੇ) ਅਨਾਹਦ ਵਾਜੇ (ਵਜਾਏ)। ੭.ਲਖਾਂ ਦਰੀਆਉ (ਸਮੁੰਦਰ) ਰਚਕੇ ਜਹਾਜ਼ ਰਚੇ (ਕਿ ਇਨ੍ਹਾਂ ਦੁਆਰੇ ਲੋਕ ਆਪਣੇ ਨਿਰਬਾਹ ਕੀਤਾ ਕਰਨ)।

## ੫. (ਰਚਨਾਂ ਵਿਚ ਮਨੁਖ ਦੇਹ ਪਾਰ ਉਤਾਰਾ ਹੈ)।

੧. ਸਤ ਸਮੁੰਦ ਅਥਾਹ ਕਰਿ ਸਤਨ ਪਦਾਰਥ ਭਰੇ ਭੰਡਾਰਾ।
੨. ਮਹੀਅਨ ਖੇਤੀ ਅਉਖਧੀ ਛਾਦਨ ਭੋਜਨ ਬਹੁ ਬਿਸਥਾਰਾ।
੩. ਤਰੁਵਰ ਛਾਇਆ ਫੁਲ ਫਲ ਸਾਖਾ ਪਤ ਮੂਲ ਬਹੁ ਭਾਰਾ।
੪. ਪਰਬਤ ਅੰਦਰਿ ਅਸ਼ਟਧਾਤੁ ਲਾਲੁ ਜਵਾਹਰੁ ਪਾਰਸੁ ਪਾਰਾ।
੫. ਚਉਰਾਸੀ ਲਖ ਜੋਨਿ ਵਿਚਿ ਮਿਲਮਿਲ ਵਿਛੜੇ ਵਡ ਪਰਵਾਰਾ।
੬. ਜੰਮਣੁ ਜੀਵਣੁ ਮਰਣ ਵਿਚਿ ਭਵਜਲ ਪੂਰ ਭਰਾਇ ਹਜਾਰਾ।
੭. ਮਾਣਸ ਦੇਹੀ ਪਾਰਿ ਉਤਾਰਾ ॥੫ ॥

**ਪਦਾਰਥ**-(ਅਥਾਹ=ਡੂੰਘੇ। ਮਹੀ=ਧਰਤੀ। ਅਲ=ਪੂਰਣ। ਛਾਦਨ=ਕਪੜੇ।)

**ਅਰਥ**-੧.ਸਤ ਸਮੁੰਦ੍ਰ ਅਥਾਹ (ਜਿਨ੍ਹਾਂ ਦਾ ਥਾਹ ਨਹੀਂ ਆਵੇ), (ਈਸ਼੍ਵਰ ਨੇ) ਰਚਕੇ ਰਤਨਾਂ ਦੇ ਭੰਡਾਰ ਭਰ ਦਿਤੇ। ੨.ਧਰਤੀ ਰਚਕੇ ਖੇਤੀ ਅਰ ਅਉਧੀਆਂ ਨਾਲ (ਅਲ) ਪੂਰਣ ਕਰ ਦਿਤੀ, (ਉਨ੍ਹਾਂ ਥੋਂ) ਕਪੜੇ ਆਦਿਕ ਭੋਜਨਾਂ ਦੇ ਵੱਡੇ ਵਿਸਥਾਰ ਨਿਕਲਦੇ ਹਨ। ੩.ਬ੍ਰਿੱਛਾਂ ਤੋਂ ਛਾਯਾ ਆਦਿ ਫੁਲ ਫਲ ਟਾਹਣੀਆਂ ਪੱਤ੍ਰਾਂ ਦੇ ਵੱਡੇ ਭਾਰ ਲੱਗੇ ਹਨ। ੪.ਪਰਬਤਾਂ ਵਿਖੇ (ਲੋਹਾ ਆਦਿਕ) ਅਸ਼ਟ

ਧਾਤਾਂ (ਰਚੀਆਂ) ਲਾਲ ਜਵਾਹਰ ਅਰ ਪਾਰਸ 'ਪਾਰਾ' (ਟੁਕੜੇ ਜਾਂ ਗੀਟੀਆਂ) ਰਚੀਆਂ, (ਜਾਂ ਪਾਰਸੁ ਰੂਪ ਪਾਰਾ ਜੋ ਦੁਖ ਦੂਰ ਕਰਦਾ ਹੈ।) ੫.ਚਉਰਾਸੀ ਲਖ ਜੋਨੀਆਂ ਰਚੀਆਂ (ਉਨ੍ਹਾਂ) ਵਿਖੇ ਮਿਲ ਮਿਲ ਕੇ ਵਡੇ ਪਰਵਾਰ ਵਿਛੁੜ ਜਾਂਦੇ ਹਨ (ਜਿੱਕੁਰ ਜਲ ਦੇ ਵੇਗ ਨਾਲ ਦਰੀਆਉ ਵਿਖੇ ਘਾਹ ਦੇ ਬੂਟੇ ਕੱਠੇ ਹੋਕੇ ਹੋਰ ਤੀਬਰ ਪਰਵਾਹ ਨਾਲ ਨਿੱਖੜ ਜਾਂਦੇ ਹਨ, ਤਿਹਾ ਹੀ ਪਰਾਰਬਧ ਦੇ ਵੇਗ ਨਾਲ ਸੰਸਾਰ ਸਮੁੰਦਰ ਵਿਖੇ ਜੀਵ ਮਿਲਦੇ ਅਰ ਵਿਛੁੜਦੇ ਹਨ)। ੬.ਜੰਮਣ, ਜੀਵਣ ਅਰ ਮਰਣ ਵਿਖੇ ਸੰਸਾਰ ਵਿਚ ਹਜ਼ਾਰਾਂ ਹੀ ਪੂਰ ਭਰੀਦੇ ਹਨ. (ਭਾਵ ਹਜ਼ਾਰਾਂ ਹੀ ਜੰਮਦੇ, ਜੀਵਦੇ ਅਰ ਮਰਦੇ ਰਹਿੰਦੇ ਹਨ)। ੭.ਮਾਣਸ ਦੇਹੀ ਵਿਖੇ (ਚੌਰਾਸੀ ਲਖ ਜੂਨਾਂ ਥੋਂ) ਪਾਰ ਉਤਾਰਾ ਹੁੰਦਾ ਹੈ।

**ਭਾਵ**-ਇਸ ਦੇਹੀ ਵਿਖੇ ਗਿਆਨ ਦੀ ਵਿਸ਼ੇਖਤਾ ਹੈ, ਇਤਰ ਜੂਨਾਂ ਵਿਖੇ ਇਹ ਗੱਲ ਨਹੀਂ ਹੈ ਇਸ ਲਈ ਜੋ ਗੁਰੂ ਨਾਲ ਮਿਲਕੇ ਸਰੂਪ ਦੀ ਲੱਖਤਾ ਕਰੇ ਉਹ ਤਰ ਜਾਂਦਾ ਹੈ, ਨਹੀਂ ਤਾਂ ਹਰਟ ਦੀਆਂ ਟਿੰਡਾਂ ਵਾਂਗੂੰ ਹੇਠ ਉਤੇ ਹੋਈ ਚਲਾ ਜਾਂਦਾ ਹੈ ਤੇ ਛੁਟਕਾਰੇ ਦਾ ਸਮਾਂ ਕਦੀ ਨਹੀਂ ਆਉਂਦਾ। ਹੋਰ ਜੂਨਾਂ ਵਿਚ ਮਨ ਤੱਨ ਤਾਂ ਇੰਜੇ ਹੁੰਦੇ ਹਨ ਪਰ ਬੁੱਧੀ ਨਹੀਂ ਹੁੰਦੀ, ਤੇ ਬੁੱਧੀ ਹੀ ਹੈ ਜੋ "ਕਿਉਂ" ਨੂੰ ਸਮਝਦੀ ਤੇ ਖੋਜ ਕਰਦੀ ਹੈ, ਇਹੋ ਹੀ ਰਚਨਾਂ ਵਿਚੋਂ ਵਿਤ੍ਰੇਕ ਕਰਦੀ ਰਸ ਦੇ ਦਰਵਾਜ਼ੇ ਤੱਕ ਲੈ ਜਾਂਦੀ ਹੈ, ਜਿਥੋਂ ਰਸ ਆਪਣੇ ਵਿਚ ਖਿੱਚਕੇ ਸਾਈਂ ਵਿਚ ਲੈ ਜਾਂਦਾ ਹੈ ਤੇ ਪਾਰ ਉਤਾਰਾ ਹੋ ਜਾਂਦਾ ਹੈ।

## ੬, (ਮਾਣਸ ਜਨਮ ਤੇ ਭੁੱਲ)।

੧. ਮਾਣਸ ਜਨਮ ਦੁਲੰਭੁ ਹੈ ਛਿਣ ਭੰਗੁਰੁ ਛਲ ਦੇਹੀ ਛਾਰਾ।
੨. ਪਾਣੀ ਦਾ ਕਰਿ ਪੁਤਰਾ ਉਡੈ ਨ ਪਉਣੁ ਖੁਲੇ ਨਉ ਦੁਆਰਾ।
੩. ਅਗਨਿ ਕੁੰਡ ਵਿਚਿ ਰਖਿਅਨਿ ਨਰਕ ਘੋਰ ਮਹਿ ਉਦਰੁ ਮਝਾਰਾ।
੪. ਕਰੈ ਉਰਧ ਤਪੁ ਗਰਭ ਵਿਚਿ ਚਸਾ ਨ ਵਿਸਰੈ ਸਿਰਰਣਹਾਰਾ।
੫. ਦਸੀ ਮਹੀਨੀ ਜੰਮਿਆਂ ਸਿਮਰਣ ਕਰੀ ਕਰੈ ਨਿਸਤਾਰਾ।
੬. ਜੰਮਦੋਂ ਮਾਇਆ ਮੋਹਿਆ ਨਦਰਿ ਨ ਆਵੈ ਰਖਣ ਹਾਰਾ।
੭. ਸਾਹੌਂ ਵਿਛੁੜਿਆ ਵਣਜਾਰਾ ॥੬॥

**ਪਦਾਰਥ**-(ਛਾਰਾ=ਸੁਆਹ। ਨਿਸਤਾਰਾ=(ਉਦਰੋਂ) ਖਲਾਸੀ। (ਸਾਹੌਂ=ਸ਼ਾਹ ਥੋਂ । ਵਣਜਾਰਾ=ਜੀਵ।)

**ਅਰਥ**-੧.ਮਨੁਖ ਜਨਮ ਦੁਰਲੱਭ (ਪਦਾਰਥ) ਹੈ, (ਪਰ) ਖਿਣ ਭੰਗੁਰ ਅਤੇ ਛਲ ਰੂਪ ਮਿੱਟੀ ਦੀ ਦੇਹ ਹੈ। ੨.(ਪਿਤਾ ਦੇ ਬੀਰਜ ਅਰ ਮਾਤਾ ਦੇ ਰਕਤ ਰੂਪ) ਪਾਣੀ ਦਾ ਪੁਤਲਾ ਹੈ, ਨੌਂ ਗੋਲਕਾਂ ਦੇ ਦਰਵਾਜ਼ੇ ਖੁੱਲ੍ਹੇ ਹਨ (ਪਰ) ਸੁਾਸਾਂ ਦੀ ਪੌਣ ਉਡਦੀ ਨਹੀਂ (ਈਸ਼ੂਰ ਦੀ ਸ਼ਕਤੀ ਨਾਲ ਟਿਕੀ ਰਹਿੰਦੀ ਹੈ)। ੩.(ਮਾਤਾ ਦੇ) ਉਦਰ ਘੋਰ ਨਰਕ ਦੇ ਅਗਨੀ ਕੁੰਡ ਵਿਖੇ (ਰੱਬ ਨੇ) ਰੱਛਾ ਕੀਤੀ ਹੈ। ੪.ਉਲਟਾ ਹੋਕੇ (ਬਾਲਕ) ਤਪ ਕਰਦਾ ਅਰ ਇਕ ਅੱਖ ਦੇ ਫੋਰ ਜਿੰਨਾ ਬੀ ਕਰਤਾਰ ਨੂੰ ਵਿਸਾਰਦਾ ਨਹੀਂ। ੫.ਦਸਾਂ ਮਹੀਨਿਆਂ ਪਿਛੋਂ ਜੰਮਿਆਂ ਈਸ਼ੂਰ ਨੇ (ਉਦਰੋਂ) ਖਲਾਸੀ ਦਿੱਤੀ ਸਿਮਰਣ ਕਰਦੇ ਨੂੰ। ੬.ਜੰਮਦੇ ਸਾਰ ਹੀ ਮਾਯਾ ਨੇ ਅਜਿਹਾ ਮੋਹਿਤ ਕੀਤਾ (ਮਾਤਾ ਦੇ ਪੇਟ ਵਿਖੇ) ਰੱਖਣਹਾਰਾ ਵਾਹਿਗੁਰੂ (ਹੁਣ) ਨਜ਼ਰ ਹੀ ਨਹੀਂ ਆਉਂਦਾ। ੭.(ਅਕਾਲ ਪੁਰਖ ਆਪਣੇ) ਸ਼ਾਹ ਥੋਂ ਵਣਜਾਰਾ (ਜੀਵ) ਵਿਛੁੜ ਗਿਆ।


www.sikhbookclub.com

## ੭. (ਮਾਣਸ ਜਨਮ-ਮਾਯਾ ਜਾਲ)।

੧. ਰੋਵੈ ਰਤਨੁ ਗਵਾਇਕੈ ਮਾਇਆ ਮੋਹੁ ਅਨ੍ਹੇਰੁ ਗੁਬਾਰਾ।
੨. ਓਹੁ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ।
੩. ਸਭਨਾ ਮਨਿ ਵਾਧਾਈਆਂ ਰੁਣ ਝੁੰਝਨੜਾ ਰੁਣ ਝੁਣਕਾਰਾ।
੪. ਨਾਨਕੁ ਦਾਦਕੁ ਸੋਹਲੇ ਦੇਨ ਅਸੀਸਾਂ ਬਾਲ ਪਿਆਰਾ।
੫. ਚੁਖਹੁੰ ਬਿੰਦਕ ਬਿੰਦੁ ਕਰਿ ਬਿਦਹੁੰ ਕੀਤਾ ਪਰਬਤ ਭਾਰਾ।
੬. ਸਤਿ ਸੰਤੋਖ ਦਇਆ ਧਰਮੁ ਅਰਥੁ ਸੁਗਰਥ ਵਿਸਾਰ ਵਿਸਾਰਾ।
੭. ਕਾਮ ਕਰੋਧੁ ਵਿਰੋਧੁ ਵਿਚਿ ਲੋਭੁ ਮੋਹੁ ਧ੍ਰੋਹ ਅਹੰਕਾਰਾ।
੮. ਮਹਾਂ ਜਾਲ ਫਾਥਾ ਵੇਚਾਰਾ॥੭॥

**ਪਦਾਰਥ**-(ਰੁਣ ਝੁੰਝਨੜਾ=ਮੰਗਲਾਚਾਰ। ਰੁਣ ਝੁਣਕਾਰਾ=ਢੋਲ ਢਮੱਕਾ।
(ਚੁਖਹੁੰ ਬਿੰਦਕ=ਰਤੀ ਕੁ ਬੀਰਜ ਬੂੰਦ ਥੋਂ। ਬਿੰਦੁ=ਬੁਦਬੁਦਾ।
(ਪਰਬਤ=ਸਰੀਰ। ਸੁਗਰਥ=ਸ੍ਰੇਸ਼ਟ। ਮਹਾਂ ਜਾਲ=ਵਡਾ ਜਾਲ।)

**ਅਰਥ**-੧.ਮਾਇਆ ਦੇ ਮੋਹ ਰੂਪੀ ਭਾਰੀ ਹਨੇਰੇ ਵਿਖੇ (ਰੱਬ) ਰਤਨ ਨੂੰ ਗਵਾਕੇ (ਬਾਲਕ) ਰੋਂਦਾ ਹੈ (ਆਪਣੇ ਰੱਛਕ ਅਕਾਲ ਪੁਰਖ ਨੂੰ ਭੁਲਾਕੇ ਘਬਰਾ ਵਿਚ ਦੁਖੀ ਹੋ ਰਿਹਾ ਹੈ)। ੨.ਸਾਰਾ ਕੁਟੰਬ ਹਸ ਹਸਕੇ (ਗੀਤ) ਗਾਉਂਦਾ ਹੈ, (ਪਰ) ਉਹ ਬਾਲਕ ਆਪਣੇ ਇਸ ਦੁੱਖ ਨੂੰ ਰੋਂਦਾ ਹੈ। ੩.ਸਭਨਾਂ ਦੇ ਮਨ ਵਿਖੇ ਵਧਾਈਆਂ ਹਨ, ਆਨੰਦ ਮੰਗਲਾਚਾਰ ਅਰ ਰੁਣ ਝੁਣਕਾਰ ਹੁੰਦਾ ਹੈ (ਨਾਨਾ ਪ੍ਰਕਾਰਾਂ ਦੇ ਢੋਲ ਵੱਜਦੇ ਹਨ)। ੪.ਨਾਨਕੇ ਅਰ ਦਾਦਕੇ 'ਸੋਹਲੇ' (ਖੁਸ਼ੀਆਂ) ਕਰਕੇ ਬਾਲ ਨੂੰ ਅਸੀਸਾਂ ਅਤੇ ਸਿਰ ਤੇ ਪਿਆਰ ਦੇਂਦੇ ਹਨ। ੫.ਰਤਾ ਕੁ ਜਿੰਨੀ ਬੀਰਜ ਦੀ ਬੂੰਦ ਥੋਂ ('ਬਿੰਦ') ਬੁਦਬੁਦਾ ਬਨਾਇਆ ਅਰ ਬੁਦਬੁਦੇ ਤੋਂ ਭਾਰਾ ਪਰਬਤ ਕੀਤਾ (ਕਿ ਐਡੀ ਦੇਹਿ ਰਚ ਦਿੱਤੀ) । ੬.(ਪਰ ਜੀਵ ਨੇ) ਸਤਿ ਸੰਤੋਖ ਦਇਆ ਧਰਮ ਨੂੰ ਵਿਸਾਰ ਕੇ (ਅਰਥ ਸੁਗਰਥ') ਸ਼੍ਰੇਸ਼ਟ ਅਰਥ ਨੂੰ ਬੀ ਵਿਸਾਰ ਦਿਤਾ (ਕਿ ਜਨਮ ਦਾ ਕੀ ਪਰਮਾਰਥ ਸੀ ?) ੭.ਕਾਮ, ਕ੍ਰੋਧ, ਵਿਰੋਧ, ਲੋਭ, ਮੋਹ, ਅਰ ਧ੍ਰੋਹ ਵਿਖੇ ਲਗਕੇ ਅਹੰਕਾਰੀ ਹੋਯਾ। ੮.(ਮਾਯਾ ਦੇ) ਮਹਾਂ ਜਾਲ ਵਿਖੇ ਵਿਚਾਰਾ ਫਸ ਗਿਆ ਹੈ।

## ੮. (ਬਾਲਕ ਬੁੱਧਿ ਅਚੇਤ)।

੧. ਹੋਇ ਸੁਚੇਤ ਅਚੇਤ ਇਵ ਅਖੀਂ ਹੋਂਦੀ ਅੰਨਾ ਹੋਆ।
੨. ਵੈਰੀ ਮਿਤੁ ਨ ਜਾਣਦਾ ਡਾਇਣੁ ਮਾਉ ਸੁਭਾਉ ਸਮੋਆ।
੩. ਬੋਲਾ ਕੰਨੀ ਹੋਂਦਈ ਜਸੁ ਅਪਜਸੁ ਮੋਹੁ ਧੋਹੁ ਨ ਸੋਆ।
੪. ਗੁੰਗਾ ਜੀਭੈ ਹੁੰਦੀਐ ਦੁਧੁ ਵਿਚਿ ਵਿਸੁ ਘੋਲਿ ਮੁਹਿ ਚੋਆ।
੫. ਵਿਹੁ ਅੰਮ੍ਰਿਤ ਸਮਸਰ ਪੀਐ ਮਰਣ ਜੀਵਨ ਆਸ ਤ੍ਰਾਸ ਨ ਢੋਆ।
੬. ਸਰਪੁ ਅਗਨਿ ਵਲਿ ਹਥੁ ਪਾਇ ਕਰੈ ਮਨੋਰਥ ਪਕੜ ਖਲੋਆ।
੭. ਸਮਝੈ ਨਾਹੀ ਟਿਬਾ ਟੋਆ॥੮॥

**ਪਦਾਰਥ**-(ਡਾਇਣੁ ਮਾਉ=ਡਾਇਣ ਅਤੇ ਮਾਂ। ਸਮੋਆ=ਬਰਾਬਰ ਜਾਣਨਾ।
(ਸੋਆ=ਕਨਸੋ। ਢੋਆ=ਢੰਗ। ਮਨੋਰਥ=ਸੰਕਲਪ।)

**ਅਰਥ**-੧.ਸਮਝਦਾਰ ਹੋਕੇ 'ਅਚੇਤ' (ਭੋਲਾ ਭਾਲਾ ਅਰ) ਅੱਖਾਂ ਦੇ ਹੁੰਦਿਆਂ ਸੁੰਦਿਆਂ ਅੰਨ੍ਹਾਂ ਹੋ ਰਿਹਾ ਹੈ। ੨.ਵੈਰੀ ਤੇ ਮਿੱਤ੍ਰ ਦੀ ਕੁਝ ਸੂਝ ਨਹੀਂ ਰੱਖਦਾ, ਡਾਇਣ ਅਤੇ ਮਾਊਂ ਦਾ ਸੁਭਾਉ ਬਰਾਬਰ ਜਾਣਦਾ ਹੈ। ੩.ਕੰਨਾਂ ਦੇ ਹੁੰਦਿਆਂ ਬੋਲਾ, ਜਸ ਅਤੇ ਅਪਜਸ ਪ੍ਰੀਤ ਅਤੇ ਵੈਰ ਦੀ ਕਨਸੋ ਨਹੀਂ (ਪਰਖਦਾ)। ੪.ਜੀਭ ਦੇ ਹੁਦਿੰਆਂ ਗੁੰਗਾ (ਕਿਉਂ ਜੋ) ਦੁੱਧ ਵਿਖੇ ਵਿਹੁ ਘੋਲਕੇ ਮੂੰਹ ਵਿਚ (ਕੋਈ) ਚੋ ਦੇਵੇ (ਅੱਗੋਂ ਨਾਂਹ ਨਹੀਂ ਕਰਦਾ)। ੫.ਵਿਹੁ ਅਤੇ ਅੰਮ੍ਰਿਤ ਬਰਾਬਰ ਕਰਕੇ ਪੀ ਜਾਂਦਾ ਹੈ, ਜੀਵਣ ਦੀ ਆਸ ਅਤੇ ਮਰਣ ਤੋਂ ਤ੍ਰਾਸ ਦਾ (ਢੋਆ') ਢੰਗ ਨਹੀਂ ਹੈ। ੬.ਸਰਪ ਅਤੇ ਅਗਨੀ ਵਲ ਹੱਥ ਪਾਉਣ ਲਈ ਮਨੋਰਥ ਕਰਕੇ ਉਠ ਖੜੋਂਦਾ ਹੈ। ੭.ਟਿੱਬਾ ਟੋਆ ਨਹੀਂ ਸਮਝਦਾ।

**ਭਾਵ**-ਬਾਲਕ ਅਵਸਥਾ ਦੇ ਦੁੱਖ ਕਥਨ ਕੀਤੇ ਹਨ।

## ੯. (ਬਾਲਕ ਵਿਚਾਰ ਹੀਨਤਾ)।

੧. ਲੂਲਾ ਪੈਰੀ ਹੋਦਈ ਟੰਗਾਂ ਮਾਰਿ ਨ ਉਠਿ ਖਲੋਆ।
੨. ਹਥੋਂ ਹਥੁ ਨਚਾਈਐ ਆਸਾ ਬੰਧੀ ਹਾਰੁ ਪਰੋਆ।
੩. ਉਦਮ ਉਕਤਿ ਨ ਆਵਈ ਦੇਹਿ ਬਿਦੇਹਿ ਨ ਨਵਾਂ ਨਿਰੋਆ।
੪. ਹਗਣ ਮੂਤਣ ਛਡਣਾ ਰੋਗੁ ਸੋਗੁ ਵਿਚਿ ਦੁਖੀਆ ਰੋਆ।
੫. ਘੁਟੀ ਪੀਐ ਨ ਖੁਸੀ ਹੋਇ ਸਪਹੁਂ ਰਖਿਅੜਾ ਅਣਖੋਆ।
੬. ਗੁਣੁ ਅਵਗੁਣ ਨ ਵਿਚਾਰਦਾ ਨ ਉਪਕਾਰੁ ਵਿਕਾਰੁ ਅਲੋਆ।
੭. ਸਮਸਰ ਤਿਸੁ ਹਥੀਆਰ ਸੰਜੋਆ॥੯॥

**ਪਦਾਰਥ**-(ਆਸਾ ਬੰਧੀ=ਆਸਾ ਬੰਨ੍ਹਦੇ ਹਨ। ਉਕਤਿ=ਬੁੱਧੀ, ਯੁਕਤੀ। ਅਣਖੋਆ=ਅਣਖ। ਅਲੋਆ=ਦੇਖਣਾ।)

**ਅਰਥ**-੧.ਪੈਰਾਂ ਦੇ ਹੁੰਦਿਆਂ ਲੂਲ੍ਹਿਆਂ ਵਾਂਗੂੰ ਟੰਗਾਂ ਮਾਰਦਾ ਹੈ, ਉਠ ਨਹੀਂ ਖਲੋਂਦਾ। ੨.(ਮਾਂ, ਭੈਣ) ਹਥੋਂ ਹੱਥ ਨਚਾਉਂਦੀਆਂ ਹਨ, ਆਸਾਂ ਦੀਆਂ ਬੱਧੀਆਂ ਹਾਰ ਵਾਂਗੂੰ (ਬਾਲ ਨੂੰ ਗਲ ਨਾਲ) ਪਰੋ ਰਖਦੀਆਂ ਹਨ (ਜਥਾ:-**'ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉਂ ਜਸੁਧਾ ਘਰਿ ਕਾਨੁ'**) (ਸਿਰੀ:ਮ:੧-੧) ੩.ਉੱਦਮ ਤੇ ਬੁੱਧੀ (ਬਾਲਕ ਨੂੰ) ਨਹੀਂ ਹੁੰਦੀ, ਦੇਹੋਂ ਬਿਦੇਹ ਹੋਕੇ ਨਵਾਂ ਨਰੋਆ ਨਹੀਂ ਰਹਿੰਦਾ। ੪.ਹੱਗਣਾ, ਮੂਤਣਾਦਿ ਕ੍ਰਿਆ ਵਿਖੇ ਅਰ ਰੋਗ ਸੋਗ ਵਿਖੇ ਦੁਖੀ ਹੋਕੇ ਰੋਂਦਾ ਹੈ। ੫.(ਮਾਂ) ਜੰਮਣ ਘੁੱਟੀ (ਦਿੰਦੀ ਹੈ) ਰਾਜ਼ੀ ਹੋ ਕੇ ਪੀਂਦਾ ਨਹੀਂ, ਸੱਪ ਤੋਂ (ਜਦ) ਰਖੇ ਤਦ ('ਅਣਖੋਆ') ਅਣਖ ਨਾਲ ਗੁੱਸੇ ਹੋ ਜਾਂਦਾ ਹੈ। ੬.(ਕਿਉਂ ਜੋ) ਗੁਣ ਆਵਗੁਣ ਦਾ ਵਿਚਾਰ ਨਹੀਂ ਹੁੰਦਾ, ਉਪਕਾਰ ਅਤੇ 'ਵਿਕਾਰ' (ਭਲਾ ਤੇ ਬੁਰਾ ਕੰਮ) ਨਹੀਂ ਦੇਖਦਾ, (ਭਈ ਭਲੇ ਕਰਦੇ ਨੂੰ ਮੈਂ ਕਿਉਂ ਬੁਰਾ ਮੰਨਾਂ)। ੭.ਹਥੀਆਰ ਅਤੇ ਸੰਜੋਅ (ਉਸ ਨੂੰ) ਇਕੋ ਜਿਹੀ ਹੈ (ਭਾਵ ਨਾਸ਼ਕ ਤੇ ਰੱਖਯਕ ਇਕ ਸਮ ਹਨ)।

**ਭਾਵ**-ਬਾਲ ਅਵਸਥਾ ਦੇ ਦੁਖਾਂ ਤੇ ਮੂਰਖਤਾ ਦਾ ਹਾਲ ਦੱਸ ਰਹੇ ਹਨ।

## ੧੦. (ਮਾਤਾ ਉਪਕਾਰ)।

੧. ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ।
੨. ਰਸ ਕਸ ਖਾਇ ਨ ਲਜ ਹੋਇ ਛੁਹ ਛੁਹ ਧਰਣਿ ਧਰੈ ਪਗ ਧਾਰੇ।
੩. ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ।

੪. ਜਣਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।
੫. ਗੁੜ੍ਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ।
੬. ਛਾਦਨੁ ਭੋਜਨੁ ਪੋਖਿਆ ਝੰਡਨ* ਮੰਗਨ ਪੜ੍ਹਨ ਚਿਤਾਰੇ।
੭. ਪਾਂਧੇ ਪਾਸ ਬਹਾਲਿਆ ਖਟਿ ਲੁਟਾਇ ਹੋਇ ਸੁਚਿਆਰੇ।
੮. ਅਰਿਣਤ ਹੋਏ ਭਾਰੁ ਉਤਾਰੇ॥੧੦॥

**ਪਦਾਰਥ**-(ਨਿੰਮਿਆ=ਟਿਕਣਾ। ਛੁਹ ਛੁਹ=ਹੌਲੀ ਹੌਲੀ। ਗੁੜ੍ਤੀ=ਗੋਲੀ, ਸ਼ਹਤ। (ਘੁਟੀ=ਸਿੱਪੀ ਨਾਲ ਦਾਰੂ ਦੇਣਾ। ਵਟੀ=ਰੂੰਦਾ ਬੁੜਾ ਚੌਣਾ, ਕਬਜ਼ ਵੇਲੇ (ਸਾਬਣ ਆਦਿ ਦੀ ਵੱਟੀ ਦੇਣੀ। ਖਟਿ=ਧਨ। ਸੁਚਿਆਰੇ=ਸੱਚੇ ਹੋਏ। (ਅਰਿਣਿਤ=ਸੁਰਖਰੂ।

**ਅਰਥ**-੧.ਆਸਾਂ ਵਾਲੀ ਮਾਤਾ ਦੇ ਉਦਰ ਵਿਖੇ ਪਿਤਾ ਦੇ ਮਿਲਾਪ ਨਾਲ ਨਿੰਮਿਆ (ਬੀਰਜ ਤੇ ਰਕਤ ਦਾ ਟਿਕਾਉ ਹੋਇਆ)। ੨.ਖੱਟਾ ਮਿੱਠਾ (ਮਾਂ) ਨਹੀਂ ਖਾਂਦੀ (ਕਿਉਂ ਜੋ 'ਲੱਜ') ਸ਼ੰਕਾ ਹੁੰਦੀ ਹੈ (ਕਿ ਬੱਚੇ ਨੂੰ ਦੁਖ ਨਾਂ ਪਹੁੰਚੇ) ਹੌਲੀ ਹੌਲੀ ਧਰਤੀ ਪੁਰ ਪੈਰ ਟਿਕਾਉਂਕੇ ਰੱਖਦੀ ਹੈ, (ਕਿ ਗਰਭ ਨਾਂ ਛਣ ਜਾਵੇ)। ੩.ਦਸ ਮਹੀਨੇ ਉਦਰ ਵਿਖੇ ਰੱਖਕੇ ਪੀੜਾ ਸਹਾਰਕੇ ਪਿਆਰੇ ਪੁੱਤਰ ਨੂੰ ਜਣਦੀ ਹੈ। ੪.ਜਣਕੇ ਬੀ ਵੱਡੇ ਦੁਖ ਨਾਲ ਪਾਲਦੀ ਹੈ, ਪਰ ਖਾਨ ਪਾਨ ਵਿਖੇ ਸਾਰੇ ਪ੍ਰਹੇਜ਼ ਰਖਦੀ ਹੈ (ਕਿ ਦੁੱਧ ਵਿਚ ਵਿਗਾੜ ਨਾ ਪੈ ਜਾਵੇ)। ੫.ਗੁੜ੍ਤੀ ਦੇਂਦੀ ਦੁੱਧ ਪਿਆਉਂਦੀ ਹੈ, ਜੰਮਣ ਘੁੱਟੀ (ਸਿੱਪੀ ਨਾਲ) ਕਦੀ ਵੱਟੀ ਦੇਂਦੀ ਹੈ ਲੋੜ ਮੂਜਬ। ੬.(ਦਰਿਆਈ ਦੇ) ਕੱਪੜੇ ਅਰ ਚੰਗੇ ਭੋਜਨਾਂ ਨਾਲ ਪਾਲਦੀ ਹੈ, ਝੰਡ, ਪੜਨਾਂ, ਮੰਗੇਵਾ ਚਿਤਾਰਦੀ ਹੈ, (ਅਥਵਾ ਢੰਗਾਂ ਵਿਚ ਦਾਨ ਦੇਂਦੀ ਹੈ।) ੭.ਪਾਂਧੇ ਪਾਸ ਬ੍ਰਿਠਾ ਖਟ (ਧਨ) ਲੁਟਾਕੇ ਸਚੇ ਹੋਏ (ਕੀ ਸਚੇ ਹੋਏ? ਹੇਠ ਅੱਠਵੀਂ ਤੁਕ ਵਿਖੇ ਦੱਸਦੇ ਹਨ)। ੮.ਕਰਜ਼ ਦਾ ਭਾਰ ਲਾਹ ਕੇ ਸੁਰਖਰੂ ਹੋਏ, (ਕਿਉਂਕਿ ਲੋਕ ਤਿੰਨ ਭਾਰ ਪੁੱਤ ਦੇ ਆਪਣੇ ਸਿਰ ਸਮਝਦੇ ਹਨ, ਧਰਮ ਸੰਸਕਾਰ, ਵਿਦਯਾ ਤੇ ਵਿਆਹ, ਧਰਮ ਤੇ ਪਾਂਧੇ ਦਾ ਜ਼ਿਕਰ ਆ ਗਿਆ ਹੈ, ਵਿਆਹ ਦਾ ਅੱਗੇ ਆਵੇਗਾ)।

**ਭਾਵ**-ਇਥੇ ਭਾਈ ਸਾਹਿਬ ਜੀ ਧਰਮ ਸ਼ਾਸਤ੍ਰ ਨਹੀਂ ਲਿਖ ਰਹੇ, ਕੇਵਲ ਮਨੁਖ ਦੇ ਜਨਮ ਦਾ ਸਾਧਾਰਣ ਵਰਣਨ ਕਰ ਰਹੇ ਹਨ, ਜਿਸ ਤੋਂ ਆਮ ਅਰਥ ਸਮਝਣੇ ਚਾਹੀਏ ਕਿ ਮਾਂ ਬੜੇ ਦੁੱਖਾਂ ਨਾਲ ਗਰਭ ਦੇ ਦਿਨ ਕੱਟਦੀ, ਫੇਰ ਪਾਲਦੀ, ਫੇਰ ਉਸ ਦੇ ਧਰਮ ਸੰਸਕਾਰ ਕਰਦੀ ਹੈ ਤੋ ਪੁੱਤ ਅਗੋਂ ਕੀ ਫਲ ਦੇਂਦੇ ਹਨ? ਜੇ ਹਿੰਦੂ ਮਾਂ ਹੈ ਤਾਂ ਜੰਞੂ, ਪਾਂਧਾ, ਵਿਆਹ। ਜੇ ਮੁਸਲਮਾਨ ਹੈ ਤਾਂ ਸੁੰਨਤ, ਮੁੱਲਾਂ, ਅਕਦ। ਜੇ ਸਿਖ ਹੈ ਤਾਂ ਜਨਮ ਸੰਸਕਾਰ, ਵਿਦਯਾ, ਸਦਾਚਾਰ, ਅੰਮ੍ਰਿਤ ਤੇ ਵਿਆਹ ਦੇ ਦਾਉ ਤੇ ਪਰਬੰਧ ਕਰੇਗੀ। ਇਸ ਤਰ੍ਹਾਂ ਹੋਰ।

## ੧੧. ( ਮਾਤਾ ਉਪਕਾਰ, ਪੁੱਤ੍ਰ ਅਪਕਾਰ)।

੧. ਮਾਤਾ ਪਿਤਾ ਅਨੰਦ ਵਿਚਿ ਪੁਤੈ ਦੀ ਕੁੜਮਾਈ ਹੋਈ।
੨. ਰਹਸੀ ਅੰਗ ਨ ਮਾਵਈ ਗਾਵੈ ਸੋਹਿਲੜੇ ਸੁਖ ਹੋਈ।
੩. ਵਿਗਸੀ ਪੁਤ੍ਰ ਵਿਆਹਿਐ ਘੋੜੀ ਲਾਵਾਂ ਗਾਵ ਭਲੋਈ।
੪. ਸੁਖਾਂ ਸੁਖੈ ਮਾਵੜੀ ਪੁਤੁ ਨੂੰਹ ਦਾ ਮੇਲ ਅਲੋਈ।
੫. ਨੁਹੁ ਨਿਤ ਕੰਤ ਕੁਮੰਤ ਦੇਇ ਵਿਹਰੇ ਹੋਵਨਿ ਸਸੁ ਵਿਗੋਈ।

*ਪਾਠਾਂਤ੍ਰ-ਭੰਦਨ ਬੀ ਹੈ।

੬. ਲਖ ਉਪਕਾਰੁ ਵਿਸਾਰਿਕੈ ਪੁਤ ਕੁਪੁਤੁ ਚਕੀ ਉਠਿ ਝੋਈ।
੭. ਹੋਵੈ ਸਰਵਣ ਵਿਰਲਾ ਕੋਈ॥੧੧॥

**ਪਦਾਰਥ**-(ਰਹਸੀ=ਖੁਸ਼ੀ ਵਿਚ। ਵਿਗਸੀ=ਖਿੜੀ। ਮਾਵੜੀ=ਮਾਂ। ਅਲੋਈ=ਦੇਖਦੇ।
(ਵਿਹਰੇ=ਸਾਹਮਣੇ ਹੋਣਾ। ਸੱਸ ਵਿਗੋਈ=ਸੱਸ ਦੁਖੀ ਹੋਵੇ।
(ਚਕੀ ਉਠ ਝੋਈ=ਭਾਵ ਮੇਹਣੇ ਮਾਰ ਲੜਨਾ। )

**ਅਰਥ**-੧.ਮਾਂ ਅਤੇ ਪਿਉ ਵਡੇ ਆਨੰਦ ਵਿਖੇ (ਫਿਰਦੇ ਹਨ ਕਿ ਸਾਡੇ) ਪੁੱਤ੍ਰ ਦੀ ਮੰਗਣੀ ਹੋ ਗਈ ਹੈ ! ੨.ਖੁਸ਼ੀ ਨਾਲ ਸਰੀਰ ਵਿਚ (ਮਾਂ) ਨਹੀਂ ਸਮਾਉਂਦੀ ਗੀਤ ਗਾਉਂਦੀ ਤੇ ਸੁਖੀ ਹੁੰਦੀ ਹੈ। ੩.(ਜਦ) ਪੁਤ੍ਰ ਦਾ ਵਿਆਹ ਹੁੰਦਾ ਹੈ ਤਦ (ਮਾਂ ਪ੍ਰਸੰਨ ਹੋਕੇ) ਘੋੜੀਆਂ ਤੇ ਲਾਵਾਂ ਭਲੀ ਪ੍ਰਕਾਰ ਗਾਉਂਦੀ ਹੈ। ੪.ਮਾਂ (ਆਪਣੇ) ਪੁਤ੍ਰ ਅਤੇ ਨੂੰਹ ਦਾ 'ਮੇਲ' (ਜੋੜਾ) ਵੇਖਕੇ ਸੁਖਣਾ ਸੁਖਦੀ ਹੈ (ਕਿ ਇਹ ਜੋੜੀ ਹਰੀ ਭਰੀ ਰਹੇ ਤੇ ਮੀਜਾ ਪੈ ਜਾਵੇ)। ੫.(ਪਰ) ਨੂੰਹ ਸਦੀਵ ਕਾਲ ਆਪਣੇ ਕੰਤ ਨੂੰ ਖੋਟੀ ਪੱਟੀ ਪੜ੍ਹਾਉਂਦੀ ਹੈ, (ਇਸ ਕਰਕੇ) ਦੋਵੇਂ ਵਿਹਰੇ (ਸਾਹਮਣੇ) ਹੋ ਪੈਂਦੇ ਹਨ, ਸੱਸ ਦੁਖੀ ਹੁੰਦੀ ਹੈ। ੬.(ਪਿਛੇ ਕਹੇ) ਲੱਖਾਂ ਉਪਕਾਰਾਂ ਨੂੰ ਭੁਲਾਕੇ ਕਪੁੱਤ੍ਰ ਪੁਤ੍ਰ ਨੇ (ਝਗੜੇ ਦੀ) ਚੱਕੀ ਝੋਈ ਹੈ। (ਭਾਵ ਮਾਂ ਨਾਲ ਝਗੜੇ ਛੇੜਦਾ ਹੈ)। ੭.ਕੋਈ ਵਿਰਲਾ ਪੁਤ੍ਰ ਸਰਵਣ ਹੁੰਦਾ ਹੈ।

**ਭਾਵ**-ਮਾਤਾ ਪਿਤਾ ਦੇ ਉਪਕਾਰਾਂ ਦੇ ਸਾਹਮਣੇ ਪੁਤ੍ਰ ਕਪੁੱਤ੍ਰਤਾ ਦਾ ਹਾਲ ਦੱਸਕੇ ਆਖਦੇ ਹਨ ਕਿ ਸਰਵਣ -ਆਗਿਆਕਾਰੀ-ਪੁੱਤ੍ਰ ਕੋਈ ਵਿਰਲਾ ਹੁੰਦਾ ਹੈ।

## ੧੨. (ਮਾਪਿਆਂ ਦਾ ਉਪਕਾਰ ਵਿਸਾਰਨਾ ਪਾਪ ਹੈ)।

੧. ਕਾਮਣਿ ਕਾਮਣਿਆਰੀਐ ਕੀਤੇ ਕਾਮਣ ਕੰਤ ਪਿਆਰੇ।
੨. ਜੰਮੇ ਸਾਈਂ ਵਿਸਾਰਿਆ ਵੀਵਾਹਿਆਂ ਮਾਂ ਪਿਉ ਵਿਸਾਰੇ।
੩. ਸੁਖਾਂ ਸੁਖਿ ਵਿਵਾਹਿਆ ਸਉਣੁ ਸੰਜੋਗੁ ਵਿਚਾਰਿ ਵਿਚਾਰੇ।
੪. ਪੁਤ ਨੂੰਹੈਂ ਦਾ ਮੇਲੁ ਵੇਖਿ ਅੰਗ ਨ ਮਾਵਨਿ ਮਾਂ ਪਿਉ ਵਾਰੇ।
੫. ਨੂੰਹੁ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ।
੬. ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ।
੭. ਲੋਕਾਚਾਰਿ ਹੁਇ ਵਡੇ ਕੁਚਾਰੇ॥੧੨॥

**ਪਦਾਰਥ**-(ਕਾਮਨਿ=ਤੀਵੀਂ। ਕਾਮਣਿਆਰੀ=ਟੂਣੇ ਵਾਲੀ। ਕਾਮਣ=ਟੂਣਾ।
(ਸਾਈਂ=ਪਰਮੇਸਰ। ਸਉਣ=ਸ਼ਗਨ। ਲੋਕਾਚਾਰਿ=ਲੋਕਾਂ ਦੇ ਕੰਮ।)

**ਅਰਥ**-੧.ਟੂਣੇ ਵਾਲੀ ਤੀਵੀਂ ਨੇ (ਆਪਣੇ) ਪਿਆਰੇ ਕੰਤ ਨੂੰ ('ਕਾਮਣ') ਟੂਣਾ (ਐਸਾ) ਪਾ ਦਿਤਾ। ੨.ਕਿ ਜੰਮਿਆਂ ਸੀ ਤਾਂ ਰੱਬ ਨੂੰ ਭੁਲਾ ਦਿਤਾ ਸਾਸੁ, (ਹੁਣ ਜਦ) ਵਿਆਹ ਹੋਇਆ ਤਾਂ ਮਾਂ ਅਤੇ ਪਿਉ ਦੋਵੇਂ ਭੁਲਾ ਦਿਤੇ। ੩.ਚੰਗੇ ਸ਼ਗਨ ਅਰ ਨਿਛੱਤ੍ਰ ਦੇ ਸੰਜੋਗਾਂ ਦੇ ਵਿਚਾਰ ਵਿਚਾਰਕੇ ਕਈ ਸੁਖਣਾਂ (ਮੰਨਤਾਂ) ਸੁੱਖਕੇ (ਪੁਤ੍ਰ ਦਾ) ਵਿਆਹ ਕੀਤਾ ਸੀ। ੪.ਫੇਰ ਮਾਪੇ ਨੂੰਹ ਤੇ ਪੁਤ੍ਰ ਦਾ ਮੇਲ ਵੇਖਕੇ (ਆਪਣੇ) ਸਰੀਰ ਵਿਚ ਫੁਲੇ ਨਹੀਂ ਮੇਉਂਦੇ ਸਨ (ਕਿ ਹੁਣ ਸਾਨੂੰ ਪੁੱਤ੍ਰ ਖੱਟੀਆਂ ਖੱਟਕੇ ਖੁਆਊ)। ੫.(ਪਰ) ਨੂੰਹ (ਅਜਿਹੀ ਭਾਗਭਰੀ ਉਠੀ ਕਿ) ਨਿਤ ਕੰਤ ਨੂੰ ਖੋਟੀ ਪੱਟੀ ਪੜ੍ਹਾਉਂਦੀ ਹੈ ਕਿ ਇਹ ਮਾਪੇ ਤੇਰੇ ਵਡੇ ਹਤਿਆਰੇ ਹਨ (ਤੇਰੇ ਖ਼ੂਨ ਦੇ ਪਿਆਸੇ ਹਨ ਇਨ੍ਹਾਂ ਨੂੰ) (ਛੱਡ ਜੇ ਭਲਾ ਚਾਹੁੰਦਾ ਹੈ)। ੬.ਪੁੱਤ੍ਰ ਵਹੁਟੀ ਨੂੰ ਲੈਕੇ ਅੱਡ ਹੋ ਜਾਂਦਾ ਹੈ, ਮਾਪਿਆਂ ਦੇ (ਸਾਰੇ) ਉਪਕਾਰ ਵਿਸਾਰ ਦੇਂਦਾ ਹੈ। ੬.ਲੋਕਾਂ

ਦੇ ਕਰਤਬ ਬੜੇ ਕੁਚਾਰ (ਖੋਟੀ ਚਾਲ ਵਾਲੇ) ਹੋ ਗਏ ਹਨ।

**ਭਾਵ**-ਕਾਮਣਿ ਤੋਂ ਭਾਵ ਮਾਯਾ ਬੀ ਹੈ ਤੇ ਏਥੇ ਜੀਵ ਦੀ ਭੁੱਲ ਦੱਸਦੇ ਹਨ ਕਿ ਮਾਯਾ ਦਾ ਮਹਾਂ ਜਾਲ ਜਨਮ ਲੈਂਦੇ ਨੂੰ ਰੱਬ ਤੋਂ ਤੇ ਵਿਆ ਹੁੰਦੇ ਨੂੰ ਮਾਪਿਆਂ ਤੋਂ ਭੁਲਾ ਦੇਂਦਾ ਹੈ।

## ੧੩. (ਮਾਪਿਆਂ ਦੇ ਅਪਕਾਰੀ ਦੇ ਜਪ ਤਪ ਨਿਸ਼ਫਲ ਹਨ)।

੧. ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।
੨. ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।
੩. ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ।
੪. ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣ ਵਾਣੀ।
੫. ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।
੬. ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ।
੭. ਗੁਰੁ ਪਰਮੇਸਰੁ ਸਾਰੁ ਨ ਜਾਣੀ॥੧੩॥

**ਪਦਾਰਥ**-(ਪਰਹਰਿ=ਤਿਆਗਕੇ। ਦੇਵ ਨ ਸੇਵ ਕਮਾਣੀ=ਸੇਵਾ ਦੇਵਤੇ ਨਹੀਂ ਮੰਨਦੇ। (ਘੁੰਮਣ ਵਾਣੀ=ਘੁੰਮਣਘੇਰੇ ਦੇ ਗੋਤੇ ਖਾਣੇ, ਨਰਕਾਧਿਕਾਰੀ। )

**ਅਰਥ**-੧.ਮਾਪਿਆਂ ਨੂੰ ਤਿਆਗ ਕੇ ਧਰਮ ਪੁਸਤਕ ਸੁਣੇ (ਉਹ ਭੇਦ) ਨਹੀਂ ਜਾਣੇਗਾ, ਕਥਾ ਸੁਣੇ (ਤਾਂ ਉਹ) ਕਹਾਣੀ ਹੀ ਹੈ। ੨.ਮਾ ਪਿਉ ਨੂੰ ਤਿਆਗਕੇ ਬਣਾਂ ਵਿਖੇ ਜਾਕੇ ਜੋ ਤਪ ਕਰਦਾ ਹੈ, ਉਹ ਬੀਆਬਾਨਾ ਵਿਖੇ ਭੁੱਲਾ ਫਿਰਦਾ ਹੈ। (ਭਾਵ ਆਪਣੇ ਸਰੂਪ ਰੂਪੀ ਘਰ ਨੂੰ ਨਹੀਂ ਪਹੁੰਚਦਾ ਹੈ)। ੩.ਮਾਂ ਪਿਉ ਨੂੰ ਛੱਡਕੇ ਜੋ ਪੂਜਾ ਕਰਦਾ ਹੈ, ਉਸ ਦੀ ਸੇਵਾ ਕਮਾਈ ਨੂੰ ਦੇਵਤੇ ਨਹੀਂ ਮੰਨਦੇ ਹਨ। ੪.ਮਾਂ ਪਿਉ ਨੂੰ ਛੱਡਕੇ ਜੋ ਅਠਸਠ ਤੀਰਥਾਂ ਵਿਖੇ ਸ਼ਨਾਨ ਕਰਦਾ ਹੈ ਉਹ ਘੁੰਮਣਵਾਣੀ ਵਿਖੇ ਪਿਆ ਗੋਤੇ ਖਾਂਦਾ ਹੈ। ੫.ਮਾਂ ਪਿਉ ਨੂੰ ਛੱਡਕੇ ਜੋ ਦਾਨ ਕਰਦਾ ਹੈ ਉਹ ('ਬੇਈਮਾਨ') ਅਧਰਮੀ ਅਤੇ ਅਗਿਆਨੀ ਪ੍ਰਾਣੀ ਹੈ। ੬.ਮਾਂ ਪਿਉ ਨੂੰ ਛੱਡਕੇ ਵਰਤਨੇਮ ਕਰਨਹਾਰਾ (ਚੌਰਾਸੀ ਲਖ ਜੂਨੀਆਂ) ਵਿਖੇ ਭਰਮਦਾ ਭੁੱਲਾ ਹੋਇਆ ਫਿਰਦਾ ਹੈ। ੭.ਗੁਰੂ ਅਤੇ ਪਰਮੇਸਰ ਦੀ ਸਾਰ ਉਸ ਨੇ ਨਹੀਂ ਜਾਤੀ।

**ਭਾਵ**-ਜਿਸ ਵਿਚ ਉਪਕਾਰ ਦੀ ਕ੍ਰਿਤੱਗਯਤਾ ਨਹੀਂ, ਮਾਪਿਆਂ ਜੈਸੇ ਕੁਦਰਤੀ ਪਯਾਰਿਆਂ ਦਾ ਮੋਹ ਜਿਸ ਨੂੰ ਖਿੱਚ ਨਹੀਂ ਪਾਉਂਦਾ, ਉਹ ਜੋ ਕਰਮ ਕਰਦਾ ਹੈ ਕੇਵਲ ਦਿਖਾਵੇ ਯਾ ਹਉਂ ਦੇ ਬੰਧ ਵਿਚ, ਓਹ ਸਾਰੇ ਨਿਸ਼ਫਲ ਹਨ। ਕਿਉਂ ਕਿ ਉਸ ਦੇ ਸ਼ਰੀਰ ਦੇ ਉਪਕਾਰੀ ਸੰਤੁਸ਼ਟ ਨਹੀਂ ਹਨ, ਉਸ ਪਰ ਗੁਰੂ ਤੇ ਪਰਮੇਸੁਰ ਕੀਕੂੰ ਰੀਝ ਸਕਦੇ ਹਨ।

## ੧੪. (ਉਪਾਰੀ ਕਰਤਾਰ ਨੂੰ ਸੰਭਾਲ)।

੧. ਕਾਦਰੁ ਮਨਹੁੰ ਵਿਸਾਰਿਆ ਕੁਦਰਤਿ ਅੰਦਰਿ ਕਾਦਰੁ ਦਿਸੈ।
੨. ਜੀਉ ਪਿੰਡ ਦੇ ਸਾਜਿਆ ਸਾਸ ਮਾਸ ਦੇ ਜਿਸੈ ਕਿਸੈ।
੩. ਅਖੀਂ ਮੂਹੁੰ ਨਕੁ ਕੰਨੁ ਦੁਇ ਹਥੁ ਪੈਰੁ ਸਭਿ ਦਾਤ ਸੁ ਤਿਸੈ।
੪. ਅਖੀਂ ਦੇਖੇ ਰੂਪ ਰੰਗੁ ਸਬਦਿ ਸੁਰਤਿ ਮੁਹਿ ਕੰਨ ਸਰਸੈ।
੫. ਨਕ ਵਾਸ ਹਥੀਂ ਕਿਰਤ ਪੈਰੀ ਚਲਣ ਪਲ ਪਲ ਖਿਸੈ।
੬. ਵਾਲ ਚੰਦ ਮੂੰਹ ਰੋਮ ਰੋਮ ਸਾਸ ਗਿਰਾਸ ਸਮਾਲਿ ਸਲਿਸੈ।

੭. ਸਾਦੀ ਲਬੇ ਸਾਹਿਬੋ ਤਿਸ ਤੂੰ ਸੰਮਲ ਸੌਵੇਂ ਹਿਸੈ।
੮. ਲੂਣ ਪਾਇ ਕਰਿ ਆਟੈ ਮਿਸੈ॥੧੪॥

**ਪਦਾਰਥ**-(ਸਰਿਸੈ=ਸਰਸ, ਵਿਸ਼ੇਖ। ਖਿਸੈ=ਖਿਸਕਣਾ। ਸਲਿਸੈ=ਸਾਥ ਪ੍ਰੀਤ ਦੇ। (ਸਾਦੀ ਲਬੈ=ਸੁਆਦਾਂ ਦੇ ਲੋਭ ਨਾਲ। )

**ਅਰਥ**-੧.(ਲੋਕਾਂ ਨੇ) ਕਾਦਰ ਨੂੰ ਮਨੋਂ ਵਿਸਾਰ ਦਿੱਤਾ ਹੈ, (ਤੇ) ਕਾਦਰ (ਆਪਣੀ) ਕੁਦਰਤ ਵਿਚ (ਪਰਤੱਖ) ਦਿਸਦਾ ਹੈ। ੨.ਜੀਅ, ਪਿੰਡ, ਮਾਸ, ਸੁਆਸ ਦੇਕੇ ਹਰੇਕ ਦੀ ਰਚਨਾ ਕੀਤੀ ਹੈ। ੩.ਮੂੰਹ, ਅੱਖਾਂ, ਨੱਕ, ਕੰਨ, ਦੋ ਹੱਥ, ਦੋ ਪੈਰ ਆਦਿ ਸਭ ਦਾਤਾਂ (ਬਖਸ਼ੀਆਂ ਹੋਈਆਂ) ਉਸ ਦੀਆਂ ਹਨ। ੪.ਅੱਖਾਂ ਰੂਪ ਰੰਗ ਦੇਖਦੀਆਂ ਹਨ, ਮੂੰਹੋਂ ਸ਼ਬਦ (ਬੋਲਣ ਦੀ) ਕੰਨੋਂ (ਸਮਝਣ ਦੀ) ਸੁਰਤ (ਗਿਆਤ) ਵਿਸ਼ੇਖ ਦਿੱਤੀ ਹੈ। ੫.ਨੱਕੋਂ ਵਾਸ ਲੈਂਦਾ ਹੈ, ਹਥਾਂ (ਨਾਲ) ਕਿਰਤ (ਕੀਤੀ ਜਾਂਦੀ ਹੈ), ਪੈਰਾਂ ਨਾਲ ਪਲ ਪਲ ਚੱਲਕੇ ਖਿਸਕਦਾ ਹੈ। ੬.ਸਿਰ ਤੇ ਵਾਲ, ਮੂੰਹ ਵਿਚ ਦੰਦ ਹਨ, ਰੋਮ ਰੋਮ ਅਤੇ ਸਾਸ ਗਿਰਾਸ ਸਲਿੱਸੈ (ਸਾਥ ਪ੍ਰੀਤ) ਦੇ ਕਾਦਰ ਨੂੰ ਯਾਦ ਰੱਖ, (ਜੇ ਸ਼ੰਕਾ ਕਰੇ ਕਿ ਸਾਸ ਗਿਰਾਸ ਵਿਚ ਸਮ੍ਹਾਲਣਾ ਨਹੀਂ ਹੋ ਸਕਦਾ, ਕਿਉਂਕਿ ਜੋ ਮਾਲਕ ਦੀ ਨੌਕਰੀ ਬੀ ਕਰਨੀ ਹੈ। ਇਸਦੇ ਉਤਰ ਵਿਖੇ ਲਿਖਦੇ ਹਨ)। ੭.ਸਾਹਿਬ ਸਵਾਦਾਂ ਦੇ ਲੱਬ ਨਾਲ ਸੇਂਵਦਾ ਹੈਂ, ਉਸ ਪਰਮੇਸਰ ਨੂੰ ਸੌਂਵਾਂ ਹਿੱਸਾ ਹੀ ਯਾਦ ਕਰ (ਅੱਗੇ ਦ੍ਰਿਸ਼ਟਾਂਤ ਦੇਂਦੇ ਹਨ)।੮.ਲੂਣ ਪਾ ਕੇ ਆਟੇ ਨੂੰ ਮਿੱਸਾ ਕਰ (ਸ੍ਵਾਸਾਂ ਰੂਪ ਆਟੈ ਨੂੰ ਲੂਣ ਵਤ ਈਸ਼ੂਰ ਚਿੰਤਨ ਕਰਕੇ ਹੀ ਮਿੱਸਾ ਕਰ। ਯਥਾ-'**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ। ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥**'') (ਸ:ਕਬੀ-੨੩੨)

## ੧੫. (ਜਾਗਦਿਆਂ ਜੇਹੀ ਸੁਰਤ ਤੇਹੀ ਸੁਪਨ ਵਿਚ)।

੧. ਦੇਹੀ ਵਿਚਿ ਨ ਜਾਪਈ ਨੀਂਦੁ ਭੁਖੁ ਤੇਹ ਕਿਥੈ ਵਸੈ।
੨. ਹਸਣੁ ਰੋਵਣੁ ਗਾਵਣਾ ਛਿਕ ਡਿਕਾਰੁ ਖੰਘੂਰਣੁ ਦਸੈ।
੩. ਆਲਕ ਤੇ ਅਗਵਾੜੀਆਂ ਹਿਡਕੀ ਖੁਰਕਣੁ ਪਰਸ ਪਰਸੈ।
੪. ਉਭੇ ਸਾਹ ਉਬਾਸੀਆਂ ਚੁਟਕਾਰੀ ਤਾੜੀ ਸੁਣਿ ਕਿਸੈ।
੫. ਆਸਾ ਮਨਸਾ ਹਰਖੁ ਸੋਗੁ ਜੋਗੁ ਭੋਗੁ ਦੁਖੁ ਸੁਣਿ ਨ ਵਿਗਸੈ।
੬. ਜਾਗਦਿਆਂ ਲਖ ਚਿਤਵਣੀ ਸੁਤਾ ਸੁਹਣੇ ਅੰਦਰਿ ਧਸੈ।
੭. ਸੁਤਾ ਹੀ ਬਰੜਾਂਵਦਾ ਕਿਰਤ ਵਿਰਤ ਵਿਚਿ ਜਸੁ ਅਪਜਸੈ।
੮. ਤਿਸਨਾ ਅੰਦਰਿ ਘਣਾ ਤਰਸੈ॥੧੫॥

**ਪਦਾਰਥ**-(ਅਗਵਾੜੀਆਂ=ਆਕੜਾਂ। ਪਰਸ ਪਰਸੈ=ਆਪੋ ਵਿਚੀ। ਚੁਟਕਾਰੀਆਂ=ਚੁਟਕੀਆਂ (ਮਾਰਨੀਆਂ। ਸੁਣਿ ਕਿਸੈ=ਕਹਾਣੀਆਂ ਸੁਣਕੇ। ਸੁਹਣੇ=ਸੁਪਨੇ।)

**ਅਰਥ**-੧.ਸਰੀਰ ਵਿਖੇ ਨੀਂਦ ਭੁੱਖ ਅਰ ਤੇਹ ਕਿੱਥੇ ਵਸਦੀਆਂ ਹਨ, ਪਤਾ ਨਹੀਂ ਲਗਦਾ। ੨.ਹੱਸਣਾ, ਰੋਣਾ, ਗਾਂਵਣਾ, ਨਿੱਛਣਾ, ਡਿਕਾਰਣਾ, ਖੰਘੂਰਨਾ (ਕੋਈ) ਦੱਸੇ। ੩.ਆਲਸ ਤੇ ਆਕੜਾਂ ਭੰਨਣੀਆਂ, ਹਿਡਕੀ ਲੈਣੀ, ਪਰਸਪਰ (ਇਕ ਦੂਜੇ ਨੂੰ) ਖੁਰਕਣਾ। ੪.('ਦੁਖ ਵਿਖੇ ਉਭੇ ਸਾਹ') ਠੰਢੇ ਸਾਹ ਭਰਣੇ, ਉਬਾਸੀ ਲੈਣੀ, ਚੁਟਕੀ ਮਾਰਣੀ, ਕਿੱਸੇ (ਕਹਾਣੀਆਂ) ਸੁਣਕੇ (ਖੁਸ਼ੀ ਨਾਲ) ਤਾੜੀ ਮਾਰਣੀ। ੫.ਆਸਾ, ਮਨਸਾ, ਹਰਖ, ਸੋਗ, ਕਦੀ ਜੋਗ, ਕਦੀ ਭੋਗ, ਦੁੱਖ ਸੁਣ ਕੇ ਪ੍ਰਸੰਨ ਨਾ ਹੋਣਾ। ੬.ਜਾਗਦਿਆਂ ਏਹੋ ਜਿਹੀਆਂ ਲਖਾਂ ਚਿਤਵਣੀਆਂ ਕਰਦਾ ਹੈ, ਪਰ ਸੁੱਤਾ ਹੋਯਾ ਸੁਪਨੇ ਵਿਚ ਜਾ ਵੜਦਾ ਹੈ, (ਗਲ ਕੀ ਛੀ ਤੁਕਾਂ ਵਿਖੇ ਜਾਗ੍ਰਤ ਦੇ ਕੰਮ ਦੱਸਕੇ ਸੱਤਵੀਂ ਅੱਠਵੀਂ ਵਿਖੇ ਸੁਪਨ

ਦੇ ਕੰਮ ਦੱਸਦੇ ਹਨ)। ੭.ਸੌਦਾ (ਹੈ ਤਦ) ਬੜਰਾਂਦਾ ਹੈ, ਕਿਰਤ ਅਤੇ ਉਪਜੀਵਕਾ ਵਿਖੇ ਜਸ ਅਪਜਸ ਲੈਂਦਾ ਹੈ (ਭਾਵ ਜਾਗ੍ਰਤ ਦੇ ਪਦਾਰਥ ਸੁਪਨ ਦਾ ਖਹਿੜਾ ਨਹੀਂ ਛਡਦੇ। ਪਾਠਾਂਤ੍ਰ 'ਜਿਸ ਅਵਜਿਸੇ' ਤੇ ਅਰਥ ਏਹ ਹੈ ਕਿ ਜਿਸ ਕਿਰਤ ਤੇ ਵਿਰਤ ਵਿਚ ਜਾਗਦਿਆਂ ਬੀ ਸੁੱਤਾ ਉਸੇ ਵਿਚ ਗਿਆ ਬਰੜਾਉਂਦਾ ਹੈ)। ੮.ਤ੍ਰਿਸਨਾ ਵਿਖੇ (ਫਸਿਆ ਹੋਇਆ ਸੁਪਨੇ ਵਿਖੇ ਬੀ) ਘਣਾਂ ਤਰਸਦਾ ਹੈ (ਦੁੱਖੀ ਹੁੰਦਾ ਯਾ ਡਰਦ੍ਹਾ ਹੈ)।

**ਭਾਵ**-ਕਹਿੰਦੇ ਹਨ ਕਿ ਇਕ ਬਜਾਜ ਨੇ ਸੁਪਨੇ ਵਿਚ ਗਾਹਕ ਨੂੰ ਇਹ ਆਖ ਕੇ ਭਈ ਪੂਰੇ ਚਾਰ ਗਜ਼ ਹੀ ਲੱਠਾ ਲੈ ਜਾ, ਆਪਣੀ ਧੋਤੀ ਰੇਸ਼ਮੀ ਪਾੜ ਸਿਟੀ ਸੀ, ਕਿਉਂ ਜੋ ਜਾਗ੍ਰਤ ਵਿਖੇ ਪੌਣੇ ਚਾਰ ਗਜ਼ ਦੇਣਾ ਕਰਕੇ ਸੌਦਾ ਬਣਿਆ ਸੀ, ਇਸੇ ਚਿੰਤਾ ਵਿਖੇ ਘਰ ਜਾਕੇ ਸੌਂ ਗਿਆ ਤੇ ਅੱਧੀ ਰਾਤ ਨੀਂਦ ਵਿਖੇ ਉਸ ਖਿਆਲ ਹੇਠ ਦਬਿਆ ਦਸਕੁ ਰੁਪਏ ਦੀ ਧੋਤੀ ਦਾ ਕੰਘਾ ਕਰ ਬੈਠਾ, ਤ੍ਰਿਸਨਾ ਦਾ ਬੱਧਾ ਜੀਵ ਜਸ ਅਤੇ ਅਪਜਸ ਲੈ ਰਿਹਾ ਹੈ ਜੋ ਜਾਗ੍ਰਤ ਵਿਖੇ ਸ਼ੁਭ ਕਰਮ ਕਰਦਾ ਸੁਪਨੇ ਵਿਖੇ ਭੀ ਸ਼ੁਭ ਸੰਸਕਾਰ ਦੇਖਦਾ ਹੈ, ਨਹੀਂ ਤਾਂ ਅਸ਼ੁਭ। ਭਾਵ ਇਸ ਦਾ ਇਹ ਹੈ ਕਿ ਜਿੱਕੂੰ ਜਾਗ੍ਰਤ ਦਾ ਵਿਹਾਰ ਸ੍ਵਪਨ ਦਾ ਬਣਦਾ ਹੈ ਤੇ ਦੁਖ ਸੁਖ ਦਾਇਕ ਹੁੰਦਾ ਹੈ, ਇਸੇ ਤਰ੍ਹਾਂ ਜੀਵਨ ਦਾ ਵਿਹਾਰ ਮਰਨੇ ਪਰ ਦੁਖ ਸੁਖ ਦਾਤਾ ਬਣੇਗਾ।

## ੧੬. (ਦੁਰਮਤੀ-ਉਪਕਾਰ ਕੀਤੇ ਬੀ ਨਹੀਂ ਸੌਰਦਾ)।

੧. ਗੁਰਮਤਿ ਦੁਰਮਤਿ ਵਰਤਣਾ ਸਾਧੁ ਅਸਾਧੁ ਸੰਗਤਿ ਵਿਚਿ ਵਸੈ।
੨. ਤਿੰਨ ਵੇਸ ਜਮਵਾਰ ਵਿਚਿ ਹੋਇ ਸਜੋਗ ਵਿਜੋਗ ਮੁਣਸੈ।
੩. ਸਹਸ ਕੁਬਾਣ ਨ ਵਿਸਰੈ ਸਿਰਜਣਹਾਰੁ ਵਿਸਾਰਿ ਵਿਗਸੈ।
੪. ਪਰਨਾਰੀ ਪਰਦਰਬੁ ਹਿਤੁ ਪਰਨਿੰਦਾ ਪਰਪੰਚ ਰਹਸੈ।
੫. ਨਾਮ ਦਾਨ ਇਸਨਾਨੁ ਤਜਿ ਕੀਰਤਨ ਕਥਾ ਨ ਸਾਧੁ ਪਰਸੈ।
੬. ਕੁਤਾ ਚਉਕ ਚੜ੍ਹਾਈਐ ਚਕੀ ਚਟਣਿ ਕਾਰਣ ਨਸੈ।
੭. ਅਵਗੁਣਆਰਾ ਗੁਣਿ ਨ ਸਰਸੈ॥੧੬॥

**ਪਦਾਰਥ**-(ਜਮਵਾਰ=ਜਨਮ ਵਿਚ। ਮੁਣਸੈ=ਮਨੁਖ। ਰਹਸੈ=ਪ੍ਰਸੰਨ ਹਲੂਣਾ। (ਪਰਸੈ=ਮਿਲਣਾ। ਚਉਕ=ਤਖਤ। ਸਰਸੈ=ਪ੍ਰਸੰਨ।)

**ਅਰਥ**-੧.ਸਾਧਾਂ ਦੀ ਸੰਗਤ ਵਿਚ ਵੱਸਣ ਕਰ ਗੁਰੂ ਦੀ ਸਿੱਖਯਾ ਨੂੰ ਵਰਤਦਾ ਹੈ, (ਅਸਾਧਾਂ) ਬੁਰਿਆਂ ਦੀ ਸੰਗਤ ਵਿਖੇ ਖੋਟੀ ਮਤ ਨੂੰ ਵਰਤਦਾ ਹੈ। ੨.ਜਨਮ ਵਿਖੇ ਤਿੰਨ ਵੇਸਾਂ (ਅਰਥਾਤ ਜਾਗ੍ਰਤ, ਸੁਪਨ, ਸੁਖੋਪਤ ਅਥਵਾ ਬਾਲ ਯੁਬਾਦਿਕ ਅਵਸਥਾ) ਦਾ ਸੰਜੋਗ ਅਤੇ ਵਿਜੋਗ ਪ੍ਰਾਣੀਆਂ ਨੂੰ ਹੋਈ ਜਾਂਦਾ ਹੈ। ੩.(ਉਕਤ ਤਿੰਨ ਅਵਸਥਾਂ ਵਿਖੇ) ਹਜ਼ਾਰਾਂ ਖੋਟੀਆਂ ਵਾਦੀਆਂ ਭੁੱਲਦੀਆਂ ਨਹੀਂ (ਇਸੇ ਕਰਕੇ) ਉਤਪਤੀ ਕਰਨਹਾਰ ਨੂੰ ਭੁਲਾਕੇ ਪ੍ਰਸੰਨ ਹੁੰਦਾ ਹੈ। ੪.ਪਰ ਇਸਤ੍ਰੀ, ਪਰਾਏ ਧਨ, ਪਰਾਈ ਨਿੰਦਾ ਦੇ ਕਾਰਣ ਵਲਾਂ ਛਲਾਂ ਵਿਖੇ ਖੁਸ਼ੀ ਕਰ ਰਿਹਾ ਹੈ । ੫.ਨਾਮ ਦਾਨ ਇਸਨਾਨ (ਸ਼ੁਭ ਕਰਮ) ਛੱਡਕੇ ਕਥਾ ਕੀਰਤਨ ਅਰ ਭਲੀ ਸੰਗਤ ਦਾ ਪਰਸਨਾ ਨਹੀਂ ਕਰਦਾ ਹੈ। ੬.ਕੁੱਤੇ ਨੂੰ (ਕਿੰਨ੍ਹਾ ਹੀ) ਤਖਤ ਪੁਰ ਬੈਠਾਈਏ, (ਫੇਰ ਬੀ) ਚੱਕੀ ਦੇ ਆਟੇ ਨੂੰ ਚਟਣ ਦੌੜੂ, (ਤਿਹਾ ਹੀ ਮਨਮੁਖ ਨੂੰ ਕਿੰਨੀ ਭਲੀ ਮੱਤ ਦਿਓ ਵਿਸ਼ਿਆਂ ਵਲ ਹੀ ਦੌੜਦਾ ਹੈ)। ੭.ਅਵਗੁਣਿਆਰਾ (ਪਾਪੀ) ਗੁਣਾਂ ਪੁਰ ਪ੍ਰਸੰਨ ਨਹੀਂ ਹੁੰਦਾ ਹੈ।

**ਭਾਵ**-ਸੰਸਾਰੀ ਜੀਵ ਕਰਮਾਨੁਸਾਰ ਉਕਤ ਤਿੰਨ ਜਾਗ੍ਰਤਾਦਿ ਅਵਸਥਾਂ ਵਿਖੇ ਅਥਵਾ

ਬਾਲ, ਯੁਬਾ, ਬ੍ਰਿੱਧ ਵਿਖੇ ਫਲ ਭੋਗ ਰਿਹਾ ਹੈ, ਗੁਰਮੁਖ ਤੁਰੀਆ ਚੌਥੀ ਅਵਸਥਾ ਵਿਖੇ ਆਤਮਾਨੰਦ ਨੂੰ ਲੈ ਕੇ ਆਪਣੇ ਆਪ ਵਿਖੇ ਮਗਨ ਰਹਿੰਦਾ ਹੈ।

## ੧੭. (ਅਨੇਕਤਾ ਵਿਚ ਇਕ ਵ੍ਯਾਪਕ ਹੈ ਸੋ ਚੇਤ)।

੧. ਜਿਉ ਬਹੁ ਵਰਨ ਵਣਾਸਪਤਿ ਮੂਲ ਪਤ੍ਰ ਫਲੁ ਫੁਲੁ ਘਨੇਰੇ।
੨. ਇਕ ਵਰਣ ਬੈਸੰਤਰੈ ਸਭਸੈ ਅੰਦਰਿ ਕਰਦਾ ਡੇਰੇ।
੩. ਰੂਪੁ ਅਨੂਪੁ ਅਨੇਕ ਹੋਇ ਰੰਗੁ ਸੁਰੰਗ ਸੁ ਵਾਂਸ ਚੰਗੇਰੇ।
੪. ਵਾਂਸਹੁ ਉਠਿ ਉਪਠਿ ਕਰਿ ਜਾਲਿ ਕਰੰਦਾ ਭਸਮੈ ਢੇਰੇ।
੫. ਰੰਗ ਬਿਰੰਗੀ ਗਊ ਵੰਸ ਅੰਗੁ ਅੰਗੁ ਧਰਿ ਨਾਉ ਲਵੇਰੇ।
੬. ਸੱਦੀ ਆਵੈ ਨਾਉ ਸੁਣਿ ਪਾਲੀ ਚਾਰੈ ਮੇਰੇ ਤੇਰੇ।
੭. ਸਭਨਾ ਦਾ ਇਕੁ ਰੰਗੁ ਦੁਧੁ ਘਿਉ ਪਟ ਭਾਂਡੈ ਦੋਖ ਨ ਹੇਰੇ।
੮. ਚਿਤੈ ਅੰਦਰਿ ਚੇਤੁ ਚਿਤੇਰੇ॥੧੭॥

**ਪਦਾਰਥ**-(ਵਰਣ=ਰੰਗ। ਉਠਿ=ਉਠਕੇ। ਉਪਠਿ ਕਰਿ=ਉਲਟਾਕੇ। (ਲਵੇਰੇ=ਲਵੇਰੀਆਂ। ਪਾਲੀ=ਵਾਗੀ। ਚਿਤੈ=ਚਿੱਤ੍ਰਕਾਰੀ।)

ਚਿੱਤ੍ਰਕਾਰੀ ਵਿਖੇ ਚਿਤੇਰਾ ਹੈ ਭਾਵ ਜਗਤ ਦੇ ਨਾਮ ਰੂਪ ਬਾਹਲੇ ਹਨ, ਚਿਤੇਰਾ ਅਕਾਲ ਪੁਰਖ ਰਚਕੇ ਆਪ ਹੀ ਸਭ ਵਿਖੇ ਇਕ ਰੂਪ ਤੋਂ ਸੱਤਾ ਦੇ ਰਿਹਾ ਹੈ। ਹੇਠਾਂ ਦ੍ਰਿਸ਼ਟਾਂਤ ਨਾਲ ਸਿੱਧ ਕਰਦੇ ਹਨ:-

**ਅਰਥ**-੧.ਜਿੱਕੁਰ ਬਨਾਸਪਤੀ ਦੇ ਬਾਹਲੇ ਰੂਪ ਹਨ, ਮੂਲ, ਪੱਤ੍ਰ, ਫਲ, ਫੁਲ, ਘਣੇ (ਭਿੰਨ ਭਿੰਨ ਕਹੇ ਜਾਂਦੇ ਹਨ) ੨.ਅਗਨੀ ਦਾ ਸਭਨਾਂ (ਬ੍ਰਿੱਛਾਂ) ਵਿਖੇ ਡੇਰਾ ਹੈ, ਪਰ ਰੂਪ ਉਸ ਦਾ ਇਕੋ ਹੈ। ੩.ਅਨੂਪ ਰੂਪ ਵਾਲੇ ਅਨੇਕ ਤਰ੍ਹਾਂ ਦੇ ਵਾਂਸ ਚੰਗੇ ਰੰਗ ਬਿਰੰਗਾਂ ਵਾਲੇ ਹੁੰਦੇ ਹਨ। ੪.ਵਾਂਸਾਂ ਤੋਂ ਹੀ (ਬੈਸੰਤਰ) ਉੱਠਕੇ ਉਨ੍ਹਾਂ ਨੂੰ ਉਪੱਠੇ ਕਰਕੇ ਸਾੜ ਸਾੜਕੇ ਸੁਆਹ ਦੀ ਢੇਰੀ ਕਰ ਦੇਂਦੀ ਹੈ, (ਦੂਜਾ ਦ੍ਰਿਸ਼ਟਾਂਤ ਗਊ ਦਾ ਦੇ ਕੇ ਪੱਕਾ ਕਰਦੇ ਹਨ)। ੫.ਗਊ ਦੀ ਵੰਸ ਨਾਨਾ ਰੰਗਾਂ ਦੀ ਹੈ, ਅਡੋ ਅਡ ਲਵੇਰੀਆਂ ਦੇ ਨਾਉਂ (ਗਵਾਲਾ) ਰਖ ਦੇਂਦਾ ਹੈ, (ਗਊ ਵੰਸ ਕਾਲੇ, ਪੀਲੇ, ਧੌਲੇ ਆਦ) । ੬.'ਪਾਲੀ' (ਗੁਜਰ) ਸਭਨਾ ਦੀਆ ਗਉਆਂ ਚਾਰਦਾ ਹੈ, (ਉਸਦੀਆਂ) ਸੱਦੀਆਂ ਹੋਈਆਂ ਆਪੋ ਆਪਣਾ ਨਾਉਂ ਸੁਣਕੇ ਨੱਠਦੀਆਂ ਆਂਵਦੀਆਂ ਹਨ। ੭.ਸਾਰੀਆਂ ਗਊਆਂ ਦੇ (ਭਾਵੇਂ ਨਾਮ ਤੇ ਰੂਪ ਭਿੰਨ ਭਿੰਨ ਹਨ ਪਰੰਤੂ) ਦੁੱਧ ਦਾ ਰੰਗ ਇਕੋ ਹੀ ਹੋਊ (ਉਸ ਦੁੱਧ ਦੇ) ਘਿਉਂ ਵਿਖੇ ਅਰ 'ਪਟ' (ਕਹੀਏ ਰੇਸ਼ਮ) ਵਿਖੇ ਭਾਂਡੇ ਦਾ ਕੋਈ ਦੂਸਨ ਨਹੀਂ ਦੇਖਦਾ ਹੈ (ਚੰਮ ਦੇ ਕੁੱਪਿਆਂ ਅਰ ਕੀੜਿਆਂ ਦਾ ਕੋਈ ਵਿਚਾਰ ਨਹੀਂ ਕਰਦਾ। ਜਿਹਾਕੁ **'ਘਿਅ ਪਟ ਭਾਂਡਾ ਕਹੈ ਨ ਕੋਇ ॥ਐਸਾ ਭਗਤੁ ਵਰਨ ਮਹਿ ਹੋਇ''**। (ਤਿੰਲ:ਮ:੧-੨) ਅਰਥਾਤ ਭਗਤ ਕਿਸੇ ਵਰਣ ਵਿਖੇ ਹੋਵੇ, ਘਿਉ ਅਰ ਰੇਸ਼ਮ ਵਾਂਗੂੰ ਪਵਿਤ੍ਰ ਜਾਣੋਂ। ਮੁਕਦੀ ਗੱਲ ਚਿਤ੍ਰਕਾਰੀ ਵਿਖੇ ਆਪ ਇਕ ਰੂਪ ਹੋਕੇ ਨਿਵਾਸ ਕਰ ਰਿਹਾ ਹੈ, ਸਦਾ ਨਿਰਲੇਪ ਅਰ ਸ਼ੁੱਧ ਸਰੂਪ ਹੈ, (ਹੁਣ ਸਿਧਾਂਤ ਕਹਿੰਦੇ ਹਨ)। ੮.ਚਿੱਤ੍ਰਕਾਰੀ (ਰਚਨਾ) ਵਿਚ ਚਿਤਰੇ (ਵਾਹਿਗੁਰੂ) ਨੂੰ ਚੇਤ (ਸਿਮਰਣ ਕਰ)।

**ਭਾਵ**-ਕੁਦਰਤ ਦੇਖਕੇ ਭੁੱਲ ਨਾ ਜਾਹ, ਜਿਹੜੀ ਚੇਤਨ ਸਤਾ ਇਕ ਰੂਪ ਸਾਰੇ ਨਾਨਾਂ ਰੂਪਾਂ ਨੂੰ ਦਿਖਾ ਰਹੀ ਤੇ ਆਸਰਾ ਦੇ ਰਹੀ ਹੈ, ਉਸ ਵਲ ਧਿਆਨ ਕਰ ਕੇ ਉਸਦੇ ਸਿਰਜਣਹਾਰ ਨਾਲ ਪਿਆਰ ਪਾ।

## ੧੮. (ਅਨੇਕਤਾ ਵਿਚ 'ਇਕ' ਕਰਤੇ ਨੂੰ ਕੀੜਾ ਨਹੀਂ ਚੇਤਦਾ)।

੧. ਧਰਤੀ ਪਾਣੀ ਵਾਸੁ ਹੈ ਫੁਲੀ ਵਾਸੁ ਨਿਵਾਸ ਚੰਗੇਰੀ।
੨. ਤਿਲ ਫੁਲਾਂ ਦੇ ਸੰਗਿ ਮਿਲਲਿ ਪਤਿਤ ਪੁਨੀਤ ਫੁਲੇਲ ਘਵੇਰੀ।
੩. ਅਖੀਂ ਦੇਖਿ ਅਨੇਰ ਕਰਿ ਮਨ ਅੰਧੇ ਤਨ ਅੰਧ ਅੰਧੇਰੀ।
੪. ਛਿਅ ਰੁਤ ਬਾਰਹ ਮਾਹ ਵਿਚਿ ਸੂਰਜ ਇਕ ਨ ਘੁਘੂ ਹੇਰੀ।
੫. ਸਿਮਰਣ ਕੂੰਜ ਧਿਆਨ ਕਛ ਪਥਰ ਕੀੜੇ ਰਿਜਕ ਸਵੇਰੀ।
੬. ਕਰਤੈ ਨੇ ਕੀਤਾ ਨ ਚਿਤੇਰੀ॥੧੮॥

**ਪਦਾਰਥ**-(ਘਵੇਰੀ=ਸੁਗੰਧੀ। ਸਵੇਰੀ=ਰੋਜ।)

**ਅਰਥ**-੧.ਧਰਤੀ ਅਤੇ ਪਾਣੀ ਵਿਖੇ ਵਸਣ ਨਾਲ ਫੁਲਾਂ ਵਿਖੇ ਚੰਗੀ ਵਾਸ਼ਨਾ ਹੁੰਦੀ ਹੈ। ੨.ਤਿਲ ਫੁਲਾਂ ਦੇ ਨਾਲ ਰਹਿਕੇ ਪਤਿਤ ਤੋਂ ਪੁਨੀਤ ('ਫੁਲੇਲ ਘਵੇਰੀ') ਫੁਲੇਲ ਦੀ ਸੁਗੰਧੀ ਦਿੰਦੇ ਹਨ। ੩.ਅੱਖੀਂ ਦੇਖਦਾ ਹਨੇਰ ਮਾਰਦਾ ਹੈ, ਮਨ ਦਾ ਅੰਨ੍ਹਾਂ ਤਨ ਵਲੋਂ ਅੰਧ ਅੰਧੇਰ ਵਿਚ ਪੈ ਜਾਂਦਾ ਹੈ (ਵਿਚਾਰ ਕਰਕੇ ਚਿਤੇਰੇ ਨੂੰ ਚਿੱਤ੍ਰਕਾਰੀ ਵਿਚ ਨਹੀਂ ਦੇਖਦਾ, ਇਸ ਕਰਕੇ ਸਰੀਰ ਬੀ ਖੋਟਾਂ ਵਿਚ ਲੱਗ ਪੈਂਦਾ ਹੈ)। ੪.ਛੀ ਰੁੱਤਾਂ ਅਤੇ ਬਾਰਾਂ ਮਹੀਨਿਆਂ ਵਿਖੇ ਸੂਰਜ ਇਕੋ ਹੈ, (ਪਰ) ਉੱਲੂ (ਇਸ ਗਲ ਨੂੰ) ਨਹੀਂ ਵਿਚਾਰਦਾ, (ਤਿਹਾ ਹੀ ਅਗਯਾਨੀ ਆਤਮਾ ਦਾ ਵਿਚਾਰ ਨਹੀਂ ਕਰਦਾ)। ੫.ਸਿਮਰਣ ਨਾਲ ਕੂੰਜ ਦੇ ਬੱਚੇ, ਅਰ ਧਿਆਨ ਨਾਲ ਕੱਛੂ ਦੇ ਪਲਦੇ ਹਨ, ਪੱਥਰ ਦੇ ਕੀੜਿਆਂ ਨੂੰ ਬੀ ਰੋਜ਼ ਰਿਜ਼ਕ ਦੇ ਰਿਹਾ ਹੈ,(**''ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰ ਧਰਿਆ॥''**) (ਗੂਜ:ਮ:੫-੧) ਐਸਾ ਪਰਵਰਦਗਾਰ ਹੈ)। ੬.(ਅਕਾਲ ਪੁਰਖ ਜਗਤ ਦੇ) ਸਿਰਜਣਹਾਰ ਨੂੰ ਕੀਤਾ ਹੋਇਆ (ਜੀਵ) ਚਿਤਰਦਾ ਨਹੀਂ।

**ਭਾਵ**-ਆਪਣੀ ਮੂਰਖਤਾ ਦੇ ਅੰਧ ਗੁਬਾਰਾਂ ਵਿਚ ਰਹਿੰਦਾ ਹੈ, ਸਿਰਜਣਹਾਰ ਨੂੰ ਨਹੀਂ ਸਿਮਰਦਾ, ਉਸ ਨੂੰ ਆਪਣਾ ਕਰਤਾਰ ਨਹੀਂ ਪਛਾਣਦਾ।

## ੧੯. (ਮਨਮੁਖ ਸਦਾ ਅੰਨ੍ਹੇ ਹਨ)।

੧. ਘੁਘੂ ਚਾਮਚੜਿਕ ਨੋ ਦੇਹੁੰ ਨ ਸੁਝੈ ਚਾਨਣ ਹੋਂਦੇ।
੨. ਰਾਤ ਅੰਨ੍ਹੇਰੀ ਦੇਖਦੇ ਬੋਲੁ ਕੁਬੋਲੁ ਅਬੋਲੁ ਖਲੋਂਦੇ।
੩. ਮਨਮੁਖ ਅੰਨ੍ਹੇ ਰਾਤਿ ਦਿਹੁੰ ਸੁਰਤਿ ਵਿਹੂਣੇ ਚਕੀ ਝੋਂਦੇ।
੪. ਅਉਗੁਣ ਚੁਣ ਚੁਣਿ ਛਡਿ ਗੁਣ ਪਰਹਰਿ ਹੀਰੇ ਫਟਕ ਪਰੋਂਦੇ।
੫. ਨਾਉ ਸੁਜਾਖੇ ਅੰਨ੍ਹਿਆਂ ਮਾਇਆ ਮਦ ਮਤਵਾਲੇ ਰੋਂਦੇ।
੬. ਕਾਮ ਕਰੋਧ ਵਿਰੋਧ ਵਿਚਿ ਚਾਰੇ ਪੱਲੇ ਭਰਿ ਭਰਿ ਧੋਂਦੇ।
੭. ਪਥਰ ਪਾਪ ਨ ਛੁਟਹਿ ਢੋਂਦੇ ॥੧੯॥

**ਪਦਾਰਥ**-(ਬੋਲ ਕੁਬੋਲੁ=ਨਾ ਬੋਲੇ ਜਾਣ ਵਾਲੇ ਕੁਬੋਲ ਬੋਲਣੇ। ਅਬੋਲੁ=ਚੁੱਪ।
(ਚਕੀ ਝੋਂਦੇ=ਲੜਾਈ, ਕਲਹ ਰੱਖਣੀ। ਫਟਕ=ਕਚਕੜੇ, ਜੱਚ ਦੇ ਮਣਕੇ।
(ਚਾਰੇ ਪੱਲੇ=ਚਾਰੇ ਅੰਤਹਕਰਣ। ਧੋਂਦੇ=ਥੋੜੇ ਪੁੰਨ ਨਾਲ ਧੋਣਾ।)

**ਅਰਥ**-੧.ਉੱਲੂ ਅਤੇ ਚਾਮਚੜਿਕ ਨੂੰ ਚਾਨਣ ਹੁੰਦਿਆਂ (ਅਰਥਾਤ) ਦਿਨੇ ਸੂਰਜ ਨਹੀਂ ਦਿਸਦਾ। ੨.(ਪਰ) ਹਨੇਰੀ ਰਾਤ ਵਿਖੇ ਦੇਖਦੇ ਹਨ, ਖੋਟੇ ਬਚਨ ਨਾ ਬੋਲਣ ਵਾਲੇ ਬੋਲਕੇ ਖਲੋ ਜਾਂਦੇ ਹਨ (ਅਥਵਾ ਅਬੋਲ=ਚੁੱਪ ਵੱਟਕੇ ਖਲੋਂਦੇ ਹਨ)। ੩.ਮਨਮੁਖ ਦਿਨ ਰਾਤ ਹੀ ਅੰਨ੍ਹੇ ਰਹਿੰਦੇ ਹਨ,

ਗਿਆਨ ਬਿਨਾਂ (ਝਗੜਿਆਂ ਦੀ) ਚੱਕੀ ਝੋਈ ਰਖਦੇ ਹਨ, (ਭਾਵ ਏਹ ਕਿ ਰਾਤ ਦਿਨ ਹੀ ਕੁਬੋਲ ਬੋਲਦੇ ਹਨ ਕਦੇ ਅਬੋਲ ਚੁੱਪ ਹੋਕੇ ਨਹੀਂ ਖਲੋਂਦੇ)। ੪.ਗੁਣਾ ਰੂਪੀ ਹੀਰਿਆਂ ਨੂੰ ਛਡਕੇ ਅਵਗੁਣ ਰੂਪੀ ਕਚਕੜੇ ਚੁਣ ਚੁਣਕੇ ਹਾਰ ਪਰੋ (ਗਲ) ਪਾਉਂਦੇ ਹਨ। ੫.(ਮਨਮੁਖ) ਹੈਨ ਅੰਨ੍ਹੇ, ਨਾਉਂ ਰਖਿਆ ਹੈ ਸੁਜਾਖੇ (ਉਹ ਤਾਂ) ਮਾਇਆ ਦੇ ਮਦ ਵਿਚ ਮਤਵਾਲੇ ਹੋਕੇ ਰੋਂਦੇ ਹਨ। ੬.ਕਾਮ ਕ੍ਰੋਧ (ਪੰਜੇ ਵਿਖਿਆਂ) ਤੇ ਵਿਰੋਧ ਵਿਚ ਚਾਰੇ ਪੱਲੇ (ਭਾਵ ਚਾਰੇ ਅੰਤਹਕਰਣ) ਭਰ ਭਰ ਕੇ ਧੋਂਦੇ ਹਨ, (ਪਰੰਤੂ "**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ**"। (ਮਾਝ:ਵਾਰ-੭) ਭਲਾ ਕਦੀ ਹਰਾਮ ਵਿਚ ਮਸਾਲਾ ਪਾਇਆਂ ਹਲਾਲ ਹੁੰਦਾ ਹੈ? ਗੱਲ ਕੀ ਸਚੇ ਬਣਨ ਲਈ ਕੋਈ ਨ ਕੋਈ ਥੋੜੇ ਪੁੰਨ ਕਰਮ ਦਾ ਢੁੱਚਰ ਕੱਢ ਬੈਠਦੇ ਹਨ)। ੭.ਪਾਪਾਂ ਦਾ ਪੱਥਰ ਢੋਂਦੇ ਹੋਏ ਛੁਟਦੇ ਨਹੀਂ, (ਅੰਤ ਨੂੰ ਨਰਕਾਂ ਦੀ ਫਾਹੀ ਵਿਖੇ ਫਸੇ ਹੋਏ ਵੇਗਾਰਾਂ ਵਿਚ ਕਸ਼ਟਾਤੁਰ ਰਹਿੰਦੇ ਹਨ)।

## ੨੦. (ਮਨਮੁਖ ਗੁਣ ਨੂੰ ਅਵਗੁਣ ਕਰਦਾ ਹੈ)।

੧. ਥਲਾਂ ਅੰਦਰਿ ਅਕ ਉਗਵਨਿ ਵੁਠੈ ਮੀਂਹ ਪਵੈ ਮੁਹਿ ਮੋਆ।
੨. ਪਰ ਟੁਟੈਂ ਦੁਧ ਵਹਿ ਚਲੈ ਪੀਤੇ ਕਾਲਕੂਟ ਓਹੁ ਹੋਆ।
੩. ਅਕਹੁੰ ਫਲ ਹੋਇ ਖਖੜੀ ਨਿਹਫਲ ਸੋ ਫਲ ਅਕਤਿਡ ਭੋਆ।
੪. ਵਿਹੁ ਨਸੈ ਅਕ ਦੁਧ ਤੇ ਸਪ ਖਾਧਾ ਖਾਇ ਅਕ ਨਰੋਆ।
੫. ਸੋ ਅਕ ਚਰਿਕੈ ਬਕਰੀ ਦੇਇ ਦੁਧੁ ਅੰਮ੍ਰਿਤ ਮੋਹਿ ਚੋਆ।
੬. ਸਪੈ ਦੁਧੁ ਪੀਆਲੀਐ ਵਿਸੁ ਉਗਾਲੈ ਪਾਸ ਖੜੋਆ।
੭. ਗੁਣ ਕੀਤੇ ਅਵਗੁਣ ਕਰਿ ਢੋਆ ॥੨੦॥

**ਪਦਾਰਥ**-(ਥਲ=ਰੇਤਲੇ ਮੈਦਾਨ। ਪਵੈ ਮੁਹਿ ਮੋਆ=ਮੂੰਹ ਭਾਰ ਪੈਣਾ, ਝੁੱਕਣਾ। (ਕਾਲਕੂਟ=ਵਿਖ। ਭੋਆ=ਭਾਉਂਦਾ ਹੈ।)

**ਅਰਥ**-੧.ਰੇਤਲੇ ਮੈਦਾਨਾਂ ਵਿਚ ਅੱਕਾਂ ਦੇ ਬੂਟੇ ਉੱਗਦੇ ਹਨ, ਮੀਂਹ ਦੇ ਵੱਸਿਆਂ (ਮੂੰਹ ਮੋਆ=) ਮੂੰਹ ਭਾਰ ਹੋ ਕੇ ਝੁਕ ਪੈਂਦੇ ਹਨ (ਕਿਉਂ ਜੋ ਮੀਹ ਦਾ ਪਾਣੀ ਜ਼ਹਿਰ ਲਗਦਾ ਹੈ ਅਥਵਾ ਮੁੱਢੋਂ ਹੀ ਮੌਤ ਪੈ ਜਾਂਦੀ ਹੈ)। ੨.ਪਤ੍ਰ ਟੁਟਦੇ ਤੇ ਦੁੱਧ ਵਹਿ ਚਲਦਾ ਹੈ। ਪੀਣ ਵਾਲੇ ਨੂੰ ਉਹ ਵਿਖ ਹੁੰਦਾ ਹੈ (ਅੱਕ ਦਾ ਦੁੱਧ ਵਿਹੁ ਹੈ)। ੩.ਅੱਕ ਥੋਂ ਖੱਖੜੀ ਦਾ ਨਿਹਫਲ ਜਿਹਾ ਫਲ ਹੁੰਦਾ ਹੈ (ਕੇਵਲ) ਅੱਕ ਦੇ ਟਿੱਡੇ ਨੂੰ ਭਾਉਂਦਾ ਹੈ। ੪.ਅੱਕ ਦੇ ਦੁਧ ਤੋਂ (ਕਈ ਤਰਾਂ ਦੀ) ਵਿਹੁ ਦੂਰ ਹੋ ਜਾਂਦੀ ਹੈ ਕਿਉਂ ਜੋ (ਬਾਜ਼ੇ) ਸੱਪ ਦਾ ਡੰਗਿਆ ਹੋਇਆ ਅੱਕ ਦੇ ਖਾਧਿਆਂ ਨਰੋਇਆ ਹੋ ਜਾਂਦਾ ਹੈ। ੫.ਉਹੋ ਅੱਕ ਚਰਕੇ ਬਕਰੀ ਅੰਮ੍ਰਿਤ ਰੂਪ ਦੁੱਧ ਮੂੰਹ ਵਿਖੇ ਚੋਂਦੀ ਹੈ, (ਭਾਵ ਦੁਧ ਐਸਾ ਨਰੋਇਆ ਹੈ ਕਿ ਬਾਲਾਂ ਨੂੰ ਧਾਰਾਂ ਚੋਂਦੇ ਹਨ)। ੬.ਸੱਪ ਨੂੰ ਦੁੱਧ ਪਿਅਈਏ ਤਾਂ ਪਾਸ ਖੜੋਤਾ ਹੀ ਵਿਹੁ ਦੀ ਉਗਾਲੀ ਕਰਦਾ ਹੈ, ੭.ਗੁਣ ਦਾ ਅਵਗੁਣ ਕਰ ਦਿੰਦਾ ਹੈ।

**ਭਾਵ**-ਬਕਰੀ ਅਵਗੁਣ ਦਾ ਗੁਣ ਦੱਸਦੀ ਹੈ, ਪਰ ਸੱਪ ਗੁਣ ਦਾ ਅਵਗੁਣ ਕਰਦਾ ਹੈ, ਅਜਿਹੀ ਹੀ ਗੁਰਮੁਖ ਅਰ ਮਨਮੁਖ ਕ੍ਰਮ ਅਨੁਸਾਰ ਜਾਣੋ।

## ੨੧. (ਨਿਗੁਰਾ ਮਨਮੁਖ ਵੱਸ ਨਹੀਂ ਆ ਸਕਦਾ)।

੧. ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ।
੨. ਹਸਿ ਹਸਿ ਬੋਲੈ ਕੁਹੀਦੀ ਖਾਧੇ ਅਕੁ ਹਾਲ ਇਹ ਹੋਆ।

੩. ਮਾਸ ਖਾਣ ਗਲ ਛੁਰੀ ਦੇ ਹਾਲ ਤਿਨਾੜਾ ਕਉਣ ਅਲੋਆ।
੪. ਜੀਭੈ ਹੁੰਦਾ ਫੇੜਿਐ ਖਉ ਦੰਦਾਂ ਮੁਹ ਭੰਨਿ ਵਿਗੋਆ।
੫. ਪਰਤਨ ਪਰਧਨ ਨਿੰਦ ਕਰਿ ਹੋਆ ਦੁਜੀਭਾ ਬਿਸੀਅਰੁ ਭੋਆ।
੬. ਵਸਿਆਵੈ ਗੁਰੁਮੰਤ ਸੁਣਿ ਨਿਗੁਰਾ ਮਨਮੁਖ ਸੁਣੈ ਨ ਸੋਆ।
੭. ਵੇਖਿ ਨ ਚਲੈ ਅਗੇ ਟੋਆ ॥੨੧॥

**ਪਦਾਰਥ**-(ਅਲੋਆ=ਦੇਖਨਾ। ਦੁਜੀਭਾ ਬਿਸੀਅਰ=ਦੋ ਜੀਭਾ ਸੱਪ (ਜੀਭ ਵਿਚ ਸੁਆਦ ਤੇ (ਕੁਬਚਨ ਦੋ ਪਾਪ ਹਨ) ਇਸ ਲਈ ਦੁਜੀਭਾ ਸੱਪ ਹੁੰਦਾ ਹੈ (ਮਨਮੁਖ)। (ਭੋਆ=ਮਿਲਦਾ ਹੈ ਵਾ ਹੁੰਦਾ ਹੈ। ਸੋਆ=ਸੋਭਾ।)

**ਅਰਥ**-੧.ਕਸਾਈ ਬੱਕਰੀ ਨੂੰ ਕੋਂਹਦਾ ਹੈ ਮਾਸ ਨੂੰ ਲੂਣ ਲਾਕੇ ਸੀਖ ਉਤੇ ਪਰੋਂਦਾ ਹੈ। ੨.(ਬਕਰੀ) ਕੁਹੀਦੀ ਹੋਈ ਹੱਸ ਹੰਸ ਕੇ ਬੋਲਦੀ ਹੈ (ਭਈ) ਮੇਰਾ ਅੱਕ ਦੇ ਖਾਣ ਨਾਲ ਇਹ ਹਾਲ ਹੋਇਆ। ੩.(ਜਿਹੜੇ। ਮੇਰੇ) ਗਲ ਵਿਚ ਛੁਰੀਆਂ ਦੇ ਕੇ ਮਾਸ ਖਾਂਦੇ ਹਨ ਉਹਨਾਂ ਦਾ ਹਾਲ ਕੀ ਦੇਖਣ ਵਿਚ ਆਊ। ੪.ਜੀਭ ਦਾ ਫੇੜਿਆ ਹੋਇਆ (ਖੋਟਾ ਕੰਮ) ਦੰਦਾਂ ਦਾ ਖਉ ਅਤੇ ਮੂੰਹ ਨੂੰ ਭੰਨਕੇ ਨਾਸ ਕਰਦਾ ਹੈ। ੫.ਪਰ ਇਸਤ੍ਰੀ ਗਮਨ, ਪਰਾਏ ਧਨ ਨੂੰ ਆਪਣਾ ਕਹਿਣਾ ਤੇ ਪਰਾਈ ਨਿੰਦਾ ਕਰਨ ਵਾਲਾ ਦੁਜੀਭਾ ਸੱਪ ਬਣਦਾ ਹੈ। ੬.ਗੁਰੂ ਦਾ ਮੰਤਰ ਸੁਣ ਕੇ (ਉਹ ਦੁਜੀਭਾ ਸੱਪ ਤਾਂ) ਵੱਸ ਵਿਖੇ ਆ ਜਾਂਦਾ ਹੈ, (ਪਰੰਤੂ) ਨਿਗੁਰਾ ਮਨਮੁਖ ਰੰਚਕ ਮਾਤ੍ਰ (ਗੁਰ ਮੰਤਰ) ਨਹੀਂ ਸੁਣਦਾ ਹੈ। ੭.ਅੱਗੇ ਟੋਆ ਟਿੱਬਾ ਵੇਖਕੇ ਨਹੀਂ ਚਲਦਾ।

## ੨੨. (ਦੂਜਾ ਭਾਉ ਖੋਟਾ ਦਾਉ ਹੈ)।

੧. ਆਪ ਨ ਵੰਞੈ ਸਾਹੁਰੈ ਲੋਕਾਂ ਮਤੀਂ ਦੇ ਸਮਝਾਏ।
੨. ਚਾਨਣ ਘਰ ਵਿਚਿ ਦੀਵਿਅਹੁੰ ਹੇਠ ਅੰਨੇਰੁ ਨ ਸਕੈ ਮਿਟਾਏ।
੩. ਹਥੁ ਦੀਵਾ ਫੜਿ ਆਖੁੜੈ ਹੁਇ ਚਕਚਉਧੀ ਪੈਰ ਥਿੜਾਏ।
੪. ਹਥ ਕੰਙਣ ਲੈ ਆਰਸੀ ਅਉਖਾ ਹੋਵੈ ਦੇਖਿ ਦਿਖਾਏ।
੫. ਦੀਵਾ ਇਕਤੁ ਹਥੁ ਲੈ ਆਰਸੀ ਦੂਜੈ ਹਥਿ ਫੜਾਏ।
੬. ਹੁੰਦੇ ਦੀਵੇ ਆਰਸੀ ਆਖਰੁ ਟੋਏ ਪਉਂਦਾ ਜਾਏ।
੭. ਦੂਜਾ ਭਾਉ ਕੁਦਾਉ ਹਰਾਏ ॥੨੨॥

**ਪਦਾਰਥ**-(ਆਖੁੜੈ=ਠੁਡੇ ਖਾਂਦਾ ਹੈ। ਚਕਚਉਧੀ=ਚੱਕ੍ਰਤ, ਅੱਚਣਚੇਤ। (ਖਿੜਾਏ=ਥਿੜਕਦਾ ਹੈ। ਟੋਏ ਪਉਂਦਾ= ਖਾਤੇ ਪੈਂਦਾ ਹੈ, ਕਿਉਂ (ਜੋ ਸ਼ੀਸ਼ੇ ਤੇ ਦੀਵੇ ਵੱਲ ਤਕਦਾ ਹੇ ਰਾਹ ਵਲ ਨਹੀਂ ਦੇਖਦਾ। )

**ਅਰਥ**-੧.ਆਪ (ਵਹੁਟੀ) ਸਾਹੁਰੇ ਘਰ ਜਾਂਦੀ ਨਹੀਂ ਤੇ ਲੋਕਾਂ ਨੂੰ ਮੱਤਾਂ ਦੇਕੇ ਸਮਝਾਉਂਦੀ ਹੈ (ਕਿ ਵਹੁਟੀਆਂ ਨੂੰ ਆਪਣੇ ਸਾਹੁਰੇ ਘਰ ਵੱਸਣਾ ਸ੍ਰੇਸ਼ਟ ਹੈ! ਇਸ ਪੁਰ ਦ੍ਰਿਸ਼ਟਾਂਤ ਦਿੰਦੇ ਹਨ)। ੨.ਘਰ ਵਿਖੇ ਦੀਵੇ ਕਰਕੇ ਚਾਨਣ ਤਾ ਹੁੰਦਾ ਹੈ (ਪਰੰਤੂ ਦੀਵਾ ਆਧਣੇਂ) ਹੇਠੋਂ ਹਨੇਰਾ ਨਹੀਂ ਮਿਟਾ ਸਕਦਾ, (ਇਸੇ ਲਈ)। ਹਥ ਵਿਖੇ ਦੀਵਾ ਫੜਨ ਵਾਲਾ ਬੀ ('ਆਖੁੜੇ') ਠੁਡੇ ਖਾਂਦਾ ਹੈ, (ਅਜਿਹਾ ਕਿ) ਚੱਕ੍ਰਿਤ ਹੋਕੇ (ਜਾਂ) ਅੱਚਣਚੇਤ ਪੈਰ ਥਿੜਕਾ ਬੈਠਦਾ ਹੈ, (ਕਿਉਂ ਜੋ ਉਸਦਾ ਚਾਨਣ ਨਿਰਾ ਲੋਕਾਂ ਲਈ ਹੈ ਆਪ ਹਨੇਰੇ ਵਿਚ ਜਾਂਦਾ ਹੈ)। ੪.ਹੱਥ ਦੇ ਕੰਙਣ ਨੂੰ ਜੋ ਆਰਸੀ ਲੈ ਕੇ ਦੇਖਣਾ ਚਾਹੇ ਉਹ ਦੇਖ ਦਿਖਾਉਣ ਵਿਖੇ ਅਉਖਾ ਹੋਊ (ਕਿਉਂ ਜੋ ਹੱਥ ਦੇ ਕੜੇ ਨੂੰ ਆਰਸੀ ਦੀ

ਆਖੇ, ਲੋਕ ਠੱਠਾ ਕਰਨਗੇ)। ੫.ਇਕ ਹੱਥ ਵਿਖੇ ਦੀਵਾ ਅਰ ਦੂਜੇ ਹੱਥ ਵਿਖੇ ਆਰਸੀ ਫੜ ਲਵੇ। ੬.ਦੀਵੇ ਤੇ 'ਆਰਸੀ' ਦੇ ਹੁੰਦਿਆਂ ਠੁੱਡਾ ਖਾਕੇ ਖਾਤੇ ਵਿਚ ਹੀ ਜਾ ਪਊ (ਕਿਉਂ ਜੋ ਦੀਵੇ ਨਾਲ ਸ਼ੀਸ਼ੇ ਵਿਚੋਂ ਰਾਹ ਤੱਕਣ ਵਲ ਧਿਆਨ ਰਹੂ, ਆਪਣਾ ਕੰਘਾ ਕਰਾ ਬੈਠੂ)। ੭.ਦੂਜਾ ਭਾਉ ਖੋਟਾ ਦਾਉ ਹਾਰ ਹੀ ਦਿੰਦਾ ਹੈ।

**ਭਾਵ**-ਦੋ ਬੇੜੀਆਂ ਪੁਰ ਲੱਤ ਰੱਖਣਹਾਰਾ ਡੁਬਦਾ ਹੈ ਇਸੇ ਲਈ ਦੂਜੇ ਭਾਉ ਵਾਲੇ ਮਨੁੱਖ ਜਨਮ ਦੀ ਰਤਨ ਰੂਪ ਬਾਜ਼ੀ ਹਾਰ ਬੈਠਦੇ ਹਨ।

## ੨੩. (ਮਨਮੁਖ ਅਕ੍ਰਿਤਘਨ ਹੈ)।

੧. ਅਮਿਅ ਸਰੋਵਰੁ ਮਰੈ ਡੁਬਿ ਤਰੈ ਨ ਮਨਤਾਰੂ ਸੁ ਅਵਾਈ।
੨. ਪਾਰਸ ਪਰਸਿ ਨ ਪੱਥਰਹੁੰ ਕੰਚਨ ਹੋਇ ਨ ਅਘੜੁ ਘੜਾਈ।
੩. ਬਿਸੀਅਰੁ ਵਿਸੁ ਨ ਪਰਹਰੇ ਅਠ ਪਹਿਰਿ ਚੰਨਣ ਲਪਟਾਈ।
੪. ਸੰਖ ਸਮੁੰਦਰੁੰ ਸਖਣਾ ਹੋਵੈ ਧਾਹਾਂ ਮਾਰਿ ਸੁਣਾਈ।
੫. ਘੁਘੂ ਸੁਝ ਨ ਸੁਝਈ ਸੂਰਜ ਜੋਤਿ ਨ ਲੁਕੈ ਲੁਕਾਈ।
੬. ਮਨਮੁਖ ਵਡਾ ਅਕਿਰਤਘਨ ਦੂਜੇ ਭਾਇ ਸੁਆਇ ਲੁਭਾਇ।
੭. ਸਿਰਜਨਹਾਰ ਨ ਚਿਤਿ ਵਸਾਈ॥੨੩॥

**ਪਦਾਰਥ**-(ਅਵਾਈ=ਪ੍ਰਸਿੱਧ, ਅਵੈੜਾ, ਕਹੇ ਨਾਂ ਲੱਗਣ ਵਾਲਾ। )

**ਅਰਥ**-੧.ਅੰਮ੍ਰਿਤ ਦੇ ਤਲਾਉ ਵਿਖੇ ਅਵੈੜਾ ਮਨਤਾਰੂ ਤਰਦਾ ਨਹੀਂ। ਡੁਬ ਮਰਦਾ ਹੈ। ੨.ਪਾਰਸ ਨਾਲ ਪਰਸ ਕੇ ਪੱਥਰ ਤੋਂ ਸੋਨਾ ਨਹੀਂ ਹੋ ਸਕਦਾ, ਨਾ ਉਹ ਅਘੜ (ਸੋਨੇ ਦੇ ਵਾਂਗੂੰ) ਘੜਿਆ ਹੀ ਜਾਂਦਾ ਹੈ। ੩.ਚੰਦਨ ਦੇ ਨਾਲ ਸੱਪ ਅੱਠ ਪਹਿਰ ਲਪਟਿਆ ਰਹਿੰਦਾ ਹੈ, (ਪਰੰਤੂ ਆਪਣੀ) ਵਿਹੁ ਨੂੰ ਨਹੀਂ ਛੱਡਦਾ। ੪.ਸੰਖ ਸਮੁੰਦਰ ਤੋਂ ਖਾਲੀ ਹੀ ਨਿਕਲਦਾ ਹੈ, ਧਾਹਾਂ ਮਾਰਕੇ ਲੋਕਾਂ ਨੂੰ ਸੁਣਾ ਸੁਣਾ ਕੇ ਰੋਂਦਾ ਹੈ( ਕਿ ਤੁਸੀਂ ਨਾ ਗੁਰੂ ਸਮੁੰਦਰ ਥੋਂ ਖਾਲੀ ਰਹਿਓ)। ੫.ਉੱਲੂ ਨੂੰ (ਆਪ ਹੀ) ਚਾਨਣਾ ਨਹੀਂ ਦਿਸਦਾ, ਸੂਰਜ ਦੀ ਜੋਤ ਤਾਂ ਲੁਕਾਈ ਹੋਈ ਲੁਕਦੀ ਨਹੀਂ। (ਹੁਣ ਛੀਵੀਂ ਅਰ ਸੱਤਵੀਂ ਤੁਕ ਵਿਖੇ ਉਪਰਲੇ ਦ੍ਰਿਸ਼ਟਾਂਤਾਂ ਦਾ ਸਿੱਟਾ ਕੱਢਦੇ ਹਨ)। ੬.ਮਨਮੁਖ ਵੱਡਾ ਅਕ੍ਰਿਤਘਣ ਹੈ ਕਿਉਂ ਜੋ) ਦੂਜੇ ਭਾਉ ਦੇ ਸੁਆਦ ਵਿਖੇ ਲਭਾਇਮਾਨ ਹੋ ਰਿਹਾ ਹੈ (ਤੇ) ੭.ਸਿਰਜਣਹਾਰ (ਨਿਰੰਕਾਰ ਨੂੰ) ਚਿੱਤ ਵਿਖੇ ਨਹੀਂ ਸਿਮਰਣ ਕਰਦਾ।

**ਭਾਵ**-''**ਦਾਤਿ ਪਿਆਰੀ ਵਿਸਰਿਆ ਦਾਤਾਰਾ॥**' (ਧਨਾ:ਮ:੫-੨੨) ਪੁਨਾ:-''**ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥**'' (ਮਾਝ:ਵਾਰ-੨)

## ੨੪. (ਨਿਗੁਰਾ ਪ੍ਰਾਣੀ ਬੁਰਾ)।

੧. ਮਾਂ ਗਭਣ ਜੀਅ ਜਾਣਦੀ ਪੁਤੁ ਸਪੁਤੁ ਹੋਵੈ ਸੁਖਦਾਈ।
੨. ਕੁਪੁਤਹੁੰ ਧੀ ਚੰਗੇਰੜੀ ਪਰ ਘਰਿ ਜਾਇ ਵਸਾਇ ਨ ਆਈ।
੩. ਕੁਧੀਅਹੁੰ ਸਪ ਸਕਾਰਥਾ ਜਾਉ ਜਣੇਂਦੀ ਜਣਿ ਜਣਿ ਖਾਈ।
੪. ਮਾਂ ਡਾਇਣ ਧੰਨ ਧੰਨ ਹੈ ਕਪਟੀ ਪੁਤੈ ਖਾਇ ਅਘਾਈ।
੫. ਬਾਮਣ ਗਾਈ ਖਾਇ ਸਪ ਫਲ ਗੁਰਮੰਤ੍ਰ ਪਵਾਇ ਪਿੜਾਈ।

੬. ਨਿਗੁਰੇ ਤੁਲਿ ਨ ਹੋਰੁ ਕੋ ਸਿਰਜਣਹਾਰੇ ਸਿਰਠਿ ਉਪਾਈ।
੭. ਮਾਤਾ ਪਿਤਾ ਨ ਗੁਰੁ ਸਰਣਾਈ ॥੨੪॥

**ਪਦਾਰਥ**-(ਪਿੜਾਈ=ਪਿਟਾਰੀ।)

**ਅਰਥ**-੧.ਮਾਂ ਗਰਭਵੰਤੀ ਜੀ ਵਿਖੇ ਜਾਣਦੀ ਹੈ ਕਿ ਮੇਰਾ ਪੁਤ੍ਰ ਸਪੁਤ੍ਰ ਹੋਕੇ ਸੁਖ ਦੇਵੇਗਾ। ੨.(ਪਰੰਤੂ) ਕੁਪੁਤ੍ਰ (ਜੰਮਣ) ਨਾਲੋਂ ਧੀ ਚੰਗੀ ਹੈ, (ਕਿਉਂ ਜੋ) ਪਰਾਏ ਘਰ ਨੂੰ ਜਾਕੇ ਵਸਾਊ ਤੇ ਫੇਰ ਨਾ ਆਊ। ੩.ਖੋਟੀ ਧੀ ਨਾਲੋਂ ਸੱਪਣੀ, ਚੰਗੀ ਹੈ, (ਜਿਹੜੀ) ਬੱਚੇ ਜਣਦੀ ਹੈ, (ਫੇਰ ਆਪਣੇ) ਜਣਿਆਂ ਨੂੰ ਆਪ ਹੀ ਖਾ ਲੈਦੀ ਹੈ, (ਕਿਉਂ ਜੋ ਹੋਰਨਾਂ ਨੂੰ ਤਾਂ ਇਹ ਪਾਪੀ ਦੁੱਖ ਨਾ ਦੇਵਣ) ੪.(ਸੱਪਣੀ ਨਾਲੋਂ ) ਡਾਇਣ ਮਾਂ ਬੀ ਧੰਨ ਹੈ ਜਿਹੜੀ ਕਪਟੀ ਪੁੱਤ ਨੂੰ ਰੱਜ ਕੇ ਖਾ ਲੈਂਦੀ ਹੈ। ੫.ਬਾਹਮਨ ਤੇ ਗਊ ਨੂੰ ਸੱਪ ਖਾ ਲੈਂਦਾ ਹੈ, ਪਰੰਤੂ ਗੁਰੂ ਦਾ ਮੰਤ੍ਰ ਸੁਣਕੇ ਪਿਟਾਰੀ ਵਿਚ ਪੈ ਜਾਂਦਾ ਹੈ, (ਸਪੇਰੇ ਦੀ ਬੀਨ ਦੇ ਸ਼ਬਦ ਨਾਲ ਵੱਸ ਵਿਚ ਆ ਜਾਂਦਾ ਹੈ, ਮੰਤਰ ਨਾਲ ਵਸ ਹੋ ਜਾਂਦਾ ਹੈ)। ੬.ਕਰਤਾਰ ਨੇ ਨਿਗੁਰੇ ਸਮਾਨ ਹੋਰ ਕੋਈ (ਨੀਚ) ਸ੍ਰਿਸ਼ਟੀ ਨਹੀਂ ਰਚੀ (ਨਿਗੁਰੇ ਦਾ ਲੱਛਣ ਕੀ ਹੈ?) ੭.ਮਾਤਾ ਪਿਤਾ ਅਰ ਗੁਰੂ ਦੀ ਸ਼ਰਨ ਨੂੰ ਨਹੀਂ ਮੰਨਦਾ ਹੈ।

**ਭਾਵ**-ਸੱਪ ਭਾਵੇਂ ਸਭ ਤੋਂ ਨੀਚ ਯੋਨੀ ਹੈ ਕਿਉਂ ਜੋ ਰਿਸ਼ੀ ਮੁਨੀ ਸਭ ਨੂੰ ਡੰਗ ਮਾਰਣੋਂ ਨਹੀਂ ਟਲਦਾ, ਪਰੰਤੂ ਗੁਰਮੰਤਰ ਨੂੰ ਨਾ ਮੋੜੂ। ਨਿਗੁਰਾ ਗੁਰੂ ਮੰਤ੍ਰ ਨੂੰ ਬੀ ਛਿੱਕੇ ਪੁਰ ਧਰ ਦਿੰਦਾ ਹੈ। ਮਾਤਾ ਪਿਤਾ ਗੁਰੂ ਕਿਸੇ ਦੀ ਸ਼ਰਣ ਨਹੀਂ ਮੰਨਦਾ।

**'ਨਿਗੁਰੇ ਕਉ ਗਤਿ ਕਾਈ ਨਾਹੀਂ ॥ ਅਵਗੁਣਿ ਮੁਠੇ ਚੋਟਾ ਖਾਹੀ॥''** (ਆਸਾ:ਮ:੩-੪੦)

# ੨੫. (ਨਿਗੁਰੇ ਦਾ ਦਰਸ਼ਨ ਬੁਰਾ ਹੈ)।

੧. ਨਿਗੁਰੈ ਲਖ ਨ ਤੁਲ ਤਿਸ ਨਿਗੁਰੇ ਸਤਿਗੁਰ ਸਰਣ ਨ ਆਏ।
੨. ਜੋ ਗੁਰ ਗੋਪੈ ਆਪਣਾ ਤਿਸੁ ਡਿੱਠੇ ਨਿਗੁਰੇ ਸ਼ਰਮਾਏ।
੩. ਸੀਹ ਸਉਹਾਂ ਜਾਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਏ।
੪. ਸਤਿਗੁਰ ਤੇ ਜੋ ਮੁਹੁ ਫਿਰੈ ਤਿਸ ਮੁਹ ਲਗਣ ਵਡੀ ਬਲਾਏ।
੫. ਜੋ ਤਿਸੁ ਮਾਰੈ ਧਰਮ ਹੈ ਮਾਰਿ ਨ ਹੰਘੈ ਆਪ ਹਟਾਏ।
੬. ਸੁਆਮਿ ਧੋਹੀ ਅਕਿਰਤਘਣ ਬਾਮਨ ਗਊ ਵਿਸਾਹ ਮਰਾਏ।
੭. ਬੇਮੁਖ ਲੂੰਅ ਨ ਤੁਲ ਤੁਲਾਏ ॥੨੫॥

**ਪਦਾਰਥ**-(ਸਉਹਾਂ=ਸਾਹਮਣਾ। ਬਲਾਏ=ਉਪੱਦ੍ਰਵ। ਹੰਘੈ=ਸਕੇ। (ਸੁਆਮਿ ਧੋਹੀ=ਸ੍ਵਾਮੀ ਘਾਤੀ। ਵਿਸਾਹ=ਭਰੋਸਾ।)

**ਅਰਥ**-੧.ਉਸ ਨਿਗੁਰੇ ਦੇ ਤੁੱਲ ਲਖ ਨਿਗੁਰੇ ਨਹੀਂ ਪੁਜਦੇ, (ਜਿਹੜਾ) ਨਿਗੁਰਾ ਸਤਿਗੁਰੂ (ਅਰਥਾਤ ਗੁਰੂ ਨਾਨਕ ਦੀ) ਸ਼ਰਨ ਨਾਂ ਆਵੇ। ੨.(ਕਿਉਂ ਜੋ ਜਿਹੜਾ ਨਿਗੁਰਾ) ਆਪਣੇ ਗੁਰੂ ਨੂੰ ਛੁਪਾਵੇ ਉਸ ਨੂੰ ਦੇਖਕੇ ਹੋਰ ਨਿਗੁਰੇ ਸ਼ਰਮਾਉਂਦੇ ਹਨ (ਕਿ ਇਹ ਘੋਰ ਪਾਪੀ ਹੈ, ਇਸਦੇ ਮੱਥੇ ਲੱਗਣਾ ਧਰਮ ਨਹੀਂ)। ੩.ਸ਼ੇਰ ਦੇ ਸਾਹਮਣੇ ਜਾਣਾ ਚੰਗਾ ਹੈ, ਪਰੰਤੂ ਉਸ (ਗੁਰ ਗੋਪੂ ਨਿਗੁਰੇ) ਬੇਮੁਖ ਦੇ ਸਾਹਮਣੇ ਨਾਂ ਜਾਣਾ ਚਾਹੀਏ (ਕਿਉਂ ਜੋ ਉਹ ਪੀੜਾ ਥੋੜੇ ਚਿਰ ਦੀ ਹੈ-ਇਥੇ ਚੌਰਾਸੀ ਭੋਗਣੀ ਪੈ ਜਾਊ)। ੪.ਸਤਿਗੁਰੂ ਤੋਂ ਜੋ ਮੂੰਹ ਫੇਰਦਾ ਹੈ, ਉਸ ਦੇ ਮੂੰਹ ਲੱਗਣਾ ਬੁਰੀ 'ਬਲਾਏ' (ਅਰਥਾਤ=ਉਪੱਦ੍ਰਵ) ਹੈ। ੫.ਜੋ ਉਸ ਨੂੰ ਮਾਰੇ ਪੁੰਨ ਹੈ ਜੇਕਰ (ਬਲੀ ਹੋਣ ਦੇ ਕਾਰਣ) ਮਾਰ ਨਾ

ਸਕੇ ਤਾਂ ਆਪਣਾ ਆਪ (ਉਸ ਥੋਂ) ਹਟਾ ਲਵੇ* । ੬.ਸੁਾਮ ਘਾਤੀ, ਅਕਿਤਘਣ, ਬ੍ਰਾਹਮਣ ਗਊ ਨੂੰ ਜੋ ਕਿ ਆਪਣਾ ਭਰੋਸਾ ਦੇਕੇ ਮਰਵਾ ਸਿੱਟੇ, (ਐਸੇ ਪਾਪੀ) ੭.(ਗੁਰੂ ਤੋਂ) ਬੇਮੁਖ ਦੇ ਲੂੰ ਦੇ ਬਰਾਬਰ ਨਹੀਂ ਹਨ।

**ਭਾਵ**-ਨਿਗੁਰਾ ਆਦਮੀ ਕੇਂਦਰ ਹੀਨ ਹੁੰਦਾ ਹੈ, ਧੂੰਏ ਵਾਙ ਸੁਰਤ ਦਾ ਖਿੰਡਿਆ ਹੁੰਦਾ ਹੈ, ਕਿਸੇ ਅਸੂਲ ਦਾ ਪਾਬੰਦ ਹੁੰਦਾ ਨਹੀਂ ਉਸ ਦਾ ਕੋਈ ਵਿਸਾਹ ਨਹੀਂ ਕਿ ਕਿਸ ਵੇਲੇ ਕੀਹ ਕਰ ਘੱਤੇ।

## ੨੬, (ਜੁਆਰੀਏ ਦਾ ਜਨਮ ਹਾਰਨਾ)।

੧. ਮਾਨਸ ਦੇਹਿ ਦੁਲੰਭੁ ਹੈ ਜੁਗਹ ਜੁਗੰਤਰਿ ਆਵੈ ਵਾਰੀ।
੨. ਉਤਮ ਜਨਮ ਦੁਲੰਭੁ ਹੈ ਇਕ ਵਾਕੀ ਕੋੜਮਾ ਵੀਚਾਰੀ।
੩. ਦੇਹਿ ਅਰੋਗ ਦੁਲੰਭੁ ਹੈ ਭਾਗਠੁ ਮਾਤ ਪਿਤਾ ਹਿਤਕਾਰੀ।
੪. ਸਾਧੂ ਸੰਗਿ ਦੁਲੰਭੁ ਹੈ ਗੁਰਮੁਖਿ ਸੁਖਫਲ ਪਗਤਿ ਪਿਆਰੀ।
੫. ਫਾਥਾ ਮਾਇਆ ਮਹਾਂ ਜਾਲ ਪੰਜ ਦੂਤ ਜਮ ਕਾਲ ਸੁ ਭਾਰੀ।
੬. ਜਿਉ ਕਰਿ ਸਹਾ ਵਹੀਰ ਵਿਚਿ ਪਰ ਹਥ ਪਾਸਾ ਪਉਛਕਿ ਸਾਰੀ।
੭. ਦੂਜੈ ਭਾਇ ਕੁਦਾਇਅੜ ਜਮ ਜੰਦਾਰੁ ਸਾਰ ਸਿਰ ਮਾਰੀ।
੮. ਆਵੈ ਜਾਇ ਭਵਾਈਐ ਭਵਜਲੁ ਅੰਦਰਿ ਹੋਇ ਖੁਆਰੀ।
੯. ਹਾਰੈ ਜਨਮ ਅਮੋਲ ਜੁਆਰੀ॥੨੬॥

**ਪਦਾਰਥ**-(ਇਕਵਾਕੀ=ਸਚ ਬੋਲਨ ਹਾਰੇ, ਸੱਤਜ ਵਾਕੀ। ਭਾਗਠੁ=ਧਨੀ। (ਸਹਾ=ਸਹਿਆ। ਵਹੀਰ=ਭੀੜ। ਪਉਛਕਿ ਸਾਰੀ=ਅਪੁੱਠੀ ਖੇਡ ਹੈ।)

**ਅਰਥ**-੧.ਮਾਨਸ ਜਨਮ ਦੁਰਲੱਭ ਹੈ, ਕਈ ਜੁਗਾਂ ਦੇ ਪਿੱਛੋਂ ਇਸ ਦੀ ਵਾਰੀ ਆਉਂਦੀ ਹੈ, ੨.ਇਕ ਬਚਨ ਵਾਲੇਂ ਵਿਚਾਰਵਾਨਾਂ ਦੇ ਕੋੜਮੇਂ ਵਿਖੇ ਉਤਮ ਜਨਮ (ਹੋਰ ਬੀ) ਦੁਰਲੱਭ ਹੈ। ੩.ਦੇਹ ਦਾ ਅਰੋਗ ਹੋਣਾ ਉਸ ਤੋਂ ਵਡਾ ਦੁਰਲੱਭ ਹੈ, ਧਨਾਢ ਮਾਤਾ ਪਿਤਾ ਅਰ ਹਿਤਕਾਰੀ ਹੋਣਾ (ਏਹ ਹੋਰ ਦੁਰਲੱਭ ਹੈ)। ੪.ਸਤਿਸੰਗ ਸਭ ਤੋਂ ਦੁਰਲੱਭ ਹੈ। ਗੁਰਮੁਖ ਲੋਕ ਸੁਖ ਫਲ ਜਾਣਕੇ ਭਗਤੀ ਹੀ ਪਿਆਰੀ ਜਾਣਦੇ ਹਨ। (ਹੁਣ ਆਮ ਦਸ਼ਾ ਕਥਦੇ ਹਨ)। ੫.ਮਾਯਾ ਦੇ ਮਹਾਂ ਜਾਲ ਵਿਖੇ ਫਸਿਆ ਪੰਜ ਦੂਤਾਂ (ਕਾਮਾਦਕਾਂ) ਕਰਕੇ ਜਨਮ ਮਰਣ ਦਾ ਭਾਰੀ ਖੇਦ ਸਹਿੰਦਾ ਹੈ। ੬.ਜਿਕੁਰ ('ਵਹੀਰ')

---

*ਇਹ ਅਰਥ ਆਮ ਕਰਦੇ ਹਨ ਪਰ ਗੁਰਮਤ ਦੇ ਇਹ ਵਿਰੁੱਧ ਹੈ ਕਿਉਂਕਿ ਇਹ ਮਤ ਪ੍ਰੇਮ ਦਾ ਹੈ ਮੁਸਲਮਾਨਾਂ ਵਾਙ ਕਤਲ ਦਾ ਨਹੀਂ, ਐਸੇ ਲਫਜਾਂ ਨੂੰ ਫੜਕੇ ਖ਼ੂੰਨੀ ਆਦਮੀ ਬੇਗੁਨਾਹਾਂ ਦੇ ਕਤਲ ਤੇ ਲੱਕ ਬੰਨ੍ਹਿਆ ਕਰਦੇ ਹਨ। ਗੁਰ ਆਸ਼ੇ ਅਨੁਸਾਰ ਏ ਅਰਥ ਬਣਦਾ ਹੈ ਕਿ ਸਿੱਖ ਨਿਗੁਰੇ ਦੇ ਮੂੰਹ ਨਾ ਲੱਗੇ, ਜੇ ਲੱਗੇ ਤਾਂ ਤਿਸ (ਉਸ ਸਿਖ ਨੂੰ ਨਿਗੁਰਾ) ਮਾਰੇ ਤਦ ਸਿਖ ਦਾ ਧਰਮ ਹੈ ਕਿ ਅੱਗੋਂ ਉਸ ਨੂੰ ਨਾ ਮਾਰੇ ਸਗੋਂ ਆਪਣਾ ਆਪ ਪਰੇ ਹਟਾ ਲਵੇ। ਜੇ ਪਹਿਲਾ ਅਰਥ ਹੀ ਠੀਕ ਹੋਵੇ 'ਤਦ ਮਾਰਨ ਦਾ' ਅਰਥ ਕਤਲ ਹੀ ਨਹੀਂ ਹੈ! ਭਾਵ ਦੰਡ ਦੇਣ ਤੋਂ ਹੋਣਾ ਹੈ, ਸੋ ਦੰਡ ਉਹੀ ਦੇ ਸਕਦਾ ਹੈ ਜਿਸ ਨੂੰ ਦੰਡ ਦੇਣ ਦਾ ਅਧਿਕਾਰ ਹੈ, ਹਰ ਇਕ ਪ੍ਰਾਣੀ ਦੰਡ ਨਹੀਂ ਦੇ ਸਕਦਾ। ਹਾਂ ਉਸ ਦੇ ਕੁਸੰਗ ਤੋਂ ਹਰ ਕੋਈ ਜ਼ਰੂਰ ਬਚੇ, ਯਾ ਮਾਰਨ ਦਾ ਭਾਵ ਉਸ ਨੂੰ ਦਰੁਮਤ ਕਰਨਾ ਹੋਵੇ। ਜੇ ਅੱਖਰਾਂ ਦਾ ਉਹੋ ਅਰਥ ਹੈ ਤਾਂ ਬੀ ਇਹ ਕਤਲ ਦੀ ਆਗਜਾ ਨਹੀਂ ਹੈ। ਉਸ ਨੂੰ ਜ਼ੋਰ ਨਾਲ ਸੁਧਾਰਨ ਦੀ ਆਗਜਾ ਹੋ ਸਕਦੀ ਹੈ। ਅਸਾਂ ਸਾਰੇ ਪੱਖ ਖੋਹਲ ਦਿੱਤੇ ਹਨ, ਸਾਧ ਸੰਗਤ ਵਿਚਾਰ ਕਰ ਲਵੇ।

ਭੀੜ ਵਿਚ ਸਹੇ ਫਸੇ ਹੋਏ ਦੀ (ਦਸ਼ਾ ਹੁੰਦੀ ਹੈ ਯਾ) ਪਰਾਏ ਹਥ ਵਿਚ ਪਾਸਾ ਹੋਣ ਕਰਕੇ ਖੇਡ ਪੁੱਠੀ ਪੈਂਦੀ ਜਾਂਦੀ ਹੈ। ੭.ਦੂਜੇ ਭਾਉ ਦੇ ਕੁਦਾਉ ਵਿਚ ਫਸਕੇ ਜਮ ਦਾ ਡੰਡਾ ਸਿਰ ਪੁਰ ਵਰ੍ਹਦਾ ਹੈ। ੮.ਆਵਣ ਜਾਣ ਵਿਚ ਭਵਾਈਦਾ ਹੈ, ਸੰਸਾਰ ਸਮੁੰਦਰ ਵਿਚ ਸਦਾ ਭਸ ਖਰਾਬੀ ਰਹਿੰਦੀ ਹੈ। ੯.ਅਮੋਲਕ ਜਨਮ (ਦੀ ਬਾਜ਼ੀ, ਜਿਹੜੀ ਕਈ ਜੁਗਾਂ ਪਿਛੋਂ ਮਿਲੀ ਸੀ), ਜੁਆਰੀਆ (ਐਵੇਂ) ਹਾਰ ਬੈਠਦਾ ਹੈ।

ਸੂਚਨਾ-ਅਗਲੀ ਪੌੜੀ ਵਿਖੇ ਵਿਸਥਾਰ ਨਾਲ ਦੱਸਦੇ ਹਨ:-

## ੨੭. (ਚਉਪੜ ਦੀ ਖੇਲ ਵਾਂਙੂ ਗੁਰਮੁਖ ਪੁਗਦੇ ਹਨ)।

੧. ਇਹੁ ਜਗੁ ਚਉਪੜ ਖੇਲੁ ਹੈ ਆਵਾਗਉਣ ਭਉਜਲ ਸੈਂਸਾਰੇ।
੨. ਗੁਰਮੁਖਿ ਜੋੜਾ ਸਾਧਸੰਗਿ ਪੂਰਾ ਸਤਿਗੁਰ ਪਾਰਿ ਉਤਾਰੇ।
੩. ਲਗ ਜਾਇ ਸੋ ਪੁਗ ਜਾਇ ਗੁਰਪਰਸਾਦੀ ਪੰਜ ਨਿਵਾਰੇ।
੪. ਗੁਰਮੁਖਿ ਸਹਜਿ ਸੁਭਾਉ ਹੈ ਆਪਹੁੰ ਬੁਰਾ ਨ ਕਿਸੈ ਵਿਚਾਰੇ।
੫. ਸਬਦ ਸੁਰਤਿ ਲਿਵ ਸਾਵਧਾਨ ਗੁਰਮੁਖਿ ਪੰਥ ਚਲੈ ਪਗ ਧਾਰੇ।
੬. ਲੋਕ ਵੇਦ ਗੁਰ ਗਿਆਨ ਮਤਿ ਭਾਇ ਭਗਤਿ ਗੁਰ ਸਿਖ ਪਿਆਰੇ।
੭. ਨਿਜ ਘਰਿ ਜਾਇ ਵਸੈ ਗੁਰੁਦੁਆਰੇ॥੨੭॥

**ਪਦਾਰਥ**-(ਲਗਜਾਇ=ਦਾਉ ਦਾ ਲੱਗਣਾ। ਪੁਗ=ਪੁੱਗ ਜਾਣਾ।)

**ਅਰਥ**-੧.ਇਹ ਜਗਤ ਚਉਪੜ ਦੀ ਖੇਲ ਬਣੀ ਹੋਈ ਹੈ (ਕਿਉਂ ਜੋ ਚਾਰ ਖਾਣੀਆਂ ਇਸਦੇ ਚਾਰੇ ਪਾਸੇ ਹਨ) ਭੌਜਲ ਸੰਸਾਰ ਵਿਚ ਆਵਾਗੌਣ ਦੀ (ਬਾਜ਼ੀ ਵਿਛੀ ਹੈ)। (ਜੀਵ ਨਰਦਾਂ ਵਾਂਗੂੰ ਚੌਰਾਸੀ ਲਖ ਜੋਨੀਆਂ ਦੇ ਘਰਾਂ ਵਿਚ ਫਿਰ ਰਹੇ ਹਨ, ਛੇਕੜ ਘਰ ਮਨੁਖ ਦੇਹੀ ਹੈ ਜੇਕਰ ਇਥੇ ਨਰਦ ਜੋੜਾ ਨਾਂ ਬਣੇ ਤਾਂ ਕੱਚੀ ਰਹਿਕੇ ਚੌਰਾਸੀ ਦੀ ਫਾਸੀ ਵਿਖੇ ਡੁਬ ਜਾਂਦੀ ਹੈ)। ੨.ਗੁਰਮੁਖ ਸਾਧ ਸੰਗਤ ਜੋੜੇ ਦੀਆਂ ਨਰਦਾਂ ਹਨ, 'ਸਤਿਗੁਰੂ' (ਗੁਰ ਨਾਨਕ ਦੇਵ) ਪੂਰਨ ਪਾਰ ਉਤਾਰਾ ਕਰ ਦਿੰਦੇ ਹਨ। ੩.(ਜਿਹੜੀ ਨਰਦ ਉਕਤ ਸਤਿਗੁਰੂ ਦੀ ਚਰਨੀਂ) ਲਗ ਜਾਵੇ ਉਹ ਪੁੱਗ ਜਾਂਦੀ (ਅਰਥਾਤ ਸਮੁੰਦਰੀ ਗੋਤਿਆਂ ਥੋਂ ਛੁਟਕਾਰਾ ਪਾਉਂਦੀ ) ਹੈ, ਗੁਰੂ ਦੀ ਕਿਰਪਾ ਕਰਕੇ ਪੰਜੇ (ਕਾਮਾਦੀ ਦੂਤ) ਨਿਵਿਰਤ ਹੋ ਜਾਂਦੇ ਹਨ। ੪.ਗੁਰਮੁਖ ਦਾ ਰੂਪ ਹੋਕੇ ਸ਼ਾਂਤਿ ਸੁਭਾਉ ਵਾਲਾ ਹੋ ਜਾਂਦਾ ਹੈ, ਆਪ ਤੋਂ ਬੁਰਾ ਕਿਸੇ ਨੂੰ ਨਹੀਂ ਜਾਣਦਾ। ੫.ਸ਼ਬਦ ਦੀ ਤਾਰ ਵਿਖੇ ਸਾਵਧਾਨ ਹੋਕੇ ਗੁਰਮੁਖਾਂ ਦੇ ਰਸਤੇ (ਬੁੱਧੀ) ਦਾ ਪੈਰ ਟਿਕਾਕੇ ਰਖਦਾ ਹੈ। ੬.ਲੋਕ, ਧਰਮ ਪੁਸਤਕ, ਗੁਰੂ ਦੇ ਗਿਆਨ ਦੀ ਮਤ ਦੇ ਅਨੁਸਾਰ ਪ੍ਰੇਮ ਭਗਤੀ ਨਾਲ ਗੁਰੂ ਦੇ ਸਿੱਖਾਂ ਵਿਖੇ ਪਿਆਰ ਰਖਦਾ ਹੈ। (ਫਲ ਕੀ ਹੁੰਦਾ ਹੈ?) ੭.ਨਿਜ ਘਰ ਵਿਖੇ (ਅਰਥਾਤ ਸਰੂਪਾਨੰਦ ਵਿਖੇ ਉਹ ਜੀਵ ਰੂਪੀ ਨਰਦ) ਗੁਰੂ ਦੇ ਵਸੀਲੇ ਨਾਲ ਜਾ ਵੱਸਦੀ ਹੈ।

## ੨੮. (ਅੰਨ੍ਹਾਂ ਆਗੂ)।

੧. ਵਾਂਸ ਸੁਗੰਧਿ ਨ ਹੋਵਈ ਚਰਣੋਦਕ ਬਾਵਨ ਬੋਹਾਏ।
੨. ਕਚਹੁੰ ਕੰਚਨ ਨ ਥੀਐ ਕਚਹੁੰ ਕੰਚਨ ਪਾਰਸ ਲਾਏ।
੩. ਨਿਹਫਲ ਸਿੰਮਲ ਜਾਣੀਐ ਅਫਲ ਸਫਲ ਕਰਿ ਮਭ ਫਲ ਪਾਏ।
੪. ਕਾਉਂ ਨ ਹੋਵਇ ਉਜਲੇ ਕਾਲੀ ਹੂੰ ਧਉਲੇ ਸਿਰਿ ਆਏ।
੫. ਕਾਗਵੰਸ ਹੁਇ ਪਰਮ ਹੰਸ ਨਿਰਮੋਲਕੁ ਮੋਤੀ ਚੁਣਿ ਖਾਏ।

੬. ਪਸੂ ਪਰੇਤਹੁੰ ਦੇਵ ਕਰਿ ਸਾਧ ਸੰਗਤਿ ਗੁਰੁ ਸਬਦ ਕਮਾਏ।
੭. ਤਿਸ ਗੁਰ ਸਾਰ ਨ ਜਾਣੀਆ ਦੁਰਮਤਿ ਦੂਜੇ ਭਾਇ ਲੁਭਾਏ।
੮. ਅੰਨ੍ਹਾ ਆਗੂ ਸਾਥ ਮੁਹਾਏ ॥੨੮॥

**ਪਦਾਰਥ**-(ਬਾਵਨ=ਵਿਸ਼ੇਖ ਚੰਦਨ। ਬੋਹਾਏ=ਸੁਗੰਧਿਤ ਕਰ ਦਿੰਦਾ ਹੈ।
(ਧਉਲੇ ਸਿਰਿ ਆਏ=ਚਿੱਟਾ ਸਿਰ ਹੋਇਆ। )

**ਅਰਥ**-੧.ਵਾਸਾਂ ਦੇ ਵਿਚ ਸੁਗੰਧੀ ਨਹੀਂ ਹੁੰਦੀ (ਪਰੰਤੂ ਗੁਰੂ ਦੇ) ਚਰਨਾਂ ਦਾ ਜਲ ਰੂਪੀ ਬਾਵਨ ਚੰਦਨ (ਬਾਂਸ ਰੂਪ ਸਾਕਤ ਨੂੰ ਬੀ ਬਹੁਤ) ਸੁਗੰਧਿਤ ਕਰ ਦਿੰਦਾ ਹੈ। ੨.ਕੱਚ ਤੋਂ ਸੋਨਾ ਨਹੀਂ ਹੁੰਦਾ (ਪਰੰਤੂ ਗੁਰੂ ਪਾਰਸ ਨਾਲ) ਛੋਹਿਆਂ ਕੱਚ ਤੋਂ ਕੰਚਨ ਬੀ ਹੋ ਜਾਂਦਾ ਹੈ। ੩.ਸਿੰਮਲ ਨਿਹਫਲ ਵਸਤੂ ਹੈ, (ਪਰੰਤੂ ਗੁਰੂ ਚੰਦਨ ਨਾਲ ਮਿਲ ਕੇ) ਅਫਲੋਂ ਸਫਲ ਹੋ ਕਰ ਸਾਰੇ ਫਲ (ਧਰਮਾਦਿਕ) ਪਾ ਲੈਂਦਾ ਹੈ। ੪.ਕਾਉਂ ਕਦੇ ਚਿਟੇ ਨਹੀਂ ਹੁੰਦੇ, ਭਾਵੇਂ ਕਾਲਿਆਂ ਵਾਲਾਂ ਤੋਂ ਧੌਲੇ ਸਿਰ ਤੇ ਆ ਜਾਣ, (ਭਾਵ ਸਿਰ ਚਿਟਾ ਹੋ ਜਾਵੇ ਅਭਿਮਾਨੀ ਪੁਰਸ਼ ਨਹੀਂ ਸੁਧਰਦੇ) (ਪਰੰਤੂ) ੫.ਕਾਵਾਂ ਦੀ ਵੰਸ਼ (ਸਾਕਤ) ਗੁਰੂ (ਮਾਨ ਸਰੋਵਰ ਪੁਰ) ਧਰਮ ਹੰਸ ਹੋ ਕਰ ਅਮੋਲਕ ਮੋਤੀ ਚੁਣ ਚੁਣ ਕੇ ਖਾਂਦੀ ਹੈ, (ਭਾਵ ਗੁਰੂ ਕਾਵਾਂ ਨੂੰ ਬੀ ਪਰਮ ਹੰਸ ਕਰ ਦਿੰਦੇ ਹਨ)। ੬.ਪਸ਼ੂ ਅਤੇ ਪ੍ਰੇਤਾਂ ਤੋਂ ਦੇਵ ਕਰ ਦਿੰਦੇ ਹਨ, ਸਾਧ ਸੰਗਤ ਵਿਖੇ ਮਿਲਕੇ ਗੁਰ ਸ਼ਬਦ ਦਾ ਅਭਯਾਸ ਕਰਦੇ ਹਨ। ੭.(ਹੇ ਮੂਰਖ ਨਿਗੁਰੇ! ਤੈਂ) ਐਸੇ (ਮਹਾਨ ਬਲੀ ਗੁਰੂ ਦੀ ਸਾਰ ਨਹੀਂ ਜਾਤੀ, (ਹੇ ਤੂੰ) ਖੋਟੀ ਬੁੱਧੀ ਤੇ ਦੂਜੇ ਭਾਇ ਵਿਚ ਫਸੇ (ਹੋਏ ਅੰਨ੍ਹੇ!) ੮.ਅੰਨ੍ਹਾ ਜਦ ਆਗੂ ਬਣਦਾ ਹੈ ਤਾਂ ਸਾਰੇ ਸਾਥ ਨੂੰ ਲੁਟਾ ਬੈਠਦਾ ਹੈ, (ਤਾਂਤੇ ਹੇ ਦੁਰਮਤੀ ! ਤੂੰ ਆਪ ਨਿਗੁਰਾ ਹੋਕੇ ਜੇ ਗੁਰੂ ਬਣ ਰਿਹਾ ਹੈਂ, ਸਣੇ ਸਾਥ ਡੁਬਸੇਂ)।

**ਭਾਵ**-ਸਤਿਗੁਰੂ ਦੀ ਤਾਰਣਹਾਰ ਸ਼ਕਤੀ ਦੀ ਸਫਲਤਾ ਦੱਸਕੇ ਆਖਦੇ ਹਨ ਕਿ ਜੋ ਪੁਰਸ਼ ਐਸੇ ਗੁਰੂ ਦੀ ਸ਼ਰਣ ਨਹੀਂ ਆਉਂਦਾ, ਮੁਕਾਬਲਾ ਕਰਦਾ ਹੈ, ਅਰ ਆਪ ਗੁਰੂ ਬਣਦਾ ਹੈ, ਉਹ ਆਪ ਆਪਣੇ ਸਾਥ ਸਮੇਤ ਡੁਬੇਗਾ।

## ੨੯. (ਨਿੰਮ੍ਰਤਾ ਉੱਤਮ ਉਪਦੇਸ਼)।

੧. ਮੈ ਜੇਹਾ ਨ ਅਕਿਰਤਘਣੁ ਹੈ ਭਿ ਨ ਹੋਆ ਹੋਵਣਿ ਹਾਰਾ।
੨. ਮੈ ਜੇਹਾ ਨ ਹਰਾਮ ਖੋਰੁ ਹੋਰ ਨ ਕੋਈ ਅਵਗੁਣਿਆਰਾ:
੩. ਮੈ ਜੇਹਾ ਨਿੰਦਕੁ ਨ ਕੋਇ ਗੁਰੁ ਨਿੰਦਾ ਸਿਰਿ ਬਜਰੁ ਭਾਰਾ।
੪. ਮੈ ਜੇਹਾ ਬੇਮੁਖੁ ਨ ਕੋਇ ਸਤਿਗੁਰ ਤੇ ਬੇਮੁਖ ਹਤਿਆਰਾ।
੫. ਮੈ ਜੇਹਾ ਕੋ ਦੁਸਟ ਨਾਹਿ ਨਿਰਵੈਰੈ ਸਿਉ ਵੈਰ ਵਿਕਾਰਾ।
੬. ਮੈ ਜੇਹਾ ਨ ਵਿਸਾਸ ਧ੍ਰੋਹਿ ਬਗਲ ਸਮਾਧੀ ਮੀਨ ਅਹਾਰਾ।
੭. ਬਜਰ ਲੇਪ ਨ ਉਤਰੈ ਪਿੰਡ ਅਪਰਚੇ ਅਉਚਰਿ ਚਾਰਾ।
੮. ਮੈ ਜੇਹਾ ਨ ਦੁਖਾਜਰਾ ਤਜਿ ਗੁਰਮਤਿ ਦੁਰਮਤਿ ਹਿਤਕਾਰਾ।
੯. ਨਾਉਂ ਮੁਰੀਦ ਨ ਸਬਦ ਵੀਚਾਰਾ ॥੨੯॥

**ਪਦਾਰਥ**-(ਹਰਾਮ ਖੋਰੁ=ਹਰਾਮ ਖਾਣ ਵਾਲਾ। ਸਿਰਿ ਬੱਜਰੁ ਭਾਰਾ=ਭਾਰੀ ਭਾਰ ਸਿਰ ਤੇ।
(ਵਿਸਾਸ ਧ੍ਰੋਹਿ=ਵਿਸ੍ਵਾਸ ਘਾਤੀ। ਮੀਨ ਅਹਾਰਾ=ਮੱਛੀ ਖਾਣੇ ਵਾਲਾ, ਬਗਲਾ।
(ਪਿੰਡ=ਦੇਹ। ਅਪਰਚੈ=ਪ੍ਰੇਮ ਬਾਝ ਅਉਚਰਿ ਚਾਰਾ=ਨਾ ਖਾਣ ਵਾਲੀ ਸ਼ੈ ਖਾਣੀ।)

**ਅਰਥ**-ਹੁਣ ਭਾਈ ਸਾਹਿਬ ਜੀ ਇਸ ਸ਼ੰਕਾ ਦੇ ਨਵਿਰਤ ਕਰਨ ਲਈ ਕਿ ਕੋਈ ਇਹ ਨਾ ਸਮਝੇ

 www.sikhbookclub.com

ਭਈ ਹੋਰਨਾਂ ਬੇਮੁਖਾਂ ਦੇ ਐਬ ਗਿਣਦੇ ਰਹੇ; ਆਪ ਨੂੰ ਉਤਮ ਸਮਝਿਆ ਹੋਊ, ਹੁਣ ਆਪਣੇ ਪੁਰ ਅਵਗੁਣ ਘਟਾਕੇ ਸਾਡੇ ਲਈ ਉਪਦੇਸ਼ ਕਰਦੇ ਹਨ:-

੧.ਮੈਂ ਅਜਿਹਾ ਅਕ੍ਰਿਤਘਣ ਹਾਂ, ਕਿ ਮੇਰੇ ਜਿਹਾ (ਤਿੰਨਾਂ ਕਾਲਾਂ ਵਿਖੇ) ਨਾ ਹੋਯਾ, ਨਾ ਹੈ, ਨਾ ਹੋਊ। ੨.ਮੇਰੇ ਜਿਹਾ ਹਰਾਮਖੋਰ ਕੋਈ ਨਹੀਂ, ਨਾ ਹੋਰ ਕੋਈ (ਮੇਰੇ ਜਿਹਾ) ਅਉਗਣਹਾਰਾ ਹੈ। ੩.ਮੇਰੇ ਜਿਹਾ ਨਿੰਦਕ ਬੀ ਕੋਈ ਨਹੀਂ ਜਿਸ ਨੇ ਗੁਰ ਨਿੰਦਾ ਦਾ ਸਿਰ ਪੁਰ ਭਾਰੀ ਭਾਰ ਚੁੱਕਿਆ ਹੋਇਆ ਹੈ। ੪.ਸਤਿਗੁਰੂ ਤੋਂ ਬੇਮੁਖ ਹਤਿਆਰਾ ਮੇਰੇ ਜਿਹਾ ਬੇਮੁਖ ਕੋਈ ਨਹੀਂ ਹੈ। ੫.ਮੇਰੇ ਜਿਹਾ ਨਿਰਵੈਰਾਂ ਨਾਲ ਵੈਰ ਵਿਕਾਰ ਕਰਨ ਵਾਲਾ ਕੋਈ ਦੁਸ਼ਟ ਨਹੀਂ ਹੈ। ੬.ਮੇਰੇ ਜਿਹਾ ਵਿਸਾਹ ਘਾਤ ਬਗਲੇ ਵਾਙੂ ਸਮਾਧੀਆਂ ਲਾਕੇ ਮਛੀਆਂ ਖਾਣ ਵਾਲਾ ਕੋਈ ਨਹੀਂ ਹੈ ੭.(ਮਨੁੱਖ) ਦੇਹੀ ਵਿਖੇ ਅਪਰਚੇ (ਅਰਥਾਤ ਨਾਮ ਵਿਖੇ ਪ੍ਰੀਤ ਕੀਤੇ ਬਾਝ ਜੋ ਲੋਕ) ਅਖਾਧ ਵਸਤੂ (ਪੂਜਾ ਦਾ ਧਾਨ) ਖਾਂਦੇ (ਅਰ ਭਜਨ ਜਪ ਤਪ ਆਦਿ ਨਹੀਂ ਕਰਦੇ ਹਨ ਉਹਨਾਂ ਨੂੰ 'ਉਹ) ਬੱਜਰ ਦਾ ਲੇਪ (ਹੋਕੇ ਲਗਦਾ ਹੈ) (ਜੋ ਕਿਸੇ ਯਤਨ ਨਾਲ ਨਹੀਂ ਉਤਰ ਸਕਦਾ) (ਤਿਸਦਾ ਮੈਂ ਅਧਿਕਾਰੀ ਹਾਂ)। ੮.ਮੇਰੇ ਜਿਹਾ ਕੋਈ ਦੁਬਾਜਰਾ ਨਹੀਂ ਹੈ ਜੋ ਕਿ ਗੁਰੂ ਦੀ ਸਿੱਖਯਾ ਛਡਕੇ ਦੁਰਮਤਿ ਨਾਲ ਹਿਤ ਕਰਦਾ ਹੈ। ੯.(ਮੈਂ) ਨਾਉਂ ਨੂੰ ਤਾਂ (ਗੁਰੂ ਦਾ) ਸਿੱਖ ਹਾਂ,ਪਰ ਗੁਰੂ ਦੇ ਸ਼ਬਦ ਦਾ ਵਿਚਾਰ ਨਹੀਂ ਕਰਦਾ।

**ਭਾਵ**-ਜਿਕੂੰ ਪਿਛਲੀ ਵਾਰ ਦੀ ਅੰਤਲੀ ਪੌੜੀ ਸੀ ਉਕਰ ਹੀ ਏਹ ਅੰਤ ਦੀਆਂ ਦੋ ਪੌੜੀਆਂ ਹਨ, ਤਾਤਪਰਜ ਬੀ ਇਨ੍ਹਾਂ ਦਾ ਓਹੋ ਹੀ ਹੈ।

## ੩੦. (ਉਹੋ ਹੀ)।

੧. ਬੇਮੁਖ ਹੋਵਨਿ ਬੇਮੁਖਾਂ ਮੈ ਜੇਹੇ ਬੇਮੁਖ ਮੁਖ ਡਿਠੇ।
੨. ਬਜਰ ਪਾਪਾਂ ਬਜਰ ਪਾਪ ਮੈ ਜੇਹੇ ਕਰਿ ਵੈਰੀ ਇਠੇ।
੩. ਕਰਿ ਕਰਿ ਸਿੱਠਾਂ ਬੇਮੁਖਾਂ ਆਪਹੁੰ ਬੁਰੇ ਜਾਣਕੈ ਸਿਠੇ।
੪. ਲਿਖ ਨ ਸਕਨਿ ਚਿਤ੍ਰ ਗੁਪਤ ਸਤ ਸਮੁੰਦ ਸਮਾਵਨ ਚਿਠੇ।
੫. ਚਿਠੀ ਹੂੰ ਤੂਮਾਰ ਲਿਖਿ ਲਖ ਲਖ ਇਕਦੂੰ ਇਕ ਦੁਧਿਠੇ।
੬. ਕਰਿ ਕਰਿ ਸਾਂਗ ਹੁਰੇਹਿਆਂ ਹੁਇ ਸਮਕਰਾ ਸਭਾ ਸਭਿ ਠਿਠੇ।
੭. ਮੈਥਹੁ ਬੁਰਾ ਨ ਕੋਈ ਸਰਿਠੇ ॥੩੦॥

**ਪਦਾਰਥ**-(ਇਠੇ=ਪਿਆਰੇ। ਸਿੱਠਾਂ=ਸਿੱਠਣੀਆਂ। ਸਿਠੇ=ਨਿੰਦੇ। ਚਿਠੇ=ਖਤ।
(ਤੂਮਾਰ=ਲੰਮੀ ਕਹਾਣੀ। ਦੁਧਿਠੇ=ਦੂਣੇ। ਪਾਠਾਤ੍ਰ=ਦੁਪਿਠੇ=ਦੋਵੇਂ ਪਾਸੇ।
(ਹਰੇਹਿਆਂ=ਹੋਰਨਾਂ। (ਅ) ਹੌਲਿਆਂ,ਬੁਰਿਆਂ।
(ਸਰਿਠੇ=ਸ੍ਰਿਸ਼ਟੀ ਵਿਖੇ, (ਅ) ਸ੍ਰੇਸ਼ਟ। )

**ਅਰਥ**-੧.ਮੇਰੇ ਜਿਹੇ ਬੇਮੁਖ ਦੇ ਮੂੰਹ ਦੇਖਣ ਥੋਂ ਬੇਮੁਖ ਬੀ ਬੇਮੁਖ ਹੁੰਦੇ ਹਨ,(ਭਾਵ ਮੈਨੂੰ ਓਹ ਦੇਖਣਾ ਬੀ ਨਹੀਂ ਚਾਹੁੰਦੇ ਕਿ ਇਹ ਵੱਡਾ ਪਾਪੀ ਹੈ)। ੨.ਬਜਰ ਥੋਂ ਜੋ ਮਹਾਂ ਬਜਰ ਪਾਪ ਹਨ ਮੈਂ ਜਿਹੇ ਵੈਰੀ ਨੇ (ਓਹ 'ਇਠੇ') ਪਯਾਰੇ ਕਰਕੇ ਮੰਨੇ ਹਨ। ੩.(ਕਿਉਂ ਜੋ) ਬੇਮੁਖਾਂ ਨੂੰ ('ਸਿਠਾਂ') ਸਿੱਠਣੀਆਂ ਦੇਕੇ, ਆਪ ਥੋਂ ਬੁਰੇ ਜਾਣਕੇ ਮੈਂ ਨਿੰਦੇ ਹਨ (ਭਾਵ ਮੈਂ ਆਪ ਨੂੰ ਚੰਗਾ ਜਾਤਾ ਤੇ ਬੇਮੁਖਾਂ ਦੀਆਂ ਸਿੱਠਾਂ ਬਨਾਈਆਂ)। ੪.(ਗੱਲ ਕੀ ਮੇਰਾ ਲੇਖਾ) ਚਿੱਤ੍ਰ ਗੁਪਤ ਬੀ ਲਿਖ ਨਹੀਂ ਸਕਦੇ, (ਇਕ 'ਚਿੱਠੇ') ਖਤ ਵਿਚ ਸੱਤ ਸਮੁੰਦ੍ਰ ਸਮਾ ਜਾਂਦੇ ਹਨ ("**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ**

**ਹਮਾਰੇ॥**'') (ਗਉ:ਚੇਤੀ:ਮ:੧:੧੭) ੫.ਇਕ ਚਿੱਠੀ ਲਿਖਣ ਦੀ ਥਾਂ 'ਤੂਮਾਰ' (ਲੰਮੀ ਕਹਾਣੀ) ਹੋ ਜਾਂਦੀ ਹੈ, ਫੇਰ ਇਕ ਦੂ ਇਕ ਤੂਮਾਰ ਥੋਂ ਲਖ ਲਖ ('ਦੁਧਿਠੇ') ਦੂਣੇ ਕਾਗਤ ਹੋ ਜਾਂਦੇ ਹਨ (ਅਥਵਾ ਪਾਠਾਂਤ੍ਰ 'ਦੁਪਿੱਠੇ' ਦੋਵੇਂ ਪਾਸੇ ਪੂਰੇ ਜਾਂਦੇ ਹਨ)। (ਮੈਂ ਐਨੀ ਨਿੰਦਿਆ ਲਿਖਨਹਾਰਾ ਹਾਂ)। ੬.'ਹੋਰਨਾਂ' ਬੇਮੁਖਾਂ ਦੀਆਂ ਸਾਂਗਾਂ ਲਾਕੇ (ਗੁਰੂ ਦੀ) ਸਭਾ ਵਿਚ ਸਭ ਤੋਂ ਠਿੱਠ ਤੇ ਮਸ਼ਕਰੀਆਂ ਸਹਿਣ (ਦੇ ਯੋਕ ਹਾਂ)। ੭.ਮੈਥੋਂ ਬੁਰਾ ਸ੍ਰਿਸ਼ਟੀ ਵਿਖੇ ਹੋਰ ਕੋਈ ਨਹੀਂ ਹੈ।

**ਭਾਵ**-ਇਵੇਂ ਹੋਰ ਇਕ ਭਾਵ ਖੋਲ੍ਹਦੇ ਹਨ, ਕਿ ਮੈਂ ਬੇਮੁਖਾਂ ਦੇ ਅਵਗੁਣ ਕਥਨ ਕਰਦਾ ਰਿਹਾ, ਇਸ ਕਰਕੇ ਵਡਾ ਬੇਮੁਖ ਮੈਂ ਹਾਂ। ਕਿਉਂਕਿ ਗੁਣਾ ਦੇ ਕਥਨ ਕੀਤਿਆਂ ਆਤਮਾਂ ਨਿਰਮਲ ਹੁੰਦੀ ਹੈ, ਅਵਗੁਣਾਂ ਦੇ ਕਥਨ ਤੋਂ ਮੈਲੀ ਹੁੰਦੀ ਹੈ। ਉਪਦੇਸ਼ ਲਈ ਜਦ ਭਾਈ ਸਾਹਿਬ ਜੀ ਨੂੰ ਨਿਰੂਪਣ ਕਰਨਾ ਹੀ ਪਿਆ ਤਾਂ ਹੁਣ ਉਸਦਾ ਦਾਰੂ ਨਿੰਮ੍ਰਤਾ ਤੇ ਵੈਰਾਗ ਤੇ ਬੇਨਤੀ ਨਾਲ ਕਰਦੇ ਹਨ। ਇਸ ਪੌੜੀ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਜੀ ਸਚਮੁਚ ਐਸੇ ਸਿਖ ਸਨ ਜਿਨ੍ਹਾਂ ਦੀ ਬਾਣੀ ਨੂੰ ਸਿਦਕ ਸਿੱਖੀ ਦਾਤਾ ਹੋਣ ਦਾ ਯੋਗ ਵਰ ਦਿੱਤਾ ਗਿਆ ਸੀ। ਆਪ ਗੁਰ ਆਸ਼ੇ ਦੇ ਓਸ ਥਾਂ ਤੇ ਆਉਂਦੇ ਹਨ ਜਿੱਥੇ ਕਿਹਾ ਹੈ "**ਤਿਸਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ**"॥ (ਸੋਰ:ਮ.੫-੬)

ਸੂਚਨਾ-ਅਗਲੀ ਪੌੜੀ ਵਿਚ ਭਾਈ ਮਰਦਾਨੇ ਦੀ ਤੁਛਤਾ ਦਾ ਮਿਹਣਾ ਯਾਦ ਕਰਕੇ ਆਪਣੇ ਬਚਾਉ ਦੀ ਆਸਾ ਦੀ ਆਸਰਾ ਪ੍ਰਗਟ ਕਰਦੇ ਹਨ।

## ੩੧. (ਗੁਰੂ ਦਰਗਾਹ ਦਾ ਕੁੱਤਾ-ਭਾਈ ਮਰਦਾਨਾ)।

੧. ਲੈਲੀ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ।
੨. ਕੁਤੇ ਦੀ ਪੈਰੀਂ ਪਵੈ ਹੜਿ ਹੜਿ ਹਸੈ ਲੋਕ ਵਿਡਾਣਾ।
੩. ਮੀਰਾਸੀ ਮੀਰਾਸੀਆਂ ਨਾਮ ਧਰੀਕੁ ਮੁਰੀਦ ਬਿਬਾਣਾ।
੪. ਕੁਤਾ ਡੂਮ ਵਖਾਣੀਐ ਕੁਤਾ ਵਿਚਿ ਕੁਤਿਆਂ ਨਿਮਾਣਾ।
੫. ਗੁਰ ਸਿਖ ਆਸਕ ਸਬਦ ਦੇ ਕੁਤੇ ਦਾ ਪੜਕੁਤਾ ਭਾਣਾ।
੬. ਕਟਨਿ ਚਟਨਿ ਕੁਤਿਆਂ ਮੋਹੁ ਨ ਧੋਹੁ ਧ੍ਰਿਗਸਤ ਕਮਾਣਾ।
੭. ਅਗਵੁਣਿਆਰੇ ਗੁਣ ਕਰਨ ਗੁਰਮੁਖਿ ਸਾਧ ਸੰਗਤਿ ਕੁਰਬਾਣਾ।
੮. ਪਤਿਤ ਉਧਾਰਣ ਬਿਰਧ ਵਖਾਣਾ॥੩੧॥੩੭॥

**ਪਦਾਰਥ**-(ਦਰਗਾਹ=ਕਚਹਿਰੀ। ਹੜਿ ਹੜਿ=ਖਿੜ ਖਿੜ। ਨਾਮ ਧਰੀਕੁ=ਨਾਮ ਮਾਤ੍ਰ। (ਬਿਬਾਦਾ=ਬਾਬੇ ਦਾ, ਬਿਬਾਨਾਰੂੜ। ਪੜਕੁਤਾ=ਨੀਵਾਂ ਨਖਿੱਧ ਕੁੱਤਾ।)

**ਅਰਥ**-੧.ਲੇਲੀ ਦੀ ਦਰਗਾਹ ਦਾ ਕੁੱਤਾ ਮਜਨੂੰ ਦੇਖਕੇ ਗਦ ਗਦ ਹੋ ਗਿਆ। ੨.ਕੁੱਤੇ ਦੀ ਪੈਰੀਂ ਪਵੇ (ਤੇ ਪਿਆਰ ਕਰੇ), ਲੋਕ ਅਸਚਰਜ ਹੋ ਕੇ ਖਿੜ ਖਿੜ ਹਸਣ। ੩.ਮੀਰਾਸੀਆਂ ਵਿਚ (ਮਰਦਾਨਾ) ਮੀਰਾਸੀ ਬਾਬੇ (ਨਾਨਕ ਜੀ) ਦਾ ਨਾਉਂ ਧਰੀਕ ਮੁਰੀਦ ਸੀ,(ਨਿੰਮ੍ਰਤਾ ਵਾਲੇ ਮੁਰੀਦੀ ਦਾ ਮਾਣ ਬੀ ਨਹੀਂ ਕਰਦੇ, ਆਪਣੀ ਮੁਰੀਦੀ ਨੂੰ ਨਾਉਂ ਧਰੀਕ ਆਖਦੇ ਹਨ, ਪਰੰਤੂ "**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ**"। (ਬਿਹਾ:ਮ:੫-੪) ਗੁਰੂ ਜੀ ਨੇ ਆਪਣਾ ਬਿਰਦ ਪਾਲਕੇ ਉਸ ਦਾ ਉਧਾਰ ਕਰ ਦਿੱਤਾ ਕਿ ਅੰਤ ਨੂੰ) ਬਿਬਾਣ (ਪਰ ਬੈਠ ਕੇ ਸੁਰਗ ਗਿਆ)। ੪.(ਇਕ ਤਾਂ ਲੋਕ ਮੀਰਾਸੀਆਂ ਨੂੰ ਆਖਦੇ ਹਨ ਕਿ ਇਹ) ਡੂੰਮ ਕੁੱਤੇ (ਵਾਂਗੂੰ) ਭੌਂਕਦਾ ਹੈ, (ਦੂਜਾ ਮਰਦਾਨਾ ਮਰਾਸੀ) ਕੁੱਤਿਆਂ ਵਿਚ ਨਿਮਾਣਾ ਗਰੀਬ ਕੁੱਤਾ (ਹੋਕੇ ਰਹਿੰਦਾ ਸੀ ਕਿਉਂ ਜੋ ਜਾਤ ਦੇ ਮਿਰਾਸੀ ਉਸ ਨੂੰ

ਠਿੱਠਾਂ ਕਰਦੇ ਸਨ ਕਿ ਕੁਰਾਹੀਏ ਦਾ ਮੁਰੀਦ ਬਣ ਗਿਆ ਹੈ ਅਰ ਆਪਣੇ ਕਲਾਮਉੱਲਾ ਨੂੰ ਛੱਡਕੇ ਰੋਟੀਆਂ ਲਈ ਤਾਲ ਪੂਰਦਾ ਹੈ)। ੫.(ਪਰੰਤੂ) ਗੁਰ ਦੇ ਸਿਖ ਸ਼ਬਦ ਦੇ ਪ੍ਰੇਮੀ ਹਨ ਉਨ੍ਹਾਂ ਨੂੰ ਕੁੱਤਿਆਂ ਦਾ ਪੜਕੁੱਤਾ ਹੀ ਭਾਇਆ (ਬਿਰਾਦਰੀ ਨੇ ਤਾਂ ਛੇਕਿਆ, ਪਰੰਤੂ ਸਿਖਾਂ ਨੇ ਉਸ ਨਿਮਾਣੇ ਕੁੱਤੇ ਦਾ ਸਤਿਕਾਰ ਨਾ ਛਡਿਆ ਕਿ ਇਹ ਸਤਿਗੁਰੂ ਦੀ ਦਰਗਾਹ ਦਾ ਰਬਾਬੀ ਸਿੱਖ ਹੈ) ੬.ਕੱਟਣਾ ਚੱਟਣਾ, ਕੁੱਤਿਆਂ (ਦਾ ਕੰਮ ਹੁੰਦਾ ਹੈ ਕਿਉਂ ਜੋ ਏਹ ਗੁੱਸਾ ਕੀਤਿਆਂ ਕੱਟਦੇ ਅਰ) ਮੋਹ (ਨਾਲ ਚੱਟਣ ਲੱਗ ਪੈਂਦੇ ਹਨ) ਇਸ ਲਈ ਕੁੱਤਿਆਂ ਦਾ ਕੰਮ ਧ੍ਰਿਗ ਹੈ (ਪਰ ਧੰਨ ਗੁਰੂ ਹੈ ਜੋ ਇਨ੍ਹਾਂ ਨੂੰ ਬੀ ਤਾਰਦਾ ਹੈ, ਕਿਕੂੰ?) ੭.ਨਿਰਗੁਣੀਆਂ ਪੁਰ ਉਪਕਾਰ ਕਰਦਾ ਹੈ, (ਇਸ ਲਈ ਮੈਂ) ਗੁਰਮੁਖਾਂ ਦੀ ਸਾਧ ਸੰਗਤ ਤੋਂ ਕੁਰਬਾਣ ਹਾਂ। ੮.(ਕਿਉਂ ਜੋ) ਪਤਿਤ ਉਧਾਰਣ ਬਿਰਦ ਨੂੰ ਪੂਰਾ ਰਖਦੇ ਹਨ।

**ਭਾਵ**-ਇਕੇਰਾਂ ਕਾਂਸ਼ੀ ਦੇ ਪੰਡਤਾਂ ਨੇ ਭਾਈ ਜੀ ਨੂੰ ਮਿਹਣਾ ਦੇ ਕੇ ਕਿਹਾ ਸੀ ਕਿ ਤੁਹਾਡੀ ਸੰਪ੍ਰਦਾਯ ਵਿਚ ਕੁੱਤੇ ਮੀਰਾਸੀਆਂ ਨੂੰ ਪਾਸ ਬਿਠਾ ਕੇ ਸਿੱਖ ਅਰਦਾਸਾਂ ਦਿੰਦੇ ਹਨ, ਕੀ ਇਹ ਚੰਗੀ ਗੱਲ ਹੈ?

ਆਪ ਨੇ ਉੱਤਰ ਦਿੱਤਾ ਕਿ ਦਿਲੀਓਂ ਇਕ ਸਾਂਢਨੀ ਅਸਵਾਰ ਲਾਹੌਰ ਆਇਅ ਸੀ, ਨਾਲ ਲੇਲੀ ਦਾ ਸ਼ਾਹੀ ਕੁੱਤਾ ਸੀ, ਜਦ ਮਜਨੂੰ ਨੂੰ ਇਹ ਮਲੂਮ ਹੋਇਆ ਤਾਂ ਲੇਲੀ ਦੀ ਕਚਹਿਰੀ ਰਹਿਣ ਵਾਲਾ ਕੁੱਤਾ ਹੈ ਤਦ ਉਸ ਨੂੰ ਪਿਆਰ ਕਰਨ ਲਗ ਪਿਆ, ਤਿਵੇਂ ਜਿਸ ਨੂੰ ਤੁਸੀਂ ਕੁੱਤਾ ਕਿਹਾ ਹੈ, ਸਾਡੇ ਗੁਰੂ ਦਾ ਕੂਕਰ ਹੀ ਹੈ (**"ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥"**) (ਸ:ਕਬੀ:੭੪) ਪਰ ਸਾਡੇ ਪਿਆਰੇ ਦਾ ਹੈ, ਇਸ ਕਰਕੇ ਸਤਿਕਾਰ ਯੋਗ ਹੈ, ਧੁਨੀ ਇਹ ਹੈ ਕਿ ਜਿਕੂੰ ਉਸ ਪਤਿਤ ਮਿਰਾਸੀ ਨੂੰ ਗੁਰੂ ਜੀ ਨੇ ਨਿਵਾਜਕੇ 'ਭਾਈ' ਕੀਤਾ ਤੇ ਤਾਰਿਆ, ਤਿਵੇਂ ਮੇਰੇ ਜਿਹੇ ਪਾਪੀ ਨੂੰ ਬਖਸ਼ ਲਵੇਗਾ, ਮੈਂ ਬੀ ਗੁਰੂ ਦੀ ਦਰਗਾਹ ਦਾ ਵਾਰਾਂ ਕਹਿਣ ਵਾਲਾ ਮੀਰਾਸੀ ਨਾਉਂ ਧ੍ਰੀਕ ਸਿਖ ਮਰਦਾਨੇ ਵਾਂਙੂ ਕੁੱਤਾ ਹਾਂ, ਚੱਟਣਾ ਕੱਟਣਾ ਮੇਰਾ ਧ੍ਰਿਗ ਕੰਮ ਹੈ, ਪਰ ਗੁਰੂ ਦਾ ਬਿਰਦ ਪਤਿਤ ਪਾਵਨ ਹੈ।

# ਵਾਰ ੩੯.

ੴ ਸਤਿਗੁਰ ਪ੍ਰਸਾਦਿ ॥

## ੧. (ਗੁਰਸਿਖ- ਵਿਕਾਰਾਂ ਤੋਂ ਪਰੇ ਹੈ)।

੧. ਕਾਮ ਲਖ ਕਰਿ ਕਾਮਨਾ ਬਹੁ ਰੂਪੀ ਸੋਹੈ।
੨. ਲਖ ਕਰੋਪ ਕਰੋਧ ਕਰਿ ਦੁਰਮਨ ਹੁਇ ਜੋਹੈ।
੩. ਲਖ ਲੋਭ ਲਖ ਲਖਮੀ ਹੁਇ ਧੋਹਣ ਧੋਹੈ।

੪. ਮਾਇਆ ਮੋਹ ਕਰੋੜ ਮਿਲਿ ਹੁਇ ਬਹੁ ਗੁਣ ਸੋਹੈ।
੫. ਅਸੁਰ ਸੰਘਾਰਿ ਹੰਕਾਰ ਲਖ ਹਉਮੈ ਕਰਿ ਛੋਹੈ।
੬. ਸਾਧ ਸੰਗਤਿ ਗੁਰ ਸਿਖ ਸੁਣਿ ਗੁਰੁ ਸਿਖ ਨ ਪੋਹੈ ॥੧॥

**ਪਦਾਰਥ**-(ਕਾਮਨਾ=ਦਲੀਲਾਂ। ਜੋਹੈ=ਤੱਕਦੇ ਹਨ। ਧੋਹਣ=ਧ੍ਰੋਹਣਹਾਰ, ਠੱਗ। (ਛੋਹੈ=ਕ੍ਰੋਧ। ਪੋਹੈ=ਚੰਬੜਨਾ।)

**ਅਰਥ**-੧.ਲਖਾਂ ('ਕਾਮਨਾ') ਦਲੀਲਾਂ ਕਰਕੇ ਬਾਹਲੇ (ਅੱਪਸਰਾਦਿਕਾਂ ਦੇ) ਰੂਪ ਕਰਕੇ ਕਾਮ ਦਿਖਾਲੀ ਦੇਂਦਾ ਹੈ। ੨.ਲੱਖਾਂ 'ਕਰੋਪ' ਕਰੋਧ ਕਰਕੇ ਵੈਰੀ ਹੋ ਕੇ ਤੱਕਦੇ ਹਨ। ੩.ਲੱਖਾਂ ਲੋਭ, ਲਖਾਂ ਲਖਮੀਆਂ ਹੋਕੇ ਧ੍ਰੋਹ ਨਾਲ ਠੱਗ ਰਹੇ ਹਨ। ੪.ਮਾਇਆ ਦੇ ਮੋਹ ਕਰੋੜਾਂ ਮਿਲਕੇ ਬਹੁਗੁਣੇ ਹੋਕੇ ਸੋਭ ਰਹੇ ਹਨ, ੫.ਦੈਤਾਂ ਦੇ ਸੰਘਾਰ ਦਾ (ਕਾਰਣ) ਹੰਕਾਰ ਲੱਖਾਂ ਪ੍ਰਕਾਰਾਂ ਦੀ ਹੰਤਾ ਮਮਤਾ ਕਰਕੇ ('ਛੋਹੇ') ਕ੍ਰੋਧ ਕਰਕੇ ( ਦਾਉ ਤਾੜਦਾ ਹੈ)। ੬.ਸਾਧ ਸੰਗਤ (ਵਿਖੇ ਮਿਲਕੇ ਜੋ) ਗੁਰੂ ਦਾ ਸਿਖ ਗੁਰੂ ਸਿੱਖ੍ਯਾ ਨੂੰ ਸ਼੍ਰਵਣ ਕਰਦਾ ਹੈ (ਉਸ ਨੂੰ ਉਤਲੇ ਕਹੇ ਹੋਏ ਕਾਮਾਦਿਕ ਕੋਈ) ਅਸਰ ਨਹੀਂ ਕਰਦੇ।

**ਭਾਵ**-ਗੁਰਸਿੱਖ ਅੱਗੇ ਵਿਕਾਰ ਹਾਰ ਜਾਂਦੇ ਹਨ। ਨਾਰਦਾਦਿਕ ਰਿਖੀ, ਬ੍ਰਹਮਾਦਿਕ ਦੇਵਤੇ, ਕਾਮਾਦਿਕ ਵਿਕਾਰਾਂ ਨੇ ਜਿੱਤੇ ਹਨ। ਗੁਰ ਸਿਖ ਸਮਝਦੇ ਹਨ, "**ਹੇ ਕਾਮੰ ਨਰਕ ਬਿਸ੍ਰਾਮੰ ਬਹੁਜੋਨੀ ਭ੍ਰਮਾਵਣਹ**" ॥ (ਸ:ਸਹਸ-੪੬) ਪੁਨਾ:-"**ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ**" ॥ (ਆਸਾ:ਮ:੫-੧੨੬) ਇਤ੍ਯਾਦਿਕ ਗੁਰ ਸਿਖ੍ਯਾ ਦੇ ਚਿੰਤਨ ਨਾਲ ਗੁਰ ਸਿਖ ਵਿਸ਼੍ਯਾਂ ਤੋਂ ਬਚੇ ਰਹਿੰਦੇ ਹਨ, ਕਿਉਂਕਿ ਗੁਰਸਿਖ ਬਾਣੀ ਦਾ ਅਭ੍ਯਾਸ; ਭੁਲਾਂ ਤੇ ਅਰਦਾਸਾਂ, ਦਾਤਾਂ ਪਰ ਸ਼ੁਕਰ ਅਰ ਨਿੰਮ੍ਰਤਾ ਦੇ ਆਸਰੇ ਹਨ। ਵਾਹਿਗੁਰੂ ਸਿਮਰਨ ਵਿਚ ਉਨ੍ਹਾਂ ਦਾ ਚਿੱਤ ਜੁੜਿਆ ਰਹਿੰਦਾ ਹੈ।

## ੨. (ਗੁਰਸਿਖ-ਕਾਮੀ ਨਹੀਂ)।

੧. ਲਖ ਕਾਮਣਿ ਲਖ ਕਾਮ ਰੂਪ ਲਖ ਕਾਮਣਿਆਰੀ।
੨. ਅੰਗਲਦੀਪਹੁੰ ਪਦਮਣੀ ਬਹੁ ਰੂਪਿ ਸੀਗਾਰੀ।
੩. ਮੋਹਣੀਆ ਇੰਦ੍ਰਾਪੁਰ ਅਪਛਰਾਂ ਸੁਚਾਰੀ।
੪. ਹੂਰਾਂ ਪਰੀਆਂ ਲਖ ਲਖ ਬਾਹਿਸਤ ਸਵਾਰੀ।
੫. ਲਖ ਕਉਲਾਂ ਨਵ ਜੋਬਨੀ ਲਖ ਕਾਮ ਕਰਾਰੀ।
੬. ਗੁਰਮੁਖਿ ਪੋਹਿ ਨ ਸਕਨੀ ਸਾਧ ਸੰਗਤ ਭਾਰੀ॥੨॥

**ਪਦਾਰਥ**-(ਕਾਮਣਿ=ਇਸਤ੍ਰੀਆਂ। (ਅ) ਟੂਣੇ। ਕਾਮ ਰੂਪ=ਕਾਮ ਰੂਪ ਨਾਮੇ ਦੇਸ਼। (ਸੁਚਾਰੀ=ਚੰਗੇ ਅਚਾਰ ਵਾਲਿਆਂ, ਉੱਜਲ। ਬਾਹਿਸਤ ਸਵਾਰੀ=ਸੁਰਗ ਦੀਆਂ (ਸਵਾਰੀਆਂ ਹੋਈਆਂ। ਕਾਮ ਕਰਾਰੀ=ਕਾਮ ਕਲਾ ਯੁਕਤ। ਪੋਹਿ=ਛੁਹਣਾ।

**ਅਰਥ**-੧.ਲੱਖਾਂ ਇਸਤ੍ਰੀਆਂ(ਜਾਦੂ ਵਾਂਙ ਮੋਹਨ ਵਾਲੀਆਂ) ਲਖਾਂ ਕਾਮਰੂਪ (ਨਾਮੇ ਦੇਸ਼ ਦੀਆਂ) ਅਰ ਲੱਖਾਂ ਟੂਣੇ ਕਰਨ ਹਾਰੀਆਂ। ੨.ਸੰਗਲਾਦੀਪ ਦੀਆਂ ਪਦਮਣੀਆਂ ਬਾਹਲੇ ਰੂਪ ਨਾਲ ਸੀਂਗਾਰੀਆਂ ਹੋਈਆਂ। ੩.ਇੰਦ੍ਰਪੁਰੀ (ਸੁਰਗ) ਦੀਆਂ ਮੋਹਤ ਕਰਨ ਵਾਲੀਆਂ (ਰੰਭਾ ਉਰਵਸ਼ੀ ਨਾਮੇ) ਅਪੱਸਰਾਂ ਚੰਗੇ ਆਚਾਰ ਵਾਲੀਆਂ। ੪.ਲੱਖਾਂ ਹੂਰਾਂ, ਲਖਾਂ ਪਰੀਆਂ, ਬਹਿਸ਼ਤ ਦੀਆਂ ਸਵਾਰੀਆਂ ਹੋਈਆਂ। ੫.ਲਖਾਂ 'ਕਵਲਾਂ' (ਲਛਮੀਆਂ) ਨਵੇ ਜੋਬਨ ਵਾਲੀਆਂ, ਲੱਖਾਂ ('ਕਾਮਕਰਾਰੀ') ਕਾਮ ਕਲਾ ਵਾਲੀਆਂ। ੬.ਗੁਰਮੁਖਾਂ (ਦੀ ਛਾਯਾ) ਨੂੰ (ਬੀ) ਛੁਹ ਨਹੀਂ ਸਕਦੀਆਂ (ਕਿਉਂ ਗੁਰਮੁਖਾਂ ਦੀ) ਸਾਧ ਸੰਗਤ ਭਾਰੀ (ਵਾੜ) ਹੈ (ਇਸ ਵਾੜ ਦੇ ਆਸ਼੍ਰਯ ਗੁਰਮੁਖ ਇਨ੍ਹਾਂ

ਉਪੱਦ੍ਰਵਾਂ ਥੋਂ ਬਚਿਆ ਰਹਿੰਦਾ ਹੈ, ਸਾਧ ਸੰਗਤ ਤੋਂ ਵਿਹੂਣਾ ਤਪੀ ਪੁਰਖ ਭਲਾ ਬੀ ਹੋਵੇ ਤਾਂ ਫਸ ਮਰਦਾ ਹੈ)।

## ੩. (ਗੁਰਸਿਖ-ਹੰਕਾਰ ਦੀ ਮਾਰੋਂ ਪਰੇ ਹਨ)।

੧. ਲਖ ਦੁਰਯੋਧਨ ਕੰਸ ਲਖ ਲਖ ਦੈਤ ਲੜੰਦੇ।
੨. ਲਖ ਰਾਵਣ ਕੁੰਭਕਰਣ ਲਖ ਲਖ ਰਾਕਸ ਮੰਦੇ।
੩. ਪਰਸਰਾਮ ਲਖ ਸਹਸਬਾਹੁ ਕਰਿ ਖੁਦੀ ਖਹੰਦੇ।
੪. ਹਰਨਕਸਪ ਹਰਣਾਕਸਾ ਨਰਸਿੰਘ ਬੁਕੰਦੇ।
੫. ਲਖ ਕਰੋਧ ਵਿਰੋਧ ਲਖ ਲਖ ਵੈਰ ਕਰੰਦੇ।
੬. ਗੁਰੁ ਸਿਖ ਪੋਹਿ ਨ ਸਕਈ ਸਾਧ ਸੰਗ ਮਿਲੰਦੇ॥੩॥

**ਪਦਾਰਥ**-(ਲੜੰਦੇ=ਲੜਦੇ ਹਨ। ਖੁਦੀ=ਹੰਕਾਰ। ਖਹੰਦੇ=ਭਿੜਦੇ।
(ਹਰਨਕਸਪ=ਸੋਨੇ ਦੇ ਵਾਲਾਂ ਵਾਲਾ। ਹਰਣਾਕਸ=ਸੋਨੇ ਵਾਂਡੂ ਅੱਖਾਂ ਵਾਲਾ।
(ਬੁਕੰਦੇ=ਗਰਜਦੇ।

**ਅਰਥ**- ੧.ਲੱਖਾਂ ਦੁਰਯੋਧਨ, ਲੱਖਾਂ ਕੰਸ, ਲੱਖਾਂ ਹੀ ਹੋਰ ਦੈਤ ਲੜਨ ਵਾਲੇ। ੨.ਲੱਖਾਂ ਰਾਵਣ, ਲੱਖਾਂ ਕੁੰਭਕਰਣ, ਲੱਖ ਰਾਕਸ਼ ਮੰਦ ਕਰਮਾਂ ਵਾਲੇ। ੩.ਲਖਾਂ ਪਰਸਰਾਮ ਤੇ ਸਹੰਸ੍ਰ ਬਾਹੂ (ਜਿਹੇ ਰਾਜੇ) ਹੰਕਾਰ ਕਰਕੇ ਖਹਿਣ ਵਾਲੇ। ੪.ਹਿਰਣਕਸ਼ਜਪ, ਹਰਣਾਕਸ਼ ਅਰੁ ਨਰਸਿੰਘ ਗੱਜਣ ਵਾਲੇ। ੫.ਲਖਾਂ ਕਰੋਧ, ਲਖਾਂ ਵਿਰੋਧ, ਲੱਖਾਂ ਵੈਰ ਕਰਣਹਾਰੇ, ੬.ਗੁਰ ਸਿਖ ਉਪਰ ਕੋਈ ਬਲ ਨਹੀਂ ਪਾ ਸਕਦੇ (ਕਿਉਂਕਿ ਉਹ ਗੁਰਮੁਖਾਂ ਦੀ) ਸਾਧ ਸੰਗਤ ਵਿਖੇ ਮਿਲਿ ਬੈਠਦੇ ਹਨ।

## ੪, (ਗੁਰਸਿਖ ਲੋਭੀ ਨਹੀਂ)।

੧. ਸੋਇਨਾ ਰੁਪਾ ਲਖ ਮਣਾ ਲਖ ਭਰੇ ਭੰਡਾਰਾ।
੨. ਮੋਤੀ ਮਾਣਿਕ ਹੀਰਿਆਂ ਬਹੁ ਮੋਲ ਅਪਾਰਾ।
੩. ਦੇਸ ਵੇਸ ਲਖ ਰਾਜ ਭਾਗ ਪਰਗਣੇ ਹਜ਼ਾਰਾ।
੪. ਰਿਧੀ ਸਿਧੀ ਜੋਗ ਭੋਗ ਅਭਰਣ ਸੀਂਗਾਰਾ।
੫. ਕਾਮਧੇਨੁ ਲਖ ਪਾਰਿਜਾਤ ਚਿੰਤਾਮਣਿ ਪਾਰਾ।
੬. ਚਾਰ ਪਦਾਰਦ ਸਗਲ ਫਲ ਲਖ ਲੋਭ ਉਭਾਰਾ।
੭. ਗੁਰ ਸਿਖ ਪੋਹ ਨ ਹੰਘਨੀ ਸਾਧ ਸੰਗਿ ਉਧਾਰਾ॥੪॥

**ਪਦਾਰਥ**-(ਵੇਸ=ਪੁਸ਼ਾਕ। ਭਾਗ=ਹਿੱਸੇ। ਪਰਗਣੇ=ਇਲਾਕੇ।
(ਆਭਰਣ=ਗਹਿਣੇ। ਉਭਾਰਾ=ਉਦੇ ਹੋਣਾ। ਹੰਘਨੀ=ਸੱਕਨਾ।)

**ਅਰਥ**-੧.ਸੋਨੇ ਚਾਂਦੀ ਦੇ ਲੱਖਾਂ ਮਣਾਂ ਮੂੰਹੀ ਭੰਡਾਰੇ ਭਰੇ ਹੋਏ ਹੋਣ। ੨.ਮੋਤੀ, ਮਾਣਕ, ਹੀਰੇ ਬਾਹਲੇ ਅਪਾਰ ਮੁੱਲ ਵਾਲੇ। ੩.ਲੱਖਾਂ ਦੇਸ਼, ਲੱਖਾ ਸੋਹਣੇ ਭੇਖ, ਰਾਜ ਭਾਗ ਅਰ ਹਜ਼ਾਰਾਂ ਇਲਾਕੇ। ੪.ਰਿੱਧੀਆਂ (ਕਈ) ਸਿੱਧੀਆ ਦੇ ਜੋਗ (ਮਿਲਾਪ) ਤੇ ਭੋਗ ਕਈ ਗਹਿਣਿਆਂ ਦੇ ਸ਼ਿੰਗਾਰ। ੫.ਲੱਖਾਂ ਕਾਮਧੇਨ (ਗਊਆਂ), ਲਖਾਂ ਕਲਪ ਬ੍ਰਿਛ ਅਰ ਚਿੰਤਾਮਣੀ ਦੇ ਟੁਕੜੇ। ੬.ਚਾਰੇ ਪਦਾਰਥ (ਧਰਮਾਦਿ), ਸਾਰੇ ਫਲ, ਲੱਖਾਂ ਲੋਭਾਂ ਦੇ ('ਉਭਾਰ') ਉਦੇ ਹੋਣ। ੭.ਗੁਰ ਸਿਖ ਨੂੰ ਕੋਈ ਵੱਸ ਨਹੀਂ ਕਰ ਸਕਦਾ (ਕਿਉਂ ਜੋ) ਸਾਧ ਸੰਗਤ ਵਿਖੇ ਉਸ ਦਾ ਉਧਾਰ ਹੋਇਆ ਹੈ।


www.sikhbookclub.com

## ੫. (ਗੁਰਸਿਖ ਮੋਹ ਰਹਿਤ ਹੈ)।

੧. ਪਿਉ ਪੁਤ ਮਾਵੜ ਧੀਵੜੀ ਹੁਇ ਭੈਣ ਭਿਰਾਵਾ।
੨. ਨਾਰਿ ਭਤਾਰੁ ਪਿਆਰ ਲਖ ਮਨ ਮੇਲ ਮਿਲਾਵਾ।
੩. ਸੁੰਦਰ ਮੰਦਰ ਚਿਤ੍ਰਸਾਲ ਬਾਗ ਫੁਲ ਸੁਹਾਵਾ।
੪. ਰਾਗ ਰੰਗ ਰਸ ਰੂਪ ਲਖ ਬਹੁ ਭੋਗ ਭੁਲਾਵਾ।
੫. ਲਖ ਮਾਇਆ ਲਖ ਮੋਹਿ ਮਿਲਿ ਹੁਇ ਮੁਦਈ ਦਾਵਾ।
੬. ਗੁਰੁ ਸਿਖ ਪੋਹਿ ਨ ਹੰਘਨੀ ਸਾਧ ਸੰਗ ਸੁਹਾਵਾ॥੫॥

**ਪਦਾਰਥ**-(ਮਾਵੁੜ=ਮਾਤਾ। ਚਿਤ੍ਰਸਾਲ=ਬਰਾਦੀਰੀਆਂ। ਮੁਦਈ ਦਾਵਾ=ਮੁਦਈ ਹੋਕੇ (ਦਾਵਾ ਬੰਨ੍ਹਣਾ, ਝਗੜਨਾ। )

**ਅਰਥ**-੧.ਪੁੱਤ੍ਰ ਪਿਉ ਦਾ, ਮਾਂ ਧੀ ਦਾ, ਭੈਣ ਭਿਰਾਉ ਦਾ। ੨.ਇਸਤ੍ਰੀ ਅਰ ਭਰਤਾ ਦਾ ਪਯਾਰ ਅਜਿਹੇ ਲਖਾਂ ਹੀ ਮਨ ਦੇ ਮੇਲ ਮਿਲਾਪ ਹੋ ਰਹੇ ਹਨ (ਭਾਵ ਇਨ੍ਹਾਂ ਦਾ ਆਪੋ ਵਿਚਿ ਦਿਲੀ ਮੇਲਾ ਹੁੰਦਾ ਹੈ) ੩.ਸੁੰਦਰ ਮੰਦਰ, ਚਿਤ੍ਰ ਸਾਲਾ, ਬਾਗ ਅਰ ਸ਼ੋਭਨੀਕ ਫੁਲ। ੪.ਰਾਗ, ਰੰਗ, ਰਸ ਅਤੇ ਰੂਪ ਲਖਾਂ ਭੋਗਾਂ ਦੇ ਭੁਲਾਏ ਬਾਹਲੇ। ੫.ਲੱਖਾਂ ਮਾਇਆ, ਲੱਖਾਂ ਮੋਹਾਂ ਦੇ ਨਾਲ ਮੇਲ ਕਰਕੇ ਦਾਵੇਗੀਰ ਹੋਕੇ ਦਾਵੇ ਬੰਨ੍ਹਣੇ। ੬.ਗੁਰਸਿਖ ਪੁਰ ਬਲ ਨਹੀਂ ਪਾ ਸਕਦੇ (ਕਿਉਂ ਜੋ ਓਹ) ਸਾਧ ਸੰਗਤ ਵਿਖੇ ਹੀ ਸ਼ੋਭਨੀਕ ਹੋ ਰਹੇ ਹਨ।

**ਭਾਵ**-ਪਿਉ ਪੁੱਤ੍ਰ, ਸੁੰਦਰ ਮੰਦਰ, ਚਿੱਤ੍ਰਸਾਲਾ ਆਦਿ ਪਦਾਰਥਾਂ ਦਾ ਮੋਹ ਤਿਆਗਕੇ ਇਕ ਸਾਧ ਸੰਗਤ ਵਿਖੇ ਹੀ ਦਿਲੀ ਪ੍ਰੇਮ ਕਰ ਰਹੇ ਹਨ। ਯਥਾ:-"**ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥**" (ਸਿਰੀ:ਮ:੧-੧) ਇਸ ਸ਼ਬਦ ਦਾ ਸਾਰਾ ਭਾਵ ਘਟਾ ਰਹੇ ਹਨ।

## ੬. (ਗੁਰਸਿਖ-ਖੁਦੀ ਤੋਂ ਖਾਲੀ ਹੈ)।

੧. ਵਰਨਾ ਵਰਨ ਨ ਭਾਵਨੀ ਕਰਿ ਖੁਦੀ ਖਹੰਦੇ।
੨. ਜੰਗਲ ਅੰਦਰਿ ਸੀਂਹ ਦੁਇ ਬਲਵੰਤ ਬੁਕੰਦੇ।
੩. ਹਾਥੀ ਹਥਿਆਈ ਕਰਨ ਮਤਵਾਲੇ ਹੁਇ ਅੜੀ ਅੜੰਦੇ।
੪. ਰਾਜ ਭੂਪ ਰਾਜੇ ਵਡੇ ਮਲ ਦੇਸ ਲੜੰਦੇ।
੫. ਮੁਲਕ ਅੰਦਰ ਪਾਤਸਾਹ ਦੁਇ ਜਾਇ ਜੰਗ ਜੁੜੰਦੇ।
੬. ਹਉਮੈ ਕਰਿ ਹੰਕਾਰ ਲਖ ਮਲ ਮਲ ਘੁਲੰਦੇ।
੭. ਗੁਰ ਸਿਖ ਪੋਹਿ ਨ ਸਕਨੀ ਸਾਧੁ ਸੰਗਿ ਵਸੰਦੇ॥੬॥

**ਪਦਾਰਥ**-(ਵਰਨਾ=ਵਰਨਾਂ ਨੂੰ। ਖੁਦੀ=ਹੰਕਾਰ। ਹਥਿਆਈ=ਹਾਥੀ ਪੁਣਾ ਮਸਤੀ।)

**ਅਰਥ**-੧.ਇਕ ਵਰਨ ਨੂੰ ਦੂਜਾ ਵਰਨ ਚੰਗਾ ਨਹੀਂ ਲਗਦਾ (ਇਸ ਲਈ) ਹੰਕਾਰ ਕਰਕੇ ਆਪੋ ਵਿਚ ਖਹਿੰਦੇ ਹਨ। ੨.(ਦ੍ਰਿਸ਼ਟਾਂਤ) ਬਨ ਵਿਖੇ ਦੋ ਸ਼ੇਰ ਬਲ ਵਾਲੇ ਜਿੱਕੁਰ ਭਬਕਾਂ ਮਾਰਦੇ ਹਨ। ਹਾਥੀ ਮਸਤੀ ਲਾ ਕੇ ਅੜੀਅਲ ਹੋ ਅੜ ਖਲੋਂਦੇ (ਇਕ ਦੂਜੇ ਨੂੰ ਮਾਰਨ ਪੈਂਦੇ) ਹਨ। ੪.ਛੋਟੇ ਰਾਜੇ ਅਰ ਵੱਡੇ ਰਾਜੇ ਦੇਸ਼ਾਂ ਨੂੰ ਮੱਲ ਕੇ(ਆਪੋ ਵਿਚਿ ਜੁੱਧ ਅਤੇ) ਘਮਸਾਨ ਕਰਦੇ ਹਨ। ੫.(ਇਕ)ਦੇਸ਼ ਵਿਖੇ ਦੋ ਪਾਤਸ਼ਾਹ (ਨਹੀਂ ਰਹਿ ਸਕਦੇ, ਦੋਵੇਂ) ਜੰਗ ਕਰਨ ਨੂੰ ਉਦਿਤ ਹੁੰਦੇ ਹਨ। ੬.ਹਉਮੈਂ

ਅਰ ਹੰਕਾਰ ਕਰਕੇ ਲੱਖਾਂ ਮੱਲ ਤੇ ਭਲਵਾਨ (ਜਿਦ ਬਜਿਦੀ ਘੁਲਕੇ) ਕੁਸ਼ਤੀਆਂ ਕਰਦੇ ਹਨ। ੭.(ਇਹ ਦੋਸ਼) ਗੁਰਸਿਖ ਨੂੰ ਨਹੀਂ ਪੋਹ ਸਕਦੇ, ਕਿਉਂ ਜੋ ਉਹ ਸਾਧ ਸੰਗਤ ਵਿਖੇ ਨਿਵਾਸ ਰਖਦੇ ਹਨ।

**ਭਾਵ**-ਗੱਲ ਕੀ ਇਕ ਵਲਾਇਤ ਵਿਚ ਦੋ ਪਾਤਸ਼ਾਹ ਨਹੀਂ ਰਹਿ ਸਕਦੇ ਅਰ ਦਸ ਗੁਰਮੁਖ ਹਿਕ ਗੋਦੜੀ ਵਿਖੇ ਆਨੰਦ ਨਾਲ ਸੌਂਦੇ ਹਨ, ਇਸ ਲਈ ਗੁਰਮੁਖਾਂ ਵਿਖੇ ਮੇਰ ਤੇਰ ਦਾ ਨਾਉਂ ਨਿਸ਼ਾਨ ਨਹੀਂ, ਓਹ ਸਾਰੇ ਆਪਣਾ ਹੀ ਰੂਪ ਸਮਝਦੇ ਹਨ।

## ੭. (ਗੁਰਸਿਖ-ਨਿਰ ਹੰਕਾਰ ਜਤੀ ਹੈ)।

੧. ਗੋਰਖ ਜਤੀ ਸਦਾਇਦਾ ਤਿਸੁ ਗੁਰ ਘਰਬਾਰੀ।
੨. ਸੁਕਰ ਕਾਣਾ ਹੋਇਆ ਦੁਰਮੰਤ੍ਰ ਵੀਚਾਰੀ।
੩. ਲਖਮਣ ਸਾਧੀ ਭੁਖ ਤੇਹ ਹਉਮੈ ਹੰਕਾਰੀ।
੪. ਹਨੂਮਾਨ ਬਲਵੰਤ ਹੋਇ ਚੰਚਲ ਮਤਿ ਖਾਰੀ।
੫. ਭੈਰਉ ਭੂਤ ਕੁਸੂਤ ਸੰਗਿ ਦੁਰਮਤਿ ਉਰਧਾਰੀ।
੬. ਗੁਰ ਸਿਖ ਜਤੀ ਸਲਾਹੀਅਨ ਜਿਨਿ ਹਉਮੈ ਮਾਰੀ॥੭॥

**ਪਦਾਰਥ**-(ਗੁਰ ਘਰਬਾਰੀ=ਮਛਿੰਦ੍ਰ ਨਾਮੇ ਗੁਰੂ ਸੀ ਗੋਰਖ ਦਾ, ਜੋ ਕਾਮੀ ਹੋਕੇ (ਰਾਜੇ ਦੇ ਤਨ ਵਿਖੇ ਭੋਗ ਭੋਗਦਾ ਰਿਹਾ। )

**ਅਰਥ**-੧.ਗੋਰਖਨਾਥ ਜਤੀ ਕਿਹਾ ਜਾਂਦਾ ਹੈ, ਉਸ ਦਾ ਗੁਰੂ (ਮਛਿੰਦਰ ਨਾਥ) ਕਾਮੀ ਸੀ (ਕਿਉਂ ਜੋ ਇਕ ਮ੍ਰਿਤਕ ਰਾਜੇ ਦੇ ਸਰੀਰ ਵਿਖੇ ਪ੍ਰਵੇਸ਼ ਕਰਕੇ ਉਸ ਦੀ ਰਾਣੀ ਨਾਲ ਭੋਗ ਭੋਗਦਾ ਰਿਹਾ)। ੨.ਸ਼ੁੱਕਰ ਕਾਣਾ ਹੋ ਗਿਆ, ਖੋਟੇ ਮੰਤ੍ਰ ਦੇ ਵੀਚਾਰ ਕਰਨ ਕਰਕੇ (ਭਾਵ ਉਹ ਬੀ ਦਾਗੀ ਹੋ ਗਿਆ)। ੩.ਲਛਮਨ ਨੇ (ਬਾਰਾਂ ਵਰ੍ਹੇ) ਭੁੱਖ ਤ੍ਰੇਹ ਸਾਧ ਲੀਤੀ ਸੀ (ਕਿਉਂ ਜੋ ਰਾਮਚੰਦਰ ਦੇ ਨਾਲ ਬਨ ਵਿਖੇ ਫਲਾਹਾਰੀ ਹੀ ਰਿਹਾ, ਪਰੰਤੂ) ਹਉਮੈ ਕਰਕੇ ਹੰਕਾਰੀ ਹੀ ਰਿਹਾ। ੪.ਹਨੂੰਮਾਨ ਬਲੀ ਹੋਇਆ ਹੈ, ਪਰੰਤੂ ਮਤ ਉਸ ਦੀ ਚੰਚਲ ਤੇ ਖਾਰੀ ਸੀ। ੫.ਭੈਰੋਂ ਦੇ ਨਾਲ ਭੂਤਾਂ ਦਾ ਕੁਸੂਤ੍ਰ ਬਣਿਆਂ ਰਿਹਾ ਹੈ, (ਉਸ ਨੇ ਬੀ) ਦੁਰਮਤ ਹੀ ਉਰ ਵਿਖੇ ਧਾਰਨ ਕੀਤੀ ਰੱਖੀ। ੬.ਗੁਰੂ ਦੇ ਸਿੱਖ ਜਤੀ ਸਲਾਘਾ ਕਰਣ ਦੇ ਜੋਗ ਹਨ' (ਕਿਉਂ ਜੋ) ਉਨ੍ਹਾਂ ਹਉਮੈਂ ਮਾਰ ਦਿੱਤੀ ਹੈ, (ਨਿਰਦੋਸ਼ ਹਨ)।

**ਭਾਵ**-ਭਾਵੇਂ ਗੋਰਖਾਦਿਕ ਨਾਥ, ਹਨੂੰਮਾਨ ਆਦਿ ਨੇ ਬਲੀ ਹੋਕੇ ਭਾਰੀ ਕੰਮ ਕੀਤੇ, ਪਰੰਤੂ ਹਉਮੈ ਦੇ ਨਾ ਮਾਰਣ ਨਾਲ ਦਾਗੀ ਹੀ ਰਹੇ। ਧੰਨ ਗੁਰੂ ਦੇ ਸਿੱਖ ਹਨ ਜੋ ਅਕਾਲ ਪੁਰਖ ਪੁਰ ਭਰੋਸਾ ਰਖਦੇ, ਹਉਮੈ ਦਾ ਖੋਜ ਉਡਾ ਦਿੰਦੇ ਹਨ, ਉਪਰ ਕਹੇ ਜਤੀ ਦਾਗ ਤੋਂ ਖਾਲੀ ਨਹੀਂ, ਗੁਰ ਸਿੱਖ ਜਤੀ ਅਦਾਗ ਹੁੰਦੇ ਹਨ, ਜਿਨ੍ਹਾਂ ਦੇ ਸ਼ੁਭ ਕਰਮਾਂ ਦਾ ਕਰਣ ਹੰਕਾਰ ਹੁੰਦਾ ਹੈ ਉਹਨਾਂ ਨਾਲੋਂ ਉਹ ਸ੍ਰੇਸ਼ਟ ਹਨ ਜਿਨ੍ਹਾਂ ਹਉਮੈਂ ਨੂੰ ਮਾਰ ਲਿਆ ਹੈ।

## ੮. (ਗੁਰਸਿਖ-ਸਤੀ)।

੧. ਹਰੀ ਚੰਦ ਸਤਿ ਰਖਿਆ ਜਾ ਨਿਖਾਸ ਵਿਕਾਣਾ।
੨. ਬਲ ਛਲਿਆ ਸਤ ਪਾਲਦਾ ਪਾਤਾਲ ਸਿਧਾਣਾ।
੩. ਕਰਨ ਸੁ ਕੰਚਨ ਦਾਨ ਕਰਿ ਅੰਤੁ ਪਛੋਤਾਣਾ।
੪. ਸਤਿਵਾਦੀ ਹੁਇ ਧਰਮ ਪੁਤੁ ਕੂੜ ਜਮਪੁਰਿ ਜਾਣਾ।

੫. ਜਤੀ ਸਤੀ ਸੰਤੋਖੀਆ ਹਉਮੈ ਗਰਬਾਣਾ।
੬. ਗੁਰ ਸਿਖ ਰੋਮ ਨ ਪੁਜਨੀ ਬਹੁ ਮਾਣ ਨਿਮਾਣਾ॥੮॥

**ਪਦਾਰਥ**-(ਨਿਖਾਸ=ਮੰਡੀ। ਕੰਚਨ=ਸੋਨਾ।
(ਪਛੋਤਾਦਾ=ਪਛੁਤਾਇਆ ਕਿ ਮੈਂ ਅੰਨ ਦਾਨ ਕਿਉਂ ਨ ਕੀਤਾ? )

**ਅਰਥ**-੧.ਹਰੀ ਚੰਦ ਰਾਜਾ (ਆਪਣੇ) ਸੱਤ ਰੱਖਣ (ਲਈ) ਮੰਡੀ ਵਿਖੇ ਵਿਕਿਆ (ਤੇ ਵਿਸ਼ਵਾ ਮਿੱਤਰ ਦਾ ਸੌ ਭਾਰ ਸੋਨੇ ਦਾ ਪੂਰਾ ਕੀਤਾ) ੨.ਰਾਜਾ ਬਲ ਪਾਤਾਲ ਚਲਿਆ ਗਿਆ ਪਰ ਸੱਤ ਨਾ ਛਡਿਆ ੩.ਕਰਣ ਸੋਨੇ ਦਾ ਦਾਨ ਕਰਕੇ ਅੰਤ ਨੂੰ ਪਛੋਤਾਇਆ, (ਕਿਉਂ ਜੋ ਇਕੇਰਾਂ ਇਸ਼ਨਾਨ ਕਰ ਰਿਹਾ ਸੀ, ਤਦੋਂ ਇੰਦਰ ਨੇ ਪ੍ਰੀਖਿਆ ਲਈ ਸੋਨਾ ਮੰਗਿਆ ਉਹ ਪਾਸ ਨਹੀਂ ਸੀ, ਇਸ ਲਈ ਆਪਣੀ ਤੁਚਾ ਉਧੇੜ ਦਿੱਤੀ ਸੀ, ਬਾਜ਼ੇ ਕਹਿੰਦੇ ਹਨ ਕਿ ਅੱਗੇ ਪਰਲੋਕ ਵਿਖੇ ਬੀ ਉਸ ਨੂੰ ਸੋਨਾ ਹੀ ਮਿਲਿਆ ਸੀ, ਇਸ ਲਈ ਭਰਤ ਖੰਡ ਵਿਖੇ ਫੇਰ ਆਕੇ ਅੰਨ ਦਾ ਦਾਨ ਬਾਹਲਾ ਕੀਤਾ। ੪.ਧਰਮ ਪੁਤ੍ਰ ਵੱਡਾ ਸਤਿਵਾਦੀ ਸੀ (ਪਰ ਇਕ) ਝੂਠ ਕਰਕੇ ਜੰਮਪੁਰੀ ਗਿਆ। ੫.ਜਤੀ ਸਤੀ ਸੰਤੋਖੀ ਹੋਏ (ਤਾਂ ਬਥੇਰੇ ਪਰ) ਹਉਮੈ ਤੇ ਗਰਬ ਵਿਚ ਹੋਏ (ਇਸ ਕਰਕੇ ਅੰਦਰੋਂ ਸੁਖੀ ਨਾ ਹੋਏ)। ੬.(ਏਹ ਸਾਰੇ ਗੁਰੂ ਸਿੱਖ ਦੇ ਰੋਮ ਦੀ ਬਰਾਬਰੀ ਨਹੀਂ ਕਰ ਸਕਦੇ (ਕਿਉਂਕਿ) ਉਹ ਨਿਮਾਣੇ ਹੁੰਦੇ ਹਨ, (ਗੁਰਸਿਖ ਇਸੇ ਕਰਕੇ ਬਹੁਤੇ ਮਾਨਯੋਗ ਹਨ)।

**ਭਾਵ**-ਨਿੰਦਾ ਨਹੀਂ ਕ੍ਰ ਰਹੇ। ਸਤ, ਸੰਤੋਖ ਆਦਿਕ ਜਦ ਹਉਂ ਦੇ ਆਸਰੇ ਕਰੀਦੇ ਹਨ ਤਦ ਅੰਦਰ ਰਸ ਨਹੀਂ ਪੈਂਦਾ, ਬੰਧਨ ਨਹੀਂ ਟੁੱਟਦਾ। ਗੁਰਸਿੱਖ ਨਾਮ ਜਪਦਾ ਤੇ ਟੇਕ ਸਤਿਗੁਰ ਤੇ ਧਾਰਦਾ ਹੈ, ਐਉਂ ਹਉਮੈਂ ਟੁੱਟ ਜਾਂਦੀ ਹੈ, ਇਸ ਕਰਕੇ ਉਹ ਪੂਰਨ ਆਤਮ ਰਸ ਵਿਚ ਵੱਸਦਾ ਹੈ ਤੇ ਸਭ ਤੋਂ ਵੱਧ ਸੁਖੀਆ ਹੁੰਦਾ ਹੈ।

## ੯. (ਗੁਰਸਿਖ-ਹਿੰਦੂ ਮੁਸਲਮਾਨ ਤੋਂ ਉੱਚਾ ਹੈ)।

੧. ਮੁਸਲਮਾਣਾਂ ਹਿੰਦੂਆਂ ਦੁਇ ਰਾਹ ਚਲਾਏ।
੨. ਮਜਹਬ ਵਰਨ ਵਣਾਇੰਦੇ ਗੁਰੁ ਪੀਰੁ ਸਦਾਏ।
੩. ਸਿਖ ਮੁਰੀਦ ਪਖੰਡ ਕਰਿ ਉਪਦੇਸ ਦ੍ਰਿੜਾਏ।
੪. ਰਾਮ ਰਹੀਮ ਧਿਅਇੰਦੇ ਹਉਮੈ ਗਰਬਾਏ।
੫. ਮੱਕਾ ਗੰਗ ਬਨਾਰਸੀ ਪੂਜ ਜਾਰਤ ਆਏ।
੬. ਰੋਜੇ ਵਰਤ ਨਮਾਜ਼ ਕਰਿ ਦੰਡਉਤ ਕਰਾਏ।
੭. ਗੁਰ ਸਿਖ ਰੋਮ ਨ ਪੁਜਨੀ ਜੋ ਆਪ ਗਵਾਏ॥੯॥

**ਪਦਾਰਥ**-(ਰਾਹ=ਪੰਥ। ਜਾਰਤ=ਯਾਤ੍ਰਾ। ਰੋਮ=ਵਾਲ।)

**ਅਰਥ**-੧.ਮੁਸਲਮਾਨਾਂ ਅਰ ਹਿੰਦੂਆਂ ਨੇ (ਆਪੋ ਆਪਣੇ) ਦੋ ਰਸਤੇ ਚਲਾ ਦਿੱਤੇ ਹਨ। ੨.(ਮੁਸਲਮਾਨ ਆਪਣੇ ਰਸਤੇ ਦਾ ਨਾਉਂ) ਮਜ਼ਹਬ, (ਅਰ ਹਿੰਦੂ) ਵਰਣ ਆਖਦੇ ਹਨ, (ਹਿੰਦੂ) ਗੁਰੂ (ਅਰ ਮੁਸਲਮਾਨ) ਪੀਰ ਸਦਾਉਂਦੇ ਹਨ। ੩.ਸਿਖ ਅਰ ਮੁਰੀਦ ਵੱਡੇ ਪਾਖੰਡਾਂ ਨਾਲ ਫਸਾਉਂਦੇ ਤੇ ਉਪਦੇਸ਼ ਦੇਂਦੇ ਹਨ। ੪.(ਹਿੰਦੂ) ਰਾਮ, (ਮੁਸਲਮਾਨ) ਰਹੀਮ ਧਿਆਉਂਦੇ, ਹੰਕਾਰ ਅਰ ਗਰਬ ਕਰਦੇ ਹਨ। ੫.(ਮੁਸਲਮਾਨ) ਮੱਕੇ ਦੀ ਜ਼ਜਾਰਤ (ਯਾਤਰਾ) ਅਰ ਹਿੰਦੂ) ਗੰਗਾ ਅਰ ਕਾਸ਼ੀ ਦਾ ਸੇਵਨ ਕਰਦੇ (ਭਾਵ ਉਥੇ ਮਰਣ ਨਾਲ ਮੁਕਤੀ ਸਮਝਦੇ ਹਨ)। ੬.(ਮੁਸਲਮਾਨ) ਰੋਜ਼ੇ (ਹਿੰਦੂ) ਵਰਤ ਰੱਖਦੇ ਨਿਮਾਜ਼ਾਂ ਤੇ ਡੰਡਉਤਾਂ ਕਰਦੇ ਹਨ। (ਸਤਵੀਂ ਤੁਕ ਵਿਖੇ ਸਿੱਧਾਂਤ ਦੱਸਦੇ

ਹਨ) ੭.ਗੁਰੂ ਦੇ ਸਿੱਖ ਦੇ ਇਕ ਰੋਮ ਬਰਾਬਰ ਨਹੀਂ ਪੁੱਜਦੇ ਹਨ (ਕਿਉਂਕਿ ਉਹ) ਆਪਾ ਗੁਆਉਂਦੇ ਹਨ।

## ੧੦. (ਗੁਰਸਿਖ ਹਿੰਦੀ ਮਤ ਮਤਾਂਤ੍ਰਾਂ ਤੋਂ ਉਚਾ ਹੈ)।

੧. ਛਿਅ ' ਦਰਸਨ ਵਰਤਾਇਆ ਚਉਦਹ ਖਨਵਾਦੇ।
੨. ਘਰੈ ਘੁੰਮਿ ਘਰਬਾਰੀਆਂ ਅਸਵਾਰ ਪਿਆਦੇ।
੩. ਸੰਨਿਆਸੀ ਦਸ ਨਾਮ ਧਰਿ ਕਰਿ ਵਾਦ ਕਵਾਦੇ।
੪. ਰਾਵਲ ਬਾਰਹ ਪੰਥ ਕਰਿ ਫਿਰਦੇ ਉਦਮਾਦੇ।
੫. ਜੈਨੀ ਜੂਠ ਨ ਉਤਰੈ ਜੂਠੇ ਪਰਸਾਦੇ।
੬. ਗੁਰ ਸਿਖ ਰੋਮ ਨ ਪੁਜਨੀ ਧੁਰਿ ਆਦਿ ਜੁਗਾਦੇ॥੧੦॥

**ਪਦਾਰਥ**-(ਚਉਦਹ ਖਨਵਾਦੇ=੧੪ ਵਿਦਯਾ ਵਿਚ ਝਗੜਦੇ। ਘਰੇ ਘੁੰਮਿ=ਘਰ ਦੀ (ਘੁੰਮਣਘੇਰੀ। ਘਰਬਾਰੀਆ=ਗ੍ਰਿਹਥੀ। ਵਾਦ ਕਵਾਦੇ=ਉੱਤਰ ਪ੍ਰਸ਼ਨ ਦੇ ਵਾਦ। (ਉਦਮਾਦੇ=ਸੌਦਾਈ, ਮਸਤ। )

**ਅਰਥ**-੧.ਛੀ ਦਰਸ਼ਨ ਚੌਦਹ ਵਿਦਯਾ ਦੇ ਝਗੜੇ ਵਿਖੇ ਵਰਤਦੇ ਹਨ। ੨.ਗ੍ਰਿਹਸਥੀ ਲੋਕ ਅਸਵਾਰ ਪਿਅਦੇ (ਪਾਤਸ਼ਾਹੀ ਨੌਕਰ ਚਾਕਰ) ਘਰ ਦੀ ਘੁੰਮਣਘੇਰੀ ਵਿਖੇ ਫਸੇ ਹੋਏ (**"ਹੋਟੀਆਂ ਕਾਰਣ ਪੂਰਹਿ ਤਾਲ"**) (ਆਮਾ:ਵਾਰ-੫) ਹਨ। ੩.ਸੰਨਿਆਸੀ ਦਸ ਨਾਉਂ (ਗਿਰੀ ਪੁਰੀ ਆਦਿ) ਰਖਾਕੇ ਉਤਰ ਪ੍ਰਸ਼ਨਾਂ ਦੇ ਝਗੜੇ ਕਰ ਰਹੇ ਹਨ। ੪.ਰਾਵਲ (ਜੋਗੀ) ਲੋਕ ਥਾਰਾ ਪੰਥ ਬਣਾਕੇ (ਹੰਕਾਰ ਆਦਿ ਮਦ ਪਾਨ ਕਰਕੇ) ਮਸਤ ਹੋਏ ਫਿਰ ਰਹੇ ਹਨ। ੫.ਜੈਨ ਮਾਰਗੀਆਂ ਦੀ ਜੂਠ ਨਹੀਂ ਉਤਰਦੀ (ਕਿਉਂ ਜੋ ਉਹ ਆਪਣੇ ਸੇਵਕਾਂ ਦਾ) ਬੱਚਤ ਅੰਨ ਖਾਂਦੇ (ਅਰ ਭਾਂਡਿਆਂ ਦੇ ਧੋਣ ਦਾ ਪਾਣੀ ਪੀਣ ਅਰ ਨ੍ਹਾਉਣ ਵਿਖੇ ਵਰਤਦੇ) ਹਨ। ੬.(ਇਹ ਸਭ) ਗੁਰੂ ਦੇ ਸਿੱਖ ਦੇ ਇਕ ਰੋਮ ਦੇ ਬਰਾਬਰ ਨਹੀਂ ਪੁਜਦੇ, ਜਿਨ੍ਹਾਂ ਦੀ ਧੁਰ (ਟੇਕ 'ਅਦਿ ਜੁਗਾਦਿ') ਵਾਹਿਗੁਰੂ ਪਰ ਹੈ।

**ਭਾਵ**-ਐਉਂ ਭੀ ਅਰਥ ਕਰਦੇ ਹਨ-ਗੱਲ ਕੀ ਇਹ ਨਵੀਂ ਗੱਲ ਨਹੀਂ, ਪਰੰਪਰਾ ਤੋਂ ਚਲੀ ਆਈ ਹੈ, ਕਿਉਂ ਜੋ ਗੁਰ ਸਿੱਖ ਵਿਖੇ ਹੰਕਾਰ ਨਹੀਂ ਹੈ, ਇਧਰ ਲੋਕ ਆਪੋ ਆਪਣੀ ਚਤੁਰਾਈ ਵਿਖੇ ਮਸਤ ਹੋਏ ਹਨ।

## ੧੧. (ਗੁਰ ਸਿਖ)।

(ਅੰਨਜਾ ਦੇਸ਼ੀ ਤੇ ਅੰਨਜ ਧਰਮੀਆਂ ਤੋਂ ਉੱਚਾ ਹੈ।)

੧. ਬਹੁ ਸੁੰਨੀ ਸ਼ੀਆ ਰਾਫਜ਼ੀ ਮਜ਼ਹਬ ਮਨ ਭਾਣੇ।
੨. ਮੁਲਹਿਦ੍ਹ ਹੋਇ ਮਨਾਫ਼ਕਾ ਸਭ ਭਰਮ ਭੁਲਾਣੇ।
੩. ਈਸਾਈ ਮੂਸਾਈਆਂ ਹਉਮੈ ਹੈਰਾਣੇ।
੪. ਹੋਇ ਫਿਰੰਗੀ ਅਰਮਨੀ ਰੂਮੀ ਗਰਬਾਣੇ।
੫. ਕਾਲੀ ਪੋਸ ਕਲੰਦਰਾ ਦਰਵੇਸ ਦੁਗਾਣੇ।
੬. ਗੁਰੁ ਸਿਖ ਰੋਮ ਨ ਪੁਜਨੀ ਗੁਰ ਹਟਿ ਵਿਕਾਣੇ॥੧੧॥

 www.sikhbookclub.com

**ਪਦਾਰਥ**-(ਸੁੰਨੀ, ਸ਼ੀਆ, ਹਾਫਜ਼ੀ=ਮੁਸਲਮਾਨੀ ਫਿਰਕੇ ਹਨ।
(ਦੁਗਾਣੇ=ਖੋਟੇ, ਦੋ ਗੰਡੇ ੮ ਕੌਡਾਂ ਦੇ ਮੁੱਲ ਵਾਲੇ। )

**ਅਰਥ**-੧.ਸੁੰਨੀ, ਸ਼ੀਏ, ਹਾਫਜ਼ੀ (ਆਦਿ) ਬਹੁਤੇ ਮਜ਼ਹਬ (ਮੁਸਲਮਾਨਾਂ ਦੇ) ਮਨ ਵਿਖੇ ਚੰਗੇ ਲੱਗੇ ਹਨ, ੨.ਮੁਲਹਿਦ, ਮੁਨਾਫਕ ਸਭ ਭਰਮ ਵਿਖੇ ਭੁੱਲੇ ਰਹੇ (ਕਿਉਂਕਿ ਉਹ ਜਗਤ ਕਰਤਾ ਨਹੀਂ ਮੰਨਦੇ, ਜਾਣਦੇ ਹਨ ਕਿ ਘਾਹ ਤੋਂ ਘਾਹ ਵਾਂਗੂੰ ਆਪੇ ਜਗਤ ਹੋਇਆ ਆਉਂਦਾ ਹੈ)। ੩.ਈਸਾਈ ਲੋਕ ਅਰ ਮੂਸਾ ਪੈਕੰਬਰ ਦੇ ਮੰਨਣ ਵਾਲੇ ਹਉਮੈ ਵਿਖੇ ਹੈਰਾਨ ਹਨ। ੪.ਫਿਰੰਗਿਸਤਾਨੀ, 'ਇਰਮਨੀ' (ਅਰਮੀਨੀਆਂ ਵਾਸੀ) ਰੂਮੀ ਹੰਕਾਰ ਵਿਖੇ ਮਸਤ ਹਨ। ੫.ਕਾਲੀ ਪੋਸ਼ (ਜੋ ਕਾਲੀ ਪੁਸ਼ਾਕ ਰਖਦੇ ਹਨ) ਕਲੰਦਰ ਅਤੇ ਦਰਵੇਸ਼ ਲੋਕ (ਜੋ ਕਿ ਦੇਸ਼ਾਟਨ ਕਰੀ ਫਿਰਦੇ ਹਨ) ('ਦੁਗਾਣੇਂ') ਦੋ ਗੰਡੇ ਕੌਡਾਂ ਦੇ ਮੁੱਲ ਵਾਲੇ ਹਨ, (ਕਿਉਂ? ਜੋ ਜੋ ਹੰਕਾਰ ਕਰੇ, ਭਾਵੇਂ ਕਈ ਹੋਵੇ, ਕੌਡੀਓਂ ਖੋਟਾ ਹੈ)। ੬.ਗੁਰੂ ਦੇ ਸਿੱਖ ਦੇ ਇਕ ਵਾਲ ਦੇ ਬਰਾਬਰ ਨਹੀਂ (ਕਿਉਂ ਜੋ ਗੁਰੂ ਦੇ ਸਿਖ) ਗੁਰੂ ਦੀ ਹੱਟੀ ਪੁਰ ਵਿਕ ਚੁਕੇ ਹਨ।

**ਭਾਵ**-ਇਸ ਲਈ ਓਹ "**ਮੁੱਲ ਖਰੀਦੀ ਲਾਲਾ ਗੋਲਾ**" (ਮਾਰੂ:ਮ:੧-੬) ਹੋ ਰਹੇ ਹਨ, ਹੋਰ ਟੇਕ ਹੈ ਨਹੀਂ ਇਸ ਕਰਕੇ ਵਾਹਿਗੁਰੂ ਨਿਵਾਸੀ ਤੇ ਉਚੇ ਹਨ।

## ੧੨. (ਗੁਰ ਸਿਖ)।

(ਕਰਮ ਧਰਮ ਤੋਂ ਉਂਚਾ ਸੁਖਫਲ ਵਿਚ ਹੈ।)

੧. ਜਪ ਤਪ ਸੰਜਮ ਸਾਧਨਾ ਹਨ ਨਿਗ੍ਰਹ ਕਰਣੇ।
੨. ਵਰਤ ਨੇਮ ਤੀਰਥ ਘਣੇ ਅਧਿਆਤਮ ਧਰਣੇ।
੩. ਦੇਵੀ ਦੇਵਾ ਦੇਹੁਰੇ ਪੂਜਾ ਪਰਵਰਣੇ
੪. ਹੋਮ ਜੱਗ ਬਹੁ ਦਾਨ ਕਰਿ ਮੁਖ ਵੇਦ ਉਚਰਣੇ।
੫. ਕਰਮ ਧਰਮ ਭੈ ਭਰਮ ਵਿਚਿ ਬਹੁਬ ਜੰਮਣ ਮਰਣੇ।
੬. ਗੁਮਰੁਖਿ ਸੁਖ ਫਲ ਸਾਧ ਸੰਗਿ ਮਿਲਿ ਦੁਤਰੁ ਤਰਣੇ॥੧੨॥

**ਪਦਾਰਥ**-(ਅਧਿਆਤਮ=ਆਤਮਾ ਨਮਿੱਤ। ਪੂਜਾ ਵਰਵਰਣੇ=ਪੂਜਾ ਵਿਖੇ ਪਰਵਿਰਤ ਹੋਏ।)

**ਅਰਥ**-੧.ਜਪ, ਤਪ, ਸੰਜਮ (ਇੰਦ੍ਰਯ ਰੋਕ ਦੀਆਂ) ਸਾਧਨਾਂ (ਤਪੱਸਜਾਂ,) ਹਠ ਨੂੰ ਧਾਰਕੇ ਕਰਣੀਆਂ।੨.ਵਰਤ, ਨੇਮ, ਤੀਰਥ ਬਾਹਲੇ ਆਤਮਾ ਨਮਿੱਤ ਕਰਨੇ, ੩.ਦੇਵੀਆਂ, ਦੇਵਤੇ, (ਦੇਹਰੇ) ਠਾਕਰ ਦੁਆਰਿਆਂ ਦੀ ਪੂਜਾ ਵਿਖੇ ਤਤਪਰ ਹੋਣਾ। ੪.ਬਹੁਤੇ ਹੋਮ, ਜਗ, ਦਾਨ ਕਰਣੇ, ਵੇਦਾਂ ਦਾ ਮੁਖੋਂ ਪਾਠ ਕਰਣਾ। ੫.ਕਰਮਾਂ, ਧਰਮਾਂ, ਭੈ ਭਰਮਾਂ ਵਿਚ ਬਾਹਲੇ ਜੰਮਦੇ ਮਰਦੇ ਹੀ ਰਹਿੰਦੇ ਹਨ। ੬.(ਸੁਖ ਫਲ) ਸ੍ਵਰੂਪਾਨੰਦ ਦੀ ਪ੍ਰਾਪਤੀ ਗੁਰਮੁਖਾਂ ਨੂੰ ਹੁੰਦੀ ਹੈ ਜੋ ਸਾਧ ਸੰਗਤ ਨੂੰ ਮਿਲਕੇ ਕਠਨ (ਸੰਸਾਰ ਨੂੰ) ਤਰ ਜਾਂਦੇ ਹਨ (ਜੋ ਹਉਂ ਤੋਂ ਟੇਕ ਚੁਕਕੇ ਗੁਰੂ ਤੇ ਟੇਕ ਧਾਰਦੇ ਹਨ)।

## ੧੩. (ਗੁਰਸਿਖ)।

(ਪ੍ਰਤਾਪੀਆਂ ਵਿਚ ਜੀਵਿਆਂ ਤੋਂ ਉਂਚਾ ਗੁਰ ਸਿਖ ਸੁਖ ਫਲ ਵਿਚ ਹੈ।)

੧. ਉਦੇ ਅਸਤਿ ਵਿਚਿ ਰਾਜ ਕਰਿ ਚਕ੍ਰਵਰਤਿ ਘਨੇਰੇ।
੨. ਅਰਬ ਖਰਬ ਲੈ ਦਰਬ ਨਿਧਿ ਰਸ ਭੋਗਿ ਚੰਗੇਰੇ।
੩. ਨਰਪਤਿ ਸੁਰਪਤਿ ਛਤ੍ਰਪਤਿ ਹਉਮੈ ਵਿਚਿ ਘੇਰੇ।
੪. ਸਿਵ ਲੋਕਹੁੰ ਚੜ੍ਹਿ ਬ੍ਰਹਮ ਲੋਕ ਬੈਕੁੰਠ ਵਸੇਰੇ।
੫. ਚਿਰ ਜੀਵਣ ਬਹੁ ਹੰਢਣਾ ਹੋਹਿ ਵਡੇ ਵਡੇਰੇ।
੬. ਗੁਰਮੁਖ ਸੁਖ ਫਲ ਅਗਮ ਹੈ ਹੁਇ ਭਲੇ ਭਲੇਰੇ॥੧੩॥

**ਪਦਾਰਥ**-(ਨਰਪਤਿ=ਨਰਾਂ ਦੇ ਰਾਜੇ। ਸੁਰਪਤਿ ਛਤ੍ਰਪਤਿ=ਇੰਦ੍ਰ ਤੇ ਛਤ੍ਰ ਦੇ ਪਤੀ। (ਰਾਜ ਖੋਹਣੇ ਵਾਲੇ, ਰਾਵਣਾਦਿ; )

**ਅਰਥ**-੧.ਚੱਕ੍ਰਵਰਤੀ ਰਾਜੇ ਉਦਯ ਅਸਤ ਤੀਕ ਰਾਜ ਕਰਕੇ ਬਾਹਲੇ (ਪ੍ਰਤਾਪ ਵਾਲੇ) ਹੋਏ। ੨.ਅਰਬ ਖਰਬਾਦਿ ਪਦਾਰਥਾਂ ਦੀਆਂ ਨਿਧਾਂ (ਘਰ ਵਿਖੇ ਅਰ) ਰਸਾਂ ਦੇ ਭੋਗ ਚੰਗਿਆਂ ਥੋਂ ਚੰਗੇ (ਤਿਆਰ ਸਨ)। ੩.ਨਰਪਤ ਲੋਕ, ਛਤ੍ਰ ਪਤੀ, ('ਸੁਰਪਤਿ') ਇੰਦ੍ਰਾਦਿਕ ਹਉਮੈ ਵਿਖੇ ਘੇਰੇ ਰਹੇ। ੪.ਸ਼ਿਵ ਲੋਕ ਥੋਂ ਬਹ੍ਮ ਲੋਕ ਨੂੰ ਚੜ੍ਹਕੇ ਕਈ ਰਾਜੇ ਬੈਕੁੰਠ ਦੇ ਵਾਸੀ ਹੋਏ। ੫.ਕਈ ਚਿਰਜੀਵ ਬਾਹਲੀਆਂ ਉਮਰਾਂ ਵਾਲੇ ਵੱਡਿਆਂ ਥੋਂ ਵਡੇ ਹੋਏ। ੬.('ਸੁਖਫਲ') ਸਰੂਪਾਨੰਦ ਦੀ ਪ੍ਰਾਪਤੀ ਗੁਰਮੁਖਾਂ ਨੂੰ ਹੋਈ ਹੈ, (ਇਸ ਲਈ ਓਹ ਗੁਰਮੁਖ ਉਪਰ ਕਹੇ ਹੋਏ ਸਾਰੇ) ਭਲਿਆਂ ਨਾਲੋਂ ਭਲੇਰੇ (ਉਤਮ) ਹਨ (ਕਿਉਂ ਜੋ ਸ਼ਾਂਤਾਤਮਾਂ ਹੋਕੇ ਆਪਣੇ ਆਪ ਦੇ ਆਨੰਦ ਵਿਖੇ ਮਗਨ ਰਹਿੰਦੇ ਹਨ, ਨਿਜ ਸਰੂਪ ਤੋਂ ਨਹੀਂ ਹਿੱਲਦੇ)।

## ੧੪. (ਗੁਰਸਿਖ)।

(ਇੰਦ੍ਰਯ ਸੁਖਾਂ ਤੋਂ ਉੱਚੇ ਸੁਖ ਫਲ ਵਿਚ ਹੈ।)

੧. ਰੂਪ ਅਨੂਪ ਸਰੂਪ ਲਖ ਹੁਇ ਰੰਗ ਬਿਰੰਗੀ।
੨. ਰਾਗ ਨਾਦ ਸੰਬਾਦ ਲਖ ਸੰਗਤਿ ਅਭੰਗੀ।
੩. ਗੰਧ ਸੁਗੰਧਿ ਮਿਲਾਪ ਲਖ ਅਰਗਜੇ ਅਦੰਗੀ।
੪. ਛਤੀਹ ਭੋਜਨ ਪਾਕਸਾਲ ਰਸ ਭੋਗ ਸੁਢੰਗੀ।
੫. ਪਾਟ ਪਟੰਬਰ ਗਹਿਣਿਆਂ ਸੋਹਹਿ ਸਰਬੰਗੀ।
੬. ਗੁਰਮੁਖਿ ਸੁਖ ਫਲ ਅਗਮ ਹੈ ਗੁਰੁ ਸਿਖ ਮਹਲੰਗੀ॥੧੪॥

**ਪਦਾਰਥ**-(ਰੰਗ ਬਿਰੰਗੀ=ਮਿਸ਼ਰਤ ਰੰਗ। ਅਦੰਗੀ=ਸੁੱਧ। ਸੁਢੰਗੀ=ਚੰਗੇ। (ਸਰਬੰਗੀ=ਸਾਰੇ ਅੰਗਾਂ ਵਾਲੇ, ਪੂਰੇ। ਅਗਮ=ਜਿਸ ਵਿਖੇ ਗੰਮਤਾ ਨਾ ਹੋਵੇ। (ਸਹਲੰਗੀ=ਸੰਬੰਧੀ। )

**ਅਰਥ**-(ਗੁਰਮੁਖ ਦੇ ਸੁਖ ਫਲ ਵਿਖੇ ਹੋਰ ਸੁਖਾਂ ਦੀ ਗੰਮਤਾ ਨਹੀਂ, ਕਿਉਂ ਜੋ ਉਹ ਗੁਰੂ ਦੇ ਸਿਖਾਂ ਦਾ 'ਸਹਲੰਗੀ' ਸੰਬੰਧ ਅਥਵਾ ਮਿਲਾਪ ਰਖਦਾ ਹੈ ਭਾਵ ਏਹ ਨਿਬਾਹੂ ਸੁਖ ਹੈ, ਹੋਰ ਨਾਸ਼ੀ ਸੁਖ ਅੱਗੇ ਦੱਸਦੇ ਹਨ):- ੧.'ਰੂਪ ਅਨੂਪ ਸਰੂਪ' (ਅਰਥਾਤ ਕ੍ਰਿਤਮ ਸੋਹਣੇ ਰੂਪ, ਸਰੂਪ, ਜਾਤੀਯ ਸੁੰਦਰ ਰੂਪ) ਲੱਖਾਂ ਰੰਗਾਂ ਨਾਲ ਮਿਸ਼੍ਰਤ ਹੋਣ। ੨.ਰਾਗਾਂ ਨਾਦਾਂ ਦੇ 'ਸੰਬਾਦ' (ਝਗੜੇ) ਲੱਖਾਂ ਸੰਗਤਾਂ ਇਕ ਰਸ (ਰਹਿਣ ਵਾਲੀਆਂ ਵਿਦਮਾਨ) ਹੋਣ। ੩.ਗੰਧੀਆਂ ਵਿਚੋਂ ਲੱਖਾਂ ਸੁਗੰਧੀਆਂ ਦੇ ਮੇਲ ਅਰ ਅਰਗਜੇ (ਬਾਹਲੀਆਂ ਸੁਗੰਧੀਆਂ ਦੇ ਸਾਰਭੂਤ ਤੇਲ) ਸੁੱਧ। ੪.ਰਸੋਈ ਵਿਖੇ ਛਤੀਹ ਪ੍ਰਕਾਰ ਦੇ ਭੋਜਨ

ਹੋਰ ਰਸਾਂ ਦੇ ਭੋਗ ਚੰਗੇ ਢੰਗ ਬਨਾਉਣ ਵਾਲੇ। ੫.ਪੱਟ ਦੇ ਕਪੜੇ (ਪਹਿਰਣ ਨੂੰ), ਗਹਿਣੇ (ਸਰਬੰਗਾਂ) ਸਾਰੇ ਅੰਗਾਂ ਦੇ (ਪੂਰਣ ਲ਼ਈ, ਕੜੇ, ਬੁਹੱਟੇ, ਵਾਲੇ ਆਦਿ) ਸ਼ੋਭਦੇ ਹੋਣ। ੬.(ਪਰੰਤੂ ਉਕਤ ਸੁਖ) ਗੁਰਮੁਖਾਂ ਦੇ ਸੁਖ ਫਲ ਦੇ (ਆਨੰਦ ਵਿਖੇ ਆਪਣੀ) ਗੰਮਤਾ ਨਹੀਂ ਕਰ ਸਕਦੇ (ਸਮਾਨਤਾ ਨਹੀਂ ਪਾ ਸਕਦੇ ਕਿਉਂ ਜੋ) ਗੁਰਸਿਖਾਂ ਦਾ (ਆਨੰਦ ਅਨੰਤ ਸੁਖਾਂ ਦਾ ਕਾਰਣ ਹੈ, (ਹੋਰ ਸੰਸਾਰਿਕ ਸੁਖ ਨਾਸ਼ਮਾਨ ਹਨ ਅਰ ਗੁਰਮੁਖਾਂ ਦਾ ਸੁਖ ਫਲ ਇਕ ਰਸ ਅਤੇ ਅਨਾਸ਼ੀ ਹੈ)।

## ੧੫. (ਗੁਰਸਿਖ)।

(ਮਨ ਬੁੱਧੀ ਦੇ ਸੁਖਾਂ ਤੋਂ ਉਚੇ ਸੁੱਖ ਵਿਚ ਹੈ।)

੧. ਲਖ ਲਖ ਮਤਿ ਬੁਧਿ ਸੁਧਿ ਉਕਤਿ ਲਖ ਲਖ ਚਤੁਰਾਈ।
੨. ਲਖ ਬਲ ਬਚਨ ਬਿਬੇਕ ਲਖ ਪਰਕਿਰਤਿ ਕਮਾਈ।
੩. ਲਖ ਸਿਆਣਪ ਸੁਰਤਿ ਲਖ ਲਖ ਸੁਰਤਿ ਘੜਾਈ।
੪. ਗਿਆਨ ਧਿਆਨ ਸਿਮਰਣ ਸਹੰਸ ਲਖ ਪਤਿ ਵਡਿਆਈ।
੫. ਹਉਮੈ ਅੰਦਰਿ ਵਰਤਣਾ ਦਰਿ ਥਾਇ ਨ ਪਾਈ।
੬. ਗੁਰਮੁਖਿ ਸੁਖ ਫਲ ਅਗਮ ਹੈ ਸਤਿਗੁਰ ਸਰਣਾਈ॥੧੫॥

**ਪਦਾਰਥ**-(ਪਰਕਿਰਤਿ=ਮਾਇਆ ਜਾਂ ਸਰੀਰ ਦੀ ਕਮਾਈ।)

**ਅਰਥ**-੧.ਲੱਖਾਂ ਮਤ ਅਤੇ ਲੱਖਾਂ ਬੁੱਧੀਆਂ (ਅਰਥਾਤ ਵਿਹਾਰਕ ਅਤੇ ਪਰਮਾਰਥਿਕ) ਹਨ (ਸੁਧ) ਪਵਿਤ੍ਰਤਾ (ਯਾ ਹੋਸ਼) ਓਕਤ (ਵਚਨਾਂ ਦੀ ਚਤੁਰਾਈ) ਅਰ ਹੋਰ ਲਖਾਂ ਚਾਤੁਰਤਾਈਆਂ ਹੋਣ। ੨.ਲਖਾਂ ਬਲ (ਸਰੀਰਕ), ਬਚਨਾਂ, ਵਿਚਾਰਾਂ ਲੱਖਾਂ, ਮਾਇਆ ਲਈ ਮਿਹਨਤਾਂ (ਅਥਵਾ ਪਰਾਈ ਕਿਰਤ ਕਰਣੀ)। ੩.ਲੱਖਾਂ ਸਿਆਣਪਾਂ, ਲੱਖਾਂ ਸੁਤੀਆਂ (ਪੜ੍ਹੇ), ਲੱਖਾਂ 'ਘੜਾਈ' ਦੀ ('ਸੁਰਤ') ਗਿਆਤ ਹੋਵੇ (ਭਾਵ ਇਮਾਰਤ ਦੇ ਕੰਮ ਚੰਗੇ ਜਾਣੇ)। ੪.ਗਿਆਨ ਧਿਆਨ ਅਤੇ ਸਿਮਰਨ ਹਜ਼ਾਰ ਹੋਣ, ਲੱਖਾਂ ਪਤਿ ਅਤੇ ਵਡਿਆਈਆਂ ਹੋਣ, (ਪਰੰਤੂ ਸਾਰੇ ਉਕਤ ਸੁਖ਼ ਤੁੱਛ ਹਨ, ਅੱਗੇ ਇਸ ਦਾ ਕਾਰਣ ਦੱਸਦੇ ਹਨ)। ੫.ਹੰਕਾਰ ਅਤੇ ਮਮਤਾ ਦੇ ਵਿਖੇ (ਏਹ ਸੁਖ) ਵਰਤਦੇ ਹਨ, (ਇਸ ਲਈਂ ਪਰਮੇਸ਼ੁਰ ਦੀ) ਦਰਗਾਹ ਵਿਖੇ ਕਬੂਲ ਨਹੀਂ ਹੁੰਦੇ। ੬.ਗੁਰਮੁਖ ਦਾ ਸੁਖ ਫਲ ਅਗੰਮ ਹੈ, (ਕਿਉਂ ਜੋ ਓਹ) ਸਤਿਗੁਰੂ (ਗੁਰੂ ਨਾਨਕ ਦੀ) ਸ਼ਰਣੀ ਪਏ ਹਨ, (ਇਸ ਲਈ ਆਪ ਸਤਿਗੁਰੂ ਉਨ੍ਹਾਂ ਦੀ ਸਦਾ ਰੱਖਯਾ ਕਰਦੇ ਹਨ ਤੇ ਹਉਂ ਦੇ ਬੰਧਨ ਟੁੱਟ ਜਾਂਦੇ ਹਨ।)

## ੧੬. (ਗੁਰਸਿਖ)।

(ਸਤੋਗੁਣੀ ਸੁਖਾਂ ਤੋਂ ਉੱਚਾ ਪਿਰਮ ਰਸ ਵਿਚ ਹੈ।)

੧. ਸਤਿ ਸੰਤੋਖ ਦਇਆ ਧਰਮ ਲਖ ਅਰਥ ਮਿਲਾਹੀ।
੨. ਧਰਤਿ ਅਗਾਸ ਪਾਣੀ ਪਵਣ ਲਖ ਤੇਜ ਤਪਾਹੀ।
੩. ਖਿਮਾਂ ਧੀਰਜ ਲਚਖ ਲਖ ਮਿਲਿ ਸੋਭਾ ਸਰਮਾਹੀ।
੪. ਸਾਂਤਿ ਸਹਜ ਸੁਖ ਸੁਕ੍ਰਿਤਾ ਭਾਉ ਭਗਤਿ ਕਰਾਹੀ।
੫. ਸਗਲ ਪਦਾਰਥ ਸਗਲ ਫਲ ਆਨੰਦ ਵਧਾਹੀ।
੬. ਗੁਰਮੁਖ ਸੁਖਫਲ ਪਿਰਮ ਰਸ ਇਕ ਤਿਲ ਨ ਪੁਜਾਹੀ॥੧੬॥

**ਪਦਾਰਥ**-(ਸਰਮਾਹੀ=ਸ਼ਰਮ ਕਰਨਾ, ਵੈਰਾਗ ਧਾਰਨਾ। ਸੁਕ੍ਰਿਤ=ਪੁੰਨ ਕਰਨੇ।)


www.sikhbookclub.com

**ਅਰਥ**-੧.ਸਤ, ਸੰਤੋਖ, ਦਇਆ ਤੇ ਧਰਮ, ਲੱਖਾਂ ਅਰਥਾਂ ਦਾ ਮੇਲ ਹੋਣਾ। ੨.ਲੱਖਾਂ ਧਰਤੀ, ਲਖ ਅਕਾਸ਼, ਲਖਾਂ ਪਾਣੀ, ਲਖਾਂ ਪਾਉਣਾਂ, ਲੱਖਾਂ ਅੱਗਾਂ ਤਪਣੀਆਂ (ਭਾਵ ਅਪ, ਤੇਜ, ਵਾਇ, ਪ੍ਰਿਥਮੀ, ਅਕਾਸ਼, ਭਾਵ ਪੰਜ ਤੱਤਾਂ ਦੀ ਰਹਿਤ ਧਾਰਨ ਕਰਨੀ)। ੩.ਖਿਮਾਂ ਧੀਰਜ ਲਖਾਂ ਧਾਰਕੇ ਸ਼ੋਭਾ ਖੱਟਣੀ, ('ਸਰਮਾਹੀ') ਵੈਰਾਗ ਧਾਰਨਾ। ੪.ਸ਼ਾਂਤਿ (ਧਾਰਣੀ), ਧੀਰਜ ਦਾ ਸੁਖ (ਯਥਾ ਲਾਭ ਸੰਤੁਸ਼ਟ ਹੋਣਾ), ਸੁਕ੍ਰਿਤ (ਪੁੰਨ ਕਰਣੇ) ਪ੍ਰੇਮਾ ਭਗਤੀ ਕਰਣੀ। ੫.ਸਾਰੇ ਪਦਾਰਥ, ਸਾਰੇ ਫਲ, ਆਨੰਦ ਵਧੀਕ ਹੋਣੇ। ੬.ਗੁਰਮੁਖ ਦੇ ਪ੍ਰੇਮ ਰਸ ਦੇ ਸੁਖ ਫਲ ਦੇ ਇਕ ਤਿਲ ਦੇ ਬਰਾਬਰ (ਉਕਤ ਸੁਖ) ਨਹੀਂ ਪੁੱਜ ਸਕਦੇ।

**ਭਾਵ**-ਕਿਉਂ ਜੋ ਇਹ ਸੁਖ ਫਲ ਸਾਰੇ ਧਰਮਾਂ ਅਰ ਸਾਰਿਆਂ ਸਾਧਨਾ ਦਾ ਸ਼ਰੋਮਣੀ ਹੈ, ਕਿਉਂ ਜੋ ਇਸ ਵਿਖੇ ਅਭਿਮਾਨ ਦਾ ਮੁਸ਼ਕ ਮਾਤ੍ਰ ਬੀ ਨਹੀਂ ਹੁੰਦਾ। ਸਿੱਟਾ ਇਹ ਕਿ ਜਿਸ ਖਾਤ ਵਿਚ ਹਉਮੈ ਹੈ ਉਹ ਨੀਵੀਂ ਹੈ, ਪਿਰਮ ਰਸ ਵਿਚ ਪੂਰਨ ਆਨੰਦ ਤੇ ਰਸ ਹੈ।

## ੧੭. (ਗੁਰਸਿਖ)।

(ਆਤਮ ਸੁਖਾਂ ਤੋਂ ਉੱਚਾ ਪਿਰਮ ਰਸ ਵਿਚ ਹੈ।)

੧. ਲਖ ਲਖ ਜੋਗ ਧਿਆਨ ਮਿਲਿ ਧਰ ਧਿਆਨ ਬਹੰਦੇ।
੨. ਲਖ ਲਖ ਸੁੰਨ ਸਮਾਧਿ ਸਾਧ ਨਿਜ ਆਸਣ ਸੰਦੇ।
੩. ਲਖ ਸੇਖ ਸਿਮਰਣ ਕਰਹਿ ਗੁਣ ਗਿਆਨ ਗਣੰਦੇ।
੪. ਮਹਿਮਾ ਲਖ ਮਹਾਤਮਾਂ ਜੈਕਾਰ ਕਰੰਦੇ।
੫. ਉਸਤਤਿ ਉਪਮਾਂ ਲਖ ਲਖ ਲਖ ਭਗਤ ਜਪੰਦੇ।
੬. ਗੁਰਮੁਖਿ ਸੁਖਫਲ ਪਿਰਮ ਰਸ ਇਕ ਪਲ ਨ ਲਹੰਦੇ ॥੧੭॥

**ਪਦਾਰਥ**-(ਸੁੰਨ ਸਮਾਧਿ=ਨਿਰਵਿਕਲਪ ਸਮਾਧੀ। ਆਸਣਿ ਸੰਦੇ=ਆਸਣਾਂ ਦੇ ਕਰਮ। (ਗਣੰਦੇ=ਗਿਣਦੇ ਹਨ।

**ਅਰਥ**-੧.ਲੱਖਾਂ ਜੋਗੀ ਲੋਕ, ਲੱਖਾਂ ਧਿਆਨੀ ਮਿਲਕੇ ਧਿਆਨ ਲਾ ਕੇ ਬੈਠਦੇ ਹਨ। ੨.ਲੱਖਾਂ ਸੁੰਨ ਸਮਾਧੀ' (ਅਫੁਰ ਸਮਾਧੀ ਵਾਲੇ) ਲੱਖਾਂ ਹੀ ਆਪੋ ਆਪਣੇ ਆਸਣਾਂ (ਕਰਮਾਂ) ਨੂੰ ਸਾਧਦੇ ਹਨ। ੩.ਲੱਖਾਂ ਸ਼ੇਖਨਾਗ ਸਿਮਰਣ ਕਰਦੇ ਹਨ। ਲੱਖਾਂ ਗੁਣੀ ਲੋਕ ਗਿਆਨ ਕਰਨ ਲਈ (ਗਿਆਨ ਗੋਦੜੀਆਂ ਲਾਂਦੇ ਹਨ)। ੪.ਲਖਾਂ ਮਹਾਤਮਾਂ (ਸ਼੍ਰੇਸ਼ਟ ਲੋਕ) ਮਹਿਮਾ ਕਰਦੇ ਹਨ, ਲਖਾਂ ਜੈ ਜੈਕਾਰ ਤੇ ਨਿਮਸਕਾਰ ਕਰਦੇ ਹਨ। ੫.ਲੱਖਾਂ ਉਸਤਤ, ਲੱਖਾਂ ਉਪਮਾਂ(ਕੀਰਤਨ ਆਦਿ)ਤੇ ਲੱਖਾਂ ਭਗਤ ਜਾਪ ਜਪਦੇ ਹਨ। ੬.(ਪਰੰਤੂ) ਗੁਰਮੁਖ ਪ੍ਰੇਮ ਰਸ ਦੇ ਸੁਖ ਫਲ ਦੇ ਇਕ ਪਲ ਨੂੰ ਬੀ ਨਹੀ ਲੈ ਸਕਦੇ।

**ਭਾਵ**-ਇਕ ਅੱਖ ਫੁਰਕਣ ਦੇ ਪ੍ਰੇਮ ਆਨੰਦ ਤੋਂ ਉਕਤ ਜੋਗ ਧਿਆਨਾਦਿਕ ਸਾਧਨ ਵਾਰਨੇ ਕੀਤੇ ਜਾ ਸਕਦੇ ਹਨ ਯਥਾ :-"**ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ ॥ ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥**" (ਚਉਬੋਲੇ:ਮ:੫-੫)

## ੧੮. (ਗੁਰਸਿਖ)।

(ਪਿਰਮ ਰਸ ਵਿਸਮਾਦ ਤੋਂ ਉਚਾ ਹੈ। 'ਵਾਹ ਵਾਹ')

੧. ਅਚਰਜ ਨੋ ਆਚਰਜੁ ਹੈ ਅਚਰਜੁ ਹੋਵੰਦਾ।
੨. ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਰਹੰਦਾ।
੩. ਹੈਰਾਣੇ ਹੈਰਾਣੁ ਹੈ ਹੈਰਾਣੁ ਕਰੰਦਾ।
੪. ਅਬਿਗਤਹੁੰ ਅਬਿਗਤੀ ਹੈ ਨਹਿੰ ਅਲਖੁ ਲਖੰਦਾ।
੫. ਅਕਥਹੁੰ ਅਕਥ ਅਲੇਖ ਹੈ ਨਿਤ ਨੇਤਿ ਸੁਣੰਦਾ।
੬. ਗੁਰਮੁਖ ਸੁਖ ਫਲ ਪਿਰਮ ਰਸ ਵਾਹੁ ਵਾਹੁ ਚਵੰਦਾ॥੧੮॥

**ਪਦਾਰਥ**-(ਅਚਰਜ ਨੋ ਆਚਰਜੁ=ਅਸਚਰਜ ਤੋਂ ਵੱਡਾ ਅਚਰਜ।
(ਅਬਿਗਤ=ਜਿਸ ਦੀ ਗਤੀ ਨਾ ਲਖੀ ਜਾਵੇ। ਚਵੰਦਾ=ਕਹਿੰਦਾ ਹੈ।)

**ਅਰਥ**-੧.ਅਚਰਜ ਤੋਂ ਜਿਹੜਾ ਵੱਡਾ ਅਚਰਜ ਹੈ (ਉਹ ਬੀ) ਅਚਰਜ ਹੋ ਜਾਂਦਾ ਹੈ। ੨.ਵਿਸਮਾਦ ਤੋਂ ਜਿਹੜਾ ਭਾਰੀ ਵਿਸਮਾਦ ਹੈ, ਉਹ ਬੀ ਵਿਸਮਾਦ ਰਹਿੰਦਾ ਹੈ। ੩.ਅਜਿਹਾ ਹੀ ਹੈਰਾਣ ਚੀਜ਼ਾਂ ਵਿਚੋਂ ਜੋ ਵੱਡੀ ਹੈਰਾਣ ਚੀਜ਼ ਹੈ, (ਉਹ ਬੀ) ਹੈਰਾਨ ਹੋ ਜਾਂਦੀ ਹੈ (ਕਿ ਮੈਂ ਬੀ ਅਜਿਹੀ ਹੈਰਾਣ ਨਹੀਂ ਹਾਂ)। ੪.ਅਬਿਗਤ ਤੋਂ ਜਿਹੜੀ ਅਬਿਗਤ ਹੈ, (ਅਪ੍ਰਾਪਤ ਵਸਤੂ) ਉਹ ਬੀ ਅਲਖ ਨੂੰ ਲਖ ਨਹੀਂ ਸਕਦੀ। ੫.ਅਕੱਥ ਤੋਂ ਅਕੱਥ ਤੇ ਅਲਿਖ ਹੈ, (ਜੱਗਯਾਸੂ) ਨਿਤਿ ਨੇਤਿ (ਇਹ ਨਹੀਂ, ਉਹ ਨਹੀਂ ) ਸੁਣਾਉਂਦਾ ਹੈ (ਕਿ ਅੰਤ ਨਹੀਂ ਹੈ ਹੋਰ ਬੀ ਹੈ)। ੬.ਗੁਰਮੁਖ ਨੂੰ ਸੁਖ ਫਲ ਜੋ ਪ੍ਰੇਮ ਰਸ ਪ੍ਰਾਪਤ ਹੋਇਆ ਹੈ (ਇਸ ਕਰਕੇ ਨਿੱਤ) ਵਾਹੁ ਵਾਹੁ ਕਹਿੰਦਾ ਹੈ।

**ਭਾਵ**-ਗੁਰਮੁਖ ਸਦਾ ਪ੍ਰੇਮ ਦੇ ਰਸ ਵਿਚ ਆਨੰਦ ਰਹਿੰਦੇ ਤੇ ਵਾਹ ਵਾਹ ਕਰਦੇ ਵਾਹ ਵਾਹ ਦਾ ਸਰੂਪ ਹੋਏ ਰਹਿੰਦੇ ਹਨ, ਇਸ ਕਰਕੇ ਵਾਹਿਗੁਰੂ ਦਾ ਜਾਪ ਜਪਦੇ ਹਨ।

ਭਾਵ ਇਹ ਕਿ ਪਿਰਮ ਰਸ ਦਾ ਕਥਨ ਨਹੀਂ ਹੋ ਸਕਦਾ, ਉਹ ਅਚਰਜ ਤੋਂ ਅਚਰਜ ਹੈ, ਉਸ ਨੂੰ ਪਾਕੇ ਨਿਰਾ 'ਵਾਹ ਵਾਹ' ਤੇ 'ਧੰਨ ਧੰਨ' ਮੂਹੋਂ ਨਿਕਲ ਸਕਦਾ ਹੈ, ਇਸ ਕਰਕੇ ਗੂਜਰੀ ਦੀ ਵਾਰ ਵਿਚ ਸਤਿਗੁਰੂ ਨੇ 'ਵਾਹ ਵਾਹ' ਕਰਕੇ ਪਿਰਮ ਰਸ ਦਾ ਆਵਾਜ਼ਾ ਦਿੱਤਾ ਹੈ।

## ੧੯. (ਪਿਰਮ ਰਸ ਪ੍ਰਾਪਤੀ ਦਾ)।

(ਵਸੀਲਾ-ਗੁਰੂ, ਸਤਿਸੰਗ, ਨਾਮ, ਹਉਮੈ ਤਯਾਗ।)

੧. ਇਕ ਕਵਾਉ ਪਸਾਉ ਕਰਿ ਬ੍ਰਹਮੰਡ ਪਸਾਰੇ।
੨. ਕਰਿ ਬ੍ਰਹਮੰਡ ਕਰੋੜ ਲਖ ਰੋਮ ਰੋਮ ਸੰਜਾਰੇ।
੩. ਪਾਰਬ੍ਰਹਮ ਪੂਰਣ ਬ੍ਰਹਮ ਗੁਰੁ ਰੂਪ ਮੁਰਾਰੇ।
੪. ਗੁਰੁ ਚੇਲਾ ਚੇਲਾ ਗੁਰੂ ਗੁਰ ਸ਼ਬਦ ਵੀਚਾਰੇ।
੫. ਸਾਧ ਸੰਗਤਿ ਸਚਖੰਡ ਹੈ ਵਾਚਾ ਨਿਰੰਕਾਰੇ।
੬. ਗੁਰਮੁਖਿ ਸੁਖਫਲ ਪਿਰਮ ਰਸ ਦੇਹਿ ਹਉਮੈ ਮਾਰੇ॥੧੯॥

**ਪਦਾਰਥ**-(ਸੰਜਾਰੇ=ਸੰਜਰੇ, ਮਿਲੇ ਹੋਏ। ਮੁਰਾਰੇ=ਹੰਕਾਰ ਨੂੰ ਮਾਰਨ ਵਾਲਾ।)

**ਅਰਥ**-੧.ਇਕ ਵਾਕ ਤੋਂ ਪਸਾਰਾ ਕਰਕੇ ਕਈ ਬ੍ਰਹਮੰਡ ਪਸਾਰ ਦਿੱਤੇ। ੨.ਕਰੋੜਾਂ ਬ੍ਰਹਮੰਡ ਕਰਕੇ ਇਕ ਇਕ ਰੋਮ ਵਿਖੇ ਲਖ ਲਖ (ਬ੍ਰਹਿਮੰਡ) ਮਿਲਾ ਰਖੇ ਹਨ, ੩.'ਪਾਰਬ੍ਰਹਮ' (ਨਿਰਗੁਣ ਬ੍ਰਹਮ) ਹੀ ਪੂਰਨ ਬ੍ਰਹਮ (ਅਰਥਾਤ ਸਗੁਣ ਮੂਰਤੀ) ਗੁਰੂ ਰੂਪ (ਧਾਰਕੇ) ਹੰਕਾਰ ਨੂੰ ਮਾਰ ਕੇ (ਦਿਖਾ ਦਿੱਤਾ)। ੪.ਗੁਰੂ (ਨਾਨਕ)ਚੇਲੇ ਦਾ ਰੂਪ (ਅਥਵਾ) ਚੇਲਾ (ਅੰਗਦ) ਗੁਰੂ (ਨਾਨਕ ਦਾ) ਰੂਪ (ਏਕ ਜੋਤਿ ਦੀਆਂ ਮੂਰਤੀਆਂ ਹਨ, ਇਹ ਪਦਵੀ ਚੇਲੇ ਨੂੰ ਕਿਥੋਂ ਮਿਲੀ? ਗੁਰੂ ਬਚਨ ਮੰਨਣ ਥੋਂ (ਕਿਉਂ

੨.ਦੇਹ ਤੇ ਮਨ ਦਾ ਮਾਨ ਛਡਕੇ ਟਹਿਲ ਕੀਤੀ)। ੫.(ਹੁਣ ਇਹ ਰਸ ਕਿਥੋਂ ਮਿਲਦਾ ਹੈ? ਉੱਤਰ) ਗੁਰੂ ਦੀ ਸ੍ਰੇਸ਼ਟ ਸੰਗਤ ਹੀ ਸਚ (ਪਰਮਾਤਮਾਂ ਦਾ) ਸਥਾਨ ਹੈ (ਕਿਉਂ ਜੋ ਉਨ੍ਹਾਂ ਦੀ 'ਵਾਚਾ') ਬਾਣੀ ਵਿਖੇ ਨਿਰੰਕਾਰ ਨਿਵਾਸ ਕਰਦਾ ਹੈ (ਜੋ ਬਚਨ ਕਰਦੇ ਹਨ ਪੂਰਾ ਹੋ ਜਾਂਦਾ ਹੈ)। ੬.ਗੁਰਮੁਖਾਂ ਨੇ ਦੇਹ ਦੀ ਹਉਮੈ ਮਾਰ ਦਿੱਤੀ ਹੈ, ਉਨ੍ਹਾਂ ਨੂੰ ਪ੍ਰੇਮ ਦਾ ਰਸ ਦਾ ਸੁਖ ਫਲ ਪ੍ਰਾਪਤ ਹੋਇਆ ਹੈ।

**ਭਾਵ**-ਪਿਛਲੀ ਪੌੜੀ ਵਿਚ ਗੁਰਮੁਖਾਂ ਦੇ ''ਵਾਹ'' ਉਚਾਰਨ ਦਾ ਕਥਨ ਸੀ, ਇਸ ਵਿਚ ''ਗੁਰੂ'' ਦਾ ਅਰਥ ਦੱਸਿਆ ਹੈ ਕਿ ਜੀਵਾਂ ਦੀ ਹਉਮੈਂ ਕੱਟਣ ਲਈ ਜੋ ਸਰਗੁਣ ਰੂਪ ਧਾਰਿਆ ਸੋ ''ਗੁਰੂ'' ਰੂਪ ਹੈ। ''ਵਾਹਿਗੁਰੂ'' ਜਪਿਆਂ ਨਿਰਗੁਣ ਤੇ ਅਸਲ ਸਰਗੁਣ ਜੋ ਹੰਕਾਰ ਮਾਰੂ ਭਗਵੰਤ ਹੈ ਤਿਸਦਾ ਜਾਪ ਹੋਯਾ, (ਹੰਕਾਰ ਵਾਲੇ ਸਰਗੁਣ ਅਵਤਾਰਾਂ ਦਾ ਨਹੀਂ).ਇਸ ਕਰਕੇ ਵਾਹਿਗੁਰੂ ਦਾ ਨਾਮ ਸਰੇਸ਼ਟ ਹੈ ਕਿ ਨਿਰਗੁਣ ਅਕਾਲ ਪੁਰਖ ਅਰ ਸਰਗੁਣ (ਵਜ਼ਾਪਕ ਤੇ ਕਾਰਕ) ਅਕਾਲ ਪੁਰਖ ਦਾ ਮੇਲ ਕਰਾਉਂਦਾ ਹੇ।

ਏਸ ਪਉੜੀ ਵਿਚ ਪਿਰਮ-ਰਸ ਦੀ ਪ੍ਰਾਪਤੀ ਦਾ ਜ਼ਿਕਰ ਹੈ ਕਿ ਪਰਮੇਸ਼ੁਰ ਜੋ ਮਨ, ਬੁਧੀ, ਦੇਸ਼, ਕਾਲ ਨਮਿੱਤ ਤੋਂ ਪਰੇ ਅਲਖ ਹੈ ਉਸ ਦਾ ਪਰਤੱਖ ਸਿੱਖਯਾ ਦਾਤਾ ਬਿਰਦ ਗੁਰੂ ਨਾਨਕ ਤੇ ਅੰਗਦ ਹੋਕੇ 'ਨਾਮ ਦੁਆਰੇ' ਏਹ ਰਸਤਾ ਬਖਸ਼ਿਆ ਹੈ। ਹੁਣ ਸਾਧ ਸੰਗਤ ਵਿਚ ਇਹ ਨਾਮ ਦਾ ਰਮਤਾ ਹੈ ਜਿਨ੍ਹਾਂ ਦੇ ਵਿਚ ਨਿਰੰਕਾਰ ਦਾ ਵਾਸ ਹੈ ਉਹ ਨਾਮ ਦਾਨ ਦੇਕੇ ਪ੍ਰਿਮ ਰਸ ਵਿਚ ਲੈ ਜਾਂਦੇ ਹਨ।

## ੨੦. (ਖਟ ਗੁਰ ਉਸਤਤਿ)।

੧. ਸਤਿਗੁਰ ਨਾਨਕ ਦੇਉ ਹੈ ਪਰਮੇਸਰੁ ਸੋਈ।
੨. ਗੁਰੁ ਅੰਗਦ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।
੩. ਅਮਰਾਪਦ ਗੁਰੁ ਅੰਗਦਹੁੰ ਹੁਇ ਜਾਣ ਜਣੋਈ।
੪. ਗੁਰੂ ਅਮਰਹੁੰ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ।
੫. ਰਾਮਦਾਸਹੁੰ ਅਰਜਨ ਗੁਰੂ ਗੁਰੁ ਸਬਦ ਸਥੋਈ।
੬. ਹਰਿਗੋਵਿੰਦ ਗੁਰ ਅਰਜਨਹੁੰ ਗੁਰੁ ਗੋਵਿੰਦ ਹੋਈ।
੭. ਗੁਰਮੁਖ ਸੁਖ ਫਲ ਪਿਰਮ ਰਸ ਸਤਿਸੰਗ ਅਲੋਈ।
੮. ਗੁਰੁ ਗੋਵਿੰਦਹੁੰ ਬਾਹਿਰਾ ਦੂਜਾ ਨਹੀਂ ਕੋਈ॥੨੦॥੩੯॥

**ਪਦਾਰਥ**-(ਅੰਗ ਤੇ=ਸਰੀਰ ਤੋਂ। ਜਣੋਈ=ਗਿਆਨਵਾਨ। ਭੋਈ=ਭਿੱਜ ਗਏ। (ਸਥੋਈ=ਧਾਰਨ ਵਾਲ। ਅਲੋਈ=ਦੇਖਦਾ।
(ਇਸ ਵਾਰ ਦੇ ਅੰਤ ਵਿਖੇ ਛੇਆਂ ਗੁਰੂ ਸਾਹਿਬਾਂ ਦਾ ਮੰਗਲਾਚਰਣ ਕਰਦੇ ਹਨ।)

**ਅਰਥ**-੧.ਸੱਚਾ ਗੁਰੂ, ਗੁਰੂ ਨਾਨਕ 'ਦੇਉ' (ਪਰਕਾਸ਼ ਰੂਪ) ਹੈ, (ਕਿਉਂ ਜੋ) ਓਹੀ ਪਰਮੇਸ਼ਰ (ਦਾ ਸਰੂਪ) ਹੈ। ੨.ਗੁਰੂ (ਨਾਨਕ ਜੀ) ਦੇ ਸਰੀਰ ਤੋਂ ਗੁਰੂ ਅੰਗਦ ਹੋਏ, ਜੋਤੀ (ਪ੍ਰਕਾਸ਼ ਰੂਪ ਗੁਰੂ ਨਾਨਕ ਨੇ ਆਪਣੀ) ਜੋਤਿ (ਉਸ ਵਿਖੇ ਸਮੋਈ) ਪਾ ਦਿੱਤੀ। ੩.ਗੁਰੂ ਅੰਗਦ ਤੋਂ ਗੁਰੂ ਅਮਰ ਪਦਵੀ ਵਾਲੇ (ਗੁਰੂ ਅਰਮਦਾਸ) ਹੋਏ, ('ਜਾਣ') ਜਾਣਨ ਵਾਲੇ ਤੋਂ (ਜਾਣੋਈ') ਜਾਣਨ ਵਾਲੇ ਹੋਏ, (ਅਥਵਾ 'ਜਾਣੋ' ਮੰਨੋ ਕਿ 'ਜਾਣੋਈ' ਗਿਆਨ ਸਰੂਪ ਹਨ)। ੪.ਗੁਰੂ ਅਮਰ ਤੋਂ ਗੁਰੂ ਰਾਮਦਾਸ ਹੋਏ, ਅੰਮ੍ਰਿਤ ਰਸ (ਨਾਮ) ਦੇ ਰਸ ਵਿਖੇ ਭਿੱਜੇ ਹੋਏ (ਅੱਠ ਪਹਿਰ ਨਾਮ ਦੀ ਰੰਗਣ ਰਹਿੰਦੀ ਸੀ)। ੫.ਰਾਮਦਾਸ ਤੋਂ ਅਰਜਨ ਗੁਰੂ ਸ਼ਬਦ ਦੇ (ਸਥੋਈ) ਧਾਰਣ ਹਾਰੇ ਹੋਏ। ੬.ਗੁਰੂ

ਅਰਜਨ ਤੋਂ ਗੁਰੂ ਹਰਿਗੋਬਿੰਦ ਗੋਬਿੰਦ ਦਾ ਰੂਪ ਹੋਏ। ੭.(ਇਨ੍ਹਾਂ ਤੋਂ) ਸਤਿਸੰਗ ਨੇ (ਰਚੇ ਜਾਕੇ) ਗੁਰਮੁਖ ਪਦ ਦਾ ਪ੍ਰੇਮ ਰਸ ਰੂਪੀ ਸੁਖ ਫਲ ਦੇਖਿਆ (ਪ੍ਰਾਪਤ ਕੀਤਾ)।੮.(ਤਾਂਤੇ) ਗੁਰੂ ਤੇ ਪਰਮੇਸ਼ਰ ਤੋਂ ਬਾਹਰਾ ਦੂਜਾ ਕੋਈ ਨਹੀਂ,(ਅਥਵਾ-ਇਸ ਵੇਲੇ ਗੁਰੂ ਹਰਿ ਗੋਬਿੰਦ ਤੋਂ ਬਾਝ ਹੋਰ ਕੋਈ ਨਹੀਂ ਹੈ)।

# ਵਾਰ ੩੯.

ੴ ਸਤਿਗੁਰ ਪ੍ਰਸਾਦਿ॥

## ੧. (ਮੰਗਲਾ ਚਰਨ)।

੧. ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਖਾਇਆ।
੨. ਸਤਿਨਾਮ ਕਰਤਾ ਪੁਰਖੁ ਨਿਰਭਉ ਹੁਇ ਨਿਰਵੈਰੁ ਸਦਾਇਆ।
੩. ਅਕਾਲ ਮੂਰਤਿ ਪਰਤਖਿ ਸੋਇ ਨਾਉ ਅਜੂਨੀ ਸੈਭੰ ਭਾਇਆ।
੪. ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰੁ ਹੋਂਦਾ ਆਇਆ।
੫. ਹੈਭੀ ਹੋਸੀ ਸਚੁ ਨਾਉ ਸਚੁ ਦਰਸਣ ਸਤਿਗੁਰੂ ਦਿਖਾਇਆ।
੬. ਸਬਦੁ ਸੁਰਤਿ ਲਿਵਲੀਣੁ ਹੋਇ ਗੁਰੁ ਚੇਲਾ ਪਰਚਾ ਪਰਚਾਇਆ।
੭. ਗੁਰੁ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ।
੮. ਗੁਰਮੁਖਿ ਸੁਖ ਫਲੁ ਅਲਖ ਲਖਾਇਆ॥੧॥

**ਅਰਥ**-੧.ਇਕ ਦਾ ਸਰੂਪ ਇਕਾਂਗ ਲਿਖਕੇ ਊੜੇ (ਅੱਖਰ) ਤੋਂ ਓਅੰਕਾਰ ਲਖਾ ਦਿੱਤਾ ਹੈ। ੨.(ਉਸ ਦਾ) ਨਾਮ ਸੱਚਾ ਹੈ, ਉਹ ਸਿਰਜਣਹਾਰ ਵਯਾਪਕ ਹੈ, (ਉਸ ਨੇ) ਨਿਰਭਉ ਅਤੇ ਨਿਰਵੈਰ ਨਾਮ ਰਖਾਇਆ ਹੈ (ਕਿਉਂ ਜੋ ਰਾਗ ਦ੍ਵੈਖ ਹੀ ਭਯ ਤੇ ਵੈਰ ਦਾ ਕਾਰਣ ਹਨ। ਓਹ ਇਨ੍ਹਾਂ ਉਪਾਧੀਆਂ ਤੋਂ ਰਹਿਤ ਹੋਣ ਦੇ ਕਾਰਣ ਨਿਰਭਉ ਨਿਰਵੈਰ ਹੈ)। ੩.(ਉਸ ਵਾਹਿਗੁਰੂ ਨੂੰ) ਪਰਤੱਖ (ਹੋਣ ਕਰਕੇ ਫੇਰ) ਅਕਾਲ ਮੂਰਤਿ, ਅਜੂਨੀ ਸੈਭੰ ਨਾਮ (ਕਹਾਉਣਾ) ਭਾਇਆ ("**ਕਾਲ ਰਹਿਤ ਅਨਕਾਲ ਸਰੂਪਾ**"। (ਪਾ:੧੦) ਅਜੋਨੀ=ਜੋ ਜਨਮ ਮਰਨ ਵਿਚ ਨਾ ਆਵੇ, ਸੈਭੰ= ਸੁਤੇ ਪ੍ਰਕਾਸ਼)। ੪.(ਫਿਰ ਉਹ ਕੈਸਾ ਹੈ?) ਵੱਡਾ ਹੈ, ਕ੍ਰਿਪਾ ਸਰੂਪ ਹੈ (ਯਾ ਗੁਰੂ ਕ੍ਰਿਪਾ ਨਾਲ ਪ੍ਰਾਪਨੀਯ ਹੈ) ਆਦਿ ਵਿਚ ਸਚੁ, ਜੁਗਾਂ ਜੁਗੰਤਰਾਂ (ਤੋਂ ਤ੍ਰਿਕਾਲ ਅਬਾਧ ਸਰੂਪ ਇਕ ਰਸ) ਹੁੰਦਾ ਚਲਾ ਆਯਾ ਹੈ। ੫.(ਉਹ) ਹੈ ਬੀ, ਹੋਵੇਗਾ ਬੀ (ਇਕ ਗੁਰਮੰਤ੍ਰ ਰੂਪੀ) ਸਚਾ ਨਾਉਂ, (ਤੇ ਇਸ ਦਾ ਜਪ ਤੇ ਗਯਾਨ ਉਸ ਤੋਂ ਪ੍ਰੇਮ ਪ੍ਰਾਪਤੀ) ਸਚਾ ਦਰਸ਼ਨ (ਮਤ) ਸਤਿਗੁਰੂ (ਗੁਰੂ ਨਾਨਕ ਦੇਵ) ਨੇ (ਸੰਸਾਰ ਨੂੰ) ਦਿਖਾਇਆ ਹੈ। ੬.ਸ਼ਬਦ ਦੁਆਰਾ ਸੁਰਤ ਵਿਖੇ ਮਗਨ ਹੋ ਕੇ ਜਿਸ ਨੇ ਗੁਰੂ ਚੇਲੇ ਵਾਲਾ ਪ੍ਰੇਮ ਪ੍ਰਗਟ ਕੀਤਾ ਹੈ।੭.ਗੁਰੂ ਚੇਲੇ ਦੀ ਰਹੁ ਰੀਤਿ ਕਰਕੇ ਵੀਹ ਤੋਂ ਇਕੀਹਵੀਂ (ਭੂਮਿਕਾ) ਦਾ (ਜਿਸ ਨੇ) ਚੜ੍ਹਾਉ ਚੜ੍ਹਾਇਆਂ ਹੈ (ਭਾਵ ਸੰਸਾਰਕ ਸੈਂਕੜੇ ਬ੍ਰਿਤੀਆਂ ਤੋਂ ਹਟਕੇ ਇਕ ਬ੍ਰਹਮਾਕਾਰ ਦੀ ਬ੍ਰਿਤੀ ਕੀਤੀ ਹੈ।) (ਫਲ ਅੱਠਵੀਂ ਤੁਕ ਵਿਖੇ ਦੱਸਦੇ ਹਨ। ੮.(ਉਸ) ਗੁਰਮੁਖ ਨੂੰ (ਭਾਵ ਗੁਰੂ ਅੰਗਦ ਜਿਹੇ ਗੁਰੂ ਚੇਲੇ ਨੂੰ)

ਅਲਖ (ਪਰਮਾਤਮਾ), ਜੋ ਸੁਖ ਫਲ ਦਾ ਰੂਪ ਹੈ, ਲਖਾ ਦਿੱਤਾ। (ਗੁਰੂ ਅੰਗਦ ਥੋਂ ਗੁਰ ਅਮਰ ਜੀ, ਗੁਰੂ ਅਮਰ ਤੋਂ ਗੁਰੂ ਰਾਮਦਾਸ ਅਰ ਗੁਰੂ ਰਾਮਦਾਸ ਤੋਂ ਗੁਰੂ ਅਰਜਨ ਦੇਵ ਈਸ਼੍ਵਰ ਸਰੂਪ ਹੋਏ ਆਦਿ; ਅਥਵਾ ਗੁਰੂ ਦੁਆਰੇ ਅਲਖ ਸੁਖ ਫਲ ਤਿਨ੍ਹਾਂ ਨੂੰ ਲਖਾ ਦਿੱਤਾ)।

## ੨. (ਪੰਜ ਗੁਰੂ)

੧. ਨਿਰੰਕਾਰੁ ਆਕਾਰ ਕਰਿ ਏਕੰਕਾਰੁ ਅਪਾਰ ਸਦਾਇਆ।
੨. ਓਅੰਕਾਰੁ ਅਕਾਰ ਕਰਿ ਇਕੁ ਕਵਾਉ ਪਸਾਉ ਕਰਾਇਆ।
੩. ਪੰਜ ਤਤ ਪਰਵਾਣ ਕਰਿ ਪੰਜ ਮਿਤ੍ਰ ਪੰਜ ਸਤ੍ਰ ਮਿਲਾਇਆ।
੪. ਪੰਜੇ ਤਿੰਨ ਅਸਾਧ ਸਾਧਿ ਸਾਧੁ ਸਦਾਇ ਸਾਧੁ ਬਿਰਦਾਇਆ।
੫. ਪੰਜੇ ਏਕੰਕਾਰ ਲਿਖਿ ਅਗੋਂ ਪਿਛੀਂ ਸਹਸ ਫਲਾਇਆ।
੬. ਪੰਜੇ ਅਖਰ ਪਰਧਾਨ ਕਰਿ ਪਰਮੇਸਰੁ ਹੁਇ ਨਾਉ ਧਰਾਇਆ।
੭. ਸਤਿਗੁਰੁ ਨਾਨਕ ਦੇਉ ਹੈ ਗੁਰੁ ਅੰਗਦ ਅੰਗਹੁੰ ਉਪਜਾਇਆ।
੮. ਅੰਗਦ ਤੇ ਗੁਰੂ ਅਮਰਪਦ ਅੰਮ੍ਰਿਤ ਰਾਮ ਨਾਮ ਗੁਰੁ ਭਾਇਆ।
੯. ਰਾਮਦਾਸ ਗੁਰੁ ਅਰਜਨ ਛਾਇਆ ॥੨॥

**ਪਦਾਰਥ**-(ਪਰਵਾਨ=ਪ੍ਰਮਾਨ ਵਜੂਦ ਵਾਲੇ ਰਚਕੇ, ਬਣਾਕੇ, ਯਾ ਤੋਲ ਮਿਣ ਜਾਚਕੇ ਉਨ੍ਹਾਂ (ਦੇ ਪਰਸਪਰ ਮਿਲਕੇ ਨਾਨਾਂ ਪਦਾਰਥ ਬਨਾਉਣ ਦੇ ਪ੍ਰਮਾਣ ਬੰਨ੍ਹ ਦਿਤੇ। (ਪੰਜ ਮਿਤ੍ਰ=ਸਤ ਸੰਤੋਖਾਦਿ। ਪੰਜ ਸਤ੍ਰ=ਕਾਮ ਕ੍ਰੋਧਾਦਿ। (ਪੰਜੇ=ਪੰਜ ਤੱਤ। ਤਿੰਨ=ਤਿੰਨ ਗੁਣ। ਅਸਾਧ ਸਾਧਿ=ਜੋ ਸਾਧੇ ਨਹੀਂ ਜਾ ਸਕਦੇ (ਸੋ ਸਾਧ ਲੀਤੇ। ਪੰਜ ਅਖਰ=ਪੰਜ ਨਾਮ, ਪੰਜ ਗੁਰੂ।)

**ਅਰਥ**-੧.ਨਿਰਗੁਣ ਬ੍ਰਹਮ ਆਕਾਰ ਧਾਰਕੇ 'ਏਕੰਕਾਰ' ਅਪਾਰ (ਹਦ ਤੋਂ ਰਹਿਤ) ਸਰੂਪ ਕਹਾਇਆ। ੨.ਅਕਾਰ ਕਰਕੇ 'ਓਅੰਕਾਰ' ਨੇ ਇਕ ਵਾਕ ਤੋਂ ਪਸਾਰਾ ਪਸਾਰ ਦਿੱਤਾ। ੩.ਪੰਜ ਤੱਤ ਰਚ ਕਰਕੇ, ਪੰਜ (ਸਤ ਸੰਤੋਖਾਦਿ) ਮਿੱਤ੍ਰ ਤੇ ਪੰਜ (ਕਾਮਾਦਿ) ਸ਼ਤਰੂ (ਇਸ ਵਿਖੇ) ਮਿਲਾਏ। ੪.(ਜਿਸ ਨੇ) ਪੰਜੇ (ਸ਼ਤਰੂ ਕਾਮਾਦਿ ਅਰ) ਤਿੰਨ ਗੁਣ ਜੋ 'ਅਸਾਧ' ਸਨ ਲੀਤੇ ਹਨ, ਉਸ ਨੇ (ਗੁਰੂ ਰੂਪ) ਸਾਧੂ ਸਦਾ ਕੇ ਸਾਧੂਆਂ ਦਾ ਬਿਰਦ (ਪੂਰਾ ਰਖਿਆ) ਹੈ। ੫.ਪੰਜਾਂ (ਸਤਿਗੁਰਾਂ) ਨੇ ਏਕੰਕਾਰ ਦਾ ਰੂਪ ਲਿਖਕੇ (ਈਸ਼੍ਵਰੀਯ ਬਾਣੀ ਰਚਕੇ) ਇਸ (ਸ੍ਰਿਸ਼ਟੀ ਨੂੰ) ਅੱਗੇ ਪਿੱਛੇ ਹਜ਼ਾਰ ਗੁਣਾਂ ਫਲਵਾਨ ਕੀਤਾ। ੬.ਪੰਜ ਗੁਰੂ ਪਰਧਾਨ ਕਰਕੇ ਪਰਮੇਸ਼ਰ ਨੇ ਹੀ ਆਪ ਹੋਕੇ (ਆਪਣਾ) ਨਾਉਂ ਰਖਾਇਆ ਹੈ। (ਯਥਾ) ੭.(ਪਹਿਲਾ) ਸਤਿਗੁਰੁ ਨਾਨਕ ਦੇਵ ਹੈ (ਜਿਨ੍ਹਾਂ ਨੇ) ਗੁਰੂ ਅੰਗਦ (ਅਪਨੇ) ਅੰਗ ਤੋਂ ਹੀ ਉਤਪਤ ਕੀਤਾ। ੮.(ਫੇਰ ਅੰਗਦ ਤੋਂ ਅਮਰਦਾਸ ਨੇ ਅੰਮ੍ਰਿਤ (ਦੇਕੇ) ਰਾਮਦਾਸ ਗੁਰੂ (ਥਾਪਣਾ) ਪਸੰਦ ਕੀਤਾ। ੯.ਗੁਰੂ ਰਾਮਦਾਸ ਤੋਂ ਗੁਰੂ ਅਰਜਨ ਦੇਵ ('ਛਾਇਆ') ਬਿਰਾਜਮਾਨ ਹੋਏ।

## ੩. ਗੁਰੂ ਹਰਿਗੋਬਿੰਦ)।

੧. ਦਸਤਗੀਰ ਹੁਇ ਪੰਜ ਪੀਰ ਗੁਰੁ ਹਰਿ ਗੋਬਿੰਦ ਅਤੋਲਾ।
੨. ਦੀਨ ਦੁਨੀ ਦਾ ਪਾਤਸ਼ਾਹ ਪਾਤਸ਼ਾਹਾਂ ਪਾਤਸਾਹ ਅਡੋਲਾ।

੩. ਪੰਜ ਪਿਆਲੇ ਅਜਰੁ ਜਰਿ ਹੁਇ ਮਸਤਾਨ ਸੁਜਾਣ ਵਿਚੋਲਾ।
੪. ਤੁਰੀਆ ਚੜ੍ਹਿ ਜਿਣਿ ਪਰਮਤਤੁ ਛਿਅ ਵਰਤਾਰੇ ਕੋਲੋ ਕੋਲਾ।
੫. ਛਿਅ ਦਰਸਨ ਛਿਅ ਪੀੜ੍ਹੀਆਂ ਇਕਸੁ ਦਰਸਨੁ ਅੰਦਰਿ ਗੋਲਾ।
੬. ਜਤੀ ਸਤੀ ਸੰਤੋਖੀਆ ਸਿਧ ਨਾਥ ਅਵਤਾਰ ਵਿਰੋਲਾ।
੭. ਗਿਆਰਹ ਰੁਦ ਸਮੁੰਦ੍ਰ ਵਿਚਿ ਮਰਿ ਜੀਵੇ ਤਿਸੁ ਰਤਨ ਅਮੋਲਾ।
੮. ਬਾਰਹ ਸੋਲਾ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ।
੯. ਅੰਤਰਜਾਮੀ ਬਾਲਾ ਭੋਲਾ॥੩॥

**ਪਦਾਰਥ**-(ਦਸਤਗੀਰ=ਹਥ ਫੜਨ ਵਾਲੇ। ਪੰਜ ਪਿਆਲੇ=ਪੰਜ ਗਿਆਨ ਇੰਦ੍ਰਯ,
(ਸਤ ਸੰਤੋਖ ਆਦਿ। ਵਿਚੋਲਾ=ਵਕੀਲ। ਛਿਅ ਵਰਤਾਰੇ=ਛੀ ਭੇਖ।
(ਕੋਲੋ ਕੋਲਾ=ਆਸ ਪਾਸ ਰਹਿ ਗਏ।
(ਵਿਰੋਲਾ=ਰਿੜਕਕੇ, ਭਾਵ ਅੰਤ ਪਾ ਲੀਤਾ। )

**ਅਰਥ**- ੧.ਪੰਜ ਪੀਰ (ਪੰਜ ਗੁਰੂ) ਹਥ ਫੜਨ ਵਾਲੇ ਹਰੀ ਰੂਪ ਗੁਰੂ ਹੋਏ, ਗੁਰੂ ਹਰ ਗੋਬਿੰਦ (ਹਰਿ ਸਰੂਪ), ਅਤੋਲ (ਅਵਤਾਰ ਧਾਰਿਆ। ੨.ਦੀਨ ਦੁਨੀ ਦਾ ਪਾਤਸ਼ਾਹ ਹੋਇਆ ਅਰ ਪਾਤਸ਼ਾਹਾਂ ਦਾ ਪਾਤਸ਼ਾਹ ਅਚੱਲ ਮੂਰਤੀ ਹੈ। ੩.ਪੰਜ ਅਜਰ ਪਿਆਲੇ (ਸਤ, ਸੰਤੋਖ, ਵੀਚਾਰ, ਨਾਮ, ਗੁਰਿਆਈ) ਜਰ ਲੀਤੇ, ਮਸਤ ਹੋਕੇ ਵਡੇ ਸੁਜਾਣ ਵਿਚੋਲੇ (ਵਾਹਿਗੁਰੂ ਮੇਲਣ ਹਾਰੇ) ਹਨ। ੪.ਤੁਰੀਆ (ਭੂਮਕਾ ਵਿਖੇ) ਚੜ੍ਹਕੇ ਪਰਮ ਤਤ ਨੂੰ ਪ੍ਰਾਪਤ ਕੀਤਾ, ਛੀ ਸੰਪ੍ਰਦਾਵਾਂ ਦੇ ਲੋਕ ਇੱਕਸ ਦਰਸ਼ਨ (ਗੁਰੂ ਘਰ) ਦੇ ਅੰਦਰ ਗੋਲੇ ਬਨਾ ਦਿੱਤੇ। ੬.ਜਤੀ, ਸਤੀ, ਸੰਤੋਖੀ, ਸਿਧ, ਨਾਥ, ਅਵਤਾਰ ਸਾਰੇ 'ਵਿਰੋਲ ਲੀਤੇ, (ਭਾਵ ਸਭ ਦਾ ਸਾਰ ਗ੍ਰਹਿਣ ਕਰਕੇ ਬਾਕੀ ਫੋਗ ਵਾਂਗੂੰ ਤਿਆਗ ਦਿੱਤੇ)। ੭.ਯਾਰਾਂ ਰੁਦਰ (ਗੁਰੂ ਜੀ ਦੇ ਰਿਦੇ) ਸਮੁੰਦਰ ਵਿਖੇ ਹਨ, (ਜੋ ਹੰਗਤਾਂ ਨੂੰ) ਮਾਰਕੇ ਜੀਵੇ ਉਸ ਨੂੰ ਰਤਨ ਪ੍ਰਾਪਤ ਹੁੰਦੇ ਹਨ। ੮.ਬਾਰਾਂ (ਰਾਸੀ ਸੂਰਜ) ਸੋਲਾਂ (ਕਲਾਂ ਚੰਦ੍ਰਮਾਂ) ਮਿਲਾਕੇ 'ਵੀਹ ਇਕੀਹ' ਜੀਵੇਸ਼੍ਵਰ ਦੇ ਮਿਲਾਪ ਦੇ ਹਿੰਡੋਲੇ ਦੇ ਝੂਲਣੇ ਵਿਖੇ ਝੂਲਦੇ ਹਨ, (ਭਾਵ ਸ਼ਿਵ, ਚੰਦ੍ਰਮਾਂ, ਸੂਰਜਾਦਿ ਸਾਰੇ ਗੁਰੂ ਜੀ ਦੇ ਤਾਬੇ ਹਨ)। ੯.(ਫੇਰ ਗੁਰੂ) ਅੰਤਰਜਾਮੀ ਹੋਕੇ ਬਾਲਾ ਭੋਲਾ ਬਣੇ ਰਹਿੰਦੇ ਹਨ (ਆਪਣਾ ਆਪ ਲਖਾਉਂਦੇ ਨਹੀਂ ਹਨ।)

## ੪. (ਗੁਰੂ ਚਰਣੋਦਕ ਮਹਿਮਾ)।

੧. ਗੁਰਗੋਬਿੰਦ ਖੁਦਾਇ ਪੀਰ ਗੁਰੁ ਚੇਲਾ ਚੇਲਾ ਗੁਰ ਹੋਆ।
੨. ਨਿਰੰਕਾਰ ਆਕਾਰ ਕਰਿ ਏਕੰਕਾਰੁ ਅਕਾਰੁ ਪਛੋਆ।
੩. ਓਅੰਕਾਰ ਅਕਾਰੁ ਲਖ ਲਖ ਦਰੀਯਾਉ ਕਰੇਂਦੇ ਢੋਆ।
੪. ਲਖ ਦਰੀਆਉ ਸਮੁੰਦ੍ਰ ਵਿਚਿ ਸਤ ਸਮੁੰਦ੍ਰ ਗੜਾੜ ਸਮੋਆ।
੫. ਲਖ ਗੜਾੜ ਕੜਾਹ ਵਿਚਿ ਤ੍ਰਿਸਨਾ ਦਝਹਿ ਸੀਖ ਪਰੋਆ।
੬. ਬਾਵਨ ਚੰਦਨ ਬੂੰਦ ਇਕੁ ਠੰਢੇ ਤਤੇ ਹੋਇ ਖਲੋਆ।
੭. ਬਾਵਨ ਚੰਦਨ ਲਖ ਲਖ ਚਰਣ ਕਵਲ ਚਰਣੋਦਕੁ ਹੋਆ।
੮. ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਆਦੇਸੁ ਅਲੋਆ।

੯. ਹਰਿ ਗੋਵਿੰਦ ਛਤ੍ਰ ਚੰਦੋਆ॥੪॥

**ਪਦਾਰਥ**-(ਪਛੋਆ=ਪਿੱਛੇ ਹੈ। ਢੋਆ=ਨਿਕਲਨਾ। ਗੜਾੜ-ਵੱਡਾ ਸਮੁੰਦਰ, ਮਹਾਂ ਸਾਗਰ।
(ਸੀਖ ਪਰੋਆ-ਸੀਖ ਵਿਚ ਪਰੋਤੇ ਹੋਏ। ਠੰਢੇ ਤਤੇ=ਤਤੇ ਥੌਂ ਠੰਢੇ ਹੋਣਾ।
(ਅਲੋਆ=ਨਿਰਨੇ ਕਰਨਾ। ਚੰਦੋਆ=ਚੰਦ੍ਰਮਾ ਦਾ ਹੈ। )

**ਅਰਥ**- ੧.ਗੁਰੂ ਹਰਿ ਗੋਬਿੰਦ ਪੀਰ ਖੁਦਾਇ ਦਾ ਰੂਪ ਹੈ, ਗੁਰੂ ਚੇਲਾ ਤੇ ਚੇਲਾ ਗੁਰੂ ਹੈ, (ਭਾਵ ਗੁਰੂ ਅਰਜਨ ਅਤੇ ਹਰਿ ਗੋਬਿੰਦ ਇੱਕੋ ਰੂਪ ਹਨ)। ੨.ਨਿਰੰਕਾਰ ਨੇ ਆਕਾਰ ਧਾਰਿਆ, (ਪਹਿਲੇ) ਏਕੰਕਾਰ (ਰਚਿਆ, ਹੋਰ) ਆਕਾਰ ('ਪਿਛੋਆ') ਪਿਛੋਂ (ਰਚਿਆ) (ਅਰਥਾਤ) ਇਕਾਂਗ ਪਹਿਲੇ ਦੇ ਓਅੰਕਾਰ ਅੱਗੇ ਹੋਇਆ, ਵਾਸਤਵ ਗੁਰੂ ਚੇਲਾ ਦੋਵੇਂ ਇਕੋ ਰੂਪ ਹਨ)। ੩.ਓਅੰਕਾਰ ਤੋਂ ਹੀ ('ਆਕਾਰ') ਸਰੂਪ (ਜਗਤ) ਲੱਖ ਰੂਪ ਹੈ, ਉਸ ਤੋਂ ਲੱਖਾਂ ਦਰੀਆਉ (ਢੋਆ) ਨਿਕਲੇ ਹਨ (**'ਤਿਸ ਤੇ ਹੋਏ ਲਖ ਦਰੀਆਉ'**) (ਜਪੁਜੀ-੧੬) । ੪.ਲੱਖਾਂ ਦਰੀਆਉ, ਸਮੁੰਦਰ ਵਿਖੇ ਮਿਲਦੇ ਹਨ, ਸੱਤੇ ਸਮੁੰਦਰ ਮਹਾਂ ਸਾਗਰ ਵਿਖੇ ਖਪਦੇ ਹਨ। ੫.(ਦ੍ਰਿਸ਼ਟਾਂਤ ਕਹਿੰਦੇ ਹਨ) ਤ੍ਰਿਸ਼ਨਾ ਰੂਪੀ ਕੜਾਹ (ਬੜਵਾਗਨੀ) ਵਿਚ ਲੱਖਾਂ ਮਹਾਂ ਸਾਗਰਾਂ (ਸਰੀਖੇ ਤ੍ਰਿਸ਼ਨਾਲੂ ਜੀਵ ਕਬਾਬ ਵਾਂਗੂੰ) ਸੀਖ ਪਰੋਤੇ ਹੋਏ ਸੜ ਰਹੇ ਹਨ। ੬.(ਏਹ ਸੜਨਹਾਰੇ) ਬਾਵਨ ਚੰਦਨ ਦੀ ਇਕ ਬੂੰਦ ਨਾਲ ਤਤਿਓਂ ਠੰਢੇ ਹੋਕੇ ਖਲੋ ਜਾਂਦੇ ਹਨ (ਉਹ ਬਾਵਨ ਚੰਦਨ ਕਿਹੜਾ ਹੈ)। ੭.(ਉਹ) ਬਾਵਨ ਚੰਦਨ (ਜਿਸਦੀ ਇਕ ਬੂੰਦ ਨਾਲ ਬੜਵਾਗਨੀ ਦੇ ਕੜਾਹੇ ਵਿਚੋਂ ਜੀਵ ਠੰਢੇ ਹੁੰਦੇ ਹਨ) ਕਈ ਲੱਖਾਂ, ਤੋਂ ਲੱਖਾਂ, ਗੁਰੂ ਹਰਿਗੋਬਿੰਦ ਦੇ ਚਰਣ ਕਮਲਾਂ ਦੇ ਚਰਣੋਦਕ (ਤੋਂ ਹੋਏ ਹਨ)। ੮.(ਜਿਸ ਚਰਣੋਦਕ ਨੇ ਤ੍ਰਿਸ਼ਨਾ ਅੱਗ ਤੋਂ ਕੱਢਿਆ ਉਸ ਦੇ ਮਾਲਕ) ਆਦਿ ਪੁਰਖ (ਗੁਰੂ ਨਾਨਕ ਉਪਲਖਤਾ ਛੀਏ ਗੁਰਾਂ) ਨੂੰ ਨਮਸਕਾਰ ਹੋਵੇ (ਜਿਸ ਦੀ ਕ੍ਰਿਪਾ ਨਾਲ) ਪਾਰਬ੍ਰਹਮ ਪੂਰਨ ਬ੍ਰਹਮ (ਸਿੱਖਾਂ ਨੇ) ਦੇਖ ਲਿਆ (ਅਥਵਾ ਪਾਰਬ੍ਰਹਮ ਅਰਥਾਤ ਨਿਰਗੁਣ ਬ੍ਰਹਮ ਹੀ ਪੂਰਣ ਬ੍ਰਹਮ ਸਗੁਣ ਮੂਰਤੀ ਧਾਰੀ ਹੈ। ਆਦਿ ਪੁਰਖ, 'ਆਦੇਸ' ਕਹੀਏ ਦੇਸ ਕਾਲ ਵਸਤੂ ਦੇ ਭੇਦ ਤੋਂ ਬਾਝ 'ਅਲੋਇਆ' ਨਿਰਣੇ ਕੀਤਾ ਗਿਆ ਹੈ। ੯.ਹਰਿ ਗੋਬਿੰਦ ਗੁਰੂ ਦਾ ਛਤਰ ਚੰਦ੍ਰਮਾਂ ਦਾ ਰੂਪ ਹੈ, (ਭਾਵ ਜਸ ਦਾ ਸਰੂਪ ਹੈ। ਜਿਸ ਦਾ ਛਤਰ ਹੀ ਅਜਿਹਾ ਹੈ, ਆਪ ਦੀ ਕੀ ਗਿਣਤੀ, ਪਰਮ ਸ਼ਾਂਤਿ ਅਰ ਸ਼ੋਭਨੀਕ ਮੁਕਤੀਦਾਇਕ ਹਨ। ਅਥਵਾ-ਹਰ ਗੋਬਿੰਦ, ਸਿਖੀ ਦਾ ਗੁਰੂ-ਕਲਜਾਨ ਕਰਤਾ, ਸ਼ਬਦ ਦਾਤਾ- ਛੱਤ੍ਰਪਤਿ ਤੇ ਚੰਦੋਆ-ਆਸਰਾ ਹੈ, ਭਾਵ ਲੋਕ ਪ੍ਰਲੋਕ ਜਸ ਮੁਕਤੀ ਸਭ ਕੁਝ ਸਿਖਾਂ ਦਾ ਗੁਰੂ ਪਰਨੇ ਹੈ)।

## ੫. (ਉਪਕਾਰੀ ਮਹਾਂ ਪੁਰਖ)।

੧. ਸੂਰਜ ਦੇ ਘਰਿ ਚੰਦ੍ਰਮਾ ਵੈਰੁ ਵਿਰੋਧੁ ਉਠਾਵੈ ਕੇਤੇ।
੨. ਸੂਰਜ ਆਵੈ ਚੰਦ੍ਰ ਘਰਿ ਵੈਰੁ ਵਿਸਾਰਿ ਸਮਾਲੈ ਹੇਤੇ।
੩. ਜੋਤੀ ਜੋਤਿ ਸਮਾਇਕੈ ਪੂਰਨ ਪਰਮ ਜੋਤਿ ਚਿਤਿ ਚੇਤੇ।
੪. ਲੋਕ ਭੇਦ ਗੁਣੁ ਗਿਆਨੁ ਮਿਲਿ ਪਿਰਮ ਪਿਆਲਾ ਮਜਲਸ ਭੇਤੇ।
੫. ਛਿਲ ਰੁਤੀ ਛਿਅ ਦਰਸਨਾ ਇਕੁ ਸੂਰਜੁ ਗੁਰ ਗਿਆਨੁ ਸਮੇਤੇ।
੬. ਮਜਹਬ ਵਰਨ ਸਪਰਸ ਕਰਿ ਅਸਟਧਾਤ ਇਕੁ ਧਾਤੁ ਸੁਖੇਤੇ।
੭. ਨਉ ਘਰ ਥਾਪੇ ਨਵੈ ਅੰਗ ਦਸਮਾਂ ਸੁੰਨ ਲੰਘਾਇ ਅਗੇਤੇ।
੮. ਨੀਲ ਅਨੀਲ ਅਨਾਹਦੋ ਨਿਝਰੁ ਧਾਰਿ ਅਪਾਰ ਸਨੇਤੇ।

੯. ਵੀਹ ਇਕੀਹ ਅਲੇਪ ਲੇਖ ਸੰਖ ਅਸੰਖ ਨ ਸਤਿਜੁਗ ਤ੍ਰੇਤੇ ।
੧੦.ਚਾਰ ,ਵਰਨ ਤੰਬੋਲ ਰਸ ਦੇਵ ਕਰੇਂਦਾ ਪਸੂ ਪਰੇਤੇ।
੧੧.ਫਕਰ ਦੇਸ ਕਿਉਂ ਮਿਲੈ ਦਮੇਤੇ॥੫॥

**ਪਦਾਰਥ**-(ਚਿਤਿ ਚੇਤੇ=ਚਿਤ ਵਿਖੇ ਚੇਤਦੇ ਹਨ। ਸਮੇਤੇ=ਸਮਾਨ। ਸੁਖੇਤੇ=ਸੁਖੇਨ। (ਅਗੇਤੇ=ਅੱਗੇ ਨੂੰ। ਸਨੇਤੇ=ਲੱਗਣ ਨਾਲ। ਫਰਕ ਦੇਸ=ਸਾਧ ਸੰਗਤ। (ਦਮੇਤੇ= ਰੁਪੱਯਾ ਕਰਕੇ। )

**ਅਰਥ**-੧.ਸੂਰਜ ਦੇ ਘਰ ਚੰਦ੍ਰਮਾਂ ਪਵੇ ਤਦ ਕਈ ਵੈਰ ਵਿਰੋਧ ਉਠਦੇ ਹਨ, (ਰਾਸ ਬਦਲਨ ਵੇਲੇ ਅਮਸਿਆ ਵਿਚ ਸੂਰਜ ਦੇ ਘਰ ਚੰਦ ਆਵੇ ਤਾਂ ਖਰਾਬੀ ਹੁੰਦੀ ਹੈ, ਇਹ ਜਯੋਤਸ਼ ਵਿਦਯਾ ਤੋਂ ਦ੍ਰਿਸ਼ਟਾਂਤ ਦੇਂਦੇ ਹਨ)। ੨.ਚੰਦ ਦੇ ਘਰ ਸੂਰਜ ਪਵੇ ਤਾਂ ਵੈਰ ਹਟਕੇ ਹਿਤ ਵਧਦਾ ਹੈ (ਤਿਹਾ ਹੀ ਸੰਤਾਂ ਦੇ ਘਰ ਸ਼ਕਤੀ ਆਵੇ ਤਾਂ ਸੰਸਾਰ ਨੂੰ ਸੀਤ ਲਾ ਦੇਣ, ਸ਼ਕਤੀ ਨੂੰ ਉਪਕਾਰ ਵਿਚ ਵਰਤਣ, ਸੁਖ ਦੇਣ, ਹੰਕਾਰੀ ਦੇ ਘਰ ਵਿਚ ਸੰਤ ਜਾਣ ਤਦ ਖਰਾਬੀ ਹੋਵੇ ਪਰੰਤੂ ਸੰਤ ਲੋਕ ਜਯੋਤਸ਼ ਦੇ ਲੇਖਿਆਂ ਵਲ ਧਿਆਨ ਨਹੀਂ ਦਿੰਦੇ, ਉਹ ਕੀ ਜਾਣਦੇ ਹਨ?) ੩.ਜੋਤੀ ਪਰਮਾਤਮਾ ਦੀ ਜੋਤਿ ਸਮਾਈ ਹੋਈ ਹੈ, ਪੂਰਨ ਪਰਮ ਜੋਤੀ ਨੂੰ ਚਿਤ ਵਿਖੇ ਚੇਤਦੇ ਹਨ, (ਭਾਵ ਈਸ਼੍ਵਰ ਪੁਰ ਭਰੋਸਾ ਰਖਦੇ ਹਨ, ਮੰਗਵੀਆਂ ਜੋਤਾਂ ਸੂਰਜ ਚੰਦ ਦੇ ਲੇਖਿਆ ਤੋਂ ਕਿਸਮਤਾਂ ਵਿਚਾਰਨ ਦੇ ਜਾਲ ਵਿਚ ਨਹੀਂ ਫਸਦੇ। ੪.ਪ੍ਰੇਮ ਦਾ ਪਿਆਲਾ ਸੰਤਾਂ ਦੀ ਮਜਲਸ ਵਿਖੇ ਮਿਲਕੇ ਪੀਂਦੇ ਲੋਕ (ਸੰਸਾਰ) ਗੁਣ ਤੇ ਗਯਾਨ ਦੇ ਸਾਰੇ ਭੇਤ ਸਮਝਦੇ ਹਨ। ੫.ਛੀ ਰੁਤਾਂ ਵਿਖੇ ਇਕ ਸੂਰਜ (ਗਿਰਦੇ) ਛੀ ਦਰਸ਼ਨਾਂ ਦੀ ਥਾਂ ਇਕੋ (ਅਪਣੇ) ਗੁਰੂ ਦਾ ਗਿਆਨ ਯਥਾਰਥ ਸਮਝਦੇ ਹਨ। ੬.(ਸਾਰੇ) ਮਜ਼ਹਬ, ਵਰਣ (ਗੁਰੂ ਪਾਰਸ ਨਾਲ) ਮਿਲਕੇ ਅੱਠਾਂ ਧਾਤਾਂ ਦੀ ਇਕ ਧਾਤ ਸੁਖੈਨ ਹੀ ਹੋ ਜਾਂਦੀ ਹੈ। ੭.ਨਉਂ ਘਰ (ਨੌਂ ਦਰਵਾਜ਼ੇ, ੨ ਅੱਖਾਂ, ੨ ਕੰਨ, ੧ ਮੂੰਹ ਆਦਿ) ਨੌਂ ਅੰਗ ਬਣਾਏ: ਜੋ ਅੱਗੇ ਲੰਘਾਉਂਦੇ ਹਨ, (ਭਾਵ ਜਿਨ੍ਹਾਂ ਦੁਆਰਾ ਚੀਜ਼ਾਂ ਅੰਦਰ ਤੇ ਬਾਹਰ ਆਉਂਦੀਆਂ ਹਨ) ਦਸਵਾਂ ਘਰ ਸੁੰਨ ਬਨਾਇਆ, (ਭਾਵ ਜਿਸ ਵਿਚੋਂ ਆਉਣਾ ਜਾਣਾ ਨਹੀਂ, ਪਰ ਤਤ ਸਰੂਪ ਵਿਚ ਸਮਾਉਣਾ ਪ੍ਰਾਪਤ ਹੁੰਦਾ ਹੈ, ਉਹ ਦਸਮਾਂ ਦੁਆਰ ਗੁਪਤ ਰੱਖਿਆ ਹੈ, ਜੋ ਸਹਜ ਪਦ ਕਹੀਦਾ ਹੈ। ਅਥਵਾ-ਜਿਕੂੰ ਨੌਂ ਅੰਗ ਤੇ ਸੁਨ ਹੈ, ਸੁੰਨ ਏਥੇ ਦੇਹੁਰੀ ਦੀਪਕ ਹੈ, ਸੁੰਨ ਦਸਮ ਦੁਆਰ ਵਲ ਬੀ ਤੇ ਅੰਗਾਂ ਵਲ ਬੀ ਹੈ। ਭਾਵ ਇਹ ਹੈ ਕਿ ਜਿਕੂੰ ੧ ਤੋਂ ਲੈਕੇ ੯ ਤਕ ਅੰਗ ਹਨ, ਇਸੇ ਤਰਾਂ ਨੌਂ ਗੋਲਕਾਂ ਹਨ, ਜਿਸ ਤਰ੍ਹਾਂ ਦਸਮਾਂ ਅੰਗ ਸੁੰਨ ਹੈ, ਉਕਰ ਦਸਮਾਂ ਦੁਆਰ ਸੁੰਨ ਹੈ, ਸੁੰਨ '੦' ਅੰਗ ਦਾ ਮੁੱਲ ਕੁਝ ਨਹੀਂ, ਤਿਵੇਂ ਸੁੰਨ-ਸੁੰਨ ਦਰਵਾਜ਼ੇ ਦਾ ਮੁੱਲ ਕੁਝ ਨਹੀਂ, ਐਵੇਂ ਪਿਆ ਹੈ, ਜਿਕੂੰ ਨਵਾਂ ਅੰਗਾਂ ਦਾ ਮੁਲ ਬਿੰਦੀ ਨਾਲ ਦਸ ਗੁਣਾਂ ਵਧ ਜਾਂਦਾ ਹੈ, ਤਿਵੇਂ ਨਵਾਂ ਗੋਲਕਾਂ ਦੀ ਸੁਰਤ ਜਦ ਦਸਮ ਦੁਆਰ ਦੀ ਸੁੰਨਤਾ ਨਾਲ ਮਿਲਦੀ ਹੈ ਤਦ ਉਹੋ ਸੁਰਤ ਅਮੋਲਕ ਹੋਕੇ ਵਾਹਿਗੁਰੂ ਦੇ ਚਰਨਾਂ ਵਿਚ ਪ੍ਰਾਪਤ ਹੋ ਜਾਂਦੀ ਹੈ, ਅਗੇ ਉਸ ਦੀ ਦਸ਼ਾ ਕਹਿੰਦੇ ਹਨ)। ੮.''ਨੀਲ ਅਨੀਲ'' ਗਿਣਤੀ ਤੋਂ ਪਾਰ ਹੋਕੇ ਅਨਾਹਦ (ਸ਼ਬਦ ਦੇ ਰਸ ਵਿਚ) ਇਕ ਤਾਰ (ਤੇਲ ਧਾਰਾ ਵਤ) ਲਗਕੇ ਅਪਾਰ (ਹੋ ਜਾਂਦਾ ਹੈ)। (ਫੇਰ) ੯.ਵੀਹ ਇਕੀਹ ਤੋਂ ਪਾਰ (ਤੁਰੀਆ ਪਦ ਵਿਚ) ਲੇਖੇ ਤੋਂ ਅਲੇਖ (''**ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ ਕਾ ਲੇਖਾ ਨਿਬੜਿਆ**'') (ਆਸਾ:ਮ:੩:ਪਟੀ-੧੮) ਸੰਖ ਤੋਂ ਅਸੰਖ (ਮਾਨੁਖੀ ਗਿਣਤੀਆਂ ਤੋਂ ਪਾਰ, ਹੱਦ ਉਪਾਧੀਆਂ ਤੋਂ ਦੂਰ) ਹੋ ਜਾਂਦਾ ਹੈ, (ਐਸਾ ਕਿ) ਸਤਿਜੁਗ (ਦੁਆਪੁਰ) ਤ੍ਰੇਤੇ (ਆਦਿ ਵਿਚ ਉਸ ਸਰੀਖਾ ਕੋਈ) ਨਹੀਂ (ਹੋਇਆ)। (ਅਥਵਾ-ਜੁਗਾਂ ਦੀ ਕੈਦ ਤੋਂ ਬੀ ਪਾਰ ਹੋ ਜਾਂਦਾ ਹੈ, ਉਹ ਕਾਲ ਦੀ ਕੈਦ ਨੂੰ ਕੁਝ ਨਹੀਂ ਜਾਣਦਾ।)(ਫੇਰ)੧੦.'ਚਹੁੰਵਰਨਾਂ' (ਸਾਰੇ ਪ੍ਰਾਣੀਆਂ) ਨੂੰ ਪਾਨ ਦੇ ਰਸ ਵਾਂਗ (ਇਕ ਰੰਗ ਕਰਦਾ ਹੈ) ਪਸੂ (ਸਰੀਖੇ) ਮੂਰਖਾਂ ਤੇ ਪ੍ਰੇਤ (ਸਰੀਖੇ ਸੁਰਤ ਖਿੰਡੇ) ਮਨਮੁਖਾਂ ਨੂੰ ਦੇਵਤੇ

ਬਨਾਉਣ ਨੂੰ (ਸਮਰੱਥ ਹੋ ਜਾਂਦਾ ਹੈ)। (ਪੁਨਾ:-) ੧੧ ਸਾਧ ਸੰਗਤ (ਵਿਚ ਖੇਡਾਦ ਹੈ, ਪ੍ਰੇਮ ਨਾਲ ਪ੍ਰਾਪਤ ਹੈ) ਦੰਮਾਂ ਨਾਲ ਨਹੀਂ ਲੱਭਦਾ।

**ਭਾਵ**-ਪਹਿਲਾਂ ਵਾਹਿਗੁਰੂ ਫੇਰ ਗੁਰੂ ਤੇ ਹੁਣ ਗੁਰਮੁਖ ਤੇ ਸਤਿਸੰਗ ਦੀ ਮਹਿਮਾ ਕਹੀ ਹੈ ਅੱਗੇ ਸਤਿਸੰਗ ਕਿਉਂ ਤੁਰਦਾ ਹੈ, ਦੱਸਣਗੇ।

## ੬. (ਸੱਚ ਸਭ ਤੋਂ ਉਚਾ)।

੧. ਚਾਰਿ ਚਾਰਿ ਮਜਹਬ ਵਰਨ ਛਿਅ ਦਰਸਨ ਵਰਜਤੈ ਵਰਤਾਰਾ।
੨. ਸਿਵ ਸਕਤੀ ਵਿਚਿ ਵਣਜ ਕਰਿ ਚਉਦਹ ਹਟ ਸਾਹ ਵਣਜਾਰਾ।
੩. ਸਚ ਵਣਜ ਗੁਰੁ ਹਟੀਐ ਸਾਧ ਸੰਗਤਿ ਕੀਰਤਿ ਕਰਤਾਰਾ।
੪. ਗਿਆਨ ਧਿਆਨ ਸਿਮਰਨ ਸਦਾ ਭਾਉ ਭਗਤਿ ਭਉ ਸਬਦ ਬਿਚਾਰਾ।
੫. ਨਾਮ ਦਾਨ ਇਸਨਾਨ ਦ੍ਰਿੜ੍ਹ ਗੁਰਮੁਖਿ ਪੰਥ ਰਤਨ ਵਾਪਾਰਾ।
੬. ਪਰਉਪਕਾਰੀ ਸਤਿਗੁਰੂ ਸਚਖੰਡ ਵਾਸਾ ਨਿਰੰਕਾਰਾ।
੭. ਚਉਦਹ ਵਿਚਿਆ ਸੋਧਿਕੈ ਗੁਰਮੁਖ ਸੁਖਫਲ ਸਚ ਪਿਆਰਾ।
੮. ਸਚਹੁੰ ਓਰੈ ਸਭ ਕਿਛੁ ਉਪਰਿ ਗੁਰਮੁਖਿ ਸਚ ਅਚਾਰਾ।
੯. ਚੰਦਨ ਵਾਸ ਵਣਾਸਪਤਿ ਗੁਰੁ ਉਪਦੇਸੁ ਤਰੈ ਸੈਸਾਰਾ।
੧੦.ਅਪਿਉ ਪੀਐ ਗੁਰਮਤਿ ਹੁਸੀਆਰਾ ॥੬॥

**ਪਦਾਰਥ**-(ਚਾਰਿ ਮਜਹਬ-(ਮੁਸਲਮਾਨਾਂ ਦੇ) ਚਾਰ ਮਤ।
(ਵਰਤਾਰਾ-ਕੌਤਕ। ਸਿਵ ਸਕਤੀ-ਸਤੋ ਤਮੋ।
(ਰਤਨ-ਭਾਵ ਵੈਰਾਗ। ਚੰਦਨ ਵਾਸ-ਗੁਰੂ ਚੰਦਨ, ਗੁਰੁਪਦੇਸ਼।)

**ਅਰਥ**-੧.(ਮੁਸਲਮਾਨੀ) ਚਾਰ ਮਜ਼ਹਬ, ਚਾਰੇ) ਖੱਤ੍ਰੀ, ਬ੍ਰਹਮਾਣਾਦਿਕ ਹਿੰਦੂ) ਵਰਣ, ਛੀ ਦਰਸ਼ਨ (ਸਾਂਖ, ਜੋਗ, ਵੇਦਾਂਤ, ਆਦਿ) ਦਾ ਵਰਤਾਰਾ ਵਰਤ ਰਿਹਾ ਹੈ। ੨.ਚੌਦਾਂ ਹੱਟ (ਚੌਦਾਂ ਲੋਕਾਂ) ਦੇ ਸ਼ਾਹ ਅਤੇ ਵਣਜਾਰੇ (ਧਨੀ ਵਪਾਰੀ ਲੋਕ) ਸਤੋ, ਤਮੋ, (ਰਜੋ, ਤਿੰਨ ਗੁਣਾਂ ਵਿਖੇ ਝੂਠਾ) ਵਣਜ ਕਰ ਰਹੇ ਹਨ, (ਸੱਚਾ ਵਣਜ ਕਿਥੇ ਹੈ?)। ੩.ਸੱਚਾ ਵਣਜ ਗੁਰੂ ਦੀ ਹੱਟੀ ਤੇ ਹੁੰਦਾ ਹੈ (ਜੋ) ਸਾਧ ਸੰਗਤ ਵਿਖੇ ਹੈ, (ਓਥੇ ਵਪਾਰ) ਕਰਤਾਰ ਦੇ ਕੀਰਤਨ ਦਾ ਹੁੰਦਾ ਹੈ, (ਅਤੇ) ੪.ਗਿਆਨ, ਧਿਆਨ (ਅਰ ਕਰਤਾਰ ਦਾ) ਸਿਮਰਣ ਪ੍ਰੇਮਾ ਭਗਤੀ ਅਰ ਗੁਰੂ ਦੇ ਸ਼ਬਦਾਂ ਦਾ ਵੀਚਾਰ (ਹੁੰਦਾ ਹੈ ਅਤੇ) ੫.ਨਾਮ, ਦਾਨ, ਇਸ਼ਨਾਨ ਦ੍ਰਿੜ੍ਹ ਕਰਾਇਆ ਜਾਂਦਾ ਹੈ ਅਰ ਗੁਰਮੁਖਾਂ ਦੇ ਪੰਥ ਵਿਖੇ ਰਤਨਾਂ (ਵੈਰਾਗਾਦਿ ਗੁਣਾਂ) ਦਾ ਸੌਦਾ ਹੁੰਦਾ ਹੈ। ੬.ਸਤਿਗੁਰੂ (ਗੁਰੂ ਨਾਨਕ ਸ਼ਾਹ) ਪਰੋਪਕਾਰੀ ਹਨ, ਨਿਰੰਕਾਰ ਦੇ ਸਚ ਖੰਡ ਵਿਖੇ ਨਿਵਾਸ ਰਖਦੇ ਹਨ। ੭.(ਤਿਸ ਗੁਰੂ ਦੇ ਤਾਰੇ ਹੋਏ) ਗੁਰਮੁਖਾਂ ਨੇ ਚਉਦਾਂ ਵਿਦਿਆ ਨੂੰ ਸੋਧਕੇ ਸਚ ਨਾਲ ਪਿਆਰ ਕਰਨਾ ਹੀ ਸੁਖ ਫਲ ਕੱਢ ਲੀਤਾ ਹੈ, (ਕਿਉ ਜੋ)। ੮.(ਹੋਰ) ਸਭ ਕੁਝ (ਸਾਧਨਾਦਿ, ਪਦਾਰਥਾਦਿ) ਸਚ ਤੋਂ ਉਰੇ ਹਨ, ਸਚ (ਸਭ ਤੋਂ ਉੱਚਾ ਹੈ) ਤੇ ਗੁਰਮੁਖਾਂ ਦਾ, ਆਚਾਰ (ਕਰਨੀ) ਸਚ (ਉਤੇ ਟਿਕ ਰਹੀ) ਹੈ। ੯.(ਗੁਰੂ ਦੇ ਤਾਰੇ ਗੁਰਮੁਖ ਸਚ ਦੇ ਚੰਦਨ ਰੂਪ ਹੋਕੇ, ਸਚ ਦੀ ਗੰਧੀ ਨਾਲ ਸਭ ਨੂੰ ਤਾਰਦੇ ਹਨ, ਯਥਾ:-) ਚੰਦਨ ਦੀ ਵਾਸ਼ਨਾ ਨਾਲ ਬਨਾਸਪਤੀ ਚੰਦਨ ਹੁੰਦੀ ਹੈ (ਤਿਵੇਂ) ਸੰਸਾਰ ਗੁਰੂ ਦੇ (ਸਚ ਰੂਪੀ) ਉਪਦੇਸ਼ ਨਾਲ ਤਰ ਜਾਂਦਾ ਹੈ। ੧੦.ਗੁਰੂ ਦੀ ਮਤ ਦਾ ਐਸਾ ਅੰਮ੍ਰਿਤ ਜਿਨ੍ਹਾਂ ਨੇ ਪੀਤਾ ਹੈ, (ਉਹ ਅਮਲੀਆਂ ਵਾਂਗ ਬੇਹੋਸ਼ ਨਹੀਂ ਹੋਏ ਸਗੋਂ ਉਹ ਗੁਰੂ ਦੀ ਮਤ ਵਿਚ) ਹੁਸ਼ਿਆਰ ਹਨ। ਉਨ੍ਹਾਂ ਨੇ ਗ਼ਫ਼ਲਤ ਦੇ ਪੜਦੇ ਪਾੜ ਸਿੱਟੇ ਹਨ

ਬੇਹੋਸ਼ੀ ਤਾਂ ਤਮੋਗੁਣ ਦਾ ਕਾਰਜ ਹੈ, ਉਹ ਤ੍ਰਿਗਣ ਅਤੀਤ ਤੁਰੀਆ ਵਿਚ ਖੇਡਦੇ ਹਨ, ਜਿਥੇ ਹੋਸ਼ਾਂ ਦੀ ਹੋਸ਼ ਕੀ, ਪੂਰਨ ਹੋਸ਼ ਸਰੂਪ ਹੋ ਰਹੇ ਹਨ, ਉਂਞ ਬ੍ਰਿਤੀ ਦੀ ਮਗਨਤਾ ਵਿਚ ਹਨ)।

## ੭. (ਗੁਰਮੁਖ ਵਿਚ ਗੁਰੂ ਵਰਤਦਾ ਹੈ)।

੧. ਅਮਲੀ ਸੋਫੀ ਚਾਕਰਾਂ ਆਪੁ ਆਪਣੇ ਲਾਗੇ ਬੰਨੇ।
੨. ਮਰਹਮ ਹੋਇ ਵਜੀਰ ਸੋ ਮੰਤ੍ਰ ਪਿਆਲਾ ਮੂਲ ਨ ਮੰਨੇ।
੩. ਨਾ ਮਹਰਮ ਹੁਸਿਆਰ ਮਸਤ ਮਰਦਾਨੀ ਮਜਲਸ ਕਰਿ ਭੰਨੇ।
੪. ਤਕਰੀਰੀ ਤਹਰੀਰ ਵਿਚਿ ਪੀਰ ਪਰਸਤ ਮੁਰੀਦ ਉਪੰਨੇ।
੫. ਗੁਰਮਤਿ ਅਲਖ ਨ ਲਖੀਐ ਅਮਲੀ ਸੂਫੀ ਲਗੈ ਨ ਕੰਨੇ।
੬. ਅਮਲੀ ਜਾਣਨਿ ਅਮਲੀਆਂ ਸੋਫੀ ਜਾਣਨਿ ਸੋਫੀ ਵੰਨੇ।
੭. ਹੇਤੁ ਵਜੀਰੇ ਪਤਿਸਾਹਿ ਦੁਇ ਖੋੜੀ ਇਕੁ ਜੀਉ ਸਿਧੰਨੇ।
੮. ਜਿਉ ਸਮਸੇਰ ਮਿਆਨ ਵਿਚਿ ਇਕਤੁ ਥੇਕੁ ਰਹਨ ਦੁਏ ਖੰਨੇ।
੯. ਵੀਹ ਇਕੀਹ ਜਿਵੈਰਸ ਗੰਨੇ ॥੭॥

**ਪਦਾਰਥ**-(ਬੰਨੇ=ਕੰਮਾਂ ਵਿਚ। ਮੰਤ੍ਰ=ਸਲਾਹ। ਤਕਰੀਰੀ=ਬਾਣੀ। ਤਹਰੀਰ=ਲਿਖਤ। (ਪੀਰ ਪਰਸਤ=ਗੁਰੂ ਪੂਜਕ। ਮੁਰੀਦ ਉਪੰਨੇ=ਚੇਲੇ ਹੋਏ। ਕੰਨੇ=ਪਾਸ। (ਖੋੜੀ=ਦੇਹ। ਸਿੰਧਨੇ=ਪ੍ਰਸਿਧ ਕੀਤਾ ਗਿਆ।)

**ਅਰਥ**-੧.ਅਮਲੀ ਅਤੇ ਸੋਫੀ (ਜੋ ਨਸ਼ਾ ਨਹੀਂ ਵਰਤਦੇ) ਆਪੋ ਆਪਣੇ ਕੰਮਾਂ ਵਿਖੇ ਦੋਵੇਂ ਚਾਕਰ ਹੋਕੇ ਲੱਗ ਰਹੇ ਹਨ। ੨.(ਜੋ ਪਾਤਸ਼ਾਹ ਦਾ) ਮਹਿਰਮ (ਮਿੱਤ੍ਰ) ਹੈ ਉਹ ਵਜ਼ੀਰ ਹੁੰਦਾ ਹੈ (ਉਸ ਨੂੰ) ਮੰਤਰ (ਸਲਾਹ) ਦਾ ਪਿਆਲਾ ('ਮੂਲ') ਕਦਾਚਿਤ ਮਨ੍ਹੇ ਨਹੀਂ ਹੈ। ੩.(ਅਰ) ਜੋ ਮਹਿਰਮ ਨਹੀਂ ਹੈ, (ਚਾਹੇ) ਹੁਸ਼ਿਆਰ ਹੋਵੇ (ਭਾਵੇ) ਸੁਸਤ ਮਰਦਾਨੀ ਮਜਲਸ (ਅਰਥਾਤ ਸੰਤਾ ਦੀ ਮਜਲਸ) ਤੋਂ ਦੂਰ ਕੀਤਾ ਜਾਂਦਾ ਹੈ, (ਉਹ ਮਹਿਰਮ ਕੌਣ ਹਨ? ਇਸ ਸ਼ੰਕਾ ਵਿਖੇ ਉਤਰ ਦਿੰਦੇ ਹਨ)। ੪.('ਤਕਰੀਰੀ') ਬਾਣੀ ਵਿਖੇ (ਅਰ ਤਹਰੀਰ) ਲਿਖਤ ਵਿਖੇ ਜੋ ਪੀਰ ਪਰਸਤ ਮੁਰੀਦ ਹੋਏ ਹਨ, (ਯਾ ਉਪੰਨੇ) ਪ੍ਰਗਟ ਹਨ। (ਭਾਵ ਜੋ ਗੁਰੂ ਪਾਤਸ਼ਾਹ ਦੇ ਮਹਿਰਮ ਹਨ, ਉਨ੍ਹਾਂ ਨੂੰ ਵਜ਼ੀਰੀ ਦੀ ਪਦਵੀ ਮਿਲਦੀ ਹੈ)। ੫.(ਅਰ ਜੋ) ਗੁਰਮਤ ਲੈਕੇ ਅਲਖ ਨੂੰ ਨਹੀਂ ਲਖਦੇ ਉਸ ਸੋਫੀ ਹਨ-ਅਮਲੀਆਂ ਦੇ ਪਾਸ ਨਹੀਂ ਬੈਠ ਸਕਦੇ। (ਜੋ ਨਿਰੇ ਜੀਭ ਦੇ ਗਯਾਨੀ ਹਨ, ਪਿਰਮ ਰਸ ਵਾਲੇ ਨਹੀਂ)। ੬.(ਕਿਉਂਕਿ) ਅਮਲ ਵਾਲੇ ਅਮਲੀਆਂ ਨੂੰ ਜਾਣਦੇ ਹਨ, (ਤਥਾ) ਸੋਫੀ ਸੋਫੀਆਂ ਦੇ ('ਵੰਨੇ') ਰੰਗ ਰੂਪ ਨੂੰ ਜਾਣਦੇ ਹਨ। ੭.ਵਜ਼ੀਰ ਅਤੇ ਪਾਤਸ਼ਾਹ ਦਾ ਆਪੋ ਵਿਚ ਪ੍ਰੇਮ ਹੈ (ਅਜਿਹਾ ਕਿ) ਦੋ ਦੇਹਾਂ ਵਿਚ ਇਕ ਜੀਵ ('ਸਿਧੰਨੇ') ਸਿੱਧ ਕੀਤਾ ਗਿਆ, (ਅੱਗੇ ਦ੍ਰਿਸ਼ਟਾਂਤ ਦਿੰਦੇ ਹਨ)। ੮.ਜਿੱਕੁਰ ('ਸ਼ਮਸ਼ੇਰ') ਤਲਵਾਰਾਂ ਮਿਯਾਨਾਂ ਵਿਖੇ ਇਕੋ ਇਕ ਹੁੰਦੀਆਂ ਹਨ, ਰਹਿਣ ਦੇ (ਖੰਨੇ) ਖਾਨੇ ਦੋ ਭਾਵੇਂ ਹਨ, (ਪਰ ਸਭਨਾਂ ਮਿਆਨਾਂ ਵਿਚ) ('ਥੋਕ') ਵਸਤੂ (ਤਰਵਾਰਾਂ ਇਕ ਜ਼ਾਤ ਹਨ), (ਭਾਵੇਹ ਕਿ ਦੋ ਮਿਆਨਾਂ ਵਿਚ ਸਾਰ ਵਸਤੂ ਤਲਵਾਰਾਂ ਇਕੋ ਜ਼ਾਤ ਹਨ, ਮਿਆਨਾਂ ਚਾਹੇ ਵੱਖੋ ਵੱਖ ਹੋਣ ਤਿਵੇਂ ਦੇਹਾਂ ਪਾਤਸ਼ਾਹਾਂ ਵਜ਼ੀਰਾਂ ਦੀਆਂ ਦੋ ਹਨ ਪਰ ਮੰਤਰ ਇਕ ਹੁੰਦਾ ਹੈ)। ੯.ਵੀਹ ਤੋਂ ਇਕੀ (ਸੰਖਯਾ ਦਾ ਜਿੱਕੁਰ ਮੇਲ ਹੈ ਤਿਹਾ ਹੀ ਵਜ਼ੀਰ ਅਤੇ ਪਾਤਸ਼ਾਹ) ਗੰਨੇ ਦੇ ਰਸ ਵਾਂਗੂੰ (ਇਕ ਰੂਪ ਹਨ। ਗੰਨੇ ਭਾਵੇਂ ਦੋ ਜਾਂ ਕਿੰਨੇ ਹੋਣ ਮਿਠਾਸ ਦਾ ਰੰਗ ਰੂਪ ਇਕੋ ਜਿਹਾ ਹੈ। ੨੦ ਤੇ ੨੧ ਦੇ

ਰੂਪ ਦੋ ਹਨ, ਪਰ ਦੁਹਾਂ ਵਿਚ ਦੁਆਂਗ ਇਕੋ ਰੂਪ ਵਾਲਾ ਹੈ। ਪਰੰਤੂ ਅਸਲ ਭਾਵ ਇਹ ਪ੍ਰਤੀਤ ਦੇਂਦਾ ਹੈ ਕਿ ਵੀਹ ਇਕੀਹ ਤੋਂ ਪਾਰ ਤੁਰੀਆ ਪਦ ਵਿਚ ਗੁਰੂ ਤੇ ਚੇਲਾ ਐਉਂ ਇਕ ਰੂਪ ਹਨ ਜਿੰਕੂ ਅੱਡੋ ਅੱਡ ਗੰਨਿਆਂ ਦਾ ਰਸ ਗੰਨੇ ਦੀ ਗਿਣਤੀ ਤੋਂ ਨਿਕਲਕੇ ਰਸ ਰੂਪ ਵਿਚ ਇਕ ਰੂਪ ਹੋ ਜਾਂਦਾ ਹੈ)।

**ਭਾਵ**-ਗੱਲਾਂ ਵਾਲੇ ਗਿਆਨੀ ਧਿਆਨੀ ਗੁਰਮੁਖ ਨਹੀਂ ਹਨ ਪਰ ਜਿਨ੍ਹਾਂ ਵਿਚ ਗੁਰੂ ਆ ਕੇ ਵੱਸੇ ਸੋ ਗੁਰਮੁਖ ਹਨ। ਅੱਗੇ ਹੁਣ ਖੋਲ੍ਹਕੇ ਦੱਸਦੇ ਹਨ ਕਿ ਹਰ ਕੋਈ ਭੇਖੀ, ਕਥਾ ਯਾ ਮਨ ਬੁੱਧੀ ਦੇ ਗੁਣਾਂ ਵਾਲਾ ਯਾ ਸਾਧਕ ਗੁਰਮੁਖ ਨਹੀਂ ਹੈ, ਉਹ ਕੇਵਲ ਚਾਕਰ ਹੈ, ਗੁਰਮੁਖ ਉਹ ਹੈ ਜੋ ਪਿਰਮ ਰਸ ਦਾ ਰਸੀਆ ਹੈ-

## ੮. (ਸਰੀਏ ਤੈ ਗਯਾਨੀ)।

੧. ਚਾਕਰ ਅਮਲੀ ਸੋਫੀਆਂ ਪਾਤਿਸਾਹ ਦੀ ਚਉਕੀ ਆਏ।
੨. ਹਾਜਰ ਹਾਜਰਾਂ ਲਿਖੀਅਨਿ ਗੈਰ-ਹਾਜਰਾਂ ਗੈਰ-ਹਾਜਰ ਲਾਏ।
੩. ਲਾਇਕ ਦੇ ਵੀਚਾਰਿਕੈ ਵਿਰਲੇ ਮਜਲਸ ਵਿਚਿ ਸਦਾਏ।
੪. ਪਾਤਿਸਾਹ ਹੁਸੀਆਰ ਮਸਤ ਖ਼ੁਸ਼ ਫਹਿਮੀ ਦੋਵੇ ਪਰਚਾਏ।
੫. ਦੇਨਿ ਪਿਆਲੇ ਅਮਲੀਆਂ ਸੋਫੀ ਸਭ ਪਿਆਵਣ ਲਾਏ।
੬. ਮਤਵਾਲੇ ਅਮਲੀ ਹੁਏ ਪੀ ਪੀ ਚੜ੍ਹੇ ਸਹਿਜ ਘਰ ਜਾਏ।
੭. ਸੂਫੀ ਮਾਰਨਿ ਟਕਰਾਂ ਪੂਜ ਨਿਵਾਜੇ ਸੀਸ ਨਿਵਾਏ।
੮. ਵੇਦ ਕਿਤਾਬ ਅਜਾਬ ਵਿਚਿ ਕਰਿ ਕਰਿ ਖ਼ੁਦੀ ਬਹਸ ਬਹਸਾਏ।
੯. ਗੁਰਮੁਖਿ ਸੁਖ ਫਲ ਵਿਰਲਾ ਪਾਏ ॥੮॥

**ਪਦਾਰਥ**-(ਅਮਲੀ=ਜੋ ਪ੍ਰੇਮ ਰਸ ਅਨੁਭਵ ਕਰਦੇ ਹਨ।
(ਸੋਫੀ=ਜੋ ਗਿਆਨ ਦੀਆਂ ਗੱਲਾਂ ਜਾਣਦੇ ਹਨ, ਪਰ ਅਨੁਭਵ ਰਹਿਤ ਹਨ।
(ਖ਼ੁਸ਼ ਫਹਮ=ਸਮਝ ਦੇ ਚੰਗੇ। ਮਨ ਬੁੱਧੀ ਗਯਾਨ ਵਿਖੇ ਸਿਆਣੇ।)

**ਅਰਥ**-੧.ਅਮਲੀ ਅਤੇ ਸੋਫੀ ਦੋਵੇਂ ਚਾਕਰ ਪਾਤਸ਼ਾਹ ਦੇ ਪਹਿਰੇ ਵਿਚ ਬੁਲਾਏ ਗਏ। ੨.ਜੋ ਹਾਜ਼ਰ ਸਨ ਹਾਜ਼ਰ ਲਿਖੇ ਅਰ ਜੋ ਗੈਰ ਹਾਜ਼ਰ ਸਨ ਗੈਰ ਹਾਜ਼ਰ ਦਰਜ ਕੀਤੇ (ਸਨਮੁਖ ਹਾਜ਼ਰ,ਤੇ ਬੇਮੁਖ ਗੈਰ ਹਾਜ਼ਰ। ਜੋ ਹਰ ਦਮ ਹਜ਼ੂਰੀ ਵਿਚ ਹਨ ਸੋ ਹਾਜ਼ਰ ਜੋ ਵਿਸਾਰੇ ਵਿਚ ਹਨ ਚਾਹੇ ਗਯਾਨੀ ਹਨ, ਗੈਰ ਹਾਜ਼ਰ ਹਨ।"**ਦੂਖੁ ਘਨੋ ਜਬ ਹੋਤੇ ਦੂਰਿ॥ ਅਬ ਮਸਲਤਿ ਮੋਹਿ ਮਿਲੀ ਹਦੂਰਿ॥**") (ਆਸਾ: ਮ:੫:੫੩) ੩.(ਉਨ੍ਹਾਂ ਵਿਚੋਂ ਜੋ ਚੰਗੇ) ਲਾਇਕ ਹਨ ਓਹ ਚੋਣਵੇਂ ਵੀਚਾਰਕੇ ਸਭਾ ਵਿਖੇ ਬੁਲਾਏ ਗਏ, (ਭਾਵ ਸਨਮੁਖਾਂ ਵਿਚੋਂ ਗੁਰਮੁਖ ਚੁਣੇ ਗਏ)। ੪.ਪਾਤਸ਼ਾਹ ਹੁਸ਼ਿਆਰ (ਹੈ ਉਸ ਨੇ) ਮਸਤ ਤੇ ਖ਼ੁਸ਼ ਫਹਮੀ ਦੋਵੇਂ ਪਰਚਾ ਦਿਤੇ (ਭਾਵ ਦੁਹਾਂ ਨੂੰ ਪ੍ਰੇਮ ਦਾ ਪਿਆਲਾ ਦਿੱਤਾ ਗਿਆ)। ੫.ਅਮਲੀਆਂ ਨੂੰ (ਪ੍ਰੇਮ) ਪਿਆਲੇ ਪਿਆਵਣ ਲਈ ਸੋਫੀਆਂ ਨੂੰ ਲਾਇਆ, (ਭਾਵ ਪੰਡਤ ਮੁੱਲਾਂ ਭਾਈ ਪਰਮੇਸੁਰ ਦੀਆਂ ਕਥਾ ਕੀਰਤਨ ਸੁਣਾਉਂਦੇ ਹਨ ਤੇ ਪ੍ਰੇਮੀ ਸੁਣਕੇ ਅਨੁਭਵ ਕਰਦੇ ਹਨ)। ੬.ਮਤਵਾਲੇ ਪੀ ਪੀ ਕੇ ਅਮਲੀ ਹੋ ਗਏ, (ਸਹਿਜ ਘਰ) ਪਰਮਾਤਮਾਂ ਦੇ ਘਰ ਵਿਖੇ ਜਾ ਬਿਰਾਜੇ। ੭.(ਅਰ ਜੋ) ਸੋਫੀ (ਹੀ ਰਹੇ ਲੋਕਾਂ ਨੂੰ ਦਿੰਦੇ ਰਹੇ ਪਰ ਆਪ ਪਿਆਲਾ ਨਾ ਪੀਤਾ) ਓਹ ਟਕਰਾਂ ਮਾਰ ਮਾਰਕੇ ਪੂਜਾ ਅਰ ਨਿਮਾਜ਼ਾਂ ਵਿਚ ਮੱਥੇ ਭੰਨਣ ਲਗੇ। ੮.ਵੇਦਾਂ (ਅਰ ਸ਼ਰੀਅਤ ਆਦਿ) ਕਿਤਾਬਾਂ ਦੇ ਦੁਖ ਵਿਖੇ ਹੰਕਾਰ ਦੇ ਭਰੇ ਹੋਏ ਜਿੱਦਾਂ ਤੇ ਝਗੜਿਆਂ ਵਿਚ ਝਗੜਦੇ ਰਹਿ ਗਏ।੯.ਵਿਰਲਾ (ਕੋਈ; ਜੋ)

ਗੁਰਮੁਖ (ਹੋਵੇ ਸੋ) ਸੁਖ ਫਲ ਪਾਉਂਦਾ ਹੈ। (ਯਥਾ-**"ਤੇਰਾ ਜਨੁ ਏਕੁ ਆਧੁ ਕੋਈ"**॥ (ਕੇਦਾਰਾ-ਕਬੀਰ ਜੀ-੧) **"ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰ ਸਗਲੇ ਬਿਉਹਾਰੀ"**॥ (ਗੂਜ: ਮ:੫-੨) ਭਾਵ ਸੋਫੀ ਬਾਹਲੇ ਹਨ ਅਰ ਪ੍ਰੇਮ ਪਿਆਲੇ ਦਾ ਅਮਲੀ ਕੋਈ ਵਿਰਲਾ ਹੈ)।

**ਭਾਵ**-ਸੋਫੀ ਅਸਲ ਵਿਚ ਗਯਾਨੀ ਨੂੰ, ਅਰ ਇਕ ਤਰ੍ਹਾਂ ਦੇ ਮੁਸਲਮਾਨ ਫਕੀਰਾਂ ਨੂੰ ਕਹਿੰਦੇ ਹਨ, ਪਰ ਪੰਜਾਬੀ ਵਿਚ ਸੋਫੀ ਸ਼ਰਾਬ ਨਾ ਪੀਣ ਵਾਲੇ ਦਾ ਨਾਮ ਹੈ। ਭਾਈ ਸਾਹਿਬ ਜੀ ਨੇ ਦੋਵੇਂ ਕਟਾਖਯ ਮਿਲਾਕੇ 'ਸੋਫੀ' ਨਾਮ, ਰਸ ਰਹਤ, ਪ੍ਰੇਮ ਹੀਨ ਵਿਦਵਾਨਾਂ ਦਾ ਰਖਿਆ ਹੈ।

## ੯, (ਰਸੀਆਂ ਨੇ ਗਯਾਨੀਆਂ ਨੂੰ)।

(ਦੇਣਾ ਤੇ ਗਯਾਨੀਆਂ ਦੀ ਨਾਹ)

੧. ਬਹੈ ਝਰੋਖੇ ਪਾਤਿਸਾਹ ਖਿੜਕੀ ਖੋਲਿ ਦੀਵਾਨ ਲਗਾਵੈ।
੨. ਅੰਦਰਿ ਚਉਕੀ ਮਹਲ ਦੀ ਬਾਹਰਿ ਮਰਦਾਨਾ ਮਿਲਿ ਆਵੈ।
੩. ਪੀਐ ਪਿਆਲਾ ਪਾਤਿਸਾਹੁ ਅੰਦਰਿ ਖ਼ਾਸਾਂ ਮਹਲਿ ਪਿਲਾਵੈ।
੪. ਦੇਵਨ ਅਮਲੀ ਸੂਫ਼ੀਆਂ ਅਵਲ ਦੋਮ ਦੇਖਿ ਦਿਖਲਾਵੈ।
੫. ਕਰੇ ਮਨਾਹ ਸਰਾਬ ਦੀ ਪੀਐ ਆਪੁ ਨ ਹੋਰੁ ਸੁਖਾਵੈ।
੬. ਉਲਸ ਪਿਆਲਾ ਮਿਹਰ ਕਰਿ ਵਿਰਲੇ ਦੇਇ ਨ ਪਛੋਤਾਵੈ।
੭. ਕਿਹੁ ਨ ਵਸਾਵੈ ਕਿਹੈ ਦਾ ਗੁਨਾਹ ਕਰਾਇ ਹੁਕਮੁ ਬਖਸਾਵੈ।
੮. ਹੋਰੁ ਨ ਜਾਣੈ ਪਿਰਮ ਰਸ ਜਾਣੈ ਆਪ ਕੈ ਜਿਸੈ ਜਣਾਵੈ।
੯. ਵਿਰਲੇ ਗੁਰਮੁਖਿ ਅਲਖ ਲਖਾਵੈ॥੯॥

**ਪਦਾਰਥ**-(ਝਰੋਖੇ=ਭਾਵ ਸਤਿਸੰਗ ਵਿਚ। ਖਿੜਕੀ=ਬਾਰੀ ਭਾਵ ਬਾਣੀ। ਦੀਵਾਨ=ਸਿਖ (ਸਭਾ। ਚਉਕੀ ਮਹਲ ਦੀ=ਹਜ਼ੂਰ ਦੀ ਅੰਤਰੰਗ ਸਭਾ।
(ਬਾਹਰਿ ਮਰਦਾਨਾ=ਆਮ ਲੋਕ, ਭਾਵ ਬਹਰੰਗ ਸਾਧਨਾਂ ਵਾਲੇ।
(ਉਲਸ=ਸੀਤ ਪ੍ਰਸਾਦਿ। )

**ਅਰਥ**-੧.(ਸਤਿਸੰਗ ਦੇ) ਝਰੋਖੇ (ਵਿਚ) (ਗੁਰੂ) ਪਾਤਸ਼ਾਹ ਬੈਠਕੇ ਆਪਣੀ (ਬਾਣੀ ਦੀ) ਖਿੜਕੀ ਦੀਵਾਨ ਲਾਕੇ ਖੋਹਲਦੇ ਹਨ (ਭਾਵ ਪ੍ਰੇਮ ਦੀ ਸ਼ਰਾਬ ਵੰਡਦੇ ਹਨ)। ੨.ਅੰਦਰ ਅੰਤਰੰਗ ਸਭਾ ਲਗਦੀ ਹੈ, ਬਾਹਰ, ('ਮਰਦਾਨਾ') ਬਹਰੰਗ ਸਾਧਨਾ ਵਾਲੇ ਮਿਲਕੇ ਆਉਂਦੇ ਹਨ, (ਦਰਸ਼ਨ ਕਰਦੇਹਨ)। ੩.(ਗੁਰੂ) ਪਾਤਸ਼ਾਹ ਜੀ ਆਪ ਪਿਆਲਾ ਪੀ ਕਰਕੇ ਖਾਸ ਚੁਣਵੇਂ (ਗੁਰਮੁਖਾਂ ਨੂੰ) ਮਹਲ ਦੇ ਅੰਦਰ ਪਿਲਾਉਂਦੇ ਹਨ, ੪.ਅਮਲੀ (ਭਾਵ ਗੁਰਮੁਖ) ਸੋਫੀਆਂ ਨੂੰ ਪਿਆਲਾ ਅੱਵਲ ਜਾ ਦੂਜੇ ਦਰਜੇ ਦਾ ਆਪ ਦੇਖਕੇ ਦਿਖਾਉਂਦੇ ਹਨ (ਕਿ ਪੀਣ)। ੫.(ਪਰੰਤੂ ਸੋਫੀ ਲੋਕ) ਸ਼ਰਾਬ ਦੀ ਮਨਾਹੀ ਕਰਦੇ ਹਨ, ਆਪ ਪੀਂਦੇ ਨਹੀਂ ਹੋਰ ਨੂੰ ਪੀਂਦੇ ਦੇਖ ਸੁਖਾਉਂਦੇ ਨਹੀਂ। ੬.(ਪਰੰਤੂ) ਗੁਰੂ ਜੀ (ਆਪਣੇ) ਸੀਤ ਪ੍ਰਸਾਦ ਦਾ ਪਿਆਲਾ ਮਿਹਰ ਕਰਕੇ ਕਿਸੇ ਵਿਰਲੇ ਨੂੰ ਹੀ ਦਿੰਦੇ ਹਨ (ਜਦ ਕੋਈ ਨਾ ਪੀਵੇ) ਤਾਂ ਪਛੋਤਾਉਂਦੇ ਨਹੀਂ। ੭.(ਕਿਉਂ ਜੋ ਜਾਣਦੇ ਹਨ ਕਿ) ਵੱਸ ਕਿਸੇ ਦੇ ਨਹੀਂ, ਕਿਸੇ ਦਾ ਗੁਨਾਹ (ਏਹ ਨਾਂਹ) ਕਰਾਉਂਦਾ ਹੈ (ਏਸ ਗੁਨਾਹ ਦੀ ਕੋਈ ਕਾਰ ਪਰਮੇਸ਼ੁਰ ਤੋਂ) ਬਖਸ਼ਾਵੇ, (ਉਸ ਦਾ) ਹੁਕਮ (ਸਮਰੱਥ ਹੈ ਬਖਸ਼ਣੇ ਦਾ। ਭਾਵੇਹ ਕਿ ਅੰਤਹਕਰਨ ਤੇ ਪਾਪਾਂ ਦੀ ਜੋ ਮੈਲ ਹੈ ਸੋ ਪੇਸ਼ ਨਹੀਂ ਜਾਣ ਦੇਂਦੀ ਏਹ ਮੈਲ ਨਾਂਹ ਕਰਾਉਂਦੀ ਹੈ, ਏਸ ਕਰਕੇ ਪਹਿਲੇ ਅੰਤਹਕਰਨ ਸ਼ੁੱਧ ਕਰੇ ਤਦ ਪ੍ਰੇਮ ਰਸ ਚੰਗਾ ਲਗੇ)। ੮.ਪ੍ਰੇਮ ਦੇ ਰਸ ਨੂੰ ਹੋਰ ਕੋਈ ਨਹੀਂ ਜਾਣਦਾ


www.sikhbookclub.com

ਜਾਂ (ਗੁਰੂ ਜੀ) ਆਪ ਜਾਂ ਜਿਸ ਨੂੰ (ਗੁਰੂ ਜੀ) ਜਣਾਉਂਦੇ ਹਨ ਜਾਣਦਾ ਹੈ। ("**ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ**") (ਰਾਮ: ਵਾਰ-੨) । ੯.(ਵਿਰਲੇ (ਨੂੰ ਜੋ) ਗੁਰਮੁਖ ਹੈ, ਅਲਖ (ਵਾਹਿਗੁਰੂ ਆਪਣਾ ਆਪ) ਲਖਾਉਂਦਾ ਹੈ।

**ਭਾਵ**-ਸੂਫੀ ਇਕ ਫਿਰਕਾ ਹੈ ਜੋ ਬ੍ਰਹਮ ਗਯਾਨ ਦੀ ਖੋਜ ਕਰਦਾ ਹੈ, ਪਰ ਹੁਣ ਪੰਜਾਬੀ ਵਿਚ 'ਸੂਫੀ' ਸ਼ਰਾਬ ਨਾ ਪੀਣ ਵਾਲੇ ਨੂੰ ਕਹਿੰਦੇ ਹਨ, ਭਾਈ ਸਾਹਿਬ ਜੀ ਨੇ ਸੂਫੀ ਪ੍ਰੇਮ ਰਸ ਨਾ ਪੀਣ ਵਾਲੇ ਨੂੰ ਕਹਿਕੇ ਇਸ ਤੋਂ ਧਰਮ ਦੇ ਝਗੜਾ ਕਰਨ ਵਾਲਿਆਂ ਦਾ, ਜੋ ਅਨੁਭਵ ਰਹਿਤ ਹਨ, ਭਾਵ ਦੱਸਿਆ ਹੈ ਇਸ ਪਉੜੀ ਵਿਚ ਇਹ ਕਿਹਾ ਹੈ ਕਿ ਅਨੁਭਵੀ ਮਹਾਤਮਾਂ ਝਗੜਾਲੂ ਧਰਮ ਪੰਡਤਾਂ ਨੂੰ ਪ੍ਰੇਮ ਰਸ ਬਖਸ਼ਦੇ ਹਨ, ਪਰ ਓਹ ਲੈਂਦੇ ਨਹੀਂ, ਉਹਨਾਂ ਦੇ ਮਨ ਪਰ ਪੰਡਤਾਈ ਦੇ ਮਾਨ ਦੀ ਮੈਲ ਚੜ੍ਹ ਰਹੀ ਹੈ।

## ੧੦. (ਬੇਅਮਲੀਆਂ (ਗਯਾਨੀਆਂ) ਦਾ ਹਾਲ)।

੧. ਵੇਦ ਕਤੇਬ ਵਖਾਣਦੇ ਸੂਫ਼ੀ ਹਿੰਦੂ ਮੁਸਲਮਾਣਾ।
੨. ਮੁਸਲਮਾਣ ਖ਼ੁਦਾਇ ਦੇ ਹਿੰਦੂ ਹਰਿ ਪਰਮੇਸੁਰੁ ਭਾਣਾ।
੩. ਕਲਮਾਂ ਸੁੰਨਤ ਸਿਦਕ ਧਰਿ ਪਾਇ ਜਨੇਊ ਤਿਲਕ ਸੁਖਾਣਾ।
੪. ਮਕਾ ਮੁਸਲਮਾਨ ਦਾ ਗੰਗ ਬਨਾਰਸ ਦਾ ਹਿੰਦੁਵਾਣਾ।
੫. ਰੋਜ਼ੇ ਰਖਿ ਨਿਮਾਜ਼ ਕਰਿ ਪੂਜਾ ਵਰਤ ਅੰਦਰਿ ਹੈਰਾਣਾ।
੬. ਚਾਰਿ ਚਾਰਿ ਮਜ਼ਹਬ ਵਰਨ ਛਿਅ ਘਰਿ ਵੁਰੁ ਉਪਦੇਸੁ ਵਖਾਣਾ।
੭. ਮੁਸਲਮਾਨ ਮੁਰੀਦ ਪੀਰ ਗੁਰ ਸਿਖੀ ਹਿੰਦੂ ਲੋਭਾਣਾ।
੮. ਹਿੰਦੂ ਦਸ ਅਵਤਾਰ ਕਰਿ ਮੁਲਮਾਣ ਇਕੋ ਰਹਿਮਾਣਾ।
੯. ਖਿੰਜੋਤਾਣ ਕਰੇਨਿ ਧਿਙਾਣਾ॥੧੦॥

**ਪਦਾਰਥ**-(ਘਰਿ=ਮਤ। ਰਹਿਮਾਣਾ=ਖ਼ੁਦਾ।

**ਅਰਥ**-੧.ਹਿੰਦੂ (ਰਿਗ, ਯੁਜਰ, ਸ਼ਾਮ, ਅਥਰਬਨ) ਵੇਦਾਂ ਦਾ ਅਰ ਮੁਸਲਮਾਨ (ਤਰੀਕਤ, ਹਕੀਕਤ, ਸ਼ਰੀਆਤ ਮਾਰਫਤ ਯਾ ਕੁਰਾਨ ਅੰਜੀਲ, ਤੌਰੇਤ, ਜ਼ਬੂਰ ਚਾਰ) ਕਤੇਬਾਂ ਦਾ ਵਖਯਾਣ ਕਰਦੇ ਹਨ, (ਪਰੰਤੂ ਦੋਵੇਂ) ਸੋਫੀ ਹਨ, (ਭਾਵ ਪ੍ਰੇਮ ਦੇ ਪਿਆਲੇ ਤੋਂ ਰਹਤ ਬੇਅਮਲੀ ਹਨ)। ੨.ਮੁਸਲਮਾਨ ਖ਼ੁਦਾ ਨੂੰ ਮਨਦੇ, ਤੇ ਹਿੰਦੂਆਂ ਨੂੰ ਪਰਮੇਸ਼ੁਰ (ਦਾ ਨਾਮ) ਹਰੀ ਭਾਉਂਦਾ ਹੈ। ੩.ਕਲਮਾਂ ਅਰ ਸੁੰਨਤ ਪੁਰ ਭਰੋਸਾ (ਮੁਸਲਮਾਨਾਂ ਨੂੰ), ਜਨੇਉ ਪਾਉਣਾ ਅਰ ਤਿਲਕ ਲਾਉਣਾ (ਹਿੰਦੂਆਂ ਨੂੰ) ਸੁਖਾਵੂੰਦਾ ਹੈ। ੪.ਮੱਕਾ ਮੁਸਲਮਾਨਾਂ ਦਾ (ਤੀਰਥ) ਹੈ ਅਰ ਹਿੰਦੂਆਂ ਦਾ ਗੰਗਾ ਤੇ ਕਾਸ਼ੀ ਹੈ। ੫.(ਅਜਿਹਾ ਹੀ) ਰੋਜ਼ੇ ਰਖਣ ਤੇ ਨਿਮਾਜ਼ ਪੜ੍ਹਨ ਅਰ ਪੂਜਾ ਪਾਠ ਕਰਨ ਵਿਖੇ ਦੋਵੇਂ ਹੈਰਾਣ ਹੋ ਰਹੇ ਹਨ। ੬.ਚਾਰੇ ਮਜ਼ਹਬ, ਚਾਰੇ ਵਰਣ, ਛੀ ਸ਼ਾਸਤ੍ਰਾਂ ਦੇ ਛੀ ਮਤ ਤੇ ਛੀ ਗੁਰੂ (ਭਿੰਨ ਭਿੰਨ) ਉਪਦੇਸ਼ ਕਰਦੇ ਹਨ। ੭.ਮੁਸਲਮਾਨ ਪੀਰ (ਆਪਣੇ) ਮੁਰੀਦਾਂ ਪਰ (ਅਰ) ਹਿੰਦੂਆਂ ਦੇ (ਆਗੂ ਆਪਣੀਆਂ) ਪੱਧਤਾਂ ਪੁਰ ਲੋਭ ਰਹੇ (ਆਪੋ ਆਪਣੇ) ਪੰਥ ਵਧਾਉਂਦੇ ਹਨ। ੮.ਹਿੰਦੂ ਦਸਾਂ ਅਵਤਾਰਾਂ ਪੁਰ ਅਰ ਮੁਸਲਮਾਨ ਇਕੋ ('ਰਹਮਾਣ') ਖੁਦਾ ਪੁਰ ਯਕੀਨ ਰਖਦੇ ਹਨ। ੯.(ਗੱਲ ਕੀ ਆਪੋ ਆਪਣੇ ਪਾਸ) ਧਿੰਗਾ ਸ਼ਾਹੀ ਨਾਲ ਖਿੱਚਾ ਖਿੱਚੀ ਕਰ ਰਹੇ ਹਨ।

**ਭਾਵ**--ਸਭ ਹਿੰਦੂ ਮੁਸਲਮਾਨ ਮਤ ਮਤਾਂਤਰਾਂ ਦੇ ਉਪਾਸਕ ਆਪੋ ਆਪਣੇ ਧੜ੍ਹੇ ਬੰਨ੍ਹ ਬੰਨ੍ਹਕੇ

ਖਿੱਚੋਤਾਣ ਕਰ ਰਹੇ ਹਨ, ਇਸ ਕਰਕੇ ਪਰਮੇਸ਼ੁਰ ਦੇ ਰਸ ਵਲੋਂ ਸੋਫੀ ਹਨ, ਨਾ ਮਹਿਰਮ ਹਨ।

## ੧੧. (ਖਾਸ ਅਮਲੀ (ਰਸੀਆਂ) ਦਾ ਹਾਲ)।

੧. ਅਮਲੀ ਖਾਸੇ ਮਜਲਸੀ ਪਿਰਮ ਪਿਆਲਾ ਅਲਖੁ ਲਖਾਇਆ।
੨. ਮਾਲਾ ਤਸਬੀ ਤੋੜਿਕੈ ਜਿਉਂ ਸਉ ਤਿਵੈ ਅਠੋਤਰੁ ਲਾਇਆ।
੩. ਮੇਰੁ ਇਮਾਮ ਰਲਾਇਕੈ ਰਮੁ ਰਹੀਮੁ ਨ ਨਾਉਂ ਗਣਾਇਆ।
੪. ਦੁਇ ਮਿਲਿ ਇਕ ਵਜੂਦੁ ਹੁਇ ਚਉਪੜ ਸਾਰੀਂ ਜੋੜਿ ਜੁੜਾਇਆ।
੫. ਸਿਵ ਸ਼ਕਤੀ ਨੋ ਲੰਘਿਕੈ ਪਿਰਮ ਪਿਆਲੇ ਨਿਜ ਘਰਿ ਆਇਆ।
੬. ਰਾਜਸੁ ਤਾਮਸੁ ਸਾਂਤਕੋ ਤੀਨੋਂ ਲੰਘਿ ਚਉਥ; ਪਦੁ ਪਾਇਆ।
੭. ਗੁਰਗੁਵਿੰਦ ਖੁਦਾਇ ਪੀਰੁ ਗੁਰਸਿਖ ਪੀਰੁ ਮਰੀਦੁ ਲਖਾਇਆ।
੮. ਸਚੁ ਸਬਦ ਪਰਗਾਸ ਕਰਿ ਸਬਦ ਸੁਰਤਿ ਸਚੁ ਸਚੁ ਮਿਲਾਇਆ।
੯. ਸਚਾ ਪਾਤਿਸਾਹੁ ਸਚੁ ਭਾਇਆ ॥੧੧॥

**ਪਦਾਰਥ**-(ਮਜਲਸੀ=ਸਤਿਸੰਗ ਦੇ। ਮੇਰੁ=ਮਾਲਾ ਦੇ ਸਿਰੇ ਦਾ ਮਣਕਾ।
(ਇਮਾਮ=ਤਸਬੀ ਦੇ ਸਿਰੇ ਦਾ ਮਣਕਾ।ਇਕੁ ਵਜੂਦੁ=ਇਕ ਰੂਪ। ਦੁਇ=ਦਵੈਤ।)

**ਅਰਥ**-੧.(ਜਿਹੜੇ) ਖਾਸ ਮਜਲਸ (ਅਰਥਾਤ ਅਕਾਲ ਪੁਰਖ ਦੀ ਸਤਿਸੰਗਤ) ਦੇ ਅਮਲੀ ਹਨ, ਓਹ ਪ੍ਰੇਮ ਦਾ ਪਿਆਲਾ ਪੀਕੇ ਅਲਖ (ਵਾਹਿਗੁਰੂ) ਨੂੰ ਲਖਦੇ ਹਨ (ਵਾਹਿਗੁਰੂ ਨੂੰ ਅਨੁਭਵ ਕਰਦੇ ਤੇ ਹਰਦਮ ਲਿਵ ਵਿਚ ਰਹਿੰਦੇ ਹਨ। ਵਿਸ਼ੇਖ ਕਥਨ ਅਗੇ ਕਰਦੇ ਹਨ)। ੨.ਮਾਲਾ ਅਤੇ ਤਸਬੀ* ਨੂੰ ਤੋੜਕੇ ਜਿੱਕੁਰ ਸੌ ਤਿਵੇਂ ਅੱਠ ਉਪਰ ਸੌ ਜਾਣਦੇ ਹਨ (ਭਾਵ ਗਿਣਤੀ ਨਾਲ ਭਜਨ ਨਹੀਂ ਕਰਦੇ, "**ਊਠਤ ਬੈਠਤ ਸੋਵਤ ਨਾਮ॥ਕਹੁ ਨਾਨਕ ਜਨ ਕੈ ਸਦ ਕਾਮ॥**" (ਸੁਖਮਨੀ ੧੭-੬) ਏਹ ਕਰਦੇ ਹਨ)। ੩.ਮਾਲਾ ਦੇ ਸਿਰੇ ਦਾ ਮਣਕਾ ਅਰ ਇਮਾਮ ਨੂੰ ਇਕ ਜਾਣਿਆ† ਰਾਮ ਰਹੀਮ ਦਾ ਨਾਉਂ ਨਹੀਂ ਗਿਣਿਆਂ (ਗਿਣਤੀ ਤੋੜ ਦਿੱਤੀ)। ੪.(ਗੱਲ ਕੀ) ਦੁਹਾਂ (ਉਕਤ ਰਾਮ ਰਹੀਮ) ਨੂੰ ਇਕ ਰੂਪ ਸਮਝਕੇ ਸਾਰੀ ਸੰਸਾਰ ਦੀ ਬਾਜ਼ੀ ਨੂੰ ਚਉਪੜ ਦੀ ਬਾਜ਼ੀ ਦਾ ਜੋੜ ਸਮਝਦੇ ਹਨ। ੫.ਸ਼ਿਵ ਸ਼ਕਤੀ ਨੂੰ ਲੱਘਕੇ (ਦ੍ਵੰਦਾਤੀਤ ਹੋਕੇ) ਪ੍ਰੇਮ ਪਿਆਲਾ ਪੀਕੇ ਆਪਣੇ ਸਰੂਪ ਵਿਚ ਆਉਂਦੇ ਹਨ। ੬.ਸਤੋਂ, ਤਮੋਂ, ਰਜੋ ਤ੍ਰਿੰਨ ਗੁਣਾਂ ਤੋਂ ਲੰਘਕੇ ('ਚੌਥਾ ਪਦ') ਤੁਰੀਆ ਪਦ ਵਿਖੇ ਸਿਥਿਰ ਰਹਿੰਦੇ ਹਨ। ੭.ਗੋਬਿੰਦ (ਵਾਹਿਗੁਰੂ) ਗੁਰੂ ਹੈ, ਖ਼ੁਦਾ (ਵਾਹਿਗੁਰੂ) ਪੀਰ ਹੈ 'ਗੁਰ ਸਿਖ' ਤੇ 'ਪੀਰ ਦਾ ਮੁਰੀਦ' ਇਕੋ ਲਖਦੇ ਹਨ, (**ਭਾਵ**-ਅਰਥ ਨੂੰ ਸਮਝਦੇ ਹਨ ਅੱਖਰਾਂ ਪਰ ਨਹੀਂ ਲੜਦੇ)। ੮.ਸੱਚੇ ਸ਼ਬਦ ਦਾ ਪ੍ਰਕਾਸ਼ ਕਰਕੇ ਅਰ ਸ਼ਬਦ ਵਿਖੇ ਸੁਰਤ ਲਾਕੇ ਸਚ ਵਿਚ ਸਚ ਮਿਲਾਉਂਦੇ ਹਨ। ੯.(ਇਕ ਅਕਾਲ ਪੁਰਖ ਨੂੰ) ਸੱਚਾ ਪਾਤਸ਼ਾਹ (ਜਾਣਦੇ ਅਰ) ਸੱਚ ਨਾਲ (ਮਨੋਂ ਤਨੋਂ) ਪ੍ਰੀਤਿ ਰਖਦੇ ਹਨ।

## ੧੨. (ਸਤਿਗੁਰੂ ਨਿਵਾਸ, ਸਤਿਸੰਗ ਵਿਚ)।

੧. ਪਾਰਬਹ੍ਮੁ ਪੂਰਨ ਬ੍ਰਹਮੁ ਸਤਿਗੁਰੁ ਸਾਧ ਸੰਗਤਿ ਵਿਚਿ ਵਸੈ।
੨. ਸਬਦ ਸੁਰਤਿ ਆਰਾਧੀਐ ਭਾਇ ਭਗਤਿ ਭੈ ਸਹਜ ਵਿਗਸੈ।

---

*ਹਿੰਦੂਮਾਲਾ ੧੦੮, ਮੁਸਲਮਾਨੀ ੧੦੦ ਦਾਣੇ ਦੀ ਹੁੰਦੀ ਹੈ।

†ਹਿੰਦੂ ਮਾਲਾ ਦੇ ਸਿਰੇ ਦੇ ਮਣਕੇ ਨੂੰ ਮੇਰੁ ਤੇ ਮੁਸਲਮਾਨ ਇਸ ਨੂੰ ਇਮਾਮ ਕਹਿੰਦੇ ਹਨ।

੩. ਨਾ ਓਹੁ ਮਰੇ ਨ ਸੋਗੁ ਹੋਇ ਦੇਂਦਾ ਰਹੈ ਨ ਭੋਗੁ ਵਿਣਸੈ।
੪. ਗੁਰੂ ਸਮਾਣਾ ਆਖੀਐ ਸਾਧ ਸੰਗਤਿ ਅਬਿਨਾਸੀ ਹਸੈ।
੫. ਛੇਵੀਂ ਪੀੜ੍ਹੀ ਗੁਰੂ ਦੀ ਗੁਰ ਸਿਖਾਂ ਪੀੜੀ ਕੋ ਦਸੈ।
੬. ਸਚੁ ਨਾਉਂ ਸਚੁ ਦਰਸਨੋ ਸਚਖੰਡ ਸਤਿਸੰਗ ਸਰਸੈ।
੭. ਪਿਰਮ ਪਿਆਲਾ ਸਾਧਸੰਗਿ ਭਗਤ ਵਛਲੁ ਪਾਰਸੁ ਪਰਸੈ।
੮. ਨਿਰੰਕਾਰ ਆਕਾਰ ਕਰਿ ਹੋਇ ਅਕਾਲ ਅਜੋਨੀ ਜਸੈ।
੯. ਸਚਾ ਸਚੁ ਕਸਉਟੀ ਕਸੈ॥੧੨॥

**ਪਦਾਰਥ**-(ਵਿਗਸੈ=ਪ੍ਰਕਾਸ਼ਦਾ ਹੈ।)

**ਅਰਥ**-੧.ਨਿਰਗੁਣ ਬ੍ਰਹਮ ਪੂਰਣ ਬ੍ਰਹਮ (ਸਰਗੁਣ ਮੂਰਤੀ ਹੋਕੇ) ਸਤਿਗੁਰੂ (ਗੁਰੂ ਨਾਨਕ ਦਾ ਰੂਪ) ਸਾਧ ਸੰਗਤ ਵਿਚ ਵਸਦਾ ਹੈ। ੨.ਗੁਰੂ ਦੇ ਸ਼ਬਦ ਵਿਖੇ ਸੁਰਤ ਲਾਕੇ (ਰਿਦੇ ਵਿਖੇ) ਪ੍ਰੇਮਾ ਭਗਤੀ ਅਰ ਭੈ ਨਾਲ ਧਿਆਨ ਕਰੀਏ (ਤਾਂ) ਸਹਿਜੇ ਹੀ ਪ੍ਰਕਾਸ਼ਦਾ ਹੈ, ੩.ਉਹ ਕਦੇ ਮਰਦਾ (ਜਨਮਦਾ ਨਹੀਂ) ਅਰ ਨਾ ਕਦੇ ਉਨ੍ਹਾਂ ਦਾ ਸੋਗ ਹੋਇਆ ਹੈ, (ਉਹ ਸਦਾ) ਦੇਂਦਾ ਰਹਿੰਦਾ ਹੈ, (ਅਰ ਸੰਤਾਂ ਨੂੰ ਉਸ ਦੀ ਦਾਤ ਦਾ) ਭੋਗ ਕਦੇ ਘਟਦਾ ਨਹੀਂ ਹੈ, (**ਭਾਵ**-ਉਹ ਅਜੋਨਿ, ਅਮਰ ਹੈ, ਇਸ ਕਰਕੇ ਦਾਤ ਬੀ ਕਦੀ ਨਹੀਂ ਮੁਕਦੀ ਤੇ ਇਸੇ ਕਰਕੇ ਸ਼ੋਕ ਨਹੀਂ ਹੁੰਦਾ)। ੪.(ਲੋਕ) ਕਹਿੰਦੇ ਹਨ ਕਿ ਗੁਰੂ ਸਮਾ ਗਿਆ (ਅਰਥਾਤ ਮਰ ਗਿਆ ਹੈ, ਪਰੰਤੂ) ਸਾਧ ਸੰਗਤ (ਦੇ ਲੋਕ ਗੁਰੂ ਨੂੰ) ਅਬਿਨਾਸ਼ੀ (ਜਾਣ ਲੋਕਾਂ ਨੂੰ) ਹੱਸਦੇ ਹਨ, (ਕਿਉ ਜੋ ਗੁਰੂ ਸਦਾ ਹਾਜ਼ਰ ਨਾਜ਼ਰ ਹਨ, ਅਥਵਾ ਗੁਰੂ ਨੂੰ ਲੋਕੀਂ ਮਰ ਗਿਆ ਸਮਝਦੇ ਹਨ, ਪਰ ਗੁਰੂ ਅਬਿਨਾਸ਼ੀ ਸਾਧ ਸੰਗਤ ਵਿਚ ਪ੍ਰਕਾਸ਼ਮਾਨ ਹੈ)। ੫.ਛੀਵੀਂ ਪੀੜ੍ਹੀ ਗੁਰੂ ਦੀ (ਅਰਥਾਤ) ਗੁਰੂ ਹਰਗੋਬਿੰਦ ਜੀ ਦੀ ਹੈ, (ਓਹ ਆਪ ਆਪਣੀ) ਕਿਹੜੀ ਪੀੜ੍ਹੀ ਗੁਰਸਿਖਾਂ ਨੂੰ ਦੱਸਦੇ ਹਨ? (ਉਤੱਰ ਅਗਲੀ ਤੁਕ ਵਿਚ ਹੈ), ੬.ਸਚਾ ਨਾਉਂ, ਸੱਚਾ ਦਰਸ਼ਨ, ਸਤਿਸੰਗਤ ਰੂਪ ਸੱਚਾ ਖੰਡ ਹੈ, ਤਿੱਥੇ ਸ਼ੋਭਨੀਕ ਹਨ। (ਪੁਨਾ:- ਕਰੋ ਕੀ?) ੭.ਸਾਧ ਸੰਗਤ, ਵਿਚ ਪ੍ਰੇਮ ਦਾ ਪਿਆਲਾ ਪੀਓ ਜਿਥੇ ਭਗਤ ਵੱਛਲ ਗੁਰੂ ਪਾਰਸ (ਵੱਸਦਾ ਹੈ ਉਸ ਨੂੰ)ਪਰਸੋ। ੮.(ਉੱਥੇ) ਨਿਰੰਕਾਰ ਆਕਾਰ ਵਾਲਾ ਹੋਕੇ ਅਕਾਲ ਤੇ ਅਜੋਨੀ ਦਾ ਜੱਸ ਕਰ ਰਿਹਾ ਹੈ। ੯.ਸੱਚਾ ਸੱਚ ਦੀ ਕਸਉਟੀ ਤੇ ਕਸ ਲਾਉਂਦਾ ਹੈ (ਭਾਵ ਜਗਜਾਸੂ ਬੀ ਸੱਚਾ ਚਾਹੀਏ, ਵਿਤੰਡਾ ਵਾਦੀ ਨਾ ਹੋਵੇ)।

**ਭਾਵ**-ਸਤਿਗੁਰੂ ਅਮਰ ਹੈ, ਤੇ ਸਾਧ ਸੰਗਤ ਵਿਚ ਸਦਾ ਵਸਦਾ ਹੈ। ਪੰਜ ਭੌਤਕ ਸਰੀਰ ਵਿਚ ਜਿਕੂੰ ਸੰਸਾਰ ਨੂੰ ਤਾਰਦਾ ਹੈ, ਉਸੇ ਤਰ੍ਹਾਂ ਹੀ ਸਾਧ ਸੰਗਤ ਵਿਚ ਵਸਕੇ ਸੰਸਾਰ ਨੂੰ ਤਾਰਦਾ ਹੈ। ਪਿਰਮ ਪਿਆਲੇ ਦੀ ਦਾਤ ਸਦਾ ਜਾਰੀ ਹੈ, ਪਰ ਅਮਲੀ ਲੋਕ ਸਤਿਸੰਗੀ ਹਨ, ਸੂਫ਼ੀ ਲੋਕ ਏਹ ਕੰਮ ਨਹੀਂ ਕਰ ਸਕਦੇ। ਸੂਫੀਆਂ ਦੇ ਸੰਗ ਵਿਚ ਉਹ ਕੁਛ ਹੈ ਜੋ ਦਸਵੀਂ ਪਉੜੀ ਵਿਚ ਦੱਸਿਆ ਹੈ, ਅਮਲੀਆਂ ਤੇ ਸਤਿਸੰਗ ਵਿਚ ਪਿਰਮ ਰਸ ਪ੍ਰਾਪਤ ਹੁੰਦਾ ਹੈ।

## ੧੩. (ਸਤਿਸੰਗ-ਸਚਖੰਡ ਹੈ)।

੧. ਓਅੰਕਾਰ ਅਕਾਰ ਕਰਿ ਤ੍ਰੈ ਗੁਣ ਪੰਜ ਤਤ ਉਪਜਾਇਆ।
੨. ਬ੍ਰਹਮਾ ਬਿਸਨੁ ਮਹੇਸ ਸਾਜਿ ਦਸ ਅਵਤਾਰ ਚਲਿਤ ਵਰਤਾਇਆ।
੩. ਛਿਅ ਰੁਤਿ ਬਾਰਹ ਮਾਹ ਕਰਿ ਸਤ ਵਾਰ ਸੈਂਸਾਰ ਉਪਾਇਆ।
੪. ਜਨਮ ਮਰਨ ਦੇ ਲੇਖ ਲਿਖਿ ਸਾਸਤ੍ ਵੇਦੁ ਪੁਰਣ ਸੁਣਾਇਆ।

੫. ਸਾਧ ਸੰਗਤਿ ਦਾ ਆਦਿ ਅੰਤ ਥਿਤ ਨ ਵਾਰੁ ਨ ਮਾਹੁ ਲਿਖਾਇਆ।
੬. ਸਾਧ ਸੰਗਤ ਸਚੁ ਖੰਡ ਹੈ ਨਿਰੰਕਾਰ ਗੁਰੁ ਸਬਦ ਵਸਾਇਆ।
੭. ਬਿਰਖਹੁ ਫਲ ਫਲ ਤੇ ਬਿਰਖ ਅਕਲ ਕਲਾ ਕਰਿ ਅਲਖੁ ਲਖਾਇਆ।
੮. ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖੁ ਆਦੇਸੁ ਕਰਾਇਆ।
੯. ਪੁਰਖੁ ਪੁਰਾਤਨੁ ਸਤਿਗੁਰੂ ਓਤਿ ਪੋਤਿ ਇਕੁ ਸੂਤ੍ਰ ਬਣਾਇਆ।
੧੦.ਵਿਸਮਾਦੈ ਵਿਸਮਾਦੁ ਮਿਲਾਇਆ॥੧੩॥

**ਅਰਥ**-੧.ਓਅੰਕਾਰ (ਵਾਹਿਗੁਰੂ) ਨੇ ਤਿੰਨ ਗੁਣਾਂ ਦੇ ਅਕਾਰ ਕਰਕੇ ਪੰਜ ਤੱਤ ਰਚੇ। ੨.ਬ੍ਰਹਮਾ (ਰਜੋ ਗੁਣ), ਬਿਸਨੂੰ (ਸਤੋ ਗੁਣ),ਮਹੇਸ (ਤਮੋਗੁਣ ਬਣਾਕੇ) ਦਸ ਅਵਤਾਰਾਂ ਦੇ ਕੌਤਕ ਦਾ ਖੇਲ ਰਚ ਦਿੱਤਾ। ੩.ਛੀ ਰੁੱਤਾਂ, ਬਾਰਾਂ ਮਹੀਨੇ ਕਰਕੇ ਸੱਤ ਵਾਰ ਸੰਸਾਰ ਵਿਖੇ ਬਣਾਏ (ਕਿ ਇਨ੍ਹਾਂ ਥੋਂ ਜੀਵ ਵਿਹਾਰ ਤੋਰਿਆ ਕਰਨ)। ੪.(ਇਨ੍ਹਾਂ ਨੇ ਹੀ) ਜਨਮ ਮਰਣ ਦੇ ਲੇਖ ਲਿਖ ਦਿੱਤੇ, ਨਾਨਾ ਪ੍ਰਕਾਰ ਦੇ ਧਰਮ ਪੁਸਤਕ (ਸਾਸਤ੍ਰ ਅਰ ਵੇਦ ਪੁਰਾਣ) ਸੁਣਾਏ, (ਅਗਲੀ ਪਉੜੀ ਵਿਚ ਖੋਲ੍ਹਣਗੇ ਕਿ ਏਹ ਬ੍ਰਹਮਾਂ ਨੇ ਬਣਾਏ)। ੫.ਸਾਧ ਸੰਗਤ ਦੇ ਆਦ ਅੰਤ ਦਾ ਥਿਤ ਵਾਰ ਮਹੀਨਾ ਕੋਈ ਨਹੀਂ ਲਿਖਾਇਆ, (ਕਿਉਂ ਨਹੀਂ ਲਿਖਾਇਆ?) ੬.ਸਾਧ ਸੰਗਤ ਸਚਖੰਡ ਹੈ, ਨਿਰੰਕਾਰ ਰੂਪ ਗੁਰੂ ਨੇ (ਆਪਣੇ) ਸ਼ਬਦ ਨਾਲ ਵਸਾਇਆ ਹੈ, (ਭਾਵ ਨਿਰੰਕਾਰ ਦੇ ਬਚਨ ਨਾਲ ਬਣਿਆ ਹੈ ਅਰ ਨਿਰੰਕਾਰ ਦਾ ਹੀ ਸਰੂਪ ਹੈ, ਅੱਗੇ ਬ੍ਰਿੱਛ ਦਾ ਦ੍ਰਿਸ਼ਟਾਂਤ ਦਿੰਦੇ ਹਨ)। ੭.ਬ੍ਰਿੱਛ ਥੋਂ ਫਲ, ਫਲ ਥੋਂ ਬ੍ਰਿੱਛ ਹੁੰਦਾ ਹੈ, (ਪਰੰਤੂ ਆਦ ਕਾਰਣ ਪਰਤੀਤ ਨਹੀਂ ਹੁੰਦਾ। ਤਿਹਾ ਹੀ ਸਾਧ ਸੰਗਤ ਸੱਚਾ ਖੰਡ ਬੀ ਅਨਾਦੀ ਹੈ) 'ਅਕਲ' (ਪਰਮਾਤਮਾ) ਨੇ (ਆਪਦੀ) ਸ਼ਕਤੀ ਨਾਲ ਇਹ ਅਲੱਖ (ਵਸਤੂ ਸਾਧ ਸੰਗਤ) ਦਿਖਾ ਦਿੱਤੀ ਹੈ। ੮.ਆਦੀ ਪੁਰਖ (ਪਰਮਾਤਮਾ) ਨੂੰ ਜੋ 'ਆਦੇਸ਼' (ਨਮਸਕਾਰ) ਕਰਦੇ ਹਨ (ਯਾ ਦੇਸ਼ ਕਾਲ ਵਸਤੂ ਦੇ ਭੇਦ ਥੋਂ ਰਹਿਤ ਸਮਝਦੇ ਹਨ) ਓਹ ਆਦਿ ਪੁਰਖ ਆਦੇਸ ਦਾ ਰੂਪ ਹੋ ਜਾਂਦੇ ਹਨ, (ਅਥਵਾ-ਆਦਿ ਪੁਰਖ ਗੁਰੂ ਨਾਨਕ ਨੂੰ ਗੁਰੂ ਅੰਗਦ ਥੋਂ ਆਦੇਸ-ਨਮਸਕਾਰ ਕਰਾਕੇ ਆਦਿ ਪੁਰਖ-ਗੁਰੂ ਨਾਨਕ ਤੋਂ ਨਮਸਕਾਰ ਕਰਵਾਈ ਹੈ, ਇਹ ਅਰਥ ਸ਼ੁਧ ਪ੍ਰਤੀਤ ਦੇਂਦਾ ਹੈ)। ੯.ਸਤਿਗੁਰੂ ਜੀ ਦਾ ਪੁਰਖ (ਵਜੂਦ) ਸਨਾਤਨ ਹੈ, ਤਾਣਾ ਪੇਟਾ ਇਕੋ ਸੂਤ ਦਾ ਬਣਾਇਆ ਹੈ, (ਭਾਵ, ਗੁਰੂ ਅੰਗਦ, ਗੁਰ ਨਾਨਕ ਤਾਣੇ ਪੇਟੇ ਵਾਂਗੂੰ ਸਿਖ ਗੁਰੂ ਹਨ, ਪਰ ਉਂਞ ਦੋਵੇਂ ਸੂਤ ਹਨ ਅਰ ਗੁਰੂ ਦਾ ਵਜੂਦ ਇਸ ਸੰਸਾਰ ਤੇ ਆਉਣ ਦੇ ਸਮੇਂ ਤੋਂ ਹੀ ਨਹੀਂ ਮੁੱਢ ਦਾ ਹੀ ਹੈ, ਸਨਾਤਨ ਹੈ। ਇਹ ਮਤਲਬ ਨਹੀ ਕਿ ਦੋ ਅਨਾਦੀ ਰੱਬ ਹਨ, ਪਰ ਏਹ ਕਿ ਵਾਹਿਗੁਰੂ ਦੀ ਸੰਸਾਰ ਸੁਧਾਰਕ ਕਲਾ ਦਾ ਨਾਮ ਗੁਰੂ ਨਾਨਕ ਹੈ, ਯਾ ਉਹ ਅਵਸਥਾ ਹੈ-"**ਜਹ ਅਬਿਗਤੁ ਭਗਤੁ ਤਹ ਆਪਿ**" (ਸੁਖਮਨੀ)-ਯਾ "**ਥਿਰੁ ਪਾਰਬ੍ਰਹਮ ਪਰਮੇਸਰੋ ਸੇਵਕ ਥਿਰੁ ਹੋਸੀ**" (ਮਾਰੂ: ਵਾਰ:੧੯)। ਪਿਆਰੇ ਨਾਲ ਪ੍ਰੀਤਵਾਨ ਸਦਾ ਜੁੜੇ ਰਹਿੰਦੇ ਹਨ)। ੧੦ ਅਚਰਜ ਰੂਪ ਵਿਖੇ ਅਚਰਜ ਰੂਪ ਮਿਲੇ ਹਨ।

ਸੂਚਨਾ-ਤਿੰਨਾਂ ਸ਼ਕਤੀਆਂ ਦਾ ਕਰਤੱਵ ਅੱਗੇ ਦੱਸਣਗੇ।

## ੧੪. (ਬ੍ਰਹਮਾ ਕਰਤੱਵ)।

੧. ਬ੍ਰਹਮੇ ਦਿਤੇ ਵੇਦ ਚਾਰ ਚਾਰਿ ਵਰਨ ਆਸਰਮ ਉਪਜਾਏ।
੨. ਛਿਅ ਦਰਸਨ ਛਿਅ ਸਾਸਤਾ ਛਿਅ ਉਪਦੇਸ ਭੇਸ ਵਰਤਾਏ।
੩. ਚਾਰੇ ਕੁੰਡਾ ਦੀਪ ਸਤਾ ਨਉ ਖੰਡ ਦਹਦਿਸਿ ਵੰਡ ਵੰਡਾਏ।
੪. ਜਲ ਥਲ ਵਣ ਖੰਡ ਪਰਬਤਾਂ ਤੀਰਥ ਦੇਵ ਸਥਾਨ ਬਣਾਏ।

੫. ਜਪ ਤਪ ਸੰਜਮ ਹੋਮ ਜਗ ਕਰਮ ਧਰਮ ਕਰਿ ਦਾਨ ਕਰਾਏ।
੬. ਨਿਰੰਕਾਰ ਨ ਪਛਾਣਿਆ ਸਾਧ ਸੰਗਤਿ ਦਸੈ ਨ ਦਸਾਏ।
੭. ਸੁਣਿ ਸੁਣਿ ਆਖਣੁ ਆਖਿ ਸੁਣਾਏ॥੧੪॥

**ਪਦਾਰਥ**-(ਦਸੈ ਨ ਦਸਾਏ=ਦਸਣ ਵਾਲੇ ਥੋਂ ਪੁੱਛਦਾ ਨਹੀਂ।)

**ਅਰਥ**-੧.ਬ੍ਰਹਮਾਂ ਨੇ ਚਾਰ ਵੇਦ ਦਿਤੇ, ਚਾਰ ਵਰਣ, ਚਾਰ ਆਸ਼੍ਰਮ ਉਤਪਤ ਕੀਤੇ ਹਨ। ੨.ਛੀ ਦਰਸਨ, ਛੀ ਸ਼ਾਸਤ੍ਰ, ਛੀ ਉਹਨਾਂ ਦੇ ਉਪਦੇਸ਼ ਤੇ ਭੇਸ (ਭਿੰਨ ਭਿੰਨ) ਵਰਤਾਏ ਹਨ। ੩.ਚਾਰ ਕੁੰਡਾਂ, ਸੱਤ ਦੀਪ, ਨਵ ਖੰਡ, ਦਸ ਦਿਸ਼ਾ ਦੀ ਵੰਡ ਕਰ ਦਿੱਤੀ। ੪.ਜਲ ਅਤੇ ਥਲ, ਬਣ ਖੰਡਾਦਿਕ ਤੀਰਥ ਦੇਵ ਸਥਾਨ ਰਚੇ। ੫.ਜਪ ਤਪ ਸੰਜਮ ਹੋਮ ਜੱਗ ਦਾਨ ਧਰਮ (ਆਦਿਕ ਸ਼ੁਭ ਕਰਮ) ਬਣਾਏ। ੬.ਨਿਰੰਕਾਰ ਨੂੰ ਕਿਸੇ ਪਛਾਣਿਆ ਨਹੀਂ, ਸਾਧ ਸੰਗਤ ਹੀ ਦੱਸਦੀ ਹੈ (ਪਰੰਤੂ ਜੀਵ ਦੱਸਣ ਵਾਲੇ ਥੋਂ 'ਨ ਦਸਾਏ') ਪੁੱਛਦਾ ਨਹੀਂ। ੭.ਅਖਾਣਾਂ ਨੂੰ ਸੁਣ ਸੁਣ ਕੇ (ਲੋਕਾਂ ਨੂੰ) ਕਹਿਕੇ ਸੁਣਾਂਵਦੇ ਹਨ।

**ਭਾਵ**-ਸਰਬ ਸ੍ਰਿਸ਼ਟੀ ਦਾ ਕਰਤਾ ਨਿਰੰਕਾਰ ਹੈ ਉਸ ਨੂੰ ਸਾਧ ਸੰਗ਼ਤ ਹੀ ਜਾਣ ਸਕਦੀ ਹੈ, ਇਤਰ ਜੀਵ ਹੋਰ ਕਿੱਸੇ ਤੇ ਕਹਾਣੀਆਂ ਨੂੰ ਸੁਦਾਉਂਦੇ ਹਨ, ਕਰਤਾ ਦਾ ਪਛਾਣੂ ਕੋਈ ਵਿਰਲਾ ਹੈ। ਪਛਾਣ ਸਤਿਸੰਗ ਵਿਚ ਹੈ, ਸਤਿਸੰਗ ਕੋਈ ਨਹੀਂ ਕਰਦਾ।

ਬ੍ਰਹਮਾ ਵਲ ਇਸ਼ਾਰਾ ਕਰਕੇ ਦੱਸਦੇ ਹਨ ਕਿ ਨਿਰੰਕਾਰ ਨੂੰ ਨਹੀਂ ਪਛਾਣਿਆ ਉਸ ਨੇ, ਤੇ ਸਾਧ ਸੰਗਤ ਦਾ ਪਤਾ ਤਕ ਨਹੀਂ ਦੱਸਿਆ। ਉਸ ਨੇ ਲੇਖੇ ਤੇ ਹਿਸਾਬ ਲਿਖੇ ਹਨ। ਜੋ ਸੁਣਿਆਂ ਉਸ ਨੇ ਤੇ ਜੋ ਸੁਣਿਆਂ ਉਸ ਤੋਂ ਹੋਰਨਾ ਨੇ ਉਹ ਕੁਛ ਹੀ ਓਹ ਆਖਦੇ ਹਨ। ਸੋ ਇਹ ਤਾਂ ਹਿਸਾਬ ਹੈ ਅਰ ਬੁੱਧੀ ਦਾ ਮੰਡਲ ਹੈ, ਪਰ ਨਿਰੰਕਾਰ ਦੀ ਪਛਾਣ ਉਚੇਰੀ ਹੈ, ਤੇ ਸਾਧ ਸੰਗ਼ਤ ਵਿਚ ਕੇਵਲ ਪਜਾਰੇ ਦੀ ਪ੍ਰਾਪਤੀ ਦਾ ਕਾਰਜ ਹੁੰਦਾ ਹੈ, ਹੋਰ ਕੰਮ ਨਹੀਂ ਹਨ, ਏਸ ਕਰਕੇ ਪ੍ਰਤੱਖ ਵਲ ਆਓ।

## ੧੫. (ਵਿਸ਼ਨੂੰ ਕਰਤੱਵ)।

੧. ਦਸ ਅਵਤਾਰੀ ਬਿਸਨੁ ਹੋਇ ਵੈਰ ਵਿਰੋਧ ਜੋਧ ਲੜਵਾਏ।
੨. ਦੇਵ ਦਾਨਵ ਕਰਿ ਦੁਇ ਧੜੇ ਦੈਤ ਹਰਾਏ ਦੇਵ ਜਿਤਾਏ।
੩. ਮਛ ਕਛ ਵੈਰਾਹ ਰੂਪ ਨਰ ਬਿਆ ਬਾਵਨ ਬੋਧ ਉਪਾਏ।
੪. ਪਰਸਾਰਮ ਰਾਮ ਕ੍ਰਿਸ਼ਨੁ ਹੋਇ ਕਿਲਕ ਕਲੰਕੀ ਨਾਉ ਗਣਾਏ।
੫. ਚੰਚਲ ਚਲਿਤ ਪਖੰਡ ਬਹੁ ਵਲ ਛਲ ਕਰਿ ਪਰਪੰਚ ਵਧਾਏ।
੬. ਪਾਰਬ੍ਰਹਮ ਪੂਰਨ ਬ੍ਰਹਮ ਨਿਰਭਉ ਨਿਰੰਕਾਰ ਨ ਦਿਖਾਏ।
੭. ਖਤ੍ਰੀ ਮਾਰਿ ਸੰਘਾਰਿ ਕਰਿ ਰਾਮਾਯਣ ਮਹਾਭਾਰਥ ਭਾਏ।
੮. ਕਾਮ ਕਰੋਧ ਨ ਮਾਰਿਉ ਲੋਭ ਮੋਹ ਅਹੰਕਾਰ ਨ ਜਾਏ।
੯. ਸਾਧ ਸੰਗਤਿ ਵਿਣੁ ਜਨਮ ਗਵਾਏ॥੧੫॥

**ਪਦਾਰਥ**-(ਧੜੇ=ਪੱਖ। ਨਰ ਬਿਆ=ਦੋ ਨਰ; ਨਰ ਨਾਰਾਇਣ।
(ਕਿਲਕ=ਦੇਸ਼ ਦਾ ਨਾਮ, (ਅ) ਚੀਕ ਮਾਰਕੇ। ਪਰਪੰਚ=ਪਸਾਰਾ।)

**ਅਰਥ**-੧.ਵਿਸ਼ਨੂੰ ਨੇ ਦਸ ਅਵਤਾਰ ਧਾਰਕੇ ਵੈਰ ਵਿਰੋਧ ਪਾ ਕੇ ਸੂਰਮੇ ਲੜਾਏ। ੨.ਦੇਵ ਅਤੇ ਰਾਖਸ਼ਾਂ ਦੇ ਦੋ ਧੜੇ ਬਣਾ ਦੈਂਤ ਹਰਾ ਦਿਤੇ ਤੇ ਦੇਵਤੇ ਜਿਤਾਏ (ਫਤੇਮੰਦ ਕੀਤੇ) ੩., ੪.ਮੱਛ੧, ਕੱਛ ੨, ਸ਼ੂਕਰਾਵਤਾਰ ੩, (ਨਰਬਿਆ) ਨਰ ਨਾਰਾਇਣਾ ੪, ਬਾਵਨਾਵਤਾਰ ੫, ਬੋਧ ੬, ਪਰਸਰਾਮ ੭,

 www.sikhbookclub.com

ਰਾਮ ੮, ਕ੍ਰਿਸ਼ਨ ੯, ਕਿਲਕ ਦੇਸ਼ ਵਿਖੇ ਕਲਕੀਵਤਾਰ ੧੦, ਨਾਵ ਰਖਾਏ। ੫.ਚੰਚਲਤਾਈ ਦੇ ਕੌਤਕ, ਪਖੰਡ, ਵਲ ਛਲ ਕਰਕੇ ਕਈ (ਪਰਪੰਚ) ਪਸਾਰੇ ਵਧਾ ਦਿਤੇ। ੬.ਪਾਰਬ੍ਰਹਮ, ਪੂਰਨ ਬ੍ਰਹਮ, ਨਿਰਭਉ ਨਿਰੰਕਾਰ ਨੂੰ (ਕਿਸੇ ਨੇ) ਨਾ ਦਿਖਾਇਆ, (ਆਪੋ ਆਪਣਾ ਹੀ ਨਾਮ ਜਪਾਉਂਦੇ ਰਹੇ)। ੭.(ਪਰਸਰਾਮ ਨੇ) ਖੱਤ੍ਰੀ (੨੧ ਵਾਰ) ਮਾਰ ਕੇ ਨਾਸ਼ ਕਰ ਦਿੱਤੇ, ਰਾਮਾਇਣ ਅਤੇ ਮਹਾਂ ਭਾਰਤ (ਜੁੱਧ ਪੁਸਤਕ ਹੀ ਲੋਕਾਂ ਨੂੰ) ਭਾਏ। ੮.ਕਾਮਾਦਿ ਵਿਖਯ ਕਿਸੇ ਅਵਤਾਰ ਨੇ ਨਾ ਮਾਰੇ, ਲੋਭ ਮੋਹ ਹੰਕਾਰ ਨਾ ਗਿਆ। ੯.ਸਾਧ ਸੰਗਤ ਥੋਂ ਬਾਝ ਜਨਮ (ਬਿਰਥਾ) ਗਵਾਏ।

**ਭਾਵ**-**"ਨੀਕੀ ਸਾਧ ਸੰਗਾਨੀ ॥ ਰਹਾਉ ॥ ਪਹਰ ਮੂਰਤ ਪਲ ਗਾਵਤ ਗਾਵਤ ਗੋਵਿੰਦ ਗੋਵਿੰਦ ਵਖਾਨੀ" ॥** (ਆਸਾ: ਮ:੫-੧੩੫) ਸਤਿਸੰਗਤ ਵਿਖੇ ਹਰ ਪਲ ਹਰ ਘੜੀ ਭਜਨ ਵਿਖੇ ਗੁਜ਼ਾਰਦਾ ਹੈ, ਇਥੇ ਕਾਮਾਦਿਕ ਵਿਖਯ ਬਲ ਨਹੀਂ ਪਾ ਸਕਦੇ। ਸਾਧ ਸੰਗਤ ਤੋਂ ਬਿਨਾਂ ਵਿਸ਼ਨੂੰ ਦੇ ਦਸ ਅਵਤਾਰ ਬੀ ਵੈਰ ਵਿਰੋਧ ਵਿਚ ਰਹਿ ਗਏ।

## ੧੬. (ਸ਼ਿਵ ਕਰਤੱਵ)।

੧. ਇਕਦੂੰ ਗਿਆਰਹ ਰੁਦ੍ਰ ਹੋਇ ਘਰਬਾਰੀ ਅਉਧੂਤੁ ਸਦਾਇਆ।
੨. ਜਤੀ ਸਤੀ ਸੰਤੋਖੀਆ ਸਿਧ ਨਾਥ ਕਰਿ ਪਰਚਾ ਲਾਇਆ।
੩. ਸੰਨਿਆਸੀ ਕਸ ਨਾਵ ਧਰਿ ਜੋਗੀ ਬਾਰਹ ਪੰਥ ਚਲਾਇਆ।
੪. ਰਿਧਿ ਸਿਧਿ ਨਿਧਿ ਰਸਾਇਣਾਂ ਤੰਤ ਮੰਤ ਚੇਟਕ ਵਰਤਾਇਆ।
੫. ਮੇਲਾ ਕਰਿ ਸਿਵਰਾਤ ਦਾ ਕਰਾਮਾਤ ਵਿਚਿ ਵਾਦ ਵਧਾਇਆ।
੬. ਪੋਸਤ ਭੰਗ ਸਰਾਬ ਦਾ ਚਲੈ ਪਿਆਲਾ ਭਗਤ ਭੁੰਚਾਇਆ।
੭. ਵਜਨਿ ਬੁਰਗੂ ਸਿੰਙੀਆਂ ਸੰਖ ਨਾਦ ਰਹਰਾਸਿ ਕਰਾਇਆ।
੮. ਆਦਿ ਪੁਰਖ ਆਦੇਸ ਕਰਿ ਅਲਖ ਜਗਾਇ ਨ ਅਲਖ ਲਖਾਇਆ।
੯. ਸਾਧ ਸੰਗਤਿ ਵਿਣ ਭਰਮ ਭੁਲਾਇਆ ॥੧੬॥

**ਪਦਾਰਥ**-(ਘਰਬਾਰੀ=ਗ੍ਰਿਹਸਥੀ। ਪਰਚਾ=ਸ਼ਕਤੀਆਂ। ਚੇਟਕ=ਚਟਕ, ਪ੍ਰੇਮ। (ਬੁਰਗੂ=ਨਾਦ ਵਿਸ਼ੇਖ। )

**ਅਰਥ**-੧.ਸ਼ਿਵ ਨੇ ਇਕ (ਮੂੰਹ) ਥੋਂ ਯਾਰਾਂ (ਮੂੰਹਾਂ ਵਾਲਾ ਸਰੂਪ) ਹੋਕੇ ਘਰਬਾਰੀ (ਗ੍ਰਿਹਸਥੀ) ਹੋਕੇ ਅਵਧੂਤ ਸਦਾਇਆ। ੨.ਜਤੀ, ਸਤੀ, ਸੰਤੋਖੀਆਂ, ਸਿੱਧਾਂ, ਨਾਥਾਂ ਨੇ ਪਰਚਾ (ਪ੍ਰਵਿਰਤੀ) ਕਰਨ ਵਿਚ ਹੀ ਸਮਾਂ ਖਰਚ ਕੀਤਾ (ਸਿੱਧੀਆਂ ਆਦਿ ਵਿਚ ਲੱਗੇ ਰਹੇ)। ੩.ਸੰਨਿਆਸੀਆਂ ਨੇ ਦਸ ਨਾਉਂ (ਗਿਰੀ, ਪੁਰੀ, ਭਾਰਤੀ ਆਦਿਕ) ਰਖ ਲੀਤੇ, ਜੋਗੀਆਂ(ਆਪਣੇ ਵੱਖਰੇ) ਬਾਰਾਂ ਪੰਥ ਚਲਾ ਦਿਤੇ। ੪.ਰਿਧੀਆਂ, ਸਿਧੀਆਂ, ਨਿਧਾਂ, ਤੰਤਰਾਂ, ਮੰਤਰਾਂ, ਰਸਾਇਣਾਂ ਦਾ ਚੇਟਕ ਵਰਤਾ ਦਿੱਤਾ, (ਭਾਵ ਕਿਸੇ ਨੂੰ ਕੋਈ ਨ ਕੋਈ ਚੇਟਕ ਲੱਗ ਗਿਆ)। ੫.(ਸਿੱਧਾਂ ਨੇ) ਸ਼ਿਵਰਾਤ ਦਾ (ਵਟਾਲੇ ਵਿਖੇ) ਮੇਲਾ ਬਣਾਕੇ ਕਰਾਮਾਤਾਂ ਦੇ ਝਗੜੇ ਵਧਾ ਦਿੱਤੇ (ਕੋਈ ਤੂੰਬੀ, ਕੋਈ ਫਹੁੜੀ ਉਡਾਉਣ ਲੱਗ ਪਿਆ)। ੬.ਪੋਸਤ ਤੇ ਭੰਗ ਸ਼ਰਾਬ ਦੇ ਪਿਆਲੇ (ਜੋਗੀ ਪੀਕੇ) ਹੋਰਨਾਂ ਨੂੰ ('ਭਗਤੀਆਂ') ਲੱਡੂ ਪੇੜਿਆਂ ਦੇ ਗਫੇ ਦੇਣ ਲਗੇ, ੭.(ਫਕੀਰ ਲੋਕ) ਬੁਰਗੂ ਨਾਦ ਪੂਰਣ, (ਜੋਗੀ) ਸਿੰਙੀਆਂ ਵਜਾਉਣ (ਅਤੇ ਹੋਰ ਲੋਕ) ਸੰਖਾਂ ਦਾ ਨਾਦ ਕਰਕੇ ਰਹੁਰੀਤ ਪੂਰੀ ਕਰਨ ਲੱਗੇ। ੮.ਆਦਿ ਪੁਰਖ ਨੂੰ ਆਦੇਸ ਕਰਕੇ ਅਲੱਖ ਜਗਾਇਆ (ਆਲੱਖ ਆਲੱਖ ਕਹਿੰਦੇ ਫਿਰੇ), ਪਰੰਤੂ ਅਲਖ (ਪਰਮਾਤਮਾਂ) ਨੂੰ ਕਿਸੇ ਨਾ ਲਖਿਆ। ੯.ਸਾਧ ਸੰਗਤ ਬਾਝ ਭਰਮ ਵਿਖੇ ਹੀ (ਉਕਤ ਸ਼ਿਵ, ਜਤੀ, ਸਤੀ, ਸੰਨਿਆਸੀ, ਸਿੱਧ,

ਨਾਥ) ਭੁੱਲੇ ਰਹੇ।

**ਭਾਵ**-ਤਿੰਨੇ ਦੇਵਤਿਆਂ ਦੇ ਅੱਡ ਅੱਡ ਕਰਮ ਦੱਸਕੇ ਸਿੱਟਾ ਇਹ ਕੱਢਿਆ ਕਿ ਸਾਧ ਸੰਗਤ ਤੋਂ ਬਿਨਾਂ ਇਹ ਬੀ ਪਰਮ ਪਰਮਾਰਥ ਨਾ ਸਿੱਧ ਕਰ ਸਕੇ।

ਉਪਰਲੀਆਂ ਤ੍ਰੈਹਾਂ ਪਉੜੀਆਂ ਵਿਚ ਇਹ ਦੱਸਿਆ ਹੈ ਕਿ ਬ੍ਰਹਮਾਂ ਬਿਸ਼ਨ ਮਹੇਸ਼ ਆਦਿ ਦੇ ਕਰਤੱਵਾਂ ਨੇ ਪ੍ਰੇਮਾ ਭਗਤੀ ਦਾ ਮਾਰਗ, ਪ੍ਰੇਮਾ ਭਗਤੀ ਪ੍ਰਾਪਤੀ ਦਾ ਹਜ਼ੂਰੀ ਵਿਚ ਨਿਰੰਤਰ ਵਸਣ ਦਾ ਨਾਮ ਸਾਧਨ, ਅਰ ਇਸ ਪ੍ਰੇਮ ਰਸ ਦੇ ਮਿਲਣ ਦਾ ਨਿਤ ਮੰਡਲ, 'ਸਤਿਸੰਗ' ਰਚਨੇ ਦਾ ਫ਼ਿਕਰ ਕਿਸੇ ਨੇ ਨਾ ਕੀਤਾ। ਇਥੇ ਨਿੰਦਾ ਤੋਂ ਭਾਵ ਨਹੀਂ, 'ਦੇਸ, ਕਾਲ, ਨਮਿੱਤ' ਤੋਂ ਉਚੇਰੇ ਲੈ ਜਾਣ ਵਾਲੇ ਲਿਵਲੀਨਤਾ ਤੇ ਪ੍ਰੇਮ ਮਾਰਗ ਨੂੰ ਮੁੱਖਤਾ ਦੇਕੇ ਕਿਸੇ ਨਾ ਚਲਾਯਾ। ਸੰਸਾਰ ਵਿਚ ਵੱਸਕੇ ਪ੍ਰੇਮ ਰਸ ਦੁਆਰਾ ਪੂਰਨ ਪਦ ਤੇ ਪਹੁੰਚਣਾ ਕਿਨਾਰੇ ਰਹਿ ਗਿਆ। ਨੇਕੀਆਂ, ਜਪ, ਤਪ, ਉਕਪਕਾਰ ਜੋ ਕੁਛ ਵਰਤਿਆ, ਸਭ ਦੇਸ਼ ਕਾਲ ਨਮਿੱਤ ਵਿਚ ਰਖਣ ਵਾਲਾ ਵਰਤਿਆ। ਸਤਿਗੁਰ ਨੇ ਹਿਸਾਬਾਂ ਗਿਣਤੀਆਂ ਅਰਥਾਤ ਮਨ ਬੁੱਧੀ ਦੇ ਮੰਡਲ ਤੋਂ ਉਚੇਰਾ ਦੇਸ਼ ਕਾਲ ਨਮਿੱਤ ਤੋਂ ਪਾਰਲਾ ਪੂਰਨ ਬ੍ਰਹਮ ਦਾ ਦੇਸ਼ ਮੁਖ ਪ੍ਰਯੋਜਨ ਰਖਕੇ ਪ੍ਰੇਮ ਨਾਲ ਸਤਿਸੰਗ ਦੁਆਰਾ ਓਸ ਇਕ ਨਿਸ਼ਾਨੇ ਤੇ ਅੱਪੜਨਾ ਸਿਖਾਲਿਆ ਤੇ ਪਰਪੰਚ ਨੂੰ ਪਰਪੰਚ ਦਾ ਥਾਂ ਦਿੱਤਾ, ਮਾਯਾ ਨੂੰ ਮਾਯਾ ਦਾਤੇ ਫੇਰ ਸਫ਼ਾ ਰਸਤਾ ਪਿਰਮ ਰਸ ਦਾ ਦੱਸਿਆ। ਅਗੇ ਹੋਰ ਖੋਹਲਦੇ ਹਨ:-

## ੧੭. (ਸਚੀ ਰਹੁਰੀਤਿ ਮੁਕਤਿ ਮਾਰਗ)।

੧. ਨਿਰੰਕਾਰ ਆਕਾਰ ਕਰਿ ਸਤਿਗੁਰੁ ਗੁਰਾਂ ਗੁਰੂ ਅਬਿਨਾਸੀ।
੨. ਪੀਰਾਂ ਪੀਰ ਵਖਾਣੀਐ ਨਾਂਥਾਂ ਨਾਥ ਸਾਧ ਸੰਗ ਵਾਸੀ।
੩. ਗੁਰਮੁਖਿ ਪੰਥ ਚਲਾਇਆ ਗੁਰਸਿਖੁ ਮਾਇਆ ਵਿਚਿ ਉਦਾਸੀ।
੪. ਸਨਮੁਖਿ ਮਿਲਿ ਪੰਚ ਆਖੀਅਨਿ ਬਿਰਦ ਪੰਚ ਪਰਮੇਸੁਰੁ ਪਾਸੀ।
੫. ਗੁਰਮੁਖਿ ਮਿਲਿ ਪਰਵਾਣ ਪੰਚ ਸਾਧ ਸੰਗਤਿ ਸਚਖੰਡ ਬਿਲਾਸੀ।
੬. ਗੁਰ ਦਰਸਨ ਗੁਰ ਸਬਦ ਹੈ ਨਿਜ ਮਰਿ ਭਾਇ ਭਗਤਿ ਰਹਿਰਾਸੀ।
੭. ਮਿਠਾ ਬੋਲਣ ਨਿਵ ਚਲਣੁ ਖਟਿ ਖਵਾਲਣੁ ਆਸ ਨਿਰਾਸੀ।
੮. ਸਦਾ ਸਹਿਜ ਬੈਰਾਗੁ ਹੈ ਕਲੀ ਕਾਲ ਅੰਦਰਿ ਪਰਗਾਸੀ।
੯. ਸਾਧ ਸੰਗਤਿ ਮਿਲਿ ਬੰਦ ਖਲਾਸੀ॥੧੭॥

**ਪਦਾਰਥ**-(ਸਤਿਗੁਰੁ=ਭਾਵ ਗੁਰੂ ਨਾਨਕ। ਪੰਚ=ਸੰਤ। ਬਿਰਦ ਪੰਚ=ਸੰਤਾਂ ਦਾ ਬਿਰਦ।
(ਪਾਸੀ=ਪਾ ਲੈਂਦਾ ਹੈ, ਈਸ਼੍ਵਰ ਪਾਸੇ ਚਲਦਾ ਹੈ। ਸਚਖੰਡ ਬਿਲਾਸੀ=ਸਚਖੰਡ ਦੀ
(ਗਿਆਨ ਗੋਸ਼ਟ ਕਰਦੇ ਹਨ, ਆਨੰਦ ਕਰਦੇ ਹਨ। )

**ਅਰਥ**-੧.ਅਕਾਲ ਪੁਰਖ ਨੇ ਆਕਾਰ ('ਸਤਿਗੁਰੂ') ਗੁਰ ਨਾਨਕ ਦਾ ਕੀਤਾ ਹੈ, (ਆਪ) ਗੁਰੂਆਂ ਦੇ ਬੀ ਗੁਰੂ (ਅਤੇ) ਅਬਿਨਾਸ਼ੀ ਹਨ। ੨.ਪੀਰਾਂ ਦੇ ਪੀਰ ਅਰ ਨਾਥਾਂ ਦੇ ਨਾਥ ਕਹੀਦੇ ਹਨ, ਸਾਧ ਸੰਗਤ ਵਿਖੇ ਵਸਦੇ ਹਨ। ੩.ਗੁਰਮੁਖਾਂ ਦਾ ਪੰਥ (ਆਪ ਨੇ) ਤੋਰਿਆ ਹੈ, ਗੁਰੂ ਦੇ ਸਿਖ ਮਾਇਆ ਵਿਖੇ ਰਹਿਕੇ (ਭਾਵ ਗ੍ਰਿਹਸਥ ਵਿਚ ਹੀ) ਉਦਾਸ ਬ੍ਰਿਤ ਰਖਦੇ ਹਨ। (ਐਸੀ ਸੰਪ੍ਰਦਾਇ ਤੋਰੀ ਹੈ)। ੪.ਜੋ ਸਨਮੁਖ ਹੋ ਕੇ ਮਿਲਣ ਉਨ੍ਹਾਂ ਨੂੰ ਪੰਚ ਕਹੀਦਾ ਹੈ, ਜਿਨ੍ਹਾਂ ਨੇ ('ਪੰਚਾਂ') ਸੰਤਾਂ ਦਾ ਬਿਰਦ (ਧਰਮ) ਧਾਰਣ ਕੀਤਾ ਹੈ ਪਰਮੇਸ਼ੁਰ ਪਾਸ ਰਹਿੰਦੇ ਹਨ,(ਅਥਵਾ ਪਰਮੇਸ਼ੁਰ ਨੂੰ ਪਾਸ ਨੇੜੇ ਸਮਝਦੇਹਨ)। ੫.ਗੁਰਮੁਖ ਦਾ ਮੇਲ ਹੀ ਪੰਚ ਪਰਵਾਣ ਹੈ(ਜਿਹਾ ਜਪੁਜੀ ਵਿਖੇ ਵਿਦਮਾਨ ਹੇ-**'ਪੰਚ ਪਰਵਾਣ ਪੰਚ**

**ਪਰਧਾਨ॥ਪੰਚੇ ਪਾਵਹਿ ਦਰਗਹਿ ਮਾਨੁ॥''**) ਸਾਧ ਸੰਗਤ ਦੇ ਸੱਚੇ ਖੰਡ ਵਿਖੇ ('ਬਿਲਾਸੀ') ਆਨੰਦ ਕਰਦੇ ਹਨ। (ਅਥਵਾ ਪ੍ਰਵਾਨ ਸੰਤ ਤੇ ਗੁਰਮੁਖ ਮਿਲਕੇ ਸਾਧ ਸੰਗਤ ਦੇ ਸਚਖੰਡ ਵਿਚ ਆਨੰਦ ਕਰਦੇ ਹਨ)। ੬.ਗੁਰੂ ਦਾ ਦਰਸ਼ਨ (ਮਤ) ਗੁਰ ਦਾ ਸ਼ਬਦ ਹੈ, (**''ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ''**)। (ਨਟ:ਮ:੪ ਅਸ:੪) (ਜਿਸ ਨੂੰ ਕਮਾ ਕੇ) ਆਪਣੇ ਸਰੂਪ ਵਿਖੇ ਪ੍ਰੇਮਾ ਭਗਤੀ ਦੀ ਰਹੁਰੀਤ (ਨਾਲ ) ਪ੍ਰਾਪਤ ਹੋਣਾ ਹੈ, ਅਥਵਾ ਜਾਣਦੇ ਕੌਣ ਹਨ? 'ਨਿਜ ਘਰ' ਆਪ ਸਰੂਪ ਵਿਖੇ ਮਗਨ ਹੋ ਕੇ ਜਿਹੜੇ ਪ੍ਰੇਮਾ ਭਗਤੀ ਦੇ ਰਹਰਾਸੀ ਅਰਥਾਤ ਸੱਚੇ ਰਸਤੇ ਚੱਲਣ ਵਾਲੇ ਹਨ ਜਾਣਦੇ ਹਨ। ਸੱਚੀ ਰਹੁਰੀਤ ਕਿਹੜੀ ਹੈ?) ੭.ਮਿੱਠਾ ਬੋਲਣਾ, ਨਿਵਕੇ ਚੱਲਣਾ, ਖੱਟ ਕੇ ਖਵਾਲਣਾ (ਸ੍ਵੈਉਦਰ ਪੋਖੀ ਨਾ ਹੋਣਾ ਵੰਡਕੇ ਛਕਣਾ,) ੮.ਸਦੀਵਕਾਲ ਸਹਿਜੇ ਹੀ ਵੈਰਾਗਵਾਨ ਰਹਿਣਾ, ਕਲਜੁਗ ਦੇ ਸਮੇਂ ਵਿਖੇ (ਸਹਜ ਵਿਚ ਹੀ) ਪਰਕਾਸ਼ ਰੂਪ ਰਹਣਾ, (ਹੋਰਨਾਂ ਨੂੰ ਚਾਨਣ ਦੇਣਾ)। ੯.(ਉਕਤ ਪੁਰਖਾਂ ਦੀ) ਸਾਧ ਸੰਗਤ ਦੇ ਮਿਲਾਪ ਵਿਖੇ (ਚੌਰਾਸੀ ਦੀ ਫਾਸੀ ਥੋਂ) ਬੰਦ ਖਲਾਸੀ ਹੁੰਦੀ ਹੈ, (ਕਲੀ ਕਾਲ ਵਿਖੇ ਹੋਰ ਕੋਈ ਸਾਧਨ ਨਹੀਂ ਹੈ, ਸਤਿਗੁਰੂ ਗੁਰੂ ਨਾਨਕ ਜੀ ਦੀ ਬਾਣੀ ਵਿਖੇ ਅਭਯਾਸ ਰਖਣਾ ਸਤਿਸੰਗ ਕਰਨਾ ਸ੍ਰੇਸ਼ਟ ਹੈ)।

## ੧੯. (ਗੁਰਮੁਖ ਪੀਹੜੀ)।

੧. ਨਾਰੀ ਪੁਰਖੁ ਪਿਆਰੁ ਹੈ ਪੁਰਖੁ ਪਿਆਰ ਕਰੇਦੇ ਨਾਰੀ।
੨. ਨਾਰਿ ਭਤਾਰੁ ਸੰਜੋਗ ਮਿਲਿ ਪੁਤੁ ਸੁਪੁਤੁ ਕੁਪੁਤੁ ਸੈਂਸਾਰੀ।
੩. ਪੁਰਖਾਂ ਪੁਰਖਾਂ ਜੋ ਰਚਨਿ ਤੇ ਵਿਰਲ ਨਿਰਮਲ ਨਿਰੰਕਾਰੀ।
੪. ਪੁਰਖਹੁੰ ਪੁਰਖਾ ਉਪਜਦਾ ਗੁਰੂ ਤੇ ਚੇਲਾ ਸਬਦ ਵਿਚਾਰੀ।
੫. ਪਾਰਸ ਹੋਆ ਪਾਰਸਹੁੰ ਗੁਰੂ ਚੇਲਾ ਚੇਲਾ ਗੁਣਕਾਰੀ।
੬. ਗੁਰਮੁਖਿ ਵੰਸੀ ਪਰਸਿ ਗੁਰੁਸਿਖ ਸਾਧ ਸੇ ਪਰਉਪਕਾਰੀ।
੭. ਗੁਰਭਾਈ ਗੁਰਭਾਈਆਂ ਸ਼ਾਕ ਸਚਾ ਗੁਰਵਾਕ ਜੁਹਾਰੀ।
੮. ਪਰਤਨੁ ਪਰਧਨੁ ਪਰਹਰੇ ਪਰਨਿੰਦਾ ਹਉਮੈ ਪਰਹਾਰੀ।
੯. ਸਾਧ ਸੰਗਤਿ ਵਿਟਹੁ ਬਲਿਹਾਰੀ॥੧੯॥

**ਪਦਾਰਥ**-(ਪੁਰਖੁ=ਪਤੀ। ਉਪਜਦਾ=ਉਤਪਤ ਹੁੰਦਾ ਹੈ। ਸਾਧ=ਸ੍ਰੇਸ਼ਟ।
(ਪੁਰਖ=ਆਦਮੀ। ਪੁਰਖ=ਅਕਾਲ ਪੁਰਖ।
(ਪੁਰਖਾਂ ਪੁਰਖਾਂ ਰਚਣਾ=ਭਾਵ ਗੁਰ ਚੇਲਾ ਆਪਸ ਵਿਖੇ ਪਰਚਨਾ। )

**ਅਰਥ**-੧.ਇਸਤ੍ਰੀ ਦਾ ('ਪੁਰਖ' ਆਪਣੇ) ਪਤੀ ਨਾਲ ਪਿਆਰ ਹੈ, ਅਰ ਪਤੀ (ਆਪਣੀ) ਇਸਤ੍ਰੀ ਨਾਲ ਪਿਆਰ ਕਰਦੇ ਹਨ। ੨.ਸੰਸਾਰ ਵਿਚ ਨਾਰੀ ਤੇ ਭਰਤੇ ਦੇ ਜੋੜੇ ਦੇ ਮਿਲਣ ਨਾਲ ਪੁਤ੍ਰ ਸਪੁਤ੍ਰ (ਲਾਇਕ ਪੁਤ੍ਰ ਅਰ) ਕਪੁਤ੍ਰ (ਨਲੈਕ ਪੁਤ੍ਰ) ਉਤਪਤ ਹੁੰਦੇ ਹਨ। ੩.ਉਹ ਨਿਰਮੈਲ ਤੇ ਨਿਰੰਕਾਰ ਪਰਾਇਣ ਪੁਰਖ ਵਿਰਲੇ ਹਨ ਜੋ ਪੁਰਖ (ਵਿਆਪਕ ਵਾਹਿਗੁਰੂ ਯਾ ਗੁਰੂ) ਨਾਲ ਇਸਤ੍ਰੀ ਰੂਪ ਜੱਗਯਾਸੂ ਹੋਕੇ ਰਚਦੇ ਹਨ। ੪.ਪੁਰਖ ਤੋਂ ਪੁਰਖ ਉਤਪਤ ਹੁੰਦਾ ਹੈ, (ਕਿਹੜਾ ਪੁਰਖ ਉਤਪਤ ਹੁੰਦਾ ਹੈ) ਗੁਰੂ ਥੋਂ ਚੇਲਾ ਸ਼ਬਦ ਬ੍ਰਹਮ ਦੇ ਵਿਚਾਰ ਨਾਲ (ਪੈਦਾ ਹੁੰਦਾ ਹੈ)। ੫.ਪਾਰਸ ਥੋਂ ਪਾਰਸ ਹੋਇਆ (ਅਰਥਾਤ) ਗੁਰੂ ਚੇਲਾ ਤੇ ਚੇਲਾ ਗੁਰੂ ਦੋਵੇਂ ਗੁਣਾਂ ਦੇ (ਪਰੋਪਕਾਰਾਂ ਦੇ) ਕਰਨ ਵਾਲੇ ਹਨ। ੬.ਗੁਰੂ ਨਾਨਕ ਪਰਸਕੇ ਗੁਰਮੁਖਾਂ ਦੀ 'ਵੰਸ' (ਪੀਹੜੀ ਚਲੀ) ਉਹ ਗੁਰੂ ਦੇ ਸਿਖ ਸੰਤ ਤੇ ਪਰਉਪਕਾਰੀ ਹੋਏ। ੭.ਗੁਰ ਭਾਈ ਦਾ ਗੁਰ ਭਾਈ ਨਾਲ ਸੰਬੰਧ ਸੱਚਾ ਹੈ (ਕਿਉਂ ਜੋ ਇਕ) ਗੁਰੂ ਜੀ ਦੇ ਵਾਕਾਂ ਪੁਰ (ਸਾਰੇ

ਜੁਹਾਰਦੇ, ਮੱਥੇ ਪੁਰ ਰਖਦੇ ਹਨ ਜਾਂ) ਮੱਥੇ ਟੇਕਦੇ ਹਨ। ੮.ਪਰਾਈ ਇਸਤ੍ਰੀ ਪਰਾਇਆ ਧਨ ਤਿਆਗ ਦਿੱਤਾ ਹੈ, ਪਰਾਈ ਨਿੰਦਾ ਅਰ ਹਉਮੈਂ (ਭਲੀ ਪ੍ਰਕਾਰ) ਤਿਆਗ ਛੱਡੀ ਹੈ। ੯.(ਅਜਿਹਾ ਹੀ) ਸਾਧ ਸੰਗਤ ਦੇ ਉਪਰੋਂ ਬਲਿਹਾਰ ਜਾਈਏ, (ਧੰਨ ਉਹ ਗੁਰ ਸਿਖ ਹਨ ਜੋ ਉਕਤ ਗੁਣਾਂ ਨੂੰ ਧਾਰਣ ਕਰਕੇ ਗੁਰੂ ਜੀ ਦੇ ਬਚਨਾਂ ਪੁਰ ਚਲਦੇ ਹਨ)।

**ਭਾਵ** - ਮੁਕਤਿ ਮਾਰਗ ਸਤਿਗੁਰ ਤੋਂ ਅਗੇ ਕਿਕੂੰ ਟੁਰਿਆ ਤੇ ਟੁਰਿਆ ਰਹੇਗਾ? ਇਸ਼ ਦਾ ਭੇਤ ਦੱਸਿਆ ਨੇ। ਗੁਰੂ ਪਾਰਸ ਤੋਂ ਗੁਰ ਸਿੱਖ ਹੋਏ, ਗੁਰ ਸਿਖਾਂ ਵਿਚ ਸਤਿਸੰਗ ਵਿਖੇ ਗੁਰੂ ਦੀ ਪੀੜ੍ਹੀ ਟੁਰ ਪਈ। ਗੁਰਮੁਖ ਗੁਰ ਸਿਖ ਦੇ ਸਤਿਸੰਗ ਨਾਲ ਗੁਰ ਸਿਖ ਬਣਦਾ ਹੈ ਤੇ ਪੀੜ੍ਹੀ ਟੁਰਦੀ ਹੈ, ਤਾਂਤੇ ਸਤਿਗੁਰੂ ਦੀ ਅਬਚਲ ਪੀੜ੍ਹੀ ਸਾਧ ਸੰਗ ਹੈ, ਜਿਸ ਤੋਂ ਸਦਕੇ ਹਾਂ।

## ੧੯. (ਗੁਰ ਸਿੱਖੀ ਦਾ ਸਾਕ ਸੱਚਾ ਸਾਕ ਹੈ)।

੧. ਪਿਉ ਦਾਦਾ ਪੜਦਾਦਿਓਂ ਪੁਤ੍ਰ ਪੋਤਾ ਪੜਪੋਤਾ ਨਤਾ।
੨. ਮਾਂ ਦਾਦੀ ਪੜਦਾਦੀਓਂ ਫੁਫੀ ਭੈਣ ਧੀਅ ਸਣਖਤਾ।
੩. ਨਾਨਾ ਨਾਨੀ ਆਖੀਐ ਪੜਨਾਨਾ ਪੜਨਾਨੀ ਪਤਾ।
੪. ਤਾਇਆ ਚਾਚਾ ਜਾਣੀਐ ਤਾਈ ਚਾਚੀ ਮਾਇਆ ਮਤਾ।
੫. ਮਾਮੇ ਤੈ ਮਾਮਾਣੀਆਂ ਮਾਸੀ ਮਾਸੜ ਦੇ ਰੰਗ ਰਤਾ।
੬. ਮਾਸੜ ਫੁਫੜ ਸਾਕ ਸਭ ਸਹੁਰਾ ਸਸ ਸਾਲੀ ਸਾਲਤਾ।
੭. ਤਾਇਰ ਪਿਤੀਇਰ ਮੇਲ ਮਿਲਿ ਮਉਲੇਰ ਫੁਫੇਰ ਅਵਤਾ।
੮. ਸਾਂਢੂ ਕੁੜਮ ਕੁਟੰਬ ਸਭ ਨਦੀ ਨਾਵ ਸੰਜੋਗ ਨਿਸਤਾ।
੯. ਸਚਾ ਸਾਕੁ ਨ ਵਿਛੜੈ ਸਾਧ ਸੰਗਤਿ ਗੁਰ ਭਾਈ ਭਤਾ।
੧੦. ਭੋਗ ਭੁਗਤਿ ਵਿਚਿ ਜੋਗ ਜੁਗਤਾ॥੧੯॥

**ਪਦਾਰਥ**-(ਸਣਖਤਾ=ਕਰਮਾਂ ਸਹਿਤ, ਸ੍ਰੇਸ਼ਟ। ਪਤਾ=ਪਤਾ ਦਿੰਦੇ=ਕਹਿੰਦੇ ਹਨ।
(ਮਤਾ=ਮਸਤ। ਸਾਲਤਾ=ਸਾਲੇ ਦਾ ਪੁਤ੍ਰ। ਤਾਇਰ=ਤਾਏ ਦਾ ਪੁਤ੍ਰ।
(ਪਿਤੀਇਰ=ਚਾਚੇ ਦਾ ਪੁਤ੍ਰ। ਮਉਲੇਰ=ਮਾਮੇ ਦਾ ਪੁਤ੍ਰ।
(ਫੁਫੇਰ=ਭੂਆ ਦਾ ਪੁਤ੍ਰ। ਅਵਤਾ=ਆਕੜਦਾ ਹੈ।
(ਨਿਸਤਾ=ਝੂਠਾ। ਭਤਾ=ਤਰ੍ਹਾਂ। ਜੁਗਤਾ=ਜੋੜਨਾ।

**ਅਰਥ**-੧.ਪਿਉ ਥੋਂ ਪੁੱਤ੍ਰ, ਦਾਦਿਓਂ ਪੋਤ੍ਰਾ, ਪੜਦਾਦਿਓਂ ਪੜਪੋਤ੍ਰਾ (ਪੜਪੋਤ੍ਰੇ ਦਾ ਪੁੱਤ੍ਰ) ਨੱਤਾ (ਕਿਹਾ ਜਾਂਦਾ ਹੈ)। ੨.ਮਾਂ, ਦਾਦੀ ਅਰ ਪੜਦਾਦੀਓਂ ਲੈਕੇ ਭੂਆ, ਭੈਣ, ਧੀਆਂ ਸ੍ਰੇਸ਼ਟ। ੩.ਨਾਨਾ ਨਾਨੀਂ, ਪੜਨਾਨਾ, ਪੜਨਾਨੀ ਦੇ ਪਤੇ ਮਿਲਦੇ ਹਨ, (ਕਿਉਂ ਜੋ ਪੜ ਪੈਣ ਵਾਲੇ ਸਾਕ ਘੱਟ ਦੇਖੇ ਜਾਂਦੇ ਹਨ)।੪.ਤਾਏ, ਚਾਚੇ, ਤਾਈਆਂ, ਚਾਚੀਆਂ ਵੀ ਮਾਯਾ ਵਿਖੇ ਮਸਤ ਰਹਿੰਦੇ ਹਨ। ੫.ਮਾਮੇਂ, ਮਾਮੀਆਂ, ਮਾਸੀ, ਮਾਸੜਾਂ, ਦੇ ਪ੍ਰੇਮ ਵਿਖੇ ਮਗਨ ਰਹਿੰਦੇ ਹਨ। ੬.ਮਾਸੜ, ਫੁਫੱੜ, ਸਹੁਰਾ, ਸੱਸ, ਸਾਲੀ, ਸਾਲੇ ਦਾ ਪੁਤ, ਸਾਰੇ ਸਾਕ। ੭.(ਕੋਈ) ਤਾਏ ਚਾਚੇ ਦਾ ਪੁਤ੍ਰ ਪੋਤਰੇ, ਮਾਮੇ ਦੇ ਪੁੱਤ੍ਰ ਪੋਤਰੇ, ਭੂਆ ਦੀ ਸੰਤਾਨ (ਵਿਖੇ) ਆਕੜਿਆ (ਫਿਰਦਾ) ਹੈ। ੮.ਸਾਂਢੂ, ਕੁੜਮ ਆਦਿਕ ਸਾਰੇ ਸੰਬੰਧੀ ਨਦੀ ਦੀ ਬੇੜੀ ਦੇ ਪੂਰ ਵਾਂਗੂੰ ਕੱਠੇ ਹੋਏ ਹਨ। (ਏਹ ਕੱਠ) ਝੂਠਾ ਹੈ, (ਜਦ ਅਵਧ ਪੁਜਦੀ ਹੈ ਕੋਈ ਕਿਧਰੇ ਦਾ ਕਿਧਰੇ ਚਲਿਆ ਜਾਂਦਾ ਹੈ। ਸੱਚਾ ਸਾਕ ਕੌਣ ਹੈ?) ੯.ਸੱਚਾ ਸਾਕ ਸਾਧ ਸੰਗਤ ਹੈ ਜੋ ਕਦੀ ਨ ਵਿਛੁੜੇ, ਜੋ ਗੁਰ ਭਾਈਆਂ ਦੀ ਭਾਂਤ ਵਰਤਦੇ ਹਨ (ਯਾ ਜੋ ਭੱਤੇ ਵਾਂਙ ਗੁਰ ਭਾਈ

ਮਿਲੇ ਰਹਿੰਦੇ ਹਨ)। ੧੦.ਭੋਗ ਦੀ ਭੁਗਤੀ ਵਿਚ ਹੀ ਜੋਗ ਦੀ ਜੁਗਤ ਵਿਚ ਰਹਿੰਦੇ ਹਨ। (ਗ੍ਰਿਹਸਥ ਵਿਖੇ ਰਹਿਕੇ ਪਰਸਪਰ ਪ੍ਰੀਤ ਕਰਦੇ ਹੋਏ ਨਿਰਬੰਧਨ ਅਰ ਆਤਮਾ ਵਿਖੇ ਜੁੜੇ ਰਹਿੰਦੇ ਹਨ)।

## ੨੦. (ਸਤਿਗੁਰ ਪਿਆਰ)।

੧. ਪੀਉ ਦੇ ਨਾਂਹ ਪਿਆਰ ਤੁਲਿ ਨ ਫੁਫੀ ਨ ਪਿਤੀਏ ਤਾਏ।
੨. ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ।
੩. ਅੰਬਾਂ ਸਧਰ ਨ ਲਹੈ ਆਦ ਅੰਬਾਕੜੀਆਂ ਜੇ ਖਾਏ।
੪. ਮੂਲੀ ਪਾਨ ਪਟੰਤਰਾ ਵਾਸੁ ਡਕਾਰ ਪਰਗਟੀ ਆਏ।
੫. ਸੂਰਜ ਚੰਦ ਲ ਪੁਜਨੀ ਦੀਵੇ ਲਖ ਤਾਰੇ ਚਮਕਾਏ।
੬. ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ ਵੇਸ ਵਟਾਏ।
੭. ਸਤਿਗੁਰੁ ਤੁਲਿ ਨ ਮਿਹਰਵਾਨ ਮਾਮਾ ਪਿਤਾ ਨ ਦੇਵ ਸਬਾਏ।
੮. ਡਿਠੇ ਸਭੇ ਠੋਕਿ ਵਜਾਏ॥੨੦॥

**ਪਦਾਰਥ**-(ਅੰਬਾਕੜੀਆਂ=ਅੰਬੀਆਂ ਦੂ ਸੁੱਕੇ ਛਿੱਲ। ਪਟੰਤਰਾ=ਫਰਕ। (ਸਥੋਈ=ਸਾਥੀ। ਵੇਸ ਵਟਾਏ=(ਕੁਸੁੰਭਾ) ਬਦਲ ਜਾਂਦਾ ਹੈ।)

**ਅਰਥ**-੧.ਪਿਤਾ ਦੇ ਪਿਆਰ ਦੇ ਨਾਲ ਚਚੇਰ ਭਿਰਾਵ, ਭੂਆ ਅਤੇ ਤਾਏ ਦੇ ਪੁਤ੍ਰਾਂ ਦੇ ਪਿਆਰ ਬਰਾਬਰੀ ਨਹੀਂ ਕਰ ਸਕਦੇ, (ਕਿਉਂ ਜੋ ਏਹ ਸਾਰੇ ਸ੍ਵਾਰਥ ਵਾਸਤੇ ਕਰਦੇ ਹਨ, ਪਿਤਾ ਦਾ ਪੁਤ੍ਰ ਨਾਲ ਕੁਦਰਤੀ ਮੋਹ ਹੁੰਦਾ ਹੈ)। ੨.ਮਾਵਾਂ ਦੇ ਹੇਤ ਨਾਲ ਮਾਮੇ ਮਾਸੀਆਂ ਦੇ ਪੁਤ੍ਰ ਦਾ ਪਿਆਰ ਨਹੀਂ ਪੁਜ ਸਕਦਾ। ੩.ਅੰਬਾਂ ਦੀ ਸੱਧਰ ਅੰਬਾਕੜੀਆਂ ਦੇ ਪਾਣ ਨਾਲ ਕਦ ਲਹਿੰਦੀ ਹੈ, (ਭਾਵ ਆਪਣੇ ਪੁੱਤ੍ਰ ਅੰਬ ਦੂਜੇ ਅੰਬਾਕੜੀਆਂ ਦੇ ਸਮਾਨ ਹਨ)। ੪.ਮੂਲੀ ਅਤੇ ਪਾਨ ਦਾ ਭੇਦ ਡਿਕਾਰ ਦੀ ਵਾਸ਼ਨਾ ਥੋਂ ਮਲੂਮ ਹੁੰਦਾ ਹੈ (ਭਾਵ ਸਤਿਗੁਰਾਂ ਦਾ ਪਿਆਰ ਪਾਨ ਵਾਂਗੂੰ ਗੁਣਕਾਰੀ ਹੈ ਅਰ ਸੰਸਾਰ ਮੋਹ ਮੂਲੀ ਦੇ ਡਿਕਾਰ ਵਾਂਗੂੰ ਗੰਦੇ ਹਨ)। ੫.ਸੂਰਜ ਅੱਗੇ ਲਖਾਂ ਦੀਵੇ ਅਰ ਚੰਦ੍ਰਮਾਂ ਦੇ ਅੱਗੇ ਲੱਖਾਂ ਤਾਰੇ ਚਮਕੀਲੇ ਨਹੀਂ ਪੁੱਜ ਸਕਦੇ, (ਭਾਵ ਸਤਿਗੁਰੂ ਦੇ ਪਿਆਰ ਵਿਚ ਸਾਰੇ ਪਿਆਰ ਸਮਾ ਜਾਂਦੇ ਹਨ)। ੬.(ਜਿਵੇਂ) ਮਜੀਠ ਦਾ ਰੰਗ ਸਦਾ ਦਾ ਸਾਥੀ ਹੈ, ਤੇ ਕੁਸੁੰਭੇ ਦਾ (ਚਾਰ ਦਿਨੀਂ) ਵੇਸ ਵਟਾ ਦਿੰਦਾ ਹੈ (ਬਦਲ ਜਾਂਦਾ ਹੈ)।੭.ਸਤਿਗੁਰੂ ਦੇ ਤੁੱਲ ਕੋਈ ਮਿਹਰਬਾਨ ਨਹੀਂ, ਮਾਤਾ ਪਿਤਾ ਆਦਿ ਸਾਰੇ ਸਾਕ ਅਰ ਦੇਵਤੇ। ੮.ਸਾਰੇ ਠੋਕ ਵਜਾ ਕੇ (ਅਰਥਾਤ ਨਿਰਨੇ ਕਰਕੇ) ਦੇਖੇ ਗਏ ਹਨ।

**ਭਾਵ**-ਗੁਰੂ ਪਿਤਾ ਹੈ, ਸਰੀਰ ਦਾ ਪਿਤਾ ਮਾਤ ਲੋਕ ਵਿਚ ਲਿਆਉਂਦਾ ਹੈ, ਸਤਿਗੁਰੂ ਮਾਤਲੋਕ ਤੋਂ ਚੁੱਕਕੇ ਸੱਚਖੰਡ ਵਾਸੀ ਬਣਾਉਂਦਾ ਹੈ, ਸਭ ਤੋਂ ਪਿਆਰਾ ਤੇ ਮਿਹਰਵਾਨ ਸਤਿਗੁਰੂ ਹੈ, ਜਦ ਕਿ ਗੁਰੂ ਪਿਤਾ ਪ੍ਰੇਮ ਕਰਨੇ ਹਾਰਾ ਹੈ, ਤਦ ਇਕ ਗੁਰੂ ਦੇ ਸਿਖ ਆਪੋ ਵਿਚ ਐਡੇ ਡੂੰਘੇ ਪਿਆਰ ਦੇ ਸਨਬੰਧੀ ਬਣਦੇ ਹਨ ਕਿ, ਜਿਕੂੰ ੧੯ਵੀਂ ਪਉੜੀ ਵਿਚ ਆਖਿਆ ਨੇ, ਕੋਈ ਸਾਕ ਉਹੋ ਜਿਹਾ ਪਿਆਰਾ ਨਹੀਂ ਲਗਦਾ ਹੈ।

ਅਗੇ ਕਾਰਨ ਦੱਸਣਗੇ ਕਿ ਕਿਉਂ ਸਤਿਗੁਰ ਦੀ ਮੇਹਰ ਸਭ ਤੋਂ ਵਡੀ ਮੇਹਰ ਹੈ:-

## ੨੧. (ਓਹੋ ਹੀ)।

੧. ਮਾਪੇ ਹੇਤੁ ਨ ਪੁਜਨੀ ਸਤਿਗੁਰ ਹੇਤੁ ਸੁਚੇਤ ਸਹਾਈ।
੨. ਸਾਹ ਵਿਸਾਹ ਨ ਪੁਜਨੀ ਸਤਿਗੁਰ ਸਾਹ ਅਥਾਹ ਸਮਾਈ।


www.sikhbookclub.com

੩. ਸਾਹਿਬ ਤੁਲਿ ਨ ਸਾਹਿਬੀ ਸਤਿਗੁਰ ਸਾਹਿਬ ਸਚਾ ਸਾਈਂ।
੪. ਦਾਤੇ ਦਾਤਿ ਨ ਪੁਜਨੀ ਸਤਿਗੁਰ ਦਾਤਾ ਸਚ ਦ੍ਰਿੜਾਈ
੫. ਵੈਦ ਨ ਪੁਜਨਿ ਵੈਦਗੀ ਸਤਿਗੁਰ ਹਉਮੈ ਰੋਗ ਮਿਟਾਈ।
੬. ਦੇਵੀ ਦੇਵ ਨ ਸੇਵ ਤੁਲ ਸਤਿਗੁਰ ਸੇਵ ਸਦਾ ਸੁਖਦਾਈ।
੭. ਸਾਇਰ ਰਤਨ ਨ ਪੁਜਨੀ ਸਾਧ ਸੰਗਤਿ ਗੁਰਿ ਸੁਦੁ ਸੁਭਾਈ।
੮. ਅਕਥ ਕਥਾ ਵਡੀ ਵਡਿਆਈ ॥੨੧॥੩੯॥

**ਪਦਾਰਥ**-(ਮਾਪੇ ਹੇਤੁ=ਮਾਪਿਆਂ ਦੇ ਪਿਆਰ। ਸਾਹਿਬ ਤੁਲਿ=ਰਾਜੇ ਤੁੱਲ। (ਵੈਦਗੀ=ਹਕੀਮੀ। ਸੁਭਾਈ=ਸ਼ੋਭਨੀਕ।

**ਅਰਥ**-੧.ਸਤਿਗੁਰੂ (ਨਾਨਕ) ਜਲ ਦੇ ਪਿਆਰ ਬਰਾਬਰ ਮਾਪਿਆਂ ਦੇ ਪਿਆਰ ਨਹੀਂ ਪੁਜ ਸਕਦੇ, (ਕਿਉਂ ਜੋ ਇਹ ਪਿਆਰ ਇਸ ਲੋਕ ਦੇ ਹਨ-ਸਤਿਗੁਰੂ ਦਾ ਪਿਆਰ ਇਸ ਲੋਕ ਵਿਖੇ ਬੀ) ਸੁਚੇਤ ਹੈ (ਅਰ ਅੱਗੇ ਦਾ ਬੀ) ਸਹਾਈ ਹੁੰਦਾ ਹੈ। ੨.(ਸੰਸਾਰ ਦੇ) ਸ਼ਾਹ ਬੀ ਬਰਾਬਰੀ ਨਹੀਂ ਕਰ ਸਕਦੇ, (ਕਿਉਂ ਜੋ) ਸਤਿਗੁਰੂ ਸ਼ਾਹ ਅਥਾਹ ਹਨ (ਅਰ ਹਰੇਕ ਦੀ) ਸਮਾਈ ਕਰ ਸਕਦੇ ਹਨ, (ਭਾਵ ਬੇਅੰਤ ਹਨ ਅਰ ਸਭ ਦੇ ਪਾਲਕ ਹਨ, ਕਦੇ ਨਾਂਹ ਨਹੀਂ ਹੈ)। ੩.ਕਿਸੇ ਸਾਹਿਬ ਦੀ (ਅਰਥਾਤ ਸਾਮਰਥ ਪੁਰਖ ਦੀ) ਸਾਹਿਬੀ ਤੁੱਲਤਾ ਨਹੀਂ ਕਰ ਸਕਦੀ, (ਕਿਉਂ ਜੋ) ਸਤਿਗੁਰੂ ਸਾਹਬਿ ਸੱਚਾ ਸੁਆਮੀ ਹੈ, (ਹੋਰ ਸਾਹਿਬ ਚਾਰ ਦਿਨਾਂ ਦੇ ਪ੍ਰਾਹੁਣੇ ਹਨ)। ੪.(ਕਿਸੇ ਦਾਤੇ ਦੀ ਦਾਤ (ਸਤਿਗੁਰ ਦਾਤ ਨੂੰ) ਨਹੀਂ ਪੁੱਜਦੀ, (ਕਿਉਂ ਜੋ) ਸਤਿਗੁਰੂ ਦਾਤਾ ਸੱਚ ਦਾ ਉਪਦੇਸ਼ ਦ੍ਰਿੜ੍ਹ ਕਾਰਾਉਂਦੇ ਹਨ, (ਹੋਰ ਦਾਤਿਆਂ ਦੀ ਦਾਤ ਬਿਲਾ ਜਾਂਦੀ ਹੈ, ਸੱਚ ਰੂਪੀ ਦਾਤ ਆਤਮਾਂ ਵਿਚ ਸਦਾ ਪ੍ਰਵੇਸ਼ ਕਰਦੀ ਹੈ)। ੫.ਹਕੀਮ ਲੋਕ ਵੈਦਗੀ ਵਿਖੇ ਸਤਿਗੁਰੂ ਦੇ ਤੁੱਲ ਨਹੀਂ ਪੁਜ ਸਕਦੇ, (ਕਿਉਂ ਜੋ) ਸਤਿਗੁਰੂ (ਗੁਰੂ ਨਾਨਕ ਦੇਵ ਆਪਣੀ ਚਕਿਤਸਾ ਨਾਲ ਸਿਖ ਦੇ) ਹੁਉਮੈ ਦੇ ਰੋਗ ਨੂੰ ਮਿਟਾਉਂਦੇ ਹਨ, (ਹਕੀਮ ਦੇਹ ਦਾ ਰੋਗ ਕੱਟਦਾ ਹੈ, ਓਹ ਹਉਮੈਂ ਰੋਗ ਕੱਟਦੇ ਹਨ)। ੬.ਦੇਵੀਆਂ ਅਤੇ ਦੇਵਤਿਆਂ ਦੀ ਸੇਵਾ (ਗੁਰੂ ਸੇਵਾ ਦੀ) ਬਰਾਬਰੀ ਨਹੀਂ ਕਰਦੀ, (ਕਿਉਂ ਜੋ) ਸਤਿਗੁਰੂ ਦੀ ਸੇਵਾ ਸਦਾ ਦੀ ਸੁਖਦਾਤੀ ਹੈ, (ਇਧਰ ਦੇਵਤਿਆਂ ਦੀ ਸੇਵਾ ਦਾ ਫਲ ਨਾਸ਼ੀ ਹੈ ਅਰ ਹਉਮੈਂ ਚੱਕ੍ਰਾਂ ਵਿਚ ਹੋਣ ਕਰਕੇ ਦੁਖਦਾਈ ਹੈ)। ੭.ਸਮੁੰਦਰਾਂ ਦੇ ਰਤਨ ਨਹੀਂ ਪੁੱਜ ਸਕਦੇ, ਸਤਿਗੁਰੂ ਦੀ ਸਾਧ ਸੰਗਤ ਵਿਖੇ ਗੁਰੂ ਦੇ ਸ਼ਬਦ ਰੂਪੀ (ਅਨਗਿਣਤ ਰਤਨ ਸੁਭਾਈ ਅਰਥਾਤ) ਪਰਕਾਸ਼ ਰਹੇ ਹਨ। ੮.ਸਤਿਗੁਰੂ ਦੀ ਕਥਾ ਅਕੱਥਨੀਯ ਹੈ ਅਰ ਵੱਡੀ ਵਡਿਆਈ ਹੈ, (ਕਿਉਂ ਕਿ ਭਵ ਸਾਗਰ ਤੋਂ ਪਾਰ ਕਰਦੇ ਹਨ)।

## ਵਾਰ ੪੦.

ੴ ਸਤਿਗੁਰ ਪ੍ਰਸਾਦਿ ॥

### ੧. (ਮੰਗਲਾਚਰਣ-ਸਤਿਗੁਰ)।

੧. ਸਉਦਾ ਇਕਤੁ ਹਟਿ ਹੈ ਪੀਰਾਂ ਪੀਰੁ ਗੁਰਾਂ ਗੁਰੁ ਪੂਰਾ।

੨. ਪਤਿਤ ਉਧਾਰਣੁ ਦੁਖ ਹਰਣੁ ਅਸਰਣੁ ਸਰਣਿ ਵਚਨ ਦਾ ਸੂਰਾ।
੩. ਅਉਗੁਣ ਲੈ ਗੁਣ ਵਿਕਣੈ ਸੁਖ ਸਾਗਰੁ ਵਿਸਰਾਇ ਵਿਸੂਰਾ।
੪. ਕੋਟ ਵਿਕਾਰ ਹਜਾਰ ਲਖ ਪਰਉਪਕਾਰੀ ਸਦਾ ਹਜੂਰਾ।
੫. ਸਤਿਨਾਮ ਕਰਤਾ ਪੁਰਖੁ ਸਤਿ ਸਰੂਪੁ ਨ ਕਦਹੀ ਊਰਾ।
੬. ਸਾਧ ਸੰਗਤਿ ਸਚਖੰਡ ਵਸਿ ਅਨਹਦ ਸਬਦ ਵਜਾਏ ਤੂਰਾ।
੭. ਦੂਜਾ ਭਾਉ ਕਰੇ ਚਕਚੂਰਾ ॥੧॥

**ਪਦਾਰਥ**-(ਵਿਸਰਾਇ=ਦੂਰ ਕਰਨਾ। ਵਿਸੂਰਾ=ਝੋਰੇ। ਊਰਾ=ਊਣਾ, ਘੱਟ। (ਤੂਰਾ=ਵਾਜੇ। ਚਕਚੂਰਾ=ਨਾਸ਼।)

**ਅਰਥ**-(ਚਾਲੀਸਵੀਂ ਵਾਰ ਦੇ ਆਰੰਭ ਵਿਖੇ ਗੁਰੂ ਜੀ ਦਾ ਵਸਤੂ ਨਿਰਦੇਸ਼ ਮੰਗਲਾਚਰਣ ਕਰਦੇ ਹਨ)। ੧.(ਨਾਮ ਦਾ) ਸਉਦਾ ਇਕੋ ਹੱਟ ਵਿਖੇ ਮਿਲਦਾ ਹੈ, (ਹੱਟ ਕੌਣ ਹੈ?), ਪੀਰਾਂ ਦਾ ਪੀਰ ਅਤੇ ਗੁਰੂਆਂ ਦਾ ਗੁਰੂ (ਗੁਰ ਅਰਜਨ ਦੇਵ) ਪੂਰਣ ਗੁਰੂ ਹੈ। (ਅਗੇ ਹੇਤੁ ਦੱਸਦੇ ਹਨ)। ੨.ਪਾਪੀਆਂ ਦੇ ਉਧਾਰ ਅਰ ਦੁਖਾਂ ਦੇ ਦੂਰ ਕਰਨ ਦਾ (ਕਾਰਣ ਹੈ), ਅਸ਼ਰਣਾਂ ਦੀ ਸ਼ਰਣ ਅਰ ਬਚਨ ਪਾਲਕ ਹੈ (ਹੋਰ ਹੱਟਾਂ ਵਾਲੇ ਇਹ ਕੰਮ ਨਹੀਂ ਜਾਣਦੇ)। ੩.ਸਿਖਾਂ ਦੇ ਅਵਗੁਣ ਲੈਕੇ (ਹਟਾ ਕੇ) ਗੁਣ ਦਿੰਦੇ ਹਨ, ਸੁਖਾਂ ਦਾ ਸਮੁੰਦਰ ਹੋਣ ਕਰਕੇ ਸਾਰੇ ਝੋਰੇ ਦੂਰ ਕਰ ਦਿੰਦੇ ਹਨ! ੪.ਹਜ਼ਾਰਾਂ ਲੱਖਾਂ ਵਿਕਾਰਾਂ (ਨੂੰ ਕੱਟਦੇ ਹਨ, ਕਿਉਂ ਜੋ) ਪਰੋਪਕਾਰੀ ਹਨ ਅਰ ਸਦਾ (ਵਾਹਿਗੁਰੂ ਦੇ) ਹਾਜ਼ਰ ਰਹਿੰਦੇ ਹਨ। ੫.ਸਤਿਨਾਮ ਕਰਤਾ ਪੁਰਖ (ਉਨ੍ਹਾਂ ਦਾ ਮੰਤਰ ਹੈ), (ਆਪ) ਸਤ ਸਰੂਪ ਹਨ, ਕਦੀ ਘੱਟ ਨਹੀਂ ਹੁੰਦੇ (ਭਾਵ ਤ੍ਰਿਕਾਲਾਬਾਧ ਹਨ)। ੬.ਸਾਧ ਸੰਗਤ ਦੇ ਸੱਚੇ ਖੰਡ ਵਿਖੇ ਨਿਵਾਸ ਰਖਦੇ ਹਨ ਅਨਾਹਦ ਸ਼ਬਦ ਦੇ ਸਦਾ ਵਾਜੇ ਵਜਦੇ ਰਹਿੰਦੇ ਹਨ (ਜੈਸੇ ਦਰਬਾਰ ਸਾਹਿਬ ਅਖੰਡਾਕਾਰ ਧੁਨੀ ਰਹਿੰਦੀ ਹੈ। ਜਿਥੇ ਸਤਿੰਗ ਹੋਵੇ ਕੀਰਤਨ ਹੁੰਦਾ ਹੈ, ਦੂਜੇ ਅਨਾਹਦ ਨਾਮ ਅਭਯਾਸ ਦਾ ਇਕ ਟਿਕਾਣਾ ਹੈ: ਕੰਨਾਂ ਦੀ ਘੂੰ ਘੂੰ ਨਹੀਂ ਹੈ)। ੭.ਦੂਜੇ ਭਾਵ (ਅਗਯਾਨ) ਨੂੰ ਚਕਨਾਚੂਰ ਕਰਦੇ ਹਨ।

## ੨. (ਸਾਧ ਸੰਗਤ)।

੧. ਪਾਰਸ ਪਰਉਪਕਾਰ ਕਰਿ ਜਾਤ ਨ ਅਸਟ ਧਾਤ ਵੀਚਾਰੇ।
੨. ਬਾਵਨ ਚੰਦਨ ਬੋਹਿੰਦਾ ਅਫਲ ਸਫਲ ਨ ਜੁਗਤਿ ਉਰਧਾਰੇ।
੩. ਸਭ ਤੇ ਇੰਦਰ ਵਰਸਦਾ ਥਾਉ ਕੁਥਾਉ ਨ ਅੰਮ੍ਰਿਤ ਧਾਰੇ।
੪. ਸੂਰਜ ਜੋਤਿ ਉਦੋਤ ਕਰਿ ਓਤਪੋਤ ਹੋ ਕਿਰਣ ਪਸਾਰੇ।
੫. ਧਰਤੀ ਅੰਦਰਿ ਸਹਨ ਸੀਲ ਪਰਮਲ ਹਰੈ ਅਵਗੁਣ ਨ ਚਿਤਾਰੇ।
੬. ਲਾਲ ਜਵਾਹਰ ਮਣਿ ਲੋਹਾ ਸੁਇਨਾ ਪਾਰਸ ਜਾਤਿ ਬਿਚਾਰੇ।
੭. ਸਾਧ ਸੰਗਤਿ ਕਾ ਅੰਤੁ ਨ ਪਾਰੇ ॥੨॥

**ਪਦਾਰਥ**-(ਜੁਗਤਿ =ਰੀਤਿ । ਥਾਉ ਕੁਥਾਉ=ਚੰਗੀ ਮੰਦੀ ਜਗਾ। (ਅੰਮ੍ਰਿਤ=ਜਲ। ਓਤਪੋਤ=ਧਰਤੀ ਅਕਾਸ਼।)

**ਅਰਥ**-੧.ਪਰਾਸ ਪਰੋਪਕਾਰ ਕਰਦਾ ਹੈ, ਅੱਠਾਂ ਧਾਤਾਂ ਦੀਆਂ ਜਾਤਾਂ ਨਹੀਂ ਵਿਚਾਰਦਾ (ਕਿ ਇਹ ਧਾਤ ਕਿਹੜੀ ਜਾਤ ਦੀ ਹੈ)। ੨.ਬਾਵਨ ਚੰਦਨ ਬੀ ਅਫਲ ਸਫਲ (ਸਭ ਬਨਾਸਪਤੀ ਨੂੰ) ਸੁਗੰਧੀ ਦਿੰਦਾ ਹੈ,(ਪਰ) ਜੁਗਤੀ ਨਹੀਂ ਉਰ ਵਿਖੇ ਧਾਰਦਾ(ਇਸ ਕਰਕੇ ਉਪਕਾਰ ਕਦਰਾ ਹੈ, ਵਿਗਾੜ

ਨਹੀਂ ਰੱਖਦਾ)। ੩.ਇੰਦਰ ਬੀ ਸਾਰੀਆਂ ਥਾਵਾਂ ਪੁਰ ਵਰ੍ਹਦਾ ਹੈ, ਥਾਉਂ ਕੁਥਾਉਂ ਵਿਚਾਰਕੇ ਜਲ ਨਹੀ ਦਿੰਦਾ (ਜਲਾਂ ਥਲਾਂ ਪੁਰ ਸਮਾਨ ਵਰ੍ਹਦਾ ਹੈ)। ੪.ਸੂਰਜ ਆਪਣੇ ਪ੍ਰਕਾਸ਼ ਨੂੰ ਉਦਯ ਕਰਕੇ ('ਓਤ ਪੋਤ' ਕਹੀਏ) ਧਰਤੀ ਵਿਖੇ ਇਕੋ ਜਿਹੀਆਂ ਕਿਰਣਾਂ ਪਸਾਰਦਾ ਹੈ (ਨੀਵੀਂ ਉੱਚੀ ਥਾਉਂ ਨਹੀਂ ਵੇਖਦਾ)। ੫.ਧਰਤੀ ਵਿਖੇ ਸਹਿਣ ਸ਼ੀਲਤਾ ਹੈ ਪਰਾਈ ਮੈਲ ਉਸ ਤੋਂ ਹਟਾਕੇ (ਆਪ ਲੈਂਦੀ) ਅਵਗੁਣਾਂ ਵੱਲ ਧਿਆਨ ਨਹੀਂ ਦੇਂਦੀ ਹੈ। (ਹੁਣ ਅੰਤਲੀਆਂ ਦੋ ਤੁਕਾਂ ਵਿਖੇ ਉਪਰਲੇ ਕਥਨ ਦਾ ਮਤਲਬ ਦੱਸਦੇ ਹਨ)। ੬.ਲਾਲ ਜਵਾਹਰ, ਮਣੀ ਅਰ ਪਾਰਸ ਨਾਲ ਪਰਸਕੇ ਜੋ ਲੋਹੇ ਥੋਂ ਸੋਨਾ ਹੁੰਦਾ ਹੈ (ਇ.ਨ੍ਹਾਂ ਵਿਚ) ਜਾਤੀ ਅਭਿਮਾਨ ਬਣਿਆ ਰਹਿੰਦਾ ਹੈ। ੭.ਸਾਧ ਸੰਗਤ ਦੇ ਪਾਰ (ਉਰਾਰ ਦਾ ਕੁਝ) ਅੰਤ ਨਹੀਂ, (ਸਤਿਸੰਗ ਵਿਖੇ ਜਾਤੀ ਅਭਿਮਾਨ ਬੀ ਉਡ ਜਾਂਦਾ ਹੈ)।

## ੩. (ਸਤਿਗੁਰ ਸੇਵਾ-ਸਭ ਫਲਦਾਤੀ)।

੧. ਪਾਰਸ ਧਾਤ ਕੰਚਨ ਕਰੈ ਹੋਇ ਮਨੂਰ ਨ ਕੰਚਨ ਝੂਰੈ।
੨. ਬਾਵਨ ਬੁਹੈ ਬਨਾਸਪਤਿ ਬਾਂਸ ਨਿਗੰਧ ਨ ਬੁਹੈ ਹਜੂਰੈ।
੩. ਖੇਤੀ ਜੰਮੈ ਸਹਸ ਗੁਣ ਕਲਰ ਖੇਤਿ ਨ ਬੀਜ ਉਗੂਰੈ।
੪. ਉਲੂ ਸੁਝ ਨ ਸੁਝਈ ਸਤਿਗੁਰੁ ਸੁਝ ਸੁਝਾਇ ਹਜੂਰੈ।
੫. ਧਰਤੀ ਬੀਜੈ ਸੋ ਲੁਣੈ ਸਤਿਗੁਰੁ ਸੇਵਾ ਸਭ ਫਲ ਚੂਰੈ।
੬. ਬੋਹਿਥ ਪਵੈ ਸੁ ਨਿਕਲੈ ਸਤਿਗੁਰੁ ਸਾਧੁ ਅਸਾਧੁ ਨ ਦੂਰੈ।
੭. ਪਸੂ ਪਰੇਤਹੁਂ ਦੇਵ ਵਿਚੂਰੈ॥੩॥

**ਪਦਾਰਥ**-(ਮਨੂਰ=ਲੋਹੇ ਦੀ ਮੈਲ। ਨਿਗੰਧ=ਜੋ ਸੁਗੰਧੀ ਨਹੀ ਲੈਂਦਾ। ਉਗੂਰੈ=ਉੱਗਦਾ।
(ਸਤਿਗੁਰ ਸੁਝ=ਸਤਿਗੁਰੂ ਸੂਰਜ। ਸੁਝਾਇ ਹਜੂਰੈ=ਪਰਮੇਸੁਰ ਨੂੰ ਦਿਖਾਵੈ।
(ਚੂਰੈ=ਪ੍ਰਾਪਤ। ਵਿਚੂਰੇ=ਵਿਚਾਰਦੇ ਜਾਂ ਵਚਨ ਕਰਦੇ ਹਨ।
(ਸਾਧ ਸੰਗਤ ਦੀ ਵਿਸ਼ੇਸ਼ਤਾ ਪਾਰਸਾਦਿਕਾਂ ਥੋਂ ਦੱਸਦੇ ਹਨ:-)

**ਅਰਥ**-੧.ਪਾਰਸ ਧਾਤ ਨੂੰ ਕੰਚਨ ਕਰਦਾ ਹੈ (ਭਾਵੇਂ ਕੋਈ ਧਾਤ ਹੋਵੇ) (ਪਰੰਤੂ) ਲੋਹੇ ਦੀ ਮੈਲ ਕੰਚਨ ਨਾ ਹੋਣ ਕਰਕੇ ਝੁਰਦੀ ਹੈ, ੨.ਬਾਵਨ ਚੰਦਨ (ਸਾਰੀ) ਬਨਾਸਪਤੀ ਨੂੰ ਸੁਗੰਧਤ ਕਰਦਾ ਹੈ, ਪਰੰਤੂ ਨਿਗੰਧ ਬਾਂਸ (ਉਸਦੇ) ਕੋਲ ਰਹਿਕੇ ਭੀ ਸੁਗੰਧਤ ਨਹੀਂ ਹੁੰਦਾ। ੩.(ਬਰਖਾ ਹੋਇਆਂ) ਖੇਤੀ ਹਜ਼ਾਰ ਗੁਣਾ ਹੋ ਕੇ ਜੰਮਦੀ ਹੈ, ਪਰੰਤੂ ਕੱਲਰੇ ਖੇਤ ਵਿਖੇ ਬੀਜ ਨਹੀ ਉੱਗਦਾ। ੪.ਉਲੂ ਨੂੰ ਸੂਰਜ ਨਹੀਂ ਦਿੱਸਦਾ, ਪਰੰਤੂ ਸਤਿਗੁਰੂ ਸੂਰਜ ਤਾਂ ਪਰਮੇਸੁਰ ਦਾ ਦਰਸ਼ਨ ਕਰਾਉਂਦੇ ਹਨ (ਭਾਵ ਸੂਰਜ ਥੋਂ ਵਿਸ਼ੇਸ਼ ਹਨ)। ੫.ਧਰਤੀ ਵਿਖੇ ਜੋ ਬੀਜੀਏ ਸੋ ਕੱਟੀਦਾ ਹੈ, ਸਤਿਗੁਰੂ ਦੀ ਸੇਵਾ ਵਿਖੇ ਸਾਰੇ (ਧਰਮਾਦਿ) ਫਲ ਪ੍ਰਾਪਤ ਹੁੰਦੇ ਹਨ। ੬.ਜਹਾਜ਼ ਵਿਖੇ ਜੋ ਵਸਤੂ ਪਾਈਦੀ (ਲ਼ਦੀਦੀ) ਹੈ, ਉਹੋ ਨਿਕਲੇਗੀ, ਸਤਿਗੁਰੂ ਜਹਾਜ਼ ਭੈੜੀਆਂ ਵਸਤਾਂ ਨੂੰ ਦੂਰ ਕਰਕੇ ਸ੍ਰੇਸ਼ਟ ਵਸਤਾਂ (ਹੀ ਕੱਢਦੇ ਹਨ)। ੭.ਪਸੂਆਂ ਅਤੇ ਪਰੇਤਾਂ ਥੋਂ ਦੇਵਤਾ (ਅਗਜਾਨੀ ਥੋਂ ਗਿਆਨੀ, ਨੀਚ ਯੋਨੀ ਥੋਂ ਉਤਮ ਯੋਨੀ) ਕਰਦੇ ਹਨ।

## ੪. (ਸਤਿਗੁਰ ਸ੍ਰੇਸ਼ਟਤਾ)।

੧. ਕੰਚਨ ਹੋਵੈ ਪਰਸਹੁਂ ਕੰਚਨ ਕਰੈ ਨ ਕੋਚਨ ਹੋਰੀ।
੨. ਚੰਦਨ ਬਾਵਨ ਚੰਦਨਹੁਂ ਓਦੂੰ ਹੋਰੁ ਨ ਪਵੈ ਕਰੋਰੀ।

੩. ਵੁਠੈ ਜੰਮੇ ਬੀਜਿਆ ਸਤਿਗੁਰੁ ਮਤਿ ਚਿਤਵੈ ਫਲ ਭੋਰੀ।
੪. ਰਾਤਿ ਪਵੈ ਦਿਹ ਆਥਵੈ ਸਤਿਗੁਰੁ ਗੁਰ ਪੂਰਣ ਧੁਰ ਧੋਰੀ।
੫. ਬੋਹਿਥਾ ਪਰਬਤ ਨਾ ਚੜ੍ਹੇ ਸਤਿਗੁਰੁ ਹਠ ਨਿਗ੍ਰਹ ਨ ਲਹੋਰੀ।
੬. ਧਰਤੀ ਨੋ ਭੁੰਚਾਲ ਡਰ ਗੁਰਮਤਿ ਨਿਹਚਲ ਚਲੇ ਨ ਚੋਰੀ।
੭. ਸਤਿਗੁਰ ਸਰਲ ਪਦਾਰਥ ਬੋਰੀ॥੪॥

**ਪਦਾਰਥ**-(ਕੰਚਨ=ਸੋਨਾ। ਕਰੈ ਨ ਕਚਨ=ਹੋਰ ਨੂੰ ਸੋਨਾ ਨ ਕਰਨਾ। ਕਰੋਰੀ=ਸੁਗੰਧੀ, ((ਅ) ਕਰੋੜਾਂ ਖਲੋਤੇ ਹਨ। ਫਲ ਭੋਰੀ=ਫਲ ਛੇਤੀ। ਧੁਰ ਧੋਰੀ=ਮਰਯਾਦਾ ਧਾਰਕ। (ਹਠ ਨਿਗ੍ਰਹ ਨ ਲਹੋਰੀ=ਗੁਰ ਬੋਹਿਥ ਹਠ ਨਿਗ੍ਰਹ ਨੂੰ ਬੀ ਤਾਰਦੇ ਹਨ। (ਗੁਰਮਤਿ=ਗੁਰੂ ਦੀ ਸਿਖਿਆ। ਚਲੈ ਨ ਚੋਰੀ=ਮਾੜੇ ਕੰਮਾਂ ਵਿਚ ਨਾ ਚਲਣਾ।)

**ਅਰਥ**-੧.ਪਾਰਸ ਤੋਂ ਸੋਨਾ ਹੁੰਦਾ ਹੈ, ਪਰੰਤੂ ਉਹ ਕੰਚਨ ਹੋਰ ਨੂੰ ਸੋਨਾ ਨਹੀਂ ਕਰ ਸਕਦਾ (ਇਥੇ ਸਿਖ ਬੀ ਹੋਰਾਂ ਨੂੰ ਸਿਖ ਕਰ ਸਕਦੇ ਹਨ)। ੨.ਬਾਵਨ ਚੰਦਨ ਤੋਂ ਚੰਦਨ ਹੁੰਦਾ ਹੈ, ਪਰ ਉਸ ਥੋਂ ਹੋਰ ਬੂਟੇ ਵਿਚ ('ਕਰੋਰੀ') ਵਾਸ਼ਨਾ ਨਹੀਂ ਪੈਂਦੀ (ਅਥਵਾ ਕਰੋੜਾਂ ਬੂਟੇ ਜਿਉਂ ਦੇ ਤਿਉਂ ਰਹਿੰਦੇ ਹਨ)। ੩.ਮੀਂਹ ਦੇ ਵਰ੍ਹਿਆਂ ਬੀਜਿਆ ਹੋਇਆ ਜੰਮਦਾ ਹੈ, ਸਤਿਗੁਰੂ ਦੀ ਸਿਖਿਆ ਦੇ ਚਿਤਵਣ ਨਾਲ ਹੀ ਛੇਤੀ ਫਲ (ਮਿਲਦਾ ਹੈ)। ੪.ਰਾਤ ਪੈਂਦੀ ਹੈ ਤਦੋਂ ('ਦਿਨ') ਸੂਰਜ ਡੁਬ ਜਾਂਦਾ ਹੈ, 'ਸਤਿਗੁਰ' (ਗੁਰੂ ਨਾਨਕ ਜੀ) ਪੂਰਨ ਮਰਿਯਾਦਾ ਦੇ ਧਾਰਣ ਹਾਰੇ (ਇਕ ਰਸ ਰਹਿੰਦੇ) ਹਨ। ੫.ਪਰਬਤ ਜਹਾਜ਼ ਪਰ ਨਹੀਂ ਚੜ੍ਹਦਾ, ਪਰ ਗੁਰੂ ਜੀ (ਪਰਬਤ ਸਰੀਖੇ) ਹਠੀ ਸੁਭਾਵਾਂ ਨੂੰ ਬੀ ਤਾਰਦੇ ਹਨ। ੬.ਧਰਤੀ ਨੂੰ ਭੁਚਾਲ ਦਾ ਭਯ ਹੈ, ਗੁਰੂ ਸਿਖਜਾ ਅਚੱਲ ਹੈ, ਮਾੜਿਆਂ ਕੰਮਾਂ ਵਿਖੇ ਚਲਾਇਮਾਨ ਨਹੀਂ ਹੋਣ ਦੇਂਦੀ। ੭.ਸਤਿਗੁਰੂ ਰਤਨ ਪਦਾਰਥ (ਵੈਰਾਗ ਪਦਾਰਥ) ਦੀ ਬੋਰੀ (ਭਰੇ ਹੋਏ) ਹਨ।

## ੫. (ਸਾਧ ਸੰਗਤ ਤੋਂ ਬਲਿਹਾਰ)।

੧. ਸੂਰਜ ਚੜਿਐ ਜਾਨਿ ਲੁਕ ਉਲੂ ਅੰਧ ਕੰਧ ਜਗ ਮਾਹੀ।
੨. ਬੁਕੇ ਸਿੰਘ ਉਦਿਆਨ ਮਹਿ ਜੰਬੁਕ ਮਿਰਗ ਨ ਖੋਜੇ ਪਾਹੀ।
੩. ਚੜਿਆ ਚੰਦ ਅਕਾਸ ਤੇ ਵਿਚਿ ਕੁਨਾਲੀ ਲੁਕੈ ਨਾਹੀ।
੪. ਪੰਖੀ ਜੇਤੇ ਬਨ ਬਿਖੈ ਡਿਠੇ ਬਾਜ ਨ ਠਉਰਿ ਰਹਾਹੀ।
੫. ਚੋਰ ਯਾਰ ਹਰਾਮਖੋਰ ਹਿ ਚੜਿਆ ਕੋ ਦਿਸੈ ਨਾਹੀ।
੬. ਸਾਧ ਸੰਗਤਿ ਵਿਟਹੁੰ ਬਲਿ ਜਾਹੀ॥੫॥

**ਪਦਾਰਥ**-(ਅੰਧ ਕੰਧ=ਅੰਨ੍ਹੇ ਕੰਧ ਵਾਂਗੂੰ। ਜੰਬੁਕ=ਗਿੱਦੜ। ਵਿਟਹੁੰ=ਉਪਰੋਂ।)

**ਅਰਥ**-੧.ਸੂਰਜ ਦੇ ਉਦਯ ਹੋਣ ਨਾਲ ਉੱਲੂ ਕੰਧ ਵਾਂਗੂੰ ਅੰਧੇ (ਅਥਵਾ ਅੰਧੇ ਸਰੀਰ ਦੇ) ਜਗਤ ਵਿਖੇ ਲੁਕ ਜਾਂਦੇ (ਬ੍ਰਿੱਛਾਂ ਵਿਖੇ ਛਿਪ ਜਾਂਦੇ ਹਨ)। ੨.('ਜਦ ਸਿੰਘ') ਸ਼ੇਰ ਜੰਗਲ ਵਿਖੇ ਭਬਕਦਾ ਹੈ, ਗਿੱਦੜ ਤੇ ਮਿਰਗਾਂ ਦਾ ਖੋਜ ਨਹੀਂ ਲੱਭਦਾ। ੩.ਅਕਾਸ਼ ਪੁਰ ਚੰਦ ਚੜ੍ਹਿਆ ਹੋਇਆ (ਕੋਈ) ਕੁਨਾਲੀ (ਨਾਲ ਲੁਕਾਇਆ ਚਾਹੇ ਤਾਂ) ਲੁਕਦਾ ਨਹੀਂ। ੪.ਜਿਤਨੇ ਬਨ ਵਿਖੇ ਖੰਖੀ ਹਨ ਬਾਜ ਦੇ ਦੇਖਣ ਨਾਲ ਆਪਣੀਆਂ ਥਾਵਾਂ ਛਡਕੇ ਨੱਠੇ ਫਿਰਦੇ ਹਨ। ੫.ਚੋਰ, ਯਾਰ, ਅਤੇ ਹਰਾਮਖੋਰ (ਧਾੜਵੀ ਆਦਿ ਲੁਟੇਰੇ) ਦਿਨ ਚੜ੍ਹੱਨ ਨਾਲ ਕਿਧਰੇ ਨਹੀਂ ਦਿੱਸਦੇ। ੬.ਸਾਧ ਸੰਗਤ ਪੁਰੋਂ ਅਸੀਂ

ਵਾਰਨੇ ਜਾਂਦੇ ਹਾਂ (ਜਿਸ ਦੀ ਦਇਆ ਨਾਲ ਘੋਰ ਪਾਪ ਅਰ ਕਾਮਾਦਿਕ ਵਿਖਯ ਵਿਕਾਰ ਤਿੱਤਰ ਬਿੱਤਰ ਹੋ ਜਾਂਦੇ ਹਨ। ਯਥਾ:-"**ਨੀਕੀ ਸਾਧ ਸੰਗਾਨੀ ॥ ਰਹਾਉ॥ ਪਹਰ ਮੂਰਤ ਪਲ ਗਾਵਤ ਗਾਵਤ ਗੋਵਿੰਦ ਗੋਵਿੰਦ ਵਖਾਨੀ॥**") (ਆਸਾ: ਮ:੫:੧੩੫)।

**ਭਾਵ**-ਧੰਨ ਸਾਧ ਸੰਗਤ ਹੈ ਜਿੱਥੇ ਹਰ ਸਮਯ ਵਿਖੇ ਕਰੀਤਨ ਜਾਂ ਗੋਬਿੰਦ ਦੇ ਜਸ ਦਾ ਵਯਾਖਯਾਨ ਹੁੰਦਾ ਹੈ।

## ੬. (ਸਾਧ ਸੰਗ-ਧੰਨ ਹੈ)।

੧. ਰਾਤਿ ਹਨ੍ਹੇਰੀ ਚਮਕਦੇ ਲਖ ਕਰੋੜੀ ਅੰਬਰਿ ਤਾਰੇ।
੨. ਚੜਿਐ ਚੰਦ ਮਲੀਣ ਹੋਇ ਕੋ ਲੁਕੈ ਕੋ ਬੁਕੈ ਬਬਾਰੇ।
੩. ਸੂਰਜ ਜੋਤਿ ਉਦੋਤਿ ਕਰਿ ਤਾਰੇ ਚੰਦ ਨ ਰੈਣ ਅੰਧਾਰੇ।
੪. ਦੇਵੀ ਦੇਵ ਨ ਸ਼ੇਵਕਾਂ ਤੰਤ ਨ ਮੰਤ ਨ ਫੁਰਨ ਵਿਚਾਰੇ।
੫. ਵੇਦ ਕਤੇਬਾਂ ਅਸਟਧਾਤ ਪੂਰੈ ਸਤਿਗੁਰੁ ਸਬਦ ਸਵਾਰੇ।
੬. ਗੁਰਮੁਖਿ ਪੰਥ ਸੁਹਾਵੜਾ ਧੰਨ ਗੁਰੂ ਧੰਨ ਗੁਰੂ ਪਿਆਰੇ।
੭. ਸਾਧ ਸੰਗਤਿ ਪਰਗਟੁ ਸੰਸਾਰੇ ॥੬॥

**ਪਦਾਰਥ**-(ਅੰਬਰਿ=ਆਕਾਸ਼। ਲੁਕੈ=ਛਿਪਦਾ ਹੈ। ਬੁਕੈ=ਬੋਲਦਾ ਹੈ। (ਬਬਾਰੇ=ਬੁੜ ਬੁੜ ਕਰਕੇ ਅਥਵਾ 'ਹਾਇ ਬਾਬਾ' ਕਰਕੇ ਰੋਂਦਾ ਹੈ ਕਿ ਸਾਡੀ (ਜੋਤ ਨਾ ਰਹੀ। ਸ਼ੇਵਕ=ਸ਼ਿਵੋਪਾਸ਼ਕ।)

**ਅਰਥ**-੧.ਅਕਾਸ਼ ਵਿਖੇ ਕਾਲੀ ਬੋਲੀ ਰਾਤ ਨੂੰ ਲਖਾਂ ਕਰੋੜਾਂ ਤਾਰੇ ਚਮਕਦੇ ਹਨ। ੨.ਚੰਦ ਦੇ ਚੜ੍ਹਨ ਨਾਲ ਮੰਦ ਹੋ ਜਾਂਦੇ ਹਨ, ਕੋਈ ਲੁਕਦਾ, ('ਬੁਕੈ ਬਬਾਰੇ') ਬੁੜ ਬੁੜ ਕਰਕੇ ਬੋਲਦਾ ਹੈ (ਰਤਾ ਰਤਾ ਅੱਖਾਂ ਮਾਰਦਾ ਹੈ)। ੩.(ਜਦ) ਸੂਰਜ ਆਪਣੀ ਜੋਤਿ ਦਾ ਉਜਾਲਾ ਕਰਦਾ ਹੈ ਤਾਂ ਤਾਰੇ, ਚੰਦ੍ਰਮਾਂ, ਅਰ ਹਨ੍ਹੇਰੀ ਰਾਤ ਤਿੰਨੇ ਨਹੀਂ ਦਿੱਸਦੇ, (ਭਾਵ ਪੂਰੇ ਸਤਿਗੁਰੂ ਅੱਗੇ ਊਰੇ ਗੁਰੂ, ਅਵਿੱਦਯਾ ਦੇ ਝੂਠੇ ਭੇਖ ਮਾਤ੍ਰ ਹਨ। ਅੱਗੇ ਇਸੇ ਦਾ ਹੋਰ ਅਨੁਵਾਦ ਕਰਦੇ ਹਨ)। ੪.ਦੇਵੀਆਂ, ਦੇਵਤੇ, ਸ਼ਿਵੋਪਾਸ਼ਕ ਅਰ ਤੰਤ੍ਰ ਮੰਤ੍ਰ ਬੀ ਵਿਚਾਰੇ ਨਹੀਂ ਫੁਰਦੇ (ਗੁਰੂ ਸ਼ਬਦ ਦੇ ਅੱਗੇ ਸਾਰੇ ਮਾਤ ਪੈ ਜਾਂਦੇ ਹਨ)। ੫.ਵੇਦ, ਕਤੇਬਾਂ' ਅਰ 'ਅੱਠ ਧਾਤਾਂ' (ਚਾਰ ਵਰਣ ਚਾਰ ਆਸ਼ਰਮ), ਪੂਰੇ ਸਤਿਗੁਰੂ (ਗੁਰੂ ਨਾਨਕ) ਦੇ ਸ਼ਬਦ ਬਿਨਾਂ ਸੰਵਰਦੇ ਨਹੀਂ, (ਭਾਵ ਫਲੀ ਭੂਤ ਨਹੀਂ ਹੁੰਦੇ)। ੬.ਗੁਰਮੁਖ ਦਾ ਪੰਥ ਸਭਾਇਮਾਨ ਹੈ (ਇਸ ਲਈ) ਧੰਨ ਗੁਰੂ ਹਨ ਅਰ ਧੰਨ ਗੁਰੂ ਦੇ ਪਯਾਰੇ ਹਨ। ੭.ਸਾਧ ਸੰਸਗਤ ਸੰਸਾਰ ਵਿਖੇ ਪ੍ਰਗਟ ਹੈ, (ਕਿਉਂ ਜੋ ਸਭ ਦਾ ਉਧਾਰ ਕਰਦੀ ਹੈ)। (ਯਥ-"**ਮੇਰੇ ਮਾਧਉ ਜੀ ਸਤਿਸੰਗਤਿ ਮਿਲੇ ਸੁ ਤਰਿਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥**" (ਗੂਜ: ਮ:੫-੧)

## ੭. (ਸਤਿਗੁਰੂ ਦੇ ਗਾਹਕ)।

੧. ਚਾਰਿ ਵਰਨ ਚਾਰਿ ਮਜ਼ਹਬ ਛਿਆ ਦਰਸਨ ਵਰਤਨ ਵਰਤਾਰੇ।
੨. ਦਸ ਅਵਤਾਰ ਹਜਾਰ ਨਾਵ ਥਾਨ ਮੁਕਾਮ ਸਭੇ ਵਣਜਾਰੇ।
੩. ਇਕਤੁ ਹਟਹੁੰ ਵਣਜ ਲੈ ਦੇਸ ਦਿਸੰਤਰਿ ਕਰਨ ਪਸਾਰੇ।
੪. ਸਤਿਗੁਰੁ ਪੂਰਾ ਸਾਹੁ ਹੈ ਬੇਪਰਵਾਹੁ ਅਥਾਹ ਭੰਡਾਰੇ।

੫. ਲੈ ਲੈ ਮੁਕਰ ਪਾਨਿ ਸਭ ਸਤਿਗੁਰੁ ਦੇਇ ਨ ਦੇਂਦਾ ਹਾਰੇ।
੬. ਇਕੁ ਕਵਾਉ ਪਸਾਉ ਕਰਿ ਓਅੰਕਾਰ ਅਕਾਰ ਸਵਾਰੇ।
੭. ਪਾਰਬ੍ਰਹਮ ਸਤਿਗੁਰੁ ਬਲਿਹਾਰੇ ॥੭॥

**ਪਦਾਰਥ**-(ਥਾਨ ਮੁਕਾਮ=ਸਥਿਤ ਥਾਉਂ। ਵਣਜਾਰੇ=ਖਰੀਦਾਰ, ਗਾਹਕ।)

**ਅਰਥ**-੧.ਚਾਰੇ(ਹਿੰਦੂ) ਵਰਣ, ਚਾਰੇ (ਮੁਸਲਮਾਨੀ) ਮਜ਼ਹਬ, ਛੀ ਦਰਸ਼ਨਾਂ ਦੇ (ਜਿੰਨੇ) ਵਰਤਾਰੇ ਵਰਤਦੇ ਹਨ। ੨.ਦਸ ਅਵਤਾਰ (ਰਾਮ ਕ੍ਰਿਸ਼ਨਾਦਿਕ) ਹਜ਼ਾਰਾਂ ਨਾਂਵ ਅਰ ਮੁਕਾਮੀ ਥਾਨਾਂ ਵਾਲੇ (ਲੋਮਸਾਦਿਕ ਰਿਖੀ ਚਿਰੰਜੀਵੀ ਸਭ ਗੁਰੂ ਦੇ ਹੀ) ਵਣਜਾਰੇ (ਖਰੀਦਾਰ, ਗਾਹਕ) ਹਨ, (ਅਥਵਾ ਚੰਦ ਰੋਜ਼ੀ ਪ੍ਰਾਹੁਣੇ ਹਨ)। ੩.ਇਕ ਹੱਟੋਂ ਹੀ ਸੌਦਾ ਲੈ ਕੇ ਦੇਸ ਦੇਸ਼ਾਤਰਾਂ ਵਿਖੇ 'ਪਸਾਰੇ' (ਆਪੋ ਆਪਣਾ ਫੈਲਾਉ) ਕਰਦੇ ਹਨ (ਉਨ੍ਹਾਂ ਦਾ ਸ਼ਾਹ ਕੌਣ ਹੈ?) ੪.(ਸ਼ੰਕਾ ਦਾ ਉੱਦਰ ਦਿੰਦੇ ਹਨ:-) ਸਤਿਗੁਰੂ (ਗੁਰ ਨਾਨਕ) ਪੂਰਾ ਸ਼ਾਹ ਹੈ, ਬੇਪਰਵਾਹ, ਨਿਰਲੋਭ ਹੈ, (ਅਰ ਉਸ ਦੇ) ਭੰਡਾਰੇ (ਨਾਮ ਦੇ) ਅਥਾਹ (ਅਨਗਿਣਤ) ਭਰੇ ਹੋਏ ਹਨ। ੫.ਗਾਹਕ ਤਾਂ ਲੈ ਲੈ ਕੇ ਸਾਰੇ ਮੁੱਕਰ ਪੈਂਦੇ ਹਨ, (ਭਾਵ ਮਰ ਜਾਂਦੇ ਹਨ ਜਾਂ ਇਕਰਾਰ ਨਹੀਂ ਕਰਦੇ, ਪਰੰਤੂ) ਸਤਿਗੁਰੂ ਦੇਈ ਹੀ ਜਾਂਦੇ ਹਨ ਦਿੰਦੇ ਹੋਏ ਹਾਰਦੇ ਨਹੀਂ ਹਨ। ੬.ਇਕ ਵਾਕ ਥੋਂ ਹੀ ਓਅੰਕਾਰ ਨੇ ਪਸਾਰਾ ਕਰਕੇ 'ਆਕਾਰ' (ਆਪਣਾ ਸਰੂਪ) ਧਾਰਣ ਕੀਤਾ ਹੈ। ੭.(ਓਹੀ) ਪਾਰਬ੍ਰਹਮ ਰੂਪ ਸਤਿਗੁਰੂ (ਨਾਨਕ) ਹੈ,(ਮੈਂ ਉਸ ਪੁਰੋਂ) ਬਲਿਹਾਰ (ਜਾਂਦਾ) ਹਾਂ।

## ੮. (ਬਿਨਾ ਗੁਰੂ ਗਤਿ ਨਹੀਂ)।

੧. ਪੀਰ ਪੈਕੰਬਰ ਔਲੀਏ ਗੌਸ ਕੁਤਬ ਉਲਮਾਉ ਘਨੇਰੇ।
੨. ਸੇਖ ਮਸਾਇਕ ਸਾਦਕਾਂ ਸੁਹਦੇ ਔਰੁ ਸਹੀਦ ਬਹੁਤੇਰੇ।
੩. ਕਾਜੀ ਮੁਲਾਂ ਮਉਲਵੀ ਮੁਫਤੀ ਦਾਨਸੰਵਦ ਬੰਦੇਰੇ।
੪. ਰਿਖੀ ਮੁਨੀ ਦਿਗੰਬਰਾ ਕਾਲਖ ਕਰਾਮਾਤ ਅਗ਼ਲੇਰੇ।
੫. ਸਾਧਕ ਸਿਧ ਅਗਣਤ ਹੈਨਿ ਆਪ ਜਣਾਇਨਿ ਵਡੇ ਵਡੇਰੇ।
੬. ਬਿਨ ਗੁਰ ਕੋਇ ਨ ਸਿਝਈ ਹਉਮੈ ਵਧਦੀ ਜਾਇ ਵਧੇਰੇ।
੭. ਸਾਧ ਸੰਗਤਿ ਬਿਨ ਹਉਮੈ ਹੇਰੇ ॥੮॥

**ਪਦਾਰਥ**-(ਮਸਾਇਕ=ਸੇਖ ਦਾ ਬਹੁ ਵਚਨ। ਮੁਫਤੀ=ਮੁਸਲਮਾਨਾਂ ਵਿਚ ਇਕ (ਧਾਰਮਕ ਦਰਜਾ ਹੈ। ਦਾਨਸਵੰਦ=ਅਕਲਈਏ। ਬੰਦੇਰੇ=ਦਾਸ। (ਸਿਝਈ= ਮੁਕਤੀ ਪਾਉਣਾ। ਹੇਰੇ=ਦੇਖਦੀ ਭਾਵ ਤਾੜਦੀ ਹੈ। )

**ਅਰਥ**-੧.ਪੀਰ, ਪੈਕੰਬਰ, ਔਲੀਆ, ਗੌਸ, ਕੁਤਬ, ਆਲਮ ਲੋਕ (ਵਿਦਵਾਨ) ਘਣੇ (ਹੋ ਗੁਜ਼ਰੇ) ਹਨ। ੨.ਸ਼ੇਖ ਮਸ਼ਾਇਖ, ਸਿਦਕੀ ਲੋਕ, ('ਸ਼ੁਹਦੇ') ਗਰੀਬ, ('ਸ਼ਹੀਦ') ਸੂਰਬੀਰ ਬਾਹਲੇ। ੩.ਕਾਜ਼ੀ, ਮੁਲਾਂ, ਮੌਲਵੀ, ਮੁਫਤੀ, ਅਕਲਈਏ (ਪਰਮੇਸ਼ਰ ਦੇ) ਬੰਦੇ। ੪.ਰਿਖੀ, ਮੁਨੀ, ਨਾਂਗੇ ਕਰਾਮਾਤ ਦੀ ਕਾਲਖ ਵਾਲੇ ਬਾਹਲੇ। ੫.ਸਾਧਕ, ਸਿੱਧ ਕਈ ਹਨ, ਆਪਣਾ ਆਪ ਜਣਾਉਂਦੇ ਹਨ-ਵੱਡਿਆਂ ਥੋਂ ਵਡੇ ਹੋਕੇ। (ਛੀਵੀਂ ਤੇ ਸਤਵੀਂ ਤੁਕ ਵਿਖੇ ਸਭ ਦਾ ਨਿਖੇਧ ਦਸਦੇ ਹਨ)। ੬.ਗੁਰੂ ਦੇ ਬਾਝ ਕੋਈ ਮੁਕਤ ਨਹੀਂ ਹੋ ਸਕਦਾ (ਸਗੋਂ) ਹੰਤਾਂ ਤੇ ਮਮਤਾ ਬਾਹਲੀ ਵਧਦੀ ਜਾਂਦੀ ਹੈ। ੭.(ਕਿਉਂ ਜੋ) ਸਾਧ ਸੰਗਤ ਦੇ ਬਾਝ ਹਉਮੈਂ ਤਾੜਦੀ ਹੈ (ਹੰਤਾ ਮਮਤਾ ਦੋਵੇਂ ਡਾਇਣਾਂ ਵਾਂਗੂੰ ਹ੍ਰਿਦਯ ਦੀ ਸਿੰਮ੍ਰਤੀ

ਨੂੰ ਖਾ ਜਾਂਦੀਆਂ ਹਨ। ਇਨ੍ਹਾਂ ਦੇ ਨਾਸ਼ ਬਾਝ ਗਿਆਨ ਦੀ ਪ੍ਰਾਪਤੀ ਨਹੀਂ, ਗਿਆਨ ਬਾਝ ਮੁਕਤੀ ਨਹੀਂ, ਇਨ੍ਹਾਂ ਦਾ ਅਭਾਵ ਗੁਰੂ ਬਿਨ ਨਹੀਂ, ਤਾਂਤੇ ਗੁਰੂ ਹੀ ਮੁਕਤੀ ਦਾ ਕਾਰਣ ਹਨ)।

## ੯. (ਹਉਮੈ-ਓਅੰਕਾਰ)।

੧. ਕਿਸੈ ਰਿਧਿ ਸਿਧਿ ਕਿਸੈ ਦੇਇ ਕਿਸੇ ਨਿਧਿ, ਕਰਾਮਾਤ ਸੁ ਕਿਸੈ।
੨. ਕਿਸੈ ਰਸਾਇਣ ਕਿਸੈ ਮਣਿ ਕਿਸਿ ਪਾਰਸ, ਕਿਸੈ ਅੰਮ੍ਰਿਤ ਰਿਸੈ।
੩. ਤੰਤੁ ਮੰਤੁ ਪਾਖੰਡ ਕਿਸੈ ਵੀਰਾਰਾਧ ਦਿਸੰਤਰੁ ਦਿਸੈ।
੪. ਕਿਸੈ ਕਾਮਾਧੇਨੁ ਪਾਰਜਾਤ ਕਿਸੈ ਲਖਮੀ ਦੇਵੈ ਜਿਸੈ।
੫. ਨਾਟਕ ਚੇਟਕ ਆਸਣਾ ਨਿਵਲੀ ਕਰਮ ਭਰਮ ਭਉ ਮਿਸੈ।
੬. ਜੋਗੀ ਭੋਗੀ ਜੋਗੁ ਭੋਗੁ ਸਦਾ ਸੰਜੋਗੁ ਵਿਜੋਗੁ ਸਲਿਸੈ।
੭. ਓਅੰਕਾਰ ਆਕਾਰ ਸੁ ਤਿਸੈ॥੯॥

**ਪਦਾਰਥ**-(ਰਿਸੈ=ਨਿਕਲਣਾ। ਵੀਰਾਰਾਧ=ਮਸਾਣ ਜਗਾਣੇ, ਮੁਰਦੇ ਦੀ ਰੂਹ ਸੇਵਨੀ। (ਮਿਸੈ=ਬਹਾਨੇ ਕਰਨਾ। ਸਲਿਸੈ=ਵਿਸ਼ੇਖ ਮਿਲੇ ਹੋਏ।)

**ਅਰਥ**-੧.ਕਿਸੇ ਨੂੰ ਰਿਧੀਆਂ, ਕਿਸੇ ਨੂੰ ਸਿਧੀਆਂ, ਕਿਸੇ ਨੂੰ ਨਿਧੀਆਂ, ਕਿਸੇ ਨੂੰ ਕਰਾਮਾਤਾਂ ਦਿੱਤੀਆਂ। ੨.ਕਿਸੇ ਨੂੰ ਰਸਾਇਣ, ਕਿਸੇ ਨੂੰ ਮਣੀ, ਕਿਸੇ ਨੂੰ ਪਾਰਸ, ਕਿਸੇ ਨੂੰ ਅੰਮ੍ਰਿਤ ਰਿਸੇ ਹੈ। ੩.ਕਿਸੇ ਨੂੰ ਤੰਤ ਮੰਤਾਂ ਦੇ ਪਾਖੰਡ, ਕੋਈ ਵੀਰਾ ਦੇ ਸੇਵਨ ਵਿਚ ਹੀ (ਤਤਪਰ) ਹੈ, ਕੋਈ ('ਦਿਸੰਤਰ ਦਿਸੈ ਅਰਥਾਤ) ਦੇਸ਼ ਦੇਸ਼ਾਂਤ੍ਰਾਂ ਵਿਖੇ ਹੀ (ਭਟਕ ਰਿਹਾ ਹੈ)। ੪.ਕਿਸੇ ਨੂੰ ਕਾਮਧੇਨੂੰ, ਕਿਸੇ ਨੂੰ ਕਲਪ ਬ੍ਰਿੱਛ, ਕਿਸੇ ਨੂੰ ਲਖਮੀ ਹੀ ਦੇ ਰਖੀ ਹੈ (ਚੱਕ੍ਰਵਰਤੀ ਰਾਜੇ ਬਣੇ ਹੋਏ ਹਨ)। ੫.ਕੋਈ ਖਿਲਾਰੀ ਹੋ ਕੇ ਖੇਲਾਂ ਕਰਦੇ (ਕੋਈ 'ਚੇਟਕ') ਚਟਕ ਲਾਕੇ ਵਸ ਕਰ ਲੈਂਦੇ ਹਨ, ਕਈ ਆਸਣਾਂ, ਕਈ ਨਿਵਲੀ ਕਰਮ, ਨੇਤੀ ਧੋਤੀਆਂ ਦੇ ਭਰਮ ਅਤੇ ਭਾਉ ਵਿਖੇ ('ਮਿਸੇ') ਮਿਲੇ ਹੋਏ ਹਨ (ਜਾਂ ਬਹਾਨੇ ਕਰਦੇ ਹਨ)। ੬.ਕਈ ('ਜੋਗੀ') ਜੋਗ ਦੇ, ('ਭੋਗੀ') ਭੋਗਾਂ ਦੇ, ਸੰਜੋਗ ਵਿਜੋਗ ਵਿਚ (ਸਲਿੱਸੇ) ਵਿਸ਼ੇਖ ਕਰਕੇ (ਮਿਲਤ ਹਨ) ਜੰਮਦੇ ਮਰਦੇ ਹਨ। (ਏਹ ਸਭ, ਹੰਤਾ ਮਮਤਾ ਦੇ ਕਾਰਜ ਹਨ ਜੋ ਪਿਛੇ ਕਹੇ ਹਨ, ਪਰੰਤੂ) ੭.ਉਸ (ਵਾਹਿਗੁਰੂ) ਦਾ ਆਕਾਰ ਓਅੰਕਾਰ ਹੈ।

## ੧੦. (ਮਾਣਸ ਜਨਮੋਤਮਤਾ)।

੧. ਖਾਣੀ ਬਾਣੀ ਜੁਗ ਚਾਰਿ ਲਖ ਚਉਰਾਸੀਹ ਜੂਨਿ ਉਪਾਈ।
੨. ਉਤਮ ਜੂਨਿ ਵਖਾਣੀਐ ਮਾਨਸ ਜੂਨਿ ਦੁਲੰਭ ਦਿਖਾਈ।
੩. ਸਭ ਜੂਨੀ ਕਰਿ ਵਸ ਤਿਸੁ ਮਾਣਸ ਨੋ ਦਿਤੀ ਵਡਿਆਈ।
੪. ਬਹੁਤੇ ਮਾਣਸ ਜਗਤ ਵਿਚਿ ਪਰਾਧੀਨ ਕਿਛੁ ਸਮਝ ਨ ਪਾਈ।
੫. ਤਿਨ ਮੈ ਸੋ ਆਧੀਨ ਜੋ ਮੰਦੀ ਕੰਮੀ ਜਨਮੁ ਗਵਾਈ।
੬. ਸਾਧ ਸੰਗਤ ਦੇ ਵੁਠਿਲਾਂ ਲਖ ਚੋਉਰਾਸੀਹ ਫੇਰ ਮਿਟਾਈ।
੭. ਗੁਰੁ ਸਬਦੀ ਵਡੀ ਵਡਿਆਈ॥੧੦॥

**ਅਰਥ**-੧.ਚਾਰ ਖਾਣੀਆਂ, ਚਾਰ ਜੁਗ ਬਣਾਕੇ ਚੌਰਾਸੀ ਲੱਖ ਜੂਨੀ (ਈਸ਼੍ਵਰ ਨੇ) ਉਤਪਤ ਕੀਤੀ ਹੈ, ੨.ਮਨੁਖ ਯੋਨੀ ਉੱਤਮ ਯੋਨੀ ਕਹੀਦੀ ਹੈ, (ਇਸ ਕਰਕੇ) ਦੁਰਲੱਭ ਦੱਸੀ ਹੈ

(**"ਮਾਨਸ ਜਨਮੁ ਦੁਲੰਭ ਹੈ ਹੋਇ ਨ ਬਾਰੈ ਬਾਰ"** (ਸ: ਕਬੀਰ-੩੦)। ਕਿਉਂ ਦੁਲੰਭ ਹੈ?) ੩.ਕਿ ਸਾਰੀਆਂ ਯੋਨੀਆਂ ਇਸੇ ਦੇ ਤਾਬੇ ਕੀਤੀਆਂ ਗਈਆਂ ਹਨ, (ਇਸੇ) ਮਾਨਸ ਜੂਨੀ ਨੂੰ ਹੀ (ਸਾਰੀਆਂ ਯੋਨੀਆ ਦੀ) ਸ਼ਿਰੋਮਣਤਾਈ ਦਿੱਤੀ ਗਈ ਹੈ। ੪.ਬਾਹਲੇ ਮਨੁਖ ਜਗਤ ਵਿਖੇ (ਇਕ ਦੂਜੇ ਦੇ) ਪਰਾਧੀਨ ਰਹਿੰਦੇ ਹਨ (ਉਨ੍ਹਾਂ ਨੂੰ ਆਪਣੇ ਘਰ ਦੀ) ਕੁਝ ਸਮਝ ਨਹੀਂ ਪੈਂਦੀ (ਕਿਉਂ ਜੋ ਓਹ ਸੁਤੰਤਰ ਨਹੀਂ ਹਨ, ਪਰੰਤੂ ਭੈੜੇ ਪਰਾਧੀਨ ਹਨ, ਅੱਗੇ ਹੋਰ ਦੱਸਦੇ ਹਨ)। ੫.ਉਨ੍ਹਾਂ ਵਿਚੋਂ ਓਹ ਲੋਕ ਪਰਾਧੀਨ ਗਿਣੇ ਗਏ ਹਨ ਜੋ ਭੈੜਿਆਂ (ਚੋਰੀ ਯਾਰੀ ਆਦਿ) ਕੰਮਾਂ ਵਿਖੇ (ਹੀਰਾ) ਜਨਮ ਗਵਾ ਦਿੰਦੇ ਹਨ। (ਚੌਰਾਸੀ ਲੱਖ ਦਾ ਫੇਰਾ ਕਿੱਕੁਰ ਮਿਟੇ?) ੬.ਸਾਧ ਸੰਗਤ ਦੇ ('ਵੁਠਿਆਂ') ਵਰਖਾ ਕੀਤਿਆਂ ਚੌਰਾਸੀ ਲੱਖ ਦਾ ਦੌਰ ਮਿਟ ਜਾਂਦਾ ਹੈ। ੭.ਗੁਰਸ਼ਬਦ ਦੀ ਵੱਡੀ ਵਡਿਆਈ ਹੈ (ਜਦ ਗੁਰੂ ਸ਼ਬਦ ਦੀ ਵਰਖਾ ਕਰਦੇ ਹਨ ਤਾਂ ਚੌਰਾਸੀ ਕੱਟੀ ਜਾਂਦੀ ਹੈ)।

## ੧੧. (ਗਾਡੀ ਰਾਹ-ਨਿੱਤ ਕ੍ਰਿਯਾ)।

੧. ਗੁਰਮੁਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।
੨. ਗੁਰ ਕੈ ਬਚਨ ਉਚਾਰਿਕੈ ਧ੍ਰਮਸਾਲਾ ਦੀ ਸੁਰਤਿ ਕਰੰਦਾ।
੩. ਸਾਧ ਸੰਗਤਿ ਵਿਚਿ ਜਾਇਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।
੪. ਸੰਕਾ ਮਨਹੁ ਮਿਟਾਇਕੈ ਗੁਰੁ ਸਿਖਾਂ ਦੀ ਸੇਵ ਕਰੰਦਾ।
੫. ਕਿਰਤ ਵਿਰਤ ਕਰਿ ਧਰਮ ਦੀ ਲੈ ਪਰਸਾਦ ਆਣਿ ਵਰਤੰਦਾ।
੬. ਗੁਰ ਸਿੱਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ।
੭. ਕਲੀਕਾਲ ਪਰਗਾਸ ਕਰਿ ਗੁਰੂ ਚੇਲਾ ਚੇਲਾ ਗੁਰ ਸੰਦਾ।
੮. ਗੁਰਮੁਖ ਗਾਡੀ ਰਾਹੁ ਚਲੰਦਾ॥੧੧॥

**ਪਦਾਰਥ**-(ਭਲਕੇ=ਸਦੀਵ। ਸਵੇਰੇ। ਸਰ=ਤਲਾਵਾਦਿਕ। ਸੁਰਤਿ=ਪ੍ਰੀਤਿ।
(ਪਰਸਾਦ=ਕੜਾਹ ਪਰਸਾਦ ਅਥਵਾ ਭੋਜਨਾਦਿਕ।

**ਅਰਥ**-੧.ਗੁਰੂ ਦਾ ਸਿਖ ਸਦੀਵ ਉਠਕੇ ਅੰਮ੍ਰਿਤ ਵੇਲੇ 'ਸਰ' (ਅੰਮ੍ਰਿਤਸਰ ਅਥਵਾ ਕੂਪਾਂ, ਤਲਾਵਾਂ ਪੁਰ) ਸ਼ਨਾਨ ਕਰਦਾ ਹੈ। ੨.ਗੁਰੂ ਦੇ ਬਚਨ (ਜਪੁਜੀ ਆਦਿ ਬਾਣੀ) ਪੜਕੇ ਧਰਮਸਾਲਾਂ ਦੀ ('ਸੁਰਤਿ') ਸਿੰਮ੍ਰਤੀ (ਅਥਵਾ ਪ੍ਰੀਤਿ) ਕਰਦਾ ਹੈ। ੩.ਸਾਧ ਸੰਗਤ ਵਿਖੇ ਜਾਕੇ (ਆਸਾ ਦੀ ਵਾਰ ਆਦਿ) ਗੁਰੂ ਦੀ ਬਾਣੀ ਪ੍ਰੀਤ ਨਾਲ ਸੁਣਾ ਹੈ। ੪.ਮਨ ਦੀਆਂ ਸ਼ੰਕਾ ਦੂਰ ਕਰਕੇ ਗੁਰੂ ਦੇ ਸਿੱਖ ਦੀ ਸੇਵਾ ਕਰਦਾ ਹੈ। ੫.(ਦਸਾਂ ਨੌਹਾਂ ਦੀ)ਧਰਮ ਦੀ ਕਮਾਈ ਕਰਕੇ ਅਥਵਾ (ਕੜਾਹ ਪ੍ਰਸਾਦ, ਮੰਡੇ ਪ੍ਰਸ਼ਾਦ) ਲੈਕੇ (ਵਿਰਤ) ਰੋਜ਼ੀ ਕਮਾਕੇ ਸਾਧ ਸੰਗਤ ਵਿਚ ਆਕੇ ਵਰਤਾਉਂਦਾ ਹੈ। ੬.(ਪਹਿਲੇ) ਗੁਰ ਸਿਖਾਂ ਨੂੰ ਦੇਕੇ (ਛਕਾ ਕੇ) ਜੋ ਬਚ ਰਹੇ ਆਪ ਛਕਦਾ ਹੈ। (ਸੱਤਵੀ ਤੇ ਅੱਠਵੀ ਤੁਕ ਵਿਖੇ ਇਸ ਨੂੰ ਗਾਡੀ ਰਾਹ ਲਿਖਦੇ ਹਨ)। ੭.ਕਲਜੁਗ ਵਿਚ ਪਰਗਾਸ ਕਰਕੇ ਗੁਰੂ ਚੇਲਾ ਤੇ ਚੇਲਾ ਗੁਰੂ ਦਾ (ਰੂਪ) ਹੋ ਜਾਂਦਾ। ੮.ਗੁਰਮੁਖ (ਗੁਰੂ ਜੀ ਦੇ ਚਲਾਏ ਹੋਏ) ਗਾਡੀ ਰਾਹ (ਪਧਰੇ ਰਾਹ)ਪੁਰ ਚਲਦਾ ਹੈ।

**ਭਾਵ**-ਆਪ ਚੌਥੀ ਪਾਤਸ਼ਾਹੀ ਜੀ ਗਉੜੀ ਰਾਗ ਵਿਖੇ ਬਚਨ ਕਰਦੇ ਹਨ:-

**"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ॥ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ**

ਜਾਪੈ ਸਭਿ ਕਿਲਵਿਖ ਪਾਪ ਦੋਖਿ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥" (ਗਉ: ਵਾਰ ੧੧)

## ੧੨. (ਗੁਰ ਆਗਯਾ ਵਿਚ ਲੀਨ)।

੧. ਓਅੰਕਾਰ ਅਕਾਰ ਜਿਸੁ ਸਤਿਗੁਰੁ ਪੁਰਖੁ ਸਿਰੰਦਾ ਸੋਈ।
੨. ਇਕ ਕਵਾਉ ਪਸਾਉ ਜਿਸ ਸਬਦ ਸੁਰਤਿ ਸਤਿਸੰਗ ਵਿਲੋਈ।
੩. ਬ੍ਰਹਮਾ ਬਿਸਨੁ ਮਹੇਸੁ ਮਿਲਿ ਦਸ ਅਵਤਾਰ ਬੀਚਾਰ ਨ ਹੋਈ।
੪. ਭੇਦ ਨ ਬੇਦ ਕਤੇਬ ਨੋ ਹਿੰਦੂ ਮੁਸਲਮਾਣ ਨ ਜਣੋਈ।
੫. ਉਤਮ ਜਨਮ ਸਕਾਰਥਾ ਚਰਣ ਸਰਣ ਸਤਿਗੁਰੁ ਵਿਰਲੋਈ।
੬. ਗੁਰ ਸਿਖ ਸੁਣਿ ਗੁਰੁ ਸਿਖ ਹੁਇ ਮੁਰਦਾ ਹੋਇ ਮੁਰੀਦ ਸੁ ਕੋਈ।
੭. ਸਤਿਗੁਰੁ ਗੋਰਿਸਤਾਨ ਸਮੋਈ ॥੧੨॥

**ਪਦਾਰਥ**-(ਗੋਰਿਸਤਾਨ ਸਮੋਈ=ਭਾਵ ਗੁਰੂ ਰੂਪ ਗੋਰ (ਕਬਰ) ਵਿਖੇ ਸਮਾਵੇ।)

**ਅਰਥ**-੧.ਓਅੰਕਾਰ ਹੀ ਜਿਸ ਦਾ ਆਕਾਰ ਹੈ (ਸੋਈ) ਸਤਿਗੁਰ ਪੁਰਖ ਰਚਨਹਾਰਾ ਹੈ। ੨.ਇਕ ਵਾਕ ਥੋਂ ਜਿਸ ਨੇ ਪਸਾਰਾ ਕੀਤਾ ਹੈ ਸਤਿਸੰਗ ਵਿਖੇ ਸ਼ਬਦ ਸੁਰਤ ਦਾ ਰਿੜਕਨਾ ਕੀਤਾ। ੩.ਬ੍ਰਹਮਾ, ਬਿਸ਼ਨੂੰ, ਮਹੇਸ਼, ਨਾਲ ਮਿਲਕੇ ਦਸ ਅਵਤਾਰਾਂ ਪਾਸੋਂ ਬੀ (ਉਸ ਓਅੰਕਾਰ ਦਾ) ਵੀਚਾਰ ਨਹੀਂ ਹੋ ਸਕਿਆ। ੪.ਨਾ ਬੇਦਾਂ ਨਾ ਕਤੇਬਾਂ, ਨਾ ਹਿੰਦੂ ਨਾ ਮੁਸਲਮਾਨ ਭੇਦ ਨੂੰ ਜਾਣਦੇ ਹਨ। ੫.(ਮਾਨੁਖ) ਜਨਮ ਸ੍ਰੇਸ਼ਟ ਹੈ (ਪਰ) ਸਫਲ (ਉਸੇ ਦਾ ਹੁੰਦਾ ਹੈ ਜੋ ਕੋਈ) ਵਿਰਲਾ ਸਤਿਗੁਰੂ ਦੇ ਚਰਣਾ ਦੀ ਸ਼ਰਣ ਆਉਂਦਾ ਹੈ। ੬.ਗੁਰੂ ਦੀ ਸਿਖਿਆ ਨੂੰ ਸੁਣਕੇ ਅਰ ਗੁਰੂ ਦਾ ਸਿੱਖ ਹੋਕੇ ਜੋ ਮੁਰੀਦ ਮੁਰਦਾ ਹੋ ਜਾਵੇ ਸੋ ਕੋਈ ਹੀ ਹੈ, (**"ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ"**) (ਗੂਜ: ਮ:੫-੨)। ੭.ਸਤਿਗੁਰੂ (ਗੁਰੂ ਨਾਨਕ ਨੂੰ) ਆਪਣੀ ਗੋਰ ਜਾਣਕੇ ਸਮਾਏ ਰਹੇ। (**ਭਾਵ**-ਅਨਿੰਨ ਭਗਤ ਹੋਕੇ ਗੁਰੂ ਚਰਣ ਵਿਖੇ ਆਪਣਾ ਘਰ ਬਣਾਕੇ ਤਦਾਕਾਰ ਹੋ ਰਹੇ)।

## ੧੩. (ਗੁਰਸਿਖ ਸਭ ਸਾਧਕਾਂ ਤੋਂ ਵਡੇ ਹਨ)।

੧. ਜਪ ਤਪ ਹਠ ਨਿਗ੍ਰਹ ਘਣੇ ਚਉਦਹ ਵਿਦਿਆ ਵੇਦ ਵਖਾਣੇ।
੨. ਸੇਖ ਨਾਗ ਸਨਕਾਦਿਕਾ ਲੋਮਸ ਅੰਤ ਅਨੰਤ ਨ ਜਾਣੇ।
੩. ਜਤੀ ਸਤੀ ਸੰਤੋਖੀਆ ਸਿਧ ਨਾਥ ਹੁਇ ਨਾਥ ਭੁਲਾਣੇ।
੪. ਪੀਰ ਪੈਕੰਬਰ ਅਉਲੀਏ ਬੁਜ਼ਰਕ ਵਾਰ ਹਜ਼ਾਰ ਹੈਰਾਣੇ।
੫. ਜੋਗ ਭੋਗ ਲਖ ਰੋਗ ਸੋਗ ਲਖ ਸੰਜੋਗ ਵਿਜੋਗ ਵਿਡਾਣੇ।
੬. ਦਸ ਨਾਉ ਸਨਿਆਸੀਆਂ ਭੰਭਲ ਭੂਸੇ ਖਾਇ ਭੁਲਾਣੇ।
੭. ਗੁਰੁ ਸਿਖ ਜੋਗੀ ਜਾਗਦੇ ਹੋਰ ਸਭੇ ਬਨਵਾਸ ਲੁਕਾਣੇ।
੮. ਸਾਧ ਸੰਗਤਿ ਮਿਲਿ ਨਾਮ ਵਖਾਣੇ ॥੧੩॥

**ਪਦਾਰਥ**-(ਭੁਲਾਣੇ=ਭੁੱਲ ਰਹੇ। ਬੁਜ਼ਰਕ ਵਾਰ=ਮਹੰਤ, ਬਜ਼ੁਰਗੀ ਵਾਲੇ। ਭੰਭਲ ਭੂਸੇ=ਡੱਕੋ ਡੋਲੇ।)

**ਪਦਾਰਥ**-੧.ਕਈ ਜਪ, ਕਈ ਤਪ ਹੀ ਹਠ ਧਾਰਕੇ ਕਰਦੇ, ਕਈ ਚੌਦਾਂ ਵਿਦਯਾਂ ਸਿੱਖਦੇ, ਕਈ ਵੇਦਾਂ

ਦਾ ਹੀ ਵ੍ਯਾਖ੍ਯਾਨ ਕਰਦੇ ਹਨ। ੨.ਸ਼ੇਖ ਨਾਗ ਸਨਕਾਦਿਕ, ਲੋਮਸ ਰਿਖੀ, ਅਨੰਤ ਦੇ ਅੰਤ ਨੂੰ ਨਹੀਂ ਜਾਣਦੇ। ੩.ਜਤੀ, ਸਤੀ, ਸੰਤੋਖੀ ਸਿਧ (ਨੌ) ਨਾਥ ਸਾਰੇ ਆਪ ਨੂੰ ('ਨਾਥ') ਸੁਆਮੀ ਮੰਨਦੇ (ਹੰਕਾਰ ਵਿਖੇ) ਭੁੱਲ ਰਹੇ ਹਨ। ੪.ਪੀਰ, ਪੈਕੰਬਰ, ਔਲੀਏ, ਮਹੰਤ ਲੋਕ ਹਜ਼ਾਰਾਂ ਹੀ ਹੈਰਾਨ ਹੋ ਰਹੇ ਹਨ। ੫.ਲੱਖਾਂ ਜੋਗ ਭੋਗ ਵਿਚ, ਲਖਾ ਰੋਗ ਸੋਗ ਵਿਚ, ਲੱਖਾਂ ਸੰਜੋਗ ਵਿਜੋਗ ਵਿਖੇ ਹੀ ('ਵਿਡਾਣੇ') ਹੱਕੇ ਬੱਕੇ ਹੋ ਰਹੇ ਹਨ। ੬.ਦਸ ਪੰਥ ਸੰਨਿਆਸੀਆਂ ਦੇ ਡਕੋ ਡੋਲੇ ਖਾਕੇ ਭੁਲੇ ਫਿਰਦੇ ਹਨ। (ਹੇ ਠਲੀਆਂ ਦੋ ਤੁਕਾਂ ਵਿਖੇ ਗੁਰ ਸਿਖਾਂ ਦੀ ਵਿਸ਼ੇਖਤਾ ਦੱਸਦੇ ਹਨ)। ੭.ਗੁਰੂ ਦੇ ਸਿੱਖ (ਗ੍ਰਿਹਸਥ ਵਿਚ ਰਹਿਕੇ ਹੀ) ਜੋਗੀ ਹਨ, ਅਰ (ਜਾਗਦੇ) ਸਾਵਧਾਨ ਹਨ, ਹੋਰ ਸਾਰੇ ਬਨਬਾਸਾਂ ਵਿਚ ਲੁਕੇ ਰਹਿੰਦੇ ਹਨ! ੮.ਜੋ ਸਾਧ ਸੰਗਤ ਵਿਖੇ ਮਿਲਦੇ ਹਨ (ਤੇ) ਨਾਮ ਦਾ ਵ੍ਯਾਖ੍ਯਾਨ ਕਰਦੇ ਹਨ, (ਇਸੇ ਕਰਕੇ ਮੁਕਤ ਹਨ ਇਤਰ ਜੀਵ ਖਨਾਂ ਵਿਖੇ ਸਹੀ ਭਟਕਦੇ ਚੌਰਾਸੀ ਭੋਗਦੇ ਹਨ)।

## ੧੪.(ਸਤਿਗੁਰੂ ਸਿਖ੍ਯਾ)।

੧. ਚੰਦ ਸੂਰੰਜ ਲਖ ਚਾਨਣੇ ਤਿਲ ਨ ਪੁਜਨਿ ਸਤਿਗੁਰੁ ਮਤੀ।
੨. ਲਖ ਪਾਤਾਲ ਅਕਾਸ ਲਖ ਉਚੀ ਨੀਵੀ ਕਿਰਣ ਨ ਰਤੀ।
੩. ਲਖ ਪਾਣੀ ਲਖ ਪਉਣ ਮਿਲਿ ਰੰਗ ਬਿਰੰਗ ਤਰੰਗਨ ਵਤੀ।
੪. ਆਦਿ ਨ ਅੰਤ ਨ ਮਧ ਪਲ ਲਖ ਪਰਲਉ ਲਖ ਲਖ ਉਤਪਤੀ।
੫. ਧੀਰਜ ਧਰਮ ਨ ਪੁਜਨੀ ਲਖ ਲਖ ਪਰਬਤ ਲਖ ਧਰਤੀ।
੬. ਲਖ ਗਿਆਨ ਧਿਆਨ ਲਖ ਤੁਲਿ ਤੁਲੀਐ ਤਿਲ ਗੁਰਮਤੀ।
੭. ਸਿਮਰਣ ਕਿਰਣ ਘਣੀਂ ਘੋਲ ਘਤੀ॥੧੪॥

**ਪਦਾਰਥ**-(ਸਤਿਗੁਰ ਮਤੀ=ਸਤਿਗੁਰੂ ਦੀ ਸਿਖਿਆ ਨੂੰ। ਕਿਰਣ ਨ ਰਤੀ=ਭਾਵ ਗੁਰ ਦ੍ਰਿਸ਼ਟੀ (ਇਕੋ ਜੇਹੀ ਹੈ। ਤਰੰਗਨ ਵਤੀ=ਤਰੰਗਾਂ ਵਾਲੇ। ਘੋਲ ਘਤੀ=ਵਾਰਨੇ ਕਰਨਾ।)

**ਅਰਥ**-੧.ਲੱਖਾਂ ਹੀ ਚੰਨ ਸੂਰਜ ਦੇ ਪਰਕਾਸ਼ ਸਤਿਗੁਰੂ ਦੀ ਸਿੱਖ੍ਯਾ ਦੇ ਇਕ ਤਿਲ ਨੂੰ ਨਹੀਂ ਪਹੁੰਚ ਸਕਦੇ, (ਕਿਉਂ ਜੋ ਉਹਨਾਂ ਚਾਨਣਿਆਂ ਦਾ ਪਰਕਾਸ਼ ਚੇਤਨ ਚਾਨਣਾ ਹੈ, ਏਹ ਚਾਨਣਾ ਜੜ੍ਹ ਹੈ)। ੨.ਲੱਖਾਂ ਪਾਤਾਲ, ਲੱਖਾਂ ਅਕਾਸ਼ਾਂ ਵਿਖੇ (ਗੁਰੂ ਕ੍ਰਿਪਾ ਦ੍ਰਿਸ਼ਟੀ ਦੀ) ਕਿਰਣ ਰਤੀ ਬੀ ਉੱਚੀ ਨੀਵੀਂ ਨਹੀਂ ਪੈਂਦੀ (ਚੰਦ ਸੂਰਜ ਦੀਆਂ ਕਿਰਣਾਂ ਵਿਚ ਉਚ ਨੀਚਤਾ ਇਹ ਹੈ ਕਿ ਨੇੜੇ ਪੈਂਦੀ, ਦੂਰ ਘਟ ਪਹੁੰਚਦੀ ਹੈ)। ੩.ਲੱਖਾਂ ('ਪਾਣੀ') ਦਰੀਆਉ, ਲਖ ਪਉਣਾਂ ਨਾਲ ਮਿਲਕੇ ਰੰਗ ਬਿਰੰਗੀ ਤਰੰਗਾਂ ਵਾਲੇ ਹੋ ਜਾਂਦੇ ਹਨ, (ਭਾਵ ਓਹ ਬੀ ਬਰਾਬਰੀ ਨਹੀਂ ਕਰ ਸਕਦੇ)। ੪.ਆਦਿ ਵਿਖੇ ਉਤਪੱਤੀ, ਅੰਤ ਵਿਖੇ ਪਰਲਉ ਅਰ ਮੱਧ ਕਾਲ ਵਿਖੇ ਜੋ ਲੱਖਾਂ ਉਤਪਤੀਆਂ ਹੋ ਰਹੀਆਂ ਹਨ। ੫.ਧੀਰਜ, ਧਰਮ, ਲੱਖਾਂ ਪਰਬਤ, ਲੱਖਾਂ ਧਰਤੀਆਂ (ਗੁਰੂ ਧੀਰਜ ਨੂੰ) ਨਹੀਂ ਪੁਜ ਸਕਦੇ। ੬.ਲਖਾਂ ਗਿਆਨ, ਲਖਾਂ ਧਿਆਨ, ਗੁਰ ਸਿੱਖ੍ਯਾ ਦੇ ਇਕ ਤਿਲ ਦੇ ਸਮਾਨ ਨਹੀਂ ਹਨ, (ਕਿਉਂਕਿ ਏਹ ਹਉਮੈਂ ਅਤੀਤ ਕਰਕੇ ਯਥਾਰਥ ਤੇ ਲੈ ਜਾਂਦੀ ਹੈ)। ੭.(ਗੁਰੂ ਜੀ ਦੀ 'ਸਿਮਰਣ') ਯਾਦਗੀਰੀ ਥੋਂ ਘਣੀਆਂ (ਚੰਦ ਸੂਰਜ ਦੀਆਂ) ਕਿਰਣਾਂ ਵਾਰਨੇ ਕਰ ਦਿੱਤੀਆਂ ਹਨ।

**ਭਾਵ**-ਕਿਉਂ ਜੋ ਚੰਦ ਸੂਰਜ ਕਿਰਣਾਂ ਦਵਾਰੇ ਪਰਕਾਸ਼ ਕਰਦੇ ਹਨ, ਗੁਰੂ ਜੀ ਸਿੱਖ ਦੇ ਰਿਦੇ ਵਿਖੇ ਸਿਮਰਣ ਦਾਨ ਕਰਕੇ ਗਿਆਨ ਦਾ ਪ੍ਰਕਾਸ਼ ਕਰਕੇ ਅਗਯਾਨ ਅੰਧਕਾਰ ਨਾਸ਼ ਕਰ ਦੇਂਦੇ ਹਨ।

## ੧੫. (ਵਿਰਲੇ ਬੰਦੇ)।

੧. ਲਖ ਦਰੀਆਉ ਕਵਾਉ ਵਿਚ ਲਖ ਲਖ ਲਹਿਰ ਤਰੰਗ ਉਠੰਦੇ।
੨. ਇਕਸ ਲਹਰ ਤਰੰਗ ਵਿਚਿ ਲਖ ਲੱਖ ਦਰੀਆਉ ਵਹੰਦੇ।
੩. ਇਕਸ ਇਕਸ ਦਰੀਆਉ ਵਿਚਿ ਲਖ ਅਵਤਾਰ ਅਕਾਰ ਫਿਰੰਦੇ।
੪. ਮਛ ਕਛ ਮਰਜੀਵੜੇ ਅਗਮ ਅਥਾਹ ਨ ਥਾਹ ਲਹੰਦੇ।
੫. ਪਰਵਦਗਾਰ ਅਪਾਰ ਹੈ ਪਾਰਾਵਾਰ ਨ ਲਹਿਰ ਤਰੰਦੇ।
੬. ਅਜਰਾਵਰ ਸਤਿਗੁਰੁ ਪੁਰਖੁ ਗੁਰਮਤਿ ਗੁਰੁ ਸਿਖ ਅਜਰ ਜਰੰਦੇ।
੭. ਕਰਨ ਬੰਦਗੀ ਵਿਰਲੇ ਬੰਦੇ॥੧੫॥

**ਪਦਾਰਥ**-(ਦਰੀਆਉ=ਸ਼ਕਤੀਆਂ। ਦਰੀਆਉ=ਬ੍ਰਹਿਮੰਡ। ਮਰਜੀਵੜੇ=ਅਵਤਾਰ।)

**ਅਰਥ**-੧.(ਅਕਾਲ ਪੁਰਖ ਦੇ 'ਕਵਾਉ') ਸਰੀਰ (ਯਾ ਵਾਕ)ਵਿਖੇ ਲੱਖਾਂ ਦਰੀਆਉ (ਸ਼ਕਤੀਆਂ) ਹਨ, (ਉਹਨਾਂ ਦਰਿਆਵਾਂ ਸ਼ਕਤੀਆਂ ਥੋਂ) ਲਖਾਂ ਲਹਿਰਾਂ ਦੇ ਤਰੰਗ ਉਠਦੇ ਹਨ। ੨.ਇਕ (ਮਾਇਆ ਦੇ) ਲਹਿਰ ਦੇ ਤਰੰਗ ਵਿਚ ਲੱਖਾਂ ਹੀ ਦਰੀਆਉ ਵਹਿੰਦੇ ਹਨ (ਲੱਖਾਂ ਬ੍ਰਹਿਮੰਡ ਬਣਦੇ ਹਨ)। ੩.ਫੇਰ ਇਕ ਇਕ ਦਰੀਆਉ (ਬ੍ਰਹਮੰਡ) ਵਿਖੇ ਲੱਖਾਂ ਅਵਤਾਰ ਆਕਾਰ ਧਾਰਕੇ ਫਿਰਦੇ ਹਨ। ੪.ਮਛ, ਕਛ ਆਦਿਕ ('ਮਰਜੀਵੜੇ') ਅਵਤਾਰ ਓਹ ਬੀ ਅਗਮ ਅਥਾਹ (ਮਨ ਬਾਣੀਓਂ ਪਰੇ ਅਕਾਲ ਪੁਰਖ ਦਾ) ਥਾਹ ਨਹੀਂ ਲੈ ਸਕਦੇ। ੫.ਪ੍ਰਵਰਦਗਾਰ (ਸਭ ਦਾ ਪਾਲਕ) ਅਪਾਰ ਹੈ, (ਉਸ ਦੀ 'ਲਹਿਰ') ਮਾਯਾ ਦਾ ਹੀ ਤਾਰੂ ਲੋਕ ਪਾਰਾਵਾਰ ਨਹੀਂ ਪਾ ਸਕਦੇ (ਜਿਸ ਵਿਖੇ ਲੱਖਾਂ ਦਰੀਆਉ ਹਨ ਉਸਦਾ ਅੰਤ ਕੌਣ ਪਾ ਸਕਦਾ ਹੈ)। ੬.ਅਜਰ ਅਤੇ ਅਵਰ (ਸ੍ਰੇਸ਼ਟ) ਸਤਿਗੁਰ (ਗੁਰ ਨਾਨਕ) ਪੁਰਖ ਦੀ ਸਿਖਿਆ ਲੈਕੇ ਗੁਰਸਿਖ ਅਜਰ (ਕਾਮਾਦਿਕ ਵਿਖਿਆ ਨੂੰ ਅਥਵਾ ਅਹੰਕਾਰ ਨੂੰ ਅਥਵਾ ਨਾ ਜਰੇ ਜਾਣ ਵਾਲੀ ਆਤਮ ਦਾਤ) ਨੂੰ ਜਰਦੇ ਹਨ, (ਭਾਵ ਆਤਮਾਂ ਦੀ ਲੱਖਤਾ ਪਾਕੇ ਬੀ ਜਣਾਉਂਦੇ ਨਹੀਂ)। ੭.(ਅਜਿਹੇ) ਬੰਦਗੀ (ਭਗਤੀ) ਕਰਨ ਹਾਰੇ ਵਿਰਲੇ ਬੰਦੇ ਹਨ (**'ਤੇਰਾ ਜਨੁ ਏਕੁ ਆਧ ਕੋਈ'**) (ਕੇਦਾ: ਕਬੀ-੧)।

## ੧੬. (ਆਦਿ ਪੁਰਖ)।

੧. ਇਕ ਕਵਾਉ ਅਮਾਉ ਜਿਸ ਕੇਵਡ ਵਡੇ ਦੀ ਵਡਿਆਈ।
੨. ਓਅੰਕਾਰ ਅਕਾਰ ਜਿਸੁ ਤਿਸੁ ਦਾ ਅੰਤੁ ਨ ਕੋਊ ਪਾਈ।
੩. ਅਧਾ ਸਾਹੁ ਅਥਾਹੁ ਜਿਸੁ ਵਡੀ ਆਰਜਾ ਗਣਤ ਨ ਆਈ।
੪. ਕੁਦਰਤਿ ਕੀਮ ਨ ਜਾਣੀਐ ਕਾਦਰੁ ਅਲਖੁ ਨ ਲਖਿਆ ਜਾਈ।
੫. ਦਾਤ ਨ ਕੀਮ ਨ ਰਾਤਿ ਦਿਹੁ ਬੇਸੁਮਾਰ ਦਾਤਾਰ ਖੁਦਾਈ।
੬. ਅਬਿਗਤੰ ਗਤਿ ਅਨਾਥ ਨਾਥ ਅਕਥ ਕਥਾ ਨੇਤਿ ਨੇਤਿ ਅਲਾਈ।
੭. ਆਦਿ ਪੁਰਖੁ ਆਦੇਸੁ ਕਰਾਈ॥੧੬॥

**ਪਦਾਰਥ**-(ਅਮਾਉ=ਜੋ ਮਿਣਿਆਂ ਨਾ ਜਾਏ। ਖੁਦਾਈ=ਪਾਤਸ਼ਾਹੀ। ਅਬਿਗਤ=ਜੋ ਨਾਸ਼ ਨਾ ਹੋਵੇ।

**ਅਰਥ**-੧.ਜਿਸ ਦਾ ਇਕ ਵਾਕ ਹੀ ਮਿਣਿਆਂ ਨਹੀਂ ਜਾਂਦਾ,ਉਸ ਵੱਡੇ ਦੀ ਵਡਿਆਈ ਕੇਡੀ ਕੁ ਵੱਡੀ (ਆਖੀਏ)।੨.'ਓਅੰਕਾਰ' ਜਿਸ ਦਾ ਰੂਪ ਹੈ ਉਸਦਾ ਕੋਈ ਅੰਤ ਨਹੀਂ ਪਾਂਵਦਾ। ੩.ਜਿਸਦਾ ਅੱਧਾ ਸਾਹ ਅਥਾਹ ਹੈ(**"ਹਰਨ ਭਰਨ ਜਾਕਾ ਨੇਤ੍ਰ ਫੇਰੁ"**) (ਸੁਖਮਨੀ) ਉਸ ਦੀ ਵੱਡੀ ਆਰਜਾ ਦੀ ਗਿਣਤੀ

ਨਹੀਂ ਆ ਸਕਦੀ (ਅਰਥਾਤ ਕੂੜੀ ਆਰਜਾ ਵਾਲੇ ਉਸਦੀ ਕੀ ਗਿਣਤੀ ਕਰ ਸਕਦੇ ਹਨ)। ੪.(ਉਸਦੀ 'ਕੁਦਰਤ') ਰਚਨਾਂ ਦੀ ਕੀਮਤ ਨਹੀਂ ਜਾਣੀਦੀ, ਕਾਦਰ (ਆਪ ਕਿੰਨਾ ਵਧੀਕ) ਅਲੱਖ ਹੈ ਲਖਿਆ ਨਹੀਂ ਜਾ ਸਕਦਾ। ੫.ਦਿਨ ਬਣਾਕੇ ਰਾਤ ਦੀ ਦਾਤ ਦਿੱਤੀ ਹੈ, (ਜਿਸਦਾ ਕੋਈ) ਮੁੱਲ ਨਹੀਂ (ਪਾ ਸਕਦਾ, ਗੱਲ ਕੀ) ਉਸ ਦਾਤਾਰ ਦੀ ('ਖੁਦਾਈ') ਪਾਤਸ਼ਾਹੀ ਬੇਸੁਮਾਰ ਹੈ ("**ਜਿਨਿ ਦਿਨੁ ਕਰਿਕੈ ਕੀਤੀ ਰਾਤ॥ ਖਸਮੁ ਵਿਸਾਰਹਿ ਤੇ ਕਮਜਾਤਿ॥**") (ਆਸਾ: ਮ:੧-੨) ੬.ਉਸਦੀ ਅਬਿਗਤ ਗਤੀ ਹੈ, ਅਨਾਥਾਂ ਦਾ ਨਾਥ, ਕਥਾ ਉਸ ਦੀ ਅਕੱਥ (ਸਾਰੇ) ਨੇਤਿ ਨੇਤਿ ਆਖਦੇ ਹਨ। ੭.ਆਦਿ ਪੁਰਖ ਨੂੰ ('ਆਦੇਸ') ਨਮਸਕਾਰ ਕਰਦਾ ਹੈ।

## ੧੭. (ਕਰਮ ਨਿਖੇਧ)।

੧. ਸਿਰ ਕਲਵਤ ਲੈ ਲਖ ਵਾਰ ਹੋਮੇ ਕਟਿ ਕਟਿ ਤਿਲ ਤਿਲ ਦੇਹੀ।
੨. ਗਲੈ ਹਿਮਾਚਲ ਲਖ ਵਾਰਿ ਕਰੈ ਉਰਧ ਤਪ ਜੁਗਤਿ ਸਨੇਹੀ।
੩. ਜਲ ਤਪ ਸਾਧੇ ਅਗਨਿ ਤਪ ਅਰਧ ਤਾਪ ਕਰਿ ਹੋਇ ਵਿਦੇਹੀ।
੪. ਵਰਤ ਨੇਮ ਸੰਜਮ ਘਣੇ ਦੇਵੀ ਦੇਵ ਅਸਥਾਨ ਭਵੇਹੀ।
੫. ਪੁੰਨ ਦਾਨ ਚੰਗਿਆਈਆਂ ਸਿਧਾਸਣ ਸਿੰਘਾਸਣਿ ਬੇਹੀ।
੬. ਨਿਵਲੀ ਕਰਮ ਭੁਇਅੰਗਮਾ ਪੂਰਕ ਕੁੰਭਕ ਰੇਚ ਕਰੇਹੀ।
੭. ਗੁਰਮੁਖਿ ਸੁਖਫਲ ਸਰਸ ਨ ਸਭੇਹੀ॥੧੭॥

**ਪਦਾਰਥ**-(ਜੁਗਤਿ ਸਨੇਹੀ=ਇਸ ਰੀਤੀ ਵਿਚ ਪ੍ਰੇਮ ਰਖੇ। ਰੇਚ ਕਰੇਹੀ=ਰੇਚਕ ਕਰੇ।

**ਅਰਥ**-੧.ਸਿਰ ਪੁਰ ਕਲਵੱਤ੍ਰ ਭਾਵੇਂ ਲਖ ਵਾਰ ਲਵੇ ਤੇ ਦੇਹੀ ਨੂੰ ਰਤਾ ਰਤਾ ਕਟਾਕੇ ਹਵਨ ਕਰੇ। ੨.ਹਿਮਾਲਾ ਪਹਾੜ ਵਿਖੇ ਜਾਕੇ ਲਖ ਵਾਰ ਗਲੇ, ਬਾਹਾਂ ਉੱਚੀਆਂ ਕਰਕੇ ਊਰਧ ਤਪ ਦੀ ਜੁਗਤ ਵਿਖੇ ('ਸਨੇਹੀ') ਪ੍ਰੇਮ ਰਖੇ। ੩.(ਸਰਦੀ ਵਿਖੇ) ਜਲ ਧਾਰਾ ਲਵੇ, ਗਰਮੀ ਵਿਖੇ (ਪੰਜ ਧੂਣੀਆਂ) ਅਗਨ ਤਪੇ ਵਿਦੇਹੀ (ਅਰਥਾਤ ਜਨਕ ਦਾ ਰੂਪ ਹੋਕੇ) ਅਰਧ ਤਪ ਕਰੇ (ਇਕ ਹੱਥ ਇਸਤ੍ਰੀ ਦੇ ਕੁਚਾਂ (ਥਣਾਂ) ਪਰ ਦੂਜਾ ਅਗਨੀ ਵਿਚ ਪਾਵੇ)। ੪.ਕਈ ਬਰਤ ਨੇਮਾਦਿ ਕਰੇ, ਕਈ ਦੇਵੀਆਂ ਅਰ ਦੇਵਤਿਆਂ ਦੇ ਮੰਦਰਾਂ ਦੀਆਂ ਯਾਤਰਾਂ ਕਰੇ। ੫.ਪੁੰਨ ਦਾਨ ਦੀਆਂ ਨੇਕੀਆਂ ਕਰੇ, ਸਿਧਾਂ ਵਾਲੇ ਆਸਣ, ਬੀਰਾਸਣ ਕਰੇ, ('ਬੇਹੀ') ਲਿੰਗ ਵਿਖੇ ਛੇਕ ਕਰ ਕੜਾ ਮਾਰੇ (ਅਥਵਾ ਬੀਰਾਸਣ ਮਾਰ ਕਰ ਬੈਠੇ)। ੬.ਨਾਤੀ ਧੋਤੀ ਕਰੇ, ਭੁਯੰਗ ਨਾੜੀ ਦਵਾਰਾ ਪ੍ਰਾਣਾਯਾਮ ਕਰੇ, ਪੂਰਕ ਕੁੰਭਕ ਰੇਚਕਾਦਿ ਕਰਮ ਕਰੇ। (ਸੱਤਵੀਂ ਤੁਕ ਵਿਖੇ ਨਿਚੋੜ ਦੱਸਦੇ ਹਨ)। ੭.ਗੁਰਮੁਖਾਂ ਦੇ ਸੁਖ ਫਲ ਦੇ ਬਰਾਬਰ ਸਾਰੇ ਨਹੀਂ ਪੁਜਦੇ।

## ੧੮. (ਸੁਖ ਫਲ ਵਿਸ਼ੇਖਤਾ)।

੧. ਸਹਸ ਸਿਆਣੇ ਸਾਪੁਰਸ ਸਹਸ ਸਿਆਣਪ ਲਇਆ ਨ ਜਾਈ।
੨. ਸਹਸ ਸੁਘੜ ਸੁਘੜਾਈਆਂ ਤੁਲੁ ਨ ਸਹਸ ਚਤੁਰ ਚਤੁਰਾਈ।
੩. ਲਖ ਹਕੀਮ ਲਖ ਹਿਕਮਤੀ ਦੁਨੀਆਂਦਾਰ ਵਡੇ ਦੁਨਿਆਈ।
੪. ਲਖ ਸਾਹ ਪਤਿਸਾਹ ਲਖ ਲਖ ਵਜ਼ੀਰ ਨ ਮਸਲਤ ਕਾਈ।
੫. ਜਤੀ ਸਤੀ ਸੰਤੋਖੀਆ ਸਿਧ ਨਾਥ ਮਿਲਿ ਹਾਥ ਨ ਪਾਈ।
੬. ਚਾਰ ਵਰਨ ਚਾਰ ਮਜਹਬਾ ਛਿਅ ਦਰਸਨ ਨਹਿ ਅਲਖ ਲਖਾਈ।
੭. ਗੁਰਮੁਖਿ ਸੁਖਫਲ ਵਡੀ ਵਡਿਆਈ॥੧੮॥

**ਪਦਾਰਥ**-(ਸਾਪੁਰਸ=ਉੱਦਮ। ਸੁਘੜਾਈਆਂ=ਕਾਰੀਗਰੀਆਂ। ਦੁਨਿਆਈ=ਮਾਲਦਾਰ।)

**ਅਰਥ**-੧.ਹਜ਼ਾਰਾਂ ਸਿਆਣਿਆਂ ਦੇ ਉੱਦਮ ਅਰ ਹਜ਼ਾਰਾਂ ਸਿਆਣਪਾਂ ਨਾਲ ਲੀਤਾ ਨਹੀਂ ਜਾਂਦਾ। ੨.ਹਜ਼ਾਰਾਂ('ਸੁਘੜਾਂ') ਕਾਰੀਗਰਾਂ ਦੀਆਂ ਕਾਰੀਗਰੀਆਂ ਅਰ ਹਜ਼ਾਰਾਂ ਚਾਤੁਰਾਂ ਦੀਆਂ ਚਤੁਰਾਈਆਂ ਉਸ ਦੇ ਬਰਾਬਰ ਨਹੀਂ ਹਨ। ੩.ਲੱਖਾਂ ਹਕੀਮ ਲੱਖਾਂ ਹਿਕਮਤਾਂ ਕਰਦੇ ਹਨ। ਮਾਯਾਵੀ ਲੋਕ ਵਡੇ ਮਾਲਦਾਰ ਹਨ। ੪.ਲੱਖਾ ਸ਼ਾਹ, ਲੱਖਾਂ ਪਾਤਸ਼ਾਹ, ਲੱਖਾਂ ਵਜ਼ੀਰਾਂ ਦੀ ('ਮਸਲਤ') ਸਲਾਹ ਕੁਝ ਨਹੀਂ ਚਲਦੀ। ੫.ਜਤੀ ਸਤੀ ਆਦਿਕ ਸਿਧ ਨਾਥ ਮਿਲਕੇ ਹਥ ਪਾਉਣ ਤਾਂ ਪੈ ਨਹੀ ਸਕਦਾ ੬.ਚਾਰੇ ਵਰਣ ਹਿੰਦੂਆਂ ਦੇ, ਮੁਸਲਮਾਨੀ ਚਾਰੇ ਮਜ਼ਹਬ, ਛੀ ਦਰਸ਼ਨ, ਅਲੱਖ ਨੂੰ ਨਹੀਂ ਲਖਦੇ ੭.ਗੁਰਮੁਖਾਂ ਦੇ ਸੁਖ ਫਲ (ਸਰੂਪਾਨੰਦ ਦੀ) ਵੱਡੀ ਵਡਿਆਈ ਹੈ।

## ੧੯. (ਪੀਰ ਮੁਰੀਦੀ)।

੧. ਪੀਰ ਮੁਰੀਦੀ ਗਾਖੜੀ ਪੀਰਾਂ ਪੀਰੁ ਗੁਰਾਂ ਗੁਰੁ ਜਾਣੈ।
੨. ਸਤਿਗੁਰੁ ਦਾ ਉਪਦੇਸ਼ ਲੈ ਵੀਹ ਇਕੀਹ ਉਲੰਘਿ ਸਿਵਾਣੈ।
੩. ਮੁਰਦਾ ਹੋਇ ਮੁਰੀਦ ਸੋ ਗੁਰੁ ਸਿਖ ਜਾਇ ਸਮਾਇ ਬਬਾਣੈ।
੪. ਪੈਰੀਂ ਪੈ ਪਾਖ਼ਾਕ ਹੋਇ ਤਿਸੁ ਪਾਖ਼ਾਕ ਪਾਕੁ ਪਤੀਆਣੈ।
੫. ਗੁਰਮੁਖ ਪੰਥ ਅਗੰਮੁ ਹੈ ਮਰਿ ਮਰਿ ਜੀਵੈ ਜਾਇ ਪਛਾਣੈ।
੬. ਗੁਰੁ ਉਪਦੇਸ ਆਵੇਸੁ ਕਰਿ ਕੀੜੀ ਭ੍ਰਿੰਗੀ ਵਾਂਗ ਵਖਾਣੈ।
੭. ਅਕਥ ਕਥਾ ਕਉਣ ਆਖਿ ਵਖਾਵੈ ॥੧੯॥

**ਪਦਾਰਥ**-(ਪੀਰ ਮੁਰੀਦੀ=ਪੀਰ ਦੀ ਸ਼ਾਗਿਰਦੀ। ਗਾਖੜੀ=ਕਠਨ। ਬਬਾਣੈ=ਬਾਬੇ ਦੀ ਵੰਸ਼ ਹੋਏ।)

**ਅਰਥ**-੧.(ਪੀਰ) ਗੁਰੂ ਦੀ ਸ਼ਾਗਿਰਦੀ ਕਠਨ ਹੈ, ਇਸ ਨੂੰ ਪੀਰਾਂ ਦਾ ਪੀਰ ਅਰ ਗੁਰੂਆਂ ਦਾ ਗੁਰੂ ਹੀ ਜਾਣਦਾ ਹੈ। ੨.ਸਤਿਗੁਰੂ (ਗੁਰ ਨਾਨਕ ਜੀ) ਦਾ ਉਪਦੇਸ਼ ਲੈਕੇ ਵੀਹਾਂ ਦੀ ਗਿਣਤੀ ਤੋਂ ਲੰਘਕੇ 'ਇਕੀਹ' (ਇਕ ਆਤਮਾਂ) ਦੀ (ਹੀ ਸਮਾਧੀ) ਨੂੰ ਸਿਵਾਣੈ (ਧੁਨੀ ਗੁਰੂ ਅੰਗਦ ਜੀ ਵਲ ਕੱਢਦੇ ਹਨ)। ੩.ਮੁਰਦਾ ਹੋਕੇ ਮੁਰੀਦ ਬਣੇ ਅਰ ਉਹ ਗੁਰ ਸਿਖ ਹੋਕੇ ਬਬਾਣੇ (ਅਰਥਾਤ ਬਾਬੇ ਨਾਨਕ ਦੀ ਪੀਹੜੀ) ਵਿਖੇ ਸਮਾਣੇ (ਗੁਰੁ ਗੋਰ ਵਿਚ ਵੱਸੇ)। ੪.(ਗੁਰੁ ਦੀ) ਪੈਰੀਂ ਪੈ ਚਰਣਾਂ ਦੀ ਖ਼ਾਕ ਹੋਕੇ ਡਿੱਗੇ (ਫਲ ਇਹ ਕਿ) ਤਿਸ (ਗੁਰੂ ਅੰਗਦ ਦੀ) ਚਰਣ ਧੂੜ ਤੋਂ ਪਵਿਤ੍ਰ ਲੋਕ ਪਤੀਜੇ (ਭਾਵ ਉਨ੍ਹਾਂ ਦੀ ਬੀ ਕਲਜਾਨ ਹੋਈ)। ੫.(ਇਸ ਲਈ) ਗੁਰਮੁਖਾਂ ਦਾ ਪੰਥ ਅਗੰਮ ਹੈ, ਇਥੇ ਮਰ ਮਰਕੇ (ਅਰਥਾਤ ਹੰਕਾਰ ਭਾਵ ਤੋਂ ਮਰ ਕੇ ਆਤਮ ਜੀਵਨ) ਜੀਵੇ ਫੇਰ ਜਗ੍ਯਾ ਨੂੰ ਪਛਾਣਦਾ ਹੈ। ੬.ਗੁਰੂ ਦੇ ਉਪਦੇਸ਼ ਵਿਖੇ ਘਰ ਕਰਕੇ ਭ੍ਰਿੰਗੀ ਨਾਮੇ ਕੀੜੇ ਵਾਂਗੂੰ ਅਚਰਜ ਦੱਸਦਾ ਹੈ, (ਭਾਵ ਭ੍ਰਿੰਗੀ ਦਾ ਹੀ ਰੂਪ ਹੋ ਜਾਂਦਾ ਹੈ)। ੭.ਅਕਥ ਕਥਾ ਹੈ ਕੌਣ ਕਹਿ ਸਕੇ? (ਜਿਸ ਨੇ ਮੁਰੀਦੀ ਕੀਤੀ ਹੈ ਉਸ ਦਾ ਆਨੰਦ ਅਤੇ ਫਲ ਇਕ ਓਹੀ ਜਾਣਦਾ ਹੈ)।

## ੨੦. (ਸੁਖ ਫਲ)।

੧. ਚਾਰ ਵਰਨ ਮਿਲਿ ਸਾਧ ਸੰਗ ਚਾਰ ਚਵੱਕਾ ਸੋਲਹਿ ਜਾਣੈ।
੨. ਪੰਜ ਸਬਦ ਗੁਰ ਸਬਦ ਲਿਵ ਪੰਜੂ ਪੰਜੇ ਪੰਜੀਹ ਲਾਣੈ।
੩. ਛਿਅ ਦਰਸਣ ਇਕ ਦਰਸਣੋ ਛਿਅ ਛਕੇ ਛਤੀਹ ਸਮਾਣੈ।

੪. ਸਤ ਦੀਪ ਇਕ ਦੀਪਕੋ ਸਤ ਸਤੇ ਉਣਵੰਜਹਿ ਭਾਣੈ।
੫. ਅਸਟ ਧਾਤ ਇਕੁ ਧਾਤ ਕਰਿ ਅਠੂ ਅਠੇ ਚਉਹਠ ਮਾਣੇ।
੬. ਨਉ ਨਾਥ ਇਕ ਨਾਥ ਹੈ ਨਉ ਨਾਏ ਏਕਾਸੀਹ ਦਾਣੈ।
੭. ਦਸ ਦੁਆਰ ਨਿਰਧਾਰ ਕਰਿ ਦਾਹੋ ਦਾਹੇ ਸਉ ਪਰਵਾਣੈ।
੮. ਗੁਰਮੁਖਿ ਸੁਖਫਲ ਚੋਜ ਵਿਡਾਣੈ॥੨੦॥

**ਪਦਾਰਥ**-(ਸੋਲਹਿ=ਸੋਲਾਂ ਕਲਾਂ=੧੦ ਇੰਦ੍ਰੀਆਂ, ੫ ਪ੍ਰਾਣ ਤੇ ੧ ਅੰਤਹਕਰਣ। (ਪੰਜੀਹ=੨੫ ਪਰਕਿਰਤਾਂ। ਲਾਣੈ=ਜਿਤੀਆਂ। ਛਤੀਹ=੩੬ ਆਸਣ ਜਾਂ (੩੬ ਪਖੰਡ ਜਿੱਤ ਲੀਤੇ। ਉਣਵੰਜਹਿ=ਉਣੰਜਾ ਪਉਣਾਂ ਹੁਕਮ ਵਿਚ।)

**ਅਰਥ**-੧.ਚਾਰੇ ਵਰਣ (ਖੱਤ੍ਰੀ ਬਾਹਮਣਾਦਿਕ) ਸਾਧ ਸੰਗਤ ਨਾਲ ਮਿਲਦੇ ਹੀ ਚਾਰ ਗੁਣਾਂ ਹੋਕੇ ੧੬ ਕਲਾਂ ਸਪੰਨ ਜਾਣੇ ਗਏ ਹਨ, (ਭਾਵ ਚੰਦ੍ਰਮਾਂ ਘਟਦਾ ਵਧਦਾ ਹੈ ਓਹ ਇਕ ਰਸ ਰਹਿੰਦੇ ਹਨ, ਅਥਵਾ ੧੦ ਇੰਦ੍ਰੀਆਂ ੫ ਪ੍ਰਾਣ ੧ ਮਨ ਜਿੱਤ ਲੀਤਾ ਹੈ)। ੨.ਪੰਜ ਸ਼ਬਦ (ਦੀ ਥਾਂ) ਗੁਰੂ ਦੇ ਸ਼ਬਦ ਵਿਖੇ ਜੋ ਲਿਵ ਲਾਉਂਦੇ ਹਨ, ਓਹ ਪੰਜ ਗੁਣਾਂ (ਅਰਥਾਤ ਪੰਝੀ ਪਰਕਿਰਤਾਂ) ਵਾਲੇ ਸਰੀਰ ਨੂੰ ('ਲਾਣੈ') ਜਿੱਤ ਲੈਂਦੇ ਹਨ। ੩.ਛੀ ਦਰਸ਼ਨਾਂ ਦਾ ਜੋ ਇਕ ਦਰਸ਼ਨ (ਗੁਰੂ ਦੇ ਸਿਖ) ਹੋਏ, ਛੀ ਗੁਣਾਂ (ਅਰਥਾਤ) ਛੱਤੀ ਆਸਣ ਅਥਵਾ ਛੱਤੀ ਪਖੰਡ (ਜਿੱਤ ਲਏ ਹਨ)। ੪.ਸੱਤਾਂ ਦੀਪਾਂ ਵਿਖੇ ਜੋ ਇਕ ਦੀਪਕ (ਅਕਾਲ ਪੁਰਖ ਦੀ ਜੋਤ) ਸਮਝਦੇ ਹਨ, ਸਤ ਸਾਤੇ ਉਣੰਜਾ (ਪੌਣਾਂ ਉਨ੍ਹਾਂ ਦੇ 'ਭਾਣੈ') ਹੁਕਮ ਵਿਖੇ ਚਲਦੀਆਂ ਹਨ। ੫.ਅੱਠਾਂ ਧਾਤਾਂ ਦੀ ਜਿਸ ਨੇ ਇਕ ਧਾਤ ਕੀਤੀ ਹੈ, (ਅਰਥਾਤ ਗੁਰੂ ਨਾਲ ਮਿਲਕੇ ਪਾਰਸ ਹੋਇਆ ਹੈ) ਉਹ ਅੱਠੂ ਆਠੇ ਚੌਂਸਠ ਵਿਦਯਾ (ਦੇ ਆਨੰਦ) ਨੂੰ ਮਾਣਦਾ ਹੈ, ੬.ਨਉਂ ਨਾਥਾਂ ਦਾ ਇਕੋ ਨਾਥ (ਅਕਾਲ ਪੁਰਖ ਨੂੰ) ਜੋ ਮੰਨਦਾ ਹੈ, (ਉਹ) ਨਉਂ ਨਾਏਂ ਇਕਾਸੀ (ਖੰਡਾਂ ਦਾ) ਨਾਥ (ਬਣਦਾ) ਹੈ (ਭਾਵ ਨਵਾਂ ਖੰਡਾਂ ਦੀ ਕੀ ਗਿਣਤੀ ਹੈ ਇਕਾਸੀ (ਖੰਡਾਂ ਦਾ ਸ੍ਵਾਮੀ ਹੁੰਦਾ ਹੈ, ਬਾਜੇ ਗਜਾਨੀ 'ਇਕ' ਦੀ 'ਆਸਾ' ਅਰਥ ਕਰਦੇ ਹਨ, ਪਰੰਤੂ ਪ੍ਰਸੰਗਿਕ ਨਹੀਂ ਹੈ)। ੭.ਦਸ ਇੰਦ੍ਰੀਆਂ (ਜਿਸ ਨੇ ਨਿਰਧਾਰ) ਵੱਸ ਕਰ ਲੀਤੀਆਂ ਹਨ, ਓਹ ਪੂਰੇ ਦਾਹੂ ਦਾਹੇ ਸੌ ਦੀ ਗਿਣਤੀ ਵਿਖੇ ਆਏ ਹਨ, (ਭਾਵ ਪੂਰਣ ਜੋਗੀਸ਼ਰ ਗਿਣੇ ਗਏ ਹਨ। ਅੱਠਵੀਂ ਤੁਕ ਵਿਖੇ ਸੁਖ ਫਲ ਦੀ ਵਿਸ਼ੇਖਤਾ ਕਹਿੰਦੇ ਹਨ)। ੮.ਗੁਰਮੁਖਾਂ ਦੇ ਸੁਖ ਫਲ ਦਾ ('ਚੋਜ') ਕੌਤਕ ('ਵਿਡਾਣੈ') ਅਚਰਜ ਰੂਪ ਹੈ। (ਸੁਖ ਫਲ ਦੇ ਆਨੰਦ ਨੂੰ ਗੁਰਮੁਖ ਹੀ ਜਾਣਦੇ ਹਨ, ਕੋਈ ਗੇਣਤੀ ਉਨ੍ਹਾਂ ਨੂੰ ਨਹੀਂ ਪੁੱਜਦੀ)।

## ੨੧. (ਸਤਿਗੁਰ ਮਹਿਮਾਂ)।

੧. ਸੌ ਵਿਚ ਵਰਤੇ ਸਿਖ ਸੰਤ ਇਕੋਤਰ ਸੌ ਸਤਿਗੁਰ ਅਬਿਨਾਸੀ।
੨. ਸਦਾ ਸਦੀਵ ਦੀਬਾਣ ਜਿਸ ਅਸਥਿਰ ਸਦਾ ਨ ਆਵੈ ਜਾਸੀ।
੩. ਇਕ ਮਨ ਜਿਨ੍ਹੈਂ ਧਿਆਇਆ ਕਾਟੀ ਗਲਹੁ ਤਿਸੈ ਜਮ ਫਾਸੀ।
੪. ਇਕੋ ਇਕ ਵਰਤਦਾ ਸਬਦ ਸੁਰਤਿ ਸਤਿਗੁਰੂ ਜਣਾਸੀ।
੫. ਬਿਨ ਦਰਸਨੁ ਗੁਰੁ ਮੂਰਤੋਂ ਭ੍ਰਮਤਿ ਫਿਰੇ ਲਖ ਜੂਨ ਚਉਰਸੀ।
੬. ਬਿਨ ਦੀਖਿਆ ਗੁਰਦੇਵ ਦੀ ਮਰਿ ਜਨਮੇ ਵਿਚਿ ਨਰਕ ਪਵਾਸੀ।
੭. ਨਿਰਗੁਣ ਸਰਗੁਣ ਸਤਿਗੁਰੂ ਵਿਰਲਾ ਕੋਸ ਗੁਰ ਸਬਦ ਸਮਾਸੀ।

੮. ਬਿਨ ਗੁਰੂ ਓਟ ਨ ਹੋਰੁ ਕੋ ਸਚੀ ਓਟ ਨ ਕਦੇ ਬਿਨਾਸੀ।
੯. ਗੁਰਾਂ ਗੁਰੂ ਸਤਿਗੁਰੁ ਪੁਰਖੁ ਆਦਿ ਅੰਤ ਥਿਰੁ ਗੁਰੂ ਰਹਾਸੀ।
੧੦.ਕੋ ਵਿਰਲਾ ਗੁਰਮੁਖਿ ਸਹਜ ਸਮਾਸੀ॥੨੧॥

**ਪਦਾਰਥ**-(ਸੌ ਵਿਚ ਵਰਤੇ=ਲੇਖੇ ਵਿਚ ਪੂਰੇ ਵਰਤਦੇ ਹਨ।)

**ਅਰਥ**-੧.ਸਿਖ ਸੰਤ ਸਾਰੇ ਸੌ ਵਿਖੇ ਵਰਤਦੇ ਹਨ, ਪਰੰਤੂ ਸਤਿਗੁਰੂ (ਗੁਰ ਨਾਨਕ) ਜੀ (ਅਬਿਨਾਸੀ) ਸਦਾ ਅਟੱਲ ਹੋਣ ਕਰਕੇ ਇਕ ਉੱਪਰ ਸੌ (ਅਰਥਾਤ ਇਕੋਤਰ ਸੌ) ਕਹੀਦੇ ਹਨ। (ਅੱਗੇ ਇਸ ਦਾ ਵਿਸਥਾਰ ਕਰਦੇ ਹਨ)। ੨.ਸਦਾ ਸਦਾ ਜਿਸ ਦਾ 'ਦੀਵਾਨ' (ਸਤਿਸੰਗ)ਹੈ (ਆਪ ਬੀ) ਸਦਾ ਸਥਿਰ, ਆਉਣ ਜਾਣੋਂ ਰਹਤ (ਆਕਾਸ਼ ਵਤ ਪੂਰਣ) ਹਨ। ੩.ਇਕਾਗਰ ਮਨ ਕਰਕੇ ਜਿਸ ਨੇ ਸਤਿਗੁਰੂ ਨੂੰ ਧਿਆਇਆ ਉਸ ਦੇ ਗਲੋਂ ਜਮ ਨੇ ਫਾਂਸੀ ਕੱਟ ਦਿਤੀ ਹੈ। ੪.ਇਕੋ ਆਤਮਾਂ ਹੀ ਸਾਰੇ ਵਰਤਦਾ ਹੈ, ਸਤਿਗੁਰੂ ਦੇ ਸ਼ਬਦ ਦੀ ਸੁਰਤ ਇਹ ਗਿਆਨ ਕਰਾਵੇਗਾ। ੫.ਗੁਰੂ ਦੀ ਮੂਰਤ ਦੇ ਦਰਸ਼ਨੋਂ ਬਾਹਰਾ ਹੈ, ਚੌਰਾਸੀ ਲਖ ਜੂਨੀਆਂ ਵਿਖੇ ਭਟਕਦਾ ਫਿਰਦਾ ਹੈ। ੬.ਗੁਰਦੇਵ ਦੀ ('ਦੀਖਿਆ') ਸਿਖਯਾ ਤੋਂ ਬਾਝ ਮਰਣ ਜਨਮ ਦੇ ਨਰਕ ਵਿਖੇ ਪਵੇਗਾ। ੭.ਨਿਰਗੁਣ ਅਤੇ ਸਰਗੁਣ ਰੂਪ ਸਤਿਗੁਰੂ ਨੂੰ ਹੀ ਜਾਣਕੇ ਕੋਈ ਵਿਰਲਾ ਗੁਰ ਸ਼ਬਦ ਵਿਖੇ ਸਮਾਏਗਾ। ੮.ਬਿਨਾਂ ਗੁਰੂ ਦੇ ਹੋਰ ਕੋਈ ਓਟ ਨਹੀਂ ਹੈ, (ਇਹੋ ਸੱਚੀ ਓਟ ਹੈ) ਸੱਚੀ ਓਟ ਕਦੇ ਬਿਨਾਸੀ ਨਹੀਂ। ੯.ਗੁਰੂ ਦਾ ਗੁਰੂ ਸਤਿਗੁਰੂ ਪੁਰਖ ਹੈ, ਆਦਿ ਅੰਤ ਵਿਚ ਥਿਰ ਗੁਰੂ ਰਹੇਗਾ। ੧੦.ਕੋਈ ਵਿਰਲਾ (ਜੋ) ਗੁਰਮੁਖ ਹੋਊ ਸੋ ਸਹਜ ਵਿਚ ਸਮਾਏਗਾ।

**ਭਾਵ**-ਇਸ ਵਾਰ ਤੇ ਇਸ ਤੋਂ ਪਹਿਲੀ ਵਿਚ ਇਸ ਬਾਤ ਦੇ ਇਸ਼ਾਰੇ ਆਏ ਹਨ ਕਿ ਗੁਰੂ ਨਾਨਕ ਗੁਰਾਂ ਗੁਰੂ ਸੇ ਅਰ ਸਨਾਤਨ ਤੇ ਗੁਰੂ ਸੇ; ਪ੍ਰਤੀਤ ਦੇਂਦਾ ਹੈ, 'ਇਕ ਪਰਮੇਸੁਰ ਇਕ ਗੁਰੂ ਦਾ ਜੋ ਹੁਕਮ ਹੈ ਸੋ ਇਉਂ ਹੈ ਕਿ ਗੁਰੂ ਜੀ ਹੀ ਗੁਰੂ ਸੇ, ਹੋਰ ਗੁਰੂ ਪਦ ਕਿਸੇ ਵਿਚ ਨਹੀਂ ਘਟਦਾ। ਅਵਤਾਰਾਂ ਨੂੰ ਬੀ ਗੁਰੂ ਕਰਨੇ ਪਏ, ਓਹ ਗੁਰੂ ਕਾਇਮ ਮੁਕਾਮ ਗੁਰੂ ਸੇ, ਜੋ ਗੁਰ ਅਵਤਾਰ ਦੇ ਪ੍ਰਗਟ ਹੋਣ ਤੋਂ ਪਹਿਲਾਂ ਕਾਇਮ ਮੁਕਾਮੀ ਕੰਮ ਕਰਦੇ ਰਹੇ ਸੇ, ਉਨ੍ਹਾਂ ਸਭਨਾਂ ਦੇ ਗੁਰੂ ਬੀ ਗੁਰੂ ਨਾਨਕ ਹੀ ਸੇ, ਇਸ ਲਈ ਗੁਰਾਂ ਦਾ ਖਿਤਾਬ ਇਨ੍ਹਾਂ ਨੂੰ ਹੈ।

## ੨੨. (ਮੂਲ ਵਰਣਨ)।

੧. ਧਿਆਨ ਮੂਲ ਮੂਰਤ ਗੁਰੁ ਪੂਜ ਮੂਲ ਗੁਰੁ ਚਰਣ ਪੁਜਾਏ।
੨. ਮੰਤ੍ਰ ਮੂਲ ਗੁਰਵਾਕ ਹੇ ਸਚੁ ਸਬਦੁ ਸਤਿਗੁਰੂ ਸੁਣਾਏ।
੩. ਚਰਣੋਦਕ ਪਵਿਤ੍ਰ ਹੈ ਚਰਣ ਕਮਲ ਗੁਰੁ ਸਿਖ ਧੁਆਏ।
੪. ਚਰਣਾਂਮ੍ਰਿਤ ਕਸਮਲ ਕਟੇ ਗੁਰੁ ਧੂਰੀ ਬੁਰੇ ਲੇਖ ਮਿਟਾਏ।
੫. ਸਤਿਨਾਮੁ ਕਰਤਾ ਪੁਰਖੁ ਵਾਹਿਗੁਰੂ ਵਿਚਿ ਰਿਦੈ ਸਮਾਏ।
੬. ਬਾਰਹ ਤਿਲਕ ਮਿਟਾਇ ਕਰਿ ਗੁਰਮੁਖ ਤਿਲਕ ਨੀਸਾਣ ਚੜ੍ਹਾਏ।
੭. ਰਹੁਰਾਸੀ ਰਹੁਰਾਸਿ ਏਹੁ ਇਕੋ ਜਪੀਐ ਹੋਰੁ ਤਜਾਏ।
੮. ਬਿਨ ਗੁਰ ਦਰਸਣੁ ਦੇਖਣਾ ਭ੍ਰਮਤਾ ਫਿਰੈ ਠਉਰ ਨਹੀਂ ਪਾਏ।
੯. ਬਿਨ ਗੁਰੁ ਪੂਰੇ ਆਏ ਜਾਏ॥੨੨॥੪੦॥

 www.sikhbookclub.com

**ਅਰਥ**-੧.ਧਿਆਨ ਦਾ 'ਮੂਲ' (ਮੁੱਢ) ਗੁਰੂ ਦੀ ਮੂਰਤ ਹੈ (ਅਰਥਾਤ ਗੁਰ ਮੂਰਤੀ ਵਿਖੇ ਸਾਰੇ ਧਿਆਨ ਹਨ), (ਤਿਹਾ ਹੀ) ਪੂਜਾ ਦਾ ਮੂਲ ਗੁਰੂ ਚਰਣਾਂ ਦੀ ਪੂਜਾ ਹੈ ! ੨.ਮੰਤਰਾਂ ਦਾ ਮੂਲ ਗੁਰੂ ਦਾ ਬਚਨ ਹੈ, ਕਿਉਂ ਜੋ ਸੱਚਾ ਸ਼ਬਦ ਸਤਿਗੁਰੂ ਸਦਾਂਵਦਾ ਹੈ। ੩.ਗੁਰੂ ਦੇ ਚਰਣ ਕਮਲਾਂ ਨੂੰ ਜੋ ਗੁਰੂ ਦੇ ਸਿਖ ਧੋਂਦੇ ਹਨ ਓਹ ਚਰਣੋਦਕ ਪਵਿਤ੍ਰ ਹੈ। ੪.ਚਰਣਾਂਮ੍ਰਿਤ ('ਕਸਮਲ') ਭਾਰੀ ਪਾਪਾਂ ਨੂੰ ਕੱਟ ਦੇਂਦਾ ਹੈ, ਗੁਰੂ ਚਰਣਾਂ ਦੀ ਧੂਰੀ ਖੋਟੇ ਲੇਖਾਂ ਨੂੰ ਮਿਟਾਉਂਦੀ ਹੈ। ੫.**(ੴ) ਸਤਿਨਾਮੁ ਕਰਤਾ ਪੁਰਖੁ (ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ)** ਇਸ ਵਾਹਿਗੁਰੂ (ਗੁਰਮੰਤਰ) ਨੂੰ ਰਿਦੇ ਵਿਚ ਵਸਾਵੇ। ੬.ਬਾਰਾਂ ਤਿਲਕ (ਬੈਰਾਗੀਆਂ ਦੇ) ਮਿਟਾ ਕਰਕੇ ਗੁਰਮੁਖ ਗੁਰੂ ਦੇ ਝੰਡੇ ਦਾ ਤਿਲਕ ਚੜ੍ਹਾਵੇ (ਅਥਵਾ ਪ੍ਰਤੱਖ ਤਿਲਕ ਸੁਰਤ ਉਂਚੀ ਕਰਨੇ ਦਾ ਲਾਵੇ)। ੭.ਹੋਰ ਰਹੁਰਾਸਾਂ ਵਿਚੋਂ ਇਕ ਹੀ 'ਰਹਿਰਾਸ'(ਗੁਰੂ ਦੀ ਬਾਣੀ) ਜਾਣਕੇ ਇਸਦਾ ਜਾਪ ਕਰਕੇ ਹੋਰ (ਜਾਪ) ਛੱਡ ਦੇਵੇ (ਅਥਵਾ ਰਾਹੁ ਰੀਤਾਂ ਵਿਚੋਂ ਇਕੋ ਰਾਹਰੀਤ ਚੰਗੀ ਹੈ ਕਿ ਹੋਰ ਜਾਪ ਛੱਡਕੇ ਇਕ ਦਾ ਜਾਪ ਕਰੇ)। ੮.ਬਿਨਾਂ ਗੁਰੂ ਦੇ ਦਰਸ਼ਨ ਥੋਂ ਜੋ ਹੋਰ ਦੇਖਦਾ ਹੈ (ਭਾਵ ਹੋਰ ਪਾਸੇ ਭਟਕਦਾ ਹੈ) ਉਹ ਭੰਬਲਭੂਸੇ ਖਾਂਦਾ ਕਿਧਰੇ ਟਿਕਾਉ ਨਹੀਂ ਪਾਉਂਦਾ। ੯.ਬਿਨਾਂ ਪੂਰਣ ਗੁਰੂ ਦੇ (ਚੌਰਾਸੀ ਲੱਖ ਜੋਨੀਆਂ ਵਿਖੇ) ਮਰਦਾ ਜੰਮਦਾ ਰਹਿੰਦਾ ਹੈ*।

**ਭਾਵ**-ਤਾਂਤੇ ਗੁਰਾਂ, ਸਤਿਗੁਰ ਪੁਰਖ ਗੁਰੂ ਨਾਨਕ ਦੇਵ ਦੀ ਸ਼ਰਨ ਆਵੇ।

---

*ਕਈ ਲੋਕ ਸ਼ੱਕ ਕਰਦੇ ਹਨ ਕਿ ਚਾਲੀਵੀਂ ਵਾਰ ਭਾਇ ਗੁਰਦਾਸ ਜੀ ਦੀ ਰਚਿਤ ਨਹੀਂ, ਕਿਸੇ ਹੋਰ ਸਿਖ ਦੀ ਰਖੀ ਹੋਈ ਹੈ, ਪਰੰਤੂ ਗੁਰਬਿਲਾਸ ਪਾ: ਛੇਵੀਂ ਵਿਚ ੪੦ ਵਾਰਾਂ ਭਾਈ ਗੁਰਦਾਸ ਕ੍ਰਿਤ ਦੱਸੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਭਾਈ ਗੁਰਦਾਸ ਜੀ ਨੂੰ ਕਹਿੰਦੇ ਹਨ:-''ਵਾਰ ਚਾਲੀਸ ਰਚੋ ਤੁਮ ਪੂਰੀ ॥ ਜਾਕੇ ਪੜੇ ਹੋਇ ਭ੍ਰਮ ਦੂਰੀ ॥'' (ਧਿਆਇ ੪ ਅੰਕ ੩੬੩)

ਚਾਲੀਵੀਂ ਵਾਰ ਦੀ ਰਚਨਾ ਤੇ ਖ਼ਯਾਲ ਤੇ ਬੋਲੀ ਸਭ ਪਹਿਲੀਆਂ ੩੯ ਵਾਰਾਂ ਨਾਲ ਮਿਲਦੀਆਂ ਹਨ, ਇਸ ਕਰਕੇ ਬੀ ੪੦ ਵਾਰਾਂ ਹੀ ਭਾਈ ਗੁਰਦਾਸ ਭੱਲੇ ਜੀ ਦੀਆਂ ਸਮਝਣੀਆਂ ਠੀਕ ਹਨ।

# ਵਾਰ ੪੧.

ੴ ਸਤਿਗੁਰ ਪ੍ਰਸਾਦਿ ॥

## ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ।

†ਹਰਿ ਸੱਚੇ ਸਖਤ ਰਚਾਇਆ ਸਤਿ ਸੰਗਤਿ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚਿ ਸਿੱਧਾਂ ਖੇਲਾ।

---

*ਪਾਠਾਂਤ੍ਰ ਐਉਂ ਬੀ ਹਨ:-''ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ੧੦॥''

ਪੁਨਾ:-''ਉਪਮਾ ਸ੍ਰੀ ਸਤਿਗੁਰ ਜੀ ਕੀ ਪਾਤਸ਼ਾਹੀ ੧੦॥''

†ਛਾਪੇ ਦੀਆਂ ਪੋਥੀਆਂ ਵਿਚ ਇਸ ੪੧ਵੀਂ ਵਾਰ ਦੇ ਅੰਤ ਇਹ ਇਬਾਰਤ ਮਿਲਦੀ ਹੈ:-

''ਪ੍ਰਥਮ ੩੯ ਵਾਰਾਂ ਭਾਈ ਗੁਰਦਾਸ ਭੱਲ ਜੀ ਦੀਆਂ ਕ੍ਰਿਤ ਹਨ, ਉਪਰੰਤ ੪੦ਵੀਂ ਹੋਰ ਕਿਸੇ ਬੁਧੀਵਾਨ ਦੀ ਕ੍ਰਿਤ ਹੈ, ਅਤੇ ਛੇਕੜਲੀ ੧ ਵਾਰ ਹੋਰ ਭਾਈ ਗੁਰਦਾਸ ਹੋਯਾ ਹੈ ਤਿਸਦੀ ਕ੍ਰਿਤ ਹੈ।''

ਮਗਰੋਂ ਇਹ ਯਤਨ ਵੀ ਹੋਏ ਜਾਪਦੇ ਹਨ ਕਿ ਇਸ ੪੧ਵੀਂ ਵਾਰ ਨੂੰ ਭਾਈ ਗੁਰਦਾਸ ਭੱਲੇ ਜੀ ਦੇ ਨਾਮ ਨਾਲ ਹੀ ਜੋੜਿਆ ਜਾਵੇ, ਇਸ ਕਰਕੇ ਕਈ ਥਾਂਈਂ ਇਸ ਦੇ ਆਦਿ ਵਿਚ ਐਉਂ ਪਾਠ ਵੀ ਮਿਲਦਾ ਹੈ। ''ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ ੧੦॥ ਬੋਲਣਾ ਗੁਰਦਾਸ ਭੱਲੇ ਜੀ ਦਾ॥'' ਪਰ ਉਹਨਾਂ ਹੀ ਨੁਸਖਿਆਂ ਵਿਖੇ ਇਸ ਵਾਰ ਦੇ ਅੰਤ ਇਕ ਦੋਹਰਾ ਮਿਲਦਾ ਹੈ ਜਿਸ ਵਿਚ ਇਹ ਦੱਸਿਆ ਹੈ ਕਿ ਇਹ ਕੋਈ ਹੋਰ ''ਭਾਈ ਗੁਰਦਾਸ ਸਿੰਘ'' ਜੀ ਹੋਏ ਹਨ, ਜਿਨ੍ਹਾਂ ਦੀ ਰਚਨਾਂ ਹੈ, ਯਥਾ:-

ਗੁਰਦਾਸ ਸਿੰਘ ਪੂਰਨ ਕੀਓ ਸ੍ਰੀ ਮੁਖ ਗ੍ਰੰਥ ਪ੍ਰਮਾਨ ॥

ਸਿੱਖ ਇਤਿਹਾਸ ਵਿਚ ਭਾਈ ਗੁਰਦਾਸ ਤ੍ਰੈ ਚਾਰ ਹੋਏ ਹਨ, ਪਹਿਲੇ ਭਾਈ ਗੁਰਦਾਸ ਜੀ ਭੱਲੇ ਹੋਏ ਹਨ ਜੋ ਬੀਬੀ ਭਾਨੀ ਜੀ ਦੇ ਪੇਕੇ ਸਾਕਾਂ ਵਿਚੋਂ ਭਿਰਾਉ ਲਗਦੇ ਸਨ ਤੇ ਜੋ ਤੀਜੇ, ਚੌਥੇ, ਪੰਜਵੇਂ ਤੇ ਛੀਵੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਰਹੇ। ਵਾਰਾਂ ਉਹਨਾਂ ਦੀ ਪਵਿਤ੍ਰ ਰਚਨਾਂ ਹਨ। ਦੂਸਰੇ ਭਾਈ ਗੁਰਦਾਸ ਨੌਵੇਂ ਪਾਤਸ਼ਾਹ ਦੇ ਸਿੱਖ ਸਨ, ਜੋ ਦਸਮੇਸ਼ ਜੀ ਦੇ ਚੌਰ ਬਰਦਾਰ 'ਕੀਰਤੀਏ' ਸਿੱਖ ਦੇ ਪਿਤਾ ਸਨ, ਤੀਸਰੇ ਭਾਈ ਬਹਿਲੋ ਜੀ ਦੀ ਬੰਸ ਵਿਚੋਂ ਭਾਈ ਗੁਰਦਾਸ ਮਸੰਦ ਹੋਏ ਹਨ ਜੋ ਬਹੁਤ ਚਿਰ ਬਾਬਾ ਰਾਮਰਾਏ ਜੀ ਪਾਸ ਤੇ ਫਿਰ ਪੰਜਾਬ ਕੌਰ ਪਾਸ ਰਹੇ, ਉਸ ਤੋਂ ਪਿਛੋਂ ਸਤਿਗੁਰੂ ਦੇ ਹਜ਼ੂਰ ਮੁਆਫੀ ਮੰਗਕੇ ਆ ਟਿਕੇ। ਇਹ ੪੧ਵੀਂ ਵਾਰ ਉਪਰੋਕਤ ਤਿੰਨਾਂ ਸਜਣਾਂ ਵਿਚੋਂ ਕਿਸੇ ਦੀ ਨਹੀਂ, ਇਹ ਕਿਸੇ ਹੋਰ ਭਾਈ 'ਗੁਰਦਾਸ ਸਿੰਘ' ਨਾਮੀ ਕਵੀ ਜੀ ਦੀ ਹੈ ਜੋ ਦਸਮੇਸ਼ ਜੀ ਤੋਂ ਬਹੁਤ ਚਿਰ ਪਿਛੋਂ ਹੋਏ ਹਨ। ਇਹ ਵਾਰ ਸਰਬ ਲੋਹ ਗ੍ਰੰਥ ਵਿਖੇ ਬੀ ਹੈ ਤੇ ਇਸ ਵਾਰ ਦੇ ਅੰਤ ਉਥੇ ਹਿਕ ਦੋਹਰਾ ਹੈ ਜਿਸ ਦਾ ਪਾਠ ਐਉਂ ਹੈ:-

ਸੰਬਤ ਸਤਰਾਂ ਸੈ ਭਏ ਬਰਖ ਸਤਵੰਜਾ ਜਾਨ।
ਗੁਰਦਾਸ ਸਿੰਘ ਪੂਰਨ ਕੀਓ ਸ੍ਰੀ ਮੁਖ ਗ੍ਰਿੰਥ ਪ੍ਰਮਾਨ।

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ) ☞


www.sikhbookclub.com

ਗੁਰੁ ਦਾਸ* ਮਨਾਈ ਕਾਲਕਾ[੧] ਖੰਡੇ ਕੀ ਵੇਲਾ[੨]।
ਪੀਵਹੁ ਪਾਹੁਲ ਖੰਡੇਧਾਰ[੩] ਹੁਇ ਜਨਮ ਸੁਹੇਲਾ[੪]।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ[੫]।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ[੬] ॥੧॥

ਸੱਚਾ ਅਮਰ[੭] ਗੋਬਿੰਦ ਦਾ ਸੁਣ ਗੁਰੂ ਪਿਆਰੇ।
ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ[੮] ਸੰਘਾਰੇ[੯]।
ਵਿਚਿ ਸੰਗਤਿ ਢੋਈ[੧੦] ਨਾ ਲਹਿਨਿ ਜੋ ਖਸਮੁ ਵਿਸਾਰੇ।
ਗੁਰਮੁਖਿ† ਮਥੇ ਉਜਲੇ ਸੱਚੇ ਦਰਬਾਰੇ।
ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੨॥

ਹਉਮੈ‡ ਅੰਦਰਿ ਵਰਤਦੀ ਇਹ ਸ੍ਰਿਸ਼ਟਿ ਸਬਾਈ।
ਇਕਿ ਆਪੇ ਗੁਰਮੁਖਿ ਕੀਤਿਓਨ ਜਿਨਿ ਹੁਕਮ ਮਨਾਈ।

---

[੧]ਕਾਲਕਾ ਤੋਂ ਮੁਰਾਦ ਵਾਹਿਗੁਰੂ ਜੀ ਦੀ ਹੈ, ਵਹਿਗੁਰੂ ਅਲਿੰਗ ਹੈ। ਅਲਿੰਗ ਨੂੰ ਹਰ ਲਿੰਗ ਵਿਚ ਵਰਣਨ ਕਰ ਸਕਦੇ ਹਾਂ। ਅਦਿ ਸ੍ਰੀ ਗੁਰੂ ਗ੍ਰੰਥ ਸਾਹਬਿ ਜੀ ਵਿਚ ਬੀ ਵਾਹਿਗੁਰੂ ਨੂੰ, 'ਮਾਤਾ' ਕਿਹਾ ਹੈ, ਜੁਧ ਜੰਗ ਕਰਕੇ ਇਹ ਨਾਮ ਦਿੱਤਾ ਹੈ, ਵਿਸ਼ੇਸ਼ ਲਈ ਦੇਖੋ ਗੁਰ ਪ੍ਰਤਾਪ ਸੂਰਜ ਰੁਤ ੩ ਅੰਸੂ ੧੨ ਦੀ ਅੰਤਲੀ ਟੂਕ। [੨]ਖੰਡੇ ਵੇਲੇ, ਭਾਵ ਅੰਮ੍ਰਿਤ ਛਕਾਉਣ ਸਮੇਂ। [੩]ਖੰਡੇ ਦੀ ਧਾਰ ਵਾਲਾ, ਖੰਡੇ ਦਾ ਅੰਮ੍ਰਿਤ। [੪]ਸੁਖੀ। [੫]ਦੁਖੀ। [੬]'ਗੁਰ ਚੇਲਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਲਈ ਕਿਹਾ ਹੈ ਕਿ ਆਪ ਨੇ ਪਹਿਲਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਉਹਨਾਂ ਤੋਂ ਆਪ ਛਕਿਆ ਸੀ। [੭]ਹੁਕਮ (ਫਾ:, ਅਮਰ)। [੮]ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। [੯]ਮਾਰੇ। [੧੦]ਆਸਰਾ।

*ਪਾ:-ਸਿਮਰ। †ਪਾ:-ਗੁਰਸਿਖਾਂ। ‡ਪਾ:-ਹੁਕਮੈ।

(ਪਿਛਲੇ ਪੰਨੇ ਦਾ ਬਾਕੀ ਟੂਕ)

☞ ਇਹ ਦੋਹਰਾ ਇਸ ਦੀ ਰਚਨਾਂ ਦਾ ਸੰਮਤ ੧੭੫੭ ਦਿੰਦਾ ਹੈ, ਪਰ ਇਸ ਦੀ ਅੰਦਰਲੀ ਖੋਜ ਕੀਤਿਆਂ ਇਹ ਵਾਰ ਇਸ ਤੋਂ ਬਹੁਤ ਚਿਰ ਪਿੱਛੋਂ ਦੀ ਸਾਬਤ ਹੁੰਦੀ ਹੈ। ਦੇਖੋ ਇਸੇ ਵਾਰ ਦੀ ਪਉੜੀ ੧੯ ਦੀ ਤੇਰ੍ਹਵੀਂ ਸਤਰ "ਯਹ ਬਾਰਹ ਸਦੀ ਨਿਬੇੜ ਕਰ ਗੁਰ ਫਤੇ ਬੁਲਾਏ॥" ਇਹ ਤੁਕ ਦਸਦੀ ਹੈ ਕਿ ਇਸ ਦੇ ਕਰਤਾ ਦੇ ਸਮੇਂ ੧੨ ਵੀਂ ਸਦੀ ਹਿਜਰੀ ਨਿੱਬੜ ਚੁੱਕੀ ਹੈ, ਜੋ ੧੯੪੪ ਬਿਕਰਮੀ ਬਣਦਾ ਹੈ।

ਸ੍ਰੀ ਮਾਨ ਸੱਚਖੰਡ ਵਾਸੀ ਗਜਾਨੀ ਹਜ਼ਾਰਾ ਸਿੰਘ ਜੀ ਦੀਆਂ ਟੀਕਾ ਕੀਤੀਆਂ ਇਹ ਵਾਰਾਂ ਜਦ ਪਹਿਲੇ ਛਪੀਆਂ ਸਨ ਤਾਂ ਇਹ ਵਾਰ ਉਨ੍ਹਾਂ ਵਿਚ ਸ਼ਾਮਲ ਨਹੀਂ ਸੀ, ਇਹ ਇਸ (ਦੀ ਚੌਥੀ) ਐਡੀਸ਼ਨ ਵਿਚ ਜੋੜੀ ਗਈ ਹੈ। ਗਜਾਨੀ ਜੀ ਦੇ ਆਪਣੇ ਸੰਚੇ ਵਿਚ ਇਸ ਵਾਰ ਦਾ ਮੂਲ ਤਾਂ ਦੋਰਿਅ ਸਫਿਆਂ ਦੇ ਉੱਤੇ ਹੈ, ਟੀਕਾ ਨਹੀਂ ਹੋਯਾ ਹੋਯਾ, ਪਰ ਕਿਤੇ ਕਿਤੇ ਹੇਠਾਂ ਪ੍ਰਯਾਯ ਲਾਏ ਹੋਏ ਹਨ। ਸ਼ਾਯਦ ਸਮੇਂ ਨੇ ਆਗਜਾ ਨਹੀਂ ਦਿਤੀ ਕਿ ਇਸ ਦਾ ਟੀਕਾ ਹੋਕੇ ਬੀ ਪੋਥੀ ਦੇ ਨਾਲ ਜੋੜੀ ਜਾਏ। ਭਾਵੇਂ ਉਨ੍ਹਾਂ ਦਾ ਮਨਸਾ ਟੀਕਾ ਕਰਨ ਤੇ ਨਾਲ ਜੋੜਨ ਦਾ ਸੀ। ਅਸੀਂ ਉਨ੍ਹਾਂ ਦੇ ਇਸ ਮਨਸ਼ਾ ਨੂੰ ਸਮਝਕੇ ਇਹ ਵਾਰ ਇਸ (ਚਉਥੀ) ਐਡੀਸਨ ਵਿਚ ਕੁਝ ਪ੍ਰਯਾਯ ਉਨ੍ਹਾਂ ਦੇ ਤੇ ਕੁਝ ਹੋਰ ਮਿਲਾ ਕੇ ਜੋੜ ਰਹੇ ਹਾਂ, ਵਾਰ ਸੁਖੈਨ ਹੀ ਹੈ, ਇਸ ਲਈ ਸਾਰੀ ਟੀਕਾ ਨਹੀਂ ਕੀਤੀ ਗਈ।

ਇਕੀ ਅਪੈ ਭਰਮ ਭੁਲਾਈਓ ਦੂਜੈ ਚਿਤੁ ਲਾਈ।
ਇਕਨਾ ਨੋ ਨਾਮ ਬਖਸਿਓਨ ਹੁਇ ਆਪ ਸਹਾਈ।
ਗੁਰਮੁਖਿ ਜਨਮੁ ਸਕਾਰਥਾਂ[੧] ਮਨਮੁਖੀ ਦੁਹੇਲਾ।
ਵਾਹ ਵਾਹ ਗੁਬਿੰਦ ਸਿੰਘ ਆਪੇ ਗੁਰੁ ਚੇਲਾ ॥੩॥

ਗੁਰ ਬਾਣੀ ਤਿਨ ਭਾਈਆ[੨] ਜਿਨਿ ਮਸਤਿਕ ਭਾਗ।
ਮਨਮੁਖਿ ਛੁਟੜਿ ਕਾਮਣੀ[੩] ਗੁਰਮੁਖ ਸੋਹਾਗ।
ਗੁਰਮੁਖੁ ਉਜਲ ਹੰਸੁ ਹੈ ਮਨਮੁਖ ਹੈ ਕਾਗ।
ਮਨਮੁਖ ਊਂਧੇ[੪] ਕਵਲ ਹੇ ਗੁਰਮੁਖੁ ਸੁ ਜਾਗ।
ਮਨਮੁਖਿ ਜੋਨਿ ਭਵਾਈਅਨਿ ਗੁਰਮੁਖਿ ਹਰਿ ਮੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥੪॥

ਸਚਾ ਸਾਹਿਬ ਅਮਰ ਸਚੁ ਸਚੀ ਗੁਰਬਾਣੀ।
ਸਚੇ ਸੇਤੀ ਰੱਤਿਆ ਸੁਖ ਦਰਗਹ ਮਾਣੀ।
ਜਿਨਿ ਸਤਿਗੁਰੁ ਸਚਾ ਸੇਵਿਆ ਤਿਨਿ ਸੁਖ ਵਿਹਾਣੀ।
ਮਨਮੁਖਿ ਦਰਗਹਿ ਮਾਰੀਅਨਿ ਤਿਲ ਪੀੜੈ ਘਾਣੀ।
ਗੁਰਮੁਖਿ ਜਨਮ ਸਦਾ ਸੁਖੀ* ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੫॥

ਗੁਰਮੁਖ† ਨਾਮ ਅਮੋਲ ਹੈ ਵਡਭਾਗੀ ਸੁਣੀਐ।
ਸਤਿਸੰਗਤਿ ਵਿਚਿ ਪਾਈਐ ਨਿਤ ਹਰਿ ਗੁਣ ਗੁਣੀਐ।
ਧਰਮ ਖੇਤ ਕਲਿਜੁਗ ਸਰੀਰ ਬੋਈਐ ਸੋ ਲੁਣੀਐ[੫]।
ਸਚਾ ਸਾਹਿਬ ਸਚ ਨਿਆਉਂ ਪਾਨੀ ਜਿਉਂ ਪੁਣੀਐ।
ਵਿਚਿ ਸੰਗਤਿ ਸਚ ਵਰਤਦਾ ਨਿਤ ਨੇਹੁ‡ ਨਵੇਲਾ[੬]।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੬॥

ਓਅੰਕਾਰ ਅਕਾਰ[੭] ਆਪ ਹੈ ਹੋਸੀ ਆਪੈ।
ਉਹੀ ਉਪਾਵਨਹਾਰ[੮] ਹੈ ਗੁਰੁ ਸਬਦੀ ਜਾਪੈ[੯]।
ਖਿਨ ਮਹਿੰ ਢਾਹਿ ਉਸਾਰਦਾ ਤਿਸੁ ਭਉ ਨ ਬਿਆਪੈ।
ਕਲੀਕਾਲ ਗੁਰੁ ਸੇਵੀਐ ਤਾਂ ਦੁਖ ਨ ਸੰਤਾਪੈ[੧੦]।

---

[੧] ਸਫਲਾ [੨] ਚੰਗੀ ਲਗਦੀ ਹੇ। [੩] ਛੁੱਟੜ ਇਸਤ੍ਰੀ। [੪] ਉਲਟੇ।
[੫] ਵੱਢੀਦਾ ਹੈ, ਪ੍ਰਾਪਤ ਕਰੀਦਾ ਹੈ। [੬] ਨਵਾਂ। (ਅ) ਨ+ਵੇਲਾ=ਵੇਲਾ (ਸਮਾਂ) ਨਹੀਂ ਹੈ। ਭਾਵ ਜੋ ਸਦਾ ਵਰਤੇ। [੭] ਸਰੂਪ। [੮] ਪੈਦਾ ਕਰਨ ਵਾਲਾ, ਉਤਪਤ ਕਰਨ ਵਾਲਾ।
[੯] ਜਾਣੀਦਾ ਹੈ। [੧੦] ਦੁਖ ਕਸ਼ਟ ਨਹੀਂ ਦੇਂਦਾ।
*ਪਾ:-ਸਕਾਰਥਾ। †ਪਾ:-ਸੱਚਾ। ‡ਪਾ:-ਅੰਤ ਥੀਉ।

ਸਭ ਜਗ* ਤੇਰਾ ਖੇਲ ਹੈ ਤੂੰ ਗੁਣੀ ਗਹੇਲਾ[੧]।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੭॥

ਆਦਿ ਪੁਰਖ ਅਨਭੈ† ਅਨੰਤ[੨] ਗੁਰੁ ਅੰਤ ਨ ਪਹਈਐ।
ਅਪਰ ਅਪਾਰ ਅਗੰਮ ਆਦਿ‡ ਜਿਸ ਲਖੀ ਨ ਜਾਈਐ।
ਅਮਰ[੩] ਅਜਾਚੀ[੪] ਸਤਿਨਾਮੁ ਸਦ ਸਦਾ ਧਿਆਈਐ।
ਸਚਾ ਸਾਹਿਬ ਸੇਵੀਐ ਮਨ ਚਿੰਦਿਆ[੫] ਪਾਈਐ††।
ਅਨਿਕ ਰੂਪ ਧਰ ਪ੍ਰਗਟਿਆ( ) ਹੈ ਏਕ ਅਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥੮॥

ਅਬਿਲਾਸੀ[੬] ਅਨੰਤ‡‡ ਹੈ ਘਟਿ ਘਟਿ[੭] ਦਿਸਟਾਇਆ।
ਅਘਨਾਸੀ[੮] ਆਤਮ ਅਭੁਲ ਨਹੀਂ ਭੁਲੈ ਭੁਲਾਇਆ।
ਹਰਿਅਲਖ[੯] ਅਕਾਲ ਅਡੋਲ ਹੈ{} ਗੁਰੁ ਸਬਦ ਲਖਾਇਆ।
ਸਰਬ ਬਿਆਪੀ ਅਲੇਪ[੧੦] ਹੈ ਜਿਸੁ ਲਗੈ ਨ ਮਾਇਆ।
ਗੁਰਮੁਖਿ ਨਾਮੁ ਧਿਆਈਐ ਜਿਤੁ ਲੰਘੈ ਵਹੇਲਾ[੧੧]।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥੯॥

ਨਿਰੰਕਾਰੁ ਨਰਹਰਿ[੧੨] ਨਿਧਾਨ[੧੩] ਨਿਰਵੈਰੁ ਧਿਆਈਐ।
ਨਾਰਾਇਣ ਨਿਰਬਾਣ[੧੪] ਨਾਥ ਮਨ ਅਨਦਿਨ[੧੫] ਗਾਈਐ।
ਨਰਕ ਨਿਵਾਰਣ ਦੁਖ ਦਲਣ ਜਪਿ ਨਰਕ ਨ ਜਾਈਐ।
ਦੇਨਹਾਰ ਦਇਆਲ ਨਾਥ ਜੋ ਦੇਇ ਸੁ ਪਾਈਐ।
ਦੁਖ ਭੰਜਨ[੧੬] ਸੁਖ ਹਰਿ ਧਿਅਨ ਮਾਇਆ ਰਚਿ ਖੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੦॥

ਪਾਰ ਬਹ੍ਮ ਪੂਰਨ ਬ੍ਰਹਮ** ਪਰਮੇਸ਼ੁਰ ਦਾਤਾ।
ਪਤਿਤ ਪਾਵਨ[੧੭] ਪਰਮਾਤਮਾ ਸ੍ਰਬ ਅੰਤਰਿ ਜਾਤਾ[੧੮]।

---

[੧] ਸਮੁੰਦ੍! (ਅ) ਰੰਗ ਰਸ ਮੱਤਾ। [੨] ਜਿਸ ਦਾ ਅੰਤ ਨਾ ਹੋਵੇ। [੩] ਜੋ ਨਾ ਮਰੇ। [੪] ਜਿਸ ਤੋਂ ਮੰਗਣ ਦੀ ਲੋੜ ਨਾ ਪਵੇ, ਸਗੋਂ ਆਪੇ ਦੇਵੈ। (ਅ) ਸੰਪੰਨ, ਪੂਰਨ। [੫] ਮਨ ਇੱਛਤ। [੬] ਜੋ ਨਾਸ਼ ਨ ਹੋਵੇ। [੭] ਹਰ ਹਿਰਦੇ ਵਿਚ।

[੮] ਪਾਪ ਨਾਸ਼ਕ। [੯] ਜੋ ਲਖਿਆ ਨਾ ਸਕੇ। [੧੦] ਜੋ ਲਿਪਾਇਮਾਨ ਨਾ ਹੋਵੇ। [੧੧] ਛੇਤੀ।
[੧੨] ਨਰਾਂ ਦਾ ਸੁਆਮੀ। [੧੩] ਖਜ਼ਾਨਾ। [੧੪] ਬਾਣ ਤੋਂ ਰਹਿਤ। ਮਾਇਆ ਅਤੀਤੇ। ਸ਼ੁਧ। [੧੫] ਰਾਤ ਦਿਨੇ।
[੧੬] ਦੁਖ ਨਾਸ਼ਕ। [੧੭] ਪਾਪੀਆਂ ਨੂੰ ਪਿਵਤ੍ਰ ਕਰਨ ਵਾਲਾ। [੧੮] ਸਭ ਦੇ ਅੰਦਰ ਦੀ ਜਾਣਨ ਵਾਲਾ।
*ਪਾ:- ਜੁਗ। †ਪਾ:-ਅੰਤਰ। ‡ਪਾ:-ਅਨੰਦ। ††ਪਾਠਾਂਤ੍-ਸਚਾ ਸਤਿਗੁਰ ਸੇਵੀਐ ਨਿਰਭੈ ਪਦ ਪਾਈਐ।
( )ਪਾ:- ਅਨਿਕ ਭਾਂਤਿ ਹੁਇ ਪਰਸਰਿਆ। ‡‡ਪਾ:-ਪੁਰਖ
{}ਪਾਠਾਂਤ੍-ਅਪਰ ਅਪਾਰ ਅਲਾਹ ਅਲਖ। **ਪਾ:- ਪੁਰਖ।


www.sikhbookclub.com

ਹਰਿ ਦਾਨਾ ਬੀਨਾ[੧] ਬੇਸ਼ੁਮਾਰ ਬੇਅੰਤ ਬਿਧਾਤਾ[੨]।
ਬਨਵਾਰੀ ਬਖਸਿੰਦ ਆਪਿ ਆਪੇ ਪਿਤ ਮਾਤਾ।
ਇਹ ਮਾਨਸ ਜਨਮ ਅਮੋਲ ਹੈ ਮਿਲਨੇ ਕੀ ਵੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੧॥

ਭੈ ਭੰਜਨ ਭਗਵਾਨ ਭਜੋ ਭੈ ਨਾਸ਼ਨ ਭੋਗੀ।
ਭਗਤ ਵਛਲ[੩] ਭੈ ਭੰਜਨੋ ਜਪ ਸਦਾ ਅਰੋਗੀ।
ਮਨ ਮੋਹਨ ਮੂਰਤਿ ਮੁਕੰਦ[੪] ਪ੍ਰਭੁ ਜੋਗ ਸੰਜੋਗੀ।
ਰਸੀਆ ਰਖਵਾਲਾ ਰਚਨਹਾਰ ਜੋ ਕਰੇ ਸੁ ਹੋਗੀ।
ਮਧੁਸੂਦਨ[੫] ਮਾਧੋ[੬] ਮੁਰਾਰਿ[੭] ਬਹੁ ਰੰਗੀ ਖੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧੨॥

ਲੋਚਾ ਪੂਰਨ[੮] ਲਿਖਨਹਾਰੁ ਲੇਖਕ ਲੇਖਾਰੀ।
ਹਰਿ ਲਾਲਨ[੯] ਲਾਲ ਗੁਲਾਲ[੧੦] ਸਚ ਸਚਾ ਵਾਪਾਰੀ।
ਰਾਵਨਹਾਰ ਰਹੀਮ ਰਾਮ ਆਪੇ ਨਰ ਨਾਰੀ।
ਰਿਖੀਕੇਸ[੧੧] ਰਘੂਨਾਥ[੧੨] ਜਪਿ ਜਾਈਐ ਬਲਿਹਾਰੀ*।
ਪਰਮਹੰਸ[੧੩] ਭੈ ਤ੍ਰਾਸ ਨਾਸ ਜਪਿ ਰਿਦੇ ਸੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੩॥

ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ।
ਪੋਖਨਹਾਰਾ[੧੪] ਪਾਤਿਸਾਹ ਪ੍ਰਤਿਪਾਲਨ ਊਰਾ।
ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜੂਰਾ।
ਵਹ ਪ੍ਰਗਟਿਓ ਪੁਰਖ ਭਗਵੰਤ ਰੂਪ† ਗੁਰ ਗੋਬਿੰਦ ਸੂਰਾ।
ਅਨਦ ਬਿਨੋਦੀ ਜੀਅ ਜਪਿ ਸਚੁ ਸਚੀ ਵੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧੪॥

ਗੁਰ ਗੋਬਿੰਘ ਸਿੰਘ ਪ੍ਰਗਟਿਓ ਦਸਵਾਂ ਅਵਤਾਰਾ‡।

---

੧. ਜਾਣਨ ਤੇ ਦੇਖਣ ਵਾਲਾ, ਅੰਤਰਯਾਮੀ। ੨. ਰਚਣਹਾਰ ੩. ਭਗਤਾਂ ਦਾ ਪਿਆਰਾ।
੪. ਮੁਕਤੀ ਦਾਤਾ। ੫. ਅੰਮ੍ਰਿਤ ਜਿਸ ਨੂੰ ਪ੍ਰਿਯ ਹੈ, ਪਰਮੇਸ਼ੁਰ। (ਅ)ਕਰਮ ਨਾਸ਼ਕ, ਵਾਹਿਗੁਰੂ!
੬. ਮਾਧਵ=ਪ੍ਰਕਾਸ਼ ਦਾ ਸੁਆਮੀ, ਅਕਾਲ ਪੁਰਖ। ੭. ਅਗਯਾਨ ਅਥਵਾ ਹੰਕਾਰ ਨਾਸ਼ਕ।
੮. ਕਾਮਨਾ ਪੂਰਨ ਕਰਨਹਾਰਾ। ੯. ਪਿਆਰਾ। ੧੦. ਰੰਗ ਰਸ ਰੱਤਾ। ੧੧. ਇੰਦ੍ਰੀਆਂ ਦਾ ਪਤੀ।
੧੨. ਪ੍ਰਕਾਸ਼ ਰੂਪ ਸੁਆਮੀ। ੧੩. ਪਰਮਾਤਮਾ। (ਅ) ਅਤਿ ਉੱਜਲ। ੧੪. ਪਾਲਣਹਾਰਾ।
*ਪਾ: ਰਿਖੀ ਕੇਸ ਰਘੁਨਾਥ ਰਾਇ ਜਪੀਏ ਬਨਵਾਰੀ।
†ਪਾ:- ਪ੍ਰਗਟ ਪੁਰਖ ਪ੍ਰਿਤਮਾਉ ਪਿਉ।
‡ਓਹ ਗੁਰ ਗੋਬਿੰਦ ਹੁਇ ਪ੍ਰਗਟਿਆ ਦਸਵੇਂ ਅਵਤਾਰਾ।

ਜਿਨ ਅਲਖ ਅਪਾਰ* ਨਿਰੰਜਨਾ ਜਪਿਓ ਕਰਤਾਰਾ।
ਨਿਜ ਪੰਥ ਚਲਾਇਚ† ਖਾਲਸਾ ਧਰਿ[੧] ਤੇਜ ਕਰਾਰਾ।
ਸਿਰ ਕੇਸ ਧਾਰਿ ਕਰ[੨]‡ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਿਰਿ ਪਕੜਿਓ ਹਥਿਆਰਾ।
ਸਚ ਫ਼ਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।
ਸਭ ਦੈਤ ਅਰਿਨਿ[੩] ਕਲੂ ਘੇਰ ਕਰਿ ਕੀਜੈ ਪਰਿਹਾਰਾ[੪]।
ਜਬ ਸਹਿਜੇ ਪ੍ਰਗਟਿਏ ਜਗਤ ਮੈਂ ਗੁਰੁ ਜਾਪ ਅਪਾਰਾ
ਯੂੰ ਉਪਜੇ ਸਿੰਘ ਭੁਜੰਗੀਏ[੫] ਨੀਲੰਬਰ[੬] ਧਾਰਾ।
ਤੁਰਕ ਦੁਸਟ ਸਭ ਛੈ[੭] ਕੀਏ ਹਰਿਨਾਮ ਉਚਾਰਾ।
ਤਿਨ ਆਗੈ ਕੋਇ ਨ ਠਹਿਰਿਓ ਭਾਗੇ ਸਿਰਦਾਰਾ।
ਜਹ ਰਾਜੇ ਸ਼ਾਹ ਅਮੀਰੜੇ ਹੋਏ ਸਭ ਛਾਰਾ[੮]।
ਫਿਰ ਸੁਨ ਕਰਿ ਐਸੀ ਧਮਕ ਕੋ ਕਾਂਪੈ ਗਿਰਿ ਭਾਰਾ।
ਤਬ ਸਭ ਧਰਤੀ ਹਲਚਲ ਭਈ[੯] ਛਾਡੇ ਘਰ ਬਾਰਾ।
ਇਉਂ ਐਸੇ ਦੁੰਦ[੧੦] ਕਲੇਸ਼ ਮੈਂ ਖਪਿਓ ਸੰਸਾਰਾ।
ਤਹਿੰ ਬਿਨ ਸਤਿਗੁਰ ਕੋ ਹੈ ਨਹੀਂ ਭੈ ਕਾਟਨਹਾਰਾ।
ਗਹਿ ਐਸੇ ਖੜਗ ਦਿਖਾਇਅਨ ਕੋ ਸਕੈ ਨ ਝੇਲਾ[੧੧]।
ਵਾਹ ਵਾਹ ਗੁਬਿੰਦ ਸਿੰਘ ਆਪੇ ਗੁਰੁ ਚੇਲਾ॥੧੫॥

ਗੁਰੁਬਰ ਅਕਾਲ[੧੨] ਕੇ ਹੁਕਮ ਸੋਂ ਉਪਜਿਓ ਬਿਗਿਆਨਾ[੧੩]।
ਤਬ ਸਹਿਜੇ ਰਚਿਓ ਖ਼ਾਲਸਾ ਸਾਬਤ ਮਰਦਾਨਾ।
ਇਉਂ ਉਠੇ ਸਿੰਘ ਭਭਕਾਰਕੈ[੧੪] ਸਭ ਜਗ ਡਰਪਾਨਾ।
ਮੜੀ ਦੇਵਲ[੧੫] ਗੋਰ[੧੬] ਮਸੀਤ ਢਹਿ ਕੀਏ ਮੈਦਾਨਾ।
ਬੇਦ ਪੁਰਾਨ ਖਟ ਸਾਸਤ੍ਰਾ ਫੁਨ ਮਿਟੀ ਕੁਰਾਨਾ।
ਬਾਂਗ ਸ਼ਲਾਤ[੧੭] ਮਿਟਾਇ ਕਰਿ ਮਾਰੇ ਸੁਲਤਾਨਾ।
ਮੀਰ ਪੀਰ ਸਭ ਛਪਿ ਗਏ ਮਜ਼ਬੋਂ ਉਲਟਾਨਾ।
ਮਲਵਾਨੇ ਕਾਜ਼ੀ ਫਿਰਿ ਥਕੇ ਕੁਛ ਮਰਮ[੧੮] ਨ ਜਾਨਾ।

---

੧. ਧਾਰਨ ਕਰਕੇ। ੨. ਹੱਥ ਵਿਚ (ਫੜਕੇ)। ੩. ਸਾਰੇ ਦੈਂਤ ਰੂਪੀ ਵੈਰੀਆਂ।
੪. ਨਾਸ਼। ੫. ਸੂਰਮੇ, ਯੋਧੇ। ੬. ਨੀਲੇ ਵਸਤ੍ਰ ਪਹਿਰਕੇ! ੭. ਨਾਸ਼। ੮. ਖੇਹ, ਨਾਸ਼।
੯. ਡੋਲ ਗਈ। ੧੦. ਦੁੱਖ, ਹਲਾਚਲੀ। ੧੧. ਕੋਈ ਝੱਲ ਨਾ ਸਕਿਆ। ੧੨. ਸ੍ਰੇਸ਼ਟ ਸਤਿਗੁਰ ਅਕਾਲ ਪੁਰਖ!
੧੩. ਆਤਮ ਗਿਆਨ! ੧੪. ਗੱਜਕੇ।
੧੫. ਦੇਵਾਲਜ। ਉਹ ਥਾਂ ਜਿੱਥੇ ਮੂਰਤਾਂ ਰਖਕੇ ਪੂਜੀਆਂ ਜਾਣ। ਦੇਵੀ ਆਲਜ=ਦੇਵੀ ਦਾ ਮੰਦਰ।
੧੬. ਕਬਰਾਂ। ੧੭. ਬਾਂਗ ਦਰੂਦ ਆਦਿਕ। ੧੮. ਭੇਦ।
*ਪਾ:-ਅਕਾਲ। †ਪਾ:-ਰਚਾਇਓ। ‡ਪਾ:-ਗਹਿ।

ਲਖ ਪੰਡਿਤ ਬ੍ਰਹਮਨ ਜੋਤਕੀ ਬਿਖਰਸ[੧] ਉਰਝਾਨਾ[੨]।
ਫੁਨ ਪਾਥਰ ਦੇਵਲ ਪੂਜਿਕੈ ਅਤਿਹੀ ਭਖਲਾਨਾ[੩]*।
ਇਉਂ ਦੋਨੋ ਫ਼ਿਰਕੇ ਕਪਟ ਮੈਜ ਰਚ ਰਹ ਨਿਦਾਨਾ[੪]।
ਇਹ ਤੀਸਰ ਮਜ਼ਹਬ ਖ਼ਾਲਸਾ ਉਪਜਿਓ ਪਰਧਾਨਾ[੫]।
ਜਿਨ ਗੁਰ ਗੋਬਿੰਦ ਕੇ ਹੁਕਮ ਸੋਂ ਗਹਿ ਖੜਗ ਦਿਖਾਨਾ।
ਤਿਹ ਸਭ ਦੁਸਟਨ† ਕਉ ਛੇਦਿਕੈ ਅਕਾਲ ਜਪਾਨਾ।
ਫਿਰ ਐਸਾ ਹੁਕਮ ਅਕਾਲ ਕਾ ਜਗ ਮੈ ਪ੍ਰਗਟਾਨਾ।
ਤਬ ਸੁੰਨਤ ਕੋਇ ਨ ਕਰਿ ਸਕੈ ਕਾਂਪਿਓ ਤੁਰਕਾਨਾ।
ਇਉਂ ਉੱਮਤ ਸਭ ਮੁਹੰਮਦੀ ਖਪਿ ਗਈ ਨਿਦਾਨਾ[੬]।
ਤਬ ਫਤੇ ਡੰਕ ਜਗ ਮੈਂ ਘੁਰੇ[੭] ਦੁਖ ਦੂੰਦ ਮਿਟਾਨਾ।
ਇਉਂ ਤੀਸਰ ਪੰਥ ਰਚਾਇਅਨ‡ ਵਡ ਸੂਰ ਗਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੬॥

ਜਗੇ ਸਿੰਘ ਬਲਵੰਤ ਬੀਰ ਦੁਸਟ ਖਪਾਏ।
ਦੀਨ ਮੁਹੰਮਦ ਉਠ ਗਇਓ ਹਿੰਦਕ[੮] ਠਹਿਰਾਏ।
ਤਹਿ ਕਮਲਾ ਕੋਇ ਨ ਪੜ੍ਹਿ ਸਕੈ ਨਹੀਂ ਜ਼ਿਕਰੁ[੯] ਅਲਾਏ।
ਨਿਵਾਜ਼ ਦਰੂਦ ਨ ਫਾਤਿਹਾ ਨਹ ਲੰਡ ਕਟਾਏ[੧੦]।
ਯਹ ਰਾਹ ਸ਼ਰੀਅਤ ਮੇਟ ਕਰਿ ਮੁਸਲਮ ਭਰਮਾਏ।
ਗੁਰੁ ਫ਼ਤੇ ਬੁਲਾਈ ਸਭਨ ਕਉ ਸਚ ਖੇਲ ਰਚਾਏ।
ਨਿਜ ਦੋਹੀ ਫਿਰੀ ਗੋਬਿੰਦ ਕੀ ਅੱਕਾਲ ਜਪਾਏ।
ਸਭ ਜਗ ਤਿਨਹੂੰ ਘੇਰ†† ਕਰਿ ਤੁਰਕਾ ਚੁਣਿ ਖਾਏ।
ਫਿਰ ਸੁਖ ਉਪਜਾਏ ਜਗਤ ਮੈਂ ਸਭ ਦੁਖ ਬਿਸਰਾਏ।
ਨਿਜ ਸੂਰੇ ਸਿੰਘ ਵਰਿਆਮੜੇ ਬਹੁ ਲਾਖ ਜਗਾਏ।
ਤਹਿ ਨਿਰਭਉ ਰਾਜ ਕਮਾਇਅਨੁ ਸਚ ਅਦਲ ਚਲਾਏ।
ਇਉਂ ਕਲਿਜੁਗ ਮੇਂ ਅਵਤਾਰ ਧਾਰਿ ਸਤਿਜੁਗ ਵਰਤਾਏ।
ਸਭ ਤੁਰਕ ਮਲੇਛ ਖਪਾਇ ਕਰਿ ਸਚ ਬਣਤ ਬਨਾਏ।
ਤਬ ਸਕਲ ਜਗਤ ਕਉ ਸੁਖ ਦੀਓ ਦੁਖ ਮਾਰਿ ਹਟਾਏ।

---

੧. ਵਿਸ਼ਿਆਂ ਦੇ ਰਸਾਂ ਵਿਚ। ੨. ਫਸ ਗਏ। ੩. ਭੁੱਲਾਂ ਵਿਚ ਪੈ ਗਏ। (ਅ) ਬਰੜਾਏ।
੪. ਅਤਿ ਹੀ। (ਅ) ਮੂਰਖ ਹੋਕੇ। ੫. ਸ਼ਰੋਮਣੀ। ੬. ਅੰਤ ਨੂੰ।
੭. ਵੱਜੇ। ੮. ਹਿੰਦੂ ਧਰਮ ਵਾਲੇ। ੯. ਕਲਮੇਂ ਦੇ ਪੜ੍ਹਨ ਆਦਿਕ ਨੂੰ ਜਿਸ ਦੇ ਉਚਾਰਨ ਮਾਤ੍ਰ ਨਾਲ ਮੁਸਲਮਾਣ ਹੋ ਗਿਆ ਸਮਝਿਆ ਜਾਂਦਾ ਸੀ ਅਤੇ ਜ਼ਬਰਦਸਤੀਆਂ ਹੁੰਦੀਆਂ ਸਨ। ੧੦. ਭਾਵ ਇਹ ਹੈ ਕਿ ਹਿੰਦੂਆਂ ਦਾ ਮੁਸਲਮਾਨ ਹੋਣਾ ਬੰਦ ਹੋ ਗਿਆ ਤੇ ਮੁਸਲਮਾਨਾਂ ਦੇ ਖੀ ਉਪ੍ਰਸਕਤ ਗੱਲਾਂ ਤੋਂ ਨਿਮਚੇ ਉਠ ਗਏ।
*ਭਰਮਾਨਾ।
†ਪਾ:-ਦੁਸ਼ਮਨ। ‡ਪਾ:-ਚਲਾਇਅਨ। ††ਪਾਠਾਂਤ੍ਰ=ਲੂਟ।

ਇਉਂ ਹੁਕਮ ਭਇਓ ਕਰਤਾਰ ਦਾ ਸਭ ਦੁੰਦ ਮਿਟਾਏ।
ਤਬ ਸਹਜੇ ਧਰਮ ਪ੍ਰਗਾਸਿਆ ਹਰਿ ਹਰਿ ਜਸ ਗਾਏ।
ਵਹ ਪ੍ਰਗਟਿਓ ਮਰਦ ਅਗੰਮੜਾ[੧] ਵਰੀਆਮ[੨] ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੭॥

ਨਿਜ ਫਤੇ ਬੁਲਾਈ ਸਤਿਗੁਰੂ ਕੀਨੋ ਉਜੀਆਰਾ।
ਝੂਠ ਕਪਟ ਸਭ ਛੈ ਭਇਓ ਸਚ ਸਚ ਵਰਤਾਰਾ।
ਫਿਰ ਜੱਗ ਹੋਮ ਠਹਿਰਾਇਕੈ ਨਿਜ ਧਰਮ ਸਵਾਰਾ।
ਤੁਰਕ ਦੁੰਦ ਸਭ ਉਠ ਗਇਓ ਰਚਿਓ ਜੈਕਾਰਾ।
ਜਹ ਉਪਜੇ ਸਿੰਘ ਮਹਾਂਬਲੀ ਖ਼ਾਲਸ ਨਿਰਧਾਰਾ।
ਸਭ ਜਗ ਤਿਨਹੂੰ ਬਸ ਕੀਓ ਜਪ ਅਲਖ ਅਪਾਰਾ।
ਗੁਰ ਧਰਮ ਸਿਮਰ ਜਗ ਚਮਕਿਓ* ਮਿਟਿਓ ਅੰਧਿਆਰਾ।
ਤਬ ਕੁਸਲ ਖੇਮ ਆਨੰਦ ਸਿਉ[੩] ਬਸਿਓ ਸੰਸਾਰਾ।
ਹਰਿ ਵਾਹਿਗੁਰੂ ਮੰਤਰ ਅਗੰਮ ਜਗ ਤਾਰਨ ਹਾਰਾ।
ਜੋ ਸਿਮਰਹਿ ਨਰ ਪ੍ਰੇਮ ਸੋਂ ਪਹੁੰਚੈ ਦਰਬਾਰਾ।
ਸਭ ਪਕੜੇ ਚਰਨ ਗੋਬਿੰਦ ਕੇ ਛਾਡੇ ਜੰਜਾਰਾ।
ਨਾਤਰੁ ਦਰਗਹ ਕੁਟੀਅਨ ਮਨਮੁਖਿ ਕੂੜਿਆਰਾ।
ਤਹ ਛੂਟੈ† ਸੋਈ ਜੋ ਹਰਿ ਭਜੈ ਸਭ ਤਜੈ ਬਿਕਾਰਾ।
ਇਸ ਮਨ ਚੰਚਲ ਕਉ ਘੇਰ ਕਰਿ ਸਿਮਰੈ ਕਰਤਾਰਾ।
ਤਬ ਪਹੁਚੈ ਹਰਿ ਹੁਕਮ ਸਿਉਂ ਨਿਜ ਦਸਵੇਂ ਦੁਆਰਾ।
ਫਿਰ ਇਉ ਸਹਿਜੇ ਭੇਟੈ ਗਗਨ ਮੈਂ[੪]‡ ਆਤਮ ਨਿਰਧਾਰਾ।
ਤਬ ਵੈ ਨਿਰਖੈਗੇ ਸੁਰਗ ਮਨ** ਆਨੰਦ ਸੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧੮॥

ਵਹ ਉਪਜਿਓ ਚੇਲਾ ਮਰਦ ਕਾ ਮਰਦਾਨ ਸਦਾਏ।
ਜਿਨਿ ਸਭ ਪ੍ਰਿਥਵੀ ਕਉ ਜੀਤ ਕਰਿ ਨੀਸਾਨ[੫] ਝੁਲਾਏ।
ਤਬ ਸਿੰਘਨ ਕਉ ਬਖ਼ਸ ਕਰਿ ਬਹੁ ਸੁਖ ਦਿਖਲਾਏ।
ਫਿਰ ਸਭ ਪ੍ਰਿਥਵੀ ਕੇ ਊਪਰੇ ਹਾਕਮ ਠਹਿਰਾਏ।
ਤਿਨਹੂੰ ਜਗਤ ਸੰਭਾਲ ਕਰਿ ਆਨੰਦ ਰਚਾਏ।
ਤਹ ਸਿਮਰਿ ਸਿਮਰਿ ਅਕਾਲ ਕਉ ਹਰਿ ਹਰਿ ਗੁਨ ਗਾਏ।

---

੧. ਜਿਸ ਦਾ ਕੋਈ ਅੰਤ ਨਾ ਪਾ ਸਕੇ, ਅਗੰਮ। ੨. ਅਤਿਰਥੀ ਯੋਧਾ, ਮਹਾਨ ਸੂਰਮਾ।
੩. ਸੁਖ ਸ਼ਾਤਿ ਤੇ ਆਨੰਦ ਨਾਲ। ੪. ਆਕਾਸ਼ ਵਿਚ। (ਅ) ਦਸਮ ਦੁਆਰ ਵਿਚ। ਨਿਜ ਸਰੂਪ ਵਿਚ।
੫. ਝੰਡੇ।
*ਪਾਠਾਂਤ੍ਰ-ਜਗਮਗ ਚਮਕਜੋ। †ਪਾ:-ਪਹੁਚੈ। ‡ਪਾ:-ਮਨ। **ਪਾ:-ਮੈਂ।

ਵਾਹ ਗੁਰੁ ਗੋਬਿੰਦ ਗ਼ਾਜ਼ੀ[੧] ਸਬਲ[੨] ਜਿਨਿ ਸਿੰਘ ਜਗਾਏ।
ਤਬ ਭਇਓ ਜਗਤ ਸਭ ਖ਼ਾਲਸਾ ਮਨ ਮੁਖ ਭਰਮਾਏ।
ਇਉਂ ਉਠ ਭਬਕੇ ਬਲਬੀਰ ਸਿੰਘ ਸ਼ਸਤਰ ਝਮਕਾਏ।
ਤਬ ਸਭ ਤੁਰਕਨ ਕੋ ਛੇਦ ਕਰਿ, ਆਕਾਲ ਜਪਾਏ।
ਸਭ ਛਤ੍ਰ ਪਤੀ[੩] ਚੁਨਿ ਚੁਨਿ ਹਤੇ ਕਹੂੰ ਟਿਕਨਿ ਨ ਪਾਏ।
ਤਬ ਜਗ ਮੈਂ ਧਰਮੁ ਪ੍ਰਗਾਸਿਓ ਸਚੁ ਹੁਕਮ ਚਲਾਏ।
ਯਹ ਬਾਰਹ ਸਦੀ ਨਿਬੇੜ ਕਰਿ ਗੁਰ ਫ਼ਤੇ ਖੁਲਾਏ।
ਤਬ ਸਭ ਦੁਸਟਾ ਸਹਿਜੇ ਖਪੇ ਛਲ ਕਪਟ ਉਡਾਏ।
ਇਉਂ ਹਰਿ ਅਕਾਲ ਕੇ ਹੁਕਮ ਸੋਂ ਰਣ ਜੁਧ ਮਚਾਏ।
ਤਬ ਕੂਦੇ ਸਿੰਘ ਭੁਜੰਗੀਏ ਦਲ ਕਟਕ[੪] ਉਡਾਏ।
ਇਉ ਫ਼ਤੇ ਭਈ ਜਗ ਜੀਤ ਕਰਿ ਸਚ ਤਖ਼ਤ ਰਚਾਏ।
ਬਹੁ ਦੀਓ ਦਿਲਾਸਾ ਜਗਤ ਕੋ ਹਰਿ ਭਗਤਿ ਦ੍ਰਿੜਾਏ।
ਤਬ ਸਭ ਪ੍ਰਿਥਵੀ ਸੁਖੀਆ ਭਈ ਦੁਖ ਦਰਦ ਗਵਾਏ।
ਫਿਰ ਮੁਖ ਨਿਹਚਲ ਬਖ਼ਸ਼ਿਓ ਜਗਤ ਭੈ* ਤ੍ਰਾਸ ਚੁਕਾਏ।
ਗੁਰਦਾਸ ਖੜਾ ਦਰ ਪਕੜਿ ਕੈ ਇਉਂ ਉਚਰਿ ਸੁਣਾਏ।
ਹੇ ਸਤਿਗੁਰੂ ਜੰਜਾਲ ਤੇ ਮੁਹਿ ਲੇਹੁ ਛਡਾਏ।
ਜਬ ਹਉਂ ਦਾਸਨ ਕੋ ਦਾਸਰਾ[੫] ਗੁਰ ਟਹਿਲ ਕਮਾਏ।
ਤਬ ਛੂਟੇ ਬੰਧਨ ਸਕਲ ਫੁਨ ਫਿਰਿ ਨਰਕ ਨ ਜਾਏ।
ਹਰਿਦਾਸਾਂ ਚਿੰਦਿਆ[੬] ਸਦਾ ਸਦਾ ਗੁਰ ਸੰਗਤਿ ਮੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥੧੯॥

ਸੰਤ ਭਗਤ ਗੁਰ ਸਿਖ ਹਹਿ ਜਗ ਤਾਰਨ ਆਏ।
ਪਰਉਪਕਾਰੀ ਜਗਤ ਮੈਂ ਗੁਰੁ ਮੰਤ੍ਰ ਜਪਾਏ।
ਜਪ ਤਪ ਸੰਜਮ ਸਾਧ ਕਰਿ ਗੁਰ ਭਗਤਿ ਕਮਾਏ।
ਤਹਿ ਸੇਵਕ ਸੋ ਪਰਵਾਨ ਹੈ ਹਰਿ ਨਾਮ ਦ੍ਰਿੜਾਏ†।
ਕਾਮ ਕ੍ਰੋਧ ਫੁਨ ਲੋਭ ਮੋਹ ਅਹੰਕਾਰ ਚੁਕਾਏ।
ਜੋਗ ਜੁਗਤਿ ਘਟਿ ਸਾਧ ਹਰਿ ਪਉਣਾ ਠਹਿਰਾਏ।
ਤਬ ਖਟ ਚਕਰਾ ਸਹਿਜੇ ਖਿੜੇ, ਗਗਨਾ ਘਰਿ ਛਾਏ।
ਨਿਜ ਸੁੰਨ ਸਮਾਧਿ ਲਗਾਇਕੈ ਆਨੰਦ ਲਿਵ ਲਾਏ।
ਤਬ ਦਰਗਹ ਮੁਖ ਉਜਲੇ ਪਤਿ ਸਿਉਂ ਘਰਿ ਜਾਏ।
ਕਲੀਕਾਲ ਮਰਦਾਨ ਮਰਦ ਨਾਨਕ ਗੁਨ ਗਾਏ।

---

੧ ਧਰਮ ਪਿਛੇ ਸ਼ਹੀਦ ਹੋਣ ਵਾਲਾ। ੨ ਬਲਵਾਨ। ੩ ਨਵਾਬ ਆਦਿ। ੪ ਸੈਨਾਂ ਦੇ ਸਮੁਦਾਇ।
੫ ਦਾਸਾਂ ਦਾ ਦਾਸ: ੬ ਚਾਹਿਆ, ਇੱਛਿਆ, ਲੋੜਿਆ।
*ਪਾਠਾਂਤ੍ਰ-ਮੈਂ। †ਪਾ:ਧਿਆਏ।

ਯਹ ਵਾਰ ਭਗਉਤੀ ਜੋ ਪੜੈ ਅਮਰਾਪਦ[੧] ਪਾਏ।
ਤਹ ਦੂਖ ਸੰਤਾਪ ਨ ਕਛੁ ਲਗੈ ਆਨੰਦ ਵਰਤਾਏ।
ਫਿਰ ਜੋ ਚਿਤਵੈ ਸੋਈ ਲਹੈ ਘਟਿ ਅਲਖ ਲਖਾਏ[੨]।
ਤਬ ਨਿਸ ਦਿਨ ਇਹ ਵਾਕ ਕਉ ਮੁਖ ਪਾਠ ਸੁਨਾਏ।
ਸੋ ਲਹੈ ਪਦਾਰਥ ਮੁਕਤਿ ਪਦ ਚੜਿ ਗਗਨ ਸਮਾਏ।
ਤਬ ਕਛੂ ਨ ਪੂਛੇ* ਜਮ ਧਰਮ[੩] ਸਭ ਪਾਪ ਮਿਟਾਏ।
ਤਬ ਲਗੈ ਨ ਉਸ ਜਮ ਡੰਡ ਦੁਖ ਨਹੀਂ ਹੋਇ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੨੦॥

ਹਰਿ ਸਤਿਗੁਰ ਨਾਨਕ ਖੇਲ ਰਚਾਇਆ†।
ਅੰਗਦ ਕਉ ਪ੍ਰਭੁ ਅਲਖ ਲਖਾਇਆ‡।
ਪ੍ਰਿਥਮ ਮਹਲ ਹਰਿ ਨਾਮੁ ਧਿਆਇਓ।
ਦੁਤੀਏ ਅੰਗਦ ਹਰਿ ਗੁਨ ਗਾਇਓ।
ਤੀਸਰ ਮਹਲ ਅਮਰ ਪਰਧਾਨਾ††।
ਜਿਨ ਘਟ ਮਹਿ ਨਿਰਖੇ[੪] ਹਰਿ ਭਗਵਾਨਾ।
ਜਲ ਭਰਿਓ ਸਤਿਗੁਰੂ ਕੇ ਦੁਆਰੇ।
ਤਬ ਇਹ ਪਾਇਓ ਮਹਲ[੫] ਅਪਾਰੇ।
ਗੁਰੂ ਰਾਮਦਾਸ ਚਉਥੇ ਪਰਗਾਸਾ।
ਜਿਨਿ ਰਟੇ ਨਿਰੰਜਨ ਪ੍ਰਭੁ ਅਬਿਨਾਸਾ।
ਗੁਰੂ ਅਰਜਨ ਪੰਚਮ ਠਹਿਰਾਇਓ।
ਜਿਨ ਸ਼ਬਦ ਸੁਧਾਰ ਗਰੰਥ ਬਣਾਇਓ।
ਗ੍ਰੰਥ ਬਣਾਇ ਉਚਾਰ ਸੁਨਾਇਆ।
ਤਬ ਸਰਬ ਜਗਤ ਮੈਂ ਪਾਠ ਰਚਾਇਆ।
ਕਰਿ ਪਾਠ ਗ੍ਰੰਥ ਜਗਤ ਸਭ ਤਰਿਓ।
ਜਿਹ ਨਿਸ ਬਾਸੁਰ ਹਰਿ ਨਾਮ ਉਚਾਰਿਓ।
ਗੁਰ ਹਰਿ ਗੋਬਿੰਦ ਖਸਟਮ ਅਵਤਾਰੇ।
ਜਿਨਿ ਪਕੜ ਤੇਗ ਬਹੁ ਦੁਸਟ ਪਛਾਰੇ।
ਇਉ ਸਭ ਮੁਗਲਨ ਕਾ ਮਨ ਬਉਰਾਨਾ।
ਤਬ ਹਰਿ ਭਗਤਨ ਮੋ ਦੁੰਦ ਰਚਾਨਾ।
ਇਉਂ ਕਰਿ ਹੈ** ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥੨੧॥

੧. ਮੁਕਤੀ ਪਦਵੀ। ੨. ਹਿਰਦੇ ਵਿਖੇ ਅਲੱਖ (ਪਰਮਾਤਮਾਂ ਨੂੰ) ਲਖ ਲਏਗਾ।
੩. ਮੁਰਾਦ ਹੈ ਯਮਦੂਤ ਤੇ ਧਰਮ ਰਾਜ। ੪. ਦੇਖੇ। ੫. ਰੁਤਬਾ, ਮਰਤਬਾ, ਦਰਜਾ।
*ਪਾ:-ਪੁਜੈ। †ਪਾ:-ਰਚਾਯੰ। ‡ਪਾ:-ਲਖਾਯੰ। ††ਪਾ:-ਪਦ ਧਿਆਨਾ। **ਪਾ:-ਹੀ।

ਸਪਤਮ ਮਹਿਲ ਅਗਮ ਹਰਿਰਾਇਆ।
ਜਿਨ ਸੁੰਨ ਧਿਆਨ ਕਤਿ ਜੋਗ ਕਮਾਇਆ।
ਚੜ ਗਗਨ ਗੁਫਾ ਮਹਿ ਰਹਿਓ ਸਮਾਈ।
ਜਹਿ ਬੈਠ ਅਡੋਲ ਸਮਾਧਿ ਲਗਾਈ।
ਸਭ ਕਲਾ ਖੈਂਚ ਕਰਿ ਗੁਪਤ ਰਹਾਯੰ।
ਤਹਿ ਅਪਨ ਰੂਪ ਕੋ ਨਹਿੰ ਦਿਖਲਾਯੰ।
ਇਉਂ ਇਸ ਪਰਕਾਰ ਗੁਬਾਰ ਮਚਾਇਓ।
ਤਹ ਦੇਵ ਅੰਸ ਕੋ ਬਹੁ ਚਮਕਾਇਓ।
ਹਰਿਕਿਸਨ ਭਯੋ ਅਸਟਮ ਬਲਬੀਰਾ।
ਜਿਨ ਪਹੁੰਚ ਦਹੇਲੀ[1] ਤਜਿਓ ਸਰੀਰਾ।
ਬਾਲ ਰੂਪ ਧਰਿਓ ਸ੍ਵਾਂਗ ਰਚਾਇ।
ਤਬ ਮਹਿਜੇ ਤਨ ਕੋ ਛੋਡਿ ਸਿਧਾਇ।
ਇਉ ਮੁਗਲਨ ਸੀਸ ਪਰੀ ਬਹੁ ਛਾਰਾ।
ਵੈ ਖੁਦ ਪਤਿ ਸੋ[2] ਪਹੁੰਚੇ ਦਰਬਾਰਾ।
ਔਰੰਗੇ ਇਹ ਬਾਦ ਰਚਾਇਓ।
ਤਿਨ ਅਪਨਾ ਕੁਲ ਸਭ ਨਾਸ ਕਰਾਇਓ†।
ਇਉਂ ਠਹਿਕ ਠਹਿਕ ਮੁਗਲਾਂ ਸਿਰ ਝਾਰੀ।
ਫੁਨ ਹੋਏ ਪਾਪੀ ਵਹੁ ਨਰਕ ਸਿਧਾਰੀ।
ਇਉਂ ਕਰਿ ਹੈ‡ ਗੁਰਦਾਸ ਪੁਕਾਰਾ।
ਹੇ ਸਤਿਗੁਰ ਮੁਹਿ ਲੇਹੁ ਉਬਾਰਾ॥੨੨॥

ਗੁਰੂ ਨਾਨਕ ਸਭ ਕੇ ਸਿਰ ਤਾਜਾ।
ਜਿਸ ਕਉ ਸਿਵਰਿ ਸਰੇ ਸਭ ਕਾਜਾ।
ਗੁਰ ਤੇਗ ਬਹਾਦਰ ਸੁਆਂਗ ਰਚਾਇਅੰ।
ਜਿਹ ਅਪਨ ਸੀਸ ਦੇ ਜਗ ਠਹਰਾਯੰ।
ਇਸ ਬਿਧਿ ਮੁਗਲਣ ਕੋ ਭਰਮਾਇਓ।
ਤਬ ਸਤਿਗੁਰ ਅਪਨਾ ਬਲ ਨ ਜਨਾਇਓ।
ਪ੍ਰਭੁ ਹੁਕਮ ਬੁਝਿ ਪਹੁੰਚੇ ਦਰਬਾਰਾ।
ਤਬ ਸਤਿਗੁਰੁ ਕੀਨੀ ਮਿਹਰ ਅਪਾਰਾ।
ਇਹ ਮੁਗਲਨ ਕੋ ਦੋਖ ਲਗਾਨਾ।
ਹੋਇ ਖਰਾਬ ਖਪਿ ਗਏ ਨਿਦਾਨਾ।
ਇਉ ਨਉ ਮਹਿਲੌਂ ਕੀ ਜੁਗਤਿ ਸੁਨਾਈ।

---

[1] ਦਿੱਲੀ। [2] ਆਪਣੇ ਸ੍ਵਾਮੀ ਵਾਹਿਗੁਰੂ ਪਾਸ। (ਅ) ਆਪ ਇਜ਼ਤ ਨਾਲ।

†ਇਸ ਤੋਂ ਬੀ ਸਹੀ ਹੋ ਰਿਹਾ ਹੈ ਕਿ ਲੇਖਕ ਔਰੰਗਜ਼ੇਬ ਦੀ ਵੰਸ ਵਿਨਾਸ਼ ਦੇ ਸਮੇਂ ਹੋਇਆ ਹੈ।

‡ਪਾ:-ਹੀ।

ਜਿਹ ਕਰਿ ਸਿਮਰਨ ਹਰਿ ਭਗਤਿ ਰਚਾਈ।
ਹਰਿ ਭਗਤ ਰਚਾਇ ਮੁਗਲ ਪਰਹਾਰ*।
ਤਬ ਸਭ ਜਗ ਮੈਂ ਪ੍ਰਗਟਿਓ ਜੈਕਾਰੇ।
ਇਉਂ ਕਰਿ ਹੈ† ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥੨੩॥

ਓਹ ਗੁਰੁ ਗੋਬਿੰਦ ਸਿੰਘ ਦਸਵਾਂ ਅਵਤਾਰਾ।
ਜਿਨ ਖਾਲਸਾ ਪੰਥ ਅਚਿੰਤ† ਸੁਧਾਰਾ।
ਤੁਰਕ ਦੁਸਟ ਸਭ ਮਾਰਿ ਬਿਦਾਰੇ।
ਸਭ ਪ੍ਰਿਥਵੀ ਕੀਨੀ ਗੁਲਜ਼ਾਰੇ।
ਯੌਂ ਪ੍ਰਗਟੇ ਸਿੰਘ ਮਹਾਂ ਬਲਬੀਰਾ।
ਤਿਨ ਆਗੇ ਕੋਈ ਧਰੇ ਨ ਧੀਰਾ।
ਫ਼ਤੇ ਭਈ ਦੁਖ ਦੁੰਦ ਮਿਟਾਏ।
ਤਹਿ ਹਰਿ ਅਕਾਲ ਕਾ ਜਾਪ ਜਪਾਏ।
ਪ੍ਰਿਥਮ ਮਹਲ ਸਿਮਰਿਓ ਕਰਤਾਰਾ।
ਤਬ ਸਭ ਧਰਤੀ ਕੋ ਲੀਓ ਉਬਾਰਾ।
ਹਰਿ ਭਗਤਿ ਦ੍ਰਿੜਾਇ ਨਰੁ ਸਭ ਤਾਰੇ।
ਜਬ ਆਗਿਆ ਕੀਨੀ ਅਲਖ ਅਪਾਰੇ।
ਇਉਂ ਸੰਤ ਭਗਤ ਕਾ ਮੇਲ ਮਿਲਾਯੰ।
ਜਹ ਨਿਸ ਬਾਸੁਰ ਹਰਿ ਕੇ ਗੁਨ ਗਾਯੰ।
ਯੌਂ ਕਹਿ ਹੈ‡ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥੨੪॥

ਤੂੰ ਹੈ ਅਲਖ ਅਪਾਰ ਨਿਰੰਜਨ ਦੇਵਾ।
ਜਿਹ ਬ੍ਰਹਮ ਬਿਸ਼ਨੁ ਸ਼ਿਵ ਲਖੈ ਨ ਭੇਵਾ।
ਤੁਮ ਨਾਥ ਨਿਰੰਜਨ ਗਹਰ ਗੰਭੀਰੇ।
ਤੁਮ ਚਰਨਨ ਸੌਂ ਬਾਂਧੇਂ ਧੀਰੇ।
ਅਬ ਗਹਿ ਪਕਰਿਓ ਤੁਮਰਾ ਦਰਬਾਰਾ।
ਜਿਉਂ ਜਾਨਹੁ ਤਿਉਂ ਲੇਹੁ ਉਬਾਰਾ।
ਹਮ ਕਾਮੀ ਕ੍ਰੋਧੀ ਅਤਿ ਕੂੜਿਆਰੇ।
ਤੁਮ ਹੀ ਠਾਕੁਰ ਬਖਸਨ ਹਾਰੇ।
ਨਹੀਂ ਤੁਮ ਬਿਨ ਕੋਈ ਹੋਰ ਹਮਾਰਾ।
ਜੋ ਕਰਿ ਹੈ ਹਮਰਾ ਨਿਸਤਾਰਾ**।
ਤੁਮ ਅਗਮ ਅਡੋਲ ਅਤੋਲ ਮੁਰਾਰੇ।
ਸਭ ਜਗ ਕੀ ਕਰਿ ਹੋ ਪ੍ਰਤਿਪਾਰੈ।

*ਪਾਠਾਂਤ੍ਰ-ਨਿਸਤਾਰੇ। †ਪਾ:-ਅਜੀਤ। ‡ਪਾ:ਹੀ। **ਪਾ:-ਪ੍ਰਤਿਪਾਰਾ।

ਜਲ ਥਲ ਮਹੀਅਲ[੧] ਹੁਕਮ ਤੁਮਾਰਾ।
ਤੁਮ ਕਉ ਸਿਮਰਿ ਤਰੇ ਸੰਸਾਰਾ।
ਇਉਂ ਕਰਿ ਹੈ* ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥੨੫॥

ਤੁਮ ਅਛਲ[੨] ਅਛੇਦ[੩] ਅਭੇਦ[੪] ਕਹਾਯੰ।
ਜਿਹ ਬੈਠਿ ਤਖਤ ਪਰ ਹੁਕਮ ਚਲਾਯੰ।
ਤੁਝ ਬਿਨ ਦੂਸਰਿ ਅਵਰ ਨ ਕੋਈ।
ਤੁਮ ਏਕ ਹੀ ਏਕ ਨਿਰੰਜਨ ਸੋਈ।
ਓਅੰਕਾਰ ਧਰਿ ਖੇਲ ਰਚਾਯੰ।
ਤੁਮ ਆਪ ਅਗੋਚਰ[੫] ਗੁਪਤ ਰਹਾਯੰ।
ਪ੍ਰਭ ਤੁਮਰਾ ਖੇਲ ਅਗੰਮ ਨਿਰਧਾਰੇ[੬]।
ਤੁਮ ਸਭ ਘਟ ਭੀਤਰ ਸਭ ਤੇ ਨਿਆਰੇ।
ਤੁਮ ਐਸੋ ਅਚਰਜ ਖੇਲ ਬਨਾਇਓ।
ਇਹ ਸਭ ਜਗ ਝੂਠੇ ਧੰਧੇ ਖਪਾਇਓ†।
ਬਿਨ ਸਿਮਰਨ ਤੇ ਛੂਟੈ ਨ ਕੋਈ।
ਤੁਮ ਕੋ ਭਜੈ ਸੁ ਮੁਕਤਾ ਹੋਈ।
ਗੁਰਦਾਸ ਗਰੀਬ ਤੁਮਨ ਕਾ ਚੇਲਾ।
ਜਪਿ ਜਪਿ ਤੁਮ ਕਉ ਭਇਓ ਸੁਹੇਲਾ।
ਇਹ ਭੂਲ ਚੂਕ ਸਭ ਬਖ਼ਸ਼ ਕਰੀਜੈ।
ਗੁਰਦਾਸ ਗ਼ੁਲਾਮ[੭] ਅਪਨਾ ਕਰਿ ਲੀਜੈ।
ਇਉਂ ਕਰਿ ਹੇ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥੨੬॥

ਇਹ ਕਵਨ ਕੀਟ ਗੁਰਦਾਸ ਬਿਚਾਰਾ।
ਜੋ ਅਗਮ ਨਿਗਮ[੮] ਕੀ ਲਖੈ ਸ਼ੁਮਾਰਾ।
ਜਬ ਕਰਿ ਕਿਰਪਾ ਗੁਰ ਬੂਝ ਬੁਝਾਈ[੯]।
ਤਬ ਇਹ ਕਥਾ ਉਚਾਰਿ ਸੁਨਾਈ।

---

[੧] ਵਿਚ। (ਅ) ਜ਼ਿਮੀ ਅਸਮਾਨ (ਦੇਖੋ ਸ੍ਰੀ ਗੁਰੂ ਗ੍ਰੰਥ ਕੋਸ਼ ਖਾਲਸਾ ਟਰੈਕਟ ਸੁਸਾਇਟੀ)। [੨] ਨਾਂ ਛਲੇ ਜਾਣ ਵਾਲੇ।

[੩] ਜਿਨ੍ਹਾਂ ਨੂੰ ਕੋਈ ਸ਼ਸਤ੍ਰ ਘਾਉ ਨਾ ਲਾ ਸਕੇ। [੪] ਭੇਦ ਰਹਿਤ। (ਅ) ਬੇਅੰਤ।

[੫] ਜਿਸ ਨੂੰ ਇੰਦ੍ਰਯ ਵਿਸ਼ਯ ਨਾ ਕਰ ਸਕਦੇ ਹੋਣ। [੬] ਬਅੰਤ ਨਿਰਨੇ ਕੀਤਾ ਹੈ।

[੭] ਦਾਸ, ਬੰਦਾ। [੮] ਗੁਰੂ ਜੋ ਅਗੰਮ ਹੈ ਤੇ ਜਿਥੇ ਕਿਸੇ ਦੀ ਗੰਮਤਾ ਨਹੀਂ। (ਅ) ਜੋ ਵੇਦ ਸ਼ਾਸਤ੍ਰਾਂ ਕਰਕੇ ਨਹੀਂ ਜਾਣਿਆ ਜਾ ਸਕਦਾ। [੯] ਸਮਝ ਬਖਸ਼ੀ, ਗਜਾਤ ਦਿੱਤੀ।

*ਪਾ:- ਹੀ। †ਪਾ:-ਜਿਹ ਲਾਖ ਬ੍ਰਹਮੰਡ ਕੋ ਧਾਰ ਖਪਾਇਓ।

ਬਿਨਾ ਹੁਕਮ ਇਕ ਝੁਲੈ ਨ ਪਾਤਾ।
ਫੁਨ ਹੋਹੈ ਸੋਇ ਜੋ ਕਰੈ ਬਿਧਾਤਾ।
ਹਕਮੈ* ਅੰਦਰਿ ਸਗਲ ਅਕਾਰੇ।
ਬੂਝੈ ਹੁਕਮ ਸੁ ਉਤਰੈ ਪਾਰੇ।
ਹਕਮੈ* ਅੰਦਰਿ ਬ੍ਰਹਮ ਮਹੇਸਾ।
ਹੁਕਮੈ* ਅੰਦਰਿ ਸੁਰ ਨਰ ਸੇਸ਼ਾ।
ਹੁਕਮੈ* ਅੰਦਰਿ ਬਿਸਨੁ ਬਨਾਏ।
ਜਿਨ ਹੁਕਮ ਬੁਝਿ ਦੀਵਾਨ ਲਗਾਏ।
ਹੁਕਮੈ* ਅੰਦਰਿ ਧਰਮ ਰਚਾਇਅੰ।
ਹੁਕਮੈ* ਅੰਦਰਿ ਇੰਦ੍ਰ ਉਪਾਯੰ।
ਹੁਕਮੈ* ਅੰਦਰਿ ਸਸਿ[1] ਅਰੁ ਸੂਰੇ[2]।
ਸਭ ਹਰਿ ਚਰਨ ਕੀ ਬਾਂਛਹਿ ਧੂਰੇ।
ਹੁਕਮੈ* ਅੰਦਰਿ ਧਰਨਿ ਅਕਾਸਾ।
ਹੁਕਮੈ* ਅੰਦਰਿ ਸਾਸਿ ਗਿਰਾਸਾ।
ਜਿਹ ਬਿਨਾ ਹੁਕਮ ਕੋਈ ਮਰੈ ਨ ਜੀਵੈ।
ਬੂਝੇ ਹੁਕਮ ਸੋ ਨਿਹਚਲ ਥੀਵੈ।
ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥੨੭॥

ਇਹ ਵਾਰ ਭਗਉਤੀ ਮਹਾਂ ਪੁਨੀਤੇ[3]।
ਜਿਸ ਉਚਰਤਿ ਉਪਜਤਿ ਪਰਤੀਤੇ[4]।
ਜੋ ਇਸ ਵਾਰ ਸੋਂ ਪ੍ਰੇਮ ਲਗਾਵੈ।
ਸੋਈ ਮਨ ਬਾਂਛਤ ਫਲ ਪਾਵੈ।
ਮਿਟਹਿਂ ਸਗਲ ਦੁਖ ਫਰਦ ਕਲੇਸਾ।
ਫੁਨ ਪ੍ਰਗਟੈ ਬਹੁ ਸੁਖ ਪਰਵੇਸਾ।
ਜੋ ਨਿਸ ਬਾਸੁਰ ਰਟਹਿ ਇਹ ਵਾਰੇ।
ਸੋ ਪਹੁੰਚੈ ਧੁਰ ਹਰਿ ਦਰਬਾਰੇ।
ਇਹ ਵਾਰ ਭਗਉਤੀ ਸਮਾਪਤਿ ਕੀਨੀ।
ਤਬ ਘਟ ਬਿਦਿਆ ਕੀ ਸਭ ਬਿਧਿ ਚੀਨੀ।
ਇਉ ਸਤਿਗੁਰੁ ਸਾਹਿਬ ਭਏ ਦੈਆਲਾ।
ਤਬ ਛੂਟ ਗਏ ਸਭ ਹੀ ਜੰਜਾਲਾ।
ਕਰਿ ਕਿਰਪਾ ਪ੍ਰਭ ਹਰਿ ਗਿਰਧਾਰੇ[5]।

[1] ਚੰਦ੍ਰਮਾਂ। [2] ਸੂਰਜ। [3] ਅਤਿ ਪਵਿੱਤ੍ਰ। [4] ਭਰੋਸਾ, ਸਿਦਕ। [5] ਬਾਣੀ ਦੇ ਸੁਆਮੀ ਹਰੀ (ਸਰੂਪ ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਕਿਰਪਾ ਕਰਕੇ (ਗਿਰ=ਬਾਣੀ। ਧਾਰੇ=ਧਾਰਨ ਵਾਲਾ, ਸੁਆਮੀ)।
*ਪਾ:-ਹੁਕਮੀ।

ਤਹ ਪਕੜਿ ਬਾਂਹ ਭਉਜਲ[੧] ਤੇ ਤਾਰੇ।
ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥੨੮॥੪੧॥

-ਇਤਿ-

੧. ਸੰਸਾਰ ਸਾਗਰ